ਸਰੂਪ ਦਾਸ ਭੱਲਾ ਕ੍ਰਿਤ 'ਮਹਿਮਾ ਪ੍ਰਕਾਸ਼': ਸੰਪਾਦਨ ਤੇ ਇਤਿਹਾਸਕ ਅਧਿਐਨ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ
ਫ਼ੈਕਲਟੀ ਆਫ਼ ਹਿਊਮੈਨਟੀਜ਼ ਐਂਡ ਰਿਲੀਜੀਅਸ ਸਟੱਡੀਜ਼
ਦੇ ਅੰਤਰਗਤ ਪੀਐੱਚ.ਡੀ. (ਧਰਮ ਅਧਿਐਨ) ਦੀ
ਡਿਗਰੀ ਲਈ ਪ੍ਰਸਤੁਤ
ਖੋਜ-ਪ੍ਰਬੰਧ

2018

ਨਿਗਰਾਨ

ਡਾ. ਰਾਏਜਸਬੀਰ ਸਿੰਘ
(ਸਾਬਕਾ ਪ੍ਰੋਫ਼ੈਸਰ)

ਖੋਜਾਰਥੀ

ਹਰਦੀਪ ਸਿੰਘ

ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ-143005

CERTIFICATE

This is to certify that the work included in the thesis entitled, **"ਸਰੂਪ ਦਾਸ ਭੱਲਾ ਕ੍ਰਿਤ 'ਮਹਿਮਾ ਪ੍ਰਕਾਸ਼' : ਸੰਪਾਦਨ ਤੇ ਇਤਿਹਾਸਿਕ ਅਧਿਐਨ"** submitted to the faculty of Humanities and Religious Studies, Guru Nanak Dev University, Amritsar, for the degree of **Doctor of Philosophy** was carried out by **Hardeep Singh** at the Department of Guru Nanak Studies, Guru Nanak Dev University, Amritsar under my supervision. This is an original work and has not been submitted in part or full for any other degree/diploma at this or any other university/institute. This thesis is fit to be considered for evaluation for the award of degree of Ph.D.

Dated: __________

Dr. Raijasbir Singh
Professor (Retd.)
Department of Guru Nanak Studies
Guru Nanak Dev University,
Amritsar.

DECLARATION

The work embodied in the thesis entitled, **"ਸਰੂਪ ਦਾਸ ਭੱਲਾ ਕ੍ਰਿਤ 'ਮਹਿਮਾ ਪ੍ਰਕਾਸ਼' : ਸੰਪਾਦਨ ਤੇ ਇਤਿਹਾਸਿਕ ਅਧਿਐਨ"** submitted to the Faculty of Humanities and Religious Studies, Guru Nanak Dev University, Amritsar for the award of degree of **Doctor of Philosophy** in the subject of Religious Studies has been done by me. The thesis is entirely based on my own work and not submitted elsewhere for the award of any other degree. All ideas and references have been duly acknowledged.

Hardeep Singh

Counter Sign. of Supervisor

Dr. Raijasbir Singh
Professor (Retd.)
Department of Guru Nanak Studies,
Guru Nanak Dev University,
Amritsar.

Dated: __________

ਧੰਨਵਾਦ

ਸਭ ਤੋਂ ਪਹਿਲਾਂ ਮੈਂ ਉਸ ਪਰਮਾਤਮਾ ਦਾ ਧੰਨਵਾਦ ਕਰਦਾ ਹਾਂ, ਜਿਸਦੀ ਮੈਂ ਅੰਸ਼ ਹਾਂ ਅਤੇ ਜਿਸ ਦੇ ਹੁਕਮ ਵਿਚ ਇਹ ਸਾਰੀ ਕਾਇਨਾਤ ਵਿਗਸ ਰਹੀ ਹੈ। ਉਸ ਦੀ ਬਖ਼ਸ਼ਿਸ਼ ਅਤੇ ਨਦਰਿ ਨਾਲ ਸਾਰਿਆਂ ਦੇ ਕਾਰਜ ਪੂਰੇ ਹੁੰਦੇ ਹਨ। ਮੇਰੇ ਸਿਰ 'ਤੇ ਵੀ ਉਸ ਪਰਮਾਤਮਾ ਦਾ ਹੱਥ ਹੋਣ ਕਰਕੇ ਹੀ ਇਹ ਖੋਜ ਕਾਰਜ ਸੰਪੂਰਨ ਹੋਇਆ ਹੈ।

ਹੱਥਲੇ ਖੋਜ-ਪ੍ਰਬੰਧ ਲਈ ਮੈਂ ਆਪਣੇ ਸਤਿਕਾਰਤ ਨਿਗਰਾਨ ਡਾ. ਰਾਏਜਸਬੀਰ ਸਿੰਘ (ਸਾਬਕਾ ਪ੍ਰੋਫ਼ੈਸਰ), ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਆਪਣੀ ਨਿਗਰਾਨੀ ਹੇਠ ਬਹੁਤ ਮੁੱਲਵਾਨ ਵਿਸ਼ੇ 'ਤੇ ਖੋਜ-ਕਾਰਜ ਕਰਨ ਲਈ ਐਨਰੋਲ ਅਤੇ ਰਜਿਸਟਰਡ ਕਰਵਾ ਕੇ ਪੂਰਨ ਸਹਿਯੋਗ ਦਿੱਤਾ। ਮੈਂ ਡਾ. ਮਨਵਿੰਦਰ ਸਿੰਘ ਅਤੇ ਡਾ. ਮੁਹੱਬਤ ਸਿੰਘ ਜੀ ਦਾ ਵੀ ਸ਼ੁਕਰਗੁਜਾਰ ਹਾਂ, ਜਿਨ੍ਹਾਂ ਨੇ ਆਪਣੇ ਬਹੁਤ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਮੇਰੇ ਖੋਜ-ਕਾਰਜ ਨੂੰ ਪੂਰਨ ਕਰਨ ਤੱਕ ਮੈਨੂੰ ਸਹਿਯੋਗ ਦਿੱਤਾ ਹੈ। ਮੈਂ ਡਾ. ਕੁਲਦੀਪ ਕੌਰ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕਾਲਜ ਦੀ ਪੜ੍ਹਾਈ ਦੇ ਸਮੇਂ ਤੋਂ ਲੈ ਕੇ ਮੇਰਾ ਖੋਜ-ਕਾਰਜ ਮੁਕੰਮਲ ਹੋਣ ਤੱਕ ਮੇਰਾ ਬਹੁਤ ਸਾਥ ਦਿੱਤਾ। ਮੈਂ ਵਿਭਾਗ ਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੇਰੇ ਖੋਜ-ਕਾਰਜ ਲਈ ਕਾਗਜ਼ੀ ਕਾਰਵਾਈਆਂ ਨੂੰ ਸਮੇਂ ਸਿਰ ਕਰਵਾ ਕੇ ਮੇਰਾ ਪੂਰਨ ਸਹਿਯੋਗ ਦਿੱਤਾ। ਇਸਦੇ ਨਾਲ ਹੀ ਮੈਂ ਵਿਭਾਗ ਦੇ ਸਾਰੇ ਖੋਜ-ਵਿਦਿਆਰਥੀਆਂ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਆਪਣਾ ਸਹਿਯੋਗ ਦਿੱਤਾ।

ਮੇਰੇ ਵੱਡੇ ਵੀਰਾਂ ਵਰਗੇ ਦੋਸਤ ਡਾ. ਹਰਪਾਲ ਸਿੰਘ ਬੁੱਘਾ ਜੀ ਦਾ ਵੀ ਮੈਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਹਰ ਸਮੇਂ ਮੈਨੂੰ ਆਪਣਾ ਸਹਿਯੋਗ ਦਿੱਤਾ। ਮੈਂ ਡਾ. ਹਰਪ੍ਰੀਤ ਸਿੰਘ (ਛੇਹਰਟਾ), ਜਗਰੂਪ ਕੌਰ, ਡਾ. ਗਗਨਦੀਪ ਸਿੰਘ, ਕਰਮਜੀਤ ਸਿੰਘ, ਗੁਰਵਿੰਦਰ ਸਿੰਘ ਕਰੀਰ (ਖੋਜਾਰਥੀ), ਕਿਰਪਾਲ ਸਿੰਘ, ਮਨਦੀਪ ਸਿੰਘ, ਆਦਿ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਮੇਂ-ਸਮੇਂ ਤੇ ਮੇਰੀ ਹਰ ਪੱਖ ਤੋਂ ਸਹਾਇਤਾ ਕੀਤੀ ਅਤੇ ਮੇਰੇ ਖੋਜ ਕਾਰਜ ਨੂੰ ਮੁਕੰਮਲ ਕਰਨ ਵਿਚ ਮੇਰੀ ਮਦਦ ਕੀਤੀ।

ਲਾਇਬ੍ਰੇਰੀ ਦੀ ਮਦਦ ਤੋਂ ਬਿਨ੍ਹਾਂ ਕੋਈ ਵੀ ਖੋਜ-ਕਾਰਜ ਨੇਪਰੇ ਨਹੀਂ ਚੜ੍ਹ ਸਕਦਾ। ਇਸ ਲਈ ਮੈਂ ਖੋਜ-ਸਮੱਗਰੀ ਇਕੱਤਰ ਕਰਨ ਲਈ ਗੁਰੂ ਨਾਨਕ ਅਧਿਐਨ ਵਿਭਾਗ ਦੀ ਲਾਇਬ੍ਰੇਰੀ ਅਤੇ ਭਾਈ ਗੁਰਦਾਸ ਲਾਇਬ੍ਰੇਰੀ ਦੇ ਸਮੂਹ ਸਟਾਫ਼ ਵਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕਰਦਾ ਹਾਂ। ਇਸ ਤੋਂ ਇਲਾਵਾ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਖ਼ਾਲਸਾ ਕਾਲਜ, ਅੰਤ੍ਰਿਸਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਜਾਬ ਸਟੇਟ ਆਰਕਾਈਵਜ਼ ਵਿਭਾਗ, ਪਟਿਆਲਾ, ਆਦਿ ਦੀਆਂ ਲਾਇਬ੍ਰੇਰੀਆਂ ਦੇ ਸਮੂਹ ਸਟਾਫ਼ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਤੋਂ ਮੈਨੂੰ ਖੋਜ-ਸਮੱਗਰੀ ਪ੍ਰਾਪਤ ਹੋਈ। ਇਸ ਤੋਂ ਇਲਾਵਾ ਮੈਂ ਬੁੰਗਿਆਂ, ਟਕਸਾਲਾਂ ਅਤੇ ਧਾਰਮਿਕ ਸੰਸਥਾਵਾਂ ਦੇ ਕਰਮਚਾਰੀਆਂ ਦਾ ਵੀ ਧੰਨਵਾਦ ਕਰਦਾ ਹਾਂ।

ਅੰਤ ਵਿਚ ਮੈਂ ਆਪਣੇ ਪਿਤਾ ਸ੍ਰ. ਗੁਰਨਾਮ ਸਿੰਘ ਅਤੇ ਮਾਤਾ ਸ੍ਰੀਮਤੀ ਸਵਿੰਦਰ ਕੌਰ ਤੇ ਆਪਣੇ ਪਰਿਵਾਰ ਦੇ ਸਾਰੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਬਦੌਲਤ ਮੈਂ ਇਥੋਂ ਤੱਕ

ਪਹੁੰਚਿਆ ਹਾਂ ਅਤੇ ਜਿਨ੍ਹਾਂ ਨੇ ਮੈਨੂੰ ਘਰੇਲੂ ਜ਼ਿੰਮੇਵਾਰੀ ਹੋਣ ਦੇ ਬਾਵਜੂਦ ਵੀ ਮੇਰੀ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ।

ਹਰਦੀਪ ਸਿੰਘ

ਤਤਕਰਾ

ਭੂਮਿਕਾ **i-vi**

ਪਹਿਲਾ ਅਧਿਆਇ

ਮਹਿਮਾ ਪ੍ਰਕਾਸ਼: ਪਿਠ-ਭੂਮੀ **1-21**

ਦੂਸਰਾ ਅਧਿਆਇ

ਮਹਿਮਾ ਪ੍ਰਕਾਸ਼ : ਜਾਣ-ਪਛਾਣ **22-37**

ਤੀਸਰਾ ਅਧਿਆਇ

ਮਹਿਮਾ ਪ੍ਰਕਾਸ਼ : ਰੂਪਾਕਾਰ **38-58**

ਚੌਥਾ ਅਧਿਆਇ

ਮਹਿਮਾ ਪ੍ਰਕਾਸ਼ : ਇਤਿਹਾਸਿਕ, ਰਾਜਨੀਤਿਕ ਅਤੇ ਆਰਥਿਕ ਪੱਖ **59-98**

ਪੰਜਵਾਂ ਅਧਿਆਇ

ਮਹਿਮਾ ਪ੍ਰਕਾਸ਼: ਸੰਪਾਦਨ-ਵਿਧੀ **99-113**

ਮੂਲ ਪਾਠ **114-742**

ਪਾਤਿਸ਼ਾਹੀ ਪਹਿਲੀ

1) ਸਤਿਗੁਰ ਪ੍ਰਕਾਸ਼ ਜਨਮਸਾਖੀ 114-116
2) ਸ੍ਰੀ ਸਤਿਗੁਰ ਬਾਬਾ ਨਾਨਕ ਜੀ ਦਾ ਜਨਮ 117-118
3) ਸਾਖੀ ਬਾਬਾ ਜੀ ਦਾ ਨਾਮਕਰਨ ਕਰਨਾ 119
4) ਸਾਖੀ ਗੋਰਖ ਨਾਥ ਨਾਲ ਗਿਆਨ-ਚਰਚਾ 120
5) ਸਾਖੀ ਜਨੇਊ ਬਾਰੇ 121-122
6) ਸਾਖੀ ਪਾਧੇ ਕੇ ਪੜਾਵਨੇ ਕੀ 123-124
7) ਸਾਖੀ ਮੁਲਾ ਪਾਸ ਪੜਨਾ 125-126
8) ਸਾਖੀ ਖੇਤ ਹਰਿਆ ਕਰਨਾ 127-128
9) ਸਾਖੀ ਦਰਖਤ ਦੀ ਛਾਂ ਦਾ ਨਾ ਫਿਰਨਾ 129
10) ਸਾਖੀ ਬਾਬਾ ਨਾਨਕ ਜੀ ਦਾ ਵਿਵਾਹ 130-131
11) ਸਾਖੀ ਸੱਚਾ ਸੌਦਾ 132
12) ਸਾਖੀ ਕਿਰਤ ਕਰਨਾ 133-134
13) ਸਾਖੀ ਬਾਬਾ ਨਾਨਕ ਜੀ ਦਾ ਉਦਾਸੀਨ ਸੁਭਾਉ 135-137

14)	ਸਾਖੀ ਵੈਦ ਨਾਲ ਚਰਚਾ	138-139
15)	ਸਾਖੀ ਪਰਮ ਉਦਾਸੀ	140-141
16)	ਸਾਖੀ ਜੈ ਰਾਮ ਪਾਸ ਜਾਣਾ (ਸੁਲਤਾਨਪੁਰ ਲੋਧੀ)	142-143
17)	ਸਾਖੀ ਵੇਈਂ ਪ੍ਰਵੇਸ਼	144-148
18)	ਸਾਖੀ ਬਾਬਾ ਜੀ ਪਹਿਲੀ ਉਦਾਸੀ	149-152
19)	ਸਾਖੀ ਕੂੰਜਾ ਨਾਲ ਬਾਬਾ ਜੀ ਦੀ ਚਰਚਾ	153-154
20)	ਸਾਖੀ ਸਜਨ ਠੱਗਦਾ ਨਿਸਤਾਰਾ	155-157
21)	ਸਾਖੀ ਕਾਰਮਕ ਬੈਸਨੋ ਨਾਲ ਚਰਚਾ	158-159
22)	ਸਾਖੀ ਏਕ ਅਚਾਰੀ ਬੈਸਨੋ ਨਾਲ ਚਰਚਾ	160-161
23)	ਸਾਖੀ ਸ੍ਰੀ ਸਤਿਗੁਰ ਜੀ ਦੀ ਪਰਮ ਅਵਧੂਤ ਬਿਵਸਤਾ	162-164
24)	ਸਾਖੀ ਮਾਤਾ ਨਾਲ ਬਚਨ ਬਿਲਾਸ	165-167
25)	ਸਾਖੀ ਸੇਖ ਬਰਾਹਿਮ ਨਾਲ ਚਰਚਾ	168-173
26)	ਸਾਖੀ ਸਾਹ ਮੁਕੀਮ ਨਾਲ ਚਰਚਾ	174-176
27)	ਸਾਖੀ ਕੇਸੋ ਸ੍ਰੇਵੜੇ ਨਾਲ ਮਿਲਾਪ	177-179
28)	ਸਾਖੀ ਨਾਨੂ ਪੰਡਤ ਨਾਲ ਚਰਚਾ	180-183
29)	ਸਾਖੀ ਪੂਰਨ ਗਿਰ ਨਾਲ ਮਿਲਾਪ	184-185
30)	ਸਾਖੀ ਕਲਜੁਗ ਦਾ ਬਾਬਾ ਨਾਨਕ ਮਿਲਾਪ	186-189
31)	ਸਾਖੀ ਬਾਬਾ ਜੀ ਦਾ ਬਿਦਰ ਸਹਰ ਜਾਣਾ	190-192
32)	ਸਾਖੀ ਭਰਥਰੀ ਨਾਥ ਨਾਲ ਚਰਚਾ	193-197
33)	ਸਾਖੀ ਰਾਜਾ ਸਿਵਨਾਭ ਨਾਲ ਚਰਚਾ	198-205
34)	ਸਾਖੀ ਓਅੰਕਾਰ ਅਸਥਾਨ ਵਿਚ ਬ੍ਰਹਮਣ ਨਾਲ ਚਰਚਾ	206-225
35)	ਸਾਖੀ ਕਦਲੀ ਬਨ ਤ੍ਰਿਯਾ ਰਾਜ ਸਿਧਾਂ ਨਾਲ ਚਰਚਾ	226-246
36)	ਸਾਖੀ ਸੇਤਬੰਦ ਰਾਮੇਸਰ ਦੇ ਸਿਧਾਂ ਨਾਲ ਗੋਸਟਿ	247-250
37)	ਸਾਖੀ ਤਿਲਗੰਜੀ ਵਿਚ ਸਿਧਾਂ ਨਾਲ ਚਰਚਾ	251-252
38)	ਸਾਖੀ ਬਾਬਾ ਜੀ ਦਾ ਕਾਵਰੂ ਦੇਸ ਜਾਣਾ	253
39)	ਸਾਖੀ ਸੁਮੇਰ ਪ੍ਰਬਤ ਉੱਤੇ ਸਿਧਾਂ ਨਾਲ ਚਰਚਾ	254-261
40)	ਸਾਖੀ ਦੇਵਤਾ ਇੰਦ੍ਰ ਦਾ ਸਰਾਪ	262
41)	ਸਾਖੀ ਅਗਨ ਰਿਖ ਨਾਲ ਚਰਚਾ	263-265
42)	ਸਾਖੀ ਬਾਬਾ ਜੀ ਦਾ ਸਿਧ ਮਤੇ ਜਾਣਾ	266-268
43)	ਸਾਖੀ ਸਤਿਗੁਰ ਜੀ ਦਾ ਪੰਜਾਬ ਦੇਸ ਜਾਣਾ	269-271

44)	ਸਾਖੀ ਕਿਰਾਣੇ ਅਸਥਾਨ ਜਾਣਾ	272-273
45)	ਸਾਖੀ ਸਤਗੁਰੂ ਜੀ ਦਾ ਮਕੇ ਜਾਣਾ	274-290
46)	ਸਾਖੀ ਸਤਗੁਰੂ ਜੀ ਦਾ ਰੂਮ ਜਾਣਾ	291-294
47)	ਸਾਖੀ ਸਤਗੁਰੂ ਜੀ ਦਾ ਮਦੀਨੇ ਜਾਣਾ	295-299
48)	ਸਾਖੀ ਦੁਨੀ ਚੰਦ ਖਤਰੀ ਨਾਲ ਮਿਲਾਪ	300-301
49)	ਸਾਖੀ ਬਾਬਰ ਬਾਦਸਾਹ ਨਾਲ ਮਿਲਾਪ	302-305
50)	ਸਾਖੀ ਬਾਬਾ ਜੀ ਦਾ ਹਿੰਦੁਸਤਾਨ ਆਉਣਾ	306-309
51)	ਸਾਖੀ ਐਰਾਵਤੀ ਦੇ ਕੰਢੇ ਬਾਬਾ ਜੀ ਦਾ ਧਰਮਸਾਲ ਬਣਾਉਣਾ	310-311
52)	ਸਾਖੀ ਬਾਬਾ ਜੀ ਦਾ ਭਾਈ ਲਹਿਣਾ ਨਾਲ ਮਿਲਾਪ	312-314
53)	ਸਾਖੀ ਬਾਬਾ ਜੀ ਦਾ ਨਿਤ ਕਰਮ	315
54)	ਸਾਖੀ ਬਾਬਾ ਜੀ ਦਾ ਏਮਨਾਬਾਦ ਲਾਲੋ ਬਾਢੀ ਦੇ ਘਰ ਜਾਣਾ	316-317
55)	ਸਾਖੀ ਅਚਲ ਤੀਰਥ ਤੇ ਝੰਗਰ ਨਾਥ ਨਾਲ ਚਰਚਾ	318-320
56)	ਸਾਖੀ ਬਾਬਾ ਜੀ ਦਾ ਰਹਨੀ ਬਿਲਾਸ	321
57)	ਸਾਖੀ ਬਾਬਾ ਜੀ ਦਾ ਆਪਣੇ ਸੇਵਕਾਂ ਨਾਲ ਬਚਨ ਬਿਲਾਸ	322
58)	ਸਾਖੀ ਬਾਬਾ ਜੀ ਦੀ ਸੇਵਕ ਬੁਢੇ ਭਾਗੀਰਥ ਨਾਲ ਚਰਚਾ	323
59)	ਸਾਖੀ ਸਤਿਗੁਰ ਜੀ ਦਾ ਸੇਵਕ ਸੇਵਕਾਈ ਨਾਲ ਬਚਨ ਬਿਲਾਸ	324
60)	ਸਾਖੀ ਸਤਗੁਰ ਬਾਬੇ ਜੀ ਦੀ ਪਰਮ ਪਰਤਗਿਆ ਕਰਨਾ	325-327
61)	ਸਾਖੀ ਸ੍ਰੀ ਗੁਰੂ ਬਾਬਾ ਜੀ ਦੁਆਰਾ ਗੁਰੂ ਅੰਗਤ ਜੀ ਨੂੰ ਖਡੂਰ ਭੇਜਣਾ	328-329
62)	ਸਾਖੀ ਸ੍ਰੀ ਗੁਰੂ ਬਾਬੇ ਜੀ ਦਾ ਪਰਮ ਚਲਿਤ	330-331
63)	ਸਾਖੀ ਗੁਰੂ ਬਾਬੇ ਜੀ ਦਾ ਖਡੂਰ ਆਗਮਨ	332-333
64)	ਸਾਖੀ ਬਹਾਵਲ ਹਕ ਮੁਲਤਾਨ ਦੇ ਪੀਰ ਨਾਲ ਬਾਬਾ ਜੀ ਦੀ ਚਰਚਾ	334-336
65)	ਸਾਖੀ ਗੁਰੂ ਬਾਬੇ ਜੀ ਦਾ ਪਰਮ ਚਲਿਤ੍ਰ	337-341
66)	ਸਾਖੀ ਸ੍ਰੀ ਗੁਰੂ ਬਾਬੇ ਜੀ ਦਾ ਜੋਤੀ ਜੋਤਿ ਸਮਾਉਣਾ	342-345
67)	ਸਾਖੀ ਖਡੂਰ ਵਿਚ ਸ੍ਰੀ ਗੁਰੂ ਅੰਗਤ ਜੀ ਦਾ ਅਲੋਪ ਹੋ ਕੇ ਰਹਨਾ	346-348

ਪਾਤਿਸ਼ਾਹੀ ਦੂਜੀ

1)	ਸਾਖੀ ਮਹਲੇ ਦੂਜੇ ਕੀ	349-350
2)	ਸਾਖੀ ਸਤਿਗੁਰ ਅੰਗਤ ਦੇਵ ਜੀ ਦਾ ਨਿਤ ਕਰਮ ਬਿਵਹਾਰ ਕਰਨਾ	351-352
3)	ਸਾਖੀ ਸਰਬ ਸਿਧਾਂ ਰਾਹੀਂ ਸਤਗੁਰ ਜੀ ਦੀ ਸਤ ਪਰਤਗਿਆ ਲੈਣਾ	353-354
4)	ਸਾਖੀ ਹੁਮਾਯੋ ਬਾਦਸਾਹ ਦਾ ਗੁਰੂ ਅੰਗਦ ਦੇਵ ਜੀ ਦੇ ਕੋਲ ਆਉਣਾ	355

5) ਸਾਖੀ ਏਕ ਟਹਲੀਆ ਦਾ ਗੁਰੂ ਅੰਗਦ ਦੇਵ ਜੀ ਦਾ ਹੀ ਹੁਕਮ ਮੰਨਣਾ 356-357
6) ਸਾਖੀ ਰਾਇ ਬਲਵੰਡ ਰਬਾਬੀ ਦਾ ਹੰਕਾਰ ਦੂਰ ਕਰਨਾ 358-360
7) ਸਾਖੀ ਖਡੂਰ ਕੇ ਰਾਇ ਦੁਰਗਤ ਨੂੰ ਪ੍ਰਾਪਤ ਹੋਣਾ 361
8) ਸਾਖੀ ਬਾਬਾ ਅਮਰਦਾਸ ਜੀ ਸ੍ਰੀ ਸਤਗੁਰੂ ਅੰਗਤ ਜੀ ਨਾਲ ਮਿਲਾਪ 362-368
9) ਸਾਖੀ ਬਾਬਾ ਅਮਰਦਾਸ ਜੀ ਦਾ ਬਾਸਰਕੀ ਜਾਨਾ 369-370
10) ਸਾਖੀ ਗੁਰੂ ਅੰਗਤ ਦੇਵ ਜੀ ਦਾ ਗੁਰ ਅਮਰਦਾਸ ਜੀ ਨਾਲ ਬਚਨ ਬਿਲਾਸ 371-372
11) ਸਾਖੀ ਮੋਹਰੀ ਮੋਹਣ ਦਾ ਸਾਹਿਬ ਗੁਰੂ ਅੰਗਤ ਜੀ ਦੇ ਦਰਸਨ ਕਰਨਾ 373
12) ਸਾਖੀ ਖਡੂਰ ਦੇ ਜੋਗੀ ਪੀਰ ਦਾ ਗੁਰੂ ਜੀ ਨਾਲ ਦੁਰਬਾਦ 374-377
13) ਸਾਖੀ ਗੁਰੂ ਅਮਰਦਾਸ ਦੁਆਰਾ ਮਿਰਤਕ ਨੂੰ ਜਿਉਂਦਾ ਕਰਨਾ 378
14) ਸਾਖੀ ਗੁਰੂ ਅੰਗਦ ਦੇਵ ਜੀ ਦਾ ਗੋਇੰਦਵਾਲ ਵਿਚ ਆਗਮਨ 379-380
15) ਸਾਖੀ ਸ੍ਰੀ ਗੁਰੂ ਅੰਗਤ ਦੇਵ ਜੀ ਦਾ ਜੋਤੀ ਜੋਤ ਸਮਾਉਣਾ 381-383

ਪਾਤਿਸ਼ਾਹੀ ਤੀਜੀ

1) ਆਗੇ ਮਹਿਮਾ ਮਹਲੇ ਤੀਜੇ ਕੀ 384-385
2) ਸਾਖੀ ਗੁਰੂ ਅਮਰਦਾਸ ਦੀ ਨਿਤ ਕਰਮ ਰਹਨੀ ਬਿਉਹਾਰ 386-387
3) ਸਾਖੀ ਸਾਵਣ ਮਲ ਨੂੰ ਹਵੇਲੀਆ ਬਣਾਉਣ ਲਈ ਹਰੀਪੁਰ ਭੇਜਣਾ 388-389
4) ਸਾਖੀ ਸਾਵਨ ਮਲ ਨੂੰ ਸਿਧੀ ਦਾ ਮੋਹ ਹੋਣਾ 390-391
5) ਸਾਖੀ ਏਕ ਟਹਲੀਏ ਨੂੰ ਲੰਗਰ ਸੇਵਾ ਕਾਰਣ ਉੱਚੀ ਪਦਵੀ ਦੇਣਾ 392-393
6) ਸਾਖੀ ਗੁਰੂ ਅਮਰਦਾਸ ਜੀ ਦਾ ਬਡੇ ਪੂਰਬਜ ਭਗਤ ਸਿਖਾਂ ਨਾਲ ਮਿਲਾਪ 394-399
7) ਸਾਖੀ ਪਾਰੋ ਦੀ 400-404
8) ਸਾਖੀ ਸਤਗੁਰੂ ਜੀ ਦੁਆਰਾ ਸੰਸਾਰ ਉਧਾਰਨ ਲਈ ਤੀਰਥ ਜਾਤ੍ਰਾ ਕਰਨਾ 405-409
9) ਸਾਖੀ ਬਾਵਲੀ ਤੀਰਥ ਪ੍ਰਗਟ ਕਰਨਾ 410-411
10) ਸਾਖੀ ਮਾਈਦਾਸ ਬੈਸਨੋ ਨੂੰ ਬਖ਼ਸ਼ਿਸ਼ ਕਰਨਾ 412-414
11) ਸਾਖੀ ਬਾਵਲੀ ਤੀਰਥ ਵਿਚ ਜਲ ਪ੍ਰਕਾਸ ਹੋਣਾ 415-416
12) ਸਾਖੀ ਅਕਬਰ ਬਾਦਸਾਹ ਦਾ ਗੁਰੂ ਜੀ ਨਾਲ ਮਿਲਾਪ 417
13) ਸਾਖੀ ਗੰਗੂ ਸਾਹ ਨੂੰ ਬਖ਼ਸ਼ਿਸ਼ ਕਰਨਾ 418-420
14) ਸਾਖੀ ਇਕ ਮਾਈ ਦੁਆਰਾ ਬਾਵਲੀ ਕਾਰ ਕਰਨੀ 421-422
15) ਸਾਖੀ ਸਤਿਗੁਰੂ ਜੀ ਦੇ ਪਰਮਹੰਸ ਸਿੱਖਾਂ ਦੀ 423-424
16) ਸਾਖੀ ਬਾਵਲੀ ਦੀ ਮਹਿਮਾ 425-427
17) ਸਾਖੀ ਮੋਹਰੀ ਜੀ ਦੇ ਘਰ ਪੁੱਤਰ ਸ੍ਰੀ ਅਨੰਦ ਭਗਤ ਜੀ ਦਾ ਜਨਮ ਹੋਣਾ 428-429

18)	ਸਾਖੀ ਸ੍ਰੀ ਮੋਹਨ ਜੀ ਦੇ ਪਰਮ ਅਉਧੂ ਦੀ ਅਵਸਥਾ	430
19)	ਸਾਖੀ ਮਥੋ ਮੁਰਾਰੀ ਨੂੰ ਬਖ਼ਸ਼ਿਸ਼	431-433
20)	ਸਾਖੀ ਖੇਡਾ ਬ੍ਰਹਮਨ ਦੇਵੀ ਦੇ ਉਪਾਸਕ ਨੂੰ ਬਖ਼ਸ਼ਿਸ਼	434-435
21)	ਸਾਖੀ ਹੰਦਾਲ ਨੂੰ ਬਖ਼ਸ਼ਿਸ਼	436-437
22)	ਸਾਖੀ ਬੇਨੀ ਪੰਡਤ ਨਾਲ ਸੰਬਾਦ	438-439
23)	ਸਾਖੀ ਫਿਰਿਆ ਕਟਾਰਾ ਦੀ ਬਖ਼ਸ਼ਿਸ਼	440-441
24)	ਸਾਖੀ ਗੁਰੂ ਅਮਰਦਾਸ ਜੀ ਦਾ ਗੋਬਿੰਦਵਾਲ ਨਗਰ ਨੂੰ ਵਰ ਦੇਣਾ	442
25)	ਸਾਖੀ ਅਕਬਰ ਬਾਦਸਾਹ ਦਾ ਗੁਰੂ ਅਮਰਦਾਸ ਜੀ ਦੇ ਦਰਸਨ ਕਰਨ ਆਉਣਾ	443
26)	ਸਾਖੀ ਗੁਰੂ ਜੀ ਦੁਆਰਾ ਤਲਵੰਡੀ ਨਗਰ ਦੇ ਇਕ ਖਤ੍ਰੀ ਸਿਖ ਨੂੰ ਤਾਰਨਾ	444-445
27)	ਸਾਖੀ ਸੰਗਤਾਂ ਦਾ ਇਕਤ੍ਰ ਹੋ ਕੇ ਗੁਰੂ ਜੀ ਨੂੰ ਸਿਖੀ ਰਹਨੀ ਦੀ ਬਿਨਤੀ ਕਰਨਾ	446
28)	ਸਾਖੀ ਗੁਰੂ ਜੀ ਦੀ ਸਮ ਬਿਆਪਕ ਮਹਿਮਾ	447
29)	ਸਾਖੀ ਗੁਰੂ ਅਮਰਦਾਸ ਜੀ ਦੀ ਪੁੱਤਰੀ ਬੀਬੀ ਭਾਨੀ ਦੀ ਅਭੇਦ ਭਗਤ	448
30)	ਸਾਖੀ ਪਾਰੋ ਪਰਮਹੰਸ ਨੂੰ ਬਖ਼ਸ਼ਿਸ਼ ਕਰਨਾ	449
31)	ਸਾਖੀ ਬਾਬਾ ਮੋਹਰੀ ਜੀ ਨੂੰ ਮਾਇਆ ਨਾਲ ਪਿਆਰ ਤੋ ਵਰਜਣਾ	450
32)	ਸਾਖੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ	451-454

ਪਾਤਿਸ਼ਾਹੀ ਚੌਥੀ

1)	ਸਾਖੀ ਮਹਿਮਾ ਮਹਲੇ ਚੌਥੇ ਕੀ	455-456
2)	ਸਾਖੀ ਗੁਰੂ ਜੀ ਦੀ ਚੌਰਾਸੀ ਸਿਧਾਂ ਨਾਲ ਚਰਚਾ	457-458
3)	ਸਾਖੀ ਇਕ ਤਪੇ ਦਾ ਉਧਾਰ ਕਰਨਾ	459-460
4)	ਸਾਖੀ ਗੁਰੂ ਜੀ ਦਾ ਸੰਗਤ ਨੂੰ ਸਤ ਉਪਦੇਸ ਕਰਨਾ	461-462
5)	ਸਾਖੀ ਅੰਮ੍ਰਿਤਸਰ ਤੀਰਥ ਦਾ ਪਰਕਾਸ ਕਰਨਾ	463-465
6)	ਸਾਖੀ ਗੁਰੂ ਜੀ ਦਾ ਨਿਤ ਕਰਮ ਪਰਮ ਪਵਿਤ੍ਰ ਬਿਵਹਾਰ	466-467
7)	ਸਾਖੀ ਗੁਰੂ ਜੀ ਦਾ ਸਭ ਸੰਗਤਾਂ ਨੂੰ ਪਰਮ ਧਰਮੀ ਸਿਖੀ ਦੀ ਰਹਨੀ ਉਪਦੇਸ ਕਰਨਾ	468
8)	ਆਗੇ ਸਾਖੀ ਸ੍ਰੀ ਸਤਗੁਰੂ ਜੀ ਕੇ ਜੋਤੀ ਜੋਤ ਸਮਾਵਾਣੇ ਕੀ	469-470

ਪਾਤਿਸ਼ਾਹੀ ਪੰਜਵੀਂ

1)	ਸਾਖੀ ਲੀਲਾ ਪਾਤਿਸਾਹੀ ਪੰਜਵੀ ਕੀ	471-472
2)	ਸਾਖੀ ਗੁਰੂ ਜੀ ਦੀ ਉਸਤਤ ਲੀਲਾ	473-474
3)	ਸਾਖੀ ਗੁਰੂ ਅਰਜਨ ਦੇਵ ਜੀ ਦੁਆਰਾ ਰਾਮਦਾਸ ਪੁਰ ਵਸਾਉਣਾ	475-476
4)	ਸਾਖੀ ਅੰਮ੍ਰਿਤਸਰ ਜੀ ਦੀ ਪੂਰਨ ਤਿਆਰੀ ਅਤੇ ਮਹਾਤਮ	477-478

5)	ਸਾਖੀ ਸ੍ਰੀ ਸੁਖਮਨੀ ਜੀ ਦਾ ਪ੍ਰਕਾਸ	479
6)	ਸਾਖੀ ਭਾਈ ਬਹੋੜੇ ਸੁਨਾਰੇ ਨਾਲ ਗੁਰੂ ਜੀ ਦਾ ਮਿਲਾਪ	480-481
7)	ਸਾਖੀ ਮੰਞ ਸਿਖ ਦਾ ਪ੍ਰੇਮ	482-487
8)	ਸਾਖੀ ਤਰਨ ਤਾਰਨ ਤੀਰਥ ਦਾ ਪ੍ਰਕਾਸ਼ ਕਰਨਾ	488
9)	ਸਾਖੀ ਭਾਈ ਗੁਰਦਾਸ ਭਲੇ ਦਾ ਆਗਰੇ ਤੋਂ ਸਭ ਸੰਗਤ ਲੈ ਕੇ ਆਉਣਾ	489-490
10)	ਸਾਖੀ ਬੁਧੂ ਸਿਖ ਕੁੰਭਾਰ ਨੂੰ ਗੁਰੂ ਜੀ ਦੀ ਬਖ਼ਸ਼ਿਸ਼	491-492
11)	ਸਾਖੀ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਸੰਪਾਦਨਾ	493-495
12)	ਸਾਖੀ ਪ੍ਰਾਨ ਸੰਗਲੀ ਪੋਥੀ ਰਾਜਾ ਸਿਵਨਾਭ ਨਗਰ ਵਿਚੋਂ ਲਿਆਉਣਾ	496-497
13)	ਸਾਖੀ ਭਾਈ ਗੁਰਦਾਸ ਦੁਆਰਾ ਭਗਤਾਂ ਦੀ ਬਾਣੀ ਲਿਖਣਾ	498
14)	ਸਾਖੀ ਭਾਈ ਬਨੋ ਦੀ	499
15)	ਸਾਖੀ ਕੁੱਝ ਸਮਕਾਲੀ ਭਗਤਾਂ ਨਾਲ ਮਿਲਾਪ	500-502
16)	ਸਾਖੀ ਸਭ ਸਿਧਾਂ ਦਾ ਸਤਿਗੁਰੂ ਜੀ ਦੀ ਪਰਤਗਿਆ ਲੇਨ ਆਉਨਾ	503-504
17)	ਸਾਖੀ ਭਾਈ ਗੁਰਦਾਸ ਜੀ ਦਾ ਉਧਾਰ ਕਰਨਾ	505-506
18)	ਸਾਖੀ ਸ੍ਰੀ ਮਾਤਾ ਜੀ ਦਾ ਸੰਤਾਨ ਵਰ ਪ੍ਰਾਪਤ ਕਰਨਾ	507-508
19)	ਸਾਖੀ ਸ੍ਰੀ ਸਤਿਗੁਰ ਹਰਿਗੋਬਿੰਦ ਜੀ ਦਾ ਜਨਮ	509-511
20)	ਸਾਖੀ ਸਤਿਗੁਰ ਜੀ ਦੀ ਨਿਤ ਕਰਮ ਰਹਨੀ	512
21)	ਸਾਖੀ ਸਮਕਾਲੀ ਕਰਮਕਾਂਡੀਆਂ ਦੀ ਗੁਰੂ ਜੀ ਨਾਲ ਗੋਸਟਿ	513-515
22)	ਸਾਖੀ ਸਤਿਗੁਰ ਜੀ ਦਾ ਜੋਤੀ ਜੋਤ ਸਮਾਉਣਾ	516-518

ਪਾਤਿਸ਼ਾਹੀ ਛੇਵੀਂ

1)	ਸਾਖੀ ਛਿਵੀ ਪਾਤਿਸਾਹੀ ਦੀ ਮਹਿਮਾ	519
2)	ਸਾਖੀ ਚੰਦੂ ਦੁਸਟ ਦਾ ਨਾਸ ਕਰਨਾ	520-521
3)	ਸਾਖੀ ਗੁਰੂ ਸਾਹਿਬ ਜੀ ਵੱਲੋਂ ਬਾਦਸਾਹ ਨੂੰ ਪਰਮ ਚਰਿਤ੍ਰ ਵਿਖਾਉਣਾ	522-525
4)	ਸਾਖੀ ਸ੍ਰੀ ਸਤਿਗੁਰੂ ਜੀ ਦਾ ਜਹਾਗੀਰ ਤੋਂ ਬਿਦਾ ਹੋ ਕੇ ਅੰਮ੍ਰਿਤਸਰ ਆਉਣਾ	526-527
5)	ਸਾਖੀ ਗੁਰੂ ਜੀ ਦੀ ਜਹਾਗੀਰ ਬਾਦਸਾਹ ਨਾਲ ਕਸਮੀਰ ਦੀ ਜਾਤ੍ਰਾ ਤੇ ਜਾਣਾ	528-530
6)	ਸਾਖੀ ਗੁਰੂ ਜੀ ਦਾ ਜਹਾਗੀਰ ਬਾਦਸਾਹ ਨਾਲ ਬਿਬਾਦ	531-534
7)	ਸਾਖੀ ਗੁਰੂ ਜੀ ਦੀ ਮੀਆ ਮੀਰ ਕਾਮਲ ਫਕੀਰ ਨਾਲ ਮੁਲਾਕਾਤ	535-536
8)	ਸਾਖੀ ਜਹਾਂਗੀਰ ਬਾਦਸਾਹ ਨੂੰ ਖਬਰਦਾਰ ਕਰਕੇ ਸੰਗ੍ਰਾਮ ਲੀਲਾ ਕਰਨਾ	537-538
9)	ਸਾਖੀ ਜਹਾਗੀਰ ਬਾਦਸਾਹ ਦਾ ਸ੍ਰੀ ਸਤਿਗੁਰ ਜੀ ਨਾਲ ਯੁੱਧ ਹੋਣਾ	539-542
10)	ਸਾਖੀ ਪਾਇੰਦੇ ਖਾਨ ਪਠਾਨ ਦਾ ਗੁਰੂ ਜੀ ਨਾਲ ਵਿਰੋਧ ਅਤੇ ਯੁੱਧ ਛਿੜਣਾ	543-545
11)	ਸਾਖੀ ਗੁਰੂ ਜੀ ਦੇ ਐਰਾਕੀ ਘੋੜਿਆਂ ਦਾ ਬਾਦਸਾਹ ਦੇ ਲੋਕਾਂ ਵੱਲੋਂ ਖੋਹਣਾ	546-548

12) ਸਾਖੀ ਗੁਰੂ ਜੀ ਵੱਲੋਂ ਭਾਈ ਗੁਰਦਾਸ ਨੂੰ ਹੁਕਮਨਾਮਾ ਭੇਜ ਕੇ ਬੁਲਾਉਣਾ 549-552
13) ਸਾਖੀ ਗੁਰੂ ਜੀ ਦਾ ਅਲਮਸਤ ਟਹਲੀਆ ਨੂੰ ਫ਼ਕੀਰੀ ਬਖ਼ਸ਼ਣਾ 553-556
14) ਸਾਖੀ ਗੁਰੂ ਜੀ ਵੱਲੋਂ ਬਾਲੂ ਟਹਲੀਆ ਫ਼ਕੀਰੀ ਬਖ਼ਸ਼ਿਸ਼ ਕਰਨੀ 557
15) ਸਾਖੀ ਗੁਰੂ ਜੀ ਵੱਲੋਂ ਭਾਈ ਬਿਧੀਏ ਨੂੰ ਫ਼ਕੀਰੀ ਬਖ਼ਸ਼ਿਸ਼ ਕਰਨਾ 558-559
16) ਸਾਖੀ ਜਾਨੀ ਖੁਆਜੇ ਤੇ ਮਿਹਰ ਕਰਨੀ 560-561
17) ਸਾਖੀ ਗੁਰੂ ਜੀ ਦੁਆਰਾ ਕੁਲ ਦੀ ਮਿਰਜਾਦਾ ਪ੍ਰਗਟ ਕਰਨਾ 562-563
18) ਸਾਖੀ ਭਾਈ ਗੜੀਐ ਨੂੰ ਕਸ਼ਮੀਰ ਦੀ ਕਾਰ ਦੇ ਵਾਸਤੇ ਭੇਜਣਾ 564-565
19) ਸਾਖੀ ਗੁਰੂ ਜੀ ਦੀ ਭਾਈ ਬੁਢੇ ਪੁਰਾਤਨ ਸਿਖ ਨਾਲ ਚਰਚਾ 566-567
20) ਸਾਖੀ ਬਾਬੇ ਗੁਰਦਿਤੇ ਜੀ ਦਾ ਜੋਤੀ ਜੋਤ ਸਮਾਉਣਾ 568-569
21) ਸਾਖੀ ਹਰਿ ਰਾਇ ਸਤਿਗੁਰੂ ਜੀ ਦੇ ਬਚਨ ਦਾ ਪਾਲਨ ਕਰਨ ਦਾ ਮਹਾਤਮ 570
22) ਸਾਖੀ ਸਤਿਗੁਰੂ ਜੀ ਹਰਿ ਰਇ ਨੂੰ ਗੁਰਿਆਈ ਦੇ ਕੇ ਜੋਤੀ ਜੋਤ ਸਮਾਏ 571-572

ਪਾਤਿਸ਼ਾਹੀ ਸੱਤਵੀਂ

1) ਆਗੇ ਮਹਿਮਾ ਸਤਵੇ ਮਹਿਲ ਕੀ 573-574
2) ਸਾਖੀ ਸਤਿਗੁਰੂ ਜੀ ਦੇ ਨਿਤਕਰਮ ਸਰੀਰ ਬਿਵਹਾਰ ਦੀ ਮਹਿਮਾ 575-576
3) ਸਾਖੀ ਸਾਹਜਹਾਂ ਬਾਦਸ਼ਾਹ ਵੱਲੋਂ ਗੁਰੂ ਜੀ ਨੂੰ ਚਿਠੀ 577
4) ਸਾਖੀ ਸ੍ਰੀ ਸਤਿਗੁਰੂ ਜੀ ਦੀ ਅਪਨੇ ਸੇਵਕ ਪ੍ਰੇਮੀ ਦੀ ਸਰਧਾ ਪੂਰਨ ਕਰਨੀ 578-579
5) ਸਾਖੀ ਗੁਰੂ ਜੀ ਵੱਲੋਂ ਭਗਵਾਨ ਗਿਰ ਸੰਨਿਆਸੀ ਨੂੰ ਫ਼ਕੀਰੀ ਬਖ਼ਸ਼ਿਸ਼ ਕਰਨਾ 580-581
6) ਸਾਖੀ ਸ੍ਰੀ ਸਤਿਗੁਰ ਨਿਜ ਮੁਖ ਚਿਰੇ ਚਿਰੀ ਦੀ 582
7) ਸਾਖੀ ਸਰਪ ਅਜਗਰ ਦੀ ਸਿਕਾਰ ਲੀਲਾ 583
8) ਸਾਖੀ ਮਹਿਮਾ ਸਿਖ ਸਾਧ ਸੇਵਾ ਅਰੁ ਲੰਗਰ ਅਸਥਾਨ ਦੀ 584-585
9) ਸਾਖੀ ਸਤਿਗੁਰੂ ਜੀ ਵੱਲੋਂ ਭਾਈ ਰੂਪੇ ਅਤੇ ਸਿੰਧੂ ਸਿਖ ਨੂੰ ਬਖ਼ਸ਼ਿਸ਼ ਕਰਨਾ 586-587
10) ਸਾਖੀ ਭਾਈ ਭਗਤੋ ਬੈਰਾੜ ਦੀ ਪ੍ਰੇਮ ਭਗਤੀ 588
11) ਸਾਖੀ ਸਤਗੁਰੂ ਜੀ ਦਾ ਭਗਤ ਨੀਤ ਸੰਗਤ ਨੂੰ ਉਪਦੇਸ ਕਰਨਾ 589-590
12) ਸਾਖੀ ਭਾਈ ਗੁੰਦੇ ਦੀ ਪ੍ਰੇਮ ਭਗਤੀ 591-592
13) ਸਾਖੀ ਗੁਰਬਾਨੀ ਦੀ ਮਹਿਮਾ ਤੇ ਸਤਿਗੁਰੂ ਮੁਖਵਾਕ 593-594
14) ਸਾਖੀ ਦਾਰਾ ਸਕੋਹ ਬਾਦਸਾਹ ਦਾ ਗੁਰੂ ਜੀ ਨੂੰ ਪ੍ਰੇਮ ਦਾ ਸੌਕਨਾਮਾ ਭੇਜਣਾ 595-596
15) ਸਾਖੀ ਕਹਲੂਰ ਹੰਡੂਰ ਦਾ ਰਾਜੇ ਅਹੰਕਾਰ ਦੂਰ ਕਰਨਾ 597
16) ਸਾਖੀ ਦਾਰਾ ਸਕੋਹ ਅਤੇ ਸਤਿਗੁਰੂ ਜੀ ਦਾ ਮਿਲਾਪ 598-599
17) ਸਾਖੀ ਅਉਰਰੰਗਜੇਬ ਬਾਦਸਾਹ ਵੱਲੋਂ ਗੁਰੂ ਜੀ ਨੂੰ ਮਿਲਣ ਲਈ ਖ਼ਤ ਲਿਖਣਾ 600-601
18) ਸਾਖੀ ਰਾਮਰਾਇ ਦਾ ਬਾਦਸ਼ਾਹ ਨਾਲ ਮਿਲਾਪ ਅਤੇ ਗੁਰੂ ਜੀ ਵੱਲੋਂ ਹਦਾਇਤਾਂ 602-607

19) ਸਾਖੀ ਸ੍ਰੀ ਸਤਿਗੁਰੂ ਜੀ ਵੱਲੋਂ ਸਬਦ ਬਾਨੀ ਦਾ ਮਹਾਤਮ ਦੱਸਣਾ 608
20) ਸਾਖੀ ਸਤਿਗੁਰੂ ਜੀ ਵੱਲੋਂ ਸੰਗਤ ਨੂੰ ਭਇਆਨਕ ਬਚਨ ਸੁਣਾਉਣਾ 609
21) ਸਾਖੀ ਹਰਿਕ੍ਰਿਸਨ ਜੀ ਨੂੰ ਗੁਰਿਆਈ ਅਤੇ ਗੁਰੂ ਜੀ ਦਾ ਜੋਤੀ ਜੋਤ ਸਮਾਉਣਾ 610-611

ਪਾਤਿਸ਼ਾਹੀ ਅੱਠਵੀਂ

1) ਸਾਖੀ ਲੀਲਾ ਅਠਵੇ ਮਹਲ ਕੀ 612
2) ਸਾਖੀ ਔਰੰਗਜ਼ੇਬ ਬਾਦਸਾਹ ਵੱਲੋਂ ਗੁਰੂ ਹਰਿਕ੍ਰਿਸਨ ਜੀ ਨੂੰ ਦਿੱਲੀ ਬੁਲਾਉਣਾ 613-615
3) ਸਾਖੀ ਸ੍ਰੀ ਸਤਿਗੁਰੂ ਜੀ ਦਾ ਔਰੰਗਜ਼ੇਬ ਬਾਦਸਾਹ ਨਾਲ ਮਿਲਾਪ 616-617
4) ਸਾਖੀ ਗੁਰੂ ਹਰਿਕ੍ਰਿਸਨ ਜੀ ਦਾ ਜੋਤੀ ਜੋਤ ਸਮਾਉਣਾ 618-619
5) ਸਾਖੀ ਸੰਗਤ ਦਾ ਬਾਬਾ ਬਕਾਲਾ ਜਾਣਾ 620-622

ਪਾਤਿਸ਼ਾਹੀ ਨੌਂਵੀਂ

1) ਸਾਖੀ ਮਹਿਮਾ ਨੌਮੀ ਪਾਤਸਾਹੀ 623
2) ਸਾਖੀ ਗੁਰੂ ਤੇਗ ਬਹਾਦਰ ਜੀ ਵੱਲੋਂ ਪਰਤਿਗਿਆ ਵਿਖਾਉਣੀ 624-625
3) ਸਾਖੀ ਗੁਰੂ ਤੇਗ ਬਹਾਦਰ ਜੀ ਦਾ ਲਖੀ ਜੰਗਲ ਜਾਣਾ 626-628
4) ਸਾਖੀ ਗੁਰੂ ਜੀ ਵੱਲੋਂ ਪਰਮ ਚਰਿਤ੍ਰ ਪ੍ਰਗਟਾਉਣਾ 629-630
5) ਸਾਖੀ ਔਰੰਗਜ਼ੇਬ ਦਾ ਦੁਰਬਾਦ ਅਤੇ ਮਤੀਦਾਸ ਦੀ ਸ਼ਹੀਦੀ 631-632
6) ਸਾਖੀ ਗੁਰੂ ਤੇਗ ਬਹਾਦਰ ਜੀ ਦਾ ਪੂਰਬ ਦੇਸ ਵੱਲ ਜਾਣਾ 633-635
7) ਸਾਖੀ ਗੁਰੂ ਤੇਗ ਬਹਾਦਰ ਜੀ ਵੱਲੋਂ ਤੀਰਥਾਂ ਨੂੰ ਪਾਵਨ ਕਰਨਾ 636-637
8) ਸਾਖੀ ਸਤਿਗੁਰੂ ਜੀ ਦਾ ਤੀਰਥ ਪ੍ਰਿਆਗ ਜਾਣਾ 638-639
9) ਸਾਖੀ ਗੁਰੂ ਜੀ ਵੱਲੋਂ ਸਹਸਰਾਇ ਵਿਚ ਫਗੂ ਸਿਖ ਨੂੰ ਤਾਰਨਾ 640-642
10) ਸਾਖੀ ਗੁਰੂ ਜੀ ਦਾ ਗਇਆ ਛੇਤ੍ਰ ਜਾਣਾ 643-644
11) ਸਾਖੀ ਗੁਰੂ ਜੀ ਦਾ ਪਟਨੇ ਵਿਚ ਵਾਸ ਅਤੇ ਗੁਰੂ ਗੋਬਿੰਦ ਰਾਇ ਦਾ ਪਰਕਾਸ਼ 645-646
12) ਸਾਖੀ ਜੈਤਾ ਸੇਠ ਆਲਮਗੰਜ ਦੀ ਸੇਵਾ 647
13) ਸਾਖੀ ਗੁਰੂ ਤੇਗ ਬਹਾਦਰ ਜੀ ਦਾ ਬੰਗਾਲ ਦੀ ਸੰਗਤ ਨੂੰ ਦਰਸਨ ਦੇਣਾ 448-649
14) ਸਾਖੀ ਬੁਲਾਕੀ ਦਾਸ ਮਸੰਦ ਅਤੇ ਭਾਈ ਨਥੇ ਫਕੀਰ ਨੂੰ ਤਾਰਨਾ 650-651
15) ਸਾਖੀ ਗੁਰੂ ਤੇਗ ਬਹਾਦਰ ਜੀ ਦਾ ਰੰਗਾਮਾਟੀ (ਕਾਮਰੂ ਦੇਸ) ਜਾਣਾ 652-654
16) ਸਾਖੀ ਗੁਰੂ ਜੀ ਦਾ ਅਸਾਮ ਦੇ ਰਾਜਾ ਨਾਲ ਮਿਲਾਪ 655-657
17) ਸਾਖੀ ਗੁਰੂ ਜੀ ਵੱਲੋਂ ਗੋਬਿੰਦ ਸਾਹਬ ਨੂੰ ਗੁਰਿਆਈ ਤਿਲਕ ਲਾਉਣਾ 658-660
18) ਸਾਖੀ ਗੁਰੂ ਤੇਗ ਬਹਾਦਰ ਜੀ ਦਾ ਜੋਤੀ ਜੋਤ ਸਮਾਉਣਾ 661-665

ਪਾਤਿਸ਼ਾਹੀ ਦਸਵੀਂ

1) ਸਾਖੀ ਮਹਿਮਾ ਦਸਵੇਂ ਪਾਤਿਸਾਹ ਕੀ 666-667

2) ਸਾਖੀ ਸਤਿਗੁਰ ਜੀ ਦਾ ਪਰਮ ਚਰਿਤ੍ਰ 668-670
3) ਸਾਖੀ ਗੁਰੂ ਜੀ ਦਾ ਪੰਚਾਲ ਦੇਸ ਜਾਣਾ 671-672
4) ਸਾਖੀ ਗੁਰੂ ਜੀ ਦਾ ਦੀਵਾਨ ਲਗਾ ਕੇ ਬਚਨ ਉਚਾਰਣੇ 673-674
5) ਸਾਖੀ ਭਾਈ ਨੰਦ ਲਾਲ ਜੀ ਦੀ ਪਿਛਲੀ ਅਵਸਥਾ 675-676
6) ਸਾਖੀ ਭਾਈ ਨੰਦ ਲਾਲ ਜੀ ਦਾ ਸਤਗੁਰੂ ਜੀ ਦੇ ਦਰਸਨ ਕਰਨਾ 677-678
7) ਸਾਖੀ ਸਤਿਗੁਰੂ ਜੀ ਦਾ ਪਰਮ ਬਿਲਾਸ 679-680
8) ਸਾਖੀ ਗੁਰੂ ਜੀ ਦਾ ਅਨੰਦਪੁਰ ਦੇ ਸਿੱਖਾਂ ਨੂੰ ਤਾਰਨਾ 681
9) ਸਾਖੀ ਗੁਰੂ ਜੀ ਵੱਲੋਂ ਭਾਈ ਨੰਦ ਲਾਲ ਜੀ ਦੇ ਲੰਗਰ ਦੀ ਮਹਾਨਤਾ ਦੱਸਣਾ 682-683
10) ਸਾਖੀ ਹੋਲੀ ਗੁਰੂ ਗੋਬਿੰਦ ਸਿੰਘ ਜੀ 684-685
11) ਸਾਖੀ ਗੁਰੂ ਜੀ ਵੱਲੋਂ ਬੇਦ ਬਿਦਿਆ ਪ੍ਰਕਾਸ ਕਰਨਾ 686
12) ਸਾਖੀ ਗੁਰੂ ਜੀ ਵੱਲੋਂ ਮਸੰਦਾਂ ਨੂੰ ਸੋਧਨਾ 687-690
13) ਸਾਖੀ ਖ਼ਾਲਸੇ ਦਾ ਵਰਤਾਰਾ 691-692
14) ਸਾਖੀ ਬਹਾਦਰ ਸ਼ਾਹ ਦੀ ਗੁਰੂ ਜੀ ਵਾਸਤੇ ਮੁਹਬਤ 693
15) ਸਾਖੀ ਸੰਗਤ ਦਾ ਚਾਰੋ ਦਿਸ਼ਾਵਾਂ ਤੋਂ ਆਗਮਨ ਬਿਲਾਸ 694
16) ਸਾਖੀ ਜਗਤ ਕੇ ਬਿਵਹਾਰ ਦੀ ਅਤੇ ਪੰਥ ਮਿਰਜਾਦ ਨੀਂਹ ਥਾਪਣਾ 695-696
17) ਸਾਖੀ ਖ਼ਾਲਸੇ ਜੀ ਦਾ ਸਰੂਪ ਧਾਰਨਾ 697-699
18) ਸਾਖੀ ਗੁਰੂ ਜੀ ਵੱਲੋਂ ਖ਼ਾਲਸੇ ਦਾ ਸਰੂਪ ਮਿਰਜਾਦ ਪ੍ਰਗਟ ਕਰਨਾ 700-701
19) ਸਾਖੀ ਦੈਆ ਸਿੰਘ ਸੋਪਤ ਦੇ ਜਨੇਊ ਬਾਰੇ 702-703
20) ਬਚਿਤ੍ਰ ਨਾਟਕ ਪਾਠ 704-728
21) ਸਾਖੀ ਗੁਰੂ ਜੀ ਵੱਲੋਂ ਪੂਜਾ ਭੇਟ ਅਗਨ ਵਿਚ ਪਾਉਣੀ 729
22) ਸਾਖੀ ਸਾਹਿਬਜ਼ਾਦਿਆ ਦੀ ਸ਼ਹੀਦੀ 730-731
23) ਸਾਖੀ ਸਤਿਗੁਰੂ ਜੀ ਦਾ ਚਮਕਉਰ ਕਿਲੇ ਵਿਚ ਜਾਣਾ 732-733
24) ਸਾਖੀ ਗੁਰੂ ਜੀ ਦਾ ਬੰਦੇ ਨਾਲ ਮਿਲਾਪ 734
25) ਸਾਖੀ ਗੁਰੂ ਜੀ ਦਾ ਨਦੇੜ ਜਾਣਾ 735
26) ਸਾਖੀ ਦਇਆ ਸਿੰਘ ਨੂੰ ਬਾਦਸ਼ਾਹ ਆਲਮਗੀਰ ਕੋਲ ਭੇਜਣਾ 736-737
27) ਸਾਖੀ ਗੁਰੂ ਜੀ ਦਾ ਜੋਤੀ ਜੋਤ ਸਮਾਉਣਾ 738-739

ਸਾਖੀ ਬੰਦਾ ਸਿੰਘ ਬਹਾਦਰ

1) ਸਾਖੀ ਬੰਦਾ ਸਿੰਘ ਬਹਾਦਰ ਦੀ 740-742

ਭੂਮਿਕਾ

ਅਠ੍ਹਾਰਵੀਂ ਸਦੀ ਵਿਚ ਪੰਜਾਬੀ, ਫ਼ਾਰਸੀ, ਹਿੰਦੀ, ਬ੍ਰਿਜ ਅਤੇ ਉਰਦੂ ਵਿਚ ਸਾਹਿੱਤ ਦੀ ਰਚਨਾ ਹੋਈ। ਇਸ ਸਮੇਂ ਦੌਰਾਨ ਵਾਰਤਕ ਤੇ ਕਵਿਤਾ ਦੋਹਾਂ ਰੂਪਾਂ ਵਿਚ ਸਾਹਿੱਤ ਰਚਿਆ ਮਿਲਦਾ ਹੈ। ਸਿੱਖ ਧਰਮ ਸਾਹਿੱਤ ਤੇ ਇਤਿਹਾਸ ਦੇ ਸਮੇਂ ਦੀਆਂ ਪ੍ਰਸਥਿਤੀਆਂ ਬਾਰੇ ਸਰੋਤ ਪੰਜਾਬੀ (ਗੁਰਮੁਖੀ ਲਿੱਪੀ) ਤੋਂ ਇਲਾਵਾ ਡੋਗਰੀ, ਹਿੰਦੀ, ਬ੍ਰਿਜ, ਅਵਧੀ, ਮਰਾਠੀ, ਰਾਜਸਥਾਨੀ, ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ, ਆਦਿ ਕਈ ਭਾਸ਼ਾਵਾਂ ਵਿਚ ਸਾਹਮਣੇ ਆਉਂਦੇ ਹਨ।

ਮਹਿਮਾ ਪ੍ਰਕਾਸ਼ ਅਠਾਰ੍ਹਵੀਂ ਸਦੀ ਦੀ ਇਕ ਮਹੱਤਵਪੂਰਨ ਰਚਨਾ ਹੈ ਜੋ ਕਿਸੇ ਹੱਦ ਤੱਕ ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਨਾਲ ਮੇਚ ਖਾਂਦੀ ਹੈ। ਦੋਹਾਂ ਦੀ ਸਾਂਝੀ ਗੱਲ ਇਹ ਹੈ ਕਿ ਦੋਹਾਂ ਵਿਚ ਦਸ ਗੁਰੂ ਸਾਹਿਬਾਨ ਅਤੇ ਬੰਦਾ ਬਹਾਦਰ ਬਾਰੇ ਇੰਨੀ ਭਰਵੀ ਜਾਣਕਾਰੀ ਪਹਿਲਾਂ-ਪਹਿਲ ਮਿਲਦੀ ਹੈ। ਮਹਿਮਾ ਪ੍ਰਕਾਸ਼ ਸਿੱਖ ਇਤਿਹਾਸ ਦਾ ਮਹੱਤਵਪੂਰਨ ਸਰੋਤ ਹੋਣ ਕਰਕੇ, ਇਸ ਗ੍ਰੰਥ ਨੇ ਸਿੱਖ ਇਤਿਹਾਸ ਨਾਲ ਜੁੜੇ ਹਰੇਕ ਵਿਦਵਾਨ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਜਿਵੇਂ ਕਰਮ ਸਿੰਘ ਹਿਸਟੋਰੀਅਨ, ਮੈਕਾਲਿਫ਼, ਮੈਕਲੋਡ, ਡਾ. ਗੰਡਾ ਸਿੰਘ, ਇੰਦੂ ਭੂਸ਼ਣ ਬੈਨਰਜੀ, ਡਾ. ਹਰੀ ਰਾਮ ਗੁਪਤਾ, ਸ਼ਮਸ਼ੇਰ ਸਿੰਘ ਅਸ਼ੋਕ, ਗੁਰਬਚਨ ਸਿੰਘ ਨਈਅਰ, ਸੁਰਜੀਤ ਹਾਂਸ, ਪਿਆਰਾ ਸਿੰਘ ਪਦਮ ਅਤੇ ਡਾ. ਜੇ. ਐੱਸ. ਗਰੇਵਾਲ, ਆਦਿਕ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਸਿੱਖ ਇਤਿਹਾਸ ਲਿਖਦੇ ਸਮੇਂ ਮਹਿਮਾ ਪ੍ਰਕਾਸ਼ ਨੂੰ ਮੂਲ ਸੋਮੇ ਵਜੋਂ ਮੰਨਦੇ ਹੋਏ, ਇਸ ਦੇ ਹਵਾਲਿਆਂ ਦੀ ਵਰਤੋਂ ਕੀਤੀ ਹੈ। ਮਹਿਮਾ ਪ੍ਰਕਾਸ਼ ਨਾਮਕ ਸਾਨੂੰ ਦੋ ਰਚਨਾਵਾਂ ਮਿਲਦੀਆਂ ਹਨ। ਇਕ, ਮਹਿਮਾ ਪ੍ਰਕਾਸ਼ (ਵਾਰਤਕ) ਅਤੇ ਦੂਜਾ, ਮਹਿਮਾ ਪ੍ਰਕਾਸ਼ (ਕਾਵਿ-ਰੂਪ) ਵਿਚ ਮਿਲਦਾ ਹੈ।

ਮਹਿਮਾ ਪ੍ਰਕਾਸ਼ (ਕਾਵਿ-ਰੂਪ) ਜੋ ਹੱਥਲੇ ਖੋਜ-ਪ੍ਰਬੰਧ ਦਾ ਵਿਸ਼ਾ ਹੈ। ਮਹਿਮਾ ਪ੍ਰਕਾਸ਼ ਪੰਜਾਬ ਦੇ ਇਤਿਹਾਸ, ਸਾਹਿੱਤ, ਭਾਸ਼ਾ ਅਤੇ ਸਭਿਆਚਾਰ ਵਿਚ ਮਹੱਤਵਪੂਰਣ ਸਰੋਤ ਹੈ। ਇਸ ਰਚਨਾ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਾਖੀਆਂ ਤੋਂ ਇਲਾਵਾ ਤੱਤਕਾਲੀਨ ਸਮੇਂ ਦੇ ਸਮਾਜਿਕ, ਧਾਰਮਿਕ ਅਤੇ ਆਰਥਿਕ ਪੱਖਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਵੀ ਇਹ ਰਚਨਾ ਬਹੁਤ ਮਹੱਤਵਪੂਰਣ ਹੈ ਕਿਉਂਕਿ ਇਸ ਵਿਚੋਂ ਕਈ ਇਤਿਹਾਸਿਕ ਵੇਰਵੇ ਪ੍ਰਾਪਤ ਹੁੰਦੇ ਹਨ। ਇਸ ਰਚਨਾ ਵਿਚ ਗੁਰਬਾਣੀ ਦੇ ਸਿੱਧਾਂਤਾਂ ਦੀ ਦਾਰਸ਼ਨਿਕ ਤੇ ਵਿਹਾਰਿਕ ਵਿਆਖਿਆ ਤੋਂ ਇਲਾਵਾ ਸਿੱਖੀ ਜੀਵਨ ਮਾਰਗ ਦੀ ਰਹਿਤ ਮਰਿਯਾਦਾ ਸੰਬੰਧੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਰਚਨਾ ਵਿਚ ਲੇਖਕ ਨੇ ਪੌਰਾਣਿਕ ਤਪੱਸਵੀ, ਰਿਸ਼ੀਆਂ, ਮੁਨੀਆਂ ਅਤੇ ਭਗਤਾਂ ਸੰਬੰਧੀ ਸੰਖੇਪ ਕਥਾਵਾਂ ਸ਼ਾਮਿਲ ਕੀਤੀਆਂ ਹਨ। ਇਨ੍ਹਾਂ ਦੀ ਵਰਤੋਂ ਪ੍ਰਤੀਕਾਂ ਦੇ ਤੌਰ ਉੱਤੇ ਵੀ ਕੀਤੀ ਗਈ ਹੈ। ਇਸ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਦੇ ਜੀਵਨ, ਸਿੱਖਿਆਵਾਂ, ਯਾਤਰਾਵਾਂ ਅਤੇ ਪਰਿਵਾਰ ਦਾ

ਰੌਚਕ ਸਾਹਿਤਿਕ ਇਤਿਹਾਸ ਪੇਸ਼ ਕੀਤਾ ਹੈ ਅਤੇ ਇਸਦੇ ਅੰਤ ਤੇ ਬੰਦਾ ਸਿੰਘ ਸਹਾਦਰ ਨਾਲ ਸੰਬੰਧਿਤ ਇਕ ਸਾਖੀ ਵੀ ਹੈ।

ਮਹਿਮਾ ਪ੍ਰਕਾਸ਼ ਦੀ ਸਮੱਗਰੀ ਦੇ ਸੋਮੇ ਪੁਰਾਤਨ ਜਨਮਸਾਖੀ ਅਤੇ ਆਦਿ ਸਾਖੀਆਂ ਹਨ ਅਤੇ ਬਾਕੀ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਮੱਗਰੀ ਉਸਨੇ ਗੁਰੂ ਕੁਲ ਦੇ ਵਿਅਕਤੀਆਂ, ਆਪਣੇ ਵਡੇਰਿਆਂ ਅਤੇ ਗੁਰਸਿੱਖਾਂ ਤੋ ਸੁਣੀਆਂ ਸਾਖੀਆਂ ਤੋਂ ਇਕੱਤਰ ਕੀਤੀ। ਉਂਜ ਉਸਨੇ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਵਿਚੋਂ ਵੀ ਹਵਾਲੇ ਲਏ ਹਨ। ਮਹਿਮਾ ਪ੍ਰਕਾਸ਼ ਭਾਸ਼ਾ ਵਿਚ ਜ਼ਿਆਦਾ ਪੰਜਾਬੀ, ਹਿੰਦੀ ਅਤੇ ਲੋੜ ਅਨੁਸਾਰ ਫ਼ਾਰਸੀ ਦੇ ਬਹੁਤੇ ਸ਼ਬਦਾਂ ਦੀ ਵਰਤੋਂ ਹੈ।

ਸਰੂਪ ਦਾਸ ਅਨੁਸਾਰ ਇਸ ਰਚਨਾ ਦਾ ਉੱਦੇਸ਼ ਗੁਰੂ ਉਸਤਤ ਹੈ। ਪਰ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ। ਇਹ ਸਹੀ ਹੈ ਕਿ ਉਸਨੇ ਇਸ ਰਚਨਾ ਵਿਚ ਗੁਰੂ ਮਹਿਮਾ ਦੇ ਸਰੋਤ ਸ਼ਬਦ ਅਤੇ ਸਲੋਕ ਲਿਖੇ ਹਨ। ਉਹ ਇਸ ਵਿਚ ਅਜਿਹੀਆਂ ਸਾਖੀਆਂ ਵੀ ਸ਼ਾਮਲ ਕਰਦਾ ਹੈ, ਜਿਨ੍ਹਾਂ ਤੋਂ ਗੁਰੂ ਸਾਹਿਬਾਨ ਦੀ ਉਸਤਤ ਉਭਰਦੀ ਹੈ। ਕੁੱਝ ਸਾਖੀਆਂ ਗੁਰੂ ਸਾਹਿਬਾਨ ਅਤੇ ਸਿੱਖਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਤੋਂ ਗੁਰੂ ਜੀ ਦੀ ਉਸਤਤਿ ਵਿਚ ਵਾਧਾ ਹੁੰਦਾ ਹੈ। ਇਉਂ ਉਸਦੀ ਰਚਨਾ ਦਾ ਉੱਦੇਸ਼ ਗੁਰੂ ਉਪਮਾ ਪ੍ਰਤੀਤ ਹੁੰਦਾ ਹੈ। ਪਰ ਇਹ ਉੱਦੇਸ਼ ਉਹ ਹੈ ਜੋ ਉਸਨੇ ਪ੍ਰਗਟ ਕੀਤਾ ਹੈ। ਦੂਜੇ ਪਾਸੇ ਇਸ ਰਚਨਾ ਵਿਚ ਅਜਿਹੀ ਸਮੱਗਰੀ ਵੀ ਹੈ ਜੋ ਗੁਰੂ ਉਪਮਾ ਨਾਲ ਸੰਬੰਧਿਤ ਨਹੀਂ, ਕੁੱਝ ਘਟਨਾਵਾਂ ਨੂੰ ਵਿਅਕਤੀਗਤ ਵਿਰੋਧ ਅਤੇ ਬਦਲੇ ਦੀ ਭਾਵਨਾ ਤੱਕ ਸੀਮਤ ਕਰ ਲੈਂਦਾ ਹੈ। ਉਹ ਗੁਰੂ ਸਾਹਿਬਾਨ ਨਾਲ ਕਈ ਕਰਮਕਾਂਡ ਅਤੇ ਰਹੁ-ਰੀਤਾਂ ਨਾਲ ਸੰਬੰਧਿਤ ਸਾਖੀਆਂ ਜੋੜ ਦਿੰਦਾ ਹੈ। ਸਰੂਪ ਦਾਸ ਨੇ ਮਹਿਮਾ ਪ੍ਰਕਾਸ਼ ਵਿਚ ਕੁੱਝ ਅਜਿਹੀਆਂ ਘਟਨਾਵਾਂ ਸ਼ਾਮਲ ਕੀਤੀਆਂ ਹਨ, ਜੋ ਅਸੰਭਵ ਤਾਂ ਨਹੀਂ ਪਰ ਇਸ ਤੋਂ ਪੂਰਬਲੀਆਂ ਤੇ ਸਮਕਾਲੀ ਰਚਨਾਵਾਂ ਵਿਚ ਨਹੀਂ ਮਿਲਦੀਆਂ। ਸਰੂਪ ਦਾਸ ਭੱਲਾ ਗੁਰੂ ਉਸਤਤ ਤੋਂ ਬਿਨ੍ਹਾਂ ਬੇਦੀ, ਸੋਢੀ, ਭੱਲੇ ਤੇ ਤਰੇਹਣ ਗੁਰੂ ਅੰਸ਼ ਦੀ ਆਮ ਕਰਕੇ ਅਤੇ ਆਪਣੇ ਵੰਸ਼ ਦੀ ਖ਼ਾਸ ਕਰਕੇ ਵਡਿਆਈ ਕਰਨਾ ਚਾਹੁੰਦਾ ਹੈ।

ਸਰੂਪ ਦਾਸ ਪ੍ਰਸਿੱਧ ਸਾਖੀਕਾਰ ਸਨ, ਜਿਨ੍ਹਾਂ ਨੇ ਸਾਖੀ ਰੂਪਾਕਾਰ ਵਿਚ ਇੰਨੀ ਵੱਡੀ ਰਚਨਾ ਕੀਤੀ ਹੈ। ਭਾਵੇਂ ਇਸਦੇ ਸਮੇਂ ਤੱਕ ਸਾਖੀ ਰੂਪਾਕਾਰ ਜ਼ਿਆਦਾ ਮਹੱਤਵਪੂਰਨ ਨਹੀਂ ਸੀ ਰਹਿ ਗਿਆ ਕਿਉਂਕਿ ਸਾਖੀ ਦਾ ਜੋ ਮਹੱਤਵ ਮੁੱਢਲੀਆਂ ਜਨਮਸਾਖੀਆਂ ਵਿਚ ਸੀ, ਕਾਇਮ ਨਾ ਰਹਿ ਸਕਿਆ, ਉਸਦੀ ਜਗ੍ਹਾ ਵਾਰਾਂ ਤੇ ਗੁਰਬਿਲਾਸਾਂ ਨੇ ਲੈ ਲਈ ਸੀ। ਫਿਰ ਵੀ ਇਸ ਦੀ ਜਗ੍ਹਾ ਮੱਧਕਾਲੀ ਪੰਜਾਬੀ ਸਾਹਿੱਤ ਸਾਨੂੰ ਸਾਖੀ ਰੂਪਾਕਾਰ ਦਾ ਪ੍ਰਭਾਵ ਕੇਸਰ ਸਿੰਘ ਛਿੱਬਰ ਕ੍ਰਿਤ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਅਤੇ ਸੰਤ ਦਾਸ ਛਿੱਬਰ ਕ੍ਰਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ ਵਿਚ ਵੇਖਣ ਨੂੰ ਮਿਲਦਾ ਹੈ।

ਸਰੂਪ ਦਾਸ ਭੱਲਾ ਦੀ ਵਿਚਾਰਧਾਰਾ ਬਰਾਬਰੀ ਅਤੇ ਭਾਈਚਾਰੇ ਨਾਲ ਸੰਬੰਧਿਤ ਹੈ। ਉਸਦਾ ਦ੍ਰਿਸ਼ਟੀਕੋਣ ਮਾਨਵਵਾਦੀ ਜਾਪਦਾ ਹੈ। ਉਹ ਸਿੱਖ ਧਰਮ ਦਾ ਅਨੁਯਾਈ ਹੈ। ਉਂਜ ਉਸਨੂੰ ਸਨਾਤਨ ਹਿੰਦੂ

ਵਿਚਾਰਧਾਰਾ ਰਹਿਣੀ-ਬਹਿਣੀ ਚੰਗੀ ਲਗਦੀ ਹੈ। ਉਸ ਨੂੰ ਇਸਲਾਮ ਦੀਆਂ ਚੰਗੀਆਂ ਗੱਲਾਂ ਦੀ ਵੀ ਕਦਰ ਹੈ। ਉਹ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਅਤੇ ਇਸਲਾਮ ਖ਼ਾਸ ਤੌਰ 'ਤੇ ਸੂਫ਼ੀਵਾਦ ਵਿਚ ਨੇੜ ਵੇਖਦਾ ਹੈ। ਇਉਂ ਉਸਦੀ ਧਾਰਮਿਕ ਉਦਾਰਤਾ ਅਤੇ ਸਹਿਣਸ਼ੀਲਤਾ ਆਪਣੇ ਵਿਸ਼ੇਸ਼ ਸਮੇਂ ਦੀ ਉਪਜ ਹਨ ਅਤੇ ਉਸਦੀ ਆਪਣੀ ਸ਼ਖ਼ਸੀਅਤ ਵੀ ਇਸ ਵਿਚ ਢਲ ਗਈ ਹੈ।

ਸਰੂਪ ਦਾਸ ਅਠਾਰਵੀਂ ਸਦੀ ਦੇ ਮਹੱਤਵਪੂਰਨ ਲੇਖਕ ਸਨ। ਗੁਰੂ ਅਮਰਦਾਸ ਜੀ ਬੰਸਾਵਲੀ ਤੋਂ ਇਹ ਪਤਾ ਚਲਦਾ ਹੈ ਕਿ ਸਰੂਪ ਦਾਸ, ਗੁਰੂ ਅਮਰਦਾਸ ਜੀ ਦੇ ਖ਼ਾਨਦਾਨ ਨਾਲ ਸੰਬੰਧਿਤ ਨੌਵੀਂ ਪੀੜੀ ਵਿਚੋਂ ਸਨ। ਇਨ੍ਹਾਂ ਦੇ ਪਿਤਾ ਦਾ ਨਾਂ ਬਾਬਾ ਬਾਹੜ ਮੱਲ ਸੀ। ਸਰੂਪ ਦਾਸ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਇਸ ਬਾਰੇ ਇਸ ਰਚਨਾ ਵਿਚੋਂ ਕੋਈ ਜਾਣਕਾਰੀ ਨਹੀਂ ਮਿਲਦੀ ਪਰ ਇਹ ਰਚਨਾ ਕਦੋਂ ਲਿਖੀ ਗਈ ਇਸ ਬਾਰੇ ਮਹਿਮਾ ਪ੍ਰਕਾਸ਼ ਮੂਲ ਪਾਠ ਵਿਚੋਂ ਇਕ ਪ੍ਰਮਾਣ ਮਿਲਦਾ ਹੈ ਕਿ ਇਹ ਰਚਨਾ 1833 ਬਿਕ੍ਰਮੀ (1776 ਈ.) ਵਿਚ ਸੰਪੂਰਨ ਕੀਤੀ ਗਈ। ਇਸਦੀ ਰਚਨਾ ਦਾ ਪਹਿਲਾ ਹਿੱਸਾ ਕਾਸ਼ੀ ਵਿਚ ਰਚਿਆ ਗਿਆ ਅਤੇ ਦੂਜਾ ਭਾਗ ਉਸਨੇ ਪੰਜਾਬ ਵਿਚ ਆ ਕੇ ਸੰਪੂਰਨ ਕੀਤਾ। ਇਸ ਤੋਂ ਸ਼ਮਸ਼ੇਰ ਸਿੰਘ ਅਸ਼ੋਕ, ਖਜਾਨ ਸਿੰਘ, ਗੋਬਿੰਦ ਸਿੰਘ ਲਾਂਬਾ ਅਤੇ ਉੱਤਮ ਸਿੰਘ ਭਾਟੀਆ ਉਕਤ ਵਿਦਵਾਨਾਂ ਨੇ ਅਨੁਮਾਨ ਲਗਾਇਆ ਹੈ ਕਿ ਸਰੂਪ ਦਾਸ ਦਾ ਜਨਮ ਅਠਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਹੋਇਆ ਹੋਵੇਗਾ।

ਮਹਿਮਾ ਪ੍ਰਕਾਸ਼ ਵਿਚ ਦਸ ਗੁਰੂ ਸਾਹਿਬਾਨ ਦੀ ਮਹਿਮਾ ਦਾ ਵਰਣਨ ਹੈ ਪਰੰਤੂ ਮਹਿਮਾ ਪ੍ਰਕਾਸ਼ ਦੇ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਸਰੂਪ ਦਾਸ ਭੱਲਾ ਗੁਰੂ ਨਾਨਕ ਦੇਵ ਦਾ ਅਨਿੰਨ ਸ਼ਰਧਾਲੂ ਤੇ ਅਨੁਯਾਈ ਸੀ। ਉਸਨੇ ਗੁਰੂ ਚਰਿੱਤਰ ਨੂੰ ਬੜੀ ਸ਼ਰਧਾ, ਨਿਸ਼ਠਾ ਅਤੇ ਵਿਸਥਾਰ ਨਾਲ ਪੇਸ਼ ਕੀਤਾ ਹੈ। ਉਸਨੇ ਗੁਰੂ ਸਾਹਿਬ ਦੇ ਜੀਵਨ ਬ੍ਰਿਤਾਂਤ ਨੂੰ ਵਿਸ਼ਿਸ਼ਟ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਪੂਰਵ-ਵਰਤੀ ਸਿੱਖ ਸਾਖੀਕਾਰਾਂ ਵਾਂਗ ਲੇਖਕ ਨੇ ਗੁਰੂ ਨਾਨਕ ਨੂੰ ਹੋਰਨਾਂ ਧਰਮ ਆਗੂਆਂ ਦੀ ਤੁਲਨਾ ਵਿਚ ਮਹਾਨ ਅਤੇ ਸ੍ਰੇਸ਼ਟ ਸਿੱਧ ਕਰਨ ਦਾ ਯਤਨ ਕੀਤਾ ਹੈ। ਪੁਰਾਤਨ ਸਾਹਿੱਤਕਾਰ ਸਰੂਪ ਦਾਸ ਭੱਲਾ ਦੁਆਰਾ ਇਸ ਗ੍ਰੰਥ ਲਿਖਣ ਪਿੱਛੇ ਮਕਸਦ ਇਕ ਜਗਿਆਸੂ ਹੋਣ ਨਾਤੇ ਗੁਰੂ ਮਹਿਮਾ ਵਰਣਨ ਕਰਨਾ ਹੈ। ਉਸ ਨੇ ਆਪਣੇ ਦਿਲੀ ਉਮਾਹ ਦੇ ਕਾਰਣ ਮਹਿਮਾ ਪ੍ਰਕਾਸ਼ ਦੀ ਰਚਨਾ ਕੀਤੀ। ਇਸ ਤਰ੍ਹਾਂ ਉਨ੍ਹਾਂ ਦਾ ਗੁਰੂ ਘਰ ਵਿਚ ਬਹੁਤ ਵਿਸ਼ਵਾਸ ਹੋਣ ਕਾਰਨ ਮੁੱਖ ਉੱਦੇਸ਼ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਨੂੰ ਪ੍ਰਸਤੁਤ ਕਰਨ ਦੇ ਨਾਲ-ਨਾਲ ਭੱਲਾ ਖ਼ਾਨਦਾਨ ਦੀ ਉਸਤਤ ਕਰਨਾ ਵੀ ਮੁੱਖ ਕਾਰਨ ਬਣ ਗਿਆ।

ਮਹਿਮਾ ਪ੍ਰਕਾਸ਼ ਖੋਜਕਾਰਾਂ ਲਈ ਬੜੀ ਹੀ ਦਿਸ਼ਾ ਨਿਰਦੇਸ਼ਕ ਪੁਸਤਕ ਹੈ। ਇਸ ਉੱਤੇ ਕੁੱਝ ਵਿਦਵਾਨਾਂ ਨੇ ਗੰਭੀਰ ਖੋਜ ਕੀਤੀ ਹੈ। ਇਸ ਦਿਸ਼ਾ ਵਿਚ ਪਹਿਲਾ ਕੰਮ ਕਰਮ ਸਿੰਘ ਹਿਸਟੋਰੀਅਨ ਨੇ ਮਹਿਮਾ ਪ੍ਰਕਾਸ਼ ਦੇ ਲਿਖਣ ਸਮੇਂ 'ਤੇ ਵਿਚਾਰ ਕੀਤੀ ਹੈ। ਇਨ੍ਹਾਂ ਤੋਂ ਬਾਅਦ ਸ. ਰਣਧੀਰ ਸਿੰਘ ਨੇ ਇਨਾਂ ਦੀ ਰਚਨਾਕਾਰੀ (ਕਰਤਿਤਵ) ਬਾਰੇ ਵਿਚਾਰ ਪੇਸ਼ ਕੀਤੇ ਹਨ। ਡਾ. ਸੁਰਜੀਤ ਹਾਂਸ ਨੇ ਮਹਿਮਾ ਪ੍ਰਕਾਸ਼ ਦੇ ਲਿਖਣ ਮੰਤਵ ਅਤੇ ਇਸ ਦੀ ਇਤਿਹਾਸਿਕ ਸੂਝ ਦੀ ਮਹਤਵਪੂਰਨ ਜਾਣਕਾਰੀ ਦਿੱਤੀ ਹੈ। ਮਹਿਮਾ ਪ੍ਰਕਾਸ਼ (ਕਾਵਿ-ਰੂਪ) ਦੀ ਭਾਸ਼ਾ ਵਿਭਾਗ ਵਾਲੇ ਖਰੜੇ (*MS/176*) ਨੂੰ ਆਧਾਰ ਬਣਾ ਕੇ ਹੁਣ ਤਕ ਦੋ ਵਾਰ

ਸੰਪਾਦਨਾ ਹੋ ਚੁੱਕੀ ਹੈ ਅਤੇ ਇਸ ਨੂੰ ਦੋਵੇਂ ਵਾਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਗ੍ਰੰਥ ਨੂੰ ਪਹਿਲੀ ਵਾਰ 1970-71 ਵਿਚ ਸ਼ਮਸ਼ੇਰ ਸਿੰਘ ਅਸ਼ੋਕ, ਗੋਬਿੰਦ ਸਿੰਘ ਲਾਂਬਾ ਅਤੇ ਖਜਾਨ ਸਿੰਘ ਦੁਆਰਾ ਦੋ ਭਾਗਾਂ ਵਿਚ ਸੰਪਾਦਿਤ ਕਰਕੇ ਪ੍ਰਕਾਸ਼ਿਤ ਕੀਤਾ ਗਿਆ ਅਤੇ ਦੂਜੀ ਵਾਰ 1999 ਅਤੇ 2003 ਈ. ਵਿਚ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ ਨੂੰ ਸਮਰਪਿਤ ਡਾ. ਉੱਤਮ ਸਿੰਘ ਭਾਟੀਆ ਅਤੇ ਖਜਾਨ ਸਿੰਘ ਨੇ ਮਹਿਮਾ ਪ੍ਰਕਾਸ਼ ਦਾ ਸੰਪਾਦਨ ਕੀਤਾ। ਇਸ ਤੋਂ ਇਲਾਵਾ ਡਾ. ਭਗਤ ਸਿੰਘ ਵੇਦੀ ਨੇ 1989 ਵਿਚ ਮਹਿਮਾ ਪ੍ਰਕਾਸ਼ ਦਾ ਹਿੰਦੀ ਅਨੁਵਾਦ ਕਰਕੇ ਭਾਸ਼ਾ ਵਿਭਾਗ ਤੋਂ ਛਪਵਾਇਆ। ਉਪਾਧੀ ਸਾਪੇਖ ਕਾਰਜਾਂ ਵਿਚ ਜਸਬੀਰ ਸਿੰਘ ਭੱਲਾ ਨੇ ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਦਾ ਸਮਾਜਿਕ ਅਤੇ ਧਾਰਮਿਕ ਅਧਿਐਨ (ਖੋਜ-ਪ੍ਰਬੰਧ 1988), ਕਿਰਨਦੀਪ ਕੌਰ ਨੇ ਗੁਰੂ ਨਾਨਕ ਮਹਿਮਾ ਅਰਥਾਤ ਮਹਿਮਾ ਪ੍ਰਕਾਸ਼ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸ਼ਖ਼ਸੀਅਤ (ਖੋਜ-ਨਿਬੰਧ 2008) ਅਤੇ ਜਤਿੰਦਰ ਕੌਰ ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਦਾ ਇੰਡੈਕਸ (ਅਣੁਕ੍ਰਮਣਿਕਾ) ਵਿਅਕਤੀਆਂ ਤੇ ਸਥਾਨਾਂ ਦੇ ਨਾਂ (ਖੋਜ-ਨਿਬੰਧ 2008) ਆਦਿ 'ਤੇ ਕੰਮ ਕੀਤਾ ਹੈ।

ਮਹਿਮਾ ਪ੍ਰਕਾਸ਼ ਦੇ ਪੂਰਬਲੇ ਸੰਪਾਦਨ ਕਾਰਜਾਂ ਵਿਚ ਪਾਠ-ਭੇਦ ਸੰਬੰਧੀ ਕੋਈ ਸਿਲਸਿਲੇਵਾਰ ਉੱਲੇਖ ਨਹੀਂ ਕੀਤਾ ਕੇਵਲ ਭਾਸ਼ਾ ਵਿਭਾਗ ਵਾਲੇ ਖਰੜੇ ਨੂੰ ਵਿਸ਼ੇਸ਼ ਰੂਪ ਵਿਚ ਆਧਾਰ ਬਣਾਇਆ ਹੈ। ਇਸ ਲਈ ਹੱਥਲੇ ਖੋਜ-ਕਾਰਜ ਨੂੰ ਸੰਪੂਰਨ ਕਰਨ ਲਈ ਮਹਿਮਾ ਪ੍ਰਕਾਸ਼ ਦੇ ਵੱਧ ਤੋਂ ਵੱਧ ਉਪਲੱਬਧ ਖਰੜਿਆਂ ਨੂੰ ਆਧਾਰ ਬਣਾਇਆ ਗਿਆ ਹੈ। ਮਹਿਮਾ ਪ੍ਰਕਾਸ਼ ਦਾ ਮੂਲ ਹੱਥ-ਲਿਖਤ ਖਰੜਾ (*MS/176)* ਜੋ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ, ਨੂੰ ਹੱਥਲੇ ਖੋਜ-ਕਾਰਜ ਲਈ ਅਧਾਰ ਬਣਾ ਕੇ ਮਹਿਮਾ ਪ੍ਰਕਾਸ਼ (ਪ੍ਰਕਾਸ਼ਿਤ) ਅਤੇ ਮਹਿਮਾ ਪ੍ਰਕਾਸ਼ ਦੇ ਬਾਕੀ ਹੱਥ-ਲਿਖਤ ਖਰੜਿਆਂ ਨਾਲ ਪਾਠ-ਮਿਲਾਣ ਕਰਕੇ ਇਸਦੇ ਪਾਠ ਦਾ ਸੰਪਾਦਨ ਕੀਤਾ ਹੈ। ਉਪਾਧੀ ਸਾਪੇਖ ਕਾਰਜਾਂ ਵਿਚ ਜਸਬੀਰ ਸਿੰਘ ਭੱਲਾ ਨੇ ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਦਾ ਸਮਾਜਿਕ ਅਤੇ ਧਾਰਮਿਕ ਅਧਿਐਨ ਤੇ ਪਹਿਲਾਂ ਕੰਮ ਹੋ ਚੁੱਕਾ ਹੈ ਇਸ ਲਈ ਹੱਥਲੇ ਖੋਜ-ਪ੍ਰਬੰਧ ਵਿਚ ਮਹਿਮਾ ਪ੍ਰਕਾਸ਼ ਦੇ ਸਮਾਜਿਕ ਅਤੇ ਧਾਰਮਿਕ ਪੱਖਾਂ ਨੂੰ ਨਹੀਂ ਵਿਚਾਰਿਆ ਗਿਆ।ਪ੍ਰਸਤੁਤ ਖੋਜ-ਕਾਰਜ ਨੂੰ ਹੇਠ ਲਿਖੇ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ-

ਪਹਿਲਾ ਅਧਿਆਇ- ਮਹਿਮਾ ਪ੍ਰਕਾਸ਼ : ਪਿੱਠ-ਭੂਮੀ

ਦੂਜਾ ਅਧਿਆਇ- ਸਰੂਪ ਦਾਸ ਭੱਲਾ ਕ੍ਰਿਤ ਮਹਿਮਾ ਪ੍ਰਕਾਸ਼ : ਜਾਣ-ਪਛਾਣ

ਤੀਜਾ ਅਧਿਆਇ- ਮਹਿਮਾ ਪ੍ਰਕਾਸ਼ : ਰੂਪਾਕਾਰ

ਚੌਥਾ ਅਧਿਆਇ- ਮਹਿਮਾ ਪ੍ਰਕਾਸ਼ : ਇਤਿਹਾਸਿਕ, ਰਾਜਨੀਤਿਕ ਅਤੇ ਆਰਥਿਕ ਪੱਖ,

ਪੰਜਵਾ ਅਧਿਆਇ- ਮਹਿਮਾ ਪ੍ਰਕਾਸ਼ : ਸੰਪਾਦਨ-ਵਿਧੀ

ਅੰਤ ਵਿਚ ਮਹਿਮਾ ਪ੍ਰਕਾਸ਼ ਮੂਲ ਪਾਠ ਦਿੱਤਾ ਗਿਆ ਹੈ।

ਪਹਿਲੇ ਅਧਿਆਇ ਮਹਿਮਾ ਪ੍ਰਕਾਸ਼ : ਪਿੱਠ-ਭੂਮੀ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਮਿਸਲ ਕਾਲ ਤੱਕ ਕੇ ਸਮੇਂ ਦੀਆਂ ਘਟਨਾਵਾਂ ਦੇ ਨਾਲ-ਨਾਲ ਉਸ ਸਮੇਂ ਦੀ ਸਮਾਜਿਕ ਅਤੇ ਧਾਰਮਿਕ ਵਿਵਸਥਾ ਅਤੇ ਇਸ ਕਾਲ ਵਿਚ ਰਚੇ ਸਾਹਿੱਤ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ।

ਦੂਜੇ ਅਧਿਆਇ ਸਰੂਪ ਦਾਸ ਭੱਲਾ ਕ੍ਰਿਤ ਮਹਿਮਾ ਪ੍ਰਕਾਸ਼ : ਜਾਣ-ਪਛਾਣ ਵਿਚ ਸਰੂਪ ਦਾਸ ਭੱਲਾ ਦੇ ਜੀਵਨ ਅਤੇ ਮਹਿਮਾ ਪ੍ਰਕਾਸ਼ ਦੀ ਰਚਨਾਕਾਰੀ, ਮਹਿਮਾ ਪ੍ਰਕਾਸ਼ ਦਾ ਉੱਦੇਸ਼ ਅਤੇ ਮਹਿਮਾ ਪ੍ਰਕਾਸ਼ ਦੇ ਸਰੋਤਾਂ, ਆਦਿ ਦੇ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ।

ਤੀਜੇ ਅਧਿਆਇ ਮਹਿਮਾ ਪ੍ਰਕਾਸ਼ : ਰੂਪਾਕਾਰ ਵਿਚ ਸਾਖੀ ਰੂਪਾਕਾਰ ਬਾਰੇ ਗੱਲ ਕੀਤੀ ਗਈ ਹੈ। ਇਸ ਤੋਂ ਇਲਾਵਾ ਕੁੱਝ ਘਟਨਾਵਾਂ ਜੋ ਵੱਖ-ਵੱਖ ਸਾਖੀਆਂ ਵਿਚ ਆਈਆਂ ਹਨ, ਬਾਰੇ ਚਰਚਾ ਕੀਤੀ ਗਈ ਹੈ। ਇਸ ਵਿਚ ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਅਤੇ ਮਹਿਮਾ ਪ੍ਰਕਾਸ਼ ਦੋਹਾਂ ਦੇ ਰਚਨਕਾਲ ਵਿਚ ਕਰੀਬ ਸੱਤ ਸਾਲ ਦਾ ਵਕਫ਼ਾ ਹੈ। ਇਸ ਸਮੇਂ ਦੇ ਦੌਰਾਨ ਆਈਆਂ ਤਬਦੀਲੀਆਂ ਨੂੰ ਸਮਝਣ ਲਈ ਬਾਕੀ ਜਨਮਸਾਖੀਆਂ ਵਿਚੋਂ ਕੁੱਝ ਕੁ ਸਾਖੀਆਂ ਨੂੰ ਲੈ ਕੇ ਮਹਿਮਾ ਪ੍ਰਕਾਸ਼ ਵਿਚਲੀਆਂ ਸਾਖੀਆਂ ਨਾਲ ਤੁਲਨਾਇਆ ਗਿਆ ਹੈ।

ਚੌਥੇ ਅਧਿਆਇ ਮਹਿਮਾ ਪ੍ਰਕਾਸ਼ : ਇਤਿਹਾਸਿਕ, ਰਾਜਨੀਤਿਕ ਅਤੇ ਆਰਥਿਕ ਪੱਖ ਵਿਚ ਇਤਿਹਾਸ ਨੂੰ ਸਮਝਣ ਲਈ ਪਹੁੰਚ ਵਿਧੀ, ਸਿੱਧਾਂਤਾਂ, ਅਤੇ ਤੱਥਾਂ ਨੂੰ ਸਮਝਣ ਲਈ ਕੁੱਝ ਘਟਨਾਵਾਂ ਲੈ ਕੇ ਉਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ। ਰਾਜਨੀਤਿਕ ਪੱਖ ਵਿਚ ਉਸ ਸਮੇਂ ਦੇ ਸ਼ਾਸਕਾਂ ਅਤੇ ਕਰਮਚਾਰੀਆਂ ਦੀਆਂ ਪਦਵੀਆਂ ਅਤੇ ਉਨ੍ਹਾਂ ਦੇ ਕੰਮਾਂ, ਅਤੇ ਘਟਨਾਵਾਂ ਦੇ ਨਾਲ-ਨਾਲ ਗੁਰੂ ਸਾਹਿਬਾਨ ਦੀ ਦਿਨਚਰੀਆ ਨੂੰ ਸ਼ਾਸਕਾਂ ਦੀ ਦਿਨ ਚਰੀਆ ਨਾਲ ਤੁਲਨਾਇਆ ਗਿਆ ਹੈ। ਇਸਦੇ ਆਰਥਿਕ ਪੱਖ ਵਿਚ ਉਸ ਸਮੇਂ ਦੇ ਵਣਜ-ਵਾਪਾਰ ਅਤੇ ਆਰਥਿਕ ਘੇਰੇ ਵਿਚ ਆਉਂਦੇ ਹਨ, ਇਨ੍ਹਾਂ ਸਭ ਬਾਰੇ ਜਾਣਕਾਰੀ ਦਿੱਤੀ ਹੈ। ਇਸ ਅਧਿਆਇ ਵਿਚ ਵਿਚਲੇ ਸਾਰੇ ਪੱਖਾਂ ਵਿਚ ਮਹਿਮਾ ਪ੍ਰਕਾਸ਼ ਵਿਚੋਂ ਹਵਾਲੇ ਦੇ ਕੇ ਉਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ।

ਪੰਜਵੇਂ ਅਧਿਆਇ ਮਹਿਮਾ ਪ੍ਰਕਾਸ਼ : ਸੰਪਾਦਨ-ਵਿਧੀ ਵਿਚ ਮਹਿਮਾ ਪ੍ਰਕਾਸ਼ ਦੇ ਵੱਖ-ਵੱਖ ਹੱਥ-ਲਿਖਤ ਖਰੜਿਆਂ ਬਾਰੇ ਦੱਸਿਆ ਗਿਆ ਹੈ ਕਿ ਮਹਿਮਾ ਪ੍ਰਕਾਸ਼ ਦੇ ਸੰਪਾਦਨ ਲਈ ਕਿਹੜੇ-ਕਿਹੜੇ ਹੱਥ-ਲਿਖਤ ਖਰੜਿਆਂ ਨੂੰ ਕਿਸ ਢੰਗ ਨਾਲ ਆਧਾਰ ਬਣਾਇਆ ਗਿਆ ਹੈ ਅਤੇ ਮਹਿਮਾ ਪ੍ਰਕਾਸ਼ ’ਤੇ ਹੁਣ ਤੱਕ ਕੀ-ਕੀ ਕੰਮ ਹੋ ਚੁੱਕਾ ਹੈ, ਉਸ ਬਾਰੇ ਇਸ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ।

ਅੰਤ ਵਿਚ ਮਹਿਮਾ ਪ੍ਰਕਾਸ਼ ਦਾ ਸੰਪਾਦਿਤ ਕੀਤਾ ਹੋਇਆ ਮੂਲ-ਪਾਠ ਦਿੱਤਾ ਹੈ ਜੋ ਬਾਕੀ ਹੱਥ-ਲਿਖਤ ਖਰੜਿਆਂ ਅਤੇ ਮਹਿਮਾ ਪ੍ਰਕਾਸ਼ (ਪ੍ਰਕਾਸ਼ਿਤ) ਸੰਸਕਰਣਾਂ ਨਾਲ ਮੇਲ ਕੇ ਪਾਠ-ਭੇਦਾਂ ਨੂੰ ਫੁੱਟ-ਨੋਟਾਂ ਅਤੇ ਅੰਤਿਕਾਵਾਂ ਵਿਚ ਦਿੱਤਾ ਗਿਆ ਹੈ।

ਹੱਥਲੇ ਖੋਜ-ਕਾਰਜ ਵਾਸਤੇ ਖੋਜ ਸਮੱਗਰੀ ਇਕਤਰ ਕਰਨ ਵਾਸਤੇ ਮੈਂ ਹੇਠ ਦਿੱਤੇ ਸਥਾਨਾਂ ਗਿਆ ਹਾਂ-

ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਡਾ. ਗੰਡਾ ਸਿੰਘ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੁਰਾਲੇਖ ਵਿਭਾਗ, ਪੰਜਾਬ, ਪਟਿਆਲਾ।

ਭਾਸ਼ਾ ਵਿਭਾਗ ਰੈਫ਼ਰੈਂਸ ਲਾਇਬ੍ਰੇਰੀ, ਪੰਜਾਬ, ਪਟਿਆਲਾ।

ਏ. ਸੀ. ਜੋਸ਼ੀ ਲਾਇਬ੍ਰੇਰੀ, ਪੰਜਾਬ ਯੂਨੀਵਰਸਿਟੀ, ਚੰਡੀਗੜ।

ਦੁਵਾਰਕਾ ਦਾਸ ਲਾਇਬ੍ਰੇਰੀ, ਸੈਕਟਰ-15, ਚੰਡੀਗੜ੍ਹ।

ਟਕਸਾਲ ਬਾਬਾ ਬਿਧੀ ਚੰਦ (ਸੁਰ ਸਿੰਘ), ਤਰਨ ਤਾਰਨ।

ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ, ਤਰਨ ਤਾਰਨ।

ਬਾਬਾ ਸ਼੍ਰੀ ਚੰਦ ਗੁਰਮਤਿ ਸੰਗੀਤ ਵਿਦਿਆਲਾ ਦੀ ਲਾਇਬ੍ਰੇਰੀ, ਤਰਨ ਤਾਰਨ, ਆਦਿ।

ਹੱਥਲੇ ਕਾਰਜ ਦੀ ਵਿਸ਼ੇਸ਼ਤਾ ਇਹ ਹੈ ਕਿ ਮਹਿਮਾ ਪ੍ਰਕਾਸ਼ ਦੇ ਪਹਿਲੇ ਸੰਪਾਦਕਾਂ ਨੇ ਮਹਿਮਾ ਪ੍ਰਕਾਸ਼ ਦੇ ਸੰਪਾਦਨ ਲਈ ਭਾਸ਼ਾ ਵਿਭਾਗ ਵਾਲੇ ਖਰੜੇ ਨੂੰ ਆਧਾਰ ਬਣਾਇਆ ਹੈ ਪਰ ਉਨ੍ਹਾਂ ਵੱਲੋਂ ਕਾਫ਼ੀ ਪਾਠ (ਲਗਭਗ 20 ਪੰਨੇ) ਛੱਡਿਆ ਗਿਆ ਹੈ ਜੋ ਭਾਸ਼ਾ ਵਿਭਾਗ ਵਾਲੇ ਖਰੜੇ, ਆਰਕਾਈਵਜ਼ ਵਾਲੇ ਖਰੜੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਲੇ ਖਰੜੇ ਵਿਚ ਵੀ ਮੌਜੂਦ ਹੈ ਪਰ ਦੋਨ੍ਹਾਂ ਸੰਪਾਦਨਾਵਾਂ ਵਿਚ ਇਹ ਕਮੀ ਹੈ। ਪੂਰਬਲੇ ਸੰਪਾਦਨ ਕਰਤਿਆਂ ਨੇ ਮਹਿਮਾ ਪ੍ਰਕਾਸ਼ ਭਾਗ ਪਹਿਲਾ ਵਿਚ ਦੂਜੇ ਖਰੜੇ ਤੋਂ ਲਏ ਪਾਠ ਦਾ ਹਵਾਲੇ ਅਤੇ ਟਿੱਪਣੀਆਂ ਵਿਚ ਕੋਈ ਜ਼ਿਕਰ ਨਹੀਂ ਕੀਤਾ। ਇਸ ਤੋਂ ਇਲਾਵਾ ਦੋਹਾਂ ਸੰਪਾਦਨਾਵਾਂ ਵਿਚ ਬਹੁਤ ਸਾਰੇ ਸ਼ਬਦ-ਭੇਦ ਹਨ ਅਤੇ ਕਈ ਥਾਈਂ ਕੁੱਝ ਪੰਕਤੀਆਂ ਹੀ ਨਹੀਂ ਦਿੱਤੀਆ। ਪ੍ਰਸਤੁਤ ਖੋਜ-ਪ੍ਰਬੰਧ ਵਿਚ ਉਨ੍ਹਾਂ ਕਮੀਆਂ ਨੂੰ ਦੂਰ ਕਰਨ ਦਾ ਤੁਛ ਉਪਰਾਲਾ ਕੀਤਾ ਗਿਆ ਹੈ ਅਤੇ ਇਸ ਕਾਰਜ ਲਈ ਇਤਿਹਾਸਿਕ ਪਹੁੰਚ-ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਸ ਖੋਜ-ਕਾਰਜ ਵਿਚ ਸਾਹਿੱਤਕ ਪਹੁੰਚ-ਵਿਧੀ ਦਾ ਵੀ ਸਹਾਰਾ ਲਿਆ ਗਿਆ ਹੈ ਕਿਉਂਕਿ ਸਾਖੀਆਂ ਵੀ ਸਾਹਿੱਤ ਦਾ ਅੰਗ ਹਨ। ਆਸ ਹੈ ਕਿ ਹੱਥਲਾ ਖੋਜ-ਪ੍ਰਬੰਧ ਧਰਮ, ਦਰਸ਼ਨ ਅਤੇ ਇਤਿਹਾਸ, ਆਦਿ ਦੇ ਖੋਜਾਰਥੀਆਂ ਅਤੇ ਵਿਦਵਾਨਾਂ ਲਈ ਲਾਭਦਾਇਕ ਸਿੱਧ ਹੋਵੇਗਾ।

ਮਹਿਮਾ ਪ੍ਰਕਾਸ਼: ਪਿਠ-ਭੂਮੀ

ਮਹਿਮਾ ਪ੍ਰਕਾਸ਼ ਅਠਾਰਵੀਂ ਸਦੀ ਦੇ ਸਰੂਪ ਦਾਸ ਭੱਲਾ ਰਚਿਤ ਇਕ ਮਹੱਤਵਪੂਰਨ ਰਚਨਾ ਹੈ। ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਤੋਂ ਬਾਅਦ ਇਹ ਉਹ ਰਚਨਾ ਹੈ, ਜਿਸ ਵਿਚ ਦਸ ਗੁਰੂ ਸਾਹਿਬਾਨ ਦੀ ਕਵਿਤਾ (ਕਾਵਿ-ਰੂਪ) ਵਿਚ ਜੀਵਨ ਕਥਾ ਮਿਲਦੀ ਹੈ। ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਹੋਣ ਕਰਕੇ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਸਮੇਂ ਤੋਂ ਵਿਚਾਰਨਾ ਪਵੇਗਾ।

ਗੁਰੂ ਨਾਨਕ ਦੇਵ (1469-1539 ਈ.) ਜੀ ਦਾ ਸਮਾਂ ਪੰਜਾਬ ਦੇ ਇਤਿਹਾਸ ਦਾ ਉਹ ਮਹੱਤਵਪੂਰਨ ਸਮਾਂ ਹੈ, ਜਿਸ ਨੇ ਮਹੱਤਵਪੂਰਨ ਤਬਦੀਲੀ ਲਿਆਂਦੀ। ਗੁਰੂ ਸਾਹਿਬ ਨੇ ਇਕ ਪਰਮਾਤਮਾ ਦੇ ਸੰਕਲਪ, ਸਮਾਜਿਕ ਅਤੇ ਅਧਿਆਤਮਕ ਜੀਵਨ ਗੁਜਾਰਨ, ਜਾਤ-ਪਾਤ ਨੂੰ ਨਿਕਾਰਨ, ਕਰਮਕਾਂਡ ਤੇ ਰਸਮੋਂ-ਰਿਵਾਜ ਦੀ ਨਿਰਾਰਥਿਕਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਿੱਖ ਧਰਮ ਦੇ ਸੰਗਠਨ ਲਈ ਸੰਗਤ, ਲੰਗਰ ਅਤੇ ਧਰਮਸਾਲ, ਆਦਿ ਸੰਸਥਾਵਾਂ ਦੀ ਨੀਂਹ ਰੱਖੀ। ਉਨ੍ਹਾਂ ਨੇ ਆਪਣੇ ਪੁੱਤਰਾਂ ਦੀ ਥਾਂ ਯੋਗ ਵਿਅਕਤੀ ਨੂੰ ਆਪਣਾ ਉੱਤਰਾਧਿਕਾਰੀ ਬਣਾਇਆ।

ਗੁਰੂ ਅੰਗਦ ਦੇਵ (1539-1552 ਈ.) ਸਿੱਖ ਕੇਂਦਰ ਨੂੰ ਕਰਤਾਰਪੁਰ ਤੋਂ ਖਡੂਰ ਲੈ ਗਏ। ਉਨ੍ਹਾਂ ਨੇ ਪਹਿਲੇ ਗੁਰੂ ਸਾਹਿਬ ਦੁਆਰਾ ਚਲਾਈ ਲੀਹ ਨੂੰ ਜਾਰੀ ਰੱਖਿਆ। ਗੁਰੂ ਅਮਰਦਾਸ (1552-1574 ਈ.) ਨੇ ਸਿੱਖ ਸੰਗਤ ਦੇ ਸੰਗਠਨ ਵਾਸਤੇ ਮੰਜੀ ਸੰਸਥਾ ਦੀ ਨੀਂਹ ਰੱਖੀ। ਉਨ੍ਹਾਂ ਨੇ ਗੋਇੰਦਵਾਲ ਵਿਚ ਸਿੱਖੀ ਦਾ ਕੇਂਦਰ ਕਾਇਮ ਕੀਤਾ। ਉਨ੍ਹਾਂ ਨੇ ਸਤੀ ਪ੍ਰਥਾ, ਆਦਿ ਦੀਆਂ ਰਸਮਾਂ ਦਾ ਵਿਰੋਧ ਤੇ ਖੰਡਨ ਕੀਤਾ। ਗੁਰੂ ਰਾਮਦਾਸ (1574-1581 ਈ.) ਨੇ ਅੰਮ੍ਰਿਤਸਰ ਵਿਚ ਸਿੱਖੀ ਦਾ ਕੇਂਦਰ ਸਥਾਪਿਤ ਕੀਤਾ। ਉਨ੍ਹਾਂ ਨੇ ਸਰੋਵਰ ਤੇ ਨਗਰ ਬਣਾਏ ਤੇ ਅੰਮ੍ਰਿਤਸਰ ਸ਼ਹਿਰ ਵਸਾਇਆ। ਗੁਰੂ ਅਰਜਨ ਦੇਵ (1581-1606 ਈ.) ਨੇ ਸਿੱਖ ਸੰਗਤਾਂ ਦੇ ਸੰਗਠਨ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਮਸੰਦ ਸੰਸਥਾ ਅਤੇ ਦਸਵੰਧ ਪ੍ਰਥਾ ਕਾਇਮ ਕੀਤੀ। ਉਨ੍ਹਾਂ ਦੀ ਵੱਡੀ ਦੇਣ ‘ਗੁਰੂ ਗ੍ਰੰਥ ਸਾਹਿਬ’ ਦੀ ਸੰਪਾਦਨਾ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਮਾਝੇ ਤੇ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਹੋਰ ਸਿੱਖ ਕੇਂਦਰ ਸਥਾਪਿਤ ਕੀਤੇ। ਉਨ੍ਹਾਂ ਦੇ ਸੰਬੰਧ ਤੱਤਕਾਲੀ ਮੁਗ਼ਲ ਸਰਕਾਰ ਨਾਲ ਚੰਗੇ ਸਨ। ਇੱਥੋਂ ਤੱਕ ਕਿ ਉਨ੍ਹਾਂ ਦੇ ਪੰਜਾਬ ਦੀ ਖ਼ਰਾਬ ਹਾਲਤ ਕਾਰਨ ਬਾਦਸ਼ਾਹ ਤੋਂ ਇਲਾਕੇ ਦੇ ਮਾਲੀਏ ਦੀ ਛੋਟ ਵੀ ਦਿਵਾਈ ਸੀ।[1]

ਬਾਦਸ਼ਾਹ ਜ਼ਹਾਂਗੀਰ (1605-1627 ਈ.) ਸਮੇਂ ਮੁਗ਼ਲ ਸਰਕਾਰ ਦੀ ਧਾਰਮਿਕ ਨੀਤੀ ਵਿਚ ਤਬਦੀਲੀ ਆ ਗਈ। ਬਾਦਸ਼ਾਹ ਸਰਹਿੰਦ ਦੀ ਕੱਟੜ ਮੁਸਲਿਮ ਨਕਸ਼ਬੰਦੀ ਸੰਪਰਦਾਇ ਦੇ ਪ੍ਰਭਾਵ ਹੇਠ ਸੀ। ਪ੍ਰਚਾਰ ਖੇਤਰ ਦੇ ਇਕ ਹੋਣ ਕਰਕੇ ਸੰਪਰਦਾਇ ਦਾ ਆਗੂ ਸ਼ੇਖ਼ ਅਹਿਮਦ ਗੁਰੂ ਅਰਜਨ ਦੇਵ ਦਾ ਵਿਰੋਧੀ ਹੋ ਗਿਆ। ਸ਼ਹਿਜ਼ਾਦਾ ਖ਼ੁਸਰੋ ਦੀ ਬਗ਼ਾਵਤ ਵਿਚ ਗੁਰੂ ਅਰਜਨ ਦੇਵ ਨੂੰ ਸ਼ਾਮਲ ਸਮਝ ਲਿਆ ਗਿਆ ਅਤੇ ਸਿੱਟੇ ਵਜੋਂ ਉਨ੍ਹਾਂ ਦੀ ਸ਼ਹੀਦੀ ਹੋ ਗਈ। ਇਸ ਸ਼ਹੀਦੀ ਦੇ ਕਾਰਨ ਮੁਗ਼ਲ ਸਰਕਾਰ ਦੀ ਕੱਟੜ ਨੀਤੀ, ਨਕਸ਼ਬੰਦੀ ਸੰਪਰਦਾਇ ਵੱਲੋਂ ਸਿੱਖ ਪੰਥ ਦਾ ਵਿਰੋਧ ਅਤੇ ਸਿੱਖ ਪੰਥ ਦੇ ਵਿਕਾਸ ਦਾ ਹੋਣਾ ਹਕੂਮਤ

[1] ਸੁਜਾਨ ਰਾਏ ਭੰਡਾਰੀ, ਖ਼ੁਲਾਸਤੁਤ ਤਵਾਰੀਖ਼, ਪੰਨਾ 436.

ਨੂੰ ਨਾ-ਪਸੰਦ ਹੋਣਾ ਵੀ ਸੀ।[2] ਇਸ ਘਟਨਾ ਨੇ ਸਿੱਖ ਅਤੇ ਮੁਗ਼ਲ ਸਰਕਾਰ ਦੇ ਸੰਬੰਧਾਂ ਨੂੰ ਨਿਸ਼ਚਿਤ ਮੋੜ ਦਿੱਤਾ।

ਗੁਰੂ ਹਰਿਗੋਬਿੰਦ (1606-1644 ਈ.) ਨੇ ਸਿੱਖ ਪੰਥ ਨੂੰ ਸਵੈ-ਰੱਖਿਆ ਵਾਸਤੇ ਤਿਆਰ ਕੀਤਾ। ਇਸ ਕੰਮ ਵਾਸਤੇ ਅਕਾਲ ਤਖ਼ਤ ਸੰਸਥਾ ਦੀ ਨੀਂਹ ਰੱਖੀ ਗਈ। ਉਨ੍ਹਾਂ ਨੇ ਸ਼ਾਹ ਜ਼ਹਾਨ (1627-1658 ਈ.) ਦੇ ਸਮੇਂ ਮੁਗ਼ਲ ਸਰਕਾਰ ਨਾਲ ਲੜਾਈਆਂ ਵੀ ਕੀਤੀਆਂ। ਅਖ਼ੀਰ ਵਿਚ ਕੀਰਤਪੁਰ ਵਿਚ ਆਪਣਾ ਤੀਰਥ ਕਾਇਮ ਕਰ ਲਿਆ। ਗੁਰੂ ਹਰਿ ਰਾਇ (1644-1661 ਈ.) ਨੇ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਉਨ੍ਹਾਂ ਦੇ ਕੁਝ ਸਿੱਖਾਂ ਤੇ ਕੁੱਝ ਉਦਾਸੀ ਸਾਧੂਆਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਲਈ ਨਿਯੁਕਤ ਕੀਤਾ। 1658 ਈ. ਵਿਚ ਦਾਰਾ ਸ਼ਿਕੋਹ ਦਾ ਪੱਖ ਲੈਣ ਕਰਕੇ ਇਨ੍ਹਾਂ ਦੇ ਔਰੰਗਜ਼ੇਬ ਸਰਕਾਰ ਨਾਲ ਸੰਬੰਧ ਤਲਖ਼ ਹੋ ਗਏ।[3] ਇਨ੍ਹਾਂ ਦਾ ਵੱਡਾ ਪੁੱਤਰ ਰਾਮ ਰਾਇ ਮੁਗ਼ਲ ਸਰਕਾਰ ਨਾਲ ਮਿਲ ਗਿਆ ਅਤੇ ਉਸਨੂੰ ਡੇਰਾਦੂਨ ਵਿਚ ਜਗੀਰ ਮਿਲ ਗਈ। ਗੁਰੂ ਹਰਿਕ੍ਰਿਸ਼ਨ (1661-1664 ਈ.) ਨੂੰ ਦਿੱਲੀ ਬੁਲਾਇਆ ਗਿਆ ਜਿੱਥੇ ਉਹ ਜੋਤੀ-ਜੋਤ ਸਮਾਂ ਗਏ। ਗੁਰੂ ਤੇਗ ਬਹਾਦਰ (1664-1675 ਈ.) ਨੇ ਬਿਹਾਰ, ਬੰਗਾਲ ਤੇ ਅਸਾਮ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਉੱਥੇ ਸਿੱਖ ਸੰਗਤਾਂ ਦਾ ਸੰਗਠਨ ਕਾਇਮ ਕੀਤਾ। ਇਨ੍ਹਾਂ ਦੀ 1665 ਈ. ਵਿਚ ਮੁਗ਼ਲ ਸਰਕਾਰ ਵੱਲੋਂ ਗ੍ਰਿਫ਼ਤਾਰੀ ਹੋਈ ਪਰ ਰਾਜਾ ਰਾਮ ਸਿੰਘ ਦੀ ਜ਼ਮਾਨਤ ਉੱਤੇ ਰਿਹਾ ਹੋ ਕੇ ਪੂਰਬ ਦੀ ਯਾਤਰਾ ਉੱਤੇ ਚਲੇ ਗਏ। ਵਾਪਸੀ ਉੱਪਰ ਫਿਰ 1607 ਈ. ਵਿਚ ਨਜ਼ਰਬੰਦ ਹੋਏ।[4] ਇਸ ਤੋਂ ਬਾਅਦ ਇਨ੍ਹਾਂ ਨੇ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਇਸ ਕਰਕੇ ਗੁਰੂ ਤੇਗ ਬਹਾਦਰ ਦੀ ਤੀਜੀ ਗ੍ਰਿਫ਼ਤਾਰੀ ਹੋਈ ਅਤੇ ਉਨ੍ਹਾਂ ਨੂੰ 1675 ਈ. ਵਿਚ ਸ਼ਹੀਦ ਕਰ ਦਿੱਤਾ ਗਿਆ।[5]

ਗੁਰੂ ਤੇਗ ਬਹਾਦਰ ਜੀ ਸ਼ਹੀਦੀ ਨੇ ਸਿੱਖ ਪੰਥ ਦੇ ਵਿਕਾਸ 'ਤੇ ਸਿੱਖ ਅਤੇ ਮੁਗ਼ਲ ਸਰਕਾਰ ਸੰਬੰਧਾਂ ਉੱਪਰ ਕਾਫ਼ੀ ਪ੍ਰਭਾਵ ਪਾਇਆ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਸਿੱਖਾਂ ਵਿਚ ਨਵੀਂ ਰੂਹ ਫੂਕ ਦਿੱਤੀ। ਗੁਰੂ ਜੀ ਦੀ ਸ਼ਹੀਦੀ ਤੋਂ ਪਹਿਲਾਂ ਸਿੱਖ ਗੁਰੂ ਆਮ ਕਰਕੇ ਸ਼ਾਂਤੀ ਦੇ ਅਸੂਲਾਂ ਉੱਤੇ ਕੰਮ ਕਰਦੇ ਰਹੇ ਪਰ ਇਨ੍ਹਾਂ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਨੇ ਸਿੱਖ ਕੌਮ ਨੂੰ ਨਵੀਂ ਸੇਧ ਦਿੱਤੀ ਅਤੇ ਸਿੱਖਾਂ ਨੂੰ ਜਥੇਬੰਦ ਕਰਕੇ ਉਨ੍ਹਾਂ ਨੂੰ ਸਵੈ-ਰੱਖਿਆ ਲਈ ਤਿਆਰ ਕੀਤਾ। ਗੁਰੂ ਗੋਬਿੰਦ ਸਿੰਘ (1675-1708 ਈ.) ਨੇ ਮੁਗ਼ਲ ਸਰਕਾਰ ਨਾਲ ਟੱਕਰ ਲੈਣ ਦੀ ਤਿਆਰੀ ਕੀਤੀ ਪਰ ਉਹ ਕਾਂਗੜਾ ਅਤੇ ਜੰਮੂ ਸਰਕਲ ਦੀਆਂ ਪਹਾੜੀ ਰਿਆਸਤਾਂ ਨੂੰ ਆਪਣੇ ਨਾਲ ਰਲਾ ਨਾ ਸਕੇ। ਸਗੋਂ ਉਨ੍ਹਾਂ ਦੀ ਪਹਿਲੀ ਲੜਾਈ ਭੰਗਾਣੀ ਵਿਚ (1688 ਈ.) ਪਹਾੜੀ ਰਿਆਸਤਾਂ ਵਿਰੁੱਧ ਹੋਈ।[6] 1699 ਈ. ਵਿਚ ਉਨ੍ਹਾਂ ਨੇ ਮਸੰਦ ਸੰਸਥਾ ਖ਼ਤਮ ਕਰਕੇ ਸਿੱਖ ਸੰਗਤਾਂ ਨੂੰ ਸਿੱਧਾ ਆਪਣੇ ਨਾਲ ਜੋੜ ਲਿਆ। ਉਨ੍ਹਾਂ ਸਿੱਖਾਂ ਨੂੰ ਵਿਲੱਖਣ ਰਹਿਤ ਮਰਿਯਾਦਾ ਧਾਰਨ ਕਰਵਾਈ ਅਤੇ ਸ਼ਸਤਰਧਾਰੀ ਹੋਣ ਵਾਸਤੇ ਹੁਕਮ ਕੀਤਾ। ਉਨ੍ਹਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਸਿੱਖ

---

[2] See Ganda Singh, *Martyrdom Of Guru Arjan, Panjab : The Past And Present, Vol 23,* p. 160-177.

[3] ਸੁਜਾਨ ਰਾਏ ਭੰਡਾਰੀ, ਖ਼ੁਲਾਸਤੁਤ ਤਵਾਰੀਖ਼, ਪੰਨਾ 527, ਮਹਿਮਾ ਪ੍ਰਕਾਸ਼ (ਭਾਗ 2), ਪੰਨੇ 598,603.

[4] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 2.

[5] See Ganda Singh, *Martyrdom Of Guru Teg Bahadur, The Panjab : Past And Present, Vol 2,* p. 201-212.

[6] ਗੰਡਾ ਸਿੰਘ (ਸੰਪਾ.), ਸ੍ਰੀ ਗੁਰ ਸੋਭਾ, ਪੰਨੇ 7-13.

ਪੰਥ ਨੂੰ ਨਵੀਂ ਅਗਵਾਈ ਦਿੱਤੀ ਜੋ ਗੁਰੂ ਜੀ ਨੂੰ ਹਰੇਕ ਮਸਲੇ ਵਿਚ ਸਲਾਹ ਦਿੰਦੀ ਸੀ। ਗੁਰੂ ਗੋਬਿੰਦ ਸਿੰਘ ਨੇ 1699 ਈ. ਨੂੰ ਖ਼ਾਲਸਾ ਪੰਥ ਦੀ ਸਥਾਪਨਾ ਦੁਆਰਾ ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨ ਦੇ ਕਾਜ ਨੂੰ ਸੰਪੂਰਨ ਕੀਤਾ ਅਤੇ ਸਿੱਖ ਧਰਮ ਨੂੰ ਨਿਸ਼ਚਿਤ ਅਤੇ ਅੰਤਮ ਰੂਪ ਦਿੱਤਾ। ਡਾ. ਹਰੀ ਰਾਮ ਗੁਪਤਾ ਲਿਖਦੇ ਹਨ ਕਿ "ਖ਼ਾਲਸੇ ਦੀ ਸਥਾਪਨਾ ਦੇਸ਼ ਦੇ ਧਾਰਮਿਕ ਅਤੇ ਰਾਜਨੀਤਿਕ ਇਤਿਹਾਸ ਵਿਚ ਯੁਗ ਪਲਟਾਊ ਘਟਨਾ ਸੀ।"[7]

ਡਾ. ਨਾਰੰਗ ਨੇ ਲਿਖਿਆ ਹੈ, "ਗੁਰੂ ਗੋਬਿੰਦ ਸਿੰਘ ਨੇ ਅਜਿਹਾ ਭਾਈਚਾਰਾ ਸਾਜਿਆ ਜਿਸ ਵਿਚ ਉੱਚੇ ਤੇ ਨੀਵੇਂ ਸਮਾਨ ਸਨ। ਉਨ੍ਹਾਂ ਨੇ ਚੌਹਾਂ ਜਾਤਾਂ ਨੂੰ ਕੇਵਲ ਇਕ ਕਰਨ ਦਾ ਹੀ ਜਤਨ ਨਹੀਂ ਕੀਤਾ ਸਗੋਂ ਉਹ ਇਕ ਕਦਮ ਹੋਰ ਅੱਗੇ ਵਧੇ ਅਤੇ ਇਕ ਦਮ ਉਨ੍ਹਾਂ ਨੇ ਧਾਰਮਿਕ ਨਾ ਬਰਾਬਰੀ ਨੂੰ ਸਮਾਪਤ ਕਰਕੇ ਇਕ ਧਰਮ ਤੰਤਰਿਕ ਲੋਕ ਰਾਜ ਦੀ ਸਥਾਪਨਾ ਕੀਤੀ।"[8]

ਕਨਿੰਘਮ ਦੇ ਕਥਨ ਅਨੁਸਾਰ "ਗੁਰੂ ਗੋਬਿੰਦ ਸਿੰਘ ਨੇ ਪਰਾਜਿਤ ਲੋਕਾਂ ਦੀ ਸੁੱਤੀ ਹੋਈ ਸ਼ਕਤੀ ਨੂੰ ਸਫਲਤਾ ਪੂਰਵਕ ਜਗਾ ਦਿੱਤਾ ਅਤੇ ਉਨ੍ਹਾਂ ਵਿਚ ਸਮਾਜਿਕ ਸੁਤੰਤਰਤਾ ਅਤੇ ਕੌਮੀ ਪ੍ਰਭੂਤਵ ਸਥਾਪਿਤ ਕਰਨ ਦੀ ਇੱਛਾ ਪੈਦਾ ਕਰ ਦਿੱਤੀ।"[9]

ਡਾ. ਮੈਕਲੋਡ ਅਨੁਸਾਰ "ਖ਼ਾਲਸਾ ਅਜਿਹਾ ਸੰਘ, ਭਾਈਚਾਰਾ, ਸੰਗਠਨ ਜਾਂ ਸਮਾਜ ਕਿਹਾ ਜਾ ਸਕਦਾ ਹੈ ਜਿਸਦੀ ਨੀਂਹ ਧਾਰਮਿਕ ਅਤੇ ਅਨੁਸ਼ਾਸਕ ਸੈਨਿਕ ਸੀ।"[10]

ਖ਼ਾਲਸਾ ਪੰਥ ਦੀ ਸਥਾਪਨਾ ਦਾ ਤੱਤਕਾਲੀ ਸਿੱਟਾ ਇਹ ਨਿਕਲਿਆ ਕਿ ਗੁਰੂ ਸਾਹਿਬ ਨੂੰ ਆਪਣੀ ਇੱਛਾ ਦੇ ਵਿਰੁੱਧ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਵਿਰੁੱਧ ਯੁੱਧ ਲੜਨੇ ਪਏ। 1701-1705 ਈ. ਤੱਕ ਗੁਰੂ ਜੀ ਦੀਆਂ ਮੁਗ਼ਲ ਸਰਕਾਰ ਨਾਲ ਅਨੰਦਪੁਰ, ਚਮਕੌਰ ਅਤੇ ਮੁਕਤਸਰ ਵਿਚ ਲੜਾਈਆਂ ਹੋਈਆਂ।[11] ਗੁਰੂ ਜੀ ਨੇ ਬਾਦਸ਼ਾਹ ਨੂੰ ਜ਼ਫ਼ਰਨਾਮਾ ਰੂਪ ਵਿਚ ਚਿੱਠੀ ਭੇਜੀ, ਜਿਸ ਵਿਚ ਉਨ੍ਹਾਂ ਨੇ ਆਪਣਾ ਮੰਤਵ ਤੇ ਹੋਈਆਂ ਲੜਾਈਆਂ ਦੇ ਵੇਰਵੇ ਦਿੱਤੇ।[12] ਪਰ ਔਰੰਗਜ਼ੇਬ ਦੇ ਜਿਉਂਦਿਆਂ ਉਸ ਦੀ ਗੁਰੂ ਜੀ ਨਾਲ ਮੁਲਾਕਾਤ ਨਾ ਹੋ ਸਕੀ। ਇਹ ਮੁਲਾਕਾਤ ਬਾਦਸ਼ਾਹ ਬਹਾਦਰ ਸ਼ਾਹ (1707-1712 ਈ.) ਨਾਲ ਸੰਭਵ ਹੋਈ। ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਆਗਰੇ ਆਉਣ ਦਾ ਸੱਦਾ ਦਿੱਤਾ। 23 ਜੁਲਾਈ, 1707 ਈ. ਨੂੰ ਗੁਰੂ ਗੋਬਿੰਦ ਸਿੰਘ ਦੀ ਬਾਦਸ਼ਾਹ ਨਾਲ ਮੁਲਾਕਾਤ ਹੋਈ। ਸ਼ਾਹੀ ਦਸਤੂਰ ਅਨੁਸਾਰ ਕਿਸੇ ਨੂੰ ਹਥਿਆਰ ਬੰਨ੍ਹ ਕੇ ਬਾਦਸ਼ਾਹ ਦੇ ਹਜ਼ੂਰ ਜਾਣ ਦੀ ਆਗਿਆ ਨਹੀਂ ਸੀ ਹੁੰਦੀ, ਪਰ ਬਾਦਸ਼ਾਹ ਨੇ ਗੁਰੂ ਜੀ ਨੂੰ ਇਕ ਖੁੱਲ੍ਹ ਦਿੱਤੀ ਅਤੇ ਭੇਟਾ ਵਜੋਂ ਸੱਠ ਹਜ਼ਾਰ ਰੁਪਏ ਦੀ ਜੜਾਊ ਧੁਖਧੁਖੀ, ਕਲਗੀ ਅਤੇ ਸਿਰੋਪਾਉ ਦਿੱਤਾ।[13] ਨੰਦੇੜ ਵਿਚ ਇਕ ਪਠਾਣ ਜਮਸ਼ੈਦ ਖ਼ਾਂ ਨੇ ਗੁਰੂ ਜੀ ਨੂੰ ਜ਼ਖ਼ਮੀ ਕਰ ਦਿੱਤਾ। ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਆਪਣਾ ਰਾਜਸੀ ਉੱਤਰਾਧਿਕਾਰੀ ਨਿਯੁਕਤ ਕੀਤਾ ਅਤੇ ਆਪ 18 ਅਕਤੂਬਰ 1708 ਈ. ਨੂੰ ਜੋਤੀ-ਜੋਤ ਸਮਾ ਗਏ।

---

[7] Hari Ram Gupta, *History of the Sikh Gurus,* p. 193.
[8] G.C. Narang, *Transformation of Sikhism,* p. 80.
[9] ਜੋਸਫ ਡੇਵਿਡ ਕਨਿੰਘਮ, ਸਿੱਖ ਇਤਿਹਾਸ, ਪੰਨਾ 25.
[10] W.H. Mcleod, *The Evolution of the Sikh Community,* p. 4.
[11] ਗੰਡਾ ਸਿੰਘ (ਸੰਪਾ.), ਉਪਰੋਕਤ ਰਚਨਾ, ਅਧਿਆਇ 8-13.
[12] ਉਹੀ, ਅਧਿਆਇ 13, ਛੰਦ 557.
[13] ਗੰਡਾ ਸਿੰਘ, ਬੰਦਾ ਸਿੰਘ ਬਹਾਦੁਰ, ਪੰਨਾ 16.

ਬੰਦਾ ਸਿੰਘ ਬਹਾਦਰ ਨੇ ਮੁਗ਼ਲ ਅੱਤਿਆਚਾਰਾਂ ਦਾ ਬੜੀ ਹਿੰਮਤ ਅਤੇ ਦ੍ਰਿੜਤਾ ਨਾਲ ਟਾਕਰਾ ਕੀਤਾ। ਉਸਦੀ ਸੁਚੱਜੀ ਅਗਵਾਈ ਵਿਚ ਸਿੱਖਾਂ ਨੇ ਪੰਜਾਬ ਵਿਚੋਂ ਜ਼ੁਲਮ ਭਰੇ ਮੁਗ਼ਲ ਸਾਮਰਾਜ ਦਾ ਖ਼ਾਤਮਾ ਕਰਨ ਵਿਚ ਯੋਗਦਾਨ ਪਾਇਆ। ਡਾ. ਗੰਡਾ ਸਿੰਘ ਦੇ ਵਿਚਾਰ ਅਨੁਸਾਰ "ਉਹ ਪਹਿਲਾ ਵਿਅਕਤੀ ਸੀ ਜਿਸਨ ਪੰਜਾਬ ਦੇ ਅਸਹਿਣਸ਼ੀਲ ਸ਼ਾਸਨ ਉੱਤੇ ਕਰਾਰੀ ਸੱਟ ਮਾਰੀ। 1710 ਈ. ਵਿਚ ਬੰਦਾ ਬਹਾਦਰ ਨੇ ਸਿੱਖ ਸਾਮਰਾਜ ਦੀ ਨੀਂਹ ਰੱਖੀਂ।"[14]

1709 ਈ. ਵਿਚ ਅੰਮ੍ਰਿਤਸਰ ਵਿਚ ਸਿੱਖਾਂ ਤੇ ਸੂਬਾ ਲਾਹੌਰ ਅਸਲਮ ਖ਼ਾਂ ਵਿਚਕਾਰ ਦੋ ਟੱਕਰਾਂ ਹੋਈਆਂ। ਇਨ੍ਹਾਂ ਦਾ ਕਾਰਨ ਅੰਮ੍ਰਿਤਸਰ ਦੇ ਮਹਾਜਨ ਚੂਹੜ ਮੱਲ (ਜੋ ਸੋਢੀ ਨਿਰੰਜਣ ਰਾਇ ਮੀਣੇ ਦਾ ਸੇਵਕ ਸੀ) ਦੇ ਪੁੱਤਰ ਰਾਮੂ ਮੱਲ ਤੇ ਸਿੱਖਾਂ ਵਿਚਕਾਰ ਇਕ ਝਗੜਾ ਸੀ। ਸਿੱਟੇ ਵਜੋਂ 9 ਤੇ 15 ਵੈਸਾਖ, 1766 ਬਿਕ੍ਰਮੀ (1709 ਈ.) ਨੂੰ ਲੜਾਈਆਂ ਹੋਈਆਂ, ਜਿਨ੍ਹਾਂ ਵਿਚ ਮੁਗ਼ਲ ਸਰਕਾਰ ਨੂੰ ਹਾਰ ਮਿਲੀ।[15]

ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਆ ਕੇ ਪਹਿਲਾਂ ਨਵੰਬਰ 1709 ਈ. ਵਿਚ ਸਮਾਣਾ ਜਿੱਤਿਆ ਅਤੇ ਫਿਰ ਛੋਟੀਆਂ-ਮੋਟੀਆਂ ਜਿੱਤਾਂ ਤੋਂ ਬਾਅਦ ਸਢੌਰੇ ਉੱਪਰ ਕਬਜ਼ਾ ਕੀਤਾ। ਮਈ, 1710 ਈ. ਵਿਚ ਸਰਹਿੰਦ ਨੂੰ ਜਿੱਤ ਕੇ ਫ਼ੌਜਦਾਰ ਵਜ਼ੀਰ ਖ਼ਾਂ ਨੂੰ ਮਾਰ ਦਿੱਤਾ।[16] ਬਹਾਦਰ ਸ਼ਾਹ ਨੂੰ ਬੰਦੇ ਬਾਰੇ ਖ਼ਬਰਾਂ ਪਹੁੰਚੀਆਂ ਅਤੇ ਉਸ ਨੇ ਪੰਜਾਬ ਦਾ ਰੁਖ਼ ਕੀਤਾ।

ਸਰਹਿੰਦ ਦੀ ਜਿੱਤ ਨੇ ਸਿੱਖਾਂ ਦਾ ਰੋਅਬ ਅਤੇ ਦਬਦਬਾ ਸਾਰੇ ਪੰਜਾਬ ਵਿਚ ਬਿਠਾ ਦਿੱਤਾ। ਛੋਟੇ-ਛੋਟੇ ਜ਼ਿਮੀਦਾਰਾਂ, ਫ਼ੌਜਦਾਰਾਂ, ਚੌਧਰੀਆਂ ਅਤੇ ਨਿਜ਼ਾਮਾਂ ਨੇ ਬੰਦਾ ਬਹਾਦਰ ਦੀ ਈਨ ਮੰਨਣ ਵਿਚ ਹੀ ਨਜ਼ਾਤ ਸਮਝੀ। ਕਈਆਂ ਨੇ ਸਿੱਖ ਧਰਮ ਧਾਰਨ ਕਰ ਲਿਆ, ਜਿਨ੍ਹਾਂ ਵਿਚ ਦੀਨਦਾਰ ਖ਼ਾਨ ਤੇ ਮੀਰ ਨਾਸਰ ਖ਼ਾਨ ਦੇ ਨਾਮ ਵਰਣਨਯੋਗ ਹਨ।[17]

ਬੰਦਾ ਸਿੰਘ ਬਹਾਦਰ ਦੀ ਨਿਰਧਨ ਤੇ ਨੀਵੀਆਂ ਜਾਤਾਂ ਦੇ ਲੋਕਾਂ ਨਾਲ ਖ਼ਾਸ ਤੌਰ 'ਤੇ ਹਮਦਰਦੀ ਸੀ। ਉਸਨੇ ਸਭ ਤੋਂ ਨੀਵੀਂ ਜ਼ਾਤ ਦੇ ਲੋਕਾਂ ਨੂੰ ਸਭ ਤੋਂ ਉੱਚੀਆਂ ਸਰਕਾਰੀ ਨੌਕਰੀਆਂ ਉੱਤੇ ਲਾਇਆ। ਬੰਦਾ ਬਹਾਦਰ ਨੇ ਸਾਧਾਰਨ ਲੋਕਾਂ ਵਿਚ ਅਤਿਆਚਾਰਾਂ ਦਾ ਵਿਰੋਧ ਕਰਨ ਅਤੇ ਸਨਮਾਨ ਨਾਲ ਜਿਉਣ ਦੀ ਇੱਛਾ ਪੈਦਾ ਕੀਤੀ।

ਸ਼ਾਸਨ-ਪ੍ਰਬੰਧਕ ਦੇ ਰੂਪ ਵਿਚ ਬੰਦਾ ਬਹਾਦਰ ਦੀ ਮਹੱਤਵਪੂਰਨ ਸਫ਼ਲਤਾ ਜ਼ਿਮੀਂਦਾਰੀ ਪ੍ਰਥਾ ਦਾ ਅੰਤ ਕਰਨਾ ਸੀ। ਉਸਨੇ ਵਾਹੀਕਾਰਾਂ ਨੂੰ ਜ਼ਾਲਮ ਜ਼ਿਮੀਦਾਰਾਂ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਦਿੱਤਾ ਅਤੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ। ਸਿੱਟੇ ਵਜੋਂ ਵਾਹੀਕਾਰ ਜ਼ਮੀਨਾਂ ਦੇ ਮਾਲਕ ਬਣ ਗਏ।[18]

16 ਅਕਤੂਬਰ, 1710 ਈ. ਨੂੰ ਫੀਰੋਜ਼ ਖਾਂ ਮੇਵਾਤੀ ਨੇ ਸਿੱਖਾਂ ਨੂੰ ਹਰਾਇਆ।[19] 20 ਨਵੰਬਰ ਨੂੰ ਸਿੱਖ ਸਢੌਰਾ ਖ਼ਾਲੀ ਕਰ ਗਏ।[20] ਬਹਾਦਰ ਸ਼ਾਹ ਜਨਵਰੀ, 1712 ਈ. ਨੂੰ ਮਰ ਗਿਆ। ਬੰਦਾ ਸਿੰਘ

---

[14] Ganda Singh, *Banda Singh Bahadur,* p. 256.
[15] ਕਵੀ ਦਰਸ਼ਨ, ਵਾਰ ਸ੍ਰੀ ਅੰਮ੍ਰਿਤਸਰ ਕੀ, ਪੰਨੇ 1-5.
[16] ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨੇ 144-147.
[17] ਗੰਡਾ ਸਿੰਘ, ਬੰਦਾ ਸਿੰਘ ਬਹਾਦੁਰ, ਪੰਨਾ 54.
[18] H.R. Gupta, Op. cit. Vol. II, p. 14.
[19] *Akhbarat-i-Darbar-Mualla, The Punjab Past And Present, No. 36, (Oct. 1984),* p 36.

ਬਹਾਦਰ ਨੇ ਫਿਰ ਆਪਣੀ ਸ਼ਕਤੀ ਵਧਾਉਣੀ ਸ਼ੁਰੂ ਕਰ ਦਿੱਤੀ। ਬਹਾਦਰ ਸ਼ਾਹ ਤੋਂ ਬਾਅਦ ਜਹਾਂਦਾਰ ਸ਼ਾਹ 1713 ਈ. ਤੱਕ ਬਾਦਸ਼ਾਹ ਰਿਹਾ। ਫ਼ਰੁਖ਼ਸ਼ੀਅਰ ਨੇ ਉਸ ਨੂੰ ਮਾਰ ਕੇ ਆਪ ਰਾਜ ਭਾਗ ਸੰਭਾਲਿਆ। 14 ਫ਼ਰਵਰੀ, 1713 ਈ. ਵਿਚ ਅਬਦੁੱਸਮਦ ਖ਼ਾਂ, ਸੂਬਾ ਲਾਹੌਰ ਦਾ ਗਵਰਨਰ ਬਣਾਇਆ ਗਿਆ।[21] ਇਸ ਦੌਰਾਨ ਬੰਦਾ ਸਿੰਘ ਬਹਾਦਰ ਤੇ ਮੁਗ਼ਲ ਸਰਕਾਰ ਦੀ ਕਸ਼ਮਕਸ਼ ਚਲਦੀ ਰਹੀ। 24 ਸਤੰਬਰ, 1713 ਈ. ਨੂੰ ਬਾਦਸ਼ਾਹ ਨੂੰ ਖ਼ਬਰ ਪਹੁੰਚੀ ਕਿ ਅਬਦੁੱਸਮਦ ਖ਼ਾਂ ਨੇ ਸਢੌਰੇ 'ਤੇ ਕਬਜ਼ਾ ਕਰ ਲਿਆ।[22] 14 ਅਪ੍ਰੈਲ, 1715 ਈ. ਨੂੰ ਖ਼ਬਰ ਪਹੁੰਚੀ ਕਿ ਬੰਦਾ ਸਿੰਘ ਬਹਾਦਰ ਨੂੰ ਗੁਰਦਾਸ ਨੰਗਲ ਵਿਚ ਘੇਰਾ ਪਾ ਲਿਆ ਗਿਆ ਹੈ।[23] 12 ਦਸੰਬਰ, 1715 ਈ. ਨੂੰ ਖ਼ਬਰ ਪਹੁੰਚੀ ਕਿ ਮੁਗ਼ਲ ਸਰਕਾਰ ਨੇ ਕਿਲ੍ਹਾ ਜਿੱਤ ਲਿਆ।[24] ਬੰਦਾ ਸਿੰਘ ਬਹਾਦਰ ਨੂੰ ਕੈਦ ਕਰਕੇ ਦਿੱਲੀ ਲਿਆਂਦਾ ਗਿਆ ਅਤੇ 9 ਜੂਨ, 1716 ਈ. ਨੂੰ ਕਤਲ ਕਰ ਦਿੱਤਾ ਗਿਆ। ਇਸ ਬਾਰੇ ਅਗਲੇ ਦਿਨ ਰਿਪੋਰਟ ਭੇਜੀ ਗਈ।[25] ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਨੂੰ ਅੱਗੇ ਤੋਰਿਆ ਤੇ ਪੰਜਾਬ ਵਿਚ ਕੁਝ ਇਲਾਕਿਆਂ 'ਤੇ ਕਬਜ਼ਾ ਕੀਤਾ। ਉਸ ਨੇ ਮੁਗ਼ਲ ਸਰਕਾਰ ਨਾਲ ਟੱਕਰ ਲਈ ਅਤੇ ਅਖ਼ੀਰ ਕੁਰਬਾਨੀ ਦੇ ਦਿੱਤੀ।

ਇਸ ਤੋਂ ਬਾਅਦ ਸਿੱਖ ਤੱਤ ਖ਼ਾਲਸਾ (ਗੁਰੂ ਗੋਬਿੰਦ ਸਿੰਘ ਦੇ ਅਨੁਆਈ) ਤੇ ਬੰਦਈ ਖ਼ਾਲਸਾ (ਬੰਦਾ ਸਿੰਘ ਬਹਾਦਰ ਦੇ ਅਨੁਆਈ) ਵਿਚ ਵੰਡੇ ਗਏ।[26] ਉਨ੍ਹਾਂ ਦੀਆਂ ਸਰਗਰਮੀਆਂ ਘੱਟ ਗਈਆਂ। ਸਿੱਖਾਂ ਦੀ ਅਗਵਾਈ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ (ਗੁਰੂ ਗੋਬਿੰਦ ਸਿੰਘ ਦੀਆਂ ਪਤਨੀਆਂ) ਦੇ ਹੱਥਾਂ ਵਿਚ ਸੀ ਤੇ ਸਿੱਖ ਕੇਂਦਰ ਦਿੱਲੀ ਵਿਚ ਸੀ। 1721 ਈ. ਦੇ ਆਰੰਭ ਵਿਚ ਅਜੀਤ ਸਿੰਘ (ਮਾਤਾ ਸੁੰਦਰੀ ਦੇ ਪਾਲਤ ਪੁੱਤਰ) ਦੇ ਮਾਰੇ ਜਾਣ ਤੋਂ ਬਾਅਦ ਸਿੱਖ ਕੇਂਦਰ ਅੰਮ੍ਰਿਤਸਰ ਵਿਚ ਚਲੇ ਗਿਆ।[27] 1721 ਈ. ਦੀ ਵਿਸਾਖੀ ਨੂੰ ਮਾਤਾ ਸੁੰਦਰੀ ਦੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਨੇ ਬੰਦਈ ਤੇ ਤੱਤ ਖ਼ਾਲਸੇ ਦੇ ਝਗੜੇ ਦਾ ਨਿਪਟਾਰਾ ਕਰਵਾ ਦਿੱਤਾ ਅਤੇ ਬਹੁਤ ਸਾਰੇ ਬੰਦਈ ਤੱਤ ਖ਼ਾਲਸੇ ਵਿਚ ਰਲ ਗਏ।[28] ਸਿੱਖਾਂ ਨੇ ਫਿਰ ਆਪਣੀਆਂ ਸਰਗਰਮੀਆਂ ਤੇਜ ਕਰ ਦਿੱਤੀਆਂ। ਉਨ੍ਹਾਂ ਆਪਣੇ ਨਿੱਕੇ-ਨਿੱਕੇ ਟੋਲੇ ਬਣਾ ਲਏ ਅਤੇ ਮੁਗ਼ਲ ਇਲਾਕਿਆਂ ਵਿਚ ਲੁੱਟਮਾਰ ਕਰਨ ਲੱਗ ਪਏ।[29] ਪੁਨਰ-ਜਾਗ੍ਰਿਤ ਖ਼ਾਲਸਾ ਦਾ ਪਹਿਲਾ ਕੰਮ ਸਰਕਾਰ ਦੀ ਸ਼ਹਿ ਉੱਤੇ ਭਰਾਵਾਂ ਨਾਲ ਗੱਦਾਰੀ ਕਰਨ ਵਾਲਿਆਂ ਨੂੰ ਸਜ਼ਾ ਦੇਣਾ ਸੀ। ਉਨ੍ਹਾਂ ਹਿੰਦੂਆਂ ਅਤੇ ਮੁਸਲਮਾਨ ਕਰਮਚਾਰੀਆਂ ਨੂੰ ਜਿਨ੍ਹਾਂ ਉੱਤੇ ਅੱਤਿਆਚਾਰ ਕੀਤੇ ਸਨ, ਸਖ਼ਤ ਸਜ਼ਾਵਾਂ ਦਿੱਤੀਆਂ।

ਉੱਧਰ ਫ਼ਰੁਖ਼ਸ਼ੀਅਰ ਦੀ ਮੌਤ ਤੋਂ ਬਾਅਦ ਮੁਹੰਮਦ ਸ਼ਾਹ ਰੰਗੀਲਾ (1719-1740 ਈ.) ਬਾਦਸ਼ਾਹ ਬਣ ਗਿਆ। ਅਬਦੁੱਸਮਦ ਖ਼ਾਂ ਨੂੰ ਮੁਲਤਾਨ ਤਬਦੀਲ ਕਰ ਦਿੱਤਾ ਗਿਆ ਅਤੇ ਉਸਦਾ ਪੁੱਤਰ ਜ਼ਕਰੀਆ

---

[20] *Ibid.,* p. 43
[21] *Ibid.,* p. 123.
[22] *Ibid.,* p. 129.
[23] *Ibid.,* p. 149.
[24] *Ibid.,* p. 159.
[25] *Ibid.,* p. 165-166
[26] ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨੇ 227-30.
[27] ਰਾਇਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 142 (ਮਤਨ).
[28] ਰਤਨ ਸਿੰਘ ਭੰਗੂ, ਉਪਰੋਕਤ ਰਚਨਾ, ਪੰਨੇ 230-36.
[29] G.C. Narang, *Op. Cit.,* p. 116.

ਖ਼ਾਂ (1726-1745 ਈ.) ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ ਗਿਆ।[30] ਜ਼ਕਰੀਆ ਖ਼ਾਂ ਨੇ ਸਿੱਖਾਂ ਵਿਰੁੱਧ ਸਖ਼ਤ ਕਦਮ ਚੁੱਕੇ।

ਡਾ. ਗੰਡਾ ਸਿੰਘ ਅਨੁਸਾਰ "ਸਿੱਖਾਂ ਦੇ ਸਿਰਾਂ ਦਾ ਮੁੱਲ ਵੀ ਰੱਖਿਆ ਗਿਆ ਅਤੇ ਜੋ ਵਿਅਕਤੀ ਕਿਸੇ ਸਿੱਖ ਦਾ ਸਿਰ ਕੱਟ ਕੇ ਲਿਆਂਦਾ, ਉਸਨੂੰ ਇਨਾਮ ਦਿੱਤਾ ਜਾਂਦਾ।[31] ਇਸ ਸਮੇਂ ਦੇ ਦੌਰਾਨ ਮਾਝੇ ਦੇ ਸਿੱਖ ਨੇਤਾ ਤਾਰਾ ਸਿੰਘ ਦੀ ਵੀ ਸ਼ਹੀਦੀ ਹੋਈ।

ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਕੁਚਲਣ ਲਈ ਪੰਜਾਬ ਦੀ ਮੁਸਲਮਾਨ ਜਨਤਾ ਤੋਂ ਸਹਾਇਤਾ ਲੈਣ ਦੀ ਵਿਉਂਤ ਬਣਾਈ। ਉਸਨੇ ਮੁਸਲਮਾਨਾਂ ਨੂੰ ਇਸਲਾਮ ਦੇ ਨਾਂ ਤੇ ਅਪੀਲ ਕੀਤੀ ਕਿ ਉਹ ਸਿੱਖ ਕਾਫ਼ਿਰਾਂ ਨੂੰ ਮਲੀਆ ਮੇਟ ਕਰਨ ਲਈ ਇਕੱਠੇ ਹੋ ਜਾਣ। ਸਿੱਟੇ ਵਜੋਂ 1731 ਈ. ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸ਼ਸਤਰਧਾਰੀ ਮੁਸਲਮਾਨ ਲਾਹੌਰ ਵਿਚ ਹੈਦਰੀ ਝੰਡੇ ਥੱਲੇ ਇਕੱਠੇ ਹੋ ਗਏ ਤੇ ਸਿੱਖਾਂ ਵਿਰੁੱਧ ਧਰਮ ਯੁੱਧ ਛੇੜਿਆ ਪਰ ਇਹ ਅਸਫ਼ਲ ਰਿਹਾ।"[32]

1733 ਈ. ਵਿਚ ਮੁਗ਼ਲ ਸਰਕਾਰ ਨੇ ਸਿੱਖਾਂ ਨੂੰ ਜਗੀਰ ਦੇ ਕੇ ਸਿੱਖ ਨੇਤਾ ਕਪੂਰ ਸਿੰਘ ਨੂੰ ਨਵਾਬੀ ਦਾ ਖ਼ਿਤਾਬ ਦਿੱਤਾ ਅਤੇ ਉਨ੍ਹਾਂ ਨਾਲ ਸੁਲ੍ਹਾ ਕਰ ਲਈ।[33] ਇਸ ਤੋਂ ਬਾਅਦ ਸਿੱਖਾਂ ਦੇ ਦੋ ਦਲ, ਬੁੱਢਾ ਤੇ ਤਰੁਣਾ ਦਲ ਬਣ ਗਏ। ਬੁੱਢਾ ਦਲ ਦਾ ਨੇਤਾ ਕਪੂਰ ਸਿੰਘ ਬਣਿਆ। ਤਰੁਣਾ ਦਲ ਪੰਜ ਜੱਥਿਆਂ-ਸ਼ਹੀਦਾਂ ਦਾ ਜੱਥਾ, ਜੱਥਾ ਅੰਮ੍ਰਿਤਸਰੀਆਂ ਦਾ, ਜੱਥਾ ਡੱਲੇ ਵਾਲੀਆਂ ਦਾ, ਜੱਥਾ ਸਾਹਿਬਜ਼ਾਦਿਆਂ, ਜੱਥਾ ਰਾਮਦਾਸੀਆਂ ਦਾ ਵਿਚ ਵੰਡਿਆ ਗਿਆ।[34] ਕਪੂਰ ਸਿੰਘ ਇਨ੍ਹਾਂ ਦਾ ਸਾਂਝਾ ਨੇਤਾ ਸੀ। ਨਵਾਬ ਕਪੂਰ ਸਿੰਘ ਦੀ ਯੋਗ ਅਗਵਾਈ ਅਧੀਨ ਖੇਰੂੰ-ਖੇਰੂੰ ਹੋਇਆ ਖ਼ਾਲਸਾ ਦਲ ਇਕ ਮੁੱਠ ਹੋ ਕੇ ਸ਼ਕਤੀਸ਼ਾਲੀ ਜੱਥੇਬੰਦੀ ਵਿਚ ਆ ਗਿਆ।

ਸਰਬਤ ਖ਼ਾਲਸਾ ਦੀ ਮੀਟਿੰਗ ਵਿੱਚ ਦਲਾਂ ਨੂੰ ਸਰਗਰਮੀਆਂ ਦੀ ਖੁੱਲ੍ਹ ਦੇ ਦਿੱਤੀ ਗਈ, ਪਰ ਪੰਥ ਦੇ ਸਾਂਝੇ ਖ਼ਤਰੇ ਸਮੇਂ ਉਨ੍ਹਾਂ ਨੂੰ ਇਕ ਹੋਣਾ ਪੈਣਾ ਸੀ। ਜਗੀਰ ਮਿਲਣ ਦੇ ਬਾਵਜੂਦ ਸਿੱਖਾਂ ਦੀਆਂ ਸਰਗਰਮੀਆਂ ਚਲਦੀਆਂ ਰਹੀਆਂ ਅਤੇ ਉਹ ਲੁੱਟ ਮਾਰ ਕਰਦੇ ਰਹੇ। 1737 ਈ. ਵਿਚ ਜਗੀਰ ਜ਼ਬਤ ਕਰ ਲਈ ਗਈ।[35]

1738 ਈ. ਵਿਚ ਭਾਈ ਮਨੀ ਸਿੰਘ ਨੇ ਪੰਜ ਹਜ਼ਾਰ ਰੁਪਏ ਸਰਕਾਰ ਨੂੰ ਦੇਣੇ ਕਰਕੇ ਅੰਮ੍ਰਿਤਸਰ ਵਿਚ ਦੀਵਾਲੀ ਦਾ ਮੇਲਾ ਕਰਾਉਣ ਦਾ ਪ੍ਰੋਗਰਾਮ ਬਣਾਇਆ। ਦੂਜੇ ਪਾਸੇ ਹਕੂਮਤ ਨੇ ਇਕੱਠੇ ਹੋ ਕੇ ਸਿੰਘਾਂ ਨੂੰ ਮਾਰਨ ਲਈ ਗੁਪਤ ਤਿਆਰੀ ਕੀਤੀ। ਸਿੱਖਾਂ ਨੂੰ ਇਸ ਦੀ ਸੂਹ ਲੱਗ ਗਈ, ਜਿਸ ਕਰਕੇ ਦੀਵਾਲੀ ਦੇ ਮੌਕੇ ਉੱਤੇ ਸਿੱਖ ਅੰਮ੍ਰਿਤਸਰ ਵਿਖੇ ਨਾ ਆਏ। ਪੰਜ ਹਜ਼ਾਰ ਰੁਪਏ ਨਾ ਦੇਣ ਉੱਤੇ ਭਾਈ ਮਨੀ ਸਿੰਘ ਨੂੰ

---

[30] Ali-uddin, *Ibrat Namah,* p.181.
[31] ਗੰਡਾ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਪੰਨਾ 30.
[32] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨੇ 11-13.
[33] ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨੇ 282-87.
[34] ਉਹੀ, ਪੰਨਾ 288-289, ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨੇ 119-120.
[35] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨੇ 120-121.

ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ ਅਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।[36] 1739 ਨਾਦਰ ਸ਼ਾਹ ਨੇ ਭਾਰਤ 'ਤੇ ਹਮਲਾ ਕੀਤਾ।[37] ਹਮਲੇ ਦੋਰਾਨ ਜ਼ਕਰੀਆਂ ਖ਼ਾਂ, ਸੂਬਾ ਲਾਹੌਰ ਨੂੰ ਹਾਰ ਹੋਈ। ਉਹ ਨਾਦਰਸ਼ਾਹ ਵੱਲੋਂ ਲਾਹੌਰ ਦਾ ਸੂਬੇਦਾਰ ਬਣ ਗਿਆ।[38] ਕਰਨਾਲ ਵਿਚ ਮੁਗ਼ਲ ਸਰਕਾਰ ਨੂੰ ਹਾਰ ਹੋਈ ਅਤੇ ਦਿੱਲੀ ਵਿਚ ਲੁੱਟਮਾਰ ਕੀਤੀ ਗਈ।[39] ਨਾਦਰ ਸ਼ਾਹ ਦੀ ਵਾਪਸੀ ਸਮੇਂ ਉਸਨੂੰ ਸਿੱਖਾਂ ਨੇ ਕਾਫ਼ੀ ਤੰਗ ਕੀਤਾ।[40] ਇਸ ਤੋਂ ਇਲਾਵਾ 1734 ਈ. ਵਿਚ ਹਕੀਕਤ ਰਾਇ, 1745 ਈ. ਵਿਚ ਮਹਿਤਾਬ ਸਿੰਘ ਮੀਰਾਂਕੋਟੀਆ, 1745 ਈ. ਵਿਚ ਹੀ ਪਿੰਡ ਪੂਲ੍ਹੇ ਦਾ ਭਾਈ ਤਾਰੂ ਸਿੰਘ ਸ਼ਹੀਦ ਕੀਤੇ ਗਏ।[41] ਇਸੇ ਸਾਲ ਜ਼ਕਰੀਆਂ ਖ਼ਾਂ ਮਰ ਗਿਆ।

ਜ਼ਕਰੀਆਂ ਖ਼ਾਂ ਦੀ ਮੌਤ ਤੋਂ ਬਾਅਦ ਮੁਨੀਮ ਖਾਂ ਨੂੰ ਆਰਜ਼ੀ ਤੌਰ ਉੱਤੇ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਗਿਆ। ਕੁਝ ਮਹੀਨਿਆਂ ਪਿੱਛੋਂ ਦਿੱਲੀ ਦੇ ਵਜ਼ੀਰ ਕਮਰਉੱਦੀਨ ਖ਼ਾਨ ਦੇ ਜਤਨਾਂ ਦੇ ਫਲਸਰੂਪ ਜ਼ਕਰੀਆ ਖ਼ਾਨ ਦੇ ਪੁੱਤਰ ਯਾਹੀਆ ਖ਼ਾਨ (1745-1747 ਈ.) ਨੂੰ 3 ਜਨਵਰੀ 1745 ਈ. ਨੂੰ ਲਾਹੌਰ ਦਾ ਨਾਇਬ ਸੂਬੇਦਾਰ ਨਿਯੁਕਤ ਕੀਤਾ ਅਤੇ ਵਜ਼ੀਰ ਕਮਰਉੱਦੀਨ ਆਪ ਦਿੱਲੀ ਵਿਚ ਬੈਠਾ ਹੀ ਲਾਹੌਰ ਦਾ ਨਾ-ਮਾਤਰ ਸੂਬੇਦਾਰ ਬਣ ਗਿਆ।[42] ਯਾਹੀਆ ਖ਼ਾਨ ਆਪਣੇ ਪਿਉ ਵਾਂਗ ਹੀ ਨਿਰਦਈ ਸੀ।

ਯਾਹੀਆਂ ਖ਼ਾਂ ਦੀ ਸੂਬੇਦਾਰੀ ਸਮੇਂ ਕਾਹਨੂਵਾਣ ਦਾ ਛੋਟਾ ਘੱਲੂਘਾਰਾ ਹੋਇਆ, ਜਿਸ ਵਿਚ ਬਹੁਤ ਸਾਰੇ ਸਿੱਖ ਮਾਰੇ ਗਏ।[43] ਇਸਦਾ ਕਾਰਨ ਦੀਵਾਨ ਲੱਖਪਤ ਰਾਇ ਦੇ ਭਰਾ ਜਸਪਤ ਦਾ ਮਾਰਿਆ ਜਾਣਾ ਸੀ। ਦੀਵਾਨ ਲਖਪਤ ਰਾਇ ਨੇ ਬਦਲਾ ਲੈਂਦੇ ਹੋਏ ਸਿੱਖਾਂ ਵਿਰੁੱਧ ਕਾਰਵਾਈ ਕੀਤੀ।

ਯਾਹੀਆਂ ਖ਼ਾਂ ਨੂੰ ਮਾਰਚ, 1747 ਵਿਚ ਉਸਦੇ ਛੋਟੇ ਭਰਾ ਸ਼ਾਹਨਵਾਜ਼ ਖ਼ਾਂ (1747-1748 ਈ.) ਨੇ ਕੱਢ ਦਿੱਤਾ ਅਤੇ ਆਪ ਲਾਹੌਰ ਦਾ ਗਵਰਨਰ ਬਣ ਗਿਆ। ਇਸ ਨੇ ਲਖਪਤ ਰਾਇ ਦੀ ਥਾਂ ਕੌੜਾ ਮੱਲ ਨੂੰ ਦੀਵਾਨ ਬਣਾਇਆ ਅਤੇ ਅਦੀਨਾ ਬੇਗ਼ ਨੂੰ ਜਲੰਧਰ ਦਾ ਫ਼ੌਜਦਾਰ ਨਿਯੁਕਤ ਕਰ ਦਿੱਤਾ। ਪਰ ਦਿੱਲੀ ਸਰਕਾਰ ਨੇ ਸ਼ਾਹਨਵਾਜ਼ ਨੂੰ ਲਾਹੌਰ ਦਾ ਗਵਰਨਰ ਨਾ ਮੰਨਿਆਂ। ਵਜ਼ੀਰ ਕਮਰਉੱਦੀਨ (ਯਹੀਆਂ ਖ਼ਾਂ ਦੇ ਸਹੁਰੇ) ਨੇ ਬਾਦਸ਼ਾਹ ਤੋਂ ਉਸ ਨੂੰ ਸੂਬੇਦਾਰੀ ਦੀ ਸੰਨਦ ਨਾ ਲੈਣ ਦਿੱਤੀ।[44]

ਇਸ ਤੋਂ ਸ਼ਾਹਨਵਾਜ਼ ਨਰਾਜ਼ ਹੋ ਗਿਆ। ਉਸਨੇ ਅਦੀਨਾ ਬੇਗ਼ ਦੀ ਸਲਾਹ ਨਾਲ ਅਹਿਮਦ ਸ਼ਾਹ ਅਬਦਾਲੀ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਬੁਲਾਇਆ।[45] ਜਨਵਰੀ, 1748 ਈ. ਨੂੰ ਉਸਨੇ ਹਮਲਾ ਕੀਤਾ। ਸ਼ਾਹਨਵਾਜ਼ ਨੂੰ ਦਿੱਲੀ ਸਰਕਾਰ ਨੇ ਆਪਣੇ ਨਾਲ ਫਿਰ ਗੰਢ ਲਿਆ। ਪਰ ਅਬਦਾਲੀ ਨੇ ਲਾਹੌਰ ਜਿੱਤ ਲਿਆ। ਸਰਹਿੰਦ ਨੇੜੇ ਮਨੂੰਪੁਰ ਦੇ ਸਥਾਨ ਉੱਤੇ ਮੁਗ਼ਲ ਸਰਕਾਰ ਤੇ ਅਬਦਾਲੀ ਵਿਚਕਾਰ ਟੱਕਰ

---

[36] ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨੇ 295-300.
[37] H.M. Eliot & John Dowsen, *History of India as told by its own Historians, Vol.8,* p. 60.
[38] *Ibid.,*
[39] *Ibid.,* p. 61-65.
[40] John Malcolm, *Sketch of the Sikhs,* p. 68.
[41] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨੇ 159-152.
[42] B.S. Nijjar, *Punjab Under the Great Mughals,* p. 124.
[43] ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨੇ 384-406.
[44] Henry T. Prinsep, *Origin of the Sikh Power in the Punjab,* p. 4, ਗੰਡਾ ਸਿੰਘ, ਸਿੱਖ ਇਤਿਹਾਸ, ਪੰਨਾ 130.
[45] ਗੰਡਾ ਸਿੰਘ, ਸਿੱਖ ਇਤਿਹਾਸ, ਪੰਨਾ 130.

ਹੋਈ, ਅਖ਼ੀਰ ਵਿਚ ਅਬਦਾਲੀ ਹਾਰ ਗਿਆ।[46] ਇਸ ਲੜਾਈ ਵਿਚ ਵਜ਼ੀਰ ਕਮਰਉੱਦੀਨ ਖ਼ਾਨ ਦੇ ਪੁੱਤਰ ਮੀਰ ਮਨੂੰ ਨੇ ਬਹੁਤ ਬਹਾਦਰੀ ਵਿਖਾਈ।

ਮਾਰਚ, 1749 ਈ. ਵਿਚ ਮੀਰ ਮਨੂੰ ਨੂੰ ਪੰਜਾਬ ਦਾ ਗਵਰਨਰ ਲਗਾ ਦਿੱਤਾ ਗਿਆ।[47] 15 ਅਪ੍ਰੈਲ, 1748 ਈ. ਵਿਚ ਬਾਦਸ਼ਾਹ ਮੁਹੰਮਦ ਸ਼ਾਹ ਦੀ ਮੌਤ ਤੋਂ ਬਾਅਦ ਅਹਿਮਦ ਸ਼ਾਹ (1748-54 ਈ.) ਭਾਰਤ ਦਾ ਹਾਕਮ ਬਣਿਆ।[48] ਸਿੱਖਾਂ ਨੇ ਅਬਦਾਲੀ ਦੇ ਇਸ ਹਮਲੇ ਦੌਰਾਨ ਅੰਮ੍ਰਿਤਸਰ ਵਿਚ ਰਾਮਰਉਣੀ ਦਾ ਕਿਲ੍ਹਾ ਸਥਾਪਿਤ ਕਰ ਲਿਆ ਅਤੇ ਲੁੱਟਮਾਰ ਜਾਰੀ ਰੱਖੀ।[49] ਦਸੰਬਰ, 1748 ਈ. ਵਿਚ ਅਬਦਾਲੀ ਨੇ ਦੂਜਾ ਹਮਲਾ ਕੀਤਾ।[50] ਮੀਰ ਮਨੂੰ ਨੇ ਉਸਦਾ ਟਾਕਰਾ ਕੀਤਾ, ਪਰ ਉਸਨੇ ਹਾਰ ਖਾਧੀ। ਇਸੇ ਦੌਰਾਨ ਸਿੱਖਾਂ ਨੇ ਲਾਹੌਰ ਨੂੰ ਲੁੱਟ ਲਿਆ। ਸਿੱਖਾਂ ਤੇ ਦੀਵਾਨ ਕੌੜਾ ਮੱਲ ਦੇ ਆਪਸੀ ਸੰਬੰਧ ਬਹੁਤ ਸੁਖਾਂਵੇ ਸਨ। ਉਸਨੇ 1749 ਈ. ਦੀ ਦੀਵਾਲੀ ਨੂੰ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਕਰਾਈ।[51]

ਮੀਰ ਮਨੂੰ ਅਬਦਾਲੀ ਨੂੰ ਲੋੜੀਂਦਾ ਖ਼ਿਰਾਜ਼ ਨਾ ਦੇ ਸਕਿਆ। ਇਸ ਕਰਕੇ ਉਸਨੇ 1751 ਈ. ਵਿਚ ਤੀਜਾ ਹਮਲਾ ਕੀਤਾ।[52] ਮੀਰ ਮਨੂੰ ਦੀ ਹਾਰ ਹੋਈ ਅਤੇ ਉਹ ਅਬਦਾਲੀ ਵੱਲੋਂ ਪੰਜਾਬ ਦਾ ਗਵਰਨਰ ਲੱਗ ਗਿਆ।[53] ਸਿੱਖਾਂ ਵੱਲੋਂ ਲੁੱਟ ਮਾਰ ਜਾਰੀ ਰਹੀ।[54] ਮੀਰ ਮਨੂੰ ਨੇ ਸਿੱਖਾਂ ਉੱਪਰ ਕੁੱਝ ਹਮਲੇ ਕੀਤੇ ਅਤੇ ਕਾਫ਼ੀ ਸਿੱਖ ਮਾਰ ਦਿੱਤੇ।[55]

1753 ਈ. ਵਿਚ ਮੀਰ ਮਨੂੰ ਦੀ ਮੌਤ ਹੋ ਗਈ। ਉਸਦੀ ਪਤਨੀ ਮੁਰਾਦ ਬੇਗ਼ਮ (ਮੁਗ਼ਲਾਣੀ ਬੇਗ਼ਮ) ਨੇ ਸੂਬਾ ਲਾਹੌਰ ਦਾ ਕਾਰ-ਵਿਹਾਰ ਸੰਭਾਲ ਲਿਆ।[56] 1754 ਈ. ਵਿਚ ਆਲਮਗੀਰ ਸਾਨੀ ਭਾਰਤ ਦਾ ਬਾਦਸ਼ਾਹ ਬਣਿਆ। ਮੁਗ਼ਲਾਣੀ ਬੇਗ਼ਮ ਨੇ ਦਿੱਲੀ ਸਰਕਾਰ ਅਤੇ ਅਬਦਾਲੀ ਸਰਕਾਰ ਦੋਹਾਂ ਨਾਲ ਸੁਖਾਵੇਂ ਸੰਬੰਧ ਬਣਾਉਣੇ ਚਾਹੇ। ਪਰ ਦਿੱਲੀ ਸਰਕਾਰ ਦੇ ਵਜ਼ੀਰ ਨੇ ਸੂਬਾ ਲਾਹੌਰ ਹਥਿਆਉਣ ਲਈ 1755 ਈ. ਵਿਚ ਹਮਲਾ ਕੀਤਾ ਤੇ ਮੁਗ਼ਲਾਣੀ ਬੇਗ਼ਮ ਨੂੰ ਕੈਦ ਕਰ ਲਿਆ। ਉਸਨੇ ਅਦੀਨਾ ਬੇਗ਼ ਨੂੰ 30 ਲੱਖ ਦੀ ਕਾਰ ਭੇਟਾ ਦੇ ਇਵਜ਼ ਵਿਚ ਸੂਬਾ ਲਾਹੌਰ ਦੇ ਦਿੱਤਾ।[57] ਇਸ ਕਾਰਨ ਅਬਦਾਲੀ ਨੇ 1756 ਈ. ਵਿਚ ਭਾਰਤ ਉੱਤੇ ਚੌਥਾ ਹਮਲਾ ਕੀਤਾ।[58] ਅਦੀਨਾ ਬੇਗ਼ ਦੌੜ ਗਿਆ। ਅਬਦਾਲੀ ਨੇ ਮੁਲਤਾਨ ਤੇ ਸੂਬਾ ਲਾਹੌਰ ਦਾ ਗਵਰਨਰ ਆਪਣੇ ਪੁੱਤਰ ਤੀਮੂਰ ਖ਼ਾਂ ਨੂੰ ਬਣਾਇਆ ਅਤੇ ਜ਼ਹਾਨ ਖ਼ਾਂ ਨੂੰ ਉਸਦਾ ਸਲਾਹਕਾਰ ਨਿਯੁਕਤ ਕੀਤਾ।[59] ਅਦੀਨਾ ਬੇਗ਼ ਫਿਰ ਜਲੰਧਰ ਆ ਗਿਆ ਅਤੇ ਉਸਨੇ ਸਿੱਖਾਂ ਨੂੰ ਆਪਣੇ ਨਾਲ ਰਲਾਉਣਾ ਸ਼ੁਰੂ

---

[46] H.M. Eliot & John Dowsen, *Op. Cit., Vol.8,* p. 106-11.
[47] ਗੰਡਾ ਸਿੰਘ, ਸਿੱਖ ਇਤਿਹਾਸ, ਪੰਨਾ 130.
[48] H.M. Eliot & John Dowsen*, Op. Cit., Vol.8,* p. III (Inroduction).
[49] ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨੇ 410-412.
[50] H.M. Eliot & John Dowsen, *Op. Cit., Vol.8,* p. 114-115.
[51] Khushwaqat Rai, *Tarikh-i-Sikhan,* p. 67.
[52] Sohan Lal Suri, *Udmat-ut tawarikh Vol 1,* p. 132-3.
[53] H.M. Eliot & John Dowsen, *Op. Cit., Vol.8,* p. 121-123.
[54] Khushwaqat Rai, *Tarikh-i-Sikhan,* p. 69-70.
[55] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨੇ 169-170.
[56] Sohan Lal Suri, *Op. Cit., Vol 1,* p. 1-136.
[57] H.M. Eliot & John Dowsen, *Op. Cit., Vol.8,* p. 240.
[58] *Ibid.,* p. 145.
[59] *Ibid.,* p. 265.

ਕੀਤਾ। ਜ਼ਹਾਨ ਖ਼ਾਂ ਨੇ ਅਦੀਨਾ ਬੇਗ਼ ਨੂੰ ਜਲੰਧਰ ਦੀ ਫ਼ੌਜਦਾਰੀ ’ਤੇ ਪੱਕਾ ਕਰ ਦਿੱਤਾ। ਪਰ ਆਪ ਉਹ ਗਵਰਨਰ ਦੇ ਸੱਦੇ ’ਤੇ ਲਾਹੌਰ ਨਾ ਗਿਆ। ਉਸ ਉੱਪਰ ਹਮਲੇ ਕੀਤੇ ਗਏ ਪਰ ਉਹ ਜਲੰਧਰ ਉੱਪਰ ਕਾਬਜ਼ ਰਿਹਾ। ਸਿੱਖਾਂ ਨੇ ਇਸ ਦੌਰਾਨ ਜਲੰਧਰ ਦੁਆਬ ਲੁੱਟ ਲਿਆ। ਜ਼ਹਾਨ ਖਾਂ ਨੇ ਫਿਰ ਜਲੰਧਰ ਉੱਪਰ ਹਮਲਾ ਕੀਤਾ। ਹੁਣ ਅਦੀਨਾ ਬੇਗ਼ ਨੇ ਮਰਹੱਟਿਆਂ ਨੂੰ ਸੱਦਾ ਭੇਜਿਆ।[60] ਰਘੁਨਾਥ ਰਾਓ ਤੇ ਮਲਹਾਰ ਰਾਉ ਹੁਲਕਰ ਨੇ ਪੰਜਾਬ ਤੇ ਹਮਲਾ ਕੀਤਾ। 1758 ਈ. ਵਿਚ ਲਾਹੌਰ ਵਿਚ ਦਾਖਲ ਹੋ ਗਏ।[61] ਮਰਹੱਟਿਆਂ ਨੇ ਲਾਹੌਰ ਅਦੀਨਾ ਬੇਗ਼ ਨੂੰ ਦੇ ਦਿੱਤਾ। ਉਹ ਮਈ, 1758 ਲਾਹੌਰ ਦਾ ਗਵਰਨਰ ਬਣਿਆ[62] ਅਤੇ ਸਤੰਬਰ, 1758 ਈ. ਵਿਚ ਉਸਦੀ ਮੌਤ ਹੋ ਗਈ।[63]

ਦਸੰਬਰ, 1759 ਈ. ਵਿਚ ਆਲਮਗੀਰ ਸਾਨੀ ਦੀ ਮੌਤ ਤੋਂ ਬਾਆਦ ਸ਼ਾਹ ਆਲਮ ਬਾਦਸ਼ਾਹ ਬਣਿਆ। ਮਰਹੱਟਿਆਂ ਨੇ ਇਸੇ ਦੌਰਾਨ ਪੇਸ਼ਾਵਰ ਤੱਕ ਇਹ ਇਲਾਕਾ ਕਬਜ਼ੇ ਵਿਚ ਕਰ ਲਿਆ। ਅਬਦਾਲੀ ਨੇ ਪੰਜਾਬ ਵਾਪਿਸ ਲੈਣ ਲਈ ਹਮਲਾ ਕੀਤਾ ਅਤੇ 14 ਜਨਵਰੀ, 1761 ਈ. ਵਿਚ ਮਰਹੱਟਿਆਂ ਨੂੰ ਪਾਣੀਪਤ ਦੀ ਥਾਂ ਤੇ ਹਾਰ ਹੋਈ।[64] ਅਬਦਾਲੀ ਦੀ ਵਾਪਸੀ ਸਮੇਂ ਸਿੱਖਾਂ ਨੇ ਉਸਨੂੰ ਬਹੁਤ ਤੰਗ ਕੀਤਾ ਅਤੇ ਉਸਦਾ ਬਹੁਤ ਸਾਰਾ ਮਾਲ ਲੁੱਟ ਲਿਆ। ਜਦੋਂ ਉਹ ਅੱਟਕ ਪਾਰ ਕਰ ਗਿਆ ਸਿਖਾਂ ਨੇ ਲਾਹੌਰ ’ਤੇ ਕਬਜ਼ਾ ਕਰ ਲਿਆ। ਦੱਸਿਆ ਜਾਦਾਂ ਹੈ ਕਿ ਉਨ੍ਹਾਂ ਨੇ ਆਪਣੇ ਨਾਂ ਦਾ ਸਿੱਕਾ ਵੀ ਜਾਰੀ ਕਰ ਦਿੱਤਾ।[65]

ਸਿੱਖਾਂ ਨੇ ਸਰਬਤ ਖ਼ਾਲਸਾ ਦੀ ਮੀਟਿੰਗ ਕਰ ਕੇ ਜੰਡਿਆਲੇ ਦੇ ਮਹੰਤ ਆਕਲ ਦਾਸ ਨਿਰੰਜਣੀਏ ਵਿਰੁੱਧ ਉਸਦੀਆਂ ਪੰਥ ਵਿਰੋਧੀ ਸਰਗਮੀਆਂ ਖ਼ਿਲਾਫ਼ ਕਾਰਵਾਈ ਦਾ ਫ਼ੈਸਲਾ ਲਿਆ ਅਤੇ ਉਸ ਉੱਤੇ ਹਮਲਾ ਕਰ ਦਿੱਤਾ। ਉਸ ਨੇ ਅਬਦਾਲੀ ਨੂੰ ਹਮਲੇ ਲਈ ਸੱਦਿਆ। ਸਿੱਖ ਜੰਡਿਆਲੇ ਦਾ ਘੇਰਾ ਛੱਡ ਗਏ ਪਰ ਅਬਦਾਲੀ ਨੇ ਉਨ੍ਹਾਂ ਨੂੰ ਕੁੱਪ (ਮਲੇਰਕੋਟਲੇ) ਜਾ ਘੇਰਿਆ ਅਤੇ ਉੱਥੇ ਵੱਡੇ ਘੱਲੂਘਾਰੇ (ਫ਼ਰਵਰੀ, 1762 ਈ.) ਵਿਚ 30 ਜਾਂ 40 ਹਜ਼ਾਰ ਸਿੱਖ ਮਾਰੇ ਗਏ।[66] ਵਾਪਸੀ ਤੋਂ ਪਹਿਲਾਂ ਅਬਦਾਲੀ ਨੇ ਆਲਾ ਸਿੰਘ ਤੋਂ ਜ਼ੁਰਮਾਨੇ ਵਸੂਲ ਕੀਤੇ ਅਤੇ ਉਸਨੂੰ ਆਪਣੇ ਅਧੀਨ ਜ਼ਿਮੀਦਾਰ ਮੰਨ ਲਿਆ।[67] ਫਿਰ ਅਬਦਾਲੀ ਨੇ ਹਰਿਮੰਦਰ ਢਾਹ ਦਿੱਤਾ ਤੇ ਸਰੋਵਰ ਪੂਰ ਦਿੱਤਾ।[68] ਅਬਦਾਲੀ ਦੀ ਵਾਪਸੀ ਤੋਂ ਬਾਆਦ ਸਿੱਖਾਂ ਨੇ ਕਸੂਰ ਜਿੱਤ ਲਿਆ ਤੇ ਜਲੰਧਰ ਤੇ ਸਰਹਿੰਦ ਉੱਪਰ ਕਬਜ਼ਾ ਕਰ ਲਿਆ। ਸਰਹਿੰਦ ਜਨਵਰੀ, 1764 ਈ. ਵਿਚ ਜਿੱਤਿਆ ਗਿਆ।[69] ਫਿਰ ਸਿੱਖਾਂ ਨੇ ਲਾਹੌਰ ਜਿੱਤਿਆ। ਚੜ੍ਹਤ ਸਿੰਘ ਸ਼ੁਕਰਚਕੀਆ ਨੇ ਰੋਹਤਾਸ ਵੀ ਜਿੱਤ ਲਿਆ।

---

[60] *Ibid.,* p. 265–267.
[61] *Ibid.,* p. 267.
[62] *Ibid.,*
[63] *Ibid.,* p. 270.
[64] *Ibid.,* p. 398–402.
[65] ਗਿਆਨੀ ਗਿਆਨ ਸਿੰਘ ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨੇ 195–96.
[66] Ganeshdas, *Chahar–bagh–i–Punjab,* p. 124–125.
[67] Ali-uddin, *Ibrat Namah,* p. 368.
[68] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨਾ 207.
[69] Bute Shah, *Tarikh-i-Punjab, p.* 510.

ਅਬਦਾਲੀ ਦਾ ਸੱਤਵਾਂ ਹਮਲਾ ਮਾਰਚ, 1764 ਈ. ਵਿਚ ਹੋਇਆ। ਪਰ ਘਰੇਲੂ ਹਾਲਤਾਂ ਕਰਕੇ ਇਸਨੂੰ ਵਾਪਿਸ ਜਾਣਾ ਪਿਆ। ਉਸ ਨੇ ਨਵੰਬਰ, 1764 ਈ. ਵਿਚ ਅੱਠਵਾਂ ਹਮਲਾ ਕੀਤਾ। ਇਸ ਹਮਲੇ ਬਾਰੇ ਜ਼ੰਗਨਾਮਾ ਕਾਜ਼ੀ ਨੂਰ ਮੁਹੰਮਦ ਵਿਚ ਉੱਲੇਖ ਮਿਲਦਾ ਹੈ। ਅਬਦਾਲੀ ਦਾ ਟਾਕਰਾ ਚੜ੍ਹਤ ਸਿੰਘ ਸ਼ੁਕਰਚਕੀਏ ਨੇ ਕੀਤਾ। ਅਬਦਾਲੀ ਨੇ ਪਹਿਲੀ ਦਸੰਬਰ, 1764 ਈ. ਵਿਚ ਅੰਮ੍ਰਿਤਸਰ ਨੂੰ ਫਿਰ ਲੁੱਟਿਆ। ਵਾਪਸੀ ਸਮੇਂ ਸਰਹਿੰਦ ਵਿਚ ਰਾਜਾ ਆਲਾ ਸਿੰਘ ਨੂੰ ਸਨਮਾਨਿਤ ਕੀਤਾ। ਸਤਲੁਜ ਪਾਰ ਕਰਨ ਤੋਂ ਬਾਅਦ ਅਬਦਾਲੀ ਨੂੰ ਸਿੱਖ ਹਮਲਿਆਂ ਨੇ ਬਹੁਤ ਪਰੇਸ਼ਾਨ ਕੀਤਾ। ਅਬਦਾਲੀ ਦੀ ਇਹ ਵਾਪਸੀ 1765 ਈ. ਵਿਚ ਹੋਈ।[70] ਇਸ ਤੋਂ ਪਿੱਛੋਂ ਸਿੱਖਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ ਅਤੇ ਇਸ ਨੂੰ ਸੋਭਾ ਸਿੰਘ, ਗੁੱਜਰ ਸਿੰਘ ਅਤੇ ਲਹਿਣਾ ਸਿੰਘ ਨੇ ਆਪਸ ਵਿਚ ਵੰਡ ਲਿਆ ਅਤੇ ਆਪਣਾ ਸਿੱਕਾ ਜ਼ਾਰੀ ਕੀਤਾ।[71]

1767 ਈ. ਵਿਚ ਅਬਦਾਲੀ ਦੇ ਆਖ਼ਰੀ ਹਮਲੇ ਸਮੇਂ ਸਿੱਖਾਂ ਨੇ ਉਸਦਾ ਮੁਕਾਬਲਾ ਸਾਹਮਣੇ ਹੋ ਕੇ ਕੀਤਾ। ਜਨਵਰੀ, 1767 ਈ. ਤੋਂ 1773 ਈ. ਤੱਕ ਪੰਜਾਬ ਦੇ ਸਹਾਰਨਪੁਰ ਤੋਂ ਅਟਕ ਤੇ ਮੁਲਤਾਨ ਤੋਂ ਜੰਮੂ ਤੱਕ ਦਾ ਇਲਾਕਾ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ। ਉਨ੍ਹਾਂ ਦੀਆਂ ਬਾਰਾਂ ਮਿਸਲ ਦਾ ਹਾਲ ਇਸ ਤਰ੍ਹਾਂ ਹੈ-

ਆਹਲੂਵਾਲੀਆ ਮਿਸਲ ਦਾ ਮੋਢੀ ਜੱਸਾ ਸਿੰਘ ਕਲਾਲ ਸੀ ਜੋ ਪੰਥ ਦਾ ਮੁੱਖ ਨੇਤਾ ਸੀ। ਉਸਨੇ ਦੁਆਬਾ ਬਾਰੀ ਤੇ ਬਿਸਤ ਜਲੰਧਰ ਦੇ ਕਈ ਇਲਾਕਿਆਂ ਤੇ ਕਬਜ਼ਾ ਕੀਤਾ।[72] ਉਸਦੇ ਉੱਤਰਾਧਿਕਾਰੀ ਫ਼ਤਿਹ ਸਿੰਘ ਆਹਲੂਵਾਲੀਆ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰ ਲਈ।[73]

ਭੰਗੀ ਮਿਸਲ ਸਰਦਾਰ ਹਰੀ ਸਿੰਘ 1767 ਈ. ਤੋਂ ਪਹਿਲਾਂ ਗਿਲਵਾਲੀ (ਅੰਮ੍ਰਿਤਸਰ) ਵਿਚ ਟਿਕਿਆ ਹੋਇਆ ਸੀ। ਜੰਮੂ ਦੇ ਰਾਜਾ ਰਣਜੀਤ ਦੇਓ ਨੂੰ ਕਰ ਦਾਤਾ ਬਣਾਇਆ। ਉਸ ਨੇ ਦੋ ਵਾਰ ਮੁਲਤਾਨ ਤੇ ਹਮਲਾ ਕੀਤਾ ਅਤੇ ਡੇਰਿਆਂ ਤੋਂ ਨਜ਼ਰਾਨੇ ਲਏ।[74] ਉਸਦੇ ਉੱਤਰਾਧਿਕਾਰੀ ਝੰਡਾ ਸਿੰਘ ਨੇ ਮੁਲਤਾਨ ਜਿੱਤ ਲਿਆ। 1773 ਈ. ਤੱਕ ਭੰਗੀ ਮਿਸਲ ਦਾ ਗੜ੍ਹ ਲਾਹੌਰ-ਅੰਮ੍ਰਿਤਸਰ ਤੋਂ ਮੁਲਤਾਨ ਅਤੇ ਡੇਰਾਜਾਤ ਤੋਂ ਜੰਮੂ ਤੱਕ ਸੀ।[75] ਗੰਡਾ ਸਿੰਘ ਤੋਂ ਬਾਅਦ ਇਸ ਮਿਸਲ ਦਾ ਪਤਨ ਸ਼ੁਰੂ ਹੋ ਗਿਆ। ਹੌਲੀ-ਹੌਲੀ ਇਸ ਮਿਸਲ ਨੂੰ ਸ਼ੁਕਰਚਕੀਆ ਮਿਸਲ ਨੇ ਖ਼ਤਮ ਕਰ ਦਿੱਤਾ।

ਰਾਮਗੜ੍ਹੀਆ ਮਿਸਲ ਦਾ ਮੋਢੀ ਜੱਸਾ ਸਿੰਘ ਠੋਕਾ ਸੀ। ਪਹਿਲਾਂ ਇਹ ਅਦੀਨਾ ਬੇਗ਼ ਪਾਸ ਨੌਕਰ ਰਿਹਾ। ਫਿਰ ਇਹ ਸਰਬਤ ਖ਼ਾਲਸਾ ਵਿਚ ਰਲ ਗਿਆ। ਇਸ ਨੇ ਬਟਾਲਾ ਤੇ ਕਲਾਨੌਰ ਜਿੱਤ ਲਏ। ਕਈ ਇਲਾਕਿਆਂ ਦੇ ਸੰਬੰਧ ਵਿਚ ਇਸਦਾ ਝਗੜਾ ਜੱਸਾ ਸਿੰਘ ਆਹਲੂਵਾਲੀਆ ਨਾਲ ਚਲਦਾ ਰਿਹਾ। ਜੈ ਸਿੰਘ

---

[70] Qazi Nur Muhammad, *Jangnama,* p. 38-40.
[71] Ganeshdas, *Chahar–bagh–i–Punjab,* p. 130–33.
[72] Ahmad Shah Batalavi, Tarikh-i-Hind, p. 65-66.
[73] *Ibid.,* p. 66.
[74] ਗਿਆਨੀ ਗਿਆਨ ਸਿੰਘ ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨਾ 227.
[75] Ahmad Shah Batalavi, Tarikh-i-Hind, p. 41.

ਕਨਈਆ ਤੇ ਜੱਸਾ ਸਿੰਘ ਆਹਲੂਵਾਲੀਆ ਨਾਲ ਝਗੜੇ ਦੇ ਦੌਰਾਨ ਇਸ ਪਾਸੋਂ ਬਟਾਲਾ ਤੇ ਕਲਾਨੌਰ ਖੁੱਸ ਗਏ। ਫਿਰ ਇਸ ਨੇ ਗੰਗਾ ਜਮੁਨਾ-ਦੁਆਬ, ਆਦਿ ਵਿਚ ਸਿੱਖ ਹਮਲਿਆਂ ਵਿਚ ਕੰਮ ਕੀਤਾ।[76]

ਸਿੰਘ ਪੁਰੀਆ (ਫੈਜ਼ਲਪੁਰੀਆ) ਮਿਸਲ ਦਾ ਮੋਢੀ ਕਪੂਰ ਸਿੰਘ ਸੀ ਜੋ ਕਿ ਪੰਥ ਦਾ ਮੁੱਖ ਨੇਤਾ ਵੀ ਸੀ। ਇਸਨੇ ਫੈਜ਼ਲਪੁਰ ਵਿਚ ਡੇਰਾ ਪਾ ਕੇ ਆਪਣੀਆਂ ਸਰਗਰਮੀਆਂ ਆਰੰਭ ਕੀਤੀਆਂ। ਇਸਨੇ ਪਹਿਲਾਂ ਸਤਲੁਜ ਦੇ ਦੋਹਾਂ ਪਾਸਿਆਂ ਉੱਤੇ ਪਰਗਨਾ ਪੱਟੀ ਤੇ ਫ਼ਤਿਹਪੁਰ ਵਿਚ ਕੁੱਝ ਇਲਾਕੇ ਜਿੱਤੇ।[77] ਇਸ ਦੇ ਪੁੱਤਰ ਖੁਸ਼ਹਾਲ ਸਿੰਘ ਨੇ ਬਰਹਾਮਪੁਰ, ਨੂਰਪੁਰ, ਆਦਿ ਉੱਤੇ ਕਬਜ਼ਾ ਕੀਤਾ। ਸਿੱਖਾਂ ਦੀ ਸਰਹਿੰਦ ਜਿੱਤ ਤੋਂ ਬਾਅਦ ਇਸ ਨੂੰ ਭਰਤਗੜ੍ਹ, ਭਰੇਲੀ, ਚੂੰਨੇਮੱਛਲੀ, ਆਦਿ ਇਲਾਕੇ ਮਿਲੇ।[78] ਇਸਦੇ ਪੁੱਤਰ ਬੁੱਧ ਸਿੰਘ ਨੇ ਤਰਨ ਤਾਰਨ ਸਰੋਵਰ ਦੀ ਮੁਰੰਮਤ ਕਰਵਾਈ।[79] ਰਣਜੀਤ ਸਿੰਘ ਨੇ ਇਸ ਮਿਸਲ ਦੀ ਸ਼ਕਤੀ ਖ਼ਤਮ ਕਰ ਦਿੱਤੀ।

ਕਨਈਆ ਮਿਸਲ ਦਾ ਨੇਤਾ ਜੈ ਸਿੰਘ ਸੀ। ਇਸ ਨੇ ਪਠਾਨਕੋਟ ਅਤੇ ਅਦੀਨਾ ਨਗਰ, ਆਦਿ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਅਤੇ ਜੰਮੂ ਤੇ ਜਸਰੋਟਾ ਦੇ ਰਾਜਿਆਂ ਤੋਂ ਨਜ਼ਰਾਨੇ ਵਸੂਲ ਕੀਤੇ। ਇਸਨੇ ਚੜ੍ਹਤ ਸਿੰਘ ਸ਼ੁਕਰਚਕੀਆ ਦੀ ਮਦਦ ਨਾਲ ਝੰਡਾ ਸਿੰਘ ਭੰਗੀ ਨਾਲ ਜੰਮੂ ਵਿਚ ਟੱਕਰ ਲਈ ਅਤੇ ਉਸਨੂੰ ਮਾਰ ਦਿੱਤਾ। ਫਿਰ ਇਸ ਨੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਉਸ ਦੇ ਇਲਾਕਿਆਂ 'ਚੋਂ ਕੱਢ ਦਿੱਤਾ। ਮਹਾਂ ਸਿੰਘ ਸ਼ੁਕਰਚਕੀਏ ਨੇ ਰਾਜਾ ਸੰਸਾਰ ਚੰਦ (ਕਾਂਗੜਾ) ਦੀ ਮਦਦ ਕਰਦਿਆਂ ਜੈ ਸਿੰਘ ਨੂੰ ਹਰਾਇਆ ਅਤੇ ਉਸ ਦਾ ਪੁੱਤਰ ਗੁਰਬਖਸ਼ ਸਿੰਘ ਅੱਚਲ ਬਟਾਲਾ ਦੀ ਲੜਾਈ ਵਿਚ ਮਾਰਿਆ ਗਿਆ। ਗੁਰਬਖ਼ਸ ਸਿੰਘ ਦੀ ਵਿਧਵਾ ਸਦਾ ਕੌਰ ਨੇ ਸ਼ੁਕਰਚਕੀਏ ਸਰਦਾਰ ਨਾਲ ਰਿਸ਼ਤੇਦਾਰੀ ਕਰ ਲਈ।[80]

ਨਕਈ ਮਿਸਲ ਦਾ ਮੋਢੀ ਹੀਰਾ ਸਿੰਘ ਨਕਈ ਸੀ। ਇਸ ਨੇ ਚੂਣੀਆਂ ਅਤੇ ਦੀਪਾਲਪੁਰ, ਆਦਿ ਇਲਾਕਿਆਂ ਤੇ ਕਬਜ਼ਾ ਕਰ ਲਿਆ। ਇਸ ਮਿਸਲ ਦਾ ਖੇਤਰ ਮੁਲਤਾਨ ਤੇ ਲਾਹੌਰ ਦੇ ਵਿਚਕਾਰ ਬਾਰੀ ਤੇ ਰਚਨਾ ਦੁਆਬ ਵਿਚ ਸੀ। ਰਣ ਸਿੰਘ ਦੇ ਅਧੀਨ ਇਹ ਮਿਸਲ ਪੂਰੀ ਸ਼ਕਤੀ ਵਿਚ ਸੀ। ਰਣਜੀਤ ਸਿੰਘ ਨੇ ਇਸ ਮਿਸਲ ਦੇ ਇਲਾਕੇ ਜਿੱਤ ਲਏ।[81]

ਸ਼ੁਕਰਚੱਕੀਆ ਮਿਸਲ ਦਾ ਮੋਢੀ ਚੜ੍ਹਤ ਸਿੰਘ ਸੀ। ਇਸ ਦਾ ਕਬਜ਼ਾ ਚਾਰ ਮਹਲ (ਸਿਆਲਕੋਟ, ਪਸਰੂਰ, ਗੁਜਰਾਤ ਤੇ ਔਰੰਗਾਬਾਦ) ਉੱਤੇ ਸੀ। ਹੌਲੀ-ਹੌਲੀ ਇਸ ਦੇ ਇਲਾਕੇ ਰਚਨਾ, ਚੱਜ ਤੇ ਸਿੰਧ ਸਾਗਰ ਦੁਆਬ ਵਿਚ ਫੈਲ ਗਏ।[82] 1774 ਈ. ਵਿਚ ਇਸਦਾ ਪੁੱਤਰ ਮਹਾਂ ਸਿੰਘ ਮਿਸਲ ਦਾ ਸਰਦਾਰ ਬਣਿਆ। 1777 ਈ. ਵਿਚ ਇਸਨੇ ਭੰਗੀ ਮਿਸਲ ਤੋਂ ਸਿਆਲਕੋਟ ਖੋਹ ਲਿਆ। ਇਸਨੇ ਦੋ ਵਾਰ 1784 ਈ. ਅਤੇ 1786 ਈ. ਵਿਚ ਜੰਮੂ ਦੀ ਲੁੱਟ ਕੀਤੀ। ਇਸੇ ਸਾਲ ਨਕਈ ਮਿਸਲ ਦੀ ਸਰਦਾਰਨੀ ਸਦਾ ਕੌਰ ਦੀ ਲੜਕੀ ਮਹਿਤਾਬ ਕੌਰ ਨਾਲ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਦਾ ਵਿਆਹ ਹੋਇਆ। ਮਹਾਂ ਸਿੰਘ

---

[76] *Ibid.,* p. 46-51.
[77] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨੇ 228-229.
[78] ਉਹੀ, ਪੰਨਾ 270.
[79] ਉਹੀ
[80] Ahmad Shah Batalavi, Tarikh-i-Hind, p. 55-64.
[81] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨੇ 247-249.
[82] ਉਹੀ, ਪੰਨੇ 277-80.

ਦੀ ਮੌਤ 1790 ਈ. ਵਿਚ ਹੋਈ।[83] ਫਿਰ ਇਸ ਦਾ ਪੁੱਤਰ ਰਣਜੀਤ ਸਿੰਘ ਮਿਸਲ ਦਾ ਸਰਦਾਰ ਦਾ ਬਣਿਆ।

ਡੱਲੇ ਵਾਲੀਆ ਮਿਸਲ ਦਾ ਮੁੱਖ ਨੇਤਾ ਤਾਰਾ ਸਿੰਘ ਘੈਬਾ ਸੀ। ਇਸ ਦੇ ਇਲਾਕੇ ਹੇਠਾੜ, ਸਤਲੁਜ ਅਤੇ ਜਲੰਧਰ ਦੁਆਬ ਵਿਚ ਸਥਿਤ ਸਨ। ਇਸ ਦੀ ਮੌਤ (1807 ਈ.) ਤੋਂ ਬਾਅਦ ਰਣਜੀਤ ਸਿੰਘ ਨੇ ਇਸਨੂੰ ਆਪਣੇ ਰਾਜ ਵਿਚ ਮਿਲਾ ਲਿਆ।[84]

ਸ਼ਹੀਦੀ ਮਿਸਲ ਦਾ ਮੋਢੀ ਬਾਬਾ ਦੀਪ ਸਿੰਘ ਸੀ। ਕਰਮ ਸਿੰਘ ਸ਼ਹੀਦ ਨੇ ਮਾਜਰੀ, ਸਹਜ਼ਾਦਪੁਰ ਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ। ਇਸ ਦੇ ਇਕ ਨੇਤਾ ਗੁਲਾਬ ਸਿੰਘ ਨੇ 21 ਜਨਵਰੀ, 1804 ਈ. ਵਿਚ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਕਰ ਲਈ।[85]

ਕਰੋੜ ਸਿੰਘੀਆਂ ਮਿਸਲ ਦਾ ਖੇਤਰ ਜਲੰਧਰ ਦੁਆਬ ਤੇ ਸਤਲੁਜ ਹੇਠਾੜ ਦੇ ਇਲਾਕਿਆਂ ਵਿਚ ਸੀ। ਕਰੋੜਾ ਸਿੰਘ ਤੋਂ ਬਾਅਦ ਇਸ ਮਿਸਲ ਦਾ ਨੇਤਾ ਬਘੇਲ ਸਿੰਘ ਬਣਿਆ। ਇਸ ਨੇ ਦਿੱਲੀ ਉੱਤੇ ਹਮਲੇ ਕੀਤੇ। ਕਲਸੀਆ ਖ਼ਾਨਦਾਨ ਇਸੇ ਦਾ ਹਿੱਸਾ ਸੀ। ਇਸ ਪਾਸ ਵਧੇਰੇ ਕਰਕੇ ਮਾਰਕੰਡਾ ਤੇ ਜਮੁਨਾ ਦੇ ਵਿਚਕਾਰਲੇ ਖੇਤਰ ਸਨ। ਜਲੰਧਰ ਤੇ ਬਾਰੀ ਦੁਆਬ ਵਿਚ ਸਥਿਤ ਕੁੱਝ ਇਲਾਕੇ ਵੀ ਇਸ ਮਿਸਲ ਅਧੀਨ ਸੀ।[86]

ਨਿਸ਼ਾਨਵਾਲੀਆ ਮਿਸਲ ਦੇ ਬਾਨੀ ਦਸੌਂਧਾ ਸਿੰਘ ਅਤੇ ਸੰਗਤ ਸਿੰਘ ਸਨ। ਇਸਦਾ ਡੇਰਾ ਅੰਬਾਲਾ ਵਿਚ ਸੀ। ਇਸ ਦੇ ਖੇਤਰ ਅੰਬਾਲਾ, ਅਮਲੋਹ, ਜ਼ੀਰਾ ਤੇ ਸ਼ਾਹਬਾਦ ਦੇ ਵਿਚ ਸਨ। ਸਰਦਾਰਨੀ ਦਇਆ ਕੌਰ ਦੀ ਮੌਤ ਤੋਂ ਬਾਅਦ 1830 ਈ. ਵਿਚ ਇਸਦੇ ਇਲਾਕੇ ਅੰਗਰੇਜ਼ੀ ਰਾਜ ਵਿਚ ਮਿਲ ਗਏ।[87]

ਫੂਲਕੀਆ ਮਿਸਲ ਵਿਚ ਪਟਿਆਲਾ, ਜੀਂਦ, ਨਾਭਾ ਅਤੇ ਕੈਥਲ ਦੇ ਰਾਜੇ ਇਸ ਨਾਲ ਸੰਬੰਧਿਤ ਸਨ। ਇਸ ਮਿਸਲ ਦਾ ਨੇਤਾ ਸਰਦਾਰ ਆਲਾ ਸਿੰਘ ਸੀ। ਜਿਸ ਨੇ ਪਟਿਆਲਾ ਦੀ ਨੀਂਹ ਰੱਖੀ। ਇਸ ਦੇ ਸੰਬੰਧ ਮੁਗ਼ਲ ਸਰਕਾਰ, ਅਬਦਾਲੀ, ਦਲ ਖ਼ਾਲਸਾ, ਆਦਿ ਸਾਰਿਆਂ ਨਾਲ ਚੰਗੇ ਸਨ। ਮੌਕੇ ਅਨੁਸਾਰ ਇਸਨੇ ਸਾਰਿਆਂ ਤੋਂ ਲਾਭ ਉਠਾਇਆ। 1762 ਈ. ਦੇ ਘੱਲੂਘਾਰੇ ਵਿਚ ਇਹ ਦਲ ਖ਼ਾਲਸਾ ਨਾਲ ਨਹੀਂ ਰਲਿਆ। 1765 ਈ. ਵਿਚ ਇਸਨੇ ਅਬਦਾਲੀ ਤੋਂ ਰਾਜਾ ਦਾ ਖ਼ਿਤਾਬ ਲਿਆ। 1764 ਈ. ਵਿਚ ਸਰਹਿੰਦ ਜਿੱਤਣ ਸਮੇਂ ਇਹ ਦਲ ਖ਼ਾਲਸਾ ਨਾਲ ਰਲ ਗਿਆ।[88] 1765 ਈ. ਵਿਚ ਇਸ ਦਾ ਪੋਤਰਾ ਅਮਰ ਸਿੰਘ ਪਟਿਆਲੇ ਦਾ ਰਾਜਾ ਬਣਿਆ। ਇਸਨੂੰ ਅਬਦਾਲੀ ਵੱਲੋਂ 1767 ਈ. ਵਿਚ ਰਾਜਾ-ਇ-ਰਾਜਗ਼ਾਨ ਦਾ ਖ਼ਿਤਾਬ ਮਿਲਿਆ। 1768 ਈ. ਵਿਚ ਬਘੇਲ ਕਰੋੜਸਿੰਘੀਏ ਨੇ ਪਟਿਆਲਾ ਦੀ ਲੁੱਟ ਕੀਤੀ। 1781 ਈ.

---

[83] Khushwaqat Rai, *Tarikh-i-Sikhan,* p. 178-183.
[84] ਸਾਹਿਬ ਸਿੰਘ ਅਰਸ਼ੀ, ਅਠ੍ਹਰਵੀਂ ਸਦੀ ਦਾ ਸਿੱਖ ਇਤਿਹਾਸ, ਪੰਨਾ 88.
[85] ਉਹੀ, ਪੰਨਾ 90.
[86] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨੇ 257-60.
[87] ਉਹੀ, ਪੰਨੇ 271-73.
[88] ਉਹੀ, ਪੰਨਾ 560.

ਵਿਚ ਇਸਦੀ ਮੌਤ ਹੋ ਗਈ।[89] ਸਾਹਿਬ ਸਿੰਘ 1813 ਈ. ਤੱਕ ਪਟਿਆਲੇ ਦਾ ਰਾਜਾ ਰਿਹਾ। 1809 ਈ. ਦੀ ਅੰਮ੍ਰਿਤਸਰ ਦੀ ਸੰਧੀ ਤੋਂ ਬਅਦ ਇਹ ਰਿਆਸਤ ਅੰਗਰੇਜ਼ੀ ਰੱਖਿਆ ਹੇਠ ਆ ਗਈ।[90]

ਨਾਭਾ ਸ਼ਹਿਰ ਦੀ ਨੀਂਹ ਹਮੀਰ ਸਿੰਘ ਨੇ 1755 ਈ. ਵਿਚ ਰੱਖੀ। ਸਿੱਖਾਂ ਰਾਹੀਂ ਸਰਹਿੰਦ ਦੀ ਜਿੱਤ ਤੋਂ ਬਾਅਦ ਇਸ ਨੇ ਅਮਲੋਹ, ਆਦਿ ਸਥਾਨ ਜਿੱਤ ਲਏ।[91] 1783 ਈ. ਵਿਚ ਉਸਦਾ ਪੁੱਤਰ ਜਸਵੰਤ ਸਿੰਘ ਰਾਜਾ ਬਣਿਆ। 1809 ਈ. ਵਿਚ ਇਹ ਰਿਆਸਤ ਅੰਗਰੇਜ਼ੀ ਸੁਰੱਖਿਆ ਹੇਠ ਚਲੀ ਗਈ।[92]

ਜੀਂਦ ਦਾ ਮੁੱਖ ਸਰਦਾਰ ਗਜਪਤ ਸਿੰਘ (1738-1786 ਈ.) ਸੀ। ਇਸ ਨੇ ਬਾਦਸ਼ਾਹ ਆਲਮ ਤੋਂ 1750 ਈ. ਵਿਚ ਰਾਜੇ ਦਾ ਖ਼ਿਤਾਬ ਲਿਆ। 1755 ਈ. ਵਿਚ ਇਸ ਨੇ ਸੰਗਰੂਰ ਜਿੱਤਿਆ। ਗਜਪਤ ਸਿੰਘ ਦੀ ਧੀ ਰਾਜ ਕੌਰ ਦਾ ਵਿਆਹ 1774 ਈ. ਵਿਚ ਸ਼ੁਕਰਚਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਨਾਲ 1774 ਈ. ਵਿਚ ਹੋਇਆ।[93] ਗਜਪਤ ਸਿੰਘ ਦਾ ਪੁੱਤਰ ਭਾਗ ਸਿੰਘ (1786-1819 ਈ.) ਜੀਂਦ ਦਾ ਰਾਜਾ ਬਣਿਆ। ਇਸਨੇ 1798-99 ਈ. ਵਿਚ ਜ਼ਾਰਜ ਟਾਮਸ ਤੋਂ ਹਾਰ ਖਾਧੀ। ਇਸ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਸੁਲ੍ਹਾ ਕਾਰਨ ਅੰਗਰੇਜ਼ਾਂ ਦੀ ਮਦਦ ਕੀਤੀ। ਇਹ ਰਿਆਸਤ ਵੀ 1809 ਈ. ਵਿਚ ਅੰਗਰੇਜ਼ੀ ਸੁਰੱਖਿਆ ਅਧੀਨ ਹੋ ਗਈ।[94]

ਮੁਲਤਾਨ ਉੱਪਰ ਤੀਮੂਰ ਸ਼ਾਹ ਨੇ ਅਚਨਚੇਤ ਹਮਲਾ ਕਰਕੇ ਭੰਗੀ ਮਿਸਲ ਤੋਂ 1780 ਈ. ਵਿਚ ਜਿੱਤ ਲਿਆ। ਪਰ ਉਸ ਦਾ ਧਿਆਨ ਵਧੇਰੇ ਕਰਕੇ ਬਹਾਵਲਪੁਰ, ਸਿੰਧ ਤੇ ਕਸ਼ਮੀਰ ਵੱਲ ਰਿਹਾ।[95] 1793 ਈ. ਵਿਚ ਸ਼ਾਹਜ਼ਮਾਨ ਕਾਬਲ ਦਾ ਬਾਦਸ਼ਾਹ ਬਣਿਆ। ਉਸ ਦਾ ਪਹਿਲਾ ਹਮਲਾ (1794 ਈ.) ਗੁਜਰਾਤ ਤੱਕ ਹੀ ਰਿਹਾ। 1796-97 ਈ. ਵਿਚ ਉਸ ਨੇ ਦੂਜਾ ਹਮਲਾ ਕੀਤਾ ਅਤੇ ਉਹ ਗੁਜਰਾਤ, ਗੁਜਰਾਂਵਾਲਾ ਅਤੇ ਐਮਨਾਬਾਦ ਰਾਹੀਂ ਲਾਹੌਰ ਪਹੁੰਚ ਗਿਆ। ਲਾਹੌਰ ਦੇ ਤਿੰਨੇ ਹਾਕਮ ਸਿੱਖ ਦੌੜ੍ਹ ਗਏ ਪਰ ਕਾਬਲ ਵਿਚ ਬਗ਼ਾਵਤ ਹੋਣ ਕਾਰਣ ਸ਼ਾਹਜ਼ਮਾਨ ਨੂੰ ਵਾਪਿਸ ਜਾਣਾ ਪਿਆ। ਸਿੱਖਾਂ ਨੇ ਫਿਰ ਪੰਜਾਬ 'ਤੇ ਕਬਜ਼ਾ ਕਰ ਲਿਆ। ਅਕਤੂਬਰ, 1898 ਈ. ਵਿਚ ਸ਼ਾਹਜ਼ਮਾਨ ਨੇ ਫਿਰ ਪੰਜਾਬ ਉੱਤੇ ਹਮਲਾ ਕੀਤਾ ਅਤੇ ਲਾਹੌਰ ਉੱਤੇ ਕਬਜ਼ਾ ਕਰ ਲਿਆ ਪਰ ਉਸਨੂੰ ਵਾਪਿਸ ਜਾਣਾ ਪਿਆ। 1799 ਈ. ਵਿਚ ਸ਼ਾਹਜ਼ਮਾਨ ਦਾ ਰਾਜ ਖ਼ਤਮ ਹੋ ਗਿਆ।[96] ਇਸੇ ਸਾਲ ਰਣਜੀਤ ਸਿੰਘ ਸ਼ੁਕਰਚਕੀਏ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ।

ਸਤਲੁਜ ਹੇਠਾੜ ਪੰਜਾਬ ਵਿਚ ਸਿੱਖਾਂ ਨੇ 1764 ਈ. ਵਿਚ ਸਰਹਿੰਦ ਦੀ ਜਿੱਤ ਤੋਂ ਬਾਆਦ ਗੰਗਾ-ਜਮੁਨਾ ਦੁਆਬ ਅਤੇ ਦਿੱਲੀ ਉੱਪਰ ਕਈ ਹਮਲੇ ਕੀਤੇ ਅਤੇ ਕਾਫ਼ੀ ਮਾਲ ਲੁੱਟ ਕੇ ਪੰਜਾਬ ਵਿਚ ਲਿਆਂਦਾ।

---

[89] ਉਹੀ, ਪੰਨੇ 562-66, 570.
[90] ਉਹੀ, ਪੰਨੇ 571, 580-81, 583,592-96.
[91] ਉਹੀ, ਪੰਨੇ 629.
[92] ਉਹੀ, ਪੰਨੇ 632-634.
[93] ਉਹੀ, ਪੰਨੇ 280, 664-65.
[94] ਉਹੀ, ਪੰਨੇ 667-71.
[95] ਉਹੀ, ਪੰਨੇ 221-22.
[96] ਉਹੀ, ਪੰਨੇ 222-23.

ਇਹ ਲੁੱਟਮਾਰ 1803 ਈ. ਤੱਕ ਜਾਰੀ ਰਹੀ।[97] ਫਿਰ ਅੰਗਰੇਜ਼ਾਂ ਨੇ ਦਿੱਲੀ ਉੱਪਰ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ।

ਬਨਾਰਸ ਸੂਬਾ ਇਲਾਹਾਬਾਦ ਦਾ ਪ੍ਰਸਿੱਧ ਕਸਬਾ ਸੀ। ਇਹ ਦੋ ਦਰਿਆਵਾਂ ਬਰਨਾ ਤੇ ਆਸੀ ਵਿਚਕਾਰ ਸਥਿਤ ਹੈ। ਪੁਰਾਣੀਆਂ ਪੁਸਤਕਾਂ ਵਿਚ ਇਸ ਨੂੰ ਕਾਸ਼ੀ ਵੀ ਕਿਹਾ ਜਾਂਦਾ ਹੈ। ਇੱਥੇ ਇਕ ਬੁੱਤ ਪੂਜਾ ਦਾ ਮੰਦਰ ਹੈ ਜੋ ਕਾਬਾ ਦੇ ਆਧਾਰ 'ਤੇ ਬਣਾਇਆ ਗਿਆ ਹੈ। ਮੁੱਢ ਤੋਂ ਹੀ ਇਹ ਗਿਆਨ ਦਾ ਪ੍ਰਮੁੱਖ ਕੇਂਦਰ ਰਿਹਾ ਹੈ। ਇੱਥੇ ਲੋਕਾਂ ਦੇ ਝੁੰਡਾਂ ਦੇ ਝੁੰਡ ਵਿੱਦਿਆ ਪ੍ਰਾਪਤੀ ਲਈ ਆਉਂਦੇ ਰਹਿੰਦੇ ਸਨ।[98] ਸੂਚਨਾ ਵਜੋਂ ਇਲਾਹਾਬਾਦ ਦੇ ਸੂਬੇ ਦੇ 11 ਮਹੱਲ ਹਨ, 5,73,311 ਵਿਘੇ ਜ਼ਮੀਨ ਹੈ। ਇਸਦੇ ਵਿਚੋਂ 19 ਮਹੱਲ ਜਿਨ੍ਹਾਂ ਦਾ ਮਾਲੀਆ 20,83,3374½ ਦਾਮ ਬਾਦਸ਼ਾਹ ਨੂੰ ਦਿੱਤਾ ਜਾਂਦਾ ਸੀ।[99]

ਕਿਉਂਕਿ ਸਰੂਪ ਦਾਸ ਭੱਲਾ ਬਨਾਰਸ ਵਿਚ ਰਹਿੰਦਾ ਰਿਹਾ ਹੈ। ਇਸ ਲਈ ਇਹ ਸੰਭਵ ਹੈ ਕਿ ਉਸਨੇ ਕਾਫ਼ੀ ਪੌਰਾਣਿਕ ਅਤੇ ਇਸਲਾਮੀ ਰਚਨਾਵਾਂ ਪੜ੍ਹੀਆਂ ਹੋਣ ਅਤੇ ਨਾਲ ਇਹ ਵੀ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਪੰਜਾਂ ਸੰਤਾਂ (ਸਿੱਖਾਂ) ਨੂੰ ਵਿੱਦਿਆ ਪ੍ਰਾਪਤੀ ਵਾਸਤੇ ਬਨਾਰਸ ਭੇਜਿਆ ਸੀ।[100] ਇਸ ਤੋਂ ਵੀ ਪਤਾ ਲੱਗਦਾ ਹੈ ਕਿ ਬਨਾਰਸ ਵਿਚ ਨਿਰਮਲੇ ਸੰਤ ਸਨ ਅਤੇ ਸੰਭਵ ਹੈ ਕਿ ਸਰੂਪ ਦਾਸ ਉਨ੍ਹਾ ਦੇ ਸੰਪਰਕ ਵਿਚ ਹੋਵੇ ਜਾਂ ਉਨ੍ਹਾਂ ਦਾ ਸ਼ਿਸ਼ ਰਿਹਾ ਹੋਵੇ।

ਉੱਤਰ ਮੁਗ਼ਲ ਕਾਲ ਵਿਚ ਸੂਬਾ ਲਾਹੌਰ, ਜਲੰਧਰ ਦੁਆਬ, ਬਾਰੀ ਦੁਆਬ, ਰਚਨਾ ਦੁਆਬ, ਚੱਜ ਦੁਆਬ, ਸਿੰਧ ਸਾਗਰ ਅਤੇ ਕਾਂਗੜਾ ਸਰਕਾਰਾਂ ਵਿਚ ਵੰਡਿਆ ਹੋਇਆ ਸੀ। ਸੂਬਾ ਸਰਕਾਰ ਸੂਬਾ ਮੁਲਤਾਨ ਦੀਆਂ ਮੁਲਤਾਨ, ਦੀਪਾਲਪੁਰ, ਭੱਖਰ, ਸਵਿਸਤਾਨ ਚਾਰ ਸਰਕਾਰਾਂ ਵਿਚ ਵੰਡਿਆ ਹੋਇਆ ਸੀ।[101] ਇਨ੍ਹਾਂ ਦੋਹਾਂ ਸੂਬਿਆਂ (ਲਾਹੌਰ ਤੇ ਮੁਲਤਾਨ) ਦੇ ਹਾਕਮ ਸੂਬੇਦਾਰ ਸਨ। ਸੂਬੇਦਾਰ ਦਾ ਕੰਮ ਸ਼ਾਂਤੀ ਰੱਖਣਾ, ਮਾਲੀਆ ਇਕੱਤਰ ਕਰਨਾ ਤੇ ਸ਼ਾਹੀ ਹੁਕਮ ਮੰਨਣਾ ਸੀ। ਕਈ ਦਫ਼ਾ ਮੁਲਤਾਨ ਲਾਹੌਰ ਦੇ ਅਧੀਨ ਵੀ ਰਹਿੰਦਾ ਹੈ। ਲਾਹੌਰ ਦੇ ਸੂਬੇਦਾਰ ਮੀਰ ਮਨੂੰ ਨੇ ਕੌੜਾ ਮੱਲ ਨੂੰ ਮੁਲਤਾਨ ਦਾ ਨਾਜਮ ਨਿਯੁਕਤ ਕੀਤਾ ਸੀ।[102]

ਨਾਦਰ ਸ਼ਾਹ ਦੇ ਹਮਲੇ ਪਿੱਛੋਂ ਜਦੋਂ ਵੀ ਅਫ਼ਗਾਨਾਂ ਦਾ ਪੰਜਾਬ ਦੇ ਕੁੱਝ ਹਿੱਸਿਆਂ ਤੇ ਕਬਜ਼ਾ ਹੁੰਦਾ ਤਾਂ ਉਹ ਆਪਣੇ ਸੂਬੇਦਾਰ ਨਿਯੁਕਤ ਕਰਦੇ ਸਨ।[103] ਪੇਸ਼ਾਵਰ ਤੇ ਕਸ਼ਮੀਰ, ਮੁਲਤਾਨ, ਲਾਹੌਰ ਅਤੇ ਸਰਹਿੰਦ ਵਿਚ ਅਫ਼ਗਾਨਾਂ ਵੱਲੋਂ ਸੂਬੇਦਾਰ ਨਿਯੁਕਤ ਹੋਏ ਸਨ।

ਮਿਸਲਾਂ ਤੋਂ ਪਹਿਲਾਂ ਸਿੱਖ ਦਲ ਖ਼ਾਲਸਾ ਦੇ ਰੂਪ ਵਿਚ ਸੰਗਠਿਤ ਸਨ। ਰਾਜਸੀ ਮਾਮਲਿਆਂ ਬਾਰੇ ਗੱਲ ਕਰਨ ਲੱਗਿਆਂ ਸਰਬਤ ਖ਼ਾਲਸਾ ਦੀ ਮੀਟਿੰਗ ਬੁਲਾਈ ਜਾਂਦੀ ਸੀ ਅਤੇ ਗੁਰਮਤੇ ਰਾਹੀਂ ਫ਼ੈਸਲੇ ਕਰਕੇ ਕੰਮ ਚਲਾਏ ਜਾਂਦੇ ਸੀ। ਹੌਲੀ-ਹੌਲੀ ਮਿਸਲਦਾਰ ਸੁਤੰਤਰ ਸਰਦਾਰ ਦਾ ਰੂਪ ਧਾਰਨ ਕਰਦੇ ਗਏ।

---

[97] Forster, *A Journey From Bengal to England, Vol. I, p. 325–26.*
[98] Abul-Fazal, *Ain-i-Akbari,* p. 169.
[99] *Ibid.,* p. 172.
[100] ਜਸਬੀਰ ਸਿੰਘ ਭੱਲਾ, ਧਰਮ ਤੇ ਸਮਾਜ ਇਕ ਅਧਿਐਨ, ਪੰਨੇ 84-88.
[101] F. Bernier, *Travels in the Mughal Empire,* p. 456–57.
[102] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ 2), ਪੰਨਾ 165.
[103] ਵੇਖੋ ਫੁਟ ਨੋਟ ਨੰਬਰ 50.

ਸੈਨਿਕ ਪ੍ਰਬੰਧ ਵਜੋਂ ਮੁਗ਼ਲਾਂ ਦੀ ਚਲਾਈ ਲੀਹ 18ਵੀਂ ਸਦੀ ਦੇ ਮੁਗ਼ਲ ਹਾਕਮਾਂ ਨੇ ਅਪਣਾਈ ਸੂਬੇਦਾਰ ਦੇ ਅਧੀਨ ਮਨਸਬਦਾਰਾਂ ਤੇ ਉਨ੍ਹਾਂ ਕੋਲ ਸੈਨਿਕ ਹੁੰਦੇ ਹਨ। ਕੁੱਝ ਸੈਨਾ ਜਾਗੀਰਦਾਰਾਂ ਕੋਲ ਹੰਦੀ ਸੀ ਜੋ ਲੋੜ ਪੈਣ 'ਤੇ ਸੂਬੇਦਾਰ ਦੀ ਮਦਦ ਕਰਦੀ ਸੀ। ਖ਼ਾਲਸਾ ਫ਼ੌਜ ਜੋ ਤੋਪਖ਼ਾਨਾ, ਪੈਦਲ ਤੇ ਹੋਰ ਰੂਪਾਂ ਵਿਚ ਮੁਗ਼ਲ ਬਾਦਸ਼ਾਹ ਰੱਖਦੇ ਹਨ। ਤੋਪਖ਼ਾਨੇ ਦਾ ਮੁਖੀ ਮੀਰ ਆਤਿਸ਼ ਹੁੰਦਾ ਸੀ। ਹਾਥੀਆਂ ਦੀ ਵਰਤੋਂ ਸੈਨਾਪਤੀ ਕਰਦੇ ਸਨ।[104]

ਅਫ਼ਗਾਨਾਂ ਦੇ ਸੈਨਿਕ ਪ੍ਰਬੰਧ ਬਾਰੇ ਬਹੁਤੀ ਸਮੱਗਰੀ ਨਹੀਂ ਮਿਲਦੀ। ਫਿਰ ਵੀ ਕਿਹਾ ਜਾ ਸਕਦਾ ਹੈ ਕਿ ਹਮਲਾਵਰਾਂ ਕੋਲ ਲੋੜ ਮੁਜਬ ਆਪਣੇ ਸੈਨਿਕ ਹੁੰਦੇ ਸਨ ਅਤੇ ਹੋਰ ਲੁਟੇਰੇ ਵੀ ਉਸ ਨਾਲ ਰਲ ਸਕਦੇ ਸਨ।

ਸਿੱਖਾਂ ਵਿਚ ਹਰੇਕ ਸਰਦਾਰ ਦੀ ਆਪਣੀ ਸੈਨਾ ਹੁੰਦੀ ਸੀ। ਇਨ੍ਹਾਂ ਦੀ ਸਿਖਲਾਈ ਕੋਈ ਵਿਧੀ-ਬੱਧ ਨਹੀਂ ਸੀ। ਪਰ ਪੰਥ ਵਾਸਤੇ ਮਰਨ ਦੀ ਭਾਵਨਾ ਇਸ ਕਮੀ ਨੂੰ ਪੂਰਾ ਕਰ ਦਿੰਦੀ ਸੀ। ਮਿਸਲਾਂ ਤੋਂ ਪਹਿਲਾਂ ਸਾਰੇ ਸਿੱਖ ਸਰਦਾਰ ਦਲ ਖ਼ਾਲਸਾ ਦੇ ਅਧੀਨ ਹੁੰਦੇ ਸਨ। ਲੜਾਈ ਦੀ ਵਿਧੀ ਗੁਰੀਲਾ ਢੰਗ ਦੀ ਸੀ। ਜਿਸ ਅਨੁਸਾਰ ਅਵੇਸਲੇ ਵੈਰੀ ਉੱਤੇ ਵਿਸਾਹ ਕੇ ਹਮਲਾ ਕੀਤਾ ਜਾਂਦਾ ਸੀ। ਸਿੱਖ ਸੈਨਾ ਵਧੇਰੇ ਕਰਕੇ ਘੋੜ ਸਵਾਰ ਹੁੰਦੀ ਸੀ।[105]

ਮੁਗ਼ਲ ਰਾਜ ਦਾ ਮਾਲੀਆ ਪ੍ਰਬੰਧ ਵੀ ਇਸ ਸਮੇਂ ਚਲਦਾ ਰਿਹਾ। ਸਾਲ ਵਿਚ ਦੋ ਵਾਰ ਕਾਨੂੰਗੋ ਜੋ ਮਾਲੀਆ ਨਿਰਧਾਰਿਤ ਕਰ ਕੇ ਕਾਗਜ਼ ਉੱਪਰ ਮਾਲੀਆ ਵਿਭਾਗ ਨੂੰ ਭੇਜਦੇ ਸਨ ਅਤੇ ਉੱਥੋਂ ਉਹ ਸੂਬੇਦਾਰ ਨੂੰ ਅਤੇ ਉੱਥੋਂ ਬਾਦਸ਼ਾਹ ਨੂੰ ਜਾਂਦੇ ਸਨ।

ਸੂਬਾ ਮੁਲਤਾਨ ਤੇ ਲਾਹੌਰ ਦਾ ਮਾਲੀਆ ਵੇਰਵਾ ਫ਼ਾਰਸੀ ਰਚਨਾਵਾਂ ਵਿਚ ਮਿਲਦਾ ਹੈ। ਆਇਨੇ ਅਕਬਰੀ ਅਨੁਸਾਰ "ਸੂਬਾ ਲਾਹੌਰ ਤੇ ਪੰਜ ਦੁਆਬ ਤੇ 234 ਪਰਗਨੇ ਸਨ। ਕੁੱਲ ਮਾਪੀ ਗਈ ਜ਼ਮੀਨ 1,61,55,645 ਬਿਘੇ ਜ਼ਮੀਨ ਸੀ ਅਤੇ ਮਾਲੀਆ 1,39,86,460 ਰੁਪਏ ਸਨ। 1720 ਵਿਚ ਮੁਲਤਾਨ ਦੀਆਂ ਤਿੰਨ ਸਰਕਾਰਾਂ, 88 ਪਰਗਣੇ, 32,73,932 ਵਿਘੇ ਜ਼ਮੀਨ ਅਤੇ ਮਾਲੀਆ 37,85,090 ਰੁਪਏ ਸੀ।"[106] ਮਾਲੀਆ ਉਗਰਾਹੀ ਦੇ ਸਾਧਨ ਖੇਤ-ਬਟਾਈ, ਕਨਕੂਤ, ਲਾਗ-ਬਟਾਈ ਅਤੇ ਬਟਾਈ ਵਿਚੋਂ ਕਿਸੇ ਇਕ ਵਿਧੀ ਦੀ ਚੋਣ ਉੱਪਰ ਨਿਰਭਰ ਸੀ। ਪਹਾੜੀ ਰਾਜੇ ਇਕ ਤਰ੍ਹਾਂ ਮਾਲੀਏ ਪੱਖੋਂ ਸਰਕਾਰ ਦੇ ਜ਼ਿਮੀਂਦਾਰ ਸਨ ਜੋ ਮਾਲੀਆ ਇਕੱਠਾ ਕਰਕੇ ਭੇਜਦੇ ਸਨ।

ਮਿਸਲਾਂ ਤੋਂ ਪਹਿਲਾਂ ਸਿੱਖ ਜੋ ਕੁਝ ਮਿਲਦਾ ਸੀ ਲੈ ਲੈਂਦੇ ਸਨ। ਸਰਦਾਰ ਆਪਣੇ ਇਲਾਕੇ ਵਿਚ ਮਾਲੀਆ ਕਰਮਚਾਰੀ ਨਿਯੁਕਤ ਕਰ ਦਿੰਦਾ ਸੀ ਜੋ ਮਾਲੀਆ ਉਗਰਾਹੁੰਦੇ ਸਨ। ਮਾਲੀਆ ਬਟਾਈ ਦੇ ਰੂਪ ਵਿਚ ਲਿਆ ਜਾਂਦਾ ਸੀ। ਮਿਸਲਾਂ ਦੇ ਸਰਦਾਰ ਆਪਣੇ ਇਲਾਕੇ ਵਿਚ 1/2 ਤੱਕ ਮਾਲੀਆ ਲੈ ਸਕਦੇ ਸਨ। ਪਰ ਆਮ ਤੌਰ ਤੇ ਕਿਸਾਨਾਂ ਦੀ ਹਾਲਤ ਵੇਖ ਕੇ ਹਿਸਾਬ ਦਾ ਮਾਲੀਆ ਲਾਇਆ ਜਾਂਦਾ ਸੀ।[107]

---

[104] W. Irvine, *The Army of the Indian Mughals,* p. 175.
[105] N.K. Sinha, *Rise of Sikh Poower,* p. 115–16.
[106] Abul-Fazal, *Ain–i–Akbari, Nol. 2,* p. 319–21.
[107] John Malcolm, *Sketch of the Sikhs,* p. 100–101.

ਮੁਗ਼ਲਾਂ ਸਮੇਂ ਪੰਜਾਬ ਦੀ ਆਰਥਿਕ ਹਾਲਤ ਚੰਗੀ ਸੀ। ਯਾਹੀਆ ਖ਼ਾਂ ਦੇ ਸਮੇਂ ਤੱਕ ਪੰਜਾਬ ਦੀ ਆਰਥਿਕਤਾ ਨੂੰ ਕੋਈ ਬਹੁਤਾ ਫਰਕ ਨਹੀਂ ਪਿਆ। ਇਸ ਸਮੇਂ ਤੋਂ ਬਾਅਦ ਕਾਲਾਂ, ਬਿਮਾਰੀਆਂ, ਅਬਦਾਲੀ ਦੇ ਹਮਲਿਆਂ ਅਤੇ ਸਿੱਖਾਂ ਦੀਆਂ ਲੁੱਟਾਂ ਨੇ ਪੰਜਾਬ ਦੀ ਆਰਥਿਕ ਹਾਲਤ ਨੂੰ ਬਹੁਤ ਨੁਕਸਾਨ ਪਹੁੰਚਾਇਆ।

ਉਸ ਸਮੇਂ ਦਾ ਪੰਜਾਬ ਆਰਥਿਕ ਪੱਖੋਂ ਪੰਜਾਂ ਭਾਗਾਂ ਵਿਚ ਵੰਡਿਆ ਹੋਇਆ ਸੀ। ਪਹਾੜੀ ਅਤੇ ਉੱਪ-ਪਹਾੜੀ ਹਿੱਸਾ ਖੇਤੀ ਪੱਖੋ ਕੁਝ ਚੰਗਾ ਨਹੀਂ ਸੀ। ਮੱਕੀ ਦੀ ਫਸਲ ਹੀ ਹੁੰਦੀ ਸੀ। ਪੱਛਮੀ ਉੱਤਰੀ ਪੰਜਾਬ ਦਾ ਮੈਦਾਨ ਖੇਤੀ ਪੱਖੋਂ ਉੱਤਮ ਖੇਤਰ ਸੀ। ਇੱਥੇ ਮੱਕੀ ਤੇ ਕਣਕ ਪੈਦਾ ਹੁੰਦੀ ਸੀ। ਉੱਤਰੀ ਪੱਛਮੀ ਖੇਤਰ ਖੇਤੀ ਤੋਂ ਰਹਿਤ ਰਹਿੰਦਾ ਸੀ। ਦੱਖਣੀ ਪੱਛਮੀ ਖੇਤਰ ਵਿਚ ਖ਼ਰੀਫ਼ ਦੀ ਫ਼ਸਲ ਹੋ ਸਕਦੀ ਸੀ ਪਰ ਵਧੇਰੇ ਕਰਕੇ ਇੱਥੇ ਛੋਲੇ ਬੀਜੇ ਜਾਂਦੇ ਸੀ। ਦੱਖਣੀ-ਪੂਰਬੀ ਖੇਤਰ ਵਿਚ ਘੱਟ ਫ਼ਸਲ ਹੁੰਦੀ ਸੀ। ਜੌਂ, ਛੋਲੇ ਤੇ ਬਾਜਰੇ ਦੀ ਖੇਤੀ ਕੀਤੀ ਜਾਂਦੀ ਸੀ।

ਪੰਜਾਬ ਦੀ ਆਰਥਿਕਤਾ ਜ਼ਿਆਦਾ ਕਰਕੇ ਖੇਤੀ ਪ੍ਰਧਾਨ ਸੀ। ਖੇਤੀ ਦੇ ਸੰਦ ਰਵਾਇਤੀ ਸਨ, ਮੁਖ ਤੌਰ ’ਤੇ ਕਿਸਾਨੀ ਹਾਲਤ ਚੰਗੀ ਨਹੀਂ ਸੀ। ਵਾਪਾਰੀ ਵਰਗ ਤੋਂ ਉਸਦੀ ਲੁੱਟ ਹੋਣੀ ਆਮ ਜਿਹੀ ਗੱਲ ਸੀ। ਕਾਲ, ਬਿਮਾਰੀਆਂ ਤੇ ਲੁੱਟ-ਖਸੁੱਟ ਨੇ ਉਸਦੀ ਹਾਲਤ ਹੋਰ ਵੀ ਖ਼ਰਾਬ ਕਰ ਦਿੱਤੀ ਸੀ। ਦੁਆਬਾ ਦਾ ਖੇਤਰ ਵੇਧੇਰੇ ਕਰਕੇ ਉੱਜੜਿਆ ਰਹਿੰਦਾ ਸੀ।

ਵਾਪਾਰ ਵਧੇਰੇ ਕਰਕੇ ਦਰਿਆਵਾਂ ਰਾਹੀਂ ਹੁੰਦਾ ਸੀ, ਬੇੜੀਆਂ ਰਾਹੀਂ ਸਮਾਨ ਭੇਜਿਆ ਜਾਂਦਾ ਸੀ। ਵਾਪਾਰਿਕ ਰਸਤੇ ਉਪਜਾਉ ਖੇਤਰਾਂ ਵਿਚੋਂ ਲੰਘਦੇ ਸਨ। ਕੰਧਾਰ ਤੋਂ ਦਿੱਲੀ ਜਾਣ ਵਾਲਾ ਰਸਤਾ ਮੁਲਤਾਨ, ਹੜੱਪਾ, ਪਾਕਪਟਨ, ਸਰਸਾ ਤੋਂ ਲੰਘਦਾ ਸੀ। ਕਾਬਲ ਤੋਂ ਕਾਂਗੜਾ, ਪੇਸ਼ਾਵਰ, ਟੈਕਸਲਾ, ਪਠਾਨਕੋਟ ਰਾਹੀਂ ਜਾਇਆ ਜਾਂਦਾ ਸੀ। ਕਾਬਲ ਤੋਂ ਦਿੱਲੀ ਜਾਣ ਲਈ ਲਾਹੌਰ, ਜਲੰਧਰ ਰਾਹੀਂ ਅਤੇ ਗਜ਼ਨੀ ਤੋਂ ਦਿੱਲੀ ਵਾਸਤੇ ਭੱਖਰ, ਸ਼ੋਰਕੋਟ, ਹੜੱਪਾ ਅਤੇ ਸਰਸਾ ਆਉਂਦੇ ਸਨ।[108]

ਵਾਪਾਰੀ ਜ਼ਿਆਦਾਤਰ ਲੁਬਾਣੇ, ਖੱਤਰੀ, ਅਤੇ ਭਾਟੀਆ ਵਰਗਾਂ ਵਿਚੋਂ ਸਨ। ਵਾਪਾਰ ਘੋੜਿਆਂ, ਊਠਾਂ ਤੇ ਖੋਤਿਆਂ ਨਾਲ ਹੁੰਦਾ ਸੀ। ਪੰਜਾਬ ਦਾ ਅੰਦਰੂਨੀ ਵਾਪਾਰ ਵੀ ਕਾਫ਼ੀ ਸੀ। ਖੇਤੀ ਦੀ ਉਪਜ ਨੀਲ ਅਤੇ ਕਮਾਦ ਸਿੰਧ ਅਤੇ ਕਾਬਲ ਨੂੰ ਭੇਜੇ ਜਾਂਦੇ ਸਨ। ਕਪਾਹ ਤੇ ਤੇਲ ਦੇ ਬੀਜ ਵੀ ਬਰਾਮਦ ਹੁੰਦੇ ਸਨ। ਖੰਡ, ਦਾਲਾਂ, ਘਿਉ ਅਤੇ ਲੂਣ, ਆਦਿ ਵੀ ਬਾਹਰ ਜਾਂਦੇ ਸਨ। ਸਤਲੁਜ ਹੇਠਾੜ ਖੇਤਰ ਵਿਚ ਫ਼ੀਰੋਜ਼ਪੁਰ, ਫਾਜ਼ਿਲਕਾ, ਮੁਕਤਸਰ, ਕੋਟਕਪੂਰਾ ਅਤੇ ਬਠਿੰਡਾ ਵਾਪਾਰਕ ਮੰਡੀਆਂ ਸਨ। ਦੁਆਬੀ ਖੇਤਰਾਂ ਵਿਚ ਜਲੰਧਰ ਅਤੇ ਅੰਮ੍ਰਿਤਸਰ, ਜੇਹਲਮ, ਰਾਵਲਪਿੰਡੀ, ਗੁਜਰਾਂਵਾਲਾ, ਵਜ਼ੀਰਾਬਾਦ ਅਤੇ ਐਮਨਾਬਾਦ, ਆਦਿ ਵਿਚ ਵਾਪਾਰਿਕ ਕੇਂਦਰ ਕਾਇਮ ਸਨ।

ਮੁੱਖ ਦਸਤਕਾਰੀ ਜੁਲਾਹੇ, ਮੋਚੀ, ਲੁਹਾਰ, ਤਰਖਾਣ, ਤੇਲੀ ਅਤੇ ਘੁਮਿਆਰ, ਆਦਿ ਦੇ ਖਿੱਤਿਆਂ ਨਾਲ ਸੰਬੰਧਿਤ ਸਨ ਜੋ ਰਾਜਨੀਤਿਕ ਉਥਲ-ਪੁਥਲ ਨਾਲ ਵਧੇਰੇ ਪ੍ਰਭਾਵਿਤ ਨਹੀਂ ਹੁੰਦੇ ਸਨ ਤੇ ਲੋਕਾਂ ਦੀਆਂ

[108] Hari Ram Gupta, *History of the Sikhs (Vol. 4),* p. 416

ਲੋੜਾਂ ਪੂਰੀਆਂ ਕਰਦੇ ਰਹਿੰਦੇ ਸਨ। ਚੀਨੀ ਰੇਸ਼ਮ ਦੀ ਬੁਣਤੀ ਅੰਮ੍ਰਿਤਸਰ ਅਤੇ ਮੁਲਤਾਨ ਵਿਚ ਆਮ ਸੀ। ਠਠੇਰਿਆਂ ਦਾ ਕਿੱਤਾ ਪੂਰਬੀ ਪੰਜਾਬ ਵਿਚ ਆਮ ਸੀ।

ਲਾਹੌਰ ਸ਼ਹਿਰ ਰੇਸ਼ਮ ਬਨਾਉਣ, ਹਥਿਆਰ ਬਨਾਉਣ, ਸ਼ਾਲ ਤੇ ਕੱਪੜੇ ਵਾਸਤੇ ਮਸ਼ਹੂਰ ਸੀ। ਮੁਲਤਾਨ ਦੀ ਮੁੱਖ ਦਸਤਕਾਰੀ ਰੇਸ਼ਮ, ਮਿੱਟੀ ਦੇ ਬਰਤਨ, ਗਹਿਣੇ ਅਤੇ ਧਾਤਾਂ ਦਾ ਕੰਮ, ਆਦਿ ਸਨ। ਸ੍ਰੀਨਗਰ ਕਾਗਜ਼, ਗਹਿਣੇ, ਹਥਿਆਰ ਅਤੇ ਚਮੜੇ ਲਈ ਮਸ਼ਹੂਰ ਸੀ। ਲੂਣ ਪਿੰਡੀ ਦਾਦਨ ਖ਼ਾਂ ਦੀਆਂ ਖਾਣਾਂ ਚੋਂ ਕੱਢਿਆ ਜਾਂਦਾ ਸੀ।[109]

ਉਸ ਸਮੇਂ ਪੰਜਾਬ ਵਿਚ ਬਹੁਤ ਸਾਰੇ ਵਰਗਾਂ ਦੇ ਲੋਕ ਰਹਿੰਦੇ ਸਨ। ਚੌਹਾਂ ਵਰਣਾਂ ਵਿਚੋਂ ਬ੍ਰਹਮਣਾਂ ਦੀ ਸਮਾਜਿਕ ਪਦਵੀ ਉੱਚੀ ਸੀ। ਇਨ੍ਹਾਂ ਦੀ ਗਿਣਤੀ ਪੂਰਬੀ ਪਹਾੜੀ ਤੇ ਮੈਦਾਨੀ ਇਲਾਕੇ ਵਿਚ ਵਧੇਰੇ ਸੀ, ਪਰ ਪੱਛਮੀ, ਉੱਤਰੀ ਅਤੇ ਦੱਖਣੀ ਖੇਤਰ ਵਿਚ ਬ੍ਰਹਮਣਾਂ ਦੀ ਗਿਣਤੀ ਬਹੁਤ ਘੱਟ ਸੀ। ਖੱਤਰੀ ਵਪਾਰਕ ਕਿੱਤਾ ਅਪਣਾਉਂਦੇ ਸਨ ਅਤੇ ਕੁਝ ਪ੍ਰਬੰਧਕੀ ਕੰਮਾਂ ਵਿਚ ਲੱਗੇ ਹੋਏ ਸਨ। ਮੁਸਲਮਾਨਾਂ ਵਿਚੋਂ ਬਲੋਚ, ਪਠਾਣ, ਮੁਗ਼ਲ, ਸੱਯਦ, ਗਖੜ, ਖੋਖਰ, ਖਰਲ, ਡੋਗਰ, ਗੁਜਰ, ਅਰਾਈ, ਆਦਿ ਵਧੇਰੇ ਕਰ ਕੇ ਮੱਧ, ਪੱਛਮੀ ਦੱਖਣੀ, ਉੱਤਰੀ ਪੱਛਮੀ ਪੰਜਾਬ ਵਿਚ ਫੈਲੇ ਹੋਏ ਸਨ। ਇਨ੍ਹਾਂ ਦੀ ਕਿੱਤਾ ਖੇਤੀ ਅਤੇ ਪਸ਼ੂ ਪਾਲਣ, ਆਦਿ ਸਨ। ਜੱਟ ਤਕਰੀਬਨ ਸਾਰੇ ਪੰਜਾਬ ਵਿਚ ਸਨ। ਮੱਧ ਪੰਜਾਬ ਵਿਚੋਂ ਇਨ੍ਹਾਂ ਵਿਚ ਵਧੇਰੇ ਸਿੱਖ ਪੰਥ ਵਿਚ ਸ਼ਾਮਿਲ ਹੋ ਰਹੇ ਸਨ। ਬਾਣੀਆਂ ਵਰਗ ਜ਼ਿਆਦਾ ਕਰਕੇ ਵਪਾਰੀ ਸੀ। ਲੁਬਾਣੇ ਜ਼ਿਆਦਾਤਰ ਸਿੱਖਾਂ ਵਿਚੋਂ ਸਨ। ਕਥਿਤ ਨੀਵੇਂ ਵਰਗ ਦੇ ਲੋਕਾਂ ਵਿਚ ਮੀਰਾਸੀ, ਸਾਂਸੀ, ਮਜ਼ਬੀ ਤੇ ਰਵਿਦਾਸੀਏ ਸਨ। ਜਿਨ੍ਹਾਂ ਦੀ ਸਮਾਜਿਕ ਹਾਲਤ ਬਹੁਤ ਮਾੜੀ ਸੀ। ਸਾਂਸੀ ਸ਼ਿਕਾਰ ਦਾ ਕਿੱਤਾ ਅਪਣਾਉਂਦੇ ਸਨ। ਮਜ਼ਬੀ ਤੇ ਰਵਿਦਾਸੀਏ ਸਫ਼ਾਈ ਦਾ ਕੰਮ ਕਰਦੇ ਸਨ। ਸਾਂਸੀ ਤੇ ਮਰਾਸੀ ਮੰਗ ਕੇ ਖਾਂਦੇ ਸਨ ਤੇ ਲੋਕਾਂ ਦੀ ਕਲਾਣ ਕਰਕੇ ਗੁਜ਼ਾਰਾ ਕਰਦੇ ਸਨ।

ਵਿਆਹ ਪੱਖੋਂ ਮੁਸਲਮਾਨਾਂ ਵਿਚੋਂ ਖ਼ਾਸ ਕਰਕੇ ਉੱਚ ਵਰਗ ਦੇ ਮੁਸਲਮਾਨਾਂ ਵਿਚ ਚਾਰ ਤੱਕ ਸ਼ਾਦੀਆਂ ਦਾ ਰਿਵਾਜ ਸੀ। ਆਦਮੀ ਔਰਤ ਨੂੰ ਮਰਜੀ ਮੁਤਾਬਿਕ ਤਲਾਕ ਦੇ ਸਕਦਾ ਸੀ। ਹਿੰਦੂਆਂ ਵਿਚ ਜ਼ਿਆਦਾਤਰ ਇਕ ਵਿਆਹ ਹੁੰਦਾ ਸੀ। ਪਰ ਤਲਾਕ ਕੇਵਲ ਪਰ ਨਰ ਭੋਗਣ ਕਰਕੇ ਹੀ ਹੋ ਸਕਦਾ ਸੀ। ਵਿਧਵਾ ਦਾ ਦੁਬਾਰਾ ਵਿਆਹ ਨਹੀਂ ਸੀ ਹੁੰਦਾ। ਜੱਟਾਂ ਵਿਚ ਚਾਦਰ ਪਾਉਣ ਦਾ ਰਿਵਾਜ ਸੀ।[110] ਕੁੜੀਆ ਮਾਰਣ ਦਾ ਰਿਵਾਜ, ਖੱਤਰੀਆਂ, ਬੇਦੀਆਂ, ਸੋਢੀਆਂ ਤੇ ਜੱਟਾਂ ਵਿਚ ਆਮ ਸੀ।[111]

ਆਮ ਲੋਕਾਂ ਦੇ ਜੀਵਨ ਵਿਚ ਵਹਿਮ-ਭਰਮ ਬਹੁਤ ਸਨ। ਵਹਿਮ-ਭਰਮ ਯਾਤਰਾ ਜਾਣ ਸਮੇਂ ਨਾਲ ਸੰਬੰਧਿਤ ਸਨ। ਕੁੱਝ ਖੇਤੀ ਕਰਨ, ਪਸ਼ੂ ਖੀਰਦਣ, ਆਦਿ ਨਾਲ ਜੁੜੇ ਹੋਏ ਸਨ। ਮਾਨਸਿਕ ਬਿਮਾਰੀਆਂ ਨੂੰ ਭੂਤ, ਪ੍ਰੇਤ, ਜਿੰਨ, ਆਦਿ ਨਾਲ ਸੰਬੰਧਿਤ ਮੰਨਿਆਂ ਜਾਂਦਾ ਸੀ। ਇਨ੍ਹਾਂ ਸੰਬੰਧੀ ਬਹੁਤ ਸਾਰੇ ਓਹੜ-ਪੋਹੜ,

---

[109] Lieut Colonel, Steinbach, *The Punjab A Brief Account,* p. 50–54.
[110] ਪਿਆਰਾ ਸਿੰਘ ਪਦਮ, ਪੰਜਾਬੀ ਝਗੜੇ, ਪੰਨਾ 74.
[111] ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਸੀਹਰਫ਼ੀਆਂ ਸਾਧੂ ਵਜ਼ੀਰ ਸਿੰਘ ਜੀ ਕੀਆਂ, ਪੰਨੇ 59-60.

ਧਾਗੇ-ਤਵੀਤ ਪ੍ਰਚਲਿਤ ਸਨ। ਗੁਰੂ ਸਿੱਖਾਂ ਨੂੰ ਭੂਤਾਂ ਦੇ ਗੁਰੂ ਵੀ ਮੰਨਿਆਂ ਜਾਂਦਾ ਸੀ। ਮਹਿਮਾ ਪ੍ਰਕਾਸ਼ ਵਿਚ ਇਸ ਸੰਬੰਧੀ ਕੁਝ ਹਵਾਲੇ ਮਿਲਦੇ ਹਨ।[112]

ਵਿੱਦਿਅਕ ਪ੍ਰਬੰਧ ਫਿਰਕਿਆਂ ਤੇ ਭਾਸ਼ਾਵਾਂ ਦੇ ਆਧਾਰ ਉੱਤੇ ਸੀ। ਮੁਸਲਮਾਨਾਂ ਵਿਚ ਅਰਬੀ ਤੇ ਫ਼ਾਰਸੀ ਦੇ ਸਕੂਲ ਸਨ। ਹਿੰਦੂਆਂ ਵਿਚ ਸੰਸਕ੍ਰਿਤ ਤੇ ਸਿੱਖਾਂ ਵਿਚ ਗੁਰਮੁਖੀ ਦੇ ਸਕੂਲ ਸਨ। ਵਾਪਾਰਿਕ ਕੰਮਾਂ ਲਈ ਮਹਾਜਨੀ ਜਾਂ ਲੰਡੇ ਪੜ੍ਹਾਏ ਜਾਂਦੇ ਸਨ। ਮੁਸਲਿਮ ਸਕੂਲਾਂ ਵਿਚ ਗਣਿਤ, ਭਾਸ਼ਾਵਾਂ, ਸਾਹਿਤ ਅਤੇ ਕੁਰਾਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਹਿੰਦੂ ਸਕੂਲਾਂ ਵਿਚ ਜੋਤਿਸ਼, ਸਾਹਿਤ, ਪਿੰਗਲ, ਪੁਰਾਣ, ਮੰਤਰ, ਵੇਦਾਂਤ ਅਤੇ ਵਿਆਕਰਣ, ਆਦਿਕ ਪੜ੍ਹਾਏ ਜਾਂਦੇ ਸਨ। ਗੁਰਮੁਖੀ ਸਕੂਲਾਂ ਵਿਚ ਪਿੰਗਲ, ਇਤਿਹਾਸ, ਗਣਿਤ, ਗਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਬਾਣੀ ਤੋਂ ਇਲਾਵਾ ਨਿਆਇ, ਸਾਂਖ ਤੇ ਵੇਦਾਂਤ ਵੀ ਪੜਾਇਆ ਜਾਂਦਾ ਸੀ। ਇਉਂ ਸਿੱਖਾਂ ਵਿਚ ਵੇਦਾਂਤ ਤੇ ਹੋਰ ਹਿੰਦੂ ਵਿੱਦਿਆ ਦਾ ਪ੍ਰਸਾਰ ਵੀ ਹੋ ਰਿਹਾ ਸੀ। ਧਰਮ ਤੇ ਵਿੱਦਿਆ ਦਾ ਆਪਸੀ ਅਨਿਖੱੜਵਾਂ ਸੰਬੰਧ ਸੀ। ਫ਼ਾਰਸੀ ਭਾਸ਼ਾ ਰਾਜ ਭਾਸ਼ਾ ਹੋਣ ਕਰਕੇ ਹਿੰਦੂਆ ਤੇ ਸਿੱਖਾਂ ਨੂੰ ਵੀ ਪੜ੍ਹਨੀ ਪੈਂਦੀ ਸੀ। ਪਰ ਫ਼ਾਰਸੀ ਦੇ ਅਧਿਆਪਕ ਹਿੰਦੂ ਵੀ ਹੁੰਦੇ ਸਨ। ਹਿੰਦੂ ਸਿੱਖ ਘਰਾਂ ਵਿਚ ਹਿੰਦੂ ਸਿੱਖ ਫ਼ਾਰਸੀ ਅਧਿਆਪਕ ਰੱਖੇ ਜਾਂਦੇ ਸਨ।[113]

ਅਠ੍ਹਾਰਵੀ ਸਦੀਂ ਵਿਚ ਪੰਜਾਬੀ, ਫ਼ਾਰਸੀ, ਹਿੰਦੀ, ਬ੍ਰਿਜ ਅਤੇ ਉਰਦੂ ਵਿਚ ਸਾਹਿਤ ਦੀ ਰਚਨਾ ਹੋਈ। ਵਾਰਤਕ ਤੇ ਕਵਿਤਾ ਦੋਹਾਂ ਰੂਪਾਂ ਵਿਚ ਸਾਹਿਤ ਰਚਿਆ ਮਿਲਦਾ ਹੈ।

ਦਸਮ ਗ੍ਰੰਥ ਦਾ ਜ਼ਫਰਨਾਮਾ 1705 ਈ. ਵਿਚ ਰਚਿਆ ਗਿਆ। ਇਸ ਫ਼ਾਰਸੀ ਰਚਨਾ ਵਿਚ ਅਨੰਦਪੁਰ ਦੀ ਲੜਾਈ (1704-05 ਈ.) ਦਾ ਉੱਲੇਖ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਤੇ ਯੁੱਧ ਤੰਤਰ ਬਾਰੇ ਵਾਕਫ਼ੀਅਤ ਮਿਲਦੀ ਹੈ। 1709 ਈ. ਦੀ ਅੰਮ੍ਰਿਤਸਰ ਦੀ ਲੜਾਈ ਬਾਰੇ ਪੰਜਾਬੀ ਵਿਚ ਦਰਸ਼ਨ ਕਾਵਿ ਕ੍ਰਿਤ ਵਾਰ ਪ੍ਰਾਪਤ ਹੈ। 1711 ਈ. ਵਿਚ ਸੈਨਾਪਤਿ ਨੇ ਬ੍ਰਿਜ ਭਾਸ਼ਾ ਵਿਚ ਸ੍ਰੀ ਗੁਰ ਸੋਭਾ ਲਿਖੀ। ਜੋ ਗੁਰੂ ਗੋਬਿੰਦ ਸਿੰਘ ਦੇ ਜੀਵਨ ਤੇ ਮਿਸ਼ਨ ਬਾਰੇ ਅਧਿਐਨ ਲਈ ਮੁੱਢਲਾ ਸਰੋਤ ਹੈ।

ਇਸ ਸਮੇਂ ਦੀ ਸਾਹਿਤ ਰਚਨਾ ਨੂੰ ਸੂਫ਼ੀ-ਕਾਵਿ, ਕਿੱਸਾ-ਕਾਵਿ, ਬੀਰ-ਕਾਵਿ (ਵਾਰਾਂ ਤੇ ਜ਼ੰਗਨਾਮੇ), ਸਾਖੀਆਂ, ਗੋਸ਼ਟਾਂ, ਟੀਕਾਵਾਂ, ਰਹਿਤਨਾਮੇ, ਹੁਕਮਨਾਮੇ, ਪਰਚੀਆਂ, ਆਦਿ ਵਿਚ ਵੰਡਿਆ ਜਾ ਸਕਦਾ ਹੈ।

ਸੂਫ਼ੀ ਕਵੀ ਬੁੱਲੇ ਸ਼ਾਹ (1680 ਤੋਂ 1758 ਈ.) ਦੀਆਂ ਕਾਫ਼ੀਆਂ ਵਿਚ ਤਸਵੱਫ਼ ਦੇ ਪ੍ਰਗਟਾਅ ਤੋਂ ਇਲਾਵਾ ਤੱਤਕਾਲੀ ਸਥਿਤੀ ਬਾਰੇ ਵੀ ਵਿਚਾਰ ਮਿਲਦੇ ਹਨ।[114] ਇਸ ਰਾਹੀਂ ਵਰਤੇ ਪ੍ਰਤੀਕ ਪੰਜਾਬੀ ਸੱਭਿਆਚਾਰ ਵਿਚੋਂ ਹਨ ਅਤੇ ਬੋਲੀ ਮਾਝੀ ਪੰਜਾਬੀ ਹੈ। ਅਲੀ ਹੈਦਰ (1690-1785 ਈ.) ਦੀਆਂ ਸੀਹਰਫ਼ੀਆਂ ਵਿਚ ਤਸਵੱਫ਼ ਦਾ ਵਿਸ਼ਾ ਲਿਆ ਗਿਆ ਹੈ। ਇਹ ਕਵੀ ਨਾਦਰਸ਼ਾਹ ਦੇ ਹਮਲੇ ਦਾ ਵਿਰੋਧ ਵੀ ਕਰਦਾ ਹੈ।[115]

---

[112]ਮਹਿਮਾ ਪ੍ਰਕਾਸ਼, ਪੰਨੇ 202/ੳ,ਅ, 207/ੳ,ਅ.
[113] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 77 (ਮਤਨ).
[114] ਬਿਕਰਮਜੀਤ ਸਿੰਘ ਘੁੰਮਣ, ਕਾਫ਼ੀਆਂ ਬੁੱਲੇ ਸ਼ਾਹ ਅਲੋਚਨਾ ਅਤੇ ਪਾਠ, ਕਾਫ਼ੀ 33,66,87-88.
[115] ਉਜਾਗਰ ਸਿੰਘ (ਸੰਪਾ.), ਅਲੀ ਹੈਦਰ ਕਾਵਿ-ਰਚਨਾ, ਪੰਨੇ 55, 96.

ਵਾਰਾਂ ਤੇ ਜ਼ੰਗਨਾਮੇ ਦਾ ਸੰਬੰਧ ਤੱਤਕਾਲੀ ਰਾਜਸੀ-ਸਮਾਜਿਕ ਵਿਵਸਥਾ ਨਾਲ ਹੈ। ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀਆਂ ਨੇ ਉਨ੍ਹਾਂ ਰਾਹੀਂ ਮੁਗ਼ਲ ਸਰਕਾਰ ਤੇ ਪਹਾੜੀ ਰਾਜਿਆਂ ਵਿਰੁੱਧ ਹੋਈਆਂ ਲੜਾਈਆਂ ਬਾਰੇ ਵਾਰਾਂ ਮਿਲਦੀਆਂ ਹਨ। ਇਨ੍ਹਾਂ ਵਿਚ ਅਣੀ ਰਇ ਕ੍ਰਿਤ ਵਾਰ ਭੇੜੇ ਕੀ, ਵਾਰ ਭੰਗਾਣੀ ਕੀ ਪ੍ਰਸਿੱਧ ਹਨ। ਲਵ-ਕੁਸ਼ ਤੇ ਕਾਨ੍ਹ ਭਗਵਾਨ ਨਾਲ ਸੰਬੰਧਿਤ ਵਾਰਾਂ ਮਿਥਿਹਾਸਿਕ ਵਿਸ਼ਾ ਵਸਤੂ ਲੈਂਦੀਆਂ ਹਨ। ਚੱਠਿਆਂ ਦੀ ਵਾਰ ਸਰਦਾਰ ਮਹਾਂ ਸਿੰਘ ਸ਼ੁਕਰਚਕੀਆਂ ਤੇ ਪੀਰ ਮੁਹੰਮਦ ਚੱਠਾ ਵਿਚਕਾਰ ਲੜਾਈਆਂ ਦਾ ਹਾਲ ਦੱਸਦੀ ਹੈ। ਨਿਜ਼ਾਬਤ ਦੀ ਨਾਦਰ ਸ਼ਾਹ ਦੀ ਵਾਰ ਵਿਚ ਨਾਦਰਸ਼ਾਹ ਦੇ ਹਮਲੇ ਦੇ ਕਾਰਨਾਂ, ਹਮਲੇ ਦੇ ਉੱਲੇਖ ਤੇ ਦੇਸ਼ ਭਗਤੀ ਦਾ ਪ੍ਰਗਟਾਅ ਹੈ। ਅਗਰਾ ਨੇ ਹਕੀਕਤ ਰਾਇ ਦੀ ਵਾਰ ਵਿਚ ਹਕੀਕਤ ਰਾਇ ਦੀ ਸ਼ਹੀਦੀ ਬਾਰੇ 1790 ਈ. ਲਿਖਿਆ। ਦਿਆਲ ਸਿੰਘ ਨੇ 1797 ਈ. ਵਿਚ ਸਾਹਿਬ ਸਿੰਘ ਭੰਗੀ ਦੇ ਸਾਹੰਚੀ (ਸ਼ਾਹਜ਼ਮਾਨ ਵਲੋਂ ਸਿੰਧ ਸਾਗਰ ਦੁਆਬ ਦਾ ਹਾਕਮ) ਦੀ ਗੁਜਰਾਤ ਵਾਲੀ ਲੜਾਈ ਦਾ ਹਾਲ ਵਾਰ ਸਿੰਘਾਂ ਕੀ ਵਿਚ ਦਿੱਤਾ ਹੈ। 1786 ਈ. ਵਿਚ ਕਿਰਪਾ ਦਿਆਲ ਭੱਲਾ ਦੇ ਫ਼ਤਿਹਨਾਮਾ ਸਤਿਗੁਰੂ ਜੀ ਦੇ ਪੰਥ ਕਾ ਲਿਖਿਆ।

ਮੁਕਬਲ, ਵਾਰਿਸ ਤੇ ਹਾਸ਼ਮ ਦੇ ਕਿੱਸਿਆ ਵਿਚ ਤੱਤਕਾਲੀ ਸਮਾਜਿਕ ਵਾਤਾਵਰਣ ਦਾ ਉੱਲੇਖ ਕਾਫ਼ੀ ਹੈ। ਵਾਰਿਸ ਤੇ ਹਾਸ਼ਿਮ ਵਿਚ ਤੱਤਕਾਲੀ ਰਾਜਸੀ ਪਰਸਥਿਤੀਆਂ ਵੱਲ ਇਸ਼ਾਰੇ ਵੀ ਮਿਲਦੇ ਹਨ।[116]

ਸੁੱਖਾ ਸਿੰਘ ਦਾ ਗੁਰਬਿਲਾਸ ਪਾਤਿਸ਼ਾਹੀ ਦਸਵੀਂ (1797 ਈ.) ਗੁਰਬਿਲਾਸ ਰੂਪਾਕਾਰ ਦਾ ਸਿਖਰ ਹੈ। ਜੋ ਸਿੱਖ ਸੰਘਰਸਾਂ ਦੇ ਤੱਤਕਾਲੀ ਵਾਤਾਵਰਣ ਦੀ ਉਪਜ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਉੱਦੇਸ਼ ਤੇ ਸੰਘਰਸ਼ਾਂ ਦਾ ਵਰਣਨ ਕੀਤਾ ਗਿਆ ਹੈ।

ਉਰਦੂ ਵਿਚ ਨਾਂਮਵਰ ਖਾਂ ਦੱਤ ਨੇ ਚੜ੍ਹਤ ਸਿੰਘ ਸ਼ੁਕਰਚਕੀਆਂ ਦੀ ਮੌਤ ਉੱਤੇ ਮਰਸੀਆ ਲਿਖਿਆ, ਜਿਸ ਵਿਚ ਉਸਦੀ ਉਪਮਾ ਕੀਤੀ ਗਈ ਹੈ।[117] ਮੁਹੰਮਦ ਗੌਂਸ ਬਟਾਲਵੀ ਨੇ ਗੁਰਬਖ਼ਸ਼ ਸਿੰਘ ਘਨ੍ਹਈਆ ਦੀ ਅੱਚਲ ਬਟਾਲੇ ਦੀ ਲੜਾਈ ਵਿਚ ਹੋਈ ਮੌਤ ਬਾਰੇ ਮਰਸੀਆ ਲਿਖਿਆ।[118]

ਦਿਲ ਮੁਹੰਮਦ ਦਿਲਸ਼ਾਦ ਪਸਰੂਰੀ ਨੇ ਦੀਵਾਨ-ਇ-ਦਿਲਸ਼ਾਦ ਵਿਚ ਸਿੱਖਾਂ ਰਾਹੀਂ ਲੁੱਟਮਾਰ ਤੇ ਅਬਦਾਲੀ ਦੇ ਹਮਲਿਆਂ ਬਾਰੇ ਫ਼ਾਰਸੀ ਕਵਿਤਾ ਵਿਚ ਉੱਲੇਖ ਕੀਤਾ।[119] ਕਾਜ਼ੀ ਨੂਰ ਮੁਹੰਮਦ ਦੇ ਜ਼ੰਗਨਾਮੇ ਵਿਚ ਅਬਦਾਲੀ ਦੇ 1765 ਈ. ਵਾਲੇ ਹਮਲੇ ਅਤੇ ਸਿੱਖਾ ਦੀ ਤੱਤਕਾਲੀ ਸਥਿਤੀ ਬਾਰੇ ਪਤਾ ਲੱਗਦਾ ਹੈ।

ਸਾਖੀ ਰੂਪਾਕਾਰ ਇਸ ਸਮੇਂ ਵੀ ਪ੍ਰਚਲਿਤ ਰਹੀ ਭਾਵੇਂ ਉਸਦੀ ਲੋੜ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੇ ਬਾਅਦ ਨਹੀਂ ਰਹੀ ਸੀ।[120] ਭਾਈ ਮਨੀ ਸਿੰਘ ਦੇ ਨਾਂ ਨਾਲ ਗਿਆਨ ਰਤਨਾਵਲੀ (ਜਨਮਸਾਖੀ ਗੁਰੂ ਨਾਨਕ ਦੇਵ ਜੀ) ਤੇ ਭਗਤ ਰਤਨਾਵਲੀ ਸੰਬੰਧਿਤ ਸਨ। ਭਾਵੇ ਇਹ ਉਦਾਸੀ ਰਚਨਾਵਾਂ ਹਨ। ਸਾਖੀ

---

[116] ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਵਾਰਿਸ਼ ਸ਼ਾਹ, ਛੰਦ 33, 54, 55, 72, 139 ਪੰਨੇ 74, 79, ਪਿਆਰਾ ਸਿੰਘ ਪਦਮ (ਸੰਪਾ.), ਹਾਸ਼ਮ ਰਚਨਾਵਲੀ, ਪੰਨੇ 110, 129.

[117] ਹਾਫ਼ਿਜ਼ ਮਹਿਮੂਦ ਸ਼ੈਰਾਨੀ, ਪੰਜਾਬ ਵਿਚ ਉਰਦੂ, ਪੰਨੇ 269-71.

[118] ਉਹੀ, ਪੰਨੇ 272-76.

[119] ਉਹੀ, ਪੰਨੇ 276-293.

[120] S. Hans, *Early Sikh Litrature, Journal of Regional History,* 1982, p. 8.

ਰੂਪਾਕਾਰ ਵਿਚ ਹੀ ਪਰਚੀਆਂ ਦਸਾਂ ਪਾਤਿਸ਼ਾਹੀਆਂ ਕੀਆਂ (ਸੇਵਾ ਦਾਸ), ਜਨਮਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ (ਸੰਤ ਦਾਸ ਛਿੱਬਰ), ਗੁਰੂ ਨਾਨਕ ਵਿਜੇ (ਸੰਤਰੇਣ), ਸੌ ਸਾਖੀਆਂ ਤੇ ਮਹਿਮਾ ਪ੍ਰਕਾਸ਼ (ਕਾਵਿ) ਅਤੇ ਮਹਿਮਾ ਪ੍ਰਕਾਸ਼ (ਵਾਰਤਕ) ਹਨ। ਇਨ੍ਹਾਂ ਵਿਚ ਦਸ ਗੁਰੂ ਸਾਹਿਬਾਨ ਬਾਰੇ ਸਾਖੀਆਂ ਹਨ। ਸਾਖੀ ਰੂਪਾਕਾਰ ਕਾਵਿ-ਰੂਪ ਵੀ ਧਾਰਨ ਕਰ ਰਹੀ ਹੈ।

ਇਸ ਸਮੇਂ ਦੀ ਹੋਰ ਰਚਨਾ ਹੁਕਮਨਾਮੇ ਹਨ ਜੋ ਬਾਬਾ ਬੰਦਾ ਸਿੰਘ ਬਹਾਦਰ, ਮਾਤਾ ਸੁੰਦਰੀ, ਮਾਤਾ ਸਾਹਿਬ ਦੇਵਾਂ ਅਤੇ ਤਖ਼ਤ ਸਾਹਿਬਾਨ ਵਲੋਂ ਜਾਰੀ ਹੋਏ ਹਨ।[121] ਇਨ੍ਹਾਂ ਵਿਚੋਂ ਸਿੱਖ ਪੰਥ ਨਾਲ ਸੰਬੰਧਿਤ ਸਮਗੱਰੀ ਮਿਲਦੀ ਹੈ।

ਸਿੱਖ ਮਿਸਲਾਂ ਦੇ ਆਰੰਭ ਵਿਚ ਕੁੱਝ ਰਹਿਤਨਾਮਿਆਂ ਦੀ ਸਿਰਜਣਾ ਹੋਈ ਜੋ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਸਮਕਾਲੀ ਸਿੱਖਾਂ ਨਾਲ ਸੰਬੰਧਿਤ ਸਨ। ਚੌਪਾ ਸਿੰਘ ਦੇ ਨਾਮ ਤੇ ਰਹਿਤਨਾਮਾ ਸਿੱਖ ਮਤ ਉੱਤੇ ਪੈ ਰਹੇ ਬ੍ਰਾਹਮਣੀ ਮਤ ਦੇ ਪ੍ਰਭਾਵ ਨੂੰ ਵਿਸ਼ੇਸ਼ ਕਰਕੇ ਦਰਸਾਉਂਦਾ ਹੈ।[122]

ਇਸ ਸਮੇਂ ਕੁੱਝ ਸੰਪਰਦਾਵਾਂ ਵੱਲੋਂ ਸਾਹਿਤ ਰਚਿਆ ਗਿਆ ਜਿਵੇਂ ਟੀਕਾ ਅਨੰਦਘਨ (ਉਦਾਸੀ), ਸਾਖੀਆਂ ਅਡਣ ਸ਼ਾਹ (ਸਹਜ ਰਾਮ ਸੇਵਾ ਪੰਥੀ) ਅਤੇ ਅਧਿਆਤਮ ਰਾਮਾਇਣ (ਗੁਲਾਬ ਸਿੰਘ ਨਿਰਮਲਾ), ਆਦਿ । ਉਦਾਸੀਆਂ ਤੇ ਨਿਰਮਲਿਆਂ ਦੀਆਂ ਰਚਨਾਵਾਂ ਵਿਚ ਅਦਵੈਤ ਵੇਦਾਂਤ ਦਾ ਪ੍ਰਭਾਵ ਪਿਆ ਹੈ। ਕਿਤੇ-ਕਿਤੇ ਇਸ ਵਿਚਾਰਧਾਰਾ ਦੀ ਕਾਫ਼ੀ ਵਿਆਖਿਆ ਕੀਤੀ ਗਈ ਹੈ।[123]

ਪੰਜਾਬ ਦੇ ਲੋਕ ਧਰਮ ਪੱਖੋਂ ਤਿੰਨ ਵਰਗਾਂ ਇਸਲਾਮ, ਹਿੰਦੂ ਤੇ ਸਿੱਖਾਂ ਵਿਚ ਵੰਡੇ ਹੋਏ ਸਨ। ਇਸਲਾਮ ਦੇ ਸੁੰਨੀ ਤੇ ਸ਼ੀਆ ਦੋ ਵਰਗਾਂ ਦੇ ਲੋਕ ਪੰਜਾਬ ਵਿਚ ਵੱਸਦੇ ਸਨ। ਔਰਗ਼ਜ਼ੇਬ ਵੱਲੋਂ ਸੁੰਨੀ ਲੋਕਾਂ ਨਾਲ ਚੰਗਾ ਪੱਖਪਾਤੀ ਵਿਹਾਰ ਹੋਣ ਕਰਕੇ ਇਹ ਲੋਕ ਚੰਗੀ ਸਥਿਤੀ ਵਿਚ ਸਨ। ਸੂਫ਼ੀ ਫ਼ਕੀਰਾਂ ਵਿਚ ਖ਼ਾਸ ਕਰਕੇ ਚਿਸ਼ਤੀ, ਕਾਦਰੀ, ਨਕਸ਼ਬੰਦੀ ਸਨ। ਇਨ੍ਹਾਂ ਦੇ ਡੇਰੇ ਪੰਜਾਬ ਵਿਚ ਆਮ ਸਨ। ਕਾਦਰੀ ਸੂਫ਼ੀ ਫ਼ਕੀਰ ਬੁੱਲੇ ਸ਼ਾਹ ਪੰਜਾਬੀ ਦਾ ਪ੍ਰਸਿੱਧ ਕਵੀ ਸੀ।

ਹਿੰਦੂਆਂ ਦੇ ਸ਼ੈਵ, ਵੈਸ਼ਣਵ ਤੇ ਦੇਵੀ ਨਾਲ ਸੰਬੰਧਿਤ ਵਰਗ ਵੀ ਪੰਜਾਬ ਵਿਚ ਕਈ ਥਾਵਾਂ ਤੇ ਕਾਇਮ ਸਨ। ਨਾਥਾਂ ਦੇ ਡੇਰੇ ਪੰਜਾਬ ਦੇ ਕਈ ਸ਼ਹਿਰਾਂ ਵਿਚ ਮਿਲਦੇ ਸਨ। ਵੈਸ਼ਣਵ ਡੇਰੇ ਵੀ ਆਮ ਸਨ। ਕਾਂਗੜੇ ਤੇ ਜੰਮੂ ਦੇ ਪਹਾੜਾਂ ਵਿਚ ਦੇਵੀ ਪੂਜਾ ਦਾ ਰਿਵਾਜ ਚਲਦਾ ਸੀ। ਟਿੱਲਾ ਗੋਰਖ਼ ਨਾਥ ਤੇ ਜਖਬੜ (ਨਾਥ), ਪੰਡੋਰੀ ਮਹੰਤਾਂ (ਗੁਰਦਾਸਪੁਰ), (ਵੈਸਨਵ) ਕਾਂਗੜਾ ਤੇ ਤ੍ਰਿਕਟਾ (ਜੰਮੂ) ਵਿਚ ਦੇਵੀ ਦੇ ਸਥਾਨ ਪੰਜਾਬ ਵਿਚ ਪ੍ਰਸਿੱਧ ਸਨ।[124] ਨਿਗਾਹੇ ਦੇ ਸਖੀ ਸਰਵਰ ਨੂੰ ਹਿੰਦੂ, ਮੁਸਲਿਮ ਅਤੇ ਸਿੱਖ ਸਭ ਮੰਨਦੇ ਸਨ।[125]

ਲੋਕ ਧਰਮ ਵਜੋਂ ਦਰਖਤ ਪੂਜਾ, ਸਰਪ ਪੂਜਾ, ਪਿਤਰ ਪੂਜਾ, ਗਊ ਪੂਜਾ, ਆਦਿ ਪ੍ਰਚਲਿਤ ਸਨ। ਸਰਪ ਪੂਜਾ ਵਜੋਂ ਗੁੱਗੇ ਦੀਆਂ ਮੱਟੀਆਂ ਮੱਧ ਪੰਜਾਬ, ਜੰਮੂ ਤੇ ਕਾਂਗੜਾ ਵਿਚ ਆਮ ਮਿਲਦੀਆਂ ਸਨ।

---

[121] ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨੇ 168-233.
[122] ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨੇ 80-133.
[123] ਰਾਇੇਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 13.
[124] J.S. Grewal and B.N. Goswami, *The Mughal and Sikh Rulers and the Vaishnavas of Pindori,* p. 1.
[125] ਮਹਿਮਾ ਪ੍ਰਕਾਸ਼, ਪੰਨਾ 266/ੳ,ਅ.

ਗੁਰੂ ਗੋਬਿੰਦ ਸਿੰਘ ਤੋਂ ਬਾਅਦ ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਗੁਰਿਆਈ ਮਿਲਣ ਕਰਕੇ ਵਿਅਕਤੀ ਗੁਰੂ ਕੋਈ ਨਾ ਰਿਹਾ। ਫਿਰ ਵੀ ਬੰਦਈਆਂ, ਗੁਲਾਬ ਰਾਇ (ਸੂਰਜ ਮੱਲ ਦੇ ਪੁੱਤਰ), ਗੰਗੂ ਸ਼ਾਹ, ਅਜੀਤ ਸਿੰਘ (ਮਾਤਾ ਸੁੰਦਰੀ ਦੇ ਪਾਲਤ ਪੁੱਤਰ), ਆਦਿ ਨੇ ਆਪਣੇ ਆਪ ਨੂੰ ਗੁਰੂ ਐਲਾਨ ਕੇ ਵੱਖਰੀਆਂ ਗੱਦੀਆਂ ਚਲਾਈਆਂ।[126] ਇਸ ਤੋਂ ਬਿਨਾ ਨਿਰਮਲੇ, ਸੇਵਾ ਪੰਥੀ ਅਤੇ ਉਦਾਸੀ ਸਿੱਖ ਵਰਗ ਵੀ ਪੰਜਾਬ ਵਿਚ ਪ੍ਰਚਲਿਤ ਸਨ। ਜੰਡਿਆਲੇ ਦੇ ਬਾਬੇ ਹੰਦਾਲ ਦਾ ਨਿਰੰਜਨੀ ਮਤ ਵੀ ਕਾਫ਼ੀ ਪ੍ਰਭਾਵ ਪਾ ਰਿਹਾ ਸੀ। ਇਨ੍ਹਾਂ ਰਾਹੀਂ ਲਿਖਵਾਈ ਜਨਮਸਾਖੀ ਭਾਈ ਬਾਲਾ ਪੰਜਾਬ ਵਿਚ ਕਾਫ਼ੀ ਮਕਬੂਲ ਰਹੀ।[127] ਇਸ ਰਚਨਾ ਦਾ ਪ੍ਰਭਾਵ ਸੰਤ ਦਾਸ ਛਿੱਬਰ ਦੀ ਜਨਮਸਾਖੀ ਗੁਰੂ ਨਾਨਕ, ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਅਤੇ ਇਥੋਂ ਤੱਕ ਕਿ ਮਹਿਮਾ ਪ੍ਰਕਾਸ਼ ਉੱਤੇ ਵੀ ਪਿਆ।[128]

ਸਿੱਖ ਪੰਥ ਉੱਤੇ ਬ੍ਰਹਮਣੀ ਰੀਤੀ-ਰਿਵਾਜ਼ਾਂ ਦਾ ਪ੍ਰਭਾਵ ਚੱਲ ਰਿਹਾ ਸੀ। ਜਿਸ ਬਾਰੇ ਤੱਤਕਾਲੀ ਰਚਨਾਵਾਂ ਮਹਿਮਾ ਪ੍ਰਕਾਸ਼[129], ਗੁਰਬਿਲਾਸ ਪਾਤਿਸ਼ਾਹੀ ਦਸਵੀਂ[130] ਤੋਂ ਪਤਾ ਲੱਗਦਾ ਹੈ। ਉਦਾਸੀ ਤੇ ਨਿਰਮਲੇ ਸੰਤਾਂ ਦੀਆਂ ਰਚਨਾਵਾਂ ਵੇਦਾਂਤ ਦੇ ਪ੍ਰਭਾਵ ਹੇਠ ਆ ਗਈਆਂ ਸਨ ਜਿਵੇਂ ਅਨੰਦਘਣ ਦੇ ਟੀਕੇ, ਗੁਲਾਬ ਸਿੰਘ ਨਿਰਮਲੇ ਦੇ ਸ੍ਰੀ ਮੋਖ ਪੰਥ ਪ੍ਰਕਾਸ਼, ਅਧਿਆਤਮ ਰਮਾਇਣ ਆਦਿ ਵੇਖੀਆਂ ਜਾ ਸਕਦੀਆਂ ਹਨ।[131]

ਸਿੱਖਾਂ ਵਿਚ ਧਾਰਮਿਕ ਤੇ ਰਾਜਨੀਤਿਕ ਸੰਸਥਾਵਾਂ ਵਿਚੋਂ ਗੁਰੂ, ਲੰਗਰ, ਧਰਮਸਾਲ ਤੇ ਸੰਗਤ ਸੰਸਥਾਂ ਚੱਲ ਰਹੀਆਂ ਸਨ। ਵਿਅਕਤੀ ਗੁਰੂ ਦੀ ਥਾਂ ਪੰਥ ਅਤੇ ਗ੍ਰੰਥ ਦੋਹਾਂ ਨੇ ਲੈ ਲਈ ਸੀ। ਗੁਰਮਤਾ ਸੰਸਥਾ ਕੰਮ ਕਰ ਰਹੀ ਸੀ ਪਰ ਸਿੱਖ ਮਿਸਲਾਂ ਵੇਲੇ ਰਾਜ ਸੰਸਥਾ ਵੱਲ ਝੁਕਾਅ ਵੱਧ ਰਿਹਾ ਸੀ।[132] ਇਨ੍ਹਾਂ ਪਰਿਸਥਿਤੀਆਂ ਦੇ ਚੌਖਟੇ ਵਿਚ ਮਹਿਮਾ ਪ੍ਰਕਾਸ਼ ਦੀਆਂ ਗਵਾਹੀਆਂ ਤੂੰ ਸਮਝਣ ਦਾ ਯਤਨ ਕੀਤਾ ਜਾਵੇਗਾ।

---

[126] ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨੇ 236, 245.
[127] ਕਰਮ ਸਿੰਘ ਹਿਸਟੋਰੀਅਨ, ਕੱਤਕ ਕਿ ਵਿਸਾਖ, ਪੰਨੇ 118-119.
[128] ਸੰਤ ਦਾਸ ਛਿੱਬਰ (ਸੰਪਾ.), ਜਨਮਸਾਖੀ ਗੁਰੂ ਨਾਨਕ ਸ਼ਾਹ ਕੀ, ਪੰਨਾ 2.
[129] ਮਹਿਮਾ ਪ੍ਰਕਾਸ਼, ਪੰਨੇ 1/ੳ-5/ੳ.
[130] ਮਨਵਿੰਦਰ ਸਿੰਘ (ਸੰਪਾ.), ਸੁੱਖਾ ਸਿੰਘ ਕ੍ਰਿਤ ਗੁਰਬਿਲਾਸ ਪਾਤਿਸ਼ਾਹੀ ਦਸਮੀਂ, ਅਧਿ. 10-147, 162.
[131] ਵੇਖੋ ਫੁਟ ਨੋਟ ਨੰਬਰ 115.
[132] ਮਹਿਮਾ ਪ੍ਰਕਾਸ਼, ਪੰਨਾ 458/ਅ.

ਮਹਿਮਾ ਪ੍ਰਕਾਸ਼ : ਜਾਣ-ਪਛਾਣ

ਰਚਨਾਕਾਰੀ

ਮਹਿਮਾ ਪ੍ਰਕਾਸ਼ ਅਠਾਰ੍ਹਵੀਂ ਸਦੀ ਦੀ ਇਕ ਮਹੱਤਵਪੂਰਨ ਰਚਨਾ ਹੈ, ਜੋ ਕਿਸੇ ਹੱਦ ਤੱਕ ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਨਾਲ ਮੇਚ ਖਾਂਦੀ ਹੈ। ਦੋਹਾਂ ਦੀ ਸਾਂਝੀ ਗੱਲ ਇਹ ਹੈ ਕਿ ਦੋਹਾਂ ਵਿਚ ਦਸ ਗੁਰੂ ਸਾਹਿਬਾਨ ਅਤੇ ਬੰਦਾ ਬਹਾਦਰ ਬਾਰੇ ਇੰਨੀ ਭਰਵੀ ਜਾਣਕਾਰੀ ਪਹਿਲਾਂ-ਪਹਿਲ ਮਿਲਦੀ ਹੈ। ਜਿੱਥੋਂ ਤੱਕ ਇਨ੍ਹਾਂ ਰਚਨਾਵਾਂ ਦੀ ਲਿਖਣ-ਵਿਧੀ ਦਾ ਤੁਅਲਕ ਹੈ ਮਹਿਮਾ ਪ੍ਰਕਾਸ਼ ਸਰੂਪ ਦਾਸ ਦੀ ਸ਼ਖ਼ਸੀਅਤ ਵਾਂਗ ਹੀ ਵਿਲੱਖਣਤਾ ਰੱਖਦਾ ਹੈ। ਸਰੂਪ ਦਾਸ ਜਿਸਦਾ ਨਾਂ ਸਰੂਪ ਚੰਦ[1] ਵੀ ਹੈ, ਇਕ ਅਹਿਮ ਸਾਖੀਕਾਰ ਹੈ। ਉਹ ਸਿੱਖ ਸਾਹਿੱਤ ਦੇ ਇਤਿਹਾਸ ਵਿਚ ਨਵੇਕਲੀ ਥਾਂ ਰੱਖਦਾ ਹੈ। ਉਹ ਮੱਧਕਾਲੀ ਚੇਤਨਾ ਵਿਚ ਇਤਿਹਾਸਕਾਰ, ਵਿਆਖਿਆਕਾਰ, ਦਾਰਸ਼ਨਿਕ ਹੁੰਦਾ ਹੋਇਆ ਮੁੱਖ ਰੂਪ ਵਿਚ ਕਵੀ ਅਤੇ ਸਭ ਤੋਂ ਵੱਧ ਗੁਰਮਤਿ ਦਾ ਧਾਰਨੀ ਸੀ। ਸਮਕਾਲੀ ਪੰਜਾਬੀ ਸਿੱਖ ਸਾਹਿੱਤ ਵਿਚ ਸਰੂਪ ਦਾਸ ਭੱਲਾ ਦੀ ਪ੍ਰਤਿਭਾ ਭਾਈ ਮਨੀ ਸਿੰਘ, ਕੇਸਰ ਸਿੰਘ ਛਿੱਬਰ ਅਤੇ ਭਾਈ ਸੁੱਖਾ ਸਿੰਘ ਦੀ ਹਾਣੀ ਹੈ। ਜਨਮਸਾਖੀ ਪੰਰਪਰਾ ਦੇ ਅੰਤਰਗਤ ਮਹਿਮਾ ਪ੍ਰਕਾਸ਼ ਦਾ ਸਥਾਨ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਤੋਂ ਬਾਅਦ ਨਿਯਤ ਕੀਤਾ ਜਾ ਸਕਦਾ ਹੈ। ਪਰ ਇਸਦੇ ਬਾਰੇ ਕੋਈ ਖ਼ਾਸ ਜਾਣਕਾਰੀ ਨਹੀਂ ਮਿਲਦੀ। ਉਦਾਹਰਣ ਵਜੋਂ ਇਸਦਾ ਜਨਮ ਵਰ੍ਹਾ ਪ੍ਰਾਪਤ ਨਹੀਂ ਹੁੰਦਾ। ਪਰ ਜੋ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ, ਉਹ ਇਹ ਹੈ ਕਿ ਸਰੂਪ ਦਾ ਭੱਲਾ ਗੁਰੂ ਅਮਰਦਾਸ ਦੀ ਨੌਵੀਂ ਪੀੜ੍ਹੀ ਸਨ ਅਤੇ ਉਹ ਗੁਰੂ ਅਮਰਦਾਸ ਦੇ ਪੁੱਤਰ ਮੋਹਰੀ ਜੀ ਦੇ ਸਪੁੱਤਰ ਬਾਬਾ ਅਰਜਾਨੀ ਜੀ ਦੀ ਵੰਸ ਵਿਚੋਂ ਸਨ।[2] ਗੁਰੂ ਅਮਰਦਾਸ ਦੇ ਵੰਸ਼ਜ਼ਾਂ ਨੂੰ ਥੰਮਿਆਂ ਨਾਲ ਪੁਕਾਰਿਆ ਜਾਂਦਾ ਹੈ ਅਤੇ ਇਨ੍ਹਾਂ ਥੰਮਿਆਂ ਦੀ ਗਿਣਤੀ ਚਾਰ ਹੈ, ਥੰਮਾ ਬਾਬਾ ਮੋਹਨ ਜੀ ਦਾ, ਥੰਮਾ ਬਾਬਾ ਆਨੰਦ ਜੀ ਦਾ, ਥੰਮਾ ਬਾਬਾ ਅਰਥਮੱਲ ਜੀ ਦਾ ਅਤੇ ਥੱਮਾ ਬਾਬਾ ਅਰਜਾਨੀ ਜੀ ਦਾ।[3] ਅਸੀਂ ਇਹ ਵੇਖਿਆ ਹੈ ਕਿ ਸਰੂਪ ਦਾਸ ਮੋਹਰੀ ਜੀ ਦੇ ਪੁੱਤਰ ਅਰਜਾਨੀ ਜੀ ਦੇ ਥੰਮੇ ਵਿਚੋਂ ਹੈ ਅਤੇ ਇੰਜ ਇਹ ਪਰਿਵਾਰਕ ਪੱਖੋਂ ਮਹੱਤਤਾ ਰੱਖਦਾ ਹੈ ਕਿਉਂਕਿ ਅਰਜਾਨੀ ਜੀ ਦਾ ਥੰਮਾ ਗਿਣਤੀ ਪੱਖੋਂ ਵੱਡਾ ਹੈ।[4]

ਇਨ੍ਹਾਂ ਦੇ ਪਿਤਾ ਦਾ ਨਾਂ ਬਾਬਾ ਬਾਹੜ ਮੱਲ ਸੀ। ਜਿਸਦੇ ਕਿ ਸਰੂਪ ਦਾਸ ਤੋਂ ਇਲਾਵਾ ਬੰਸੀਧਰ, ਤੋਲਾ ਸਿੰਘ ਅਤੇ ਆਤਮਾ ਰਾਮ ਪੁੱਤਰ ਸਨ।[5] ਸਰੂਪ ਦਾਸ ਦਾ ਆਪਣਾ ਪੁੱਤਰ ਕਿਰਪਾ ਦਿਆਲ ਸੀ।[6] ਆਤਮਾ ਰਾਮ ਤੋਂ ਇਲਾਵਾ ਇਸ ਪਰਿਵਾਰ ਦੇ ਸਾਰੇ ਮੈਂਬਰ ਸਾਹਿੱਤ ਰਸੀਏ ਸਨ। ਕਿਰਪਾ ਦਿਆਲ ਦੇ ਵਸ਼ੰਜ਼ਾਂ ਵਿਚੋਂ ਬਾਬਾ ਸਾਧੂ ਸਿੰਘ ਤੇ ਬਾਬਾ ਸੁਮੇਰ ਸਿੰਘ ਵੀ ਸਾਹਿੱਤਕਾਰ ਸਨ।[7] ਸਰੂਪ ਦਾਸ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਇਸ ਬਾਰੇ ਇਸ ਰਚਨਾ ਵਿਚੋਂ ਕੋਈ ਜਾਣਕਾਰੀ ਨਹੀਂ ਮਿਲਦੀ ਪਰ ਇਹ

---

[1] ਦਸੋ ਸਰੂਪ ਕੀ ਮਹਿਮਾ ਕੀਨਾ॥ ਸਰੂਪ ਚੰਦ ਗੁਰ ਚਰਨ ਅਧੀਨਾ॥, ਮਹਿਮਾ ਪ੍ਰਕਾਸ਼, ਪੰਨਾ 2/ਅ.

[2] ਬਾਵਾ ਹਾਕਮ ਸਿੰਘ ਭੱਲਾ, ਬੰਸਾਵਲੀ ਨਾਮਾ ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ ਪਾਤਿਸ਼ਾਹੀ ਤੀਜੀ, ਪੰਨੇ 1-108 (ਵੇਖੋ ਅੰਤਿਕਾ ੳ).

[3] ਉਹੀ, ਪੰਨੇ 1-190.

[4] ਉਹੀ, ਪੰਨੇ 93-190.

[5] ਉਹੀ, ਪੰਨੇ 93-108.

[6] ਉਹੀ, ਪੰਨਾ 108 (ਵੇਖੋ ਅੰਤਿਕਾ ਅ).

[7] ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ (ਸੰਪਾ.), ਮਹਿਮਾ ਪ੍ਰਕਾਸ਼ (ਭਾਗ 2), ਪੰਨੇ 20-21.

ਰਚਨਾ ਕਦੋਂ ਲਿਖੀ ਗਈ ਇਸ ਬਾਰੇ ਇਸ ਵਿਚੋਂ ਇਕ ਪ੍ਰਮਾਣ ਮਿਲਦਾ ਹੈ ਕਿ ਇਹ ਰਚਨਾ 1833 ਬਿਕ੍ਰਮੀ (1776 ਈ.) ਵਿਚ ਸੰਪੂਰਨ ਕੀਤੀ ਗਈ।[8] ਜਿਸ ਤੋਂ ਇਹ ਪਤਾ ਚਲਦਾ ਹੈ ਕਿ ਇਹ ਸਰੂਪ ਦਾਸ ਦੀ ਰਚਨਾ ਹੈ।[9] ਇਸ ਤੋਂ ਮਹਿਮਾ ਪ੍ਰਕਾਸ ਦੇ ਪਹਿਲੇ ਸੰਪਾਦਕਾਂ ਨੇ ਅਨੁਮਾਨ ਲਗਾਇਆ ਹੈ ਕਿ ਇਸ ਹਿਸਾਬੇ ਸਰੂਪ ਦਾਸ ਦਾ ਜਨਮ ਅਠਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਹੋਇਆ ਹੋਵੇਗਾ।[10] ਸੰਪਾਦਕਾਂ ਨੇ ਇਸਦੇ ਜਨਮ ਦੇ ਸਾਲ ਅਤੇ ਸਥਾਨ ਬਾਰੇ ਨਿਸ਼ਚੇ ਨਾਲ ਗੱਲ ਕੀਤੀ ਹੈ। ਪਰ ਇਸ ਬਾਰੇ ਕੋਈ ਗਵਾਹੀ ਨਹੀਂ ਦਿੱਤੀ। ਸਾਡੇ ਵਿਚਾਰ ਵਿਚ ਇਹ ਕੇਵਲ ਅਨੁਮਾਨ ਹੀ ਹੈ।

ਸਰੂਪ ਦਾਸ ਕੁੱਝ ਸਮਾਂ ਪਹਿਲਾ ਕਾਸ਼ੀ ਵਿਚ ਰਿਹਾ ਫਿਰ ਇਹ ਅੰਮ੍ਰਿਤਸਰ ਆ ਗਿਆ। ਇਸਦੀ ਰਚਨਾ ਦਾ ਪਹਿਲਾ ਹਿੱਸਾ ਕਾਸ਼ੀ ਵਿਚ ਰਚਿਆ ਗਿਆ ਅਤੇ ਦੂਜਾ ਭਾਗ ਉਸਨੇ ਪੰਜਾਬ ਵਿਚ ਆ ਕੇ ਸੰਪੂਰਨ ਕੀਤਾ।[11]

ਸਰੂਪ ਦਾਸ ਪ੍ਰਸਿੱਧ ਸਾਖੀਕਾਰ ਸਨ, ਜਿੰਨ੍ਹਾਂ ਨੇ ਸਾਖੀ ਰੂਪਾਕਾਰ ਵਿਚ ਇੰਨੀ ਵੱਡੀ ਰਚਨਾ ਕੀਤੀ ਹੈ। ਭਾਵੇਂ ਇਸਦੇ ਸਮੇਂ ਤੱਕ ਸਾਖੀ ਰੂਪਾਕਾਰ ਜ਼ਿਆਦਾ ਮਹੱਤਵਪੂਰਨ ਨਹੀਂ ਸੀ ਰਹਿ ਗਿਆ ਕਿਉਂਕਿ ਸਾਖੀ ਦਾ ਜੋ ਮਹੱਤਵ ਮੁੱਢਲੀਆਂ ਜਨਮਸਾਖੀਆਂ ਵਿਚ ਸੀ, ਕਾਇਮ ਨਾ ਰਹਿ ਸਕਿਆ, ਉਸਦੀ ਜਗ੍ਹਾ ਵਾਰਾਂ ਤੇ ਗੁਰਬਿਲਾਸਾਂ ਨੇ ਲੈ ਲਈ ਸੀ। ਫਿਰ ਵੀ ਇਸ ਦੀ ਜਗ੍ਹਾ ਮੱਧਕਾਲੀ ਪੰਜਾਬੀ ਸਾਹਿੱਤ ਸਾਨੂੰ ਸਾਖੀ ਰੂਪਾਕਾਰ ਦਾ ਪ੍ਰਭਾਵ ਕੇਸਰ ਸਿੰਘ ਛਿੱਬਰ ਕ੍ਰਿਤ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਅਤੇ ਸੰਤ ਦਾਸ ਛਿੱਬਰ ਕ੍ਰਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ ਵਿਚ ਵੇਖਣ ਨੂੰ ਮਿਲਦਾ ਹੈ।

ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ ਵਿਚ ਆਪਣੇ ਸਮੇਂ ਦੀਆਂ ਪ੍ਰਸਥਿਤੀਆਂ ਤੋਂ ਪ੍ਰਭਾਵ ਕਬੂਲਿਆ ਹੈ। ਇਹ ਜਾਪਦਾ ਹੈ ਕਿ ਉਹ ਅੱਖਾਂ ਖੋਲ੍ਹ ਕੇ ਬੈਠਾ ਹੈ ਅਤੇ ਸਮੇਂ ਦੀ ਤਸਵੀਰ ਉਸ ਦੀਆਂ ਅੱਖਾਂ ਅੱਗੋਂ ਲੰਘਦੀ ਜਾਂਦੀ ਹੈ। ਪਰ ਉਸਨੇ ਆਪਣੇ ਸਮੇਂ ਦੀ ਵਿਸ਼ੇਸ਼ ਹਿਲਜੁਲ ਨੂੰ ਪ੍ਰਗਟਾਉਣ ਤੋਂ ਕੰਨੀ ਕਤਰਾਈ ਹੈ। ਉਦਹਾਰਣ ਵਜੋਂ ਉਹ ਕਾਸ਼ੀ, ਸੂਬਾ ਇਲਾਹਾਬਾਦ (ਅਲਾਹਾਬਾਦ) ਅਤੇ ਅੰਮ੍ਰਿਤਸਰ ਸੂਬਾ ਲਾਹੌਰ ਵਿਚ ਵਿਚਰਦਾ ਰਿਹਾ ਹੈ। ਪਰ ਉਸਨੇ ਨਾ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਬਾਰੇ, ਨਾ ਮੀਰ ਮਨੂੰ ਅਤੇ ਨਾ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਬਾਰੇ, ਨਾ ਸਿੱਖਾਂ ਦੀਆਂ ਸ਼ਹੀਦੀਆਂ ਬਾਰੇ ਅਤੇ ਨਾ ਹੀ ਇਸਨੇ ਸਿੱਖ ਮਿਸਲਾਂ ਬਾਰੇ ਕੋਈ ਗੱਲ ਕੀਤੀ ਹੈ। ਜਦਕਿ ਇਸਦੇ ਸਮਕਾਲੀਆਂ, ਵਾਰਕਾਰਾਂ ਅਤੇ ਗੁਰਬਿਲਾਸਾਂ ਦੇ ਕਰਤਿਆਂ ਨੇ ਅੱਖਾਂ ਖੋਲ੍ਹ ਕੇ ਨਾ ਕੇਵਲ ਆਪਣੇ ਸਮੇਂ ਦਾ ਬਿਰਤਾਂਤ ਲਿਖਿਆ ਹੈ ਸਗੋਂ ਵਿਚਾਰ ਵੀ ਪ੍ਰਗਟਾਏ ਹਨ। ਵਾਰਿਸ਼ ਸ਼ਾਹ ਨੇ ਅਹਿਮਦ ਸ਼ਾਹ ਅਬਦਾਲੀ ਦੇ ਮਥੁਰਾ ਨੂੰ ਲੁੱਟਣ ਤੇ ਹਰਿਮੰਦਰ ਸਾਹਿਬ ਦੇ ਤਾਲ ਨੂੰ ਬੇਅਦਬ ਕਰਨ ਬਾਰੇ ਲਿਖਿਆ ਹੈ।[12] ਉਰਦੂ ਵਿਚ ਨਾਮਵਰ ਖ਼ਾਨ ਦੱਤ ਨੇ ਚੜ੍ਹਤ ਸਿੰਘ ਸ਼ੁਕਰਚਕੀਆਂ ਦੀ ਮੌਤ ਤੇ ਮਰਸੀਆ ਲਿਖਿਆ।[13] ਮੁਹੰਮਦ ਗੌਂਸ ਬਟਾਲਵੀ ਨੇ ਗੁਰਬਖ਼ਸ਼

[8] ਮਹਿਮਾ ਪ੍ਰਕਾਸ਼, ਪੰਨਾ 173/ਅ.
[9] ਉਹੀ, ਪੰਨਾ 9/ਅ.
[10] ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ (ਸੰਪਾ.), ਮਹਿਮਾ ਪ੍ਰਕਾਸ਼ (ਭਾਗ 2), ਪੰਨਾ 18.
[11] ਉਹੀ, ਪੰਨਾ 13.
[12] ਪਿਆਰਾ ਸਿੰਘ ਪਦਮ (ਸੰਪਾ.), ਵਾਰਿਸ਼ ਸ਼ਾਹ, ਪੰਨੇ 79-81.
[13] ਹਾਫਿਜ਼ ਮਹਿਮੂਦ ਸ਼ੈਰਾਨੀ, ਪੰਜਾਬ ਵਿਚ ਉਰਦੂ, ਪੰਨੇ 269-71.

ਸਿੰਘ ਕਨਈਆ ਦੀ ਅੱਚਲ ਵਡਾਲੇ ਦੀ ਲੜਾਈ ਵਿਚ ਹੋਈ ਮੌਤ ਸੰਬੰਧੀ ਦੁਖ ਭਰੀ ਕਵਿਤਾ ਲਿਖੀ।[14] ਦਿਲ ਮੁਹੰਮਦ ਦਿਲਸ਼ਾਦ ਨੇ ਪੰਜਾਬ ਵਿਚ ਸਿੱਖਾਂ ਰਾਹੀਂ ਲੁੱਟਮਾਰ ਅਤੇ ਅਬਦਾਲੀ ਦੇ ਹਮਲਿਆਂ ਬਾਰੇ ਲਿਖਿਆ।[15]

ਸਰੂਪ ਦਾਸ ਭੱਲਾ ਦਾ ਅਧਿਐਨ ਕਾਫ਼ੀ ਡੂੰਘਾ ਤੇ ਵਿਸ਼ਾਲ ਸੀ। ਉਸਨੇ ਪ੍ਰਾਚੀਨ ਭਾਰਤੀ ਗ੍ਰੰਥਾਂ, ਸਾਮੀ ਗ੍ਰੰਥਾਂ ਅਤੇ ਗੁਰਬਾਣੀ ਦਾ ਪਠਨ-ਪਾਠਨ ਕੀਤਾ ਸੀ। ਇਸ ਬਾਰੇ ਖ਼ਾਸ ਕਰਕੇ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਸਾਖੀਆ ਵਿਚੋਂ ਪਤਾ ਲਗਦਾ ਹੈ। ਖ਼ਾਸ ਕਰਕੇ ਮੱਕੇ ਮਦੀਨੇ ਦੀ ਗੋਸਟਿ ਦਾ ਹਵਾਲਾ ਦਿਤਾ ਜਾ ਸਕਦਾ ਹੈ।[16] ਸਰੂਪ ਦਾਸ ਭੱਲਾ ਦਾ ਸਮਕਾਲੀ ਪ੍ਰਸਥਿਤੀਆਂ ਦੇ ਅਧੀਨ ਹੀ ਨਹੀਂ ਸਗੋਂ ਆਪਣੀ ਪੜ੍ਹਾਈ ਦੇ ਕਾਰਣ ਵੀ ਦ੍ਰਿਸ਼ਟੀਕੋਣ ਵਿਸ਼ਾਲ ਹੋ ਗਿਆ ਸੀ। ਉਨ੍ਹਾਂ ਵਾਸਤੇ ਹਿੰਦੂ, ਸਿੱਖ ਅਤੇ ਮੁਸਲਮਾਨ ਬਰਾਬਰੀ ਦੇ ਭਾਈਚਾਰੇ ਨਾਲ ਸੰਬੰਧਿਤ ਸਨ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਸਹਿਣਸ਼ੀਲਤਾ, ਭਰੱਪਣ ਅਤੇ ਸਾਰਿਆਂ ਨਾਲ ਮਿਲਕੇ ਚੱਲਣ ਦੀ ਪਰਵਿਰਤੀ ਵਿਸ਼ੇਸ਼ ਤੌਰ ’ਤੇ ਉਘੜਦੀ ਹੈ।

ਸਰੂਪ ਦਾਸ ਭੱਲਾ ਦੀ ਸਿੱਖਿਆ-ਦੀਖਿਆ ਕਿੱਥੇ, ਕਦੋਂ ਅਤੇ ਕਿਵੇਂ ਹੋਈ ਇਸ ਬਾਰੇ ਗਵਾਹੀਆਂ ਨਹੀਂ ਮਿਲਦੀਆਂ। ਇਉਂ ਲਗਦਾ ਹੈ ਕਿ ਉਸਨੇ ਆਪਣੇ ਪੱਧਰ ’ਤੇ ਸਮਕਾਲੀ ਗੁਰਸਿੱਖਾਂ (ਗੁਰਮੁਖਾਂ), ਗੁਰੂ ਕੁਲ ਦੇ ਵੱਡੇ ਪੁਰਖਾਂ[17], ਸੰਪ੍ਰਦਾਵਾਂ ਤੇ ਹੋਰ ਧਰਮਾਂ ਦੇ ਆਗੂਆਂ ਤੋਂ ਸਿੱਖਿਆ ਪ੍ਰਾਪਤ ਕੀਤੀ ਸੀ। ਭਾਵੇਂ ਉਸ ਸਮੇਂ ਦਿੱਲੀ, ਆਗਰਾ, ਲਾਹੌਰ, ਮੁਲਤਾਨ, ਆਦਿ ਵਿਚ ਖ਼ਾਸ ਕਰਕੇ ਇਸਲਾਮੀ ਸਿੱਖਿਆ ਦੇ ਕੇਂਦਰ ਸਨ ਅਤੇ ਅੰਮ੍ਰਿਤਸਾਰ ਵਿਚ ਹਿੰਦੂ ਤੇ ਸਿੱਖ ਸਿੱਖਿਆ ਪ੍ਰਣਾਲੀਆਂ ਚੱਲਦੀਆ ਸਨ ਅਤੇ ਬਨਾਰਸ ਵਿਚ ਜਿਥੇ ਇਹ ਕਾਫ਼ੀ ਚਿਰ ਰਹਿੰਦਾ ਰਿਹਾ ਵਿੱਦਿਆ ਦਾ ਕੇਂਦਰ ਸੀ। ਪਰ ਇਸ ਬਾਰੇ ਕੋਈ ਵੀ ਪਤਾ ਨਹੀਂ ਚੱਲਦਾ ਕਿ ਸਰੂਪ ਦਾਸ ਨੇ ਬਕਾਇਦਾ ਕੋਈ ਸਿਖਿਆ ਪ੍ਰਾਪਤ ਕੀਤੀ ਹੋਵੇ।

ਜਿਵੇਂ ਕਿ ਅਸੀਂ ਵੇਖਿਆ ਹੈ ਕਿ ਸਰੂਪ ਦਾਸ ਦੀ ਵਿਚਾਰਧਾਰਾ ਬਰਾਬਰੀ ਅਤੇ ਭਾਈਚਾਰੇ ਨਾਲ ਸੰਬੰਧਿਤ ਹੈ। ਉਸਦਾ ਦ੍ਰਿਸ਼ਟੀਕੋਣ ਮਾਨਵਵਾਦੀ ਜਾਪਦਾ ਹੈ। ਉਹ ਸਿੱਖ ਧਰਮ ਦਾ ਅਨੁਯਾਈ ਹੈ। ਉਂਜ ਉਸਨੂੰ ਸਨਾਤਨ ਹਿੰਦੂ ਵਿਚਾਰਧਾਰਾ ਰਹਿਣੀ-ਬਹਿਣੀ ਚੰਗੀ ਲਗਦੀ ਹੈ।[18] ਉਸ ਨੂੰ ਇਸਲਾਮ ਦੀਆਂ ਚੰਗੀਆਂ ਗੱਲਾਂ ਦੀ ਵੀ ਕਦਰ ਹੈ। ਉਹ ਗੁਰੂ ਨਾਨਕ ਦੀ ਵਿਚਾਰਧਾਰਾ ਅਤੇ ਇਸਲਾਮ ਖ਼ਾਸ ਤੌਰ ਤੇ ਸੂਫ਼ੀਵਾਦ ਵਿਚ ਨੇੜ ਵੇਖਦਾ ਹੈ।[19] ਇਉਂ ਉਸਦੀ ਧਾਰਮਿਕ ਉਦਾਰਤਾ ਅਤੇ ਸਹਿਣਸ਼ੀਲਤਾ ਆਪਣੇ ਵਿਸ਼ੇਸ਼ ਸਮੇਂ ਦੀ ਉਪਜ ਹਨ ਅਤੇ ਉਸਦੀ ਆਪਣੀ ਸ਼ਖ਼ਸੀਅਤ ਵੀ ਇਸ ਵਿਚ ਢਲ ਗਈ ਹੈ।

ਧਾਰਮਿਕ ਨਜ਼ਰੀਏ ਵਜੋਂ ਉਹ ਸਿੱਖ ਧਰਮ ਦੇ ਪੱਕੇ ਅਨੁਯਾਈ, ਪ੍ਰਚਾਰਕ ਅਤੇ ਪ੍ਰਸਾਰਕ ਹਨ। ਪਰ ਉਨ੍ਹਾਂ ਦੀ ਪਿੱਠ-ਭੂਮੀ ਵਿਚ ਸਨਾਤਨੀ ਹਿੰਦੂ ਰਹਿਤ ਮਰਿਯਾਦਾ ਪੂਰੀ ਤਰ੍ਹਾਂ ਹਾਵੀ ਹੈ। ਉਹ ਵੇਦਾਂ ਨੂੰ

[14] ਉਹੀ, ਪੰਨੇ 272-76.
[15] ਉਹੀ, ਪੰਨੇ 276-293.
[16] ਮਹਿਮਾ ਪ੍ਰਕਾਸ਼, ਪੰਨੇ 119/ੳ-139/ੳ.
[17] ਉਹੀ, ਪੰਨਾ 2/ਅ.
[18] ਉਹੀ, ਪੰਨੇ 1/ੳ-5ੳ.
[19] ਉਹੀ, ਪੰਨੇ 119/ੳ-132/ੳ.

ਅਨਾਦੀ ਮੰਨਦੇ ਹਨ ਅਤੇ ਉਹ ਕਰਮਕਾਂਡਾਂ ਦੇ ਪ੍ਰਭਾਵ ਅਧੀਨ ਗੁਰੂ ਸਾਹਿਬ ਨੂੰ ਜਨੇਊ ਪਾ ਦਿੰਦਾ ਹੈ।[20] ਉਹ ਗੁਰੂ ਨਾਨਕ ਸਾਹਿਬ ਨੂੰ ਅਵਤਾਰ ਰੂਪ ਵਿਚ ਲੈਂਦਾ ਹੈ ਅਤੇ ਦੱਸਦਾ ਹੈ ਕਿ ਉਨ੍ਹਾਂ ਨੇ ਸੰਤ ਰੂਪ ਧਾਰਨ ਕੀਤਾ ਅਤੇ ਉਹ ਜਗਤ ਨੂੰ ਤਾਰਣ ਵਾਸਤੇ ਅਤੇ ਭਗਤੀ ਦਾ ਪ੍ਰਚਾਰ ਕਰਨ ਲਈ ਆਏ ਹਨ।[21] ਇਸ ਤਰ੍ਹਾਂ ਸਰੂਪ ਦਾਸ ਆਪਣੇ ਸਮੇਂ ਦਾ ਮਹੱਤਵਪੂਰਨ ਵਿਚਾਰਵਾਨ ਅਤੇ ਸਾਹਿੱਤਕਾਰ ਹੋ ਗੁਜ਼ਰਿਆ ਹੈ।

ਉੱਦੇਸ਼

ਮਹਿਮਾ ਪ੍ਰਕਾਸ਼ ਦੇ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਸਰੂਪ ਦਾਸ ਭੱਲਾ ਗੁਰੂ ਨਾਨਕ ਦੇਵ ਦਾ ਅਨਿੰਨ ਸ਼ਰਧਾਲੂ ਤੇ ਅਨੁਯਾਈ ਸੀ। ਉਸਨੇ ਗੁਰੂ ਚਰਿੱਤਰ ਨੂੰ ਬੜੀ ਸ਼ਰਧਾ ਅਤੇ ਨਿਸ਼ਠਾ ਨਾਲ ਪੇਸ਼ ਕੀਤਾ ਹੈ। ਉਸਨੇ ਗੁਰੂ ਸਾਹਿਬ ਦੇ ਜੀਵਨ ਬ੍ਰਿਤਾਂਤ ਨੂੰ ਵਿਸ਼ਿਸ਼ਟ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਪੂਰਵ-ਵਰਤੀ ਸਿੱਖ ਸਾਖੀਕਾਰਾਂ ਵਾਂਗ ਲੇਖਕ ਨੇ ਗੁਰੂ ਨਾਨਕ ਨੂੰ ਹੋਰਨਾਂ ਧਰਮ ਆਗੂਆਂ ਦੀ ਤੁਲਣਾ ਵਿਚ ਮਹਾਨ ਅਤੇ ਸ੍ਰੇਸ਼ਟ ਸਿੱਧ ਕਰਨ ਦਾ ਯਤਨ ਕੀਤਾ ਹੈ।

ਇਨ੍ਹਾਂ ਵਿਚੋਂ ਗੁਰੂ ਸਾਹਿਬਾਨ ਦੀਆਂ ਕੁਝ ਜੀਵਨ ਘਟਨਾਵਾਂ ਤੇ ਉਨ੍ਹਾਂ ਦੀ ਉਸਤਤ ਦਾ ਪਤਾ ਚਲਦਾ ਹੈ। ਇਸ ਦਾ ਪਹਿਲਾ ਭਾਗ ਕਾਸ਼ੀ ਵਿਚ ਲਿਖਿਆ ਗਿਆ।[22] ਇਸ ਭਾਗ ਦੀ ਸਮੱਗਰੀ ਦਾ ਸੋਮਾ ਪੁਰਾਤਨ ਜਨਮਸਾਖੀ ਅਤੇ ਆਦਿ ਸਾਖੀਆਂ ਹਨ ਉਸ ਤੋ ਬਾਅਦ ਸਰੂਪ ਦਾਸ ਪੰਜਾਬ ਵਿਚ ਆ ਗਿਆ ਲਗਦਾ ਹੈ। ਇੱਥੇ ਉਸਨੇ ਪ੍ਰਚਲਿਤ ਬਾਲੇ ਵਾਲੀ ਜਨਮਸਾਖੀ ਦਾ ਪ੍ਰਭਾਵ ਵੀ ਕਬੂਲਿਆ ਹੈ।[23] ਉਸਨੇ ਪਹਿਲੇ ਭਾਗ ਵਿਚ ਇਕ ਥਾਂ ਬਾਲੇ ਦਾ ਨਾਂ ਪਾ ਦਿੱਤਾ। ਗੁਰੂ ਅੰਗਦ ਸਾਹਿਬ ਦੇ ਪ੍ਰਸੰਗ ਵਿਚ ਉਸਨੇ ਜਨਮਸਾਖੀ ਭਾਈ ਬਾਲਾ ਵਰਤ ਲਈ ਬਾਕੀ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਮੱਗਰੀ ਉਸਨੇ ਗੁਰੂ ਕੁਲ ਦੇ ਵਿਅਕਤੀਆਂ, ਆਪਣੇ ਵਡੇਰਿਆਂ ਅਤੇ ਗੁਰਸਿੱਖਾਂ ਤੋ ਸੁਣੀਆਂ ਸਾਖੀਆਂ ਤੋਂ ਇਕੱਤਰ ਕੀਤੀ।[24] ਉਂਜ ਉਸਨੇ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਵਿਚੋਂ ਵੀ ਹਵਾਲੇ ਲਏ ਹਨ। ਸਰੂਪ ਦਾਸ ਅਨੁਸਾਰ ਇਸ ਰਚਨਾ ਦਾ ਉੱਦੇਸ਼ ਗੁਰੂ ਉਸਤਤ ਹੈ।[25] ਪਰ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ। ਇਹ ਸਹੀ ਹੈ ਕਿ ਉਸਨੇ ਇਸ ਰਚਨਾ ਵਿਚ ਗੁਰੂ ਮਹਿਮਾ ਦੇ ਸਰੋਤ ਸ਼ਬਦ ਅਤੇ ਸਲੋਕ ਲਿਖੇ ਹਨ, ਉਹ ਇਸ ਵਿਚ ਅਜਿਹੀਆਂ ਸਾਖੀਆਂ ਵੀ ਸ਼ਾਮਿਲ ਕਰਦਾ ਹੈ ਜਿੰਨ੍ਹਾਂ ਤੋਂ ਗੁਰੂ ਸਾਹਿਬਾਨ ਦੀ ਉਸਤਤ ਉਭਰਦੀ ਹੈ। ਕੁੱਝ ਸਾਖੀਆਂ ਗੁਰੂ ਸਾਹਿਬਾਨ ਅਤੇ ਸਿੱਖਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਤੋਂ ਗੁਰੂ ਜੀ ਦੀ ਉਸਤਤ ਵਿਚ ਵਾਧਾ ਹੁੰਦਾ ਹੈ। ਇਉਂ ਉਸਦੀ ਰਚਨਾ ਦਾ ਉੱਦੇਸ਼ ਗੁਰੂ ਉਪਮਾ ਪ੍ਰਤੀਤ ਹੁੰਦਾ ਹੈ। ਪਰ ਇਹ ਉੱਦੇਸ਼ ਉਹ ਹੈ ਜੋ ਉਸਨੇ ਪ੍ਰਗਟ ਕੀਤਾ ਹੈ। ਦੂਜੇ ਪਾਸੇ ਇਸ ਰਚਨਾ ਵਿਚ ਅਜਿਹੀ ਸਮੱਗਰੀ ਵੀ ਹੈ ਜੋ ਗੁਰੂ ਉਪਮਾ ਨਾਲ ਸੰਬੰਧਿਤ ਨਹੀਂ। ਉਸਨੂੰ ਗੁਰੂ ਸਾਹਬਿਾਨ ਦੀ ਸ਼ਹੀਦੀ ਦੇ ਕਾਰਨਾਂ ਅਤੇ ਮਹੱਤਤਾ ਦਾ ਪਤਾ ਨਹੀਂ। ਉਹ ਇਨ੍ਹਾਂ ਘਟਨਾਵਾਂ ਨੂੰ ਵਿਅਕਤੀਗਤ ਵਿਰੋਧ ਅਤੇ ਬਦਲੇ ਦੀ

---

[20] ਉਹੀ, ਪੰਨੇ 4/ਅ-5/ੳ.
[21] ਉਹੀ, ਪੰਨੇ 2/ਅ-3/ਅ.
[22] ਕਰਮ ਸਿੰਘ ਹਿਸਟੋਰੀਅਨ, ਕੱਤਕ ਕਿ ਵਿਸਾਖ, ਪੰਨਾ 137.
[23] ਮਹਿਮਾ ਪ੍ਰਕਾਸ਼ (ਭਾਗ ਪਹਿਲਾ), ਪੰਨਾ 4.
[24] ਮਹਿਮਾ ਪ੍ਰਕਾਸ਼, ਪੰਨਾ 2/ਅ.
[25] ਉਹੀ

ਭਾਵਨਾ ਤੱਕ ਸੀਮਤ ਕਰ ਲੈਂਦਾ ਹੈ। ਉਹ ਇਹ ਸੋਚਦਾ ਹੋਇਆ ਕਿ ਗੁਰੂ ਸਾਹਿਬਾਨ ਦੀ ਸ਼ਹੀਦੀ ਜ਼ਾਲਮ ਮੁਗ਼ਲਾਂ ਹੱਥੋਂ ਨਾ ਹੋਵੇ ਸ਼ਹੀਦੀ ਨੂੰ ਆਤਮ ਹੱਤਿਆ ਵਿਚ ਬਦਲ ਦਿੰਦਾ ਹੈ। ਜਿਵੇਂ ਗੁਰੂ ਤੇਗ ਬਹਾਦਰ ਖ਼ੁਦ ਮੁਗ਼ਲਾਂ ਹੱਥੋਂ ਸ਼ਹੀਦ ਹੋਣਾ ਪਸੰਦ ਨਹੀਂ ਕਰਦੇ ਅਤੇ ਉਹ ਕਿਸੇ ਰਾਜਪੂਤ ਨੂੰ ਬੁਲਾ ਕੇ ਉਸ ਤੋਂ ਆਪਣਾ ਸਿਰ ਕਟਵਾ ਲੈਂਦੇ ਹਨ।[26] ਉਹ ਗੁਰੂ ਸਾਹਿਬਾਨ ਨਾਲ ਕਈ ਕਰਮਕਾਂਡ ਅਤੇ ਰਹੁ-ਰੀਤਾਂ ਨਾਲ ਸੰਬੰਧਿਤ ਸਾਖੀਆਂ ਜੋੜ ਦਿੰਦਾ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ 17ਵੀਂ ਸਾਖੀ ਵਿਚ ਉਨ੍ਹਾਂ ਨੂੰ ਚੰਡੀ ਦੀ ਪੂਜਾ ਕਰਾਉਂਦਾ ਦੱਸਿਆ ਗਿਆ ਹੈ।[27] ਉਸਦੀਆਂ ਕਈ ਸਾਖੀਆਂ ਦੀ ਸਮੱਗਰੀ ਤੋਂ ਗੁਰੂ ਸਾਹਿਬਾਨ ਦੀ ਸਮਰੱਥਾ ਉੱਤੇ ਸ਼ੰਕਾ ਪੈਦਾ ਹੁੰਦੇ ਹਨ। ਗੁਰੂ ਹਰਿ ਰਾਏ ਦੇ ਪ੍ਰਸੰਗ ਵਿਚ ਕਹਿੰਦਾ ਹੈ ਕਿ ਗੁਰੂ ਜੀ ਸੰਗਤਾਂ ਦੀ ਅਨੁਸ਼ਾਸਨਹੀਣਤਾ ਨੂੰ ਦਸਵੇਂ ਜਾਮੇਂ ਵਿਚ ਸੁਧਾਰਨਗੇ।[28] ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਉਹ ਗੁਰੂ ਜੀ ਤੋਂ ਭਵਿੱਖਵਾਣੀ ਕਰਵਾਉਂਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਇਹ ਕੰਮ ਕਰੇਗਾ।[29] ਇਸ ਕਰਕੇ ਇਹ ਜਾਪਦਾ ਹੈ ਕਿ ਸਰੂਪ ਦਾਸ ਦਾ ਇਸ ਰਚਨਾ ਦਾ ਮੰਤਵ ਗੁਰੂ ਉਸਤਤ ਤੋਂ ਇਲਾਵਾ ਹੋਰ ਵੀ ਹੈ ਜਿਸ ਦਾ ਅਧਿਐਨ ਕਰਨਾ ਦਿਲਚਸਪ ਹੋਵੇਗਾ।

ਸਰੂਪ ਦਾਸ ਨੇ ਮਹਿਮਾ ਪ੍ਰਕਾਸ਼ ਵਿਚ ਕੁੱਝ ਅਜਿਹੀਆਂ ਘਟਨਾਵਾਂ ਸ਼ਾਮਿਲ ਕੀਤੀਆ ਹਨ, ਜੋ ਅਸੰਭਵ ਤਾਂ ਨਹੀਂ ਪਰ ਇਸ ਤੋਂ ਪੂਰਬਲੀਆਂ ਤੇ ਸਮਕਾਲੀ ਰਚਨਾਵਾਂ ਵਿਚ ਨਹੀਂ ਮਿਲਦੀਆਂ। ਗੁਰੂ ਅਮਰਦਾਸ ਦੇ ਪੁੱਤਰ ਬਾਬਾ ਮੋਹਰੀ ਜੀ ਵੱਲੋਂ ਗੁਰੂ ਸੰਸਥਾ ਦਾ ਵਿਰੋਧ ਜਿਸਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ[30] ਮਹਿਮਾ ਪ੍ਰਕਾਸ਼ ਵਿਚੋਂ ਨਹੀਂ ਮਿਲਦਾ। ਸਗੋਂ ਇਸ ਅਨੁਸਾਰ ਜੇਠਾ (ਗੁਰੂ ਰਾਮਦਾਸ) ਜੀ ਗੁਰੂ ਅਮਰਦਾਸ ਜੀ ਨੂੰ ਪ੍ਰੇਰਣਾ ਦਿੰਦੇ ਹਨ ਕਿ ਗੁਰਿਆਈ ਬਾਬਾ ਮੋਹਰੀ ਜੀ ਨੂੰ ਦੇ ਦਿੱਤੀ ਜਾਵੇ।[31] ਗੁਰੂ ਅਮਰਦਾਸ ਵੀ ਜੇਠਾ ਜੀ ਨੂੰ ਜਤਾਉਂਦੇ ਹਨ ਕਿ ਹੱਕ ਤਾਂ ਗੁਰੂ ਪੁੱਤਰਾਂ ਦਾ ਸੀ ਪਰ ਮੈਂ ਤੈਨੂੰ ਬਖ਼ਸ਼ਿਸ਼ ਕਰ ਰਿਹਾ ਹਾਂ।[32]

ਸਰੂਪ ਦਾਸ ਭੱਲਾ ਮੁਤਾਬਿਕ ਗੁਰੂ ਰਾਮਦਾਸ ਜੀ ਨੇ ਆਪਣੇ ਜਿਉਂਦਿਆਂ ਗੁਰਿਆਈ ਦਾ ਤਿਲਕ ਨਹੀਂ ਲਾਇਆ ਸਗੋਂ ਬਾਬਾ ਮੋਹਰੀ ਜੀ ਨੇ ਪ੍ਰਿਥੀਏ (ਬਾਬਾ ਪ੍ਰਿਥੀ ਚੰਦ) ਦੀ ਸਲਾਹ ਨਾਲ ਗੁਰਿਆਈ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ।[33] ਪਰ ਭੱਟ ਬਾਣੀ ਅਨੁਸਾਰ ਗੁਰੂ ਰਾਮਦਾਸ ਜੀ ਨੇ ਆਪ ਜਿਉਂਦਿਆਂ ਹੀ ਗੁਰਿਆਈ ਗੁਰੂ ਅਰਜਨ ਨੂੰ ਦੇ ਦਿੱਤੀ ਸੀ।[34]

ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਤੀਜੇ ਮਿਹਰਬਾਨ (ਮਨੋਹਰ ਦਾਸ) ਨੂੰ ਗੋਦ ਲਿਆ ਸੀ।[35] ਪਰ ਇਸ ਬਾਰੇ ਹਰਿ ਜੀ ਕ੍ਰਿਤ ਗੋਸਟਿ ਮਿਹਰਬਾਨ ਵਿਚੋਂ ਕੁੱਝ ਵੀ ਪਤਾ

---

[26] ਉਹੀ, ਪੰਨੇ 394/ੳ-396/ਅ.
[27] ਉਹੀ, ਪੰਨੇ 420/ੳ,ਅ.
[28] ਉਹੀ, 356/ਅ.
[29] ਉਹੀ, 454/ਅ.
[30] ਵਾਰਾਂ ਭਾਈ ਗੁਰਦਾਸ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1962, ਪੰਨੇ 26-33.
[31] ਮਹਿਮਾ ਪ੍ਰਕਾਸ਼, ਪੰਨੇ 247/ਅ-248/ੳ.
[32] ਉਹੀ, ਪੰਨੇ 248/ੳ,ਅ.
[33] ਉਹੀ, ਪੰਨੇ 259/ੳ-260/ਅ.
[34] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1407.
[35] ਮਹਿਮਾ ਪ੍ਰਕਾਸ਼, ਪੰਨਾ 321/ਅ.

ਨਹੀਂ ਲਗਦਾ।[36] ਗੁਰੂ ਅਰਜਨ ਦੀ ਸ਼ਹੀਦੀ ਸਮੇਂ ਲਾਹੌਰ ਜਾਣ ਸਮੇਂ ਬਾਵਾ ਅਰਥ ਮੱਲ ਜੋ ਬਾਬਾ ਮੋਹਰੀ ਦਾ ਪੁੱਤਰ ਸੀ ਨਾਲ ਸਲਾਹ ਮਸ਼ਵਰਾ ਕਰਦੇ ਸਨ।[37] ਗੁਰੂ ਹਰਿਗੋਬਿੰਦ ਜੀ ਗੋਇੰਦਵਾਲ ਇਸ ਲਈ ਤਿਆਗਦੇ ਸਨ ਕਿ ਯੁੱਧਾਂ ਕਾਰਨ ਗੁਰੂ ਕੁਲ ਦੇ ਵਿਅਕਤੀਆਂ ਨੂੰ ਕਸ਼ਟ ਨਾ ਹੋਵੇ।[38] ਬਾਬਾ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ (ਮਨੋਹਰ ਦਾਸ) ਦੀ ਮੌਤ ਸਮੇਂ ਸ਼ੋਕ ਪ੍ਰਗਟ ਕਰਦੇ ਸਨ ਅਤੇ ਪਛਤਾਉਂਦੇ ਹਨ ਕਿ ਬਾਬਾ ਮਿਹਰਬਾਨ ਨੇ ਤਾਂ ਗੁਰੂ ਅਮਰਦਾਸ ਜੀ ਦੀ ਟਹਿਲ ਕੀਤੀ ਸੀ ਪਰ ਅਸੀਂ ਗੁਰੂ ਕੁਲ ਦੀ ਸੇਵਾ ਨਹੀਂ ਕਰ ਸਕੇ। ਉਹ ਉਚੇਚਾ ਗੁਰੂ ਅਮਰਦਾਸ ਦੇ ਪੋਤਰੇ ਬਾਬਾ ਆਨੰਦ ਨੂੰ ਗੋਇੰਦਵਾਲ ਤੋਂ ਬੁਲਾ ਕੇ ਉਸਦੀ ਪੂਜਾ ਕਰਦੇ ਸਨ।[39]

ਗੁਰੂ ਹਰਿ ਰਾਏ ਜੀ ਖਡੂਰ ਤੇ ਗੋਇੰਦਵਾਲ ਜਾ ਕੇ ਗੁਰੂ ਅੰਸ ਦਾ ਸਤਿਕਾਰ ਕਰਦੇ ਹਨ।[40] ਉਹ ਭਗਵਾਨ ਗਿਰ ਸੰਨਿਆਸੀ ਨੂੰ ਆਪ ਫ਼ਕੀਰੀ ਦੀ ਬਖ਼ਸ਼ਿਸ਼ ਨਹੀਂ ਕਰਦੇ ਸਗੋਂ ਗੁਰੂ ਨਾਨਕ ਦੇਵ ਦੇ ਵੰਸ਼ਜ਼ ਬਾਬਾ ਮਿਹਰ ਚੰਦ ਬੇਦੀ ਪਾਸ ਭੇਜਦੇ ਸਨ।[41]

ਗੁਰੂ ਤੇਗ ਬਹਾਦਰ ਨੂੰ ਗੁਰਿਆਈ ਮਿਲਣ ਸਮੇਂ ਉਨ੍ਹਾਂ ਦੀ ਮਾਤਾ ਨਾਨਕੀ ਜੀ ਬਾਵਾ ਦੁਆਰਕਾ ਦਾਸ ਭੱਲਾ ਨੂੰ ਗੋਇੰਦਵਾਲ ਤੋਂ ਬੁਲਾ ਕੇ ਉਸਦੀ ਪੂਜਾ ਕਰਦੇ ਸਨ ਤੇ ਉਹੀ ਗੁਰੂ ਤੇਗ ਬਹਾਦਰ ਨੂੰ ਗੁਰਿਆਈ ਦਾ ਤਿਲਕ ਲਾਉਂਦਾ ਹੈ।[42] ਇਸਦੇ ਮੁਕਾਬਲੇ ਕੇਸਰ ਸਿੰਘ ਛਿੱਬਰ ਨੇ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਵਿਚ ਆਪਣੇ ਵਡੇਰੇ ਬਾਬਾ ਦਰਘਾ ਮੱਲ ਛਿੱਬਰ ਤੋਂ ਗੁਰਿਆਈ ਸੰਬੰਧੀ ਗੁਰੂ ਤੇਗ ਬਹਾਦਰ ਦੇ ਹੱਕ ਵਿਚ ਫ਼ੈਸਲਾ ਕਰਾਇਆ ਹੈ।[43]

ਤਰੇਹਣ ਸਾਹਿਬਜ਼ਾਦੇ ਬਾਬਾ ਬਿਨੋਦ ਸਿੰਘ ਤੇ ਬਾਬਾ ਕਾਨ੍ਹ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਥੀਆਂ ਵਿਚੋਂ ਵਿਸ਼ੇਸ਼ ਉੱਲੇਖਨੀਏ ਸਮਝੇ ਗਏ ਹਨ। ਸਿਵਾਏ ਇਨ੍ਹਾਂ ਦੇ ਬਾਬਾ ਬਾਜ ਸਿੰਘ ਤੋਂ ਇਲਾਵਾ ਹੋਰ ਕਿਸੇ ਸਿੱਖ ਦਾ ਉੱਲੇਖ ਜ਼ਰੂਰੀ ਨਹੀਂ ਸਮਝਿਆ ਗਿਆ। ਬਾਬਾ ਬਿਨੋਦ ਸਿੰਘ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਘੇਰੇ ਸਮੇਂ ਮੁਗ਼ਲ ਫ਼ੌਜ ਤੇ ਸਫ਼ਲ ਛਾਪੇਮਾਰ ਹਮਲੇ ਕੀਤੇ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਹੰਕਾਰ ਵਿਚ ਆ ਕੇ ਹੋਰ ਵਿਆਹ ਕਰਨ ਦੀ ਸੋਚਦਾ ਹੈ ਤਾਂ ਬਾਬਾ ਬਿਨੋਦ ਸਿੰਘ ਉਸਨੂੰ ਮਾਰ ਦੇਣਾ ਚਾਹੁੰਦਾ ਹੈ ਤਾਂ ਬਾਬਾ ਕਾਨ੍ਹ ਸਿੰਘ ਉਸ ਨੂੰ ਬਚਾ ਲੈਂਦਾ ਹੈ। ਬਿਨੋਦ ਸਿੰਘ ਦੇ ਗੋਇੰਦਵਾਲ ਜਾਣ ਤੋਂ ਬਾਅਦ ਬਾਬਾ ਕਾਨ੍ਹ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਪਾਸ ਰਹਿ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਮੇਂ ਬਾਬਾ ਕਾਨ੍ਹ ਸਿੰਘ ਨੂੰ ਬਚਾ ਲਿਆ ਜਾਂਦਾ ਹੈ। ਉਸਨੂੰ ਬਚਾਉਣ ਵਿਚ ਗੁਰੂ ਗੋਬਿੰਦ ਸਿੰਘ ਦੀ ਪਤਨੀ ਮਾਤਾ ਸੁੰਦਰੀ ਜੀ ਵਿਸ਼ੇਸ਼ ਯਤਨ ਕਰਦੇ ਕਹਿੰਦੇ ਹਨ 'ਜੋ ਕਾਂਨ ਸਿੰਘ ਜੀ ਕੋ ਕਿਸੀ ਤਰਾ ਛੁਡਾਇਆ ਚਾਹੀਏ॥ਨਾਹੀ ਤੋ ਜਹਾਂ ਇਨਕਾ ਲੋਹੂ ਪੜੇਗਾ ਊਹਾ ਅਪਰਾਧ ਆਇ ਜਾਇਗਾ॥ ਅਰੁ ਸਿਖਾਂ ਕੀ ਸਿਖੀ

[36] ਗੋਵਿੰਦਨਾਥ ਰਾਜਗੁਰੂ (ਸੰਪਾ.), ਗੋਸਟਿ ਗੁਰੂ ਮਿਹਰਵਾਨ, ਪੰਨੇ 169-352.
[37] ਮਹਿਮਾ ਪ੍ਰਕਾਸ਼, ਪੰਨਾ 292/ੳ.
[38] ਉਹੀ, ਪੰਨੇ 294/ਅ.
[39] ਉਹੀ, ਪੰਨੇ 321/ੳ-323/ੳ.
[40] ਉਹੀ, ਪੰਨੇ 346/ਅ-347/ੳ.
[41] ਉਹੀ, ਪੰਨੇ 334/ਅ-336/ੳ.
[42] ਉਹੀ, ਪੰਨੇ 365/ੳ-367/ੳ.
[43] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 67 (ਮਤਨ).

ਬਿਖੈ ਤਫਾਉਤ ਹੋਵੈਗੀ। ਕਿਸ ਵਾਸਤੇ ਜੋ ਗੁਰੂ ਅੰਗਤ ਸਾਹਿਬ ਕੀ ਅਉਲਾਦ ਹੈ॥ ਅਰੁ ਗੁਰੂ ਜੀ ਕੇ ਹਜੂਰੀ ਹੈਂ॥ '[44]

ਇਸ ਤੋਂ ਇਲਾਵਾ ਬਾਬਾ ਕਾਨ੍ਹ ਸਿੰਘ ਦੀ ਬਹਾਦਰੀ ਦੀਆਂ ਹੋਰ ਘਟਨਾਵਾਂ ਦਿਖਾਈਆਂ ਗਈਆਂ ਹਨ। ਉਹ ਪਠਾਣ ਜ਼ਿਮੀਂਦਾਰ ਤੋਂ ਕਿਸੇ ਸਿੱਖ ਨੂੰ ਕਰਜ਼ੇ ਤੋਂ ਮੁਕਤ ਕਰਾਉਂਦਾ ਹੈ ਅਤੇ ਅੰਮ੍ਰਿਤਸਰ ਵਾਪਿਸ ਜਾਂਦਾ ਹੋਇਆ ਸ਼ਾਹੀ ਖ਼ਜ਼ਾਨਾ ਲੁੱਟਦਾ ਹੈ।[45]

ਉਪਰੋਕਤ ਅਧਿਐਨ ਵਿਚੋਂ ਮਿਸਲ ਕਾਲ ਦੇ ਆਰੰਭ ਵਿਚ ਗੁਰੂ ਕੁਲ ਤੇ ਸਿੱਖ ਸਰਦਾਰਾਂ ਦੇ ਆਪਸੀ ਸੰਬੰਧ ਸਮਝੇ ਜਾ ਸਕਦੇ ਹਨ। ਮਿਸਲਦਾਰਾਂ ਨੂੰ ਗੁਰੂ ਕੁਲ ਜਿਹੀ ਧਾਰਮਿਕ ਤੇ ਪ੍ਰੋਹਤ ਸ਼੍ਰੇਣੀ ਸਿੱਖ ਵੱਸੋਂ ਮਾਨਤਾ ਵਾਸਤੇ ਚਾਹੀਦੀ ਸੀ ਅਤੇ ਗੁਰੂ ਕੁਲ ਨੂੰ ਆਪੇ ਨੂੰ ਕਾਇਮ ਰੱਖਣ ਲਈ ਸਰਦਾਰਾਂ ਪਾਸੋਂ ਆਰਥਿਕ ਲਾਭ ਦੀ ਜ਼ਰੂਰਤ ਸੀ।

ਡਾ. ਸੁਰਜੀਤ ਹਾਂਸ ਦੇ ਵਿਚਾਰ ਅਨੁਸਾਰ "ਸਰੂਪ ਦਾਸ ਨੇ ਇਸ ਰਚਨਾ ਵਿਚ ਬਜ਼ੁਰਗਾਂ ਦੀ ਉੱਚਤਾ ਨੂੰ ਸਮਕਾਲੀ ਸਿੱਖ ਸਰਦਾਰਾਂ ਦੀ ਨਜ਼ਰ ਵਿਚ ਉਜਾਗਰ ਕਰਨ ਦਾ ਜਤਨ ਕੀਤਾ ਹੈ।"[46] ਇਸ ਗੱਲ ਦੀ ਪੁਸ਼ਟੀ ਆਰਕਾਈਵਜ਼ ਵਾਲੀ ਮਹਿਮਾ ਪ੍ਰਕਾਸ਼ ਦੀ 1853 ਬਿਕ੍ਰਮੀ ਦੀ ਹੱਥ ਲਿਖਤ (ਨੰਬਰ 792/ਐੱਮ) ਤੋਂ ਵੀ ਹੁੰਦੀ ਹੈ ਜਿਸ ਨਾਲ ਇਕ ਹੋਰ ਰਚਨਾ ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ ਹੈ, ਜੋ ਸਰੂਪ ਦਾਸ ਭੱਲਾ ਦੇ ਪੁੱਤਰ ਬਾਬਾ ਕ੍ਰਿਪਾ ਦਿਆਲ ਦੀ ਰਚਨਾ ਹੈ।[47] ਇਸ ਰਚਨਾ ਵਿਚ ਤੱਤਕਾਲੀ ਸਿੱਖ ਸਰਦਾਰਾਂ ਰਾਹੀਂ ਕਪਤਾਨ ਹਮਲਾਵਰਾਂ ਵਿਰੁੱਧ ਲੜਾਈ ਦੇ ਕਾਰਨਾਮੇ ਲਏ ਗਏ ਹਨ ਅਤੇ ਉਨ੍ਹਾਂ ਦੀ ਉਪਮਾ ਵੀ ਕੀਤੀ ਗਈ ਹੈ। ਮਹਿਮਾ ਪ੍ਰਕਾਸ਼ ਦੇ ਨਾਲ ਉਪਰੋਕਤ ਰਚਨਾ ਨੂੰ ਜੋੜਣਾ ਇਉਂ ਲੱਗਦਾ ਹੈ ਕਿ ਤੱਤਕਾਲੀ ਸਰਦਾਰਾਂ ਪਾਸੋਂ ਕਿਸੇ ਆਰਥਿਕ ਲਾਭ ਹਿਤ ਪੇਸ਼ ਕਰਨ ਵਾਸਤੇ ਹੋਵੇ। ਇਸੇ ਦੀ 1857 ਬਿਕ੍ਰਮੀ ਵਾਲੀ ਹੱਥ ਲਿਖਤ ਬਉਲੀ ਸਾਹਿਬ (ਗੋਇੰਦਵਾਲ) ਵਿਚ ਬਾਬਾ ਤੋਲਾ ਸਿੰਘ ਭੱਲਾ ਦੇ ਪੁੱਤਰ ਬਾਬਾ ਪੰਜਾਬ ਸਿੰਘ ਨੂੰ ਭੇਟਾ ਕੀਤੀ ਗਈ ਹੈ।[48] ਪਰ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਸ ਹੱਥ ਲਿਖਤ ਨੂੰ ਬਾਬਾ ਪੰਜਾਬ ਸਿੰਘ ਨੇ ਕਿਸ ਮੰਤਵ ਲਈ ਵਰਤਿਆ ਹੈ, ਹੋ ਸਕਦਾ ਹੈ ਕਿ ਬਉਲੀ ਸਾਹਿਬ (ਗੋਇੰਦਵਾਲ) ਦਾ ਪ੍ਰਬੰਧਕ ਹੋਣ ਕਰਕੇ ਉਸਨੇ ਇਹ ਰਚਨਾ ਜਾਂ ਉਸਦੀ ਕਾਪੀ ਤੱਤਕਾਲੀ ਮਿਸਲਦਾਰ ਸਰਦਾਰਾਂ ਨੂੰ ਭੇਂਟ ਕੀਤੀ ਹੋਵੇ ਅਤੇ ਜਗੀਰ ਪ੍ਰਾਪਤ ਕੀਤੀ ਹੋਵੇ ਪਰ ਇਸ ਸੰਬੰਧੀ ਹੋਰ ਖੋਜ ਦੀ ਲੋੜ ਹੈ। ਇਸ ਤਰ੍ਹਾਂ ਦੀ ਪੁਸ਼ਟੀ ਗੋਇੰਦਵਾਲ ਦੇ ਗੁਰਦਵਾਰਿਆਂ ਦੇ ਨਾਂ ਲੱਗੀ ਜਗੀਰ ਤੋਂ ਵੀ ਹੁੰਦੀ ਹੈ। ਇਸ ਪ੍ਰਤੀ ਜ਼ਿਲ੍ਹਾ ਅੰਮ੍ਰਿਤਸਰ ਦੇ ਜਗੀਰ ਰਜਿਸਟਰ ਤੇ ਮਹਾਨ ਕੋਸ਼ ਤੋਂ ਵੀ ਪਤਾ ਲਗਦਾ ਹੈ। ਮਹਾਨ ਕੋਸ਼ ਅਨੁਸਾਰ "1155 ਰੁਪਏ ਦੀ ਜਗੀਰ ਗੋਇੰਦਵਾਲ, ਟੋਡੇਵਾਲ, ਦੁੱਗਲਵਾਲਾ ਅਤੇ ਫ਼ਤਿਹਚੱਕ ਦੇ ਨਾਂ ਸੀ। ਅਜਿਹੀ

[44] ਮਹਿਮਾ ਪ੍ਰਕਾਸ਼, ਪੰਨੇ 458/ੳ,ਅ.
[45] ਉਹੀ, ਪੰਨੇ 459/ੳ-462/ਅ.
[46] Surjit Hans, *Historical Analysis of Sikh Literature A.D. 1500–1800,* p. 472.
[47] ਮਹਿਮਾ ਪ੍ਰਕਾਸ਼ (ਹੱਥ ਲਿਖਤ ਖਰੜਾ ਐੱਮ 792), ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ, ਪੰਨੇ 752-53 .
[48] ਮਹਿਮਾ ਪ੍ਰਕਾਸ਼, ਪੰਨਾ 462/ਅ.

ਜ਼ਮੀਨ ਖਡੂਰ, ਕਾਂਵਾਂ, ਅਕਬਰਪੁਰਾ, ਮਿਆਨੀ, ਖੱਖ, ਝੰਡੇਰ, ਵੈਰੋਵਾਲ, ਧੂੰਦਾ, ਆਦਿ ਪਿੰਡਾਂ ਵਿਚ ਵੀ ਸੀ।"[49]

ਇਨ੍ਹਾਂ ਵਿਲੱਖਣ ਘਟਨਾਵਾਂ ਨੂੰ ਇਸ ਰਚਨਾ ਵਿਚ ਸ਼ਾਮਿਲ ਕਰਨ ਤੋਂ ਪਤਾ ਲਗਦਾ ਹੈ ਕਿ ਸਰੂਪ ਦਾਸ ਭੱਲਾ ਗੁਰੂ ਉਸਤਤ ਤੋਂ ਬਿਨ੍ਹਾਂ ਬੇਦੀ, ਸੋਢੀ, ਭੱਲੇ ਤੇ ਤਰੇਹਣ ਗੁਰੂ ਅੰਸ਼ ਦੀ ਆਮ ਕਰਕੇ ਅਤੇ ਆਪਣੇ ਵੰਸ਼ ਖ਼ਾਸ ਕਰਕੇ ਵਡਿਆਈ ਕਰਨਾ ਚਾਹੁੰਦਾ ਹੈ। ਉਹ ਦੱਸਣਾ ਚਾਹੁੰਦਾ ਹੈ ਕਿ ਗੁਰੂ ਸਾਹਿਬਾਨ ਗੁਰੂ ਕੁਲ ਵੱਲੋਂ ਗੁਰੂ ਸੰਸਥਾ ਦੇ ਵਿਰੋਧ ਦੇ ਬਾਵਜੂਦ ਵੀ ਇਸ ਉੱਪਰ ਬਹੁਤ ਮਿਹਰਬਾਨ ਸਨ ਅਤੇ ਉਹ ਖ਼ਾਸ-ਖ਼ਾਸ ਮੌਕਿਆਂ ਉੱਤੇ ਗੁਰੂ ਕੁਲ ਤੋਂ ਸਲਾਹ ਅਤੇ ਸਹਾਇਤਾ ਲੈਂਦੇ ਸਨ। ਉਹ ਗੁਰੂ ਕੁਲ ਦੀ ਸੁਰੱਖਿਆ ਦਾ ਖ਼ਾਸ ਧਿਆਨ ਰੱਖਦੇ ਸਨ ਅਤੇ ਸੰਬੰਧਿਤ ਵਿਅਕਤੀਆਂ ਦੀ ਪੂਜਾ ਵੀ ਕਰਦੇ ਸਨ।

ਸਰੋਤ

ਸਰੂਪ ਦਾਸ ਭੱਲਾ ਨੇ ਆਪਣੇ ਦਿਲੀ ਉਮਾਹ ਨੂੰ ਕਾਰਜ ਰੂਪ ਦੇਣ ਲਈ ਗੁਰੂ ਨਾਨਕ ਸਾਹਿਬ ਤੇ ਬਾਕੀ ਗੁਰੂ ਸਾਹਿਬਾਨ ਦਾ ਜੀਵਨ ਦੇ ਹਾਲਾਤ ਲਿਖਣ ਲਈ ਉਦਮ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਮਹਿਮਾ ਪ੍ਰਕਾਸ਼ ਲਿਖਣ ਦੇ ਜਿਨ੍ਹਾਂ ਸੋਮਿਆਂ ਬਾਰੇ ਆਪਣੀ ਪੁਸਤਕ ਵਿਚ ਉੱਲੇਖ ਕੀਤਾ ਹੈ, ਉਨ੍ਹਾਂ ਵਿਚ ਜਨਮਸਾਖੀ (ਪੁਰਾਤਨ ਜਨਮਸਾਖੀ), ਆਦਿ ਸਾਖੀਆਂ, ਗੁਰੂ ਕੁਲ ਦੇ ਵਿਅਕਤੀਆਂ, ਆਪਣੇ ਵਡੇਰਿਆਂ ਅਤੇ ਗੁਰਸਿੱਖਾਂ ਤੋਂ ਸੁਣੀਆਂ ਸਾਖੀਆਂ ਤੋਂ ਸਾਮਗਰੀ ਪ੍ਰਾਪਤ ਕੀਤੀ ਹੈ।[50]

ਮਹਿਮਾ ਪ੍ਰਕਾਸ਼ ਦਾ ਅਧਿਐਨ ਕਰਨ ਲਈ ਜਨਮਸਾਖੀ ਦੇ ਪਿਛੋਕੜ ਅਤੇ ਵਿਉਂਤਪਤੀ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀ ਸਾਹਿੱਤ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਲੰਮੇਰੀ ਤੇ ਵਿਸ਼ਾਲ ਪਰੰਪਰਾਂ ਦੇ ਅੰਤਰਗਤ ਆਦਿ ਸਾਖੀਆਂ, *B–40* ਜਨਮਸਾਖੀ, ਪੁਰਾਤਨ ਜਨਮਸਾਖੀ, ਮਿਹਰਬਾਨ ਜਨਮਸਾਖੀ, ਜਨਮਸਾਖੀ ਭਾਈ ਬਾਲਾ, *LDP–194* ਜਨਮਸਾਖੀ, ਸਾਖੀ ਮਹਲੁ ਪਹਿਲੇ ਕੀ ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ, ਆਦਿ ਜਨਮਸਾਖੀਆਂ ਆਉਂਦੀਆਂ ਹਨ।

ਆਦਿ ਸਾਖੀਆਂ, *B–40* ਜਨਮਸਾਖੀ, ਪੁਰਾਤਨ ਜਨਮਸਾਖੀ, *LDP–194* ਜਨਮਸਾਖੀ ਅਤੇ ਸਾਖੀ ਮਹਲੁ ਪਹਿਲੇ ਕੀ ਜੋ ਕਿ ਸਿੱਧਾਂਤਿਕ ਪੱਖ ਤੋਂ ਸਿੱਖ ਸਾਖੀਆਂ ਹਨ, ਇਨ੍ਹਾਂ ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਅਤੇ ਪ੍ਰਮੁੱਖ ਸਿੱਧਾਂਤਾਂ ਦਾ ਵਿਸ਼ਲੇਸ਼ਣ ਕੀਤਾ ਹੈ। ਮਿਹਰਬਾਨ ਦਾ ਸੰਬੰਧ ਗੁਰੂ ਘਰ ਦੀ ਵਿਰੋਧੀ ਮੀਣਾ ਸੰਪਰਦਾਇ ਨਾਲ ਸੀ। ਜਨਮਸਾਖੀ ਭਾਈ ਬਾਲਾ ਗੁਰੂ ਨਾਨਕ ਸਾਹਿਬ ਬਾਰੇ ਲਿਖੀ ਹੈ ਪਰ ਇਸ ਪਿੱਛੇ ਜੋ ਮਨੋਰਥ ਹੈ ਉਹ ਬਾਬਾ ਹੰਦਾਲ ਦੀ ਪ੍ਰਮੁੱਖਤਾ ਸਿੱਧ ਕਰਨਾ ਹੈ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਉਦਾਸੀ ਮਤ ਦੇ ਵਿਚਾਰਾਂ ਦਾ ਪ੍ਰਤਿਪਾਦਨ ਕਰਦੀ ਹੈ।

ਇਨ੍ਹਾਂ ਜਨਮਸਾਖੀਆ ਦੇ ਅਧਿਐਨ ਕਰਨ ਤੇ ਜੋ ਪਰੇਸ਼ਾਨੀਆਂ ਅਉਂਦੀਆਂ ਹਨ, ਉਹ ਇਹ ਕਿ ਇਨ੍ਹਾਂ ਦੇ ਰਚਨਾ ਕਾਲ ਅਤੇ ਲੇਖਕ ਬਾਰੇ ਅੰਦਰੋਂ ਜਾਂ ਬਾਹਰੋ ਕੋਈ ਗਵਾਹੀ (ਕੁੱਝ ਕੁ ਨੂੰ ਛੱਡ ਕੇ) ਨਹੀਂ ਮਿਲਦੀ ਜਿਸ ਕਰਕੇ ਇਸ ਲਈ ਭਾਸ਼ਾ ਅਤੇ ਲਿੱਪੀ ਦੇ ਵਿਕਾਸ ਦੇ ਨਾਲ-ਨਾਲ ਸਮਾਜਿਕ ਪ੍ਰਸਥਿਤੀਆਂ ਤੋਂ

[49] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 427.
[50] ਮਹਿਮਾ ਪ੍ਰਕਾਸ਼, ਪੰਨਾ 2/ਅ.

ਰਚਨਾ ਕਾਲ ਦਾ ਪਤਾ ਲਗਾਉਣਾ ਪੈਂਦਾ ਹੈ। ਜਨਮਸਾਖੀ ਪਰੰਪਰਾ ਦੇ ਅੰਤਰਗਤ ਜੋ ਜਨਮਸਾਖੀਆਂ ਦੀ ਜਾਣਕਾਰੀ ਇਸ ਪ੍ਰਕਾਰ ਹੈ :-

ਭਾਈ ਵੀਰ ਸਿੰਘ ਨੇ ਦੋ ਹੱਥ ਲਿਖਤਾਂ ਜਿਨ੍ਹਾਂ ਵਿਚ ਕੋਲਬਰੁਕ ਵਾਲੀ ਜਨਮਸਾਖੀ (ਵਲਾਇਤ ਵਾਲੀ ਜਨਮਸਾਖੀ) ਅਤੇ ਹਾਫ਼ਿਜ਼ਾਬਾਦ ਵਾਲੀ ਜਨਮਸਾਖੀ ਜਿਨ੍ਹਾਂ ਨੂੰ ਮਿਲਾ ਕੇ ਪੁਰਾਤਨ ਜਨਮਸਾਖੀ ਦੀ 1926 ਈ. ਵਿਚ ਪਹਿਲੀ ਵਾਰ ਸੰਪਾਦਨਾ ਕੀਤੀ। ਲੱਗਦਾ ਹੈ ਕਿ ਭਾਈ ਵੀਰ ਸਿੰਘ ਨੇ ਇਨ੍ਹਾਂ ਦੋਹਾਂ ਨੁਸਖਿਆਂ ਨੂੰ ਸਭ ਤੋਂ ਪ੍ਰਾਚੀਨ ਮੰਨ ਕੇ ਇਸ ਜਨਮਸਾਖੀ ਦਾ ਨਾਂ ਪੁਰਾਤਨ ਜਨਮਸਾਖੀ ਰੱਖਿਆ ਹੈ। ਭਾਈ ਵੀਰ ਸਿੰਘ ਇਨ੍ਹਾਂ ਨੁਸਖਿਆਂ ਤੋਂ ਪਹਿਲਾਂ ਵੀ ਕੋਈ ਨੁਸਖਾ ਹੋਣ ਦਾ ਅਨੁਮਾਣ ਲਗਾਉਂਦੇ ਹਨ।[51] ਇਸ ਵਿਚ ਸਾਖੀਆਂ ਦੀ ਗਿਣਤੀ 57 ਹੈ। ਜਿਨ੍ਹਾਂ ਵਿਚ ਬਾਅਦ ਵਿਚ ਸ਼ਮਸ਼ੇਰ ਸਿੰਘ ਅਸ਼ੋਕ ਤੇ ਡਾ. ਰਤਨ ਸਿੰਘ ਜੱਗੀ ਨੇ ਵੀ ਨਾਲ ਮਿਲਦੇ-ਜੁਲਦੇ ਖਰੜਿਆਂ ਨੂੰ ਲੈ ਕੇ ਸੰਪਾਦਨਾ ਕੀਤੀ ਹੈ।

ਜਨਮਸਾਖੀ ਪਰੰਪਰਾ ਵਿਚ ਆਦਿ ਸਾਖੀਆਂ ਦਾ ਆਪਣਾ ਸੁਤੰਤਰ ਸਥਾਨ ਹੈ। ਇਹ ਪੁਰਾਤਨ ਜਨਮਸਾਖੀ ਅਤੇ ਮਿਹਰਬਾਨ ਜਨਮਸਾਖੀ ਆਦਿ ਪ੍ਰਮੁੱਖ ਸਰੋਤਾਂ 'ਤੇ ਅਧਾਰਿਤ ਹੈ ਪਰ ਇਨ੍ਹਾਂ ਦੇ ਸੰਕਲਨ ਕਰਤਿਆਂ ਨੇ ਕਿਸੇ ਵੀ ਇਕ ਕ੍ਰਮ ਨੂੰ ਕਾਇਮ ਨਹੀਂ ਰੱਖਿਆ, ਜਿਸ ਕਰਕੇ ਇਸ ਵਿਚਲੀਆਂ ਸਾਖੀਆਂ ਕ੍ਰਮਵਿਹੀਨ ਅਤੇ ਪਰਸਪਰ ਅਸੰਬੰਧਿਤ ਜਿਹੀਆਂ ਜਾਪਦੀਆਂ ਹਨ। ਕੁੱਝ ਸਾਖੀਆਂ ਨਿਰਾਧਾਰ ਹਨ ਕਿਉਂਕਿ ਇਸਦੇ ਸਰੋਤਾਂ ਵਿਚੋਂ ਇਕ ਪੁਰਾਤਨ ਜਨਮਸਾਖੀ ਵੀ ਹੈ ਜਿਸ ਕਰਕੇ ਇਹ ਗੁਰੂ ਨਾਨਕ ਮਹਿਮਾ ਪ੍ਰਕਾਸ਼ ਦੀ ਸਮਾਨਤਾ ਇਸ ਨਾਲ ਦ੍ਰਿਸ਼ਟੀਗੋਚਰ ਹੁੰਦੀ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੀ ਪੁਸਤਕ 'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਵਿਚ ਸਭ ਤੋਂ ਪਹਿਲਾਂ ਇਸ ਜਨਮਸਾਖੀ ਦਾ ਉੱਲੇਖ ਕੀਤਾ ਸੀ ਜੋ ਸ਼ੰਭੂ ਨਾਥ ਦੁਆਰਾ ਰਚੀ ਹੋਈ ਦੱਸੀ ਹੈ। ਇਸ ਜਨਮਸਾਖੀ ਦਾ ਸੰਪਾਦਨ ਡਾ. ਪਿਆਰ ਸਿੰਘ ਨੇ ਜਨਮਪਤ੍ਰੀ ਬਾਬੇ ਨਾਨਕ ਜੀ ਕੀ (ਪ੍ਰਸਿੱਧ ਨਾਂ ਆਦਿ ਸਾਖੀਆਂ) ਨਾਮ ਹੇਠ ਕੀਤਾ ਸੀ। ਉਨ੍ਹਾਂ ਦਾ ਵਿਚਾਰ ਹੈ ਕਿ ਇਸ ਰਚਨਾ ਦਾ ਸਮਾਂ ਪੁਰਾਤਨ ਜਨਮਸਾਖੀ ਤੋਂ ਬਾਅਦ ਅਤੇ ਮਿਹਰਬਾਨ ਵਾਲੀ ਜਨਮਸਾਖੀ ਤੋਂ ਪਹਿਲਾਂ ਬਣਦਾ ਹੈ।[52] ਇਸ ਵਿਚ ਸਾਖੀਆਂ ਦੀ ਗਿਣਤੀ 30 ਹੈ। ਡਾ. ਪਿਆਰ ਸਿੰਘ ਅਨੁਸਾਰ ਇਸ ਵਿਚ ਸੰਕਲਿਤ 30 ਸਾਖੀਆਂ ਵਿਚੋਂ 18 ਸਾਖੀਆਂ (2-8, 10-12, 14, 16, 20, 21-23) ਪੁਰਾਤਨ ਜਨਮਸਾਖੀ ਤੋਂ ਲਈਆਂ ਹਨ ਅਤੇ 7 ਸਾਖੀਆਂ (13, 15, 22, 25, 26, 27 ਅਤੇ 29) ਮਿਹਰਬਾਨ ਵਾਲੀ ਜਨਮਸਾਖੀ ਉੱਤੇ ਅਧਾਰਿਤ ਹਨ।[53] ਆਦਿ ਸਾਖੀਆਂ ਵਿਚ ਗੋਸ਼ਟਾਂ ਅਤੇ ਸਾਖੀਆਂ ਦਾ ਇਕ ਮਿਸ਼ਰਿਤ ਰੂਪ ਮਿਲਦਾ ਹੈ। ਕਈ ਸਾਖੀਆਂ ਤਾਂ ਨਿਰੋਲ ਗੁਰਬਾਣੀ ਉੱਪਰ ਹੀ ਅਧਾਰਿਤ ਹਨ।

B-40 ਜਨਮਸਾਖੀ ਪੋਥੀ ਦਾ ਹੱਥ ਲਿਖ਼ਤ ਖਰੜਾ ਇੰਡੀਆ ਆਫ਼ਿਸ ਲਾਇਬ੍ਰੇਰੀ, ਲੰਡਨ ਵਿਚ ਕੈਟਾਲਾਗ ਨੰ *B-40* ਅਧੀਨ ਸੁਰੱਖਿਅਤ ਹੈ। ਇਸ ਦੀ ਫੋਟੋ ਸਟੇਟ ਕਾਪੀ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੀ ਲਾਇਬ੍ਰੇਰੀ ਵਿਚ ਅਤੇ ਇਕ ਮਾਈਕ੍ਰੋਫਿਲਮ ਕਾਪੀ ਪੰਜਾਬ ਸਟੇਟ ਆਰਕਾਈਵਜ਼ ਦੀ ਲਾਇਬ੍ਰੇਰੀ ਵਿਚ ਪਈ ਹੈ। ਡਾ. ਪਿਆਰ ਸਿੰਘ ਨੇ ਪਟਿਆਲੇ ਵਾਲੀ ਫੋਟੋ ਕਾਪੀ ਨੂੰ ਆਧਾਰ ਬਣਾ ਕੇ ਇਸ

---

[51] ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ, ਪੰਨਾ 8.
[52] ਪਿਆਰ ਸਿੰਘ (ਸੰਪਾ.), ਆਦਿ ਸਾਖੀਆਂ, ਪੰਨਾ 68.
[53] ਉਹੀ, ਪੰਨਾ 28.

ਦੀ ਸੰਪਾਦਨਾ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਰਲੇਖ ਹੇਠ ਕਰਕੇ 1974 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪ੍ਰਕਾਸ਼ਿਤ ਕੀਤੀ। ਇਸਦੀ ਦੀ ਅੰਦਰਲੀ ਗਵਾਹੀ ਅਨੁਸਾਰ ਇਹ ਜਨਮਸਾਖੀ ਦਿਸਵੰਦੀ ਦੇ ਪੁੱਤਰ ਭਾਈ ਸੰਗੂ ਨੇ ਦਇਆ ਰਾਮ ਅਬਰੋਲ ਤੋਂ ਸੰਮਤ 1790 ਬਿ. ਵਿਚ ਲਿਖਵਾਈ ਸੀ। ਡਾ. ਪਿਆਰ ਸਿੰਘ ਦਾ ਮੱਤ ਹੈ ਕਿ ਇਹ ਜਨਮਸਾਖੀ ਮਿਹਰਬਾਨ ਵਾਲੀ ਜਨਮਸਾਖੀ ਤੋਂ ਪਹਿਲਾਂ ਲਿਖੀ ਗਈ ਹੋਵੇਗੀ।[54] ਇਸ ਵਿਚ ਸਾਖੀਆਂ ਦੀ ਗਿਣਤੀ 57 ਹੈ ਪਰ ਕਈ ਥਾਂਵਾਂ ਤੇ ਪ੍ਰਸੰਗਾਂ ਦੀ ਗਿਣਤੀ 2-2 ਹੋਣ ਕਰਕੇ ਇਸ ਦੀ ਗਿਣਤੀ 100 ਤੱਕ ਪਹੁੰਚ ਜਾਂਦੀ ਹੈ। ਇਸ ਵਿਚਲੇ ਚਿੱਤਰਾਂ ਨੂੰ ਡਾ. ਸੁਰਜੀਤ ਹਾਂਸ ਨੇ ਸੰਪਾਦਿਤ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪ੍ਰਕਾਸ਼ਿਤ ਕੀਤਾ ਹੈ। ਇਸ ਵਿਚਲੇ ਕੁੱਝ ਪਹਿਰੇ ਆਦਿ ਸਾਖੀਆਂ ਅਤੇ ਪੁਰਾਤਨ ਜਨਮਸਾਖੀ ਦੇ ਪ੍ਰਸੰਗਾਂ ਨਾਲ ਰਲਦੇ-ਮਿਲਦੇ ਹਨ। ਇਸ ਦੀ ਨਕਲ ਕਰਨ ਦੀ ਸੰਮਤ 1733 ਈ. ਹੈ। ਡਾ. ਮੈਕਲਾਉਡ ਦਾ ਅਨੁਮਾਨ ਹੈ ਕਿ ਕਰਮ ਸਿੰਘ ਹਿਸਟੋਰੀਅਨ ਨੇ ਇਹੀ ਹੱਥ ਲਿਖਤ ਲਾਹੌਰ ਦੇ ਕਿਸੇ ਦੁਕਾਨਦਾਰ ਕੋਲ ਵੇਖੀ ਸੀ।[55] ਕਰਮ ਸਿੰਘ ਅਨੁਸਾਰ ਇਹ ਪੁਰਾਤਨ ਪਰੰਪਰਾ ਨਾਲ ਸੰਬੰਧਿਤ ਜਨਮਸਾਖੀ ਹੈ।[56] ਪਰ ਡਾ. ਮੈਕਲਾਉਡ ਇਸ ਨੂੰ ਪੁਰਾਤਨ ਪਰੰਪਰਾ ਤੋਂ ਭਿੰਨ ਸਮਝਦੇ ਹਨ।[57]

ਮਿਹਰਬਾਨ ਜਨਮਸਾਖੀ ਜਿਸਦਾ ਕਿ ਪੂਰਾ ਨਾਮ ਮਿਹਰਬਾਨ ਰਚਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਹੈ। ਮਿਹਰਬਾਨ ਗੁਰੂ ਅਰਜਨ ਦੇਵ ਜੀ ਦੇ ਭਰਾ ਪ੍ਰਿਥੀ ਚੰਦ ਦਾ ਪੁੱਤਰ ਸੀ ਜੋ ਗੁਰੂ ਘਰ ਦੇ ਵਿਰੁੱਧ ਚਲ ਰਹੀ ਮੀਣਾ ਸੰਪਰਦਾਇ ਨਾਲ ਸੰਬੰਧਿਤ ਹੈ ਜੋ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਸਮਾਨ ਚਲ ਰਹੀ ਗੱਦੀ ਹੈ। ਇਸਨੇ ਗੁਰਬਾਣੀ ਦੀ ਵਿਆਖਿਆ ਜੋ ਗੁਰੂ ਆਸ਼ੇ ਦੇ ਅਣਕੂਲ ਨਹੀਂ ਕੀਤੀ ਹੈ ਅਤੇ ਇਸਦੇ ਨਾਲ ਹੀ ਇਸ ਵਿਚ ਵਿਰੋਧੀ ਤੱਤਾਂ ਦਾ ਦਾਖਲਾ ਹੋ ਗਿਆ, ਜਿਸ ਕਰਕੇ ਇਸ ਵਿਚ ਅਪ੍ਰਮਾਣਿਕ ਅੰਸ਼ ਆ ਗਏ। ਭਾਵੇਂ ਉਹ ਵਿਰੋਧੀ ਸੰਪਰਦਾਇ ਨਾਲ ਸੰਬੰਧਿਤ ਹੈ ਫਿਰ ਵੀ ਉਹ ਇਤਿਹਾਸਿਕ ਵਿਅਕਤੀ ਹੈ, ਜਿਸਨੇ ਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ। ਇਹ ਗੁਰੂ ਘਰ ਦੇ ਵਿਰੋਧੀ ਮਿਹਰਬਾਨ ਤੋਂ ਇਲਾਵਾ ਪੋਥੀ ਹਰਿ ਜੀ ਅਤੇ ਪੋਥੀ ਚਤਰਭੁਜ ਜੀ ਦੀ ਰਚਨਾ ਹੈ ਜੋ 2 ਭਾਗਾਂ ਵਿਚ ਹੈ। ਜਿਸਦਾ ਸੰਪਾਦਨ ਡਾ. ਕਿਰਪਾਲ ਸਿੰਘ ਅਤੇ ਸ਼ਮਸ਼ੇਰ ਸਿੰਘ ਅਸ਼ੋਕ ਨੇ ਸਾਂਝੇ ਤੌਰ 'ਤੇ ਮਿਲ ਕੇ ਕੀਤਾ ਹੈ ਅਤੇ ਇਹ ਸਿੱਖ ਹਿਸਟਰੀ ਰਿਸਰਚ ਡੀਪਾਰਟਮੈਂਟ, ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ 1962 ਈ. ਅਤੇ 1969 ਈ. ਵਿਚ ਪ੍ਰਕਾਸ਼ਿਤ ਕੀਤੀਆਂ ਗਈਆਂ। ਇਸ ਵਿਚ ਕੁੱਲ 289 ਸਾਖੀਆਂ ਅਤੇ ਪਰਮਾਰਥ ਹਨ। ਇਸ ਸਾਖੀ ਦੇ ਪਹਿਲੇ ਭਾਗ ਵਿਚ ਮਨੋਹਰ ਦਾਸ ਮਿਹਰਬਾਨ[58] ਰਚਿਤ ਸੱਚਖੰਡ ਪੋਥੀ ਹੈ ਜੋ ਉਨ੍ਹਾਂ ਨੇ ਆਪਣੀ ਨਿਗਰਾਨੀ ਹੇਠ ਕੇਸੋ ਦਾਸ ਪੰਡਿਤ ਕੋਲੋਂ ਲਿਖਵਾਈ। ਇਸ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਗੋਸ਼ਟਾਂ ਦੇ ਰੂਪ ਵਿਚ ਚਿਤਰਿਆ ਗਿਆ ਹੈ। ਇਸਦੇ ਨਾਲ ਮਿਹਰਬਾਨ ਦਾ ਮਕਸਦ ਮੀਣਾ ਸੰਪ੍ਰਦਾਇ ਦਾ ਪ੍ਰਚਾਰ ਕਰਨਾ ਸੀ। ਇਸ ਵਿਚ 167 ਗੋਸ਼ਟੀਆਂ ਹਨ ਪਰ 14 ਗੋਸ਼ਟੀਆਂ ਸਾਡੇ ਤੱਕ ਨਹੀਂ ਪਹੁੰਚ

---

[54] ਪਿਆਰ ਸਿੰਘ (ਸੰਪਾ.), ਬੀ-40 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 16.

[55] W.H. Mcleod, *Early Sikh Tradition,* p 181.

[56] ਕਰਮ ਸਿੰਘ ਹਿਸਟੋਰੀਅਨ, ਕੱਤਕ ਕਿ ਵਿਸਾਖ, ਪੰਨਾ 134.

[57] W.H. Mcleod, *Early Sikh Tradition,* p 42.

[58] ਮਹਿਮਾ ਪ੍ਰਕਾਸ਼, ਪੰਨੇ 321/ੳ-323/ੳ.

ਸਕੀਆਂ। ਆਧੁਨਿਕ ਪ੍ਰਕਾਸ਼ਿਤ ਰੂਪ ਵਿਚ ਇਸ ਅੰਦਰ 153 ਗੋਸ਼ਟੀਆਂ ਹਨ, ਜਿਨ੍ਹਾਂ ਵਿਚੋਂ ਕੁੱਝ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉੱਪਰ ਅਤੇ ਕੁੱਝ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੀ ਬਾਣੀ ਉੱਤੇ ਅਧਾਰਿਤ ਹਨ। ਇਸਦੇ ਰਚਨਾ ਕਾਲ ਬਾਰੇ ਅੰਦਰਲੀ ਕੋਈ ਗਵਾਹੀ ਨਹੀਂ ਮਿਲਦੀ। ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ "ਇਹ ਸਾਖੀ ਸਤਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਲਿਖੀ ਗਈ ਸਿੱਧ ਹੁੰਦੀ ਹੈ।"[59]

ਦੂਜੇ ਭਾਗ ਵਿਚ ਪੋਥੀ ਹਰਿ ਜੀ ਅਤੇ ਪੋਥੀ ਚਤਰਭੁਜ ਸੰਕਲਿਤ ਹਨ। ਪੋਥੀ ਹਰਿ ਜੀ ਮਿਹਰਬਾਨ ਦੇ ਪੁੱਤਰ ਹਰਿ ਜੀ ਨੇ ਕੇਸੋ ਦਾਸ ਪੰਡਿਤ ਕੋਲੋਂ 1707 ਬਿ. ਵਿਚ ਲਿਖਵਾਈ ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਾਸ ਦੀਆਂ ਗੋਸ਼ਟੀਆਂ ਹਨ। ਕਾਨ੍ਹ ਸਿੰਘ ਨਾਭਾ ਅਨੁਸਾਰ "ਇਸ ਜਨਮਸਾਖੀ ਵਿਚ ਗੁਰਬਾਣੀ ਦੀ ਵਿਆਖਿਆ ਗੁਰੂ ਆਸ਼ੇ ਤੋਂ ਨਾ ਕਰਕੇ ਆਪਣੇ ਦ੍ਰਿਸ਼ਟੀਕੋਣ ਤੋਂ ਕੀਤੀ ਹੈ। ਜਿਸਦੇ ਫਲਸਰੂਪ ਇਸ ਵਿਚ ਕੁੱਝ ਵਿਰੋਧੀ ਤੱਤਾਂ ਦਾ ਸ਼ਾਮਿਲ ਹੋ ਜਾਣਾ ਸੁਭਾਵਿਕ ਹੈ।"[60] ਪੋਥੀ ਚਤਰਭੁਜ ਮਿਹਰਬਾਨ ਦੇ ਸਪੁੱਤਰ ਨੇ 1708 ਬਿ. ਨੂੰ ਕੇਸਵਦਾਸ ਪੰਡਿਤ ਕੋਲੋਂ ਲਿਖਵਾਈ। ਇਸ ਵਿਚ 74 ਗੋਸ਼ਟੀਆਂ ਵਿਚ ਗੁਰੂ ਜੀ ਦੇ ਕਰਤਾਰਪੁਰ ਦੇ ਜੀਵਨ ਨੂੰ ਦ੍ਰਿਸ਼ਟਾਇਆ ਹੈ।

ਜਨਮਸਾਖੀ ਭਾਈ ਬਾਲਾ ਦਾ ਵਿਕਾਸ-ਕ੍ਰਮ ਵਿਚ ਆਦਿ ਸਾਖੀਆਂ, *B-40* ਜਨਮਸਾਖੀ, ਪੁਰਾਤਨ ਜਨਮਸਾਖੀ ਅਤੇ ਮਿਹਰਬਾਨ ਜਨਮਸਾਖੀ ਤੋਂ ਬਾਅਦ ਦਾ ਹੈ। ਪਰ ਇਹ ਸਭ ਤੋਂ ਵੱਧ ਤੋਂ ਪ੍ਰਸਿੱਧ ਤੇ ਲੋਕਪ੍ਰਿਅ ਹੈ ਕਿਉਂਕਿ ਇਸ ਸੰਬੰਧੀ ਇਹ ਗੱਲ ਮਸ਼ਹੂਰ ਕਰ ਦਿੱਤੀ ਗਈ ਸੀ ਕਿ ਇਸ ਨੂੰ ਭਾਈ ਬਾਲਾ ਸੰਧੂ ਨੇ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਭਾਈ ਪੈੜਾ ਮੋਖਾ ਤੋਂ ਲਿਖਵਾਇਆ ਸੀ। ਪਰ ਹੋਲੀ-ਹੋਲੀ ਇਸ ਦੇ ਅਧਿਐਨ ਕਰਨ ਵਾਲਿਆਂ ਨੇ ਇਹ ਗੱਲ ਸਾਹਮਣੇ ਲਿਆਂਦੀ ਕਿ ਇਸ ਵਿਚ ਗੁਰੂ ਜੀ ਨਾਲ ਸੰਬੰਧਿਤ ਕੁੱਝ ਇਤਰਾਜ਼ ਯੋਗ ਗੱਲਾਂ ਹਨ ਤੇ ਇਸ ਵਿਚ ਬਾਬਾ ਹੰਦਾਲ ਦੀ ਸ਼ੋਭਾ ਹੈ। ਇਸ ਸਾਖੀ ਦੇ ਬਹੁਤ ਸਾਰੇ ਸੰਸਕਰਨ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਵਿਚ 75 ਸਾਖੀਆਂ ਹਨ। ਇਸ ਦੀ ਸਭ ਤੋਂ ਪਹਿਲੀ ਲਿਖਤ 1715 ਬਿ. (1658 ਈ.) ਵਿਚ ਦੱਸੀ ਜਾਂਦੀ ਹੈ। ਇਹ ਪੋਥੀ ਪਿਆਰੇ ਲਾਲ ਕਪੂਰ ਦੀ ਸੰਤਾਨ, ਮਕਾਨ ਨੰਬਰ 1768/1, ਗਲੀ ਪਿੱਪਲ ਵਾਲੀ, ਮਹਾਂਦੇਵ ਹੌਜ਼ ਕਾਜ਼ੀ, ਦਿੱਲੀ ਕੋਲ ਸੁਰੱਖਿਅਤ ਹੈ।[61] ਡਾ. ਸੁਰਿੰਦਰ ਸਿੰਘ ਕੋਹਲੀ ਨੇ ਇਸ ਨੂੰ 1596 ਬਿ. ਤੋਂ ਬਾਅਦ ਸਤਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਮੰਨਿਆਂ ਹੈ।[62] ਕਰਮ ਸਿੰਘ ਹਿਸਟੋਰੀਅਨ ਨੇ ਇਸ ਜਨਮਸਾਖੀ ਉੱਪਰ ਕਈ ਕਿਸਮ ਦੇ ਦੋਸ਼ ਹੋਣ ਕਰਕੇ ਇਸ ਸਾਖੀ ਨੂੰ ਹੰਦਾਲੀਆਂ ਦੀ ਰਚਨਾ ਦੱਸਿਆ ਹੈ।[63] ਮੈਕਲਾਉਡ ਵੀ ਇਸ ਮੱਤ ਨਾਲ ਸਹਿਮਤ ਹੈ।[64] ਡਾ. ਸੁਰਜੀਤ ਹਾਂਸ ਨੇ ਹੰਦਾਲ ਦੀ ਜਨਮਪੱਤਰੀ ਅਤੇ ਬਾਲੇ ਦੀ ਜਨਮਸਾਖੀ ਵਿਚ ਮਿਲਦੇ ਸਾਂਝੇ ਉੱਲੇਖਾਂ ਤੋਂ ਇਹ ਸਿੱਟਾ ਕੱਢਿਆ ਹੈ ਕਿ ਇਨ੍ਹਾਂ ਦੋਹਾਂ ਦਾ ਕਰਤਾ ਇਕ ਹੀ ਵਿਅਕਤੀ ਹੈ। ਉਨ੍ਹਾਂ ਦਾ ਇਹ ਵਿਚਾਰ ਹੈ ਕਿ ਇਹ ਜਨਮਸਾਖੀ ਨਾ ਕੇਵਲ ਗੁਰੂ ਨਾਨਕ ਦੇ ਸਰੂਪ ਨੂੰ ਖੰਡਿਤ ਕਰਦੀ ਹੈ ਸਗੋਂ ਹੰਦਾਲ

[59] ਸੁਰਿੰਦਰ ਸਿੰਘ ਕੋਹਲੀ (ਸੰਪਾ.), ਜਨਮਸਾਖੀ ਭਾਈ ਬਾਲਾ, ਪੰਨੇ 9-10.
[60] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 726.
[61] ਰਤਨ ਸਿੰਘ ਜੱਗੀ, ਪੁਰਾਤਨ ਜਨਮਸਾਮੀ ਦਾ ਵਿਸ਼ਲੇਸ਼ਣਾਤਮਕ ਅਧਿਐਨ, ਪੰਨਾ 24.
[62] ਸੁਰਿੰਦਰ ਸਿੰਘ ਕੋਹਲੀ (ਸੰਪਾ.), ਜਨਮਸਾਖੀ ਭਾਈ ਬਾਲਾ, ਪੰਨੇ 24-29.
[63] ਕਰਮ ਸਿੰਘ ਹਿਸਟੋਰੀਅਨ, ਕੱਤਕ ਕਿ ਵਿਸਾਖ, ਪੰਨੇ 120-131.
[64] W.H., Mcleod, *Guru Nanak and Sikh Religion,* p. 23.

ਨੂੰ ਵਡਿਆਉਂਦੀ ਹੈ ਅਤੇ ਸੰਪਰਦਾ ਦੇ ਸਿੱਧਾਂਤਾ ਦਾ ਪ੍ਰਚਾਰ ਕਰਦੀ ਹੈ।[65] ਕਈ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਭਾਈ ਬਾਲਾ ਸੰਧੂ ਅਤੇ ਭਾਈ ਪੈੜਾ ਮੋਖਾ ਕਦੀ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਹੀ ਨਹੀਂ ਅਤੇ ਇਤਿਹਾਸਿਕ ਦ੍ਰਿਸਟੀ ਤੋਂ ਹੁਣ ਇਸਦਾ ਕੋਈ ਮਹੱਤਵ ਨਹੀਂ ਰਿਹਾ ਪਰ ਫਿਰ ਵੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਬਾਲਾ ਸੰਧੂ ਦੇ ਸੰਬੰਧਾਂ ਦੀ ਪ੍ਰਚਲਿਤ ਕਹਾਣੀ ਦੇ ਕਰਕੇ ਕਈ ਸ਼ਰਧਾਲੂ ਸਿੱਖ ਇਸ ਨੂੰ ਬਹੁਤ ਮਹੱਤਵ ਦਿੰਦੇ ਹਨ।

ਭਾਈ ਮਨੀ ਸਿੰਘ ਵਾਲੀ ਜਨਮਸਾਖੀ ਇਹ ਜਨਮਸਾਖੀ ਪੁਰਾਤਨ ਜਨਮਸਾਖੀ, ਮਿਹਰਬਾਨ ਜਨਮਸਾਖੀ ਅਤੇ ਜਨਮਸਾਖੀ ਭਾਈ ਬਾਲਾ ਤੋਂ ਬਾਅਦ ਦੀ ਰਚਨਾ ਹੈ। ਇਸ ਰਚਨਾ ਨੂੰ ਭਾਈ ਮਨੀ ਸਿੰਘ ਦੁਆਰਾ ਰਚਿਆ ਹੋਣ ਕਰਕੇ ਹੀ ਇਸਦਾ ਨਾਮ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਪ੍ਰਚਲਿਤ ਹੈ। ਡਾ. ਮੈਕਲਾਉਡ ਅਤੇ ਡਾ. ਪਿਆਰ ਸਿੰਘ ਇਸ ਜਨਮਸਾਖੀ ਦਾ ਕਰਤਾ ਭਾਈ ਮਨੀ ਸਿੰਘ ਨੂੰ ਮੰਨਣ ਤੋਂ ਇਨਕਾਰੀ ਹਨ। ਡਾ. ਪਿਆਰ ਸਿੰਘ ਦਾ ਵਿਚਾਰ ਹੈ ਕਿ ਇਹ ਰਚਨਾ ਭਾਈ ਮਨੀ ਸਿੰਘ ਦੀ ਸ਼ਿਸ਼ ਪ੍ਰਣਾਲੀ ਵਿਚੋਂ ਭਾਈ ਸੂਰਤ ਸਿੰਘ ਦੀ ਹੈ।[66] ਡਾ. ਹਾਂਸ ਇਸ ਰਚਨਾ ਨੂੰ ਉਦਾਸੀਆਂ ਦੀ ਰਚੀ ਮੰਨਦੇ ਹਨ।[67] ਇਸ ਸਾਖੀ ਦਾ ਮੁੱਖ ਉੱਦੇਸ਼ ਉਦਾਸੀ ਸੰਪ੍ਰਦਾਇ ਦੇ ਸਿੱਧਾਤਾਂ ’ਤੇ ਵਿਚਾਰਾਂ ਦਾ ਪ੍ਰਚਾਰ ਕਰਨਾ ਸੀ। ਡਾ. ਤਰਲੋਚਨ ਸਿੰਘ ਬੇਦੀ ਅਨੁਸਾਰ ਇਸਦਾ ਰਚਨਾ ਕਾਲ 1730 ਈ. ਤੋਂ 1735 ਈ. ਮੰਨਿਆਂ ਜਾ ਸਕਦਾ ਹੈ।[68] ਭਾਈ ਗੁਰਦਾਸ ਦੀ ਪਹਿਲੀ ਵਾਰ ’ਤੇ ਲਿਖੀ ਹੋਣ ਕਰਕੇ ਕਾਫ਼ੀ ਮਹੱਤਵਪੂਰਨ ਹੈ। ਇਸ ਵਿਚ ਵਾਰ ਦੀਆਂ 23 ਪਉੜੀਆਂ ਦੀ ਵਿਆਖਿਆਂ 219 ਸਾਖੀਆਂ ਵਿਚ ਕੀਤੀ ਗਈ ਹੈ। ਭਾਵੇਂ ਇਸ ਰਚਨਾ ਦਾ ਵੱਡਾ ਹਿੱਸਾ ਡਾ. ਕਿਰਪਾਲ ਸਿੰਘ ਨੇ ਆਪਣੀ ਪੁਸਤਕ ਜਨਮਸਾਖੀ ਪਰੰਪਰਾ ਵਿਚ ਲਿਆ ਹੈ ਪਰ ਇਸਦਾ ਪੂਰਨ ਤੌਰ ਤੇ ਸੰਪਾਦਨ ਡਾ. ਜਸਬੀਰ ਸਿੰਘ ਸਾਬਰ ਨੇ ਗਿਆਨ ਰਤਨਾਵਲੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਸਿਰਲੇਖ ਹੇਠ ਕਰਕੇ 1993 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਇਸ ਨੂੰ ਪ੍ਰਕਾਸ਼ਿਤ ਕੀਤਾ ਹੈ।

ਇਸ ਤੋਂ ਇਲਾਵਾ ਪਿਛਲੀ ਸਦੀ ਦੇ ਅਖ਼ੀਰ ਵਿਚ ਦੋ ਹੋਰ ਜਨਮਸਾਖੀਆਂ *LDP–194* ਜਨਮਸਾਖੀ ਅਤੇ ਸਾਖੀ ਮਹਲੁ ਪਹਿਲੇ ਕੀ ਸਾਹਮਣੇ ਆਈਆਂ ਹਨ। ਇਨ੍ਹਾਂ ਦੋਹਾਂ ਜਨਮਸਾਖੀਆਂ ਵਿਚ ਨਨਕਾਣਾ ਸਾਹਿਬ, ਸੁਲਤਾਨਪੁਰ ਲੋਧੀ ਅਤੇ ਕਰਤਾਰਪੁਰ ਵਾਸ, ਆਦਿ ਵਾਲੀਆਂ ਸਾਖੀਆਂ ਆਈਆਂ ਹਨ ਜੋ ਬਾਕੀ ਜਨਮਸਾਖੀਆਂ ਵਿਚਲੀਆਂ ਸਾਖੀਆਂ ਨਾਲ ਕਾਫ਼ੀ ਹੱਦ ਤੱਕ ਮਿਲਦੀਆਂ ਹਨ।

ਡਾ. ਗੁਰਸ਼ਰਨਜੀਤ ਸਿੰਘ ਅਨੁਸਾਰ “*LDP–194* ਜਨਮਸਾਖੀ ਦਾ ਜਿਕਰ ਸਭ ਤੋਂ ਪਹਿਲਾਂ ਡਾ. ਮੈਕਲਾਉਡ ਨੇ *Early Sikh Tradition* ਅਤੇ ਡਾ. ਪਿਆਰ ਸਿੰਘ ਨੇ ਆਪਣੇ ਖੋਜ-ਪ੍ਰਬੰਧ *A Critical Survey of Punjabi Prose in the 17th Century (1980)* ਵਿਚ ਕੀਤਾ ਹੈ। ਡਾ. ਮੈਕਲਾਉਡ ਅਤੇ ਡਾ. ਪਿਆਰ ਸਿੰਘ ਦੁਹਾਂ ਨੇ *B-40* ਜਨਮਸਾਖੀ ਦਾ ਸੰਪਾਦਨ ਕਰਦਿਆਂ *B-40* ਦੇ 14 (ਅ) ਤੋਂ 19 (ੳ)

---

65 *Bala Janamsakhis in Relation to Janamsakhi Handal,* Punjab His. Conference, 13th Session , P. 96–102.
66 ਪਿਆਰ ਸਿੰਘ (ਸੰਪਾ.), ਆਦਿ ਸਾਖੀਆਂ, ਪੰਨਾ 23.
67 Surjit Hans, *Historical Analysis of Sikh Literature A.D. 1500–1800, p. 352.*
68 ਤਰਲੋਚਨ ਸਿੰਘ ਬੇਦੀ, ਪੰਜਾਬੀ ਵਾਰਤਕ ਦਾ ਅਲੋਚਨਾਤਮਕ ਅਧਿਐਨ, ਪੰਨਾ 81.

ਤੱਕ ਦੇ ਗੁੰਮ ਪੰਨਿਆਂ ਦਾ ਪਾਠ *LDP–194* ਜਨਮਸਾਖੀ ਦੀ ਸਹਾਇਤਾ ਨਾਲ ਪੂਰਾ ਕੀਤਾ ਹੈ। ਮੈਕਲਾਉਡ ਨੇ ਇਸਦਾ ਕਾਰਣ ਇਨ੍ਹਾਂ ਦੋਹਾਂ ਦੀ ਸਾਂਝੀ ਪਰੰਪਰਾ ਹੋਣਾ ਦੱਸਿਆ ਹੈ।"[69] ਇਸ ਵਿਚ ਸਾਖੀਆਂ ਦੀ ਗਿਣਤੀ 24 ਹੈ। ਡਾ. ਗੁਰਸ਼ਰਨਜੀਤ ਸਿੰਘ ਨੇ ਇਸ ਦੀ ਸੰਪਾਦਨਾ ਕਰਕੇ ਇਸ ਨੂੰ 1995 ਵਿਚ ਪ੍ਰਕਾਸ਼ਿਤ ਕਰਵਾਇਆ।

ਸਾਖੀ ਮਹਲੁ ਪਹਿਲੇ ਕੀ ਦੀ ਸੰਪਾਦਨਾ ਸੰਤ ਸਿੰਘ ਪਦਮ ਨੇ 2014 ਵਿਚ ਕਰਕੇ ਸਿੰਘ ਬ੍ਰਦਰਜ਼ ਤੋਂ ਪ੍ਰਕਾਸ਼ਿਤ ਕਰਵਾਈ ਹੈ। ਪ੍ਰੋਫ਼ੈਸਰ ਪ੍ਰੀਤਮ ਸਿੰਘ ਦੀ ਕੁਲੈਕਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਖੇ ਇਸਦਾ ਹੱਥ ਲਿਖਤ ਖਰੜਾ ਨੰਬਰ 427-ਬੀ ਹੇਠ ਸੁਰੱਖਿਅਤ ਹੈ। ਇਸ ਵਿਚ ਕੁੱਲ 27 ਸਾਖੀਆਂ ਹਨ। ਸੰਤ ਸਿੰਘ ਪਦਮ ਅਨੁਸਾਰ ਇਸਦਾ ਰਚਨਾ ਕਾਲ 1570-1574 ਈ. ਹੈ ਅਤੇ ਇਹ ਮੁੱਢਲੀਆਂ ਜਨਮਸਾਖੀਆਂ ਵਿਚ ਆਉਂਦੀ ਹੈ।[70] ਇਸ ਜਨਮਸਾਖੀ ਵਿਚਲੀਆਂ ਸਾਖੀਆਂ ਕਾਫ਼ੀ ਹੱਦ ਤੱਕ ਆਦਿ ਸਾਖੀਆਂ, *B–40* ਜਨਮਸਾਖੀ, ਪੁਰਾਤਨ ਜਨਮਸਾਖੀ, ਅਤੇ *LDP–194* ਜਨਮਸਾਖੀ ਵਿਚਲੀਆਂ ਜਨਮਸਾਖੀਆਂ ਨਾਲ ਮਿਲਦੀਆਂ ਹਨ।

ਗੁਰੂ ਕੁਲ ਦੇ ਵਿਅਕਤੀਆਂ ਅਤੇ ਗੁਰਸਿੱਖਾਂ ਤੋਂ ਸੁਣੀਆਂ ਸਾਖੀਆਂ ਜਿਨ੍ਹਾਂ ਦਾ ਜ਼ਿਕਰ ਸਰੂਪ ਦਾਸ ਭੱਲਾ ਨੇ ਕੀਤਾ ਹੈ। ਇਨ੍ਹਾਂ ਵਿਚ ਗੁਰੂ ਕੁਲ ਨਾਲ ਸੰਬੰਧਿਤ ਵਿਅਕਤੀ ਬੇਦੀ, ਭੱਲੇ ਅਤੇ ਸੋਢੀ ਆਉਂਦੇ ਹਨ। ਸਰੂਪ ਦਾਸ ਭੱਲਾ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਅਤੇ ਉਨ੍ਹਾਂ ਦੇ ਸ਼ਿਸ਼ਾਂ ਦਾ ਜਿਕਰ ਕਰਦਾ ਹੈ ਕਿਉਂਕਿ ਬਾਬਾ ਸ੍ਰੀ ਚੰਦ ਨੇ ਆਪਣਾ ਵੱਖਰਾ ਉਦਾਸੀ ਮੱਤ ਚਲਾਇਆ ਸੀ। ਇਸ ਲਈ ਸਰੂਪ ਦਾਸ ਭੱਲਾ ਉਨ੍ਹਾਂ ਦੇ ਨਾਲ ਉਸ ਸਮੇਂ ਸਿਸ਼ਾਂ ਅਤੇ ਬਜ਼ੁਰਗਾਂ ਨੂੰ ਜ਼ਰੂਰ ਮਿਲਿਆਂ ਹੋਵੇਗਾ ਅਤੇ ਗੁਰੂ ਜੀ ਨਾਲ ਸੰਬੰਧਿਤ ਸਮੱਗਰੀ ਇਕੱਤਰ ਕੀਤੀ ਹੋਵੇਗੀ। ਸੋਢੀ ਵੰਸ਼ਜ਼ ਜੋ ਕਿ ਚੌਥੇ ਗੁਰੂ ਰਾਮਦਾਸ ਨਾਲ ਸੰਬੰਧ ਰੱਖਦੇ ਹਨ, ਵਿਚ ਪ੍ਰਿਥੀ ਚੰਦ, ਰਾਮਰਾਇ ਅਤੇ ਧੀਰ ਮੱਲ, ਆਦਿ ਦੀ ਔਲਾਦ ਆਉਂਦੀ ਹੈ। ਮੇਹਰਬਾਨ, ਹਰਿ ਜੀ ਅਤੇ ਚਤਰਭੁਜ ਜੋ ਇਨ੍ਹਾਂ ਦੇ ਹੀ ਵੰਸ਼ਜ਼ ਸਨ ਨੇ ਵੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸਾਹਿੱਤ ਜਨਮਸਾਖੀ ਰੂਪ ਵਿਚ ਲਿਖਿਆ ਹੈ ਅਤੇ ਹੋ ਸਕਦਾ ਹੈ ਅੱਗੋਂ ਇਨ੍ਹਾ ਦੀਆਂ ਪੀੜ੍ਹੀਆਂ ਕੋਲੋਂ ਸਰੂਪ ਦਾਸ ਨੇ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਇਤਹਾਸ ਸੁਣ ਕੇ ਮਹਿਮਾ ਪ੍ਰਕਾਸ਼ ਵਿਚ ਦਰਜ ਕੀਤਾ ਹੋਵੇ। ਤੀਜਾ ਗੁਰੂ ਕੁਲ ਨਾਲ ਸੰਬੰਧਿਤ ਭੱਲੇ ਆਓਂਦੇ ਹਨ ਜੋ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਹਨ। ਸਰੂਪ ਦਾਸ ਭੱਲਾ ਜੋ ਕਿ ਗੁਰੂ ਅਮਰਦਾਸ ਦੀ ਨੌਵੀਂ ਪੀੜ੍ਹੀ ਵਿਚੋਂ ਸੀ। ਮਹਿਮਾ ਪ੍ਰਕਾਸ਼ ਵਿਚ ਭੱਲਾ ਖ਼ਾਨਦਾਨ ਦੀ ਬਹੁਤ ਵਡਿਆਈ ਮਿਲਦੀ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਆਪਣੇ ਬਜ਼ੁਰਗਾਂ ਕੋਲੋਂ ਗੁਰੂ ਸਾਹਿਬਾਨ ਬਾਰੇ ਸਰੂਪ ਦਾਸ ਨੇ ਕਾਫ਼ੀ ਭਰਪੂਰ ਜਾਣਕਰੀ ਪ੍ਰਾਪਤ ਕੀਤੀ ਹੋਵੇਗੀ। ਦੂਜੇ ਪਾਸੇ ਗੁਰਸਿੱਖਾਂ ਵਿਚ ਬਾਬਾ ਬੁੱਢਾ ਜੀ, ਭਾਈ ਭਾਗੀਰਥ, ਭਾਈ ਬਾਲਾ ਸੰਧੂ, ਭਾਈ ਸਧਾਰਨ ਅਤੇ ਭਾਈ ਬਲਵੰਡ ਆਉਂਦੇ ਹਨ। ਕਿਹਾ ਜਾ ਸਕਦਾ ਹੈ ਕਿ ਸਰੂਪ ਦਾਸ ਭੱਲਾ ਇਨ੍ਹਾਂ ਵੰਸ਼ਜ਼ਾਂ ਦੇ ਸੰਪਰਕ ਵਿਚ ਰਿਹਾ ਹੋਵੇ ਤੇ ਉਨ੍ਹਾਂ ਕੋਲੋ ਪੀੜ੍ਹੀ ਦਰ ਪੀੜ੍ਹੀ ਗੁਰੂ ਸਾਹਿਬ ਦਾ ਮੌਖਿਕ ਰੂਪ ਵਿਚ ਹਾਲ ਸੁਣ

[69] ਗੁਰਸ਼ਰਨਜੀਤ ਸਿੰਘ (ਸੰਪਾ.), *LDP–194* ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨੇ ੳ ਅਤੇ ਅ (ਭੂਮਿਕਾ).
[70] ਸ.ਸ. ਪਦਮ (ਸੰਪਾ.), ਸਾਖੀ ਮਹਲੁ ਪਹਿਲੇ ਕੀ, ਪੰਨੇ 11-16.

ਕੇ ਇਸ ਗ੍ਰੰਥ ਵਿਚ ਸ਼ਾਮਿਲ ਕੀਤਾ ਹੋਵੇ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਸਰੂਪ ਦਾਸ ਨੇ ਆਪਣੇ ਗ੍ਰੰਥ ਦੀ ਰਚਨਾ ਲਈ ਜਨਮਸਾਖੀਆਂ, ਗੁਰੂ ਕੁਲ ਅਤੇ ਗੁਰਸਿੱਖਾਂ, ਆਦਿ ਸਰੋਤਾਂ ਦੀ ਸਹਾਇਤਾ ਲੈ ਕੇ ਲਾਭ ਉਠਾਇਆ ਜੋ ਉਸ ਵੇਲੇ ਮੌਜੂਦ ਸਨ।

ਮਹਿਮਾ ਪ੍ਰਕਾਸ਼ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਪੂਰਵ-ਵਰਤੀ ਜਨਮਸਾਖੀਆਂ ਵਾਂਗ ਇਸ ਸਾਖੀ ਸੰਗ੍ਰਹਿ ਵਿਚ ਬਹੁਤੀਆਂ ਸਾਖੀਆਂ ਗੁਰਬਾਣੀ ਉੱਤੇ ਆਧਾਰਿਤ ਹਨ ਜੋ ਗੁਰਬਾਣੀ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਹਨ ਜਿਵੇਂ ਸਾਖੀ ਬਾਬਾ ਜੀ ਕੇ ਜਗਿਯੋਪਵੀਤ ਕੀ,[71] ਸਾਖੀ ਬਾਬਾ ਜੀ ਨੇ ਪਾਂਧੇ ਕੇ ਪੜ੍ਹਾਵਨੇ ਕੀ,[72] ਸਾਖੀ ਮੁੱਲਾਂ ਪਾਸ ਪੜ੍ਹਨੇ ਕੀ,[73] ਇਨ੍ਹਾਂ ਵਿਚ ਗੁਰੂ ਨਾਨਕ ਦੇਵ ਦੀ ਪਾਂਧੇ ਅਤੇ ਮੁੱਲਾਂ ਨਾਲ ਹੋਈ ਵਾਰਤਾਲਾਪ ਨੂੰ ਵਿਖਾਇਆ ਗਿਆ ਹੈ ਜਿਸ ਵਿਚ ਗੁਰੂ ਜੀ ਨੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਅਸਲ ਜਨੇਊ ਪਾਉਣ ਦੀ ਗੱਲ ਅਤੇ ਪੜ੍ਹਣ ਦੀ ਗੱਲ ਆਪਣੀ ਬਾਣੀ ਦੇ ਦੁਆਰਾ ਅਤੇ ਪਰਮਾਰਥ ਦੇ ਕੇ ਕੀਤੀ ਹੈ। ਇਸੇ ਤਰ੍ਹਾਂ ਪਿਤਾ ਕਾਲੂ ਜੀ ਵੱਲੋਂ ਬਾਬਾ ਜੀ ਕੋ ਖੇਤੀ ਕਾ ਉਪਦੇਸ਼,[74] ਆਦਿ ਅਜਿਹੀਆਂ ਹੋਰ ਸਾਖੀਆਂ ਦਾ ਆਧਾਰ ਵੀ ਗੁਰਬਾਣੀ ਹੈ।

ਉੱਪਰਲੀਆਂ ਸਾਖੀਆਂ ਤੋਂ ਇਲਾਵਾ ਸਾਖੀ ਬਾਬੇ ਜੀ ਕਾ ਉਦਾਸੀਨ-ਸੁਭਾਓ ਕੀ, ਸਾਖੀ ਬਾਬਾ ਜੀ ਕੀ ਅਖੰਡ ਸਮਾਧਿਆਰੇ ਬੈਦ ਸੋ ਚਰਚਾ ਕੀ, ਸਾਖੀ ਬਾਬਾ ਜੀ ਕੀ ਪਰਮ ਉਦਾਸੀ ਕੀ ਕਥਾ ਕੀ, ਸਾਖੀ ਸੁਲਤਾਨਪੁਰ ਕੀ, ਸਾਖੀ ਕੂੰਜਾ ਸੋ ਬਾਬਾ ਜੀ ਕੀ ਚਰਚਾ ਕੀ, ਸਾਖੀ ਸਜਨ ਨਾਮੇ ਕਪਟ ਭਗਤ ਸੇ ਮੇਲ ਕੀ, ਸਾਖੀ ਸ਼ੇਖ਼ ਫ਼ਰੀਦ ਕੇ ਪਟਨ ਸੋ ਸ਼ਾਹ ਮੁਕੀਮ ਦੀ ਸੋ ਚਰਚਾ ਕੀ, ਸਾਖੀ ਨਾਨੂੰ ਪੰਡਤ ਕੀ, ਸਾਖੀ ਕਲਿਜੁਗ ਸੋਂ ਬਾਬਾ ਨਾਨਕ ਦੇ ਮੇਲ ਦੀ, ਸਾਖੀ ਬਾਬਾ ਜੀ ਕੀ ਬਿਦਰ ਸ਼ਹਰ ਕੀ, ਸਾਖੀ ਭਰਥਰੀ ਨਾਥ ਸੋ ਮਿਲਾਪ ਕੀ, ਸਾਖੀ ਰਾਜਾ ਸ਼ਿਵਨਾਭ ਕੀ, ਸਾਖੀ ਓਅੰਕਾਰ ਅਸਥਾਨ ਮੋਂ ਬ੍ਰਹਮਣ ਸਿਓ ਕੀ, ਸਾਖੀ ਸੇਤਬੰਦ ਰਾਮੇਸ਼ਵਰ ਕੀ, ਸਾਖੀ ਤਿਲਗੰਜੀ ਮੋ ਸਿਧੋਂ ਸਿਉ ਚਰਚਾ ਕੀ, ਸਾਖੀ ਸੁਮੇਰ ਪ੍ਰਬਤ ਕੀ, ਸਾਖੀ ਅਗਨ ਰਿਖ ਕੀ, ਸਾਖੀ ਸਤਿਗੁਰ ਪੰਜਾਬ ਕੋ ਚਲਨੇ ਦੀ, ਸਾਖੀ ਕਿਰਾਣੇ ਅਸਥਾਨ ਕੀ, ਸਾਖੀ ਮਕੇ ਕੀ, ਸਾਖੀ ਬਾਬਰ ਬਾਦਸ਼ਾਹ ਕੀ, ਸਾਖੀ ਬਾਬਾ ਜੀ ਦੇ ਹਿੰਦੁਸਤਾਨ ਆਨੇ ਕੀ, ਆਦਿ ਸਾਖੀਆਂ ਗੁਰਬਾਣੀ ਉੱਪਰ ਆਧਾਰਿਤ ਹਨ ਅਤੇ ਇਨ੍ਹਾ ਦੀ ਵਿਆਖਿਆ ਲਈ ਪਰਮਾਰਥ ਲਿਖੇ ਹੋਏ ਹਨ ਜੋ ਗੁਰਬਾਣੀ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਹਨ।

ਉਪਰੋਕਤ ਸੋਮਿਆਂ ਤੋਂ ਇਲਾਵਾ ਸਰੂਪ ਦਾਸ ਭੱਲਾ ਨੇ ਆਪਣੀ ਰਚਨਾ ਲਈ ਪੌਰਾਣਿਕ ਸਾਹਿੱਤ, ਬੋਧੀ ਸਾਹਿੱਤ, ਨਾਥ ਸਾਹਿੱਤ, ਫ਼ਾਰਸੀ ਅਤੇ ਅਰਬੀ ਪਰੰਪਰਾਵਾਂ ਦੇ ਸੋਮਿਆਂ ਤੋਂ ਵੀ ਸਾਮਗ੍ਰੀ ਪ੍ਰਾਪਤ ਕੀਤੀ ਜੋ ਜਨਮਸਾਖੀਆਂ ਰਾਹੀਂ ਸਰੂਪ ਦਾਸ ਭੱਲਾ ਤਕ ਪਹੁੰਚੀ ਪ੍ਰਤੀਤ ਹੁੰਦੀ ਹੈ। ਜਿਵੇਂ ਸ੍ਰੀ ਸਤਿਗੁਰੂ ਅਵਤਾਰ ਕਥਾ ਵਾਲੀ ਸਾਖੀ ਪੌਰਾਣਿਕ ਪਰੰਪਰਾ ਤੋਂ ਪ੍ਰਭਾਵਿਤ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ

[71] ਮਹਿਮਾ ਪ੍ਰਕਾਸ਼, ਪੰਨੇ 4/ਅ-5/ੳ.
[72] ਉਹੀ, ਪੰਨੇ 5/ੳ-6/ੳ.
[73] ਉਹੀ, ਪੰਨੇ 6/ਅ-7/ੳ.
[74] ਉਹੀ, ਪੰਨੇ 7/ੳ-8/ੳ.

ਅਵਤਾਰ ਧਾਰਨ ਕਰਨ ਸਮੇਂ ਨਾਰਦ ਅਤੇ ਭਰਥਰੀ ਦਾ ਆਉਣਾ ਅਤੇ ਰਿਖੀਆਂ ਮੁਨੀਆਂ, ਸਿੱਧਾਂ, ਨੌਂ ਨਾਥਾਂ, ਛੇ ਜਤੀਆਂ, ਚੌਂਹਠ ਜੋਗਨੀਆਂ, ਬਵੰਜਾ ਬੀਰਾਂ, ਦੇਵੀ-ਦੇਵਤਿਆਂ ਦੇ ਮੰਗਲ ਗਾਉਣ ਦਾ ਜ਼ਿਕਰ ਹੈ।[75] ਇਸੇ ਤਰ੍ਹਾਂ ਸਾਖੀ ਬਾਬਾ ਜੀ ਨਾਮ ਕਰਨ ਕੀ, ਸਾਖੀ ਬਾਬਾ ਜੀ ਕੇ ਜਗਿਯੋਪਵੀਤ ਕੀ, ਸਾਖੀ ਬਾਬਾ ਜੀ ਕੇ ਵਿਵਾਹ ਕੀ, ਸਾਖੀ ਬਾਬਾ ਜੀ ਅਖੰਡ ਸਮਾਧਿਆਰੇ ਬੈਦ ਸੋ ਚਰਚਾ ਕੀ, ਸਾਖੀ ਬਾਬਾ ਜੀ ਜੋ ਤੀਨ ਦਿਨ ਜਲ ਮੋ ਲੀਨ ਹੋਏ ਗਏ ਕੀ, ਆਦਿ ਸਾਖੀਆਂ ਇਸੇ ਪਰੰਪਰਾ ਤੋਂ ਆਈਆਂ ਹਨ।

ਬੋਧੀ ਸਾਹਿੱਤ ਪਰੰਪਰਾ ਨਾਲ ਸੰਬੰਧਿਤ ਸਾਖੀਆਂ ਵਿਚ ਸਾਖੀ ਬਾਬਾ ਨਾਨਕ ਜੀ ਕੇ ਦਰਖਤ ਤਲੇ ਸੈਨ ਕੀ ਅਤੇ ਸਾਖੀ ਕਲਜੁਗ ਸੋ ਬਾਬਾ ਨਾਨਕ ਦੇ ਮੇਲ ਦੀ ਵਾਲੀਆਂ ਸਾਖੀਆਂ ਬੋਧੀ ਪਰੰਪਰਾ ਤੋਂ ਪ੍ਰਭਾਵਿਤ ਹਨ।

ਨਾਥ ਸਾਹਿੱਤ ਪਰੰਪਰਾ ਨਾਲ ਸੰਬੰਧਿਤ ਸਾਖੀਆਂ ਵਿਚ ਸਾਖੀ ਕਾਵਰੂ ਦੇਸ ਕੀ ਨਾਥ ਪਰੰਪਰਾ ਨਾਲ ਸੰਬੰਧਿਤ ਹੈ। ਜਿਸ ਵਿਚ ਨਾਥ ਪਰੰਪਰਾ ਅਨੁਸਾਰ ਇਕ ਵਾਰੀ ਮਛੰਦਰ ਨਾਥ ਤ੍ਰਿਆ ਰਾਜ ਦੀਆਂ ਸੁੰਦਰੀਆਂ ਦੇ ਚੁੰਗਲ ਵਿਚ ਜਾ ਫਸੇ ਅਤੇ ਉਨ੍ਹਾਂ ਨੂੰ ਗੋਰਖ ਨਾਥ ਨੇ ਜਾ ਕੇ ਛੁਡਾਇਆ।[76] ਮਹਿਮਾ ਪ੍ਰਕਾਸ਼ ਵਿਚ ਕਾਵਰੂ ਦੇਸ਼ ਦੀ ਸਾਖੀ ਵਿਚ ਮਰਦਾਨੇ ਨੂੰ ਜਦੋਂ ਉਸ ਦੇਸ਼ ਦੀਆਂ ਇਸਤਰੀਆਂ ਨੇ ਮੰਤਰਾਂ ਨਾਲ ਬੰਨ੍ਹ ਲਿਆ ਸੀ ਤਾਂ ਗੁਰੂ ਨਾਨਕ ਦੇਵ ਨੇ ਉਨ੍ਹਾਂ ਤੋਂ ਛੁਡਾ ਕੇ ਲਿਆਂਦਾ ਸੀ।[77]

ਫ਼ਾਰਸੀ-ਅਰਬੀ ਪਰੰਪਰਾ ਨਾਲ ਸੰਬੰਧਿਤ ਸਾਖੀਆਂ ਵਿਚ ਸਾਖੀ ਸੁਲਤਾਨਪੁਰ ਕੀ ਜਿਸ ਵਿਚ ਗੁਰੂ ਸਾਹਿਬ ਆਪਣੇ ਜੀਜਾ ਜੈ ਰਾਮ ਪਾਸ ਰਹਿਣ ਲਈ ਜਾਂਦੇ ਹਨ, ਉਸ ਸਮੇਂ ਲੋਧੀ ਵੰਸ਼ ਦਾ ਰਾਜ ਸੀ। ਇਹ ਸਾਖੀ ਅਜਿਹੀ ਬਾਣੀ ਉੱਤੇ ਆਧਾਰਿਤ ਹੈ, ਜਿਸ ਦਾ ਸੰਬੰਧ ਇਸਲਾਮੀ ਵਿਚਾਰਧਾਰਾ ਨਾਲ ਹੈ। ਇਸ ਵਿੱਚ ਗੁਰੂ ਜੀ ਮੁਸਲਮਾਨਾਂ ਨੂੰ ਨਮਾਜ਼ ਸਹੀ ਪੜ੍ਹਨ ਦਾ ਢੰਗ ਦੱਸਦੇ ਹਨ।[78]

ਉਪਰੋਕਤ ਵਿਸ਼ਲੇਸ਼ਣ ਤੋਂ ਚੰਗੀ ਤਰ੍ਹਾਂ ਪਤਾ ਲੱਗ ਜਾਂਦਾ ਹੈ ਕਿ ਮਹਿਮਾ ਪ੍ਰਕਾਸ਼ ਵਿਚ ਵੱਖ-ਵੱਖ ਪਰੰਪਰਾਵਾਂ ਤੋਂ ਸਾਖੀਆਂ ਲਈਆਂ ਗਈਆਂ ਹਨ। ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਮਹਾਂਭਾਰਤ ਅਤੇ ਪੁਰਾਣ ਗ੍ਰੰਥ ਦੇਵੀ ਦੇਵਤਿਆਂ ਨਾਲ ਸੰਬੰਧਿਤ ਕਥਾ ਕਹਾਣੀਆਂ ਨਾਲ ਭਰਪੂਰ ਸਨ। ਬੁੱਧ ਮਤ ਦੀਆਂ ਜਾਤਕ ਕਥਾਵਾਂ ਜਨ ਜੀਵਨ ਵਿਚ ਪ੍ਰਸਿੱਧੀ ਪ੍ਰਾਪਤ ਕਰ ਚੁੱਕੀਆਂ ਸਨ। ਸਿੱਧਾਂ ਅਤੇ ਜੋਗੀਆਂ ਦੀਆਂ ਅਨੇਕ ਪ੍ਰਕਾਰ ਦੀਆਂ ਲੋਕ-ਕਥਾਵਾਂ ਜਨਤਾ ਦੇ ਮਨ ਵਿਚ ਆਪਣਾ ਸਥਾਨ ਬਣਾ ਚੁੱਕੀਆਂ ਸਨ। ਗੁਰੂ ਨਾਨਕ ਦੇਵ ਜੀ ਦੇ ਅਵਤਾਰ ਲੈਣ ਤੋਂ ਪਹਿਲਾਂ ਭਾਰਤ ਵਿਚ ਇਸਲਾਮ ਧਰਮ ਦਾ ਪ੍ਰਵੇਸ਼ ਹੋ ਚੁੱਕਿਆ ਸੀ। ਇਸਲਾਮ ਧਰਮ ਦਾ ਪੰਜਾਬ ਉੱਤੇ ਕਾਫ਼ੀ ਦੇਰ ਪ੍ਰਭਾਵ ਰਿਹਾ। ਇਸ ਸਾਖੀ ਸੰਗ੍ਰਹਿ ਵਿਚ ਅਨੇਕਾਂ ਅਜਿਹੀਆਂ ਸਾਖੀਆਂ ਹਨ ਜਿਨ੍ਹਾਂ ਦਾ ਨਿਰਮਾਣ ਹੋਰਨਾਂ ਧਰਮਾਂ ਦੇ ਮਹਾਂਪੁਰਸ਼ਾਂ ਜਾਂ ਆਗੂਆਂ ਨਾਲ ਸੰਬੰਧਿਤ ਕਥਾ-ਕਥਾਵਾਂ ਦੇ ਆਧਾਰ ਉੱਤੇ ਕੀਤਾ ਗਿਆ ਹੈ।

ਮਹਿਮਾ ਪ੍ਰਕਾਸ਼ ਵਿਚ ਆਈਆਂ ਇਸ ਤੋਂ ਪੂਰਬਲੀਆਂ ਜਨਮਸਾਖੀਆਂ ਵਾਲੀਆਂ ਸਾਖੀਆਂ ਵਿਚ

---

[75] ਮਹਿਮਾ ਪ੍ਰਕਾਸ਼, ਪੰਨੇ 2/ਅ-3/ੳ.
[76] W.H. Mcleod, *Early Sikh Tradition,* p. 70.
[77] ਮਹਿਮਾ ਪ੍ਰਕਾਸ਼, ਪੰਨੇ 104/ਅ-105/ੳ.
[78] ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾਂ ਮੁਸਲਮਾਣੁ ਕਹਾਵੈ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 141.

ਕੁੱਝ ਪਰਿਵਰਤਨ ਵੀ ਕੀਤਾ ਗਿਆ ਹੈ। ਗੁਰੂ ਨਾਨਕ ਨੂੰ ਜਨੇਊ ਪੁਆ ਦਿੱਤਾ ਜਾਂਦਾ ਹੈ ਪਰ ਨਾਲ ਹੀ ਇਸ ਦੀ ਆਲੋਚਨਾ ਬਾਰੇ ਰਾਗ ਆਸਾ ਦਾ ਸ਼ਬਦ ਦਇਆ ਕਪਾਹ.....॥[79] ਵੀ ਦਿੱਤਾ ਹੋਇਆ ਹੈ। ਜਨੇਊ ਪਾਉਣਾ ਤੱਤਕਾਲੀ ਕਰਮਕਾਂਡ ਤੇ ਰਹੁ-ਰੀਤਾਂ ਦੇ ਪ੍ਰਭਾਵ ਹੇਠ ਹੈ। ਬਾਬਰ ਵਾਲੀ ਸਾਖੀ ਵਿਚ ਗੁਰੂ ਜੀ ਭੰਗ ਖਾ ਲੈਂਦੇ ਹਨ ਤੇ ਬਾਬਰ ਨੂੰ ਹਿੰਦ ਦੀ ਪਾਤਸ਼ਾਹੀ ਦਿੰਦੇ ਹਨ। ਪਰ ਇਹ ਸਦੀਵੀ ਨਹੀਂ ਤੇ ਨਾਲ ਹੀ ਨਿਆਂ ਕਰਨ ਦੀ ਸ਼ਰਤ ਲਾ ਦਿੰਦੇ ਹਨ।[80] ਇਹ ਪਰਿਵਰਤਨ ਤੱਤਕਾਲੀ ਪ੍ਰਸਥਿਤੀਆਂ ਅਧੀਨ ਹੋਇਆ ਜਾਪਦਾ ਹੈ। ਭੰਗ ਆਦਿ ਨਸ਼ਿਆਂ ਦਾ ਸੇਵਨ ਵੀ ਪ੍ਰਸਥਿਤੀਆਂ ਦੀ ਦੇਣ ਹੈ। ਹੁਣ ਮਿਸਲ ਕਾਲ ਸਮੇਂ ਮੁਗ਼ਲ ਰਾਜ ਦੇ ਖ਼ਤਮ ਹੋਣ ਦੀ ਆਸ ਵਧ ਰਹੀ ਹੈ। ਇਸ ਪ੍ਰਭਾਵ ਹੇਠ ਬਾਬਰ ਸਾਖੀ ਵਿਚ ਤਬਦੀਲੀ ਆ ਗਈ ਹੈ। ਅਜਿਹੀਆਂ ਤਬਦੀਲੀਆਂ ਹੋਰ ਕਈ ਸਾਖੀਆਂ ਵਿਚ ਵੀ ਵੇਖੀਆਂ ਜਾ ਸਕਦੀਆਂ ਹਨ।

ਬਾਬਾ ਜੀ ਦੀ ਰਹਿਣੀ ਬਿਲਾਸ ਦੀ ਸਾਖੀ ਅਤੇ ਬਾਕੀ ਗੁਰੂ ਸਾਹਿਬਾਨ ਬਾਰੇ ਅਜਿਹੀਆਂ ਸਾਖੀਆਂ ਵੀ ਵੇਖੀਆਂ ਜਾ ਸਕਦੀਆਂ ਹਨ। ਗੁਰੂ ਜੀ ਦਾ ਨਿੱਤ ਕਾਰਜ-ਕ੍ਰਮ ਦੱਸਣ ਪਿਛੇ ਅਚੇਤ-ਸੁਚੇਤ ਮਿਸਲ ਸਮੇਂ ਦੀ ਰਾਜ ਕਰਨ ਦੀ ਭਾਵਨਾ ਕੰਮ ਕਰਦੀ ਜਾਪਦੀ ਹੈ। ਮੁਗ਼ਲ ਬਾਦਸ਼ਾਹਾਂ ਦੇ ਅਜਿਹੇ ਕਾਰਜ-ਕ੍ਰਮ ਮਿਲਦੇ ਹਨ।[81] ਮਹਿਮਾ ਪ੍ਰਕਾਸ਼ ਵਿਚਲੇ ਗੁਰੂ ਸਾਹਿਬਾਨ ਦੇ ਕਾਰਜ-ਕ੍ਰਮ ਵਾਲੀਆਂ ਸਾਖੀਆਂ ਉਨ੍ਹਾਂ ਤੋਂ ਪ੍ਰੇਰਿਤ ਲਗਦੀਆਂ ਹਨ। ਸਿੱਖ ਸਰਦਾਰ ਆਪਣੀ ਰਾਜਸੀ ਸ਼ਕਤੀ ਗੁਰੂ ਸਾਹਿਬਾਨ ਤੋਂ ਲੈਂਦੇ ਹਨ ਜੋ ਸੱਚੇ ਪਾਤਸ਼ਾਹ ਹਨ ਤੇ ਜਿਨ੍ਹਾਂ ਦੇ ਕਾਰਜ-ਕ੍ਰਮ ਵੀ ਮੁਗ਼ਲ ਬਾਦਸ਼ਾਹਾਂ ਦੇ ਕਾਰਜ-ਕ੍ਰਮਾਂ ਵਾਂਗ ਹੀ ਨਿਰਧਾਰਿਤ ਹਨ। ਸਾਖੀ ਰੂਮ ਅਰ ਮਦੀਨੇ ਕੀ[82] ਅਤੇ ਸਾਖੀ ਮਦੀਨੇ ਕੀ ਜਿਸ ਵਿਚ ਖ਼ਨਵਾਦੇ ਦੇ ਚਾਰ ਇਮਾਮ ਜੋ ਕਿ ਮੁਸਲਮਾਨ ਵਿਅਕਤੀ ਹਨ ਨਾਲ ਵਾਰਤਾਲਾਪ ਦੀਆਂ ਸਾਖੀਆਂ ਹਨ[83] ਅਤੇ ਜੋ ਬਾਕੀ ਜਨਮਸਾਖੀਆਂ ਵਿਚ ਨਹੀਂ ਹਨ। ਇਸ ਵਿਚਲੀ ਇਸਲਾਮ ਤੇ ਸੂਫ਼ੀਵਾਦ ਦੀ ਵਿਆਖਿਆ ਤੇ ਪੈਗੰਬਰਾਂ ਦੀ ਸੂਚੀ ਵਿਚ ਗੁਰੂ ਨਾਨਕ ਨੂੰ ਸ਼ਾਮਿਲ ਕਰਨਾ ਤੱਤਕਾਲੀ ਪ੍ਰਸਥਿਤੀਆਂ ਦੀਆਂ ਸਮੱਸਿਆਵਾਂ ਨਾਲ ਸੰਬੰਧ ਰਖਦਾ ਹੈ।

ਇਉਂ, ਮਹਿਮਾ ਪ੍ਰਕਾਸ਼ ਦੀਆਂ ਸਾਖੀਆਂ ਦੇ ਸਰੋਤ, ਪੂਰਬਲੀਆਂ ਜਨਮਸਾਖੀਆਂ ਵਿਚਲੀਆਂ ਸਾਖੀਆਂ ਵੀ ਹਨ ਅਤੇ ਉਹ ਉਨ੍ਹਾਂ ਰਾਹੀਂ ਪੌਰਾਣਿਕ, ਫ਼ਾਰਸੀ-ਅਰਬੀ, ਬੋਧ-ਸਾਹਿੱਤਕ ਪਰੰਪਰਾ ਨਾਲ ਜੁੜੇ ਹੋਏ ਹਨ। ਪਰ ਸਮੇਂ ਦੀਆਂ ਪ੍ਰਸਥਿਤੀਆਂ ਮੁਜਬ ਕਈ ਸਾਖੀਆਂ ਵਿਚ ਲੋੜੀਂਦੇ ਪਰਿਵਰਤਨ ਵੀ ਕਰ ਲਏ ਗਏ ਹਨ। ਕਈ ਥਾਂ ਅਜਿਹੇ ਪਰਿਵਰਤਨ ਤੱਤਕਾਲੀ ਕਰਮਕਾਂਡ ਤੇ ਰਹੁ-ਰੀਤਾਂ ਦੇ ਉਭਾਰ ਕਾਰਨ ਹੋਏ ਹਨ। ਇਸ ਵਿਚਲੀਆਂ ਕਈ ਸਾਖੀਆਂ ਤੱਤਕਾਲੀ ਪ੍ਰਸਥਿਤੀਆਂ ਦੀ ਉਪਜ ਵੀ ਹਨ ਜਿਨ੍ਹਾਂ ਰਾਹੀਂ ਸਰੂਪ ਦਾਸ ਭੱਲਾ ਦੇ ਸਮਕਾਲੀ ਸਮੇਂ ਸੰਬੰਧੀ ਟੋਹ ਲਗ ਸਕਦੀ ਹੈ।

[79] ਮਹਿਮਾ ਪ੍ਰਕਾਸ਼, ਪੰਨੇ 4/ਅ-5/ੳ.
[80] ਮਹਿਮਾ ਪ੍ਰਕਾਸ਼, ਪੰਨੇ 142/ਅ-143/ੳ.
[81] Ibn Hassan, *The Central Structure of the Mughal Empire,* p. 66.
[82] ਮਹਿਮਾ ਪ੍ਰਕਾਸ਼, ਪੰਨੇ 132/ੳ-135/ਅ.
[83] ਉਹੀ, ਪੰਨੇ 135/ਅ-139/ੳ.

ਮਹਿਮਾ ਪ੍ਰਕਾਸ਼ : ਰੂਪਾਕਾਰ

ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਇਕ ਵੱਡ ਆਕਾਰੀ ਰਚਨਾ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਨੌਂ ਗੁਰੂ ਸਾਹਿਬਾਨ ਅਤੇ ਬੰਦਾ ਸਿੰਘ ਬਹਾਦਰ ਬਾਰੇ ਇਕ ਸਾਖੀ ਮਿਲਦੀ ਹੈ। ਮੋਟੇ ਤੌਰ ਤੇ ਇਸ ਨੂੰ ਦੋ ਭਾਗ ਹਨ, ਮਹਿਮਾ ਪ੍ਰਕਾਸ਼ ਭਾਗ ਪਹਿਲਾ ਜਾਂ ਗੁਰੂ ਨਾਨਕ ਮਹਿਮਾ ਅਤੇ ਮਹਿਮਾ ਪ੍ਰਕਾਸ਼ ਭਾਗ ਦੂਜਾ ਹਨ। ਪਹਿਲਾ ਭਾਗ ਇਸਨੇ ਵਾਰਾਨਸੀ (ਬਨਾਰਸ) ਰਹਿਣ ਸਮੇਂ ਲਿਖਿਆ ਅਤੇ ਇਸ ਤੋਂ ਬਾਅਦ ਇਹ ਵਾਰਾਨਸੀ ਤੋਂ ਗੋਇੰਦਵਾਲ ਆ ਗਿਆ ਅਤੇ ਬਾਕੀ ਦੂਜਾ ਭਾਗ ਇਸਨੇ ਉੱਥੇ ਸੰਪੂਰਨ ਕੀਤਾ।[1] ਇਸ ਗੱਲ ਵਿਚ ਦੋ ਰਾਵਾਂ ਨਹੀਂ ਕਿ ਇਹ 1776 ਈ. ਵਿਚ ਸੰਪੂਰਨ ਹੋਇਆ ਅਤੇ ਇਸ ਦਾ ਕਰਤਾ ਗੁਰੂ ਅਮਰਦਾਸ ਦੇ ਭੱਲਾ ਵੰਸ਼ ਵਿਚੋਂ ਹੈ।

ਇਸਦੇ ਰੂਪਾਕਾਰ ਪੱਖੋਂ ਅਧਿਐਨ ਵਾਸਤੇ ਪਿੱਛੇ ਨੂੰ ਜਾਣਾ ਪਵੇਗਾ। ਮਹਿਮਾ ਪ੍ਰਕਾਸ਼ ਦਾ ਰੂਪਾਕਾਰ ਸਾਖੀ ਹੈ। ਸਾਖੀ ਕਵਿਤਾ ਅਤੇ ਵਾਰਤਕ ਦੋਹਾਂ ਰੂਪਾਂ ਵਿਚ ਮਿਲਦੀ ਹੈ। ਗੁਰੂ ਸਾਹਿਬਾਨ ਦੀਆਂ ਸਮਕਾਲੀ ਜਨਮਸਾਖੀਆਂ ਵਾਰਤਕ ਵਿਚ ਸਨ। ਪਰ ਅਠਾਰ੍ਹਵੀਂ ਸਦੀ ਵਿਚ ਇਹ ਕਾਵਿ-ਰੂਪ ਵਿਚ ਰਚੀਆਂ ਜਾਣ ਲੱਗੀਆਂ। ਸੇਵਾ ਪੰਥੀ ਸਾਧੂਆਂ ਦੀਆਂ ਸਾਖੀਆਂ ਵਾਰਤਕ ਵਿਚ ਵੀ ਹਨ ਅਤੇ ਕਵਿਤਾ ਵਿਚ ਵੀ ਹਨ। ਸਾਖੀਆਂ ਅੱਡਣ ਸ਼ਾਹ ਤੇ ਪਰਚੀਆਂ ਅੱਡਣ ਸ਼ਾਹ ਵਾਰਤਕ ਵਿਚ ਵੀ ਹਨ ਅਤੇ ਕਵਿਤਾ ਵਿਚ ਵੀ ਹਨ। ਇਸ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਸਰੂਪ ਦਾਸ ਨੇ ਪਹਿਲਾਂ ਕਵਿਤਾ ਵਿਚ ਸਾਖੀਆਂ ਰਚਨੀਆਂ ਸ਼ੁਰੂ ਕੀਤੀਆਂ ਅਤੇ ਫਿਰ ਵਾਰਤਕ ਵਿਚ ਰਚੀਆਂ। ਪਹਿਲੇ ਭਾਗ ਵਿਚ ਕਵਿਤਾ ਵਿਚ ਰਚੀਆਂ ਜਨਮਸਾਖੀਆਂ ਨਜ਼ਰ ਆਉਂਦੀਆਂ ਹਨ। ਦੂਜੇ ਭਾਗ ਦੀਆਂ ਸਾਖੀਆਂ ਕਵਿਤਾ ਵਿਚ ਹਨ ਅਤੇ ਕਿਤੇ-ਕਿਤੇ ਲੋੜ ਪੈਣ ’ਤੇ ਖਾਸ ਤੌਰ ’ਤੇ ਬਾਣੀ ਦੀ ਵਿਆਖਿਆ ਲਈ ਬਾਣੀ ਦੀ ਵਰਤੋ ਵੀ ਕਰ ਲੈਂਦਾ ਹੈ।[2]

ਸਾਖੀ, ਸਾਖੀ ਸ਼ਬਦ ਤੋਂ ਬਣਿਆ ਜਾਪਦਾ ਹੈ, ਜਿਸਦਾ ਅਰਥ ਹੈ ਗਵਾਹੀ। ਪਹਿਲੇ ਸਮੇਂ ਦੀਆਂ ਸਾਖੀਆਂ ਜ਼ਿਆਦਾਤਰ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਸਨ। ਇਹ ਭਾਵੇਂ ਗੁਰੂ ਸਾਹਿਬ ਦੇ ਜਨਮ ਤੋਂ ਲੈ ਕੇ ਅਖੀਰ ਤੱਕ ਦੱਸਦੀਆਂ ਹਨ ਪਰ ਇੱਥੇ ਜੀਵਨ ਸਾਖੀ ਦੀ ਥਾਂ ਤੇ ਜਨਮਸਾਖੀ ਕਿਹਾ ਗਿਆ ਹੈ ਭਾਵ ਕਿ ਉਨ੍ਹਾਂ ਦਾ ਪੈਦਾ ਹੋਣਾ ਹੀ ਸੰਸਾਰ ਨੂੰ ਰੌਸ਼ਨ ਕਰਨ ਵਾਲਾ ਹੈ ਤੇ ਇੰਨਾ ਹੀ ਜ਼ਰੂਰੀ ਸਮਝਿਆ ਗਿਆ ਹੈ ਕਿ ਉਨ੍ਹਾਂ ਦੀ ਜਨਮ ਦੀ ਆਭਾ ਨੂੰ ਮਾਣਿਆ ਜਾ ਸਕੇ। ਭਾਈ ਕਾਨ੍ਹ ਸਿੰਘ ਨਾਭਾ ਨੇ ਜਨਮਸਾਖੀ ਦੇ ਅਰਥ ਜੀਵਨ ਕਥਾ ਦੇ ਪਰਥਾਇ ਹੀ ਕੀਤੇ ਹਨ।[3] ਡਾ. ਮੈਕਲੋਡ ਨੇ ਸਾਖੀਆਂ ਦੀ ਰਚਨਾ ਪ੍ਰਕਿਰਿਆ ਨੂੰ ਮੌਖਿਕ ਪਰੰਪਰਾ ਦੇ ਵਿਕਾਸ ਤੋਂ ਮੰਨਿਆ ਹੈ, ਜਿਸ ਨੂੰ ਬਾਅਦ ਵਿਚ ਲਿਖਤੀ ਰੂਪ ਦਿੱਤਾ ਗਿਆ।[4] ਜਨਮਸਾਖੀ ਵਾਰਤਕ ਵਿਚ ਹੈ ਅਤੇ ਗੁਰੂ ਸਾਹਿਬ ਦੇ ਪੈਦਾ ਹੋਣ ਤੋਂ ਸ਼ੁਰੂ ਕਰ ਕੇ ਅਖੀਰ ਤੱਕ ਚਲਦੀ ਹੈ। ਮੋਟੇ ਤੌਰ ’ਤੇ ਅਸੀਂ ਇਹ ਵੇਖਾਂਗੇ ਕਿ ਗੁਰੂ ਕਾਲ ਦੀ ਜਨਮਸਾਖੀ ਵਿਚ ਕੀ ਕੁੱਝ ਹੁੰਦਾ ਹੈ-

- ਬਾਬੇ ਨਾਨਕ ਦੇ ਜਨਮ ਸਮੇਂ ਦੈਵੀ ਸ਼ਕਤੀਆਂ ਦੇ ਫੁੱਲ ਵਰਸਾਉਣੇ।

---
[1] ਕਰਮ ਸਿੰਘ ਹਿਸਟੋਰੀਅਨ, ਕੱਤਕ ਕਿ ਵਿਸਾਖ, ਪੰਨੇ 220-222.
[2] ਮਹਿਮਾ ਪ੍ਰਕਾਸ਼, ਪੰਨੇ 5/ਅ-6/ਅ, 11/ੳ-16/ਅ, 20/ਅ-28/ੳ, ਆਦਿ.
[3] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 504.
[4] W.H. Mcleod, *Evolution of The Sikh Community,* p. 22–23

- ਜਨਮ, ਮਿਤੀ ਅਤੇ ਮਾਪੇ।
- ਜਨਮ ਸਮੇਂ ਦੀਆਂ ਕੁਝ ਘਟਨਾਵਾਂ ਜਿਵੇਂ- ਬ੍ਰਿਛ ਦੀ ਛਾਂ, ਸੱਪ ਦੀ ਛਾਂ, ਖੇਤ ਕਰਨਾ, ਵਿੱਦਿਆ ਪ੍ਰਾਪਤੀ ਅਤੇ ਕੰਮ-ਕਾਜ।
- ਸਭ ਤੋਂ ਪਹਿਲਾਂ ਦਾਈ ਅਤੇ ਵੱਡੀ ਭੈਣ ਨੇ ਇਨ੍ਹਾਂ ਦੇ ਦੈਵੀਪਣ ਦਾ ਪ੍ਰਭਾਵ ਕਬੂਲਿਆ।
- ਸੁਲਤਾਨਪੁਰ ਵਾਸ।
- ਮੋਦੀਖ਼ਾਨਾ ਸੰਭਾਲਿਆ।
- ਵਿਆਹ ਅਤੇ ਬੱਚੇ।
- ਉਦਾਸੀਆਂ, ਜਿਸ ਸਮੇਂ ਵਿਚ ਗੁਰੂ ਸਾਹਿਬ ਨੇ ਕਰਮਾਕਾਂਡਾਂ ਅਤੇ ਰਹੁਰੀਤਾਂ ਉੱਪਰ ਵਿਹਾਰਕ ਸੱਟ ਮਾਰੀ।
- ਬਾਣੀ ਰਚਨਾ ਅਤੇ ਗੋਸ਼ਟੀਆਂ ਕਰਨਾ।
- ਕਰਤਾਰਪੁਰ ਵਾਸ ਅਤੇ ਲਹਿਣਾ ਜੀ ਨੂੰ ਗੁਰਿਆਈ ਬਖ਼ਸ਼ਣਾ।
- ਜੋਤੀ ਜੋਤ ਸਮਾਉਣਾ।

ਉਸ ਸਮੇਂ ਦੀਆਂ ਤਕਰੀਬਨ ਸਾਰੀਆਂ ਜਨਮਸਾਖੀਆਂ ਵਿਚ ਲਗਭਗ ਇਸੇ ਹੀ ਹਿਸਾਬ ਨਾਲ ਸਾਖੀ ਦੀ ਰਚਨਾ ਹੁੰਦੀ ਰਹੀ ਹੈ। ਸਾਖੀ ਦਰਅਸਲ ਗੁਰੂ ਸਾਹਿਬ ਦੀ ਸ਼ਖ਼ਸੀਅਤ ਦਾ ਦੈਵੀ ਰੂਪੀ ਪ੍ਰਗਟਾਅ ਹੈ। ਗੁਰੂ ਸਾਹਿਬ ਮਨੁੱਖਤਾ ਦਾ ਆਦਰਸ਼ ਹਨ ਤੇ ਉਨ੍ਹਾਂ ਨੂੰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ ਕਿ ਸਿੱਖਾਂ ਲਈ ਉਹ ਪਰਮਾਤਮਾ ਦਾ ਨਾਮ, ਕਿਰਤ ਕਰਨਾ ਅਤੇ ਲੋਕ ਸੇਵਾ ਉਨ੍ਹਾਂ ਲਈ ਆਦਰਸ਼ ਬਣੇ। ਅਜਿਹਾ ਉਸ ਕਾਲ ਵਿਚ ਹੋ ਸਕਦਾ ਹੈ ਜਿਸ ਵਿਚ ਸ਼ਾਂਤੀ, ਸਹਿਣਸ਼ੀਲਤਾ ਅਤੇ ਸਚਿਆਰ ਬਣਨਾ ਗੁਣ ਪ੍ਰਫੁਲਿਤ ਹੋ ਸਕਣ। ਇਹ ਚੀਜ਼ ਬਾਦਸ਼ਾਹ ਅਕਬਰ ਦੇ ਸਮੇਂ ਜ਼ਿਆਦਾ ਸੰਭਵ ਸੀ। ਜਹਾਂਗੀਰ ਤੇ ਸ਼ਾਹਜ਼ਹਾਨ ਦੇ ਸਮੇਂ ਧਾਰਮਿਕ ਸਹਿਣਸ਼ੀਲਤਾ ਘੱਟਦੀ-ਘੱਟਦੀ ਨਾਸ਼ ਹੋ ਗਈ ਜੋ ਔਰੰਗਜ਼ੇਬ ਦੇ ਸਮੇਂ ਬਿਲਕੁਲ ਖ਼ਤਮ ਹੋਣ ਦੇ ਕੰਢੇ ਚਲੀ ਗਈ। ਸਿੱਖਾਂ ਦੇ ਜਾਂ ਪੰਜਾਬ ਦੇ ਵਾਤਾਵਰਣ ਵਿਚ ਖ਼ਲਲ ਉਦੋਂ ਪਿਆ ਜਦੋਂ ਗੁਰੂ ਅਰਜਨ ਦੇਵ ਦੀ ਸ਼ਹੀਦੀ ਹੋ ਗਈ। ਗੁਰੂ ਅਰਜਨ ਦੇਵ ਦੇ ਸਮੇਂ ਤੱਕ ਵਾਤਾਵਰਣ ਸਾਹਮਣੇ ਆਉਂਦਾ ਹੈ, ਉਸ ਬਾਰੇ ਪਤਾ ਬਾਬਰ ਬਾਣੀ/ਬਾਬਰ ਦੇ ਹਮਲੇ ਵਾਲੀ ਸਾਖੀ ਤੋਂ ਲੱਗਦਾ ਹੈ।[5] ਬਾਬਰ ਗੁਰੂ ਨਾਨਕ ਦੇਵ ਜੀ ਤੋਂ ਵਰ ਦੀ ਮੰਗ ਕਰਦਾ ਹੈ ਕਿ ਮੇਰਾ ਰਾਜ ਸਦੀਵੀਂ ਹੋ ਜਾਵੇ। ਬਾਬਾ ਕਹਿੰਦਾ ਹੈ ਹਾਂ ਹੋ ਜਾਵੇਗਾ।[6] ਇਸ ਤੋਂ ਅਸੀਂ ਜਾਣ ਸਕਦੇ ਹਾਂ ਕਿ ਸਿੱਖਾਂ ਦੇ ਹਕੂਮਤ ਨਾਲ ਸੰਬੰਧ ਵਿਗੜੇ ਹੋਏ ਨਹੀਂ ਸਨ।

ਗੁਰੂ ਅਰਜਨ ਦੇਵ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦੇ ਦੂਜੇ ਅੱਧ ਤੋਂ ਲੈ ਕੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੱਕ ਤਬਦੀਲੀ ਆਉਂਦੀ ਹੈ। ਸਮਕਾਲੀ ਬਾਦਸ਼ਾਹ ਜ਼ਹਾਂਗੀਰ ਤੇ ਸ਼ਾਹਜ਼ਹਾਨ ਦੀ ਕੱਟੜਤਾ ਰੰਗ ਫੜਦੀ ਹੈ। ਇਸ ਸਮੇਂ ਦੀ ਰਚਨਾ ਜਨਮਸਾਖੀ ਬੀ-40 ਅਤੇ ਕੁੱਝ ਹੋਰ

---

[5] ਪਿਆਰ ਸਿੰਘ (ਸੰਪਾ.), ਆਦਿ ਸਾਖੀਆਂ, ਪੰਨੇ 194-196.

[6] ਉਹੀ, ਪੰਨੇ 196-199, ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ, ਪੰਨੇ 116-129, ਮਹਿਮਾ ਪ੍ਰਕਾਸ਼, ਪੰਨੇ 142/ੳ-143/ੳ.

ਜਨਮਸਾਖੀਆਂ ਜਿਸ ਵਿਚ ਬਾਬਾ ਜਦੋਂ ਵਰ ਦਿੰਦਾ ਹੈ, ਉਸ ਵਿਚ ਸਦੀਵੀਂ ਦੀ ਥਾਂ ਚਿਰ ਤੱਕ ਸ਼ਬਦ ਪਰਵਰਤਿਤ ਹੋ ਜਾਂਦਾ ਹੈ।[7]

ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੋਂ ਮਗਰੋਂ ਗੁਰੂ ਗੋਬਿੰਦ ਸਿੰਘ ਦਾ ਦੌਰ ਮੁਗ਼ਲ ਹਕੂਮਤ ਅਤੇ ਪਹਾੜੀ ਰਾਜਿਆਂ ਦੇ ਵਿਰੁੱਧ ਸੰਘਰਸ਼ ਵਾਲਾ ਹੁੰਦਾ ਹੈ। ਇਸ ਸਮੇਂ ਤੱਕ ਸਾਖੀ ਦੀ ਸਾਰਥਿਕਤਾ ਨਹੀਂ ਰਹਿੰਦੀ। ਦੋ ਗੁਰੂ ਸਾਹਿਬਾਨ ਦੀ ਸ਼ਹੀਦੀ ਤੋਂ ਬਾਅਦ ਗੁਰੂ ਸਾਹਿਬ ਦੇ ਕੰਮਾਂ ਅਤੇ ਵਿਹਾਰਾਂ ਵਿਚ ਪਰਿਵਰਤਨ ਆ ਜਾਂਦਾ ਹੈ। ਗੁਰੂ ਸਾਹਿਬਾਨ ਦੀ ਸ਼ਹੀਦੀ ਇਕ ਇੰਨਾਂ ਵੱਡਾ ਕਰਮ ਸੀ ਕਿ ਉਨ੍ਹਾਂ ਵਾਸਤੇ ਯੁੱਧ ਕਰਨੇ ਲਾਜ਼ਮੀ ਹੋ ਗਏ ਤੇ ਯੁੱਧਾਂ ਵਿਚ ਸਾਖੀ ਦੀ ਜਗ੍ਹਾ ਤੇ ਵਾਰਾਂ ਅਤੇ ਗੁਰਬਿਲਾਸਾਂ ਨੇ ਲੈ ਲਈ। ਵਾਰਾਂ ਯੁੱਧ ਵਿਚ ਜਿੱਤ ਦਾ ਸੰਕੇਤ ਬਣਦੀਆਂ ਜਾਂਦੀਆਂ ਹਨ ਤੇ ਗੁਰਬਿਲਾਸ ਵਿਚ ਗੁਰੂ ਸਾਹਿਬ ਦਾ ਆਪਣਾ ਅਤੇ ਸੰਗਤ ਦਾ ਜੀਵਨ ਬਦਲਦਾ ਜਾਂਦਾ ਹੈ। ਗੁਰੂ ਸਾਹਿਬਾਨ ਦੀ ਦਿਨਚਰੀਆ ਬਾਦਸ਼ਾਹ ਵਰਗੀ ਬਣਦੀ ਜਾਂਦੀ ਹੈ। ਬਾਦਸ਼ਾਹਾਂ ਵਾਂਗ ਹੀ ਗੁਰੂ ਸਾਹਿਬ ਸਮਾਂ ਸਾਰਣੀ ਬਣਾ ਕੇ ਕੰਮ ਕਰਦੇ ਹਨ।[8] ਇਉਂ ਅਸੀ ਦੇਖਦੇ ਹਾਂ ਕਿ ਸਾਖੀ ਪਹਿਲਾਂ-ਪਹਿਲ ਬੜਾ ਮਹੱਤਵਪੂਰਨ ਰੂਪਾਕਾਰ ਸੀ, ਜਿਸ ਦੀ ਥਾਂ ਹੁਣ ਗੁਰਬਿਲਾਸਾਂ ਅਤੇ ਵਾਰਾਂ ਨੇ ਲੈ ਲਈ ਹੈ।

ਸਾਖੀ ਰੂਪਾਕਾਰ ਅਨੁਸਾਰ ਇਕ ਖ਼ਾਸ ਸਾਖੀ ਜਗਓਪਵੀਤ ਦੀ ਘਟਨਾ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੂੰ ਜਨੇਊ ਪਾਉਣ ਵਾਸਤੇ ਪ੍ਰੋਹਿਤ ਬੁਲਾ ਲਿਆ ਗਿਆ। ਹੋਰ ਸਿੱਖ ਰਚਨਾਵਾਂ ਦੇ ਉਲਟ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਜਨੇਊ ਪਾਉਣ ਦਾ ਵਿਰੋਧ ਨਹੀਂ ਕੀਤਾ, ਪਰ ਨਾਲ ਹੀ ਆਸਾ ਦੀ ਵਾਰ ਵਿਚਲੇ ਸਲੋਕ 'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥.......ਜੋ ਗਲਿ ਚਲੇ ਪਾਇ॥'[9] ਵੀ ਦੇ ਦਿੱਤਾ ਹੈ। ਇਸਦੀ ਕੋਈ ਵਿਆਖਿਆ ਨਹੀਂ ਕੀਤੀ ਗਈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਇਹ ਘਟਨਾ ਲੇਖਕ ਦੇ ਆਪਣੇ ਕਰਮਕਾਂਡਾਂ ਵਾਲੇ ਵਿਚਾਰ ਦੇ ਅਧੀਨ ਹੈ। ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਜਿਸ ਵਿਚ ਦਇਆ ਸਿੰਘ ਆਪਣਾ ਜਨੇਊ ਤੋੜ ਕੇ ਗੁਰੂ ਜੀ ਨੂੰ ਦੇ ਦਿੰਦਾ ਹੈ[10] ਤੋਂ ਪਤਾ ਲੱਗਦਾ ਹੈ ਕਿ ਲੇਖਕ ਨੇ ਜਨੇਊ ਵਾਲੀ ਸਾਖੀ ਰਵਾਇਤ ਵਿਚੋਂ ਲਈ ਹੈ। ਉਂਜ ਲੇਖਕ ਦੀ ਇਸ ਕਰਮਕਾਂਡੀ ਕੰਮ ਵਿਚ ਕੋਈ ਸ਼ਰਧਾ ਨਹੀਂ। ਇਸ ਕਰਕੇ ਜਨੇਊ ਵਾਲੀ ਸਾਖੀ ਘਟਨਾ ਵਿਸ਼ੇਸ਼ ਨਾਲ ਸੰਬੰਧਿਤ ਨਹੀਂ ਹੈ।

ਬਾਬਰ ਨੇ 1519 ਈ. ਤੋਂ ਲੇ ਕੇ 1526 ਈ. ਤੱਕ ਹਿੰਦੁਸਤਾਨ ਤੇ ਕਈ ਹਮਲੇ ਕੀਤੇ। 1521 ਈ. ਵਿਚ ਬਾਬਰ ਨੇ ਸਿਆਲਕੋਟ ਤੇ ਏਮਨਾਬਾਦ 'ਤੇ ਹਮਲਾ ਕੀਤਾ। ਏਮਨਾਬਾਦ ਵਿਚ ਕਾਫ਼ੀ ਕਤਲ਼ਾਮ ਹੋਇਆ। ਜਨਮਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਅਤੇ ਬਾਬਰ ਦੀ ਮੁਲਾਕਾਤ ਹੋਈ।[11] ਪਰ ਦੂਜੇ ਪਾਸੇ ਇਸ ਮੁਲਾਕਾਤ ਦਾ ਕੋਈ ਹੋਰ ਸਬੂਤ ਨਹੀਂ ਮਿਲਦਾ। ਦੱਸਿਆ ਜਾਂਦਾ ਹੈ ਕਿ ਹਿੰਦੁਸਤਾਨ 'ਤੇ ਹਮਲੇ ਦੇ

---

[7] ਪਿਆਰ ਸਿੰਘ (ਸੰਪਾ.), *B-40* ਜਨਮਸਾਖੀ, ਪੰਨਾ 73.
[8] ਮਹਿਮਾ ਪ੍ਰਕਾਸ਼, ਪੰਨੇ 330/ਅ-332/ੳ.
[9] ਉਹੀ, ਪੰਨੇ 4/ਅ-5/ੳ.
[10] ਉਹੀ, ਪੰਨੇ 423/ੳ-425/ੳ.
[11] ਉਹੀ, ਪੰਨੇ 140/ੳ-142/ੳ, ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ, ਪੰਨੇ 116-129, ਪਿਆਰ ਸਿੰਘ (ਸੰਪਾ.) ਆਦਿ ਸਾਖੀਆਂ, ਪੰਨੇ 194-199, ਸੁਰਿੰਦਰ ਸਿੰਘ ਕੋਹਲੀ (ਸੰਪਾ.), ਜਨਮਸਾਖੀ ਭਾਈ ਬਾਲਾ, ਪੰਨੇ 127-133.

ਦੌਰਾਨ ਤੇਜ ਤੂਫ਼ਾਨ ਆਉਣ ਕਰਕੇ ਬਾਬਰ ਦੀ ਤੁਜ਼ਿਕ ਦੇ ਬਹੁਤ ਸਾਰੇ ਪੱਤਰੇ ਉੱਡ ਗਏ ਜੋ ਕੋਸ਼ਿਸ਼ ਕਰਨ ਤੇ ਵੀ ਨਹੀਂ ਲੱਭੇ।[12] ਇਨ੍ਹਾਂ ਪੱਤਰਿਆਂ ਵਿਚ ਮੁਲਾਕਾਤ ਵਾਲੇ (ਜਿੱਥੇ ਸੰਭਵ ਸੀ ਕਿ ਕੁੱਝ ਜਾਣਕਾਰੀ ਮਿਲ ਸਕਦੀ ਸੀ) ਪੱਤਰੇ ਵੀ ਸ਼ਾਮਿਲ ਸਨ। ਬਾਬਰ ਤੋਂ ਬਾਅਦ ਜਿਨ੍ਹਾਂ ਨੇ ਵੀ ਬਾਬਰ ਬਾਰੇ ਲਿਖਿਆ, ਖ਼ਾਸ ਕਰਕੇ ਹਮਾਯੂੰਨਾਮਾ, ਅਕਬਰਨਾਮਾ ਭਾਗ ਪਹਿਲਾ ਤੇ ਹੋਰ ਤਵਾਰੀਖ਼ਾਂ ਵਿਚ ਇਸ ਬਾਰੇ ਗਵਾਹੀ ਨਹੀਂ ਰਹੀ।[13] ਇਸ ਲਈ ਇਸ ਸਾਖੀ ਵਿਚ ਕੁੱਝ ਖ਼ਾਸ ਗੱਲਾਂ ਹੀ ਆਈਆਂ ਹਨ ਕਿ ਜਦੋਂ ਗੁਰੂ ਸਾਹਿਬ ਜੇਲ੍ਹ ਵਿਚ ਗਏ/ਲਿਜਾਏ ਗਏ ਇਨ੍ਹਾਂ ਵੱਲ ਖ਼ਾਸ ਧਿਆਨ ਨਹੀਂ ਦਿੱਤਾ ਗਿਆ। ਸਾਖੀ ਅਨੁਸਾਰ ਮੁਲਾਕਾਤ ਸਮੇਂ ਬਾਦਸ਼ਾਹ ਬਾਬਰ ਨੇ ਗੁਰੂ ਸਾਹਿਬ ਨੂੰ ਭੰਗ ਪੇਸ਼ ਕੀਤੀ। ਗੁਰੂ ਸਾਹਿਬ ਨੇ 'ਸ਼ਬਦ ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ' ਗਾ ਕੇ ਇਹ ਦੱਸਿਆ ਕਿ ਭੰਗ ਪ੍ਰਤੀਕ ਤੌਰ ਤੇ ਉਹ ਵਧੀਆ ਹੈ ਜਿਹੜੀ ਪਰਮਾਤਮਾ ਦੇ ਨਾਮ ਵੱਲ ਲੈ ਕੇ ਜਾਵੇ।[14] ਬਾਬਰ ਨੇ ਬਾਬੇ ਕੋਲੋ ਭੰਗ ਦੇ ਬਦਲੇ ਵਰ ਮੰਗਿਆ ਕਿ ਮੈਨੂੰ ਹਿੰਦੁਸਤਾਨ ਦਾ ਰਾਜ ਮਿਲੇ। ਫਿਰ ਬਾਬੇ ਨੇ ਭੰਗ ਪ੍ਰਵਾਨ ਕਰਕੇ ਬਾਬਰ ਨੂੰ ਕਿਹਾ ਕਿ 'ਖ਼ੁਦਾਇ ਕੇ ਹੁਕਮ ਸੋ ਹਿੰਦ ਕੀ ਪਾਤਿਸਾਹੀ ਤੁਮ ਕੋ ਦੀਆ॥' ਖ਼ੌਫ਼ ਖ਼ੁਦਾਇ ਕਾ ਅਰ ਅਦਲ ਕਰਨਾ॥[15] ਹੁਣ ਇਸ ਸਾਖੀ ਅਨੁਸਾਰ ਗੁਰੂ ਸਾਹਿਬ ਨੂੰ ਬਾਬਰ ਦੇ ਹਮਲੇ ਵੇਲੇ ਬਾਬਰ ਦੇ ਸਾਹਮਣੇ ਲਿਆਇਆ ਗਿਆ (ਬਾਬਰ ਦੇ ਵਰ ਮੰਗਣ ਤੇ ਉਸਨੂੰ ਪਾਤਿਸ਼ਾਹੀ ਕੁਰਸੀ-ਬ-ਕੁਰਸੀ ਰਾਜ ਕਰਨ ਦਾ ਵਰ ਮਿਲਿਆ।[16] ਪਰ ਭੰਗ ਪ੍ਰਵਾਨ ਕਰਨ ਵਾਲੀ ਗੱਲ ਤੱਥ ਨਹੀਂ ਹੈ ਅਤੇ ਨਾ ਹੀ ਸ਼ਬਦ ਰਾਹੀਂ ਉਪਰੋਕਤ ਗੱਲ ਦੀ ਪ੍ਰੋੜਤਾ ਹੁੰਦੀ ਹੈ। ਪਰ ਇਹ ਸਾਖੀ ਦੱਸਦੀ ਹੈ ਕਿ ਬਾਬਰ ਦੇ ਸਮੇਂ ਗੁਰੂ ਘਰ ਤੇ ਬਾਬਰ ਵਿਚਾਲੇ ਕੋਈ ਤਲਖ਼ੀ ਨਹੀਂ ਸੀ। ਇਹ ਸਾਖੀ ਲੇਖਕ ਨੇ ਭੰਗ ਰੂਪੀ ਸ਼ਬਦ ਜੁਗਤ ਨਾਲ ਪੇਸ਼ ਕੀਤੀ ਹੈ।

ਗੁਰੂ ਨਾਨਕ ਦੇਵ ਜੀ ਵੱਲੋਂ ਐਰਾਵਤੀ ਦੇ ਕੰਢੇ ਧਰਮਸਾਲ ਬੰਨਣਾ ਦਿਲਚਸਪ ਘਟਨਾ ਹੈ। ਉੱਥੋਂ ਦਾ ਕਰੋੜੀਆ ਇਹ ਵੇਖ ਕੇ ਦੁੱਖ ਪ੍ਰਗਟ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਮੈ ਇਸ ਫ਼ਕੀਰ ਨੂੰ ਭਜਾ ਦਵਾਂ।[17] ਪਰ ਅਖੀਰ ਵਿਚ ਗੁਰੂ ਸਾਹਿਬ ਇਸ ਥਾਂ ਦਾ ਕਬਜ਼ਾ ਲੈ ਲੈਂਦੇ ਹਨ ਅਤੇ ਇੱਥੇ ਨਾਨਕ ਚੱਕ ਜਾਂ ਕਰਤਾਰਪੁਰ ਵਸਾਇਆ ਜਾਂਦਾ ਹੈ। ਕਰੋੜੀਏ ਦਾ ਬਾਬੇ ਨਾਨਕ ਦੇ ਵਿਰੋਧ ਵਿਚ ਯਤਨ ਕਰਕੇ ਅਤੇ ਉਨ੍ਹਾਂ ਦਾ ਸਦਕਾ ਕਰੋੜੀਏ ਨੂੰ ਇਸ ਸਮੱਸਿਆ ਵਿਚ ਵਿਘਨ ਪੈਂਦੇ ਨਜ਼ਰ ਆਉਂਦੇ ਘਟਨਾ ਨਾ ਹੁੰਦਿਆਂ ਹੋਇਆਂ ਇਹ ਦੱਸੀ ਹੈ ਕਿ ਕਿਵੇਂ ਵਿਰੋਧੀ ਕਰੋੜੀਏ ਨੂੰ ਕੁੱਝ ਸੱਟਾਂ ਵੱਜਦੀਆਂ ਹਨ। ਉਹ ਘੋੜੇ ਤੋਂ ਡਿੱਗ ਪੈਂਦਾ ਹੈ ਅਤੇ ਸਿਰ ਤੋਂ ਪੱਗ ਲਹਿ ਜਾਂਦੀ ਹੈ।[18] ਇਹ ਉਹ ਕਾਵਿ-ਜੁਗਤ ਹੈ ਜੋ ਕਰੋੜੀਏ ਉੱਪਰ ਬਾਬੇ ਨਾਨਕ ਦੇ ਪ੍ਰਭਾਵ ਨੂੰ ਪ੍ਰਗਟ ਕਰਦੀ ਹੈ।

ਅਗਲੀ ਸਾਖੀ ਬਾਬੇ ਦੀ ਖਡੂਰ ਆਗਮਨ ਦੀ ਹੈ। ਗੁਰੂ ਜੀ ਦੇ ਹੁਕਮ ਅਨੁਸਾਰ ਗੁਰੂ ਅੰਗਦ ਦੇਵ ਜੀ ਖਡੂਰ ਜਾ ਵੱਸੇ ਸਨ। ਉਹ ਉੱਥੇ ਭਿਰਾਈ ਕੋਲ ਰਹਿੰਦੇ ਸਨ। ਗੁਰੂ ਨਾਨਕ ਦੇਵ ਜੀ ਉਨ੍ਹਾਂ ਨੂੰ ਮਿਲਣ

---

[12] ਸੱਯਦ ਅਤਹਰ ਅੱਬਾਸ ਰਿਜ਼ਵੀ, ਮੁਗ਼ਲ ਕਾਲੀਨ ਭਾਰਤ (ਬਾਬਰ), ਪੰਨੇ 10-11.
[13] ਉਹੀ, ਪੰਨੇ 350-387.
[14] ਮਹਿਮਾ ਪ੍ਰਕਾਸ਼, ਪੰਨੇ 140/ੳ-142/ੳ.
[15] ੳਹੀ, 143/ੳ.
[16] ਪਿਆਰ ਸਿੰਘ (ਸੰਪਾ.), ਆਦਿ ਸਾਖੀਆਂ, ਪੰਨਾ 199.
[17] ਮਹਿਮਾ ਪ੍ਰਕਾਸ਼, ਪੰਨੇ 146/ੳ-147/ਅ.
[18] ਉਹੀ, 146/ਅ.

ਲਈ ਗਏ। ਉਹ ਗੁਰੂ ਜੀ ਨੂੰ ਇਨਾਂ ਤਪ ਨਾ ਕਰਨ ਵਾਸਤੇ ਕਹਿੰਦੇ ਸਨ। ਉਹ ਆਖਦੇ ਸਨ ਕਿ ਤੇਰੇ ਮੇਰੇ ਵਿਚ ਕੋਈ ਅੰਤਰ ਨਹੀਂ ਹੈ।[19] ਮਿਲਣ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਚਲੇ ਜਾਂਦੇ ਹਨ। ਫਿਰ ਇਕ ਦਿਨ ਗੁਰੂ ਅੰਗਦ ਦੇਵ ਜੀ ਕਿਸੇ ਪੰਡਿਤ ਨੂੰ ਬੁਲਾ ਕੇ ਗੁਰਮੁਖੀ ਲਿੱਪੀ ਦੀ ਸੋਧ ਕਰਕੇ ਗੁਰਮੁਖੀ ਅੱਖਰ ਬਣਾਉਂਦੇ ਹਨ ਅਤੇ ਬਾਣੀ ਦੀ ਪੋਥੀ ਲਿਖਦੇ ਹਨ ਅਤੇ ਨਾਲ ਹੀ ਗੁਰੂ ਸਾਹਿਬ ਦੀਆਂ ਯਾਤਰਾਵਾਂ ਨਾਲ ਸੰਬੰਧਿਤ ਸਾਖੀ ਪੋਥੀ ਰਚਦੇ ਹਨ।[20] ਇਉਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਦੇਵ ਦੀ ਮੁਲਾਕਾਤ ਹੁੰਦੀ ਰਹਿੰਦੀ ਹੈ। ਦੂਜੀ ਗੱਲ ਜੋ ਜ਼ਿਆਦਾ ਮਹੱਤਵਪੂਰਨ ਹੈ ਉਹ ਹੈ ਲੰਡੇ ਅੱਖਰਾਂ ਤੋਂ ਲਗਾਂ ਮਾਤਰਾਵਾਂ ਲਗਾ ਕੇ ਗੁਰਮੁਖੀ ਲਿੱਪੀ ਤਿਆਰ ਕਰਨੀ ਅਤੇ ਉਸ ਵਿਚ ਗੁਰਬਾਣੀ ਅਤੇ ਜਨਮਸਾਖੀ ਰਚਣੀ। ਉਂਜ ਇਸ ਗੱਲ ਵਿਚ ਦੋ ਰਾਵਾਂ ਨਹੀਂ ਕਿ ਪੰਜਾਬ ਦੇ ਖੇਤਰ ਵਿਚ ਲਾਹੌਰੀ ਲਿੱਪੀ ਪਹਿਲਾਂ ਹੀ ਪ੍ਰਚਲਿਤ ਸੀ, ਜੋ ਸ਼ਾਰਦਾ ਤੇ ਟਾਕਰੀ ਦੀ ਹਾਣੀ ਸੀ। ਉਂਜ ਵੀ ਇਹ ਗੱਲ ਸਹੀ ਨਹੀਂ ਲੱਗਦੀ ਕਿ ਲਾਹੌਰ ਦੇ ਲਗਾਤਾਰ ਪੰਜਾਬ ਦੀ ਰਾਜਧਾਨੀ ਰਹਿਣ ਕਰਕੇ ਇਸਦੀ ਕੋਈ ਬੋਲੀ ਜਾਂ ਲਿੱਪੀ ਨਾ ਹੋਵੇ। ਇਹ ਸਹੀ ਲੱਗਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਜਾਂ ਗੁਰੂ ਨਾਨਕ ਦੇਵ ਜੀ ਨੇ ਉਸ ਭਾਸ਼ਾ ਜਾਂ ਲਿੱਪੀ ਵਿਚ ਕੋਈ ਸੋਧ ਕੀਤੀ ਹੋਵੇ।[21]

ਹਮਾਯੂੰ ਬਾਦਸ਼ਾਹ ਅਤੇ ਗੁਰੂ ਅੰਗਦ ਦੇਵ ਵਿਚਾਲੇ ਮੁਲਾਕਾਤ ਦੀ ਸਾਖੀ ਵੇਖਣਯੋਗ ਹੈ।[22] ਇਸ ਤੋਂ ਇਲਾਵਾ ਪੁਸਤਕ ਮੁਗ਼ਲ ਕਾਲੀਨ ਭਾਰਤ ਹਮਾਯੂੰ ਤੋਂ ਇਹ ਪਤਾ ਲੱਗਦਾ ਹੈ ਕਿ ਬਾਬਰ ਤੋਂ ਬਾਅਦ 1530 ਈ. ਵਿਚ ਹਮਾਯੂੰ ਰਾਜਗੱਦੀ ਸੰਭਾਲਦਾ ਹੈ। ਪਰ ਪੰਜਾਬ ਵਿਚ ਉਸਦਾ ਭਰਾ ਕਾਮਰਾਨ ਕਾਬਜ਼ ਹੋ ਜਾਂਦਾ ਹੈ।[23] ਉਸ ਨੂੰ ਅਫ਼ਗਾਨਿਸਤਾਨ ਪਹਿਲਾਂ ਮਿਲਿਆ ਸੀ ਤੇ ਪੰਜਾਬ ਉੱਪਰ ਉਸਨੇ ਧੱਕੇ ਨਾਲ ਕਬਜ਼ਾ ਕਰ ਲਿਆ ਸੀ। ਰਾਜਗੱਦੀ ਤੇ ਬੈਠਦਿਆਂ ਹੀ ਹਮਾਯੂੰ ਨੂੰ ਗੁਜਰਾਤ ਅਤੇ ਬੰਗਾਲ ਸੰਭਾਲਣ ਵਿਚ ਮੁਸ਼ਕਿਲ ਆ ਗਈ। ਜਦੋਂ ਉਹ ਬੰਗਾਲ ਨੂੰ ਜਾਂਦਾ ਤਾਂ ਗੁਜਰਾਤ ਵਿਚ ਬਗ਼ਾਵਤ ਹੋ ਜਾਂਦੀ ਤੇ ਜਦੋਂ ਉਹ ਗੁਜਰਾਤ ਵਿਚ ਜਾਂਦਾ ਤਾਂ ਬੰਗਾਲ ਵਿਚ ਬਗ਼ਾਵਤ ਹੋ ਜਾਂਦੀ। ਇਸ ਤਰ੍ਹਾਂ ਆਉਣ-ਜਾਣ ਵਿਚ ਹਮਾਯੂੰ ਦਿਲ ਛੱਡਦਾ ਰਿਹਾ ਸੀ। ਕਿਉਂਕਿ ਉਸਦੇ ਬਾਕੀ ਭਰਾ ਅਰਾਮ ਨਾਲ ਆਪੋ-ਆਪਣੀ ਜਗੀਰ ਵਿਚ ਬੈਠੇ ਹੋਏ ਸਨ ਤੇ ਉਸਦੀ ਮਦਦ ਨਹੀਂ ਸਨ ਕਰਦੇ। ਬੰਗਾਲ ਵਿਚ ਸ਼ੇਰ ਸ਼ਾਹ ਸੂਰੀ ਜ਼ਿਆਦਾ ਹੀ ਸ਼ਕਤੀਸ਼ਾਲੀ ਹੁੰਦਾ ਜਾ ਰਿਹਾ ਸੀ। ਹਮਾਯੂੰ ਅਖ਼ੀਰ ਇਕੱਲਾ ਹੀ ਉਸਦੇ ਦੁਆਲੇ ਹੋਇਆ। ਸ਼ੇਰ ਸ਼ਾਹ ਸੂਰੀ ਉਸਨੂੰ ਬੰਗਾਲ ਵੱਲ ਜਾਣ ਦਿੰਦਾ ਰਿਹਾ। ਜਦੋਂ ਉਸਨੇ ਵੇਖਿਆ ਕਿ ਹਮਾਯੂੰ ਡਿੱਗਾ ਪਿਆ ਹੈ ਤਾਂ ਉਸਨੇ ਪਹਿਲਾਂ 1539 ਈ. ਵਿਚ ਬਕਸਰ ਵਾਲੀ ਜਗ੍ਹਾ ਤੇ ਹਮਾਯੂੰ ਉੱਪਰ ਅਚਨਚੇਤ ਹਮਲਾ ਕਰਕੇ ਉਸਨੂੰ ਹਰਾ ਦਿੱਤਾ ਤੇ ਹੁਣ ਉਹ ਜਾਚਣ ਲੱਗ ਪਿਆ ਹੈ ਕਿ ਹਮਾਯੂੰ ਕੀ ਕਰਦਾ ਹੈ। ਹਮਾਯੂੰ ਨੂੰ ਬਹੁਤ ਚਿਰ ਕੁੱਝ ਨਾ ਔੜ੍ਹਿਆ। ਸ਼ੇਰ ਸ਼ਾਹ ਸੂਰੀ ਨੇ ਕਨੌਜ ਵਾਲੀ ਥਾਂ ਹਮਾਯੂੰ ਨੂੰ ਪੂਰੀ ਤਰ੍ਹਾਂ ਹਰਾ ਦਿੱਤਾ।[24] ਫਿਰ ਉਸ ਨੇ ਦਰਿਆ ਗੰਗਾ ਪਾਰ ਕੀਤਾ ਤੇ ਬੜੀ

---

[19] ਉਹੀ, ਪੰਨੇ 163/ੳ-164/ੳ.
[20] ਉਹੀ, ਪੰਨੇ 174/ਅ, ਸੁਰਿੰਦਰ ਸਿੰਘ ਕੋਹਲੀ (ਸੰਪਾ.), ਜਨਮਸਾਖੀ ਭਾਈ ਬਾਲਾ, ਪੰਨੇ 47-50.
[21] ਜੀ.ਬੀ. ਸਿੰਘ, ਗੁਰਮੁਖੀ ਲਿੱਪੀ ਦੀ ਜਨਮ ਤੇ ਵਿਕਾਸ, ਪੰਨੇ 80-107.
[22] ਮਹਿਮਾ ਪ੍ਰਕਾਸ਼, ਪੰਨੇ 177/ਅ-178/ਅ.
[23] ਸੱਯਦ ਅਤਹਰ ਅੱਬਾਸ ਰਿਜ਼ਵੀ, ਮੁਗਲ ਕਾਲੀਨ ਭਾਰਤ ਹਮਾਯੂੰ (ਭਾਗ ਦੂਜਾ), ਪੰਨੇ 485-86.
[24] ਉਹੀ, (ਭਾਗ ਪਹਿਲਾ), ਪੰਨੇ 80-84.

ਮੁਸ਼ਕਿਲ ਨਾਲ ਬਚ ਕੇ ਦੂਜੇ ਕੰਢੇ ਲੱਗਾ। ਹਮਾਯੂੰ ਇੱਥੋਂ ਹਾਰ ਕੇ ਲਾਹੌਰ ਚਲੇ ਗਿਆ ਇੱਥੋਂ ਭੱਜ ਕੇ ਉਹ ਮੁਲਤਾਨ ਪਹੁੰਚਿਆ ਅਤੇ ਫਿਰ ਉਸਨੇ ਸਿੰਧ ਵੱਲ ਜਾਣਾ ਠੀਕ ਸਮਝਿਆ।[25] ਹਮਾਯੂੰ ਉਥੋਂ ਨਿਕਲ ਗਿਆ ਅਤੇ ਨਾਲ ਹੀ ਉਸਦੇ ਕਾਮਰਾਨ ਵੀ ਪੰਜਾਬ ਛੱਡ ਗਿਆ। ਹੁਣ ਇਸ ਬਾਰੇ (ਫ਼ਾਰਸੀ ਰਚਨਾਵਾਂ ਵਿਚ) ਕੋਈ ਗੁਆਹੀ ਨਹੀਂ ਮਿਲਦੀ ਅਤੇ ਨਾ ਹੀ ਮਹਿਮਾ ਪ੍ਰਕਾਸ਼ ਤੋਂ ਪਹਿਲਾਂ ਮੁਲਾਕਾਤ ਦਾ ਪਤਾ ਲੱਗਦਾ ਹੈ। ਸਾਖੀ ਅਨੁਸਾਰ ਹਮਾਯੂੰ ਭੱਜ ਕੇ ਖਡੂਰ ਆਉਂਦਾ ਹੈ ਅਤੇ ਗੁਰੂ ਅੰਗਦ ਦੇਵ ਜੀ ਕੋਲ ਪਹੁੰਚਦਾ ਹੈ। ਗੁਰੂ ਅੰਗਦ ਦੇਵ ਬੱਚਿਆਂ ਦੇ ਨਾਲ ਵਿਅਸਤ ਹੋਣ ਕਰਕੇ ਬਾਦਸ਼ਾਹ ਵੱਲ ਕੋਈ ਧਿਆਨ ਨਹੀਂ ਦਿੰਦੇ। ਬਾਦਸ਼ਾਹ ਕਾਹਲੀ ਕਰਦਾ ਹੈ ਅਤੇ ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਤਲਵਾਰ ਸ਼ੇਰ ਸ਼ਾਹ ਸੂਰੀ ਦੇ ਉੱਪਰ ਕਿਉਂ ਨਹੀਂ ਉਠਾਈ (ਚੁੱਕੀ)। ਬਾਦਸ਼ਾਹ ਮੁਆਫ਼ੀ ਮੰਗ ਕੇ ਵਰ ਮੰਗਦਾ ਹੈ ਕਿ ਉਸਦਾ ਰਾਜ ਉਸਨੂੰ ਮਿਲ ਜਾਵੇ ਤੇ ਗੁਰੂ ਸਾਹਿਬ ਉਸਨੂੰ ਕਹਿੰਦੇ ਹਨ ਕਿ ਤੂੰ ਸਾਡੇ ਤੇ ਤਲਵਾਰ ਚੁੱਕੀ ਹੈ ਰਾਜ ਤੈਨੂੰ ਹੁਣ ਨਹੀਂ ਮਿਲੇਗਾ, ਇਸ ਵਾਸਤੇ ਉਡੀਕ ਕਰਨੀ ਪਵੇਗੀ। ਇਕ ਵਾਰ ਵਲੈਤ ਜਾਵੋ ਤੇ ਫਿਰ ਵਾਪਿਸ ਆਉਣ ਤੇ ਰਾਜ ਤੁਹਾਡਾ ਹੋ ਜਾਵੇਗਾ।[26] ਕਿਸੇ ਹੋਰ ਰਚਨਾ ਵਿਚ ਨਾ ਆਏ ਹੋਣ ਕਰਕੇ ਇਹ ਸਾਖੀ ਗੁਰੂ ਅੰਗਦ ਦੇਵ ਦੀ ਉਸਤਤ ਵਿਚ ਸ਼ਾਮਿਲ ਕੀਤੀ ਗਈ ਲੱਗਦੀ ਹੈ, ਜਿਸ ਦਾ ਆਧਾਰ ਸਿੱਖ ਮਿਸਲਾਂ ਦਾ ਪੰਜਾਬ ਉੱਪਰ ਕਾਬਜ਼ ਹੋਣਾ ਹੈ।

ਗੁਰੂ ਅਮਰਦਾਸ ਬਾਦਸ਼ਾਹ ਅਕਬਰ ਦੇ ਸਮਕਾਲੀ ਸਨ ਅਤੇ ਉਸਨੇ ਰਾਜ ਵੀ 1556 ਈ. ਤੋਂ 1605 ਈ. ਤੱਕ ਲੰਮਾ ਸਮਾਂ ਕੀਤਾ ਸੀ। ਗੁਰਮੁਖੀ ਸਰੋਤਾਂ ਵਿਚੋਂ ਮਹਿਮਾ ਪ੍ਰਕਾਸ਼ ਵਿਸ਼ੇਸ਼ ਹੈ, ਜਿਸ ਵਿਚ ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਨਾਲ ਅਕਬਰ ਦਾ ਨੇੜ ਵਿਖਾਇਆ ਗਿਆ ਹੈ।[27] ਖ਼ੁਲਾਸਤੁਤ ਤਵਾਰੀਖ਼ ਦੇ ਵਿਚ ਕੇਵਲ ਗੁਰੂ ਅਰਜਨ ਦੇਵ ਦੀ ਬਾਦਸ਼ਾਹ ਨਾਲ ਕੇਵਲ ਗੋਇੰਦਵਾਲ ਵਿਚ ਮੁਲਾਕਾਤ ਹੋਈ ਦੱਸੀ ਗਈ ਹੈ। ਇਸ ਮੁਲਾਕਾਤ ਦੌਰਾਨ ਗੁਰੂ ਅਰਜਨ ਦੇਵ ਨੇ ਬਾਦਸ਼ਾਹ ਤੋਂ ਇਸ ਇਲਾਕੇ ਦਾ ਮਾਲੀਆ ਘੱਟ ਕਰਵਾਇਆ।[28] ਸਰੂਪ ਦਾਸ ਮਹਿਮਾ ਪ੍ਰਕਾਸ਼ ਵਿਚ ਜਿਸ ਮੁਲਾਕਾਤ ਦੀ ਗੱਲ ਕਰਦਾ ਹੈ, ਉਸਦਾ ਸੰਬੰਧ ਚਿਤੌੜ ਕਿਲ੍ਹੇ ਦੀ ਫ਼ਤਿਹ ਤੇ ਗੋਇੰਦਵਾਲ ਦੀ ਬਾਉਲੀ ਨਾਲ ਹੈ। ਇਸ ਸਾਖੀ ਵਿਚ ਸਰੂਪ ਦਾਸ ਭੱਲਾ ਗੋਇੰਦਵਾਲ ਦੀ ਬਾਉਲੀ ਅਤੇ ਚਿਤੌੜ ਦੀ ਫ਼ਤਹਿ ਦੀਆਂ ਘਟਨਾਵਾਂ ਨੂੰ ਇਕੋ ਵੇਲੇ ਵਾਪਰੀਆਂ ਦਰਸਾਉਂਦਾ ਹੈ।[29] ਦਰਅਸਲ ਜਿਵੇਂ ਕਿ ਬੰਸਾਵਲੀਨਾਮੇ ਵਿਚ ਆਉਂਦਾ ਹੈ ਕਿ ਗੋਇੰਦਵਾਲ ਦੀ ਬਾਉਲੀ 1556[30] ਵਿਚ ਤਿਆਰ ਹੋ ਗਈ ਸੀ ਪਰੰਤੂ ਚਿਤੌੜ ਦਾ ਕਿਲ੍ਹਾ 1568[31] ਵਿਚ ਫ਼ਤਿਹ ਹੋਇਆ। ਕੁਝ ਇਕ ਦੋ ਘਟਨਾਵਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਅੰਦਾਜੇ ਨਾਲ ਪਤਾ ਕਰਨਾ ਪੈਂਦਾ ਹੈ। ਸਰੂਪ ਦਾਸ ਭੱਲਾ ਅਨੁਸਾਰ ਗੁਰੂ ਅਮਰਦਾਸ ਦੇ ਵਿਰੋਧੀਆਂ ਨੇ ਬਾਦਸ਼ਾਹ ਅਕਬਰ ਪਾਸ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਧਰਮ ਤੇ ਰਹੁਰੀਤਾਂ ਨਹੀਂ ਨਿਭਾਉਂਦੇ ਅਤੇ ਵਰਣ ਆਸ਼ਰਮ ਦਾ ਧਿਆਨ ਵੀ ਨਹੀਂ ਰੱਖਦੇ। ਅਕਬਰ ਨੇ

---

[25] ਉਹੀ, (ਭਾਗ ਦੂਜਾ), ਪੰਨਾ 109.
[26] ਮਹਿਮਾ ਪ੍ਰਕਾਸ਼, ਪੰਨੇ 177/ਅ-178/ਅ.
[27] ਉਹੀ, ਪੰਨੇ 223/ੳ-224/ੳ, 212/ੳ-214/ਅ, 241/ਅ-242/ਅ.
[28] ਸੁਜਾਨ ਰਾਏ ਭੰਡਾਰੀ, ਖ਼ੁਲਾਸਤੁਤ ਤਵਾਰੀਖ਼, ਪੰਨੇ 426-427.
[29] ਮਹਿਮਾ ਪ੍ਰਕਾਸ਼, ਪੰਨੇ 223/ੳ-224/ੳ.
[30] ਰਾਇਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 26 (ਮਤਨ).
[31] H. Beveridge, *Akbar Nama, Ch. LXV p. 471.*

ਗੁਰੂ ਅਮਰਦਾਸ ਜੀ ਨੂੰ ਸੱਦਿਆ। ਪਰ ਗੁਰੂ ਜੀ ਨੇ ਆਪ ਨਾ ਜਾ ਕੇ ਭਾਈ ਜੇਠਾ (ਗੁਰੂ ਰਾਮਦਾਸ) ਜੀ ਨੂੰ ਭੇਜਿਆ। ਅਕਬਰ ਨੇ ਭਾਈ ਜੇਠਾ ਜੀ ਰਾਹੀਂ ਦਿੱਤੇ ਉੱਤਰਾਂ ਤੋਂ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਗੁਰੂ ਅਮਰਦਾਸ ਜੀ ਨੂੰ ਇਹ ਸੁਨੇਹਾ ਭੇਜਿਆ ਕਿ ਆਪ ਮੂਰਖ ਲੋਕਾਂ ਦਾ ਭਰਮ ਮਿਟਾਉਣ ਲਈ ਗੰਗਾ ਦੇ ਤੀਰਥ ਯਾਤਰਾ ਤੇ ਜਾਣ।[32]

ਇਸ ਯਾਤ੍ਰਾ ਸੰਬੰਧੀ ਗੁਰੂ ਰਾਮਦਾਸ ਦੀ ਬਾਣੀ ਵਿਚ ਵੀ ਵਿਵਰਨ ਪ੍ਰਾਪਤ ਹੈ। ਆਪ ਅਨੁਸਾਰ ਇਹ ਯਾਤ੍ਰਾ ਅਭੀਜਿਤ ਨਿਛੱਤਰ ਦੇ ਸੂਰਜ ਗ੍ਰਹਿਣ ਸਮੇਂ ਹੋਈ। ਇਹ ਪਤਾ ਲੱਗਦਾ ਹੈ ਕਿ ਗੁਰੂ ਅਮਰਦਾਸ ਦੇ ਸਮੇਂ ਵਿਚ ਇਸ ਨਿਛੱਤਰ ਉੱਤੇ ਸੂਰਜ ਗ੍ਰਹਿਣ 14 ਜਨਵਰੀ, 1553 ਤੇ 15 ਜਨਵਰੀ, 1572 ਵਿਚ ਲੱਗਾ।[33] 1553 ਵਿਚ ਆਦਿਲ ਸ਼ਾਹ ਸੂਰੀ ਦਾ ਰਾਜ ਸੀ ਅਕਬਰ ਦਾ ਨਹੀਂ। ਹਿੰਦੂਆ ਉੱਤੇ ਤੀਰਥ ਯਾਤ੍ਰਾ ਟੈਕਸ ਵੀ ਲੱਗਾ ਹੋਇਆ ਸੀ ਜਿਸ ਵਿਚ ਗੁਰੂ ਰਾਮਦਾਸ ਦੀ ਉਸੇ ਬਾਣੀ ਵਿਚ ਜ਼ਿਕਰ ਆਉਂਦਾ ਹੈ। ਇਹ ਟੈਕਸ ਬਾਦਸ਼ਾਹ ਅਕਬਰ ਨੇ 1563 ਵਿਚ ਮੁਆਫ਼ ਕਰ ਦਿੱਤਾ ਸੀ।[34] ਇਸ ਲਈ ਗੁਰੂ ਅਮਰਦਾਸ ਦੀ ਤੀਰਥ ਯਾਤ੍ਰਾ ਦੀ ਘਟਨਾ 1572 ਵਾਲੇ ਸੂਰਜ ਗ੍ਰਹਿਣ ਦੀ ਨਹੀਂ ਹੋ ਸਕਦੀ ਕਿਉਂਕਿ ਉਸ ਸਮੇਂ ਤੀਰਥ ਯਾਤ੍ਰਾ ਟੈਕਸ ਦੀ ਹੋਂਦ ਹੀ ਨਹੀਂ ਸੀ। ਇਸ ਲਈ ਅਕਬਰ ਵੱਲੋਂ ਗੁਰੂ ਅਮਰਦਾਸ ਤੀਰਥ ਯਾਤ੍ਰਾ ਕਰਨ ਦੀ ਪ੍ਰੇਰਣਾ ਵਿਅਰਥ ਲਗਦੀ ਹੈ। ਦੂਜਾ, ਗੁਰੂ ਰਾਮਦਾਸ ਬਾਣੀ ਵਿਚ ਇਹ ਸਪੱਸ਼ਟ ਰੂਪ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਦੀ ਤੀਰਥ ਯਾਤ੍ਰਾ ਲੋਕ ਉਧਾਰ ਵਾਸਤੇ ਹੈ।

ਅਕਬਰ ਗੁਰੂ ਅਰਮਦਾਸ ਦੇ ਅਹਿਦ ਵਿਚ ਦੋ ਵਾਰ ਪੰਜਾਬ ਵੱਲ ਆਇਆ ਸੀ।[35] ਜਿਹੜੇ-ਜਿਹੜੇ ਸਾਲ ਉਹ ਇੱਥੇ ਆਇਆ ਉਨ੍ਹਾਂ ਦੇ ਆਧਾਰ 'ਤੇ ਗੁਰੂ ਅਮਰਦਾਸ ਸਮੇਂ ਦੀਆਂ ਕੁੱਝ ਘਟਨਾਵਾਂ ਵੇਖੀਆਂ ਜਾ ਸਕਦੀਆਂ ਹਨ। ਪਹਿਲੀ ਵਾਰ ਉਹ ਮਿਰਜ਼ਾ ਹਕੀਮ (ਅਕਬਰ ਦਾ ਮਤਰੇਆ ਭਰਾ) ਦੇ ਹਮਲੇ ਸਮੇਂ ਇੱਥੇ ਆਇਆ। ਇਹ ਘਟਨਾ 1566-67 ਦੀ ਲਗਦੀ ਹੈ। ਇਸੇ ਸਮੇਂ ਮਰਵਾਹੇ ਤੇ ਖੱਤਰੀਆਂ ਨੇ ਗੁਰੂ ਸਾਹਿਬ ਦੀ ਸ਼ਿਕਾਇਤ ਲਾਈ ਸੀ ਤੇ ਗੁਰੂ ਜੀ ਨੇ ਜੇਠਾ ਜੀ ਨੂੰ ਆਪਣਾ ਪੱਖ ਪੇਸ਼ ਕਰਨ ਵਾਸਤੇ ਅਕਬਰ ਪਾਸ ਭੇਜਿਆ ਸੀ।[36] ਦੂਜੀ ਵਾਰ ਉਹ ਪਾਕਪਟਨ ਸ਼ੇਖ਼ ਫਰੀਦ ਦੀ ਜ਼ਿਆਰਤ (1571-72) ਤੇ ਇੱਥੇ ਪੁਜੱਦਾ ਹੈ[37] ਅਤੇ ਗੁਰੂ ਅਮਰਦਾਸ ਦੀ ਪੁੱਤਰੀ ਬੀਬੀ ਭਾਨੀ ਦੇ ਨਾਮ ਤੇ ਜ਼ਮੀਨ ਲਗਾਉਂਦਾ ਹੈ।[38] ਮਹਿਮਾ ਪ੍ਰਕਾਸ਼ ਵਿਚ ਅਕਬਰ ਵੱਲੋਂ ਦਿੱਤੀ ਜ਼ਮੀਨ ਪ੍ਰਵਾਨ ਕਰਨ ਵਾਲਾ ਬਲੂ ਸੀ।[39] ਪਰ ਕੇਸਰ ਸਿੰਘ ਛਿੱਬਰ ਅਨੁਸਾਰ ਇਹ ਜ਼ਮੀਨ ਗੁਰੂ ਰਾਮਦਾਸ ਜੀ ਨੇ ਪ੍ਰਵਾਨ ਕਰ ਲਈ ਸੀ।[40] ਇਸ ਵਿਚ ਉਹ ਅਕਬਰ ਨੂੰ ਗੁਰੂ ਘਰ ਦਾ ਪੱਕਾ ਸ਼ਰਧਾਲੂ ਦੱਸਦਾ ਹੈ। ਇਕ ਤੇ ਉਹ ਕਰਮਕਾਂਡੀ ਲੋਕਾਂ ਦੀ ਪਟੀਸ਼ਨ ਨੂੰ ਰੱਦ ਕਰਦਾ ਹੈ ਅਤੇ ਦੂਜਾ ਉਹ ਬੀਬੀ ਭਾਨੀ ਦੇ ਨਾਮ ਤੇ ਜ਼ਮੀਨ ਲਗਾਉਂਦਾ ਹੈ। ਤੀਜਾ ਉਹ ਯਾਤਰਾ ਕਰ

[32] ਮਹਿਮਾ ਪ੍ਰਕਾਸ਼, ਪੰਨੇ 213/ੳ,ਅ.
[33] ਬਲਬੀਰ ਸਿੰਘ, ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਭਾਗ 2), ਪੰਨਾ 316.
[34] H. Beveridge, *Akbar Nama, (Vol. 2),* p. 294–95.
[35] ਮਹਿਮਾ ਪ੍ਰਕਾਸ਼, ਪੰਨੇ 223/ੳ-224/ੳ, 241/ਅ-242/ਅ.
[36] H. Beveridge, *Akbar Nama, (Vol. 2),* p. 41–42.
[37] *Ibid.,* p. 259.
[38] ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਅਮਰਜੀਤ ਸਿੰਘ (ਸੰਪਾ.), ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਪੰਨਾ 12.
[39] ਮਹਿਮਾ ਪ੍ਰਕਾਸ਼, ਪੰਨੇ 242/ੳ-242/ਅ.
[40] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 29(ਮਤਨ).

ਮੁਆਫ਼ ਕਰਦਾ ਹੈ। ਇਹ ਘਟਨਾਵਾਂ, ਘਟਨਾਵਾਂ ਨਹੀਂ ਸਗੋਂ ਕਾਵਿ-ਜੁਗਤਾਂ ਹਨ। ਜਿਨ੍ਹਾਂ ਨਾਲ ਸਿੱਖ ਮਿਸਲਾਂ ਦੀ ਸਾਰਥਿਕਤਾ ਸਮਝ ਆਉਂਦੀ ਹੈ। ਮੁਸਲਿਮ ਵੱਸੋਂ ਨੂੰ ਆਪਣੇ ਵੱਲ ਕਰਨਾ ਜੋ ਸਮੱਸਿਆ ਹੈ ਉਸ ਵਾਸਤੇ ਸਰੂਪ ਦਾਸ ਯੋਗਦਾਨ ਦਿੰਦਾ ਹੈ।

ਗੁਰੂ ਅਰਜਨ ਦੇਵ ਦੀ ਸ਼ਹੀਦੀ ਸਿੱਖ ਇਤਿਹਾਸ ਦਾ ਇਕ ਮਹੱਤਵਪੂਰਨ ਵਰਤਾਰਾ ਹੈ। ਇਹ ਇਕ ਅਜਿਹੀ ਘਟਨਾ ਸੀ ਜਿਸਨੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ। ਇਸ ਘਟਨਾ ਦੇ ਕਾਰਣਾਂ ਸੰਬੰਧੀ ਚਰਚਾ ਕਰਨੀ ਜ਼ਰੂਰੀ ਹੈ। ਕਿਉਂਕਿ ਇਹ ਘਟਨਾ ਪਹਿਲਾਂ-ਪਹਿਲ ਪੰਜਾਬੀ ਸਰੋਤਾਂ ਬੰਸਾਵਲੀਨਾਮਾ ਅਤੇ ਮਹਿਮਾ ਪ੍ਰਕਾਸ਼ ਵਿਚ ਆਈ ਹੈ। ਫ਼ਾਰਸੀ ਵਿਚ ਨੰਦ ਲਾਲ ਗੁਰੂ ਜੀ ਦੀ ਉਸਤਤ ਕਰਦਾ ਹੈ ਪਰ ਉਨ੍ਹਾਂ ਦੀ ਸ਼ਹੀਦੀ ਬਾਰੇ ਨਹੀਂ ਦੱਸਦਾ। ਦਬਸਿਤਾਨ ਮਜ਼ਾਹਿਬ ਵਿਚ ਦਰਸਾਇਆ ਗਿਆ ਹੈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਣਾਂ ਵਿਚੋਂ ਪਹਿਲਾ ਕਾਰਣ ਕਰਮਕਾਂਡੀ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਵਿਰੋਧ ਸੀ। ਇਸ ਵਿਰੋਧ ਵਿਚ ਬਾਬਾ ਪ੍ਰਿਥੀ ਚੰਦ ਜੋ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ ਵੀ ਸ਼ਾਮਿਲ ਹੋ ਜਾਂਦਾ ਹੈ।[41] ਉਸਨੇ ਗੁਰੂ ਜੀ ਦੇ ਵਿਰੁੱਧ ਕੇਵਲ ਪਰਚਾਰ ਹੀ ਨਹੀਂ ਕੀਤਾ ਸਗੋਂ ਗੁਰੂ ਅਰਜਨ ਦੇਵ ਨੂੰ ਆਪਣੇ ਰਾਹ ਵਿਚੋਂ ਕੱਢਣ ਲਈ ਕਈ ਯਤਨ ਕੀਤੇ। ਜਿਵੇਂ ਇਕ ਸਰਦਾਰ ਅਹਿਲਕਾਰ ਸੁਲਹੀ ਖ਼ਾਨ ਨੂੰ ਗੁਰੂ ਜੀ ਵੱਲ ਹਮਲਾ ਕਰਨ ਲਈ ਉਕਸਾਇਆ।[42] ਗੁਰੂ ਵੱਲ ਜਾਣ ਤੋਂ ਪਹਿਲਾਂ ਬਾਬੇ ਪ੍ਰਿਥੀ ਚੰਦ ਨੇ ਉਸ ਨੂੰ ਆਪਣਾ ਭੱਠਾ ਵਿਖਾਉਣ ਲਈ ਮਨਾ ਲਿਆ। ਉਹ ਭੱਠੇ ਤੇ ਪਹੁੰਚੇ ਪਰ ਭੱਠੇ ਦੇ ਸੇਕ ਤੋਂ ਸੁਲਹੀ ਖ਼ਾਨ ਦਾ ਘੋੜਾ ਡਰ ਕੇ ਭੱਜ ਉਠਿਆ ਇਸ ਨਾਲ ਸੁਲਹੀ ਖ਼ਾਨ ਦੀ ਮੌਤ ਹੋ ਗਈ। ਜਦੋਂ ਗੁਰੂ ਅਰਜਨ ਦੇਵ ਦੇ ਘਰ ਸਾਹਿਬਜ਼ਾਦਾ (ਹਰਿਗੋਬਿੰਦ ਸਾਹਿਬ) ਪੈਦਾ ਹੋ ਗਿਆ ਤਾਂ ਹੁਣ ਪ੍ਰਿਥੀਏ ਦਾ ਮੁੱਖ ਮੁੱਦਾ ਸਾਹਿਬਜ਼ਾਦੇ ਨੂੰ ਮਾਰਣ ਦਾ ਸੀ। ਉਸ ਨੇ ਸਾਹਿਬਜ਼ਾਦੇ ਨੂੰ ਮਾਰਣ ਦੇ ਕੁੱਝ ਯਤਨ ਕੀਤੇ। ਸਿੱਟੇ ਵਜੋਂ ਗੁਰੂ ਅਰਜਨ ਦੇਵ ਜੀ ਨੇ ਪ੍ਰਿਥੀ ਚੰਦ ਨੂੰ ਘਰੋਂ ਬਾਹਰ ਕੱਢ ਦਿੱਤਾ।[43] ਫਿਰ ਦੱਸਿਆ ਜਾਂਦਾ ਹੈ ਕਿ ਉਸਨੇ ਗੁਰੂ ਜੀ ਦੇ ਬਾਕੀ ਵਿਰੋਧੀਆਂ ਨਾਲ ਰਲ ਕੇ ਖ਼ੁਸਰੋ ਦੀ ਬਗ਼ਾਵਤ ਦੇ ਮੌਕੇ ਤੇ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਸਰੂਪ ਦਾਸ ਨੇ ਬਾਕੀ ਰਵਾਇਤੀ ਕਵੀਆਂ ਵਾਂਗ ਗੁਰੂ ਜੀ ਦੀ ਸ਼ਹੀਦੀ ਦਾ ਮੁੱਖ ਕਾਰਣ ਜ਼ਿਆਦਾ ਕਰਕੇ ਬਾਬੇ ਪ੍ਰਿਥੀਏ ਦੇ ਯਤਨ, ਚੰਦੂ ਦਾ ਗੁਰੂ ਜੀ ਨਾਲ ਘਰੇਲੂ ਮਸਲੇ ਤੇ ਈਰਖਾ ਤੇ ਹੰਕਾਰ ਹੀ ਦੱਸਿਆ ਹੈ।[44] ਪਰ ਇਸਨੇ ਜਹਾਂਗੀਰ ਦੀ ਤੁਜ਼ਿਕ ਵਿਚ ਆਏ ਵਿਚਾਰਾਂ ਨੂੰ ਨਹੀਂ ਗੌਲਿਆ।[45] ਇਸ ਤਰੀਕੇ ਨਾਲ ਸਰੂਪ ਦਾਸ ਭੱਲਾ ਦੇ ਵਿਚਾਰ ਪੂਰੀ ਤਰ੍ਹਾਂ ਪ੍ਰਪੱਕ ਨਹੀਂ।

ਗੁਰੂ ਹਰਿਗੋਬਿੰਦ ਦੇ ਜੀਵਨ ਦੀਆਂ ਇਤਿਹਾਸਿਕ ਘਟਨਾਵਾਂ ਦੀ ਤਰਤੀਬ ਤੇ ਤਵਾਰੀਖ਼ ਵਿਚ ਕੁੱਝ ਅੰਤਰ ਹਨ। ਰਵਾਇਤੀ ਮਿਤੀਆਂ ਖ਼ਾਸ ਕਰਕੇ ਹੋਈਆਂ ਲੜਾਈਆਂ ਦੇ ਸਮੇਂ ਦੀਆਂ ਮਿਤੀਆਂ ਇਹ ਹਨ। ਪਹਿਲੀ ਜੰਗ 1628 ਈ. ਵਿਚ ਮੁਖਲਿਸ ਖ਼ਾਂ ਨਾਲ ਅੰਮ੍ਰਿਤਸਰ ਦੇ ਨੇੜੇ, ਦੂਜੀ ਜਲੰਧਰ ਦੇ ਹਾਕਮ ਅਬਦੁੱਲਾ ਨਾਲ 1630 ਈ. ਵਿਚ ਸ੍ਰੀ ਹਰਿਗੋਬਿੰਦਪੁਰ ਵਿਖੇ, ਤੀਜੀ 1631 ਈ. ਵਿਚ ਕਮਰ ਬੇਗ਼ ਅਤੇ

---

[41] ਗੰਡਾ ਸਿੰਘ, ਸਿੱਖ ਇਤਿਹਾਸ ਦੇ ਕੁੱਝ ਇਤਿਹਾਸਿਕ ਪਤਰੇ, ਪੰਨਾ 7.
[42] ਉਹੀ, ਪੰਨੇ 38-44.
[43] ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਅਮਰਜੀਤ ਸਿੰਘ (ਸੰਪਾ.), ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਪੰਨੇ 37-42.
[44] ਮਹਿਮਾ ਪ੍ਰਕਾਸ਼, ਪੰਨੇ 290/ਅ-292/ਅ.
[45] ਗੰਡਾ ਸਿੰਘ, ਸਿੱਖ ਇਤਿਹਾਸ ਦੇ ਕੁੱਝ ਇਤਿਹਾਸਿਕ ਪਤਰੇ, ਪੰਨੇ 40-41.

ਲਲਾ ਬੇਗ਼ ਨਾਲ ਮਹਿਰਾਜ ਕੋਲ ਗੁਰੂਸਰ ਵਿਖੇ ਅਤੇ ਚੌਥੀ 1634 ਈ. ਵਿਚ ਕਾਲੇ ਖ਼ਾਂ, ਪੈਂਦੇ ਖ਼ਾਂ ਆਦਿ ਯੋਧਿਆਂ ਨਾਲ ਕਰਤਾਰਪੁਰ ਵਿਖੇ ਹੋਈ।[46] ਪਰ ਹੋਰ ਇਤਿਹਾਸਕਾਰਾਂ ਨੇ ਇਹ ਮਿਤੀਆਂ ਇਸ ਤਰ੍ਹਾਂ ਦੱਸੀਆਂ ਹਨ- ਹਰਿਗੋਬਿੰਦਪੁਰ ਵਾਲੀ ਲੜਾਈ 1621 ਈ., ਅੰਮ੍ਰਿਤਸਰ ਵਾਲੀ ਲੜਾਈ 1634 ਈ., ਮਹਿਰਾਜ ਦੀ ਲੜਾਈ 1634 ਈ., ਕਰਤਾਰਪੁਰ ਵਾਲੀ ਲੜਾਈ 1635 ਈ. ਅਤੇ ਫਗਵਾੜਾ ਵਾਲੀ ਲੜਾਈ 1935 ਈ.।[47] ਇਹ ਮਿਤੀਆਂ ਰਵਾਇਤੀ ਸਰੋਤਾਂ ਦੇ ਆਧਾਰ 'ਤੇ ਹਨ। ਅੰਮ੍ਰਿਤਸਰ ਵਾਲੀ ਘਟਨਾ ਦੀ ਸੰਮਤ ਸਹੀ ਨਹੀਂ ਕਿਉਂਕਿ ਸ਼ਾਹਜਹਾਨ 1633 ਈ. ਤੱਕ ਲਾਹੌਰ ਵਿਚ ਕਦੇ ਨਹੀਂ ਅਇਆ।[48] ਅੰਮ੍ਰਿਤਸਰ ਵਾਲੀ ਲੜਾਈ ਵਿਚ ਸ਼ਾਹਜ਼ਹਾਨ ਦਾ ਯੋਗਦਾਨ ਕਾਫ਼ੀ ਹੈ ਪਰ ਜੇ ਉਹ 1633 ਈ. ਤੋਂ ਪਹਿਲਾਂ ਲਾਹੌਰ ਆਇਆ ਹੀ ਨਹੀਂ ਤਾਂ ਅੰਮ੍ਰਿਤਸਰ ਦੀ ਲੜਾਈ 1628 ਈ. ਵਿਚ ਕਿਵੇਂ ਹੋ ਗਈ। ਸ੍ਰੀ ਹਰਿਗੋਬਿੰਦਪੁਰ ਵਾਲੀ ਲੜਾਈ ਦੱਸਣਾ ਵੀ ਠੀਕ ਨਹੀਂ। ਸ੍ਰੀ ਹਰਿਗੋਬਿੰਦਪੁਰ ਵਾਲੀ ਜ਼ਮੀਨ ਚੰਦੂ ਦੇ ਨਾਮ 'ਤੇ ਸੀ। 1621 ਈ. ਵਿਚ ਜਦੋਂ ਗੁਰੂ ਸਾਹਿਬ ਰਿਹਾ ਹੋਏ ਤਾਂ ਚੰਦੂ ਨੂੰ ਸਜ਼ਾ ਦੇਣ ਦੇ ਸਿਲਸਿਲੇ ਵਿਚ ਹਰਿਗੋਬਿੰਦਪੁਰ 'ਤੇ ਕਬਜ਼ਾ ਕੀਤਾ ਗਿਆ।[49] ਇਉਂ ਹਰਿਗੋਬਿੰਦਪੁਰ ਵਾਲੀ ਲੜਾਈ 1631 ਈ. ਵਿਚ ਸੰਭਵ ਨਹੀਂ ਕਿਉਂਕਿ ਇਸ ਥਾਂ ਉੱਤੇ 1621 ਈ. ਵਿਚ ਹੀ ਕਬਜ਼ਾ ਕਰ ਲਿਆ ਗਿਆ ਸੀ। ਇਸੇ ਹੀ ਘਟਨਾਚੱਕਰ ਨਾਲ ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫ਼ਤਾਰੀ ਤੇ ਰਿਹਾਈ ਵਿਚ ਅੰਤਰ ਹੈ। ਇਕ ਸੂਚਨਾ ਅਨੁਸਾਰ ਜ਼ਹਾਂਗੀਰ ਦੇ ਬੀਮਾਰ ਹੋਣ 'ਤੇ ਉਸਦੇ ਰਾਜੀ ਹੋਣ ਵਾਸਤੇ ਗੁਰੂ ਸਾਹਿਬ ਨੂੰ 40 ਦਿਨ ਲਈ ਗਵਾਲੀਅਰ ਜੇਲ੍ਹ ਵਿਚ ਭੇਜਿਆ। 40 ਦਿਨ ਲੰਘਣ ਮਗਰੋਂ ਵੀ ਗੁਰੂ ਜੀ ਦੀ ਰਿਹਾਈ ਨਾ ਹੋਈ। ਦੱਸਿਆ ਗਿਆ ਹੈ ਕਿ ਬਿਧੀ ਚੰਦ ਛੀਨਾ ਤੇ ਹੋਰ ਸਿੱਖਾਂ ਨੇ ਸੁਪਨੇ ਵਿਚ ਸ਼ੇਰ ਬਣਕੇ ਜ਼ਹਾਂਗੀਰ ਨੂੰ ਡਰਾਇਆ ਅਤੇ ਕਿਹਾ ਕਿ ਗੁਰੂ ਜੀ ਨੂੰ ਰਿਹਾ ਕੀਤਾ ਜਾਵੇ।[50] ਮੋਹਸਿਨ ਫ਼ਾਨੀ ਅਨੁਸਾਰ ਗੁਰੂ ਸਾਹਿਬ ਕਿਲ੍ਹੇ ਵਿਚ 12 ਸਾਲ ਰਹੇ ਪਰ ਇਹ ਗੱਲ ਬਿਲਕੁਲ ਅਣਹੋਣੀ ਹੈ ਕਿਉਂਕਿ ਇਨ੍ਹਾਂ ਸਾਲਾਂ ਵਿਚ ਹੀ ਉਨ੍ਹਾਂ ਘਰ ਕਈ ਬੱਚੇ ਪੈਦਾ ਹੋਏ ਸਨ : ਗੁਰਦਿੱਤਾ 1613 ਵਿਚ, ਸੂਰਜਮਲ 1617 ਵਿਚ, ਅਣੀ ਰਾਏ 1618 ਵਿਚ, ਅਟੱਲ ਜੀ 1619 ਵਿਚ ਅਤੇ ਤੇਗ ਬਹਾਦੁਰ ਜੀ 1621 ਵਿਚ। ਗੁਰੂ ਸਾਹਿਬ ਨੇ ਦੋ ਸਾਲ ਤੋਂ ਵੱਧ ਨਹੀਂ ਲੰਘਏ ਜਾਪਦੇ ਅਤੇ 1614 ਵਿਚ ਕਿਸੇ ਸਮੇਂ ਵਾਪਿਸ ਮੁੜ ਆਏ ਹੋਣਗੇ।[51] ਇਹ ਵੀ ਕਿਹਾ ਗਿਆ ਹੇ ਗੁਰੂ ਸਾਹਿਬ ਨੂੰ ਬੇਗ਼ਮ ਨੂਰ ਜਹਾਂ ਦੀ ਸਿਫ਼ਾਰਸ਼ ਉੱਤੇ 1667 (1610 ਈ.) ਵਿਚ ਰਿਹਾਅ ਕੀਤਾ ਗਿਆ।[52] ਇਹ ਗੱਲ ਵੀ ਠੀਕ ਨਹੀਂ ਲਗਦੀ ਕਿਉਂਕਿ ਜ਼ਹਾਂਗੀਰ ਨਾਲ ਨੂਰ ਜਹਾਂ ਦਾ ਵਿਆਹ 1668 (1611 ਈ.) ਵਿਚ ਹੋਇਆ ਸੀ।[53] 1606 ਈ. ਗੁਰੂ ਜੀ ਗੱਦੀ ਉੱਪਰ ਬੈਠੇ ਸਨ। 1616 ਈ. ਵਿਚ ਕਾਂਗੜਾ ਰਿਆਸਤ ਤੇ ਹਮਲਾ ਕਰਨ ਦੇ ਸਿਲਸਿਲੇ ਵਿਚ ਪੰਜਾਬ ਦੇ ਉਦੋਂ ਦਾ ਗਵਰਨਰ ਬਖ਼ਸ਼ੀ ਸ਼ੇਖ਼ ਫ਼ਰੀਦ ਮਾਰਿਆ ਗਿਆ

---

[46] ਰਛਪਾਲ ਸਿੰਘ ਗਿੱਲ (ਸੰਪਾ.), ਪੰਜਾਬ ਕੋਸ਼ (ਜ਼ਿਲਦ ਪਹਿਲੀ), ਪੰਨਾ 468.
[47] ਗੁਰਮੁਖ ਸਿੰਘ (ਸੰਪਾ.), ਗਿਆਨੀ ਗਰਜਾ ਸਿੰਘ ਦੀ ਇਤਿਹਾਸਿਕ ਖੋਜ, ਪੰਨੇ 88-93.
[48] H.M. Eliot & John Dowsen, *History of India Told by Its Own Historian, Vol. 7,* p. 43. 1964.
[49] ਰਾਏਜਸਬੀਰ ਸਿੰਘ (ਸੰਪਾ.), ਗੁਰੂ ਅਮਰਦਾਸ ਸ੍ਰੋਤ ਪੁਸਤਕ, ਪੰਨੇ 219-20.
[50] ਗਿਆਨੀ ਜੋਗਿੰਦਰ ਸਿੰਘ, ਵੇਦਾਂਤੀ ਅਤੇ ਡਾ. ਅਮਰਜੀਤ ਸਿੰਘ (ਸੰਪਾ.) ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਪੰਨੇ 250-52.
[51] ਡਾ. ਗੰਡਾ ਸਿੰਘ, ਸਿੱਖ ਇਤਿਹਾਸ, ਪੰਨਾ 39.
[52] ਡਾ. ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 51(ਮਤਨ).
[53] H.M. Eliot & John Dowsen, *Op. cit. Vol.6,* p. 403–404.

ਸੀ। ਉਸ ਤੋਂ ਪਹਿਲਾਂ ਬਖ਼ਸ਼ੀ ਸ਼ੇਖ਼ ਫ਼ਰੀਦ ਨੇ 10 ਸਾਲ ਗਵਰਨਰੀ ਕੀਤੀ ਸੀ। ਬਖ਼ਸ਼ੀ ਸ਼ੇਖ਼ ਫ਼ਰੀਦ ਜਿੰਨਾਂ ਚਿਰ ਜਿਉਂਦਾ ਰਿਹਾ ਉਦੋਂ ਤੱਕ ਗੁਰੂ ਸਾਹਿਬ ਦੀ ਨਿਗਰਾਨੀ ਕਰਦਾ ਰਿਹਾ। ਉਂਜ ਵੀ 1616 ਈ. ਤੱਕ ਜ਼ਹਾਂਗੀਰ ਤੋਂ ਬਖ਼ਸ਼ੀ ਸ਼ੇਖ਼ ਫ਼ਰੀਦ ਦਾ ਭੂਤ ਲਹਿ ਚੁੱਕਾ ਸੀ।[54] ਨੂਰ ਜਹਾਂ ਦੇ ਕਹਿਣ ਜ਼ਹਾਂਗੀਰ ਫ਼ਿਰਕਾਪ੍ਰਸਤੀ ਦੇ ਪੱਖੋਂ ਨਰਮ ਹੋ ਗਿਆ।[55] ਇਸ ਨਰਮਾਈ ਦਾ ਜ਼ਿੰਮੇਵਾਰ ਵਜ਼ੀਰ ਖ਼ਾਨ ਤੇ ਸਾਈਂ ਮੀਂਆਂ ਮੀਰ ਵੀ ਸਨ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਤੋਂ ਬਾਅਦ ਛੱਡਿਆ ਨਹੀਂ ਸਗੋਂ ਆਪਣੇ ਨਾਲ ਹੀ ਪੰਜਾਬ ਲੈ ਆਇਆ ਤੇ ਫਿਰ ਕਸ਼ਮੀਰ ਲੈ ਗਿਆ। ਇਹ ਘਟਨਾਚੱਕਰ ਪ੍ਰਤੀ ਸਰੂਪ ਦਾਸ ਦੇ ਵਿਚਾਰਾਂ ਨਾਲੋਂ ਵਖਰੇਵਾਂ ਪ੍ਰਗਟ ਕਰਦੀ ਹੈ। ਕਈ ਥਾਂਵਾਂ ਤੇ ਉਸ ਨੇ ਜੁੱਧਮਈ ਵਾਤਾਵਰਣ ਨੂੰ ਪ੍ਰਗਟ ਕਰਨ ਲਈ ਇਸ ਸੰਬੰਧੀ ਛੰਦ ਵੀ ਸਾਖੀਆਂ ਵਿਚ ਵਰਤੇ ਹਨ। ਜਿਵੇਂ ਗੁਰੂ ਹਰਿਗੋਬਿੰਦ ਦੇ ਮੁਗ਼ਲ ਸਰਕਾਰ ਨਾਲ ਜੁਧ ਦੇ ਵਰਣਨ ਲਈ ਗੁਰਬਿਲਾਸ ਰੂਪਾਕਾਰ ਦੇ ਛੰਦਾਂ ਦਾ ਪ੍ਰਯੋਗ ਕੀਤਾ ਹੈ।[56]

ਮਹਿਮਾ ਪ੍ਰਕਾਸ਼ ਦਾ ਮੁੱਖ ਕਾਰਜ ਗੁਰੂ ਨਾਨਕ ਦੇਵ ਜੀ ਨੂੰ ਨਰ ਤੋਂ ਨਰਾਇਣ ਸਿੱਧ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਉਪਦੇਸ਼ ਪ੍ਰਸਾਰਿਤ ਕਰਨ ਵੇਲੇ ਅਨੇਕ ਪ੍ਰਕਾਰ ਦੀਆਂ ਘਟਨਾਵਾਂ ਵਾਪਰੀਆਂ ਪਰ ਸਾਖੀਕਾਰ ਨੇ ਉਨ੍ਹਾਂ ਸਾਰੀਆਂ ਘਟਨਾਵਾਂ ਵਿਚੋਂ ਕੇਵਲ ਉਹੀ ਘਟਨਾਵਾਂ ਚੁਣੀਆਂ ਹਨ, ਜਿਨ੍ਹਾਂ ਦੁਆਰਾ ਉਹ ਗੁਰੂ ਜੀ ਦੇ ਚਰਿੱਤਰ ਨੂੰ ਆਪਣੀ ਮਾਨਸਿਕਤਾ ਦੇ ਅਨੁਰੂਪ ਪੇਸ਼ ਕਰ ਸਕਦਾ ਸੀ। ਜਨਮ ਦੀ ਘਟਨਾ ਵੇਲੇ ਅਲੌਕਿਕ ਵਾਤਾਵਰਣ ਦੀ ਸ੍ਰਿਸ਼ਟੀ, ਪਾਂਧੇ ਕੇ ਪਾਸ ਪੜ੍ਹਨੇ ਜਾਣਾ, ਮੱਝਾ ਚਰਾਉਣਾ, ਵੈਦ ਨੂੰ ਬੁਲਾਉਣਾ, ਮੋਦੀਖ਼ਾਨੇ ਦੀ ਨੌਕਰੀ ਕਰਨ ਨਾਲ ਸੰਬੰਧਿਤ ਜਿੰਨੀਆਂ ਘਟਨਾਵਾਂ ਹਨ, ਭਾਂਵੇ ਉਹ ਗੁਰੂ ਜੀ ਦੇ ਵਿਹਾਰਕ ਜੀਵਨ ਨਾਲ ਸੰਬੰਧਤ ਹਨ ਪਰ ਲੇਖਕ ਨੇ ਸਾਰੀਆਂ ਅਧਿਆਤਮਿਕ ਦ੍ਰਿਸ਼ਟੀ ਦੇ ਸੰਦਰਭ ਵਿਚ ਇਸ ਪ੍ਰਕਾਰ ਆਯੋਜਿਤ ਕੀਤੀਆਂ ਹਨ ਕਿ ਇਨ੍ਹਾ ਤੋਂ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਿਕ ਪ੍ਰਭੁਤਾ ਦਾ ਪ੍ਰਦਰਸ਼ਨ ਹੋਵੇ। ਬਾਕੀ ਗੁਰੂਆਂ ਦੀਆਂ ਸਾਖੀਆਂ ਭਾਵੇਂ ਯਥਾਰਥਕ ਹਨ, ਉਨ੍ਹਾਂ ਦਾ ਸੰਬੰਧ ਵੀ ਗੁਰੂ ਸਾਹਿਬਾਨ ਦੀ ਅਧਿਆਤਮਿਕ ਸਾਧਨਾ ਅਤੇ ਵਿਚਾਰਧਾਰਾ ਨਾਲ ਹੈ।

ਇਸ ਸਾਖੀ ਸੰਗ੍ਰਹਿ ਵਿਚ ਥਾਂ-ਥਾਂ ਲੇਖਕ ਨੇ ਗੁਰਬਾਣੀ ਵਿਚੋਂ ਤੁਕਾਂ ਦੇ ਕੇ ਗੁਰਮਤਿ ਸਿੱਧਾਂਤਾਂ ਦਾ ਉੱਲੇਖ ਕੀਤਾ ਹੈ। ਨਾਮ ਜਪਣਾ, ਸਾਧ-ਸੰਗਤ ਵਿਚ ਜਾਣਾ, ਸੇਵਾ ਕਰਨੀ, ਕੀਰਤਨ ਸੁਨਣਾ, ਗੁਰੂ ਦੀ ਰਜ਼ਾ ਵਿਚ ਰਹਿਣਾ, ਬਾਣੀ ਦਾ ਪਾਠ ਕਰਨਾ, ਸੱਚ ਬੋਲਣਾ, ਪੁੰਨ-ਦਾਨ ਕਰਨਾ, ਦਸਵੰਦ ਕੱਢਣਾ, ਨਿਰਵੈਰ ਹੋਣਾ, ਪਰਾਈ ਨਿੰਦਿਆ ਨਾ ਕਰਨਾ, ਹਉਮੈ ਨੂੰ ਮਾਰਨਾ, ਮਾਇਆ ਤੋਂ ਨਿਰਲੇਪਤਾ, ਆਦਿ ਪੱਖਾਂ ਉੱਪਰ ਸਰੂਪ ਦਾਸ ਨੇ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਇਨ੍ਹਾ ਤੋਂ ਛੁੱਟ ਕੁੱਝ ਸਾਖੀਆਂ ਵਿਚ ਗੁਰੂ ਦਾ ਮਹੱਤਵ, ਗੁਰੂ ਅਤੇ ਪਰਮਾਤਮਾ ਦੀ ਅਭੇਦਤਾ, ਗੁਰੂ ਤੇ ਸਿੱਖ ਦਾ ਵਿਹਾਰ, ਆਦਿ ਵਿਸ਼ਿਆਂ ਨੂੰ ਆਧਾਰ ਬਣਾਇਆ ਗਿਆ ਹੈ।

[54] *The Punjab Past And Present (Vol. 12–1),* April, 1978, p. 160–177.
[55] ਪਿਆਰਾ ਸਿੰਘ ਪਦਮ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 93 (ਮਤਨ).
[56] ਮਹਿਮਾ ਪ੍ਰਕਾਸ਼, ਪੰਨੇ 209/ਅ-212/ੳ.

ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ 1769 ਈ. ਦੀ ਰਚਨਾ ਹੈ[57] ਅਤੇ ਮਹਿਮਾ ਪ੍ਰਕਾਸ਼ 1776 ਈ. ਦੀ ਰਚਨਾ ਹੈ। ਇਨ੍ਹਾਂ ਦੋਹਾਂ ਰਚਨਾਵਾਂ ਦੇ ਰਚਨਾ ਕਾਲ ਵਿਚ ਕਰੀਬ ਸੱਤ ਸਾਲ ਦਾ ਵਕਫ਼ਾ ਹੈ। ਇਸ ਸਮੇਂ ਵਿਚ ਜੋ ਘਟਨਾਵਾਂ ਵਾਪਰਦੀਆਂ ਹਨ, ਉਨ੍ਹਾਂ ਦਾ ਜ਼ਿਕਰ ਅਸੀਂ ਸਮਕਾਲੀਨ ਪ੍ਰਸਥਿਤੀਆਂ ਵਿਚ ਕਰ ਚੁੱਕੇ ਹਾਂ। ਹੁਣ ਵੇਖਣਾ ਇਹ ਹੈ ਕਿ ਇਨ੍ਹਾਂ ਘਟਨਾਵਾਂ ਦਾ ਪ੍ਰਭਾਵ ਕੇਸਰ ਸਿੰਘ ਛਿੱਬਰ ਕੀ ਕਬੂਲਦਾ ਹੈ ਤੇ ਸਰੂਪ ਦਾਸ ਭੱਲਾ ਕੀ ਕਬੂਲਦਾ ਹੈ। ਇਸ ਸਮੇਂ ਦੌਰਾਨ ਜੋ ਤਬਦੀਲੀਆਂ ਆਈਆਂ, ਉਨ੍ਹਾਂ ਵਿਚ ਕੇਸਰ ਸਿੰਘ ਛਿੱਬਰ ਆਪਣੀ ਰਚਨਾ ਵਿਚ ਮੁਸਲਮਾਨਾਂ ਦੀ ਅਲੋਚਨਾ ਕਰਦਾ ਹੈ ਅਤੇ ਉਹ ਸਿੱਖਾਂ ਨੂੰ ਮੁਗ਼ਲਾਂ ਤੋਂ ਬਦਲਾ ਲੈਣ ਦੀ ਗੱਲ ਕਰਦਾ ਹੈ[58] ਪਰ ਸਿੱਖ ਬਦਲਾ ਲੈਣ ਦੀ ਥਾਂ ਹੋਰ ਹੀ ਕੰਮ ਕਰਦੇ ਹਨ, ਇਸ ਲਈ ਉਹ ਸਿੱਖਾਂ ਦੀ ਅਲੋਚਨਾ ਕਰਦਾ ਹੈ। ਜਿਵੇਂ ਛਿੱਬਰ ਅਪਨੀ ਰਚਨਾ ਵਿਚ ਬਦਲੇ ਹੋਏ ਸਿੱਖਾਂ ਨੂੰ ਮਾਇਕੀ ਸਿੱਖ ਕਹਿੰਦਾ ਹੈ।[59]

ਸਰੂਪ ਦਾਸ ਭੱਲਾ ਕੇਸਰ ਸਿੰਘ ਛਿੱਬਰ ਦੇ ਉਲਟ ਆਪਣੀ ਰਚਨਾ ਵਿਚ ਦੱਸਦਾ ਹੈ ਕਿ ਬਹੁ ਸੰਮਤੀ ਦੇ ਲੋਕਾਂ ਤੇ ਰਾਜ ਉਨ੍ਹਾਂ ਨੂੰ ਖ਼ੁਸ਼ ਕਰਕੇ ਹੀ ਕੀਤਾ ਜਾ ਸਕਦਾ ਹੈ ਤਲਵਾਰ ਦੇ ਜ਼ੋਰ 'ਤੇ ਨਹੀਂ। ਉਹ ਮੁਸਲਮਾਨ ਵਿਅਕਤੀਆਂ ਨਾਲ ਸਿੱਖਾਂ ਦੀ ਨੇੜਤਾ ਵਿਖਾਉਂਦਾ ਹੋਇਆ ਬਹੁਤ ਸਾਰੀਆਂ ਗੋਸ਼ਟੀਆਂ ਕਰਵਾਉਂਦਾ ਹੈ ਤੇ ਉਨ੍ਹਾਂ ਦੇ ਸਿੱਖਾਂ ਨਾਲ ਸੰਬੰਧ ਮਿੱਤਰਤਾ ਵਾਲੇ ਵੀ ਦਿਖਾਉਂਦਾ ਹੈ। ਇਸ ਲਈ ਅਸੀਂ ਮਹਿਮਾ ਪ੍ਰਕਾਸ਼ ਦੀਆਂ ਕੁੱਝ ਕੁ ਸਾਖੀਆਂ ਦਾ ਮੇਲ ਬਾਕੀ ਵੱਖ-ਵੱਖ ਜਨਮਸਾਖੀਆਂ ਜਿਨ੍ਹਾਂ ਵਿਚ ਆਦਿ ਸਾਖੀਆਂ, ਪੁਰਾਤਨ ਜਨਮਸਾਖੀ, ਮਿਹਰਬਾਨ ਜਨਮਸਾਖੀ, ਜਨਮਸਾਖੀ ਭਾਈ ਬਾਲਾ, *LDP–194* ਜਨਮਸਾਖੀ, *B–40* ਜਨਮਸਾਖੀ, ਸਾਖੀ ਮਹਲੁ ਪਹਿਲੇ ਕੀ ਵਿਚਲੀਆਂ ਸਾਖੀਆਂ ਨਾਲ ਕੀਤਾ ਹੈ। ਜਿਵੇਂ -

ਸਾਖੀ ਪਾਂਧੇ ਕੇ ਪਾਸ ਪੜ੍ਹਨੇ ਕੀ ਇਹ ਸਾਖੀ ਮਹਿਮਾ ਪ੍ਰਕਾਸ਼ ਵਿਚ 6 ਨੰਬਰ ਤੇ ਹੈ ਇਸ ਸਾਖੀ ਵਿਚ ਦੱਸਿਆ ਗਿਆ ਹੈ ਕਿ ਪਿਤਾ ਮਹਿਤਾ ਕਾਲੂ ਜੀ ਬਾਕੀ ਬੱਚਿਆਂ ਵਾਂਗ ਗੁਰੂ ਨਾਨਕ ਸਾਹਿਬ ਨੂੰ ਪਾਂਧੇ ਤੋਂ ਬਾਅਦ ਮੁੱਲਾਂ ਕੋਲ ਪੜ੍ਹਨ ਲਈ ਲੈ ਕੇ ਜਾਂਦੇ ਹਨ। ਮੁੱਲਾਂ ਨਾਨਕ ਨੂੰ ਅਲਫ਼, ਬੇ ਲਿਖ ਕੇ ਦਿੰਦਾ ਹੈ। ਗੁਰੂ ਜੀ ਇਸ ਪੜ੍ਹਨ ਲਿਖਣ ਨੂੰ ਬੰਧਨ ਦੱਸਦੇ ਹਨ। ਮੁੱਲਾਂ ਕੋਲੋ ਅਲਫ਼ ਦੇ ਮਾਇਨੇ ਪੁੱਛਦੇ ਹਨ ਅਤੇ ਐਸੇ ਇਲਮ ਦੀ ਮੰਗ ਕਰਦੇ ਹਨ, ਜਿਸ ਦੇ ਪੜ੍ਹਣ ਨਾਲ ਖਲਾਸੀ ਹੋ ਜਾਵੇ। ਫਿਰ ਵਾਰਤਾਲਾਪ ਹੁੰਦੀ ਹੈ ਗੁਰੂ ਜੀ ਸਿਰੀ ਰਾਗ ਵਿਚ 'ਸੋਈ ਮਉਲਾ ਜਿਨਿ ਜਗ ਮੌਲਿਆ' ਵਾਲੇ ਸ਼ਬਦ ਨੂੰ ਪਉੜੀਆਂ ਵਿਚ ਉਚਾਰਣ ਕਰਦੇ ਹਨ, ਇਹ ਸੁਨ ਕੇ ਮੁੱਲਾਂ ਗੁਰੂ ਜੀ ਨੂੰ ਖ਼ੁਦਾ ਦਾ ਪਾਕ ਬੰਦਾ ਮੰਨਦੇ ਹਨ ਮੈਂ ਇਸ ਨੂੰ ਕੀ ਪੜ੍ਹਾਵਾਂ ਇਸ ਨੂੰ ਤਾਂ ਸਭ ਪਤਾ ਹੈ। ਮਿਹਰਬਾਨ ਵਾਲੀ ਜਨਮਸਾਖੀ ਵਿਚ ਵੀ ਇਹ ਸਾਖੀ ਦਾ 6 ਨੰਬਰ ਹੈ ਅਤੇ ਮਹਿਮਾ ਪ੍ਰਕਾਸ਼ ਨਾਲ ਇਸਦਾ ਕਾਫ਼ੀ ਫਰਕ ਹੈ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਗੁਰੂ ਜੀ ਨੂੰ ਅੱਠ ਸਾਲ ਦੀ ਉਮਰ ਵਿਚ ਬੁੱਧਵਾਰ ਵਾਲੇ ਦਿਨ ਦਾਦੇ ਕਾਲੂ ਦੇ ਦੁਆਰਾ ਮੁੱਲਾਂ ਪਾਸ ਪੜ੍ਹਣ ਲਈ ਲਿਜਾਇਆ ਜਾਂਦਾ ਹੈ। ਮੁੱਲਾਂ ਅਲਫ਼ ਤੋਂ ਯੇ ਤੱਕ ਗੁਰੂ ਜੀ ਨੂੰ ਲਿਖ ਕੇ ਦਿੰਦਾ ਹੈ। ਗੁਰੂ ਨਾਨਕ ਸਾਹਿਬ ਇਕੋ ਵਾਰ ਵਿਚ ਯਾਦ ਕਰ ਲੈਂਦੇ ਹਨ, ਫਿਰ ਉਦਾਸ ਹੋ ਜਾਂਦੇ ਹਨ ਅਤੇ ਤਿਲੰਗ ਰਾਗ ਵਿਚ ਵੱਖਰਾ ਸ਼ਬਦ 'ਦੁਨੀਆਂ

[57] ਪਿਆਰਾ ਸਿੰਘ ਪਦਮ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 172.
[58] ਰਾਇਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 152(ਮਤਨ).
[59] ਉਹੀ, ਪੰਨੇ 154-155.

ਮੁਕਾਮੇ ਫਾਨੀ' ਦੇ ਨਾਲ ਪਰਮਾਰਥ ਦੇ ਕੇ ਮੁੱਲਾਂ ਨੂੰ ਨਸੀਹਤ ਦਿੰਦੇ ਹਨ।[60] ਜਨਮਸਾਖੀ ਭਾਈ ਬਾਲਾ ਵਿਚ ਇਹ ਸਾਖੀ ਦਾ ਨੰਬਰ 2 ਹੈ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਕਾਲੂ ਜੀ ਗੁਰੂ ਨਾਨਕ ਜੀ ਨੂੰ ਉਦਾਸ ਦੇਖ ਕੇ ਉਨ੍ਹਾਂ ਨੂੰ ਕਹਿੰਦੇ ਹਨ ਕਿ ਜੇ ਤੂੰ ਹਿੰਦਗੀ ਨਹੀਂ ਪੜ੍ਹਦਾ ਤਾਂ ਫ਼ਾਰਸੀ ਸਿੱਖ ਲੈ। ਮੁੱਲਾਂ ਨਾਨਕ ਨੂੰ ਪੂਰਾ ਕਾਇਦਾ ਲਿਖ ਦਿੰਦਾ ਹੈ, ਨਾਨਕ ਜੀ ਦੀ ਵਾਰਤਾਲਾਪ ਹੁੰਦੀ ਹੈ, ਫਿਰ ਨਾਨਕ ਜੀ ਉਪਰੋਕਤ ਸਾਖੀਆਂ ਵਿਚ ਆਏ ਸ਼ਬਦਾ ਨਾਲੋਂ ਸਿਰੀ ਰਾਗ ਵਿਚ ਵੱਖਰਾ ਸ਼ਬਦ 'ਪੜੀਐ ਨਾਮ ਸਲਾਹਿ ਹੋਰ ਪੜਣਾ ਮਿਥਿਆ' ਉਚਾਰਦੇ ਹਨ।[61]

ਸਾਖੀ ਸੁਲਤਾਨਪੁਰ ਕੀ ਇਹ ਸਾਖੀ ਮਹਿਮਾ ਪ੍ਰਕਾਸ਼ ਵਿਚ 16 ਨੰਬਰ 'ਤੇ ਹੈ। ਇਸ ਸਾਖੀ ਵਿਚ ਦੱਸਿਆ ਗਿਆ ਹੈ ਕਿ ਜੈ ਰਾਮ ਦਾ ਖ਼ਤ ਆਉਣ ਅਤੇ ਪਿਤਾ ਕਾਲੂ ਨੇ ਗੁਰੂ ਨਾਨਕ ਦੇਵ ਜੀ ਦੀ ਉਦਾਸੀ ਨਾ ਹੱਟਦੀ ਵੇਖ ਕੇ ਚਿਤ ਪਰਚਾਉਣ ਲਈ ਤੇ ਕੰਮਕਾਰ ਲਈ ਇਕ ਖਿਜ਼ਮਤੀਏ ਨਾਲ ਜੈ ਰਾਮ ਪਾਸ ਭੇਜਿਆ। ਇਸ ਵਿਚ ਗੁਰੂ ਜੀ ਦੀ ਮਾਤਾ ਵੱਲੋਂ ਗੁਰੂ ਜੀ ਦੇ ਜਾਣ 'ਤੇ ਉਦਾਸ ਹੋਣਾ ਤੇ ਕਹਿਣਾ ਕਿ 'ਤੂੰ ਹੀ ਮੇਰਾ ਧਨ ਹੈ ਮੇਰਾ ਚੇਤਾ ਰੱਖੀ' ਅਤੇ ਪਤਨੀ ਦਾ ਉਦਾਸ ਹੋਣਾ। ਬਾਬਾ ਜੀ ਦਾ ਸੁਲਤਾਨਪੁਰ ਪਹੁੰਚਣ 'ਤੇ ਬੇਬੇ ਨਾਨਕੀ ਦਾ ਖ਼ੁਸ਼ ਹੋਣਾ, ਜੈ ਰਾਮ ਦਾ ਗੁਰੂ ਜੀ ਨੂੰ ਮੋਦੀਖ਼ਾਨੇ ਨੌਂਕਰੀ ਲੁਆਉਣਾ, ਮੋਦੀਖ਼ਾਨੇ ਦਾ ਲਾਭ ਅਤੇ ਬਰਕਤ ਨਾਲ ਭਰ ਜਾਣਾ, ਗੁਰੂ ਜੀ ਦੀ ਭੁੱਖੇ ਪਿਆਸੇ ਸਾਧੂਆਂ ਦੀ ਮਦਦ ਕਰਨੀ, ਦੌਲਤ ਖਾਂ ਲੋਧੀ ਪਾਸ ਗੁਰੂ ਜੀ ਦੀ ਸ਼ਿਕਾਇਤ ਹੋਣਾ ਤੇ ਜੈ ਰਾਮ ਨੂੰ ਬੁਲਾ ਕੇ ਤਫ਼ਤੀਸ਼ ਕਰਨ ਲਈ ਕਹਿਣਾ, ਗੁਰੂ ਜੀ ਦਾ ਸਾਰਾ ਹਿਸਾਬ-ਕਿਤਾਬ ਦਸ ਗੁਣਾ ਵੱਧ ਨਿਕਲਣਾ ਤੇ ਗੁਰੂ ਜੀ ਦੇ ਸਹੀ ਸਾਬਤ ਹੋਣ 'ਤੇ ਦੋਲਤ ਖ਼ਾਂ ਲੋਧੀ ਦਾ ਆਪਣੀ ਭੁੱਲ ਮੰਨਣਾ, ਕਾਲੂ ਜੀ ਵੱਲੋਂ ਮਰਦਾਨੇ ਨੂੰ ਗੁਰੂ ਜੀ ਦਾ ਹਾਲ ਪਤਾ ਕਰਨ ਲਈ ਭੇਜਣਾ, ਮਰਦਾਨੇ ਵੱਲੋਂ ਗੁਰੂ ਜੀ ਦੇ ਤਲਵੰਡੀ ਵਿਚ ਕੀਤੇ ਕੌਤਕ ਜੈ ਰਾਮ ਨੂੰ ਦੱਸਣੇ ਤੇ ਗੁਰੂ ਜੀ ਦਾ ਨਾਨਕ ਨੂੰ ਸਾਧ ਕਰਕੇ ਮੰਨਣਾ, ਮਰਦਾਨੇ ਨੂੰ ਗੁਰੂ ਜੀ ਨੂੰ ਆਪਣੇ ਨਾਲ ਰੱਖ ਲਿਆ, ਆਦਿ ਘਟਨਾਵਾਂ ਸਾਖੀ ਵਿਚ ਅਉਂਦੀਆਂ ਹਨ। ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ *(B–40)* ਵਿਚ ਇਹ ਚਿਤਰ ਨੰਬਰ 4 ਵਾਲੀ ਮੋਦੀਖ਼ਾਨਾ ਸੰਭਾਲਿਆ ਸਿਰਲੇਖ ਹੇਠ ਸਾਖੀ ਹੈ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਗੁਰੂ ਜੀ ਦੀ ਮਾਤਾ ਦਾ ਉਦਾਸ ਹੋਣਾ ਨਹੀਂ ਹੈ। ਇਸ ਵਿਚ ਗੁਰੂ ਜੀ ਦੀ ਪਤਨੀ ਗੁਰੂ ਜੀ ਨਾਲ ਸੁਨਤਾਨਪੁਰ ਜਾਣ ਦੀ ਜ਼ਿਦ ਕਰਦੀ ਹੈ। ਜੈ ਰਾਮ ਜਦੋਂ ਮਿਲਦਾ ਹੈ ਤਾਂ ਦੱਸਦਾ ਹੈ ਕਿ ਗੁਰੂ ਨਾਨਕ ਇਕ ਸਾਲ ਬਾਅਦ ਘਰ ਆਇਆ ਹੈ। ਦੌਲਤ ਖ਼ਾਂ ਲੋਧੀ ਗੁਰੂ ਨਾਨਕ ਦੇਵ ਜੀ ਨੂੰ ਦਿਆਨਤਦਾਰ ਜਾਣ ਕੇ ਅਤੇ ਸਿਰੋਪਾ ਦੇ ਕੇ ਮੋਦੀਖ਼ਾਨੇ ਦਾ ਸਾਰਾ ਕੰਮ ਉਨ੍ਹਾਂ ਦੇ ਹਵਾਲੇ ਕਰ ਦਿੰਦਾ ਹੈ। ਇਸ ਸਾਖੀ ਵਿਚ ਗੁਰੂ ਜੀ ਦੀ ਸ਼ਿਕਾਇਤ ਵਾਲੀ ਘਟਨਾ ਦਾ ਜ਼ਿਕਰ ਨਹੀਂ ਹੈ, ਗੁਰੂ ਨਾਨਕ ਦੇਵ ਜੀ ਦੀ ਨਿਤ ਕਰਮ ਰਹਿਣੀ ਦੀ ਗੱਲ ਕੀਤੀ ਗਈ ਹੈ, ਜਿਸ ਵਿਚ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਕੀਰਤਨ ਕਰਨ ਦੀ ਘਟਨਾ ਅਉਂਦੀ ਹੈ।[62] ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੀ ਵਿਚ ਸਾਖੀ ਨੰਬਰ 9 ਹੈ ਅਤੇ ਮੋਦੀਖ਼ਾਨਾ ਸੰਭਾਲਿਆ ਸਿਰਲੇਖ ਹੇਠ ਹੈ। ਇਹ ਸਾਖੀ *(B–40)* ਵਿਚਲੀ ਸਾਖੀ ਨਾਲ ਕਾਫ਼ੀ ਮਿਲਦੀ ਹੈ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਇਹ ਜੈ ਰਾਮ

---

[60] ਕਿਰਪਾਲ ਸਿੰਘ (ਸੰਪਾ.), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਲਿਖਤ ਸ੍ਰੀ ਮਿਹਰਬਾਨ ਜੀ ਸੋਢੀ), ਪੰਨੇ 15-20.
[61] ਸੁਰਿੰਦਰ ਸਿੰਘ ਕੋਹਲੀ (ਸੰਪਾ.), ਜਨਮਸਾਖੀ ਭਾਈ ਬਾਲਾ, ਪੰਨੇ 54-56.
[62] ਪਿਆਰ ਸਿੰਘ (ਸੰਪਾ.), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ *(B–40),* ਪੰਨੇ 45-46

ਅਤੇ ਗੁਰੂ ਨਾਨਕ ਦੀ ਮੁਲਾਕਾਤ ਤੋਂ ਸ਼ੁਰੂ ਹੁੰਦੀ ਹੈ।[63] ਸਾਖੀ ਮਹਲੁ ਪਹਿਲੇ ਕੀ ਵਿਚ ਸਾਖੀ ਨੰਬਰ 16 ਹੈ ਅਤੇ ਇਹ ਪੁਰਾਤਨ ਜਨਮਸਾਖੀ ਨਾਲ ਹੂ-ਬ-ਹੂ ਮਿਲਦੀ ਹੈ।[64] ਜਨਮਸਾਖੀ ਭਾਈ ਬਾਲਾ ਵਿਚ ਸਾਖੀ ਨੰਬਰ 3 ਹੈ ਇਹ ਬਾਕੀ ਸਾਖੀਆਂ ਨਾਲੋ ਕਾਫ਼ੀ ਲੰਮੇਰੀ ਹੈ। ਇਸ ਸਾਖੀ ਵਿਚਲੀਆਂ ਘਟਨਾਵਾਂ ਬਾਕੀ ਸਾਖੀਆਂ ਨਾਲ ਕਾਫ਼ੀ ਮਿਲਦੀਆਂ ਹਨ। ਇਸ ਵਿਚ ਕਾਫ਼ੀ ਘਟਨਾਵਾਂ ਐਸੀਆਂ ਵੀ ਹਨ ਜੋ ਬਾਕੀ ਸਾਖੀਆਂ ਵਿਚ ਨਹੀਂ ਹਨ। ਜਿਵੇਂ ਇਸ ਵਿਚ ਸੰਮਤ ਦਿੱਤੀ ਹੈ ਕਿ 1543 ਬਿਕਰਮੀ ਨੂੰ ਗੁਰੂ ਜੀ ਜੈ ਰਾਮ ਕੋਲ ਗਏ, ਬੇਬੇ ਨਾਨਕੀ ਦਾ ਗੁਰੂ ਜੀ ਦੇ ਪੈਰਾਂ ਤੇ ਡਿੱਗਣਾ ਅਤੇ ਬਾਬਾ ਜੀ ਵੱਲੋਂ ਇਸ ਦੀ ਮਨਾਹੀ ਕਰਨੀ, ਗੁਰੂ ਜੀ ਦੀ ਕੁੜਮਾਈ ਦੀ ਗੱਲ ਤੁਰਨੀ, ਗੁਰੂ ਜੀ ਵੱਲੋਂ ਕਿਰਤ ਕਰਨ ਦੀ ਗੱਲ ਕਰਨੀ, ਮਰਦਾਨੇ ਦੀ ਜਗ੍ਹਾ ਬਾਲੇ ਦਾ ਹੋਣਾ ਤੇ ਉਸ ਨੂੰ ਜੈ ਰਾਮ ਵੱਲੋਂ ਬਾਲੇ ਨੂੰ ਗੁਰੂ ਜੀ ਦਾ ਪੱਕਾ ਮਿੱਤਰ ਅਤੇ ਗੁਰੂ ਜੀ ਵਰਗਾ ਦੱਸਣਾ, ਪਿਤਾ ਕਾਲੂ ਦਾ ਗੁਰੂ ਨਾਨਕ ਦਾ ਪਤਾ ਲੈਣ ਲਈ ਆਉਣਾ ਤੇ ਬਾਲੇ ਨਾਲ ਲੜਣਾ, ਗੁਰੂ ਜੀ ਵੱਲੋਂ ਮੋਦੀਖ਼ਾਨਾ ਛੱਡ ਜਾਣ ਦੀ ਗੱਲ ਤੋਂ ਮਰ ਜਾਣ ਦੀ ਗੱਲ ਕਰਨੀ ਤੇ ਬਾਲੇ ਦੇ ਕਹਿਣ ਤੇ ਗੁਰੂ ਜੀ ਦਾ ਰੁਕ ਜਾਣਾ, 'ਤੁਮਹੋ ਕਹਿਤੇ ਹੋ ਬੇਚੁਗਨ' ਵਾਲਾ ਸ਼ਬਦ (ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਹੀਂ ਹੈ) ਹੈ, ਬਾਲੇ ਦਾ ਗੁਰੂ ਜੀ ਨੂੰ ਜ਼ਾਹਰ ਪੀਰ, ਰਾਮ ਚੰਦ੍ਰ ਅਤੇ ਕ੍ਰਿਸ਼ਣ ਦਾ ਰੂਪ ਦੱਸਣਾ, ਆਦਿ ਘਟਨਾਵਾਂ ਆਉਂਦੀਆਂ ਹਨ।[65] ***LDP–194*** ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਸਾਖੀ ਨੰਬਰ 8 ਤੇ ਸਾਖੀ ਸੁਲਤਾਨਪੁਰ ਦੀ ਸਿਰਲੇਖ ਹੇਠ ਆਉਂਦੀ ਹੈ। ਜਿਸ ਵਿਚ ਉੱਪਰਲੀਆਂ ਸਾਖੀਆਂ ਵਾਲੀ ਗੱਲ ਆਈ ਹੈ। ਇਸ ਵਿਚਲੀ ਸਾਖੀ ਪੁਰਾਤਨ ਜਨਮਸਾਖੀ ਨਾਲ ਅਤੇ *(B–40)* ਵਿਚਲੀ ਸਾਖੀ ਨਾਲ ਕਾਫ਼ੀ ਮਿਲਦੀ ਹੈ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਜਿੱਥੇ ਬਾਕੀ ਸਾਖੀਆਂ ਵਿਚ ਜੈ ਰਾਮ ਵੱਲੋਂ ਖ਼ਤ ਆਉਣ ਦੀ ਗੱਲ ਕਹੀ ਗਈ ਹੈ, ਇਸ ਸਾਖੀ ਵਿਚ ਨਹੀਂ ਹੈ।[66] ਮਿਹਰਬਾਨ ਵਾਲੀ ਜਨਮਸਾਖੀ ਵਿਚ ਵੀ ਇਹ ਸਾਖੀ ਦਾ 21 ਨੰਬਰ ਹੈ ਅਤੇ ਕਾਫ਼ੀ ਲੰਮੇਰੀ ਹੈ। ਇਸ ਵਿਚ ਵੱਖਰੀਆਂ ਗੱਲਾਂ ਇਹ ਹਨ ਕਿ ਇਸ ਵਿਚ ਚਾਰ ਵੱਖਰੇ-ਵੱਖਰੇ ਸਿਰਲੇਖਾਂ ਹੇਠ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਨੂੰ, ਆਤਮਾ ਪਰਬੋਧੀ ਗਿਆਨ ਗੋਸਟਿ, ਮੋਦੀਖ਼ਾਨਾ ਸੰਭਾਲਿਆ ਅਤੇ ਮਾਇਆ ਵਿਚ ਉਦਾਸ ਸਾਖੀਆਂ ਅਉਂਦੀਆਂ ਜੋ ਜੈ ਰਾਮ ਅਤੇ ਸੁਲਤਾਨਪੁਰ ਨਾਲ ਸੰਬੰਧਿਤ ਹਨ। ਇਸ ਵਿਚ ਪੈਂਤੀਸ ਬਰਸਾਂ ਕਾ ਅਰ ਛਿਆਂ ਸਾਢਿਆਂ ਮਾਹਾਂ ਕਾ ਹੋਣ 'ਤੇ ਗੁਰੂ ਜੀ ਜੈ ਰਾਮ ਪਾਸ ਜਾਂਦੇ ਹਨ, ਦੌਲਤ ਖ਼ਾਂ ਨੂੰ ਗੁਰੂ ਜੀ ਵਿਚ ਖ਼ੁਦਾਇ ਦੀ ਸੂਰਤ ਨਜ਼ਰ ਆਉਣੀ, ਇਸ ਤੋਂ ਇਲਾਵਾ ਇਸ ਸਾਖੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਇਹ ਸ਼ਬਦ ਲਏ ਹਨ ਜਿਵੇਂ 'ਐਸਾ ਗਿਆਨ ਜਪਹੁ ਮਨ ਮੇਰੇ', 'ਅੰਤਰਿ ਵਸੈ ਨ ਬਾਹਰਿ ਜਾਇ', 'ਗਿਆਨੁ ਧਿਆਨੁ ਸਭੁ ਕੋਈ ਰਵੈ', 'ਸੇਵਾ ਕਰੇ ਸੋ ਚਾਕਰ ਹੋਇ', 'ਚਿਤ ਚੇਤਸਿ ਕੀ ਨਹੀ ਬਾਵਰਿਆ', 'ਕਾਇਆ ਕਾਗਦ ਮਨ ਮਸਵਾਨੀ', ਆਦਿ ਅਤੇ 'ਰਾਜ ਮਹਿ ਰਾਜ ਜੋਗ ਮਹਿ ਜੋਗੁ ਕਮਾਵੈ', 'ਭੇਖ ਕੀਆ ਤਉ ਕਿਆ ਭਇਆ' ਅਤੇ 'ਗੁਰੂ ਪੂਰੇ

---

[63] ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ, ਪੰਨੇ 38-39

[64] ਸ.ਸ. ਪਦਮ (ਸੰਪਾ.), ਸਾਖੀ ਮਹਲੁ ਪਹਿਲੇ ਕੀ, ਪੰਨੇ 186-187

[65] ਸੁਰਿੰਦਰ ਸਿੰਘ ਕੋਹਲੀ (ਸੰਪਾ.), ਜਨਮਸਾਖੀ ਭਾਈ ਬਾਲਾ, ਪੰਨੇ 65-77

[66] ਗੁਰਸ਼ਰਨਜੀਤ ਸਿੰਘ (ਸੰਪਾ.), *LDP–194* ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨੇ 12-13.

ਪਾਈਐ' ਵਾਲੇ ਸ਼ਬਦ ਗੁਰੂ ਗ੍ਰੰਥ ਸਹਿਬ ਦੀ ਬਾਣੀ ਤੋਂ ਬਾਹਰੇ ਹਨ।[67] ਆਦਿ ਸਾਖੀਆਂ ਵਿਚ ਸਾਖੀ ਸੁਲਤਾਨਪੁਰ ਦੀ ਅਤੇ ਮੋਦੀਖ਼ਾਨਾ ਸੰਭਾਲਿਆ ਦੋ ਵੱਖੋ-ਵੱਖਰੀਆਂ ਸਾਖੀਆਂ ਹਨ ਜੋ 6 ਨੰਬਰ ਸਾਖੀ ਵਿਚ ਆਉਂਦੀਆਂ ਹਨ। ਇਹ ਸਾਖੀ *(B–40)* ਵਿਚਲੀ ਸਾਖੀ ਨਾਲ ਕਾਫ਼ੀ ਮਿਲਦੀ ਹੈ।[68]

ਸਾਖੀ ਬਾਬਾ ਜੀ ਕੇ ਤੀਨ ਦਿਨ ਜਲ ਮੋ ਲੀਨ ਹੋਣੇ ਕੀ ਮਹਿਮਾ ਪ੍ਰਕਾਸ਼ ਵਿਚ 17 ਨੰਬਰ 'ਤੇ ਹੈ ਇਸ ਸਾਖੀ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਇਕ ਟਹਿਲੀਆ ਨਾਲ ਲੈ ਕੇ ਵੇਈਂ ਨਦੀ 'ਤੇ ਇਸ਼ਨਾਨ ਕਰਨ ਲਈ ਜਾਂਦੇ ਹਨ ਫਿਰ ਜਲ ਵਿਚ ਅਲੋਪ ਹੋ ਗਏ। ਟਹਿਲੀਏ ਨੇ ਇਹ ਸਾਰੀ ਖ਼ਬਰ ਜੈ ਰਾਮ ਨੂੰ ਆ ਕੇ ਦੱਸੀ, ਖ਼ਬਰ ਦੌਲਤ ਖ਼ਾਂ ਲੋਧੀ ਕੋਲ ਪਹੁੰਚੀ ਤਾਂ ਉਸ ਨੇ ਨਦੀ ਵਿਚੋਂ ਗੁਰੂ ਨਾਨਕ ਦੀ ਭਾਲ ਲਈ ਗੋਤਾਖੋਰ ਮੰਗਵਾਏ ਪਰ ਨਾਨਕ ਦਾ ਕੋਈ ਪਤਾ ਨਾ ਲੱਗਣ 'ਤੇ ਸਾਰੇ ਉਦਾਸ ਹੋ ਗਏ। ਦੌਲਤ ਖ਼ਾਂ ਨੇ ਜੈ ਰਾਮ ਨਾਲ ਅਫ਼ਸੋਸ ਕੀਤਾ, ਫਿਰ ਤੀਜੇ ਦਿਨ ਗੁਰੂ ਜੀ ਨਦੀ ਵਿਚੋਂ ਨਿਕਲੇ ਅਤੇ ਬੇਰੀ ਹੇਠਾਂ ਬੇਠ ਗਏ। ਲੋਕ ਗੁਰੂ ਜੀ ਨੂੰ ਵੇਖਣ ਲਈ ਚਾਰੇ ਪਾਸੇ ਜੁੜਨੇ, ਉਨ੍ਹਾਂ ਨੇ ਪਹਿਲਾ ਸ਼ਬਦ 'ਹਿੰਦੂ ਨਾ ਮੁਸਲਮਾਨ ਕਿਹਾ'। ਇਹ ਗੱਲ ਸੁਣ ਕੇ ਲੋਕਾਂ ਵੱਲੋਂ ਗੁਰੂ ਜੀ ਵਿਚ ਕੋਈ ਭੂਤ ਦਾ ਵਾਸ ਸਮਝ ਕੇ ਉਨ੍ਹਾਂ ਦਾ ਝਾੜਾ ਕੀਤਾ ਗਿਆ, ਫਿਰ ਗੁਰੂ ਜੀ ਨੇ ਮਾਰੂ ਰਾਗ ਵਿਚ 'ਕੋਈ ਆਖੈ ਭੂਤਨਾ ਕੋਈ ਬੇਤਾਲਾ' ਸ਼ਬਦ ਉਚਾਰਿਆ। ਗੁਰੂ ਜੀ ਦੇ ਨਦੀ ਵਿਚੋਂ ਬਾਹਰ ਆ ਜਾਣ 'ਤੇ ਦੌਲਤ ਖ਼ਾਂ ਨੇ ਖ਼ੁਸ਼ ਹੋ ਕੇ ਗੁਰੂ ਜੀ ਨੂੰ ਮਿਲਣ ਲਈ ਸੱਦਾ ਭੇਜਿਆ। ਪਹਿਲਾਂ ਗੁਰੂ ਜੀ ਨਾ ਗਏ ਪਰ ਦੌਲਤ ਖ਼ਾਂ ਵੱਲੋਂ ਰੱਬ ਦਾ ਵਾਸਤਾ ਪਾ ਕੇ ਮਿਲਣ ਲਈ ਕਿਹਾ ਤੇ ਗੁਰੂ ਜੀ ਦੇ ਜਾਣ 'ਤੇ ਗੁਰੂ ਜੀ ਨੂੰ ਵਲੀ ਖ਼ੁਦਾਇ ਕਹਿਣਾ, ਕਾਜ਼ੀਆਂ ਨੇ ਗੁਰੂ ਜੀ ਵੱਲੋਂ ਬੋਲੇ ਨਹੀ ਹਿੰਦੂ ਕੋਈ ਨਾ ਮੁਸਲਮਾਨ ਸ਼ਬਦਾਂ ਨੂੰ ਕੁਫ਼ਰ ਕਿਹਾ ਤਾਂ ਫਿਰ ਗੁਰੂ ਜੀ ਨੇ 'ਮੁਸਲਮਾਨ ਕਹਾਵਨ ਮੁਸਕਲ ਜਾ ਹੋਇ ਤ ਮੁਸਲਮਾਨ ਕਹਾਵੈ' ਵਾਲਾ ਸ਼ਬਦ ਉਚਾਰਨ ਕੀਤਾ। ਫਿਰ ਗੁਰੂ ਜੀ ਨੇ ਕਾਜ਼ੀ ਵੱਲੋਂ ਪੜ੍ਹੀ ਨਮਾਜ਼ ਕਬੂਲ ਨਾ ਹੋਣ ਦੀ ਗੱਲ ਕਹੀ ਕਿਉਂਕਿ ਨਮਾਜ਼ ਵੇਲੇ ਉਸਦਾ ਧਿਆਨ ਘਰ ਵਿਚ ਸੂਈ ਘੋੜੀ ਦੀ ਵਛੇਰੀ ਵੱਲ ਸੀ ਕਿ ਉਹ ਖੂਹ ਵਿਚ ਨਾ ਡਿੱਗ ਜਾਵੇ ਤੇ ਇਸ ਡਰ ਵਿਚ ਸੀ। ਦੌਲਤ ਖ਼ਾਂ ਨੇ ਆਪਣੇ ਬਾਰੇ ਪੁੱਛਿਆ ਤਾਂ ਬਾਬਾ ਨਾਨਕ ਨੇ ਕਿਹਾ ਕਿ ਤੇਰੀ ਨਮਾਜ਼ ਵੀ ਕਬੂਲ ਨਹੀਂ ਹੋਈ ਕਿਉਂਕਿ ਤੇਰਾ ਧਿਆਨ ਕੰਧਾਰ ਦੇ ਬਾਜ਼ਾਰ ਵਿਚ ਘੋੜਿਆਂ ਦੀ ਖ਼ਰੀਦਦਾਰੀ ਵਿਚ ਸੀ। ਦੌਲਤ ਖ਼ਾਂ ਗੁਰੂ ਜੀ ਦੀ ਕੁਦਰਤ ਦੇਖ ਕੇ ਗੁਰੂ ਜੀ ਦੇ ਕਦਮਾਂ 'ਤੇ ਡਿੱਗ ਕੇ ਮਦਦ ਦੀ ਗੁਹਾਰ ਕਰਦਾ ਵਿਖਾਇਆ ਗਿਆ ਹੈ। ਫਿਰ ਗੁਰੂ ਜੀ 'ਮਿਹਰ ਮਸੀਤ ਸਿਦਕ ਮੁਸਲਾ', 'ਹਕ ਪਰਾਇਆ ਨਾਨਕਾ', 'ਪੰਜ ਨਿਮਾਜਾ ਵਖਤ ਪੰਜ', ਆਦਿ ਸ਼ਬਦਾਂ ਰਾਹੀਂ ਕਾਜ਼ੀਆਂ ਨੂੰ ਮੱਤ ਦਿੱਤੀ। ਇਸ ਸਾਖੀ ਦੇ ਅੰਤ ਤੇ 'ਅਮਲ ਕਾ ਧਰਤੀ ਬੀਜ ਸਬਦੋ ਕਰੈ' ਵਾਲਾ ਸ਼ਬਦ ਪਉੜੀਆਂ ਵਿਚ ਦਿੱਤਾ ਹੈ। ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੀ ਵਿਚ ਇਹ ਦੋ ਵੱਖੋ-ਵੱਖਰੀਆਂ ਸਾਖੀਆਂ ਵੇਈਂ ਪ੍ਰਵੇਸ਼ ਤੇ ਕਾਜ਼ੀ ਚਰਚਾ, ਨਮਾਜ਼ ਅਤੇ ਮੋਦੀ ਦੀ ਕਾਰ ਤਿਆਗੀ ਸਿਰਲੇਖ ਹੇਠ ਜਿਨ੍ਹਾਂ ਦਾ ਕ੍ਰਮਵਾਰ ਸਾਖੀ ਨੰਬਰ 10 ਅਤੇ 11 ਹੈ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਇਸ ਵਿਚ ਗੁਰੂ ਜੀ ਨੂੰ ਨਦੀ ਪਰਵੇਸ਼ ਤੇ ਪਰਮੇਸਰ ਦਾ ਮਿਲਦਾ ਹੈ ਤੇ ਪਰਮੇਸ਼ਰ ਗੁਰੂ ਜੀ ਨੂੰ ਨਾਮ ਦਾ ਪਿਆਲਾ ਦੇ ਕੇ ਉਸ

---

[67] ਕਿਰਪਾਲ ਸਿੰਘ (ਸੰਪਾ.), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਲਿਖਤ ਸ੍ਰੀ ਮਿਹਰਬਾਨ ਜੀ ਸੋਢੀ), ਪੰਨੇ 72-84.
[68] ਪਿਆਰ ਸਿੰਘ (ਸੰਪਾ.), ਆਦਿ ਸਾਖੀਆਂ, ਪੰਨੇ 155-157.

ਨਾਲ ਹੋਣ ਦਾ ਵਾਅਦਾ ਕਰਦਾ ਹੈ ਤੇ ਗੁਰੂ ਜੀ ਨੂੰ ਨਾਮ ਜਪਣ, ਕੀਰਤਨ ਕਰਨ, ਆਦਿ ਸਦਗੁਣਾਂ ਨੂੰ ਧਾਰਨ ਕਰਨ ਦਾ ਕਹਿੰਦਾ ਹੈ। ਇਸ ਵਿਚ 'ਕੋਟਿ ਕੋਟੀ ਮੇਰੀ ਆਰਜਾ' (ਸਿਰੀ ਰਾਗ), 'ਆਦਿ ਸਚੁ ਜੁਗਾਦਿ ਸਚੁ ਵਾਲਾ ਸਲੋਕ', 'ਧਨਾਸਰੀ ਰਾਗ ਵਿਚ ਗਗਨ ਮੈ ਥਾਲੁ', ਸ਼ਬਦ ਆਏ ਹਨ। ਬਾਕੀ ਸਾਖੀ ਮਹਿਮਾ ਪ੍ਰਕਾਸ਼ ਨਾਲ ਮਿਲਦੀ ਹੈ।[69] ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ *(B–40)* ਵਿਚ ਇਹ ਚਿਤਰ ਨੰਬਰ 4 ਵੇਈਂ ਪ੍ਰਵੇਸ਼ ਤੇ ਕਾਜ਼ੀ ਚਰਚਾ ਵਾਲੀ ਸਾਖੀ ਹੈ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਇਸ ਵਿਚ 'ਮਤੁ ਜਾਣ ਸੇ ਗਲੀ ਪਾਇਆ ਹੀ', 'ਦੁਨੀਆ ਮੁਕਾਮੇ ਫਾਨੀ' ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੀ ਬਾਣੀ 'ਮੁਕਾਮੁ ਕਰਿ ਘਰਿ ਬੈਸਣਾ' ਅਤੇ 'ਈਮਾਨੁ ਕੁਰਾਨ ਕਉ ਜਤ ਕੀ ਜਿਲਦ' ਵਾਲੇ ਸ਼ਬਦਾਂ ਦੀ ਵਿਆਖਿਆ ਨਾਲ ਇਹ ਸਾਖੀ ਮਿਲਦੀ ਹੈ। ਬਾਕੀ ਇਹ ਸਾਖੀ ਮਹਿਮਾ ਪ੍ਰਕਾਸ਼ ਨਾਲ ਮਿਲਦੀ ਹੈ।[70] ***LDP–194*** ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਇਹ ਵੇਈਂ ਪ੍ਰਵੇਸ਼ ਤੇ ਕਾਜ਼ੀ ਚਰਚਾ ਵਾਲੀ ਸਾਖੀਆਂ ਹਨ ਜੋ ਕ੍ਰਮਵਾਰ 9 ਅਤੇ 10 ਨੰਬਰ 'ਤੇ ਆਉਂਦੀਆਂ ਹਨ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਇਸ ਵਿਚ ਪੁਰਾਤਨ ਜਨਮਸਾਖੀ ਅਤੇ *(B–40)* ਵਿਚਲੀਆਂ ਸਾਖੀਆਂ ਵਿਚਲੇ ਅਖ਼ੀਰਲੇ ਸ਼ਬਦ ਨਹੀਂ ਆਉਂਦੇ ਬਾਕੀ ਇਹ ਉਨ੍ਹਾਂ ਨਾਲ ਹੂ-ਬ-ਹੂ ਮਿਲਦੀ ਹੈ।[71] ਸਾਖੀ ਮਹਲੁ ਪਹਿਲੇ ਕੀ ਵਿਚ ਇਹ ਵੇਈਂ ਪ੍ਰਵੇਸ਼ ਤੇ ਕਾਜ਼ੀ ਚਰਚਾ ਵਾਲੀ ਸਾਖੀਆਂ ਹਨ ਜੋ ਕ੍ਰਮਵਾਰ 18 ਅਤੇ 19 ਨੰਬਰ 'ਤੇ ਆਉਂਦੀਆਂ ਹਨ ਅਤੇ ਇਹ *LDP–194* ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੂ-ਬ-ਹੂ ਮਿਲਦੀ ਹੈ।[72] ਆਦਿ ਸਾਖੀਆਂ ਵਿਚ ਇਹ ਵੇਈਂ ਪ੍ਰਵੇਸ਼ ਤੇ ਕਾਜ਼ੀ ਚਰਚਾ ਵਾਲੀ ਦੋ ਵੱਖੋ-ਵੱਖਰੀਆਂ ਸਾਖੀਆਂ ਹਨ, ਜੋ ਸਾਖੀ ਨੰਬਰ 6 ਵਿਚ ਆਉਂਦੀਆਂ ਹਨ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਇਸ ਵਿਚ ਵੀ ਪੁਰਾਤਨ ਜਨਮਸਾਖੀ ਅਤੇ *(B–40)* ਵਿਚਲੀਆਂ ਸਾਖੀਆਂ ਵਿਚਲੇ ਅਖ਼ੀਰਲੇ ਸ਼ਬਦ ਨਹੀਂ ਆਉਂਦੇ ਬਾਕੀ ਇਹ ਉਨ੍ਹਾਂ ਨਾਲ ਹੂ-ਬ-ਹੂ ਮਿਲਦੀ ਹੈ।[73] ਮਿਹਰਬਾਨ ਵਾਲੀ ਜਨਮਸਾਖੀ ਵਿਚ ਵੀ ਇਹ ਸਾਖੀ ਦਾ 22 ਨੰਬਰ ਹੈ ਅਤੇ ਕਾਫ਼ੀ ਲੰਮੇਰੀ ਹੈ। ਇਸ ਵਿਚ ਵੱਖਰੀਆਂ ਗੱਲਾਂ ਇਹ ਹਨ ਕਿ ਇਸ ਵਿਚ 6 ਵੱਖੋ-ਵੱਖਰੇ ਸਿਰਲੇਖਾਂ ਵਾਲੀਆਂ ਵੇਈਂ ਪਰਵੇਸ਼, ਮੋਦੀਖ਼ਾਨੇ ਦਾ ਤਿਆਗ, ਨ ਕੋਈ ਹਿੰਦੂ ਨ ਮੁਸਲਮਾਨ, ਨਿਮਾਜ਼ ਦੀ ਅਸਲੀਅਤ, ਖ਼ੁਦਾ ਦਾ ਰਸਤਾ, ਮਾਇਆ ਦਾ ਤਿਆਗ, ਆਦਿ ਸਾਖੀਆਂ ਅਉਂਦੀਆਂ ਹਨ। ਇਸ ਵਿਚ ਉਹ ਸਾਰੀ ਗੱਲ ਆਈ ਹੈ ਜੋ ਮਹਿਮਾ ਪ੍ਰਕਾਸ਼ ਵਾਲੀ ਸਾਖੀ ਵਿਚ ਆਈ ਹੈ ਅਤੇ ਇਹ ਬਾਕੀ ਸਾਖੀਆਂ ਨਾਲ ਵੀ ਕਾਫ਼ੀ ਮਿਲਦੀ ਹੈ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਇਸ ਵਿਚ ਪਰਮਾਤਮਾ ਦੇ ਮਿਲਾਪ ਤੇ ਨਦੀ ਵਿਚੋਂ ਬਾਹਰ ਨਿਕਲਣ ਦੀ ਸੰਮਤ 1564 ਪੂਰਨਮਾਸ਼ੀ ਦੇ ਦਿਨ ਅਤੇ ਗੁਰੂ ਜੀ ਦੀ ਉਮਰ ਸਾਢੇ 36 ਸਾਲ ਦੀ ਦੱਸੀ ਹੈ। ਇਸ ਤੋਂ ਇਲਾਵਾ ਇਸ ਵਿਚ ਗੁਰੂ ਗ੍ਰੰਥ ਸਾਹਿਬ ਵਿਚੋਂ 'ਮਤੁ ਜਾਣ ਜੀ ਗਲੀ ਪਾਇਆ', 'ਰੇ ਮਨ ਡੀਗਿ ਨ ਡੋਲੀਐ', ਆਦਿ ਬਹੁਤ ਸ਼ਬਦ ਅਤੇ ਇਸ ਤੋਂ ਇਲਾਵਾ ਗੁਰਬਾਣੀ ਤੋਂ ਬਾਹਰੇ, 'ਅਦਿਸਟੁ ਮਿਲਿਆ ਕਿਉ ਜਾਣੀਐ', 'ਜੋ ਚਾਕਰ ਸ੍ਰੀ ਗੋਬਿੰਦ ਕੇ', 'ਭਰਮ ਭੁਲਾਨੇ ਲੋਕ ਸਭਿ', 'ਸੰਚਿ ਸੰਚਿ ਗਲੇ ਗਏ',

---

[69] ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ, ਪੰਨੇ 39-49.
[70] ਪਿਆਰ ਸਿੰਘ (ਸੰਪਾ.), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ *(B–40),* ਪੰਨੇ 46-50.
[71] ਗੁਰਸ਼ਰਨਜੀਤ ਸਿੰਘ (ਸੰਪਾ.), *LDP–194* ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨੇ 13-18.
[72] ਸ.ਸ. ਪਦਮ (ਸੰਪਾ.), ਸਾਖੀ ਮਹਲੁ ਪਹਿਲੇ ਕੀ, ਪੰਨੇ 187-192.
[73] ਪਿਆਰ ਸਿੰਘ (ਸੰਪਾ.), ਆਦਿ ਸਾਖੀਆਂ, ਪੰਨੇ 158-163.

'ਜੈਸੀ ਗੁਰ ਨਾਨਕ ਕਰੀ', ਆਦਿ ਸ਼ਬਦ ਵੀ ਆਏ ਹਨ, ਜੋ ਬਾਕੀ ਸਾਖੀਆਂ ਅਤੇ ਮਹਿਮਾ ਪ੍ਰਕਾਸ਼ ਵਿਚ ਨਹੀਂ ਹਨ।[74]

ਸਾਖੀ ਮੱਕੇ ਕੀ ਮਹਿਮਾ ਪ੍ਰਕਾਸ਼ ਵਿਚ 43 ਨੰਬਰ ਤੇ ਆਉਂਦੀ ਹੈ। ਇਸ ਵਿਚ ਗੁਰੂ ਜੀ ਭਰਥਰੀ ਹਰੀ ਤੋਂ ਵਿਦਾ ਹੋ ਕੇ ਨਾਨਕ ਜੀ ਮੱਕੇ ਮਦੀਨੇ ਨੂੰ ਗਏ। ਮਰਦਾਨੇ ਨੇ ਹੱਜ਼ ਕਰਨ ਦੀ ਬੇਨਤੀ ਕੀਤੀ, ਬਾਬੇ ਨੇ ਹਾਜ਼ੀਆਂ ਦਾ ਸੰਗ ਕੀਤਾ ਪਰ ਉਨ੍ਹਾਂ ਨੇ ਗੁਰੂ ਜੀ ਨੂੰ ਹਿੰਦੂ ਜਾਣ ਕੇ ਨਾਲ ਨਹੀਂ ਲਿਆ। ਗੁਰੂ ਸਾਹਿਬ ਮਰਦਾਨੇ ਨੂੰ ਅੱਖਾਂ ਬੰਦ ਕਰਾ ਕੇ ਮੱਕੇ ਵਿਚ ਲੈ ਗਏ। ਉੱਥੇ ਜਾ ਕੇ ਸੁੱਤੇ ਹੋਏ ਸਨ ਕਿ ਮੀਆਂ ਜੀਵਨ ਆਇਆ ਉਸਨੇ ਸਾਰੇ ਹਾਜ਼ੀਆਂ ਨੂੰ ਜਗਾਇਆ। ਗੁਰੂ ਜੀ ਦੇ ਪੈਰ ਮੱਕੇ ਵੱਲ ਵੇਖ ਕੇ ਮੀਆਂ ਜੀਵਨ ਨੂੰ ਕ੍ਰੋਧ ਆਇਆ ਤੇ ਗੁਰੂ ਜੀ ਪੈਰ ਦੂਜੀ ਤਰਫ਼ ਕੀਤੇ ਇਸ ਨਾਲ ਮੱਕਾ ਵੀ ਫਿਰ ਗਿਆ। ਇਹ ਘਟਨਾ ਵੇਖ ਕੇ ਲੋਕ ਗੁਰੂ ਜੀ ਨੂੰ ਕੋਈ ਜਾਦੂਗਰ ਕਹਿਣ ਲੱਗੇ ਕਿ ਜਿਸਨੇ ਆਪਣੀ ਸ਼ਕਤੀ ਨਾਲ ਮੱਕਾ ਫੇਰ ਦਿੱਤਾ ਹੈ। ਰੌਲਾ ਸੁਣ ਕੇ ਫਿਰ ਕਾਜ਼ੀ ਰੁਕਨਦੀਨ ਆਉਂਦਾ ਹੈ ਤੇ ਉਸ ਨੇ ਸੁੱਤੇ ਹੋਏ ਗੁਰੂ ਨਾਨਕ ਸਾਹਿਬ ਤੋਂ ਚਾਦਰ ਉਤਾਰੀ ਤਾਂ ਦੋਵੇਂ ਪਾਸੇ ਹੀ ਸਿਰ ਸੀ, ਉਹ ਗੁਰੂ ਜੀ ਨੂੰ ਵਲੀ ਜਾਂ ਸ਼ੈਤਾਨ ਸਮਝਣ ਲੱਗਾ। ਇਸ ਸਾਖੀ ਵਿਚ ਕਾਜ਼ੀ ਰੁਕਨਦੀਨ, ਮੀਆਂ ਜੀਵਨ, ਪੀਰ ਜਲਾਲਦੀ, ਪੀਰ ਬਹਾਵਦੀ, ਇਮਾਮ ਕਰੀਮਦੀ, ਆਦਿ ਨਾਲ ਗੁਰੂ ਜੀ ਦੀ ਖ਼ੁਦਾ, ਆਦਮ, ਖ਼ਲਕਤ, ਖ਼ਾਲਕ, ਰੱਬ, ਰੂਹ, ਜਿਸਮ, ਨਰਕ, ਸਵਰਗ, ਆਦਿ ਕਈ ਵਿਸ਼ਿਆਂ ਉੱਤੇ ਨਾਲ ਸਵਾਲ-ਜਵਾਬ ਰਾਹੀਂ ਕਾਫ਼ੀ ਲੰਬੀ ਵਾਰਤਾਲਾਪ ਹੁੰਦੀ ਹੈ। ਗੁਰੂ ਜੀ ਇਸ ਸਾਖੀ ਵਿਚ ਸ਼ਬਦ ਅਤੇ ਸਲੋਕ ਨਾਲ ਹਦੀਸ ਅਤੇ ਸੂਰਾ ਦਾ ਨਾਮ ਦਿੰਦੇ ਹਨ। ਇਸ ਵਿਚ 'ਨਉ ਸਤ ਚਉਦਹ ਤੀਨਿ ਚਾਰ', 'ਮੁਸਲਮਾਣੁ ਕਹਾਵਣੁ ਮੁਸਕਲ', 'ਮਿਹਰ ਮਸੀਤ ਸਿਦਕ ਮੁਸਲਾ', 'ਹਕ ਪਰਾਇਆ ਨਾਨਕਾ', ਆਦਿ ਸ਼ਬਦ ਆਏ ਹਨ। ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੀ ਵਿਚ ਇਹ ਚਉਥੀ ਉਦਾਸੀ ਪੱਛਮ ਕੀ ਮੱਕਾ ਸਿਰਲੇਖ ਹੇਠ 51 ਨੰਬਰ ਤੇ ਆਉਂਦੀ ਹੈ। ਇਹ ਸਾਖੀ ਮਹਿਮਾ ਪ੍ਰਕਾਸ਼ ਵਾਲੀ ਸਾਖੀ ਤੋਂ ਕਾਫ਼ੀ ਵੱਖਰੀ ਅਤੇ ਕਾਫ਼ੀ ਛੋਟੀ ਹੈ। ਇਹ ਸਾਖੀ ਪੈਰੀ ਖਾਉਂਸਾ ਚੰਮ ਕੀਆ, ਚੰਮਿ ਕੀ ਸੁਥਣਿ, ਗਲ ਹੱਡੀਆਂ ਦੀ ਮਾਲਾ, ਮੱਥੇ ਟਿੱਕਾ ਬਿੰਦੀ, ਨੀਲੇ ਬਸਤ੍ਰ ਪਹਿਨੇ, ਬਾਲਕਾਂ ਨਾਲ ਖੇਡਦਾ-ਖੇਡਦਾ ਹੱਜ਼ ਆਇ ਨਿਕਲਿਆ, ਫਿਰ ਹਾਜ਼ੀ ਗੁਰੂ ਜੀ ਨੂੰ ਪੁੱਛਦਾ ਹੈ ਕਿ ਤੁਸੀ ਹਿੰਦੂ ਕਿ ਮੁਸਲਮਾਨ ਹੋ ਗੁਰੂ ਜੀ ਤਿਲੰਗ ਰਾਗ ਵਿਚ 'ਭਾਉ ਤੇਰਾ ਭਾਂਗ ਖਲੜੀ ਮੇਰਾ ਚੀਤ' ਅਤੇ 'ਖ਼ਾਕ ਨੂਰ ਕਰਦੰ ਆਲਮ ਦੁਨੀਆਇ' ਦਾ ਸ਼ਬਦ ਉਚਾਰਦੇ ਹਨ। ਗੁਰੂ ਜੀ ਹਾਜ਼ੀ ਨਾਲ ਮੱਕੇ ਵੱਲ ਜਾਂਦੇ ਹਨ ਸਾਖੀ ਵਿਚ ਇਹ ਗੱਲ ਆਉਂਦੀ ਹੈ ਕਿ ਕਿਤਾਬ ਵਿਚ ਲਿਖਿਆ ਹੈ ਕਿ ਨਾਨਕ ਦਰਵੇਸ਼ ਆਵੇਗਾ ਤੇ ਮੱਕੇ ਦੇ ਖੂਹ ਵਿਚ ਪਾਣੀ ਪੈਦਾ ਹੋਵੇਗਾ। ਇਸ ਵਿਚ ਕਾਜ਼ੀ ਰੁਕਨਦੀਨ ਗੁਰੂ ਨਾਨਕ ਦੇ ਮੱਕੇ ਵੱਲ ਪੈਰ ਕੀਤੇ ਹੋਣ 'ਤੇ ਦੂਜੇ ਪਾਸੇ ਕਰਨ ਲਈ ਕਹਿੰਦਾ ਹੈ। ਗੁਰੂ ਜੀ ਕਹਿੰਦੇ ਹਨ ਜਿਸ ਪਾਸੇ ਮੱਕਾ ਨਹੀਂ ਹੈ, ਉਸ ਪਾਸੇ ਕਰ ਦੇ, ਫਿਰ ਮੱਕਾ ਫਿਰਨ ਦੀ ਘਟਨਾ, ਕਾਜ਼ੀ ਦਾ ਗੁਰੂ ਸਾਹਿਬ ਦਾ ਕੌਤਕ ਵੇਖ ਕੇ ਉਨ੍ਹਾਂ ਦੇ ਪੈਰ ਚੁੰਮਣਾ, ਆਦਿ ਆਉਂਦਾ ਹੈ। ਇਸ ਵਿਚ 'ਬੇਦ ਕਤੇਬ ਇਫ਼ਤਰਾ ਭਾਈ', 'ਨਾਨਕ ਆਖੈ ਰੇ ਮਨਾ ਸੁਨਿਐ ਸਿਖ ਸਹੀ' ਅਤੇ 'ਯਕ ਅਰਜ ਗੁਫਤਮ' ਵਾਲਾ ਸ਼ਬਦ ਗੁਰਬਾਣੀ ਵਿਚੋਂ ਹੈ ਅਤੇ 'ਰੋਜਾ ਬੰਦਗੀ ਕਬੂਲ' ਵਾਲਾ ਸ਼ਬਦ ਗੁਰਬਾਣੀ ਤੋਂ ਬਾਹਰਾ

---

[74] ਕਿਰਪਾਲ ਸਿੰਘ (ਸੰਪਾ.), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਲਿਖਤ ਸ੍ਰੀ ਮਿਹਰਬਾਨ ਜੀ ਸੋਢੀ), ਪੰਨੇ 95-104.

ਹੈ। ਇਸ ਵਿਚ ਮਰਦਾਨੇ ਦਾ ਕੋਈ ਜ਼ਿਕਰ ਨਹੀਂ ਹੈ।[75] ਆਦਿ ਸਾਖੀਆਂ ਵਿਚ ਇਹ ਸਾਖੀ ਦਾ ਨੰਬਰ 15 ਤੇ ਬਾਬਾ ਮੱਕੇ ਗਿਆ ਸਿਰਲੇਖ ਹੇਠ ਹੈ। ਇਹ ਸਾਖੀ ਕਾਫ਼ੀ ਛੋਟੀ ਹੈ। ਇਹ ਸਾਖੀ ਵੀ ਮਹਿਮਾ ਪ੍ਰਕਾਸ਼ ਤੋਂ ਕਾਫ਼ੀ ਵੱਖਰੀ ਹੈ। ਇਸ ਵਿਚ ਗੁਰੂ ਜੀ ਦਾ ਮੱਕੇ ਜਾ ਰਹੇ ਫ਼ਕੀਰਾਂ ਨਾਲ ਮੇਲ ਹੁੰਦਾ ਹੈ, ਜੋ ਗੁਰੂ ਤੋਂ ਉਨ੍ਹਾ ਦਾ ਧਰਮ ਪੁੱਛਦੇ ਹਨ। ਗੁਰੂ ਜੀ ਦੇ ਹਿੰਦੂ ਕਹਿਣ ਤੇ ਉਹ ਗੁਰੂ ਜੀ ਨੂੰ ਇਹ ਕਹਿ ਕੇ ਛੱਡ ਜਾਂਦੇ ਹਨ ਕਿ ਉੱਥੇ ਹਿੰਦੂਆਂ ਨੂੰ ਮਾਰ ਦਿੰਦੇ ਹਨ। ਗੁਰੂ ਜੀ ਉਨ੍ਹਾਂ ਫ਼ਕੀਰਾਂ ਤੋਂ ਪਹਿਲਾਂ ਮੱਕੇ ਪਹੁੰਚ ਜਾਂਦੇ ਹਨ। ਫ਼ਕੀਰ ਇਹ ਦੇਖ ਕੇ ਹੈਰਾਨ ਹੁੰਦੇ ਹਨ ਕਿ ਇਹ ਸਾਡੇ ਤੋਂ ਪਹਿਲਾਂ ਕਿਵੇਂ ਆ ਗਏ। ਉਹ ਗੁਰੂ ਜੀ ਨੂੰ ਦਾਨਸ਼ਮੰਦ ਤੇ ਨਿਵਾਜ਼ਪੋਸ਼ ਤੇ ਸ਼ਕਤੀ ਦਾ ਮਾਲਕ ਹਿੰਦੂ ਮੰਨਦੇ ਹਨ। ਇਸ ਵਿਚ ਮੱਕਾ ਫਿਰਨ ਅਤੇ ਕਾਜ਼ੀ ਜਾਂ ਹਾਜ਼ੀ ਨਾਲ ਕੋਈ ਵਾਰਤਾਲਾਪ ਨਹੀਂ ਹੈ।[76] ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ *(B–40)* ਵਿਚ ਇਹ ਚਿੱਤਰ ਨੰਬਰ 12, 13 ਅਤੇ 30 ਤੇ ਮੱਕਾ ਫੇਰਿਆ, ਕਾਜ਼ੀ ਰੁਕਨਦੀਨ ਤੇ ਬਹਾਵਦੀਨ ਨਾਲ ਗੋਸਟਿ ਅਤੇ ਬਾਬਾ ਮੱਕਾ ਗਿਆ ਸਿਰਲੇਖ ਹੇਠ ਆਈਆਂ ਹਨ। ਇਹ ਸਾਖੀਆਂ ਮਹਿਮਾ ਪ੍ਰਕਾਸ਼ ਵਿਚਲੀ ਮੱਕੇ ਵਾਲੀ ਸਾਖੀ ਨਾਲ ਕੁੱਝ ਹੱਦ ਤੱਕ ਮਿਲਦੀਆਂ ਹਨ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਇਸ ਵਿਚ ਇਕ ਗੁਰਬਾਣੀ ਤੋਂ ਬਾਹਰਾ ਸ਼ਬਦ ਤਿਲੰਗ ਰਾਗ ਵਿਚ 'ਮੁਲਾ ਦਿਲ ਸੇ ਦਿਲਹਿ ਮਿਲਾਵਹਿ' ਹੈ। ਇਸਦੀ ਤੀਜੀ ਸਾਖੀ ਆਦਿ ਸਾਖੀਆਂ ਦੀ ਸਾਖੀ ਨਾਲ ਹੂ-ਬ-ਹੂ ਮਿਲਦੀ ਹੈ।[77] ਜਨਮਸਾਖੀ ਭਾਈ ਬਾਲਾ ਵਿਚ ਇਹ ਸਾਖੀ ਨੰਬਰ 30 ਹੈ। ਇਹ ਬਾਕੀ ਸਭ ਸਾਖੀਆਂ ਨਾਲੋਂ ਬਹੁਤ ਵੱਖਰੀ ਹੈ, ਇਸ ਸਾਖੀ ਵਿਚ ਮਰਦਾਨਾ ਗੁਰੂ ਜੀ ਨੂੰ ਹੱਜ਼ ਕਰਾਉਣ ਲਈ ਆਖਦਾ ਹੈ। ਗੁਰੂ ਜੀ ਦੂਰੀ ਜ਼ਿਆਦਾ ਹੋਣ ਦੀ ਗੱਲ ਕਰਦੇ ਹਨ, ਮਰਦਾਨਾ ਗੁਰੂ ਜੀ ਨੂੰ ਕਰਾਮਾਤੀ ਦੱਸਦਾ ਹੈ। ਗੁਰੂ ਜੀ ਪਲਕ ਝਪਕ ਕੇ ਮਰਦਾਨੇ ਨੂੰ ਮੱਕੇ ਵਿਚ ਲੈ ਜਾਂਦੇ ਹਨ। ਮਰਦਾਨੇ ਨੂੰ ਮਜ਼ਾਵਰ ਨਾ ਹੋਣ ਕਰਕੇ ਮੱਕੇ ਦੇ ਅੰਦਰ ਨਹੀਂ ਜਾਣ ਦਿੱਤਾ ਜਾਂਦਾ, ਗੁਰੂ ਨਾਨਕ ਸਾਹਿਬ ਕਲਾ ਵਰਤਾਉਂਦੇ ਹਨ, ਸਭ ਨੂੰ ਦਿਸਣਾ ਬੰਦ ਹੋ ਜਾਂਦਾ ਹੈ ਤੇ ਮਰਦਾਨਾ ਮੱਕੇ ਦੇ ਦਰਸ਼ਨ ਕਰ ਆਉਂਦਾ ਹੈ ਤੇ ਅੰਦਰ ਦਾ ਹਾਲ ਦੱਸਦਾ ਹੈ। ਗੁਰੂ ਜੀ ਮੱਕੇ ਵਿਚ ਰੱਖੇ ਹੋਏ ਕਾਲੇ ਪੱਥਰ ਨੂੰ ਮਹਾਂਦੇਵ ਦੀ ਮੂਰਤ ਦੱਸਦੇ ਹਨ। ਮਰਦਾਨੇ ਅਤੇ ਨਾਨਕ ਵਿਚ ਵਾਰਤਾਲਾਪ ਹੁੰਦੀ ਹੈ, ਗੁਰੂ ਜੀ ਨਾਨਕ ਨੂੰ ਕਾਫ਼ਰ ਕਹਿੰਦੇ ਹਨ। ਇਸ ਵਿਚ ਮਦੀਨੇ ਦੀ ਸਾਖੀ ਵੀ ਹੈ। ਇਸ ਵਿਚ ਬਾਲਾ ਤੇ ਮਰਦਾਨਾ ਗੁਰੂ ਜੀ ਨਾਲ ਹਨ। ਬਾਲਾ ਤੇ ਨਾਨਕ ਗੋਰ ਵੱਲ ਪੈਰ ਕਰਕੇ ਸੌਂ ਜਾਂਦੇ ਹਨ। ਫਿਰ ਮੁੱਲਾਂ ਦਾ ਆਉਣਾ ਤੇ ਮੱਕਾ ਫਿਰਨ ਦੀ ਘਟਨਾ ਵਾਪਰਦੀ ਹੈ। ਗੁਰੂ ਜੀ ਵੱਲੋਂ 'ਮੁਕਾਮ ਕਰਿ ਘਰਿ ਬੈਸਣਾ' ਅਤੇ 'ਅਲਹ ਅਗਮ ਖੁਦਾਈ ਬੰਦੇ' ਵਾਲਾ ਸ਼ਬਦ ਉਚਾਰਨ ਕਰਦੇ ਹਨ। ਇਸ ਵਿਚ 1500 ਸਾਲ ਬਾਅਦ ਮੁਹੰਮਦ ਸਾਹਿਬ ਦੇ ਦੁਬਾਰਾ ਜਨਮ ਲੈਣ ਦੀ ਗੱਲ ਕਹੀ ਗਈ ਹੈ ਅਤੇ ਇਸ ਵਿਚ ਗੁਰਬਾਣੀ ਤੋਂ ਬਾਹਰਾ ਸ਼ਬਦ 'ਕਾਚੇ ਗੁਰ ਕੀ ਦੀਖਿਆ ਐਸੀ ਜਿਉਂ ਭੰਗਰ ਕਾ ਬੀਜ' ਆਉਂਦਾ ਹੈ। ਇਸ ਵਿਚ ਹਿੰਦੂ ਅਤੇ ਮੁਸਲਮਾਨ ਰੱਬ ਦਾ ਦੀਦਾਰ ਹੋਏ ਹੋਣ ਦੀ ਗੱਲ ਕਰਦੇ ਹਨ ਗੁਰੂ ਜੀ ਉਨ੍ਹਾਂ ਨੂੰ ਝੂਠਾ ਕਹਿੰਦੇ ਹਨ।[78]

---

[75] ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ, ਪੰਨੇ 182-191.
[76] ਪਿਆਰ ਸਿੰਘ (ਸੰਪਾ.), ਆਦਿ ਸਾਖੀਆਂ, ਪੰਨੇ 184-186.
[77] ਪਿਆਰ ਸਿੰਘ (ਸੰਪਾ.), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (*B–40*), ਪੰਨੇ 59-62, 102-103.
[78] ਸੁਰਿੰਦਰ ਸਿੰਘ ਕੋਹਲੀ (ਸੰਪਾ.), ਜਨਮਸਾਖੀ ਭਾਈ ਬਾਲਾ, ਪੰਨੇ 184-186.

ਸਾਖੀ ਬਾਬਰ ਬਾਦਸ਼ਾਹ ਕੀ ਅਤੇ ਬਾਬਾ ਜੀ ਕੇ ਹਿੰਦੁਸਤਾਨ ਆਨੇ ਕੀ ਮਹਿਮਾ ਪ੍ਰਕਾਸ਼ ਵਿਚ ਕ੍ਰਮਵਾਰ 49 ਅਤੇ 50 ਨੰਬਰ 'ਤੇ ਹੈ। ਤੀਮੂਰ ਦੇ ਮਰਨ ਦੇ ਬਾਅਦ ਰਾਜ ਪਠਾਨਾ ਦੇ ਹੱਥਾਂ ਵਿਚ ਆ ਗਿਆ। ਬਾਬਰ 'ਤੇ ਭੀੜ ਬਣੀ ਤਾਂ ਸਾਰੇ ਦੇਸ਼ਾਂ ਦਾ ਰਾਜ ਛੁੱਟ ਗਿਆ। ਰਾਤ ਨੂੰ ਬਾਬਰ ਬੰਦਗੀ ਕਰਦਾ ਤੇ ਦਿਨ ਨੂੰ ਤਾਜ ਸਿਰ ਤੇ ਧਰਦਾ ਹੈ। ਉਹ ਕਾਮਲ ਵਲੀ ਦੀ ਤਲਾਸ਼ ਵਿਚ ਫਿਰਦਾ ਹੈ। ਗੁਰੂ ਸਾਹਿਬ ਇਸ ਗੱਲ ਨੂੰ ਜਾਣਦੇ ਹਨ ਤੇ ਦਿਲੀ ਮੁਹੱਬਤ ਕਾਰਣ ਕਾਬਲ ਨੂੰ ਚਲੇ ਜਾਂਦੇ ਹਨ। ਫਿਰ ਪੋਠੋਹਾਰ ਦੀ ਧਰਤੀ 'ਤੇ ਪਹੁੰਚੇ ਤੇ ਮਰਦਾਨੇ ਨੂੰ ਪਿਆਸ ਲੱਗਣ ਤੇ ਧਰਤੀ ਖੋਦ ਕੇ ਜਲ ਪ੍ਰਗਟ ਕਰਦੇ ਹਨ। ਜਿਥੇ ਚਸ਼ਮਾ ਨਿਕਲਿਆ ਉੱਥੇ ਸ਼ੇਰ ਸ਼ਾਹ ਨੇ ਰਵਿਤਾਸ ਨਾ ਦਾ ਕਿਲ੍ਹਾ ਬਣਾਇਆ। ਫਿਰ ਦੁੰਬੀ ਦਾ ਦੁੱਧ ਲਿਆਉਣ ਦੀ ਗੱਲ, ਹਸਨ ਅਬਦਾਲ ਦੀ ਗੱਲ, ਦੁੰਬੀ ਦੇ ਗਾਬਣੀ ਹੋਣ ਦੀ ਗੱਲ, ਦੁੰਬੀ ਨੂੰ ਦੋਹਿਆ, ਹਸਨ ਅਬਦਾਲ ਨਾਲ ਵਾਰਤਾਲਾਪ ਤੇ ਇਸ ਦੇ ਨਾਂ 'ਤੇ ਸ਼ਹਿਰ ਵਸਾਉਣਾ, ਗੁਰੂ ਸਾਹਿਬ ਜੀ ਕਾਬਲ ਜਾਂਦੇ ਹਨ, ਜਿਸ ਵਿਚ ਮਰਦਾਨਾ ਵੀ ਨਾਲ ਹੁੰਦਾ ਹੈ, ਉੱਥੇ ਜਾ ਕੇ ਕੀਰਤਨ ਕਰਦੇ ਹਨ ਫਿਰ ਕਾਬਲ ਵਿਚ ਖ਼ਬਰ ਫਿਰ ਜਾਂਦੀ ਹੈ ਕਿ ਕੋਈ ਵਲੀ ਅੱਲਾਹ ਆਇਆ ਹੈ। ਬਾਬਰ ਇਹ ਖ਼ਬਰ ਸੁਣ ਕੇ ਭੰਗ ਨਾਲ ਲੈ ਕੇ ਗੁਰੂ ਜੀ ਨੂੰ ਮਿਲਣ ਗਿਆ ਅਤੇ ਭੰਗ ਭੇਟ ਕਰਦਾ ਹੈ। ਗੁਰੂ ਜੀ ਕਹਿੰਦੇ ਹਨ ਮੈਂ ਜੋ ਭੰਗ ਖਾਧੀ ਹੈ ਉਸ ਦਾ ਅਮਲ ਨਹੀਂ ਉਤਰਿਆ ਤਿਲੰਗ ਰਾਗ ਵਿਚ 'ਭਉ ਤੇਰਾ ਭਾਂਗ ਖਲੜੀ ਮੇਰਾ ਚੀਤ' ਸ਼ਬਦ ਉਚਾਰਣ ਕਰਕੇ ਵਿਆਖਿਆ ਕਰਦੇ ਹਨ। ਬਾਬਰ ਗੁਰੂ ਜੀ ਦਾ ਮੁਰੀਦ ਬਣ ਜਾਂਦਾ ਹੈ ਤੇ ਬਾਬਰ ਵੱਲੋਂ ਗੁਰੂ ਜੀ ਖ਼ੁਸ਼ ਹੋ ਕੇ ਭੰਗ ਦੀ ਇਕ ਮੁੱਠ ਲੇਂਦੇ ਹਨ। ਫਿਰ ਬਾਬਰ ਗੁਰੂ ਜੀ ਕੋਲੋਂ ਹਿੰਦ ਦੀ ਸਲਤਨਤ ਦਾ ਵਰ ਮੰਗਣ ਤੇ ਗੁਰੂ ਜੀ ਵਰ ਦਿੰਦੇ ਹਨ। ਅਗਲੀ ਸਾਖੀ ਬਾਬਾ ਜੀ ਦੇ ਹਿੰਦੁਸਤਾਨ ਆਨੇ ਦੀ ਹੈ। ਇਸ ਵਿਚ ਬਾਬਾ ਜੀ ਬਾਬਰ ਤੋਂ ਵਿਦਾ ਹੋ ਕੇ ਪੰਜਾਬ ਵਿਚ ਸੈਦਪੁਰ ਆਉਂਦੇ ਹਨ ਅਤੇ ਇਕ ਬਾਗ਼ ਵਿਚ ਠਹਿਰਦੇ ਹਨ, ਜਿੱਥੇ ਹੋਰ ਵੀ ਫ਼ਕੀਰ ਹੁੰਦੇ ਹਨ। ਇੱਥੇ ਖ਼ਾਨ ਦੇ ਬੇਟੇ ਦਾ ਵਿਆਹ ਹੁੰਦਾ ਹੈ, ਮਰਦਾਨੇ ਨੂੰ ਭੁੱਖ ਲੱਗਦੀ ਹੈ ਸੈਦਪੁਰ ਦੇ ਕਤਲ਼ਾਮ ਕਰਕੇ ਕਿਸੇ ਦੇ ਚੁੱਲੇ ਵਿਚ ਅੱਗ ਨਹੀਂ ਬਲੀ, ਹਰ ਪਾਸੇ ਹਾਹਾਕਾਰ ਮੱਚੀ ਹੋਈ ਸੀ। ਇਸ ਸ਼ਿਕਵੇ ਵਿਚ ਗੁਰੂ ਜੀ ਸ਼ਬਦ ਉਚਾਰਦੇ ਹਨ 'ਜੈਸੀ ਮੈ ਆਵੈ ਖਸਮ ਕੀ ਬਾਣੀ ਤੇਸੜਾ ਕਰੀ ਗਿਆਨੁ ਵੇ ਲਾਲੋ', ਮਠਿਆਈ ਲਿਆ ਕੇ ਸਭ ਭੁਖੇ ਫ਼ਕੀਰਾਂ ਨੂੰ ਦਿੱਤੀ ਜਾਂਦੀ ਹੈ। ਗੁਰੂ ਜੀ ਲਾਲੋ ਨੂੰ ਪਰਿਵਾਰ ਸਮੇਤ ਨਗਰ ਨੂੰ ਛੱਡਣ ਲਈ ਕਹਿੰਦੇ ਹਨ। ਫਿਰ ਬਾਬਰ ਦੀ ਗੱਲ ਤੁਰਦੀ ਹੈ, ਉਹ ਗੁਰੂ ਜੀ ਵੱਲੋਂ ਦਿੱਤੇ ਹੋਏ ਵਰਦਾਨ ਨੂੰ ਪਰਖਣ ਲਈ ਹਿੰਦੁਸਤਾਨ ਤੇ ਹਮਲਾ ਕਰਦਾ ਹੈ ਤੇ ਹਿੰਦੁਸਤਾਨ ਜਿੱਤਦਾ ਹੈ। ਸੈਦਪੁਰ ਵਿਚ ਕਤਲ਼ਾਮ ਕਰਦਾ ਹੈ ਤੇ ਸਾਰਿਆਂ ਨੂੰ ਬੰਦੀ ਬਣਾ ਲੈਂਦਾ ਹੈ, ਜਿਸ ਵਿਚ ਗੁਰੂ ਜੀ ਹੁੰਦੇ ਹਨ। ਇਹ ਸਭ ਤਰਾਸਦੀ ਵੇਖ ਕੇ ਗੁਰੂ ਜੀ ਰਾਗ ਆਸਾ ਵਿਚ 'ਜਿਨ ਸਿਰ ਸੋਹਨਿ ਪਟੀਆ' ਵਾਲਾ ਸ਼ਬਦ ਉਚਾਰਨ ਕਰਦੇ ਹਨ। ਗੁਰੂ ਸਾਹਿਬ ਨੂੰ ਆਟਾ ਪੀਹਣ ਲਈ ਚੱਕੀ ਦਿੱਤੀ ਜਾਂਦੀ ਹੈ, ਜੋ ਆਪੇ ਚੱਲਦੀ ਹੈ। ਇਹ ਖ਼ਬਰ ਬਾਬਰ ਤੱਕ ਪਹੁੰਚੀ ਤਾਂ ਬਾਬਰ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਤੇ ਬੇਨਤੀ ਕੀਤੀ ਕਿ ਤੁਹਾਡੀ ਕਿਰਪਾ ਨਾਲ ਸਲਤਨਤ ਪ੍ਰਾਪਤ ਹੋਈ ਹੈ, ਹੁਣ ਕਿਰਪਾ ਕਰੋ, ਇਹ ਰਾਜ ਕੁਰਸੀ-ਬ-ਕੁਰਸੀ ਚੱਲੇ ਤਾਂ ਗੁਰੂ ਜੀ ਨੇ ਕਿਹਾ ਸਭ ਕੈਦੀਆਂ ਨੂੰ ਰਿਹਾ ਕਰ ਦੇਵੋ ਤੇ ਨਗਰ ਫਿਰ ਵਸਾਓ ਫਿਰ ਇਸ ਤਰ੍ਹਾਂ ਹੋਵੇਗਾ। ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੀ ਵਿਚ ਇਹ ਸੈਦਪੁਰ ਦੀ ਬੰਦ ਸਿਰਲੇਖ ਹੇਠ 35 ਨੰਬਰ 'ਤੇ ਆਉਂਦੀ

ਹੈ। ਇਸ ਵਿਚ ਗੁਰੂ ਜੀ ਬਟਾਲੇ ਤੋਂ ਲੰਘ ਕੇ ਸੈਦਪੁਰ ਆਉਂਦੇ ਹਨ, ਭੁੱਖੇ ਸਾਧੂ ਤੇ ਮਰਦਾਨੇ ਦਾ ਨਾਲ ਹੋਣਾ, ਬ੍ਰਹਮਣ ਨੂੰ ਨਗਰ ਛੱਡ ਕੇ ਦੂਜੀ ਜਗ੍ਹਾ ਭੇਜਣਾ, 'ਜੈਸੀ ਮੈ ਆਵੈ ਖਸਮ ਕੀ ਬਾਣੀ' ਵਾਲਾ ਸ਼ਬਦ ਉਚਾਰਣਾ, ਅਗਲੀ ਸਵੇਰ ਬਾਬਰ ਦੇ ਹਮਲੇ ਵਿਚ ਕਤਲ਼ਾਮ ਹੋਣਾ ਤੇ ਗੁਰੂ ਜੀ ਦਾ ਬੰਦੀਖਾਨੇ ਵਿਚ ਜਾਣਾ, ਆਦਿ ਵਾਲੀਆਂ ਘਟਨਾਵਾਂ ਹਨ। ਇਸ ਵਿਚ ਵੱਖਰੀ ਗੱਲ ਇਹ ਗੁਰੂ ਜੀ ਨੂੰ ਗ਼ੁਲਾਮਾਂ ਤੱਕ ਲੈ ਕੇ ਜਾਣ ਲਈ ਪੰਡ ਚੁੱਕਣੀ ਪਈ ਤੇ ਮਰਦਾਨੇ ਨੂੰ ਘੋੜਾ ਫੜਾਇਆ ਗਿਆ, ਇੱਥੇ ਕਰਾਮਾਤ ਹੁੰਦੀ ਵਿਖਾਈ ਗਈ ਹੈ ਕਿ ਘੋੜਾ ਆਪਣੇ ਆਪ ਪਿੱਛੇ ਆ ਰਿਹਾ ਹੈ ਅਤੇ ਪੰਡ ਸਿਰ ਤੋਂ ਇਕ ਹੱਥ ਉੱਪਰ ਉੱਠੀ ਹੋਈ ਹੈ। ਇਹ ਖ਼ਬਰ ਸੁਣ ਕੇ ਬਾਬਰ ਆ ਕੇ ਵਾਰਤਾਲਾਪ ਕਰਕੇ ਗੁਰੂ ਜੀ ਦੇ ਪੈਰ ਚੁੰਮਣਾ ਅਤੇ ਗੁਰੂ ਜੀ ਦੇ ਮੂੰਹ ਵਿਚ ਖ਼ੁਦਾਇ ਨਜ਼ਰ ਆਉਣਾ। ਗੁਰੂ ਜੀ ਦਾ ਤਿੰਨ ਦਿਨਾਂ ਬਾਅਦ ਫਿਰ ਸੈਦਪੁਰ ਆਉਣਾ ਤੇ ਕਤਲ਼ਾਮ ਦੇਖਣਾ। ਮਰਦਾਨੇ ਦੇ ਮੂੰਹ ਤੇ ਮਿੱਠਾ ਲੱਗਣਾ ਤੇ ਇਕ ਕੀੜੀ ਦੇ ਕਰਕੇ ਬਾਕੀ ਕੀੜੀਆਂ ਦਾ ਮਾਰਿਆ ਜਾਣਾ ਤੇ ਗੁਰੂ ਜੀ ਦਾ ਸੈਦਪਰ ਦੇ ਸੰਬੰਧ ਵਿਚ ਕਹਾਣੀ ਸੁਣਾ ਕੇ ਮਰਦਾਨੇ ਨੂੰ ਦੱਸਣਾ ਕਿ ਇਕ ਨਾਲ ਸਾਰੇ ਮਰਦੇ ਹਨ। ਇਸ ਵਿਚ ਗੁਰਬਾਣੀ ਦੇ ਮੂਲ 'ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ', 'ਹਰਿ ਕੀਆ ਕਥਾ ਕਹਾਣੀਆ', 'ਜਿਸ ਤੂੰ ਗਖਹਿ ਮਿਹਰਵਾਨ', 'ਕਹਾ ਸੁ ਖੇਲ ਤਬੇਲਾ ਘੋੜੇ', 'ਜੈਸੇ ਗੋਇਲ ਗੋਇਲੀ ਤੈਸੇ ਸੰਸਾਰਾ' ਅਤੇ ਇਕ ਸ਼ਬਦ, 'ਗਈ ਬਹੋੜੁ ਬੰਦੀ ਛੋੜੁ' (ਮਹਲਾ 5 ਦਾ ਸ਼ਬਦ) ਇਹ ਸ਼ਬਦ ਮਹਿਮਾ ਪ੍ਰਕਾਸ਼ ਵਿਚ ਨਹੀਂ ਹਨ।[79] ਆਦਿ ਸਾਖੀਆਂ ਵਿਚ ਇਹ 2 ਸਾਖੀਆਂ ਸੈਦਪੁਰ ਦਾ ਕਤਲ਼ਾਮ ਤੇ ਬਾਬਰ ਨੂੰ ਵਰਦਾਨ ਸਿਰਲੇਖ ਹੇਠ ਮਿਲਦੀ ਹੈ, ਜਿਨ੍ਹਾਂ ਦਾ ਨੰਬਰ ਕ੍ਰਮਵਾਰ 18 ਅਤੇ 19 ਹੈ। ਇਸ ਸਾਖੀ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਦੀਪਾਲਪੁਰ, ਚੂੰਹਣੀਆਂ, ਕੰਕਣਪੁਰ, ਕਸੂਰ, ਹੈਬਤਪੁਰ, ਪੱਟੀ, ਗੋਇੰਦਵਾਲ ਤੇ ਵੈਰੋਵਾਲ ਵਿਚੋਂ ਦੀ ਹੋ ਕੇ ਸੈਦਪੁਰ ਆਉਂਦੇ ਹਨ। ਇਹ ਸਾਖੀ ਪੁਰਾਤਨ ਜਨਮਸਾਖੀ ਵਾਂਗ ਹੀ ਸ਼ੁਰੂ ਹੁੰਦੀ ਹੈ। ਇਸ ਵਿਚ ਬ੍ਰਹਮਣ ਘਰ ਵਿਆਹ ਅਤੇ ਪਰਿਵਾਰ ਸਮੇਤ ਨਗਰ ਛੱਡ ਕੇ ਦੂਜੀ ਜਗ੍ਹਾ ਜਾਣਾ, 'ਜੈਸੀ ਮੈ ਆਵੈ ਖਸਮ ਕੀ ਬਾਣੀ' ਵਾਲਾ ਸ਼ਬਦ ਉਚਾਰਣਾ, ਅਗਲੀ ਸਵੇਰ ਬਾਬਰ ਦਾ ਹਮਲਾ, ਬੰਦੀਆਂ ਦੇ ਲਸ਼ਕਰ ਵਿਚ ਜਾ ਕੇ ਗੁਰੂ ਜੀ ਨਾਲ ਗੋਸਟਿ (ਜੋ ਪੁਰਾਤਨ ਜਨਮਸਾਖੀ ਅਤੇ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ), 'ਕਹਾ ਸੁ ਖੇਲ ਤਬੇਲੇ', 'ਖੁਰਾਸਾਨ ਖਸਮਾਨਾ ਕੀਆ' ਵਾਲਾ ਸ਼ਬਦ ਉਚਾਰਿਆ ਜੋ ਬਾਬਰ ਦੇ ਕੰਨੀ ਪਿਆ, ਬਾਬਰ ਦਾ ਗੁਰੂ ਜੀ ਨੂੰ ਬੁਲਾਉਣਾ ਅਤੇ ਭੰਗ ਦੀ ਪੇਸਕਸ਼ ਕਰਨੀ ਤੇ ਗੁਰੂ ਜੀ ਵੱਲੋਂ 'ਭਉ ਤੇਰਾ ਭਾਂਗ' ਵਾਲਾ ਸ਼ਬਦ ਉਚਾਰਨ ਕਰਨਾ, ਬਾਬਰ ਦਾ ਗੁਰੂ ਜੀ ਨੂੰ ਤਿੰਨ ਦਿਨ ਰਹਿਣ ਲਈ ਕਹਿਣਾ, 'ਜਿਨ ਸੋਹਨ ਪਟੀਆ' ਵਾਲਾ ਸ਼ਬਦ ਉਚਾਰਿਆ, ਕਤਲ਼ਾਮ ਵਿਚ ਦਰਦਮੰਦਾਂ ਦੀ ਹਾਲਤ ਵੇਖ ਬਾਬਾ ਦੁਖੀ ਹੋਇਆ ਤੇ ਡਿੱਗ ਪਿਆ ਤੇ ਬਾਬਰ ਦਾ ਗੁਰੂ ਜੀ ਨੂੰ ਉੱਠਣ ਲਹੀ ਕਹਿਣਾ ਤੇ ਸ਼ਰਮਿੰਦਾ ਹੋਣਾ, ਗੁਰੂ ਜੀ ਨੇ ਕਿਹਾ ਜੇ ਖ਼ੁਦਾ ਦੀ ਮਿਹਰ ਚਾਹੁੰਦਾ ਹੈ ਤਾਂ ਸਾਰੇ ਬੰਦੀ ਛੱਡ ਦੇ ਤੇ ਬਾਬਰ ਦਾ ਇਸ ਬਦਲੇ ਕੁਰਸੀ-ਬ-ਕੁਰਸੀ ਰਾਜ ਦੀ ਮੰਗ ਕਰਨਾ।[80] ਜਨਮਸਾਖੀ ਭਾਈ ਬਾਲਾ ਵਿਚ ਇਹ ਸਾਖੀ ਨੰਬਰ 46 ਹੈ। ਇਹ ਸਾਖੀ ਬਾਕੀ ਸਾਖੀਆਂ ਨਾਲੋਂ ਕਾਫ਼ੀ ਵੱਖਰੀ ਹੈ। ਇਹ ਸਾਖੀ ਇੱਥੋਂ ਸ਼ੁਰੂ ਹੁੰਦੀ ਹੈ ਕਿ ਸਿਕੰਦਰ ਲੋਧੀ ਦੇ ਪੁੱਤਰ

[79] ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ, ਪੰਨੇ 116-129
[80] ਪਿਆਰ ਸਿੰਘ (ਸੰਪਾ.), ਆਦਿ ਸਾਖੀਆਂ, ਪੰਨੇ 194-199

ਇਬਰਾਹਿਮ ਲੋਧੀ ਦੇ ਸਮੇਂ ਗੁਰੂ ਨਾਨਕ ਦੀ ਸ਼ਿਕਾਇਤ ਕਿ ਉਹ ਬੇਦ ਤੇ ਕਤੇਬ ਨੂੰ ਨਹੀਂ ਮੰਨਦਾ ਇਸ ਲਈ ਇਬਰਾਹਿਮ ਲੋਧੀ ਨੇ ਗੁਰੂ ਨਾਨਕ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਚੱਕੀਆਂ ਚਲਾਉਣ ਲਈ ਦਿੱਤੀਆਂ ਜੋ ਆਪੇ ਚੱਲੀਆਂ, ਲੋਧੀ ਵੱਲੋਂ ਗੁਰੂ ਜੀ ਨੂੰ ਰਿਹਾ ਕਰਨਾ ਤੇ ਗੁਰੂ ਜੀ ਵੱਲੋਂ ਸੱਤ ਮਹੀਨੇ ਸਫ਼ਾ ਨਾ ਉੱਠਣ ਦੀ ਗੱਲ ਕਹਿਣੀ, 'ਜਿਨਿ ਸਿਰ ਸੋਹਨਿ ਪਟੀਆ ਵਾਲਾ ਸ਼ਬਦ', ਫਿਰ ਸਮਾਂ ਆਉਣ ਤੇ ਬਾਬਰ ਦੇ ਹੱਥੋਂ ਯੁੱਧ ਵਿਚ ਇਬਰਾਹਿਮ ਲੋਧੀ ਦਾ ਮਾਰਿਆ ਜਾਣਾ, ਗੁਰੂ ਜੀ ਦਾ ਕੈਦ ਹੋਣਾ, ਬਾਬਰ ਦਾ ਭੋਜਨ ਕੀੜੇ ਅਤੇ ਡੱਡੂ ਬਣ ਜਾਣਾ ਅਤੇ ਬਾਬਰ ਦੀ ਗੁਰੂ ਜੀ ਨਾਲ ਵਾਰਤਾਲਾਪ ਹੋਣੀ, 'ਨਦਰਿ ਹਮਾਰੀ ਸਭ ਤੇ ਦੂਰ', 'ਲਖ ਮਸੰਦ ਤਾ ਏ ਖੁਦਾਇ' ਅਤੇ 'ਸੁਣ ਬਾਬਰ ਜਿਨ ਵੰਡੀ ਗੋਈ', ਆਦਿ ਅਪ੍ਰਮਾਣਿਕ ਬਾਣੀ ਆਈ ਹੈ। ਇਸ ਤੋਂ ਬਾਅਦ ਬਾਬਰ ਵੱਲੋਂ ਭੰਗ ਦਾ ਪਿਆਲਾ ਗੁਰੂ ਜੀ ਨੂੰ ਦੇਣਾ ਅਤੇ ਗੁਰੂ ਜੀ ਵੱਲੋਂ 'ਭਉ ਤੇਰਾ ਭਾਂਗ ਵਾਲਾ ਸਿਫ਼ਤ ਕਾ ਡੰਡਾ' ਸ਼ਬਦ ਉਚਾਰਨ ਕਰਨਾ, ਬਾਬਰ ਗੁਰੂ ਜੀ ਦਾ ਗੁਰੂ ਕਬੀਰ ਦੱਸਣਾ ਤੇ ਕਬੀਰ ਦੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੀ ਕੁੱਝ ਸ਼ਬਦ ਦਰਜ ਹਨ। ਇਸ ਵਿਚ ਬਾਬਰ ਨੂੰ ਵਰ ਵਿਚ ਪਾਤਿਸ਼ਾਹੀ ਚਿਰ ਤੱਕ ਚੱਲਣ ਦੀ ਗੱਲ ਹੈ।[81] ਸਾਖੀ ਮਹਲੁ ਪਹਿਲੇ ਕੀ ਵਿਚ ਇਸਦਾ ਸਾਖੀ ਨੰਬਰ 26 ਅਤੇ ਸੈਦਪੁਰ ਦਾ ਕਤਲ਼ਾਮ ਸਿਰਲੇਖ ਹੇਠ ਹੈ। *LDP–194* ਜਨਮਸਾਖੀ, ਆਦਿ ਸਾਖੀਆਂ ਅਤੇ ਪੁਰਾਤਨ ਜਨਮਸਾਖੀ ਵਿਚਲੀ ਸਾਖੀ ਨਾਲ ਮਿਲਦੀ ਹੈ।[82] *LDP–194* ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਇਹ ਸੈਦਪੁਰ ਦਾ ਕਤਲ਼ਾਮ ਤੇ ਬਾਬਰ ਨਾਲ ਗੋਸਟਿ ਸਿਰਲੇਖ ਹੇਠ 15 ਨੰਬਰ ਤੇ ਆਉਂਦੀ ਹੈ। ਇਹ ਸਾਖੀ ਆਦਿ ਸਾਖੀਆਂ ਵਿਚਲੀ ਸਾਖੀ ਨਾਲ ਕਾਫ਼ੀ ਹੱਦ ਤੱਕ ਤੇ ਬਾਕੀਆਂ ਨਾਲ ਵੀ ਮਿਲਦੀ ਹੈ। ਇਸ ਵਿਚ ਵੱਖਰੀ ਗੱਲ ਇਹ ਹੈ ਕਿ ਇਸ ਵਿਚ 'ਖੁਰਾਸਾਨ ਖਸਮਾਨਾ ਕੀਆ' ਵਾਲਾ ਸ਼ਬਦ ਪੂਰਾ ਨਹੀਂ ਹੈ।[83] ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ *(B–40)* ਵਿਚ ਇਹ ਚਿੱਤਰ ਨੰਬਰ 18 ਤੇ ਸਾਖੀ ਸੈਦਪੁਰ ਦਾ ਕਤਲ਼ਾਮ ਸਿਰਲੇਖ ਹੇਠ ਹੈ। ਇਹ ਸਾਖੀ, ਜਨਮਸਾਖੀ ਭਾਈ ਬਾਲਾ, ਪੁਰਾਤਨ ਜਨਮਸਾਖੀ ਅਤੇ ਆਦਿ ਸਾਖੀਆਂ ਨਾਲ ਮਿਲਦੀ ਹੈ। ਇਸ ਵਿਚ ਜਨਮਸਾਖੀ ਭਾਈ ਬਾਲਾ ਵਿਚਲੀ ਕੱਚੀ ਬਾਣੀ ਅਤੇ ਬਰਾਹਿਮ ਲੋਧੀ ਵਾਲੀ ਗੱਲ ਨਹੀਂ ਹੈ।[84]

ਇਨ੍ਹਾਂ ਤੋਂ ਇਲਾਵਾ ਮਹਿਮਾ ਪ੍ਰਕਾਸ਼ ਵਿਚ ਸਾਖੀ ਰੂਮ ਅਰ ਮਦੀਨੇ ਕੀ[85] ਅਤੇ ਸਾਖੀ ਮਦੀਨੇ ਕੀ ਜਿਸ ਵਿਚ ਖ਼ਨਵਾਦੇ ਦੇ ਚਾਰ ਇਮਾਮ ਜੋ ਕਿ ਮੁਸਲਮਾਨ ਵਿਅਕਤੀ ਹਨ, ਨਾਲ ਵਾਰਤਾਲਾਪ ਦੀਆਂ ਹਨ[86] ਅਤੇ ਜੋ ਬਾਕੀ ਸਾਖੀਆਂ ਵਿਚ ਨਹੀਂ ਹਨ। ਇਸ ਵਿਚਲੀ ਇਸਲਾਮ ਤੇ ਸੂਫ਼ੀਵਾਦ ਦੀ ਵਿਆਖਿਆ ਤੇ ਪੈਗੰਬਰਾਂ ਦੀ ਸੂਚੀ ਵਿਚ ਗੁਰੂ ਨਾਨਕ ਨੂੰ ਸ਼ਾਮਿਲ ਕਰਨਾ ਤੱਤਕਾਲੀ ਪ੍ਰਸਥਿਤੀਆਂ ਦੀਆਂ ਸਮੱਸਿਆਵਾਂ ਨਾਲ ਸੰਬੰਧ ਰਖਦਾ ਹੈ। ਮਿਸਲ ਕਾਲ ਸਮੇਂ ਘੱਟ-ਗਿਣਤੀ, ਸਿੱਖਾਂ ਨੂੰ ਬਹੁ-ਗਿਣਤੀ ਮੁਸਲਮਾਨਾਂ ਉੱਪਰ ਰਾਜ ਕਰਨ ਲਈ ਉਨ੍ਹਾਂ ਨਾਲ ਨੇੜਦੀ ਜ਼ਰੂਰਤ ਹੈ। ਅਜਿਹਾ ਨੇੜੇ ਕਾਇਮ ਕਰਨ ਲਈ ਅਜਿਹੀਆਂ

---

[81] ਸੁਰਿੰਦਰ ਸਿੰਘ ਕੋਹਲੀ (ਸੰਪਾ.), ਜਨਮਸਾਖੀ ਭਾਈ ਬਾਲਾ, ਪੰਨੇ 279-287

[82] ਸ.ਸ. ਪਦਮ (ਸੰਪਾ.), ਸਾਖੀ ਮਹਲੁ ਪਹਿਲੇ ਕੀ, ਪੰਨੇ 206-214.

[83] ਗੁਰਸ਼ਰਨਜੀਤ ਸਿੰਘ (ਸੰਪਾ.), *LDP–194* ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨੇ 33-36.

[84] ਪਿਆਰ ਸਿੰਘ (ਸੰਪਾ.), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ *(B–40),* ਪੰਨੇ 69-73.

[85] ਮਹਿਮਾ ਪ੍ਰਕਾਸ਼, ਪੰਨੇ 132/ੳ-135/ਅ.

[86] ਉਹੀ, ਪੰਨੇ 135/ਅ-139/ੳ.

ਸਾਖੀਆਂ ਕਾਫ਼ੀ ਸਹਾਈ ਸਿੱਧ ਹੋ ਸਕਦੀਆਂ ਸਨ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਰੂਪ ਦਾਸ ਭੱਲਾ ਸਿੱਖਾਂ ਦੇ ਮੁਸਲਮਾਨਾਂ ਨਾਲ ਸੰਬੰਧ ਮਿੱਤਰਤਾ ਵਾਲੇ ਦਿਖਾਉਣ ਦਾ ਯਤਨ ਕੀਤਾ ਹੈ।

ਮਹਿਮਾ ਪ੍ਰਕਾਸ਼ ਵਿਚ ਸਰੂਪ ਦਾਸ ਨੇ ਬਹੁਤ ਸਾਰੇ ਅਲੰਕਾਰਾਂ, ਬਿੰਬਾਂ, ਰਸਾਂ ਅਤੇ ਛੰਦਾਂ ਦੀ ਵਰਤੋਂ ਕੀਤੀ ਹੈ। ਅਲੰਕਾਰਾਂ ਵਿਚ ਸ਼ਬਦ ਅਲੰਕਾਰ, ਅਨੁਪ੍ਰਾਸ, ਯਮਕ, ਸਲੇਸ਼ ਅਤੇ ਦੀਪਕ, ਆਦਿ ਅਲੰਕਾਰਾਂ ਅਤੇ ਅਰਥ ਅਲੰਕਾਰ ਵਿਚ ਉਪਮਾ, ਅਤਿਕਥਨੀ, ਦ੍ਰਿਸ਼ਟਾਂਤ, ਉੱਲੇਖ, ਪ੍ਰਾਸ਼ਰੀਰਕ ਅਤੇ ਮਾਣਵੀਕਰਣ, ਆਦਿ ਅਲੰਕਾਰਾਂ ਦੀ ਵਰਤੋ ਕੀਤੀ ਹੈ। ਬਿੰਬਾਂ ਵਿਚ ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਬਿੰਬਾਂ ਦੀ ਵਰਤੋਂ ਕੀਤੀ ਹੈ। ਛੰਦਾਂ ਵਿਚ ਦੋਹਰਾ, ਨਿਰਾਜ, ਚੌਪਈ, ਸੋਰਠਾ, ਅੜਿਲ, ਮਧੁਭਾਰ, ਅਕਰਾ, ਮਕਰਾ, ਤੋਮਰ, ਤ੍ਰਿਭੰਗੀ, ਬੈਂਤ, ਰਸਾਵਲ, ਤੋਟਕ, ਛੰਤ ਅਤੇ ਸਲੋਕ, ਆਦਿ ਦੀ ਵਰਤੋ ਕੀਤੀ ਹੈ। ਇਸ ਤੋਂ ਇਲਾਵਾ ਇਸ ਵਿਚ ਗੁਰਮੁਖੀ, ਸੰਸਕ੍ਰਿਤ, ਅਰਬੀ, ਫ਼ਾਰਸੀ, ਬ੍ਰਿਜ ਅਤੇ ਦੇਸੀ ਸ਼ਬਦਾਵਲੀ ਦੇ ਨਾਲ-ਨਾਲ ਵਾਕਾਂ, ਮੁਹਾਵਰਿਆਂ, ਆਦਿ ਦੀ ਵਰਤੋ ਵੀ ਕੀਤੀ ਹੈ। ਇਨ੍ਹਾਂ ਕਲਾਗਤ ਵਿਸ਼ੇਸ਼ਤਾਵਾਂ ਨਾਲ ਮਹਿਮਾ ਪ੍ਰਕਾਸ਼ ਦੀ ਅਭਿਵਿਅਕਤੀ ਵਿਚ ਸੁੰਦਰਤਾ ਆਈ ਹੈ।

ਇਉਂ ਸਰੂਪ ਦਾਸ ਭੱਲਾ ਨੇ ਸਮੇਂ ਦੀ ਲੋੜ ਮੂਜਬ ਸਾਖੀ ਰੂਪਾਕਾਰ ਵਿਚ ਕਾਫ਼ੀ ਪਰਿਵਰਤਨ ਕਰਕੇ ਇਸ ਨੂੰ ਸਮੇਂ ਦੀ ਹਾਣੀ ਬਣਾਉਣ ਦਾ ਜਤਨ ਕੀਤਾ ਹੈ। ਉਨ੍ਹਾਂ ਨੇ ਇਸ ਰੂਪਾਕਾਰ ਦੀ ਸਹਾਇਤਾ ਨਾਲ ਤੱਤਕਾਲੀ ਪ੍ਰਸਥਿਤੀਆਂ ਦੀਆਂ ਕਾਫ਼ੀ ਸਮੱਸਿਆਵਾਂ ਦੀ ਪਕੜ ਕਰਕੇ ਉਨ੍ਹਾਂ ਨੂੰ ਸਮਝਣ-ਸਮਝਾਉਣ ਦਾ ਜਤਨ ਕੀਤਾ ਹੈ।

ਮਹਿਮਾ ਪ੍ਰਕਾਸ਼ : ਇਤਿਹਾਸਿਕ, ਰਾਜਨੀਤਿਕ ਅਤੇ ਆਰਥਿਕ ਪੱਖ

ਇਤਿਹਾਸਿਕ ਪੱਖ

ਸਿੱਖ ਧਰਮ ਦੇ ਰੂਪਾਕਾਰ ਦੇ ਨਿਰਣੈ ਬਾਰੇ ਗੱਲ ਕਰਨ ਲਈ ਵਿਸ਼ੇਸ਼ ਦ੍ਰਿਸਟੀਕੋਣ ਅਪਣਾਉਣ ਦੀ ਜ਼ਰੂਰਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਆਪਣੇ ਆਪ ਵਿਚ ਬਹੁਤ ਵੱਡਾ ਸਰੋਤ ਹੈ। ਇਸ ਵਿਚ ਮੱਧਕਾਲੀ ਕਵਿਤਾ ਦੇ ਵੱਖ-ਵੱਖ ਰੂਪ ਜਿਵੇਂ ਸ਼ਬਦ ਤੇ ਸਲੋਕ, ਅਸਟਪਦੀਆਂ, ਸੋਲਹੇ, ਵਾਰਾਂ, ਕਾਫ਼ੀਆਂ, ਆਦਿ ਦੀ ਵਰਤੋਂ ਹੋਈ ਹੈ। ਦਸਮ ਗ੍ਰੰਥ ਵਿਚ ਚਰਿਤ੍ਰ, ਅਵਤਾਰ ਕਥਾਵਾਂ, ਸ਼ਾਸਤਰ ਨਾਮਮਾਲਾ, ਜ਼ਫ਼ਰਨਾਮਾ, ਆਦਿ ਮੱਧਕਾਲੀ ਰੂਪਾਕਾਰ ਵਰਤੇ ਗਏ ਹਨ। ਗੁਰੂ ਸਾਹਿਬ ਤੋਂ ਛੇਤੀ ਬਾਅਦ ਦੀਆਂ ਜਨਮਸਾਖੀਆਂ ਵਿਚ ਸਾਖੀ ਰੂਪਾਕਾਰ ਵਰਤਿਆ ਗਿਆ ਹੈ। ਜਿਸ ਵਿਚ ਉਦਾਹਰਣਾਂ ਦੇਣ ਲਈ ਸਬਦਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਉਨ੍ਹਾਂ ਦੀ ਵਿਆਖਿਆ ਵੀ ਪੇਸ਼ ਕੀਤੀ ਗਈ ਹੈ। ਕਈ ਥਾਂਈਂ ਸ਼ਬਦਾਂ ਦੀ ਵਿਆਖਿਆ ਵਾਸਤੇ ਹੀ ਸਾਖੀ ਦਾ ਢਾਂਚਾ ਖੜਾ ਕਰ ਲਿਆ ਜਾਂਦਾ ਹੈ, ਜਿਹਾ ਕਿ ਮਿਹਰਬਾਨ ਵਾਲੀ ਜਨਮਸਾਖੀ ਤੋਂ ਪ੍ਰਗਟ ਹੈ। ਗੁਰੂ ਅਰਜਨ ਦੇਵ ਦੀ ਸ਼ਹੀਦੀ ਅਤੇ ਖ਼ਾਸ ਕਰ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਹੋਣ ਮਗਰੋਂ ਗੁਰੂ ਸਾਹਿਬ ਦੀ ਉਸਤਤ ਵਿਚ ਸਾਖੀਆਂ ਦੀ ਵਰਤੋਂ ਸਾਰਥਿਕ ਨਹੀਂ ਰਹੀ ਭਾਵੇਂ ਸਾਖੀਆਂ ਦਾ ਪ੍ਰਸੰਗ ਉਨ੍ਹੀਵੀਂ ਸਦੀ ਤੱਕ ਚਲਦਾ ਰਿਹਾ। ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਇਹ ਮਹਿਸੂਸ ਹੋਇਆ ਕਿ ਗੁਰੂ ਸਾਹਿਬ ਦੀ ਅਗਵਾਈ ਵਿਚ ਪੰਥ ਨੂੰ ਤੱਤਕਾਲੀ ਪ੍ਰਸਥਿਤੀਆਂ ਵਿਰੁੱਧ ਸੰਘਰਸ਼ ਕਰਨਾ ਪੈਣਾ ਹੈ। ਸ੍ਰੀ ਗੁਰ ਸੋਭਾ ਸਮਕਾਲੀ ਪ੍ਰਸਥਿਤੀਆਂ ਨਾਲ ਸਿੱਝਣ ਲਈ ਮਹੱਤਵਪੂਰਨ ਰਚਨਾ ਹੈ। ਡਾ. ਸੁਰਜੀਤ ਹਾਂਸ ਦੇ ਵਿਚਾਰ ਅਨੁਸਾਰ 'ਸ੍ਰੀ ਗੁਰ ਸੋਭਾ' ਹੋਰਨਾਂ ਗੁਰਬਿਲਾਸਾਂ ਅਨੁਸਾਰ ਜੀਵਨੀ ਨਹੀਂ ਇਨ੍ਹਾਂ ਦੇ ਰੂਪ ਨੂੰ ਜੀਵਨੀ ਕਿਹਾ ਜਾ ਸਕਦਾ ਹੈ। ਸ੍ਰੀ ਗੁਰ ਸੋਭਾ ਤੋਂ ਗੁਰੂ ਗੋਬਿੰਦ ਸਿੰਘ ਨੂੰ ਮਿਲੇ ਵਿਚਾਰਕ ਵਿਰਸੇ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਇਹ ਅਠਾਰ੍ਹਵੀਂ ਸਦੀ ਦੇ ਇਤਿਹਾਸ ਪਰਕ ਸਾਹਿਤ ਦਾ ਵਧੀਆ ਨਮੂਨਾ ਹੈ।[1] ਇਸ ਤੋਂ ਅਗਲੀ ਅਹਿਮ ਰਚਨਾ ਮਿਸਲਾਂ ਦੇ ਆਖ਼ਰੀ ਸਮੇਂ ਪਟਨਾ ਸਾਹਿਬ ਦੇ ਵਾਸੀ ਸੁੱਖਾ ਸਿੰਘ ਨੇ ਪਹਿਲਾ ਗੁਰਬਿਲਾਸ ਰਚਿਆ ਜਿਸ ਦਾ ਨਾਮ ਗੁਰਬਿਲਾਸ ਪਾਤਿਸ਼ਾਹੀ ੧੦ ਸੀ। ਇਸ ਵਿਚ ਗੁਰੂ ਗੋਬਿੰਦ ਸਿੰਘ ਦੇ 'ਧਰਮ ਚਲਾਵਨ ਸੰਤ ਉਬਾਰਨ' ਸੰਬੰਧੀ ਮਹੱਤਵਪੂਰਨ ਪੱਖ ਮਿਲਦੇ ਹਨ ਜੋ ਸਿੱਖ ਧਰਮ ਨੂੰ ਇਕ ਵਿਸ਼ੇਸ਼ ਰੂਪ ਵਿਚ ਢਾਲ ਰਹੇ ਹਨ।[2] ਇਸੇ ਹੀ ਦੌਰ ਵਿਚ ਦੋ ਮਹੱਤਵਪੂਰਨ ਰਚਨਾਵਾਂ ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਅਤੇ ਸਰੂਪ ਦਾਸ ਭੱਲਾ ਕ੍ਰਿਤ ਮਹਿਮਾ ਪ੍ਰਕਾਸ਼ ਮਿਲਦੀਆ ਹਨ। ਬੰਸਾਵਲੀਨਾਮਾ ਸਿੱਖ ਜਾਇਜ਼ਕਰਾਰੀ ਦਾ ਇਕ ਨਮੂਨਾ ਹੈ। ਇਸ ਵਿਚ ਗੁਰੂ ਸਾਹਿਬ ਨੂੰ ਲਵ-ਕੁਸ਼ ਦੇ ਪਰਿਵਾਰ ਨਾਲ ਜੋੜਿਆ ਹੈ ਅਤੇ ਦਰਸਾਇਆ ਗਿਆ ਹੈ ਕਿ ਗੁਰੂ ਸਾਹਿਬ ਸੂਰਜ ਵੰਸ਼ੀ ਸਨ ਤੇ ਚੰਦਰ ਵੰਸ਼ੀ ਪਹਾੜੀ ਰਾਜਿਆਂ ਨਾਲੋਂ ਉਚੇਰੀ ਪੱਧਰ ਦੇ ਸਨ।[3] ਪਹਾੜੀ ਰਾਜਿਆਂ ਦੀ ਰਾਜਸੱਤਾ ਕੋਈ ਨਹੀਂ ਸੀ ਪਰ ਸਿੱਖ ਮਿਸਲਾਂ ਦੀ ਰਾਜਸੱਤਾ ਗੁਰੂ ਸਾਹਿਬ ਤੋਂ ਪ੍ਰਾਪਤ ਕੀਤੀ

---
[1] ਖੋਜ ਦਰਪਣ, ਪੰਜਾਬੀ ਅਧਿਐਨ ਸਕੂਲ, ਜਨਵਰੀ 1986, ਪੰਨਾ 103.
[2] ਉਹੀ, ਪੰਨਾ 106.
[3] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨੇ 6-10 (ਮਤਨ).

ਹੋਈ ਹੈ। ਜਿਵੇਂ ਕਿ ਸਮਕਾਲੀ ਸਿੱਕਿਆਂ ਤੋਂ ਪਤਾ ਲੱਗਦਾ ਹੈ।[4] ਗੁਰੂ ਸਾਹਿਬ ਦੇ ਸਭ ਤੋਂ ਵੱਡੇ ਵਿਰੋਧੀ ਪਹਾੜੀ ਰਾਜੇ ਹੀ ਸਨ ਜੋ ਸਰਕਾਰ ਦੇ ਜ਼ਿਮੀਂਦਾਰ ਸਨ। ਇਸ ਸਦੀ ਵਿਚ ਰਾਜਸੱਤਾ ਦਾ ਇਹ ਮਸਲਾ ਹਿੰਦੁਸਤਾਨ ਅਤੇ ਇਸ ਦੀ ਰਾਜਧਾਨੀ ਦਿੱਲੀ ਦਿਖ ਰਿਹਾ ਸੀ, ਜਿੱਥੇ ਮੁਗ਼ਲ ਰਾਜ ਆਖ਼ਰੀ ਸਾਹ ਲੈ ਰਿਹਾ ਸੀ। ਇਸ ਤੋਂ ਬਾਅਦ ਕੰਪਨੀ ਆਪਣੇ ਆਪ ਨੂੰ ਵਾਰਿਸ ਸਮਝਦੀ ਸੀ ਤੇ ਕੰਪਨੀ ਦੇ ਸਾਹਿਤਕਾਰਾਂ ਜਾਂ ਇਤਿਹਾਸਕਾਰਾਂ ਵਿਚੋਂ ਜੇਮਜ਼ ਬਰਾਉਨ ਤੇ ਬੁੱਧ ਸਿੰਘ ਅਰੋੜਾ ਪ੍ਰਮੁੱਖ ਹਨ ਜੋ ਕੰਪਨੀ ਦੇ ਮੁਫ਼ਾਦਾਂ ਨੂੰ ਸਾਹਮਣੇ ਰੱਖ ਕੇ ਸਿੱਖ ਮਿਸਲਾਂ ਬਾਰੇ ਕੁੱਝ ਜਾਨਣਾ ਚਾਹੁੰਦੇ ਸਨ।[5]

ਮਹਿਮਾ ਪ੍ਰਕਾਸ਼ ਅਸੀਂ ਦੇਖਿਆ ਹੈ ਕਿ ਸਾਖੀ ਰੂਪ ਵਿਚ ਰਚਨਾ ਹੈ ਪਰ ਸਾਖੀ ਵਕ਼ਤ ਵਿਹਾ ਚੁੱਕਾ ਰੂਪਾਕਾਰ ਹੈ। ਇਸ ਲਈ ਇਹ ਗੁਰਬਿਲਾਸ ਵਾਲਾ ਕੰਮ ਨਹੀਂ ਸਾਰਦਾ। ਜਿੱਥੇ ਸਮਝ ਨਹੀਂ ਆਈ ਉੱਥੇ ਬਚਿਤ੍ਰ ਨਾਟਕ ਜਿਉਂ ਦਾ ਤਿਉਂ ਸ਼ਾਮਲ ਕਰ ਲਿਆ ਗਿਆ ਹੈ।[6] ਇਸਦੇ ਨਾਲ ਰਾਮਕਲੀ ਰਾਗੁ ਵਿਚ ਸੱਤਾ ਬਲਵੰਡ ਦੀ ਵਾਰ ਨੂੰ ਵੀ ਰਾਜਸੱਤਾ ਦੀ ਜਾਇਜ਼ਕਰਾਰੀ ਵਾਸਤੇ ਵਰਤਿਆ ਗਿਆ ਹੈ।[7]

ਲੇਖਕ ਸਾਖੀਆਂ, ਕਥਾ, ਵਾਰਤਾ, ਆਦਿ ਰੂਪਾਕਾਰਾਂ ਦੇ ਸਿਰ ਤੇ ਇਤਿਹਾਸ ਖੜਾ ਕਰਦਾ ਹੈ। ਹੋਰਨਾਂ ਗੱਲਾਂ ਤੋਂ ਇਲਾਵਾ ਲੇਖਕ ਇਸ ਇਤਿਹਾਸ ਵਿਚ ਇਕ ਤਾਂ ਗੁਰੂ ਸਾਹਿਬ ਦੀ ਜੀਵਨੀ ਤੇ ਸ਼ਖ਼ਸੀਅਤ ਨੂੰ ਉਭਾਰਦਾ ਹੈ, ਦੂਜਾ ਪੰਜਾਬ ਦੇ ਸਮਾਜਿਕ-ਧਾਰਮਿਕ ਜੀਵਨ ਨੂੰ ਸਾਹਮਣੇ ਲਿਆਉਂਦਾ ਹੈ ਅਤੇ ਤੀਜੀ ਗੱਲ ਜੋ ਉਹ ਕਰਦਾ ਹੈ ਉਹ ਬੜੀ ਮਹੱਤਵਪੂਰਨ ਹੈ, ਉਹ ਕੁੱਝ ਅਜਿਹੀਆਂ ਘਟਨਾਵਾਂ ਮਹਿਮਾ ਪ੍ਰਕਾਸ਼ ਵਿਚ ਸ਼ਾਮਿਲ ਕਰਦਾ ਹੈ, ਜੋ ਨਾ ਤਾਂ ਅਸੰਭਵ ਹਨ ਅਤੇ ਨਾ ਹੀ ਤੱਤਕਾਲੀ ਵਿਵਸਥਾ ਦੇ ਪ੍ਰਭਾਵ ਹੇਠ ਹਨ ਪਰ ਉਹ ਹੋਰਨਾਂ ਰਚਨਾਵਾਂ ਵਿਚ ਨਹੀਂ ਮਿਲਦੀਆਂ।

ਬਾਬਾ ਮੋਹਰੀ ਵੱਲੋਂ ਗੁਰੂ ਸੰਸਥਾ ਦੇ ਵਿਰੋਧ[8] ਬਾਰੇ ਜਿਸ ਦਾ ਭਾਈ ਗੁਰਦਾਸ ਨੇ ਵਿਰੋਧ ਕੀਤਾ ਹੈ, ਮਹਿਮਾ ਪ੍ਰਕਾਸ਼ ਵਿਚ ਸੰਕੇਤ ਵੀ ਨਹੀਂ ਮਿਲਦਾ। ਇਸ ਅਨੁਸਾਰ ਜੇਠਾ ਜੀ ਕਹਿੰਦੇ ਹਨ ਕਿ ਗੁਰਿਆਈ ਮੋਹਰੀ ਜੀ ਨੂੰ ਦੇ ਦਿੱਤੀ ਜਾਵੇ।[9] ਸਰੂਪ ਦਾਸ ਮੁਜ਼ਬ ਗੁਰੂ ਰਾਮਦਾਸ ਨੇ ਆਪਣੇ ਜਿਉਂਦਿਆਂ ਗੁਰੂ ਅਰਜਨ ਦੇਵ ਨੂੰ ਗੁਰਿਆਈ ਦਾ ਤਿਲਕ ਨਹੀਂ ਸੀ ਲਾਇਆ ਸਗੋਂ ਬਾਬਾ ਮੋਹਰੀ ਨੇ ਪ੍ਰਿਥੀਏ ਦੀ ਸਲਾਹ ਨਾਲ ਗੁਰਿਆਈ ਗੁਰੂ ਅਰਜਨ ਨੂੰ ਦੇ ਦਿੱਤੀ।[10] ਗੁਰੂ ਅਰਜਨ ਦੇਵ ਸ਼ਹੀਦੀ ਵਾਸਤੇ ਲਾਹੌਰ ਜਾਣ ਲੱਗੇ, ਬਾਬਾ ਅਰਥ ਮੱਲ ਨਾਲ ਸਲਾਹ ਮਸ਼ਵਰਾ ਕਰਦੇ ਹਨ।[11] ਗੁਰੂ ਹਰਿਗੋਬਿੰਦ ਗੋਇੰਦਵਾਲ ਇਸ ਲਈ ਤਿਆਗਦੇ ਹਨ ਕਿ ਯੁੱਧਾਂ ਨਾਲ ਗੁਰੂ ਕੁਲ ਨੂੰ ਕਸ਼ਟ ਨਾ ਹੋਵੇ।[12] ਮਨੋਹਰ ਦਾਸ ਦੀ ਮੌਤ ਸਮੇਂ ਗੁਰੂ ਹਰਿਗੋਬਿੰਦ ਸੋਗ ਕਰਦੇ ਹਨ ਕਿ ਉਸਨੇ ਤਾਂ ਗੁਰੂ ਅਮਰਦਾਸ ਦੀ ਟਹਿਲ ਕੀਤੀ ਸੀ ਪਰ ਅਸੀਂ ਗੁਰੂ ਕੁਲ ਦੀ ਸੇਵਾ ਨਹੀਂ

---

[4] Hans Herrli, *The Coins of the Sikhs,* p. 36-39.
[5] ਰਾਏਜਸਬੀਰ ਸਿੰਘ, ਏ ਹਿਸਟਰੀ ਐਂਡ ਲਿਟਰੇਰੀ ਸਟੱਡੀ ਆਫ਼ ਸੋਰਸ ਬੁੱਕ ਆਨ ਸਿੱਖ ਰਿਲੀਜ਼ਨ, ਪੰਨੇ 381-383.
[6] ਮਹਿਮਾ ਪ੍ਰਕਾਸ਼, ਪੰਨੇ 425/ੳ-448/ਅ.
[7] ਉਹੀ, ਪੰਨੇ 181/ੳ-182/ੳ.
[8] ਵਾਰਾਂ ਭਾਈ ਗੁਰਦਾਸ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1962, ਪੰਨੇ 26-33.
[9] ਮਹਿਮਾ ਪ੍ਰਕਾਸ਼, ਪੰਨੇ 247/ਅ-248/ੳ.
[10] ਉਹੀ, ਪੰਨੇ 259/ੳ-260/ਅ.
[11] ਅਰਥ ਮਲੁ ਸੌ ਕੀਆ ਬਖਾਨ॥ਮੈ ਦੇਹ ਤਜੋ ਹੋਵੋ ਨਿਰਬਾਨ॥, ਉਹੀ, ਪੰਨਾ 292/ੳ.
[12] ਉਹੀ, ਪੰਨੇ 294/ੳ-294/ਅ.

ਕਰ ਸਕੇ। ਉਹ ਅਨੰਦ ਜੀ ਨੂੰ ਗੋਇੰਦਵਾਲ ਤੋਂ ਉਚੇਚਾ ਬੁਲਾ ਕੇ ਉਸਦੀ ਪੂਜਾ ਕਰਦੇ ਹਨ।[13] ਗੁਰੂ ਹਰਿ ਰਾਏ ਜੀ ਗੋਇੰਦਵਾਲ ਜਾ ਕੇ ਗੁਰੂ ਅੰਸ਼ ਦਾ ਸਤਿਕਾਰ ਕਰਦੇ ਹਨ।[14] ਗੁਰੂ ਤੇਗ ਬਹਾਦਰ ਨੂੰ ਗੁਰਿਆਈ ਮਿਲਣ ਸਮੇਂ ਮਾਤਾ ਨਾਨਕੀ ਦੁਆਰਕਾ ਦਾਸ ਨੂੰ ਗੋਇੰਦਵਾਲ ਤੋਂ ਬੁਲਾ ਕੇ ਪੂਜਾ ਕਰਦੇ ਹਨ ਤੇ ਉਹੀ ਗੁਰੂ ਤੇਗ ਬਹਾਦਰ ਨੂੰ ਗੁਰਿਆਈ ਦਾ ਤਿਲਕ ਲਾਉਂਦਾ ਹੈ।[15] ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਰੂਪ ਦਾਸ ਭੱਲਾ ਗੁਰੂ ਸਾਹਿਬਾਨ ਬਾਰੇ ਇਤਿਹਾਸ ਲਿਖਦਾ ਹੋਇਆ ਆਪਣੇ ਵੰਸ਼ ਸੰਬੰਧੀ ਅਤੇ ਸਮੁੱਚੀ ਗੁਰੂ ਕੁਲ ਸੰਬੰਧੀ ਘਟਨਾਵਾਂ ਨੂੰ ਸ਼ਾਮਿਲ ਕਰ ਲੈਂਦਾ ਹੈ ਅਤੇ ਉਨ੍ਹਾਂ ਨੂੰ ਇਤਿਹਾਸ ਬਣਾਉਣ ਦਾ ਯਤਨ ਕਰਦਾ ਹੈ।

ਸਰੂਪ ਦਾਸ ਭੱਲਾ ਵੀ ਮੱਧਕਾਲੀ ਰੀਤ ਅਨੁਸਾਰ ਘਟਨਾਵਾਂ ਨੂੰ ਦੈਵੀ ਕਾਰਣ ਦੇ ਕੇ ਖ਼ੁਸ਼ ਹੁੰਦਾ ਹੈ। ਉਸਨੇ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ ਬਾਰੇ ਕੁੱਝ ਇਹੋ ਜਿਹੀਆਂ ਘਟਨਾਵਾਂ ਜੋੜੀਆਂ ਹਨ ਕਿ ਜਿਨ੍ਹਾਂ ਦੇ ਕਾਰਣ ਯਥਾਰਥਿਕ ਨਹੀਂ ਲੱਗਦੇ। ਜਿਵੇਂ ਛੋਟੀ ਉਮਰ ਵਿਚ ਪਾਂਧੇ ਨੂੰ ਪੜ੍ਹਾਉਣਾ, ਖੇਤ ਹਰਾ ਕਰਨਾ, ਆਦਿ ਹਨ।[16] ਕਈ ਥਾਂਵਾਂ ਤੇ ਕਥਿਤ ਕਰਾਮਾਤਾਂ ਦੇ ਭੇਦ ਖੋਲ੍ਹੇ ਗਏ ਹਨ। ਜਿਵੇਂ ਖਡੂਰ ਦੇ ਜੋਗੀ ਵੱਲੋਂ ਮੀਂਹ ਪਾਉਣ ਦਾ ਵਰਤਾਰਾ, ਨਾਨਕ ਮਤੇ ਵਿਚ ਜਦੋਂ ਜੋਗੀਆਂ ਨੇ ਫਰਜ਼ੀ ਬੰਦੇ ਕੋਲੋਂ ਬੁਲਾ ਕੇ ਦੈਵੀ ਗਵਾਹੀ ਪੁਆਉਣੀ ਤਾਂ ਗੁਰੂ ਦਾ ਪੱਖ ਲੈਣ ਵਾਲੇ ਸਿੱਖਾਂ ਨੇ ਦੱਸੀ ਗਈ ਚੀਜ਼ ਨੂੰ ਜਲਾ ਕੇ ਕਰਾਮਾਤੀ ਸਾਧੂ ਨੂੰ ਅੱਧ ਜਲੀ ਹਾਲਤ ਵਿਚ ਬਾਹਰ ਕੱਢ ਲਿਆ। ਇਸ ਨਾਲ ਦੈਵੀ ਸ਼ਕਤੀ ਵੱਲੋਂ ਬੋਲਦੇ ਬੋਹੜ ਦੀ ਥਾਂ ਸਾਰਿਆਂ ਨੂੰ ਇਹ ਪਤਾ ਲੱਗ ਗਿਆ ਕਿ ਇਹ ਧੋਖੇਬਾਜ਼ ਜੋਗੀ ਬੋਲ ਰਿਹਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਵੱਲੋਂ ਨਾਨਕ ਮਤੇ ਦੇ ਪਾਖੰਡੀ ਜੋਗੀ ਦਾ ਗੁਰੂ ਨੂੰ ਵੇਖ ਕੇ ਭੱਜ ਜਾਣਾ।[17] ਇਸੇ ਤਰ੍ਹਾਂ ਗੁਰੂ ਹਰਿ ਰਾਏ ਦੇ ਪੁੱਤਰ ਰਾਮ ਰਾਇ ਨੇ ਕੁੱਝ ਕਰਾਮਾਤਾਂ ਦਿਖਾ ਕੇ ਕੁੱਝ ਰਹੱਸ ਖੋਲ੍ਹ ਕੇ ਆਪਣੇ ਲਈ ਬਾਦਸ਼ਾਹ ਤੋਂ ਡੇਰਾਦੂਨ ਵਿਚ ਜਗੀਰ ਪ੍ਰਾਪਤ ਕਰ ਲਈ। ਕਰਾਮਾਤ ਜਾਂ ਜਾਦੂ ਅਗਿਆਨ ਉੱਤੇ ਨਿਰਭਰ ਹੈ। ਜਦੋਂ ਕੋਈ ਹੱਥ ਦੀ ਸਫ਼ਾਈ ਵਿਖਾਉਂਦਾ ਹੈ ਤਾਂ ਹਾਜ਼ਰ ਲੋਕਾਂ ਲਈ ਉਹ ਰਹੱਸ ਤੇ ਅਗਿਆਨ ਨਾਲ ਭਰਿਆ ਹੁੰਦਾ ਹੈ ਅਤੇ ਜਦੋਂ ਉਸਦਾ ਭੇਦ ਖੁੱਲ ਜਾਂਦਾ ਹੈ, ਤਾਂ ਹੱਥ ਦੀ ਸਫ਼ਾਈ ਦਿਖਾਉਣ ਵਾਲੇ ਬੰਦੇ ਨੂੰ ਮੁਨਾਸਿਬ ਫਲ ਮਿਲ ਜਾਂਦਾ ਹੈ। ਮਰੇ ਬੱਕਰੇ ਨੂੰ ਜਿਉਂਦਿਆਂ ਕਰਨ ਦੀ ਪ੍ਰਕਿਰਿਆ ਵਿਚ ਬਾਦਸ਼ਾਹ ਦੇ ਪੀਰ ਦਾ ਭੇਦ ਖੋਲ੍ਹਿਆ ਗਿਆ।[18]

ਇਤਿਹਾਸ ਬਾਰੇ ਸਮਝ ਲਈ ਉਸ ਰਾਹੀਂ ਪੇਸ਼ ਕੀਤੀ ਗਈ ਗਵਾਹੀ ਦਾ ਸਰੂਪ ਵੇਖਿਆ ਜਾ ਸਕਦਾ ਹੈ। ਉਸ ਨੇ ਨੰਦੇੜ ਵਿਚ ਗੁਰੂ-ਸਥਾਨ ਪ੍ਰਗਟ ਕਰਨ ਲਈ ਹੋਮ ਦਾ ਕੁੰਡ ਤੇ ਪੂਜਾ ਦੇ ਬਰਤਨ ਦੱਬੇ ਹੋਣ ਦੀ ਗਵਾਹੀ ਪੇਸ਼ ਕੀਤੀ ਹੈ।[19] ਇਹ ਗਵਾਹੀ ਵਰਤਮਾਨ ਵਸਤੂ ਤੋਂ ਭੂਤ-ਕਾਲ ਦੀ ਘਟਨਾ ਦਾ ਪਤਾ ਲਗਾਉਣ ਦਾ ਜਤਨ ਹੈ।

---

[13] ਉਹੀ, ਪੰਨੇ 321/ੳ-323/ੳ.
[14] ਉਹੀ, ਪੰਨੇ 346/ਅ-347/ੳ.
[15] ਉਹੀ, ਪੰਨੇ 365/ੳ-367/ੳ.
[16] ਉਹੀ, ਪੰਨੇ 5/ੳ-8/ੳ.
[17] ਉਹੀ, ਪੰਨੇ 192/ੳ-195/ਅ, 297/ਅ-298/ਅ, 315/ੳ-317/ਅ.
[18] ਉਹੀ, ਪੰਨੇ 350/ੳ-355/ੳ.
[19] ਮਹਿਮਾ ਪ੍ਰਕਾਸ਼, ਪੰਨਾ 456/ੳ.

ਪੰਜਾਬੀ ਦੀਆਂ ਸਾਖੀ ਰੂਪੀ ਰਚਨਾਵਾਂ ਗੁਰਬਿਲਾਸ, ਵਾਰਾਂ ਤੇ ਫ਼ਾਰਸੀ ਰਚਨਾਵਾਂ ਵਿਚੋਂ ਅਠਾਰ੍ਹਵੀਂ ਸਦੀ ਦੀ ਇਕ ਖ਼ਾਸ ਸਮੱਸਿਆ ਬਾਰੇ ਪਤਾ ਲੱਗਦਾ ਹੈ। ਕੰਪਨੀ ਵੱਲੋਂ ਦਿੱਲੀ ਸਮੇਤ ਹਿੰਦੁਸਤਾਨ 'ਤੇ ਕਬਜ਼ਾ ਕਰਨ ਵਾਸਤੇ ਵਿਰਾਸਤ ਦਾ ਦਾਵ੍ਹਾ ਹੈ। ਇਕ ਗੱਲ ਜਿਹਾ ਕਿ ਇਨ੍ਹਾਂ ਰਚਨਾਵਾਂ ਤੋਂ ਪਤਾ ਲਗਦਾ ਹੈ, ਜਿਸ ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੇ ਕੰਮਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਦੋ ਤਰ੍ਹਾਂ ਦੇ ਲੋਕ ਸਨ। ਇਹ ਵੰਡ ਫ਼ਿਰਕੂ ਆਧਾਰ 'ਤੇ ਹੈ। ਰਵਾਇਤਾਂ, ਕਾਰ-ਵਿਹਾਰ, ਵਿਚਾਰਧਾਰਾ ਇਨ੍ਹਾਂ ਸਾਰੇ ਪੱਖਾਂ ਤੋਂ ਹਿੰਦੂ ਅਤੇ ਮੁਸਲਮਾਨ ਅਲੱਗ-ਅਲੱਗ ਜਾਪਦੇ ਹਨ। ਸਿੱਖਾਂ ਨਾਲ ਇਨ੍ਹਾਂ ਦੀ ਬਰਾਬਰ ਦੀ ਦੁਸ਼ਮਣੀ ਜਾਪਦੀ ਹੈ। ਜਿਸ ਕਰਕੇ ਕੁੱਝ ਹੇਠ ਲਿਖੇ ਵਿਸ਼ਵਾਸ ਸਾਡੇ ਸਾਹਮਣੇ ਆਉਂਦੇ ਹਨ ਜੋ ਵਿਸ਼ਵਾਸ ਤੋਂ ਤੱਥ ਦਾ ਰੂਪ ਵੀ ਧਾਰਣ ਕਰੀ ਬੈਠੇ ਹਨ। ਜਿਵੇਂ ਗੁਰੂ ਅਰਜਨ ਦੇਵ ਦੀ ਸ਼ਹੀਦੀ ਵਿਚ ਚੰਦੂ ਤੇ ਪ੍ਰਿਥੀਏ ਦਾ ਹੱਥ[20] ਗੁਰੂ ਹਰਿਗੋਬਿੰਦ ਰਾਹੀਂ ਕੀਤੇ ਵਿਕਾਸ ਕਾਰਜਾਂ ਨੂੰ ਪਾਸੇ ਰੱਖਣ ਦਾ ਯਤਨ ਤੇ ਇਨ੍ਹਾਂ ਨੂੰ ਦੁੱਖ ਦੇਣ ਵਿਚ ਪ੍ਰਿਥੀਏ ਤੇ ਚੰਦੂ ਦਾ ਹੱਥ, ਹਾਲਾਤ ਦੇ ਅਨੁਕੂਲ ਗੁਰੂ ਸਾਹਿਬ ਚੰਦੂ ਤੋਂ ਬਦਲਾ ਵੀ ਲੈਂਦੇ ਹਨ ਅਤੇ ਉਸਦੀ ਗੁਰੂ ਹਰਿਗੋਬਿੰਦ ਵਾਲੀ ਜਗੀਰ ਤੇ ਕਬਜ਼ਾ ਵੀ ਕਰਦੇ ਹਨ।[21] ਗੁਰੂ ਗੋਬਿੰਦ ਸਿੰਘ ਦੇ ਮੁਗ਼ਲਾਂ ਵਿਰੁੱਧ ਸੰਘਰਸ਼ ਨੂੰ ਪਹਿਲੇ ਪੜਾਅ ਉੱਤੇ ਪਹਾੜੀ ਜਗੀਰਦਾਰਾਂ ਦੇ ਵਿਰੁੱਧ ਦਰਸਾਇਆ ਗਿਆ ਹੈ ਪਰ ਆਖ਼ੀਰ ਵਿਚ ਇਹ ਸੰਘਰਸ਼ ਮੁਗ਼ਲ ਹਕੂਮਤ ਵਿਰੁੱਧ ਬਣ ਜਾਂਦਾ ਹੈ।[22] ਦੂਜਾ ਫ਼ਾਰਸੀ ਸਰੋਤਕਾਰ ਗੁਰੂ ਹਰਿਗੋਬਿੰਦ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਤੇ ਬੰਦਾ ਸਿੰਘ ਬਹਾਦਰ ਇਨ੍ਹਾਂ ਵਿਚਕਾਰ ਅੰਤਰ ਕਰਨ ਦੀ ਘੱਟ ਹੀ ਕੋਸ਼ਿਸ਼ ਕਰਦੇ ਹਨ। ਸਰੋਤਕਾਰਾਂ ਅਨੁਸਾਰ ਜਿਸਦੀ ਉਹ ਜੀਵਨੀ ਘੜ ਰਹੇ ਹੋਣ ਉਸਦੇ ਦੂਜਿਆ ਨਾਲੋਂ ਅੰਤਰ ਘੱਟ-ਵੱਧ ਹੀ ਜਾਣਦੇ ਹਨ। ਖ਼ਾਸ ਤੌਰ 'ਤੇ ਗੁਰੂ ਗੋਬਿੰਦ ਸਿੰਘ ਤੇ ਬੰਦਾ ਸਿੰਘ ਬਹਾਦਰ ਵਿਚਕਾਰ ਇਹ ਦੱਸਣ ਦੀ ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਆਪਣੇ ਪਿਤਾ ਦੀ ਸ਼ਹੀਦੀ ਦੇ ਬਦਲੇ ਨੂੰ ਸਾਹਮਣੇ ਰੱਖਦੇ ਹਨ।[23] ਇਉਂ ਅਠਾਰ੍ਹਵੀਂ ਸਦੀ ਅਤੇ ਮੁੱਢਲੀ ਉਨ੍ਹੀਵੀਂ ਸਦੀ ਵਿਚ ਲਿਖੇ ਗਏ ਤੁਜ਼ਕਿ, ਇਕਬਾਲਨਾਮਾ, ਮੁਆਸਰਿ ਤਵਾਰੀਖ਼, ਸ਼ਾਹਨਾਮਾ, ਆਦਿ ਮਿਲਦੇ ਹਨ। ਇਸ ਵਿਸ਼ੇ ਤੇ ਜ਼ਿਆਦਾ ਮਦਦ ਤੁਜ਼ਕਿ ਜ਼ਹਾਂਗੀਰੀ, ਸ਼ਾਹਜ਼ਹਾਨਨਾਮਾ, ਬਾਦਸ਼ਾਹਨਾਮਾ, ਆਦਿ ਅਤੇ ਖ਼ਾਸ ਕਰਕੇ ਬੰਦਾ ਸਿੰਘ ਬਹਾਦਰ ਦੇ ਸਮੇਂ ਦੀਆਂ ਰਚਨਾਵਾਂ ਇਸ ਬਦਲੇ ਦੀ ਭਾਵਨਾ ਨਾਲ ਵਧੇਰੇ ਪਰੋਈਆਂ ਗਈਆਂ ਹਨ।[24] ਫ਼ਾਰਸੀ ਤੇ ਪੰਜਾਬੀ ਰਚਨਾਵਾਂ ਨੂੰ ਆਹਮੋ-ਸਾਹਮਣੇ ਕਰ ਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਫ਼ਾਰਸੀ ਰਚਨਾਵਾਂ ਵਿਚ ਬਦਲੇ ਦੀ ਭਾਵਨਾ ਸਮੋਈ ਹੋਈ ਹੈ ਅਤੇ ਪੰਜਾਬੀ ਰਚਨਾਵਾਂ ਕਰਮਕਾਂਡ ਅਤੇ ਦੈਵੀ ਪੂਜਾ, ਆਦਿ ਨਾਲ ਓਤ-ਪੋਤ ਹਨ। ਇਸ ਲਈ ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਰਚਨਾਵਾਂ ਵਿਚੋਂ ਇਤਿਹਾਸਿਕ ਤੱਥ ਲੱਭਣੇ ਔਖੀ ਖੇਡ ਹੈ। ਜੋ ਤੱਥ ਮਿਲਦੇ ਹਨ, ਉਨ੍ਹਾਂ ਦੀ ਵਿਆਖਿਆ ਫ਼ਿਰਕਾਪ੍ਰਸਤੀ ਦੇ ਪੱਖੋਂ ਵੀ ਹੋ ਸਕਦੀ ਹੈ ਅਤੇ ਇਸ ਤੋਂ ਨਾ ਕੇਵਲ ਮੁਗ਼ਲ ਹਾਕਮਾਂ ਦਾ ਸਗੋਂ ਕੰਪਨੀ ਦੇ ਹਾਕਮਾਂ ਦਾ ਵੀ ਵਤੀਰਾ ਸਾਹਮਣੇ ਆਉਂਦਾ ਹੈ। ਇਨ੍ਹਾਂ ਫ਼ਿਰਕਾਪ੍ਰਸਤ ਤੇ ਕਰਮਕਾਂਡੀ ਸਾਖੀਕਾਰਾਂ ਦੀ ਸਮੱਸਿਆ ਸਿੱਖ

---

[20] ਉਹੀ, ਪੰਨੇ 390/ਅ-392/.
[21] ਉਹੀ, ਪੰਨੇ 393/ਅ-394/ਅ.
[22] ਉਹੀ, ਪੰਨੇ 439/ਅ-448/ਅ.
[23] Sohan Lal Suri, *Umdat-ut-Tawarikh (Daftar 1), R-112,* p. 54 ਪੰਨਾ 54.
[24] ਬਲਵੰਤ ਸਿੰਘ ਢਿੱਲੋਂ, ਬੰਦਾ ਸਿੰਘ ਬਹਾਦਰ ਫ਼ਾਰਸੀ ਸਰੋਤ, ਪੰਨੇ 1-26 (ਭੂਮਿਕਾ).

ਮਿਸਲਦਾਰਾਂ ਦੀਆਂ ਪ੍ਰਾਪਤੀਆਂ ਤੋਂ ਲੱਭਦੀ ਹੈ। ਇਨ੍ਹਾਂ ਮਿਸਲਦਾਰਾਂ ਨੂੰ ਨਾ ਮੁਗ਼ਲ, ਨਾ ਅਫ਼ਗਾਨ ਹਮਲਾਵਰ ਅਤੇ ਨਾ ਹੀ ਕੰਪਨੀ ਦੇ ਅਹਿਲਕਾਰ ਤੇ ਅਫ਼ਸਰ ਠੀਕ ਸਮਝਦੇ ਸਨ। ਕੰਪਨੀ ਵਾਸਤੇ ਦੁੱਖ ਭਰੀ ਗੱਲ ਇਹ ਹੈ ਕਿ ਜੇ ਮਿਸਲਦਾਰ ਤੇ ਰਣਜੀਤ ਸਿੰਘ ਨਾ ਹੋਣ ਤਾਂ ਉਨ੍ਹਾਂ ਨੇ 1800 ਈ. ਦੇ ਮੁੱਢ ਵਿਚ ਹੀ ਪੰਜਾਬ ਦੀ ਧਰਤੀ ਨੂੰ ਲਾਲ ਕਰ ਦੇਣਾ ਸੀ। ਪੰਜਾਬ ਘੱਟੋ-ਘੱਟ ਪੰਜਾਹ ਸਾਲ ਬਾਅਦ ਗ਼ੁਲਾਮ ਹੋਇਆ ਤੇ ਕਰਮਕਾਂਡੀ ਲੇਖਕ ਇਸ ਤਰ੍ਹਾਂ ਖ਼ੁਸ਼ ਹੁੰਦੇ ਹਨ ਕਿ ਅੰਗਰੇਜ਼ੀ ਰਾਜ ਦੀ ਕਾਇਮੀ ਦੇ ਬਾਅਦ ਉਨ੍ਹਾਂ ਨੇ ਸਿੱਖਾਂ ਦੇ ਘਰਾਂ ਵਿਚ ਕਰਮਕਾਂਡ ਦਾਖ਼ਲ ਕਰ ਦਿੱਤਾ। ਇਤਿਹਾਸ ਬਾਰੇ ਸਮਝ ਲਈ ਆਪਾਂ ਤੱਥ ਦੀ ਗੱਲ ਕੀਤੀ ਹੈ। ਕੁਝ ਤੱਥ ਇਸ ਤਰ੍ਹਾਂ ਵੇਖੇ ਜਾ ਸਕਦੇ ਹਨ

1) ਗੁਰੂ ਨਾਨਕ ਦੇਵ ਵੱਲੋਂ ਉਜੜਿਆ ਖੇਤ ਹਰਾ ਕਰਨਾ।[25]
2) ਗੁਰੂ ਨਾਨਕ ਨੇ ਮੱਕਾ ਫੇਰਿਆ।[26]
3) ਗੁਰੂ ਅਮਰਦਾਸ ਦੇ ਪੈਰਾਂ ਨਾਲ ਵੱਜ ਕੇ ਮੁਰਦਾ ਜਿਉਂਦਾ ਹੋ ਗਿਆ।[27]
4) ਕਸ਼ਮੀਰੀ ਪੰਡਤਾਂ ਦੀ ਰਾਖੀ ਵਾਸਤੇ ਗੁਰੂ ਤੇਗ ਬਹਾਦਰ ਨੇ ਸ਼ਹੀਦੀ ਦਿੱਤੀ।[28]
5) ਮਹਾਰਾਜਾ ਰਣਜੀਤ ਸਿੰਘ ਨੇ ਹੜ ਵਿਚ ਆਏ ਅਟਕ ਦਰਿਆ ਨੂੰ ਪਾਰ ਕੀਤਾ।[29]
6) ਸਭਰਾਉ ਦੀ ਜਿੱਤ ਤੋਂ ਬਾਅਦ ਕੰਪਨੀ ਦੀ ਫ਼ੌਜ ਨੇ ਸਤਲੁਜ ਪਾਰ ਕਰਕੇ ਲਾਹੌਰ ਤੇ ਕਬਜ਼ਾ ਕੀਤਾ।[30]

ਇਹ ਸਾਰੇ ਤੱਥ ਅਸਲ ਵਿਚ ਤੱਥ ਨਹੀਂ ਜਾਂ ਮੰਨੇ ਜਾਂਦੇ ਤੱਥ ਨਹੀਂ। ਇਨ੍ਹਾਂ ਦੀ ਵਿਆਖਿਆ ਦੀ ਲੋੜ ਹੈ ਜਿਵੇਂ ਕਿਹਾ ਗਿਆ ਹੈ ਕਿ ਤੱਥ ਇਕ ਬੋਰੀ ਹੁੰਦੇ ਹਨ ਅਤੇ ਬੋਰੀ ਸਿੱਧੀ ਕਰਨ ਵਾਸਤੇ ਉਨ੍ਹਾਂ ਵਿਚ ਵਿਆਖਿਆ ਪਾਉਣੀ ਪੈਂਦੀ ਹੈ। ਤੱਥ ਬੋਲਦੇ ਨਹੀਂ ਬੁਲਾਉਣੇ ਪੈਂਦੇ ਹਨ।[31] ਸਮਕਾਲੀ ਪ੍ਰਸਥਿਤੀਆਂ ਨੂੰ ਧਿਆਨ ਵਿਚ ਰੱਖ ਕੇ ਇਨ੍ਹਾਂ ਤੱਥਾਂ ਦੀ ਵਿਆਖਿਆ ਕਰਨੀ ਬਣਦੀ ਹੈ।

ਇਹ ਸਾਰੀ ਵਿਆਖਿਆ ਵਿਭਿੰਨ ਪੱਖਾਂ ਤੋਂ ਇਤਿਹਾਸ ਘੜਣ ਦੇ ਕੰਮ ਆਉਂਦੀ ਹੈ। ਸੱਪ ਨੇ ਛਾਂ ਕੀਤੀ ਵੈਸ਼ਨਵਾਂ ਵਿਚੋਂ ਨਵੇਂ ਬਣੇ ਸਿੱਖਾਂ ਦੇ ਕੰਮ ਦੀ ਹੈ। ਉਹ ਸਿੱਖ ਆਖ ਸਕਦੇ ਹਨ ਕਿ ਕੀ ਹੋਇਆ? ਜੇ ਵਿਸ਼ਨੂੰ ਸ਼ੇਸ਼ਨਾਗ 'ਤੇ ਬੈਠਾ ਹੈ ਸਾਡੇ ਗੁਰੂ ਤੇ ਤਾਂ ਸ਼ੈਸ਼ਨਾਗ ਨੇ ਛਾਂ ਕੀਤੀ ਸੀ। ਮਿੱਥ ਵਿਚੋਂ ਲਈ ਗਈ ਇਹ ਗਵਾਹੀ ਸਿੱਖ ਧਰਮ ਦੀ ਮਾਨਤਾ ਲਈ ਪ੍ਰਸੰਸਾਯੋਗ ਹੈ। ਮੱਕਾ ਫਿਰਨ ਵਾਲੀ ਸਾਖੀ ਨਾਮਦੇਵ ਵਾਸਤੇ ਦੇਹੁਰਾ ਫਿਰਨ ਵਾਲੀ ਹੈ। ਇਹ ਅਸਲ ਵਿਚ ਇਮਾਰਤ ਨਹੀਂ ਫਿਰਦੀ, ਬੇਅਰਥ ਕਰਮਕਾਂਡ ਦੀ ਮੰਨਤਾ ਤੇ ਸੱਟ ਵੱਜਦੀ ਹੈ। ਗੱਲ ਇਹ ਹੈ ਕਿ ਕੋਈ ਵੀ ਚੀਜ਼, ਇਮਾਰਤ ਫਿਰਦੀ ਹੈ ਕਿ ਉਹ ਦੱਸਦੀ ਹੈ ਕਿ ਪੰਡਿਆਂ ਤੇ ਕਾਜ਼ੀਆਂ ਦਾ ਅੰਧ-ਵਿਸ਼ਵਾਸੀ ਧਰਮ ਪਿੱਛੇ ਰਹਿ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਰਾਹੀਂ ਅਟਕ ਦਰਿਆ ਨੂੰ ਪਾਰ ਕਰਨ ਦੀ ਵਿਆਖਿਆ ਕੋਈ ਮੁਸ਼ਕਿਲ ਨਹੀਂ ਹੈ, ਦਰਿਆ ਤਾਂ ਉਨ੍ਹਾਂ ਨੇ ਪਾਰ

---

[25] ਮਹਿਮਾ ਪ੍ਰਕਾਸ਼, ਪੰਨੇ 7/ਅ-8/ੳ.
[26] ਉਹੀ, ਪੰਨੇ 119/ੳ-119/ਅ.
[27] ਉਹੀ, ਪੰਨੇ 241/ੳ,ਅ.
[28] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ ਪਹਿਲਾ), ਪੰਨਾ 723.
[29] ਜੋਗਿੰਦਰ ਸਿੰਘ ਕੈਰੋਂ, ਬਾਤਾਂ ਸ਼ੇਰੇ ਪੰਜਾਬ ਦੀਆਂ, ਪੰਨੇ 32-33.
[30] ਗੰਡਾ ਸਿੰਘ, ਪੰਜਾਬ ਦੀਆਂ ਵਾਰਾਂ, ਪੰਨੇ 151-153.
[31] E.H. Carr, *What is History,* p. 12-13.

ਕੀਤਾ ਹੀ ਸੀ ਪਰ ਵਿਆਖਿਆ ਦੱਸਦੀ ਹੈ ਕਿ ਜੋ ਬੰਦਾ ਹਿੰਮਤ ਧਾਰ ਕੇ ਕੁੱਦ ਪੈਂਦਾ ਹੈ, ਉਸਨੂੰ ਕਾਮਯਾਬੀ ਜ਼ਰੂਰ ਹੁੰਦੀ ਹੈ। ਮਹਾਰਾਜੇ ਦੀ ਕਾਮਯਾਬੀ ਸੁਤੰਤਰਤਾ ਪ੍ਰਾਪਤ ਕਰਨ ਵਾਲੇ ਯੋਧਿਆਂ ਦੀ ਹੈ।

ਕਾਰਣਤਾ ਦਾ ਸਿੱਧਾਂਤ ਬਹੁਤ ਜ਼ਰੂਰੀ ਹੈ। ਤੱਥ ਕੀ ਹੈ ਤੇ ਕਿਉਂ ਹੈ? ਇਹ ਸਮੱਸਿਆ ਕਾਰਣਤਾ ਦੀ ਹੈ। ਅਠਾਰ੍ਹਵੀਂ ਸਦੀ ਵਿਚ ਤਰਕ ਦੀ ਰੁਚੀ ਪੈਦਾ ਹੋ ਰਹੀ ਸੀ। ਇਸ ਸਮੇਂ ਦੇ ਕੋਈ ਬਹੁਤੇ ਰਚਨਾਕਾਰਾਂ ਦਾ ਪਤਾ ਨਹੀਂ ਲੱਗਦਾ ਪਰ ਜੋ ਮਿਲਦੇ ਹਨ, ਉਨ੍ਹਾਂ ਵਿਚ ਕੇਸਰ ਸਿੰਘ ਛਿੱਬਰ ਹਰ ਘਟਨਾ ਦੇ ਕਾਰਣ ਨੂੰ ਲੱਭਦਾ ਹੈ। ਬਹੁਤ ਥੋੜੀਆਂ ਥਾਂਵਾਂ ਤੇ ਕੇਸਰ ਸਿੰਘ ਛਿੱਬਰ ਸਹੀ ਕਾਰਣ ਦੇ ਸਕਿਆ ਹੈ। ਉਸਦੇ ਜ਼ਿਆਦਾਤਰ ਕਾਰਣ ਗ਼ਲਤ ਹੁੰਦੇ ਹਨ। ਜਿੱਥੇ ਕੇਸਰ ਸਿੰਘ ਨੂੰ ਕਿਸੇ ਘਟਨਾ ਦੇ ਕਾਰਣ ਦਾ ਪਤਾ ਨਹੀਂ ਲੱਗਦਾ ਉੱਥੇ ਉਹ ਆਪਣੇ ਕਾਰਣ ਘੜ ਲੈਂਦਾ ਹੈ। ਉਦਾਹਰਣ ਵਜੋਂ ਇਕ ਘਟਨਾ ਲੈਂਦੇ ਹਾਂ– ਜਿਵੇਂ ਗੁਰੂ ਤੇਗ ਬਹਾਦਰ ਨਾਲ ਦੇ ਸਿੱਖਾਂ ਨੂੰ ਆਪਣੀ ਸ਼ਹੀਦੀ ਬਾਰੇ ਦੱਸਦੇ ਹਨ ਕਿ ਮਿਥਲਾ ਦੇਸ਼ ਵਿਚ ਜਨਕਪੁਰ ਵਿਚ ਉਹ ਰਾਮ ਸਰਨ ਸ਼ਾਹੂਕਾਰ ਦੇ ਪੁੱਤਰ ਸਨ। ਇਨ੍ਹਾਂ ਨੇ ਭੁਲੇਖੇ ਨਾਲ ਕੱਛੂਕੁੰਮਾ ਮਾਰ ਦਿੱਤਾ ਜੋ ਔਰੰਗੇ ਦੇ ਰੂਪ ਵਿਚ ਬਦਲਾ ਲੈ ਰਿਹਾ ਹੈ।[32] ਕਾਰਣ ਇਕ ਤੌਰ ਤੇ ਦੋ ਤਰ੍ਹਾਂ ਦੇ ਹੁੰਦੇ ਹਨ, ਇਕ ਫੌਰੀ ਕਾਰਣ ਅਤੇ ਦੂਜਾ ਆਧਾਰਿਤ ਕਾਰਣ। ਫੌਰੀ ਕਾਰਣ ਉਹ ਹੈ ਕਿ ਜਿਸ ਦੇ ਛਿੜ ਜਾਣ ਨਾਲ ਸਿੱਟੇ ਵਾਲੀ ਘਟਨਾ ਵਾਪਰ ਜਾਂਦੀ ਹੈ। ਜਿਵੇਂ 1857 ਵਿਚ ਮੇਰਠ ਛਾਉਣੀ ਵਿਚ ਚਰਬੀ ਵਾਲੇ ਕਾਰਤੂਸਾਂ ਕਰਕੇ ਸਿਪਾਹੀਆਂ ਵਿਚ ਬਗ਼ਾਵਤ ਹੋ ਗਈ।[33] ਦੂਜਾ ਆਧਾਰਿਤ ਕਾਰਣ ਹੈ ਜਿਵੇਂ ਖ਼ਾਲਸਾ ਸਿਰਜਣਾ ਪੰਥ ਦੇ ਵਿਕਾਸ ਨਾਲ ਸੰਬੰਧਿਤ ਹੈ। ਅਹਿਮਦ ਸ਼ਾਹ ਅਬਦਾਲੀ ਰਾਹੀਂ ਕੀਤੇ ਗਏ ਵੱਡੇ ਘੱਲੂਘਾਰੇ ਵਿਚ ਫੌਰੀ ਕਾਰਣ ਜੰਡਿਆਲਾ ਗੁਰੂ ਦੇ ਮਹੰਤ ਵੱਲੋਂ ਅਬਦਾਲੀ ਨੂੰ ਬੁਲਾਉਣਾ ਸੀ।[34]

ਇਕ ਘਟਨਾ ਦਾ ਕੋਈ ਇਕ ਕਾਰਣ ਨਹੀਂ ਹੁੰਦਾ। ਦੋ ਜਾਂ ਦੋ ਤੋਂ ਵੱਧ ਕਾਰਣ ਜੁੜ ਕੇ ਸਿੱਟੇ ਵਾਲੀ ਘਟਨਾ ਦਾ ਰੂਪ ਧਾਰਣ ਕਰ ਲੈਂਦੇ ਹਨ। ਉਦਾਹਰਣ ਵਜੋਂ ਅਸੀਂ ਕੁੱਝ ਘਟਨਾਵਾਂ ਲੈਂਦੇ ਹਾਂ–

ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਕੋਈ ਚਾਰ ਕਾਰਣ ਹਨ–

1) ਬਾਦਸ਼ਾਹ ਜ਼ਹਾਂਗੀਰ ਦੀ ਧਾਰਮਿਕ ਨੀਤੀ।
2) ਕਰਮਕਾਂਡੀ ਆਗੂਆਂ (ਬ੍ਰਹਮਣਾਂ) ਤੇ ਮੁੱਲਿਆਂ ਦਾ ਵਿਰੋਧ।
3) ਚੰਦੂ ਦੀ ਸਾਜ਼ਿਸ਼।
4) ਖ਼ੁਸਰੋ ਦੀ ਬਗ਼ਾਵਤ।

ਗੁਰੂ ਗੋਬਿੰਦ ਸਿੰਘ ਰਾਹੀਂ ਖ਼ਾਲਸਾ ਸਿਰਜਣਾ–

1) ਸਿੱਖ ਧਰਮ ਦਾ ਵਿਕਾਸ ਅਤੇ ਵਖਰੇਵੇਂ ਦੀ ਲੋੜ।
2) ਹਥਿਆਰਬੰਦ ਸੰਘਰਸ਼ ਦੀ ਜ਼ਰੂਰਤ।
3) ਸਿੱਖ ਸੰਗਤਾਂ ਦੇ ਸੰਗਠਨ ਵਿਚ ਸੁਧਾਰ।
4) ਮਸੰਦ ਸੰਸਥਾ ਦਾ ਖ਼ਾਤਮਾ।

---

[32] ਰਾਇਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 72-73 (ਮਤਨ).
[33] ਸੁਰਿੰਦਰ ਨਾਥ ਸੇਨ, 1857, ਪੰਨੇ 1-3.
[34] ਗੰਡਾ ਸਿੰਘ, ਸਿੱਖ ਇਤਿਹਾਸ, ਪੰਨੇ 191-192.

5) ਪਿਤਾ ਦੀ ਮੌਤ ਦਾ ਬਦਲਾ।

6) ਇਸਲਾਮ/ਇਸਲਾਮੀ ਰਾਜ ਨੂੰ ਖ਼ਤਮ ਕਰਨ ਦੀ ਤੀਬਰ ਇੱਛਾ।

ਬੰਦਾ ਸਿੰਘ ਬਹਾਦਰ ਦੀ ਅਖੌਤੀ ਹਾਰ ਤੇ ਸ਼ਹੀਦੀ–

1) ਮੁਗ਼ਲ ਰਾਜ ਦੀ ਮਜ਼ਬੂਤੀ।

2) ਮਾਤਾ ਸੁੰਦਰੀ ਦੇ ਪਾਲਤ ਪੁੱਤਰ ਅਜੀਤ ਸਿੰਘ ਦੀ ਭੂਮਿਕਾ।

3) ਤੱਤ ਖ਼ਾਲਸਾ ਦੀ ਭੂਮਿਕਾ।

ਐਂਗਲੋ ਸਿੱਖ ਲੜਾਈਆਂ ਵਿਚ ਅਖੌਤੀ ਹਾਰ–

1) ਰਣਜੀਤ ਸਿੰਘ ਦੇ ਉੱਤਰਾਧਿਕਾਰੀਆਂ ਦੇ ਕਤਲ।

2) ਧਿਆਨ ਸਿੰਘ, ਹੀਰਾ ਸਿੰਘ ਤੇ ਡੋਗਰਿਆਂ ਦੀ ਭੂਮਿਕਾ।

3) ਫ਼ੌਜ ਦਾ ਬੇ-ਮੁਹਾਰਾਪਣ।

4) ਸੰਧਾਵਾਲੀਆ ਸਰਦਾਰਾਂ ਦਾ ਰੋਲ।

5) ਸਤਲੁਜ ਦੱਖਣ ਦੇ ਪੰਜਾਬੀ ਇਲਾਕਿਆਂ ਉੱਤੇ ਈਸਟ ਇੰਡੀਆ ਕੰਪਨੀ ਦਾ ਕਬਜ਼ਾ।

6) ਸੈਨਿਕ ਨੇਤਾਵਾਂ ਤੇਜਾ ਸਿੰਘ ਤੇ ਪਹਾੜਾ ਸਿੰਘ ਦੀ ਗ਼ਦਾਰੀ।

7) ਰਾਣੀ ਜਿੰਦਾਂ ਦੀ ਕਥਿਤ ਭੂਮਿਕਾ।

ਜੇ ਅਸੀਂ ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਕਾਰਣਾਂ ਤੇ ਵਿਚਾਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਖ਼ੁਸਰੋ ਦੀ ਬਗ਼ਾਵਤ ਫੌਰੀ ਕਾਰਣ ਬਣਿਆ। ਜਿੱਥੋਂ ਤੱਕ ਚੰਦੂ ਦਾ ਸਵਾਲ ਹੈ ਉਹ ਉਸ ਵੇਲੇ ਦੀ ਸਰਕਾਰ ਵਿਚ ਮਹੱਵਤਪੂਰਨ ਵਿਅਕਤੀ ਨਹੀਂ ਸੀ, ਨਹੀਂ ਤਾਂ ਉਸਦਾ ਬਾਦਸ਼ਾਹ ਦੇ ਮਨਸਬਦਾਰਾਂ ਵਿਚ ਨਾਮ ਆ ਜਾਣਾ ਸੀ। ਹੋਰ ਕਾਰਣ ਸਮੇਂ ਦੀਆਂ ਪ੍ਰਸਥਿਤੀਆਂ ਤੇ ਵਿਅਕਤੀ ਦੇ ਆਪਣੇ ਵਿਸ਼ੇਸ਼ਤਾਈਆਂ ਉੱਪਰ ਨਿਰਭਰ ਹੁੰਦੇ ਸਨ। ਜਿਵੇਂ ਕਰਮਕਾਂਡੀ ਅਕਾਲੀ ਆਗੂਆਂ ਤੇ ਮੁਲਾਨਿਆਂ ਦਾ ਵਿਰੋਧ ਜ਼ਰੂਰੀ ਕਾਰਣਾਂ ਵਿਚੋਂ ਹੈ ਕਿਉਂਕਿ ਇਹ ਅਸਲ ਵਿਚ ਗੁਰੂ ਸਾਹਿਬ ਦੇ ਤੇ ਉਨ੍ਹਾਂ ਦੀ ਵਿਚਾਰਧਾਰਾ ਦੇ ਅਸਲ ਵਿਰੋਧੀ ਸਨ। ਮੁੱਖ ਕਾਰਣ ਨਾ ਤਾਂ ਪ੍ਰਿਥੀਏ ਦਾ ਵਿਰੋਧ ਹੈ ਅਤੇ ਨਾ ਚੰਦੂ ਦੀ ਸਾਜ਼ਿਸ਼ ਹੈ ਬਲਕਿ ਸਿੱਖ ਪੰਥ ਦਾ ਵਿਕਾਸ ਹੋ ਜਾਣਾ ਹੀ ਕਾਰਣ ਬਣਿਆ ਹੈ। ਕਿਉਂਕਿ ਜ਼ਹਾਂਗੀਰ ਖ਼ੁਦ ਕਹਿੰਦਾ ਹੈ ਕਿ ਬੜੇ ਚਿਰ ਤੋਂ ਮੈਂ ਇਸ ਝੂਠ ਦੀ ਦੁਕਾਨ ਨੂੰ ਪਣਪਦਿਆਂ ਵੇਖਿਆ ਹੈ, ਹੁਣ ਜਾਂ ਮੈਂ ਇਸਨੂੰ ਜਾਂ ਇਸਲਾਮ ਵਿਚ ਲੈ ਆਵਾਂ ਜਾਂ ਬੰਦ ਕਰਵਾ ਦਿਆਂ। ਹੁਣ ਇਹ ਝੂਠ ਦੀ ਦੁਕਾਨ ਵਿਚ ਲੋਕਾਂ ਦੀ ਭਲਾਈ ਦੀ ਗੱਲ ਕੀਤੀ ਗਈ ਹੈ, ਜ਼ਹਾਂਗੀਰ ਦੇ ਫ਼ਿਰਕਾਪ੍ਰਸਤ ਮਨ ਦੀ ਉਪਜ ਹੈ।[35] ਗੱਲ ਤਾਂ ਇਹ ਹੈ ਕਿ ਕਰਮਕਾਂਡ ਚੱਲੇ ਜਾਂ ਆਮ ਲੋਕਾਂ ਦੀ ਭਲਾਈ ਲਈ ਧਰਮ ਚੱਲੇ। ਇਸ ਤਰ੍ਹਾਂ ਘਟਨਾ ਦੇ ਅਸਲੀ ਕਾਰਣ ਤੇ ਉਸ ਤੋਂ ਅਗਾਂਹ ਖ਼ਾਸ ਮਹੱਤਵਪੂਰਨ ਕਾਰਣ ਸਾਹਮਣੇ ਆ ਜਾਂਦੇ ਹਨ। ਅਗਲੀਆਂ ਉਦਾਹਰਣਾਂ ਦਾ ਵੀ ਅਧਿਐਨ ਕੀਤਾ ਜਾ ਸਕਦਾ ਹੈ ਪਰ ਉਸ ਨਾਲ ਸਫ਼ਿਆਂ ਦੀ ਗਿਣਤੀ ਵੱਧ ਜਾਂਦੀ ਹੈ।

---

[35] ਗੰਡਾ ਸਿੰਘ, ਸਿੱਖ ਇਤਿਹਾਸ ਦੇ ਕੁੱਝ ਇਤਿਹਾਸਿਕ ਪੱਤਰੇ, ਪੰਨੇ 35-36.

ਇਸ ਲਈ ਮਹੱਤਵਪੂਰਨ ਕਾਰਣਾਂ ਦਾ ਤਰਤੀਬ ਅਨੁਸਾਰ ਪਤਾ ਲਗਾਇਆ ਜਾ ਸਕਦਾ ਹੈ ਅਤੇ ਇਨ੍ਹਾਂ ਦੀ ਲੜੀ ਵਿਚ ਪ੍ਰਮੁੱਖ ਕਾਰਣ, ਘੱਟ ਕਾਰਣ ਅਤੇ ਫੌਰੀ ਕਾਰਣ ਰੱਖੇ ਜਾ ਸਕਦੇ ਹਨ। ਕਾਰਣਾਂ ਦਾ ਸਾਧਾਰਨੀਕਰਣ ਹੋ ਸਕਦਾ ਹੈ। ਜਿਵੇਂ ਸਿੱਖ ਧਰਮ ਆਪਣੇ ਪੰਥ ਦੇ ਵਿਕਾਸ ਵਿਚ ਕਦਮ ਪੁੱਟਦਾ ਜਾਵੇਗਾ ਤੇ ਇਸ ਨਾਲ ਕਰਮਕਾਂਡੀਆਂ ਨੂੰ ਚਿੜ ਪੈਦਾ ਹੋਵੇਗੀ। ਜਿਵੇਂ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸਮੇਂ ਅਜਿਹੇ ਕਾਰਣ ਹੀ ਦੁਹਰਾਏ ਹੋਏ ਹਨ। ਗੁਰੂ ਸਾਹਿਬ ਦੀ ਸ਼ਹੀਦੀ ਵਿਚ ਕਸ਼ਮੀਰੀ ਪੰਡਤਾਂ ਦਾ ਧਰਮ ਦੀ ਰਾਖੀ ਲਈ ਅਨੰਦਪੁਰ ਆਉਣਾ ਫੌਰੀ ਕਾਰਣ ਹੈ।[36] ਜੇ ਕਸ਼ਮੀਰੀ ਪੰਡਤ ਨਾ ਵੀ ਆਉਂਦੇ ਤਾ ਇਹੋ ਜਿਹਾ ਫੌਰੀ ਕਾਰਣ ਹੋਰ ਵੀ ਬਣ ਸਕਦਾ ਸੀ। ਇਸਦਾ ਮੁੱਖ ਕਾਰਣ ਸ਼ੇਖ਼ ਅਹਿਮਦ ਸਰਹੰਦੀ ਦੇ ਉੱਤਰਾਧਿਕਾਰੀ ਸ਼ੇਖ਼ ਮਸੂਮ ਦੀਆਂ ਸਰਗਰਮੀਆਂ ਸਨ। ਸ਼ੇਖ਼ ਮਸੂਮ ਨੇ ਆਪਣੇ ਆਪ ਨੂੰ ਸਰਹਿੰਦ ਵਿਖੇ ਪੱਕਾ ਕੀਤਾ। ਉਹ ਨਹੀਂ ਚਾਹੁੰਦਾ ਸੀ ਕਿ ਉਸਦੇ ਇਲਾਕਿਆਂ ਦੇ ਨੇੜੇ-ਤੇੜੇ ਕੋਈ ਪ੍ਰਚਾਰ ਕਰੇ ਪਰ ਗੁਰੂ ਤੇਗ ਬਹਾਦਰ ਨੇ ਮਾਲਵੇ ਦੇ ਇਲਾਕੇ ਨੂੰ ਪ੍ਰਚਾਰ ਵਾਸਤੇ ਚੁਣਿਆ ਇਹ ਸ਼ੇਖ਼ ਮਸੂਮ ਵਾਸਤੇ ਸਿੱਧੀ ਚਿਤਾਵਨੀ ਸੀ ਕਿ ਉਸਦੇ ਇਲਾਕਿਆਂ ਵਿਚ ਗ਼ੈਰ ਮੁਸਲਮਾਨ ਬੰਦਾ ਪ੍ਰਚਾਰ ਕਰ ਜਾਵੇ। ਸ਼ੇਖ਼ ਅਹਿਮਦ ਸਰਹੰਦੀ ਦੇ ਪੋਤਰੇ (ਸ਼ੇਖ਼ ਮਸੂਮ) ਦਾ ਔਰੰਗਜ਼ੇਬ 'ਤੇ ਬੜਾ ਪ੍ਰਭਾਵ ਸੀ। ਔਰੰਗਜ਼ੇਬ ਸ਼ਹਿਜ਼ਾਦਾ ਹੋਣ ਦੇ ਸਮੇਂ ਸ਼ੇਖ਼ ਅਹਿਮਦ ਸਰਹੰਦੀ ਦੇ ਡੇਰੇ ਵਿਚ ਰਾਬਤਾ ਰੱਖਦਾ ਰਿਹਾ ਸੀ ਕਿਉਂਕਿ ਦਾਰਾ ਸ਼ਿਕੋਹ ਗੁਰੂ ਹਰਿ ਰਾਇ ਦਾ ਮੁਰੀਦ ਸੀ, ਜਿਨ੍ਹਾਂ ਨੇ ਮਾਲਵੇ ਵਿਚ ਕਾਫ਼ੀ ਪ੍ਰਚਾਰ ਕੀਤਾ ਸੀ ਤੇ ਉਸਦਾ ਭਰਾ ਔਰੰਗਜ਼ੇਬ ਸ਼ੇਖ਼ ਅਹਿਮਦ ਸਰਹੰਦੀ ਦੇ ਪੋਤਰੇ ਦਾ ਮੁਰੀਦ ਸੀ।[37]

ਸਭ ਤੋਂ ਮਹੱਤਵਪੂਰਨ ਕਾਰਣ ਸਿੱਖ ਪੰਥ ਦਾ ਨਿਸ਼ਚਿਤ ਹੱਦ ਤੱਕ ਵਿਕਾਸ ਸੀ, ਜਿਸ ਬਾਰੇ ਅਸੀਂ ਪਹਿਲਾਂ ਗੱਲ ਕਰ ਆਏ ਹਾਂ। ਇਸ ਲਈ ਅਸੀਂ ਦੇਖਿਆ ਹੈ ਕਿ ਕੁੱਝ ਕਾਰਣਾਂ ਦਾ ਸਾਧਾਰਣੀਕਰਨ ਕੀਤਾ ਜਾ ਸਕਦਾ ਹੈ ਪਰ ਫੌਰੀ ਕਾਰਣ ਦਾ ਨਹੀਂ। ਇਸ ਬਾਰੇ ਇਕ ਹੋਰ ਮਹੱਤਵਪੂਰਨ ਉਦਾਹਰਣ ਲਈ ਜਾਂਦੀ ਹੈ। ਅਸੀਂ ਪੁਸਤਕ ਇਤਿਹਾਸ ਕੀ ਹੈ? ਵਿਚੋਂ ਇਕ ਦੁਰਘਟਨਾਂ ਦੀ ਗੱਲ ਕਰਦੇ ਹਾਂ। ਸਿਗਰਟਨੋਸ਼ ਰੋਬਿਨਸਨ ਨੂੰ ਸਿਗਰਟ ਪੀਣ ਦੀ ਤਲਬ ਉੱਠੀ ਅਤੇ ਉਹ ਸਿਗਰਟ ਲੈਣ ਲਈ ਸੜਕੋਂ ਪਾਰ ਜਾਣ ਲੱਗਾ। ਜਦੋਂ ਉਹ ਸੜਕ ਦੇ ਵਿਚਕਾਰ ਸੀ ਤਾਂ ਉਹ ਇਕ ਤੇਜ਼ ਰਫ਼ਤਾਰ ਗੱਡੀ ਦੀ ਲਪੇਟ ਵਿਚ ਆ ਗਿਆ। ਇਸ ਵਿਚ ਦੋਸ਼ੀ ਬਾਰੇ ਇਕ ਮੀਟਿੰਗ ਬੁਲਾਈ ਗਈ, ਜਿਸ ਵਿਚ ਦੁਰਘਟਨਾ ਦੇ ਕਾਰਣਾਂ ਦਾ ਪਤਾ ਕੀਤਾ ਗਿਆ। ਉਪਰੋਕਤ ਦੱਸੇ ਗਏ ਕਾਰਣ ਵਿਚਾਰੇ ਜਾ ਰਹੇ ਸਨ ਕਿ ਦੋ ਆਦਮੀ ਆਏ ਤੇ ਕਹਿਣ ਲੱਗੇ ਕਿ ਰੋਬਿਨਸਨ ਦੀ ਮੌਤ ਦਾ ਕਾਰਣ ਸਿਗਰਟ ਪੀਣ ਦੀ ਤਲਬ ਦਾ ਹੋਣਾ ਸੀ। ਉਨ੍ਹਾਂ ਦੁਆਰਾਂ ਦਿੱਤੀਆਂ ਗਈਆਂ ਦਲੀਲਾਂ ਸੁਣੀਆਂ ਗਈਆਂ। ਅਖ਼ੀਰ ਵਿਚ ਉਨ੍ਹਾਂ ਦੇ ਵਿਚਾਰ ਰੱਦੇ ਗਏ। ਕੇਵਲ ਉਹੀ ਵਿਚਾਰ ਪ੍ਰਵਾਨ ਹੋਏ ਜਿਹੜੇ ਅਸੀਂ ਦੁਰਘਟਨਾ ਸੰਬੰਧੀ ਲਏ ਸਨ। ਇਸ ਲਈ ਸਹੀ ਦਲੀਲ 'ਤੇ ਆਧਾਰਿਤ ਗੱਡੀ ਤੇ ਡਰਾਈਵਰ ਦੇ ਨੁਕਸਾਂ ਕਰਕੇ ਦੁਰਘਟਨਾ ਹੋਈ ਨਾ ਕਿ ਰੋਬਿਨਸਨ ਦੀ ਤਲਬ

---

[36] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ ਪਹਿਲਾ), ਪੰਨਾ 723.

[37] Ganda Singh, *The Punjab Past And Present* (Dr. Ganda Singh Number) Vol 12-2, Oct. 1988, p. 111-112

ਕਰਕੇ।[38] ਅਗਲੀ ਗੱਲ ਇਹ ਹੈ ਕਿ ਦਿੱਤੇ ਗਏ ਕਾਰਣਾਂ ਦਾ ਸਾਧਾਰਣੀਕਰਨ ਵੀ ਹੋ ਸਕਦਾ ਹੈ। ਜਿਹਾ ਕਿ ਨਸ਼ਾ ਕਰਕੇ ਗੱਡੀ ਚਲਾਉਣਾ, ਸੜਕ ਦਾ ਟੁੱਟੀ ਹੋਣਾ, ਸੜਕ ਦਾ ਮੋੜ ਤਿੱਖਾ ਹੋਣਾ, ਆਦਿ ਸਹੀ ਕਾਰਣ ਇਹੀ ਹਨ। ਇਹੀ ਸਹੀ ਕਾਰਣ ਤੋਂ ਫੌਰੀ ਕਾਰਣ, ਨਿੱਜੀ ਰੰਜ਼ਿਸ਼ਾਂ, ਆਦਿ ਦਾ ਸਾਧਾਰਨੀਕਰਣ ਨਹੀਂ ਹੋ ਸਕਦਾ। ਇਹ ਫੌਰੀ ਕਾਰਣ ਇਕ ਦਫ਼ਾ ਵਾਪਰ ਜਾਂਦੇ ਹਨ ਪਰ ਇਹ ਦੁਹਰਾਏ ਨਹੀਂ ਜਾਂਦੇ। ਪੜਤਾਲ ਕਰਨ ਤੇ ਸਹੀ ਕਾਰਣ ਲੱਭੇ ਜਾ ਸਕਦੇ ਹਨ ਤੇ ਇਨ੍ਹਾਂ ਦਾ ਤਾਰਕਿਕ ਹੋਣ ਕਾਰਣ ਸਾਧਾਰਣੀਕਰਣ ਹੋ ਸਕਦਾ ਹੈ। ਸਾਧਾਰਣੀਕਰਣ ਕਿਸੇ ਪੰਥ ਜਾਂ ਮੱਤ ਦੇ ਵਿਕਾਸ ਵਿਚ ਕਾਫ਼ੀ ਹੱਦ ਤੱਕ ਸਹੀ ਗਵਾਹੀ ਦਿੰਦਾ ਹੈ। ਜਿਵੇਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਸਿੱਖੀ ਦਾ ਫੈਲਾਅ ਬਹੁਤ ਜ਼ਿਆਦਾ ਸੀ, ਇਹੀ ਕੁੱਝ ਗੁਰੂ ਤੇਗ ਬਹਾਦਰ ਦੇ ਸਮੇਂ ਸੀ। ਇਸ ਵਿਕਾਸ ਨੂੰ ਸਾਹਮਣੇ ਰੱਖ ਕੇ ਅਸੀਂ ਵੇਖਦੇ ਹਾਂ ਕਿ ਗੁਰੂ ਅਰਜਨ ਦੇਵ ਦੇ ਸਮੇਂ ਤੇ ਗੁਰੂ ਤੇਗ ਬਹਾਦਰ ਦੇ ਸਮੇਂ ਕੁੱਝ ਖ਼ਾਸ ਘਟਨਾਵਾਂ ਵਾਪਰੀਆਂ ਜੋ ਉਨ੍ਹਾਂ ਦੀ ਸ਼ਹੀਦੀ ਤੱਕ ਲੈ ਗਈਆਂ। ਇਹ ਘਟਨਾਵਾਂ ਫ਼ਿਰਕਾਪ੍ਰਸਤੀ ਨਾਲ ਸੰਬੰਧਿਤ ਸਨ। ਸਿੱਖ ਧਰਮ ਬਾਰੇ ਗੱਲ ਕਰਨ ਲਈ ਪ੍ਰਸਥਿਤੀਆਂ ਦੇ ਅਨੁਕੂਲ ਇਨ੍ਹਾਂ ਘਟਨਾਵਾਂ ਦੇ ਵਰਤਾਰੇ ਨੂੰ ਸਮਝਿਆ ਜਾ ਸਕਦਾ ਹੈ। ਅਠਾਰ੍ਹਵੀਂ ਸਦੀ ਦੇ ਇਨ੍ਹਾਂ ਦੋਹਾਂ ਲੇਖਕਾਂ ਸਰੂਪ ਦਾਸ ਭੱਲਾ ਅਤੇ ਕੇਸਰ ਸਿੰਘ ਛਿੱਬਰ ਦੀ ਕਾਰਣਾਂ ਪ੍ਰਤੀ ਪਹੁੰਚ ਦੈਵੀ ਵੀ ਹੈ ਅਤੇ ਘਟਨਾਵਾਂ ਦੇ ਕਾਰਣ ਦੈਵੀ ਵੀ ਦੱਸੇ ਹਨ ਕਿ ਇਹ ਘਟਨਾ ਰੱਬ ਦੇ ਭਾਣੇ ਵਿਚ ਹੋਈ ਜਾਂ ਕਿਸਮਤ ਵਿਚ ਲਿਖੀ ਹੋਈ ਜਾਂ ਪਿਛਲੇ ਕਰਮਾਂ ਦਾ ਸਿੱਟਾ ਜਾਂ ਗ੍ਰਹਿਆਂ ਦੀ ਚਾਲ ਜਾਂ ਹੱਥ ਲਿਖਤਾਂ ਦੀ ਖ਼ਾਸ ਪੱਧਤੀ ਕਾਰਣ ਇਹ ਵਾਪਰਿਆ ਹੈ। ਇਹ ਕਾਰਣ ਦੱਸਦੇ ਹਨ ਕਿ ਇਨ੍ਹਾਂ ਲੇਖਕਾਂ ਦੀ ਪਹੁੰਚ ਸਾਰਥਿਕ ਨਹੀਂ ਅਤੇ ਅਸੀਂ ਨਹੀਂ ਸੀ ਚਾਹੁੰਦੇ ਕਿ ਇਹ ਘਟਨਾ ਵਾਪਰੇ ਪਰ ਉਹ ਵਾਪਰ ਗਈ। ਉਸ ਨੂੰ ਪਰਵਾਨ ਕਰਨ ਤੋਂ ਬਿਨਾਂ ਚਾਰਾ ਨਹੀਂ ਰਹਿੰਦਾ। ਅਸੀਂ ਸੁਸਤ ਹੋ ਕੇ ਜਾਂ ਰਵਾਇਤ ਨੂੰ ਪਾਲਦੇ ਹੋਏ ਘਟਨਾ ਦੇ ਦੈਵੀ ਕਾਰਣਾਂ ਨੂੰ ਪ੍ਰਵਾਨ ਕਰ ਲੈਂਦੇ ਹਾਂ।

ਦੈਵੀ ਕਾਰਣ

1) ਗੁਰੂ ਨਾਨਕ ਦੇਵ ਨੇ ਬਾਬਰ ਬਾਦਸ਼ਾਹ ਨੂੰ ਕਈ ਪੀੜ੍ਹੀਆਂ ਤੱਕ ਰਾਜ ਕਰਨ ਦਾ ਵਰ ਦਿੱਤਾ।[39]
2) ਸਿੱਖਾਂ ਦੀ ਸਹਾਇਤਾ ਵਾਸਤੇ ਮੁਗ਼ਲ ਰਾਜ ਦਾ ਖ਼ਾਤਮਾ ਕਰਨ ਲਈ ਸਮੁੰਦਰ ਪਾਰ ਤੋਂ ਯੂਰਪੀ ਆਦਮੀ ਆਉਣਗੇ। ਇਹ ਗੁਰੂ ਤੇਗ ਬਹਾਦਰ ਜੀ ਦਾ ਵਰ ਮੰਨਿਆਂ ਗਿਆ ਹੈ।[40]
3) ਮਹਾਰਾਜਾ ਰਣਜੀਤ ਸਿੰਘ ਦਾ ਰਾਜ ਤਾਂ ਖ਼ਤਮ ਹੋਇਆ ਕਿ ਜੋ ਗੁਰੂ ਗੋਬਿੰਦ ਸਿੰਘ ਨੇ ਹੁਕਮ ਦਿੱਤਾ ਸੀ ਕਿ ਮੇਰੀ ਸਮਾਧ ਨਾ ਬਨਾਈ ਜਾਵੇ ਪਰ ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਦੀ ਪਰਵਾਹ ਨਾ ਕਰਦਿਆਂ ਅਜਿਹਾ ਕਰ ਦਿੱਤਾ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੀ ਨਹੀਂ ਗਿਆ ਸਗੋਂ ਉਸਦਾ ਖ਼ਾਨਦਾਨ ਹੀ ਖ਼ਤਮ ਹੋ ਗਿਆ।[41]

---

[38] E.H. Carr, *What is History,* p. 104-105.
[39] ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 129
[40] ਮੈਕਸ ਆਰਥਰ ਮੈਕਾਲਿਫ਼, ਸਿੱਖ ਧਰਮ, ਪੰਨਾ 13 (ਭੂਮਿਕਾ).
[41] ਜੋਗਿੰਦਰ ਸਿੰਘ, ਕੈਰੋਂ, ਬਾਤਾਂ ਸ਼ੇਰੇ ਪੰਜਾਬ ਦੀਆਂ, ਪੰਨਾ 107.

ਇਹ ਕੁੱਝ ਕਾਰਣ ਤਾਰਕਿਕ ਨਜ਼ਰ ਨਾਲ ਨਾ ਪਰਖਣ ਕਰਕੇ ਅਜਿਹਾ ਰੂਪ ਧਾਰਣ ਕਰ ਗਏ ਹਨ। ਸਮੇਂ ਦੀਆਂ ਪ੍ਰਸਥਿਤੀਆਂ ਅਨੁਸਾਰ ਇਹ ਵਰਤਾਰੇ ਘਰ ਕਰ ਗਏ ਅਤੇ ਇਤਿਹਾਸ ਪ੍ਰਤੀ ਪਹੁੰਚ ਗ਼ਲਤ ਲੀਹਾਂ 'ਤੇ ਤੁਰ ਪਈ। ਸਿੱਟੇ ਵਜੋਂ ਉਦਾਹਰਣ ਦੇ ਤੌਰ 'ਤੇ ਅੰਗਰੇਜ਼ਾਂ ਨੂੰ ਟੋਪੀ ਵਾਲੇ ਸਿੱਖ ਸਮਝ ਕੇ 1857 ਈ. ਦੇ ਗ਼ਦਰ ਵਿਚ ਦੇਸੀ ਲੋਕਾਂ ਦੇ ਹਾਰਣ ਦਾ ਕਾਰਣ ਬਣਿਆ।

ਰਣਜੀਤ ਸਿੰਘ ਦੇ ਰਾਜ ਦੇ ਖ਼ਾਤਮੇ ਤੇ ਖ਼ਾਨਦਾਨ ਦੀ ਤਬਾਹੀ ਦੇ ਕਾਰਨ ਭਾਵੇਂ ਕੁੱਝ ਹੋਰ ਸਨ ਪਰ ਇਨ੍ਹਾਂ ਨੂੰ ਕੁੱਝ ਵਿਸ਼ੇਸ਼ ਦਿਲਚਸਪੀ ਵਾਲੇ ਲੋਕਾਂ ਨੇ ਇਸਨੂੰ ਜਿਉਂ ਦੈਵੀ ਕਾਰਣਾਂ ਵਿਚ ਦਾਖ਼ਲ ਕੀਤਾ ਹੈ, ਧਿਆਨ ਦੇਣ ਯੋਗ ਹੈ। ਕੇਸਰ ਸਿੰਘ ਛਿੱਬਰ ਘਟਨਾਵਾਂ ਦੇ ਕਾਰਣ ਤਾਂ ਦਿੰਦਾ ਹੈ ਪਰ ਉਸਨੂੰ ਸਹੀ ਕਾਰਣਾਂ ਦਾ ਪਤਾ ਨਹੀਂ ਹੈ। ਕੁੱਝ ਘਟਨਾਵਾਂ ਦੇ ਦੈਵੀ ਕਾਰਣ ਨਿਸ਼ਚਿਤ ਕੀਤੇ ਗਏ ਹਨ। ਅਸੀਂ ਇਕ ਦੋ ਉਦਾਹਰਣਾਂ ਹੀ ਲਵਾਂਗੇ। ਗੁਰੂ ਅਰਜਨ ਦੇਵ ਦਾ ਝਗੜਾ ਪਿਛਲੇ ਜਨਮ ਕਰਕੇ ਹੈ। ਗੁਰੂ ਅਰਜਨ ਦੇਵ ਪਾਂਡਵ ਅਰਜਨ ਸਨ ਤੇ ਉਨ੍ਹਾਂ ਕੋਲੋਂ ਪ੍ਰਿਥੀਏ ਰੂਪੀ ਸੇਹਾ ਮਾਰਿਆ ਗਿਆ ਸੀ। ਉਹ ਸੇਹਾ ਹੁਣ ਗੁਰੂ ਅਰਜਨ ਦੇ ਤੋਂ ਬਦਲਾ ਲੈ ਰਿਹਾ ਹੈ।[42] ਗੁਰੂ ਅੰਗਦ ਦੇਵ ਨੂੰ ਗੁਰਿਆਈ ਇਸ ਕਰਕੇ ਵੀ ਮਿਲੀ ਕਿ ਉਹ ਗੁਰਿਆਈ ਦਾ ਗੋਦੜਾ ਉਠਾ ਸਕੇ ਜਦੋਂ ਕਿ ਗੁਰੂ ਪੁੱਤਰ ਅਜਿਹਾ ਕਰਨ ਵਿਚ ਅਸਫ਼ਲ ਰਹੇ।[43] ਇਸ ਤਰ੍ਹਾਂ ਹੀ ਕੁੱਝ ਕਾਰਣ ਮੰਨੇ ਗਏ ਵੀ ਹੋ ਸਕਦੇ ਹਨ ਤੇ ਭਾਵਨਾ ਪੂਰਵਕ ਵੀ ਹੋ ਸਕਦੇ ਹਨ। ਜਿਵੇਂ ਗੁਰੂ ਅਰਜਨ ਦੇਵ ਦਾ ਕਤਲ ਨਿੱਜੀ ਦੁਸ਼ਮਣੀ ਦੇ ਬਦਲੇ ਦੀ ਉਪਜ ਵਿਚੋਂ ਦਰਸਾਇਆ ਗਿਆ ਹੈ।[44] ਬੰਦਾ ਸਿੰਘ ਬਹਾਦਰ ਦਾ ਸਰਹਿੰਦ, ਸਢੌਰਾ, ਆਦਿ ਥਾਂਵਾਂ ਤੇ ਹਮਲਾ ਦਰਅਸਲ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣਾ ਸੀ।[45] ਇਨ੍ਹਾਂ ਕਾਰਣਾਂ ਵਿਚ ਕੁੱਝ ਸੱਚਾਈ ਵੀ ਹੋਵੇ ਤਾਂ ਵੀ ਘਟਨਾਵਾਂ ਦੇ ਅਧਿਐਨ ਲਈ ਲੇਖਕ ਭਾਵੁਕਤਾ ਤੋਂ ਨਹੀਂ ਬਚ ਸਕਿਆ। ਦੂਜਾ ਇਹ ਦੋਵੇਂ ਲੇਖਕ ਏਕਾ ਜੋਤਿ ਦੇ ਸਿਧਾਂਤ ਨੂੰ ਮੰਨਦੇ ਹਨ। ਇਸ ਲਈ ਅਵਤਾਰਵਾਦ ਤੋਂ ਬਚ ਨਹੀਂ ਸਕੇ। ਜਿਵੇਂ ਛਿੱਬਰ ਗੁਰੂ ਅਰਜਨ ਦੇਵ ਨੂੰ ਅਰਜਨ ਪਾਂਡਵ ਦਾ ਅਵਤਾਰ[46], ਗੁਰੂ ਹਰਿਕ੍ਰਿਸ਼ਨ ਨੂੰ ਸ੍ਰੀ ਕ੍ਰਿਸਨ ਦਾ ਅਵਤਾਰ ਮੰਨਦਾ ਹੈ।[47] ਉਸਨੇ ਤਾਂ ਗੁਰੂ ਗੋਬਿੰਦ ਸਿੰਘ ਨੂੰ ਪਿਛਲੇ ਜਨਮ ਵਿਚ ਹੰਸ ਅਵਤਾਰ, ਗੁਰੂ ਤੇਗ ਬਹਾਦਰ ਨੂੰ ਰਾਮ ਸਰਨ ਸ਼ਾਹੂਕਾਰ ਦਾ ਪੁੱਤਰ ਰਾਮ ਰਤਨ, ਗੁਰੂ ਹਰਿਕ੍ਰਿਸ਼ਨ ਨੂੰ ਰਾਜਾ ਤਿਲਕ ਧੁੱਜ ਦਾ ਪੁੱਤਰ ਤਰਨਪਾਲ ਤਸੱਵਰ ਕਰਦਾ ਹੈ।[48] ਸਰੂਪ ਦਾਸ ਭੱਲਾ ਜਿਹਾ ਕਿ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਕਾਬਲ ਵਿਚ ਗੁਰੂ ਨਾਨਕ ਦੇਵ ਨੇ ਭੰਗ ਦੀਆਂ ਮੁੱਠਾਂ ਦੇ ਬਦਲੇ ਬਾਦਸ਼ਾਹੀ ਦੀ ਬਖ਼ਸ਼ਿਸ਼ ਦੇ ਦਿੱਤੀ ਇਹ ਗੱਲ ਸਹੀ ਨਹੀਂ, ਗੁਰੂ ਜੀ ਨੇ ਭੰਗ ਆਦਿ ਦਾ ਵਿਰੋਧ ਕੀਤਾ ਹੈ।[49] ਦੂਜਾ ਤੀਮੂਰ ਤੇ ਗੁਰੂ ਨਾਨਕ ਦੇਵ ਸਮਕਾਲੀ ਨਹੀਂ। ਤੀਮੂਰ ਦੀ ਮੌਤ

---

[42] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 42 (ਮਤਨ).
[43] ਉਹੀ, ਪੰਨਾ 11.
[44] ਉਹੀ, ਪੰਨੇ 35-36.
[45] ਉਹੀ, ਪੰਨਾ 130.
[46] ਉਹੀ, ਪੰਨਾ 42.
[47] ਉਹੀ, ਪੰਨੇ 63-64.
[48] ਉਹੀ, ਪੰਨਾ 72.
[49] ਮਹਿਮਾ ਪ੍ਰਕਾਸ਼, ਪੰਨੇ 141/ਅ-142/ੳ.

1348[50] ਵਿਚ ਹੁੰਦੀ ਹੈ ਅਤੇ ਗੁਰੂ ਨਾਨਕ ਦੇਵ ਦਾ ਜਨਮ 1469 ਵਿਚ ਹੁੰਦਾ ਹੈ। ਇਸ ਲਈ ਇਹ ਤੱਥ ਸਹੀ ਨਹੀਂ। ਇਉਂ ਲੱਗਦਾ ਹੈ ਕਿ ਇਹ ਵਿਚਾਰ ਸਿੱਖ ਮੁਗ਼ਲ ਸੰਘਰਸ਼ ਦੀ ਪ੍ਰਤੀਕਿਰਿਆ ਵਜੋਂ ਗੁਰੂ ਸਾਹਿਬ ਦੀ ਉਪਮਾ ਕਰਨ ਲਈ ਸਿਰਜਿਆ ਗਿਆ ਹੋਵੇ।

ਛਿੱਬਰ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਨੂੰ ਸੈਰ ਦਾ ਰੂਪ ਸਮਝਦਾ ਹੈ।[51] ਇਨ੍ਹਾਂ ਦੇ ਮੰਤਵ ਦਾ ਉਨ੍ਹਾਂ ਨੂੰ ਪਤਾ ਨਹੀਂ। ਇਸ ਅਨੁਸਾਰ ਗੁਰੂ ਅਮਰਦਾਸ ਦੀ ਤੀਰਥ ਯਾਤਰਾ, ਤੀਰਥਾਂ ਦੇ ਦਾਨ ਤੇ ਇਸ਼ਨਾਨ ਕਰਮਕਾਂਡ ਦੀ ਪੂਰਤੀ ਵਾਸਤੇ ਹੀ ਹੈ।[52] ਸਰੂਪ ਦਾਸ ਭੱਲਾ ਗੁਰੂ ਅਰਮਦਾਸ ਦੇ ਪੁੱਤਰਾਂ ਦਾਸੂ ਤੇ ਦਾਤੂ ਦਾ ਧਾੜੇ ਵਾਸਤੇ ਜਾਣ ਤੇ ਮਾਰੇ ਜਾਣ ਦਾ, ਇਸ ਤੋਂ ਪਹਿਲੀ ਰਚਨਾ ਬੰਸਾਵਲੀਨਾਮਾ ਵਿਚ ਕੋਈ ਉੱਲੇਖ ਨਹੀਂ ਅਤੇ ਨਾ ਹੀ ਗੁਰੂ ਅਮਰਦਾਸ ਦੇ ਪੁੱਤਰਾਂ ਦਾ ਜਨਮ ਉਨ੍ਹਾਂ ਦੇ ਗੁਰੂ ਅੰਗਦ ਦੇਵ ਦੇ ਮਿਲਾਪ ਤੋਂ ਬਾਅਦ ਹੋਇਆ ਹੈ। ਇਨ੍ਹਾਂ ਦੋਹਾਂ ਵਿਚਾਰਾਂ ਦਾ ਸੋਮਾ ਲੇਖਕਾਂ ਦੀ ਗੁਰੂ ਉਪਮਾ ਦੀ ਰੁਚੀ ਦਾ ਕਾਰਣ ਹੈ। ਉਹ ਲਿਖਦਾ ਹੈ ਕਿ ਪੁੱਤਰਾਂ ਦਾ ਜਨਮ ਗੁਰੂ ਅੰਗਦ ਦੇਵ ਦੇ ਵਰ ਕਾਰਣ ਹੋਇਆ ਹੈ।[53] ਉਹ ਦੱਸਣਾ ਚਾਹੁੰਦਾ ਹੈ ਕਿ ਗੁਰੂ ਅੰਗਦ ਦੇਵ ਜੀ ਵਰ ਦੇਣ ਦੇ ਸਮਰੱਥ ਸਨ। ਇਸ ਹਿਸਾਬੇ ਉਹ ਗੁਰੂ ਜੀ ਦੀ ਉਪਮਾ ਕਰਦਾ ਹੈ। ਇਹ ਵਿਚਾਰ ਵੀ ਠੀਕ ਨਹੀਂ ਕਿ ਗੁਰੂ ਅੰਗਦ ਦੇਵ ਨੇ ਗੁਰਮੁਖੀ ਲਿੱਪੀ ਦੀ ਰਚਨਾ ਕੀਤੀ। ਗੁਰਮੁਖੀ ਲਿੱਪੀ ਗੁਰੂ ਨਾਨਕ ਦੇਵ ਤੋਂ ਵੀ ਪੂਰਬਲੀ ਹੋਣ ਬਾਰੇ ਸ੍ਰ. ਜੀ. ਬੀ. ਸਿੰਘ ਨੇ ਪੰਜਾਬ ਦੀਆਂ ਕੁੱਝ ਖੂਹ ਛਿੱਲਾਂ ਦਾ ਪਤਾ ਦਿੱਤਾ ਹੈ।[54] ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤ ਸਮਾਉਣ ਸੰਬੰਧੀ ਸਾਖੀਆਂ ਵਿਲੱਖਣ ਹਨ। ਅਜਿਹਾ ਬੰਸਾਵਲੀਨਾਮਾ ਤੇ ਪਰਚੀਆਂ ਸੇਵਾ ਦਾਸ ਵਿਚ ਵੀ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਅੰਮ੍ਰਿਤਸਰ ਦੀ ਲੜਾਈ ਦਾ ਕਾਰਣ ਜੋ ਇਸ ਰਚਨਾ ਮਹਿਮਾ ਪ੍ਰਕਾਸ਼ ਵਿਚ ਦੱਸਿਆ ਗਿਆ ਹੈ, ਉਸ ਨਾਲ ਨਾ ਤਾਂ ਬੰਸਾਵਲੀਨਾਮਾ ਅਤੇ ਨਾ ਹੀ ਗੁਰ ਬਿਲਾਸ ਪਾ. ਛੇਵੀਂ ਸਹਿਮਤ ਹਨ। ਇਨ੍ਹਾਂ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਲਾਹੌਰ ਕਿਲ੍ਹੇ ਵਿਚ ਮਛਲੀ ਨੂੰ ਤੀਰ ਮਾਰਿਆ ਤੇ ਵਿੰਨ੍ਹ ਦਿੱਤਾ ਅਤੇ ਫਿਰ ਦਰਵਾਜ਼ੇ ਵਿਚ ਤੀਰ ਮਾਰ ਕੇ ਬਾਦਸ਼ਾਹ ਦੇ ਹੁਕਮ ਦੀ ਖ਼ਿਲਾਫ਼ਵਰਜੀ ਕੀਤੀ[55] ਪਰ ਬੰਸਾਵਲੀਨਾਮਾ ਅਨੁਸਾਰ ਇਸ ਲੜਾਈ ਦਾ ਕਾਰਣ ਗੁਰੂ ਘਰ ਦੇ ਵਿਰੋਧੀਆਂ ਦੇ ਯਤਨ ਸਨ ਪਰ ਗੁਰ ਬਿਲਾਸ ਛੇਵੀਂ ਅਨੁਸਾਰ ਸ਼ਾਹੀ ਜੂਹ ਵਿਚ ਸ਼ਿਕਾਰ ਖੇਡਣ ਕਰਕੇ ਅਤੇ ਸ਼ਾਹੀ ਬਾਜ਼ ਨੂੰ ਫੜਣ ਕਰਕੇ ਇਹ ਲੜਾਈ ਹੋਈ।[56] ਕਿਉਂਕਿ ਸ਼ਾਹੀ ਜੂਹ ਵਿਚ ਸ਼ਿਕਾਰ ਖੇਡਣਾ ਬਾਦਸ਼ਾਹਾਂ ਤੇ ਉਸਦੇ ਉਮਰਾਵਾਂ ਦਾ ਏਕਾਧਿਕਾਰ ਸੀ।

ਇਸ ਲਈ ਇਤਿਹਾਸ ਸੰਕਲਪ ਦੇ ਅਧਿਐਨ ਕਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਸਰੂਪ ਦਾਸ ਭੱਲਾ ਦੀ ਇਤਿਹਾਸ ਸਮਝ ਮਧਕਾਲੀ ਹੈ ਤੇ ਕਰਾਮਾਤਾਂ, ਵਿਅਕਤੀਗਤ ਵਿਰੋਧ, ਬਦਲੇ ਦੀ ਭਾਵਨਾ,

---

[50] H.M. Eliot & John Dowsen, *History Of India Told By Its Own Historians (Malfuzat-i-Timuri), Vol 3,* p. 394.
[51] ਰਾਇਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 10.
[52] ਮਹਿਮਾ ਪ੍ਰਕਾਸ਼, ਪੰਨੇ 229/ੳ-231/ੳ.
[53] ਉਹੀ, ਪੰਨੇ 190/ਅ-191/ਅ.
[54] ਜੀ. ਬੀ. ਸਿੰਘ, ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ, ਪੰਨੇ 127-134.
[55] ਮਹਿਮਾ ਪ੍ਰਕਾਸ਼, ਪੰਨੇ 306/ੳ-308/ਅ.
[56] ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਅਮਰਜੀਤ ਸਿੰਘ (ਸੰਪਾ.), ਗੁਰਬਿਲਾਸ ਪਾਤਿਸ਼ਾਹੀ ਛੇਵੀਂ, ਪੰਨਾ 426.

ਆਦਿ ਮਧਕਾਲੀ ਸੰਕਲਪਾ ਨਾਲ ਜੁੜੀ ਹੋਈ ਹੈ। ਪ੍ਰਸਥਿਤੀਆਂ ਦੇ ਪ੍ਰਭਾਵ ਹੇਠ ਤੇ ਕੁੱਝ ਆਪਣੀਆਂ ਰੁਚੀਆਂ ਕਾਰਣ ਉਸਦੀ ਸਿੱਖ ਇਤਿਹਾਸ ਪ੍ਰਤੀ ਪਹੁੰਚ ਤੇ ਸਿੱਖ ਧਰਮ ਦੀ ਸਮਝ ਮੱਧਕਾਲੀ ਹੁੰਦੀ ਹੋਈ ਤੱਤਕਾਲੀ ਲੋਕ ਧਰਮ ਤੇ ਕਰਮਕਾਂਡ, ਰਹੁ-ਰੀਤਾਂ, ਵੇਦਾਂਤ, ਆਦਿ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੈ।

ਰਾਜਨੀਤਿਕ ਪੱਖ

ਹੱਥਲੇ ਅਧਿਐਨ ਲਈ ਅਠਾਰ੍ਹਵੀਂ ਸਦੀ ਦੀਆਂ ਰਾਜਨੀਤਿਕ ਗਵਾਹੀਆਂ ਜ਼ਰੂਰੀ ਹਨ। ਇਹ ਸਮਾਂ 1708 ਈ. ਤੋਂ 1799 ਈ. ਤੱਕ ਦਾ ਹੈ। ਔਰੰਗਜ਼ੇਬ ਦੇ ਰਾਜਗੱਦੀ ਤੇ ਬੈਠਣ ਤੋਂ ਅਠਾਰ੍ਹਵੀਂ ਸਦੀ ਤੱਕ ਰਾਜਸੱਤਾ ਕਮਜ਼ੋਰ ਪੈ ਗਈ। ਵਿਦੇਸ਼ੀ ਹਮਲੇ ਹੋਏ, ਅੰਦਰੂਨੀ ਬਗ਼ਾਵਤਾਂ ਹੋਈਆਂ, ਧਰਮ ਦੇ ਨਾਂ 'ਤੇ ਅੱਤਿਆਚਾਰ ਕੀਤੇ ਗਏ ਅਤੇ ਰੱਜ ਕੇ ਲੁੱਟ-ਖਸੁੱਟ ਹੋਈ। ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ 'ਸਿੱਖ ਇਤਿਹਾਸ' ਵਿਚ 1708 ਈ. ਤੋਂ 1765 ਈ. ਤੱਕ ਦੇ ਸਮੇਂ ਨੂੰ ਹੇਠਾਂ ਦਿੱਤੇ ਅਨੁਸਾਰ ਵੰਡਿਆ ਹੈ–

1) 1708 ਤੋਂ 1716 ਤੱਕ : ਬੰਦਾ ਸਿੰਘ ਬਹਾਦਰ ਦੀ ਪੰਜਾਬ ਆਮਦ, ਉਸਦੀਆਂ ਸਰਗਰਮੀਆਂ ਅਤੇ ਉਸ ਦੀ ਸ਼ਹੀਦੀ।
2) 1716 ਤੋਂ 1721 ਤੱਕ : ਸਿੱਖ ਚੇਤਨਾ ਸ਼ਕਤੀ ਤੇ ਪੂਰਨ ਅਭਾਵ ਦਾ ਸਮਾਂ।
3) 1721 ਤੋਂ 1748 ਤੱਕ : ਸਿੱਖ ਸੰਘਰਸ਼ ਦਾ ਸਮਾਂ।
4) 1748 ਤੋਂ 1758 ਤੱਕ : ਅਹਿਮਦ ਸ਼ਾਹ ਦੁਰਾਨੀ ਦੇ ਹਮਲੇ ਤੇ ਸਿੱਖਾਂ ਦਾ ਲਾਹੌਰ 'ਤੇ ਕਬਜ਼ਾ।
5) 1758 ਤੋਂ 1765 ਤੱਕ : ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਤੇ ਸਿੱਖ ਸ਼ਕਤੀ ਦਾ ਸਮਾਂ।[57]

ਸਮੁੱਚੇ ਤੌਰ 'ਤੇ ਇਸ ਦੌਰ ਵਿਚ ਇਕ ਤਾਂ ਸਿੱਖਾਂ ਨੂੰ ਨਿੱਜੀ ਵਿਅਕਤੀ (ਬੰਦਾ ਸਿੰਘ ਬਹਾਦਰ) ਦੀ ਅਗਵਾਈ ਹੇਠ ਸੰਘਰਸ਼ ਕਰਨਾ ਪਿਆ।[58] ਜਿਸ ਵਿਚ ਕੁਰਬਾਨੀਆਂ ਦਿੱਤੀਆਂ ਗਈਆਂ, ਥੋੜੇ ਸਮੇਂ ਲਈ ਰਾਜ ਭਾਗ ਵੀ ਮਿਲ ਗਿਆ, ਸਿੱਕਾ ਜ਼ਾਰੀ ਹੋਇਆ ਪਰ ਪੂਰਨ ਤੌਰ ਤੇ ਕਾਮਯਾਬੀ ਨਾ ਹੋਈ। ਉਸ ਤੋਂ ਬਾਆਦ ਪੰਥ ਤੇ ਗ੍ਰੰਥ ਦੀ ਅਗਵਾਈ ਹੇਠ ਸਿੱਖ ਸੰਘਰਸ਼ ਨੇ ਵੱਖਰਾ ਰੂਪ ਧਾਰਿਆ। ਇਸ ਵਿਚ ਵੀ ਸਿੱਖਾਂ ਨੇ ਸੰਘਰਸ਼ ਦੇ ਨਾਲ-ਨਾਲ ਜਿਊਂਣਾ ਵੀ ਸਿੱਖ ਲਿਆ। ਪਹਿਲਾਂ-ਪਹਿਲ ਤਾਂ ਕੁੱਝ ਵਿਅਕਤੀ ਭਾਈ ਤਾਰਾ ਸਿੰਘ ਵਾਂ, ਭਾਈ ਮਨੀ ਸਿੰਘ, ਮਹਿਤਾਬ ਸਿੰਘ, ਗਰਜਾ ਸਿੰਘ ਰੰਘਰੇਟਾ, ਭਾਈ ਤਾਰੂ ਸਿੰਘ, ਸੁਬੇਗ ਸਿੰਘ ਅਤੇ ਸ਼ਹਿਬਾਜ ਸਿੰਘ, ਆਦਿ ਸ਼ਹੀਦ ਹੋਏ।[59] 1945-46 ਈ. ਵਿਚ ਇਸ ਸੰਘਰਸ਼ ਨੇ ਸੁਤੰਤਰ ਰੂਪ ਧਾਰ ਲਿਆ, ਜਿਸ ਵਿਚ ਪਹਿਲਾਂ ਤਾਂ ਸਿੱਖ ਔਰਤਾਂ ਤੇ ਬੱਚੇ ਮਾਰੇ ਗਏ ਅਤੇ ਫਿਰ ਲਾਹੌਰ ਸ਼ਹਿਰ ਤੇ ਆਲੇ-ਦੁਆਲੇ ਦੇ ਸਿੱਖ ਜੋ ਕਾਬੂ ਆਏ ਉਨ੍ਹਾਂ ਨੂੰ ਨਖ਼ਾਸ ਮੰਡੀ ਵਿਚ ਕਤਲ ਕਰ ਦਿੱਤਾ ਗਿਆ। ਇਸ ਤੋਂ ਵੀ ਵੱਡੀ ਸੱਟ ਛੋਟੇ ਘੱਲੂਘਾਰੇ ਦੇ ਸਮੇਂ ਵੱਜੀ, ਜਿਸ ਵਿਚ ਕੁੱਝ ਦਸ ਕੁ ਹਜ਼ਾਰ ਸਿੱਖ ਸ਼ਹੀਦ ਹੋਏ[60] ਪਰ ਸਿੱਖਾਂ ਨੇ ਪੰਥ ਦੀ ਅਗਵਾਈ ਵਿਚ ਜਿਊਂਣਾ ਸਿੱਖ ਲਿਆ।

---

[57] ਗੰਡਾ ਸਿੰਘ, ਸਿੱਖ ਇਤਿਹਾਸ, ਪੰਨਾ 12.
[58] ਉਹੀ, ਪੰਨਾ 94.
[59] ਉਹੀ, ਪੰਨੇ 137-148.
[60] ਉਹੀ, ਪੰਨੇ 150-155.

ਉਸ ਤੋਂ ਕੁੱਝ ਸਮਾਂ ਪਹਿਲਾਂ ਹਕੂਮਤ ਨੇ ਸਿੱਖਾਂ ਨੂੰ ਪਤਿਆਉਣ ਲਈ ਸਿਰੋਪਾ ਦਿੱਤਾ ਅਤੇ ਜਗੀਰ ਦੇ ਕੇ ਨਵਾਬੀ ਦਾ ਖ਼ਿਤਾਬ ਬਖ਼ਸ਼ਿਆ।[61] ਇਸ ਨਾਲ ਸਿੱਖਾਂ ਨੂੰ ਕੋਈ ਸੌਖਾ ਸਾਹ ਆਇਆ ਅਤੇ ਉਨ੍ਹਾਂ ਨੇ ਮਿਸਲਾਂ ਦੇ ਰੂਪ ਵਿਚ ਬੱਝਣਾ ਸ਼ੁਰੂ ਕੀਤਾ। ਇਸਦੇ ਪਹਿਲੇ ਦੌਰ ਵਿਚ ਸਿੱਖ ਸਰਬਤ ਖ਼ਾਲਸਾ ਦੇ ਰੂਪ ਵਿਚ ਗੁਰੂ ਗ੍ਰੰਥ ਤੇ ਪੰਥ ਤੋਂ ਅਗਵਾਈ ਲੈਂਦੇ ਰਹੇ। ਸਿੱਖਾਂ ਦਾ ਸੈਨਿਕ ਭਾਗ ਦਲ ਖ਼ਾਲਸਾ ਸੀ ਤੇ ਸਮੁੱਚੀ ਸਿਖ ਸ਼ਕਤੀ ਸਰਬਤ ਖ਼ਾਲਸਾ ਸੀ। ਸਰਬਤ ਖ਼ਾਲਸਾ ਬੁਲਾਇਆ ਜਾਂਦਾ, ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਵੱਡੀ ਇਕੱਤਰਤਾ ਸੱਦੀ ਜਾਂਦੀ ਅਤੇ ਉਸ ਵਿਚ ਗੁਰਮਤੇ ਅਨੁਸਾਰ ਸਰਗਰਮੀਆਂ ਕੀਤੀਆਂ ਜਾਂਦੀਆਂ।[62] ਪਰ ਕੋਈ ਵੀਹ ਕੁ ਸਾਲ ਬਾਆਦ ਸਿੱਖ ਮਿਸਲਦਾਰ ਆਪਹੁਦਰੇ ਹੋਣੇ ਸ਼ੁਰੂ ਹੋਏ। ਉਨ੍ਹਾਂ ਨੇ ਮਿਸਾਲ ਵਜੋਂ ਪਹਾੜੀ ਰਿਆਸਤਾ, ਜੰਮੂ ਤੇ ਕਾਂਗੜਾ ਤੇ ਕੁੱਝ ਮੁਸਲਿਮ ਜਗੀਰਦਾਰਾਂ ਨਾਲ ਨਿਪਟਣ ਲਈ ਵੱਖਰੀ ਕਿਸਮ ਦੀ ਸਿਆਸਤ ਬਣਾ ਲਈ। ਸਿੱਟੇ ਵਜੋਂ ਪਹਿਲਾਂ ਤਾਂ ਜੰਮੂ ਤੇ ਕਾਂਗੜਾ ਦੀ ਲੁੱਟ ਹੁੰਦੀ ਰਹੀ ਅਤੇ ਫਿਰ ਇਹ ਦੋਵੇਂ ਰਿਆਸਤਾਂ ਖ਼ਰਾਜ਼ ਦਾਤਾ ਬਣਾ ਲਈਆਂ ਗਈਆਂ। ਇਨ੍ਹਾਂ ਰਿਆਸਤਾਂ ਨਾਲ ਸੰਬੰਧਾਂ ਦੌਰਾਨ ਝਗੜੇ ਸ਼ੁਰੂ ਹੋਏ। ਮਿਸਾਲ ਵਜੋਂ ਆਹਲੂਵਾਲੀਆ ਤੇ ਰਾਮਗੜ੍ਹੀਆ ਵਿਚ ਬਣਦੀ ਨਹੀਂ ਸੀ। ਕਨ੍ਹਈਆ ਤੇ ਰਾਮਗੜ੍ਹੀਆ ਵਿਚ ਇਤਫ਼ਾਕ ਨਹੀਂ ਸੀ। ਇਨ੍ਹਾਂ ਹਾਲਤਾਂ ਦੌਰਾਨ ਅੱਚਲ ਵਟਾਲੇ ਵਿਚ ਲੜਾਈ ਹੋਈ, ਜਿਸ ਵਿਚ ਜੈ ਸਿੰਘ ਕਨ੍ਹਈਆ ਦਾ ਪੁੱਤਰ ਗੁਰਬਖ਼ਸ਼ ਸਿੰਘ ਕਨ੍ਹਈਆ ਮਾਰਿਆ ਗਿਆ,[63] ਜਿਸ ਦੀ ਪਤਨੀ ਸਦਾ ਕੌਰ ਵਿਧਵਾ ਹੋ ਗਈ। ਉਸਨੇ ਸ਼ੁਕਰਚਕੀਆ ਮਿਸਲ ਦੇ ਮਹਾਂ ਸਿੰਘ ਨਾਲ ਨੇੜ ਕਰ ਲਿਆ ਅਤੇ ਆਪਣੀ ਧੀ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਵਿਆਹ ਦਿੱਤੀ।[64] ਜੰਮੂ ਰਿਆਸਤ ਨੂੰ ਲੈ ਕੇ ਕਨ੍ਹਈਆ ਮਿਸਲ ਤੇ ਭੰਗੀ ਮਿਸਲ ਵਿਚ ਤਕਰਾਰ ਪੈਦਾ ਹੋ ਗਈ। ਇਸੇ ਤਰ੍ਹਾਂ ਬਾਕੀ ਮਿਸਲਾਂ ਦੇ ਸੰਬੰਧ ਵੀ 1799 ਈ. ਦੇ ਆਉਂਦਿਆਂ-ਆਉਂਦਿਆਂ ਵੱਖਰੇ-ਵੱਖਰੇ ਰੂਪ ਧਾਰਣ ਕਰ ਗਏ।[65] ਪਹਿਲਾਂ ਸਿੱਖ ਅਬਦਾਲੀ ਦੀ ਕੀਤੀ ਲੁੱਟ ਵਾਪਿਸ ਕਰਾਉਂਦੇ ਸਨ ਤੇ ਕਿਤੇ ਉਹ ਗੰਗਾ-ਜਮੁਨਾ ਦੁਆਬ ਵਿਚ ਆਪ ਲੁੱਟ ਕਰਨ ਲੱਗੇ। ਸਿੱਖ ਮਿਸਲਾਂ ਦੀਆਂ ਅਜਿਹੀਆਂ ਕਾਰਵਾਈਆਂ ਦੀ ਕੇਸਰ ਸਿੰਘ ਛਿੱਬਰ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਵਿਚ ਬਹੁਤ ਅਲੋਚਨਾ ਕਰਦਾ ਹੈ।[66] ਸਰੂਪ ਦਾਸ ਭੱਲਾ ਕਿਉਂਕਿ ਆਪਣੇ ਆਪ ਨੂੰ ਉਹ ਬੰਦਾ ਸਿੰਘ ਬਹਾਦਰ ਤੱਕ ਹੀ ਸੀਮਿਤ ਰੱਖਦਾ ਹੈ, ਇਸ ਲਈ ਉਸਦੇ ਮਿਸਲਾਂ ਬਾਰੇ ਰਾਜਨੀਤਿਕ ਰਵੱਈਏ ਡੂੰਘੀ ਨਜ਼ਰ ਨਾਲ ਨਹੀਂ ਦਿਸਦੇ ਹਨ।

ਬਾਦਸ਼ਾਹ ਆਮ ਕਰਕੇ ਨਿਰੰਕੁਸ਼ ਤੇ ਤਾਨਾਸ਼ਾਹ ਹੁੰਦਾ ਹੈ। ਪੁਰਾਤਨ ਕਾਲ ਵਿਚ ਬਾਦਸ਼ਾਹ ਨੂੰ ਆਮ ਕਰਕੇ ਰਾਜਾ ਕਹਿੰਦੇ ਸਨ। ਰਾਣਾ, ਪ੍ਰਜਾਪਤੀ, ਰਾਜਨ, ਆਦਿ ਵੀ ਉਸੇ ਦੇ ਹੀ ਨਾਮ ਸਨ, ਜੋ ਵੱਖ-ਵੱਖ ਸਮੇਂ ਸਾਹਮਣੇ ਆਏ। ਸੁਲਤਾਨਿਤ ਕਾਲ ਵਿਚ ਰਾਜੇ ਦਾ ਨਾਮ ਸੁਲਤਾਨ ਸੀ।[67] ਗ਼ੁਲਾਮ, ਖ਼ਿਲਜੀ, ਤੁਗ਼ਲਕ, ਸੱਯਦ ਅਤੇ ਸੂਰੀ, ਆਦਿ ਵੰਸ਼ਾਂ ਦੇ ਬਾਦਸ਼ਾਹ ਸੁਲਤਾਨ ਅਖਵਾਉਂਦੇ ਰਹੇ। ਮੁਗ਼ਲ ਹਾਕਮ

---

[61] ਉਹੀ, ਪੰਨਾ 139.
[62] ਉਹੀ, ਪੰਨੇ 140-188.
[63] ਹਾਫ਼ਿਜ਼ ਮਹਿਮੂਦ ਸ਼ੀਰਾਨੀ, ਪੰਜਾਬ ਵਿਚ ਉਰਦੂ, ਪੰਨੇ 274-275.
[64] ਸੋਹਣ ਸਿੰਘ ਸੀਤਲ, ਸਿੱਖ ਮਿਸਲਾਂ, ਪੰਨਾ 71.
[65] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 7.
[66] ਉਹੀ, ਪੰਨਾ 131 (ਮਤਨ).
[67] ਕੇ. ਐੱਮ. ਅਸ਼ਰਫ਼, ਹਿੰਦੁਸਤਾਨ ਕੇ ਨਿਵਾਸੀਓਂ ਕਾ ਜੀਵਨ ਔਰ ਉਨਕੀ ਪ੍ਰਸਥਿਤੀਆਂ, ਪੰਨਾ 29.

ਬਾਦਸ਼ਾਹ ਅਖਵਾਉਂਦੇ ਸਨ। ਮੁਗ਼ਲ ਪ੍ਰਸ਼ਾਸ਼ਨ ਦਾ ਮੁਖੀ ਬਾਦਸ਼ਾਹ ਸੀ। ਇਸਦੇ ਮੁਕਾਬਲੇ ਸਿੱਖ ਰਾਜਸੱਤਾ ਦਾ ਮੁਖੀ ਧਾਰਮਿਕ ਪੱਖ ਤੋਂ ਸੱਚਾ ਪਾਤਸ਼ਾਹ ਸੀ।[68] ਬਾਦਸ਼ਾਹ ਦੁਆਲੇ ਪ੍ਰਸ਼ਾਸ਼ਨਿਕ ਢਾਂਚਾ ਘੁੰਮਦਾ ਸੀ। ਉਸਦੇ ਅਧਿਕਾਰ ਅਸੀਮਤ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਹੀ ਬਾਦਸ਼ਾਹ ਦੀ ਸਹਾਇਤਾ ਲਈ ਕੌਂਸਲ ਬਨਣ ਲੱਗੀ।[69] ਫਿਰ ਵੀ ਇਹ ਪਤਾ ਲੱਗਦਾ ਹੈ ਕਿ ਬਾਦਸ਼ਾਹ ਦਾ ਇਕ ਵਜ਼ੀਰ ਹੁੰਦਾ ਸੀ। ਅੱਗੇ ਉਸਦੇ ਕੁੱਝ ਸਹਾਇਕ ਹੁੰਦੇ ਸਨ। ਇਸ ਦੀ ਉਦਾਹਰਣ ਬਹਿਲੋਲ ਲੋਧੀ ਆਪਣੇ ਵੰਸ਼ ਦੇ ਪ੍ਰਮੁੱਖ ਵਿਅਕਤੀਆਂ ਦੀ ਸਲਾਹ ਲਿਆ ਕਰਦਾ ਸੀ, ਉਹ ਉਨ੍ਹਾਂ ਨਾਲ ਦਰੀ 'ਤੇ ਬੈਠ ਕੇ ਹੀ ਫ਼ੈਸਲਾ ਕਰਦਾ ਸੀ ਗੱਦੀ ਨਹੀਂ ਸੀ ਲਾਉਂਦਾ।[70] ਰਾਹੁਲ ਸਾਂਕ੍ਰਤਯਾਯਨ ਅਨੁਸਾਰ ਅਕਬਰ ਦੇ ਸਹਾਇਕ ਤੇ ਵਿਰੋਧੀ ਕੁੱਝ ਮਹੱਤਵਪੂਰਨ ਵਿਅਕਤੀ ਸਨ, ਜਿਨ੍ਹਾਂ ਦੀ ਗਿਣਤੀ ਕੋਈ ਦਸ ਤੱਕ ਸੀ।[71] ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦਾ ਇਕ ਵਜ਼ੀਰ ਸੀ ਅਤੇ ਉਸਦੇ ਹੋਰ ਸਲਾਹਕਾਰ ਵੀ ਸਨ ਜਿਵੇਂ ਉਸਦਾ ਗ੍ਰਹਿ ਮੰਤਰੀ ਫ਼ਕੀਰ ਨੂਰਉੱਦੀਨ ਸੀ।[72]

ਰਾਜਨੀਤਿਕ/ਆਰਥਿਕ ਤੌਰ ਤੇ ਕਿਸਾਨ/ਵਾਹੀਕਾਰ ਤੇ ਸ਼ਿਲਪਕਾਰ ਸਭ ਤੋਂ ਹੇਠਲੀ ਇਕਾਈ ਸਨ। ਉਸ ਤੋਂ ਉੱਪਰ ਜਗੀਰਦਾਰ, ਇਨਾਮਦਾਰ, ਮਨਸਬਦਾਰ, ਆਦਿ ਸਨ। ਆਰਥਿਕ ਤੌਰ 'ਤੇ ਹੇਠਲੇ ਵਰਗ ਨਾਲ ਇਹੋ ਵਿਹਾਰ ਕਰਦੇ ਸਨ। ਇਹ ਨੰਬਰਦਾਰ, ਪਟਵਾਰੀ, ਕਾਨੂੰਗੋ, ਆਦਿ ਦੀ ਸਹਾਇਤਾ ਨਾਲ ਮਾਲੀਆ ਇਕੱਠਾ ਕਰਕੇ ਬਾਦਸ਼ਾਹ ਤੱਕ ਭੇਜਦੇ ਸਨ। ਇਸੇ ਵਰਗ ਦਾ ਇਕ ਧਾਰਮਿਕ ਕਰਿੰਦਾ ਹੁੰਦਾ ਸੀ, ਜਿਸਨੂੰ ਮਦਦ ਮੁਆਸ ਅਧੀਨ ਜਗੀਰ ਮਿਲਦੀ ਸੀ, ਜਿਸਨੂੰ ਧਾਰਮਿਕ ਕੰਮਾਂ ਵਾਸਤੇ ਵਰਤਿਆ ਜਾਂਦਾ ਸੀ।[73] ਜਦੋਂ ਕਦੀ ਨਵੇਂ ਇਲਾਕਿਆ ਤੇ ਕਬਜ਼ਾ ਕੀਤਾ ਜਾਂਦਾ ਤਾਂ ਧਾਰਮਿਕ ਵਿਅਕਤੀਆਂ ਜਿਵੇਂ ਜੋਗੀਆਂ, ਸੰਨਿਆਸੀਆਂ, ਬੈਰਾਗੀਆਂ, ਆਦਿ ਨੂੰ ਧਰਮ ਵਾਸਤੇ ਜਗੀਰ ਦਿੱਤੀ ਜਾਂਦੀ ਸੀ। ਕਨ੍ਹਈਆ ਮਿਸਲਦਾਰਾਂ ਨੇ ਜਖਬੜ ਦੇ ਜੋਗੀਆਂ ਨੂੰ ਤੇ ਪੰਡੋਰੀ ਮਹੰਤਾਂ ਦੇ ਵੈਸ਼ਨਵਾਂ ਨੂੰ ਜਗੀਰਾਂ ਦਿੱਤੀਆਂ।[74] ਪਿਸ਼ਾਵਰ ਵਿਚ ਹਰੇਕ ਪਿੰਡ ਵਿਚ ਜਿੱਥੇ ਇਕ ਜਾਂ ਇਕ ਤੋਂ ਵੱਧ ਮਸੀਤਾਂ ਸਨ, ਉਨ੍ਹਾਂ ਨੂੰ ਇਮਾਮ ਦੀ ਵਰਤੋਂ ਲਈ ਛੋਟੀ ਮੁਆਫ਼ੀ (ਜਗੀਰ) ਦਿੱਤੀ ਗਈ।[75] ਅਜਿਹਾ ਕਰਨ ਦਾ ਕਾਰਣ ਇਕ ਤਾਂ ਸਰਦਾਰਾਂ ਤੇ ਮਹਾਰਾਜੇ ਦਾ ਧਰਮ ਨਿਰਪੇਖ ਹੋਣਾ ਸੀ ਅਤੇ ਦੂਜਾ ਇਸ ਵਿਧੀ ਨਾਲ ਉਹ ਹਿੰਦੂ ਅਤੇ ਖ਼ਾਸ ਕਰਕੇ ਮੁਸਲਿਮ ਵਸੋਂ ਨੂੰ ਖ਼ੁਸ਼ ਕਰ ਸਕਦਾ ਸੀ, ਤਾਂ ਜੋ ਉਹ ਜ਼ਹਾਦ ਜਾਂ ਬਗ਼ਾਵਤ ਨਾ ਕਰਨ। 1831 ਈ. ਵਿਚ ਅੰਗਰੇਜ਼ਾਂ ਨੇ ਅਹਿਮਦ ਸ਼ਾਹ ਬਰੇਲਵੀ ਨੂੰ ਫਰੰਟੀਅਰ ਵਿਚ ਭੇਜਿਆ ਤਾਂ ਕਿ ਉਹ ਸਥਾਨਿਕ ਕਬੀਲਿਆਂ ਨੂੰ ਆਪਣੇ ਨਾਲ ਰਲਾਅ ਕੇ

---

68 ਮਹਿਮਾ ਪ੍ਰਕਾਸ਼, ਪੰਨੇ 297/ਅ-298/ਅ.
69 ਗੰਡਾ ਸਿੰਘ, ਪੰਜਾਬ ਦੀਆਂ ਵਾਰਾਂ, ਪੰਨਾ 126.
70 ਸੱਯਦ ਅਤਹਰ ਅੱਬਾਸ ਰਿਜ਼ਵੀ, ਉੱਤਰ ਤੈਮੂਰ ਕਾਲੀਨ ਭਾਰਤ (ਭਾਗ 1), ਪੰਨਾ 97.
71 ਰਾਹੁਲ ਸਾਂਕ੍ਰਤਯਾਯਨ, ਅਕਬਰ, ਪੰਨੇ 13-15.
72 ਫ਼ਕੀਰ ਸੱਯਦ ਵਹੀਦੁਉੱਦੀਨ, ਰਣਜੀਤ ਸਿੰਘ ਅਸਲੀ ਰੂਪ, ਪੰਨਾ 21.
73 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 274.
74 B.N. Gowswami, & J.S. Grewal, *The Mughal and Sikh Rulers and the vaishanavas of Pindori,* p. 263.
75 Indu Banga, *Agrarian System of the Sikhs,* p. 165.

ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਜ਼ਹਾਦ ਛੇੜੇ। ਕੁੱਝ ਚਿਰ ਤਾਂ ਲੜਾਈ ਹੁੰਦੀ ਰਹੀ, ਅਖ਼ੀਰ ਮਹਾਰਾਜਾ ਦੇ ਸੈਨਾਪਤੀ ਬੁੱਧ ਸਿੰਘ ਨੇ ਬਰੇਲਵੀ ਨੂੰ ਮਾਰ ਮੁਕਾਇਆ।[76]

ਸੁਲਤਾਨ/ਬਾਦਸ਼ਾਹ ਜਿਵੇਂ ਕਿ ਅਸੀਂ ਵੇਖਿਆ ਹੈ ਕਿ ਨਿਰੰਕੁਸ਼ ਤਾਕਤਾਂ ਦਾ ਮਾਲਕ ਸੀ। ਪਰ ਜਿੱਥੋਂ ਤੱਕ ਰਾਜਸੱਤਾ ਦਾ ਸਵਾਲ ਹੈ ਅਫ਼ਗਾਨ/ਮੁਗ਼ਲ ਬਾਦਸ਼ਾਹ ਆਪਣੇ ਆਪ ਨੂੰ ਖ਼ਲੀਫ਼ਾ ਜੋ ਤੁਰਕੀ ਦਾ ਸੁਲਤਾਨ ਸੀ, ਦੀ ਦੈਵੀ ਸੱਤਾ ਨਾਲ ਜੋੜਦੇ ਸਨ।[77] ਇਲਤੁਤਮਿਸ਼ ਨੇ ਇਕ ਗੱਲ ਵਿਚ ਢਿੱਲ ਲਿਆਂਦੀ ਤੇ ਉਹ ਆਪਣੇ ਆਪ ਨੂੰ ਸਾਰੀਆਂ ਤਾਕਤਾਂ ਵਾਲਾ ਸੁਲਤਾਨ ਮੰਨਣ ਲੱਗ ਪਿਆ। ਸਿੱਖ ਮਿਸਲਦਾਰਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਰਾਜਸੱਤਾ ਅਕਾਲ ਪੁਰਖ ਅਤੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੋਂ ਲਈ ਦੱਸੀ ਹੈ।[78] ਬਚਿਤ੍ਰ ਨਾਟਕ ਵਿਚ ਲਵ-ਕੁਸ਼ ਦੀ ਬੰਸਾਵਲੀ ਦਰਸਾ ਕੇ ਗੁਰੂ ਨਾਨਕ ਦੇਵ ਅਤੇ ਬਾਕੀ ਗੁਰੂ ਸਾਹਿਬਾਨ ਨੂੰ ਇਨ੍ਹਾਂ ਨਾਲ ਜੋੜਿਆ ਗਿਆ ਹੈ।[79] ਗੁਰੂ ਸਾਹਿਬਾਨ ਸੂਰਜ ਵੰਸ਼ੀ ਅਖਵਾਉਂਦੇ ਸਨ ਜਦੋ ਕਿ ਪਹਾੜੀਏ ਚੰਦ੍ਰ ਵੰਸ਼ੀ। ਅੱਗੇ ਜਾ ਕੇ ਗੁਰੂ ਗੋਬਿੰਦ ਸਿੰਘ ਨੇ ਵਿਅਕਤੀ ਗੁਰੂ ਹਟਾ ਦਿੱਤਾ ਅਤੇ ਦੈਵੀ ਸੱਤਾ ਪੰਥ ਅਤੇ ਗ੍ਰੰਥ ਨਾਲ ਜੋੜ ਦਿੱਤੀ।[80] ਫੂਲਕੀਆ ਮਿਸਲ ਤੋਂ ਬਿਨ੍ਹਾਂ ਸਾਰੇ ਸਰਦਾਰ ਮਿਸਲਦਾਰ ਆਪਣੀ ਸੱਤਾ ਅਕਾਲ ਪੁਰਖ ਤੇ ਗੁਰੂ ਸਾਹਿਬ ਤੋਂ ਮਿਲੀ ਮੰਨਦੇ ਸਨ। ਬਾਬਾ ਆਲਾ ਸਿੰਘ ਦੇ ਸਿੱਕਿਆਂ ਤੋਂ ਵੀ ਪਤਾ ਲੱਗਦਾ ਹੈ ਕਿ ਉਸਨੇ ਰਾਜਸੱਤਾ ਅਹਿਮਦ ਸ਼ਾਹ ਅਬਦਾਲੀ ਤੋਂ ਹਾਸਿਲ ਕੀਤੀ 'ਹੁਕਮ ਸ਼ੁਧ ਅਜ਼ ਕਾਦਿਰ ਬੇ ਚੂੰ ਬਾ ਅਹਿਮਦ ਬਾਦਸ਼ਾਹ।ਸਿੱਕਾ ਜਨ ਬਰ ਸ਼ੀਮ ਵ ਜਰ ਅਜ਼ ਮਾਹੀ ਤਾ ਬਮਾਹ।' (ਅਹਿਮਦ ਬਾਦਸ਼ਾਹ ਨੇ ਸਮੁੰਦਰ ਤੋਂ ਧਰਤੀ ਤੱਕ ਅਤੇ ਮੱਛੀ ਤੋਂ ਪਰਮਾਤਮਾ ਤੱਕ ਸੋਨੇ ਅਤੇ ਚਾਂਦੀ ਦੇ ਸਿੱਕੇ ਜ਼ਾਰੀ ਕੀਤੇ।[81] ਉਸਨੂੰ ਅਬਦਾਲੀ ਨੇ ਰਾਜੇ ਦਾ ਖ਼ਿਤਾਬ ਦਿੱਤਾ[82] ਅਤੇ ਫਿਰ ਉਸਦੇ ਉੱਤਰਾਧਿਕਾਰੀ ਅਮਰ ਸਿੰਘ ਨੂੰ ਅਬਦਾਲੀ ਪਾਸੋਂ ਰਾਜਾ-ਏ-ਰਾਜਗਾਂ ਦਾ ਖ਼ਿਤਾਬ ਮਿਲਿਆ।[83] ਦੇਸ਼ ਦੀ ਸਾਰੀ ਜ਼ਮੀਨ ਉਂਜ ਤਾਂ ਬਾਦਸ਼ਾਹ ਪਾਸ ਹੁੰਦੀ ਸੀ, ਪਰ ਜੋ ਜ਼ਮੀਨ ਰਾਸ਼ਟਰੀ ਸੇਵਾ (ਮਨਸਬਦਾਰੀ) ਬਦਲੇ ਦਿੱਤੀ ਜਾਂਦੀ, ਉਹ ਜਗੀਰਦਾਰੀ ਜਾਂ ਜ਼ਿਮੀਂਦਾਰੀ, ਆਦਿ ਹੁੰਦੀ। ਬਾਕੀ ਜ਼ਮੀਨ ਬਾਦਸ਼ਾਹ ਜਾਂ ਖ਼ਾਲਸਾ ਜ਼ਮੀਨ ਅਖਵਾਉਂਦੀ ਸੀ। ਔਰੰਗਜ਼ੇਬ ਦੇ ਸਮੇਂ ਖ਼ਾਲਸਾ ਜ਼ਮੀਨ ਘੱਟਦੀ-ਘੱਟਦੀ ਘੱਟ ਗਈ ਕਿਉਂਕਿ ਬਹੁਤੀ ਮਾਤਰਾ ਵਿਚ ਸ਼ਹਿਨਸ਼ਾਹ ਦੀ ਸੇਵਾ ਕਾਰਣ ਮਨਸਬਦਾਰੀਆਂ ਜ਼ਿਆਦਾ ਮਾਤਰਾ ਵਿਚ ਦੇਣੀਆਂ ਪਈਆਂ।[84]

ਕੁੱਝ ਬਾਦਸ਼ਾਹ ਜੋ ਜ਼ਿਆਦਾ ਕੱਟੜ ਸਨ, ਉਹ ਹਿੰਦੂ ਸੰਤਾਂ ਪਾਸੋਂ ਕਰਾਮਾਤ ਦੀ ਮੰਗ ਕਰਦੇ ਸਨ।[85] ਮਹਿਮਾ ਪ੍ਰਕਾਸ਼ ਦਾ ਕਰਤਾ ਅਜਿਹੇ ਬਾਦਸ਼ਾਹ ਨੂੰ ਸੰਤਨ ਦਾ ਦੋਖੀ ਕਹਿੰਦਾ ਹੈ। ਉਸਨੇ ਆਪਣੇ

---

[76] ਨਰਿੰਦਰ ਕ੍ਰਿਸ਼ਨ ਸਿਨਹਾ, ਰਣਜੀਤ ਸਿੰਘ, ਪੰਨਾ 90.
[77] Ishiaq Husain Qureshi, *The Administration of The Sultanate of Delhi,* p. 22-23.
[78] ਗੰਡਾ ਸਿੰਘ, ਸਿੱਖ ਇਤਿਹਾਸ, 1985, ਪੰਨਾ 209.
[79] ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ, ਪੰਨੇ 48-54.
[80] ਗੰਡਾ ਸਿੰਘ, ਸ੍ਰੀ ਗੁਰ ਸੋਭਾ, ਪੰਨਾ 128.
[81] Hans Herrli, *The Coins of the Sikhs,* p. 218.
[82] Hari Ram Gupta, *History of the Sikhs (Vol. 4),* p. 151.
[83] *Ibid.,* p. 156-157.
[84] M. Athar Ali, *The Mughal Nobality under Aurangzeb,* p. 92-94.
[85] ਮਹਿਮਾ ਪ੍ਰਕਾਸ਼, ਪੰਨੇ 395/ੳ-396/ੳ.

ਕੱਟੜਪੁਣੇ ਕਰਕੇ ਗੁਰੂ ਤੇਗ ਬਹਾਦਰ ਤੋਂ ਕਰਾਮਾਤ ਦੀ ਮੰਗ ਕੀਤੀ, ਇਨਕਾਰ ਕਰਨ 'ਤੇ ਗੁਰੂ ਸਾਹਿਬ ਨੂੰ ਮੌਤ ਦੇ ਘਾਟ ਉਤਾਰ (ਸ਼ਹੀਦ ਕਰਵਾ) ਦਿੱਤਾ।[86]

ਅਸੀਂ ਦੇਖਿਆ ਹੈ ਕਿ ਮਨਸਬਦਾਰੀਆਂ ਵੱਧਣ ਕਰਕੇ ਖ਼ਾਲਸਾ ਜ਼ਮੀਨ ਜਾਂ ਸਰਕਾਰੀ ਭੂਮੀ ਘੱਟ ਗਈ ਸੀ। ਇੱਥੋਂ ਤੱਕ ਕਿ ਨਵੇਂ ਬਣੇ ਮਨਸਬਦਾਰਾਂ ਨੂੰ ਜਗੀਰ ਦਾ ਐਲਾਨ ਤਾਂ ਹੋ ਜਾਂਦਾ ਸੀ, ਪਰ ਭੂਮੀ ਦਾ ਕਬਜ਼ਾ ਲੈਣ ਲਈ ਲੰਬੀ ਲਾਈਨ ਵਿਚ ਲੱਗਣਾ ਪੈਂਦਾ ਸੀ।[87] ਜਿਸ ਮਨਸਬਦਾਰ ਨੂੰ ਜਗੀਰ ਮਿਲ ਜਾਂਦੀ ਸੀ, ਉਹ ਜ਼ਿਮੀਂਦਾਰ ਕਿਸਾਨਾਂ ਦੀ ਛਿੱਲ ਲਾਹੁਣ ਤੋਂ ਪਿੱਛੇ ਨਹੀਂ ਸੀ ਰਹਿੰਦਾ। ਕਿਸਾਨ ਦੁਖੀ ਹੋ ਕੇ ਭੱਜ ਜਾਂਦੇ ਜਿਨ੍ਹਾਂ ਵਿਚੋਂ ਕੁੱਝ ਗੁਰੂ ਗੋਬਿੰਦ ਸਿੰਘ ਪਾਸ ਆ ਗਏ। ਪੰਜਾਬ ਦੇ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਹੇਠ ਮੁਗ਼ਲ ਸੱਤਾ ਦੇ ਵਿਰੁੱਧ ਖੁੱਲੀ ਤੇ ਸੰਗਠਿਤ ਬਗ਼ਾਵਤ ਸ਼ੁਰੂ ਕਰ ਦਿੱਤੀ। ਗੁਰੂ ਜੀ ਨੇ ਅੱਤਿਆਚਾਰੀ ਹਾਕਮਾਂ ਵਿਰੁੱਧ ਜੂਝਣ ਲਈ ਬੰਦਾ ਬਹਾਦਰ ਨੂੰ ਆਗੂ ਥਾਪਿਆ।[88]

ਰਾਜਸੱਤਾ ਨਾਲ ਸੰਬੰਧਿਤ ਬਾਬਰ ਬਾਣੀ ਦੇ ਆਧਾਰ 'ਤੇ ਆਈ ਇਕ ਸਾਖੀ ਵਿਚ ਏਮਨਾਬਾਦ ਵਿਚ ਗੁਰੂ ਨਾਨਕ ਦੇਵ ਜੀ ਦਾ ਬਾਦਸ਼ਾਹ ਬਾਬਰ ਨਾਲ ਮੇਲ ਹੁੰਦਾ ਦੱਸਿਆ ਗਿਆ ਹੈ। ਜਦੋਂ ਬਾਬਰ ਨੇ ਹਮਲਾ ਕੀਤਾ ਤਾਂ ਉਸਦਾ ਏਮਨਾਬਾਦ ਦੇ ਵਾਸੀਆਂ ਨੇ ਮੁਕਾਬਲਾ ਕੀਤਾ, ਗੁਰੂ ਸਾਹਿਬ ਉੱਥੇ ਸਨ। ਏਮਨਾਬਾਦ ਦੇ ਲੋਕ ਹਾਰੇ ਤੇ ਗ੍ਰਿਫ਼ਤਾਰ ਕੀਤੇ ਗਏ। ਗੁਰੂ ਨਾਨਕ ਦੇਵ ਨੂੰ ਵੀ ਗ੍ਰਿਫ਼ਤਾਰੀ ਸਹਿਣੀ ਪਈ। ਉਨ੍ਹਾਂ ਨੂੰ ਚੱਕੀ ਨਾਲ ਆਟਾ ਪੀਹਣ 'ਤੇ ਲਗਾ ਦਿੱਤਾ ਗਿਆ। ਚੱਕੀ ਆਪਣੇ ਆਪ ਚੱਲਣ ਲੱਗੀ ਅਤੇ ਆਟਾ ਪੀਹਣ ਲੱਗੀ।[89] ਇਸ ਘਟਨਾ ਨੇ ਗੁਰੂ ਸਾਹਿਬ ਦਾ ਬਾਦਸ਼ਾਹ ਨਾਲ ਮੇਲ ਕਰਾ ਦਿੱਤਾ। ਸਰੂਪ ਦਾਸ ਨੇ ਹੋਰਨਾਂ ਜਨਮਸਾਖੀਆਂ ਵਾਂਗ ਮਹਿਮਾ ਪ੍ਰਕਾਸ਼ ਵਿਚ ਇਹ ਦਿਖਾਇਆ ਕਿ ਗੁਰੂ ਸਾਹਿਬ ਦੀ ਚੱਕੀ ਆਪੇ ਚਲਦੀ ਸੀ।[90] ਚੱਕੀ ਦਾ ਚੱਲਣਾ ਮਹਤਵਪੂਰਨ ਕਾਵਿ-ਜੁਗਤ ਹੈ। ਜਦੋਂ ਗੁਰੂ ਸਾਹਿਬ ਨੂੰ ਬਾਬਰ ਦੇ ਸਾਹਮਣੇ ਲਿਜਾਇਆ ਗਿਆ ਤਾਂ ਉਹ ਇਨ੍ਹਾਂ ਤੋਂ ਪ੍ਰਭਾਵਿਤ ਹੋਇਆ। ਉਸਨੇ ਇਨ੍ਹਾਂ ਨੂੰ ਭੰਗ ਦੇਣੀ ਚਾਹੀ, ਜਿਸ ਦੀ ਇਵਜ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਉਸਨੂੰ ਬਾਦਸ਼ਾਹ ਤੇ ਸਦੀਵੀ ਰਾਜ ਕਰਨ ਦਾ ਵਰ ਦਿੱਤਾ, ਪਰ ਗੁਰੂ ਜੀ ਨੇ ਭੰਗ ਅਪ੍ਰਵਾਨ ਕਰਕੇ ਉਸਨੂੰ ਸਾਰੇ ਬੰਦੀ ਰਿਹਾਅ ਕਰਨ ਦੇ ਬਦਲੇ ਕੁਰਸੀ-ਬ-ਕੁਰਸੀ ਰਾਜ ਚੱਲਣ ਦਾ ਵਰ ਦਿੱਤਾ।[91] ਮਹਿਮਾ ਪ੍ਰਕਾਸ਼ ਦਾ ਸਮਾਂ ਸਿੱਖ ਮਿਸਲਾਂ ਦੀ ਰਾਜ ਪ੍ਰਾਪਤੀਆਂ ਦਾ ਸਮਾਂ ਸੀ। ਉਹ ਦੈਵੀ ਰਾਜਸੱਤਾ ਵਿਖਾਉਣ ਹਿੱਤ ਇਕ ਤਾਂ ਗੁਰੂ ਨਾਨਕ ਦੀ ਵੱਧ ਮੁਸਲਿਮ ਫ਼ਕੀਰਾਂ ਨਾਲ ਗੋਸ਼ਟੀਆਂ ਕਰਾਉਂਦਾ ਹੈ। ਦੂਜਾ, ਉਹ ਸ੍ਰੀ ਗੁਰੂ ਗ੍ਰੰਥ ਵਿਚਲੇ ਸ਼ਬਦਾਂ ਤੇ ਸਲੋਕਾਂ ਨੂੰ ਕੁਰਾਣ ਦੀਆਂ ਆਇਤਾਂ ਤੇ ਹਦੀਸਾਂ ਵਾਂਗ ਸੂਰਾ ਤੇ ਹਦੀਸਾਂ ਦੇ ਸਿਰਲੇਖ ਦਿੰਦਾ ਹੈ।[92] ਉਹ ਕਹਿੰਦਾ ਹੈ ਕਿ ਕੁਰਾਣ ਮਜ਼ੀਦ ਦੇ ਤੀਹ ਸਿਪਾਰੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਛੱਤੀ। ਇਸ ਤਰ੍ਹਾਂ ਉਹ ਗੁਰੂ ਗ੍ਰੰਥ

---

[86] ਉਹੀ, ਪੰਨੇ 395/ੳ-397/ਅ.
[87] M. Athar Ali, *The Mughal Nobality under Aurangzeb,* p. 92-94.
[88] ਮਹਿਮਾ ਪ੍ਰਕਾਸ਼, ਪੰਨੇ 455/ੳ-456/ੳ.
[89] ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 122.
[90] ਮਹਿਮਾ ਪ੍ਰਕਾਸ਼, ਪੰਨੇ 145/ਅ-146/ੳ.
[91] ਉਹੀ, ਪੰਨਾ 146/ੳ.
[92] ਉਹੀ, ਪੰਨੇ 124/ੳ-132/ੳ.

ਸਾਹਿਬ ਨੂੰ ਇਸਲਾਮੀ ਰਚਨਾਵਾਂ ਨਾਲ ਜੋੜਦਾ ਹੈ।[93] ਉਹ ਇਹ ਵੀ ਕਹਿੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚਲੇ ਭਗਤ ਗੁਰੂ ਸਾਹਿਬ ਦੇ ਅਜਿਹੇ ਵਿਚਾਰਾਂ ਦੀ ਪ੍ਰੋੜਤਾ ਕਰਦੇ ਹਨ।[94] ਉਸਦਾ ਇੰਜ ਕਰਨਾ ਦੱਸਦਾ ਹੈ ਕਿ ਸਿੱਖ ਬਹੁ-ਗਿਣਤੀ ਵਾਲੀ ਮੁਸਲਿਮ ਵਸੋਂ ਨੂੰ ਖ਼ੁਸ਼ ਰੱਖਣਾ ਚਾਹੁੰਦਾ ਹੈ ਤਾਂ ਕਿ ਉਹ ਮਿਸਲਦਾਰਾਂ ਵਿਰੁੱਧ ਬਗ਼ਾਵਤ ਨਾ ਕਰਨ। ਇਕ ਸਰਵੇਖਣ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਵਿਚ 70% ਪ੍ਰਤੀਸ਼ਤ ਮੁਸਲਮਾਨ, 24% ਪ੍ਰਤੀਸ਼ਤ ਹਿੰਦੂ ਤੇ 6% ਪ੍ਰਤੀਸ਼ਤ ਸਿੱਖ ਸਨ।[95] 6% ਪ੍ਰਤੀਸ਼ਤ ਸਿੱਖਾਂ ਨੇ 70% ਪ੍ਰਤੀਸ਼ਤ ਮੁਸਲਮਾਨਾਂ ’ਤੇ ਰਾਜ ਕਰਨ ਲਈ ਜਿੱਥੇ ਧਰਮ ਅਰਥ ਜਗੀਰਾਂ ਦਿੱਤੀਆਂ ਗਈਆਂ, ਉੱਥੇ ਭਗਤਾਂ ਨੂੰ ਮੁਸਲਿਮ ਸੰਤਾਂ ਦੇ ਨੇੜੇ ਦਰਸਾਇਆ ਗਿਆ। ਤੱਤਕਾਲੀ ਪ੍ਰਸਥਿਤੀਆਂ ਸੰਬੰਧੀ ਸਰੂਪ ਦਾਸ ਭੱਲਾ ਦੀ ਇਹ ਕਾਵਿ-ਜੁਗਤ ਬਹੁਤ ਮਹੱਤਵਪੂਰਨ ਹੈ। ਇਸਦੇ ਉਲਟ ਸੱਤ ਸਾਲ ਪਹਿਲਾਂ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਲਿਖਣ ਵਾਲਾ ਕੇਸਰ ਸਿੰਘ ਛਿੱਬਰ ਇਹ ਮੰਗ ਕਰਦਾ ਹੈ ਕਿ ਸਿੱਖਾਂ ਦੀਆਂ ਸ਼ਹੀਦੀਆਂ ਦਾ ਮੁਸਲਮਾਨਾਂ ਤੋਂ ਬਦਲਾ ਲਿਆ ਜਾਵੇ।[96] ਪਰ ਸਰੂਪ ਦਾਸ ਭੱਲਾ ਦਾ ਇਸ ਤੋਂ ਬਿਲਕੁਲ ਉਲਟ ਰਵੱਈਆ ਇਕ ਤਾਂ ਪ੍ਰਸਥਿਤੀਆਂ ’ਤੇ ਰੌਸ਼ਨੀ ਪਾਉਂਦਾ ਹੈ ਤੇ ਦੂਜਾ ਸਰੂਪ ਦਾਸ ਦਾ ਫਿਰਕੂ ਨਿਰਪੇਖ ਨਜ਼ਰੀਆ ਦਰਸਾਉਂਦਾ ਹੈ।

ਇਹ ਸਭ ਤੋਂ ਪਹਿਲੀ ਰਚਨਾ ਹੈ, ਜਿਸ ਵਿਚ ਗੁਰੂ ਹਰਿਗੋਬਿੰਦ ਦੇ ਸਾਈਂ ਮੀਆਂ ਮੀਰ ਨਾਲ ਚੰਗੇ ਸੰਬੰਧ ਦਰਸਾਏ ਗਏ ਹਨ।[97] ਇਸ ਦੇ ਆਧਾਰ ’ਤੇ ਮਗਰਲੇ ਲੇਖਕਾਂ ਨੇ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਤੋਂ ਰਖਵਾਈ ਦੱਸੀ ਹੈ। ਗਵਾਲੀਅਰ ਦੀ ਰਿਹਾਈ ਤੋਂ ਬਾਅਦ ਗੁਰੂ ਜੀ ਤੇ ਬਾਦਸ਼ਾਹ ਕੁੱਝ ਚਿਰ ਲਈ ਇਕੱਠੇ ਰਹਿੰਦੇ ਹਨ। ਫਿਰ ਉਹ ਇਕੱਠੇ ਹੀ ਕਸ਼ਮੀਰ ਜਾਂਦੇ ਹਨ। ਤੁਜ਼ਿਕ ਅਨੁਸਾਰ ਬਾਦਸ਼ਾਹ ਕਸ਼ਮੀਰ ਜਾਂਦਾ ਹੋਇਆ ਸਰਹਿੰਦ ਤੋਂ ਸਿੱਧਾ ਕਲਾਨੌਰ ਚਲਾ ਗਿਆ ਅਤੇ ਇੱਥੇ ਹੀ ਉਹ ਮੀਂਆਂ ਮੀਰ ਨੂੰ ਮਿਲਿਆ ਸੀ। ਆਪ ਲਾਹੌਰ ਜਾਣ ਦੀ ਥਾਂ ਸ਼ਹਿਜ਼ਾਦਾ ਸ਼ਾਹਜ਼ਹਾਨ ਨੂੰ ਲਾਹੌਰ ਭੇਜਦਾ ਹੈ ਕਿ ਉਹ ਸਾਂਈ ਮੀਆਂ ਮੀਰ ਨੂੰ ਲੈ ਆਵੈ।[98] ਪਰ ਗੁਰੂ ਸਾਹਿਬਾਨ ਤੇ ਮੁਗ਼ਲ ਰਾਜ ਦੇ ਸੰਬੰਧਾਂ ਦਾ ਫਿਰਕੂ ਨਿਰਪੇਖ ਹੋਣਾ ਸਰੂਪ ਦਾਸ ਭੱਲਾ ਤੋਂ ਹੀ ਤੁਰਦਾ ਹੈ।

ਸਿੱਖ ਗੁਰੂ ਸਾਹਿਬਾਨ ਸਮਾਜਿਕ ਪੱਖੋਂ ਕਿਸੇ ਵੀ ਵਿਤਕਰੇ ਨੂੰ ਨਹੀਂ ਸਨ ਮੰਨਦੇ। ਉਹ ‘ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ’[99] ਨਾਲ ਖਲੋਂਦੇ ਸਨ। ਗੁਰੂ ਗੋਬਿੰਦ ਸਿੰਘ ਅਨੁਸਾਰ ਕੀੜੀ ਦੀ ਪੁਕਾਰ ਹਾਥੀ ਦੀ ਚੰਘਾਰ ਨਾਲੋਂ ਅਕਾਲ ਪੁਰਖ ਪਾਸ ਛੇਤੀ ਪਹੁੰਚਦੀ ਹੈ।[100] ਗੁਰੂ ਅਰਜਨ ਦੇਵ ਅਨੁਸਾਰ ਜੋ ਗ਼ਰੀਬਾਂ ਨੂੰ ਨਫ਼ਰਤ ਕਰਦਾ ਹੋਇਆ ਦਾੜ੍ਹੀ

---

[93] ਉਹੀ, ਪੰਨੇ 122/ੳ-123/ੳ.

[94] ਕੁਲਵੰਤ ਸਿੰਘ (ਸੰਪਾ.), ਮੱਕੇ ਮਦੀਨੇ ਦੀ ਗੋਸ਼ਟਿ, ਪੰਨੇ 228-230.

[95] J.S. Grewal, *Maharaja Ranjit Singh Polity, Economy & Society,* p. 92.

[96] ਰਾਇਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨੇ 151-153.

[97] ਮਹਿਮਾ ਪ੍ਰਕਾਸ਼, ਪੰਨੇ 303/ੳ-305/ੳ.

[98] Henry Beveridge (Ed.), *The Tuzak-i-Jahangiri (Vol. 2),* p. 119

[99] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 15.

[100] ਹਾਥੀ ਕੀ ਪੁਕਾਰ ਪਲ ਪਾਛੈ ਪਹੁਚਤ ਤਾਹਿ ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤ ਹੈਂ॥, ਦਸਮ ਗੁਰੂ ਗ੍ਰੰਥ ਸਾਹਿਬ, ਪੰਨਾ 36.

ਪੁੱਟਦਾ ਹੈ ਜਾਂ ਦਾੜ੍ਹੀ ਉੱਪਰ ਹੱਥ ਫੇਰਦਾ ਹੈ, ਉਸ ਨੂੰ ਪਾਰਬ੍ਰਹਮ ਅੱਗ ਵਿਚ ਸਾੜਦਾ ਹੈ।'[101] ਅਕਬਰ ਤੋਂ ਇਲਾਵਾ ਸਾਰੇ ਮੁਗ਼ਲ ਬਾਦਸ਼ਾਹ ਹਿੰਦੂਆਂ ਨੂੰ ਨੀਚ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਹਿੰਦੂਆਂ ਨਾਲ ਨਾ-ਬਰਾਬਰੀ ਦਾ ਵਤੀਰਾ ਸ਼ੁਰੂ ਕੀਤਾ। ਗੁਰੂ ਗੋਬਿੰਦ ਸਿੰਘ ਨੇ ਪੂਰਬਲੇ ਗੁਰੂਆਂ ਦੇ ਆਧਾਰ 'ਤੇ 'ਧਰਮ ਚਲਾਵਨ ਸੰਤ ਉਬਾਰਨ॥ਦੁਸਟ ਸਭਨ ਕੋ ਮੂਲ ਉਪਾਰਨ॥'[102] ਆਪਣਾ ਉੱਦੇਸ਼ ਬਣਾਇਆ ਅਤੇ ਇਸ ਦੀ ਪੂਰਤੀ ਲਈ ਖ਼ਾਲਸਾ ਪੰਥ ਦੀ ਨੀਂਹ ਰੱਖੀ।

ਅਸੀਂ ਦੇਖਿਆ ਹੈ ਕਿ ਗੁਰੂ ਨਾਨਕ ਅਤੇ ਬਾਬਰ ਦੇ ਸੰਬੰਧ ਬਹੁਤ ਚੰਗੇ ਦਰਸਾਏ ਗਏ ਹਨ। ਦਰਸਾਇਆ ਗਿਆ ਹੈ ਕਿ ਹਿੰਦੁਸਤਾਨ ਵਿਚ ਮੁਗ਼ਲ ਰਾਜ ਦੀ ਸਥਾਪਨਾ ਗੁਰੂ ਸਾਹਿਬ ਦੇ ਵਰ ਦਾ ਸਿੱਟਾ ਸੀ। ਗੁਰੂ ਅੰਗਦ ਪਾਸ ਜਦੋਂ ਹਮਾਯੂੰ ਆਇਆ ਤੇ ਉਸਦੀ ਗੁਰੂ ਸਾਹਿਬ ਨਾਲ ਗੱਲਬਾਤ ਹੋਈ ਤਾਂ ਉਸਦੇ ਮਨ ਵਿਚ ਪਹਿਲਾਂ ਪੈਦਾ ਹੋਇਆ ਵਿਰੋਧ ਨਿਕਲ ਗਿਆ।[103] 1553 ਈ. ਵਿਚ ਆਦਲ ਸ਼ਾਹ ਸੂਰੀ ਦਾ ਰਾਜ ਸੀ, ਅਕਬਰ ਦਾ ਨਹੀਂ। ਹਿੰਦੂਆਂ ਉੱਤੇ ਤੀਰਥ ਯਾਤ੍ਰਾ ਟੈਕਸ ਵੀ ਲੱਗਾ ਹੋਇਆ ਸੀ। ਇਹ ਟੈਕਸ ਅਕਬਰ ਨੇ 1563 ਈ. ਵਿਚ ਮੁਆਫ਼ ਕਰ ਦਿੱਤਾ ਸੀ।[104] ਗੋਇੰਦਵਾਲ ਦੇ ਮਰਵਾਹੇ ਖੱਤਰੀਆਂ ਨੇ ਉੱਥੇ ਸਿੱਖ ਕੇਂਦਰ ਵਿਗਸਦਾ ਵੇਖ ਕੇ ਗੁਰੂ ਸੰਸਥਾ ਦਾ ਵਿਰੋਧ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਚੌਧਰੀ ਨੇ ਗੁਰੂ ਜੀ ਪਾਸੋਂ ਰਿਹਾਇਸ਼ੀ ਕਰ ਦੀ ਮੰਗ ਕੀਤੀ।[105] ਗੁਰੂ ਜੀ ਵੱਲੋਂ ਇਨਕਾਰ ਕਰਨ ਉੱਤੇ ਉਸ ਨੇ ਗੁਰੂ ਸੰਸਥਾ ਦੇ ਵਿਰੋਧੀ ਖੱਤਰੀਆਂ ਤੇ ਬ੍ਰਹਮਣਾਂ ਨੂੰ ਨਾਲ ਲੈ ਕੇ ਅਕਬਰ ਬਾਦਸ਼ਾਹ ਕੋਲ ਲਾਹੌਰ ਜਾ ਕੇ ਸ਼ਿਕਾਇਤ ਕੀਤੀ।[106] ਖੱਤਰੀਆਂ ਤੇ ਬ੍ਰਾਹਮਣਾਂ ਨੂੰ ਗੁਰੂ ਸਾਹਿਬ ਰਾਹੀਂ ਪ੍ਰਚੱਲਿਤ ਕੀਤੀਆਂ ਨਵੀਆਂ ਰੀਤੀਆਂ ਪੰਸਦ ਨਹੀਂ ਸਨ। ਇਸ ਸੰਬੰਧ ਵਿਚ ਬਾਦਸ਼ਾਹ ਅਕਬਰ ਨੇ ਗੁਰੂ ਜੀ ਨੂੰ ਬੁਲਾਇਆ। ਗੁਰੂ ਸਾਹਿਬ ਆਪ ਤਾਂ ਨਾ ਗਏ ਪਰ ਉਨ੍ਹਾਂ ਨੇ ਜੇਠਾ ਜੀ ਨੂੰ ਭੇਜਿਆ। ਜੇਠਾ ਜੀ ਨੇ ਗੁਰੂ ਜੀ ਦਾ ਪੱਖ ਬੜੀ ਯੋਗਤਾ ਨਾਲ ਪੇਸ਼ ਕੀਤਾ ਤੇ ਬਾਦਸ਼ਾਹ ਦੀ ਤਸੱਲੀ ਕਰਵਾਈ। ਇਹ ਘਟਨਾ 1566–1567 ਈ. ਦੀ ਜਾਪਦੀ ਹੈ, ਜਦੋਂ ਉਹ ਮਿਰਜ਼ਾ ਹਕੀਮ ਦੇ ਹਮਲੇ ਦਾ ਟਾਕਰਾ ਕਰਨ ਲਈ ਲਾਹੌਰ ਵਿਚ ਆਇਆ ਸੀ ਤੇ ਉੱਥੇ ਚਾਰ ਮਹੀਨੇ ਠਹਿਰਿਆ ਸੀ।[107] ਫਿਰ ਉਹ ਜਦੋਂ ਪਾਕਪਟਨ ਵਿਚ ਸ਼ੇਖ਼-ਫ਼ਰੀਦ ਦੇ ਦੇਹੁਰੇ ਦੀ ਯਾਤਰਾ ਆਇਆ ਤਾਂ ਉਸਨੂੰ ਗੁਰੂ ਗ੍ਰੰਥ ਸਾਹਿਬ ਬਾਰੇ ਸ਼ਿਕਾਇਤ ਮਿਲੀ ਸੀ, ਜੋ ਉਸਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਬਾਣੀ ਦੇ ਕੁੱਝ-ਕੁੱਝ ਹਿੱਸੇ ਸੁਣ ਕੇ ਰੱਦ ਕਰ ਦਿੱਤੀ।[108] ਗੁਰੂ ਅਰਜਨ ਦੇਵ ਨੇ ਅਕਬਰ ਬਾਦਸ਼ਾਹ ਤੋਂ ਇਲਾਕੇ ਦਾ ਮਾਲੀਆ ਘੱਟ ਕਰਵਾਇਆ।[109] ਜਿਸਦੀ ਕਿ ਅਕਬਰ ਦੇ ਲਾਹੌਰ ਤੋਂ ਆਗਰੇ ਚਲੇ ਜਾਣ 'ਤੇ ਲੋੜ ਉੱਠੀ ਸੀ। ਅਕਬਰ 1598 ਲਾਹੌਰ ਤੋਂ ਆਗਰੇ ਨੂੰ ਵਾਪਿਸ ਜਾਂਦਾ ਹੋਇਆ ਗੋਇੰਦਵਾਲ ਠਹਿਰਿਆ ਸੀ। ਬਾਦਸ਼ਾਹ ਕਸ਼ਮੀਰ ਤੇ

---

[101] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 199.
[102] ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ, ਪੰਨੇ 57-58.
[103] ਮਹਿਮਾ ਪ੍ਰਕਾਸ਼, ਪੰਨੇ 177/ਅ–178/ਅ.
[104] H. Beveridge, *Akbar Nama (Vol 2),* p. 94–95.
[105] ਮਹਿਮਾ ਪ੍ਰਕਾਸ਼, ਪੰਨਾ 212/ੳ.
[106] ਉਹੀ, ਪੰਨੇ 212/ੳ–213/ੳ.
[107] H. Beveridge, *Akbar Nama (Vol 2),* p. 411 , 422.
[108] ਰਾਏਜਸਬੀਰ ਸਿੰਘ (ਸੰਪਾ.), ਗੁਰੂ ਅਮਰ ਦਾਸ ਸ੍ਰੋਤ ਪੁਸਤਕ, ਪੰਨੇ 277–78.
[109] ਸੁਜਾਨ ਰਾਏ ਭੰਡਾਰੀ, ਖ਼ੁਲਾਸਤੁਤ ਤਵਾਰੀਖ਼, ਪੰਨੇ 426–27.

ਅਫ਼ਗਾਨਿਸਤਾਨ 'ਤੇ ਕਬਜ਼ਾ ਕਰਨ ਲਈ ਫ਼ੌਜਾਂ ਸਮੇਤ ਲਾਹੌਰ ਠਹਿਰਿਆ ਸੀ। ਉਸਦੇ ਵਾਪਿਸ ਜਾਣ 'ਤੇ ਕਿਸਾਨਾਂ ਨੂੰ ਪੂਰੇ ਮੁੱਲ ਨਹੀਂ ਮਿਲਣੇ ਸਨ, ਇਸ ਲਈ ਮਾਲੀਆ ਮੁਆਫ਼ ਕਰਵਾਉਣਾ ਜ਼ਰੂਰੀ ਸੀ।

ਰਾਜਸੱਤਾ ਦੀ ਸਮੱਸਿਆ ਬਾਰੇ ਇਕ ਨਜ਼ਰੀਆ ਸਰੂਪ ਦਾਸ ਨੇ ਗੁਰੂ ਹਰਿਗੋਬਿੰਦ ਵਾਲੇ ਭਾਗ ਵਿਚ ਦਰਸਾਇਆ ਹੈ। ਗੁਰੂ ਹਰਿਗੋਬਿੰਦ ਨੂੰ ਸੱਚਾ ਪਾਤਸ਼ਾਹ ਕਿਹਾ ਜਾਂਦਾ ਸੀ। ਕਿਉਂਕਿ ਪਾਤਸ਼ਾਹ ਨਾਲੋਂ ਸੱਚਾ ਪਾਤਸ਼ਾਹ ਜ਼ਿਆਦਾ ਸ਼ਕਤੀ ਤੇ ਇੱਜ਼ਤ ਦਾ ਕਾਰਣ ਹੁੰਦਾ ਹੈ। ਇਸ ਲਈ ਗੁਰੂ ਘਰ ਦੇ ਵਿਰੋਧੀਆਂ ਨੇ ਬਾਦਸ਼ਾਹ ਜ਼ਹਾਂਗੀਰ ਨੂੰ ਇਸ ਬਾਰੇ ਸ਼ਿਕਾਇਤ ਲਗਾਈ।[110] ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਜੇ ਤੁਸੀਂ ਸਿੱਖਾਂ ਨੂੰ ਮੈਨੂੰ ਸੱਚਾ ਪਾਤਸ਼ਾਹ ਕਹਿਣੋਂ ਹਟਾ ਸਕਦੇ ਹੋ ਤਾਂ ਹਟਾ ਦਿਉ। ਬਾਦਸ਼ਾਹ ਨੇ ਇਸ ਬਾਰੇ ਹੁਕਮ ਕਢਵਾ ਦਿੱਤਾ, ਪਰ ਜਦੋਂ ਗੁਰੂ ਸਾਹਿਬ ਤੇ ਬਾਦਸ਼ਾਹ ਕਿਤੇ ਗਏ ਤੇ ਵੱਖੋ-ਵੱਖਰੇ ਥਾਂ 'ਤੇ ਨੇੜੇ-ਨੇੜੇ ਕੈਂਪ ਲਗਾ ਕੇ ਬੈਠੇ ਤਾਂ ਇਕ ਵਿਅਕਤੀ ਆਇਆ ਤੇ ਉਹ ਬਾਦਸ਼ਾਹ ਨੂੰ ਸੱਚੇ ਪਾਤਸ਼ਾਹ ਕਹਿਣ ਲੱਗਾ। ਬਾਦਸ਼ਾਹ ਦੇ ਮਨ ਵਿਚ ਸ਼ਾਇਦ ਕੀ ਆਇਆ ਕਿ ਉਸਨੇ ਕਿਹਾ ਮੈਂ ਤਾਂ ਪਾਤਸ਼ਾਹ ਹਾਂ ਸੱਚਾ ਪਾਤਸ਼ਾਹ ਉਸ ਨਾਲ ਵਾਲੇ ਕੈਂਪ ਵਿਚ ਹੈ।[111] ਇਉਂ ਸਰੂਪ ਦਾਸ ਭੱਲਾ ਬਾਦਸ਼ਾਹ ਤੋਂ ਵੀ ਮਨਵਾ ਕੇ ਛੱਡਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਹਨ। ਦੂਜਾ ਸ਼ਾਹਜ਼ਹਾਨ ਦੇ ਦੌਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਸਰਕਾਰੀ ਸ਼ਿਕਾਰਗਾਹ ਵਿਚ ਜਿੱਥੇ ਕੇਵਲ ਬਾਦਸ਼ਾਹ ਜਾਂ ਉਸਦੇ ਹੁਕਮ ਅਨੁਸਾਰ ਖ਼ਾਸ ਲੋਕਾਂ ਨੂੰ ਸ਼ਿਕਾਰ ਖੇਡਣ ਦਾ ਅਧਿਕਾਰ ਹੁੰਦਾ ਹੈ। ਗੁਰੂ ਸਾਹਿਬ ਨੂੰ ਸ਼ਿਕਾਰ ਕਰਦੇ ਵੀ ਵਿਖਾਇਆ ਗਿਆ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਸਰਕਾਰੀ ਬਾਜ਼ 'ਤੇ ਕਬਜ਼ਾ ਕਰਦੇ ਹਨ। ਦੂਜੇ ਪਾਸੇ ਜਦੋਂ ਗੁਰੂ ਸਾਹਿਬ ਦੇ ਬਾਜ਼ ਉੱਪਰ ਜਦੋਂ ਪੈਂਦੇ ਖ਼ਾਂ ਕਬਜ਼ਾ ਕਰਦਾ ਹੈ ਤਾਂ ਇਸ ਸੁਆਲ ਉੱਤੇ ਕਰਤਾਰਪੁਰ ਵਾਲੀ ਲੜਾਈ ਹੁੰਦੀ ਹੈ।[112] ਤੀਜਾ ਸ਼ਾਹਜ਼ਹਾਨ ਦੇ ਅਹਿਦ ਵਿਚ ਹੀ ਗੁਰੂ ਸਾਹਿਬ ਲਾਹੌਰ ਜਾਂਦੇ ਹਨ ਅਤੇ ਉਹ ਰਾਜਸੱਤਾ ਦੇ ਪੱਖੋਂ ਵਰਜਿਤ ਕੰਮਾਂ ਦੀ ਉਲੰਘਣਾ ਕਰਦੇ ਹਨ। ਉਹ ਕਿਲ੍ਹੇ ਦੇ ਦਰਵਾਜ਼ੇ ਤੇ ਤੀਰ ਮਾਰਦੇ ਹਨ ਅਤੇ ਜੋ ਕੰਮ ਸ਼ਹਿਜ਼ਾਦੇ ਨੇ ਨਾ ਕਰਕੇ ਵਿਖਾਉਣਾ ਹੁੰਦਾ ਹੈ, ਇਹ ਕਰਕੇ ਵਿਖਾਉਂਦੇ ਹਨ।[113] ਇਉਂ ਸਰੂਪ ਦਾਸ ਭੱਲਾ ਰਾਜਸੱਤਾ ਦੇ ਪੱਖੋਂ ਮਹੱਤਵਪੂਰਨ ਜੁਗਤਾਂ ਵਰਤ ਕੇ ਮੁਗ਼ਲ ਹਕੂਮਤ 'ਤੇ ਆ ਰਹੀ ਸਿੱਖ ਹਕੂਮਤ ਦੀ ਰਾਜਸੱਤਾ ਦਾ ਪੱਖ ਲੈਂਦਾ ਹੈ। ਇਸ ਤੋਂ ਪਤਾ ਲੱਗਦਾ ਹੈ, ਕਿ ਉਹ ਭਾਵੇਂ ਮੁਸਲਮਾਨ ਫ਼ਕੀਰਾਂ, ਆਦਿ ਨਾਲ ਸਿੱਖਾਂ ਨੂੰ ਜੋੜਦਾ ਹੈ, ਪਰ ਉਹ ਮੁਗ਼ਲ ਸੱਤਾ ਦੀ ਥਾਂ ਸਿੱਖ ਰਾਜਸੱਤਾ ਦੀ ਆਉ ਭਗਤ ਕਰਦਾ ਹੈ।

ਸੱਤੇ ਬਲਵੰਡੇ ਦੀ ਵਾਰ[114] ਤੇ ਭੱਟਾਂ ਦੇ ਸਵੱਈਆਂ[115] ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਰਾਜਸੱਤਾ ਦੇ ਅੰਤਰਗਤ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਸਰੂਪ ਦਾਸ ਉਪਰੋਕਤ ਰਚਨਾਵਾਂ ਦੇ ਇਨ੍ਹਾਂ ਵਿਚਾਰਾਂ ਨੂੰ ਲੈਂਦਾ ਹੈ ਅਤੇ ਗੁਰੂ ਜੀ ਦੀ ਦੈਵੀ ਸੱਤਾ ਨੂੰ ਰਾਜਸੱਤਾ ਨਾਲ ਮੇਚਦਾ ਹੈ। ਉਦਾਹਰਣ ਵਜੋਂ ਗੁਰੂ

---

[110] ਮਹਿਮਾ ਪ੍ਰਕਾਸ਼, ਪੰਨੇ 290/ਅ–291/ੳ.
[111] ਉਹੀ, ਪੰਨੇ 295/ੳ–298/ਅ.
[112] ਉਹੀ, ਪੰਨੇ 299/ੳ–309/ੳ.
[113] ਉਹੀ, ਪੰਨੇ 305/ੳ–308/ਅ.
[114] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 966-968.
[115] ਉਹੀ, ਪੰਨਾ 1389.

ਸਾਹਿਬ ਦੀ ਦਿਨਚਰੀਆ ਵੇਖੀ ਜਾ ਸਕਦੀ ਹੈ[116] ਅਤੇ ਉਸਨੂੰ ਰਣਜੀਤ ਸਿੰਘ ਦੀ ਦਿਨਚਰੀਆ ਨਾਲ ਤੁਲਨਾਇਆ ਜਾ ਸਕਦਾ ਹੈ।

ਗੁਰੂ ਸਾਹਿਬ ਦੀ ਦੈਵੀ ਸੱਤਾ ਤੱਤਕਾਲੀ ਪ੍ਰਸਥਿਤੀਆਂ ਦੇ ਅਧੀਨ ਦੁਨਿਆਵੀ ਸੱਤਾ ਨਾਲ ਬਰਮੇਚਦੀ ਜਾਪਦੀ ਹੈ। ਗੁਰੂ ਸਾਹਿਬ ਦੇ ਦੋ ਮੰਤਵ ਸਨ। ਇਕ, ਉਨ੍ਹਾਂ ਦੀ ਸੱਤਾ ਅਕਾਲ ਪੁਰਖ ਤੋਂ ਲਈ ਹੋਈ ਹੈ ਅਤੇ ਦੂਜਾ, ਇਹ ਸੱਤਾ ਆਮ ਲੋਕਾਂ ਲਈ ਹੈ। ਜਿਵੇਂ ਕਿ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ'[117] ਅਤੇ 'ਗਰੀਬਾ ਉਪਰਿ ਜੇ ਖਿੰਜੈ ਦਾੜੀ'[118] ਆਦਿ ਤੋਂ ਪ੍ਰਗਟ ਹੈ। ਦੂਜੇ ਪਾਸੇ ਮੁਗ਼ਲ ਰਾਜ ਦੀ ਸੱਤਾ ਦੁਨਿਆਵੀ ਸੱਤਾ ਹੈ, ਪਰ ਉਹ ਦੈਵੀ ਸੱਤਾ ਦੀ ਛਾਂ ਤੋਂ ਬਿਨ੍ਹਾਂ ਰਹਿ ਨਹੀਂ ਸਕਦੀ। ਲਗਭਗ ਸਾਰੇ ਸੁਲਤਾਨ ਆਪਣੀ ਸੱਤਾ ਨੂੰ ਖ਼ਲੀਫ਼ੇ ਨਾਲ ਜੋੜਦੇ ਹਨ ਜੋ ਕਿ ਉਨ੍ਹਾਂ ਦਾ ਧਾਰਮਿਕ ਨੇਤਾ ਹੈ।[119] ਦੁਨਿਆਵੀ ਸੱਤਾ ਯਥਾਰਥਿਕ ਸੱਤਾ ਅਤੇ ਦੈਵੀ ਸੱਤਾ ਆਦਰਸ਼ਕ ਸੱਤਾ ਹੈ, ਜਿਸ ਨੂੰ ਪ੍ਰਾਪਤ ਕਰਨ ਦੀ ਇੱਛਾ ਮਨ ਵਿਚ ਚਲਦੀ ਰਹਿੰਦੀ ਹੈ। ਗੁਰੂ ਸਾਹਿਬ ਦੀ ਸੱਤਾ ਮੁਗ਼ਲ ਰਾਜ ਦੀ ਸੱਤਾ ਨਾਲ ਭਿੜਦੀ ਹੈ। ਮੁਗ਼ਲ ਰਾਜ ਵਿਚ ਆਮ ਲੋਕਾਂ ਨੂੰ ਜਿਨ੍ਹਾਂ ਵਿਚ ਕਥਿਤ ਨੀਵੀਂ ਜਾਤ ਦੇ ਲੋਕ ਸਨ, ਉੱਪਰ ਕਈ ਬੰਦਸ਼ਾਂ ਲਗਾਈਆਂ ਹੋਈਆਂ ਸਨ। ਤਵਾਰੀਖ਼ ਗੁਰੂ ਖ਼ਾਲਸਾ ਦਾ ਕਰਤਾ ਗਿਆਨੀ ਗਿਆਨ ਸਿੰਘ ਤਵਾਰੀਖ਼ ਅਲਾਈ ਦੇ ਆਧਾਰ 'ਤੇ ਹਿੰਦੂਆਂ ਦੀ ਉਸ ਸਮੇਂ ਦੀ ਪ੍ਰਸਥਿਤੀਆਂ ਬਾਰੇ ਦੱਸਦਾ ਹੈ ਕਿ ਕਾਜ਼ੀ ਵੱਲੋਂ ਸੁਲਤਾਨ ਅਲਾਉੱਦੀਨ ਨੂੰ ਸੁਝਾਅ ਦਿੱਤਾ ਗਿਆ ਕਿ ਪੈਗੰਬਰ ਸਾਹਿਬ ਫ਼ਰਮਾਉਂਦੇ ਹਨ ਕਿ ਕਾਫ਼ਰਾਂ ਨੂੰ ਮਾਰੋ, ਲੁੱਟੋ ਅਤੇ ਗ਼ੁਲਾਮ, ਆਦਿ ਬਣਾ ਕੇ ਰੱਖੋ। ਹਿੰਦੂ ਦਾ ਮਾਲ ਮੁਸਲਮਾਨਾਂ ਵਾਸਤੇ ਮਾਂ ਦਾ ਦੁੱਧ ਹੈ, ਆਦਿ।[120] ਗੁਰੂ ਸਾਹਿਬ ਇਹੋ ਜਿਹਾ ਵਿਤਕਰਾ ਨਹੀਂ ਸਨ ਚਾਹੁੰਦੇ। ਉਹ ਚਾਹੁੰਦੇ ਸਨ ਕਿ ਨੀਵੇਂ ਲੋਕ ਉੱਚੇ ਹੋ ਜਾਣ ਤੇ ਘੱਟੋ-ਘੱਟ ਉੱਚੇ ਲੋਕਾਂ ਦੀ ਬਰਾਬਰੀ ਕਰਨ।

ਨਿਆਂ ਇਕ ਅਜਿਹੀ ਚੀਜ਼ ਹੈ ਜੋ ਸਮਾਜ ਵਿਚ ਸੰਤੁਲਨ ਰੱਖਦੀ ਹੈ। ਕਿਉਂਕਿ ਤਕੜਾ ਵਿਅਕਤੀ ਜੇ ਉਸਦੀ ਲਗਣ ਸਮਾਜ ਸੇਵਾ ਵਿਚ ਨਹੀਂ ਹੈ ਤਾਂ ਉਹ ਘੁਮੰਡੀ ਤੇ ਸੁਆਰਥੀ ਹੋ ਜਾਵੇਗਾ ਅਤੇ ਉਹ ਭਾਵੇਂ ਨਾ ਵੀ ਚਾਹੁੰਦਾ ਹੋਵੇ ਫਿਰ ਵੀ ਉਸਦੀ ਕਾਰਜ ਸ਼ੈਲੀ ਲੋਕ ਭਲੇ ਵਾਲੀ ਤੇ ਸਮਾਜ ਸੇਵਾ ਵਾਲੀ ਨਹੀਂ ਹੋਵੇਗੀ। ਉਹ ਖਾਣ-ਪੀਣ ਤੋਂ ਲੈ ਕੇ ਸਮਾਜ ਦੇ ਵਿਕਾਸ ਦੇ ਸਾਰੇ ਸਾਧਨ ਇਉਂ ਪ੍ਰਾਪਤ ਕਰੇਗਾ ਤੇ ਵਰਤੇਗਾ ਕਿ ਉਨ੍ਹਾਂ ਕੋਲ ਜ਼ਰੂਰੀ ਲੁੱਟ-ਖਸੁੱਟ ਹੋਵੇਗੀ। ਮੱਧਕਾਲੀ ਦੌਰ ਵਿਚ ਹੋਰਨਾਂ ਸ਼ਕਤੀਆਂ ਦੇ ਨਾਲ-ਨਾਲ ਨਿਆਂ ਕਰਨ ਦੀ ਸ਼ਕਤੀ ਰਾਜੇ ਜਾਂ ਬਾਦਸ਼ਾਹ ਕੋਲ ਹੁੰਦੀ ਸੀ। ਨਿਆਂ ਪ੍ਰਬੰਧ ਨੂੰ ਚਲਾਉਣ ਲਈ ਕਾਜ਼ੀ ਦੀ ਵਰਤੋਂ ਕੀਤੀ ਜਾਂਦੀ ਸੀ। ਇਸੇ ਤਰ੍ਹਾਂ ਨਿਆਂ ਕਰਨ ਵਿਚ ਹੋਰ ਕਰਮਚਾਰੀਆਂ ਦੀ ਜ਼ਿੰਮੇਵਾਰੀ ਵੀ ਬਣਦੀ ਹੈ। ਕਾਜ਼ੀ ਮੋਟੇ ਤੌਰ 'ਤੇ ਨਿਆਂ ਪ੍ਰਬੰਧ ਨੂੰ ਸੰਭਾਲਦਾ ਹੈ। ਗੁਰੂ ਸਾਹਿਬ ਜਦੋਂ ਸਮਾਜ ਦੇ ਲੁਟੇਰੇ ਵਰਗਾਂ ਦੀ ਗੱਲ ਕਰਦੇ ਹਨ ਤਾਂ ਕਹਿੰਦੇ ਹਨ 'ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ

---

[116] ਮਹਿਮਾ ਪ੍ਰਕਾਸ਼, ਪੰਨੇ 330/ਅ-332/ੳ.
[117] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 15.
[118] ਉਹੀ, ਪੰਨਾ 199.
[119] ਵੇਖੋ ਫੁਟ ਨੋਟ ਨੰਬਰ 21.
[120] ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ ਪਹਿਲਾ), ਪੰਨਾ 47.

ਜੁਗਤਿ ਨ ਜਾਣੈ ਅੰਧੁ॥ਤੀਨੇ ਓਜਾੜੇ ਕਾ ਬੰਧੁ॥੨॥'[121] ਇਸ ਲਈ ਕਾਜ਼ੀ ਭਾਵੇਂ ਰਾਜ ਪੱਧਰ ਦਾ ਹੋਵੇ ਜਾਂ ਸਥਾਨਕ ਪੱਧਰ ਦਾ ਉਸਦਾ ਕੰਮ ਕੂੜ ਬੋਲ ਕੇ ਮਲ ਖਾਣਾ ਹੈ। ਕਾਜ਼ੀਆਂ ਕੋਲ ਜ਼ਮੀਨ ਨੂੰ ਖਰੀਦਣ, ਵੇਚਣ, ਘਰੇਲੂ ਝਗੜੇ, ਪਿੰਡ ਪੱਧਰ ਦੀਆਂ ਲੜਾਈਆਂ, ਆਦਿ ਦੇ ਕੇਸ ਆਉਂਦੇ ਸਨ। ਬਟਾਲੇ ਨਾਲ ਸੰਬੰਧਿਤ ਕਾਗਜ਼ਾਂ ਤੋਂ ਪਤਾ ਲੱਗਦਾ ਹੈ ਕਿ ਕਾਜ਼ੀ ਮੋਟੇ ਤੌਰ 'ਤੇ ਮੁਸਲਮਾਨਾਂ ਵਾਸਤੇ ਹੈ ਪਰ ਜਿਸ ਕੇਸ ਵਿਚ ਦੋਵੇਂ ਪਾਸੇ ਹੁੰਦੇ ਹਨ, ਉਹ ਵੀ ਕਾਜ਼ੀ ਕੋਲ ਜਾਂਦਾ ਹੈ।[122] ਕਿਉਂਕਿ ਕਾਜ਼ੀ ਕੋਲੋਂ ਬਹੁਤੀ ਜ਼ਿੰਮੇਵਾਰੀ ਦੀ ਆਸ ਨਹੀਂ ਰੱਖੀ ਜਾ ਸਕਦੀ ਇਸ ਲਈ ਉਹ ਜਦੋਂ ਮਨ ਮਰਜ਼ੀ ਦੇ ਫ਼ੈਸਲੇ ਲੈਂਦਾ ਸੀ, ਤਾਂ ਉਹ ਕੁਰਾਣ ਦੇ ਹਵਾਲੇ ਦੇ ਦਿੰਦਾ ਸੀ। ਇਸ ਦੀ ਸਮਝ ਹਿੰਦੂਆਂ ਨੂੰ ਤਾਂ ਕੀ ਮੁਸਲਮਾਨਾਂ ਨੂੰ ਵੀ ਨਹੀਂ ਆਉਂਦੀ ਸੀ। ਲੋਕਯਾਨ ਵਿਚ ਵੀ ਕਾਜ਼ੀ ਰਾਹੀਂ ਕੀਤੀਆਂ ਵਧੀਕੀਆਂ ਦਾ ਪਤਾ ਲੱਗ ਜਾਂਦਾ ਹੈ।[123] ਪਰ ਜਿੱਥੇ ਰਾਜਾ ਤੇਜ਼ ਹੁੰਦਾ ਹੈ ਉੱਥੇ ਉਸਨੂੰ ਲੋਕਾਂ ਦੀ ਭਲਾਈ ਦਾ ਬਹੁਤਾ ਖ਼ਿਆਲ ਹੁੰਦਾ ਹੈ, ਉਹ ਕਾਜ਼ੀ ਨੂੰ ਸਜ਼ਾ ਵੀ ਦੇ ਸਕਦਾ ਹੈ ਤੇ ਉਸਦੀ ਆਪਣੀ ਅਪੀਲ ਵੀ ਕਰਵਾ ਸਕਦਾ ਹੈ। ਔਰੰਗਜ਼ੇਬ ਦੀ ਧਾਰਮਿਕ ਨੀਤੀ ਤਾਂ ਬਹੁਤ ਕੱਟੜ ਸੀ ਪਰ ਨਿਆਂ ਦੇ ਖੇਤਰ ਵਿਚ ਬਹੁਤ ਚੇਤੰਨ ਸੀ।[124] ਇਸ ਵਾਸਤੇ ਗੁਰੂ ਸਾਹਿਬ ਨੇ ਨਿਆਂ 'ਤੇ ਜ਼ੋਰ ਦਿੱਤਾ। ਚੁਲੀਆਂ ਭਰਨ ਵਾਲੇ ਕਰਮਕਾਂਡ ਦੀ ਜੁਗਤ ਨੂੰ ਵਰਤਦੇ ਹੋਏ ਗੁਰੂ ਸਾਹਿਬ ਕਹਿੰਦੇ ਹਨ 'ਰਾਜਾ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ'[125] ਮਤਲਬ ਕਿ ਰਾਜਾ ਉਹੀ ਹੈ ਜੋ ਤਖ਼ਤ ਦੇ ਬਹਿਣ ਦੇ ਲਾਇਕ ਹੈ ਤੇ ਨਿਆਂ ਕਰਦਾ ਹੈ। ਗੁਰੂ ਸਾਹਿਬ ਦੇ ਸਮਕਾਲੀ ਮੁਗ਼ਲ ਰਾਜ ਅਧੀਨ ਕੁਝ ਰਾਜੇ ਪ੍ਰਜਾ ਦਾ ਧਿਆਨ ਰੱਖਦੇ ਅਤੇ ਨਿਆਂ ਕਰਨ ਲਈ ਪ੍ਰਸਿੱਧ ਸਨ। ਜ਼ਹਾਂਗੀਰ ਬਾਰੇ ਇਹ ਗੱਲ ਪ੍ਰਚਲਿਤ ਸੀ ਕਿ ਉਹ ਨਿਆਂਕਾਰੀ ਰਾਜਾ ਹੈ।[126] ਅਕਬਰ ਦੀ ਕਾਰਜਸ਼ੈਲੀ ਬਰਾਬਰੀ, ਭਾਈਚਾਰਾ ਅਤੇ ਨਿਆਂ 'ਤੇ ਅਧਾਰਿਤ ਸੀ।[127] ਸਿੱਖ ਮਿਸਲਦਾਰ ਨਿਆਂ ਦਾ ਬਹੁਤ ਖ਼ਿਆਲ ਰੱਖਦੇ ਸਨ। ਉਹ ਕਿਸੇ ਦੋਸ਼ ਬਾਰੇ ਗਵਾਹੀ ਨੂੰ ਸੁਣਦੇ ਵੀ ਸਨ ਤੇ ਪੁਣਦੇ ਵੀ ਸਨ।[128] ਸਰੂਪ ਦਾਸ ਗੁਰੂ ਸਾਹਿਬਾਨ ਦੇ ਅਧਿਐਨ ਦੇ ਖੇਤਰ ਵਿਚ ਨਿਆਂ ਉੱਤੇ ਵੀ ਜ਼ੋਰ ਦਿੰਦਾ ਹੈ।

ਨਿਆਂ ਦੇ ਅੰਤਰਗਤ ਕੀਤੇ ਗਏ ਦੋਸ਼ ਦੀ ਸਜ਼ਾ ਆਓਂਦੀ ਹੈ। ਨਿਆਂ ਕਰਨ ਦੇ ਖੇਤਰ ਵਿਚ ਗਵਾਹੀ ਆਉਂਦੀ ਹੈ ਅਤੇ ਲੋੜ ਪੈਣ ਤੇ ਸਰਦਾਰ ਗਵਾਹੀ ਦੀ ਪੁਣ-ਛਾਣ ਵੀ ਕਰਦੇ ਹਨ। ਬੰਸਾਵਲੀਨਾਮਾ ਅਨੁਸਾਰ ਬੰਦਾ ਸਿੰਘ ਬਹਾਦਰ ਵੇਲੇ ਕੋਈ ਸ਼ਕਤੀਸ਼ਾਲੀ ਵਿਅਕਤੀ ਕਿਸੇ ਔਰਤ ਦੇ ਘਰਵਾਲੇ ਨੂੰ ਮਾਰ ਕੇ ਉਸ 'ਤੇ ਕਬਜ਼ਾ ਕਰ ਲੈਂਦਾ ਹੈ। ਉਹ ਕਿਸੇ ਨਾ ਕਿਸੇ ਤਰ੍ਹਾਂ ਬਚ ਕੇ ਬੰਦਾ ਸਿੰਘ ਬਹਾਦਰ ਕੋਲ ਪਹੁੰਚ ਜਾਂਦੀ ਹੈ। ਉਹ ਸਾਰਾ ਕੁੱਝ ਸੁਣ ਕੇ ਹੁਕਮ ਦਿੰਦਾ ਹੈ ਕਿ ਇਸ ਦੋਸ਼ੀ ਵਿਅਕਤੀ ਨੂੰ ਤੋਪ ਅੱਗੇ ਰੱਖ ਕੇ ਉਡਾ ਦਿੱਤਾ ਜਾਵੇ। ਹੁਕਮ ਦੀ ਤਾਮੀਲ ਵਾਸਤੇ ਕੁੱਝ ਵਿਅਕਤੀ ਉਸ ਨੂੰ ਸਜ਼ਾ ਦੇਣ ਜਾਂਦੇ ਹਨ। ਪਰ ਉਸ

[121] ਉਹੀ, ਪੰਨਾ 662.
[122] J.S. Grewal, *In The By-Lanes of History,* p. 101-102.
[123] ਜੀਤ ਸਿੰਘ ਸੀਤਲ (ਸੰਪਾ), ਹੀਰ ਵਾਰਿਸ, ਪੰਨੇ 30-31.
[124] Saqi Must'ad Khan, *Maasir-i- Alamgiri,* p. 481.
[125] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1240.
[126] Henry Beveridge (ed.), *The Tuzuk–i–Jahangiri,* p. 8–10 (Preface).
[127] ਰਾਹੁਲ ਸਾਂਕ੍ਰਤਯਾਯਨ, ਅਕਬਰ, ਪੰਨੇ 305-320.
[128] Hari Ram Gupta, *History of the Sikhs (Vol. 4),* p. 373.

ਤੋਂ ਰਿਸ਼ਵਤ ਲੈ ਕੇ ਕਿਸੇ ਢਾਂਚੇ ਨੂੰ ਕੱਪੜੇ ਪੁਆ ਕੇ ਉਸ ਨੂੰ ਤੋਪ ਅੱਗੇ ਰੱਖ ਕੇ ਉਡਾ ਦਿੰਦੇ ਹਨ। ਉਨ੍ਹਾਂ ਦੇ ਇਸ ਤਰੀਕੇ ਤੋਂ ਉਹ ਔਰਤ ਖ਼ੁਸ਼ ਨਹੀਂ ਹੁੰਦੀ ਤੇ ਮੁੜ ਸ਼ਿਕਾਇਤ ਕਰ ਦਿੰਦੀ ਹੈ। ਬੰਦਾ ਸਿੰਘ ਬਹਾਦਰ ਫਿਰ ਪੜਤਾਲ ਕਰਦਾ ਹੈ ਅਤੇ ਦੋਸ਼ੀ ਨੂੰ ਢੁਕਵੀਂ ਸਜ਼ਾ ਦਿੰਦਾ ਹੈ।[129] ਇਹ ਘਟਨਾ ਅਠਾਰ੍ਹਵੀਂ ਵਿਚ ਵਾਪਰਦੀ ਹੈ। ਇਹ ਸਾਨੂੰ ਬੰਸਾਵਲੀਨਾਮਾ ਵਿਚ ਮਿਲਦੀ ਹੈ ਪਰ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ। ਇਸਦਾ ਇਹ ਮਤਲਬ ਨਹੀਂ ਕਿ ਸਰੂਪ ਦਾਸ ਕੀਤੇ ਗਏ ਨਿਆਂ ਨੂੰ ਵਿਖਾਉਣਾ ਨਹੀਂ ਚਾਹੁੰਦਾ। ਮੁਗ਼ਲ ਰਾਜ ਅਧੀਨ ਮੌਤ ਦੀ ਸਜ਼ਾ ਆਮ ਸੀ। ਦੋਸ਼ੀਆਂ ਦੇ ਨਾਲ-ਨਾਲ ਦੂਸਰੇ ਧਰਮ ਦੇ ਲੋਕਾਂ ਨੂੰ ਜੇ ਉਹ ਮੁਸਨਮਾਨ ਹੋਣਾ ਨਹੀਂ ਸਨ ਮੰਨਦੇ ਤਾਂ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਸਿੱਖ ਸਰਦਾਰਾਂ ਤੇ ਮਹਾਰਾਜਾ ਸਿੰਘ ਦੇ ਸਮੇਂ ਕੇਸਾਂ ਵਿਚ ਜ਼ੁਰਮਾਨੇ ਕੀਤੇ ਜਾਂਦੇ ਸਨ, ਕੈਦ ਦੀ ਸਜ਼ਾ ਨਹੀਂ ਸੀ ਦਿੱਤੀ ਜਾਂਦੀ, ਮੌਤ ਦੀ ਸਜ਼ਾ ਕਿਸੇ ਵਿਰਲੇ ਕੇਸ ਵਿਚ ਦਿੱਤੀ ਜਾਂਦੀ ਸੀ।[130]

ਸਤਿਗੁਰੂ ਦੀ ਦਿਨਚਰੀਆ ਮੁਗ਼ਲ ਬਾਦਸ਼ਾਹ ਦੀ ਦਿਨਚਰੀਆ ਵਾਂਗ ਹੀ ਸੀ। ਭਾਵ ਸਿੱਖ ਗੁਰੂ ਵੀ ਦਿਨਚਰੀਆ ਦੇ ਹਿਸਾਬ ਨਾਲ ਕਾਰ ਵਿਹਾਰ ਕਰਦੇ ਸਨ।[131] ਗੁਰੂ ਸਾਹਿਬ ਪਹਿਰ ਰਾਤ ਜਾਗਦੇ ਸਨ। ਸਫ਼ਾਈ ਕਰਕੇ ਪੰਜ ਇਸ਼ਨਾਨਾ ਕਰਦੇ ਸਨ। ਸੱਤਵੇਂ ਗੁਰੂ ਹਰਿ ਰਾਏ ਸਾਹਿਬ ਜਲ ਨਾਲ ਭਰੀ 101 ਗਾਗਰ ਨਾਲ ਗੁਰੂ ਸਾਹਿਬ ਨੂੰ ਇਸ਼ਨਾਨ ਕਰਾਉਣਾ (ਜੋ ਕਿ ਸਨਮਾਨ ਦੀ ਖ਼ਾਤਿਰ ਅਤਿ-ਕਥਨੀ ਭਰੀ ਕਾਵਿ-ਜੁਗਤ ਵਰਤੀ ਹੈ) ਕਰਦੇ ਸਨ। ਫਿਰ ਉਹ ਚਿਤ ਨੂੰ ਸਥਿਰ ਕਰਕੇ ਸਮਾਧੀ ਲਗਾਉਂਦੇ ਸਨ। ਫਿਰ ਅੰਮ੍ਰਿਤ ਵੇਲੇ ਦੇ ਸਮੇਂ ਤਿਲਕ ਲਗਾਉਂਦੇ ਅਤੇ ਪਵਿੱਤ੍ਰ ਬਸਤਰ ਪਹਿਣਦੇ ਸਨ। ਫਿਰ ਉਹ ਸੁਗੰਧੀਆਂ ਆਪਣੇ ਸਰੀਰ ਨੂੰ ਲਗਾਉਂਦੇ, ਗ੍ਰੰਥ ਦਾ ਪਾਠ ਸੁਣਦੇ, ਕੀਰਤਨ ਸੁਣਦੇ ਅਤੇ ਕਰਦੇ ਸਨ। ਇਸ ਤਰ੍ਹਾਂ ਗੁਰੂ ਸਾਹਿਬ ਆਪਣੇ ਦੈਵੀ ਕਾਰਜ ਕਰਦੇ ਸਨ। ਆਰਤੀ ਦਾ ਪਾਠ ਹੁੰਦਾ, ਫਿਰ ਲੰਗਰ ਤਿਆਰ ਕੀਤਾ ਜਾਂਦਾ। ਚੌਂਕੇ ਦਾ ਕੰਮ ਮਰਿਯਾਦਾ ਨਾਲ ਕੀਤਾ ਜਾਂਦਾ। ਫਿਰ ਗੁਰੂ ਜੀ ਸ਼ਿਕਾਰ ਖੇਡਣ ਜਾਂਦੇ ਪਰ ਜਾਨਵਰਾਂ ਤੇ ਪੰਛੀਆਂ ਨੂੰ ਮਾਰਦੇ ਨਹੀਂ ਸਨ, ਉਹ ਉਨ੍ਹਾਂ ਨੂੰ ਜਿਊਂਦੇ ਫੜ੍ਹ ਕੇ ਲਿਆਉਂਦੇ ਤੇ ਆਪਣੇ ਚਿੜੀਆਘਰ ਵਿਚ ਰੱਖ ਲੈਂਦੇ ਸਨ। ਫਿਰ ਕੀਰਤਨ ਹੁੰਦਾ ਅਤੇ ਇਸ ਤੋਂ ਬਾਅਦ ਉਹ ਸੌਂ ਜਾਂਦੇ।[132]

ਮੁਗ਼ਲ ਰਾਜ ਦੀ ਪੂਰੀ ਚੜ੍ਹਤ ਸਮੇਂ ਆਰਥਿਕ ਤੇ ਸਮਾਜਿਕ ਹਾਲਤ ਬਹੁਤ ਚੰਗੀ ਸੀ। ਅਕਬਰ ਦੇ ਸਮੇਂ ਤੱਕ ਇਲਾਕੇ ਜਿੱਤਣ ਦਾ ਕੰਮ ਸਹਿਜੇ ਹੀ ਚਲਦਾ ਰਿਹਾ। ਜ਼ਹਾਂਗੀਰ ਦੇ ਸਮੇਂ ਤੋਂ ਉਸਦੀ ਧਾਰਮਿਕ ਨੀਤੀ ਕਰਕੇ ਉਸਦੇ ਰਾਜ ਨੂੰ ਪਹਿਲਾ ਧੱਕਾ ਲੱਗਾ। ਉਹ ਫ਼ਿਰਕਾਪ੍ਰਸਤ ਹੋ ਗਿਆ ਅਤੇ ਕੁੱਝ ਅਫ਼ਗਾਨ ਇਲਾਕੇ ਛੁੱਟ ਗਏ।[133] ਸ਼ਾਹਜ਼ਹਾਨ ਦਾ ਰਾਜ ਕਾਲ ਸਾਧਾਰਨ ਰਿਹਾ। ਅਸਲ ਵਿਚ ਮੁਗ਼ਲ ਸਾਮਰਾਜ ਨੂੰ ਡੇਗਣ ਵਾਸਤੇ ਔਰੰਗਜ਼ੇਬ ਦੀ ਨੀਤੀ ਨੇ ਕੰਮ ਕੀਤਾ। ਇਕ ਤਾਂ ਉਸਨੇ ਸਿੱਖ ਗੁਰੂ ਸਾਹਿਬਾਨ ਨੂੰ ਆਪਣੇ ਵਿਰੁੱਧ ਕਰ ਲਿਆ ਅਤੇ ਦੂਜਾ, ਉਸਦੀ ਨੀਤੀ ਹਿੰਦੂਆਂ ਦੇ ਵਿਰੁੱਧ ਵੀ ਸੀ ਅਤੇ ਵਿਸ਼ੇਸ਼ ਤੌਰ 'ਤੇ ਉਸਦਾ ਮਰਾਠਿਆਂ ਵਿਰੁੱਧ ਸੰਘਰਸ਼ ਉਸਨੂੰ ਲੈ ਬੈਠਾ। ਇਸ ਸੰਘਰਸ਼ ਨੇ ਰਾਜਸੀ ਤੌਰ 'ਤੇ ਵੀ ਉਸਦਾ ਪੈਸਾ ਖਾਧਾ

[129] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 131.
[130] ਨਰਿੰਦਰ ਕ੍ਰਿਸ਼ਨ ਸਿਨਹਾ, ਰਣਜੀਤ ਸਿੰਘ, ਪੰਨਾ 122.
[131] ਮਹਿਮਾ ਪ੍ਰਕਾਸ਼, ਪੰਨੇ 330/ਅ-332/ੳ.
[132] ਉਹੀ
[133] Henry Beveridge (ed.), *The Tuzuk–i–Jahangiri, (Vol. 1),* p. 461.

ਅਤੇ ਖ਼ਾਸ ਕਰ ਉੱਤਰੀ ਹਿੰਦੁਸਤਾਨ ਵਿਚ ਉਸਦਾ ਆਰਥਿਕ ਪ੍ਰਬੰਧ ਵਿਗੜਦਾ ਗਿਆ।[134] ਉਸਦੇ ਰਾਜ ਦੌਰਾਨ ਖ਼ਾਲਸਾ ਜ਼ਮੀਨ ਕਾਫ਼ੀ ਸੀ, ਜੋ ਮਰਾਠਿਆਂ ਦੇ ਸੰਘਰਸ਼ ਦੌਰਾਨ ਮਨਸਬਦਾਰੀ ਵਿਚ ਬਦਲਦੀ ਗਈ। ਲੜਾਈ ਦੌਰਾਨ ਬਹਾਦਰੀ ਦਿਖਾਉਣ ਵਾਲੇ ਸਰਦਾਰ ਨੂੰ ਮਨਸਬਦਾਰੀ ਦਿੱਤੀ ਜਾਂਦੀ ਸੀ। ਇਹ ਮਨਸਬਦਾਰ ਲੋਕਾਂ ਦਾ ਖ਼ੂਨ ਨਿਚੋੜਦੇ ਸਨ। ਕਿਉਂਕਿ ਜਗੀਰ ਦਾ ਆਨੰਦ ਮਾਨਣ ਤੋਂ ਇਲਾਵਾ ਉਨ੍ਹਾਂ ਨੂੰ ਕੁੱਝ ਘੋੜ-ਸਵਾਰ ਰੱਖਣੇ ਪੈਂਦੇ ਸਨ ਤਾਂ ਕਿ ਲੋੜ ਪੈਣ ’ਤੇ ਬਾਦਸ਼ਾਹ ਦੀ ਮਦਦ ਕਰ ਸਕਣ। ਇਸ ਲਈ ਜੋ ਪੈਸਾ ਉਸਨੇ ਸਰਕਾਰ ਨੂੰ ਮਾਲੀਏ ਦੇ ਰੂਪ ਵਿਚ ਦੇਣਾ ਹੁੰਦਾ ਸੀ ਉਹ ਵੀ ਲੋਕਾਂ ਵਿਚੋਂ ਨਿਕਲਦਾ ਸੀ। ਸਿੱਟੇ ਵਜੋਂ ਕਿਸਾਨ ਲੋਕ ਬਹੁਤ ਦੁਖੀ ਹੁੰਦੇ ਅਤੇ ਘਰ ਬਾਰ ਛੱਡ ਕੇ ਭੱਜ ਜਾਂਦੇ, ਕਿਉਂਕਿ ਮਨਸਬਦਾਰ ਲੋਕਾਂ ਨੂੰ ਮਾਲੀਏ ਉਗਰਾਹੁਣ ਸਮੇਂ ਬਹੁਤ ਕੁੱਟਦੇ-ਮਾਰਦੇ ਸਨ। ਸਿੱਟੇ ਵਜੋਂ ਅਜਿਹੇ ਭੱਜੇ ਹੋਏ ਕਿਸਾਨ ਗੁਰੂ ਗੋਬਿੰਦ ਸਿੰਘ ਦੀ ਸ਼ਰਣ ਲੈਂਦੇ ਸਨ। ਇਸ ਤਰੀਕੇ ਨਾਲ ਬਗ਼ਾਵਤ ਵੱਧਦੀ ਜਾਂਦੀ ਸੀ। ਮਹਿਮਾ ਪ੍ਰਕਾਸ਼ ਵਿਚ ਅਜਿਹੀ ਬਗ਼ਾਵਤ ਦਾ ਵਰਣਨ ਤਾਂ ਕੋਈ ਨਹੀਂ ਸਿਰਫ ਸ਼ਹਿਜ਼ਾਦਿਆਂ ਦੀ ਬਗ਼ਾਵਤ ਦਾ ਹੀ ਉੱਲੇਖ ਕੀਤਾ ਗਿਆ ਹੈ। ਪਰ ਉਹ ਕਿਸਾਨਾਂ ਤੇ ਹੋਰ ਲੋਕਾਂ ਦੀਆਂ ਪ੍ਰਸਥਿਤੀਆਂ ਨੂੰ ਜ਼ਰੂਰ ਨੋਟ ਕਰਦਾ ਹੈ। ਗੱਦੀ ਪ੍ਰਾਪਤ ਕਰਨ ਵਾਸਤੇ ਸ਼ਹਿਜਾਦਿਆਂ ਵਿਚ ਝਗੜਾ ਉੱਠ ਖੜਾ ਹੁੰਦਾ ਹੈ ਤਾਂ ਬਗ਼ਾਵਤ ਵਾਲੀ ਹਾਲਤ ਪੈਦਾ ਹੁੰਦੀ ਹੈ। ਮਹਿਮਾ ਪ੍ਰਕਾਸ਼ ਵਿਚ ਖ਼ੁਸਰੋ ਦੀ ਬਗ਼ਾਵਤ ਉਸਦਾ ਸ਼ਿਕਾਰ ਦੀ ਆੜ ਵਿਚ ਲਾਹੌਰ ਵੱਲ ਭੱਜਣਾ, ਪਤਾ ਲੱਗ ਜਾਣ ’ਤੇ ਬਾਦਸ਼ਾਹ ਜ਼ਹਾਂਗੀਰ ਦਾ ਉਸਦੇ ਮਗਰ ਲੱਗ ਜਾਣਾ, ਭਰੋਵਾਲ ਦੇ ਇਲਾਕੇ ਵਿਚ ਸ਼ਹਿਜ਼ਾਦੇ ਨੂੰ ਪਹਿਲੀ ਹਾਰ ਹੋਣੀ, ਉਸਦਾ ਨੱਸ ਕੇ ਲਾਹੌਰ ਚਲੇ ਜਾਣਾ, ਲਾਹੌਰ ਦੇ ਕਿਲ੍ਹੇ ਦੇ ਦਰਵਾਜ਼ੇ ਨਾ ਖੁੱਲਣ ਤੇ ਉਸਦਾ ਚਨਾਬ ਦਰਿਆ ਵੱਲ ਦੌੜਨਾ ਅਤੇ ਉਸ ਦੀ ਗ੍ਰਿਫ਼ਤਾਰੀ। ਪਰ ਇਸ ਬਗ਼ਾਵਤ ਨਾਲ ਗੁਰੂ ਅਰਜਨ ਦੇਵ ਨੂੰ ਵੀ ਗੰਢ ਲਿਆ। ਹਲਾਂਕਿ ਗੁਰੂ ਅਰਜਨ ਦੇਵ ਨਾਲ ਮੁਲਾਕਾਤ ਦਾ ਉਸਨੂੰ ਬਗ਼ਾਵਤ ਤੋਂ ਇਕ ਮਹੀਨਾ ਬਾਅਦ ਪਤਾ ਲੱਗਾ। ਗੁਰੂ ਅਰਜਨ ਦੇਵ ਦੇ ਵਿਰੋਧੀਆਂ ਨੇ ਉਸਦੇ ਕੰਨ ਭਰ ਕੇ ਇਹ ਸਿੱਧ ਕੀਤਾ ਕਿ ਉਹ ਬਗ਼ਾਵਤ ਵਿਚ ਸ਼ਾਮਲ ਸਨ। ਜਦੋਂ ਸ਼ਹਿਜ਼ਾਦੇ ਨੂੰ ਫੜ ਕੇ ਲਿਆਂਦਾ ਗਿਆ ਤਾਂ ਉਸ ਨੂੰ ਮੱਕੇ ਵੱਲ ਤੋਰ ਦਿੱਤਾ ਗਿਆ ਅਤੇ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਬਗ਼ਾਵਤ ਨਾਲ ਸੰਬੰਧਿਤ ਅੰਬਾ ਤੇ ਰਾਜੂ ਨੂੰ ਜ਼ੁਰਮਾਨਾ ਕੀਤਾ ਗਿਆ। ਉਸ ਵੇਲੇ ਇਹ ਗੱਲ ਉੱਡੀ ਸੀ ਕਿ ਗੁਰੂ ਜੀ ਨੂੰ ਵੀ ਇਹ ਜ਼ੁਰਮਾਨਾ ਕੀਤਾ ਗਿਆ ਸੀ। ਗੁਰੂ ਸਾਹਿਬ ਦੇ ਵਿਰੋਧੀਆਂ ਵਿਚ ਬਾਬਾ ਪ੍ਰਿਥੀ ਚੰਦ, ਦੀਵਾਨ ਚੰਦੂ ਅਤੇ ਕੁੱਝ ਕਰਮਕਾਂਡੀ ਬ੍ਰਹਮਣ ਤੇ ਮੁਸਲਿਮ ਆਗੂ ਸ਼ਾਮਿਲ ਸਨ।[135] ਇਸ ਤਰ੍ਹਾਂ ਗੁਰੂ ਅਰਜਨ ਦੇਵ ਦੀ ਸ਼ਹੀਦੀ ਤੋਂ ਬਾਅਦ ਬਗ਼ਾਵਤ ਦਾ ਭੋਗ ਪੈ ਗਿਆ।

ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਸਾਹਿਬ ਤਰਨ ਤਾਰਨ ਗਏ ਹੋਏ ਸਨ।[136] ਜਿੱਥੋਂ ਤੱਕ ਚੰਦੂ ਦਾ ਸਵਾਲ ਹੈ। ਉਸਦਾ ਉੱਲੇਖ ਨਾ ਤੁਜ਼ਿਕ ਜ਼ਹਾਂਗੀਰੀ ਵਿਚ ਹੈ ਅਤੇ ਨਾ ਹੀ ਉਸ ਸਮੇਂ ਦੀ ਕਿਸੇ ਫ਼ਾਰਸੀ ਰਚਨਾ ਵਿਚ ਮਿਲਦਾ ਹੈ। ਸਰੂਪ ਦਾਸ ਇਹ ਲਿਖਦਾ ਹੈ ਕਿ ਜਦੋਂ ਗੁਰੂ ਅਰਜਨ ਦੇਵ ਪਾਸ ਸ਼ਹਿਜ਼ਾਦਾ

---

[134] Saqi Must'ad Khan, *Maasir-i- Alamgiri,* p. 10-11.
[135] ਗੰਡਾ ਸਿੰਘ, ਸਿੱਖ ਇਤਿਹਾਸ ਦੇ ਕੁੱਝ ਇਤਿਹਾਸਿਕ ਪੱਤਰੇ, ਪੰਨੇ 32-44.
[136] ਮਹਿਮਾ ਪ੍ਰਕਾਸ਼, ਪੰਨਾ 290/ਅ.

ਗਿਆ ਤਾਂ ਉਨ੍ਹਾਂ ਨੇ ਖ਼ਜ਼ਾਨਾ ਦੇ ਕੇ ਉਸ ਦੀ ਮਦਦ ਕੀਤੀ ਦੱਸੀ ਗਈ ਹੈ।[137] ਇਹ ਗੱਲ ਗੁਰੂ ਜੀ ਦੇ ਵਿਰੋਧੀਆ ਨੇ ਬਾਦਸ਼ਾਹ ਨੂੰ ਦੱਸੀ ਸੀ। ਬਾਦਸ਼ਾਹ ਨੇ ਗੁਰੂ ਅਰਜਨ ਦੇਵ ਨੂੰ ਸਜ਼ਾ ਦੇਣ ਵਾਸਤੇ ਦੀਵਾਨ ਚੰਦੂ ਨੂੰ ਸੌਂਪ ਦਿੱਤਾ। ਚੰਦੂ ਨੇ ਗੁਰੂ ਅਰਜਨ ਦੇਵ ਜੀ ਅੱਗੇ ਇਹ ਸ਼ਰਤ ਰੱਖੀ ਕਿ ਉਹ ਮੇਰੀ ਲੜਕੀ ਦਾ ਰਿਸ਼ਤਾ ਆਪਣੇ ਪੁੱਤਰ ਹਰਿਗੋਬਿੰਦ ਸਾਹਿਬ ਨਾਲ ਕਰ ਲਵੇ ਪਰ ਗੁਰੂ ਜੀ ਨਹੀਂ ਮੰਨੇ।[138] ਇਸ ਵਿਚ ਇਹ ਗੱਲ ਵੀ ਦੱਸੀ ਗਈ ਹੈ ਕਿ ਗੁਰੂ ਸਾਹਿਬ ਨੇ ਇਸ ਘਟਨਾ ਦੌਰਾਨ ਬਾਬਾ ਅਰਥ ਮੱਲ ਭੱਲਾ ਦੀ ਸਲਾਹ ਲਈ।[139] ਚੰਦੂ ਦੀ ਸਪੁਰਦਗੀ ਵਿਚ ਗੁਰੂ ਜੀ ਦੀ ਮੌਤ ਹੋ ਗਈ ਅਤੇ ਉਨ੍ਹਾਂ ਦਾ ਸਸਕਾਰ ਰਾਵੀ ਨਦੀ ਦੇ ਕੰਢੇ ਕੀਤਾ ਗਿਆ। ਇਸ ਤਰ੍ਹਾਂ ਇਹ ਬਗ਼ਾਵਤ ਵਾਲੀ ਘਟਨਾ ਸਰੂਪ ਦਾਸ ਭੱਲਾ ਨੇ ਆਪ ਕੁੱਝ ਜੋੜ-ਤੋੜ ਕੇ ਬਿਆਨ ਕੀਤੀ ਹੈ।

ਅਗਲੀ ਉੱਲੇਖ ਯੋਗ ਘਟਨਾ ਗੁਰੂ ਹਰਿ ਰਾਏ ਸਾਹਿਬ ਰਾਹੀਂ ਬਾਦਸ਼ਾਹ ਸ਼ਾਹਜ਼ਹਾਨ ਦੇ ਪੁੱਤਰਾਂ ਦੇ ਵਿਰਾਸਤ ਦੇ ਯੁੱਧ ਵਿਚ ਵੱਡੇ ਪੁੱਤਰ ਦਾਰਾ ਸ਼ਿਕੋਹ ਦੀ ਮਦਦ ਕੀਤੀ। ਸੁਜਾਨ ਰਾਏ ਭੰਡਾਰੀ ਅਨੁਸਾਰ "ਜਦੋਂ ਦਾਰਾ ਸ਼ਿਕੋਹ ਲਾਹੌਰ ਨੂੰ ਭੱਜਾ ਤਾਂ ਗੁਰੂ ਸਾਹਿਬ ਨੇ ਗੋਇੰਦਵਾਲ ਜਾ ਕੇ ਸਾਰੀਆ ਬੇੜੀਆਂ ਉਤਾੜ ਵੱਲ ਕਾਬੂ ਕਰ ਲਈਆਂ ਜਿਸ ਦੇ ਸਿੱਟੇ ਵਜੋਂ ਔਰੰਗਜ਼ੇਬ ਦੀ ਫ਼ੌਜ ਬਿਆਸ ਦੇ ਹੇਠਾੜ ਵਾਲੇ ਪਾਸੇ ਮਜ਼ਬੂਰ ਹੋ ਕੇ ਵੇਖਦੀ ਰਹਿ ਗਈ।"[140] ਅਗਲੀ ਰਾਤ ਗੁਰੂ ਸਾਹਿਬ ਤਾਂ ਵਾਪਿਸ ਲਾਹੌਰ ਚਲੇ ਗਏ ਤੇ ਦਾਰਾ ਸ਼ਿਕੋਹ ਲਾਹੌਰ ਪਹੁੰਚ ਗਿਆ। ਸਿੱਟੇ ਵਜੋਂ ਔਰੰਗਜ਼ੇਬ ਜਦੋਂ ਬਾਦਸ਼ਾਹ ਬਣਿਆ ਤਾਂ ਉਸਨੇ ਗੁਰੂ ਹਰਿ ਰਾਏ ਦੀ ਜੁਆਬ ਤਲਬੀ ਕੀਤੀ। ਗੁਰੂ ਸਾਹਿਬ ਨੇ ਆਪ ਨਾ ਜਾ ਕੇ ਆਪਣੇ ਵੱਡੇ ਪੁੱਤਰ ਰਾਮ ਰਾਇ ਜੀ ਨੂੰ ਭੇਜਿਆ।[141] ਜਿਸ ਨੂੰ ਔਰੰਗਜ਼ੇਬ ਨੇ ਆਪਨੇ ਪ੍ਰਭਾਵ ਹੇਠ ਕਰ ਲਿਆ ਅਤੇ ਉਸਨੂੰ ਡੇਰਾਦੂਨ (ਦੇਹਰਾਦੂਨ) ਜਗੀਰ ਦੇ ਦਿੱਤੀ। ਇਸੇ ਜੁਆਬ ਤਲਬੀ ਅਧੀਨ ਗੁਰੂ ਹਰਿਕ੍ਰਿਸ਼ਨ ਨੂੰ ਵੀ ਦਿੱਲੀ ਜਾਣਾ ਪਿਆ ਜਿੱਥੇ ਉਹ ਸਵਰਗਵਾਸ ਹੋ ਗਏ। ਅੱਗੇ ਜਾ ਕੇ ਇਹੀ ਸਮੱਸਿਆ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਕਾਰਣ ਬਣੀ। ਸਰੂਪ ਦਾਸ ਭੱਲਾ ਇਸ ਬਗ਼ਾਵਤ ਦੀ ਘਟਨਾ ਲੈਂਦਾ ਹੈ ਪਰ ਧੁਰ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੱਕ ਨਹੀਂ ਨਿਭਦਾ।

ਮੁਗ਼ਲ ਬਾਦਸ਼ਾਹ ਵੀ ਆਪਣੇ ਸਾਰੇ ਰੋਜ਼ਾਨਾ ਦੇ ਕੰਮਾਂ ਨੂੰ ਸਮੇਂ ਸਾਰਣੀ ਅਨੁਸਾਰ ਵੰਡ ਲੈਂਦੇ ਸਨ। ਮੁਗ਼ਲ ਬਾਦਸ਼ਾਹ ਸਵੇਰੇ ਦੇਰੀ ਨਾਲ ਉੱਠਦੇ, ਦਰਬਾਰ ਲਗਾਉਂਦੇ ਜਿਸ ਵਿਚ ਪ੍ਰਬੰਧ ਤੇ ਕੰਮਕਾਜ ਤੋਂ ਇਲਾਵਾ ਨਿਆਂ ਦੀਆਂ ਸਮੱਸਿਆਵਾਂ ਵੀ ਹੱਲ ਕਰਦੇ। ਅਕਬਰ ਸ਼ਾਇਦ ਹੀ ਤਿੰਨ ਘੰਟੇ ਤੋਂ ਵੱਧ ਸੌਂਦਾ ਹੋਵੇ। ਥੋੜੀ ਦੇਰ ਅਰਾਮ ਕਰਕੇ ਵਿਦਵਾਨਾਂ ਦੀ ਸਭਾ ਵਿਚ ਜਾਂਦਾ। ਉੱਥੇ ਹੁੰਦੀਆਂ ਗੋਸ਼ਟੀਆਂ ਨੂੰ ਬੜੇ ਧਿਆਨ ਨਾਲ ਸੁਣਦਾ ਤੇ ਧਰਮ ਦੇ ਸਿੱਧਾਂਤਾਂ ਤੇ ਵਿਸ਼ੇਸ਼ਤਾਈਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ। ਘੰਟਾ ਡੇਢ ਘੰਟਾ ਬਿਤਾਉਣ ਤੋਂ ਬਾਅਦ ਦਫ਼ਤਰੀ ਕੰਮਾਂ ਦੀਆਂ ਦਰਖ਼ਾਸਤਾਂ ਪੜ੍ਹਦਾ, ਸੁਣਦਾ ਤੇ ਹੁਕਮ ਲਿਖਾਉਂਦਾ। ਅੱਧੀ ਰਾਤ ਨੂੰ ਉਹ ਆਪਣੀ ਪੂਜਾ ਪਾਠ ਵਿਚ ਲੱਗ ਜਾਂਦਾ। ਤਿੰਨ ਘੰਟੇ ਸੌਣ ਤੋਂ ਬਾਅਦ

[137] ਉਹੀ
[138] ਉਹੀ, ਪੰਨੇ 291/ਅ-292/ੳ
[139] ਉਹੀ
[140] ਗੰਡਾ ਸਿੰਘ, ਸਿੱਖ ਇਤਿਹਾਸ ਦੇ ਕੁੱਝ ਇਤਿਹਾਸਿਕ ਪੱਤਰੇ, ਪੰਨਾ 71.
[141] ਮਹਿਮਾ ਪ੍ਰਕਾਸ਼, ਪੰਨਾ 350/ੳ.

ਇਸ਼ਨਾਨ ਪਾਣੀ ਤੋਂ ਬਾਅਦ ਦੋ ਘੰਟੇ ਫਿਰ ਪੂਜਾ ਕਰਦਾ। ਸੂਰਜ ਚੜਣ ਦੇ ਨਾਲ ਹੀ ਦਰਬਾਰ ਵਿਚ ਪਹੁੰਚ ਜਾਂਦਾ ਜਿੱਥੇ ਦਰਬਾਰੀ ਪਹਿਲਾਂ ਹੀ ਪਹੁੰਚੇ ਹੁੰਦੇ। ਗ਼ਰੀਬ ਤੇ ਸਧਾਰਣ ਵਿਅਕਤੀਆਂ ਕੋਲ ਖ਼ੁਦ ਉੱਠ ਕੇ ਜਾਂਦਾ ਤੇ ਉਨ੍ਹਾਂ ਦੀ ਗੱਲ ਗ਼ੌਰ ਨਾਲ ਸੁਣਦਾ। ਫਿਰ ਆਪਣੀ ਫ਼ੌਜ ਤੇ ਉਨ੍ਹਾਂ ਦੇ ਜਾਨਵਰਾਂ ਕੋਲ ਜਾ ਕੇ ਉਨ੍ਹਾਂ ਦੀ ਹਾਲਤ ਵੇਖਦਾ। ਇਸ ਤੋਂ ਪਹਿਲਾਂ ਉਹ ਕਾਰਖ਼ਾਨਿਆਂ ਤੇ ਹਥਿਆਰਾਂ ਨੂੰ ਵੇਖਣ ਜਾਂਦਾ। ਉਹ ਹਥਿਆਰਾਂ ਨੂੰ ਬਣਾਉਣ ਅਤੇ ਚਲਾਉਣ, ਆਦਿ ਦਾ ਕੰਮ ਵੀ ਕਰਦਾ ਰਹਿੰਦਾ। ਕਈ ਵਾਰ ਮਿਸਤਰੀਆਂ ਦਾ ਕੰਮ ਖ਼ੁਦ ਵੀ ਕਰਨ ਲੱਗਦਾ ਅਤੇ ਕਈ ਵਾਰ ਆਮ ਲੋਕਾਂ ਵਿਚ ਬੈਠਦਾ ਤੇ ਉਨ੍ਹਾਂ ਦੀ ਗੱਲਬਾਤ ਸੁਣਦਾ।[142] ਬਾਦਸ਼ਾਹ ਜ਼ਹਾਂਗੀਰ ਨੇ ਦੱਸਿਆ ਜਾਂਦਾ ਹੈ ਕਿ ਨਿਆਂ ਉੱਪਰ ਬਹੁਤ ਜ਼ੋਰ ਦਿੱਤਾ। ਸਿਆਸੀ ਸਮੱਸਿਆ ਨੂੰ ਪਾਸੇ ਰੱਖ ਦਈਏ ਤਾਂ ਪਤਾ ਲੱਗਦਾ ਹੈ ਕਿ ਅਕਬਰ ਤੋਂ ਔਰੰਗਜ਼ੇਬ ਤੱਕ ਸਾਰੇ ਬਾਦਸ਼ਾਹ ਨਿਆਂ ਪ੍ਰਬੰਧ ਨੂੰ ਚੰਗੀ ਤਰ੍ਹਾਂ ਚਲਾਉਂਦੇ ਸਨ। ਉਸਦੇ ਬਾਅਦ ਬਾਦਸ਼ਾਹ ਹੋਰ ਫੁਟਕਲ ਕੰਮ ਕਰਦੇ ਅਤੇ ਫਿਰ ਸ਼ਿਕਾਰ ਖੇਡਣ ਚਲੇ ਜਾਂਦੇ। ਇਉਂ ਪਤਾ ਲੱਗਦਾ ਹੈ ਕਿ ਸਾਰੇ ਬਾਦਸ਼ਾਹਾਂ ਦਾ ਰੋਜ਼ਾਨਾ ਕੰਮਕਾਜ ਅਤੇ ਉਸਦਾ ਤਰੀਕਾ ਇਕੋ ਜਿਹਾ ਸੀ।

ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਕਾਰ ਵਿਹਾਰ ਬਾਰੇ ਈਵੈਂਟਸ ਐਟ ਦੀ ਕੋਰਟ ਆਫ਼ ਰਣਜੀਤ ਸਿੰਘ 1810 ਤੋਂ 1817 ਵਿਚ ਕਾਫ਼ੀ ਜਾਣਕਾਰੀ ਮਿਲਦੀ ਹੈ। ਜਿਸ ਵਿਚੋਂ ਅਸੀਂ ਸ਼ੁਕਰਵਾਰ 18 ਸਤੰਬਰ, 1812 ਦੀ ਮਿਸਾਲ ਲੈਂਦੇ ਹਾਂ। ਇਸ ਅਨੁਸਾਰ ਮਹਾਰਾਜਾ ਸਵੇਰੇ ਸਵੱਖਤੇ ਉੱਠਿਆ ਅਤੇ ਦੀਵਾਨਖ਼ਾਨੇ ਵੱਲ ਚਲਾ ਗਿਆ। ਸਰਦਾਰਾਂ ਨੇ ਉਸਦਾ ਸਤਿਕਾਰ ਕੀਤਾ ਅਤੇ ਉਹ ਰੋਜ਼ਾਨਾ ਦੇ ਕੰਮਕਾਜ ਕਰਨ ਲੱਗਾ। ਇਸ ਕੰਮਕਾਜ ਵਿਚ ਕੰਵਰ ਖੜਕ ਸਿੰਘ ਵੱਲੋਂ ਆਈ ਚਿੱਠੀ ਵਿਚਾਰੀ ਗਈ। ਕਿਸ਼ਨ ਦਾਸ ਭੰਡਾਰੀ ਨੂੰ ਲੋੜੀਂਦੀ ਗ੍ਰਾਂਟ ਦਿੱਤੀ। ਉਸ ਤੋਂ ਬਾਅਦ ਉਹ ਘੋੜੇ ਤੇ ਚੜ੍ਹ ਕੇ ਸਰਾਂਇ ਵੱਲ ਗਿਆ ਅਤੇ ਸਿੱਖ ਫ਼ੌਜ ਦੀ ਡਰਿੱਲ ਵੇਖੀ। ਫਿਰ ਉਹ ਖਾਣਾ ਖਾ ਕੇ ਆਰਾਮ ਕਰਨ ਲਈ ਸੌਂ ਗਿਆ। ਫਿਰ ਉਹ ਉੱਠ ਕੇ ਦੁਪਹਿਰ ਦਾ ਕੰਮਕਾਜ ਕਰਨ ਲੱਗਾ। ਫਿਰ ਉਸਨੇ ਆਏ ਲੋਕਾਂ ਤੋਂ ਨਜ਼ਰਾਨੇ ਲਏ। ਅਖ਼ੀਰ ਉਹ ਹਰਮ ਵਿਚ ਚਲਾ ਗਿਆ, ਖਾਣਾ ਖਾਧਾ ਤੇ ਫਿਰ ਸੌਂ ਗਿਆ।[143] ਇਸ ਵਿਚ ਮਹਾਰਾਜੇ ਰਾਹੀਂ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਨਸ਼ਾ ਕਰਨ ਦੀ ਗਵਾਹੀ ਨਹੀਂ ਮਿਲਦੀ। ਹੁਣ ਸਾਡੇ ਕੋਲ ਬਾਦਸ਼ਾਹਾਂ ਦੇ ਮਹਾਰਾਜਾ ਰਣਜੀਤ ਸਿੰਘ ਦੇ ਤੇ ਗੁਰੂ ਸਾਹਿਬਾਨ ਦੇ ਨਿਤ ਕਰਮ ਦੀ ਸੂਚਨਾ ਮਿਲ ਜਾਂਦੀ ਹੈ। ਵਿਅਕਤੀ ਖ਼ਾਸ ਦੀ ਪ੍ਰਕਿਰਤੀ ਅਨੁਸਾਰ ਇਸ ਦਿਨ ਚਰੀਆ ਵਿਚ ਵਖਰੇਵੇਂ ਹਨ। ਗੁਰੂ ਸਾਹਿਬ ਦਾ ਜੀਵਨ ਅਧਿਆਤਮਿਕ ਸਮਾਜਿਕ ਹੈ। ਮੁਗ਼ਲ ਬਾਦਸ਼ਾਹ ਨਿਰੋਲ ਦੁਨਿਆਵੀਂ ਜੀਵਨ ਬਤੀਤ ਕਰਦੇ ਹਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਦਿਨਚਰੀਆ ਨੈਤਿਕਤਾ ਉੱਤੇ ਅਧਾਰਿਤ ਹੈ ਤੇ ਜਿੱਥੋਂ ਤੱਕ ਸੰਭਵ ਹੋਇਆ, ਉਸਨੇ ਗੁਰੂ ਸਾਹਿਬਾਨ ਦੀ ਦਿਨਚਰੀਆ ਉੱਪਰ ਚਲਣ ਦਾ ਯਤਨ ਕੀਤਾ ਹੈ।

ਪ੍ਰਧਾਨ ਮੰਤਰੀ ਨੂੰ ਵਜ਼ੀਰ ਕਿਹਾ ਜਾਂਦਾ ਹੈ। ਇਹ ਬਾਦਸ਼ਾਹ ਤੋਂ ਕਿਸੇ ਰਾਜ ਪ੍ਰਬੰਧ ਵਾਸਤੇ ਦੂਜੇ ਦਰਜੇ 'ਤੇ ਹੁੰਦਾ ਹੈ। ਸਿਆਸੀ ਵਿਚਾਰਧਾਰਕ ਇਸ ਨੂੰ ਬਹੁਤ ਮਹੱਤਤਾ ਦਿੰਦੇ ਹਨ। ਇਸ ਨੂੰ ਰਾਜ ਤੇ

---

[142] ਰਾਹੁਲ ਸਾਂਕ੍ਰਤਯਾਯਨ, ਅਕਬਰ, ਪੰਨਾ 309.
[143] H.L.O. Garrett, G.L.Chopra, *Events at the Court of Ranjit Singh 1810–1817, P. 43.*

ਪ੍ਰਜਾ ਦਾ ਪੁਲ ਮੰਨਿਆਂ ਗਿਆ ਹੈ। ਇਸਦੀ ਤਕਨੀਕੀ ਕੀਮਤ ਸਮਰਾਟ ਤੋਂ ਦੂਜੇ ਦਰਜੇ ਦੀ ਹੈ। ਵਜ਼ੀਰ ਦੇ ਸਹਿਯੋਗ ਤੇ ਮਦਦ ਦੇ ਬਿਨ੍ਹਾਂ ਰਾਜ ਪ੍ਰਬੰਧ ਨਹੀਂ ਚੱਲਦਾ। ਇਨ੍ਹਾਂ ਦੀ ਸਹਾਇਤਾ ਨਾਲ ਦੇਸ਼ ਦਾ ਭਲਾ ਤੇ ਲੋਕਾਂ ਦੀ ਭਲਾਈ ਹੁੰਦੀ ਹੈ।[144] ਹਰ ਇਕ ਰਾਜੇ ਨਾਲ ਵਜ਼ੀਰ ਰਿਹਾ ਹੈ। ਅੰਗਰੇਜ਼ੀ ਰਾਜ ਤੋਂ ਪਹਿਲਾਂ ਮਹਾਰਾਜਾ ਸ਼ੇਰ ਸਿੰਘ ਦੇ ਅਹਿਦ ਵਿਚ ਕੌਂਸਲ ਬਣ ਗਈ ਸੀ।[145] ਕੌਂਸਲ ਬਣਨ ਉੱਤੇ ਵਜ਼ੀਰ ਕੋਲ ਕੇਵਲ ਸਧਾਰਨ ਰਾਜ ਪ੍ਰਬੰਧ ਦਾ ਕੰਮ ਰਹਿ ਗਿਆ ਸੀ। ਵਿਦੇਸ਼ ਮੰਤਰਾਲਾ ਵੱਖਰਾ ਕਰ ਦਿੱਤਾ ਸੀ ਤੇ ਜੋ ਵੀ ਖ਼ਰਚ ਕਰਨਾ ਹੋਵੇ ਭਾਵੇਂ ਰਾਜ ਦੇ ਵਿਕਾਸ ਨਾਲ ਸੰਬੰਧਿਤ ਹੋਵੇ ਜਾਂ ਐਸ਼ ਪ੍ਰਸਤੀ ਨਾਲ ਸੰਬੰਧਿਤ ਹੋਵੇ ਵਜ਼ੀਰ ਅਤੇ ਬਾਕੀ ਮੰਤਰੀਆਂ ਦੀ ਸਲਾਹ ਨਾਲ ਕੀਤਾ ਜਾਂਦਾ ਸੀ। ਜਦੋਂ ਕਦੇ ਬਾਦਸ਼ਾਹ ਚੇਤੰਨ ਨਹੀਂ ਹੁੰਦਾ ਸੀ ਤਾਂ ਸਾਰਾ ਕੰਮ ਵਜ਼ੀਰ ਨੂੰ ਹੀ ਕਰਨਾ ਪੈਂਦਾ ਸੀ। ਜਿਸ ਵਿਚ ਇਕ ਪ੍ਰਧਾਨ ਮੰਤਰੀ ਤੇ ਬਾਕੀ ਮੰਤਰੀ ਪੱਧਰ ਦੇ ਸਨ। ਮਹਾਰਾਜਾ ਜਾਂ ਬਾਦਸ਼ਾਹ ਵਜ਼ੀਰ ਤੋਂ ਆਮ ਕਰਕੇ ਸਲਾਹ ਲੈਂਦਾ ਸੀ। ਰਣਜੀਤ ਸਿੰਘ ਦੇ ਵੇਲੇ ਉਸਦੇ ਅਧੀਨ ਪੰਜ ਵਿਅਕਤੀਆਂ ਵਾਲੀ ਨਿੱਜੀ ਕੌਂਸਲ ਕੰਮ ਕਰਦੀ ਸੀ।[146] ਬਾਕੀ ਗੱਲ ਰਹਿ ਗਈ ਰਾਜਾ, ਬਾਦਸ਼ਾਹ/ਸੁਲਤਾਨ ਦੀ, ਤਾਂ ਰਣਜੀਤ ਸਿੰਘ ਭਾਵੇਂ ਅੰਗਰੇਜ਼ਾਂ ਤੋਂ ਸੁਤੰਤਰ ਸੀ, ਪਰ ਉਸਦੇ ਰਾਜਤੰਤਰ ਅਨੁਸਾਰ ਅਕਾਲ ਪੁਰਖ ਤੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਸਰੋਤ ਸਨ।[147] ਜਦੋਂ ਕਿ ਪਟਿਆਲਾ ਰਿਆਸਤ ਦੇ ਬਾਬਾ ਆਲਾ ਸਿੰਘ ਤੇ ਉਸਦੇ ਪੋਤਰਾ ਅਮਰ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਸਰੋਤ ਬਣਾਇਆ ਸੀ।[148] ਇਸ ਲਈ ਸਤਲੁਜ ਦੇ ਹੇਠਾੜ ਦੇ ਸਰਦਾਰ ਅੰਗਰੇਜ਼ਾਂ ਦੇ ਅਧੀਨ ਰਾਜੇ ਸਨ, ਪਰ ਰਣਜੀਤ ਸਿੰਘ ਤੇ ਉਸ ਤੋਂ ਪਹਿਲਾਂ ਮਿਸਲਦਾਰਾਂ ਦੀ ਸਥਿਤੀ ਵੱਖਰੀ ਸੀ। ਰਣਜੀਤ ਸਿੰਘ ਖ਼ੁਦ ਵੀ ਬਾਦਸ਼ਾਹ ਨਹੀਂ ਬਣਨਾ ਚਾਹੁੰਦਾ ਸੀ। ਭਾਵੇਂ ਉਹ ਬਾਦਸ਼ਾਹ ਦੀਆਂ ਸ਼ਰਤਾਂ ਪੂਰੀਆਂ ਕਰਦਾ ਸੀ। ਸ਼ਾਹਜ਼ਮਾਨ ਦੀਆਂ ਤੋਪਾਂ ਜਦੋਂ ਰਣਜੀਤ ਸਿੰਘ ਨੇ ਇਸਨੂੰ ਵਾਪਿਸ ਪਿਸ਼ਾਵਰ ਵਿਖੇ ਭੇਜ ਦਿੱਤੀਆਂ ਤਾਂ ਉਸਨੇ ਇਸਨੂੰ ਲਾਹੌਰ ’ਤੇ ਕਬਜ਼ਾ ਕਰਨ ਦੀ ਇਜਾਜ਼ਤ ਦੇ ਦਿੱਤੀ।[149] ਇਉਂ ਰਣਜੀਤ ਸਿੰਘ ਨੂੰ ਰਾਜੇ ਦਾ ਖ਼ਿਤਾਬ ਮਿਲ ਗਿਆ। ਪਰ ਉਸਦੀ ਰਾਜਸੱਤਾ ਪਹਿਲਾਂ ਵਾਲੀ ਹੀ ਰਹੀ। ਉਂਜ ਵੀ ਉਹ ਆਪਣੇ ਆਪ ਨੂੰ ਰਾਜੇ ਦੀ ਥਾਂ ਤੇ ਸਿੰਘ ਸਾਹਿਬ ਅਖਵਾ ਕੇ ਜ਼ਿਆਦਾ ਖ਼ੁਸ਼ ਸੀ।[150] ਮਿਸਲਦਾਰ ਤੋਂ ਨਵਾਬੀ ਲੈ ਕੇ ਵੀ ਖ਼ੁਸ਼ ਨਹੀਂ ਸਨ। ਭਾਵੇਂ ਹਾਲਾਤ ਦੇ ਆਧਾਰ ’ਤੇ ਉਨ੍ਹਾਂ ਨਵਾਬੀ ਦਾ ਪਦ ਮਨਜ਼ੂਰ ਕਰ ਲਿਆ, ਪਰ ਰਾਜਾ ਬਣਨਾ ਕਦੇ ਵੀ ਸੋਚਿਆ ਨਹੀਂ ਸੀ। ਉਂਜ ਅਸੀ ਰਣਜੀਤ ਸਿੰਘ ਨੂੰ ਮਹਾਰਾਜਾ ਹੀ ਕਹਿੰਦੇ ਹਾਂ।

ਮਨਸਬਦਾਰ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ ਮਨਸਬ ਤੋਂ ਲਿਆ ਗਿਆ ਹੈ, ਜਿਸਦਾ ਅਰਥ ਪਦਵੀ ਜਾਂ ਦਰਜਾ ਹੈ।[151] ਮੁਗ਼ਲ ਰਾਜ ਸਮੇਂ ਹਰ ਇਕ ਵੱਡੇ ਅਫ਼ਸਰ ਨੂੰ ਮਨਸਬਦਾਰ ਕਿਹਾ ਜਾਦਾ

---

[144] Ishiaq Husain Qureshi, *The Administration Of The Sultanate Of Delhi,* p. 78.
[145] ਪ੍ਰੇਮ ਸਿੰਘ ਹੋਤੀ, ਜੀਵਨ ਬ੍ਰਿਤਾਂਤ ਮਹਾਰਾਜਾ ਸ਼ੇਰ ਸਿੰਘ, ਪੰਨਾ 133.
[146] Hari Ram Gupta, *History of the Sikhs (Vol. 4),* p. 215.
[147] ਵੇਖੋ ਫੁਟ ਨੋਟ ਨੰਬਰ 21.
[148] ਉਹੀ
[149] Hari Ram Gupta, *History of the Sikhs (Vol. 5),* p. 19.
[150] Dr. Madanjit Kaur, *The Golden Tample Past and Present,* p. 176-177.
[151] Ishiaq Husain Qureshi, *Administration of Mughal Empire,* p. 158.

ਸੀ।[152] ਮਨਸਬਦਾਰ ਕਿਸੇ ਖ਼ਾਸ ਅਹੁਦੇ ਦਾ ਨਾਮ ਨਹੀਂ ਸੀ। ਕਦੇ ਕਦਾਈਂ ਵੈਦਾਂ, ਕਵੀਆਂ ਅਤੇ ਵਿਦਵਾਨਾਂ (ਟੋਡਰ ਮਲ, ਬੀਰ ਬਲ, ਅਬੂ ਫ਼ਜ਼ਲ), ਆਦਿ ਨੂੰ ਵੀ ਯੋਗਤਾ ਦੇ ਆਧਾਰ 'ਤੇ ਮਨਸਬ ਬਖਸ਼ੇ ਜਾਂਦੇ ਸਨ। ਇਰਵਿਨ ਅਨੁਸਾਰ "ਮਨਸਬ ਪ੍ਰਣਾਲੀ ਦਾ ਉੱਦੇਸ਼ ਮੁਗ਼ਲ ਰਾਜ ਦੇ ਅਧਿਕਾਰੀਆਂ ਦੀ ਤਰਤੀਬ ਅਤੇ ਉਨ੍ਹਾਂ ਦੀ ਤਨਖ਼ਾਹ ਸੰਬੰਧੀ ਗਰੇਡ ਨਿਸ਼ਚਿਤ ਕਰਨਾ ਸੀ।"[153] ਮਨਸਬਦਾਰ ਨੂੰ ਨਿਸ਼ਚਿਤ ਗਿਣਤੀ ਵਿਚ ਘੋੜ ਸਵਾਰ ਰੱਖਣੇ ਪੈਂਦੇ ਸਨ ਅਤੇ ਲੋੜ ਅਨੁਸਾਰ ਉਨ੍ਹਾਂ ਦਾ ਨਿਰੀਖਣ ਅਤੇ ਜੰਗ ਲਈ ਪੇਸ਼ ਕਰਣੇ ਪੈਂਦੇ ਸਨ।

ਮੁਗ਼ਲ ਸਾਮਰਾਜ ਵਿਚ ਬਾਦਸ਼ਾਹ ਦੀ ਸ਼ਕਤੀ ਦਾ ਮੂਲ ਆਧਾਰ ਉਸਦੀ ਸੈਨਾ ਹੁੰਦੀ ਸੀ।[154] ਇਸ ਲਈ ਉਹ ਆਮ ਤੌਰ ਤੇ ਸ਼ਕਤੀਸ਼ਾਲੀ ਤੇ ਵਿਸ਼ਾਲ ਸੈਨਾ ਰੱਖਦੇ ਸਨ।[155] ਸੈਨਿਕ ਟੁਕੜੀਆਂ ਨੂੰ ਆਮ ਕਰਕੇ ਸਰਹੱਦਾਂ ਉੱਪਰ ਰੱਖਿਆ ਜਾਂਦਾ ਸੀ।[156] ਦੇਸ਼ ਦੇ ਅੰਦਰ ਉਨ੍ਹਾਂ ਵਾਸਤੇ ਕਿਲ੍ਹੇ ਵੀ ਬਣਾਏ ਜਾਂਦੇ ਸਨ।[157] ਮਨਸਬਦਾਰ ਆਰਥਿਕ ਪੱਖੋਂ ਤੇ ਰਾਜਨੀਤਿਕ ਪੱਖੋਂ ਅਹਿਮੀਅਤ ਰੱਖਦੇ ਸਨ। ਮਨਸਬਦਾਰ ਆਮ ਕਰਕੇ ਰਾਜਪੂਤਾਂ, ਜਾਟਾਂ, ਮਰਾਠਿਆਂ ਅਤੇ ਖੱਤਰੀਆਂ, ਆਦਿ ਵਿਚੋਂ ਲਏ ਜਾਂਦੇ ਸਨ।[158] ਮਨਸਬਦਾਰਾਂ ਕੋਲ ਸਿਵਲ ਪ੍ਰਬੰਧ ਦੇ ਨਾਲ ਸੈਨਿਕ ਪ੍ਰਬੰਧ ਵੀ ਹੁੰਦਾ ਸੀ।[159] ਮਨਸਬਦਾਰਾਂ ਨੂੰ ਨਕਦ ਅਦਾਇਗੀ ਨਹੀਂ ਸੀ ਹੁੰਦੀ, ਜਗੀਰ ਹੀ ਮਿਲਦੀ ਸੀ। ਇਸ ਤਰ੍ਹਾਂ ਉਹ ਜਗੀਰਦਾਰ ਬਣ ਜਾਂਦਾ ਸੀ ਤੇ ਵਾਹੀ ਕਰਨ ਵਾਲੇ ਕਿਸਾਨ। ਮਨਸਬਦਾਰਾਂ ਨੂੰ ਖੁੱਲੀਆਂ ਜਗੀਰਾਂ ਦੇ ਕੇ ਬਾਦਸ਼ਾਹ ਨੇ ਚਾਹਿਆ ਕਿ ਉਹ ਸੈਨਾ ਦਾ ਵੱਧ ਤੋਂ ਵੱਧ ਸਹਿਯੋਗ ਲੈ ਸਕੇ, ਪਰ ਮਰਾਠਿਆਂ ਦੀ ਧਰਤੀ ਨੂੰ ਕਾਬੂ ਕਰਨ ਲਈ ਇੰਨੇ ਮਨਸਬਦਾਰ ਵੀ ਕਾਫ਼ੀ ਨਹੀਂ ਸਨ, ਪਰ ਇਹ ਜ਼ਰੂਰ ਹੈ ਜਦੋਂ ਤੱਕ ਮੁਗ਼ਲ ਰਾਜ ਪੱਕੇ ਪੈਰਾਂ ਤੇ ਰਿਹਾ, ਉਹ ਤਕੜੇ ਮਨਸਬਦਾਰਾਂ ਕਰਕੇ ਸੀ। ਬਾਦਸ਼ਾਹ ਦੇ ਰਾਜ ਦਾ ਨਾਸ਼ ਉਸਦੀ ਧਾਰਮਿਕ ਨੀਤੀ ਕੀਤਾ ਸੀ।

ਅਕਬਰ ਵੇਲੇ ਵੀ ਉਸਦਾ ਰਾਜ ਹੇਠਾਂ ਬਾਰ੍ਹਾਂ ਸੂਬਿਆਂ ਵਿਚ ਵੰਡਿਆ ਹੋਇਆ ਸੀ ਤੇ ਪੰਜਾਬ ਦੀ ਧਰਤੀ ਜਿਸ ਬਾਰੇ ਅਸੀਂ ਗੱਲ ਕਰਦੇ ਹਾਂ ਉਸ ਵੇਲੇ ਦੇ ਲਾਹੌਰ, ਮੁਲਤਾਨ, ਕਾਬਲ ਤੇ ਕਸ਼ਮੀਰ ਚਾਰ ਸੂਬਿਆਂ ਵਿਚ ਵੰਡਿਆ ਹੋਇਆ ਸੀ।[160] ਦਿੱਲੀ ਸੂਬੇ ਵਿਚ ਅਜੋਕੇ ਹਰਿਆਣੇ ਵਾਲਾ ਭਾਗ ਵੀ ਪੰਜਾਬ ਨਾਲ ਜੁੜਿਆ ਹੋਇਆ ਸੀ। ਇਨ੍ਹਾਂ ਸਾਰਿਆਂ ਦੇ ਪ੍ਰਬੰਧਕ ਸੂਬੇਦਾਰ ਹੁੰਦੇ ਸਨ। ਕਈ ਵਾਰ ਕੁੱਝ ਇਤਿਹਾਸਕਾਰ ਇਤੀਵ੍ਰਿਤਕਾਰ ਗ਼ਲਤੀ ਨਾਲ ਸਰਹਿੰਦ ਨੂੰ ਸੂਬਾ ਮੰਨ ਲੈਂਦੇ ਹਨ ਅਤੇ ਉਸਦਾ ਪ੍ਰਬੰਧਕ ਨੂੰ ਸੂਬੇਦਾਰ (ਦਰਅਸਲ ਸੂਬੇ ਅੱਗੋਂ ਸਰਕਾਰਾਂ ਵਿਚ ਵੰਡੇ ਹੋਏ ਸਨ) ਕਿਹਾ ਜਾਂਦਾ ਸੀ। ਸਰਹਿੰਦ ਇਕ ਸਰਕਾਰ ਸੀ, ਜਿਸ ਦਾ ਪ੍ਰਬੰਧਕ ਫ਼ੌਜਦਾਰ ਸੀ ਤੇ ਸਰਹਿੰਦ ਦਿੱਲੀ ਸੂਬੇ ਦੀ ਸਰਕਾਰ ਸੀ। ਇਹ ਅਹੁਦਾ ਆਮ ਤੌਰ 'ਤੇ ਪ੍ਰਭਾਵਸ਼ਾਲੀ ਬੰਦਿਆਂ ਨੂੰ ਬਖ਼ਸ਼ਿਆਂ ਜਾਂਦਾ ਸੀ। ਕਦੇ-ਕਦੇ ਇਹ ਅਹੁਦਾ ਮੁਗ਼ਲ

---

152 ਮਨਸਬਦਾਰ ਅਉ ਸਪਹ ਸਲਾਰ॥ ਬਹੁਤ ਅਮੀਰ ਬਡੇ ਸਰਦਾਰ॥, ਮਹਿਮਾ ਪ੍ਰਕਾਸ਼, ਪੰਨਾ 307/ੳ.
153 William Irvine, *The Army of the Indian Mughal : its Organization and Administrations,* p. 4.
154 ਬਹੁਤ ਫ਼ੌਜ ਤਈਨਾਥ ਕਰ ਭੇਜੇ ਬਡੇ ਅਮੀਰ॥, ਮਹਿਮਾ ਪ੍ਰਕਾਸ਼, ਪੰਨਾ 307/ੳ.
155 ਜਹਾਂਗੀਰ ਦਿਲੀ ਪਤਿਸਾਹੁ॥ ਧਨ ਲਸਕਰ ਤਾ ਕੇ ਬਡੇ ਅਥਾਹ॥, ਉਹੀ, ਪੰਨਾ 286/ੳ.
156 ਸਭ ਸਰਹਦ ਪਰ ਲਿਖੇ ਪਰਵਾਨੇ॥ ਸਗਲ ਤਿਯਾਰ ਭਏ ਕਰਖ਼ਾਨੇ॥, ਉਹੀ, ਪੰਨਾ 301/ੳ.
157 ਕਿਲੇ ਕੀ ਨੀਵ ਤਿਸੇ ਦਿਨ ਭਰਨੀ॥, ਉਹੀ, ਪੰਨਾ 273/ਅ.
158 M. Athar Ali, *The Mughal Nobality under Aurangzeb,* p. 29-32
159 *Ibid.,* p. 53
160 Abul Fazl Allami, *Aini Akbari (Vol-2),* p. 315-420

ਸ਼ਹਿਜ਼ਾਦਿਆ ਨੂੰ ਵੀ ਦਿੱਤਾ ਜਾਂਦਾ ਸੀ। ਜਿਵੇਂ ਔਰੰਗਜ਼ੇਬ ਦੇ ਆਪਣੇ ਸ਼ਹਿਜ਼ਾਦੇ ਮੁਹੰਮਦ ਮੁਅੱਜ਼ਮ ਸ਼ਾਹ ਆਲਮ ਬਹਾਦਰ ਸ਼ਾਹ ਅਤੇ ਮੁਹੰਮਦ ਮੁਇਜ਼ੁਦੀਨ ਮੁਲਤਾਨ ਤੇ ਲਾਹੌਰ ਦੋਹਾਂ ਸੂਬਿਆ ਦੇ ਸੂਬੇਦਾਰ ਸਨ।[161] ਪਰ ਇਨ੍ਹਾਂ ਦੋਹਾਂ ਦੇ ਵਿਹਾਰਕ ਪੱਖੋਂ ਯੋਗ ਅਫ਼ਸਰ ਰੱਖੇ ਹੋਏ ਸਨ। ਇਨ੍ਹਾਂ ਦਾ ਕੰਮ ਪ੍ਰਾਂਤ ਵਿਚ ਸ਼ਾਂਤੀ ਵਿਵਸਥਾ ਕਾਇਮ ਰੱਖਣਾ ਤੇ ਬਾਦਸ਼ਾਹ ਦੇ ਫ਼ਰਮਾਨਾਂ ਨੂੰ ਲਾਗੂ ਕਰਨਾ ਹੁੰਦਾ ਸੀ। ਸਰਹਿੰਦ ਸੂਬੇ ਦਾ ਫ਼ੌਜਦਾਰ ਵਜ਼ੀਰ ਖ਼ਾਂ ਸੀ। ਉਸਦਾ ਮੁੱਖ ਸਲਾਹਕਾਰ ਸੁੱਚਾ ਨੰਦ ਸੀ ਅਤੇ ਮਲੇਰਕੋਟਲੇ ਦਾ ਸਰਦਾਰ ਵੀ ਉਸਦਾ ਸਲਾਹਕਾਰ ਬਣ ਜਾਂਦਾ ਸੀ।[162]

ਮੁਗ਼ਲ ਸਾਮਰਾਜ ਸਮੇਂ ਪ੍ਰਬੰਧਕ ਸੁਵਿਧਾ ਲਈ ਸੂਬਾ ਸਰਕਾਰਾਂ ਵਿਚ ਵੰਡਿਆਂ ਹੁੰਦਾ ਸੀ। ਸਰਕਾਰਾਂ ਅੱਗੋਂ ਪਰਗਣਿਆਂ ਵਿਚ ਵੰਡੀਆਂ ਹੋਈਆਂ ਸਨ। ਪਰਗਣਾ ਸਰਕਾਰ ਦੀ ਸਭ ਤੋਂ ਛੋਟੀ ਇਕਾਈ ਸੀ।[163] ਹਰ ਇਕ ਪਰਗਣੇ ਵਿਚ ਕਈ ਪਿੰਡ ਹੁੰਦੇ ਸਨ। ਮੁਗ਼ਲ ਰਾਜ ਵਿਚ ਪਰਗਣੇ ਦਾ ਉਹੀ ਸਥਾਨ ਸੀ, ਜੋ ਅੰਗਰੇਜ਼ੀ ਰਾਜ ਵਿਚ ਜ਼ਿਲ੍ਹੇ ਦਾ ਸੀ। ਪਿੰਡ ਪੱਧਰ ਤੇ ਰਾਜ ਪ੍ਰਬੰਧ ਪੰਚਾਇਤਾਂ ਦੇ ਹੱਥਾਂ ਵਿਚ ਸੀ। ਪ੍ਰਬੰਧ ਕਰਨ ਤੋਂ ਬਿਨ੍ਹਾਂ ਛੋਟੇ-ਮੋਟੇ ਝਗੜਿਆਂ ਦਾ ਫ਼ੈਸਲਾ ਵੀ ਪੰਚਾਇਤ ਕਰਦੀ ਸੀ। ਸੂਬੇ ਦੀ ਰਾਜਧਾਨੀ ਅਤੇ ਹੋਰ ਵੱਡੇ-ਵੱਡੇ ਸ਼ਹਿਰਾਂ ਵਿਚ ਪ੍ਰਬੰਧ ਕੋਤਵਾਲ ਦੇ ਅਧੀਨ ਹੁੰਦਾ ਸੀ।[164] ਉਹ ਲੋਕਾਂ ਦੇ ਜਾਨ-ਮਾਲ ਦੀ ਰੱਖਿਆ ਕਰਦਾ ਸੀ। ਨਿਆਂ ਪੰਬੰਧ ਵੀ ਕੋਤਵਾਲ ਤੇ ਕਾਜ਼ੀ ਦੇ ਹੱਥਾਂ ਵਿਚ ਸੀ। ਕੋਤਵਾਲ ਫ਼ੌਜਦਾਰੀ ਮੁਕੱਦਮਿਆਂ ਦਾ ਫ਼ੈਸਲਾ ਕਰਦਾ ਸੀ ਤੇ ਕਾਜ਼ੀ ਦੀਵਾਨੀ ਤੇ ਧਾਰਮਿਕ ਮਸਲਿਆਂ ਬਾਰੇ ਮਸਲਾ ਕਰਦਾ ਸੀ। *In The By-Lanes of History* ਅਨੁਸਾਰ ਕੇਸ ਕਾਜ਼ੀ ਮੀਰ ਮੁਹੰਮਦ ਲੈਂਦਾ ਹੈ। ਟੈਸਟੀਮੋਨੀਅਲ ਦੀ ਸਾਰਣੀ ਵਿਚ ਕਾਜ਼ੀ ਕੋਲ ਇਕ ਕੇਸ ਆਉਂਦਾ ਹੈ, ਜੋ ਜੁਲਕੇ ਅਤੇ ਭੰਡਾਰੀਆਂ ਵਿਚਕਾਰ ਹੈ, ਭਾਵ ਦੋਵੇਂ ਹਿੰਦੂ ਹਨ ਜਦੋਂ ਕਿ ਕਾਜ਼ੀ ਮੁਸਲਮਾਨ ਹੈ।[165]

ਮੱਧਕਾਲੀ ਯੁਗ ਵਿਚ ਇਕ ਤਾਂ ਔਰਤਾਂ ਦੇ ਵਿਆਹ ਛੋਟੀ ਉਮਰ ਵਿਚ ਹੀ ਹੋ ਜਾਂਦੇ ਸਨ। ਦੂਜਾ, ਵਿਆਹ ਵੀ ਧਨ ਦੌਲਤ ਵਾਲੇ ਬੁੱਢੇ ਵਿਅਕਤੀ ਨਾਲ ਹੋ ਜਾਂਦੇ ਸਨ। ਬੁੱਢਾ ਵਿਅਕਤੀ ਜਦੋਂ ਤਾਈਂ ਉਸਦਾ ਮੁਕਲਾਵਾਂ ਆਉਣਾ ਹੁੰਦਾ ਸੀ, ਉਹ ਮਰ ਜਾਂਦਾ ਸੀ ਤੇ ਹਿੰਦੂ ਸਮਾਜ ਇਸ ਬਾਲ ਵਿਧਵਾ ਨਾਲ ਸਖ਼ਤੀ ਨਾਲ ਪੇਸ਼ ਆਉਂਦਾ ਸੀ। ਖੱਤਰੀਆਂ ਤੇ ਰਾਜਪੂਤਾਂ ਵਿਚ ਵਿਧਵਾ ਸਤੀ ਹੋ ਜਾਂਦੀ ਸੀ। ਉਸ ਨੂੰ ਨਸ਼ਾ ਖੁਆ ਕੇ ਢੋਲ-ਢਮੱਕੇ ਨਾਲ ਬਹੁਤ ਸਾਰੇ ਲੋਕਾਂ ਦੀ ਹਾਜ਼ਰੀ ਵਿਚ ਸਤੀ ਕਰ ਦਿੱਤਾ ਜਾਂਦਾ ਸੀ।[166] ਪਰ ਇਹ ਰਿਵਾਜ਼ ਜੱਟਾਂ ਵਿਚ ਨਹੀਂ ਸੀ। ਕਈ ਰਾਜਪੂਤ ਜਾਤਾਂ ਦੇ ਲੋਕ ਜੱਟਾਂ ਵਾਂਗ ਵਿਧਵਾ ਵਿਆਹ ਕਰਕੇ ਜਾਤ-ਪਾਤ ਵਿਚੋਂ ਬਾਹਰ ਕੱਢ ਦਿੱਤੇ ਜਾਂਦੇ ਸਨ।[167] ਇਸ ਵੇਲੇ ਦੀ ਇਕ ਰਚਨਾ ਵਿਚ ਇਕ ਖਤਰਾਣੀ ਜੱਟੀ ਨੂੰ ਮੇਹਣਾ ਮਾਰਦੀ ਹੈ ਵੱਡੀ ਭਰਜਾਈ ਮਾਂਵਾਂ ਜੇਡੀ, ਲਹੁੜੀ ਧੀਆ ਕਹਾਵੇ। ਜੱਟ ਹਰਾਮੀ ਦੁਹਾਂ ਉੱਤੇ, ਪਕੜ

---

[161] Saqi Must'ad Khan, *Maasir-i- Alamgiri,* p. 398.
[162] ਰਾਏਜਸਬੀਰ ਸਿੰਘ, ਚਾਰ ਸਾਹਿਬਜ਼ਾਦੇ, ਪੰਨੇ 162-168.
[163] ਕਰੇ ਤਹਸੀਲ ਪਰਗਨਾ ਅਮਲ ਤਕਬਰੀ ਭਰੀ॥, ਮਹਿਮਾ ਪ੍ਰਕਾਸ਼, ਪੰਨਾ 146/ਅ.
[164] ਜਬ ਗਇਓ ਨਗਰੀ ਮਾਂਹ॥ਕੋਟਵਾਲ ਪਕੜਿਓ ਤਾਹ॥, ਉਹੀ, ਪੰਨਾ 179/ਅ.
[165] J.S.Grewal, *In The By-Lanes of History,* p. 76
[166] ਕੇ. ਐੱਮ. ਅਸ਼ਰਫ਼, ਹਿੰਦੁਸਤਾਨ ਕੇ ਨਿਵਾਸੀਓਂ ਕਾ ਜੀਵਨ ਔਰ ਉਨਕੀ ਪ੍ਰਸਥਿਤੀਆਂ, ਪੰਨੇ 102-103.
[167] ਰਾਏਜਸਬੀਰ ਸਿੰਘ, ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ, ਪੰਨਾ 79.

ਕੇ ਚਾਦਰ ਪਾਵੇ।[168] ਇਸ ਤਰ੍ਹਾਂ ਜੱਟਾਂ ਵਿਚ ਸਤੀ ਦਾ ਕੋਈ ਰਿਵਾਜ਼ ਨਹੀਂ ਸੀ। ਲੋੜ ਪੈਣ ਤੇ ਦਿਉਰ ਨਾਲ ਜਾਂ ਜੇਠ ਨਾਲ ਹੀ ਵਿਆਹ ਕਰ ਦਿੱਤਾ ਜਾਂਦਾ ਸੀ। ਜੇਕਰ ਕਿਸੇ ਔਰਤ ਨੂੰ ਇਹ ਰਾਹਤ ਨਾ ਮਿਲਦੀ ਤਾਂ ਉਸ ਕੋਲ ਵੇਸਵਾ ਹੋਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਕਿਉਂਕਿ ਔਰਤਾਂ ਦੀ ਪੜ੍ਹਾਈ ਨਹੀਂ ਸੀ ਹੁੰਦੀ ਤੇ ਉਹ ਆਪਣੇ ਮਾਲਕ ਪਤੀ ਦੇ ਆਸਰੇ ਹੀ ਰਹਿੰਦੀ ਸੀ। ਇਸ ਲਈ ਉਸਨੂੰ ਬਾਕੀ ਰਹਿੰਦੀ ਉਮਰ ਬੁਰੀ ਹਾਲਤ ਵਿਚ ਕੱਟਣੀ ਪੈਂਦੀ ਸੀ। ਕਈ ਵਾਰ ਇਹੋ ਜਿਹੀਆਂ ਔਰਤਾਂ ਨੂੰ ਸੰਤ ਸਾਧੂ ਵੀ ਅਟੇਰ ਕੇ ਲੈ ਜਾਂਦੇ ਸਨ। ਇਸ ਸੰਬੰਧੀ ਗੁਲਾਬ ਦਾਸ ਤੇ ਬੀਬੀ ਪੀਰੋ ਦੀ ਉਦਾਹਰਣ ਲਈ ਜਾ ਸਕਦੀ ਹੈ।[169] ਪਰ ਸਾਧਾਂ ਦੀ ਸੰਗਤ ਵਿਚ ਇਹ ਔਰਤਾਂ ਧਾਰਮਿਕ ਜੀਵਨ ਵੱਲ ਵੀ ਝੁਕ ਜਾਂਦੀਆਂ ਸਨ। ਸਾਧੂ ਵਜ਼ੀਰ ਸਿੰਘ (ਲੋਹਕਾ ਪਿੰਡ) ਕੋਲ ਦੋ ਔਰਤਾਂ ਸਨ, ਜੋ ਉਸ ਨਾਲ ਮਿਲ ਕੇ ਜਾਂ ਉਸ ਤੋਂ ਵੱਖ ਵੀ ਕਵਿਤਾ ਰਚ ਲੈਂਦੀਆਂ ਸਨ।[170]

ਅਠਾਰ੍ਹਵੀਂ ਸਦੀ ਵਿਚ ਖ਼ਾਸ ਕਰਕੇ ਅਬਦਾਲੀ ਦੇ ਹਮਲਿਆਂ ਦੌਰਾਨ ਸ਼ਹਿਰਾਂ ਤੇ ਪਿੰਡਾਂ ਨੂੰ ਕਿਲ੍ਹੇ ਦਾ ਰੂਪ ਦੇ ਦਿੱਤਾ ਗਿਆ। ਕਿਲ੍ਹਾ ਬਹੁਤ ਕਰਕੇ ਗੋਲ ਕਿਸਮ ਦਾ ਵਲਗਣ ਵਰਗਾ ਹੁੰਦਾ ਹੈ, ਜਿਸਦੇ ਬਾਹਰਲੇ ਪਾਸੇ ਮੋਟੀ ਕੰਧ ਹੁੰਦੀ ਹੈ। ਉੱਤੇ ਨਾਲੋ-ਨਾਲ ਦੋ ਤੋਪਾਂ ਜਾਂ ਦੋ ਰੱਥ ਚਲ ਸਕਦੇ ਹਨ। ਇਸ ਨੂੰ ਧੂੜਕੋਟ ਕਹਿੰਦੇ ਹਨ। ਧੂੜਕੋਟ ਦੇ ਦੁਆਲੇ ਇਕ ਖਾਈ ਕੱਢੀ ਹੁੰਦੀ ਹੈ ਜੋ ਕਾਫ਼ੀ ਡੂੰਘੀ ਹੁੰਦੀ ਹੈ। ਇਸ ਖਾਈ ਉੱਪਰ ਇਕ ਪੁਲ ਹੁੰਦਾ ਹੈ। ਹਮਲੇ ਮੌਕੇ ਜਦੋਂ ਸਾਰੇ ਲੋਕ ਕਿਲ੍ਹੇ ਦੇ ਅੰਦਰ ਦਾਖ਼ਲ ਹੋ ਜਾਂਦੇ ਹਨ, ਇੱਥੋਂ ਤੱਕ ਕਿ ਪਸ਼ੂ ਵੀ ਅੰਦਰ ਹੋ ਜਾਂਦੇ ਹਨ ਤਾਂ ਪੁਲ ਚੁੱਕ ਕੇ ਦਰਵਾਜ਼ਾ ਬੰਦ ਕਰ ਦਿੰਦੇ ਹਨ। ਕਿਲ੍ਹੇ ਦੇ ਅੰਦਰਵਾਰ ਮਕਾਨ ਅਤੇ ਖ਼ਾਲੀ ਮੈਦਾਨ ਹੁੰਦਾ ਹੈ। ਦੋ ਬੁਰਜ ਹੁੰਦੇ ਹਨ, ਜਿਨ੍ਹਾਂ ਉੱਤੇ ਟਮਕ ਜਾਂ ਵੱਡਾ ਢੋਲ ਰੱਖਿਆ ਹੁੰਦਾ ਹੈ। ਜਦੋਂ ਦੂਰੋਂ ਕਿਸੇ ਦੁਸ਼ਮਣ ਦੇ ਆਉਣ ਦੀ ਸੂਚਨਾ ਮਿਲਦੀ ਹੈ ਤਾਂ ਟਮਕ ਜਾਂ ਢੋਲ ਵਜਾ ਦਿੱਤਾ ਜਾਂਦਾ ਹੈ। ਥੋੜੇ ਜਿਹੇ ਵਕਫ਼ੇ ਪਿੱਛੋਂ ਹੀ ਅੰਦਰ ਗਏ ਲੋਕ ਬਾਹਰ ਆ ਜਾਂਦੇ ਹਨ ਤੇ ਲੜਾਈ ਦੀ ਤਿਆਰੀ ਕਰਦੇ ਹਨ। ਕਿਲ੍ਹੇ ਅੰਦਰ ਕਈ ਗੁਪਤ ਰਖਣੇ ਹੁੰਦੇ ਸਨ, ਜਿੱਥੇ ਹਥਿਆਰ ਤੇ ਲੋੜੀਂਦੀਆਂ ਚੀਜ਼ਾਂ ਰੱਖੀਆਂ ਜਾ ਸਕਦੀਆਂ ਹਨ। ਗਲੀਆਂ ਵੀ ਏਨੀਆਂ ਭੀੜੀਆਂ ਹੁੰਦੀਆਂ ਸਨ ਕਿ ਘੋੜਾ ਵੀ ਪਿੱਛੇ ਨਹੀਂ ਮੁੜ ਸਕਦਾ। ਇਸ ਲਈ ਇਹ ਕਿਲ੍ਹੇ ਲੋਕਾਂ ਦੀ ਰੱਖਿਆ ਵਾਸਤੇ ਤੇ ਦੁਸ਼ਮਣ ਨਾਲ ਲੜਾਈ ਵਾਸਤੇ ਸਾਜਗਾਰ (ਯੋਗ) ਹੁੰਦੇ ਹਨ।[171]

ਹਥਿਆਰਾਂ ਵਿਚੋਂ ਇਕ ਤਾਂ ਫ਼ਸਲਾਂ ਨਾਲ ਸੰਬੰਧਿਤ ਸੰਦ ਵੀ ਵਰਤੇ ਜਾਦੇ ਸਨ। ਚੱਠੇ ਤੇ ਸ਼ੁਕਰਚਕੀਆਂ ਦੇ ਮੁਕਾਬਲੇ ਵਿਚ ਕੁਹਾੜੀਆਂ, ਦਾਤਰੀਆਂ, ਬਰਸ਼ੇ, ਨੇਜੇ, ਤੀਰ ਕਮਾਨ, ਆਦਿ ਵਰਤੇ ਜਾਂਦੇ ਸਨ।[172] ਮਿਸਲਦਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਇਕ ਖ਼ਾਸ ਵਰਗ ਪੈਦਾ ਹੋਇਆ ਜੋ ਨਿਹੰਗ ਅਖਵਾਉਂਦਾ ਸੀ। ਇਨ੍ਹਾਂ ਕੋਲ ਹੋਰ ਕਈ ਕਿਸਮਾਂ ਦੇ ਹਥਿਆਰ ਹੁੰਦੇ ਸਨ। ਬਾਬਰ ਦੇ ਆਉਣ ਸਮੇਂ ਤੋਪਾਂ ਵੀ ਆ ਗਈਆਂ। ਜਸਵੰਤ ਰਾਉ ਹੁਲਕਰ ਦੀ ਪੰਜਾਬ ਵਿਚ ਆਮਦ ਸਮੇਂ ਇਹੋ ਜਿਹੇ ਦੇਸੀ ਹਥਿਆਰ ਹੀ

[168] ਪਿਆਰਾ ਸਿੰਘ ਪਦਮ, ਪੰਜਾਬੀ ਝਗੜੇ, ਪੰਨਾ 74.
[169] ਸਹਰਯਾਰ, ਪੀਰੋ ਪ੍ਰੇਮਣ, ਪੰਨੇ 6-7.
[170] ਸ਼ਮਸ਼ੇਰ ਸਿੰਘ ਅਸ਼ੋਕ, ਸੀਹਰਫ਼ੀਆਂ ਸਾਧੂ ਵਜ਼ੀਰ ਸਿੰਘ ਜੀ ਕੀਆਂ, ਪੰਨਾ 13 (ਮੁਢਲੀ ਜਾਦ-ਪਛਾਣ).
[171] ਕਰਮ ਸਿੰਘ ਹਿਸਟੋਰੀਅਨ, ਬਾਬਾ ਆਲਾ ਸਿੰਘ, ਪੰਨੇ 102-105.
[172] ਪਿਆਰਾ ਸਿੰਘ ਪਦਮ (ਸੰਪਾ.), ਪੰਜਾਬੀ ਵਾਰਾਂ, ਪੰਨਾ 584.

ਪ੍ਰਚਲਿਤ ਸਨ। ਇਸ ਦੌਰਾਨ ਇਕ ਘਟਨਾ ਘਟੀ ਜਿਸ ਵਿਚ ਮੈਟਕਾਫ ਜੋ ਹੁਲਕਰ ਦਾ ਪਿੱਛਾ ਕਰ ਰਿਹਾ ਸੀ, ਤਾਜੀਏ ਕੱਢਣ ਸਮੇ ਨਿਹੰਗਾਂ ਨਾਲ ਝੜਪ ਹੋ ਗਈ ਪਰੇਡ (ਡਰਿੱਲ) ਤੋਂ ਜਾਣੂ ਹੁੰਦੇ ਹੋਏ ਉਨ੍ਹਾਂ ਨੇ ਬਹੁਤ ਸਾਰੇ ਨਿਹੰਗ ਮਾਰ ਦਿੱਤੇ। ਇਸ ਘਟਨਾ ਦੀ ਪੜਤਾਲ ਕਰਨ ਲਈ ਮਹਾਰਾਜਾ ਖ਼ੁਦ ਗਿਆ ਤੇ ਮੈਟਕਾਫ ਦੇ ਤਾਜੀਏ ਕੱਢਣ ਵਾਲੇ ਬੰਦਿਆਂ ਕੋਲੋ ਮਾਫ਼ੀ ਮੰਗੀ। ਉਸਨੂੰ ਅਹਿਸਾਸ ਹੋ ਗਿਆ ਕਿ ਲੜਾਈ ਵਿਚ ਕੇਵਲ ਬਹਾਦਰੀ ਹੀ ਸ਼ਾਮਲ ਨਹੀਂ ਫ਼ੌਜੀ ਸਿਖਲਾਈ ਵੀ ਜ਼ਰੂਰੀ ਹੈ। ਇਸ ਤੋਂ ਬਾਅਦ ਉਸਨੇ ਵਿਦੇਸ਼ੀ ਜਰਨੈਲ ਮੰਗਵਾ ਕੇ ਆਪਣੀ ਫ਼ੌਜ ਨੂੰ ਆਧੁਨਿਕ ਸਿਖਲਾਈ ਦੇਣੀ ਸ਼ੁਰੂ ਕੀਤੀ।

ਅਠਾਰ੍ਹਵੀਂ ਸਦੀ ਵਿਚ ਅਬਦਾਲੀ ਦੇ ਹਮਲਿਆਂ ਕਾਰਣ ਲੜਾਈ ਦੇ ਮੈਦਾਨ ਦੀ ਚੋਣ ਜ਼ਰੂਰੀ ਹੋ ਗਈ ਸੀ। ਸਿੱਖਾਂ ਤੇ ਦਲ ਖ਼ਾਲਸੇ ਦਾ ਅਬਦਾਲੀ ਨਾਲ ਤੇ ਉਸ ਤੋਂ ਪਹਿਲਾਂ ਮੁਗ਼ਲ ਹਾਕਮਾਂ ਨਾਲ ਸਿੱਧਾ ਮੁਕਾਬਲਾ ਨਹੀਂ ਸੀ ਹੋਇਆ। ਸਿੱਖ ਗੁਰੀਲਾ ਯੁੱਧ ਲੜਦੇ ਸਨ।[173] ਵੱਡੇ ਘੱਲੂਘਾਰੇ ਸਮੇਂ ਕੁੱਪ ਪਿੰਡ ਲਾਗੇ ਬਾਬਾ ਆਲਾ ਸਿੰਘ ਪਾਸ ਜਾਂਦੇ ਹੋਏ ਸਿੱਖ ਸੈਨਿਕ ਅਚਾਨਕ ਹੀ ਅਬਦਾਲੀ ਦੇ ਹੱਥਾਂ ਵਿਚ ਆ ਗਏ। ਕਿਉਂਕਿ ਹੁਣ ਗੁਰੀਲਾ ਯੁੱਧ ਸੰਭਵ ਨਹੀਂ ਸੀ ਤੇ ਸਿੱਧੀ ਟੱਕਰ ਵਿਚ ਕੋਈ ਵੀਹ ਕੁ ਹਜ਼ਾਰ ਸਿੱਖ ਮਾਰਿਆ ਗਿਆ। ਇਸ ਦਲ ਖ਼ਾਲਸੇ ਵਿਚ ਔਰਤਾਂ ਤੇ ਬੱਚੇ ਵੀ ਸਨ। ਸਿੱਖ ਸਰਦਾਰ ਇਕ ਤਾਂ ਅਬਦਾਲੀ ਨਾਲ ਲੜਦੇ-ਲੜਦੇ ਪਿੱਛੇ ਹਟਦੇ ਸਨ ਤੇ ਦੂਜਾ ਉਨ੍ਹਾਂ ਨੂੰ ਔਰਤਾਂ ਤੇ ਬੱਚਿਆਂ ਦੀ ਰੱਖਿਆ ਵੀ ਕਰਨੀ ਪੈਂਦੀ ਸੀ।[174] ਇਸ ਤਰ੍ਹਾਂ ਸਿੱਧਾ ਨੁਕਸਾਨ ਹੋਇਆ ਜਿਸਨੇ ਸਿੱਖ ਸਰਦਾਰਾਂ ਨੂੰ ਸੋਚਣੀ ਲਾ ਦਿੱਤਾ ਕਿ ਉਹ ਗੁਰੀਲਾ ਯੁੱਧ ਤੋਂ ਇਲਾਵਾ ਆਹਮਣੇ-ਸਾਹਮਣੇ ਲੜਾਈ ਕਰਨੀ ਵੀ ਸਿੱਖਣ। 1764 ਈ. ਵਿਚ ਸਿੱਖਾਂ ਨੇ ਫ਼ੈਸਲਾ ਕੀਤਾ ਕਿ ਉਹ ਅਬਦਾਲੀ ਨਾਲ ਸਿੱਧੀ ਟੱਕਰ ਲੈਣਗੇ। ਇਹ ਲੜਾਈ ਜਿਸ ਵਿਚ ਬਲੋਚਿਸਤਾਨ ਦਾ ਕਾਜ਼ੀ ਨੂਰ ਮੁਹੰਮਦ ਵੀ ਸ਼ਾਮਲ ਸੀ ਦੇ ਸਾਹਮਣੇ ਗੁਜ਼ਰਾਂਵਾਲੇ ਵਿਚ ਆਹਮੋ-ਸਾਹਮਣੇ ਹੋਈ। ਨੂਰ ਮੁਹੰਮਦ ਲਿਖਦਾ ਹੈ ਕਿ ਸਿੱਧੀ ਲੜਾਈ ਵਿਚ ਸਿੱਖਾਂ ਲਈ ਇਹ ਪਹਿਲਾ ਮੌਕਾ ਸੀ। ਨੂਰ ਮੁਹੰਮਦ ਲਿਖਦਾ ਹੈ ਕਿ ਫ਼ੌਜੀਆਂ ਨੂੰ ਹਦਾਇਤਾਂ ਸਨ ਕਿ ਉਹ ਆਪਣੀ ਥਾਂ ਨਾ ਛੱਡਣ ਤੇ ਬੜੇ ਚੇਤੰਨ ਹੋ ਕੇ ਅੱਗੇ ਪਿੱਛੇ ਵੇਖ ਕੇ ਫ਼ਾਇਰ ਕਰਨ ਵੈਰੀ ਆਪੇ ਹੀ ਤੁਹਾਡੀ ਮਾਰ ਹੇਠ ਆਵੇਗਾ।[175] ਉਸ ਅਨੁਸਾਰ "ਸਿੱਖ ਬੰਦੂਕ ਚਲਾਉਣ ਵਿਚ ਇੰਨੇ ਮਾਹਰ ਸਨ ਕਿ ਲੜਾਈ ਸਮੇਂ ਜਦੋਂ ਇਹ ਬੰਦੂਕ ਫੜਦੇ ਹਨ ਤਾਂ ਸ਼ੇਰਾਂ ਵਾਂਗ ਬੁੱਕਦੇ ਤੇ ਪੈਲਾਂ ਪਾਉਂਦੇ ਰਣ-ਭੂਮੀ ਵਿਚ ਆਉਂਦੇ ਹਨ ਅਤੇ ਆਉਂਦੇ ਹੀ ਕਈਆਂ ਦੇ ਸੀਨੇ ਚੀਰ ਘੱਤਦੇ ਹਨ ਅਤੇ ਕਈਆਂ ਦਾ ਲਹੂ ਮਿੱਟੀ ਵਿਚ ਮਿਲਾਉਂਦੇ ਹਨ।"[176] ਨੂਰ ਮੁਹੰਮਦ ਅਨੁਸਾਰ ਜੇ ਇਹ ਲੋਕ ਲੜਾਈ ਦੇ ਮੈਦਾਨ ਵਿਚੋਂ ਨੱਠ ਉੱਠਣ ਤਾਂ ਇਹ ਨਾ ਸਮਝੋ ਕਿ ਇਹ ਭੱਜ ਚੱਲੇ ਹਨ, ਇਹ ਇਨ੍ਹਾਂ ਦੀ ਲੜਾਈ ਦਾ ਇਕ ਢੰਗ ਹੈ। ਵੇਖੀਂ ਇਨ੍ਹਾਂ ਦੀ ਇਸ ਫਾਹੀ ਤੋਂ ਬਚੀ।[177]

---

[173] ਹੀਰਾ ਸਿੰਘ ਦਰਦ (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਿਕ ਖੋਜ, ਪੰਨਾ 463.
[174] Hari Ram, Gupta, *History of the Sikhs (Vol. 2),* p. 180-183.
[175] ਹੀਰਾ ਸਿੰਘ ਦਰਦ (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਿਕ ਖੋਜ, ਪੰਨਾ 498.
[176] ਉਹੀ, ਪੰਨਾ 500.
[177] ਉਹੀ

ਮਹਾਨ ਕੋਸ਼ ਅਨੁਸਾਰ ਚੌਂਕੀਦਾਰ ਚਾਰੇ ਪਾਸੇ ਖ਼ਬਰ ਰੱਖਣ ਵਾਲਾ ਪਹਿਰੂ ਹੁੰਦਾ ਹੈ।[178] ਚੌਂਕੀਦਾਰ ਪਿੰਡ ਦੇ ਪ੍ਰਬੰਧ ਦਾ ਸਭ ਤੋਂ ਮੁੱਢਲਾ ਰੂਪ ਹੈ। ਇਕ ਤਾਂ ਪਿੰਡ ਦੀ ਰਾਖੀ ਕਰਨ ਦਾ ਯਤਨ ਕਰਦਾ ਹੈ ਅਤੇ ਦੂਜਾ ਟੋਡੀ ਦਾ ਰੂਪ ਧਾਰਣ ਕਰਕੇ ਕੁੱਝ ਤਬਦੀਲੀ ਚਾਹੁਣ ਵਾਲੇ ਲੋਕਾਂ ਨੂੰ ਫੜਾਉਂਦਾ ਵੀ ਹੈ। ਨੰਬਰਦਾਰ ਦਾ ਆਮ ਕਰਕੇ ਪਿੰਡ ਦੇ ਸਾਰੇ ਲੋਕਾਂ ਤੋਂ ਜਾਣੂੰ ਹੋਣਾ ਚੌਂਕੀਦਾਰ ਰਸਤੇ ਹੀ ਸੰਭਵ ਸੀ। ਕਿਉਂਕਿ ਚੌਂਕੀਦਾਰ ਹੀ ਖ਼ਬਰ ਰੱਖਦਾ ਸੀ ਕਿ ਕਿਹੜਾ ਬੰਦਾ ਪਿੰਡ ਵਿਚ ਆਉਂਦਾ ਹੈ ਤੇ ਕਿਹੜਾ ਜਾਂਦਾ ਹੈ। ਇਸ ਕਰਕੇ ਸਰਕਾਰ ਦੇ ਹੱਕ ਵਿਚ ਭੁਗਤਣ ਲਈ ਚੌਂਕੀਦਾਰ ਛੋਟੇ ਪੱਧਰ ਦਾ ਹੁੰਦਾ ਹੋਇਆ ਵੀ ਬਹੁਮੁੱਲਾ ਵਿਅਕਤੀ ਸੀ।

ਮਹਾਨ ਕੋਸ਼ ਅਨੁਸਾਰ ਨੰਬਰਦਾਰ ਮਨੁੱਖਾਂ ਖੇਤਾਂ ਅਤੇ ਵਸਤਾਂ ਦਾ ਨੰਬਰ (ਸ਼ੁਮਾਰ) ਰੱਖਣ ਵਾਲਾ ਹੁੰਦਾ ਹੈ।[179] ਨੰਬਰਦਾਰ ਅੱਜ ਕੱਲ੍ਹ ਮਾਲੀਆ ਇਕੱਤਰ ਕਰਨ ਤੇ ਤਹਸੀਲ ਵਿਚ ਜਮ੍ਹਾਂ ਕਰਾਉਣ ਤੱਕ ਹੀ ਸੀਮਤ ਹੈ। ਪਹਿਲਾਂ-ਪਹਿਲਾਂ ਨੰਬਰਦਾਰਾਂ ਦੀ ਪੁਜੀਸ਼ਨ ਅੱਜ ਕੱਲ ਦੇ ਸਰਪੰਚ ਵਰਗੀ ਸੀ। ਇਸਦੇ ਮੁਕਾਬਲੇ ਵਿਚ ਅਲੰਬਰਦਾਰ ਜ਼ਿਆਦਾ ਤਕੜੀ ਸ਼ਖ਼ਸੀਅਤ ਤੇ ਧੰਨ ਦੌਲਤ ਵਾਲਾ ਵਿਅਕਤੀ ਹੋ ਸਕਦਾ ਹੈ।

ਮਹਾਨ ਕੋਸ਼ ਅਨੁਸਾਰ ਮੁਕੱਦਮ ਮੁਗ਼ਲ ਅਤੇ ਸਿਖ ਰਾਜ ਸਮੇਂ ਕਲੈਕਟਰ ਦਾ ਨਾਇਬ, ਜੋ ਮਾਮਲਾ ਉਗਰਾਹਿਆ ਕਰਦਾ ਸੀ।[180] ਕਿਉਂਕਿ ਗੁਰਬਾਣੀ ਵਿਚ ਰਾਜੇ ਸੀਹ ਮੁਕਦਮ ਕੁਤੇ[181] ਲਿਖਿਆ ਹੋਇਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮੁਕੱਦਮ ਕਿੰਨਾਂ ਦੁਸ਼ਟ ਆਦਮੀ ਹੋਵੇਗਾ ਕਿ ਜਿਸਨੂੰ ਕੁੱਤਾ ਕਹਿਣ ਦੀ ਲੋੜ ਪਈ। ਇਸ ਤਰ੍ਹਾਂ ਪਿੰਡ ਪੱਧਰ ਦੇ ਕਰਮਚਾਰੀ ਉੱਪਰਲੇ ਪੱਧਰ ਤੋਂ ਹੱਕ ਮਾਰਣ ਦੇ ਸਿਲਸਿਲੇ ਤੋਂ ਘੱਟ ਨਹੀਂ ਸਨ। ਅਸਲ ਵਿਚ ਸਮਾਜਿਕ ਢਾਂਚਾ ਤਕਰੀਬਨ ਉਹੀ ਰਹਿੰਦਾ ਹੈ। ਕੁੱਝ ਤਬਦੀਲੀਆਂ ਰਾਹੀਂ ਬਣੇ ਰਾਜੇ ਆਪ ਹੁਦਰੀ ਕਰਨ ਵਿਚ ਉਹੀ ਰਹਿੰਦੇ ਸਨ।

ਤੇਰ੍ਹਵੀਂ ਸਦੀ ਵਿਚ ਅਫ਼ਗ਼ਾਨ ਰਾਜਿਆਂ ਨੇ ਆਪਣਿਆਂ ਸਿੱਕਿਆਂ 'ਤੇ ਤਕਰੀਬਨ ਇਲਤੁਤਮਿਸ਼ (1210-1235) ਦੇ ਸਮੇਂ ਤੋਂ ਖ਼ਲੀਫ਼ੇ ਦਾ ਨਾਮ ਨਾ ਦੇਣ ਤੇ ਖ਼ਲੀਫ਼ਿਆਂ ਦੀ ਦੈਵੀ ਰਾਜਸੱਤਾ ਮੰਨਣ ਤੋਂ ਨਾਂਹ ਕਰ ਦਿੱਤੀ ਸੀ।[182] ਅਕਬਰ ਤੇ ਉਸਦੇ ਬਾਅਦ ਦੇ ਸਿੱਕੇ ਹੋ ਸਕਦਾ ਹੈ ਅਸਟਰੋਨਮੀ ਦੇ ਗਿਆਨ ਨੂੰ ਕਲਾਤਮਿਕ ਵਿਧੀ ਨਾਲ ਪ੍ਰਗਟ ਕਰਨ ਦੀ ਭਾਵਨਾ ਹੋਵੇ। ਸਿੱਕਿਆਂ ਉੱਪਰ ਹਿਜ਼ਰੀ ਸੰਮਤ ਦੇ ਨਾਲ-ਨਾਲ ਬਾਰ੍ਹਾਂ ਮਹੀਨਿਆਂ ਦੇ ਈਰਾਨੀ ਨਾਮ ਵੀ ਵਰਤੇ ਜਾਣ ਲੱਗੇ।[183]

ਇਹ ਸਿੱਕੇ ਤਕਰੀਬਨ ਉਦੋਂ ਤੱਕ ਜ਼ਾਰੀ ਰਹੇ ਜਦੋਂ ਈਸਟ ਇੰਡੀਆਂ ਕੰਪਨੀ ਨੇ ਦਿੱਲੀ ਤੇ ਕਬਜ਼ਾ ਨਹੀਂ ਸੀ ਕੀਤਾ। ਉਸ ਤੋਂ ਅੱਗੇ ਅਹਿਮਦ ਸ਼ਾਹ ਅਬਦਾਲੀ ਦੇ ਜ਼ਾਰੀ ਕੀਤੇ ਸਿੱਕੇ ਆਉਂਦੇ ਹਨ। ਉਸ ਦੇ ਸਿੱਕਿਆਂ ਉੱਤੇ ਉਸੇ ਦੀ ਹੀ ਲਿਖਤ ਦੇ ਚਿੰਨ੍ਹ ਵਰਤੇ ਜਾਂਦੇ ਸਨ।[184] ਸਿੱਖ ਮਿਸਲਦਾਰਾਂ ਵਿਚ ਫੂਲ ਵੰਸ਼ੀ ਬਾਬਾ ਆਲਾ ਸਿੰਘ ਹੀ ਸੀ ਜਿਸ ਦੇ ਸਿੱਕਿਆਂ ਉੱਤੇ ਅਬਦਾਲੀ ਵਾਲੀ ਲਿਖਤ ਦਿੱਤੀ ਗਈ

[178] ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 478.
[179] ਉਹੀ, ਪੰਨਾ 723.
[180] ਉਹੀ, ਪੰਨਾ 991.
[181] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1288.
[182] Ishiaq Husain Qureshi, *The Administration of The Sultanate of Delhi,* p. 27, 263
[183] O. Codrington, *A Manual of Musalman Numismatics (Vol.7),* p. 208-209
[184] Hans Herrli, *The Coins of the Sikhs,* p. 217-218

ਸੀ।[185] ਕਾਰਣ ਇਹ ਸੀ ਕਿ ਬਾਬਾ ਆਲਾ ਸਿੰਘ ਨੂੰ ਰਾਜੇ ਦਾ ਖ਼ਿਤਾਬ ਅਬਦਾਲੀ ਨੇ ਹੀ ਦਿੱਤਾ ਸੀ ਫਿਰ ਉਸਦੇ ਪੁੱਤਰ ਅਮਰ ਸਿੰਘ ਨੂੰ ਰਾਜਾ-ਏ-ਰਾਜਗਾਂ ਦਾ ਖ਼ਿਤਾਬ ਦਿੱਤਾ।[186] 1761 ਵਿਚ ਕੁੱਝ ਅਜਿਹੇ ਸਿੱਕੇ ਜ਼ਾਰੀ ਹੋਏ ਜਿਨ੍ਹਾਂ ਉੱਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਜੱਸਾ ਸਿੰਘ ਕਲਾਲ ਲਿਖਿਆ ਹੋਇਆ ਸੀ 'ਸਿੱਕਾ ਜ਼ਦ ਦਰ ਜਹਾਂ ਬ-ਫ਼ਜ਼ਲਿ ਅਕਾਲ ਮੁਲਕਿ ਅਹਿਮਦ ਗ੍ਰਿਫ਼ਤ ਜੱਸਾ ਕਲਾਲ।'[187] ਇਹ ਸਿੱਕੇ ਅੱਜ ਤੱਕ ਨਹੀਂ ਮਿਲੇ। ਜਿਨ੍ਹਾਂ ਲੋਕਾਂ ਨੇ ਇਨ੍ਹਾਂ ਸਿੱਕਿਆਂ ਦਾ ਅਧਿਐਨ ਕੀਤਾ ਹੈ, ਉਹ ਕਹਿੰਦੇ ਹਨ ਕਿ ਇਹ ਸਿੱਕੇ ਧਾਰਮਿਕ ਕਰਮਕਾਂਡੀ ਨੇਤਾਵਾਂ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਗੁੱਸਾ ਦਿਵਾਉਣ ਲਈ ਜ਼ਾਰੀ ਕੀਤਾ ਤਾਂ ਕਿ ਉਹ ਮਿਸਲਦਾਰਾਂ ਵਿਰੁੱਧ ਸਖ਼ਤ ਕਾਰਵਾਈ ਕਰੇ[188] ਅਤੇ ਇਹ ਵੀ ਖ਼ਿਆਲ ਕੀਤਾ ਜਾਂਦਾ ਹੈ ਕਿ ਵੱਡਾ ਘੱਲੂਘਾਰਾ ਇਨ੍ਹਾਂ ਸਿੱਕਿਆਂ ਦਾ ਹੀ ਸਿੱਟਾ ਸੀ। ਮਿਸਲਦਾਰਾਂ ਦੇ ਸਿੱਕੇ ਉਸ ਵੇਲੇ ਚਾਨਣ ਵਿਚ ਆਏ ਜਦੋਂ ਤਿੰਨ ਮਿਸਲਦਾਰ ਸਰਦਾਰਾਂ ਨੇ ਲਾਹੌਰ ਉੱਪਰ ਕਬਜ਼ਾ ਕਰ ਲਿਆ। ਇਸ ਲਈ ਇਹ ਸਿੱਕੇ 1765 ਵਿਚ ਚਾਲੂ ਹੋਏ।[189] ਇਨ੍ਹਾਂ ਦੀ ਲਿਖਤ ਪਰੰਪਰਾਗਤ ਨਹੀਂ ਸੀ। ਇਨ੍ਹਾਂ ਸਿੱਕਿਆਂ ਉੱਤੇ 'ਦੇਗ਼ ਓ ਤੇਗ ਓ ਫ਼ਤਹਿ ਓ ਨੁਸਰਤ ਬੇ-ਦਰੰਗ', 'ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਭਾਵ ਕਿ ਇਹ ਸਿੱਕੇ ਜ਼ਾਰੀ ਕਰਨ ਵਾਲੇ ਆਪਣੀ ਰਾਜਸੱਤਾ ਪਰਮਾਤਮਾ ਤੇ ਗੁਰੂ ਸਾਹਿਬ ਤੋਂ ਹਾਸਿਲ ਕਰਦੇ ਦੱਸਦੇ ਹਨ। ਇਸੇ ਤਰ੍ਹਾਂ ਇਕ ਹੋਰ ਸਿੱਕਾ ਜਿਸ ਦੀ ਲਿਖਤ 'ਸਿੱਕਾ ਜ਼ਦ ਬਰ ਹਰ ਦੋ ਆਲਮ, ਤੇਗ਼ਿ ਨਾਨਕ ਵਾਹਬ ਅਸਤ।ਫ਼ਤਹਿ ਗੋਬਿੰਦ ਸਿੰਘ ਸ਼ਾਹਿ, ਸ਼ਾਹਾਨ ਫ਼ਜ਼ਲਿ ਸਚਾ ਸਾਹਿਬ ਅਸਤ।'[190] ਇਹ ਸਿੱਕੇ ਕਿਉਂਕਿ ਛੇਤੀ ਹੀ ਅੰਮ੍ਰਿਤਸਰ ਤੇ ਵੀ ਕਬਜ਼ਾ ਕਰ ਲਿਆ ਗਿਆ ਸੀ, ਇਸ ਲਈ ਪਹਿਲਾਂ-ਪਹਿਲ ਲਾਹੌਰ ਤੇ ਅੰਮ੍ਰਿਤਸਰ ਦੋਹਾਂ ਥਾਂਵਾਂ ਤੋਂ ਜ਼ਾਰੀ ਹੁੰਦੇ ਸਨ। 1772 ਤੋਂ 1780 ਈ. ਤੱਕ ਮਿਸਲਦਾਰਾਂ ਨੇ ਮੁਲਤਾਨ 'ਤੇ ਕਬਜ਼ਾ ਕੀਤਾ ਤੇ ਮੁਲਤਾਨ ਤੋਂ ਵੀ ਸਿੱਕੇ ਜ਼ਾਰੀ ਹੋਏ।[191] ਇਹ ਸਿੱਕੇ ਜਿੱਥੇ ਰਾਜਸੱਤਾ ਦੇ ਪ੍ਰਤੀਕ ਸਨ, ਉੱਥੇ ਸ਼ਾਹੂਕਾਰੀ ਅਤੇ ਵਪਾਰਿਕ ਕੰਮ ਵਾਸਤੇ ਵੀ ਵਰਤੇ ਜਾਂਦੇ ਸਨ। ਇਨ੍ਹਾਂ ਸਿੱਕਿਆਂ ਦੇ ਚਾਲੂ ਹੋਣ ਵਾਸਤੇ ਦੋ ਗੱਲਾਂ ਜ਼ਰੂਰੀ ਸਨ ਇਕ ਸ਼ੁੱਧਤਾ ਤੇ ਦੂਜਾ ਭਾਰ ਤੇ ਸਾਈਜ਼। ਜਿਸ ਸਿੱਕੇ ਦੀ ਧਾਤ ਸ਼ੁੱਧ ਹੋਵੇ ਤੇ ਭਾਰ ਪੂਰਾ ਹੋਵੇ ਤਾਂ ਸਿੱਕਾ ਚਲਦਾ ਸੀ।[192] 1835 ਤੱਕ ਈਸਟ ਇੰਡੀਆ ਕੰਪਨੀ ਆਪਣਾ ਸਿੱਕਾ ਜ਼ਾਰੀ ਨਹੀਂ ਕਰ ਸਕੀ।[193] ਇਹ ਕਿਸੇ ਵੀ ਟਕਸਾਲ ਦਾ ਸਿੱਕਾ ਲੈ ਕੇ ਉਸ ਨੂੰ ਆਪਣੀ ਮਾਨਤਾ ਦੇ ਦਿੰਦੇ ਸਨ। ਇਸ ਤਰ੍ਹਾਂ ਲੋਕਾਂ ਵਿਚ ਦੁਚਿੱਤੀ ਪੈਦਾ ਹੋ ਜਾਂਦੀ ਸੀ ਕਿ ਇਹ ਸਿੱਕਾ ਮੁਗ਼ਲ ਸਰਕਾਰ ਦਾ ਪੁਰਾਣਾ ਸਿੱਕਾ ਹੈ, ਜਾਂ ਕੰਪਨੀ ਦਾ ਨਵਾਂ। 1835 ਈ. ਵਿਚ ਕੰਪਨੀ ਨੇ ਆਪਣਾ ਸਿੱਕਾ ਜ਼ਾਰੀ ਕਰਨਾ ਸ਼ੁਰੂ ਕੀਤਾ।

---

[185] *Ibid.,*
[186] *Ibid.,* p. 217
[187] ਗੰਡਾ ਸਿੰਘ, ਸਿੱਖ ਇਤਿਹਾਸ, ਪੰਨਾ 191.
[188] Hari Ram Gupta, *History of the Sikhs (Vol. 4),* p. 29.
[189] ਗੰਡਾ ਸਿੰਘ, ਸਿੱਖ ਇਤਿਹਾਸ, ਪੰਨਾ 209.
[190] Hans Herrli, *The Coins of the Sikhs,* p. 36-39.
[191] Hans Herrli, *The Coins of the Sikhs,* Munshiram Manoharlal Publishers, New Delhi, 2012, p. 189.
[192] RaiJasbir Singh, *A Study of The Sikh Numismatics,* p. 82–83.
[193] H. NelsonWright, *Catalogue of the Coin in the Indian Museum Calcutta,* p. 1–7 (Preface).

ਮਹਿਮਾ ਪ੍ਰਕਾਸ਼ ਵਿਚ ਦੱਸਿਆ ਗਿਆ ਹੈ ਕਿ ਇਕ ਮੋਹਰ ਇੱਕੀ ਰੁਪਏ ਦੀ ਹੁੰਦੀ ਹੈ।[194] ਉਂਜ ਜਿਵੇਂ ਰੁਪਏ ਵਿਚ ਅੱਠ ਆਨੇ, ਚਾਰ ਆਨੇ, ਦੋ ਆਨੇ ਅਤੇ ਇਕ ਆਨਾ ਹੁੰਦਾ ਸੀ ਇਹ ਚਾਂਦੀ ਦੀ ਧਾਤ ਦੇ ਬਣਦੇ ਸਨ। ਦੋ ਰੁਪਏ ਵੀ ਚਾਂਦੀ ਦੀ ਧਾਤ ਦੇ ਹੁੰਦੇ ਸਨ। ਇਕ ਪਾਈ, ਧੇਲਾ, ਪੈਸਾ, ਤੇ ਟਕਾ ਇਨ੍ਹਾਂ ਵਾਸਤੇ ਤਾਂਬੇ ਦੀ ਧਾਤ ਵਰਤੀ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਭਾਵੇਂ ਇਕ ਰੁਪਿਆ, ਇਕ ਮੋਹਰ ਤੋਂ ਇਲਾਵਾ ਬਾਕੀ ਡੀਨੋਮੀਨੇਸ਼ਨ ਦੇ ਸਿੱਕਿਆਂ ਤੇ ਉਨ੍ਹਾਂ ਦੇ ਨਾਮ ਲਿਖੇ ਹੋਏ ਨਹੀਂ ਮਿਲਦੇ।[195] ਇਸ ਲਈ ਭਾਰ ਉੱਤੇ ਨਿਰਭਰ ਹੋਣਾ ਪੈਂਦਾ ਹੈ ਕਿ ਸਿੱਕਿਆਂ ਦਾ ਭਾਰ ਕੀ ਹੈ। ਫਰਜ਼ ਕੀਤਾ ਇਕ ਮਿਆਰੇ ਸਿੱਕੇ ਦਾ ਭਾਰ ਇਕ ਤੋਲਾ ਹੈ ਅਤੇ ਅਠਾਨੀ ਦਾ ਸਿੱਕਾ ਅੱਧੇ ਤੋਲੇ ਦਾ ਜਾਂ ਉਸ ਤੋਂ ਥੋੜਾ ਵੱਧ ਹੈ ਅਤੇ ਚੁਆਨੀ ਦਾ ਭਾਰ ਇਕ ਤੋਲੇ ਦਾ ਚੌਥਾ ਹਿੱਸਾ ਹੁੰਦਾ ਹੈ। ਇਸੇ ਤਰ੍ਹਾ ਬਾਕੀ ਨਿਰਧਾਰਿਤ ਕੀਤੇ ਜਾਂਦੇ ਹਨ, ਪਰ ਵਪਾਰਿਕ ਕੰਮਾਂ ਵਿਚ ਰੁਪਿਆ ਤੇ ਮੋਹਰ ਹੀ ਵਰਤੇ ਜਾਂਦੇ ਸਨ।

ਮੁਗ਼ਲ ਕਾਲ ਸਮੇਂ ਕਾਫ਼ੀ ਕੰਧ ਚਿੱਤਰ ਮਿਲਦੇ ਸਨ। ਪਰ ਸਾਧਾਰਨ ਤੌਰ ’ਤੇ ਇਨ੍ਹਾਂ ਦੀ ਰੱਖਿਆ ਵੱਲ ਘੱਟ ਧਿਆਨ ਦਿੱਤਾ ਜਾਂਦਾ ਰਿਹਾ ਹੈ। ਗੁਰਦੁਆਰਿਆਂ ਦੀ ਕਾਰ ਸੇਵਾ ਕਰਨ ਵਾਲੇ ਕੰਧ ਚਿੱਤਰਾਂ ਦੇ ਵੱਡੇ ਦੁਸ਼ਮਣ ਹਨ ਅਤੇ ਨਾਲ ਹੀ ਹੋਰਨਾਂ ਮੱਤਾਂ ਦੇ ਲੋਕਾਂ ਜਾਂ ਸੇਵਕਾਂ, ਕਾਰੀਗਰਾਂ ਨੇ ਚਿੱਤਰਕਲਾ ਵੱਲ ਧਿਆਨ ਨਹੀਂ ਦਿੱਤਾ। ਫਿਰ ਵੀ ਕਾਫ਼ੀ ਮਾਤਰਾ ਵਿਚ ਗੁਰਦੁਆਰਿਆਂ, ਸਰਾਵਾਂ, ਕਿਲ੍ਹਿਆਂ ਅਤੇ ਹੋਰ ਇਮਾਰਤਾਂ, ਆਦਿ ਵਿਚ ਚਿੱਤਰ ਦੇਖੇ ਜਾ ਸਕਦੇ ਹਨ। ਲਾਹੌਰ ਵਿਚ ਇਕ ਕੰਧ ਉੱਪਰ ਬਹੁਤ ਸਾਰੇ ਚਿੱਤਰ ਸਨ, ਪਰ ਉਸਨੂੰ ਬਾਰਿਸ਼ ਤੋਂ ਬਚਾਉਣ ਦਾ ਕੋਈ ਇੰਤਜਾਮ ਨਹੀਂ। ਇਸੇ ਤਰ੍ਹਾਂ ਡੇਰਾਦੂਨ (ਦੇਹਰਾਦੂਨ) ਦੇ ਬਾਬਾ ਰਾਮ ਰਾਇ ਦੀ ਇਮਾਰਤ ਦੇ ਚਿੱਤਰਾਂ ਬਾਰੇ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਪੁਸਤਕਾਂ ਵਿਚ ਵੀ ਚਿੱਤਰਕਲਾ ਜ਼ਾਹਿਰ ਹੁੰਦੀ ਹੈ। ਡਾ. ਸੁਰਜੀਤ ਹਾਂਸ ਨੇ *B-40* ਜਨਮਸਾਖੀ ਦੇ ਚਿੱਤਰਾਂ ਉੱਤੇ ਸੰਪਾਦਨਾ ਅਤੇ ਅਧਿਐਨ ਦਾ ਕੰਮ ਕੀਤਾ ਹੈ।[196] ਉਨ੍ਹਾਂ ਅਨੁਸਾਰ *B-40* ਜਨਮਸਾਖੀ ਤੋਂ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਸੇਵਕ ਜਾਂ ਉਨ੍ਹਾਂ ਨਾਲ ਗੋਸਟੀ ਕਰਦੇ ਦੂਜੇ ਮੱਤਾਂ ਦੇ ਲੋਕ ਕਿਸ ਪੱਧਰ ਦੇ ਸਨ, ਇਸ ਚੀਜ਼ ਦਾ ਪਤਾ ਚਿੱਤਰ ਤੋਂ ਲੱਗ ਜਾਂਦਾ ਹੈ। ਮਿਸਾਲ ਵਜੋਂ ਉਨ੍ਹਾਂ ਦਾ ਕੱਦ ਗੁਰੂ ਨਾਨਕ ਦੇਵ ਤੋਂ ਛੋਟਾ ਹੁੰਦਾ ਹੈ, ਉਹ ਚਿੱਤਰ ਦੇ ਮੁੱਖ ਥਾਂ ਤੋਂ ਦੂਰ ਹੁੰਦੇ ਹਨ। ਗੁਰੂ ਨਾਨਕ ਦੇਵ ਦਰੱਖਤ ਹੇਠ ਬੈਠੇ ਹੁੰਦੇ ਹਨ ਜਦਕਿ ਬਾਕੀ ਲੋਕ ਦਰੱਖਤ ਤੋਂ ਪਰ੍ਹੇ। ਬਾਬੇ ਦੇ ਕੱਪੜੇ ਬਾਕੀਆਂ ਨਾਲੋਂ ਚੰਗੇ ਹੁੰਦੇ ਹਨ। ਇਸ ਤਰ੍ਹਾਂ ਵੱਖ-ਵੱਖ ਪੱਖਾਂ ਤੋਂ ਗੁਰੂ ਨਾਨਕ ਦੇਵ ਦੀ ਸ਼ਖ਼ਸੀਅਤ ਦੀ ਵਿਸ਼ੇਸ਼ਤਾ ਦਰਸਾਉਂਦੇ ਹਨ।[197] ਸਮੁੱਚੇ ਤੌਰ ’ਤੇ ਇਨ੍ਹਾਂ ਚਿੱਤਰਾਂ ਦੀ ਮਹੱਤਤਾ ਇਹ ਹੈ ਕਿ ਜਿਵੇਂ ਕਿ ਇਕੋ ਇਮਾਰਤ ਵਿਚ ਗੁਰੂ ਸਾਹਿਬਾਨ ਬਾਰੇ ਵੀ ਚਿੱਤਰ ਹਨ ਤੇ ਉਸੇ ਕੰਧ ਉੱਤੇ ਰਾਸਧਾਰੀ ਤੇ ਰਾਗਾਂ ਸੰਬੰਧੀ ਚਿੱਤਰ ਵੀ ਮਿਲਦੇ ਹਨ। ਕਈਆਂ ਕੰਧਾਂ ’ਤੇ ਬਾਕੀਆਂ ਦੇ ਨਾਲ-ਨਾਲ ਹੀਰ-ਰਾਂਝਾ ਤੇ ਮਿਰਜ਼ਾ-ਸਾਹਿਬਾਂ, ਆਦਿ ਦੇ ਚਿੱਤਰ ਵੀ ਹਨ।[198] ਦੇਵੀ ਦੇਵਤਿਆਂ ਦੇ ਚਿੱਤਰ ਜ਼ਿਆਦਾ ਹਨ, ਪਰ ਸੂਫ਼ੀ ਫ਼ਕੀਰਾਂ ਦੇ ਚਿੱਤਰ ਘੱਟ ਹਨ। *B-40* ਜਨਮਸਾਖੀ ਦੇ

---

[194] ਇਕੀਸ ਰੁਪਯਾ ਤੋਲਾ ਠਹਿਰਾਏ॥ ਮਹਿਮਾ ਪ੍ਰਕਾਸ਼, ਪੰਨਾ 416/ੳ.

[195] Raijasbir Singh, *A Study of The Sikh Numismatics,* p. 78–83.

[196] Surjit Hans, *B-40 Janamasakhi Guru Baba Nanak :Paintings, (1-57).*

[197] *Ibid.,* p 10, 15, 16.

[198] ਕੰਵਰਜੀਤ ਸਿੰਘ ਕੰਗ, ਪੰਜਾਬ ਦੇ ਕੰਧ ਚਿੱਤਰ, ਪੰਨਾ 96 (ਪਲੇਟ ਨੰਬਰ 3).

ਚਿੱਤਰ ਜ਼ਿਆਦਾਤਰ ਪਹਾੜੀ ਕਲਾ ਦੇ ਪ੍ਰਭਾਵ ਅਧੀਨ ਹਨ। ਉਂਜ ਮਿਸਲਾਂ ਦੇ ਸਮੇਂ ਤੇ ਬਾਅਦ ਵਿਚ ਮਹਾਰਾਜੇ ਦੇ ਸਮੇਂ ਲਾਹੌਰ ਚਿੱਤਰਕਲਾ ਵੱਲੋਂ ਵਿਕਸਿਤ ਹੋ ਰਿਹਾ ਹੈ। ਇਉਂ ਮੱਧਕਾਲੀ ਅਠਾਰ੍ਹਵੀਂ ਤੇ ਮੁੱਢਲੀ ਉਨ੍ਹੀਵੀਂ ਸਦੀ ਚਿੱਤਰਕਲਾ ਦੇ ਵਿਕਾਸ ਵਾਸਤੇ ਅਤੇ ਧਰਮ ਨਿਰਪੇਖ ਰੁਚੀਆਂ ਨੂੰ ਤਰਜੀਹ ਦੇਣ ਵਾਲੀ ਹੈ।

ਮੁੱਖ ਤੌਰ ’ਤੇ ਨੀਤੀ ਦੀਆਂ ਕਈ ਪੁਸਤਕਾਂ ਪ੍ਰਾਪਤ ਹਨ। ਪਰ ਉਨ੍ਹਾਂ ਵਿਚੋਂ ਚਾਣਕਯ ਨੀਤੀ, ਵਿਦੁਰ ਨੀਤੀ ਅਤੇ ਭਰਥਰੀ ਹਰੀ ਪ੍ਰਸਿੱਧ ਹਨ। ਇਹ ਕ੍ਰਮਵਾਰ ਚੰਦਰ ਗੁਪਤ ਮੋਰੀਆ, ਧ੍ਰਿਤਰਾਸ਼ਟਰ, ਪਾਂਡਵ ਅਤੇ ਭਰਥਰੀ ਹਰੀ ਨਾਲ ਸੰਬੰਧਿਤ ਹਨ। ਇਹ ਨੀਤੀ ਗ੍ਰੰਥ ਕੌਰਵਾਂ ਅਤੇ ਪਾਂਡਵਾਂ ਦੇ ਭਰਾ ਵਿਦੁਰ, ਕੋਟਲਿਆ ਅਤੇ ਅਗਿਆਤ ਨਾਲ ਸੰਬੰਧਿਤ ਹਨ। ਗੁਰੂ ਗੋਬਿੰਦ ਸਿੰਘ ਦੇ ਵੇਲੇ ਵੀ ਨੀਤੀ ਗ੍ਰੰਥਾਂ ਦੇ ਅਨੁਵਾਦ ਹੋਏ। ਉਨ੍ਹਾਂ ਦੇ ਕਵੀ ਸੈਨਾ ਸਿੰਘ ਨੇ ਚਾਣਕਯ ਨੀਤੀ ਦਾ ਅਨੁਵਾਦ ਕੀਤਾ।[199] ਚਾਣਕਯ ਨੀਤੀ ਨੂੰ ਪੰਚਤੰਤਰ ਦਾ ਅਨੁਵਾਦ ਮੰਨਿਆਂ ਗਿਆ ਹੈ। ਪਰ ਪੰਚਤੰਤਰ ਵਿਚ ਕਹਾਣੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਇਹ ਗੱਲ ਜ਼ਰੂਰ ਠੀਕ ਹੈ ਕਿ ਪੰਚਤੰਤਰ ਵਿਚ ਵੀ ਨੀਤੀ ਦੇ ਉਪਦੇਸ਼ ਹਨ। ਚਾਣਕਯ ਨੀਤੀ, ਪੰਚਤੰਤਰ ਦਾ ਅਨੁਵਾਦ ਨਹੀਂ ਹੈ। ਇਹੀ ਗੱਲ ਹਿਤੋਪਦੇਸ਼ ਬਾਰੇ ਵੀ ਕਹੀ ਜਾ ਸਕਦੀ ਹੈ, ਪਰ ਇਹ ਵੀ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਤੋਂ ਇਲਾਵਾ ਭਾਈ ਵੀਰ ਸਿੰਘ ਨੇ ਭਰਥਰੀ ਹਰੀ ਜੀਵਨ ਤੇ ਨੀਤੀ ਸ਼ੱਤਕ ਅਨੁਵਾਦ ਕੀਤੀਆਂ ਹਨ।[200] ਇਸ ਤੋਂ ਇਲਾਵਾ ਕੁੱਝ ਹੋਰ ਰਚਨਾਵਾਂ ਵੀ ਨੀਤੀ ਗ੍ਰੰਥ ਨਾਲ ਜੋੜੀਆ ਗਈਆਂ ਹਨ। ਕਿਉਂਕਿ ਇਹ ਦੋਵੇਂ ਰਚਨਾਵਾਂ ਅਨੁਵਾਦ ਦੇ ਰੂਪ ਵਿਚ ਤੱਤਕਾਲੀ ਪ੍ਰਸਥਿਤੀਆਂ ਦੇ ਅਨੁਕੂਲ ਹਨ ਭਾਵੇਂ ਗੁਰੂ ਗੋਬਿੰਦ ਸਿੰਘ ਰਾਜਨੀਤੀ ਨਾਲ ਬਹੁਤਾ ਤੁਆਲਕ ਨਹੀਂ ਸਨ ਰੱਖਦੇ ਪਰ ਫਿਰ ਵੀ ਉਨ੍ਹਾਂ ਦੇ ਸਿੱਖਾਂ ਦੀ ਰਾਜਨੀਤੀ ਵਿਚ ਦਿਲਚਸਪੀ ਸੀ। ਉਂਜ ਵੀ ਸੱਤੇ ਬਲਵੰਡ ਦੀ ਵਾਰ ਵਿਚ ਰਾਜਨੀਤੀ ਗੁਰੂ ਨਾਨਕ ਦੇਵ ਤੋਂ ਹੀ ਸ਼ੁਰੂ ਹੋ ਜਾਂਦੀ ਹੈ।[201] ਸਿੱਖ ਮਿਸਲਦਾਰਾਂ ਅਤੇ ਹੋਰ ਸਮਕਾਲੀ ਰਾਜਿਆਂ ਦੇ ਦੌਰ ਵਿਚ ਨੀਤੀ ਗ੍ਰੰਥਾਂ ਦੀ ਮਹੱਤਤਾ ਰਹੀ ਹੈ। ਚਾਣਕਯ ਨੀਤੀ ਅਨੁਸਾਰ ਕੁੱਝ ਖ਼ਾਸ ਗੁਣ ਲਏ ਗਏ ਹਨ। ਪਹਿਲੀ ਗੱਲ ਇਹ ਕਿ ਸ਼ਾਸਤਰਾਂ ਦੀ ਪੜ੍ਹਾਈ ’ਤੇ ਬਲ ਦਿੱਤਾ ਗਿਆ ਹੈ। ਦੱਸਿਆ ਗਿਆ ਹੈ ਕਿ ਗਿਆਨ ਸ਼ਾਸਤਰ ਅਗਿਣਤ ਹਨ ਅਤੇ ਪੜਾਈ ਦੀ ਕੋਈ ਸੀਮਾ ਨਹੀ। ਜੀਵ ਦਾ ਜੀਵਨ ਸੀਮਤ ਹੈ, ਇਸ ਲਈ ਜੀਵ ਨੂੰ ਧਰਮ ਗ੍ਰੰਥ ਪੜ੍ਹਨੇ ਚਾਹੀਦੇ ਹਨ ਅਤੇ ਉਨ੍ਹਾਂ ਵਿਚੋਂ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ।[202] ਦੂਜੀ, ਧਿਆਨ ਦੇਣ ਯੋਗ ਗੱਲ ਔਰਤਾਂ ਦੇ ਵਿਆਹ ਨਾਲ ਸੰਬੰਧਿਤ ਹੈ। ਦੱਸਿਆ ਇਹ ਗਿਆ ਹੈ ਕਿ ਆਪਣੀ ਪਤਨੀ ਤੋਂ ਬਿਨ੍ਹਾਂ ਹੋਰ ਔਰਤਾਂ ਤੋਂ ਬਚਣਾ ਚਾਹੀਦਾ। ਪਰ ਇਸਦੇ ਉਲਟ ਔਰਤਾਂ ਨੂੰ ਪਰਾਏ ਮਰਦਾਂ ਤੋਂ ਵੀ ਬਚਣਾ ਚਾਹੀਦਾ ਹੈ।[203] ਫਿਰ ਜ਼ੋਤਿਸ਼ ਨੂੰ ਮਾਨਤਾ ਦਿੱਤੀ ਗਈ ਹੈ। ਜਿਹਾ ਅਕਬਰਨਾਮਾ[204]

[199] ਸ਼ਮਸ਼ੇਰ ਸਿੰਘ ਅਸ਼ੋਕ, ਸਾਡਾ ਹੱਥ ਲਿਖਿਤ ਪੰਜਾਬੀ ਸਾਹਿੱਤ, ਪੰਨਾ 459.
[200] ਭਾਈ ਵੀਰ ਸਿੰਘ (ਸੰਪਾ.), ਭਰਥਰੀ ਹਰੀ ਜੀਵਨ ਤੇ ਨੀਤੀ ਸ਼ੱਤਕ.
[201] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 966–968 .
[202] ਨਰਿੰਦਰ ਸ਼ਰਮਾ, ਚਾਣਕਯ ਨੀਤੀ, ਪੰਨਾ 48.
[203] ਉਹੀ, ਪੰਨੇ 18–22.
[204] Abu-l-Fazl, *The Akbar Nama,* p. 10-14.

ਅਤੇ ਉਮਦਤ ਤਵਾਰੀਖ਼[205] ਵਿਚ ਮਿਲਦਾ ਹੈ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਸੰਬੰਧੀ ਜ਼ੋਤਿਸ਼ ਦੀ ਅਹਿਮੀਅਤ ਦਰਸਾਈ ਗਈ ਹੈ ਪਰ ਗੁਰਬਾਣੀ ਵਿਚ ਜ਼ੋਤਿਸ਼ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ।[206] ਅਗਲਾ ਨੁਕਤਾ ਫਿਰ ਇਸਤਰੀਆਂ ਬਾਰੇ ਹੈ ਕਿ ਜ਼ਹਿਰ ਵਿਚ ਜੇਕਰ ਅੰਮ੍ਰਿਤ ਮਿਲੇ, ਸੋਨਾ ਜੇ ਗੰਦੀ ਥਾਂ ਤੇ ਪਿਆ ਹੋਵੇ, ਨੀਚ ਆਦਮੀ ਤੋਂ ਵੀ ਜੇਕਰ ਕੋਈ ਰਸਤਾ ਮਿਲ ਸਕੇ, ਦੁਸ਼ਟ ਕੁੱਲ ਤੋਂ ਵੀ ਜੇਕਰ ਸੁਸ਼ੀਲ ਕੁੜੀ ਮਿਲ ਰਹੀ ਹੋਵੇ ਤਾਂ ਉਸ ਨੂੰ ਲੈ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਵਾਲਾ ਕਦੇ ਘਾਟੇ ਵਿਚ ਨਹੀਂ ਰਹਿੰਦਾ।[207] ਇਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਧੋਖੇਬਾਜ਼ ਤੇ ਝੂਠੇ ਦੋਸਤ ’ਤੇ ਕਦੇ ਵੀ ਵਿਸ਼ਵਾਸ ਨਾ ਕਰੋ, ਇਸ ਤਰ੍ਹਾਂ ਦੇ ਦੋਸਤ ਜਦੋਂ ਨਾਰਾਜ਼ ਹੁੰਦੇ ਹਨ ਤਾਂ ਸਾਰੇ ਭੇਦ ਉਗਲ ਦਿੰਦੇ ਹਨ। ਇਸ ਲਈ ਇਹੋ ਜਿਹੇ ਦੋਸਤਾਂ ਤੋਂ ਬਚਣਾ ਚਾਹੀਦਾ ਹੈ, ਸੱਚਾ ਦੋਸਤ ਉਹੀ ਹੈ ਜੋ ਦੋਸਤ ਦਾ ਪਸੀਨਾ ਡਿੱਗਣ ਵਾਲੀ ਜਗ੍ਹਾ ਤੇ ਸਮਾਂ ਆਉਣ ਤੇ ਉਸ ਜਗ੍ਹਾ ਤੇ ਆਪਣਾ ਖ਼ੂਨ ਵਹਾ ਦਵੇ।।[208] ਸਦਾ ਦੂਜਿਆ ਦਾ ਭਲਾ ਕਰੋ ਸਵਾਰਥ ਤੋਂ ਦੂਰ ਰਹੋ, ਦੂਜਿਆ ਦਾ ਭਲਾ ਕਰਨ ਵਾਲਿਆਂ ਦਾ ਭਗਵਾਨ ਆਪ ਭਲਾ ਕਰਦੇ ਹਨ।[209] ਅਗਲੀ ਗੱਲ ਬੱਚਿਆਂ ਸੰਬੰਧੀ ਹੈ। ਬੱਚਿਆਂ ਨੂੰ ਤਾੜਨਾ ਦੇਣੀ ਯੋਗ ਹੈ ਪਰ ਵੱਡੇ ਬੱਚੇ ਨੂੰ ਤਾੜਨਾ ਵਿਗਾੜਦੀ ਹੈ। ਬੱਚੇ ਨੂੰ ਵਿਦਿਆ ਵਾਸਤੇ ਪੂਰੇ ਯਤਨ ਕਰਨੇ ਚਾਹੀਦੇ ਹਨ ਕਿਉਂਕਿ ਉਹ ਮਾਪੇ ਬੱਚੇ ਦੇ ਦੁਸ਼ਮਣ ਹਨ, ਜੋ ਬੱਚੇ ਨੂੰ ਨਹੀਂ ਪੜ੍ਹਾਉਂਦੇ।[210] ਜਿਵੇਂ ਪਤੀ-ਪਤਨੀ ਵਿਚ, ਦੋ ਬ੍ਰਹਮਣਾਂ ਵਿਚ ਅਤੇ ਦੋ ਬਲਦਾਂ ਵਿਚ ਨਹੀਂ ਜਾਣਾ ਚਾਹੀਦਾ ਕਿਉਂਕਿ ਦੋ ਦੇ ਵਿਚ ਤੀਜਾ ਹਮੇਸ਼ਾ ਨੁਕਸਾਨ ਉਠਾਉਂਦਾ ਹੈ।[211] ਇਉਂ ਇਸ ਰਚਨਾ ਵਿਚ ਰਾਜਨੀਤੀ ਅਤੇ ਆਮ ਜੀਵਨ ਵਾਸਤੇ ਮਹੱਤਵਪੂਰਨ ਨੁਕਤੇ ਲਏ ਗਏ ਹਨ। ਦਸਮ ਗ੍ਰੰਥ ਵਿਚ ਦੱਤਾ ਤ੍ਰੈ ਦੇ 24 ਗੁਰੂਆਂ ਦਾ ਉੱਲੇਖ ਹੈ। ਇਨ੍ਹਾਂ ਗੁਰੂਆਂ ਦੇ ਵਿਚ ਸ਼ੇਰ, ਕੁੱਤਾ, ਬਗਲਾ, ਕੁੱਕੜ ਅਤੇ ਕਾਂ, ਆਦਿ ਪਾਸੋ ਗੁਣ ਸਿੱਖਣ ਦੀ ਹਦਾਇਤ ਕੀਤੀ ਗਈ ਹੈ।[212] ਜਿਹਾ ਕਿ ਇਕ ਗੁਣ ਸ਼ੇਰ ਤੋਂ, ਇਕ ਗੁਣ ਬਗਲੇ ਤੋਂ, ਚਾਰ ਗੁਣ ਕੁੱਕੜ ਤੋਂ, ਪੰਜ ਗੁਣ ਕਾਂ ਤੋਂ, ਤਿੰਨ ਗੁਣ ਖੋਤੇ ਤੋਂ ਅਤੇ ਛੇ ਗੁਣ ਕੁੱਤੇ ਕੋਲੋਂ ਸਿੱਖੇ ਜਾ ਸਕਦੇ ਹਨ। ਮਿਸਾਲ ਵਜੋਂ ਸ਼ੇਰ ਦਾ ਗੁਣ ਕੋਈ ਕੰਮ ਦਿੱਤਾ ਜਾਵੇ ਤਾਂ ਕਰਕੇ ਹੀ ਦਮ ਲੈਣਾ ਹੁੰਦਾ ਹੈ। ਕੁੱਤੇ ਦੇ ਗੁਣ ਸ਼੍ਰੋਮਣੀ ਭਗਤੀ, ਥੋੜੀ ਨੀਂਦ ਅਤੇ ਬਹਾਦਰੀ ਹੈ। ਇਸੇ ਤਰ੍ਹਾਂ ਕੁੱਕੜ ਦੇ ਗੁਣ ਸਰੀਰਿਕ ਸਫ਼ਾਈ, ਸਵੇਰ ਸਾਰ ਉੱਠਣਾ, ਭਰਾਵਾਂ ਤੇ ਕੁੱਕੜੀ ਨਾਲ ਮਿਲ ਕੇ ਖਾਣਾ, ਆਦਿ ਹਨ। ਇਉਂ ਇਨ੍ਹਾਂ ਨੀਤੀ ਗ੍ਰੰਥਾਂ ਵਿਚ ਰਾਜਨੀਤੀ ਤੋਂ ਇਲਾਵਾ ਵੀ ਜ਼ਿੰਦਗੀ ਨਾਲ ਸੰਬੰਧਿਤ ਨੁਕਤੇ ਲਏ ਗਏ ਹਨ। ਇਉਂ ਇਹ ਨੀਤੀ ਗ੍ਰੰਥ ਜ਼ਿੰਦਗੀ ਦੇ ਬਹੁਪੱਖਾਂ ਨੂੰ ਸਵਾਰਣ ਨਾਲ ਸੰਬੰਧਿਤ ਹਨ।

---

205 Sohan Lal Suri, *Umdat-ut-Tawarikh,* p. 23.
206 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 842-843.
207 ਨਰਿੰਦਰ ਸ਼ਰਮਾ, ਚਾਣਕਯ ਨੀਤੀ, ਪੰਨਾ 120.
208 ਉਹੀ, ਪੰਨੇ 25-26.
209 ਉਹੀ, ਪੰਨਾ 60.
210 ਉਹੀ, ਪੰਨੇ 122-123.
211 ਉਹੀ, ਪੰਨਾ 83.
212 ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ, ਪੰਨੇ 635-669.

ਆਰਥਿਕ ਪੱਖ

ਮਹਿਮਾ ਪ੍ਰਕਾਸ਼ ਵਿਚ ਆਰਥਿਕ ਵਿਵਸਥਾ ਸੰਬੰਧੀ ਕਾਫ਼ੀ ਜਾਣਕਾਰੀ ਮਿਲ ਜਾਂਦੀ ਹੈ। ਸਰੂਪ ਦਾਸ ਦੇ ਅਨੁਸਾਰ ਉਸ ਸਮੇਂ ਆਰਥਿਕਤਾ ਦਾ ਆਧਾਰ ਖੇਤੀਬਾੜੀ[213] ਅਤੇ ਵਾਪਾਰ[214] ਸਨ। ਪੰਜਾਬ ਦੀ ਭੂਗੋਲਿਕ ਖ਼ਾਸੀਅਤ ਕਰਕੇ ਜ਼ਿਆਦਾਤਰ ਲੋਕ ਪਿੰਡਾਂ ਵਿਚ ਰਹਿ ਕੇ ਖੇਤੀਬਾੜੀ ਦਾ ਧੰਦਾ ਕਰਦੇ ਸਨ। ਇਸ ਤੋਂ ਇਲਾਵਾ ਲੋਕ ਖੇਤਾਂ ਦੀ ਰਾਖੀ ਕਰਨ ਦੇ ਨਾਲ-ਨਾਲ ਪਸ਼ੂ ਪਾਲਣ ਦਾ ਕੰਮ ਵੀ ਕਰਦੇ ਸਨ।[215] ਖੇਤੀਬਾੜੀ ਵਿਚ ਆਰਥਿਕ ਵਿਵਸਥਾ ਦੇ ਅੰਤਰਗਤ ਫ਼ਸਲਾਂ ਤੇ ਮਾਲੀਆ ਦੋਵੇਂ ਸ਼ਾਮਿਲ ਹਨ। ਇਸ ਵਾਸਤੇ ਖੇਤੀ ਤੇ ਵਾਪਾਰ ਇਕ ਘੇਰੇ ਵਿਚ ਆ ਜਾਂਦੇ ਹਨ ਤੇ ਮਾਲੀਆ ਉਗਰਾਹੁਣਾ ਅਤੇ ਮਾਲੀਏ ਦੀ ਮਾਫ਼ੀ ਦੂਜੇ ਘੇਰੇ ਵਿਚ ਆ ਜਾਂਦੇ ਹਨ। ਅਸੀਂ ਇੱਥੇ ਪਹਿਲਾਂ ਵਸੋਂ ਦੇ ਆਧਾਰ ’ਤੇ ਵਰਗ ਵੰਡ ਕਰਨਾ ਚਾਹਾਂਗੇ। ਸਾਰਾ ਪੰਜਾਬ ਪੰਜਾਂ ਦੁਆਬਿਆਂ ਵਿਚ ਵੰਡਿਆ ਹੋਇਆ ਸੀ।[216] ਇਕ ਸਰਵੇਖਣ ਦੇ ਆਧਾਰ ’ਤੇ ਉਸ ਸਮੇਂ ਦੇ ਪੰਜਾਬ ਵਿਚ 70% ਮੁਸਲਮਾਨ, 24% ਹਿੰਦੂ ਅਤੇ 6% ਸਿੱਖ ਸਨ।[217] ਇਸ ਤੋਂ ਇਲਾਵਾ ਬਲੋਚਿਸਤਾਨ ਵਰਗੀਆਂ ਵੱਡੀਆਂ ਰਿਆਸਤਾਂ ਸਨ ਅਤੇ ਜੰਮੂ ਅਤੇ ਕਾਂਗੜਾ ਸਮੇਤ ਪਹਾੜੀ ਰਿਆਸਤਾਂ ਸਨ। ਪਹਾੜੀ ਰਿਆਸਤਾਂ ਵਿਚ ਹਿੰਦੂ ਜ਼ਿਆਦਾ ਸਨ। ਲਹਿੰਦੇ ਪੰਜਾਬ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਸੀ ਮੋਟੇ ਤੌਰ ’ਤੇ ਵਿਚਕਾਰਲੇ ਜ਼ਿਲ੍ਹਿਆਂ ਵਿਚ ਸਿੱਖ ਰਹਿੰਦੇ ਸਨ। ਸਿੱਖ ਵੱਸੋਂ ਲਹਿੰਦੇ ਪੰਜਾਬ ਵਿਚ 2-3% ਸੀ। ਜਿਉਂ-ਜਿਉਂ ਪੱਛਮ ਵੱਲ ਵਧੀ ਜਾਈਦਾ ਹੈ ਸਿੱਖ ਵੱਸੋਂ ਘੱਟਦੀ ਜਾਂਦੀ ਹੈ। ਪਹਾੜਾਂ ਵਿਚ ਵੀ ਸਿੱਖ ਵੱਸੋਂ ਘੱਟ ਸੀ। ਹਰਿਆਣੇ ਦੇ ਖੇਤਰ ਵਿਚ ਵੈਸ਼ਨੋਈ ਤੇ ਜਾਟ ਸਨ। ਇਹ ਪੰਜਾਬ ਦਾ ਵਸੋਂ ਦੇ ਆਧਾਰ ’ਤੇ ਸਰਵੇਖਣ ਦਾ ਸਿੱਟਾ ਸੀ।

ਇਸ ਵਰਗ ਵੰਡ ਤੋਂ ਇਲਾਵਾ ਆਰਥਿਕ ਆਧਾਰ ਉੱਤੇ ਇਕ ਹੋਰ ਵਰਗ ਵੰਡ ਮਿਲਦੀ ਹੈ। ਜਿਨ੍ਹਾਂ ਵਿਚ ਉੱਚ ਵਰਗ, ਮੱਧ ਵਰਗ ਅਤੇ ਨੀਵਾਂ ਵਰਗ ਆਉਂਦੇ ਸਨ। ਉੱਚ ਵਰਗ ਦੇ ਵਿਚ ਬਾਦਸ਼ਾਹ ਵਜ਼ੀਰ, ਸੂਬੇਦਾਰ, ਫ਼ੌਜਦਾਰ, ਦੀਵਾਨ, ਮੁਫ਼ਤੀ, ਮੁੱਲਾਂ, ਉਮਰਾ ਅਤੇ ਰਾਜੇ ਸ਼ਾਮਿਲ ਸਨ। ਮੱਧ ਵਰਗ ਵਿਚ ਕਿਸਾਨ, ਵਿਉਪਾਰੀ, ਉਦਯੋਗਕਾਰ ਅਤੇ ਸਰਕਾਰੀ ਨੌਕਰੀ ਵਾਲੇ (ਸੈਨਿਕ ਅਤੇ ਕੋਤਵਾਲ ਦੇ ਕਰਮਚਾਰੀ), ਆਦਿ ਸ਼ਾਮਲ ਸਨ।[218] ਤੀਜੇ ਵਰਗ ਵਿਚ ਮਰਾਸੀ, ਡੂਮ, ਮਜ਼ਬ੍ਹੀ, ਚਰਮਕਾਰ, ਆਦਿ ਆ ਜਾਂਦੇ ਸਨ। ਸਾਧ ਸੰਤ, ਤਪੱਸਵੀ, ਯੋਗੀ, ਆਦਿ ਨੂੰ ਆਸਤਿਕ ਪੱਖੋਂ ਚੰਗੀ ਪਦਵੀ ਹਾਸਿਲ ਸੀ।

ਉੱਚ ਵਰਗ ਨੂੰ ਸਭ ਸਹੂਲਤਾਂ ਪ੍ਰਾਪਤ ਸਨ। ਗਹਿਣੇ, ਕੱਪੜੇ, ਧਨ, ਦੌਲਤ ਦੀ ਕੋਈ ਕਮੀ ਨਹੀਂ ਸੀ। ਬਾਕੀ ਵਰਗਾਂ ਦੇ ਲੋਕ ਉਨ੍ਹਾਂ ਵਾਸਤੇ ਜੰਮਦੇ ਤੇ ਮਰਦੇ ਸਨ। ਉੱਪਰਲੇ ਵਰਗ ਵਿਚ ਧਰਮ ਦੇ ਆਧਾਰ

[213] ਤਾ ਤੇ ਸੁਤ ਜੁਦਾ ਖੇਤੀ ਨਿਸ ਕੀਜੈ॥ ਦੇਖ ਲਾਭ ਸੁਖ ਸਾਂਤ ਪਤੀਜੈ॥, ਮਹਿਮਾ ਪ੍ਰਕਾਸ਼, ਪੰਨਾ 11/ੳ.
[214] ਸੌਦਾ ਸੂਦ ਗ੍ਰਿਹੀ ਕੋ ਕਾਮ॥ ਲਿਆਵੋ ਸੌਦਾ ਸੁਖ ਹੋਇ ਧਾਮ॥, ਉਹੀ, ਪੰਨਾ 7/ਅ.
[215] ਰਾਖੀ ਹੋਇ ਨਿਜ ਖੇਤ ਕੀ ਭੈਸਾ ਤਹਾ ਚਰਾਇ॥, ਉਹੀ, ਪੰਨਾ 10/ੳ.
[216] ਰਾਜ ਮੋਹਨ ਗਾਂਧੀ, ਪੰਜਾਬ, ਪੰਨਾ 1.
[217] J.S.Grewal, *Maharaja Ranjit Singh Polity, economy And society,* p. 92.
[218] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 60.

’ਤੇ ਆਪਸੀ ਵਿਰੋਧ ਵੀ ਸਨ। ਜਿਨ੍ਹਾਂ ਦੇ ਕਾਰਣਾਂ ਵਿਚ ਲੁੱਟ-ਖਸੁੱਟ ਨਾ ਸਹਾਰਦਿਆਂ ਹੋਇਆਂ ਬਗ਼ਾਵਤ ਦਾ ਮਾਦਾ ਬਣਿਆਂ ਰਹਿੰਦਾ ਸੀ।[219]

ਮੱਧ ਵਰਗ ਵਿਚ ਕਿਸਾਨ ਤੇ ਵਿਉਪਾਰੀ ਖੇਤੀ ਉੱਪਰ ਨਿਰਭਰ ਸਨ। ਖੇਤੀ ਆਮ ਕਰਕੇ ਪ੍ਰਕਿਰਤੀ ਉੱਪਰ ਨਿਰਭਰ ਸੀ। ਔੜ ਵਾਲੇ ਸਮੇਂ ਵਿਦੇਸ਼ੀ ਹਮਲੇ ਦੇ ਪਿੱਛੋਂ ਮੱਧ ਵਰਗ ਦੀ ਹਾਲਤ ਮਾੜੀ ਹੋ ਜਾਂਦੀ ਸੀ। ਬਾਦਸ਼ਾਹ ਨਾ ਹੋਣ ’ਤੇ ਜੋਗੀਆਂ ਤੇ ਗੁਰੂਆਂ ਦੀ ਪਰਾਪ੍ਰਕਿਰਤਕ ਸ਼ਕਤੀ ਵੱਲ ਝਾਕ ਰੱਖੀ ਜਾਂਦੀ ਸੀ।[220] ਧਰਮ ਦੇ ਨਾਂ ’ਤੇ ਝਗੜੇ ਅਤੇ ਅਸਿਹਣਸ਼ੀਲਤਾ ਗ਼ੈਰ ਮੁਸਲਮਾਨਾਂ ਨੂੰ ਖੇਤੀ ਤੋਂ ਉਜਾੜ ਕੇ ਸੰਘਰਸ਼ ਵੱਲ ਧੱਕ ਰਹੇ ਸਨ। ਕਬੀਲਿਆਂ ਦੇ ਆਗੂ ਤੇ ਨਵੇਂ ਉੱਠ ਰਹੇ ਸਰਦਾਰ ਅਤੇ ਮਿਸਲਦਾਰ ਲੁੱਟਮਾਰ ਵੱਲ ਜ਼ਿਆਦਾ ਧਿਆਨ ਦਿੰਦੇ ਸਨ।

ਨੀਵੇਂ ਵਰਗ ਦੇ ਲੋਕ ਆਰਥਿਕ ਪੱਖ ਤੋਂ ਬਹੁਤ ਕਮਜ਼ੋਰ ਹੁੰਦੇ ਸਨ। ਇਨ੍ਹਾਂ ਦਾ ਗੁਜ਼ਾਰਾ ਉੱਚ ਵਰਗ ਤੇ ਮੱਧ ਵਰਗ ਦੇ ਦਾਨ ਤੇ ਨਿਰਭਰ ਸੀ। ਇਸ ਵਰਗ ਦੇ ਲੋਕਾਂ ਦਾ ਕੰਮ ਉੱਪਰਲੇ ਦੋਹਾਂ ਵਰਗਾਂ ਦੀ ਸੇਵਾ ਕਰਨਾ ਹੁੰਦਾ ਸੀ।

ਧਾਰਮਿਕ ਆਗੂਆਂ ਦੀ ਹਾਲਤ ਬਹੁਤ ਚੰਗੀ ਸੀ। ਬਾਦਸ਼ਾਹ ਤੇ ਰਾਜਿਆਂ ਸਮੇਤ ਲੋਕ ਇਨ੍ਹਾਂ ਦਾ ਸਨਮਾਨ ਕਰਦੇ ਸਨ। ਧਨ, ਦੌਲਤ ਤੋਂ ਇਲਾਵਾ ਇਨ੍ਹਾਂ ਨੂੰ ਜਗੀਰਾਂ ਵੀ ਦਿੱਤੀਆਂ ਜਾਂਦੀਆਂ ਸਨ। ਇਸ ਸੰਬੰਧੀ ਮੁਗ਼ਲ ਕਾਲ ਅਤੇ ਸਿੱਖ ਮਿਸਲ ਕਾਲ ਦੌਰਾਨ ਦਿੱਤੀਆਂ ਜਗੀਰਾਂ ਵੇਖੀਆਂ ਜਾ ਸਕਦੀਆਂ ਹਨ। ਨਾਨਕਮਤਾ, ਗੋਇੰਦਵਾਲ ਅਤੇ ਅੰਮ੍ਰਿਤਸਰ ਦੀਆਂ ਜਗੀਰਾਂ ਵੀ ਇਨ੍ਹਾਂ ਵਿਚ ਆਉਂਦੀਆਂ ਹਨ। ਜ਼ਿਆਦਾ ਜਗੀਰਾਂ ਮਿਸਲ ਕਾਲ ਵਿਚ ਦਿੱਤੀਆਂ ਗਈਆਂ।[221] ਇਸ ਸੰਬੰਧੀ ਪਿੰਡੋਰੀ ਦੇ ਮਹੰਤਾਂ ਤੇ ਜਖ਼ਬੜ ਦੇ ਜੋਗੀਆਂ ਦੇ ਨਾਂ ਲੱਗੀਆਂ ਜਗੀਰਾਂ ਦੇ ਪਟੇ ਵੀ ਵੇਖੇ ਜਾ ਸਕਦੇ ਹਨ।[222] ਬਾਕੀ ਧਾਰਮਿਕ ਨੇਤਾਵਾਂ ਤੋਂ ਇਲਾਵਾ ਧਾਰਮਿਕ ਵਰਗਾਂ ਨੂੰ ਆਰਥਿਕ ਪੱਖ ਤੋਂ ਕੋਈ ਤੰਗੀ ਨਹੀਂ ਸੀ।

ਉੱਤਰਾਧਿਕਾਰਤਾ ਦੇ ਨਿਯਮ ਬਹੁਤਾ ਕਰਕੇ ਪਿਤਾ-ਪੁੱਤਰ ਵਾਲੇ ਚਲਦੇ ਸਨ। ਪਿਤਾ ਤੋਂ ਬਾਅਦ ਵੱਡਾ ਪੁੱਤਰ ਵਾਰਿਸ ਬਣਦਾ ਸੀ, ਜੇ ਕਿਸੇ ਕਾਰਣ ਛੋਟੇ ਪੁੱਤਰ ਨੂੰ ਵਾਰਿਸ ਬਨਾਉਣਾ ਹੁੰਦਾ ਤਾਂ ਪੁੱਤਰਾਂ ਵਿਚਕਾਰ ਝਗੜਾ ਸ਼ੁਰੂ ਹੋ ਜਾਂਦਾ। ਇਸ ਝਗੜੇ ਕਾਰਣ ਸਰਕਾਰੇ ਦਰਬਾਰੇ ਸ਼ਿਕਾਇਤਾਂ ਹੁੰਦੀਆਂ ਅਤੇ ਕਈ ਵਾਰ ਸਾਜ਼ਿਸ਼ਾਂ ਨਾਲ ਛੋਟੇ ਭਰਾ ਨੂੰ ਮਰਵਾਉਣ ਤੇ ਇਹ ਝਗੜਾ ਮੁੱਕਦਾ।[223] ਜੇ ਕੋਈ ਗੁਰੂ ਪੁੱਤਰਾਂ ਦੀ ਥਾਂ ਤੇ ਯੋਗ ਵਿਅਕਤੀ ਨੂੰ ਵਾਰਿਸ ਬਣਾਉਂਦਾ ਤਾਂ ਪੁੱਤਰ ਝਗੜਾ ਕਰਕੇ ਬਣਾਏ ਵਾਰਿਸ ਨੂੰ ਭਜਾਉਣ ਦਾ ਯਤਨ ਕਰਦੇ।[224] ਕਈ ਵਾਰ ਤਾਂ ਗੁਰੂ ਪੁੱਤਰ ਆਪੇ ਆਪਣੇ ਆਪ ਨੂੰ ਵੱਖਰਾ ਗੁਰੂ ਥਾਪ ਲੈਂਦੇ।[225] ਚੇਲਾ ਗੁਰਿਆਈ ਦਾ ਵਾਰਿਸ ਤਾਂ ਹੋ ਸਕਦਾ ਹੈ, ਪਰ ਜਇਦਾਦ ਦਾ ਨਹੀਂ। ਜਾਇਦਾਦ ਪੁੱਤਰਾਂ ਨੂੰ ਹੀ ਜਾਂਦੀ,

---

[219] ਉਹੀ, ਪੰਨੇ 111-114 (ਮਤਨ).
[220] ਉਹੀ, ਪੰਨੇ 83-84 (ਮਤਨ).
[221] Ibn Hasan, *The Central Structure of the Mughal Empire,* p. 280–81
[222] B.N. Goswami & J.S Grewal, *The Mghal and Sikh Rulers and The Vaishanavas of Pindori,* p. 263, 408
[223] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨੇ 12-110 (ਮਤਨ).
[224] ਉਹੀ, ਪੰਨਾ 11 (ਮਤਨ).
[225] ਭਾਈ ਵੀਰ ਸਿੰਘ (ਸੰਪਾ.), ਵਾਰਾਂ ਭਾਈ ਗੁਰਦਾਸ, ਪੰਨੇ 424-25.

ਇਸ ਕਰਕੇ ਚੇਲੇ ਨੂੰ ਗੱਦੀ ਹੋਰ ਥਾਂ ਲਿਜਾਣੀ ਪੈਂਦੀ।[226] ਜਿਵੇਂ ਗੁਰੂ ਅੰਗਦ ਨੂੰ ਖਡੂਰ ਸਾਹਿਬ, ਗੁਰੂ ਅਮਰਦਾਸ ਨੂੰ ਗੋਇੰਦਵਾਲ ਲਿਜਾਣੀ ਪਈ। ਇਸੇ ਤਰ੍ਹਾਂ ਗੁਰੂ ਰਾਮਦਾਸ ਨੂੰ ਅੰਮ੍ਰਿਤਸਰ ਲਿਜਾਣੀ ਪਈ। ਅੰਮ੍ਰਿਤਸਰ ਦੀ ਜਾਇਦਾਦ ਗੁਰੂ ਦੇ ਪੁੱਤਰਾਂ ਦੀ ਥਾਂ ਗੁਰੂ ਦੀ ਪੁੱਤਰੀ ਨੂੰ ਮਿਲੀ ਸੀ, ਜਿਸ ਕਰਕੇ ਗੁਰੂ ਰਾਮਦਾਸ ਨੂੰ ਆਪਣਾ ਵਾਰਿਸ ਚੁਣਨ ਵੇਲੇ ਇਸ ਹਿਦਾਇਤ ਦੀ ਲੋੜ ਨਹੀਂ ਪਈ ਕਿ ਗੁਰਿਆਈ ਹੋਰ ਥਾਂ ਚਲੀ ਜਾਵੇ। ਕਿਉਂਕਿ ਗੁਰੂ ਰਾਮਦਾਸ ਜੀ ਦੀ ਗੁਰਿਆਈ ਪਰਿਵਾਰ ਤੋਂ ਬਾਹਰ ਨਹੀਂ ਗਈ। ਇਸ ਲਈ ਅਗਲੇ ਗੁਰੂ ਸਾਹਿਬਾਨ ਨੂੰ ਇਸ ਗੱਲ ਕਰਕੇ ਆਪਣਾ ਕੇਂਦਰ ਨਹੀਂ ਬਦਲਣਾ ਪਿਆ। ਇਹੀ ਵੱਖਰੀ ਗੱਲ ਹੈ ਕਿ ਮੁਗ਼ਲ ਸਰਕਾਰ ਨਾਲ ਲੜਾਈਆਂ ਦੇ ਕਾਰਣ ਗੁਰੂ ਹਰਿਗੋਬਿੰਦ ਨੂੰ ਕੀਰਤਪੁਰ ਰਹਿਣਾ ਪਿਆ। ਗੁਰੂ ਹਰਿਗੋਬਿੰਦ ਜੀ ਗੋਇੰਦਵਾਲ ਇਸ ਲਈ ਤਿਆਗਦੇ ਸਨ ਕਿ ਯੁੱਧਾਂ ਕਾਰਣ ਗੁਰੂ ਕੁਲ ਦੇ ਵਿਅਕਤੀਆਂ ਨੂੰ ਕਸ਼ਟ ਨਾ ਹੋਵੇ।[227] ਸਰਕਾਰੀ ਝਗੜੇ ਕਾਰਣ ਗੁਰੂ ਤੇਗ ਬਹਾਦਰ ਨੂੰ ਵੀ ਗੁਰਿਆਈ ਦੀ ਥਾਂ ਬਦਲਣੀ ਪਈ। ਇਸੇ ਕਾਰਣ ਗੁਰੂ ਗੋਬਿੰਦ ਸਿੰਘ ਦੇ ਸਥਾਨਾਂ ਨੂੰ ਬਦਲਣ ਕਰਕੇ ਤਕਲੀਫ਼ ਉਠਾਉਣੀ ਪਈ। ਜੇ ਕਿਸੇ ਵਿਕਅਤੀ ਦੇ ਇਕ ਤੋਂ ਵੱਧ ਵਿਆਹ ਹੋਏ ਹੁੰਦੇ ਤਾਂ ਵਿਰਾਸਤ ਪਹਿਲੀ ਪਤਨੀ ਤੋਂ ਹੋਏ ਪੁੱਤਰ ਨੂੰ ਜਾਂਦੀ ਸੀ।[228] ਜੇ ਵਿਆਹੁਤਾ ਨਾਲ ਗੋਲ਼ੀ ਵੀ ਆਉਂਦੀ ਤੇ ਗੋਲ਼ੀ ਨੂੰ ਵਿਆਹੁਤਾ ਤੋਂ ਪਹਿਲਾਂ ਬੱਚਾ ਹੋ ਜਾਂਦਾ ਤਾਂ ਵਿਰਾਸਤ ਵਿਆਹੁਤਾ ਦੇ ਬੱਚੇ ਨੂੰ ਜਾਂਦੀ ਸੀ।[229]

ਮੁਸਲਮਾਨਾਂ ਵਿਚ ਵੰਡ ਹੁੰਦੀ ਸੀ ਤੇ ਜ਼ਾਇਦਾਦ ਭਰਾਵਾਂ ਵਿਚ ਵੰਡੀ ਜਾਂਦੀ ਸੀ। ਬਾਬਰ ਦੇ ਬਾਅਦ ਇਸ ਤਰ੍ਹਾਂ ਹੀ ਹੋਇਆ ਕਿ ਹਮਾਯੂੰ ਨੂੰ ਆਪਣੇ ਭਰਾਵਾਂ ਨੂੰ ਰਾਜ ਦਾ ਹਿੱਸਾ ਦੇਣਾ ਪਿਆ, ਪਰ ਇਹ ਵੰਡ ਸਹੀ ਨਹੀਂ ਸੀ। ਹਮਾਯੂੰ ਨੂੰ ਕੋਸ਼ਿਸ਼ ਕਰਕੇ ਆਪਣੇ ਭਰਾਵਾਂ ਤੋਂ ਛੁਟਕਾਰਾ ਪਾਉਣਾ ਪਿਆ।[230] ਇਉਂ ਹੀ ਸ਼ਾਹਜ਼ਹਾਨ ਦੇ ਚੌਂਹਾ ਪੁੱਤਰਾਂ ਵਿਚ ਵਿਰਾਸਤ ਦਾ ਝਗੜਾ ਖੜ੍ਹਾ ਹੋਇਆ, ਜਿਸ ਕਾਰਣ ਲੜਾਈ ਹੋਈ। ਜਿਸ ਵਿਚ ਸਭ ਤੋਂ ਛੋਟਾ ਪੁੱਤਰ ਔਰੰਗਜ਼ੇਬ ਬਾਦਸ਼ਾਹ ਬਣ ਗਿਆ।[231]

ਔਰੰਗਜ਼ੇਬ ਤੋਂ ਬਾਅਦ ਅਠਾਰ੍ਹਵੀਂ ਸਦੀ ਵਿਚ ਮੁਗ਼ਲ ਹਕੂਮਤ ਦਾ ਪਤਨ ਹੋਣਾ ਸ਼ੁਰੂ ਗਿਆ। ਜਿੱਥੇ-ਜਿੱਥੇ ਵੀ ਔਰੰਗਜ਼ੇਬ ਨੇ ਜ਼ੋਰ ਲਾ ਕੇ ਏਕਤਾ ਕਰਨੀ ਚਾਹੀ, ਉਸਦਾ ਸਿੱਟਾ ਬਗ਼ਾਵਤਾਂ ਦੇ ਰੂਪ ਵਿਚ ਨਿਕਲਿਆ। ਮਰਾਠਿਆਂ ਤੋਂ ਇਲਾਵਾ ਸਿੱਖ ਸਰਹੱਦੀ ਕਬੀਲੇ, ਸਤਨਾਮੀਏ ਇੱਥੋਂ ਤੱਕ ਕਿ ਰਾਜਪੂਤ ਰਾਜੇ ਵੀ ਬਗ਼ਾਵਤ 'ਤੇ ਉੱਤਰ ਆਏ। ਨਤੀਜਾ ਇਹ ਨਿਕਲਿਆ ਕਿ ਵਾਪਾਰ ਵਾਸਤੇ ਸ਼ਾਹੂਕਾਰਾਂ ਤੇ ਵਾਪਾਰੀਆਂ ਲਈ ਔਖ ਪ੍ਰਗਟ ਹੋਣ ਲੱਗੀ, ਨਕਦੀ ਨਾਲ ਲੈ ਕੇ ਤੁਰਨਾ ਬਹੁਤ ਮੁਸ਼ਕਿਲ ਸੀ। ਕਿਉਂਕਿ ਇਕ ਤਾਂ ਸਿੱਖ ਸਰਦਾਰ ਲੁੱਟ ਕਰਦੇ ਸਨ ਤੇ ਦੂਜਾ ਪਠਾਣ ਕਬੀਲੇ ਇਸ ਲੁੱਟ ਵਿਚ ਹਿੱਸਾ ਪਾਉਂਦੇ ਸਨ। ਇਸ ਲਈ ਹੁੰਡੀ ਸਿਸਟਮ ਸ਼ੁਰੂ ਹੋਇਆ, ਜਾਂ ਇੰਜ ਕਹੀਏ ਕਿ ਹੁੰਡੀ ਸਿਸਟਮ ਤੋਂ ਬਹੁਤਾ ਕੰਮ ਲਿਆ

[226] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨੇ 12, 22 (ਮਤਨ).
[227] ਮਹਿਮਾ ਪ੍ਰਕਾਸ਼, ਪੰਨਾ 294/ਅ.
[228] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ , ਪੰਨਾ 57 (ਮਤਨ).
[229] ਉਹੀ, ਪੰਨਾ 60.
[230] ਸੱਯਦ ਅਤਹਰ ਅੱਬਾਸ ਰਿਜ਼ਵੀ, ਮੁਗ਼ਲ ਕਾਲੀਨ ਭਾਰਤ, ਹਮਾਯੂੰ (ਭਾਗ ਦੂਜਾ), ਪੰਨੇ 131-133.
[231] H.M. Eliot & John Dowsen, *The History Of India As Told By Its Own Historians (Vol. 7),* p. 178–180.

ਜਾਣ ਲੱਗਾ।[232] ਹੁੰਡੀ ਵਿਚ ਵਾਪਾਰੀ ਨੂੰ ਪੈਸੇ ਦੇਣ ਦੀ ਬਜਾਏ ਕਾਗਜ਼ (ਡਰਾਫ਼ਟ) ਦਿੱਤਾ ਜਾਂਦਾ ਸੀ। ਕਈ ਵਾਰ ਦਰਸ਼ਨੀ ਹੁੰਡੀ ਦਿੱਤੀ ਜਾਂਦੀ ਸੀ। ਡਰਾਫ਼ਟ ਵਾਲੇ ਹਿਸਾਬ ਵਿਚ ਜਿੱਥੇ ਵਾਪਾਰੀ ਨੇ ਆਉਣਾ ਹੁੰਦਾ ਸੀ, ਉੱਥੇ ਉਹ ਡਰਾਫ਼ਟ ਦੇ ਦਿੰਦਾ ਤੇ ਜਦੋਂ ਉਸਦੇ ਪੇਸੈ ਆ ਜਾਂਦੇ ਤਾਂ ਉਸਨੂੰ ਮਿਲ ਜਾਂਦੇ। ਦਰਸ਼ਨੀ ਹੁੰਡੀ ਵਿਚ ਡਰਾਫ਼ਟ ਦਿਖਾਉਣ ਸਾਰ ਹੀ ਪੈਸੇ ਮਿਲ ਜਾਂਦੇ। ਇਹੀ ਸ਼ਾਹੂਕਾਰੇ ਦਾ ਕੰਮ ਮਿਸਲਾਂ ਵੇਲੇ ਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਚਲਦਾ ਰਿਹਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਸ਼ਾਹੂਕਾਰ ਦਾ ਟੋਮੂ, ਜਿਸ ਨਾਲ ਰੁਪਯਾ ਵਸੂਲ ਕਰੀਦਾ ਹੈ।"[233]

ਰਿਸ਼ਵਤਖ਼ੋਰੀ ਤੇ ਬੇਈਮਾਨੀ ਭੁੱਖ ਨਾਲ ਤੇ ਜੀਵਨ ਦੇ ਮਿਆਰ ਡਿੱਗਣ ਨਾਲ ਵੱਧਦੀ ਹੈ। ਵਾਪਾਰੀ ਤੇ ਅਮੀਰ ਲੋਕ ਰਿਸ਼ਵਤਖੋਰੀ ਤੇ ਬੇਈਮਾਨੀ ਵੱਲ ਝੁਕਦੇ ਹਨ। ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨੇ ਤਾਂ ਹੱਦ ਹੀ ਕਰ ਦਿੱਤੀ। ਇਸ ਲਈ ਤਾਂ ਇਹ ਗੱਲ ਮੁਹਾਵਰਾ ਬਣ ਗਈ ਖਾਧਾ ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ ਜਿਸ ਅਨੁਸਾਰ ਲੁੱਟ ਹੀ ਇਸ ਪੱਧਰ ਦੀ ਹੁੰਦੀ ਸੀ ਕਿ ਲੁੱਟੇ ਗਏ ਆਦਮੀ ਕੋਲ ਹੋਰ ਕੋਈ ਚਾਰਾ ਨਹੀਂ ਸੀ ਰਹਿ ਜਾਂਦਾ। ਇਸ ਸਮੇਂ ਦੀਆਂ ਦੋ ਪ੍ਰਤੀਨਿਧ ਰਚਨਾਵਾਂ ਲੁੱਟ, ਬੇਈਮਾਨੀ ਤੇ ਰਿਸ਼ਵਤਖ਼ੋਰੀ ਦੀਆਂ ਘਟਨਾਵਾਂ ਦਰਸਾਉਂਦੀਆਂ ਹਨ। ਇਕ ਕਹਾਣੀ ਧਾਰਮਿਕ ਵਰਗ ਨਾਲ ਜੁੜੀ ਹੋਈ ਲੋਕਾਂ ਵੱਲੋਂ ਕੀਤੀ ਗਈ ਧੋਖਾਧੜੀ ਤੇ ਬੇਈਮਾਨੀ ਦਾ ਉੱਲੇਖ ਕਰਦੀ ਹੈ, ਜਿਸ ਅਨੁਸਾਰ ਨਿਯਤ ਕੀਤੇ ਗਏ ਮਸੰਦ ਵੱਲੋਂ ਸ਼ਰਧਾਲੂ ਤੋਂ ਲਏ ਪੈਸੇ ਖਾ ਕੇ ਜਾਅਲੀ ਰਸੀਦ ਵੀ ਕੱਟ ਦਿੰਦੇ ਸਨ।[234] ਇਸ ਇਲਾਵਾ ਰਿਸ਼ਵਤ ਦਾ ਆਮ ਵਰਤਾਰਾ ਸੀ, ਜਿਸਦਾ ਜ਼ਿਕਰ ਗੁਰਬਾਣੀ[235] ਅਤੇ ਭਾਈ ਗੁਰਦਾਸ ਦੀਆਂ ਵਾਰਾਂ[236] ਵਿਚ ਵੀ ਮਿਲਦਾ ਹੈ। ਇਕ ਉਦਾਹਰਣ ਬੰਸਾਵਲੀਨਾਮਾ ਵਿਚੋਂ ਬੰਦੇ ਬਹਾਦਰ ਦੇ ਨਿਆਂ ਦੀ ਗੱਲ ਦੱਸੀ ਹੈ ਕਿ ਇਕ ਔਰਤ ਬੰਦਾ ਸਿੰਘ ਬਹਾਦਰ ਕੋਲ ਫ਼ਰਿਯਾਦ ਲੈ ਕੇ ਗਈ ਕਿ ਇਕ ਫ਼ੌਜਦਾਰ ਨੇ ਉਸਦਾ ਕਬੀਲਾ ਖੋਹ ਕੇ ਉਸ ਨਾਲ ਨੀਚ ਕਰਮ ਕੀਤਾ ਹੈ ਤਾਂ ਬੰਦਾ ਸਿੰਘ ਬਹਾਦਰ ਨੇ ਉਸ ਫ਼ੌਜਦਾਰ ਨੂੰ ਸਜ਼ਾ ਦੇ ਕੇ ਨਿਆਂ ਕਰਦਾ ਦਿਖਾਇਆ ਗਿਆ ਸੀ।[237]

ਮੁਗ਼ਲ ਰਾਜ ਸਮੇਂ ਕੁੱਝ ਸ਼ਾਂਤੀ ਹੋਣ ਕਰਕੇ ਵਾਪਾਰ ਉੱਚੀ ਪੱਧਰ 'ਤੇ ਚਾਲੂ ਸੀ। ਵਾਪਾਰੀ ਆਮ ਕਰਕੇ ਇਕੱਲੇ-ਦੁਕੱਲੇ ਨਹੀਂ ਇਕੱਠ ਦੇ ਰੂਪ ਵਿਚ ਚਲਦੇ ਸਨ। ਆਮ ਤੌਰ 'ਤੇ ਇਹ ਜੋ ਫ਼ੌਜ ਮਾਰਚ ਕਰ ਰਹੀ ਹੁੰਦੀ ਤਾਂ ਉਸ ਨਾਲ ਰਲ ਕੇ ਤੁਰ ਪੈਂਦੇ। ਜਿਸਦਾ ਫ਼ਾਇਦਾ ਇਹ ਹੁੰਦਾ ਕਿ ਕੋਈ ਲੁਟੇਰਾ ਅਨਸਰ ਲੁੱਟਣ ਦਾ ਸਾਹਸ ਨਾ ਕਰਦਾ। ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਔਰੰਗਜ਼ੇਬ ਦੇ ਉੱਤਰਾਧਿਕਾਰੀਆਂ ਦੀ ਕਮਜ਼ੋਰੀ ਕਾਰਣ ਵਾਪਾਰ ਦਾ ਕੰਮ ਘੱਟਦਾ ਗਿਆ। ਵਾਪਾਰ ਦੇ ਰਸਤੇ ਇਸ ਤਰ੍ਹਾਂ ਸਨ ਕਿ ਅਰਬ, ਈਰਾਨ, ਇਰਾਕ, ਬਲਖ਼ ਬੁਖ਼ਾਰਾ ਇੱਥੋਂ ਤੱਕ ਕਿ ਰੂਸ ਤੇ ਚੀਨ ਤੱਕ ਵਾਪਾਰੀ ਜਾਂਦੇ ਰਹੇ।[238] ਉਸ ਸਮੇਂ ਆਵਾਜਾਈ ਦੇ ਸਾਧਨ ਘੱਟ ਹੋਣ ਕਰਕੇ ਖ਼ਾਸ ਤੌਰ 'ਤੇ ਪਹਾੜੀ ਇਲਾਕਿਆਂ ਵਿਚ

---

[232] ਗੰਗੋ ਹੁੰਡੀ ਲਿਖ ਦਈ ਪੁਨ ਰੋਕੜ ਦਈ ਚਲਾਇ॥ਮੁਗਲ ਚਲਾ ਲਹੋਰ ਕੋ ਰੋਕੜ ਪਹੁਚੀ ਜਾਇ॥, ਮਹਿਮਾ ਪ੍ਰਕਾਸ਼, ਪੰਨਾ 224/ਅ.

[233] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 279.

[234] ਰਾਏਜਸਬੀਰ ਸਿੰਘ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨਾ 98 (ਮਤਨ).

[235] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 951.

[236] ਭਾਈ ਵੀਰ ਸਿੰਘ (ਸੰਪਾ.), ਵਾਰਾਂ ਭਾਈ ਗੁਰਦਾਸ, ਪੰਨੇ 24-25.

[237] ਪਿਆਰਾ ਸਿੰਘ ਪਦਮ (ਸੰਪਾ.), ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪੰਨੇ 199-200 (ਮਤਨ).

[238] Hari Ram Gupta, *History of the Sikhs (Vol. 2),* P. 248–249.

ਪਤਾ ਨਹੀਂ ਸੀ ਲੱਗਦਾ ਕਿ ਦੂਰ-ਦੁਰਾਡੇ ਇਲਾਕੇ ਕਿਹੜੇ ਹਨ। ਪਰ ਇਕ ਰਸਤਾ ਦਿੱਲੀ ਤੋਂ ਚੱਲ ਕੇ ਪੇਸ਼ਾਵਰ ਰਾਹੀਂ ਅਫ਼ਗਾਨਿਸਤਾਨ ਨੂੰ ਜਾਂਦਾ ਸੀ। ਜਿਹੜਾ ਮੱਧ ਪੂਰਬ ਦੇ ਦੇਸ਼ਾਂ ਨਾਲ ਵਾਪਾਰਿਕ ਕੰਮ ਨੂੰ ਸਹਾਇਤਾ ਦਿੰਦਾ ਸੀ। ਦੂਜਾ ਰਸਤਾ ਦਿੱਲੀ ਤੋਂ ਚੱਲ ਕੇ ਹਿਸਾਰ, ਫ਼ੀਰੋਜ਼ਪੁਰ ਰਾਹੀਂ ਮੁਲਤਾਨ ਨੂੰ ਜਾਂਦਾ ਤੇ ਮੁਲਤਾਨ ਤੋਂ ਕੰਧਾਰ।[239] ਜ਼ਿਆਦਾਤਰ ਮਾਲ ਦੀ ਢੋਆ-ਢੁਆਈ ਦਾ ਕੰਮ ਊਠਾਂ, ਬੈਲ ਗੱਡੀਆਂ ਅਤੇ ਖੱਚਰਾਂ, ਆਦਿ ਦੁਆਰਾ ਲਿਆ ਜਾਂਦਾ ਸੀ। ਪਹਾੜੀ ਇਲਾਕਿਆਂ ਦਾ ਮਾਲ ਨਦੀਆਂ[240] ਅਤੇ ਸਮੁੰਦਰ[241] ਰਾਹੀਂ ਹੁੰਦਾ ਸੀ। ਅਫ਼ਗ਼ਾਨਿਸਤਾਨ ਤੇ ਉਸ ਦੇ ਪਾਰ ਦੇ ਦੇਸ਼ਾਂ ਤੋਂ ਘੋੜੇ ਦਰਾਮਦ ਕੀਤੇ ਜਾਂਦੇ ਸਨ।[242] ਇਸ ਤੋਂ ਇਲਾਵਾ ਲੋਕਾਂ ਦੀ ਪੂਰਤੀ ਲਈ ਕਈ ਹੋਰ ਕਿੱਤੇ ਵੀ ਸਨ, ਜਿਨ੍ਹਾਂ ਵਿਚ ਇੱਟਾਂ ਦੇ ਭੱਠੇ[243], ਲੁਹਾਰ[244] ਅਤੇ ਸੁਨਾਰ,[245] ਆਦਿ ਆਉਂਦੇ ਸਨ। ਪੰਜਾਬ ਵਿਚ ਲਾਹੌਰ ਅਤੇ ਮੁਲਤਾਨ ਵਾਪਾਰਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਸਨ। ਇਸ ਤੋਂ ਬਿਨ੍ਹਾਂ ਪੰਜਾਬ ਵਿਚਲੇ ਸ਼ਹਿਰਾਂ ਅੰਮ੍ਰਿਤਸਰ, ਤਰਨ ਤਾਰਨ, ਗੋਇੰਦਵਾਲ ਅਤੇ ਬਟਾਲਾ, ਆਦਿ ਵਿਚ ਆਪਸੀ ਵਾਪਾਰ ਵੀ ਚਲਦਾ ਸੀ। ਇੱਥੋਂ ਜ਼ਿਆਦਾਤਰ ਖਾਣ-ਪੀਣ ਵਾਲੀਆਂ ਚੀਜਾਂ ਅਤੇ ਲੜਾਈ ਦਾ ਸਮਾਨ ਬਾਹਰ ਜਾਂਦਾ ਅਤੇ ਉੱਥੋਂ ਕੀਮਤੀ ਹੀਰੇ, ਮੋਤੀ, ਜਵਾਹਰਾਤ, ਸੋਨਾ, ਗਹਿਣੇ, ਆਦਿ ਮੰਗਵਾਏ ਜਾਂਦੇ ਸਨ।

ਮਹਿਮਾ ਪ੍ਰਕਾਸ਼ ਵਿਚ ਵਾਪਾਰ ਸੰਬੰਧੀ ਵਰਤੇ ਜਾਂਦੇ ਮਾਪਾਂ ਅਤੇ ਵੱਟਿਆਂ ਸੰਬੰਧੀ ਕੋਈ ਖ਼ਾਸ ਜਾਣਕਾਰੀ ਨਹੀਂ ਪ੍ਰਾਪਤ ਹੁੰਦੀ ਪਰ ਉਸ ਸਮੇਂ ਵਰਤੇ ਜਾਂਦੇ ਸਿੱਕਿਆਂ ਸੰਬੰਧੀ ਜ਼ਰੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਵਿਚ ਅਸ਼ਰਫ਼ੀ[246], ਮੋਹਰ[247], ਰੁਪਿਆ[248], ਪੈਸਾ[249] ਅਤੇ ਟਕਾ[250], ਆਦਿ ਸਿੱਕੇ ਆਉਂਦੇ ਹਨ। ਇਹ ਸਿੱਕੇ ਸੋਨੇ ਚਾਂਦੀ ਅਤੇ ਤਾਂਬੇ ਦੇ ਹੁੰਦੇ ਸਨ। ਇਕ ਮੋਹਰ ਇੱਕੀ ਰੁਪਏ ਦੀ ਸੀ।[251]

---

[239] *Ibid. (Vol. 4),* p. 415–426
[240] ਨਦੀ ਮਾਰਗ ਲਕੜੀ ਤੁਮ ਲਿਆਵੋ॥,ਮਹਿਮਾ ਪ੍ਰਕਾਸ਼, ਪੰਨਾ 202/ੳ
[241] ਭਰ/ਮਾਲੁ ਜਹਾਜੁ ਸਮੁੰਦ ਮਗ ਫਿਰੇ॥, ਉਹੀ, ਪੰਨਾ 207/ੳ,ਅ
[242] ਮੋਲ ਚੁਕਾਇ ਘੋੜੇ ਸਭ ਲੀਜੈ॥, ਉਹੀ, ਪੰਨਾ 283/ੳ
[243] ਕਚਾ ਪਚਾਵਾ ਰਹਾ॥, ਉਹੀ, ਪੰਨਾ 273/ੳ
[244] ਏਕ ਲੁਹਾਰ ਕਾਰ ਤਹ ਕਰੀ॥, ਉਹੀ, ਪੰਨਾ 230/ਅ
[245] ਇਕ ਸਿਖ ਬਹੋੜਾ ਜਾਤ ਸੁਨਾਰ॥, ਉਹੀ, ਪੰਨਾ 264/ਅ
[246] ਅਰ ਜੋ ਨਕਦੀ ਰੁਪਯੇ ਅਸਰਫੀਆ ਖਜਾਨੇ ਮੋ ਥੀ॥, ਉਹੀ, 449/ੳ
[247] ਸੌ ਮੋਹਰ ਭੇਟ ਸਤਗੁਰ ਕੀ ਲੀਨਾ॥, ਉਹੀ, ਪੰਨਾ 368/ਅ
[248] ਲਾਖ ਰੁਪਯਾ ਲਾਗਤ ਭਈ॥, ਉਹੀ, ਪੰਨਾ 273/ੳ
[249] ਸਤਿਗੁਰ ਸੰਗਤ ਕਉ ਆਗਿਆ ਕਰੀ॥ਪੰਜ ਪੈਸੇ ਭੇਟ ਲੇ ਆਵੌ ਇਹ ਘਰੀ॥, 246/ਅ
[250] ਕਬੀ ਲਾਖ ਟਕਾ ਨੈਨ ਨਹੀ ਪੇਖਾ॥, ਉਹੀ
[251] ਇਕੀਸ ਰੁਪਯਾ ਤੋਲਾ ਠਹਿਰਾਏ॥, ਉਹੀ, ਪੰਨਾ 416/ੳ

ਮਹਿਮਾ ਪ੍ਰਕਾਸ਼: ਸੰਪਾਦਨ-ਵਿਧੀ

ਅਠ੍ਹਾਰਵੀਂ ਸਦੀ ਵਿਚ ਪੰਜਾਬੀ, ਫ਼ਾਰਸੀ, ਹਿੰਦੀ, ਬ੍ਰਿਜ ਅਤੇ ਉਰਦੂ ਵਿਚ ਸਾਹਿਤ ਦੀ ਰਚਨਾ ਹੋਈ। ਇਸ ਸਮੇਂ ਦੌਰਾਨ ਵਾਰਤਕ ਤੇ ਕਵਿਤਾ ਦੋਹਾਂ ਰੂਪਾਂ ਵਿਚ ਸਾਹਿਤ ਰਚਿਆ ਮਿਲਦਾ ਹੈ। ਮਹਿਮਾ ਪ੍ਰਕਾਸ਼ 18ਵੀਂ ਸਦੀ ਦੇ ਸਿੱਖ ਇਤਿਹਾਸ ਦਾ ਸਾਹਿਤਿਕ ਦਸਤਾਵੇਜ਼ ਹੈ। ਕੇਸਰ ਸਿੰਘ ਛਿੱਬਰ ਦੁਆਰਾ ਰਚਿਤ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ (1769 ਈਸਵੀ) ਤੋਂ ਬਾਅਦ ਮਹਿਮਾ ਪ੍ਰਕਾਸ਼ ਹੀ ਇਕ ਅਜਿਹੀ ਰਚਨਾ ਹੈ, ਜਿਸ ਵਿਚੋਂ ਸਾਨੂੰ ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਇਤਿਹਾਸ ਲਿਖਿਆ ਮਿਲਦਾ ਹੈ। ਸਰੂਪ ਦਾਸ ਭੱਲਾ ਕ੍ਰਿਤ ਮਹਿਮਾ ਪ੍ਰਕਾਸ਼ ਸਿੱਖ ਇਤਿਹਾਸ ਦਾ ਮਹੱਤਵਪੂਰਨ ਸਰੋਤ ਮੰਨਿਆ ਜਾਂਦਾ ਹੈ। ਸਿੱਖ ਇਤਿਹਾਸ ਨਾਲ ਜੁੜੇ ਹਰੇਕ ਵਿਦਵਾਨ ਦਾ ਧਿਆਨ ਇਸ ਗ੍ਰੰਥ ਨੇ ਆਪਣੇ ਵੱਲ ਖਿੱਚਿਆ ਹੈ। ਜਿਵੇਂ ਕਰਮ ਸਿੰਘ ਹਿਸਟੋਰੀਅਨ, ਮੈਕਾਲਿਫ, ਮੈਕਲੋਡ, ਗੰਡਾ ਸਿੰਘ, ਇੰਦੂ ਭੂਸ਼ਣ ਬੈਨਰਜੀ, ਹਰੀ ਰਾਮ ਗੁਪਤਾ, ਸ਼ਮਸ਼ੇਰ ਸਿੰਘ ਅਸ਼ੋਕ, ਗੁਰਬਚਨ ਸਿੰਘ ਨਈਅਰ, ਸੁਰਜੀਤ ਹਾਂਸ, ਪਿਆਰਾ ਸਿੰਘ ਪਦਮ ਅਤੇ ਜੇ. ਐੱਸ. ਗਰੇਵਾਲ, ਆਦਿਕ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਸਿੱਖ ਇਤਿਹਾਸ ਲਿਖਦੇ ਸਮੇਂ ਮਹਿਮਾ ਪ੍ਰਕਾਸ਼ ਨੂੰ ਮੂਲ ਸੋਮੇ ਵਜੋਂ ਮੰਨਦੇ ਹੋਏ ਇਸ ਦੇ ਹਵਾਲਿਆਂ ਦੀ ਵਰਤੋਂ ਕੀਤੀ ਹੈ।

ਮਹਿਮਾ ਪ੍ਰਕਾਸ਼ ਨਾਮਕ ਸਾਨੂੰ ਦੋ ਰਚਨਾਵਾਂ ਮਿਲਦੀਆਂ ਹਨ। ਇਕ ਮਹਿਮਾ ਪ੍ਰਕਾਸ਼ (ਵਾਰਤਕ) ਅਤੇ ਦੂਜਾ ਮਹਿਮਾ ਪ੍ਰਕਾਸ਼ (ਕਾਵਿ-ਰੂਪ) ਵਿਚ ਮਿਲਦਾ ਹੈ।

ਮਹਿਮਾ ਪ੍ਰਕਾਸ਼ (ਵਾਰਤਕ) ਗ੍ਰੰਥ ਦੇ ਕਰਤਾ ਬਾਰੇ ਵਿਦਵਾਨਾਂ ਦੇ ਅਲੱਗ-ਅਲੱਗ ਅਨੁਮਾਨ ਹਨ। ਕੁੱਝ ਵਿਦਵਾਨ ਇਸ ਦਾ ਕਰਤਾ ਬਾਵਾ ਕ੍ਰਿਪਾਲ ਸਿੰਘ ਨੂੰ, ਕੁੱਝ ਕ੍ਰਿਪਾਲ ਦਾਸ ਨੂੰ, ਕੁੱਝ ਸਰੂਪ ਚੰਦ/ਦਾਸ ਭੱਲਾ ਨੂੰ ਅਤੇ ਇਸੇ ਤਰ੍ਹਾਂ ਕੁੱਝ ਕ੍ਰਿਪਾ ਦਿਆਲ ਸਿੰਘ ਨੂੰ ਦੱਸਦੇ ਹਨ। ਪਰ ਇਹ ਮਸਲਾ ਅਜੇ ਵਿਚਾਰਧੀਨ ਹੀ ਹੈ, ਇਸੇ ਤਰ੍ਹਾਂ ਇਸ ਗ੍ਰੰਥ ਦਾ ਰਚਨਾਕਾਲ ਵੀ ਅਨੁਮਾਨ ਆਧਾਰਿਤ 1773 ਈ. ਮੰਨਿਆ ਜਾਂਦਾ ਹੈ। ਇਸ ਵਿਚ ਕੁੱਲ 170 ਸਾਖੀਆਂ ਹਨ ਜਿਨ੍ਹਾਂ ਵਿਚੋਂ 163 ਸਾਖੀਆਂ ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ ਅਤੇ ਬਾਕੀ 7 ਫੁਟਕਲ ਹਨ।[1] ਡਾ. ਕੁਲਵਿੰਦਰ ਸਿੰਘ ਬਾਜਵਾ ਨੇ ਇਸ ਗ੍ਰੰਥ ਦਾ ਸੰਪਾਦਨ (2004) ਕੀਤਾ ਹੈ ਅਤੇ ਉਹ ਮਹਿਮਾ ਪ੍ਰਕਾਸ਼ (ਵਾਰਤਕ) ਨੂੰ ਮਹਿਮਾ ਪ੍ਰਕਾਸ਼ (ਕਾਵਿ-ਰੂਪ) ਤੋਂ ਵੱਖਰਾ ਅਤੇ ਪਹਿਲਾਂ ਰਚਿਆ ਮੰਨਦੇ ਹਨ। ਅਸਲ ਰਚਨਾਕਾਰ ਤੇ ਰਚਨਾਕਾਲ ਦਾ ਸਹੀ ਨਿਰਣਾ ਤਦ ਹੀ ਸੰਭਵ ਹੋਵੇਗਾ ਜੇਕਰ ਇਸ ਰਚਨਾ ਦੀ ਮੂਲ ਕਾਪੀ ਉਪਲੱਬਧ ਹੋ ਜਾਵੇ।

ਮਹਿਮਾ ਪ੍ਰਕਾਸ਼ (ਕਾਵਿ-ਰੂਪ) ਜੋ ਹੱਥਲੇ ਖੋਜ-ਪ੍ਰਬੰਧ ਦਾ ਵਿਸ਼ਾ ਹੈ। ਇਸ ਗ੍ਰੰਥ ਦੇ ਮੂਲ ਪਾਠ ਦੀ ਅੰਦਰਲੀ ਗਵਾਹੀ ਤੋਂ ਪਤਾ ਚੱਲਦਾ ਹੈ ਕਿ ਇਹ ਸਰੂਪ ਦਾਸ/ਸਰੂਪ ਚੰਦ ਭੱਲਾ ਦੀ ਰਚਨਾ ਹੈ। 'ਦਸੋ ਸਰੂਪ ਕੀ ਮਹਿਮਾ ਕੀਨਾ॥ ਸਰੂਪ ਚੰਦ ਗੁਰ ਚਰਨ ਅਧੀਨਾ' ਅਤੇ 'ਸਰੂਪ ਦਾਸ ਸਤਗੁਰ ਕਰੀ ਮਹਿਮਾ ਪ੍ਰਕਾਸ ਬਖਸੀਸ'। ਮਹਿਮਾ ਪ੍ਰਕਾਸ਼ ਪੰਜਾਬ ਦੇ ਇਤਿਹਾਸ, ਸਾਹਿਤ, ਭਾਸ਼ਾ ਅਤੇ ਸਭਿਆਚਾਰ ਵਿਚ ਮਹੱਤਵਪੂਰਣ ਸਰੋਤ ਹੈ। ਇਸ ਰਚਨਾ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਾਖੀਆਂ ਤੋਂ ਇਲਾਵਾ

---

[1] ਕੁਲਵੰਤ ਸਿੰਘ ਬਾਜਵਾ (ਸੰਪਾ.), ਮਹਿਮਾ ਪ੍ਰਕਾਸ਼ (ਵਾਰਤਕ), ਪੰਨਾ 8 (ਮੁੱਖ ਬੰਦ).

ਤੱਤਕਾਲੀਨ ਸਮੇਂ ਦੇ ਸਮਾਜਿਕ, ਧਾਰਮਿਕ ਅਤੇ ਆਰਥਿਕ ਪੱਖਾਂ ਸੰਬੰਧੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਤਿਹਾਸਕ ਨਜ਼ਰੀਏ ਤੋਂ ਵੀ ਇਹ ਗ੍ਰੰਥ ਬਹੁਤ ਮਹੱਤਵਪੂਰਣ ਹੈ ਕਿਉਂਕਿ ਇਸ ਵਿਚੋਂ ਬਹੁਤ ਸਾਰੇ ਇਤਿਹਾਸਿਕ ਵੇਰਵਿਆਂ ਦੀ ਜਾਣਕਾਰੀ ਮਿਲਦੀ ਹੈ। ਇਸ ਰਚਨਾ ਵਿਚ ਗੁਰਬਾਣੀ ਦੇ ਸਿੱਧਾਂਤਾਂ ਦੀ ਦਾਰਸ਼ਨਿਕ ਤੇ ਵਿਹਾਰਿਕ ਵਿਆਖਿਆ ਤੋਂ ਇਲਾਵਾ ਸਿੱਖੀ ਜੀਵਨ-ਮਾਰਗ ਦੀ ਰਹਿਤ ਮਰਿਯਾਦਾ ਸੰਬੰਧੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਰਚਨਾ ਵਿਚ ਲੇਖਕ ਨੇ ਪੌਰਾਣਿਕ ਤਪੱਸਵੀ, ਰਿਸ਼ੀਆਂ, ਮੁਨੀਆਂ ਅਤੇ ਭਗਤਾਂ ਸੰਬੰਧੀ ਸੰਖੇਪ ਕਥਾਵਾਂ ਮਿਲਦੀਆਂ ਹਨ। ਇਨ੍ਹਾਂ ਦੀ ਵਰਤੋਂ ਪ੍ਰਤੀਕਾਂ ਦੇ ਤੌਰ ਉੱਤੇ ਵੀ ਕੀਤੀ ਗਈ ਹੈ। ਇਸ ਰਚਨਾ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ, ਸਿੱਖਿਆਵਾਂ, ਯਾਤਰਾਵਾਂ ਅਤੇ ਪਰਿਵਾਰ ਦਾ ਰੌਚਕ ਸਾਹਤਿਕ ਇਤਿਹਾਸ ਪੇਸ਼ ਕੀਤਾ ਹੈ ਅਤੇ ਇਸਦੇ ਅੰਤ ਤੇ ਬੰਦਾ ਸਿੰਘ ਸਹਾਦਰ ਨਾਲ ਸੰਬੰਧਿਤ ਇਕ ਸਾਖੀ ਵੀ ਹੈ। ਇਸ ਵਿਚ ਕੁੱਲ 238 ਸਾਖੀਆਂ ਹਨ। ਜਿਨ੍ਹਾਂ ਵਿਚ 67 ਸਾਖੀਆਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ, 15 ਸਾਖੀਆਂ ਗੁਰੂ ਅੰਗਦ ਦੇਵ ਜੀ ਨਾਲ ਸੰਬੰਧਿਤ, 32 ਸਾਖੀਆਂ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ, 8 ਸਾਖੀਆਂ ਗੁਰੂ ਰਾਮਦਾਸ ਜੀ ਨਾਲ ਸੰਬੰਧਿਤ, 22 ਸਾਖੀਆਂ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ, 22 ਸਾਖੀਆਂ ਗੁਰੂ ਹਰਿਗੋਬਿੰਦ ਜੀ ਨਾਲ ਸੰਬੰਧਿਤ, 21 ਸਾਖੀਆਂ ਗੁਰੂ ਹਰਿ ਰਾਇ ਜੀ ਨਾਲ ਸੰਬੰਧਿਤ, 5 ਸਾਖੀਆਂ ਗੁਰੂ ਹਰਿਕ੍ਰਿਸਨ ਜੀ ਨਾਲ ਸੰਬੰਧਿਤ, 18 ਸਾਖੀਆਂ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ, 27 ਸਾਖੀਆਂ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਅਤੇ 1 ਸਾਖੀ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਆਉਂਦੀ ਹੈ। ਇਕ ਖ਼ਾਸ ਗੱਲ ਇਹ ਹੈ ਕਿ ਸਰੂਪ ਦਾਸ ਨੇ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਸਾਖੀਆਂ ਰਚਨ ਲਈ ਬਚਿਤ੍ਰ ਨਾਟਕ ਦਾ ਕਾਫ਼ੀ ਹਿੱਸਾ (ਪਹਿਲੇ ਪੰਜ ਅਧਿਆਇ ਅਤੇ ਛੇਵਾਂ ਅੱਧ ਨੂੰ ਛੱਡ ਕੇ ਛੇਵੇਂ ਨੂੰ ਚੌਧਵੇਂ ਅਧਿਆਇ ਦਾ ਨਾਮ ਦੇ ਕੇ) ਆਪਨੀ ਰਚਨਾ ਵਿਚ ਜਿਉਂ ਦਾ ਤਿਉਂ ਸ਼ਾਮਿਲ ਕਰ ਲਿਆ ਹੈ।[2]

ਮਹਿਮਾ ਪ੍ਰਕਾਸ਼ (ਕਾਵਿ-ਰੂਪ) ਦੀ ਭਾਸ਼ਾ ਵਿਭਾਗ ਵਾਲੇ ਖਰੜੇ ਨੂੰ ਆਧਾਰ ਬਣਾ ਕੇ ਹੁਣ ਤਕ ਦੋ ਵਾਰ ਸੰਪਾਦਨਾ ਹੋ ਚੁੱਕੀ ਹੈ ਅਤੇ ਇਸ ਨੂੰ ਦੋਵੇਂ ਵਾਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਪਹਿਲੀ ਵਾਰ 1970-71 ਵਿਚ ਸ਼ਮਸ਼ੇਰ ਸਿੰਘ ਅਸ਼ੋਕ, ਗੋਬਿੰਦ ਸਿੰਘ ਲਾਂਬਾ ਅਤੇ ਖਜਾਨ ਸਿੰਘ ਦੁਆਰਾ ਦੋ ਭਾਗਾਂ ਵਿਚ ਸੰਪਾਦਿਤ ਕਰਕੇ ਪ੍ਰਕਾਸ਼ਿਤ ਕੀਤਾ ਗਿਆ। ਪਹਿਲੇ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਲੈ ਕੇ ਪਰਲੋਕ ਗਮਨ ਤੱਕ ਦੀਆਂ ਜੀਵਨ ਘਟਨਾਵਾਂ ਦਾ ਵਰਣਨ ਵਿਸਤ੍ਰਿਤ ਰੂਪ ਵਿਚ ਕੀਤਾ ਗਿਆ ਹੈ ਅਤੇ ਮਹਿਮਾ ਪ੍ਰਕਾਸ਼ (ਭਾਗ ਦੂਜਾ) ਵਿਚ ਬਾਕੀ ਨੌਂ ਸਿੱਖ ਗੁਰੂ ਸਾਹਿਬਾਨ ਇਤਿਹਾਸ ਹੈ ਅਤੇ ਅੰਤ ਬੰਦਾ ਸਿੰਘ ਬਹਾਦਰ ਅਤੇ ਗੁਰੂ ਗੋਬਿੰਦ ਦੇ ਮਿਲਾਪ ਨਾਲ ਸੰਬੰਧਿਤ ਇਕ ਇਤਿਹਾਸਕ ਸਾਖੀ ਹੈ।

ਦੂਜੀ ਵਾਰ 1999 ਅਤੇ 2003 ਈ. ਵਿਚ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ ਨੂੰ ਸਮਰਪਿਤ ਡਾ. ਉੱਤਮ ਸਿੰਘ ਭਾਟੀਆ ਅਤੇ ਖਜਾਨ ਸਿੰਘ ਨੇ ਮਹਿਮਾ ਪ੍ਰਕਾਸ਼ ਦਾ ਸੰਪਾਦਨ ਕੀਤਾ। ਇਸ ਨੂੰ ਉਨ੍ਹਾਂ ਦੋ ਭਾਗਾਂ ਵਿਚ ਵੰਡ ਕੇ ਇਸਦੇ ਦੂਜੇ ਭਾਗ ਦੇ ਅੱਗੋਂ ਫਿਰ ਦੋ ਖੰਡ ਕੀਤੇ ਹਨ-

[2] ਮਹਿਮਾ ਪ੍ਰਕਾਸ਼, ਪੰਨੇ 425/ੳ-448/ਅ.

(1) ਗੁਰੂ ਨਾਨਕ ਮਹਿਮਾ (ਭਾਗ ਪਹਿਲਾ) ਅਰਥਾਤ ਮਹਿਮਾ ਪ੍ਰਕਾਸ਼ (ਭਾਗ ਪਹਿਲਾ)

(2) ਮਹਿਮਾ ਪ੍ਰਕਾਸ਼ ਭਾਗ ਦੂਜਾ (ਖੰਡ-ਪਹਿਲਾ) ਅਤੇ ਮਹਿਮਾ ਪ੍ਰਕਾਸ਼ ਭਾਗ ਦੂਜਾ (ਖੰਡ-ਦੂਜਾ)

ਇਸ ਤੋਂ ਇਲਾਵਾ ਡਾ. ਭਗਤ ਸਿੰਘ ਵੇਦੀ ਨੇ 1989 ਈ. ਵਿਚ ਮਹਿਮਾ ਪ੍ਰਕਾਸ਼ ਦਾ ਹਿੰਦੀ ਅਨੁਵਾਦ ਕਰਕੇ ਭਾਸ਼ਾ ਵਿਭਾਗ, ਪੰਜਾਬ, ਪਿਆਲਾ ਤੋਂ ਛਪਵਾਇਆ।

ਪੁਰਾਤਨ ਸਾਹਿਤਕਾਰ ਸਰੂਪ ਦਾਸ ਭੱਲਾ ਦੁਆਰਾ ਇਸ ਗ੍ਰੰਥ ਲਿਖਣ ਪਿੱਛੇ ਮਕਸਦ ਇਕ ਜਗਿਆਸੂ ਹੋਣ ਨਾਤੇ ਗੁਰੂ ਮਹਿਮਾ ਵਰਣਨ ਕਰਨਾ ਦੱਸਦੇ ਹਨ। ਸਰੂਪ ਦਾਸ ਭੱਲਾ ਨੇ ਆਪਣੇ ਦਿਲੀ ਉਮਾਹ ਦੇ ਕਾਰਣ ਮਹਿਮਾ ਪ੍ਰਕਾਸ਼ ਦੀ ਰਚਨਾ ਕੀਤੀ, ਜਿਸਦਾ ਜ਼ਿਕਰ ਉਸਨੇ ਮਹਿਮਾ ਪ੍ਰਕਾਸ਼ ਵਿਚ ਵੀ ਕੀਤਾ ਹੈ 'ਦਿਵਸ ਏਕ ਮਨ ਭਇਆ ਉਮਾਹਾ॥ਗੁਰ ਮਹਿਮਾ ਲਿਖ ਲੀਜੈ ਲਾਹਾ॥'[3] ਇਸ ਤਰ੍ਹਾਂ ਉਨ੍ਹਾਂ ਦਾ ਗੁਰੂ ਘਰ ਵਿਚ ਬਹੁਤ ਵਿਸ਼ਵਾਸ ਹੋਣ ਕਾਰਨ ਮੁੱਖ ਉੱਦੇਸ਼ ਗੁਰੂ ਸਾਹਿਬਾਨ ਦੇ ਜੀਵਨ ਦੇ ਹਰ ਪੱਖ ਨੂੰ ਪੇਸ਼ ਕਰਨ ਦੇ ਨਾਲ-ਨਾਲ ਭੱਲਾ ਖ਼ਾਨਦਾਨ ਦੀ ਉਸਤਤ ਕਰਨਾ ਵੀ ਮੁੱਖ ਕਾਰਨ ਬਣ ਗਿਆ।

ਸਰੂਪ ਦਾਸ ਭੱਲਾ ਨੇ ਆਪਣੇ ਦਿਲੀ ਉਮਾਹ (ਚਾਉ) ਨੂੰ ਕਾਰਜ ਰੂਪ ਪ੍ਰਦਾਨ ਕਰਨ ਲਈ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਨੌਂ ਗੁਰੂ ਸਾਹਿਬਾਨ ਦੇ ਜੀਵਨ ਦੇ ਹਾਲਾਤ ਦਾ ਉਪਰਾਲਾ ਕਰਨਾ ਆਰੰਭ ਕਰ ਦਿੱਤਾ। ਇਹ ਉਨ੍ਹਾਂ ਦੇ ਗ੍ਰੰਥ ਸਿਰਜਣ ਦਾ ਪਹਿਲਾ ਪੜਾਅ ਸੀ। ਉਨ੍ਹਾਂ ਨੇ ਇਸ ਯਤਨ ਨੂੰ ਪੁਰਾਤਨ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਜਨਮਸਾਖੀ ਭਾਈ ਬਾਲਾ, ਆਦਿ ਸਾਖੀਆਂ, ਗੁਰੂ ਕੁਲ ਦੇ ਵਿਅਕਤੀਆਂ ਅਤੇ ਗੁਰਸਿੱਖਾਂ ਤੋਂ ਸੁਣੀਆਂ ਸਾਖੀਆਂ ਤੋਂ ਸਮੱਗਰੀ ਲੈ ਕੇ ਗ੍ਰੰਥ ਦੀ ਰਚਨਾ ਕੀਤੀ।[4]

ਮਹਿਮਾ ਪ੍ਰਕਾਸ਼ ਵਿਚ ਦਰਜ ਅਧਿਕਤਰ ਸਾਖੀਆਂ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਵੱਖ-ਵੱਖ ਜਨਮਸਾਖੀਆਂ ਹਨ। ਸਰੂਪ ਦਾਸ ਭੱਲਾ ਵਿਚਾਰਧਾਰਾ ਅਧਿਆਤਮਿਕ ਤੱਤ ਦੇ ਦੁਆਲੇ ਘੁੰਮਦੀ ਹੈ, ਇਸ ਲਈ ਉਨ੍ਹਾਂ ਦੀ ਵਿਚਾਰਧਾਰਾ ਦਾ ਕੇਂਦਰ ਗੁਰਮਤਿ ਵਿਚਾਰਧਾਰਾ ਬਣਦੀ ਹੈ। ਇਸ ਵਿਚ ਗੁਰਬਾਣੀ ਦੀਆਂ ਤੁਕਾਂ ਲੈ ਕੇ ਫਿਰ ਉਸਦੀ ਵਿਆਖਿਆ ਕੀਤੀ ਗਈ ਹੈ।

ਇਸ ਰਚਨਾ ਵਿਚ ਲੇਖਕ ਨੇ ਪੌਰਾਣਿਕ ਤਪੱਸਵੀ, ਰਿਸ਼ੀਆਂ, ਮੁਨੀਆਂ ਅਤੇ ਭਗਤਾਂ ਸੰਬੰਧੀ ਸੰਕੇਤ ਦਿੱਤੇ ਹਨ। ਇਨ੍ਹਾਂ ਦੀ ਵਰਤੋਂ ਪ੍ਰਤੀਕਾਂ ਦੇ ਤੌਰ ਉੱਤੇ ਕੀਤੀ ਗਈ ਹੈ। ਮਹਿਮਾ ਪ੍ਰਕਾਸ਼ ਵਿਚ ਬਾਕੀ ਜਨਮਸਾਖੀਆਂ ਨਾਲੋਂ ਪੌਰਾਣਿਕ ਪ੍ਰਭਾਵ ਜ਼ਿਆਦਾ ਹੈ। ਸਰੂਪ ਦਾਸ ਨੇ ਆਪਣੇ ਵਿਚਾਰਾਂ ਦੀ ਪ੍ਰੋੜਤਾ ਲਈ ਅਨੇਕਾਂ ਹਵਾਲੇ ਪ੍ਰਚਲਿਤ ਪੁਰਾਣ ਕਥਾਵਾਂ ਵਿਚੋਂ ਦਿੱਤੇ ਹਨ।

ਇਸ ਰਚਨਾ ਦੀ ਇਕ ਵਿਸ਼ੇਸ਼ਤਾ ਇਸ ਵਿਚ ਬਾਣੀ ਦੀ ਵਿਆਖਿਆ ਹੈ। ਇਸ ਵਿਚ ਪਹਿਲਾਂ ਗੁਰੂ ਸਾਹਿਬਾਂ ਵਲੋਂ ਉਨ੍ਹਾਂ ਦੀ ਬਾਣੀ ਦੀ ਤੁਕ ਉਚਰਵਾਈ ਗਈ ਹੈ ਅਤੇ ਫਿਰ ਆਪ ਹੀ ਉਨ੍ਹਾਂ ਨੇ ਇਸ ਦੀ ਵਿਆਖਿਆ ਕੀਤੀ ਹੈ। ਇਸ ਤਰ੍ਹਾਂ ਗੁਰਮਤਿ ਵਿਚਾਰਧਾਰਾ ਨਾਲ ਸੰਬੰਧਿਤ ਪਰਮਾਰਥ ਲਿਖਣ ਦੀ ਪਿਰਤ ਅੱਗੇ ਤੁਰੀ ਹੈ। ਜੇਕਰ ਇਸ ਦੀ ਮਹੱਤਤਾ ਦੀ ਗੱਲ ਕਰੀਏ ਤਾਂ ਅਠਾਰ੍ਹਵੀਂ ਸਦੀ ਵਿਚ ਰਚੇ ਗਏ ਸਾਖੀ ਸਾਹਿੱਤ ਵਿਚ ਮਹਿਮਾ ਪ੍ਰਕਾਸ਼ ਦਾ ਪ੍ਰਮੁੱਖ ਸਥਾਨ ਹੈ। ਇਸ ਦੀ ਮਹੱਤਤਾ 18ਵੀਂ ਸਦੀ ਦੇ ਦੂਜੇ ਅੱਧ ਦੇ

---

[3] ਮਹਿਮਾ ਪ੍ਰਕਾਸ਼, ਪੰਨਾ 2/ਅ.

[4] ਉਹੀ

ਪੰਜਾਬ ਦੇ ਸਮਾਜਿਕ-ਧਾਰਮਿਕ ਇਤਿਹਾਸ ਦਾ ਸਰੋਤ ਹੋਣ ਵਿਚ ਹੈ। ਦੂਜਾ ਗੁਰੂ ਅੰਗਦ ਤੋਂ ਗੁਰੂ ਤੇਗ ਬਹਾਦਰ ਤਕ ਗੁਰੂ ਸਾਹਿਬਾਨ ਬਾਰੇ ਬੰਸਾਵਲੀਨਾਮਾ ਤੋਂ ਬਿਨਾਂ, ਇਹੀ ਰਚਨਾ ਹੈ ਜੋ ਸਭ ਤੋਂ ਵੱਧ ਮਾਤਰਾ ਵਿਚ ਸਾਮੱਗਰੀ ਪੇਸ਼ ਕਰਦੀ ਹੈ। ਇਸ ਵਿਚ ਦਿੱਤੇ ਗਏ ਗੁਰੂ ਸਾਹਿਬਾਨ ਦੇ ਸੰਬੰਧੀਆਂ ਅਤੇ ਨਿਕਟ ਵਰਤੀ ਸਿੱਖਾਂ ਦੇ ਨਾਂ ਅਤੇ ਘਟਨਾਵਾਂ ਦੀਆਂ ਮਿਤੀਆਂ ਇਸ ਗ੍ਰੰਥ ਦੇ ਮਹੱਤਵ ਨੂੰ ਵਧਾਉਂਦੀਆਂ ਹਨ।

ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਿਤ ਸੰਸਕਰਣਾਂ ਤੋਂ ਇਲਾਵਾ ਇਸਦੀਆਂ ਨਿਮਨ ਲਿਖਤ ਹੱਥ-ਲਿਖਤ ਪੋਥੀਆਂ ਉਪਲਬਧ ਹਨ-

ਇਸ ਦਾ ਮੂਲ-ਹੱਥ ਲਿਖਤ ਖਰੜਾ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੀ ਲਾਇਬ੍ਰੇਰੀ ਵਿਚ (ਹੱਥ-ਲਿਖਤ ਖਰੜਾ ਨੰ: *176/MS*) ਸੁਰੱਖਿਅਤ ਹੈ। ਇਸ ਦੀ ਲਿਖਾਈ ਸਾਫ਼ ਹੈ। ਇਸ ਖਰੜੇ ਦੀਆਂ ਅੰਤਲੀਆਂ ਤੁਕਾਂ ਤੋਂ ਇਹ ਪਤਾ ਲੱਗਦਾ ਹੈ ਕਿ ਇਹ ਖਰੜਾ 1857 ਬਿ. ਦੀ ਲਿਖਤ ਹੈ। ਇਹ ਖਰੜਾ ਕਾਸ਼ੀ ਵਿਚ ਲਿਖਣਾ ਸ਼ੁਰੂ ਕੀਤਾ ਗਿਆ ਅਤੇ ਅੰਮ੍ਰਿਤਸਰ ਵਿਚ ਸੰਪੂਰਨ ਹੋਇਆ। ਇਸ ਦੀਆਂ ਅੰਤਲੀਆਂ ਤੁਕਾਂ ਇਸ ਪ੍ਰਕਾਰ ਹਨ "ਸੰਮਤ ੧੮੫੭ ਮਿਤੀ ਮਾਘ ਦੀ ੧੩ ਪੋਥੀ ਮਹਿਮਾ ਪ੍ਰਕਾਸ ਕੀ ਸੰਪੂਰਨ ਹੋਈ॥ਟਹਲ ਕੀਤੀ ਬਾਬਾ ਕਿਰਪਾ ਸਿੰਘ ਕੁਲ ਗੁਰੂ ਅਮਰ ਸਾਹਿਬ ਕੀ॥ਪਰਵਾਰ ਬਾਬੇ ਮੋਹਰੀ ਜੀ ਕੇ ਵਿਚੋ॥ਭੇਟ ਬਾਬੇ ਪੰਜਾਬ ਸਿੰਘ ਜੋਗ ਕੀਤੀ ਸ੍ਰੀ ਬਾਵਲੀ ਜੀ ਉਪ੍ਰ॥ਪੁਸਤਕ ਸੰਪੂਰਨੰ॥"[5] ਇਸ ਖਰੜੇ ਨੂੰ ਹੀ ਆਧਾਰ ਬਣਾ ਕੇ ਪੂਰਬਲੇ ਸੰਪਾਦਕਾਂ ਨੇ ਇਸ ਦੀ ਸੰਪਾਦਨਾ ਕੀਤੀ ਹੈ।

ਇਸ ਦਾ ਦੂਜਾ ਹੱਥ-ਲਿਖਤ ਖਰੜਾ ਪੰਜਾਬ ਸਟੇਟ ਆਰਕਾਈਵਜ਼ ਵਿਭਾਗ, ਪਟਿਆਲਾ ਦੀ ਲਾਇਬ੍ਰੇਰੀ ਵਿਚ (ਹੱਥ ਲਿਖਤ ਖਰੜਾ ਨੰਬਰ *MS/792*) ਸੁਰੱਖਿਅਤ ਹੈ। ਇਹ ਹੱਥ-ਲਿਖਤ ਖਰੜਾ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਖਰੜੇ ਤੋਂ ਪਹਿਲਾਂ ਦਾ ਹੈ। ਇਹ ਖਰੜਾ ਅਧੂਰਾ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੇ ਜੀਵਨ-ਵ੍ਰਿਤ ਨਾਲ ਸੰਬੰਧਿਤ ਸਾਖੀਆਂ ਨਹੀਂ ਮਿਲਦੀਆਂ। ਇਹ ਮਹਲਾ ਤੀਜਾ (ਗੁਰੂ ਅਮਰਦਾਸ ਜੀ) ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਤਿੰਨ ਹੋਰ ਛੋਟੀਆਂ ਰਚਨਾਵਾਂ ਦਸਾਂ ਮਹਿਲਾ ਕੀ ਉਸਤਤ ਸੁਰਤ ਰਾਮ ਨੇ ਕੀਤੀ, ਸ੍ਰੀ ਰਾਮ ਚੰਦ੍ਰ ਚਲਿਤ੍ਰ ਅਤੇ ਸਰੂਪ ਦਾਸ ਭੱਲਾ ਦੇ ਪੁਤਰ ਕ੍ਰਿਪਾ ਦਿਆਲ ਦਾ 1853 ਬਿ. ਦਾ ਲਿਖਿਆਂ ਹੋਇਆ 'ਫਤਹਨਾਮਾ ਸਤਿਗੁਰੂ ਜੀ ਕੇ ਪੰਥ ਕਾ' ਦਰਜ ਹੈ ਇਸ ਦੇ ਅੰਤ ਵਿਚ ਕੁੱਝ ਅਸਫੋਟਕ ਸ਼ਬਦ ਹਨ। ਫ਼ਤਹਨਾਮਾ ਦੇ ਆਰੰਭ ਤੇ ਇਹ ਤੁਕਾਂ ਹਨ "ਸੰਮਤ ਅਠਾਰਹ ਸੈ ਤਿਰਪਨ ਮਾਘ ਸੁਦੀ॥੫॥ਪੰਚਮੀ ਕੋ ਕਹਾ॥ਗੁਰੂ ਅਮਰਦਾਸ ਜੀ ਕੀ ਅਉਲਾਦ ਬੇਟਾ ਸ੍ਰੀ ਬਾਬਾ ਸਰੂਪ ਚੰਦ ਜੀ ਕਾ ਕ੍ਰਿਪਾ ਦਇਆਲ ਨਾਮੇ ਤਖ਼ਲਸ॥"[6] ਇਨ੍ਹਾਂ ਤੁਕਾਂ ਤੋਂ ਇਹ ਪਤਾ ਚਲਦਾ ਹੈ ਕਿ ਇਹ ਖਰੜਾ 1853 ਬਿ. ਦਾ ਲਿਖਿਆ ਹੈ ਅਤੇ ਭਾਸ਼ਾ ਵਿਭਾਗ ਵਾਲਾ ਖਰੜਾ ਇਸ ਤੋਂ ਚਾਰ ਸਾਲ ਬਾਅਦ ਵਿਚ ਲਿਖਿਆ ਗਿਆ ਹੈ। ਇਸ ਦੀ ਲਿਖਾਈ ਸਾਫ਼ ਹੈ ਅਤੇ ਇਹ ਕਈ ਹੱਥਾਂ ਦੀ ਲਿਖਤ ਹੈ। ਬਹੁਤ ਥਾਵਾਂ ਤੇ ਪੀਲੀ ਸਿਆਹੀ ਨਾਲ ਮਿਟਾ ਕੇ ਉਸ ਉੱਪਰ ਫਿਰ ਲਿਖਾਈ ਕੀਤੀ ਗਈ ਹੈ ਅਤੇ ਕਈ ਜਗ੍ਹਾ ਤੇ ਪਾਠ ਕੱਟ ਕੇ ਅਗਲੇ ਪੰਨੇ ਤੇ ਲਿਖਿਆ ਹੈ। ਇਸ ਖਰੜੇ ਦਾ ਭਾਸਾ ਵਿਭਾਗ ਵਾਲੇ ਖਰੜੇ

[5] ਉਹੀ, ਪੰਨੇ 462/ੳ,ਅ.

[6] ਮਹਿਮਾ ਪ੍ਰਕਾਸ਼, ਹੱਥ ਲਿਖਤ ਖ਼ਰੜਾ ਨੰਬਰ *MS/792*, ਪੰਜਾਬ ਸਟੇਟ ਆਰਕਾਈਵਜ਼ ਵਿਭਾਗ, ਪਟਿਆਲਾ, ਪਤਰਾ 752.

ਨਾਲ ਇਕ ਵੱਡਾ ਭੇਦ ਇਹ ਹੈ ਕਿ ਜਿੱਥੇ ਬਾਕੀ ਖ਼ਰੜਿਆਂ ਵਿਚ ਗੁਰੂ ਸਾਹਿਬਾਨ ਦੇ ਜੋਤੀ-ਜੋਤ ਸਮਾਉਣ ਨਾਲ ਸੰਬੰਧਿਤ ਸਾਖੀਆਂ ਵਿਚ ਸਾਖੀ ਦੇ ਅੰਤ 'ਤੇ ਹਰੇਕ ਗੁਰੂ ਸਾਹਿਬਾਨ ਦੇ ਮਾਤਾ-ਪਿਤਾ, ਪਤਨੀ, ਬੱਚਿਆਂ ਅਤੇ ਜਿੰਨਾਂ ਵਿਚ ਉਨ੍ਹਾਂ ਗੁਰਿਆਈ ਵਿਚ ਸਰੀਰ ਰੱਖਿਆ ਸਮੇਂ ਦੀ ਇਬਾਰਤ ਜੋ ਇਸ ਤਰ੍ਹਾਂ ਲਿਖੀ ਮਿਲਦੀ ਹੈ "ਬਾਬਾ ਗੁਰਦਿਤਾ ਪਿਤਾ ਰਾਜ ਕੌਰ ਜੀ ਮਾਤ॥ਸੁਲਖਨੀ ਪਤਿ ਹਰਿ ਰਾਇ ਗੁਰ ਹਰਿਕ੍ਰਿਸਨ ਰਾਮ ਰਾਇ ਤਾਤ॥ਸੰਮਤੁ॥੧੭੧੮॥ਕਤਕ ਸੁਦੀ ਨਉਮੀ॥੯॥ਆਇਤਵਾਰ ਘੜੀਆਂ ੬॥ਛਿਅ ਦਿਨ ਰਹਦੇ ਸਤਿਗੁਰੂ ਹਰਿ ਰਾਇ ਜੀ ਸਮਾਣੇ ਕੀਰਤਪੁਰ ਮੋ॥੧੭ ਬਰਸ ਸਤਾਰਾਂ॥੬ ਮਾਸ ਛੇਇ॥੧੯॥ਉਨੀ ਦਿਨ ਗੁਰਿਆਈ ਵਿਚ ਸਰੀਰੁ ਰਖਿਆ॥ਗੁਰੂ ਹਰਿ ਰਾਇ ਜੀ ਦੀ ਸਾਖੀ ਪੂਰਨੰ॥"[7] ਇਸ ਤਰ੍ਹਾ ਦੀ ਇਬਾਰਤ ਇਸ ਖਰੜੇ ਵਿਚ ਨਹੀਂ ਹੈ।

ਮਹਿਮਾ ਪ੍ਰਕਾਸ਼ ਦਾ ਇਕ ਹੋਰ ਉਤਾਰਾ ਸਿੱਖ ਹਿਸਟਰੀ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ, ਵਿਚ ਹੈ। ਇਸ ਖਰੜੇ ਦਾ ਨੰਬਰ 2300 ਹੈ। ਇਹ ਪੋਥੀ 1891 ਬਿ. ਦੀ ਲਿਖਤ ਹੈ ਤੇ ਮੁਕੰਮਲ ਹੈ ਅਤੇ ਇਸ ਦੀ ਲਿਖਤ ਬਾਬਾ ਦਲ ਸਿੰਘ ਆਜਮਗੜ੍ਹ ਵਾਸੀ ਨੇ ਕੀਤੀ ਹੈ।[8] ਇਸ ਵਿਚ ਵੀ ਉਹੀ ਵਾਧੂ ਰਚਨਾਵਾਂ ਹਨ, ਜੋ ਆਰਕਾਈਵਜ਼ ਵਾਲੇ ਖਰੜੇ ਵਿਚ ਹਨ। ਪਰ ਇਸ ਵਿਚ ਬਚਿਤ੍ਰ ਨਾਟਕ ਵਾਲਾ ਪਾਠ ਨਹੀਂ ਹੈ ਸਿਰਫ ਬਚਿਤ੍ਰ ਨਾਟਕ ਦੇ ਅਧਿਆਇਆਂ ਦੇ ਬਾਰੇ ਇਕ ਸਾਖੀ ਲਿਖੀ ਮਿਲਦੀ ਹੈ। ਇਹ ਆਰਕਾਈਵਜ਼ ਵਾਲੇ ਖਰੜੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਮੁਕੰਮਲ ਖਰੜੇ *(MS 842)* ਵਿਚ ਵੀ ਹੈ। ਪਰ ਇਹ ਸਾਖੀ ਭਾਸ਼ਾ ਵਿਭਾਗ ਵਾਲੇ ਖਰੜੇ ਵਿਚ ਨਹੀਂ ਹੈ। ਇਸ ਦੀ ਲਿਖਾਈ ਸਾਫ਼ ਹੈ ਅਤੇ ਇਸ ਨੂੰ ਲਿਖਣ ਲਈ ਲਾਲ ਅਤੇ ਕਾਲੀ ਦੋਹਾਂ ਸਿਆਹੀਆਂ ਦੀ ਵਰਤੋ ਕੀਤੀ ਗਈ ਹੈ।

ਇਸ ਦਾ ਇਕ ਖਰੜਾ ਸਿੱਖ ਰੈਫਰੇਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਮੌਜੂਦ ਸੀ, ਜੋ 1984 ਵਿਚ ਅੰਮ੍ਰਿਤਸਰ ਵਿਖੇ ਹੋਈ ਫ਼ੌਜੀ ਕਾਰਵਾਈ ਦੌਰਾਨ ਨਸ਼ਟ ਹੋ ਗਿਆ। ਇਹ ਖਰੜਾ 1897 ਬਿ. ਦਾ ਲਿਖਿਆ ਹੋਇਆ ਸੀ। ਇਸ ਦਾ ਲੇਖਕ ਭਾਈ ਬੁਧ ਸਿੰਘ ਸਸਿਕ ਮ੍ਰਿਗਿੰਦ ਸੀ।[9]

ਮਹਿਮਾ ਪ੍ਰਕਾਸ਼ ਦੀਆਂ ਤਿੰਨ ਮਿਤੀ ਰਹਿਤ ਪੋਥੀਆਂ *MS/73, R/102* ਅਤੇ *MS 842* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਹਨ। *MS/73, R/102* ਅਧੂਰੀਆਂ ਪੋਥੀਆਂ ਹਨ ਜਿਨ੍ਹਾਂ ਵਿਚ ਦੂਜੇ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਰਾਮਦਾਸ ਤੱਕ ਨਾਲ ਸੰਬੰਧਿਤ ਸਾਖੀਆਂ ਹਨ। ਖਰੜਾ ਨੰ. *MS 842* ਦੀ ਆਰੰਭਤਾ ਗੁਰਰਤਨਾਵਲੀ ਤੋਂ ਹੁੰਦੀ ਹੈ ਜੋ 1 ਤੋਂ 44 ਪੰਨੇ ਤੱਕ ਹੈ, ਫਿਰ 44 ਤੋਂ 464 ਤੱਕ ਮਹਿਮਾ ਪ੍ਰਕਾਸ਼ ਹੈ ਅਤੇ ਫਿਰ ਅੰਤ ਤੇ 464 ਤੋਂ 472 ਤੱਕ ਅਤੇ ਅੰਤ ਵਿਚ ਰਾਮ ਚੰਦ੍ਰ ਚਰਿਤ੍ਰ ਹੈ। ਇਹ ਖਰੜਾ ਮੁਕੰਮਲ ਰੂਪ ਵਿਚ ਹੈ। ਇਸ ਦੀ ਲਿਖਾਈ ਸਾਫ਼ ਹੈ ਅਤੇ ਇਹ ਖਰੜਾ ਪੋਥੀ ਰੂਪ ਵਿਚ ਹੈ। ਇਸ ਵਿਚ ਕੁੱਝ ਜਗ੍ਹਾ ਦੇ ਪਾਠ ਦਾ ਦੁਹਰਾਉ ਹੈ ਅਤੇ ਕੁੱਝ ਜਗ੍ਹਾ ਤੇ ਪਾਠ ਉੱਪਰ ਪੀਲੀ ਸਿਆਹੀ ਫੇਰੀ ਹੋਈ ਹੈ। ਇਸ ਖਰੜੇ ਦੇ ਅੰਤ ਤੇ ਸਰੂਪ ਚੰਦ ਦਾ ਨਾਮ ਆਉਂਦਾ ਹੈ।

---

[7] ਮਹਿਮਾ ਪ੍ਰਕਾਸ਼, ਪੰਨਾ 358/ਅ.

[8] ਮਹਿਮਾ ਪ੍ਰਕਾਸ਼, ਹੱਥ ਲਿਖਤ ਖ਼ਰੜਾ ਨੰਬਰ 2300, ਸਿੱਖ ਹਿਸਟਰੀ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, ਪਤਰਾ 358.

[9] ਉੱਤਮ ਸਿੰਘ ਭਾਟੀਆ (ਸੰਪਾ.), ਗੁਰੂ ਨਾਨਕ ਮਹਿਮਾ ਪ੍ਰਕਾਸ਼ ਅਰਥਾਤ ਮਹਿਮਾ ਪ੍ਰਕਾਸ਼ (ਭਾਗ ਪਹਿਲਾ), ਪੰਨੇ 13-14.

ਇਹ ਤੁਕਾਂ ਇਸ ਤਰ੍ਹਾਂ ਹਨ "ਇਤ ਸ੍ਰੀ ਰਾਮ ਚੰਦ ਚਲਿਤ੍ਰ ਸਪੂਰਨੰ॥ਸ੍ਰੀ ਅਮਰ ਸਾਹਿਬ ਕੀ ਅਉਲਾਦ ਬਾਬਾ ਸਰੂਪ ਚੰਦ ਜੀ ਨੇ ਭਾਖਾ ਸੰਛੇਪ ਕੀਆ॥"[10] ਇਹ ਪੋਥੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 1971 ਅਤੇ 1979 ਈ. ਵਿਚ ਖਰੀਦੀਆਂ ਗਈਆਂ ਸਨ।

ਸ਼ਮਸ਼ੇਰ ਸਿੰਘ ਅਸ਼ੋਕ ਦੇ ਅਨੁਸਾਰ ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਤ ਹੱਥ-ਲਿਖਤਾਂ ਦੀ ਸੂਚੀ, (ਜਿਲਦ ਦੂਜੀ) ਅਨੁਸਾਰ, ਇਸ ਦੀ ਇਕ ਮੁੰਤਖ਼ਿਬ (ਅਧੂਰੀ ਨਕਲ), ਜਿਸਦਾ ਕ੍ਰਮ ਅੰਕ 227 ਹੈ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਪਾਸ ਮੌਜੂਦ ਹੋਣ ਦਾ ਜ਼ਿਕਰ ਹੈ।[11] ਪਰ ਮੈਂ ਜਦੋਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਿਖੇ ਇਸ ਨੂੰ ਦੇਖਣ ਲਈ ਗਿਆ ਤਾਂ ਉਨ੍ਹਾਂ ਕੋਲ ਨਾ ਤਾਂ ਇਹ ਖਰੜੇ ਦੀ ਕੋਈ ਨਕਲ ਮੌਜ਼ੂਦ ਸੀ ਤੇ ਨਾ ਹੀ ਉਨ੍ਹਾਂ ਦੇ ਹੱਥ ਲਿਖ਼ਤ ਕੈਟਾਲੋਗ ਵਿਚ ਇਸਦੀ ਕੋਈ ਐਂਟਰੀ ਸੀ।

ਇਕ ਹੋਰ ਖਰੜਾ ਜਿਸਦਾ ਪਹਿਲੇ ਸੰਪਾਦਕਾਂ ਨੇ ਜ਼ਿਕਰ ਕੀਤਾ ਹੈ ਕਿ ਸ਼ਮਸ਼ੇਰ ਸਿੰਘ ਅਸ਼ੋਕ ਪਾਸ ਇਕ ਉਨ੍ਹਾਂ ਦਾ ਆਪਣਾ ਉਤਾਰਾ ਕੀਤਾ ਹੋਇਆ ਸੰਖੇਪ ਖਰੜਾ ਹੈ ਜੋ ਉਨ੍ਹਾਂ ਨੇ ਗਿਆਨੀ ਪ੍ਰਾਕਰਮ ਸਿੰਘ ਸੰਗਰੂਰ ਦੇ ਖਰੜੇ ਤੋਂ ਉਤਾਰਾ ਕੀਤਾ ਦਸਿਆ ਹੈ। ਇਹ ਵੀ ਪ੍ਰਾਪਤ ਨਹੀਂ ਹੋਇਆ।[12]

ਮਹਿਮਾ ਪ੍ਰਕਾਸ਼ ਦਾ ਇਕ ਹੋਰ ਖਰੜਾ ਡਾ. ਮਨਵਿੰਦਰ ਸਿੰਘ ਦੀ ਪੁਸਤਕ ਗੁਰਰਤਨਾਵਲੀ (ਕ੍ਰਿਤ ਬਾਬਾ ਤੋਲਾ ਸਿੰਘ ਭੱਲਾ) ਅਨੁਸਾਰ ਡਾ. ਦੇਵਿੰਦਰ ਸਿੰਘ ਵਿਦਿਆਰਥੀ (ਨਾਭਾ, ਪਟਿਆਲਾ) ਦੀ ਨਿੱਜੀ ਲਾਇਬ੍ਰੇਰੀ ਵਿਚ ਹੋਣ ਦਾ ਜ਼ਿਕਰ ਕੀਤਾ ਹੈ। ਜਿਸਦੀ ਹਾਲਤ ਕਾਫ਼ੀ ਖ਼ਸਤਾ ਹੈ,[13] ਇਸ ਨੂੰ ਦੇਖਣ ਦਾ ਸਮਾਂ ਨਹੀਂ ਮਿਲਿਆ।

ਇਸ ਦੀ ਇਕ ਪੋਥੀ ਮਿਸਲ ਸ਼ਹੀਦਾਂ ਤਰੁਣਾ ਦਲ, ਸ੍ਰੀ ਬਾਬਾ ਬਕਾਲਾ ਜੀ ਦੇ ਅਨਿਨ ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ (ਭਾਈ ਨੰਦ ਲਾਲ ਜੀ ਗੁਰਮਤਿ ਵਿਦਿਆਲਾ, ਸ੍ਰੀ ਸਰਬ ਲੋਹ ਬੁੰਗਾ, ਨੰਗਲੀ) ਕੋਲ ਵੀ ਹੈ। ਇਸ ਵਿਚ ਮਹਲੇ ਦੂਜੇ ਤੋਂ ਪੰਜਵੇਂ ਤੱਕ ਦੀਆਂ ਸਾਖੀਆਂ ਹਨ। ਇਸ ਦੀ ਪਹਿਲੀ ਸਾਖੀ ਬਾਕੀ ਖ਼ਰੜਿਆਂ ਵਿਚ ਨਹੀਂ ਹੈ। ਇਹ ਆਕਾਰ ਵਿਚ ਛੋਟੀ ਹੈ ਅਤੇ ਇਸਦੇ ਅਖ਼ੀਰਲੇ 15-20 ਪੰਨੇ ਸਹੀ ਹਾਲਤ ਵਿਚ ਨਹੀਂ ਹਨ। ਇਹ ਪੋਥੀ ਦੀ ਸਕੈਨ ਕੀਤੀ ਹੋਈ ਕਾਪੀ ਮੈਂ ਗੁਰੂ ਗ੍ਰੰਥ ਸਾਹਿਬ ਅਧਿਐਨ ਸਟੱਡੀ ਸੇਂਟਰ ਦੇ ਪ੍ਰੋ. ਅਮਰ ਸਿੰਘ ਜੀ ਕੋਲੋ ਪ੍ਰਾਪਤ ਕੀਤੀ ਹੈ।

ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਤੇ ਪਹਿਲਾਂ ਜਿਹੜੇ ਉਪਾਧੀ ਸਾਪੇਖ ਕਾਰਜ ਹੋ ਚੁੱਕੇ ਹਨ, ਉਨ੍ਹਾ ਦਾ ਵਿਸ਼ਾ ਮੂਲ ਪਾਠ ਦੇ ਸੰਪਾਦਨ ਨਾਲ ਸੰਬੰਧਿਤ ਨਹੀਂ ਹੈ। ਜਿਵੇਂ ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਜਸਬੀਰ ਸਿੰਘ ਭੱਲਾ ਨੇ ਆਪਣੇ ਪੀਐੱਚ. ਡੀ. ਦੇ ਖੋਜ-ਪ੍ਰਬੰਧ 'ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਦਾ ਸਮਾਜਿਕ ਅਤੇ ਧਾਰਮਿਕ ਅਧਿਐਨ' (1988) ਤੇ ਕੰਮ ਕੀਤਾ ਹੈ ਅਤੇ ਦੂਜਾ ਕੰਮ ਇਸੇ ਹੀ ਵਿਭਾਗ ਦੀਆਂ ਐੱਮ.ਫਿਲ. ਦੀਆਂ ਵਿਦਿਆਰਥਣਾਂ ਕਿਰਨਦੀਪ ਕੌਰ ਨੇ ਆਪਣਾ ਖੋਜ-ਨਿਬੰਧ 'ਗੁਰੂ ਨਾਨਕ ਮਹਿਮਾ ਅਰਥਾਤ ਮਹਿਮਾ ਪ੍ਰਕਾਸ਼ ਵਿਚ ਗੁਰੂ

---

[10] ਮਹਿਮਾ ਪ੍ਰਕਾਸ਼, ਹੱਥ ਲਿਖਤ ਖ਼ਰੜਾ ਨੰਬਰ *MS/842,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪਤਰਾ 472.
[11] ਉੱਤਮ ਸਿੰਘ ਭਾਟੀਆ (ਸੰਪਾ.), ਗੁਰੂ ਨਾਨਕ ਮਹਿਮਾ ਪ੍ਰਕਾਸ਼ ਅਰਥਾਤ ਮਹਿਮਾ ਪ੍ਰਕਾਸ਼ (ਭਾਗ ਪਹਿਲਾ), ਪੰਨਾ 15.
[12] ਉਹੀ, ਪੰਨੇ 14-15.
[13] ਮਨਵਿੰਦਰ ਸਿੰਘ (ਸੰਪਾ.), ਗੁਰਰਤਨਾਵਲੀ (ਕ੍ਰਿਤ ਬਾਬਾ ਤੋਲਾ ਸਿੰਘ ਭੱਲਾ), ਪੰਨੇ 43-43.

ਨਾਨਕ ਦੇਵ ਜੀ ਦੇ ਜੀਵਨ ਅਤੇ ਸ਼ਖਸੀਅਤ' ਡਾ. ਮਨਵਿੰਦਰ ਸਿੰਘ ਦੀ ਨਿਗਰਾਨੀ ਹੇਠ 2007-08 ਵਿਚ ਪੂਰਾ ਕੀਤਾ ਹੈ ਅਤੇ ਜਤਿੰਦਰ ਕੌਰ ਨੇ ਆਪਣਾ ਐੱਮ.ਫਿਲ. ਦਾ ਖੋਜ-ਨਿਬੰਧ (2007-08) 'ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਦਾ ਇੰਡੇਕਸ (ਅਨੁਕ੍ਰਮਣਿਕਾ) ਵਿਅਕਤੀਆਂ ਤੇ ਸਥਾਨਾਂ ਦੇ ਨਾਂ' ਡਾ. ਰਾਇਜਸਬੀਰ ਸਿੰਘ ਦੀ ਨਿਗਰਾਨੀ ਹੇਠ ਪੂਰਾ ਕੀਤਾ ਹੈ।

ਹੱਥਲੇ ਖੋਜ-ਕਾਰਜ ਸਰੂਪ ਦਾਸ ਭੱਲਾ ਕ੍ਰਿਤ ਮਹਿਮਾ ਪ੍ਰਕਾਸ਼ : ਸੰਪਾਦਨ ਤੇ ਇਤਿਹਾਸਿਕ ਅਧਿਐਨ ਲਈ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੀ ਲਾਇਬ੍ਰੇਰੀ ਦੇ ਵਿਚ ਸੁਰੱਖਿਅਤ ਹੱਥ ਖਰੜਾ ਨੰ. 176 *MS* ਨੂੰ ਅਧਾਰ ਬਣਾਇਆ ਗਿਆ ਹੈ ਅਤੇ ਇਸਦੇ ਪਾਠ ਭੇਦ ਲਈ ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ ਦੇ ਹੱਥ ਲਿਖਤ ਖਰੜਾ ਨੰ. *M/*792, ਸਿਖ ਹਿਸਟਰੀ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ ਦੇ ਹੱਥ ਲਿਖਤ ਖਰੜਾ ਨੰ. 2300, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੱਥ ਲਿਖਤ ਖਰੜਾ ਨੰ. *MS/*842 ਨੂੰ ਵਰਤਿਆ ਹੈ ਇਸ ਤੋਂ ਇਲਾਵਾ ਮਹਿਮਾ ਪ੍ਰਕਾਸ਼ ਦੇ ਸੰਪਾਦਿਤ ਦੂਜੇ ਸੰਸਕਰਣ ਨੂੰ ਵੀ ਪਾਠ ਮਿਲਾਣ ਲਈ ਵਰਤੋਂ ਵਿਚ ਲਿਆਂਦਾ ਗਿਆ ਹੈ। ਜ਼ਿਕਰਯੋਗ ਹੈ ਕਿ ਪੂਰਬਲੇ ਸੰਪਾਦਕਾਂ ਨੇ ਵੀ ਭਾਸ਼ਾ ਵਿਭਾਗ ਵਾਲੇ ਖਰੜੇ ਨੂੰ ਹੀ ਵਿਸ਼ੇਸ਼ ਰੂਪ ਵਿਚ ਆਧਾਰ ਬਣਾ ਕੇ ਇਸਦੀ ਦੋ ਵਾਰ ਸੰਪਾਦਨਾ ਕੀਤੀ ਹੈ ਪਰੰਤੂ ਇਨ੍ਹਾਂ ਵਿਚ ਦੂਜੇ ਖਰੜਿਆਂ ਨਾਲ ਮਿਲਾਨ ਉਪਰੰਤ ਵਿਧੀਵਤ ਢੰਗ ਨਾਲ ਪਾਠ ਸੰਪਾਦਿਤ ਨਹੀਂ ਕੀਤਾ ਗਿਆ। ਇਸ ਕਮੀ ਨੂੰ ਪੂਰਾ ਕਰਨ ਲਈ ਹੱਥਲੇ ਖੋਜ-ਕਾਰਜ ਅਧੀਨ ਭਾਸ਼ਾ ਵਿਭਾਗ ਵਾਲੇ ਖਰੜੇ ਨੂੰ ਹੀ ਆਧਾਰ ਮੰਨ ਕੇ ਇਸਦਾ ਵਿਗਿਆਨਕ ਢੰਗ ਨਾਲ ਸੰਪਾਦਨ ਕਰਨ ਦਾ ਯਤਨ ਕੀਤਾ ਗਿਆ ਹੈ। ਸੰਪਾਦਨ ਕਾਰਜ ਵਾਸਤੇ ਮੁਖ ਤੌਰ ਤੇ ਹੇਠ ਲਿਖੀ ਸੰਪਾਦਨ ਵਿਧੀ ਅਪਨਾਈ ਗਈ ਹੈ-

1. ਮੂਲ ਖਰੜੇ (176 MS*)* ਦੇ ਪਾਠ ਨੂੰ ਆਧਾਰ ਪਾਠ ਮੰਨਿਆ ਗਿਆ ਹੈ ਅਤੇ ਦੂਜੇ ਖਰੜਿਆਂ ਦੇ ਪਾਠ-ਮਿਲਾਣ ਉਪਰੰਤ ਪ੍ਰਾਪਤ ਪਾਠ-ਭੇਦਾਂ ਨੂੰ ਫੁਟ ਨੋਟਾਂ ਵਿਚ ਦਰਜ ਕੀਤਾ ਗਿਆ ਹੈ।
2. ਸੰਪਾਦਨ ਹਿਤ ਵਰਤੇ ਗਏ ਖਰੜਿਆਂ ਅਤੇ ਪ੍ਰਕਾਸ਼ਿਤ ਸੰਸਕਰਣ ਲਈ ਹੇਠ ਲਿਖੇ ਸੰਕੇਤ ਵਰਤੇ ਗਏ ਹਨ-
   - (੧) ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ ਹੱਥ ਲਿਖਤ ਖਰੜਾ ਨੰ. *M/*792 ਲਈ 'ੳ' ਸੰਕੇਤ।
   - (੨) ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ ਹੱਥ ਲਿਖਤ ਖਰੜਾ ਨੰ. 2300 ਲਈ 'ਅ' ਸੰਕੇਤ।
   - (੩) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਲਾਇਬ੍ਰੇਰੀ ਹੱਥ ਲਿਖਤ ਖਰੜਾ ਨੰ. MS/842ਲਈ 'ੲ' ਸੰਕੇਤ।
   - (੪) ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਪ੍ਰਕਾਸ਼ਿਤ ਦੂਜੇ ਸੰਸਕਰਣ ਲਈ 'ਸ' ਸੰਕੇਤ।
3. ਮੂਲ ਖਰੜੇ ਤੋਂ ਇਲਾਵਾ ਜਿਹੜੇ ਖਰੜਿਆਂ ਵਿਚ ਪਾਠ-ਭੇਦ ਬਹੁਤ ਜਿਆਦਾ ਹੈ, ਉਸ ਨੂੰ ਪਾਠ-ਅੰਤਿਕਾਵਾਂ ਦੇ ਰੂਪ ਵਿਚ ਅੰਤ ਵਿਚ ਦਿੱਤਾ ਗਿਆ ਹੈ।


4. ਮੂਲ ਖਰੜੇ ਵਿਚ ਛੁੱਟੇ ਹੋਏ ਪਾਠ ਨੂੰ ਅਤੇ ਦੂਜੇ ਖਰੜਿਆਂ ਵਿਚਲੇ ਵਾਧੂ ਪਾਠ-ਭੇਦਾਂ ਨੂੰ ਪਾਠ-ਮਿਲਾਣ ਕਰਨ ਉਪਰੰਤ ਹੇਠਾਂ ਫੁਟ-ਨੋਟਾਂ ਵਿਚ ਪੂਰਨ ਰੂਪ ਵਿਚ ਦਰਸਾ ਦਿੱਤਾ ਗਿਆ ਹੈ।
5. ਮੂਲ-ਪਾਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਦਸਮ ਗ੍ਰੰਥ ਅਤੇ ਭਾਈ ਨੰਦ ਲਾਲ ਗੋਯਾ, ਆਦਿ ਦੀਆਂ ਰਚਨਾਵਾਂ ਵਿਚੋਂ ਕਈ ਹਵਾਲਿਆਂ ਦਾ ਉੱਲੇਖ ਮਿਲਦਾ ਹੈ, ਉਨ੍ਹਾਂ ਨੂੰ ਆਧਾਰ ਖਰੜੇ ਦੇ ਅਨੁਸਾਰ ਹੀ ਰਹਿਣ ਦਿੱਤਾ ਗਿਆ ਹੈ।
6. ਪਾਠ-ਮਿਲਾਣ ਕਰਨ ਲੱਗਿਆਂ ਹਰ ਪ੍ਰਕਾਰ ਦੀਆਂ ਲਗਾਂ ਮਾਤਰਾਵਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ।
7. ਮੂਲ ਖਰੜੇ ਵਿਚਲੇ ਅੰਕ-ਵਿਧਾਨ ਨੂੰ ਜਿਉਂ ਦਾ ਤਿਉਂ ਰਹਿਣ ਦਿਤਾ ਗਿਆ ਹੈ। ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ।
8. ਮੂਲ ਖਰੜੇ ਵਿਚ ਪਤਰਿਆਂ ਦੇ ਕੇਵਲ ਅਗਲੇ ਪਾਸੇ ਅੰਕ ਦਰਜ ਹਨ, ਪਿਛਲੇ ਪਾਸੇ ਨਹੀਂ ਹਨ। ਇਸ ਲਈ ਮੂਲ ਖਰੜੇ ਦੇ ਪਤਰਿਆਂ ਨੂੰ ਪੰਨਿਆਂ ਦੇ ਰੂਪ ਵਿਚ ਦਰਸਾਉਣ ਲਈ ਪਤਰੇ ਦੇ ਅੰਕ ਨਾਲ ਟੇਢੀ ਲਕੀਰ '/ੳ' ਅਤੇ '/ਅ' ਸ਼ਬਦ ਜੋੜ ਕੇ ਦਰਸਾਇਆ ਗਿਆ ਹੈ। ਜਿਵੇਂ '1/ੳ' ਅਤੇ '1/ਅ'। ਅਧਾਰ ਖਰੜੇ ਵਿਚ ਇਕ ਜਗ੍ਹਾ ਤੇ ਪਤਰੇ ਦਾ ਅੰਕ ਨਾਂ ਹੋਣ ਕਰਕੇ ਉਸ ਪਤਰੇ ਨੂੰ ਪਿਛਲੇ ਅੰਕ ਦੇ ਨਾਲ '/ੲ' ਅਤੇ '/ਸ' ਦਰਸਾਇਆ ਗਿਆ ਹੈ।ਮੂਲ ਪਾਠ ਵਿਚ ਇਕ ਜਗ੍ਹਾ ਤੇ ਪੱਤਰਾ ਅੰਕ (423 ਤੋਂ ਬਾਅਦ 425 ਹੈ) ਛੱਡਿਆ ਹੋਇਆ ਹੈ ਉਸ ਨੂੰ ਉਸੇ ਤਰ੍ਹਾਂ ਰਹਿਣ ਦਿੱਤਾ ਗਿਆ ਹੈ।
9. ਸੰਪਾਦਿਤ ਪਾਠ ਦੇ ਖੱਬੇ ਹਾਸ਼ੀਏ ਵਿਚ ਮੂਲ ਖਰੜੇ ਦੇ ਪੰਨੇ ਦਿੱਤੇ ਗਏ ਹਨ।
10. ਆਧਾਰ ਖਰੜੇ ਵਿਚ ਦਿੱਤੇ ਹੋਏ ਸਾਖੀਆ ਦੇ ਸਿਰਲੇਖ ਬਹੁਤ ਜਿਆਦਾ ਵੱਡੇ ਅਤੇ ਢੁਕਵੇਂ ਨਾ ਹੋਣ ਕਰਕੇ ਉਨ੍ਹਾਂ ਦੀ ਜਗ੍ਹਾ ਤੇ ਪਾਠਕ ਜਾਂ ਖੋਜਾਰਥੀਆਂ ਦੀ ਸਹੂਲਤ ਲਈ ਨੂੰ ਸਿਰਲੇਖਾਂ ਨੂੰ ਛੋਟੇ ਕਰਕੇ ਚੌਰਸ ਬ੍ਰੈਕਟਾਂ [ ] ਵਿਚ ਦੇ ਦਿੱਤਾ ਗਿਆ ਹੈ ਪਰੰਤੂ ਆਧਾਰ ਖਰੜੇ ਵਾਲੇ ਮੂਲ ਸਿਰਲੇਖਾਂ ਦੇ ਮਹੱਤਵ ਨੂੰ ਧਿਆਨ ਵਿਚ ਰੱਖਦੇ ਹੋਏ ਮੂਲ ਸਿਰਲੇਖਾਂ ਦੇ ਪਾਠ ਨੂੰ ਅੰਤਿਕਾ ਦੇ ਰੂਪ ਵਿਚ ਸਾਖੀ ਕ੍ਰਮ ਅਨੁਸਾਰ ਦਰਜ ਕਰ ਦਿੱਤਾ ਗਿਆ ਹੈ।
11. ਆਧਾਰ ਮੂਲਕ ਖਰੜੇ ਵਿਚ ਪਾਠ ਨਿਰੰਤਰ ਜੁੜਵੇਂ ਅੱਖਰਾਂ ਵਿਚ ਹੈ ਜਿਸ ਕਰਕੇ ਇਸਨੂੰ ਪਦ-ਛੇਦ ਕੀਤਾ ਗਿਆ ਹੈ ਅਤੇ ਮੂਲ-ਪਾਠ ਵਿਚ ਕੋਈ ਵੀ ਵਾਧੂ ਪ੍ਰਸ਼ਨ-ਚਿੰਨ, ਕੋਮਾ ਜਾਂ ਸਮਾਸੀ-ਚਿੰਨ ਦੀ ਵਰਤੋਂ ਨਹੀਂ ਕੀਤੀ ਗਈ।
12. ਸ਼ਬਦ-ਜੋੜ ਅਤੇ ਅੰਕ-ਵਿਧਾਨ ਮੂਲ ਖਰੜੇ ਵਾਲੇ ਹੀ ਰੱਖੇ ਗਏ ਹਨ।
13. ਵਿਸ਼ਰਾਮ ਚਿੰਨ੍ਹ ਵੀ ਮੂਲ ਵਾਲੇ ਹੀ (ਦੋਹਰੀਆਂ ਲਾਈਨਾ ਵਾਲੇ) ਰੱਖੇ ਗਏ ਹਨ।
14. ਸੰਪਾਦਿਤ ਪਾਠ ਵਿਚ ਔਖੇ ਸ਼ਬਦਾਂ ਦੇ ਅਰਥ, ਨਾਵਾਂ-ਥਾਂਵਾਂ ਦੇ ਵੇਰਵਿਆਂ ਤੋਂ ਸੰਕੋਚ ਕੀਤਾ ਗਿਆ ਹੈ ਕਿਉਂਕਿ ਪੂਰਬਲੇ ਸੰਪਾਦਕਾਂ ਨੇ ਇਸ ਗ੍ਰੰਥ ਵਿਚਲੇ ਔਖੇ ਸ਼ਬਦਾਂ ਦੇ ਅਰਥ ਅਤੇ

ਨਾਵਾਂ-ਥਾਂਵਾਂ ਦੇ ਵੇਰਵੇ ਦਿੱਤੇ ਹਨ। ਇਸ ਲਈ ਦੁਹਾਰਅ ਤੋਂ ਬਚਣ ਲਈ ਇਨ੍ਹਾਂ ਨੂੰ ਹੱਥਲੇ ਖੋਜ-ਪ੍ਰਬੰਧ ਵਿਚ ਨਹੀਂ ਦਿੱਤਾ ਗਿਆ।

15. ਨਮੂਨੇ ਵਜੋਂ ਪ੍ਰਾਪਤ ਹੋਏ ਖਰੜਿਆਂ ਦੇ ਪਹਿਲੇ ਪਤਰੇ ਦੀ ਫੋਟੋ ਕਾਪੀ ਨੂੰ ਮੂਲ-ਪਾਠ ਦੇ ਆਰੰਭ ਵਿਚ ਲਗਾਇਆ ਗਿਆ ਹੈ।
16. ਪਾਠਾਂਤਰ ਦਰਸਾਉਣ ਲਈ ਹਰ ਪੰਨੇ ਦੇ ਫੁੱਟ-ਨੋਟਾਂ ਦੀ ਗਿਣਤੀ ਸੁਤੰਤਰ ਰੱਖੀ ਗਈ ਹੈ ਭਾਵ ਕਿ ਸੰਖਿਆ 1 ਤੋਂ ਸ਼ੁਰੂ ਕੀਤੇ ਗਏ ਹਨ।


ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਮਹਿਮਾ ਪ੍ਰਕਾਸ਼ ਦਾ ਵਿਗਿਆਨਕ ਅਧਿਐਨ ਹੁਣ ਤੱਕ ਉਪੇਖਿਅਤ ਰਿਹਾ ਹੈ। ਪੰਜਾਬੀ ਸਾਹਿਤ ਦੇ ਕਿਸੇ ਸਾਹਿਤਕਾਰ ਜਾਂ ਆਲੋਚਕ ਨੇ ਅਜੇ ਤਕ ਇਸ ਗ੍ਰੰਥ ਦਾ ਸੁਤੰਤਰ ਰੂਪ ਵਿਚ ਅਧਿਐਨ ਨਹੀਂ ਕੀਤਾ। ਭਾਵੇਂ ਪਹਿਲੇ ਸੰਪਾਦਕਾਂ ਦੁਆਰਾ ਮਹਿਮਾ ਪ੍ਰਕਾਸ਼ ਦੀ ਸੰਪਾਦਨਾ ਕੀਤੀ ਗਈ ਹੈ, ਪਰ ਇਸ ਵਿਚ ਕੁੱਝ ਊਣਤਾਈਆਂ ਰਹਿ ਗਈਆਂ ਹਨ। ਇਸ ਦਾ ਕਾਫ਼ੀ ਪਾਠ ਜੋ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੀ ਹੱਥ ਲਿਖਤ, ਜਿਸ ਨੂੰ ਇਸ ਪੁਸਤਕ ਦਾ ਆਧਾਰ ਬਣਾਇਆ ਗਿਆ, ਨਾਲ ਪੂਰਣ ਰੂਪ ਵਿਚ ਮੇਲਿਆ ਨਹੀਂ ਗਿਆ। ਕੁੱਝ ਪਾਠ ਛੁੱਟ ਗਿਆ ਹੈ, ਜਿਸ ਨੂੰ ਹੱਥਲੇ ਖੋਜ਼ ਕਾਰਜ ਵਿਚ ਪੂਰਾ ਕੀਤਾ ਗਿਆ ਹੈ।

ਹੱਥ-ਲਿਖਤ ਖਰੜਿਆਂ ਦੀ ਫੋਟੋ ਕਾਪੀ




ੴ ਸਤਿਗੁਰਪ੍ਰਸਾਦਿ
ਆਗੇਮਹਿਮਾਮਹਲੇਤੀਜੇਕੀਨਿਰੂਪਨਹੋਇਗੀ॥
ਸੋਰਠਾ॥ ਪ੍ਰਭਸਤਗੁਰਕਿਰਪਾਧਾਰਿਕਰਿਪ੍ਰਕਾਸਤੀ
ਜੋਜੰਗਤ॥ਲੀਲਾਰਚੀਅਪਾਰਿਅਨਿਕਰੂਪਹਰਿਭ
ਗਤਧਾਰਿ॥੧॥ਅਮਿਤਸਭਾਪਰਤਾਪਸੰਤਸਿਖਗੁ
ਰਮੁਖਿਸੁਮਤਾ॥ਪ੍ਰਗਟਕਰੀਜਗਛਾਪਸਤਿਨਾਮਕਰ
ਤਾਪੁਰਖ॥੨॥ ਅੜਿਲ॥ ਅਨਿੰਨਭਗਤਸਿੱਧਾਸ
ਨਸਤਿਗੁਰਕੋਸਜੋ॥ਵੈਰਾਗਜੋਗਤਤਗਿਆਨਰਤ
ਨਸੁੰਦਰਖਚੋ॥ਅਭੇਦਤਤਵੀਚਾਰਛਰਤਾਪਰਫੂਲੇ
॥ਹੋਸਰਬੰਦਯਾਦਇਆਲਚਮਰਸੁੰਦਰਝੂਲੇ॥੩॥
ਬਿਗਿਆਨਰੂਪਸਿਰਮੁਕਟਬਿਰਾਜੇਗੁਰਧਨੀ॥ਅਸਤ
ਕਤਿਲਕੁਬਿਸਾਲਦਿਆਲਗੁਰਉਨਮਨੀ॥ਤਹਅਨ
ਹਦਧੁਨਝੁਨਕਾਰਸਦਾਬਾਜਾਬਜੈ॥ਆਰੂੜਤਪਰਮਨਿ

ਪੰਜਾਬ ਸਟੇਟ ਆਰਕਾਈਵਜ਼ ਵਿਭਾਗ, ਪਟਿਆਲਾ ਦੀ ਲਾਇਬ੍ਰੇਰੀ ਵਿੱਚ ਪ੍ਰਾਪਤ ਹੱਥ-ਲਿਖਤ ਖਰੜਾ
M/792 ਪੱਤਰਾ ਨੰ. 1 ਦੀ ਫੋਟੋਕਾਪੀ।



੧ ੴ ਸਤਿਗੁਰਪ੍ਰਸਾਦਿ॥
ਦੋਹਰਾ॥ ਸਤਿਗੁਰਪ੍ਰਕਾਸਸਾਖੀਜਨਮਜਗੁਗਾਵ
ਤਨਿਤਨੀਤ॥ਮਹਿਮਾਪ੍ਰਕਾਸਤਿਹਨਾਮਧਰਿਲਿਖਪੋਥੀ
ਕੀਨੀਮੀਤ॥੧॥ਨਮੋਨਮੋਪਰਮਾਤਮਾਸਤਿਗੁਰਕ੍ਰਿਪਾਨਿ
ਧਾਨ॥ਅਘਵੰਡਨਭਗਤਬੰਦਨਜਗਤਮਹਾਨਾ॥੨॥
ਅਬਰਾਜਾਜਨਕਪ੍ਰਸੰਗਾਅਨਿਕਜੀਵਨਰਕਸੋਮੁਕਤਾ
ਇਸੁਰਗਪਠਾਇਬਰਬਚਨਕੀਆਪ੍ਰਥਮਚਰਨਕਲੂਹ
ਰਿਭੁਗਤਿਪਾਇਉਧਾਰਹੋਇ॥ ਸੋਰਠਾ॥ ਕੋਟਾਛਿਨ
ਦੈਜੀਵਮੁਕਤਾਏਨਰਕੋਜਨਕ॥ਬਰਬਚਨਕੁਗਤਾਤਿਹਕੀ
ਨਤਿਹਹਿਤਹਰਿਗੁਰਬਪੁਧਰੇ॥੩॥ ਅਬਨਾਨਕਪ੍ਰਕਾਸ
ਸਿਮ੍ਰਤਮਤਸੋਪ੍ਰਸੰਗਲਿਖਤੋ॥ ਅਥ...ਏਕਸਮੇ
ਸ੍ਰੀਨਾਰਦਬ੍ਰਹਮਾਪੈਗਏ॥ਸੰਤਸਭਾਸੁਭਨਿਰਖਚਿਤਰਿ
ਖਬਿਰਥਏ॥ਤਹਪ੍ਰਸੁਆਰਥਹਿਤਰਿਖੀਬ੍ਰਹਮਾਬਿਨ
ਤੀਕਰੇ॥ਪ੍ਰਭਭਰਥਖੰਡਕਲਘੋਰਜੀਵਕੈਸੇਤਰੇ॥੪॥ਸ੍ਰੀ
ਬ੍ਰਹਮਾਬਾਚ॥ ਦੋਹਰਾ॥ ॥ਸ੍ਰੀਬਿਰੰਚਰਿਖਬਿਨੇਸੁਨਦੀ
ਨਸਤਭਾਇ॥ਅਬਮਮੇਸੀਸਾਨਹੀਹਰਿਧਰੇਸੰਤਬਪੁ
ਜੋਇ॥੫ ॥ਚੌਪਈ॥ ॥ਤਿਸੀਸਮੇਤਹਅਗਨਿਰਿਖੀਸੁਹ
ਆਇਓ॥ਕਰਡੰਡਪ੍ਰਨਾਮਬ੍ਰਹਮਗੁਨਗਾਇਓ॥ਹੇਪ੍ਰਭਬ੍ਰਹਮ
ਬਿਦਿਆਮੋਹਿਦੀਜੈ॥ਹੋਇਗਿਆਨਬਿਗਿਆਨਸੁਖਸਾਂ
ਤਪਤੀਜੈ॥੬ ॥ਬ੍ਰਹਮਬਾਚ॥ ॥ਦੋਹਰਾ॥
ਤੁਮਕੋਗਿਆਨਮਸਤਕਲਿਖਅਬਜਿਜਆਸਰਮਜਾਉ॥

ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੀ ਲਾਇਬ੍ਰੇਰੀ ਵਿੱਚ ਪ੍ਰਾਪਤ ਹੱਥ-ਲਿਖਤ ਖਰੜਾ MS/176


ਪੱਤਰਾ ਨੰ. 1 ਦੀ ਫੋਟੋਕਾਪੀ।



ਸਿੱਖ ਹਿਸਟਰੀ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿੱਚ ਪ੍ਰਾਪਤ ਹੱਥ-ਲਿਖਤ ਖਰੜਾ 2300 ਪੱਤਰਾ ਨੰ. 1 ਦੀ ਫੋਟੋਕਾਪੀ।




ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿੱਚ ਪ੍ਰਾਪਤ ਹੱਥ-ਲਿਖਤ ਖਰੜਾ MS/842 ਪੱਤਰਾ ਨੰ. 1 ਦੀ ਫੋਟੋਕਾਪੀ।



੧ਓ ਸਤਿਗੁਰਪ੍ਰਸਾਦਿ॥
...ਥ ਸਾਖੀਆ ਮਹਿਲੇ ਦੂਜੇ ਕੀਆ॥ ਸੋਰਠਾ॥ ਹਰਿ
...ਲਖ ਨਿਰੰਜਨ ਦਿਆਲ ਜਗ ਧਰ ਸਰੂਪ ਧਾਰਿ ਭਗਤ ਕੋ॥
...ਲੀਲਾ ਅਮਿਤ ਬਿਸਾਲਿ ਭਗਤਿ ਪਰਗਟਿ ਕਰੀ॥੧॥
...ਪਈ॥ ਗੁਰ ਨਾਨਕ ਰੂਪ ਧਾਰਿਓ ਬਨਿਵਾਰੀ॥ ਜਗਤਿ ਭਗ
...ਨੀਵ ਧਰ ਕੀਓ ਪ੍ਰਸਾਰੀ॥ ਗੁਰ ਅੰਗਦ ਰੂਪ ਧਰ ਕੀਓ ਹੁਲਾ
...ਜਿਮ ਦੀਪਕ ਕੋ ਸੋ ਦੀਪ ਪ੍ਰਕਾਸਾ॥੨॥ ਜਗਤਾ ਠਨ ਦੋ ਰਨ ਬ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿੱਚ ਪ੍ਰਾਪਤ ਹੱਥ-ਲਿਖਤ ਖਰੜਾ R/102 ਪੱਤਰਾ ਨੰ. 1 ਦੀ ਫੋਟੋਕਾਪੀ।



ਗੁਰਵਿੰਦਰ ਸਿੰਘ ਨੰਗਲੀ (ਭਾਈ ਨੰਦ ਲਾਲ ਜੀ ਗੁਰਮਤਿ ਵਿਦਿਆਲਾ, ਸ੍ਰੀ ਸਰਬ ਲੋਹ ਬੁੰਗਾ, ਨੰਗਲੀ)
ਕੋਲੋਂ ਪ੍ਰਾਪਤ ਹੱਥ-ਲਿਖਤ ਖਰੜੇ ਦੇ ਪੱਤਰਾ ਨੰ. 1 ਦੀ ਫੋਟੋਕਾਪੀ।

[ਸਤਿਗੁਰ ਪ੍ਰਕਾਸ ਜਨਮਸਾਖੀ]

॥੧ਓੰ ਸਤਿਗੁਰ ਪ੍ਰਸਾਦਿ॥

॥ਦੋਹਰਾ॥

1/ੳ ਸਤਿਗੁਰ ਪ੍ਰਕਾਸ ਸਾਖੀ ਜਨਮ ਜਗੁ ਗਾਵਤ ਨਿਤ ਨੀਤ॥
ਮਹਿਮਾ ਪ੍ਰਕਾਸ ਤਿਹ ਨਾਮ ਧਰਿ ਲਿਖ ਪੋਥੀ ਕੀਨੀ ਮੀਤ॥੧॥
[1]ਨਮੋ ਨਮੋ ਪਰਮਾਤਮਾ ਸਤਿਗੁਰ ਕ੍ਰਿਪਾ ਨਿਧਾਨ॥
ਅਘ ਦੰਡਨ[2] ਭਗਤ ਬੰਦਨ ਜਗਤ ਮਹਾਨ॥੨॥

॥ਅਥ ਰਾਜਾ ਜਨਕ ਪ੍ਰਸੰਗ॥[3]

ਅਨਿਕ ਜੀਵ ਨਰਕ ਸੋ ਮੁਕਤਾਇ ਸੁਰਗ ਪਠਾਇ ਬਰ ਬਚਨ ਕੀਆ
ਪ੍ਰਥਮ ਚਰਨ ਕਲੂ ਹਰਿ ਭਗਤਿ ਪਾਇ ਉਧਾਰ ਹੋਇ॥

॥ਸੋਰਠਾ॥

ਕੋਟ ਛਿੰਨਵੈ ਜੀਵ ਮੁਕਤਾਏ ਨਰਕੋ ਜਨਕ॥
ਬਰ ਬਚਨ ਭਗਤ ਤਿਹ ਕੀਨ ਤਿਹ ਹਿਤ ਹਰਿ ਗੁਰ ਬਪੁਧਰੇ[4]॥੩॥

॥ਅਥ ਨਾਨਕ ਪ੍ਰਕਾਸ ਸਿੰਮ੍ਰਤ ਮਤ ਸੋ ਪ੍ਰਸੰਗ ਲਿਖਤੇ॥

॥ਅੜਲ॥[5]

ਏਕ[6] ਸਮੈ ਸ੍ਰੀ ਨਾਰਦ ਬ੍ਰਹਮਾ ਪੈ ਗਏ॥
ਸੰਤ ਸਭਾ ਸੁਭ ਨਿਰਖ ਚਿਤ ਰਿਖ ਥਿਰ ਥਏ॥
ਤਹ ਪ੍ਰਸੁਆਰਥ ਹਿਤ ਰਿਖੀ ਬ੍ਰਹਮਾ ਬਿਨਤੀ ਕਰੇ॥
ਪ੍ਰਭ ਭਰਥ ਖੰਡ ਕਲ ਘੋਰ ਜੀਵ ਕੈਸੇ ਤਰੇ॥੪॥

॥ਸ੍ਰੀ ਬ੍ਰਹਮਾ ਬਾਚ॥

॥ਦੋਹਰਾ॥

ਸ੍ਰੀ ਬਿਰੰਚ ਰਿਖ ਬਿਨੇ ਸੁਨ ਦੀ[7] ਸਤ ਭਾਇ॥
ਅਬ ਯਾ ਮੈ ਸੰਸਾ ਨਹੀ ਹਰਿ ਧਰੇ ਸੰਤ ਬਪੁ[8] ਜਾਇ॥੫॥

॥ਚੌਪਈ॥

ਤਿਸੀ ਸਮੇ ਤਹ ਅਗਨਿ ਰਿਖੀਸੁਰ ਆਇਓ[9]॥ਕਰ ਡੰਡ ਪ੍ਰਨਾਮ ਬ੍ਰਹਮ ਗੁਨ ਗਾਇਓ[10]॥
ਹੇ ਪ੍ਰਭ ਬ੍ਰਹਮ ਬਿਦਿਆ ਮੋਹਿ ਦੀਜੈ॥ਹੋਇ ਗਿਆਨ ਬਿਗਿਆਨ ਸੁਖ ਸਾਂਤ ਪਤੀਜੈ॥੬॥

॥ਬ੍ਰਹਮ ਬਾਚ॥

॥ਦੋਹਰਾ॥

ਤੁਮ ਕੋ ਗਿਆਨ ਮਸਤਕ ਲਿਖਾ ਅਬ ਨਿਜ ਆਸਰਮ ਜਾਉ[11]॥
1/ਅ /ਸਤਿਗੁਰ ਕੀ ਮਨਿ ਰੁਚਿ ਧਰੋ ਹਿਰਦੈ ਸਾਂਤ ਪੁਜਾਇ॥੭॥

॥ਅੜਲ॥

ਪੁਨਿ ਪ੍ਰਤਗਿਆ ਰਿਖ ਸੋ ਬ੍ਰਹਮਾ ਇਮ ਕਹਾ॥
ਇਕ ਸੁਰਹ ਸ੍ਰਾਪਿਓ ਇੰਦ੍ਰ ਅਸੁਰ ਤਨ ਤਿਨ ਧਰਾ॥

---

[1] ਇੱਥੇ ਸਿਰਲੇਖ '॥ਦੋਹਰਾ॥' ਹੈ (ਸ)
[2] ਅਘ ਦੰਡਨ ਮੰਡਨ (ਅ,ੲ)
[3] ਅਥ ਰਾਜਾ ਜਨਕ ਪ੍ਰਸੰਗ॥ਦੋਹਰਾ॥ (ਅ)
[4] ਬਪੁਧਾਰੇ (ਸ)
[5] ਇੱਥੇ ਸਿਰਲੇਖ '॥ਅੜਲ॥' ਨਹੀਂ ਹੈ (ਅ)
[6] ਅਰਿ ਏਕ (ਅ)
[7] ਦੀਓ (ਅ,ਸ), ਦੀਓ ਉਤਰ (ੲ)
[8] ਬੁਪੈ (ਸ)
[9] ਆਏ (ਅ)
[10] ਗਾਏ (ਅ)
[11] ਜਾਇ (ਸ)

ਤਿਹ ਮੋਚਨ ਕਹਿਓ ਸਰਾਪ ਦਰਸਨ ਗੁਰ ਪਾਵਏ॥
ਕਰ ਦਰਸਨ ਸੁਰਤ ਨ ਪਾਇ ਇੰਦ੍ਰ ਪਹਿ ਜਾਵਏ॥੮॥
ਜਬ ਪ੍ਰਤਗਿਆ ਹੋਇ ਤਬੀ ਤੁਮ ਬੂਝਨਾ[1]॥
ਪੁਨ ਆਵੈ ਤੁਮਰੇ ਪਾਸ ਅਗਮ ਤੁਮ ਸੂਝਨਾ[2]॥
ਤਬ ਸਤਿਗੁਰ ਦਰਸਨ ਪਾਇ ਗਿਆਨ ਸੁਖ ਲੀਜੀਐ॥
ਅਖੰਡ ਸਮਾਧ ਸਮਾਇ ਅਮਿਓ ਰਸ ਪੀਜੀਐ॥੯॥

॥ਦੋਹਰਾ॥

ਵੇ ਤੁਮਰੇ ਆਸ੍ਰਮ ਕੇ ਸਮੀਪ ਰਹੇ ਅਸੁਰ ਤਿਹ ਠੌਰ॥
ਸਤਿਗੁਰ ਧਿਆਨ ਮਨ ਮੋ ਧਰੋ ਚਲ ਆਵੈ ਤੁਮਰੀ ਓਰ॥੧੦॥
ਪੁਨਿ ਬ੍ਰਹਮ ਬਾਚ ਸਰਬ ਰਿਖੀ ਪ੍ਰਤ ਬੈਕੁੰਠ ਧਾਮ ਕੋ ਪ੍ਰਸੰਗ ਨਿਰੂਪਨ ਕੀਆ॥

॥ਦੋਹਰਾ॥

ਹੋਇ ਕ੍ਰਿਪਾਵੰਤ ਬ੍ਰਹਮ[3] ਕਹਿਓ ਰਿਖ ਸਭਾ ਮਾਹਿ ਪ੍ਰਸੰਗ॥
ਮਮ ਏਕ ਸਮੇ ਹਰਿ ਪੁਰ ਗਇਓ ਸੋਭਾ ਅਮਿਤ ਅਭੰਗ॥੧੧॥

॥ਚੌਪਈ॥

ਮਮ ਹਰਿ ਪੁਰ ਜਾਇ ਹਰਿ ਦਰਸਨ ਕੀਨਾ॥ਹਰਿ ਕਿਰਪਾਵੰਤ ਨਿਕਟਿ ਆਸਨ ਦੀਨਾ॥
ਕਰ ਜੋੜ ਸਿਧ ਰਿਖ ਬਿਨੇ ਕਰੰਤੇ॥ਪ੍ਰਭ ਭਰਥ ਖੰਡ ਕਲ ਘੋਰ ਵਰਤੰਤੇ॥੧੨॥

॥ਦੋਹਰਾ॥

ਭਗਤ ਹੀਨ ਸਭ ਜਗ ਭਇਆ ਬਢਿਓਪਾਧਿ ਅਧਿਕਾਰ॥
ਹੇ ਪ੍ਰਭੁ ਤੁਮਰੀ ਕਿਰਪਾ ਮ[4] ਜੀਵਨ ਹੋਇ ਉਧਾਰ॥੧੩॥

॥ਸੋਰਠਾ॥

ਬਿਗਸ ਕਹਿਓ ਪ੍ਰਭ ਦਿਆਲ ਕ੍ਰਿਪਾ ਕਟਾਛ ਕਰ ਮੋਰ ਢਿਗ॥
ਪ੍ਰਗਟਾਵੋ ਭਗਤ ਬਿਸਾਲ ਮਾਤ ਲੋਕ ਧਰ ਸੰਤ ਬਪ॥੧੪॥

॥ਮਧੁਭਾਰ ਛੰਦ॥

ਸੁਨ ਬ੍ਰਹਮ ਦੇਵ॥ਨਿਜ ਮੋਰ ਭੇਵ॥ਲੇਵੋ ਅਵਤਾਰ॥ਬਪੁ ਸੰਤ ਧਾਰ॥
2/ੳ ਜਗ ਭਗਤ ਹੀਨ॥ਪਾਪਨ ਪ੍ਰਬੀ/ਨ॥ਦੇ ਭਗਤ ਚਾਰ॥ਕਰਹੋ ਉਧਾਰ॥੧੫॥

॥ਦੋਹਰਾ॥

ਧਰੋ ਅਵਤਾਰ ਨਿਰੰਜਨੀ ਮਾਇਆ ਕੀ ਨੀ[5] ਲੇਸ॥
ਲੇ ਭਗਤ ਸਕਤ ਸੰਗ ਅਵਤਰੋ ਧਰੋ ਸੰਤ ਕੋ ਭੇਸ॥੧੬॥

॥ਦੋਹਰਾ॥

ਪ੍ਰਥਮ ਚਰਨ ਕਲਜੁਗ ਬਿਖੈ ਪੰਚ ਸਹੰ[6] ਕੇ ਅੰਤ॥
ਕੁਲ ਛਤ੍ਰੀ ਦੇਸ ਪੰਚਾਲ ਮੋ ਸਤਨਾਮ ਧਰ ਮੰਤ॥੧੭॥

ਬ੍ਰਹਮ ਨਿਰੂਪਨ ਹਰਿ ਲੋਕ ਪ੍ਰਸੰਗ ਸਮਾਪਤੰ॥ਆਗੇ ਸ੍ਰੀ ਨਾਰਦ ਜੀ ਸੰਤ ਅਵਤਾਰ ਕੇ ਦਰਸਨ ਕੋ ਪੰਚਾਲ ਦੇਸ ਚਲੇ ਮਾਰਗ ਮੋ ਭਰਥਰ ਨਾਥ ਜੀ ਮਿਲੇ ਪ੍ਰਸੰਗ ਨਿਰੂਪਨ ਹੋਇਗਾ॥

॥ਦੋਹਰਾ॥

ਚਲੇ ਦੇਸ ਪੰਚਾਲ ਮੋ ਦੇਵ ਰਿਖ ਦਰਸਨ ਸੰਤ॥
ਮਾਰਗ ਮੋ ਭਰਥਰ ਮਿਲੇ ਪੂਛਤ ਗਿਆਨ ਕੋ ਤੰਤ॥੧੮॥

॥ਅਕਰਾ ਛੰਦ॥

ਨਾਰਦ ਬਿਚਾਰ ਕੀਨਾ॥ਪੰਚਾਲ ਮੋਗੁ ਲੀਨਾ॥
ਮਨ ਦਰਸ ਨੇਮ ਜਾ ਕੇ ਅਤ ਪ੍ਰੇਮ ਹੀਏ ਧਾਰਾ॥੧੯॥

---

[1] ਬੂਝਕਾ (ਸ)
[2] ਸੂਝਾ (ਸ)
[3] ਬ੍ਰਹਮਾ (ਅ)
[4] ਕਿਰਪਾ ਬਿਨ ਕਿਮ (ਅ,ੲ), ਕਿਰਪਾ ਬਿਨ (ਸ)
[5] ਨਹੀ (ਅ,ੲ,ਸ)
[6] ਸਹੰਸਰ (ਅ,ੲ)

ਤਪ ਕਰਤ ਮਿਲੇ ਭਰਥਰ॥ ਜਿਹ ਨਾਥ ਕੀਨ ਅਸਥਿਰ॥
ਨਿਰਖੰਤ ਦੇਵ ਰਿਖ ਕੋ ਨਿਜ ਸੀਸ ਚਰਨ ਧਾਰਾ॥੨੦॥
ਹਿਤ ਬ੍ਰਹਮ ਗਿਆਨ ਅਧੀਨਾ॥ ਰਿਖ ਸੋ ਕਹਾ ਪ੍ਰਬੀਨਾ॥
ਤਪ ਜੋਗ ਧਿਆਨ ਕੀਨੇ ਨਹੀ ਸਾਂਤ ਮਨ ਬੀਚਾਰਾ॥੨੧॥
ਹੇ ਸੰਤ ਰਿਖ ਦਿਆਲੰ॥ ਦਿਹੁ ਗਿਆਨ ਮੁਹ ਬਿਸਾਲੰ॥
ਜਗ ਕਵਨ ਮੈ ਕਵਨ ਹੋ ਤੁਮ ਗਿਆਨ ਕੇ ਦਾਤਾਰਾ॥੨੨॥

॥ਦੋਹਰਾ॥

ਸ੍ਰੀ ਨਾਰਦ ਭਰਥਰ ਕਹਿਓ ਤੁਹ ਮਸਤਕ ਗਿਆਨ ਕੋ ਲੇਖ॥
ਕੋਊ ਕਾਲ ਈਹਾ ਤਪ ਕਰੋ ਤੁਹਿ ਮਿਲੇ ਗੁਰ ਸੰਤ ਅਲੇਖ॥੨੩॥

॥ਭਰਥਰ ਬਾਚ॥

॥ਦੋਹਰਾ॥

ਹੇ ਰਿਖ ਕਹਾ ਵੈ ਸੰਤ ਹੈ ਜੋ ਦੇਵੈ ਮੋ ਕੋ ਗਿਆਨ॥
ਸੀਸ ਚਰਨ ਕਰ ਮਗ ਚਲੋ ਪਾਵੋ ਪਦ ਨਿਰਬਾਨ॥੨੪॥

॥ਦੋਹਰਾ॥

2/ਅ ਤਬ ਕਹਾ ਰਿਖੀ ਹਰਿ ਬਪੁ/ਧਰਿਓ ਸੰਤ ਰੂਪ ਅਵਤਾਰ॥
ਆਇ ਹੈ ਤੁਮਰੇ ਪਾਸ ਵਹ ਸੰਸਾ ਕਰੈ ਨਿਵਾਰਿ॥੨੫॥

॥ਚੌਪਈ॥

ਭਰਥਰ ਤੋਖ ਰਿਖ ਚਲੇ ਪੰਚਾਲ॥ ਪਰਮ ਹੰਸ ਰਿਖ ਭਗਤ ਬਿਸਾਲ॥
ਨਿਕਟਾਨੇ[1] ਦਿਨ ਸੰਤ ਅਵਤਾਰ॥ ਜਿਹ ਭਾਤ ਸੁਨਾ ਤਿਵ ਕਹੋ ਬਿਚਾਰ॥੨੬॥
ਇਤ ਸ੍ਰੀ ਨਾਰਦ ਪ੍ਰਸੰਗ ਸਮਾਪਤੰ॥ ਅਥ ਪੋਥੀ ਭਾਖਾ ਕਰਨੇ[2] ਕੀ ਬਿਧਿ॥

॥ਚੌਪਈ॥

ਦਿਵਸ ਏਕ ਮਨ ਭਇਆ ਉਮਾਹਾ॥ ਗੁਰ ਮਹਿਮਾ ਲਿਖ ਲੀਜੈ ਲਾਹਾ॥
ਸਤਿਗੁਰ ਮਹਿਮਾ ਪਤਿਤ ਉਧਾਰਨ॥ ਮਹਾ ਭੈ ਸਾਗਰ ਪਾਰ ਉਤਾਰਨ॥੨੭॥
ਜਨਮ ਸਾਖੀ ਤੇ ਆਦ ਜੋ ਸਾਖੀ॥ ਗੁਰਮੁਖਿ ਸਿਖਨ ਜੋ ਮੁਖ ਭਾਖੀ॥
ਗੁਰ ਕੁਲ ਪੁਰਖਨ ਜੋ ਮੁਖ ਕਹੀ॥ ਤਾ ਮੋ ਰਤਨ ਚੁਨਿ ਹਿਰ ਗਹੀ[3]॥
ਗੁਰ ਆਗਿਆ ਪਾਇ ਤਬ ਭਾਖਾ ਕੀਨੀ॥ ਲਿਖੀ ਸੰਛੇਪ ਰਤਨ ਜੋ ਚੀਨੀ॥
ਬਹੁਤ ਜਤਨ[4] ਮੈ ਜਪ ਤਪ ਕੀਨਾ॥ ਅਰੁ ਸੰਤ ਸਰਨ ਮਨ ਰਹਿਓ ਅਧੀਨਾ॥੨੮॥
ਤਬ ਸ੍ਰੀ ਗੁਰੂ ਅਮ੍ਰਦਾਸ ਕੁਲ ਚਾਰਿ॥ ਮੋਹਰੀ ਸੁਤ ਸਨਮੁਖ ਪਰਵਾਰ॥
ਦਸੋ ਸਰੂਪ ਕੀ ਮਹਿਮਾ ਕੀਨਾ॥ ਸਰੂਪ ਚੰਦ ਗੁਰ ਚਰਨ ਅਧੀਨਾ॥੨੯॥[5]

---

[1] ਨਿਕਦਾਨੇ (ਸ)
[2] ਕਰਨੋ (ਸ)
[3] ਹਿਰਦੈ ਨਹੀ (ਅ), ਹਿਰਦੈ ਗਹੀ (ੲ), ਹਿਰਦੈ (ਸ)
[4] ਜਨਮ (ਅ)
[5] ਇਸ ਤੋਂ ਬਾਅਦ ਇਹ ਪੰਕਤੀ ਹੈ : 'ਇਤਿ ਸ੍ਰੀ ਨਾਰਦ ਅਗਮ ਪ੍ਰਸੰਗ ਸਮਾਪਤੰ' (ਅ)

॥ੴ ਸਤਿਗੁਰ ਪ੍ਰਸਾਦਿ॥

[ਸ੍ਰੀ ਸਤਿਗੁਰ ਬਾਬਾ ਨਾਨਕ ਜੀ ਦਾ ਜਨਮ]

॥ਦੋਹਰਾ॥

ਹਰਿ ਭਇਓ ਅਵਤਾਰ ਨਿਰੰਜਨੀ ਸੰਤ ਰੂਪ ਤਨ ਧਾਰ॥
ਕਾਰਨ ਤਾਰਨ ਜਗਤ ਕੋ ਕਰ ਹੈ ਭਗਤ ਪ੍ਰਚਾਰ॥੧॥

॥ਦੋਹਰਾ॥

ਧੰਨ ਦੇਸ ਧੰਨ ਨਗਰ ਸੋ ਧੰਨ ਬਚਨ ਕੁਲ ਸੋਇ॥
ਧੰਨ ਸਮਾ ਧਨ ਮਾਤ ਪਿਤ ਧਨ ਸੰਤ ਜਨਮ ਗ੍ਰਹ ਹੋਇ॥੨॥

॥ਦੋਹਰਾ॥

ਸੰਮਤ ਬਿਕ੍ਰਮ ਨ੍ਰਿਪਤ[1] ਕੋ ਪੰਦਰਹ ਸਹਸ ਪਚੀਸ॥
3/ੳ ਬੈਸਾਖ ਸੁਦੀ ਥਿ/ਤ ਤੀਜ ਕੋ[2] ਧਰਿਓ ਸੰਤ ਬਪੁ ਈਸ॥੩॥

॥ਚੌਪਈ॥

ਸ੍ਰੀ ਬਾਬਾ ਕਾਲੂ ਜੀ ਕੇ ਧਾਮੰ॥ਸ੍ਰੀ ਮਾਤਾ ਦੇਵੀ ਤਿਪਰੋ ਨਾਮੰ॥
ਬੇਦੀ ਕੁਲ ਪਾਵਨ ਸੁਭ ਚਾਰਿ॥ਅੰਮ੍ਰਿਤ ਸਮੇ ਸਤਿਗੁਰ ਅਵਤਾਰ॥੪॥

॥ਦੋਹਰਾ॥

ਜੈ ਜੈ ਕਾਰ ਜਗਤ[3] ਮੋ ਭਇਆ ਮੰਗਲ ਤ੍ਰਈ ਲੋਕ॥
ਉਦੇ ਭਇਓ ਰਵਿ ਗਿਆਨ ਕੋ ਮਿਟੈ ਤਿਮਰ ਅਗਿਆਨ ਵਿਜੋਗ॥੫॥

॥ਮਕਰਾ ਛੰਦ॥

ਮੁਨ ਜਨ ਰਿਖੀ ਸੁਆਏ॥ਮੰਗਲ ਸੁ ਚਾਰ ਗਾਏ॥
ਸਭ ਸਿਧ ਜੋਗ ਰੂਪੰ॥ਜੈ ਜੈ ਸਬਦ ਉਚਾਰਾ॥੬॥
ਨਉ ਨਾਥ ਛੈ ਜਤੀਅੰ॥ਚੋਸਠ ਜੋਗਨੀਅੰ॥
ਬਾਵਨ ਜੋ ਬੀਰ ਗਾਢੇ ਮੰਗਲ ਸਬਦੁ ਪੁਕਾਰ[4]॥੭॥
ਕਿੰਨਰ ਸੁ ਜਛ ਜੇਤੇ॥ਗੰਧ੍ਰਬ ਰਾਗ[5] ਬੇਤੇ॥
ਅਪਸਰਾ ਦੇਵ ਕੰਨਿਆ ਬਾਜੰਤ ਨਿਰਤਕਾਰਾ॥੮॥
ਭਇਆ ਧੁਨ[6] ਅਨੰਦ ਪੂਰਨ॥ਅਗਿਆਨ ਸੋਕ ਚੂਰਨ॥
ਓਅੰਕਾਰ ਧੁਨ ਕੋਲਾਹਲ ਭਇਆ ਰਾਮ ਕੋ ਅਖਾਰਾ॥੯॥

॥ਦੋਹਰਾ॥

ਸਭ ਸੰਤਨ ਦਰਸਨ ਕਰਿਓ ਸਤਿਗੁਰ ਲੀਓ ਅਵਤਾਰ॥
ਆਸਿਖ[7] ਦੀਨੀ ਸੰਤ ਮੁਨ ਆਗਮ ਕਰ ਬੀਚਾਰ॥੧੦॥

॥ਸਰਬ ਸਿਧ ਮੁਨ ਜਨ ਕੀ ਅਸੀਸ॥

॥ਦੋਹਰਾ॥

ਹੇ ਹਰਿ ਸੰਤ ਸਤਿਗੁਰ ਪੁਰਖ ਕੀਜੈ ਜਗ ਭਗਤ ਪ੍ਰਚਾਰ॥
ਦਸ ਸਰੂਪ ਦਸ ਨਾਮ ਧਰ ਕਰਹੋ ਜਗਤ ਉਧਾਰ॥੧੧॥

॥ਪ੍ਰਿਤ[8] ਪ੍ਰਸਨ॥

॥ਦੋਹਰਾ॥

---

[1] ਨਿਰਪ (ਅ)
[2] ਕੇ (ਸ)
[3] ਜਗਤ੍ਰ (ਅ)
[4] ਪੁਕਾਰਾ (ਅ,ੲ)
[5] ਰਾਗ ਕੇ (ਸ)
[6] ਧਨ (ਸ)
[7] ਆਸਕ (ਅ)
[8] ਪੜ੍ਹੀ (ਸ)

ਕਿਮ ਏਕ ਰੂਪ ਹੋਇ ਰੂਪ ਦਸ ਕਿਮ ਏਕ ਨਾਮ ਦਸ ਨਾਮ॥
ਯਾ ਮੇ ਕੋ ਪ੍ਰਭਤਾ ਨਿਮਤਿ ਭਏ ਨਿਹਕਾਮ ਸਕਾਮ॥੧੨॥
[1]ਗੁਰ ਨਾਨਕ ਨਾਮ ਇਕ ਅੰਕ ਨਿਧ ਭਗਤ ਲਗੀ ਤਿਹ ਸੁੰਨ॥
ਭਗਤ ਸੁੰਨ ਲਾਗਤ ਬਢਿਓ[2] ਨਾਮ ਰੂਪ ਦਸ ਗੁੰਨ॥੧੩॥

॥ਸੰਕਾ ਨਿਵਾਰਨ॥

॥ਦੋਹਰਾ॥[3]

ਕਰ ਆਸਖ ਗਮਨੇ ਸਰਬ ਬਡਭਾਗੀ ਸਭ ਸੰਤ॥
3/ਅ ਸਾਂਤ ਭਈ ਸਭ ਜਗਤ ਮੋ ਫੂਲੀ ਭਗਤ ਬ/ਸੰਤ॥੧੪॥

॥ਦੋਹਰਾ॥[4]

ਸਤਿਗੁਰ ਅਵਤਾਰ ਮੰਗਲ ਸੁਨੇ ਜੋ ਗੁਰਸਿਖ[5] ਮਨੁ ਹੁਲਸਾਇ॥
ਸਦਾ ਅਨੰਦ ਹਿਰਦੇ ਬਸੈ ਅਗਿਆਨ ਦੋਖ[6] ਮਿਟਿ ਜਾਇ॥੧੫॥
ਇਤ ਸ੍ਰੀ ਜਨਮ ਮੰਗਲ ਅਵਤਾਰ ਸਤਿਗੁਰ ਜੀ ਕੋ ਸਪੂਰਨੰ॥[7]

---

[1] ਇੱਥੇ ਸਿਰਲੇਖ '॥ਸੰਕਾ ਨਿਵਾਰਨ ਉਤ੍॥' ਹੈ (ਅ)
[2] ਬਢੈ (ਅ)
[3] ਇੱਥੇ ਸਿਰਲੇਖ '॥ਸੰਕਾ ਨਿਵਾਰਨ॥ਦੋਹਰਾ॥' ਨਹੀਂ ਹੈ (ਅ,ੲ)
[4] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ੲ,ਸ)
[5] ਸਿਖ (ਸ)
[6] ਦੇਖ (ਸ)
[7] ਇੱਥੇ 'ਇਤ ਸ੍ਰੀ ਜਨਮ...ਸਪੂਰਨੰ॥' ਤੋਂ ਬਾਅਦ '॥ਸ੍ਰੀ ਵਾਹਿਗੁਰੂ....ਉਧਾਰ॥' ਵਾਲੀ ਪੰਕਤੀ ਹੈ (ਅ) , ਇੱਥੇ ਦੋਵੇਂ ਪੰਕਤੀਆਂ ਨਹੀਂ ਹਨ (ੲ)

[ਸਾਖੀ ਬਾਬਾ ਜੀ ਦਾ ਨਾਮਕਰਨ ਕਰਨਾ]

॥ਦੋਹਰਾ॥

ਬਡਭਾਗੀ ਤੇ ਜਨ ਭਏ ਜਿਨ ਨਾਮ ਕਰਨ ਪ੍ਰਭ ਦੇਖਿ॥
ਪ੍ਰੋਹਤ ਕੁਲ ਜਨ ਬਿਪ੍ਰ ਸਭ ਨਿਰਖ ਮੁਖ ਪੁਰਖ ਅਲੇਖ॥੧॥

॥ਚੌਪਈ॥

ਭਏ ਇਤ੍ਰ[1] ਕੁਲੁ ਜਨ ਪਰਵਾਰ॥ਮਿਲ ਪ੍ਰੋਹਤ ਬਿਪ੍ਰ ਕੀਆ ਕੁਲ ਆਚਾਰ॥
ਜਥਾ ਜਠੇ[2] ਪੂਜਾ ਕਰੀ॥ਪੁੰਨ ਦਾਨ ਬਿਧ ਸਭ ਅਨਸਰੀ[3]॥੨॥
ਮਾਤ ਪਿਤਾ ਮਨ ਅਤਿ ਪ੍ਰਸੰਨ॥ਜੈ ਜੈ ਕਾਰ ਜਗਤ ਸੁਤ ਧੰਨ॥
ਪੁਨਿ ਪ੍ਰੋਹਤ ਨਾਮ ਬਿਚਾਰਨ ਲਾਗਾ॥ਨਾਨਕ ਨਾਮ ਅਨਭੈ ਅਨਰਾਗਾ॥੩॥
ਪਿਰਥਮੈ ਹਰਿ ਦਿਆਲ ਮੁਖ ਦੇਖਾ॥ਗਿਆਨ ਭਾਨ ਅਨੰਦ ਬਿਸੇਖਾ॥
ਕਮਲ ਨੈਨ ਅੰਮ੍ਰਿਤ ਰਸ ਭਰੇ॥ਦਰਸਨ ਦੇਖ ਪ੍ਰੋਹਤ ਨਿਸਤਰੇ॥੪॥
ਧਨ ਧਨ ਮਾਤ ਪਿਤਾ ਕੁਲ ਲੋਗਾ॥ਜਿਨ ਹਰਿ ਗੁਰ ਦਰਸਨ ਭਇਆ ਸੰਜੋਗਾ॥
ਜਿਹ ਕੁਲ ਸਤਿਗੁਰ ਲੀਨ ਅਵਤਾਰ॥ਪਿਤ੍ਰ ਜਠੇਰੇ ਭਏ ਉਧਾਰ॥੫॥

॥ਦੋਹਰਾ॥

ਅਨਭੈ ਮੁਖ ਪ੍ਰੋਹਤ ਕਹਿਓ ਜਬ ਨਾਨਕ ਨਾਮ ਉਚਾਰ॥
ਉਮਗਿਓ ਆਨੰਦ ਸਭ ਹੀਏ ਸੁਨ ਅਨਹਦ ਧੁਨ ਸੁਖ ਸਾਰ॥੬॥

॥ਦੋਹਰਾ॥

ਤਿਲਵੰਡੀ ਰਾਇ ਬੁਲਾਰ ਕੀ ਜਨਮ ਭੂਮ ਗੁਰ ਦਿਆਲ॥
ਬਡਭਾਗੀ ਜਗ ਭੂਮ ਵਹ ਸਿਰ ਨਿਆਵਤ ਭੂਪਾਲਿ॥੭॥

॥ਦੋਹਰਾ॥

ਜਹ ਨਾਨਕ ਨਾਮ ਉਚਰਿ ਹੋਇ ਸਦ ਮੰਗਲ ਤਹ ਹੋਇ॥
ਧੰਨ ਧੰਨ ਸਤਿਗੁਰ ਦਿਆਲ ਭਵ ਨਿਧ ਤਾਰਨ ਸੋਇ॥੮॥

॥ਸਾਖੀ ਪੂਰਨ ਹੋਈ॥

4/ੳ ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆ/ਲ ਕਰਿ ਲਏ[4] ਉਧਾਰ॥੨॥

---

[1] ਇਕਤ੍ਰ (ੳ,ਅ,ੲ)
[2] ਜਠੇਰੇ (ੳ,ੲ)
[3] ਅਨਸਾਰੀ (ਸ)
[4] ਲੇਈ (ਸ)

[ਸਾਖੀ ਗੋਰਖ ਨਾਥ ਨਾਲ ਗਿਆਨ-ਚਰਚਾ]

॥ਦੋਹਰਾ॥

ਦਿਨ ਖੋੜਸ ਕੇ ਬਾਬਾ ਭਏ ਬਾਲ ਮੁਕੰਦ ਦਿਆਲ॥
ਕਮਲ ਨੈਨ ਸੁੰਦਰ ਸੁਭੱਗ ਸੋਭਾ ਬਨੀ ਬਿਸਾਲ[1]॥੧॥

॥ਚੌਪਈ॥

ਢਲੀ ਦੋਪਹਰ ਭੀਤ ਪੱਰਛਾਈ॥ਲੀਏ ਦਿਆਲ ਗੋਦ ਮਾਤਾ ਤਹ ਆਈ॥
ਪ੍ਰਭ ਹੀਏ ਲਾਇ ਸੈਨ ਤਹਾ ਕੀਨਾ॥ਜਿਮ ਮਨ ਭੁਅੰਗ ਰਾਖਤ ਮਨ ਚੈਨਾ॥੨॥
ਸ੍ਰੀ ਗੋਰਖ ਨਾਥ ਆਂਗਨ ਮੋ ਆਏ॥ਆਗੇ ਅਲਖ ਮੁਖ ਸਬਦਿ ਸੁਨਾਏ॥
ਦੀਅ[2] ਉਤ੍ਰ ਦਿਆਲ ਗਿਆਨ ਰਸ ਪਾਗੇ॥ਅਲਖ ਕਬੀ ਸੋਵੇ ਨਹੀ ਜਾਗੇ॥੩॥
ਸੁਨ ਯਹ ਬਚਨ ਨਾਥ ਮਗਨਾਨੇ॥ਪੂਰਨ ਪੁਰਖ ਬਾਬਾ ਕਰਿ ਜਾਨੇ॥
ਤਬ ਤੀਨ ਬਾਰ ਕੀਆ ਨਾਥ ਪ੍ਰਦੱਖਨਾ॥ਬਲਿਹਾਰ ਜਾਉ ਕਹਾ ਸੰਤ ਬਿਛਨਾ[3]॥੪॥
ਗੁਰ ਬਾਲ ਸਰੂਪ ਦੀਆ ਉਤਰ ਸਾਰ॥ਵਾਰਿਆ ਨ ਜਾਵਾ ਏਕ ਵਾਰ॥
ਸੁਨ ਉਤ੍ਰ ਭਏ ਨਾਥ ਪ੍ਰਸੰਨ॥ਧੰਨ ਧੰਨ ਸਤਿਗੁਰ ਧੰਨ ਧੰਨ॥੫॥

॥ਦੋਹਰਾ॥

ਦੇਖ ਚਲਿਤ੍ਰ ਸਭ ਲੋਕ ਗ੍ਰਿਹ ਮਨ ਮੋ ਭਏ ਬਿਸਮਾਦ॥
ਇਹ ਜੋਗੀ ਕਛੁ ਟੋਨਾ ਕਰੈ ਦੇਖਾ ਬੇ ਮਿਰਜਾਦ॥੬॥

॥ਚੌਪਈ॥

ਤਬ ਦੇਖ ਲੋਗ ਗ੍ਰਿਹ ਭਏ ਅਧੀਨ[4]॥ਹੇ ਨਾਥ ਪ੍ਰਦਖਨ ਕਿਸੁ ਤੁਮ ਕੀਨ[5]॥
ਇਹ ਬਾਲਕ ਕੀ ਰਛਿਆ ਕੀਜੈ॥ਕਹੋ[6] ਬਿਰਤੰਤ ਤਬ ਸਾਂਤ ਪਤੀਜੈ॥੭॥
ਸੁਨ ਹਸੇ ਨਾਥ ਮੁਖ ਬਚਨ ਬਖਿਆਨਾ॥ਹੇ ਮਾਈ ਤੁਮ ਕੋ ਨਹੀ ਗਿਆਨਾ॥
ਇਹ ਸੰਤ ਅਵ੍ਤਾਰ ਪ੍ਰ ਦੂਖ ਨਿਵਾਰਨ॥ਦਿਨ ਦਿਨ ਪਰਕਾਸ ਹੋਇ ਜਗਤ ਉਧਾਰਨ॥੮॥
ਮੈ ਗੋਰਖ ਹੋ ਦਰਸਨ ਕੀਆ ਸੰਤ॥ਕਛੁ ਭੈ ਮਤ ਕਰੋ ਤੰਤ ਨਹੀ ਮੰਤ[7]॥
ਯਹ ਕਹਤ ਬਚਨ ਭਏ ਨਾਥ ਅਲੋਪ॥ਜਾ ਕੇ ਸਮਸਰ ਪ੍ਰਗਟ ਗੋਪ॥੯॥
4/ਅ ਦੇਖ ਸਭਨ ਭ/ਇਆ ਹਰਖ ਬਿਸਮਾਦ[8]॥ਨਹੀ ਜਾਨੀ ਕੋਇ ਸੰਤਨ ਮਿਰਜਾਦ[9]॥
ਤਬ ਜਗੇ[10] ਪ੍ਰਭ ਬਾਲਕ ਨਿਆਈ॥ਜਾਨੇ ਬਾਲਕ ਕੁਛ ਜਾਨਤ[11] ਨਾਹੀ॥੧੦॥

॥ਦੋਹਰਾ॥

ਸਭ ਜਗ ਮਾਇਆ ਮੋਹਿਆ ਨਹੀ ਜਾਨੇ ਮਹਿਮਾ ਸੰਤ॥
ਬਡਭਾਗੀ ਜਗ ਮੈ ਕੋਈ ਭੇਟੇ ਸੰਤ ਅਨੰਤ॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥੩॥

---

[1] ਵਿਸਾਲ (ਸ)
[2] ਦੀਆ (ੳ,ਅ,ੲ,ਸ)
[3] ਬਿਚਛਨਾ (ਅ,ੲ,ਸ)
[4] ਅਧੀਨਾ (ਅ,ੲ)
[5] ਕੀਨਾ (ਅ,ੲ)
[6] ਕਰੇ (ਸ)
[7] ਸੰਤ (ਸ)
[8] ਬਿਸਮਦਾ (ਸ)
[9] ਮਿਰਜਾਦਾ (ਸ)
[10] ਜਾਗੇ (ਅ,ੲ)
[11] ਸਮਝਤ (ਅ)

[ਸਾਖੀ ਜਨੇਊ ਬਾਰੇ]

॥ ਦੋਹਰਾ ॥

ਜਿਉ ਬਾਲ ਚੰਦ ਦਿਨ ਦਿਨ ਬਢੇ ਹੋਇ ਪ੍ਰਕਾਸ ਬਿਸੇਖ॥
ਤਿਉ ਬਾਬਾ ਜੀ ਕੇ ਰੂਪ ਕੀ ਸੋਭਾ ਅਮਿਤ ਬਿਸੇਖ[1]॥੧॥

॥ ਦੋਹਰਾ ॥

ਜੋ ਦੇਖੇ ਰੂਪ ਦਿਆਲ ਕੋ ਮਨ ਤਨ ਹੋਇ ਅਨੰਦ॥
ਭਾਵਨ ਹੈ ਸਭ ਜਗਤ ਕੋ ਰਵ ਕਮਲ ਕੁਮਦਨੀ ਚੰਦ॥੨॥

॥ ਅੜਲ ॥

ਜਬ ਸਾਤ ਬਰਖ ਕੋ ਬਾਬਾ ਨਾਨਕ ਜੀ ਭਇਓ॥
ਜਗਿਓਪਵੀਤੁ ਕੋ ਧਾਰਨ ਕਾਲੂ ਜੀ ਚਹਿਓ॥
ਹਰਿ ਦਿਆਲ ਕੁਲ ਪ੍ਰੋਹਤ ਲੀਓ ਬੁਲਾਇ ਕੈ॥
ਹੋ ਅਬ ਕਹੋ ਜਨੇਊ ਕਰਮ ਸੁਭ ਦਿਨ ਠਹਰਾਇ ਕੈ॥੩॥
ਭਏ ਇਕਤ੍ਰ ਕੁਲ ਲੋਗ ਬਿਪ੍ਰ ਸਭ ਆਇ ਕੈ॥
ਬੇਦ ਰੀਤ ਸਭ ਕਰੀ ਬਿਧਵਤ ਮਨ ਭਾਇ ਕੇ॥
ਜਗਿਓਪਵੀਤ ਪੜ ਮੰਤ੍ਰ ਦਿਆਲ ਪਹਿਰਾਇਆ॥
ਹੋ[2] ਤਬ ਹਸ ਬੋਲੇ ਕਿਰਪਾ ਨਿਧਾਨ ਇਹ ਸਬਦ ਸੁਨਾਇਆ॥੪॥

॥ ਸਲੋਕ ॥

ਦਇਆ ਕਪਾਹ ਸੰਤੋਖੁ ਸੂਤ ਜਤ ਗੰਢੀ ਸਤ ਵਟ॥
ਏਹ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥
ਨਾ ਇਹ ਤੁਟੇ ਨਾ ਮਲੁ ਲਗੇ ਨਾ ਇਹ ਜਲੈ ਨਾ ਜਾਇ॥
ਧੰਨ ਸੋ ਮਾਣਸ ਨਾਨਕਾ ਜੋ ਗਲ ਚਲੇ ਪਾਇ॥
ਤਗ ਕਪਾਹੋ ਕਤੀਏ ਬਾਮਨ ਵਟੇ ਆਇ॥
ਕੁਹ ਬਕਰਾ ਰਿਨ ਖਾਇਆ ਸਭ ਕੋ ਆਖੈ ਪਾਇ॥
5/ੳ ਹੋਇ ਪੁਰਾਨਾ ਸੁਟੀਐ ਭੀ ਫਿਰ ਪਾਈਐ/ਹੋਰ॥
ਨਾਨਕ ਤਗ ਨ ਤੁਟਈ ਜੇ ਤਗ ਹੋਵੈ ਜੋਗ[3]॥
ਨਾਉ[4] ਮੰਨੇ ਪਤਿ ਉਪਜੈ ਸਾਲਾਹੀ ਸਚੁ ਸੂਤੁ॥
ਦਰਗਹ ਅੰਦਰ ਪਾਈਐ ਤਗ ਨ ਤੁਟਸ ਪੂਤ॥
ਤਗੁ ਨ ਇੰਦ੍ਰੀ ਤਗ ਨ ਨਾਰੀ॥ ਭਲਕੇ ਥੁਕ ਪਵੇ ਨਿਤ ਦਾੜੀ॥
ਤਗੁ ਨ ਪੈਰੀ ਤਗੁ ਨ ਹਥੀ॥ ਤਗੁ ਨ ਜਿਹਵਾ ਤਗ ਨ ਅਖੀ॥
ਵੇਤਗਾ ਆਪੇ ਵਤੇ॥ ਲੇ ਧਾਗੇ ਅਵਰਾ ਘਤੇ॥
ਲੇ ਭਾੜ ਕਰੇ ਵੀਵਾਹੁ[5]॥ ਕਢ ਕਾਗਦ ਦਸੇ ਰਾਹ॥
ਵੇਖੋ ਲੋਕਾ ਏਹੁ ਵਿਡਾਣੁ॥ ਮਨ ਅੰਧਾ ਤੇ[6] ਨਾਮ ਸੁਜਾਣੁ॥੨॥

॥ ਅੜਲ ॥

ਜਬ ਅਨਭੈ ਇਹ ਅਸਲੋਕ ਗੁਰੂ ਮੁਖ ਸੋ ਕਹੇ॥
ਸੁਨ ਬ੍ਰਹਮਨ ਕੁਲ ਕੇ ਲੋਕ ਸਕਲ ਬਿਸਮੈ ਭਏ॥
ਇਹ ਬਾਲਕ ਰੂਪ ਦਿਖਾਇ ਬਾਤ ਐਸੇ ਕਹੈ॥

---

[1] ਅਲੇਖ (ਅ,ੲ,ਸ)
[2] ਇੱਥੇ ਸ਼ਬਦ 'ਹੋ' ਵਾਧੂ ਹੈ (ਅ)
[3] ਜੋਰਿ (ਅ,ੲ,ਸ)
[4] ਨਾਇ (ਸ)
[5] ਵੀਆਹੁ (ਸ)
[6] ਇੱਥੇ ਸ਼ਬਦ 'ਤੇ' ਵਾਧੂ ਹੈ (ਸ)

ਹੋ ਕਛੁ ਲਖੇ ਨਾ ਜਾਨੋ ਕੋਇ ਅਗਮ ਸਤ ਸੰਤ ਹੈ॥੫॥
ਕਰ ਬਚਨ ਬਧਾਈ ਲੋਕ ਸਕਲ ਗ੍ਰਿਹ ਕੋ ਗਏ॥
ਭਇਆ ਕਾਰਜ ਪੂਰਨ ਸਫਲ ਸਗਲ ਮੰਗਲ ਭਏ॥
ਯਹ ਚਲਿਤ ਅਨੂਪਮ ਦੇਖਿ ਸਕਲ ਚਰਚਾ ਕਰੇ॥
ਹੋ ਇਹ ਬਡੇ ਭਾਗ ਤੇ ਸੁਤ ਕਾਲੂ ਗ੍ਰਿਹ ਉਤਰੇ॥੬॥

ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਜੀ ਮੁਖ ਕਰੋ ਉਚਾਰ॥ਹੋਇ ਦਿਆਲ ਕਰਿ ਲੇਇ ਉਧਾਰ॥੪॥

[ਸਾਖੀ ਪਾਧੇ ਕੇ ਪੜਾਵਨੇ ਕੀ]

॥ਦੋਹਰਾ॥

ਬਿਦਿਆ ਨਿਧ[1] ਕੇ ਪੜਨ ਕੋ ਸੁਭ ਦਿਨ ਕਰਿ ਬਿਚਾਰਿ॥
ਪਾਧੇ ਕੇ ਗ੍ਰਿਹ ਲੇ ਗਏ ਲਿਖੀ ਪਟੀਆ ਅਖ੍ਰ ਸੁਧਾਰ॥੧॥

॥ਤੋਮਰ[2] ਛੰਦ॥

ਪਟੀਆ ਲਿਖੀ ਕਰ ਸੱਗੁਨ॥ਭਏ ਦੇਖ ਬਾਬਾ ਮੱਗਨ॥
ਸਭਹ ਬਧਾਈ ਦੀਨ॥ਕੁਲ ਰੀਤ ਸਗਲੀ ਕੀਨ॥੨॥
ਪੁਨ ਗਏ ਗ੍ਰਹ ਪ੍ਰਭ ਦਿਆਲ॥ਆਏ ਬਹੁੜ ਚਟਸਾਲ॥
ਨਹੀ ਪੜੇ ਨਹੀ ਕਿਛੁ ਲਿਖੇ॥ਬਿਦਿਆ ਨਹੀ ਕੋਊ ਸਿਖੇ॥੩॥
ਬਿਸਮਾਦ ਹੋਇ ਬਹਿ ਰਹੇ॥ਪਾਧਾ ਬਹੁਤ ਬਿਧ ਕਹੇ॥
ਪੜੀਏ ਪਹਾਰੇ ਮੀਤ॥ਜਮਾ ਖਰਚ ਕਰੀਏ ਚੀਤ॥੪॥
5/ਅ ਬੋਲੇ ਪ੍ਰਭੂ ਸੁਖ/ਰਾਸ॥ਯਹ ਗ੍ਰਸਨ ਕੀ ਹੈ ਫਾਸ॥
ਜਿਸ ਪੜੇ ਬਡੇ ਜੰਜਾਲ॥ਸਭ ਝੂਠ ਖਾਮ ਖਿਆਲ॥੫॥

॥ਦੋਹਰਾ॥

ਸੁਨ ਪਾਧਾ ਚਕ੍ਰਿਤ ਭਇਆ ਪੁਨਿ ਪੂਛਾ ਕਰਿ ਬੀਚਾਰਿ॥
ਇਹ ਸਭ ਬਿਦਆ ਬਝਨ[3] ਕੀ ਕਿਆ ਪੜੀਐ ਹੋਇ ਛੁਟਕਾਰ॥੬॥
ਤਬ ਬਾਬੇ ਨਾਨਕ ਜੀ ਪਾਧੇ ਕੋ ਉਪਦੇਸੁ[4] ਸਬਦੁ ਉਚਾਰ ਕੀਆ॥

ਸ੍ਰੀ ਰਾਗ ਮਹਲਾ ੧

ਜਾਲ ਮੋਹ ਘਸ ਮਸ ਕਰਿ ਮਤ ਕਾਗਦ ਕਰਿ ਸਾਰ॥
ਭਾਉ ਕਲਮ ਕਰਿ ਚਿਤ ਲਿਖਾਰੀ ਗੁਰ ਪੁਛ ਲਿਖ ਬੀਚਾਰਿ॥
ਨਾਮ[5] ਲਿਖ ਸਾਲਾਹ ਲਿਖ ਲਿਖ ਅੰਤ ਨਾ ਪਾਰਾਵਾਰ॥੧॥
ਪੜਿਆ ਇਹੁ ਲੇਖਾ ਲਿਖ ਜਾਣਿ॥
ਜਿਥੇ ਲੇਖਾ ਮੰਗੀਐ ਹਥ ਹੋਇ ਸਚਾ ਨਿਸਾਨ॥੧॥ਰਹਾਉ॥

॥ਤਿਸ ਕਾ[6] ਪ੍ਰਮਾਰਥ॥

ਹੇ ਪਾਧਾਂ ਜੀ ਮਹਾ ਮੋਹਿ ਕੋ ਜਲਾਇ ਮਸ ਕੀਜੀਏ॥ਬੁਧ ਰੂਪੀ ਕਾਗਦ ਭਾਵ ਕੀ ਲੇਖਨ ਅਰ ਚਿਤ ਲਿਖਾਰੀ ਸਤਿਗੁਰ ਕਾ ਬਚਨ ਹਿਰਦੇ ਦ੍ਰਿੜ ਕਰਨਾ ਅਰੁ ਸਦਾ ਬਿਚਾਰਨਾ ਏਹ ਲੇਖਾ ਲਿਖਨੇ ਸੋ ਛੂਟਨ ਹੋਤਾ ਹੈ॥ਹੇ ਪੰਡਿਤ ਜੀ ਐਸਾ ਲੇਖਾ ਬੁਧਵਾਨ ਜਾਨਤੇ ਹੈ॥ਲੋਕ[7] ਪਰਲੋਕ ਮੋ ਇਹੁ ਨਾਮ ਕਾ ਨਿਸਾਨ ਹਾਥ[8] ਹੋਇ॥

॥ਪਉੜੀ ਦੂਜੀ॥

ਆਗੇ ਮਿਲਨਿ ਵਡਿਆਈਆ ਸਦ ਖੁਸੀਆ ਸਦ ਚਾਓ॥
ਤਿਨ ਮੁਖ ਟਿਕੇ ਊਜਲੇ ਜਿਨ ਮੁਖ ਸਚਾ ਨਾਉ॥
ਕਰਮ ਹੋਵੈ ਤਾ ਪਾਈਐ ਨਹੀ ਗਲੀ ਵਾਉ ਦੁਆਉ॥

ਹੇ ਪੰਡਿਤ ਜੀ ਜੋ ਨਾਮ ਕਾ ਲੇਖਾ ਲਿਖਤੇ ਤਿਨ ਕੋ ਹਜੂਰ ਮੋ ਬਡਿਆਈ ਹੈ॥ਅਰੁ ਉਜਲ ਮੁਖ ਟਿਕਾ ਹੈ॥ਤਬ ਪੰਡਿਤ ਕਹਿਆ ਹੇ ਨਾਨਕ ਜੀ ਏਕ ਪ੍ਰਮੇਸ[9] ਕਾ ਨਾਮ ਜਪਤੇ ਹੈ ਤਿਨ ਕੋ

---

1 'ਬਿਦਿਆ ਨਿਧ' ਦੀ ਜਗ੍ਹਾ 'ਬਿਦਿਆਨ' ਹੈ (ਸ)
2 ਤੋਟਕ (ਅ)
3 ਬਾਲਕ (ਸ)
4 ਇੱਥੇ 'ਤਬ ਬਾਬੇ ਨਾਨਕ ਜੀ ਪਾਧੇ ਕੋ ਉਪਦੇਸੁ' ਪੰਕਤੀ ਨਹੀਂ ਹੈ (ੲ)
5 ਲਿਖ ਹੈ ਨਾਮ (ਸ)
6 ਇੱਥੇ ਸ਼ਬਦ 'ਤਿਸ ਕਾ' ਨਹੀਂ ਹੈ (ੲ)
7 ਇੱਥੇ 'ਹੇ ਪੰਡਿਤ ਜੀ ਐਸਾ ਲੇਖਾ ਬੁਧਵਾਨ ਜਾਨਤੇ ਹੈ॥ਲੋਕ' ਪੰਕਤੀ ਨਹੀਂ ਹੈ (ੲ)
8 ਹਾਬ (ਸ)
9 ਪ੍ਰਮੇਸਰ (ਅ,ੲ,ਸ)

ਭਿਖਿਆ ਨਹੀ ਮਿਲਤੀ॥ਅਰ[1] ਭਰ ਪੇਟ ਖਾਨੇ ਕੋ ਨਾਹੀ ਮਿਲਤਾ॥ਅਰੁ ਨਾਮ ਨਾਹੀ ਜਪਤੇ ਤਿਨ ਕੋ ਪਾਤਸਾਹੀਆ ਹੈ॥ਅਰ ਸਰੀਰ ਕੇ ਸੁਖ ਨਮਿਤ ਬੁਰਆਈਆ ਕਰਤੇ ਹੈ॥ਤਿਨ ਕਾ ਕਿਆ
6/ੳ ਹਾਲ/ਹੋਇਗਾ॥

॥ਤਬ ਬਾਬਾ ਜੀ ਤੀਜੀ ਪਉੜੀ ਕਹੀ॥

ਇਕ ਆਵਹਿ ਇਕ ਜਾਹਿ ਉਠਿ ਇਕਨਾ ਰਖਿਆ[2] ਨਾਉ ਸਲਾਰ॥
ਇਕ ਉਪਾਏ ਮੰਗਤੇ ਇਕਨਾ ਬਡੇ ਦਰਬਾਰ॥
ਅਗੇ ਗਇਆ ਸਿਞਾਣੀਐ ਬਿਨ ਨਾਵੈ ਬੇਕਾਰ॥

ਹੇ ਪੰਡਿਤ ਜੀ ਜੋ ਨਾਮ ਜਪਤੇ ਹੈ ਅਰ ਭਿਖਿਆ ਮਾਗ ਖਾਤੇ ਹੈ ਤਿਨ ਕੌ ਬਡੀ ਵਡਿਆਈ ਮਿਲਤੀ ਹੈ ਜੋ ਬੁਰਾ ਕਰਤੇ ਹੈ ਅਰ ਭੋਗ ਭੋਗਤੇ ਹੈ ਸੋ ਨਰਕ ਪਾਵਤੇ ਹੈ॥ਤਬ ਪੰਡਿਤ ਕਹਿਆ ਹੇ ਨਾਨਕ ਜੀ ਤੁਮ ਤੋ ਅਬੀ ਬਾਲਕ[3] ਹੋ ਹਰਖ ਸੋ ਗ੍ਰਿਸਤ ਕਾ ਦੇਖਾ ਨਹੀ ਐਸੀ ਭੈ ਕੀ ਬਾਤ ਕਿਉ ਕਰਤੇ ਹੋ॥

॥ਤਬ ਬਾਬੇ ਜੀ ਚੌਥੀ ਪਉੜੀ ਕਹੀ॥

ਭੈ ਤੇਰੇ ਡਰ ਅਗਲਾ ਖਪ ਖਪ ਛਿਜੈ ਦੇਹਿ॥
ਨਾਮ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥
ਨਾਨਕ ਉਠੀ ਚਲਿਆ ਸਭ ਕੂੜੇ ਅਸਨੇਹ॥੪॥

ਹੇ ਪੰਡਤ ਜੀ ਜਿਨ ਕਉ ਪਰਮੇਸਰ ਕਾ ਭਉ ਹੈ ਸੋ ਸਦਾ ਭਉ ਮੋ ਰਹਤੇ ਹੈ॥ਅਰ ਸਰੀਰ ਕੇ ਸੁਖ ਪਿਆਰੇ ਨਹੀ ਉਨ ਕੋ ਲਾਗਤੇ॥ਕਿਸੀ ਕਾ ਭੈ ਨਾਹੀ ਬਡੇ ਸੁਲਤਾਨ ਰਾਜੇ ਮਾਟੀ ਮਿਲਿ ਜਾਤੇ ਹੈ ਰਹਤਾ ਨਾਹੀ ਕੋਈ॥ਇਸ ਵਾਸਤੇ ਹਮ ਸਦਾ ਪ੍ਰਮੇਸਰ ਕੇ ਭੈ ਮੋ ਕਾਂਪਤੇ ਰਹਤੇ ਹੈ॥ਇਹ ਚਰਚਾ ਸੁਨ ਕਰ ਬ੍ਰਹਮਨ ਭੈਮਾਨ ਹੋਇ ਰਹਾ॥ਅਰ ਬਾਬੇ ਜੀ ਕੋ ਦੇਖ ਕਰਿ ਬਿਸਮਾਦ ਹੋਇ ਰਹਾ॥ਕਹਿਓ ਸੁ ਨਾਨਕ ਜੀ ਤੂੰ ਧੰਨ ਹੈ॥ਤੂ ਪਰਮ ਪੁਰਖੁ ਹੈ॥ਮੇਰੀ ਬੁਧ ਤੇਰੇ ਬਚਨਾ ਕੋ ਪਹੁਚਿ ਨਾਹੀ ਸਕਤੀ॥ਤੇਰੇ ਦਰਸਨ ਸੋ ਮੇਰਾ ਕਲਿਆਨ ਹੋਗਾ॥ਤਬ[4] ਬ੍ਰਹਮਨ ਬਾਬੇ ਕਾਲੂ ਸੋ ਕਹਿਆ ਤੇਰਾ ਪੁਤ੍ਰ ਕੋਈ ਬਡਾ ਭਗਤ ਹੈ॥ਏ ਸਭੁ ਕਿਛੁ ਪੜਾ ਹੈ ਇਸ ਕੋ ਕਿਆ ਪੜਾਵੈ॥ਬਡਾ ਬਡਭਾਗੀ ਹੈ॥

ਸਾਖੀ ਪੂਰਨ ਹੋਈ॥

ਵਾਹਿਗੁਰੂ[5] ਮੁਖ ਕਰੋ ਉਚਾਰ॥ਹੋਇ ਦਿਆਲ ਕਰਿ ਲੇਇ[6]॥੫॥

---

[1] ਇੱਥੇ ਸ਼ਬਦ 'ਅਰ' ਨਹੀਂ ਹੈ (ੲ)
[2] ਇਕਨਾ (ਸ), ਇਕ ਰਖੀਅਹਿ (ੲ)
[3] ਛੋਟੇ ਬਾਲਕ (ਅ)
[4] ਇੱਥੇ ਸ਼ਬਦ 'ਤਬ' ਨਹੀਂ ਹੈ (ੲ)
[5] ਸ੍ਰੀ ਵਾਹਿਗੁਰ (ਅ,ੲ,ਸ)
[6] ਲੇਇ ਉਧਾਰ॥ (ਅ,ੲ,ਸ)

6/ਅ **[/ਸਾਖੀ ਮੁਲਾ ਪਾਸ ਪੜਨਾ]**

॥ਦੋਹਰਾ॥

ਮੁਲਾ ਕੇ ਘਰ ਪੜਨ ਕੋ ਲੇ ਕਾਲੂ ਜੀ ਸੰਗ॥
ਮਕਤਬ ਮੈ ਬੈਠੇ ਪ੍ਰਭੂ ਸੋਭਾ ਅਮਿਤ ਅਭੰਗ॥੧॥

॥ਚੌਪਈ॥

ਗਏ ਮਕਤਬ ਮੋ ਸਤਿਗੁਰ ਦਿਆਲ॥ ਲਿਖਤ ਪੜਤ ਦੇਖੇ ਬਹੁ ਬਾਲ॥
ਅਲਫ ਬੇਇ ਮੁਲਾ ਲਿਖ ਦੀਨਾ॥ ਪੜੀਏ ਨਾਨਕ ਜੀ ਪ੍ਰਬੀਨਾ॥੨॥
ਤਬ ਬੋਲੇ ਦਿਆਲ ਇਹੁ ਬਚਨ ਉਚਾਰਾ॥ ਯਹ ਪੜਨ ਲਿਖਨ ਬੰਧਨ ਅਧਕਾਰਾ॥
ਐਸਾ ਇਲਮ ਨਹੀ ਤੁਮ ਪਾਸ॥ ਪੜੇ ਨਜਾਤ ਹੋਇ ਬੰਦ ਖਲਾਸ॥੩॥
ਅਲਫ ਬੇਇ ਤੁਮ ਹਮ ਲਿਖ ਦੀਨਾ॥ ਮਾਈਨੇ ਅਫ[1] ਨਹੀ ਤੁਮ ਚੀਨਾ॥
ਸਮਝ ਅਲਫ ਦਿਲ ਮਾਹਿ ਬਸਾਵੈ॥ ਹੋਇ ਨਜਸਤ[2] ਦੋਜਖ ਨਹੀ ਜਾਵੈ॥੪॥
ਸੁਨ ਹੋਇ ਹੈਰਾਨ ਮੀਆ ਜੀ ਪੂਛਾ॥ ਐਸੀ ਬਾਤ ਕਹਾ ਤੁਮ ਸੂਝਾ॥
ਮਾਇਨੇ ਅਲਫ ਕਹੋ ਸਮੁਝਾਈ॥ ਸਾਚੁ ਕਹੋ ਤਬ ਮਨ ਪਤੀਆਈ॥੫॥

॥ਦੋਹਰਾ॥

ਤਬ ਬਾਲਕ ਰੂਪ ਦਿਆਲ ਪ੍ਰਭ ਕੀਨ ਮੁਖ ਸਬਦ ਉਚਾਰ॥
ਅਲਫ ਇਲਾਹੀ ਏਕ ਹੈ ਜਿਨ ਕੀਨ ਸਭ ਸੰਸਾਰ॥੬॥

॥ਸਬਦ ਸ੍ਰੀ ਮੁਖ ਵਾਕ ਬਸੰਤ ਮ:੧॥

ਸੋਈ ਮੌਲਾ ਜਿਨ ਜਗੁ ਮੌਲਿਆ ਹਰਿਆ ਕੀਆ ਸੰਸਾਰੋ॥
ਆਬ ਖਾਕ ਜਿਨ ਬੰਧ ਰਚਾਈ ਬੰਧ ਰਹਾਈ[3] ਧੰਨ ਸਿਰਜਨਹਾਰੋ॥੧॥
ਮਰਨਾ ਮੁਲਾ ਮਰਨਾ ਭੀ ਕਰਤਾਰੋਹੁ ਡਰਨਾ॥੧॥ ਰਹਾਉ॥

॥ਤਿਸ ਕਾ ਬਿਆਨ॥[4]

ਹੇ ਮੀਆ ਜੀ ਏਕ ਅਲਫ ਜੋ ਅਲਾ ਹੈ ਅਪਨੀ ਕੁਦਰਤਿ ਸੋ ਬਾਦ ਖਾਕ ਆਬ ਆਤਸ ਪੈਦਾ ਕੀਆ ਤਿਸ ਸੋ ਸਭ ਆਲਮ ਪੈਦਾ ਕੀਆ ਧੰਨ ਸਾਹਿਬ ਕਰਨਹਾਰਾ ਹੈ॥ ਫੇਰ ਸਭ ਕੋ ਮਰਨਾ ਹੈ॥ ਐਸੇ ਸਾਹਿਬ ਕੇ ਸਦਾ ਭੈ ਮੋ ਰਹਾ ਚਾਹੀਐ॥

॥ਪਉੜੀ ਦੂਜੀ॥

ਤਾਂ ਤੂ ਮੁਲਾ ਤਾਂ ਤੁ ਕਾਜੀ ਜਾਨਹ ਨਾਮ ਖੁਦਾਈ॥

7/ੳ ਜੇ ਬਹੁ ਤੇਰ ਪਿੜਿ/ਆ[5] ਹੋਵੈ ਕੋ ਰਹਿਆ ਨ ਭਰੀਐ ਪਾਈ॥੨॥

॥ਤਿਸ ਕਾ ਪ੍ਰਮਾਰਥੁ॥[6]

ਸੋਈ ਮੁਲਾ ਸੋਈ ਕਾਜੀ ਹੈ ਜੋ ਖੁਦਾਇ ਕੇ ਨਾਮ ਕੋ ਜਪਤਾ ਹੈ॥ ਬਾਕੀ ਭਾਵੇ ਕੇਤੇ ਪੜਿਆ ਹੋਵੇ ਲੁਕਮਾ ਮੌਤ ਕਾ ਹੈ॥ ਕੋਈ ਰਹੈਗਾ ਨਾਹੀ॥ ਤਬ ਮੀਆ ਜੀ ਕਹਿਆ ਕਿ ਮੌਤ ਸੋ ਕੋਈ ਬਚਾ ਨਾਹੀ ਮੌਤ ਸੋ ਕਿਸ ਤ੍ਰਹ ਬਚੇ॥

॥ਤਬ ਤੀਜੀ ਪਉੜੀ ਕਹੀ॥

ਸੋਈ ਕਾਜੀ ਜਿਨ ਆਪ ਤਜਿਆ ਇਕ ਨਾਮ ਕੀਆ ਅਧਾਰੋ॥
ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਨਹਾਰੋ॥੩॥
ਪੰਜੇ ਵਖਤ ਨਿਮਾਜ ਗੁਜਾਰੇ ਪੜੇ ਕਤੇਬ ਕੁਰਾਨਾ॥
ਨਾਨਕ ਆਖੈ ਗੋਰ ਸਦੇਈ ਰਹਿਆ[7] ਪੀਨਾ ਖਾਨਾ॥੪॥

---

[1] ਅਲਫ (ਅ,ੲ,ਸ)
[2] ਨਿਜਾਤ (ਅ,ੲ,ਸ)
[3] ਇੱਥੇ ਸ਼ਬਦ 'ਬੰਧ ਰਹਾਈ' ਨਹੀਂ ਹੈ (ਅ,ੲ,ਸ)
[4] ਇੱਥੇ ਸਿਰਲੇਖ '॥ਤਿਸ ਕਾ ਬਿਆਨ॥' ਨਹੀਂ ਹੈ (ੲ)
[5] ਪੜਿਆ (ੲ,ਸ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਰਹਿਓ (ਸ)

॥ ਤਿਸ ਕਾ ਬਿਆਨ ॥[1]

ਸੋਈ ਪਾਕ ਬੰਦਾ ਹੈ ਜੋ ਖੁਦੀ ਕੋ ਛੋਡ ਕਰ ਖੁਦਾਇ ਕੀ ਮੋਹਬਤ ਮੋ ਲਗਾ ਹੈ ਵਹੀ ਖੁਦਾਇ ਸੋ ਮਿਲ ਕਾਇਮੁ ਹੋਇ ॥ ਬਾਕੀ ਕੇਤਾ ਪੜੇ ਨਿਮਾਜ ਰੋਜਾ ਕਰੇ ਬਿਨ ਮੋਹਬਤ ਰਬ ਕੇ ਏਕ ਗੋਰ ਮੋ ਹਿਸਾਬ ਕਿਰਦਾਰ ਦੇਨਾ ਅਜਾਬ ਸਹਨਾ ਹੈ ॥ ਜਬ ਮੀਆ ਜੀ ਏਹ ਜਿਕਰ ਬਾਬੇ ਜੀ ਸੋ ਸੁਨਾ ਹੈਰਤ ਕੇ ਮਕਾਨ ਮੋ ਹੋਇ ਕਰ ਬਾਬਾ ਜੀ ਸੋ ਕਹਾ ॥ ਹੇ ਨਾਨਕ ਜੀ ਤੂ ਕੋਈ ਪਾਕ ਬੰਦਾ ਖੁਦਾਇ ਕਾ ਭੇਜਾ ਆਇਆ ਹੈ ਤੇਰੀ ਨਸੀਹਤ ਸੁਨ ਕਰ ਮੇਰਾ ਭਲਾ ਹੋਗਾ ॥ ਤਬ ਬਾਬੇ ਕਾਲੂ ਕੋ ਕਹਿਆ ਤੇਰਾ ਪੁਤ੍ਰ ਪਾਕ ਬੰਦਾ ਹੈ ਇਸ ਕਉ ਕੌਨ ਪੜਾਵੈ ਇਹ ਸਭ ਕਿਛੁ ਜਾਨਤਾ ਹੈ ਤਬ ਬਾਬਾ ਘਰ ਕੋ ਆਏ ॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰਿ ਲੇਇ ਉਧਾਰ ॥

---

[1] ਇੱਥੇ ਸਿਰਲੇਖ ' ॥ ਅਰਥ ॥ ' (ਏ)

[ਸਾਖੀ ਖੇਤ ਹਰਿਆ ਕਰਨਾ]

॥ਦੋਹਰਾ॥

ਸਦਾ ਬਿਰਕਤ ਨਾਨਕ ਰਹੇ ਕਾਹੂ ਸੌ ਨਹੀ ਸੰਗ॥
ਜੌ ਬੈਠੇ ਬੈਠੇ[1] ਰਹੇ ਸੋਏ ਸੈਨ ਅਭੰਗ॥੧॥

॥ਚੌਪਈ॥

7/ਅ ਜੋ ਬੈਠੇ ਤੋ ਬੈਠੇ ਰਹੇ॥ਕਾਹੂ/ਕੀ ਕੁਛ ਸੁਨੇ ਨ ਕਹੇ॥
ਜੋ ਸੋਇ ਰਹੈ ਤੋ ਸੈਨ ਅਭੰਗ॥ਰਹੇ ਏਕ ਲਿਵ ਏਕੈ ਰੰਗ॥੨॥
ਕੋਊ[2] ਭੇਦ ਨ ਪਾਵੈ ਦਿਆਲ॥ਮਗਨ ਰਹੇ ਰੰਗ ਰਾਤੇ ਲਾਲ॥
ਕਾਲੂ ਜੀ ਸੋ ਲੋਕ ਸਭ[3] ਕਹੇ॥ਕਵਨ ਹਾਲ ਤੁਮਰੋ ਸੁਤ ਰਹੇਂ॥੩॥
ਕੁਛ ਕਰੋ ਜਤਨ ਇਨਕਾ ਮਨ ਲਾਗੈ॥ਘਰ ਕੇ ਧੰਧੇ ਮੋ ਚਿਤ ਪਾਗੈ॥
ਤਬ ਕਾਲੂ ਜੀ ਬਾਬੇ ਕੋ ਕਹੇ॥ਬਿਨ ਧੰਧੇ ਕੈਸੇ ਚਿਤ ਰਹੇ॥੪॥
ਕੁਛ ਕਾਰਜ ਘਰ ਕਾ ਭੀ ਕੀਜੈ॥ਲਗੈ ਚਿਤ ਮਨ ਸਾਤ ਪਤੀਜੈ॥
ਤਬ ਬੋਲੇ ਦਿਆਲ ਕਹੋ ਸੋ ਕਰੇਂ॥ਜਾ ਤੇ ਕਾਰਜ ਤੁਮਰਾ ਸਰੇ॥੫॥

॥ਦੋਹਰਾ॥

ਤਬ ਕਾਲੂ ਜੀ ਬਾਬੇ[4] ਕਹਾ ਬੈਠੋ ਖੇਤ ਮੋ ਜਾਇ॥
ਰਾਖੀ ਹੋਇ ਨਿਜ ਖੇਤ ਕੀ ਭੈਸਾ ਤਹਾ ਚਰਾਇ॥

॥ਤੋਮਰ ਛੰਦ॥

ਗਏ ਖੇਤ ਮਾਹ ਦਿਆਲ॥ਲੇ ਗਏ ਭੈਸਾ ਨਾਲ॥
ਰਹੇ ਬਿਰਛ ਛਾਹੀ ਬੈਸ॥ਸਨਮੁਖ ਚਰੇ ਸਭ ਭੈਸ॥੭॥
ਚਲੀ ਮੰਦ ਸੀਤਲ ਪਵਨ॥ਚਿਤ ਚਹਾ ਕਰਨੇ ਸ੍ਵਨ॥
ਕੀਆ ਸੈਨ ਚਾਦਰ ਤਾਨ॥ਗਏ ਸੋਇ ਪ੍ਰਭੂ ਸੁਜਾਨ॥੮॥
ਜਾਇ ਪਰੀ ਭੈਸਾ ਖੇਤ॥ਚਰ ਗਈ ਖੇਤ ਅਚੇਤ॥

ਭਈ ਖੇਤ ਮਾਲਕ ਸੁਧ॥ਤਿਨ ਬਡੋ[5] ਬਿਰੁਧ॥੯॥
ਧਰ ਭੈਸ ਸਗਲੀ ਲੀਨ॥ਇਹ ਭਈ ਬਾਤ ਨਵੀਨ॥
ਕਰੀ ਰਾਇ ਪਹ ਫਰਯਾਦ॥ਸੁਨੀਏ ਹਮਾਰੀ ਦਾਦ॥੧੦॥

॥ਦੋਹਰਾ॥

ਕਾਲੂ ਕੇ ਸੁਤ ਖੇਤ ਮਮ ਦੀਨਾ ਭੈਸ ਚਰਾਇ॥
ਨਿਆਉ ਹਮਾਰਾ ਕੀਜੀਏ ਪੂਛੋ ਤਿਸੇ ਬੁਲਾਇ॥੧੧॥

॥ਦੋਹਰਾ॥ [6]

ਰਾਇ ਪਿਆਦਾ ਭੇਜ ਕੈ ਨਾਨਕ ਜੀ ਲੀਓ ਬੁਲਾਇ॥
ਛੋਡ ਭੈਸ ਪਰ ਖੇਤ ਮੋ ਕਿਉ ਤੁਮ ਦੀਨ ਚਰਾਇ॥੧੨॥

॥ਅੜਲ॥

ਤਬ ਕਹਾ ਰਾਏ ਸੋ ਬਾਬੇ ਖੇਤ ਨਹੀ ਖਾਇਆ॥
ਨਹੀ ਪਰੀ ਖੇਤ ਮੋ ਭੈਸ ਨ ਕਤੁ ਚਰਾਇਆ॥
8/ੳ ਇਹ ਝਠੀ ਕਰੇ ਪੁਕਾਰਿ/ਖੇਤ ਕੋ ਦੇਖੀਏ॥
ਜੌ ਹੋਵੈ ਖੇਤ ਉਜਾੜ ਗੁਨਹ ਹਮ ਲੇਖੀਏ॥੧੩॥

---

[1] ਬੈਠੋ ਬੈਠੋ, (ਸ)
[2] ਕੋਈ (ਅ)
[3] ਇੱਥੇ ਸ਼ਬਦ 'ਸਭ' ਨਹੀਂ ਹੈ (ਸ)
[4] ਬਾਬੇ ਕੋ (ਅ)
[5] ਤਿਨ ਕੀਨ ਬਡੋ (ਅ,ੲ)
[6] ਇੱਥੇ ਸਿਰਲੇਖ '॥ਦੋਹਰਾ॥' ਹੈ (ੲ)

ਤਬ ਭੇਜੇ ਮੁਨਸਿਫ ਰਾਇ ਖੇਤ ਕੋ ਦੇਖਨੇ॥
ਸਾਬਤ ਦੇਖਾ ਖੇਤ ਚਲਤ੍ਰ[1] ਕਰ ਪੇਖਨੇ॥
ਯਹ ਸੁਨੀ ਬਾਤ ਜਬ ਰਾਇ ਅਚਰਜ ਕਰ ਜਾਨਿਆ॥
ਤਬ ਬਾਬੇ ਢਿਗ ਤਿਨ ਦੇਖ ਸਾਧ ਕਰਿ ਮਾਨਿਆ॥੧੪॥
ਸਭ ਲੋਕ ਕਹੈ ਇਹ ਬਡਾ ਕੋਈ ਅਵਤਾਰ ਹੈ॥
ਮਸਤਕ ਜਗ ਮਗ ਜੋਤ ਕੁਲ ਕੋ ਨਿਸਤਾਰ ਹੈ॥
ਜੋ ਆਗੇ ਭਏ ਚਲਿਤ੍ਰ ਕਿਨੂ ਨਹਿ ਬੂਝਿਆ॥
ਅਬ ਦੇਖ ਅਚਰਜ ਬਡਾ ਸੰਤ ਮਨ ਸੂਝਿਆ॥੧੫॥
ਪੁਨਿ ਕਾਲੂ ਸੋ ਕਹਾ ਰਾਇ ਪੁਤ੍ਰ ਤੁਹਿ ਪੀਰ ਹੈ॥
ਦਿਨ ਦਿਨ ਪ੍ਰਗਟੇ ਕਲਾ ਇਹ ਵਲੀ ਫਕੀਰ ਹੈ॥
ਸਭ ਕੋ ਬਾਲ[2] ਦੇਖਿ ਅਦਬ ਨਹੀ ਰਖਿਆ[3]॥
ਅਬ ਸਭ ਕੋ ਕਰੇ ਸਲਾਮ ਰਾਇ ਇਮ ਭਾਖਿਆ॥੧੬॥

॥ਦੋਹਰਾ॥

ਇਹ ਅਚਰਜ ਚਲਿਤ੍ਰ ਦਿਆਲ ਕੇ ਲਖੇ ਨ ਕੋਊ ਭੇਦ॥
ਸੰਤਨ ਮਹਿਮਾ ਅਤ ਅਮਿਤ ਹੈ ਭੇਦ ਨ ਪਾਵੈ ਬੇਦ॥੧੭॥

॥ਸਾਖੀ ਪੂਰਨ ਹੋਈ॥[4]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

---

[1] ਚਲਿਤ (ੲ,ਸ)
[2] ਬਾਲਕ (ਸ)
[3] ਰਾਖਿਆ (ੲ)
[4] ਇੱਥੇ ‘॥ਸਾਖੀ ਪੂਰਨ ਹੋਈ॥’ ਵਾਲੀ ਪੰਕਤੀ ਨਹੀਂ ਹੈ (ਅ,ੲ)

[ਸਾਖੀ ਦਰਖਤ ਦੀ ਛਾਂ ਦਾ ਨਾ ਫਿਰਨਾ]

॥ਦੋਹਰਾ॥

ਗੁਰ ਨਾਨਕ ਪਰਮ ਅਨੰਦ ਰੂਪ ਸੁਤਹ ਸਿਧ ਪਰਕਾਸ॥
ਜਗਤ ਉਧਾਰਨ ਕੇ ਨਮਿਤ ਕਰੈ ਚਲਿਤ੍ਰ ਬਿਲਾਸ॥੧॥

॥ਤ੍ਰਿਭੰਗੀ ਛੰਦ॥

ਗੁਰ ਬਾਲ ਸਰੂਪੰ ਅਨਭੈ ਰੂਪੰ ਚਲਤ ਅਨੂੰਪੰ ਜਗ ਤਾਰਨ॥
ਸਭ ਕੁਦਰਤਿ ਦੇਖੈ ਮਾਨੁਖ ਲੇਖੇ ਸੁਨ[1] ਬਚਨ ਬਸੇਖੇ ਭ੍ਰਮ ਟਾਰਨਿ॥
ਜਿਨ ਦਰਸਨ ਕੀਨਾ ਸਭ ਫਲ ਲੀਨਾ ਭਇਆ ਪ੍ਰਬੀਨਾ ਸੁਖ ਸਾਰਨ॥
8/ਅ ਧਨ ਧਨ ਗੁਰਦਾਤਾ ਪੁਰਖ ਬਿਧਾਤਾ ਅਨਭੈ ਰਾਤਾ/ਦੁਖ ਹਾਰਾ[2]॥੨॥

॥ਦੋਹਰਾ॥

ਨਿਜ ਗ੍ਰਿਹ ਮਹਖੀ ਸੰਗ ਲੇ ਚਲੇ ਚਰਾਵਨ ਦਿਆਲ॥
ਆਨੰਦ ਸੋ ਮਹਖੀ ਚਰੇ ਪ੍ਰਭ ਬੈਠੇ ਛਾਹੀ ਤਰੇ ਮਾਲ॥੩॥

॥ਤ੍ਰਿਭੰਗੀ ਛੰਦ॥

ਏਕ ਦਿਵਸ ਦਿਆਲੰ ਸੋਭ ਬਿਸਾਲੰ ਆਏ ਢਿਗ ਮਾਲੰ ਤਰ ਛਾਇਆ॥
ਤਹਾ ਸੈਨ ਸੁਖਾਨਾ ਚਾਦਰ ਤਾਨਾ ਪੂਰਨ ਗਿਆਨਾ ਕਰ ਮਾਇਆ॥
ਤ੍ਰਿਜਾਮ ਬੀਤਾਏ ਢਲ ਗਈ ਤਹ[3] ਛਾਏ ਸੁਖ ਪਾਇਆ॥
ਜਹ ਸੈਨ[4] ਗੁਰ ਸਾਈ ਟਰੀ ਨ ਛਾਈ ਬਲਿ ਬਲਿ ਜਾਈ ਪ੍ਰਭ ਦਾਇਆ॥੪॥
ਤਬ ਰਾਇ ਬੁਲਾਰੰ ਭਇਆ ਸਵਾਰੰ ਗਏ ਸਿਕਾਰੰ ਫਿਰ ਆਏ॥
ਤਿਹ ਮਾਰਗੁ ਆਇਆ ਚਲਤ ਦਿਖਾਇਆ ਟਰੀ ਨ ਛਾਇਆ ਮਨ ਭਾਏ॥
ਇਹ ਸੋਇਆ ਕਵਨੇ ਕਦਰਤ ਤਵਨੇ ਨੇੜੇ ਗਵਨੇ ਜਾਗਾਏ॥
ਨਾਨਕ ਜੀ ਜਾਂਨਾ ਵਲੀ ਪਛਾਨਾ ਅਤ ਮਨ ਮਾਨਾ ਗੁਨ ਗਾਏ॥੫॥
ਭਇਆ ਰਾਇ ਸਭਾਗਾ ਕਦਮਨ ਲਾਗਾ ਅਤ ਅਨਰਾਗਾ ਮਨ ਮਾਨਾ॥
ਕੁਦਰਤ ਜਬ ਦੇਖਾ ਮਨ ਮੋ ਲੇਖਾ ਵਲੀ ਬਸੇਖਾ ਕਰ ਜਾਨਾ॥
ਇਹ ਵਲੀ ਵਿਲਾਇਤ ਅਤ ਸੁਖਦਾਇਕ ਸਭੁ ਗੁਨ ਲਾਇਕ ਅਨੁਮਾਨਾ॥
ਪੁਨ ਘਰ ਕੋ ਆਏ ਅਤ ਸੁਖ ਪਾਏ ਲੋਕ ਸਬਾਏ ਪਹਚਾਨਾ॥੬॥

॥ਦੋਹਰਾ॥

ਕਹਾ ਸੁਨਾਇ[5] ਸਭ ਲੋਕ ਕੋ ਦੇਖੋ ਨਾਨਕ ਕੇ ਕਾਮ॥
ਭਇਆ ਪੈਦਾ ਵਲੀ ਖੁਦਾਇ ਕਾ ਸਭ ਕੋ ਕਰੋ ਸਲਾਮੁ॥੭॥

॥ਸਾਖੀ ਪੂਰਨ ਹੋਈ॥੮॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

---

[1] ਇੱਥੇ ਸ਼ਬਦ 'ਸੁਨ' ਨਹੀਂ ਹੈ (ਸ)
[2] ਹਾਰਨ (ਅ)
[3] ਤਰੂ (ਸ)
[4] ਸੌਨ (ਸ)
[5] ਕਹਾ ਰਾਇ (ੲ)

9/ੳ **[/ਸਾਖੀ ਬਾਬਾ ਨਾਨਕ ਜੀ ਦਾ ਵਿਵਾਹ]**

॥ਦੋਹਰਾ॥

ਉਦਾਸੀਨ ਬਾਬਾ ਰਹੇ ਲਗੇ ਨ ਕਾਹੂ ਚਿਤ॥
ਸਭ ਕੋ ਕਾਲੂ ਸੋ ਕਹੇ ਕੁਛ ਜਤਨ ਕਰੋ ਤੁਮ ਮਿਤ॥੧॥

॥ਦੋਹਰਾ॥

ਪੁਤ੍ਰ ਸਮਾਨ ਕੁਛ ਨਾਹ ਜਗ ਜੋ ਧਨ ਲਗੇ ਲਗਾਉ॥
ਮੋਹ ਬਢੇ ਤਬ ਚਿਤ ਲਗੇ ਸੁਤ ਕਾ ਕੀਜੈ ਬਿਆਹ॥੨॥

॥ਚੌਪਈ॥

ਬਾਬੇ ਕਾਲੂ ਪ੍ਰੋਹਤ ਕੋ ਕਹਾ॥ਤੁਮ ਜਾਹੁ ਕੁਟੰਬ ਕੰਨਿਆ ਹੋ ਜਹਾ॥
ਨਾਨਕ ਜੀ ਕੀ ਹੋਇ ਸਕਾਈ॥ਤਬ ਕਰੇ ਬਿਆਹ ਕਹੇ ਸਭ ਭਾਈ॥੩॥
ਤਬ ਪ੍ਰੋਹਤ ਜਾਇ ਤਲਾਇਸ ਕਰੀ॥ਮੂਲੇ ਚੋਨੇ ਸੋ ਬਿਧਿ ਮਿਲੀ[1]॥
ਤਿਸ ਗ੍ਰਿਹ ਕੰਨਿਆ ਅਤ ਬਡਭਾਗੀ॥ਭਗਤੀ ਅਵਤਾਰ ਤਿਸ ਜਨਮ ਸਭਾਗੀ॥੪॥
ਮੂਲੇ ਚੋਨੇ ਮਨ ਨਾਨਕ ਭਾਏ॥ਨਿਜ ਪ੍ਰੋਹਤ ਸੰਗ ਦੀਆ ਪਰਾਏ[2]॥
ਜਾਇ ਸਗੁਨ ਛੋਹਰਾ ਦੀਨਾ॥ਕੁੜਮਾਈ ਨਾਨਕ ਸੋ ਕੀਨਾ॥੫॥
ਭਇਆ ਅਨੰਦ ਕੁਲ ਮੋ ਉਤਸਾਹ॥ਤਤਕਾਲ ਪੁਨ ਦੀਆ ਬਿਆਹ॥
ਤਬ ਕਾਲੂ ਜੀ ਕਰੀ ਤਿਆਰੀ॥ਮੰਗਲ ਮੂਲ ਸਭ ਜੁਗਤਿ ਸਵਾਰੀ॥੬॥

॥ਦੋਹਰਾ॥

ਬਾਬੇ ਜੀ ਕੇ ਬਿਆਹ ਕੀ ਸੁਭ ਭਈ ਬਰਾਤ ਤਿਆਰ॥
ਕੁਲ ਪ੍ਰੋਹਤ ਕੁਲ ਭ੍ਰਾਤ ਸਭ ਸਖਾ ਮੀਤ ਸੁਖ ਸਾਰ॥੭॥

॥ਮਕਰਾ ਛੰਦ॥

ਕਰ ਰੀਤ ਦਾਨ ਦੀਨਾ॥ਪੁਨਿ ਦਿਆਲ ਮਜਨ ਕੀਨਾ॥
ਸਿਰ ਪਾਗ ਬਸਤ੍ਰ ਧਾਰਾ॥ਭੂਖਨ ਸਭ ਪਹਿਰਾਇਆ॥੮॥
ਕਰਤਾਰ ਮੁਕਟ ਧਾਰਾ॥ਤਿਲਕ ਉਨਮਨੀ ਸੁਧਾਰਾ॥
ਜਸ ਰਾਮ ਕੁੰਕਮ ਘਸਿ ਰਾਮ ਰੰਗਿ ਬਨਾਇ[3]॥੯॥
ਛਿਟਕਾ ਸਰਬ ਬਸਤ੍ਰ॥ਕਰ ਗਿਆਨ ਖੜ ਸਸਤ੍ਰ॥
ਸੇਹਰਾ ਸਹਸ੍ਰ ਨਾਮੰ ਪ੍ਰਭ ਮੁਕਟ ਸੋਲ ਗਾਇਆ॥੧੦॥
ਗੁਰ ਬ੍ਰਹਮ ਆਨੰਦ ਰਾਜੈ॥ਸੁੰਦਰ ਰੂਪ ਛਾਜੈ॥
ਮੁਖ ਕਮਲ ਕਮਲ ਨੈਨੰ ਬਲਹਾਰ ਦਰਸ ਪਾਇਆ॥੧੧॥

॥ਦੋਹਰਾ॥

9/ਅ ਤਬ ਮਾਤਾ ਜੀ ਦੇਖ ਮੁਖ ਕਹਾ ਬਲ/ਬਲ ਸਦ ਬਲਿਹਾਰ॥
ਅਥ[4] ਵੈ ਦਿਨ ਕੀ ਆਸਾ ਧਰੋ ਪਾਨੀ ਪੀਵੋ ਵਾਰ॥
ਅਨਭੈ ਰੂਪ ਦਿਆਲ ਕੋ ਹਰਿ ਰੰਗਿ ਸਜੇ ਸਿੰਗਾਰ॥
ਮਸਤਕ ਜੋਤ ਜਗਮਗ ਕਲਾ ਸਰੂਪ ਦਾਸ ਬਲਿਹਾਰ॥੧੩॥

॥ਤ੍ਰਿਭੰਗੀ ਛੰਦ॥

ਪ੍ਰਭ ਭਏ ਸਵਾਰੰ ਸਜੇ ਸਿੰਗਾਰੰ ਬ੍ਰਾਤ ਸਧਾਰੰ ਮਗ ਲੀਨਾ॥
ਬਜੇ ਸੁ ਬਾਜੇ ਅਨਹਦ ਗਾਜੇ ਅਤ ਛਬ ਛਾਜੇ ਪਰਬੀਨਾ॥
ਕਾਲੂ ਮੁਖ ਦੇਖੇ ਭਾਗ ਬਿਸੇਖੇ ਅਤ ਸੁਖ ਲੇਖੇ ਸੁਭ ਚੀਨਾ॥
ਜੈ ਜੈ ਜਗ ਬੰਦਨ ਜਨ ਉਰ ਚੰਦਨ ਪਾਪ ਨਿਕੰਦਨ ਜਸ ਦੀਨਾ॥੧੪॥

॥ਦੋਹਰਾ॥

ਨਗਰ ਬਟਾਲੇ ਮੋ ਗਏ ਸੁਭ ਬਰਾਤ ਸੁਭ ਰੋਜ॥
ਬਡਭਾਗੀ ਮੂਲਾ ਭਇਆ ਮੁਖ ਦਰਸਨ ਨੈਨ ਸਰੋਜ॥੧੫॥

---

[1] ਬਿਧਿ ਬਨੀ (ੲ)
[2] ਦੀਆ ਪਠਾਏ (ਅ,ੲ,ਸ)
[3] ਬਨਾਇਆ (ਅ,ੲ,ਸ)
[4] ਅਬ (ਅ,ਸ)

[1]ਬਿਵਹਾਰ ਰੀਤ ਕੁਲ ਸਭ ਭਈ ਨਿਸ ਕੋ ਚੜੀ ਬਰਾਤ॥
ਬਜੇ ਬਜੰਤ੍ਰ ਧੁਨ ਅਨੰਦ ਕੁਲ ਭ੍ਰਾ[2] ਹੰਸਨ ਕੀ ਪਾਤ॥੧੬॥

॥ਤੋਮਰ ਛੰਦ॥

ਸਮਧੀ ਦੁਆਰੇ ਗਏ॥ਸਭ ਸਗਨ ਸਗਲੇ ਭਏ॥
ਮੁਖ ਦੇਖ ਸਤਿਗੁਰ ਦਿਆਲ॥ਭਏ ਸਾਸੁ ਸਸੁਰ ਨਿਹਾਲ॥੧੭॥
ਬੇਦੀ ਰਚੀ ਸੁਭ ਤਾਹ॥[3] ਧੁਨ[4] ਬੇਦ ਸੋ ਭਉ[5] ਬਿਆਹ॥
ਪੁਨ ਦਾਨ ਕੰਨਿਆ ਕੀਨ॥ਸੀਆ ਜਨਕ ਰਘਪਤਿ ਦੀਨ॥੧੮॥
ਦੁਲਹਾ ਦੁਲਹਨ ਅਨੂਪ॥ਸੰਗ ਕ੍ਰਿਸਨ ਰੁਕਮਨ ਰੂਪ॥
ਸੋਭਾ ਕਵਨ ਮੁਖ ਗਾਉ॥ਬਲਿਹਾਰ ਬਲ ਬਲ ਜਾਉ॥੧੯॥

॥ਦੋਹਰਾ॥

ਖਾਨ ਪਾਨ ਕਰ ਪ੍ਰੇਮ ਜੁਤ ਦੀਨ ਦਹੇਜ ਸੁਧਾਰ॥
ਲੇ ਦਲਹਨ[6] ਬਿਦਆ ਭਏ ਗੁਰ ਬਾਲ ਰੂਪ ਕਰਤਾਰ॥੨੦॥

॥ਚੌਪਈ॥

ਬਾਂਜਤ ਬਜੰਤ੍ਰ ਗ੍ਰਿਹ ਕੋ ਚਲਿ ਆਏ॥ਦੇਖਾ ਮਾਤਾ ਜੀ ਅਤ ਸੁਖ ਪਾਏ॥
10/ੳ ਕੀਏ ਸਗੁਨ ਸੁਭ ਭੀਤਰ ਦੁਆਰ॥ਪੀਆ ਮਾਤਾ/ਸੀਸ ਜਲ ਵਾਰ॥੨੧॥
ਅੰਤ੍ਰ ਗ੍ਰਿਹ ਗਏ ਭਏ ਆਨੰਦ॥ਸੋਭਤ ਆਗਨ ਦੁਲਹਨ ਕੰਤ॥
ਭਇਆ ਕਾਲੂ ਘਰ ਆਨੰਦ ਧਾਮ॥ਜਿਮ ਦਸਰਥ ਗ੍ਰਿਹ ਸੋਭਤ ਸੀਅ ਰਾਮ॥੨੨॥

॥ਦੋਹਰਾ॥

ਗੁਰੂ ਬਾਬੇ ਜੀ ਕੇ ਬਿਆਹ ਕੀ ਸੋਭਾ ਅਤ ਸੁਖ ਸਾਰ॥
ਜਗ ਤਾਰਨ ਕਾਰਨ ਰਚਿਓ ਸੰਤ ਰੂਪ ਕਰਤਾਰ॥੨੩॥

॥ਸਾਖੀ ਪੂਰਨ ਹੋਈ॥੯॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

---

1 ਇੱਥੇ ਸਿਰਲੇਖ '॥ਦੋਹਰਾ॥' ਹੈ (ੲ)
2 ਭ੍ਰਾਤ (ੲ)
3 ਇੱਥੇ 'ਮੁਖ ਦੇਖ ਸਤਿਗੁਰ...ਰਚੀ ਸੁਭ ਤਾਹ॥' ਪੰਕਤੀ ਨਹੀਂ ਹੈ (ਅ)
4 ਮੁਨ (ਅ)
5 ਭਇਓ (ਅ)
6 ਦੁਲਹਨ (ਅ,ੲ,ਸ)

[ਸਾਖੀ ਸੱਚਾ ਸੌਦਾ]

॥ਦੋਹਰਾ॥

ਵੈਰਾਗੁ ਸੁਭਾਇ ਬਾਬਾ ਰਹੈ ਦਿਨ ਦਿਨ ਬਢਤ ਅਨੰਤ[1]॥
ਸੁਨਨ ਕਹਨ ਕਾ ਸੋ ਨਹੀ ਬੈਠੇ ਰਹੇ ਇਕੰਤ॥੧॥

॥ਦੋਹਰਾ॥[2]

ਸਭ ਮਿਤ੍ਰ ਸਖਾ ਕਾਲੂ ਕਹੈ ਨਾਨਕ ਦੇਖ ਸੁਭਾਉ॥
ਕੁਛ ਦੀਜੈ ਧਨ ਸੌਦਾ ਕਰੇ ਤਬ ਹੀ ਚਿਤ ਲਗਾਉ॥੨॥

॥ਚੌਪਈ॥

ਕਾਲੂ ਨਾਨਕ ਜੀ ਸੋ ਕਹੇ॥ਹੋਇ ਵਿਰਕਤ ਤੁਮ ਬੈਠੇ ਰਹੇ॥
ਸੌਦਾ ਸੂਦ ਗ੍ਰਿਹੀ ਕੋ ਕਾਮ॥ਲਿਆਵੋ ਸੌਦਾ ਸੁਖ ਹੋਇ ਧਾਮ॥੩॥
ਸੁਨ ਬਚਨ ਪਿਤਾ ਬਾਬੇ[3] ਮਨ ਲੀਨਾ॥ਲੇ ਟਹਲੀਆ ਸੰਗ ਪਿਆਨਾ ਕੀਨਾ॥
ਮਗ ਮੋ ਚਲਤ ਹਰਾ ਬਨ ਦੇਖਾ॥ਬੈਠੇ ਤਹਾ ਬਹੁ ਸਾਧ ਬਿਸੇਖਾ॥੪॥
ਤਿਨ ਕੇ ਪਾਸ ਬਾਬਾ ਜੀ ਗਏ॥ਦੇਖਤ ਤਹਾ ਮਗਨ ਮਨ ਭਏ॥
ਜੋ ਸੂਤ ਖਰੀਦ[4] ਕਰਨ ਧਨ ਲਿਆਏ॥ਸੋ ਸਾਧਨ ਕੋ ਪੂਜ ਚੜ੍ਹਾਏ॥੫॥
ਪੁਨ ਫਿਰ ਆਏ ਪ੍ਰਭ ਪਿਤਾ ਕੇ ਪਾਸ॥ਕਹਾ ਟਹਲੀਏ ਲੇਤ ਉਸਾਸ॥
ਜੋ ਲੇ ਗਏ ਥੇ ਸੌਦੇ ਕੇ ਤਾਂਈ॥ਦੀਆ ਨਾਨਕ ਸਭ ਸੰਤਨ ਭਾਈ॥੬॥

10/ਅ **॥/ਦੋਹਰਾ॥**

ਕਾਲੂ ਜੀ ਭਏ ਕੋਪ ਬਸ ਕਹਾ ਸੁਨੋ ਮਮ ਪੂਤ॥
ਮਮ ਧਨ ਸਗਲ ਗਵਾਇ ਕੈ ਲੇ ਆਏ ਭਲ ਸੂਤ॥੭॥

॥ਚੌਪਈ॥

ਕਹਾ ਨਾਨਕ ਹੇ ਪਿਤਾ ਸੁਜਾਨ॥ਹਮ ਨਹੀ ਕੀਨਾ ਧਨ ਨੁਕਸਾਨ॥
ਐਸਾ ਬਿਵਹਾਰ ਧਨ ਕਾ ਹਮ ਕੀਨਾ॥ਲੋਕ ਪਰਲੋਕ ਲਾਹਾ ਹਮ ਲੀਨਾ॥੮॥
ਤਜੋ ਕੋਪ ਹੋਵੋ ਪਰਸੰਨ॥ਇਹ ਬਿਵਹਾਰ ਚਲੈਗਾ ਸੰਗ॥
ਇਹ ਬਿਵਹਾਰ ਨ ਤਜਨੇ ਜੋਗ॥ਆਗੇ ਈਹਾ ਸਦਾ ਸੁਖ ਭੋਗ॥੯॥
ਸੁਨ ਕਾਲੂ ਜੀ ਖਿਮਾ ਕਰ ਰਹੇ॥ਅੰਤਰਗਤ ਕੋਪ ਮਨ ਮੋ ਬਹੁ ਅਹੇ[5]॥
ਕੇਤਕ ਕਾਲ ਐਸੇ ਬੀਤਾਇਆ॥ਬਾਬਾ ਜੀ ਦਿਨ ਦਿਨ ਮਗਨ ਸਵਾਇਆ॥੧੦॥
ਜੋ ਸੋਏ ਤੋ ਸੋਏ ਰਹੇ॥ਬਿਨਾ ਜਗਾਏ ਉਠੇ ਨ ਬਹੇ॥
ਜੋ ਜਾਗੇ ਕਹੂ ਦਿਸਾ ਨ ਦੇਖੈ॥ਨਿਜ ਆਨੰਦ ਸੁਖ ਸਦਾ ਬਿਸੇਖੈ॥੧੧॥

॥ਦੋਹਰਾ॥

ਪਰਮਾਨੰਦ ਆਨੰਦ ਮੋ ਮਗਨ ਰਹੇ ਦਿਨ ਰਾਤ॥
ਗੁਰ ਸਰੂਪ ਧਰ ਮਨ ਜਤਨ ਗਤ ਮਿਤ ਲਖੀ ਨ ਜਾਤ॥੧੨॥

॥ਸਾਖੀ ਪੂਰਨ ਹੋਈ॥੧੦॥[6]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਇਆਲ ਕਰ ਲੇਇ ਉਧਾਰ॥

---

[1] ਅਨੰਦ (ਅ)
[2] ਇੱਥੇ ਸਾਰਾ '॥ਦੋਹਰਾ॥' ਨਹੀਂ ਹੈ (ਅ), ਇੱਥੇ ਸਿਰਲੇਖ '॥ਦੋਹਰਾ॥' ਹੈ (ੲ)
[3] ਸੁਨ ਬਾਬੇ ਬਚਨ ਪਿਤਾ (ਅ)
[4] ਖਰੀਦਨ (ਅ)
[5] ਮੋ ਭਏ ਹੈ (ੲ)
[6] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਕਿਰਤ ਕਰਨਾ][1]

॥ਦੋਹਰਾ॥

ਜਾ ਕੇ ਕ੍ਰਿਪਾ ਕਟਾਛ ਤੇ ਹੋਤ ਜਗਤ ਪ੍ਰਿਤਪਾਲ॥
ਸੋ ਧਨ ਉਦਮ ਕਿਆ ਕਰੇ ਜੋ ਅਨਭੈ ਦਾਤਾ ਦਿਆਲ॥੧॥

॥ਚੌਪਈ॥

ਕੇਤਕ ਕਾਲ ਐਸੀ ਬਿਧ ਬੀਤਾ॥ਬਾਬਾ ਜੀ ਕਹੂ ਲਗੈ ਨ ਚੀਤਾ॥
ਘਰ ਬਾਹਰ ਰਹੇ ਏਕੈ ਰੰਗ॥ਨਿਜ ਆਨੰਦ ਸੁਖ ਲੀਨ ਅਭੰਗ॥੨॥
ਜਗ ਦੇਖਤ ਸਭ ਭੋਲਾ ਭਾਉ॥ਕਾਮ ਕਾਜ ਕਾ ਨਹੀ ਸੁਆਉ॥
11/ੳ ਪ੍ਰਭ ਅੰ/ਤਰਜਾਮੀ ਸਭ ਕੀ ਜਾਨੈ॥ਪਰਮਾਨੰਦ ਸੁਖ ਰਹੇ ਅਘਾਨੇ॥੩॥
ਕਾਲੂ ਜੀ ਬਾਬਾ ਸੋ ਕਹੈ॥ਤੁਮ ਬਿਨ ਧੰਧੇ ਚਿੰਤਾ ਮੋ ਰਹੇ॥
ਤਾ ਤੇ ਸੁਤ ਜੁਦਾ ਖੇਤੀ ਨਿਸ[2] ਕੀਜੈ॥ਦੇਖ ਲਾਭ ਸੁਖ ਸਾਂਤ ਪਤੀਜੈ॥੪॥
ਸੁਨੋ ਪਿਤਾ ਹਮ ਖੇਤੀ ਕਰੀ॥ਬਾਰਹ ਮਾਸ ਹਰੀ ਫਲ ਭਰੀ॥
ਭੋਗੇ ਸਦਾ ਭਾਈ ਸੁਤ ਮੀਤ[3]॥ਸਭ ਕੋ ਵਰਸਾਇ ਰਖੋ ਦਿੜ ਚੀਤ[4]॥੫॥
ਕਹੋ ਕਹਾ ਖੇਤੀ ਕਰੀ ਦੇਖੀ ਸੁਨੀ ਨ ਕਾਇ॥
ਐਸੀ ਬਾਤਾ ਕਿਆ ਕਰੋ ਸੁਨਤ ਜੀਉ ਦੁਖ ਪਾਇ॥੬॥

॥ਚੌਪਈ॥

ਹੇ ਸੁਤ ਕਰੋ ਨ ਬਉਰੀ ਬਾਤ॥ਸੁਨ ਮੇਰੋ ਮਨ ਤਨ ਸੁਕ ਜਾਤ॥
ਖੇਤੀ ਤੁਮਰੀ ਕਹੂੰ ਦੀਸਤ ਨਾਹੀ॥ਦੀਜੈ ਦੇਖਾਇ ਤਬ ਮਨ ਪਤਿਆਈ॥੭॥
ਤਬ ਬਾਬੇ ਮੁਖਾਰਬਿੰਦ ਸੋ ਸਬਦ ਉਚਾਰ ਕੀਆ॥[5]

॥ਸ੍ਰੀ ਰਾਗ ਮ: ੧॥[6]

ਮਨ ਹਾਲੀ ਕਰਨੀ ਕਿਰਸਾਨੀ ਸਰਮੁ ਪਾਨੀ ਤਨ ਖੇਤ॥
ਨਾਮੁ ਬੀਜ ਸੰਤੋਖੁ ਸੁਹਾਗਾ ਰਖ ਗਰੀਬੀ ਵੇਸੁ॥
ਭਾਉ ਕਰਮ ਕਰ ਜੰਮਸੀ ਤੇ[7] ਘਰ ਭਾਗਠ ਦੇਖੁ॥੧॥
ਭੋਲਿਆ[8] ਮਾਇਆ ਸਾਥ ਨ ਹੋਇ॥
ਇਹ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥੧॥ਰਹਾਉ॥

॥ਤਿਸ ਕਾ ਪਰਮਾਥੁ॥[9]

ਹੇ ਪਿਤਾ ਜੀ ਦੇਹੀ ਧਰਤੀ ਮੋ ਮਨ ਰੂਪੀ ਹਾਲੀ ਹਰਿ ਭਗਤ ਰੂਪੀ ਕਿਰਸਾਨੀ ਸਮਗ੍ਰੀ ਹੋਇ ਸਰਮ ਰੂਪੀ ਪਾਨੀ ਨਾਮ ਰੂਪੀ ਬੀਜ ਪੜੇ ਸੰਤੋਖ ਰੂਪੀ ਸੁਹਾਗਾ ਫਿਰੈ ਗਰੀਬੀ ਸੋ ਸਾਧ ਤਾਰ ਹੇ॥ਐਸੀ ਖੇਤੀ ਲਾਭਵੰਤ ਹੈ ਹੋਰ ਜੋ ਮਾਇਆ ਕੀ ਖੇਤੀ ਕਿਰਤ ਹੈ ਸੋ ਤੋਟਾ ਹੈ॥ਤਬ ਬਾਬੇ ਕਾਲੂ ਕਹਿਆ ਹੇ ਪੁਤ੍ਰ ਖੇਤੀ ਨਾਹੀ ਕਰਤਾ ਤਾ ਹਟ ਬਹੁ[10]॥

॥ਤਬ ਬਾਬੇ ਜੀ ਦੂਸਰੀ ਪਉੜੀ ਕਹੀ॥[11]

ਹਾਣੁ ਹਟੁ ਕਰੁ ਆਰਜਾ ਸਚ ਨਾਮ ਕਰ ਵਥ॥
ਸੁਰਤ ਸਬਦ ਕਰ ਭਾਂਡਸਾਲ ਤਿਸ ਵਿਚ ਤਿਸ ਨੂ ਰਖ॥
11/ਅ /ਵਣਜਾਰੇ ਸੋ ਵਣਜ ਕਰਿ ਲੈ ਲਾਹਾ ਮਨ ਹਸ॥੨॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਨਿਜ (ਅ)
[3] ਮੀਤਾ (ਸ)
[4] ਚੀਤਾ (ਸ)
[5] ਇੱਥੇ 'ਤਬ ਬਾਬੇ ਮੁਖਾਰਬਿੰਦ ਸੋ ਸਬਦ ਉਚਾਰ ਕੀਆ॥' ਪੰਕਤੀ ਨਹੀਂ ਹੈ (ੲ)
[6] ਇੱਥੇ ਸਿਰਲੇਖ 'ਸ੍ਰੀ ਰਾਗ ਮ: ੧॥ਘਰ ੧ ਚਉਪਦੇ' ਹੈ (ਸ)
[7] ਸੇ (ਸ)
[8] ਭੁਲਿਆ (ਅ)
[9] ਇੱਥੇ ਸਿਰਲੇਖ '॥ਅਰਥ॥' ਹੈ (ੲ)
[10] ਕਰ (ਅ)
[11] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)

॥ਤਿਸ ਕਾ ਪ੍ਰਮਾਰਥੁ॥[1]

ਹੇ ਪਿਤਾ ਜੀ[2] ਦੇਹੀ ਕੀ ਅਵਸਤਾ[3] ਅਰ ਅਰਬਲਾ ਹਮਾਰੀ ਹਾਟ ਹੈ॥ਸਚ ਨਾਮ ਹਾਟ ਕੀ ਸਮਗ੍ਰੀ ਹੈ ਅਰੁ ਸੁਰਤ ਕੋ ਸਬਦ ਬ੍ਰਹਮ ਮੋ ਦ੍ਰਿੜ ਰਖਨਾ ਐਸੀ ਜੁਗਤ ਭਾਂਡੇ ਮੋ ਸਮਗ੍ਰੀ ਰਖੀ ਹੈ ਸਾਧਾ ਵਣਜਾਰਿਓ ਸੋ ਸੌਉਦਾ ਹੈ ਮੈ ਐਸੀ ਹਾਟ ਕੀਆ ਹੈ॥ਤਬ ਬਾਬੇ ਕਾਲੂ ਆਖਿਆ ਬਚਾ ਤੂ ਘੋੜੇ ਕੀ ਸੌਦਾਗਰੀ ਕਰ ਜੋ ਤੇਰਾ ਆਤਮਾ ਠਹਰੇ॥ਤਬ ਬਾਬਾ ਬੋਲਿਆ॥

॥ਪਉੜੀ ਤੀਸਰੀ ਕਹੀ॥[4]

ਸੁਣ ਸਾਸਤ੍ਰ ਸੌਦਾਗਰੀ ਸਤ ਘੋ[5] ਲੇ ਚਲੁ॥
ਖਰਚੁ ਬੰਨ ਚੰਗਿਆਈਆ ਮਤ ਜੀਇ ਜਾਣੈ ਕਲੁ॥
ਨਿਰੰਕਾਰ ਕੇ ਦੇਸ ਜਾਇ ਤਾ ਸੁਖ ਲਹੈ ਮਹਲ॥੩॥

॥ਤਿਸ ਕਾ ਪ੍ਰਮਾਰਥੁ॥[6]

ਹੇ ਪਿਤਾ ਜੀ ਸਾਸਤ੍ਰ ਕੇ ਬਚਨ ਦ੍ਰਿੜ ਕਰਣੇ ਏਹੁ ਸੌਦਾਗਰੀ ਹੈ॥ਅਰ ਸਤ ਮੋ ਦ੍ਰਿੜ ਹੋਨਾ ਇਹ ਘੋੜੇ ਹੈ॥ਅਰ[7] ਭਲੇ ਕਰਮ ਖਰਚੀ ਰਾਹ ਕੀ ਹੈ॥ਏਹ ਸੌਦਾਗਰੀ ਨਿੰਰਕਾਰ ਕੇ ਦੇਸ ਕੀ ਹੈ ਤਿਸ ਮੋ ਮੈ ਸਦਾ ਦ੍ਰਿੜ ਹੋਇਸੀ ਸੋ ਸਹਜ ਸੁਖ ਲਾਭ ਪਾਇਆ ਹੈ॥ਤਬ ਬਾਬੇ ਕਾਲੂ ਆਖਿਆ[8] ਭਲਾ ਪੁਤ੍ਰ ਚਾਕਰੀ ਕਰ॥

॥ਤਬ ਬਾਬੇ ਚਉਥੀ ਪੌੜੀ ਕਹੀ॥[9]

ਲਾਇ ਚਿਤ ਕਰ ਚਾਕਰੀ ਮਨ ਨਾਮ ਕਰ ਕੰਮ॥
ਬਨ ਬਦੀਆ ਕਰ ਧਾਵਣੀ ਤਾ ਕੋ ਆਖੈ ਧੰਨ॥
ਨਾਨਕ ਵੇਖੈ ਨਦਰ ਕਰ ਚੜੈ ਚਵਗਣ ਵਨ॥੪॥

॥ਤਿਸ ਕਾ ਅਰਥ॥[10]

ਹੇ ਪਿਤਾ ਜੀ ਪਰਮੇਸਰ ਸੋ ਚਿਤ ਲਗਾਵਣਾ ਏਹੀ ਚਾਕਰੀ ਹੈ॥ਅਰ ਪਰਮੇਸਰ ਕਾ ਨਾਮ ਮਨ ਹਿਰਦੇ ਦ੍ਰਿੜ ਕਰਨਾ ਏਹੁ ਸੁਆਮੀ ਕੀ ਟਹਲ ਹੈ॥ਅਰੁ ਬੁਰਆਈ ਕਾ ਤਿਆਗ ਕਰਨਾ ਏਹੀ ਸਾਸਤ੍ਰ ਬਾਂਧ ਧਾਵਨਾ ਹੈ॥ਐਸੀ ਚਾਕਰੀ[11] ਦੋਨੋ ਲੋਕ ਮੋ ਧਨ ਧਨ ਹੋਤਾ
12/ੳ ਹੈ॥ਐਸੀ/ਚਾਕਰੀ ਪਰਮੇਸਰ ਕੀ ਮਿਹਰ ਹੋਤੀ ਹੈ ਮੁਕਤ ਕੀ ਦਾਤਾ ਹੈ॥ਹੇ ਪਿਤਾ ਜੀ ਐਸੀ ਖੇਤੀ ਅਰੁ ਬੈਪਾਰ ਚਾਕਰੀ ਮੈ ਸਦਾ ਦ੍ਰਿੜ ਕੀਆ ਹੈ॥ਸਭ ਕੋਈ ਵਰਸਾਵੈਗਾ॥ਐਸੀ ਕਥਾ ਬਾਬਾ ਕਾਲੂ ਜੀ ਸੁਨ ਕੈ[12] ਹੈਰਾਨ ਹੋਇ ਗਇਆ ਜਾ ਤੋ ਸੁ ਜੁ ਨਾਨਕ ਕੋਈ ਬਾਤ ਮਾਨਤਾ ਨਾਹੀ॥ਅਰੁ ਬਾਬਾ ਜੀ ਬਿਸਮਾਦ ਹੋਇ ਗਏ॥ਬਾਬਾ ਕਾਲੂ ਉਠਿ ਗਇਆ॥

॥ਦੋਹਰਾ॥

ਅਚਰਜ ਸੰਬਾਦ ਦਿਆਲ ਕਾ ਸਮਝੇ ਮਸਤਕ ਭਾਗ॥
ਕਸਤੂਰੀ ਮ੍ਰਿਗ ਨਾਭ ਮੋ ਵੇ ਖੋਜਤ ਬਨ ਲਾਗਿ॥੮॥

॥ਸਾਖੀ ਪੂਰਨ ਹੋਈ॥੧੧॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਇਆਲ ਕਰ ਲੇਇ ਉਧਾਰ॥

---

[1] ਇੱਥੇ ਸਿਰਲੇਖ '॥ਅਰਥ॥' ਹੈ (ੲ)
[2] ਇਹ ਪੰਕਤੀ ਨਹੀਂ ਹੈ (ਸ)
[3] ਅਵਤਾ (ੲ)
[4] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)
[5] ਘੋੜੇ (ਅ,ੲ,ਸ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਇੱਥੇ ਸ਼ਬਦ 'ਅਰ' ਨਹੀਂ ਹੈ (ੲ)
[8] ਕਹਿਆ (ੲ)
[9] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)
[10] ਇੱਥੇ ਸਿਰਲੇਖ '॥ਅਰਥ॥' ਹੈ (ੲ)
[11] ਚਾਕਰੀ ਸੋ (ਸ)
[12] ਕਰ (ਅ)

[ਸਾਖੀ ਬਾਬਾ ਨਾਨਕ ਜੀ ਦਾ ਉਦਾਸੀਨ ਸੁਭਾਉ][1]

॥ਦੋਹਰਾ॥

ਜਾ ਕੇ ਲਗਨ ਹਰਿ ਨਾਮ ਕੀ ਮਿਟੇ ਨਹੀ ਘਟ ਭਾਉ॥
ਬ੍ਰਿਧ ਹੋਇ ਦਿਨ ਦਿਨ ਸਦਾ ਹਰਿ ਰੰਗੁ ਏਹੀ ਸੁਭਾਉ॥੧॥

॥ਚੌਪਈ॥

ਸਦਾ ਮਗਨ ਰਹੇ ਹਰਿ ਰੰਗ ਦਿਆਲ॥ਏਕ ਰੰਗ ਸਦਾ ਖੁਸਹਾਲ॥
ਕਾਹੂ ਸੋ ਕਛੁ ਸੁਨੇ ਨ ਕਹੇ॥ਮਾਤਾ ਜੀ ਦੇਖਿ ਚਿੰਤਾ ਮੋ ਰਹੈ॥੨॥
ਤਬ[2] ਕਰ ਬੀਚਾਰ ਜੁਗਤ ਠਹਰਾਈ॥ਬ੍ਰਹਮਨ ਪੰਡਿਤ ਕੋ ਲੇ ਆਈ॥
ਮਮ ਸੁਤ ਸੋ ਹਰਿ ਚਰਚਾ ਕਰੇ॥ਸੁਤ ਹੋਇ ਪ੍ਰਸਨ ਮੁਖ ਬਾਤਾ ਕਰੇ॥੩॥
ਤਬ ਪੰਤ[3] ਬਾਬੇ ਸੋ ਕਹਨੇ ਲਾਗੇ॥ਹਰਿ ਚਰਚਾ ਕਰੋ ਮਨ ਸੋਇਆ ਜਾਗੇ॥
ਤਬ ਬੋਲੇ ਸਤਿਗੁਰੂ ਪ੍ਰਮ ਗਿਆਨੀ॥ਹੇ ਪੰਡਿਤ ਬਿਦਿਆ ਅਭਮਾਨੀ॥੪॥
ਜੋ ਤੁਮ ਪੜੇ ਕਿਆ ਮੋਹਿ ਪੜਾਵੋ॥ਜਾਗੇ ਹੋ ਤੋ ਮੁਝੈ ਜਗਾਵੋ॥
12/ਅ ਜੋ ਤੁਮ ਅਪਨੇ ਆਪ ਕੋ ਬੁ/ਝਾ॥ਤਬ ਬੇਦੰਤੁ ਤਤੁ ਤੁਮ ਸੁਝਾ॥੫॥

॥ਦੋਹਰਾ॥

ਜਿਨ ਆਪਾ ਪਦੁ ਨਹੀ ਸੂਝਿਆ ਅਵਰਨ ਕਹਾ ਬੁਝਾਇ॥
ਖਾਂਡ ਖਾਂਡ ਕਹਬੋ ਕਰੇ ਨਹੀ ਮੁਖ ਮੀਠਾ ਬਿਨ ਖਾਇ॥੬॥

॥ਚੌਪਈ॥

ਕੋਟ ਜਨਮ ਕਾ ਇਹ ਜੀਉ ਸੋਇਆ॥ਮੂੜ ਭਇਆ ਮਾਇਆ ਮਾਇਆ ਕਾ ਮੋਹਿਆ॥
ਬਿਨਾ ਪ੍ਰੇਮ ਸੋਇਆ ਨਹੀ ਜਾਗੇ॥ਜਾਗੇ ਤਬ ਜਬ ਹਰਿ ਰੰਗੁ ਪਾਗੇ[4]॥੭॥
ਕਵਨ ਪਦ ਪਾਇ ਪੰਡਤ ਤੁਮ ਭਏ॥ਅਵਰਨ ਮੂੜ ਮੁਗਧ ਕਿਮ[5] ਕਹੇ॥
ਜੋ ਤਤੁ ਪਛਾਨੇ ਸੋਈ ਪੰਡਤ॥ਬਿਨ ਬੂਝੇ ਜਪ ਤਪ ਕਰਮ ਸਭ ਖੰਡਤ॥੮॥
ਜੋ ਤੁਮ ਬੂਝਾ ਤਬ ਮੋਹ ਜਗਾਵੋ॥ਬਿਨ ਬੂਝੇ ਬਕਬਾਦ ਲਗਾਵੋ॥
ਸੁਨ ਪੰਡਤ ਹਿਰਦਾ ਕੰਪਾਨਾ॥ਨਿਮ੍ਰ ਭੂਤ ਹੋਇ ਬਿਨੇ ਬਖਾਨਾ॥੯॥
ਮੈ ਜਾਨਾ ਤੁਮ ਸੁਤਹ ਗਿਆਨਾ॥ਤੁਮਰਾ ਬਚਨ ਸਤ ਮੈ ਜਾਨਾ॥
ਕਵਨ ਪਦ ਪਾਏ ਪੰਡਿਤ ਹੋਇ॥ਕਰਿ ਕ੍ਰਿਪਾ ਕਰੋ ਨਿਰੂਪਨ ਸੋਇ॥੧੦॥

॥ਦੋਹਰਾ॥

ਬਡੇ ਭਾਗੁ ਜਬ ਉਦੇ ਹੋਇ ਤਬ ਭੇਟਾ ਹੋਇ ਸਾਧ॥
ਕਾਰਨ ਮੁਕਤ ਜਗ ਸਾਧ ਹੈ ਸੰਤਨ ਮਤੋ ਅਗਾਧ॥੧੧॥
ਤਬ ਪੰਡਤ ਕੇ ਪਰਥਾਇ ਸ੍ਰੀ ਮੁਖ ਸਬਦ ਉਚਾਰ[6] ਕੀਆ॥[7]

॥ਮਹਲਾ ੧॥[8]

ਪਵਨੇ ਪਾਣੀ ਜਾਣੇ ਜਾਤ॥ਕਾਇਆ ਗਨ[9] ਕਰੈ ਨਿਭਰਾਤ॥
ਜਾਮਹਿ ਜੀਅ ਜਾਣਹਿ ਜੇ ਥਾਉ॥ਸੁਰਤਾ ਪੰਡਤ ਤਾ ਕਾ ਨਾਉ॥੧॥
ਗੁਣ ਗੋਬਿੰਦ ਨ ਜਾਣੀਅਹ ਮਾਇ[10]॥ਅਣਡੀਠਾ ਕਛੁ ਕਹਣੁ ਨ ਜਾਇ॥
ਕਿਆ ਕਰ ਆਖ ਵਖਾਣੀਐ ਮਾਇ॥੧॥ਰਹਾਉ॥

---

[1] ਇੱਥੇ ਸਿਰਲੇਖ '॥ਸਾਖੀ॥' (ੲ)
[2] ਇੱਥੇ ਸ਼ਬਦ 'ਤਬ' ਨਹੀਂ ਹੈ (ੲ)
[3] ਪੰਡਿਤ (ਅ,ੲ,ਸ)
[4] ਲਾਗੇ (ੲ)
[5] ਕਿਸ (ਸ)
[6] ਉਚਾਰਨ (ਸ)
[7] ਇੱਥੇ 'ਤਬ ਪੰਤ ਕੋ ਸਬਦ ਕਹਾ' ਪੰਕਤੀ ਹੈ (ੲ)
[8] ਇੱਥੇ ਸਿਰਲੇਖ '॥ਮਲਾਰ ਮਹਲਾ ੧॥' (ੲ)
[9] ਅਗਨ (ਅ,ੲ,ਸ)
[10] ਆਇ (ਸ)

॥ਤਿਸ ਕਾ ਅਰਥ॥[1]

ਹੇ ਪੰਡਤ ਪਵਨ ਪਾਣੀ ਅਰੁ ਅਗਨ ਇਹੁ ਤੀਨੋ ਸੋ ਸਰੀਰ ਕਾ ਨਿਬੰਧ ਹੈ॥ਇਹੁ ਤੀਨੋ
13/ੳ ਜਬ ਏਕ ਹੋਇ ਸੁਖਮਨਾ ਸੋ ਤਬ ਗੁਰ ਕਿਰਪਾ ਕਰ ਜੁਗੁਤ ਸਬਦ ਬ੍ਰਹ/ਮ ਕੋ ਪਾਵੈ ਤਬ ਇਸ ਕਾ ਭਰਮ ਦੂਰ ਹੋਇ॥ਤਬ ਜੀਉ ਕੇ ਪਦ ਕੋ ਜਾਣੈ॥ਇੜਾ ਅਗਨ ਪਿੰਗੁਲਾ ਪਾਣੀ ਸੁਖਮਨਾ ਪਵਨ ਹੈ ਇਨ ਹੀ ਕੋ ਰਾਜਸ ਸਾਤਕ[2] ਕਹਤੇ ਹੈ॥ਇਨ ਹੀ ਕੋ ਬ੍ਰਹਮਾ ਬਿਸਨ ਮਹਾਦੇਵ ਕਹਤੇ ਹੈ॥ਏਹੀ ਗੰਗਾ ਜਮਨਾ ਸੁਰਸਤੀ ਹੈ॥ਜਬ ਯਹ ਤੀਨੋ ਏਕ ਭਈ ਤਬ ਬੇਨੀ ਸੰਗਮ ਭਇਆ॥ਜਬ ਜੀਉ ਈਸਰ ਬ੍ਰਹਮ ਏਕ ਪਦ ਭਇਆ ਇਸੀ ਕੋ ਮੁਕਤ ਕਹਤੇ ਹੈ॥ਐਸੇ ਅਸਥਾਨ ਲਾਭੀ ਕੋ ਸੁਰਤਾ ਪੰਡਤ ਕਹਤੇ ਹੈ॥ਏਹ ਗੁਣਾ ਬਾਦ ਗੋਬਿੰਦ ਕਾ ਮੈ ਨਿਰੂਪਨ ਕੀਆ ਹੈ॥ਤੋ ਬਿਨ ਦੇਖੈ ਸਵਾਦ ਮੁਖ[3] ਪ੍ਰਾਪਤ ਨਹੀ ਹੋਤਾ॥ਇਹ ਸੁਖ ਇਦ੍ਰੀ ਗੋਚਰ ਨਾਹੀ॥ਜਿਹਬਾ ਕਰ ਕੇ ਕਿਆ ਬਖਾਣੀਏ॥ਜੇ ਤੂੰ ਬੁਧਵਾਨ ਹੈ॥ਤਬ ਸੁਚ ਪਵਿਤ੍ਰ ਮਨ ਕੋ ਕਰਕੇ ਸੁਰਤ ਕੀ ਇਕਾਗਰਤਾ ਸੋਇ ਅਕਥ ਕਥਾ ਕੋ ਬੂਝੇਗਾ॥ਤਬ ਮੇਰੇ ਬਚਨ[4] ਸਵਾਦ ਆਵੇਗਾ॥ਤਬ ਪੰਡਤ ਕਹਾ ਹੇ ਨਾਨਕ ਜੀ ਮੈ ਬੇਦ ਪੁਰਾਨ ਪੜਾ ਹੋ॥ਤੇਰੇ ਏਕ ਬਚਨ ਕੋ ਮੇਰੀ ਬੁਧ ਨਾਹੀ ਪਹੁਚਿਤੀ ਕਿਰਪਾ ਕਰਕੇ ਮੁਝੇ ਸੰਪੂਨ[5] ਕਥਾ ਸੁਨਾਉ ਮੇਰਾ ਕਲਿਆਨ ਹੋਵੈ॥

॥ਤਬ ਬਾਬਾ ਜੀ ਦੂਸਰੀ ਪਉੜੀ ਕਹੀ॥[6]

ਉਪਰ ਦਰ ਅਸਮਾਨ ਪਇਆਲ॥ਕਿਉ ਕਰ ਕਹੀਐ ਦੇਹੁ ਬੀਚਾਰ॥
ਬਿਨਾ ਜਿਹਬਾ ਜੇ ਜਪੈ ਹੀਆਉ॥ਕੋਈ ਜਾਨੈ ਕੈਸਾ ਨਾਉ॥੨॥

॥ਤਿਸ ਕਾ ਅਰਥ॥[7]

ਹੇ ਪੰਡਤ ਪਿੰਡ ਮੋ ਏਕ ਉਰਧ ਦੁਆਰ ਹੈ ਉਹਾ ਜਬ ਜੋਗੀ ਜਾਤਾ ਹੈ॥ਉਹਾ ਐਸੀ ਲੀਲਾ ਹੈ ਦੇਖਤਾ ਹੈ ਅਕਾਸ ਪਤਾਲ ਹੈ॥ਖੰਡ ਬ੍ਰਹਮੰਡ ਹੈ॥ਸਭ ਕੌਤਕ ਕੋ ਦੇਖਤਾ ਹੈ॥ਉਹਾ ਅਬਗਤ
13/ਅ ਲੀਲਾ ਅਬਗਤ ਨਾਥ ਕੀ ਹੈ॥ਜਬ ਜੋਗੀ ਹਿਰਦੇ ਅਸਥਾਨ ਮੋ ਪ੍ਰਾਪਤ ਹੋਤਾ ਹੈ॥ਊ/ਹਾ ਗੁਰ[8] ਕ੍ਰਿਪਾ ਸੋ ਬਿਨ ਜਿਹਬਾ ਜਾਪ ਹੋਤਾ ਹੈ॥ਵਹ ਕੈਸਾ ਜਾਪ ਹੈ ਕਿ ਜਿਸ ਕੀ ਧੁਨ ਸੋ ਸਰਬ ਲੋਕ ਦੇਵੀ ਦੇਵਤਾ ਖਾਣੀ ਪ੍ਰਗਟ ਭਈ ਹੈ॥ਤਿਸ ਕੋ ਸਬਦ ਬ੍ਰਹਮ ਕਹਤੇ ਹੈ॥ਇਸ ਮੋ ਜਬ ਲੀਨ ਹੋਇ ਤਬ ਅਖੰਡ ਸੁਖ ਪਾਵੈ॥ਸੋਹੰ ਪਦ ਨਿਰਬਾਣ ਲੀਨ ਹੋਇ ਹੈ ਇਸ ਸੋਹੰ ਪਦ ਮੋ ਜਬ ਤੂੰ ਲੀਨ ਹੋਇਗਾ ਤਬ ਸੁਰਤਾ ਪੰਡਤ ਤੂੰ ਹੋਗਾ॥

॥ਤਬ ਬਾਬੇ ਤੀਜੀ ਪਉੜੀ ਕਹੀ॥[9]

ਕਥਨੀ ਬਚਨੀ[10] ਰਹੈ ਨਿਭਰਾਤ॥ਸੋ ਬੂਝੈ ਹੋਵੇ ਜਿਸ ਦਾਤ॥
ਅਹਨਿਸ ਅੰਤਰ ਰਹੇ ਲਿਵ ਲਾਇ॥ਸੋ ਪੁਰਖ ਜਿ ਸਚ ਸਮਾਇ॥੩॥

॥ਤਿਸ ਕਾ ਅਰਥ॥[11]

ਹੇ ਪੰਡਤ ਕਥਨੀ ਬਦਨੀ ਕਰਕੇ ਇਹ ਮਾਇਆ ਭਰਮ ਦੂਰ ਨਾਹੀ ਹੋਤਾ॥ਬਡਤਾ ਹੈ ਇਸ ਕਥਾ ਕੋ ਬੂਝੇ ਜਿਸ ਕੋ ਰ[12] ਕੀ ਦਾਤ ਹੋਇ ਹੇ ਪੰਡਤ ਜਬ ਇਸ ਕੋ ਅੰਤਰ ਜਾਗ ਭਈ ਤਬ ਇਹ ਭਰਮ ਬ੍ਰਹਮ ਭਾਸਤਾ ਹੈ ਜਬ ਬ੍ਰਹਮ ਦ੍ਰਸੀ ਪਦ ਭਇਆ ਤਬ ਜੀਉ ਬ੍ਰਹਮ ਭਇਆ॥ਤਿਸ ਕੋ ਸੁਰਤਾ ਪੰਡਿਤ ਕਹਤੇ ਹੈ॥

॥ਤਬ ਬਾਬੇ ਚੌਥੀ ਪਉੜੀ ਕਹੀ॥[13]

ਜਾਤ ਕੁਲੀਨ ਸੇਵਕ ਜੋ ਹੋਇ॥ਤਾ ਕਾ ਕਹਨਾ ਕਹੋ ਨ ਕੋਇ॥

---

[1] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[2] ਇੱਥੇ 'ਰਾਜਸ ਸਾਤਕ ਤਾਮਸ' ਪੰਕਤੀ ਹੈ (ਅ,ੲ,ਸ)
[3] ਸੁਖ (ਸ)
[4] ਬਚਨ ਕਾ (ੲ)
[5] ਸੰਪੂਰਨ (ਅ,ੲ,ਸ)
[6] ਇੱਥੇ ਸਿਰਲੇਖ '॥ਤਬ ਬਾਬੇ ਜੀ ਕਹਾ॥' ਹੈ (ੲ)
[7] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[8] ਇੱਥੇ ਸ਼ਬਦ 'ਗੁਰ' ਨਹੀਂ ਹੈ (ੲ)
[9] ਇੱਥੇ ਸਿਰਲੇਖ '॥ਤਬ ਬਾਬੇ ਤੀਜੀ ਪਉੜੀ ਕਹੀ॥ 'ਨਹੀਂ ਹੈ (ੲ)
[10] ਬਦਨੀ (ਅ)
[11] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[12] ਗੁਰ (ਅ,ੲ,ਸ)
[13] ਇੱਥੇ ਸਿਰਲੇਖ '॥ਤਬ ਬਾਬੇ ਚਉਥੀ ਪਉੜੀ ਕਹੀ॥' ਨਹੀਂ ਹੈ (ੲ)

ਵਿਚ ਸਨਾਤੀ ਸੇਵਕੁ ਹੋਇ॥ਨਾਨਕ ਪਨੀਆ ਪਹਿਰੇ ਸੋਇ॥੪॥

॥ਤਿਸ ਕਾ ਅਰਥ॥

ਹੇ ਪੰਡਤ ਜੀ ਕੁਲੀਨ ਹਰਿ ਭਗਤ ਕਰੇ ਜੈਸੇ ਤੂੰ ਬ੍ਰਹਮਨ ਹੈ ਤਾ ਕੀ ਮਹਿਮਾ ਕਿਆ ਕਹੀ ਜਾਇ॥ਤਾਤਕਾਲ ਪ੍ਰਾਪਤ ਹੋਇ॥ਇਤ੍ਰ ਜਾਤ ਹਰਿ ਭਗਤ ਕਰੇ ਤਾਤਕਾਲ ਪਵਿਤ੍ਰ ਹੋਇ॥ਹਰਿ ਪਦ ਮੋ ਲੀਨ ਹੋਇ॥

॥ਦੋਹਰਾ॥

ਪੰਡਤ ਸ੍ਰੀ ਮੁਖ ਬਚਨ ਸੁਨ ਭਇਆ ਗਿਆਨ ਅੰਕੂਰ[1]॥੧੨॥

॥ਦੋਹਰਾ[2]॥

ਜਬ ਸੁਪ੍ਰਸੰਨ ਹੋਇ ਘਰ ਚਲਾ ਮਾਤਾ ਜੀ ਪੂਛੀ ਬਾਤ॥
ਹੇ ਬ੍ਰਹਮਨ ਮਮ ਸੁਤ ਕੀ ਕਵਨ ਅਵਸਥਾ ਤਾਤ॥੧੩॥

॥ਅੜਲ॥

14/ੳ /ਧੰਨ ਧੰਨ ਤੁਮ ਮਾਤ ਧਨ[3] ਤੁਮ ਪੁਤ੍ਰ ਹੈ॥
ਸੁਤਹ ਸਿਧ ਹਰਿ ਭਗਤ ਧਰਮ ਕਾ ਸੁਤ[4] ਹੈ[5]॥
ਪਰ ਦੂਖ ਨਿਵਾਰਨ ਜਗਤ ਉਧਾਰਨ ਅਇਆ॥
ਬਡੇ ਭਾਗ ਮਾਤਾ ਜੀ ਦਰਸਨ ਪਾਇਆ॥
ਪੰਡਤ ਪ੍ਰਸੰਨ ਹੋਇ ਕੇ ਸਿਧਾਰੇ[6]॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

---

[1] ਇੱਥੇ 'ਪੰਡਤ ਸ੍ਰੀ....ਅੰਕੂਰ॥' ਤੋਂ ਬਾਅਦ 'ਅਤਿ ਨਿਮ੍ਰ ਭੂਤ ਹੋਇ ਗਿਆਨ ਯੁਤ ਕਹੀ ਮਹਿਮਾ ਅਤ ਭੂਰ॥' ਪੰਕਤੀ ਹੈ (ਅ,ੲ,ਸ)
[2] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ਸ)
[3] ਧਨ ਧੰਨ (ਸ)
[4] ਸੁਤ੍ਰ (ਅ)
[5] ਇੱਥੇ 'ਸੁਤਹ ਸਿਧ ਹਰਿ ਭਗਤ ਧਰਮ ਕਾ ਸੁਤ ਹੈ॥' ਪੰਕਤੀ ਨਹੀਂ ਹੈ (ੲ)
[6] ਇੱਥੇ 'ਪੰਡਤ ਪ੍ਰਸੰਨ ਹੋਇ ਕੇ ਸਿਧਾਰੇ॥' ਪੰਕਤੀ ਨਹੀਂ ਹੈ (ੲ)

[ਸਾਖੀ ਵੈਦ ਨਾਲ ਚਰਚਾ][1]

॥ਸੋਰਠਾ॥

ਲਗੀ ਅਖੰਡ ਸਮਾਧ ਏਕ ਨਿਮਖ ਛੂਟੈ ਨਹੀ॥
ਨਹੀ ਆਧ ਬਿਆਧ ਉਪਾਧ ਪਰਮਾਨੰਦ[2] ਅਨੰਦ ਸੁਖ॥੧॥

॥ਚੌਪਈ॥

ਲਗੀ ਲਗਨ ਮਾਤੇ ਸਦਾ ਰਹੈ॥ਕਾਹੂ ਕੀ ਕੁਛ ਸੁਨੇ ਨ ਕਹੈ॥
ਅਸਨ ਬਸਨ ਕੀ ਸੁਧ ਨਹੀ ਕਰੈ॥ਖਾਨ ਪਾਨ ਪਰ ਚਿਤ ਨਹੀ ਧਰੇ॥੨॥
ਜੋ ਕਰੈ ਸੈਨ ਕਰਵਟ ਨਹੀ ਫੇਰੇ॥ਖੋਲੈ ਨੈਨ ਕਾਹੂ ਨਹੀ ਹੇਰੇ॥
ਦੇਖ ਅਵਸਤਾ ਸਭ ਬਿਸਮਾਦ॥ਹੇ ਕਾਲੂ ਸੁਤ ਲਗੀ ਉਪਾਧ॥੩॥
ਉਠੋ ਜਤਨ ਕਰ ਬੈਦ ਲਿਆਵੋ॥ਬੂਝ ਰੋਗ ਚਿਕਤਸਾ ਲਾਵਹੁ॥
ਤਬ ਕਾਲੂ ਜੀ ਬੈਦ ਬੁਲਾਇਆ॥ਬਾਬਾ ਜੀ ਕਾ ਹਾਥ ਦਿਖਾਇਆ॥੪॥
ਤਿਨ ਪਕੜ ਭੁਜਾ ਨਾੜੀ ਢੰਡੋਲੇ॥ਤਬ ਨਾਨਕ ਜੀ ਬਚਨ ਮੁਖ ਬੋਲੇ॥
ਕਿਆ ਦੇਖੋ ਤੁਮ ਬੈਦ ਸਿਆਨੇ॥ਹਮਰੀ ਬੇਦਨ ਤੂ ਕਿਆ ਜਾਨੇ॥੫॥

॥ਦੋਹਰਾ॥[3]

ਦੇਖ ਨਾੜੀ ਰੋਗਹ ਧਰੋ ਕਰੋ ਚਿਕਤਸਾ ਮੀਤ॥
ਤਨ ਮਨ ਕਾ ਸਭ ਦੁਖ ਹਰੋ ਸੁਖ ਹੋਵੇ ਮਨ ਚੀਤ॥੬॥

॥ਦੋਹਰਾ॥

ਖੈਚ ਭੂਜਾ ਸਤਿਗੁਰ ਲਈ ਕੀਨਾ ਬਚਨ ਉਚਾਰ॥
ਯਹ ਦੁਖ ਕੋ ਨਹੀ ਤੁਮ ਲਖੋ ਬੋਲੇ ਸਬਦ ਬੀਚਾਰ॥੭॥

॥ਸ੍ਰੀ ਮੁਖ ਵਾਕ ਸਲੋਕ ਉਚਾਰ ਕੀਆ॥

14/ਅ **॥ਸਲੋਕ ਮਲਾ/ਰ ਮਹਲਾ ੧॥**[4]

ਬੈਦ ਬੁਲਾਇਆ ਬੈਦਗੀ ਪਕੜ ਢੰਢੋਲੇ ਬਾਹ॥
ਭੋਲਾ ਵੈਦ ਨ ਜਾਣਈ ਕਰਕ ਕਲੇਜੇ ਮਾਹ॥
ਜਾਹੁ ਵੈਦ ਘਰ ਆਪਨੇ ਹਮਰੀ ਆਹਿ ਨ ਲੇਹੁ॥
ਹਮ ਰਾਤੇ ਸਹ ਆਪਨੇ ਤੂ ਕਿਸ ਦਾਰੂ ਦੇਹੁ॥
ਵੈਦਾ ਵੈਦ ਸੋ ਵੈ[5] ਤੂੰ ਪਹਿਲਾ ਰੋਗ ਪਛਾਣ॥
ਐਸਾ ਦਾਰੂ ਢੂੰਢ ਲਹੁ ਜਿ ਵੰਞੈ ਰੋਗਾ ਘਾਣ॥
ਦੁਖ ਲਾਗੈ ਦਾਰੂ ਘਣਾ ਵੈਦ ਖਲੋਇਆ ਆਇ॥
ਕਾਇਆ ਰੋਵੈ ਹੰਸ ਪੁਕਾਰੇ ਵੈਦ ਨ ਦਾਰੂ ਲਾਇ॥
ਜਾਹਿ ਵੈਦ ਘਰ ਆਪਣੈ ਜਾਨੇ ਕੋਇਮ ਕੋਇ॥
ਜਿਨ ਕਰਤੇ ਦੁਖ ਲਾਇਆ ਨਾਨਕ ਲਾਹੇ ਸੋਇ॥੧॥

ਤਬ ਵੈਦ ਆਖਿਆ ਨਾਨਕ ਜੀ ਤੇਰੇ ਦੁਖ ਕੀ ਗਤ ਲਖੀ ਨਹੀ ਜਾਤੀ ਕਿਆ ਕੋਈ ਉਪਚਾਰ ਕਰੈ ਤੂੰ ਬੁਧਵਾਨ ਹੈ ਅਪਨੇ ਦੁਖ ਕਾ ਕਛੁ ਬਿਰਤੰਤ ਕਹੋ ਜੋ ਤੇਰੀ ਸਮਝ ਮੋ ਆਵਤਾ ਹੈ॥ਤਬ ਬਾਬੇ ਜੀ ਸਬਦ ਉਚਾਰ ਕੀਆ॥[6]

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਧਰਮਾਨੰਦ (ਸ)
[3] ਇੱਥੇ ਸਿਰਲੇਖ '॥ਦੋਹਰਾ॥ਬੈਦੋ ਬਾਚ॥' ਹੈ (ਅ)
[4] ਇੱਥੇ ਸਿਰਲੇਖ ਇਹ ਹੈ '॥ਸਲੋਕ॥' (ਅ), '॥ਮਲਾਰ॥' ਹੈ (ੲ)
[5] ਵੈਦ (ਅ,ੲ,ਸ)
[6] ਇੱਥੇ 'ਤਬ ਬਾਬੇ ਜੀ ਸਬਦ ਉਚਾਰ ਕੀਆ॥' ਪੰਕਤੀ ਨਹੀਂ ਹੈ (ੲ)

॥ ਰਾਗ[1] ਮਲਾਰ:ਮ ੧॥

ਦੁਖ ਵਿਛੋੜਾ ਇਕ ਦੁਖ ਭੂਖ॥ ਇਕ ਦੁਖ ਸਕਤਵਾਰ ਜਮਦੂਤ॥
ਇਕ ਦੁਖ ਰੋਗ ਲਗੈ ਤਨ ਧਾਇ॥ ਵੈਦ ਨ ਭੋਲੇ ਦਾਰੂ ਲਾਇ॥੧॥
ਦਰਦ ਹੋਵੈ ਦੁਖ ਰਹੈ ਸਰੀਰ॥ ਐਸਾ ਦਾਰੂ ਲਗੈ ਨ ਬੀਰ॥੧॥ ਰਹਾਉ॥

॥ ਤਿਸ ਕਾ ਅਰਥ॥[2]

ਹੇ ਵੈਦ ਏਕ ਦੁਖ ਵਿਛੋੜਾ ਗੋਬਿੰਦ ਸੋ ਦੁਖਾ ਕਾ ਦੁਖ ਹੈ॥ ਦੂਜਾ ਮਹਾ ਰੋਗ ਸੋਗ ਸਰੀਰ ਕਾ ਭੋਗ ਹੈ॥ ਹੇ ਵੈਦ ਭੋਲੇ ਏਤੇ ਮਹਾ ਰੋਗ ਕਾ ਔਖਦ ਕਹਾ ਤੂੰ ਕਰ ਸਕੇਗਾ॥ ਜੋ ਰੋਗ ਨਿਰਨੇ ਨ ਹੋਇ ਤਿਸ ਕਾ ਉਪਚਾਰ ਭੀ ਨਾਹੀ॥

॥ ਦੂਜੀ ਪਉੜੀ ਕਹੀ॥[3]

ਖਸਮ ਵਿਸਾਰ ਕੀਏ ਰਸ ਭੋਗ॥ ਤਾ ਤਨ ਉਠ ਖਲੋਆ ਰੋਗ॥
ਮਨ ਅੰਧੇ ਕੋ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ॥੨॥

॥ ਤਿਸ ਕਾ ਅਰਥ॥[4]

15/ੳ ਹੇ ਵੈਦ ਪਰਮੇਸਰ ਕੀ ਭਗਤ ਬਿਨਾ ਜੋ ਰਸ ਭੋਗ ਕੀਏ ਤਿਨ ਸੋ ਮਨ ਮੂੜ ਭਇਆ/ਅਨੇਕ ਰੋਗ ਸਰੀਰ ਕੋ ਉਤਪਤ ਭਏ॥ ਮਨ ਅੰਧੇ ਕੋ ਅਨੇਕ ਸਾਸਨਾ ਦੁਖੋ ਕੀ ਭਈ॥ ਐਸੇ ਰੋਗਾ ਕਾ ਤੂੰ ਕਿਆ ਕਰ ਸਕੇ॥

॥ ਤੀਸਰੀ ਪਉੜੀ ਕਹੀ॥[5]

ਚੰਦਨ ਕਾ ਫਲ ਚੰਦਨ ਵਾਸ॥ ਮਾਨ[6] ਕਾ ਫਲ ਘਟ ਮੈ ਸਾਸ॥
ਸਾਸ ਗਏ ਕਾਇਆ ਢਲ ਪਾਇ॥੩॥
ਕੰਚਨ ਕਾਇਆ ਨਿਰਮਲ ਹੰਸ॥ ਜਿਸ ਮਹਿ ਨਾਮ ਨਿਰੰਜਨ ਅੰਸ॥
ਦੂਖ ਰੋਗ ਸਭ ਗਇਆ ਗਵਾਏ॥ ਨਾਨਕ ਛੁਟਸ ਸਾਚੇ ਨਾਇ॥੪॥

ਹੇ ਵੈਦ ਜੈਸੇ ਚੰਦਨ ਕੋ ਵਾਸਨਾ ਫਲ ਹੈ॥ ਉਸੀ ਸੋ ਮਹਮਾ ਹੈ॥ ਤੈਸੇ ਮਾਨੁਖ ਦੇਹ ਕੋ ਪ੍ਰਾਨ ਹੋਤੇ ਸਰਬ ਸੋਭਾ ਹੈ ਜਬ ਪ੍ਰਾਨ ਸਰੀਰ ਸੋ ਨਿਆਰੇ ਭਏ ਤਬ ਕਿਸੀ ਕਾਮ ਕਾ ਨ ਰਹਾ ਜੋ ਉਸ ਸਰੀਰ ਕੇ ਪਿਆਰੇ ਅਧਕਾਰੀ ਥੇ ਉਸ ਕੋ ਪ੍ਰੇਤ ਕਹਨੇ ਲਗੇ ਕੋਈ ਨਿਕਟਿ ਉਸ ਕੇ ਅੰਨ ਪਾਨੀ ਨਹੀ ਖਾਤੇ॥ ਏਹੁ ਤੋ ਮਾਨੁਖ ਦੇਹ ਕਾ ਸੁਭਾਉ ਕਹਾ ਤੂੰ ਕਿਆ ਅਉਖਦ ਕਰੈਗਾ॥ ਅਰੁ ਜੋ ਜੋ ਸਰੀਰ ਪਰਮੇਰ[7] ਕੀ ਭਗਤ ਕਰ ਕੰਚਨ ਭਏ ਹੈ ਜਿਨ ਮੈ ਆਤਮਾ ਨਿਰਮਲ ਪਰਮਹੰਸ ਹੈ ਜਬ ਮਨ ਨਿਰਮਲ ਹੂਆ ਕੋਟ ਜਨਮ ਕੇ ਰੋਗ ਕਾ ਨਾਸ ਹੂਆ॥ ਤਾ ਤੇ ਬਿਨ ਹਰਿ ਭਗਤ ਰੋਗ ਦੂਰ ਨਾਹੀ ਹੋਤੇ ਇਨ ਅਉਖਦੋ ਸੇ ਏਹ ਬਚਨ ਬਾਬੇ ਜੀ ਕੇ ਵੈਦ ਸੁਨਿ ਕਰ ਨਿਮ੍ਰ ਭੂਤ ਹੋ ਕਰ ਚਰਨੋ ਪਰ ਪੜਾ ਕਹਿਓਸੁ ਹੇ ਨਾਨਕ ਜੀ ਤੁਮਾਰੇ ਬਚਨੋ ਸੇ ਮੇਰਾ ਭਲਾ ਹੋਗਾ॥ ਤੁਮਾਰੇ ਦਰਸਨ ਕੇ ਪ੍ਰਤਾਪ ਮੇਰਾ ਕਲਿਆਨੁ ਹੂਆ॥ ਮੇਰੇ ਬਡੇ ਭਾਗ ਹੈ ਬਾਬਾ ਜੀ ਕੋ ਨਮਸਕਾਰ ਕਰਕੇ ਘਰ ਕੋ ਚਲਾ ਤਬ ਮਾਤਾ ਜੀ ਨੇ ਪੂਛਾ ਹੇ ਬੈਦ ਮੇਰੇ ਪੁਤ੍ਰ ਕੀ ਕੁਛ ਬਿਰਥਾ ਮਾਲੂਮ ਹੋਈ॥ ਬੈਦ ਕਹਾ ਹੇ ਮਾਤਾ ਪੁਤ੍ਰ ਪਰਮ ਹੰਸ ਪਰ ਦੂਖ ਨਿਵਾਰ[8] ਹੈ ਉਸ ਕੇ ਦਰਸਨ ਸੋ ਸਬ ਦੁਖ ਦੂਰ ਹੋਤੇ ਹੈ॥ ਉਸ ਕੋ ਦੁਖ ਕੋਈ ਨਾਹੀ
15/ਅ ਤੁਮਾਰੇ ਬਡੇ ਭਾਗ ਹੈ॥ ਜਿਨ ਕੇ ਐਸਾ ਪੁਤ੍ਰ ਹੈ ਉਸ ਕੀ ਮਹਿਮਾ ਕੋਈ ਨਾਹੀ ਜਾਨਤਾ॥/ਇਹ ਬਾਤ ਮਾਤਾ ਜੀ ਸੁਨ ਕਰ[9] ਚੁਪ ਕਰ ਰਹੇ॥

॥ ਸੋਰਠਾ॥

ਮਹਿਮਾ ਸੰਤ ਅਪਾਰ ਜਿਮ ਸਾਗਰ ਕੋ ਅੰਤ ਨਹ॥
ਕੋਊ ਲਹੇ ਨ ਸਕੇ ਨ ਪਾਰ ਘਟਨ ਬਢਨ ਜਾ ਕੇ ਨਹੀ॥੮॥

॥ ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲੇਇ ਉਧਾਰ॥

---

[1] ਸਬਦ (ੲ)
[2] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[3] ਇਹ ਸਿਰਲੇਖ ਨਹੀਂ ਹੈ (ੲ)
[4] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[5] ਇੱਥੇ ਸਿਰਲੇਖ '॥ਤੀਸਰੀ ਪਉੜੀ ਕਹੀ॥ 'ਨਹੀਂ ਹੈ (ੲ)
[6] ਮਾਨਸ (ਅ,ੲ,ਸ)
[7] ਪਰਮੇਸਰ (ਅ,ੲ,ਸ)
[8] ਨਿਵਾਰਨ (ਅ)
[9] ਇੱਥੇ ਸ਼ਬਦ 'ਕਰ' ਨਹੀਂ ਹੈ (ਸ)

[ਸਾਖੀ ਪਰਮ ਉਦਾਸੀ][1]

॥ਦੋਹਰਾ॥

ਮਗਨ ਲਗਨ ਸਤਿਗੁਰ ਰਹੇ ਲਖੇ ਨਾ ਕੋਇ ਮਤੰਤ॥
ਸੁਖ ਸੰਦੇਹ ਆਨੰਦ ਕੰਦ ਭਗਤ ਰੂਪ ਭਗਵੰਤ॥੧॥

॥ਤੋਮਰ[2] ਛੰਦ॥

ਮੁਖ ਸੋ ਕਹੇ ਨਹੀ ਬੈਨ॥ਨਹੀ ਖੋਲ ਦੇਖੈ ਨੈਨ॥
ਤਨ ਢਾਫ ਸੈਨ ਜੋ ਕੀਤ॥ਭਏ ਪਾਂਚ ਦਿਵਸ ਬਿਤੀਤ॥੨॥
ਪਤਨੀ ਪਰਭੂ ਕਹਾ ਮਾਤ॥ਬਿਆਕਲ ਸਰੀਰ ਰੁਆਤ॥
ਤੁਮ ਲੇਹੁ ਸੁਤ ਕੀ ਸਾਰ॥ਕੀਜੈ ਕਛੂ ਉਪਚਾਰ॥੩॥
ਗਈ ਮਾਤ ਪਿਤਾ ਸੁਤ ਓਰ॥ਮਨ ਪ੍ਰੀਤ ਚੰਦ ਚਕੋਰ॥
ਉਠ ਬੈਠ ਕੀਜੈ ਬਾਤ॥ਸਭ ਦੁਖਤ ਕੰਪਤ ਗਾਤ॥੪॥
ਸੁਧ ਲੇਹੁ ਗ੍ਰਿਹ ਕੀ ਪੁਤ੍ਰ॥ਬਿਵਹਾਰ ਖੇਤੀ ਸੁਤ੍ਰ॥
ਕਰੋ ਖੇਤ ਜੁਦਾ ਸੁਧਾਰ॥ਕੁਛੁ ਕਰੋ ਨਿਜ ਬਿਵਹਾਰ॥੫॥

॥ਦੋਹਰਾ॥

ਕਾਲੂ ਜੀ ਬਹੁ ਬਿਧ ਕਹਾ ਨਹੀ ਬੋਲੇ ਸਤਿਗੁਰ ਦਿਆਲ॥
ਵੈ ਪਰਮਾਨੰਦ ਅਨੰਦ ਮੋ ਯਹ ਬੂਝਤ ਇਹ ਹਾਲ॥੬॥
ਹੋਇ ਨੇਤ੍ਰ ਸਜਲ ਮਾਤਾ ਕਹੇ ਹੇ ਸੁਤ ਕੀਜੈ ਬਾਤ॥
ਜੀਵਨ ਧਨ ਮੇਰੇ ਤੁਹੀ ਮੁਖ ਬੋਲੋ ਆਵੈ ਸਾਂਤ॥੭॥

॥ਮਕਰਾ ਛੰਦ॥

ਸੁਨ ਮਾਤ ਬਚਨ ਬੋਲੇ॥ਅੰਮ੍ਰਿਤ ਸੁ ਧਾਰ ਝੋਲੇ
ਉਤ੍ਰ ਦੀਆ ਪਿਤਾ ਕੋ ਬਿਵਹਾਰ ਕੋ ਬਿਚਾਰਾ॥੮॥
ਖੇਤੀ ਸਜੀ ਹਮਾਰੀ ਸਭ ਸੋ ਕਰੀ ਨਿਆਰੀ॥ਹਰਿ ਨਾਮ ਚਿਤ ਧਾਰੀ॥
ਕੁਲ ਭ੍ਰਾਤ ਸਖਾ ਸੰਤਤ ਭੋਗੇ ਜਗਤ੍ਰ ਸਾਰਾ॥੯॥
16/ੳ ਸਾਹਿਬ ਹਮਾਰਾ ਸਾ/ਚਾ॥[3]
ਸਦ ਸਿਧ[4] ਸਿਧ ਦਾਤਾ ਆਦਰ ਕਰੇ ਹਮਾਰਾ[5]॥੧੦॥
ਊਚਾ ਅਗਮ ਗੋਸਾਈ॥ਬਲਹਾਰ ਤਾਸ ਜਾਈ॥
ਤ੍ਰਈ ਲੋਕ ਨਾਥ ਪੂਰਨ ਐਸਾ ਖਸਮ ਹਮਾਰਾ॥੧੧॥

॥ਦੋਹਰਾ॥

ਜਬ ਕੀ ਸਾਹਿਬ ਸੋ ਬਨੀ ਪੂਰਨ ਹੋਏ ਕਾਮ॥
ਖੇਤੀ ਲਾਭ ਬੈਪਾਰ ਸੁਭ ਭਏ ਅਨੰਦ ਬਿਸਰਾਮ॥੧੨॥

॥ਚੌਪਈ॥

ਹੇ ਪੁਤ੍ਰ ਕਹਾ ਹੈ ਖੇਤ ਤੁਮਾਰਾ॥ਕਹਾ ਬੈਪਾਰ ਜੋ[6] ਤੁਮਨੇ ਧਾਰਾ॥
ਕਹਾ ਵੈ ਸਾਹਿਬ ਜੋ ਤੁਮ ਸੇਵਾ॥ਕਹੂੰ ਨ ਦੀਸੈ ਮਿਲੈ ਨ ਭੇਵਾ॥੧੩॥
ਜਬ ਕਬ ਬਾਤ ਬਤਉਰੀ ਤੂੰ ਕਰੈ॥ਸੁਨ ਮਨ ਸਭ ਕੇ ਚਿੰਤਾ ਪਰੇ॥
ਅਰ ਕਹੋ ਬਡਾ ਹੈ ਮੇਰਾ ਸਾਂਈ॥ਸੁਨਾ ਨਾ ਕਾਨ ਨ ਨੈਨ ਦਿਖਾਈ॥੧੪॥

॥ਦੋਹਰਾ॥

ਸੁਨਤ ਬਚਨ ਬਾਬਾ ਹਸੇ ਕੀਨਾ ਸਬਦ ਉਚਾਰ॥
ਸਾਹਿਬ ਕੀ ਮਹਿਮਾ ਕਹੋ ਸੁਨੋ ਪਿਤਾ ਸੁਖ ਸਾਰ॥੧੫॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਤੋਟਕ (ਅ)
[3] ਸਾਹਿਬ ਹਮਾਰਾ ਸਾ/ਚਾ॥ਮੈ ਤਾਹ ਰੰਗ ਰਾਚਾ॥ (ੲ)
[4] ਰਿਧ (ਅ)
[5] ਸਾਹਿਬ ਹਮਾਰਾ ਸਾ/ਚਾ॥ਹਰਿ ਰੰਗ ਰਾਚਾ॥ਮਦ ਰਿਧ ਸਿਧ ਦਾਤਾ॥ਆਦਰ ਕਰੇ ਹਮਾਰਾ॥ (ਸ)
[6] ਜੇ (ਸ)

ਇਹ ਸਬਦ ਉਚਾਰ ਕੀਆ॥[1]

॥ਰਾਗ[2] ਆਸਾ ਮ:੧॥

ਸੁਣ ਵਡਾ ਆਖੈ ਸਭ ਕੋਇ॥ਕੇਵਡ ਵਡਾ ਡੀਠਾ ਹੋਇ॥
ਕੀਮਤਿ ਪਾਏ ਨ ਕਹਿਆ ਜਾਏ॥ਕਹਨੇ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ ਗਹਰ ਗੰਭੀਰਾ[3]॥
ਕੋਇ ਨ ਜਾਨੈ ਤੇਰਾ ਕੇਤਾ ਕੇਵਡ ਚੀਰਾ॥੧॥ਰਹਾਉ॥

॥ਤਿਸ ਕਾ ਅਰਥ॥

ਹੇ ਪਿਤਾ ਜੀ ਸਭ ਕੋਈ ਸੁਣ ਸੁਣ ਵਡਿਆਈ ਮੇਰੇ ਸਾਹਿਬ ਕੀ ਕਰਤੇ ਹੈ ਐਸਾ ਬਡਾ ਹੈ॥ਕਿਸੀ ਦੇਖਾ ਨਹੀ॥ਅਰੁ ਕੀਮਤ ਕਹੀ ਨਹੀ ਜਾਤੀ॥ਜੋ ਕਰਨ ਜੋਗ ਹੈ॥ਸੋ ਤੋ ਉਸੀ ਮੋ ਲੀਨ ਹੋਇ ਰਹੇ ਹੈ॥ਕਿਆ ਕੋਈ ਕਹਿ ਸਕੇ ਐਸੇ ਬਡੇ ਸਾਹਿਬ ਗਹਰ ਗੰਭੀਰ ਗੁਨੀ ਗਹੀਰ ਕੀ ਸੋਭਾ ਤਿਸ ਕਾ ਆਦ ਅੰਤ ਕੋਈ ਨਾਹੀ॥ਜਾਨਤਾ ਐਸਾ ਬਡਾ ਹੈ॥

॥ਪਉੜੀ ਦੂਜੀ ਕਹੀ॥[4]

ਸਭ ਸੁਰਤੀ ਮਿਲ ਸੁਰਤ ਕਮਾਈ॥ਸਭ ਕੀਮਤੀਆ ਮਿਲ ਕੀਮਤ ਪਾਈ॥
16/ਅ ਗਿਆਨੀ/ਧਿਆਨੀ ਗੁਰ ਗੁਰਹਾਈ॥ਕਹਣ ਨ ਜਾਈ ਤੇਰੀ ਤਿਲ ਵਡਿਆਈ॥੨॥

॥ਤਿਸ ਕਾ ਅਰਥ॥

ਹੇ ਪਿਤਾ ਜੀ ਸਭ ਸੁਰਤਿਉ ਨੇ ਸੁਰਤ ਕਰ ਦੇਖਾ ਬਡੇ ਸਿਆਨੇ ਭੀ ਕੀਮਤ ਕਰ ਰਹੇ ਅਰੁ ਗਿਆਨੀ ਧਿਆਨੀ ਆਪਨੇ ਆਪਨੇ ਗੁਰ ਪਧਿਤ ਕਰ ਬੀਚਾਰ ਰਹੇ ਏਕ ਤਿਲ ਸਮਾਨ ਕੋਈ ਮਹਮਾ ਕੋ ਪਾਇ ਨਾਹੀ ਸਕਾ ਐਸਾ ਬਡਾ ਹੈ॥

॥ਪਉੜੀ ਤੀਜੀ ਕਹੀ॥[5]

ਸਭ ਸਤ ਸਭ ਤਪਿ ਸਭ ਚੰਗਿਆਈਆ॥ਸਿਧਾ ਪੁਰਖਾ ਕਿਆ ਵਡਿਆਈਆ॥
ਤੁਧ ਵਿਣ ਸਿਧੀ ਕਿਨੀ ਨ ਪਾਈਆ॥ਕਰਮ ਮਿਲੈ ਨਹੀ ਠਾਕ ਰਹਾਈਆ॥੩॥

॥ਤਿਸ ਕਾ ਅਰਥ॥[6]

ਹੇ ਪਿਤਾ ਜੀ ਜੇਤੇ ਜਪ ਤਪ ਹੈ ਅਰੁ ਭਲੇ ਕਰਮ ਹੈ ਅਰੁ ਸਿਧਾ ਪੁਰਖਾ ਕੀਆ ਬਡਿਆਈਆ ਹੈ॥ਬਿਨ ਮੇਰੇ ਸਾਹਬੇ ਕਹਾ ਸੋ ਪਾਏ॥ਜਬ ਕਿਰਪਾ ਕਰੇ ਤਬ ਪਾਏ॥ਬਿਨ ਕਿਰਪਾ ਕਿਛੁ ਨਾਹੀ ਪਾਈਤਾ[7]॥

॥ਚਉਥੀ ਪਉੜੀ॥[8]

ਆਖਣ ਵਾਲਾ ਕਿਆ ਵੇਚਾਰਾ॥ਸਿਫਤੀ ਭਰੇ ਭੰਡਾਰਾ॥
ਜਿਸ ਤੂੰ ਦੇਹ ਤਿਸੈ ਕਿਆ ਚਾਰਾ॥ਨਾਨਕ ਸਚ ਸਵਾਰਨਹਾਰਾ॥੪॥

॥ਤਿਸ ਕਾ ਅਰਥ॥

ਹੇ ਪਿਤਾ ਜੀ ਏਕ ਕੋਈ ਕਿਆ ਮਹਮਾਂ ਕੋ ਕਹਿ ਸਕੇ ਭਰੇ ਭੰਡਾਰ ਮਹਮਾ ਕੇ ਹੈ॥ਜਿਸ ਕੋ ਸਿਫਤ ਭੰਡਾਰ ਬਖਸ ਹੋਇ ਸੋ ਸਚੇ ਸਾਹਿਬ ਕੋ ਜਾਣੇ॥ਤਬ[9] ਮਹਿਮਾ ਕੋ ਪਾਏ॥

॥ਦੋਹਰਾ॥

ਜਬ ਇਹ ਮਹਮਾ ਨਾਨਕ ਜੀ ਕਹੀ ਸੁਨ ਕਾਲੂ ਜੀ ਖਿਮਾ ਕੀਨ॥
ਤਬ ਬਾਬਾ ਜੀ ਮਗਨ ਹੋਇ ਭਏ ਸਾਂਤ ਸਾਂਤ ਪਦ ਲੀਨ॥੧੯॥

॥ਸਾਖੀ ਪੂਰਨ ਹੋਈ॥੧੪॥[10]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

---

[1] ਇੱਥੇ 'ਇਹ ਸਬਦ ਉਚਾਰ ਕੀਆ॥' ਪੰਕਤੀ ਨਹੀਂ ਹੈ (ੲ)
[2] ਇੱਥੇ ਸ਼ਬਦ 'ਰਾਗ' ਨਹੀਂ ਹੈ (ੲ)
[3] ਵਡੇ ਮੇਰੇ ਸਾਹਿਬਾ ਗਹਰ ਗੰਭੀਰਾ ਗੁਨੀ ਗਹੀਰਾ॥ (ਅ,ੲ,ਸ)
[4] ਇੱਥੇ ਸਿਰਲੇਖ '॥ਪਉੜੀ ਦੂਜੀ ਕਹੀ॥ 'ਨਹੀਂ ਹੈ (ੲ)
[5] ਇੱਥੇ ਸਿਰਲੇਖ '॥ਪਉੜੀ ਤੀਜੀ ਕਹੀ॥ 'ਨਹੀਂ ਹੈ (ੲ)
[6] ਇੱਥੇ ਸਿਰਲੇਖ '॥ਤਿਸ ਕਾ ਅਰਥ॥ 'ਨਹੀਂ ਹੈ (ਅ)
[7] ਮਿਲਤਾ (ਅ)
[8] ਇੱਥੇ ਸਿਰਲੇਖ '॥ਪਉੜੀ ਚਉਥੀ ਕਹੀ॥ 'ਨਹੀਂ ਹੈ (ੲ)
[9] ਸੋ (ਅ)
[10] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ,ਸ)

17/ੳ

[ਸਾਖੀ/ਜੈ ਰਾਮ ਪਾਸ ਜਾਣਾ (ਸੁਲਤਾਨਪੁਰ ਲੋਧੀ)][1]

॥ਸੋਰਠਾ॥

ਗੁਰ ਨਾਨਕ ਮਗਨ ਹਰਿ ਰੰਗ ਕਾਲੂ ਜੀ ਜਾਨੈ ਨਹੀ॥
ਸਦਾ ਰਹੇ ਮਨ ਭੰਗ ਦੇਖ ਅਵਸਤਾ ਪੁਤ੍ਰ ਕੀ॥੧॥
ਮਨ ਮੋ ਕਰੀ ਤਤਬੀਰ ਜੈ ਰਾਮ ਪਾਸ ਭੇਜੇ ਇਨਹ[2]॥
ਉਹਾ ਕਾਮ ਕਾਜ ਕੀ ਭੀਰ ਪਰਚੇ ਚਿਤ ਨਾਨਕ ਤਹਾ॥੨॥

॥ਦੋਹਰਾ॥

ਤਬ ਲਗ ਖਤੁ ਜੈ ਰਾਮ ਕੋ ਇਹ ਬਿਧ ਪਹੁਚਿਓ ਆਇ॥
ਜੌ ਨਾਨਕ ਚਿਤ ਉਦਾਸ ਹੈ ਮੋ ਪਹ ਦੇਹੁ ਪਠਾਇ॥੩॥
ਕਾਲੂ ਜੀ ਚਿਠੀ ਪੜੀ ਪੁਨ ਨਾਨਕ ਜੀ ਦਈ ਸੁਨਾਇ॥
ਸੁਨਤ ਦਿਆਲ ਪਰਸੰਨ ਭਏ ਬੂਝਾ ਪ੍ਰੀ[3] ਸੁਭਾਇ॥੪॥

॥ਚੌਪਈ॥

ਤਬ ਕਾਲੂ ਜੀ ਪੂਛੀ ਬਾਤ॥ਜੈ ਰਾਮ ਬੁਲਾਇਆ ਤੁਮ ਕੋ ਤਾਤ॥
ਜਾਉ ਤਹਾ ਤੁਮਰਾ ਚਿਤੁ ਲਾਗੇ॥ਸੁਨ ਬਾਬਾ ਜੀ ਆਨੰਦ ਪਾਗੇ॥੫॥
ਇਕ ਖਿਜਮਤੀਆ ਸੰਗ ਕਰਿ ਲੀਆ॥ਸੁਲਤਾਂਨਪੁਰ ਕੋ ਤਿਆਰੀ ਕੀਆ॥
ਤਬ ਪਤਨੀ ਦਿਆਲ ਸੋ ਬਿਨਤੀ ਕਰੀ॥ਹਾਥ ਜੋੜ ਕਰਨਾ ਸੋ ਭਰੀ॥੬॥
ਜੋ ਕਬੀ ਪ੍ਰਭੂ ਹਮ ਮੁਖ ਨਹੀ ਲਾਇਆ॥ਤੌ ਹਮ ਦਰਸਨ ਦੇਖ ਸੁਖ ਪਾਇਆ॥
ਹਮ ਤੋ ਕਾਮ ਕਾਹੂ ਸੋ ਨਾਹੀ॥ਪ੍ਰਭ ਚਰਨਨ ਹਮਰੀ ਪਤਸਾਹੀ॥੭॥
ਸੁਨ ਬਚਨ ਬਿਨੇ ਬਾਬਾ ਜੀ ਹਸੇ॥ਦੀਨ ਦਿਆਲ ਦਇਆ ਰੰਗ ਰਸੇ॥
ਹੇ ਭੋਲੀ ਤੂੰ ਜਾਨਤ ਨਾਹੀ॥ਦਿਨ ਦਿਨ ਹੋਇ ਤੁਮਰੀ ਪਤਸਾਹੀ॥੮॥

॥ਦੋਹਰਾ॥

ਮਾਤਾ ਜੀ ਬਿਨਤੀ ਕਰੀ ਹੇ ਸੁਤ ਕਰੀਉ ਸਾਰ॥
ਮੈ ਅਨਾਥ ਕੋ ਤੂਹੀ ਧਨ ਲੀਜੈ ਸੁਧ ਬਾਰੰ ਬਾਰ॥੯॥

॥ਚੌਪਈ॥

ਬਾਬਾ ਜੀ ਸੁਲਤਾਂਨਪੁਰ ਚਲੇ॥ਪਹੁਚੇ ਜਾਇ ਜੈ ਰਾਮ ਸੋ ਮਿਲੇ॥
17/ਅ ਜੈ ਰਾਮ ਦੇਖ ਪ੍ਰਭ ਗਲੇ ਲਗਾਇਆ॥ਭ੍ਰਾਤ ਦੇਖ ਨਾਨਕੀ ਸੁ/ਖ ਪਾਇਆ॥੧੦॥
ਪੁਨ ਮਿਲਨੇ ਗਏ ਖਾਨ ਕੇ ਪਾਸ॥ਦੌਲਤ ਖਾਂਨ ਬਹੁ ਕਰੀ ਸੁ ਪਾਸ॥
ਦਿਆਨਤਦਾਰ ਬਾਬੇ ਕੋ ਚੀਨਾ॥ਮੋਦੀ ਖਾਨੇ ਕੀ ਖਿਜਮਤ ਦੀਨਾ॥੧੧॥
ਪੁਨ ਮੋਦੀ ਖਾਨੇ ਗਏ ਦਿਆਲ॥ਦੇਖ ਦਰਸਨ ਸਭ ਭਏ ਨਿਹਾਲ॥
ਪ੍ਰਭ ਕਾਰਬਾਰ ਨਿਜ ਹਾਥ ਚਲਾਵਾ॥ਹਰਿ ਦਾਤਾ ਗੁਪਤ ਪ੍ਰਗਟ ਹੋਇ ਆਵਾ॥੧੨॥
ਜਿਹ ਠਉਰ ਚਰਨ ਬਾਬਾ ਜੀ ਧਰੇ॥ਰਿਧ ਸਿਧ ਪੂਰਨ ਘਰ ਭਰੇ॥
ਇਕ ਗੁਨ ਖਰਚੇ ਦਸ ਗੁਨ ਬਢੇ॥ਕੋਊ ਜਿਨਸ ਕਬਹੂ ਨਹੀ ਘਟੇ॥੧੩॥

॥ਦੋਹਰਾ॥

ਆਪਨੇ ਹਾਥ ਜਾ ਕੋ ਦਏ ਤਾਕੀ ਦੂਖ ਭੁਖ ਜਾਇ॥
ਦਰਸਨ ਪ੍ਰਤਾਪ ਸਭ ਦੁਖ ਹਰੇ ਬਰਕਤ ਆਵੈ ਧਾਇ॥੧੪॥

॥ਅੜਲ॥

ਜੋ ਭੂਖਾ ਪਿਆਸਾ ਹੋਇ ਚਲ ਆਵੈ ਦਿਆਲ ਕੇ॥
ਭਰ ਪਲੜਾ ਤਿਸ ਦੇਹ ਤਰਾਜੂ ਢਾਲ ਕੇ॥
ਜਬ ਕੋਊ ਆਵੈ ਦੇਹਿ ਭਾਵ ਕਰ ਮਾਨ ਸੋ॥
ਜੋ ਪਾਵੈ ਹੋਇ ਪ੍ਰਸੰਨਿ ਸੋਭਾ ਕਰੈ ਖਾਨ ਸੋ॥੧੫॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇਨਾ (ਸ)
[3] ਪ੍ਰੀਤ (ਅ,ੲ)

ਚਾਰ ਜਾਮ ਦਿਨ ਮੋਦੀ ਖਾਨੇ ਮੋ ਤੁਲੇ॥
ਜਾ ਕੋ ਹੋਵੇ ਲੋੜ ਤਹਾ ਸਭ ਢੁਲ ਮਿਲੇ॥
ਪ੍ਰਭ ਇਛਆ ਸਭ ਕੀ ਪੁਰਵੇ ਆਵੇ ਤਹਾ॥
ਧਨ ਜੈ ਜੈ ਕਾਰ ਜਗਤ੍ਰ ਪੂਰ ਰਹੀ ਜਹ ਕਹਾ॥੧੬॥

॥ਦੋਹਰਾ॥

ਯਹ ਮੋਦੀ ਖਾਨੇ ਕੀ ਕਥਾ ਕਿਨ੍ਹ ਕਹੀ ਖਾਨ ਸੋ ਜਾਇ॥
ਤੁਮ ਮੋਦੀ ਨਾਨਕ ਕੋ ਕੀਆ ਦੀਨਾ ਮਾਲ ਲੁਟਾਇ॥੧੭॥

॥ਸੋਰਠਾ॥

ਜਬ[1] ਸੁਨੀ ਖਾਨ ਇਹ ਬਾਤ ਲੀਆ ਬੁਲਾਇ ਜੈ ਰਾਮ ਕੋ॥
ਆਇਆ ਕੰਪਤ ਗਾਤ ਇਹੁ ਬ੍ਰਿਥਾ ਖਾਨ ਤਾ ਸੋ ਕਹੀ॥੧੮॥

॥ਚੌਪਈ॥

ਜੈ ਰਾਮ ਗਏ ਨਾਨਕ ਜੀ ਪਾਸ॥ਉਹਾ ਲੇਤ ਖਾਤ ਬਹੁ ਕਰਤ ਬਿਲਾਸ॥
18/ੳ ਜਥਾ ਸੁਨਾ ਤੈਸੇ ਹੀ ਦੇਖਾ॥ਤਬ ਕਹੀ ਜੈ ਰਾਮ/ਇਹ ਬਾਤ ਬਿਸੇਖ[2]॥੧੯॥
ਕਿਨੀ ਖਾਨ ਸੋ ਜਾ[3] ਸਿਖਲਾਵਾ॥ਨਾਨਕ ਜੀ ਸਭ ਮਾਲ ਲੁਟਾਵਾ॥
ਮੋਹਿ ਕਹਾ ਖਾਨ ਤੁਖ ਦੇਖੋ ਜਾਈ॥ਕਿਉ ਕਰ ਨਾਨਕ ਮਾਲ ਲੁਟਾਈ॥੨੦॥
ਯਹ ਬਾਤ ਸੁਨਤ ਬਾਬਾ ਜੀ ਹਸੇ॥ਪੁਨ ਉਤ੍ਰ ਦੀਆ ਨੀਤ[4] ਰੰਗੁ ਰਸੇ॥
ਕਹੋ ਖਾਨ ਕੋ[5] ਲੇਹ ਸਮਾਲ॥ਜਮਾ ਖਰਚ ਬੂਝੋ ਤਤਕਾਲ॥੨੧॥
ਜੈ ਰਾਮ ਖਾਨ ਸੋ ਕਹਾ ਇਮ ਕਜੈ॥ਜਮਾ ਖਰਚ ਬੁਝ ਸਭ ਲੀਜੈ॥
ਦੀਵਾਨਨ ਜਮਾ ਖਰਚ ਸਭ ਬੁਝਾ॥ਬਡਾ ਮਾਲ ਦਸ ਗੁਨ ਤਬ ਸੁਝਾ॥੨੨॥

॥ਦੋਹਰਾ॥

ਦੌਲਤ ਖਾਨ ਤਬ ਬੂਝਿਆ ਨਾਨਕ ਹੈ ਬਡ ਸਾਧ॥
ਜਿਉ ਜਿਉ ਖਰਚੇ ਤਿਉ ਬਢੇ ਸੰਤਨ ਮਤਾ ਅਗਾਧ॥੨੩॥

॥ਚੌਪਈ॥

ਤਬ ਕਹਾ[6] ਖਾਨ ਮੋ ਸੋ ਭਈ ਭੂਲ॥ਨਾਨਕ ਤੂ ਬਰਕਤ ਕਾ ਮੂਲ॥
ਜਬ ਸੋ ਤੂੰ ਮੇਰੇ ਘਰ ਆਇਆ॥ਦਿਨ ਦਿਨ ਬਢੇ ਪ੍ਰਤਾਪ ਸਵਾਇਆ॥੨੪॥
ਤਬ ਦੌਲਤ ਖਾਨ ਅਪਨੇ ਗ੍ਰਹ ਗਏ॥ਸਦਾ ਮਗਨ ਬਾਬਾ ਜੀ ਰਹੇ॥
ਦਿਨ ਕੋ ਦਾਨ ਨਿਸ ਕੀਰਤ ਹੋਇ॥ਤਹਾ ਸਤ ਅਚਾਰ ਨਹੀ ਕਲ ਕੀ[7] ਸੋਇ॥੨੫॥
ਮਰਦਾਨਾ ਢਾਡੀ ਘਰ ਸੋ ਆਇਆ॥ਕਾਲੂ ਜੀ ਸੁਧ ਲੇਨ ਪਠਾਇਆ॥
ਬਾਬਾ ਜੀਅ ਆਦਿਰ ਤਿਸ ਕੀਨਾ॥ਨਿਜ ਸੰਗੀ ਜਾਨ ਪੁਰਾਤਨ ਚੀਨਾ॥੨੬॥
ਸੋ[8] ਚਲਿਤ੍ਰ ਤਿਲਵੰਡੀ ਭਏ॥ਮਰਦਾਨੇ ਸਭ ਜੈ ਰਾਮ ਸੋ ਕਹੇ॥
ਸੁਨਤ ਜੈ ਰਾਮ ਮਨ ਮੋ ਮਗਨਾਨਾ॥ਪਰਮ ਸਾਧ ਬਾਬਾ ਕਰ ਜਾਨਾ॥੨੭॥

॥ਦੋਹਰਾ॥

ਮਰਦਾਨੇ ਕੋ ਸਤਿਗੁਰ ਰਖਾ ਕਰ ਕਿਰਪਾ ਅਪਨੇ ਪਾਸ॥
ਦਾਮ[9] ਦਾਨ ਇਸਨਾਨ ਤਿਹ ਸਦਾ ਅਨੰਦ ਬਿਲਾਸ॥੨੮॥

॥ਸਾਖੀ ਪੂਰਨ ਹੋਈ॥੧੫॥

18/ਅ ਸ੍ਰੀ ਵਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ/ਧਾਰ[10]॥

---

[1] ਇੱਥੇ ਸ਼ਬਦ 'ਜਬ' ਨਹੀਂ ਹੈ (ਅ)
[2] ਬਿਸੇਖਾ (ਅ,ਸ)
[3] ਜਾਇ (ਅ,ੲ)
[4] ਕੀਤ (ਸ)
[5] ਸੋ (ਅ)
[6] ਇੱਥੇ ਸ਼ਬਦ 'ਕਹਾ' ਨਹੀ ਹੈ (ੲ)
[7] ਇੱਥੇ ਸ਼ਬਦ 'ਕੀ' ਨਹੀ ਹੈ (ੲ)
[8] ਜੋ (ੲ)
[9] ਨਾਮ (ਅ,ੲ)
[10] ਉਧਾਰ (ਅ,ੲ,ਸ)

[ਸਾਖੀ ਵੇਈਂ ਪ੍ਰਵੇਸ਼][1]

॥ਦੋਹਰਾ॥

ਸਤ ਚਿਦਾ[2] ਆਨੰਦ ਘਨ ਦਿਨ ਦਿਨ ਕਰਤ ਪ੍ਰਕਾਸ॥
ਬਾਵਨ ਚੰਦਨ ਹੋਤ ਜਹ ਪ੍ਰਗਟਤ ਬਾਸ ਸੁਬਾਸ॥੧॥

॥ਅੜਲ॥

ਸੁਧਾ ਸਮਾ ਜਬ ਪਹਰਾਤ ਪਿਛਲੀ ਰਹੇ॥
ਤਬ ਕਰੇ ਨਦੀ ਇਸਨਾਨ ਬੇਈ ਨਿਕਟੇ ਬਹੇ॥
ਇਕ ਰਹੇ ਟਹਲੂਆ ਸੰਗ ਬਸਤ੍ਰ ਲੇ ਸਾਥ ਮੋ॥
ਪ੍ਰਭ ਜਲ ਮੋ ਠਾਢੇ ਰਹੇ ਨਿਕਸੇ ਪ੍ਰਭਾਤ ਕੋ॥੨॥
ਪ੍ਰਭ ਦਿਵਸ ਏਕ ਇਸਨਾਨ ਕਰਨ ਬੇਈ ਗਏ॥
ਜਾਇ ਜਲ ਮੋ ਭਏ ਅਲੋਪ ਬਹੁੜ ਨਹੀ ਨਿਕਸੇ॥
ਦੇਖ ਟਹਲੂਆ ਭਇਆ ਬਿਸਮਾਦ ਨਿਸ ਜਾਮ ਬੀਤਾਇਆ॥
ਭਈ ਭੋਰ ਨ ਨਿਕਸੇ ਦਿਆਲ ਗ੍ਰਹ ਕੋ ਚਲ ਆਇਆ॥੩॥
ਇਹ ਬਿਰਥਾ ਸਭ ਬਿਰੰਤਤ ਕਹਾ ਜੈ ਰਾਮ ਸੋ॥
ਸੁਨ ਬੂਢੇ ਚਿੰਤਾ ਘੋਰ ਕਹਾ ਜਾਇ ਖਾਨ ਸੋ॥
ਨਿਸ ਨਿਤ ਪ੍ਰਤ ਜਾਤ ਇਸਨਾਨ ਆਜ ਨਾਵਨ ਗਏ॥
ਦੇਖਤ ਜਲ ਮੋ ਗਏ ਬਹੁਰ ਨਹੀ ਨਿਕਸੇ॥੪॥
ਸੁਨਤ ਖਾਨ ਇਹ ਬਾਤ ਨਦੀ ਚਲ ਆਇਆ॥
ਬਹੁ ਮਾਹੀਗੀਰ ਬੁਲਾਇ ਜਾਲ ਜਲ ਪਾਇਆ॥
ਖੋਜੈ ਕੁੰਡ ਅਨੇਕ ਖੋਜ ਸਗਲੀ ਨਦੀ॥
ਨਹੀ ਪਾਇਆ ਕਛੂ ਨਿਸਾਨ ਆਇ ਖਾ ਨੇ ਕਹੀ॥੫॥

॥ਦੋਹਰਾ॥

ਖਾਂਨ ਕੀਨ ਅਫਸੋਸੁ[3] ਬਹੁ ਜੈ ਰਾਮ ਭਏ ਬਿਸਮਾਦ॥
ਰੁਦਨ ਕਰਤ ਦੁਇ ਦਿਨ ਭਏ ਚਿੰਤਾ ਬੇਮਿਰਜਾਦ॥੬॥

॥ਤੋਮਰ ਛੰਦ॥

ਤੀਜੈ ਦਿਵਸ ਭਈ ਭੋਰ॥ਚਿਤਵੰਤ ਚੰਦ ਚਕੋਰ॥
ਨਿਕਸੇ ਨਦੀ ਸੋ ਦਿਆਲ॥ਜਿਮ ਦੂਜ ਕੋ ਸਿਸ ਬਾਲ॥੭॥
ਬੈਠੇ ਨਿਕਸ ਤਲੇ ਬੇਰ॥ਜੁਰੇ ਲੋਕ ਚਹੁ ਦਿਸ ਘੇਰ॥
19/ੳ ਪ੍ਰਭ/ਕਹੈ ਯਹੀ ਬਿਖਾਨ॥ਹਿੰਦੂ ਨ ਮੁਸਲਮਾਨ॥੮॥
ਜੈ ਰਾਮ ਆਏ ਧਾਇ॥ਮੁਖ ਕਹਤ ਸੁਨੇ ਬਕਾਇ॥
ਜੈ ਰਾਮ ਸੋ ਕਹੈ ਲੋਗ॥ਭਇਆ ਜਿੰਨ ਭੂਤ ਸੰਜੋਗ॥੯॥
ਕੋਊ ਗੁਨੀ ਲੇਹੁ ਬੁਲਾਇ॥ਝਾੜਾ ਕਰੈ ਦੁਖ ਜਾਇ॥
ਸੁਣ ਹਸੇ ਪ੍ਰਭੂ ਦਿਆਲ॥ਮੁਖ ਸਬਦ ਕੀਨ ਉਚਾਰ॥੧੦॥

॥ਰਾਗ ਮਾਰੂ ਮ:੧॥[4]

ਕੋਈ ਆਖੈ ਭੂਤਨਾ ਕੋਈ ਬੇਤਾਲਾ॥
ਕੋਈ ਆਖੈ ਆਦਮੀ ਨਾਨਕ ਬੇਚਾਰਾ॥੧॥
ਭਇਆ ਦਿਵਾਨਾ ਸਾਹ ਕਾ ਨਾਨਕ ਬੌਰਾਨਾ॥
ਹਉ ਹਰਿ ਬਿਨ ਅਉਰ ਨ ਜਾਨਾ॥੧॥ਰਹਾਉ॥
ਤੌ ਦਿਵਾਨਾ ਜਾਨੀਐ ਜਾ ਭੈ ਦਿਵਾਨਾ ਹੋਇ॥
ਸਾਹਿਬ ਏਕਾ ਬਾਹਰੀ ਦੂਜਾ ਅਵਰ ਨ ਜਾਣੈ ਕੋਇ॥੨॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਸਚਿਦਾਨੰਦ (ਅ), ਸਤਿ ਚਿਤ (ੲ)
[3] ਹਮਸੋਸ (ਅ)
[4] ਇੱਥੇ ਸਿਰਲੇਖ '॥ਸਬਦ ਕੀਆ॥' (ਅ), '॥ਤਿਲੰਗ ਮਹਲਾ ੧॥' (ੲ) ਹਨ

ਤੌ ਦਿਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥
ਹੁਕਮ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥੩॥
ਤੌ ਦਿਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰ॥
ਮੰਦਾ ਜਾਣੈ ਆਪ ਕੋ ਅਵਰ ਭਲਾ ਸੰਸਾਰ॥੪॥

॥ਦੋਹਰਾ॥

ਪੁਨ ਨਾਨਕ ਜੀ ਚੁਪ ਕਰ ਰਹੇ ਬਿਸਮ ਭਏ ਸਭ ਲੋਗ॥
ਕੁਛ ਕਾਮ ਅਕਲ ਸੋ ਨਾ ਚਲੈ ਜੋ ਹਰਿ ਕਰੇ ਸੋ ਹੋਗ॥੧੧॥

॥ਚੌਪਈ॥

ਜਬ ਬੋਲੇ ਤਬ ਇਹੀ ਬਿਖਾਨ॥ਨਹੀ ਕੋਈ ਹਿੰਦੂ ਨਹੀ ਮੁਸਲਮਾਨ॥
ਦੌਲਤ ਖਾਨ ਸੁਨ ਬਹੁ ਸੁਖ ਪਾਇਆ॥ਨਿਕਸ ਸਲਾਮਤ ਨਾਨਕ ਆਇਆ॥੧੨॥
ਖਾਨ ਨਿਜ ਆਦਮੀ ਦੀਆ ਪਠਾਇ॥ਹੇ ਨਾਨਕ ਜੀ ਹਮ ਪਹਿ ਤੂ ਆਇ॥
ਇਮ ਬੋਲੇ ਪ੍ਰਭ ਸਹਜ ਸੁਭਾਇ॥ਮੋਹਿ ਤੇਰੇ ਖਾਨ ਕੀ ਕਿਆ ਪਰਵਾਹ॥੧੩॥
ਤਿਸ ਆਦਮੀ ਖਾਨ ਕੋ ਕਹਾ ਸੁਨਾਈ॥ਸੁਨ ਕਹਾ ਖਾਨ ਵੈ ਵਲੀ ਖੁਦਾਈ॥
19/ਅ ਪੁਨਿ ਪਠਿਓ ਕੋਊ ਦੇ ਵਾਸਤਾ ਰਬ॥ਸੁਨ ਬੋਲੇ ਨਾਨਕ ਜੀ ਬਨਿਓ ਸਬਬ॥੧/੪॥
ਅਬ ਚਲੋ ਸਾਹਬ ਸੱਦਾ ਆਇਆ॥ਉਠਿ ਚਲੇ ਦਿਆਲ ਖਾਨ ਪਹਿ ਧਾਇਆ॥
ਦੇਖ ਖਾਨ ਕੀਨਾ ਤਾਜੀਮ॥ਪਾਸ ਬੈਠਾਇਆ ਫਕਰ ਅਜੀਮ॥੧੫॥

॥ਦੋਹਰਾ॥

ਕਾਜੀ ਆਏ ਥੇ ਤਹਾ ਬੈਠੇ ਖਾਨ ਕੇ ਪਾਸ॥
ਨਹੀ ਹਿੰਦੂ ਕੋਈ ਨ ਮੁਸਲਮਾਨ ਪ੍ਰਭ ਬੋਲੇ ਬਾਕ ਬਿਲਾਸ॥੧੬॥

॥ਬੈਤ॥

ਕਹਾ ਖਾਨ ਸੋ ਸੁਨ ਸਰੀਅਤ ਪਨਾਹ॥ਕਹੇ ਕੁਫਰ ਨਾਨਕ ਏ ਸੁਨਨਾ ਗੁਨਾਹ॥੧੭॥
ਕਹਾ ਖਾਨ ਨੇ ਆਪ ਪੁਛੋ ਤਿਸੇ॥ਹੈ ਦਰਵੇਸ ਕਾਮਲ ਕਹੇਗਾ ਬਸੇ॥੧੮॥
ਮੇਰੇ ਰੋਬਰੋ ਪੂਛ ਲੀਜੈ ਜਬਾਬ॥ਦਿਗਰ ਬਾਤ ਕਰਨਾ ਹੈ ਇਨ ਸੋ ਅਜਾਬ॥੧੯॥
ਹੇ ਨਾਨਕ ਹੇ[1] ਕਵਨ ਬੂਝਾ ਗਿਆਨ॥ਕਹੋ ਨਾਹੀ ਹਿੰਦੂ ਨਹੀ ਮੁਸਲਮਾਨ॥੨੦॥
ਕਵਨ ਬਾਤ ਪਾਈ ਜੁ ਐਸੀ ਕਹੋ॥ਨਿਸਾ ਨਾਹਿ ਕੀਜੈ ਤੋ ਤੋਬਾ ਰੋ[2]॥੨੧॥
ਤਬੀ ਦਿਆਲ ਬੋਲੇ ਸੁਨੀਜੈ ਜਬਾਬ॥ਕਹੋ ਬਾਤ ਸਾਚੀ ਜੁ ਮੂਜਬ ਕਿਤਾਬ॥੨੨॥

॥ਇਹ ਸਲੋਕ ਉਚਾਰ ਕੀਆ॥[3]

ਮੁਸਲਮਾਨ ਕਹਾਵਨ ਮੁਸਕਲ ਜਾ ਹੋਇ ਤ ਮੁਸਲਮਾਨ ਕਹਾਵੈ॥
ਅਵਲ ਅਉਲ ਦੀਨ ਕਰਿ ਮਿਠਾ ਮੁਸਕਲਮਾਨਾ ਮਾਲੁ ਮੁਸਾਵੈ॥
ਹੋਇ ਮੁਸਲਮੁ ਦੀਨ ਮੁਹਾਣੇ ਮਰਨ ਜੀਵਨ ਕਾ ਭਰਮ ਚੁਕਾਵੈ॥
ਰਬ ਕੀ ਰਜਾਇ ਮੰਨੈ ਸਿਰ ਉਪਰ ਕਰਤਾ ਮੰਨੈ ਆਪੁ ਗਵਾਵੈ॥
ਨਾਨਕ ਸਰਬ ਜੀਆ ਮਿਹਰਮਤ ਹੋਵੈ ਤਾ ਮੁਸਲਮਾਨ ਕਹਾਵੈ॥੧॥
ਕਹਾ ਜਬ ਪ੍ਰਭੂ ਦਿਆਲ ਕਲਾਮ॥ਸੁਨਤ ਬਾਤ ਹਜਰਤ ਖਮੋਸੀ ਮੁਕਾਮ॥੨੩॥
ਕਹਾ ਖਾਨ ਨੇ ਯਿਹ ਵਲੀ ਹੈ ਖੁਦਾਈ॥ਇਨੋ ਸੋ ਕੁਛੂ ਬਾਤ ਕਰਨੀ ਮਨਾਹੀ॥੨੪॥
ਭਇਆ ਵਖਤ ਪੇਸੀ ਕੀ ਨਿਮਾਜ ਕਾ॥ਚਲੇ ਖਾਨ ਕਾਜੀ ਜੀ ਮਸਜਿਦ ਜਹਾ॥੨੫॥
20/ੳ ਗਏ ਸੰਗ ਬਾ/ਬਾ ਜੀ ਗੋਸੇ ਲਗੇ॥ਖਲੇ ਹੋਇ ਮੋਮਨਿ ਨਿਮਾਜੋ ਪਗੇ॥੨੬॥
ਹਸੇ ਦੇਖ ਬਾਬਾ ਜੀ ਦੇਖ ਕਾਜੀ ਤਰਫ॥ਜੋ ਬੂਝੀ ਵਲੀ ਲੋਗ ਸਭ ਕਾ ਜਰਫ॥੨੭॥
ਫਰਾਕਤ ਕਰੀ ਸਭ ਜੋ ਬੈਠੇ ਉਹਾ॥ਕਹਾ[4] ਖਾਨ ਸੋ ਆਪ ਕਾਜੀ ਤਹਾ॥੨੮॥
ਦੇਖੋ ਜੀ ਜੁ ਨਾਨਕ ਜੁ ਹਸਤ ਹੈ ਨਿਮਾਜ॥ਕੁਫਰੁ ਬਾਤ ਕੋ ਦੇਖ ਸੁਨਨਾ ਅਜਾਬ॥੨੯॥
ਕਹਾ ਖਾਨ ਕਾਜੀ ਸੋ ਪੂਛੋ ਇਨੇ॥ਕਵਨ ਬਾਤ ਦੇਖਾ ਹਸੇ ਹੈ ਘਨੇ॥੩੦॥
ਕਹਾ ਬਾਤ ਕਾਜੀ ਹਸੇ ਤੁਮ ਕਿਸੇ॥ਨਿਮਾਜੀ ਕੋ ਹਸਨਾ ਗੁਨਹ ਹੈ ਬਸੇ॥੩੧॥

---

[1] ਕਹੋ (ਅ) ਇੱਥੇ ਸ਼ਬਦ 'ਹੇ' ਨਹੀਂ ਹੈ (ੲ)
[2] ਕਰੋ (ਅ,ੲ,ਸ)
[3] ਇੱਥੇ ਸਿਰਲੇਖ '॥ਸਲੋਕ ਮਹਲਾ ੧॥' ਹੈ (ੲ)
[4] ਕਹਾ ਬਖਾਨ (ਅ)

ਹਸੇ ਹਮ ਸਚੀ ਪਰ ਨ ਬੋਲੈ ਫਜੂਲ॥ਪੜੀ ਤੁਮ ਨਿਮਾਜੈ ਪੜੀ ਨ ਕਬੂਲ॥੩੨॥
ਕਹਾ ਖਾਨ ਤਕਸੀਰ ਕਿ ਯਹ ਭਈ॥ਕਹੋ ਤੁਮ ਸਚੀ ਜੋ ਪਛਾਨੀ ਸਹੀ॥੩੩॥
ਬੋਲੇ ਦਿਆਲ ਜੀ ਬਾਤ ਸਾਚੀ ਸੁਨਾਈ॥ਕਾਜੀ ਜੀ ਕੇ ਘਰ ਮਾਹ ਘੋੜੀ ਬਿਆਈ॥੩੪॥
ਬਛੇਰੀ ਅੰਗਨ ਮਾਹ ਦੌੜੀ ਫਿਰੈ॥ਅੰਗਨ ਮਾਹ ਕੂਆ ਨ ਤਾ ਮੋ ਪਰੈ॥੩੫॥
ਯਹ ਖਤਰੇ ਮੋ ਕਾਜੀ ਪੜੀ ਹੈ ਨਿਮਾਜ॥ਨਈ ਇਮਾਨ ਥਾ ਠੌਰ ਏਹੀ ਅਜਾਬ॥੩੬॥
ਸੁਨੀ ਬਾਤ ਕਾਜੀ ਬਿਸਮੈ ਭਏ॥ਬੂਝੀ ਬਾਤ ਸਾਚੀ ਜੁ ਨਾਨਕ ਕਹੈ॥੩੭॥
ਕਹਾ ਖਾਨ ਮੇਰਾ ਕਹਾ ਥਾ ਇਮਾਨ॥ਕਹੋਗੇ ਸਚੀ ਬਾਤ ਸਾਹਿਬ ਸੁਜਾਨ॥੩੮॥
ਕਹਾ ਦਿਆਲ ਜੀ ਤੁਮ ਗਏ ਥੇ ਕੰਧਾਰ॥ਖਰੀਦਾਰ ਅਸਪੋ ਕੇ ਫਿਰਤੇ ਬਜਾਰ॥੩੯॥
ਤੁਮਾਰੀ ਭੀ ਨਿਮਾਜ ਨਾਹੀ ਕਬੂਲ॥ਨਹੀ ਠੌਰ ਈਮਾਨ ਬਿਨ ਸਭ ਫਜੂਲ॥੪੦॥

॥ਦੋਹਰਾ॥

ਕੁਦਰਤ ਦੇਖੀ ਖਾਨ ਜਬ ਲਾਗਾ ਕਦਮਨ ਧਾਇ॥
ਮਦਤ ਹਮਾਰੀ ਕੀਜੀਏ ਸਾਹਿਬ ਵਲੀ ਖੁਦਾਇ॥੪੧॥

॥ਤਬ ਬਾਬਾ ਜੀ ਖਾਨ ਕੇ ਪਰਥਾਇ ਸਲੋਕ ਆਖਿਆ॥[1]

ਜਿਨਾ ਭੌ ਉਨਾ[2] ਨਾਹ ਭੌ ਮੁਚ ਭੌ ਨਿਭਾਇਆ॥
20/ਅ ਨਾਨਕ ਏਹੁ ਪਟੰਤ/ਰਾ ਦਿਸੇ ਦੀਬਾਨ ਗਇਆ॥੧॥

[3]ਹੇ ਖਾਨ ਜੀ ਜਿਨ ਰਬ ਕਾ ਭੋਉ ਜੈ ਤਿਨ ਕੋ ਕਿਸੀ ਕਾ ਭੌ ਨਾਹੀ॥ਅਰੁ ਜਿਨ ਕਉ ਰਬ ਕਾ ਭਉ ਨਾਹੀ ਤਿਨ ਕੋ ਸਭ ਕਾ ਭਉ ਹੈ॥ਜਬ ਪਰਮੇਸਰ ਕੀ ਦਰਗਾਹ ਜਾਇਗਾ॥ਤਬ ਇਸ ਪਟੰਤਰੇ ਕੋ ਜਾਨੈਗਾ॥

॥ਦੋਹਰਾ॥

ਕਹੇ ਖਾਨ ਨਾਨਕ ਵਲੀ ਕਰੋ ਮਾਫ ਤਕਸੀਰ॥
ਕਿਤ ਬਿਧ ਮੋ ਮਨ ਪਾਕ ਹੋਇ ਫਿਰ ਹੋਇ ਨ ਮਰੇ ਜਹੀਰ॥੪੨॥

॥ਤਬ ਬਾਬੇ ਜੀ ਸਲੋਕੁ ਕਹਿਆ॥[4]

ਮਿਹਰ ਮਸੀਤ ਸਿਦਕ ਮੁਸਲਾ ਹਕ ਹਲਾਲ ਕੁਰਾਨ॥
ਸਰਮ ਸੁੰਨਤ ਸੀਲ ਰੋਜਾ ਹੋਇ ਮੁਸਲਮਾਨ॥
ਕਰਣੀ ਕਾਬਾ ਸਚ ਪੀਰ ਕਲਮਾ ਕਰੇ ਨਿਮਾਜ॥
ਤਸਬੀ ਸਾ ਤਿ[5] ਭਾਵਸੀ ਨਾਨਕ ਰਖੈ ਲਾਜ॥੧॥

॥ਤਿਸ ਕਾ ਅਰਥ॥[6]

ਹੇ ਕਾਜੀ ਜੀ ਮਿਹਰ ਮਸੀਤ ਮੋ ਸਿਦਕ ਕਾ ਮੁਸਲਾ ਬਿਛਾਵੈ ਅਰ ਹਕ ਹਲਾਲ ਬੂਝਨਾ॥ਹੁਕਮੁ ਕੁਰਾਨ ਹੈ॥ਅਰੁ ਸਰਮ ਸੁੰਨਤ ਅਰੁ ਸੀਲ ਰਖਨਾ ਯੇ ਹੀ ਰੋਜਾ ਹੈ॥ਐਸਾ ਕਿਰਦਾਰ ਸੋ ਪਾਕ ਮੁਸਲਮਾਨ ਹੋਇ॥ਕਰਨੀ ਭਲੀ ਕਾਬਾ ਹੈ॥ਸਚੁ ਮੁਰਸਦੁ ਹੈ॥ਅਰੁ ਦਿਲ ਕੋ ਪਾਕ ਰਖਨਾ ਕਲਮਾ ਹੈ॥ਅਰੁ ਤਸਲੀਮ ਰਜਾਇ ਮੋ ਰਹਨਾ ਯਹ ਤਸਬੀ ਹੈ॥ਜੋ ਐਸੇ ਕਿਰਦਾਰ ਕਰ ਪਾਕ ਹੋਇ ਤਿਨ ਕੋ ਬਿਹਸਤ ਨਸੀਬ ਹੋਇ॥ਸਾਹਬ ਤਿਸ ਕੀ ਲਜਿਆ ਰਾਖੈਗਾ॥

॥ਸੋਰਠਾ॥

ਪੁਨ ਕਾਜੀ ਜੀ ਕੀਆ ਸਵਾਲ ਜੋ ਹਕ ਪਰਾਇਆ ਛੀਨ ਖਾਹ॥
ਤਾ ਕਾ ਕਵਨ ਹਵਾਲ ਦੇਹੁ ਬਿਆਨ ਨਾਨਕ ਵਲੀ॥੪੩॥

॥ਤਬ ਬਾਬੇ ਜੀ ਸਲੋਕ ਬੋਲਆ॥[7]

ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥

---

[1] ਇੱਥੇ ਸਿਰਲੇਖ '॥ਸਲੋਕ ਮਹਲਾ ੧॥' (ੲ)
[2] ਤਿਨਾ (ਅ)
[3] ਇੱਥੇ ਸਿਰਲੇਖ '॥ਤਿਸ ਕਾ ਅਰਥ॥' ਹੈ (ਸ)
[4] ਇੱਥੇ ਸਿਰਲੇਖ '॥ਸਲੋਕ ਮਹਲਾ ੧॥' ਹੈ (ੲ)
[5] ਤਿਸ (ਅ,ੲ,ਸ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਇੱਥੇ ਸਿਰਲੇਖ '॥ਸਲੋਕ ਮਹਲਾ ੧॥' ਹੈ (ੲ)

ਗੁਰ ਪੀਰ ਹਾਮਾ ਜਾ ਭਰੇ ਜੁ ਮੁਰਦਾਰ ਨ ਖਾਇ॥
ਗਲੀ ਭਿਸਤ ਨ ਜਾਈਐ[1] ਛੂਟੈ ਸਚੁ ਕਮਾਇ॥
ਮਾਰਨ ਪਾਹਿ ਹਰਾਮ ਮਹਿ ਹੋਇ ਹਲਾਲ ਨ ਜਾਇ॥
21/ੳ /ਨਾਨਕ ਗਲਾ ਕੂੜੀਆ ਕੂੜੋ ਪਲੈ ਪਾਇ॥

[2]ਹੇ ਕਾਜੀ ਜੀ ਹਕ ਪਰਾਇਆ ਮੁਸਲਮਾਨ ਕੋ ਸੂਰ ਹਿੰਦੂ ਕੋ ਗਾਇ ਹੈ ਮੁਰਸਦ ਹਾਮੀ ਹਲਾਲ ਕਾ ਹੈ॥ਜੋਰ ਸੋ ਮਾਰ ਖਾਨਾ ਹਰਾਮ ਹੈ ਖੁਸੀ ਸੋ ਹਲਾਲ ਹੈ॥ਹੋਰ ਬਾਤ ਸਭ ਕੂੜ ਹੈ॥ਕੂੜ ਸੋ ਕੂੜ ਹੀ ਪਲੈ ਪੜਤਾ ਹੈ॥

॥ਦੋਹਰਾ॥

ਹੇ ਨਾਨਕ ਵਲੀ ਨਿਮਾਜ ਪੰਜ ਕਿਉ ਕਰਿ ਪੜੇ ਕਬੂਲ॥
ਦੀਜੈ ਸਚ ਬਿਆਨ ਇਹੁ ਮੌਲਾ ਕੇ ਮਕਬੂਲ॥੪੪॥

॥ਤਬ ਬਾਬਾ ਜੀ ਸਲੋਕ ਕਹਾ॥[3]

ਪੰਜ ਨਿਮਾਜਾ ਵਖਤ ਪੰਜ ਪੰਜਾ ਪੰਜੇ ਨਾਉ॥
ਪਹਲੇ ਸਚ ਹਲਾਲ ਦੁਇ ਤੀਜੈ ਖੈਰ ਖੁਦਾਇ॥
ਚੌਥੀ ਨੀਅਤ ਰਾਸ ਕਰ ਪੰਜਵੀ ਸਿਫਤ ਸਨਾਇ॥
ਕਰਨੀ ਕਲਮਾ ਆਖ ਕੇ ਤਾ ਮੁਸਲਮਾਨ ਸਦਾਇ॥
ਨਾਨਕ ਜੇਤੇ ਕੂੜਆਰ ਕੂੜੋ ਪਲੈ ਪਾਇ॥੧॥

ਹੇ[4] ਕਾਜੀ ਜੀ ਇਹੁ ਪੰਜ ਨਿਮਾਜ ਕੋਈ ਕਰ ਜਾਨਤਾ ਹੈ॥ਤਿਸ ਕੋ ਬਹਿਸਤ ਨਸੀਬ ਹੈ॥ਪਾਕ ਬੰਦਾ ਹੈ॥

॥ਦੋਹਰਾ॥

ਜਬ ਇਹ ਸਲੋਕ ਸਤਿਗੁਰ ਕਹਾ ਕਾਜੀ ਸੁਨ ਮਗਨਾਨ॥
ਸਭੀ ਲੋਗ ਕਦਮੀ ਪੜੇ ਪੁਨਿ ਹੋਇ ਰਹੇ ਹੈਰਾਨਿ॥੪੫॥

॥ਚੌਪਈ॥

ਸਭ ਮਿਲ ਖਾਨ ਸੋ ਮਸਲਤ ਕਰੀ॥ਨਾਨਕ ਕੋ ਰਾਖੋ ਇਹ ਘਰੀ॥
ਹਮ ਸਭ ਇਨ ਕੀ ਸੇਵਾ ਕਰੇਂ॥ਜੋ ਕਹੇ ਸੋਈ ਆਗਿਆ ਅਨਸਰੇ॥੪੬॥
ਤਬ ਦੌਲਤ ਖਾਂਨ ਬਹੁ ਬਿਨਤੀ ਕੀਨਾ॥ਰਹੀਐ ਸਾਹਿਬ ਸੰਤ ਪਰਬੀਨਾ॥੪੭॥
ਜੋ ਫੁਰਮਾਵੋ ਸੋਈ ਕਰੇ॥ਦੀਨ ਦੁਨੀ ਕਾ ਕਾਜ ਸਭ ਸਰੇ॥੪੭॥
ਬੋਲੇ ਸਤਗੁਰ ਬਚਨ ਬਿਲਾਸ॥ਅਬ ਹਮਰੋ ਹੈ ਚਿਤ ਉਦਾਸ॥
ਕੁਛ ਚਿੰਤਾ ਮਨ ਮੋ ਮਤ ਕਰੋ॥ਯਾਦ ਰਬ ਕੀ ਮਨ ਮੋ ਧਰੋ॥੪੮॥
ਤਬ ਦੌਲਤ ਖਾਂਨ ਕਦਮਨ ਪਰ ਪੜੇ॥ਪ੍ਰੇ[5] ਹੇਤ ਬਾਬਾ ਰਹੇ ਖੜੇ॥
21/ਅ ਤੁਮ ਮਿਹਰ ਕਰੋ ਤਬ ਰਬ ਹੋਇ ਯਾਦ॥ਨਹੀ ਜਨਮ ਜਾਇ ਬਿਰਥਾ ਸਭ ਬਾਦਿ॥/੪੯॥
ਦੇਖਾ ਦਿਆਲ ਖਾਨ ਰੰਗੁ ਲਾਗਾ॥ਉਪਜਿਓ ਵੈਰਾਗ ਪ੍ਰੇਮ ਰਸ ਪਾਗਾ[6]॥
ਕਰੀ ਮਿਹਰ ਮੁਖ ਸਬਦ ਬਖਾਨਾ॥ਦੌਲਤ ਖਾਨ ਸੁਨਤ ਮਨੁ ਮਾਨਾ[7]॥੫੦॥

॥ਸਬਦ ਸ੍ਰੀ ਮੁਖਵਾਕ ਸਿਰੀ ਰਾਗ ਮ:੧[8]॥

ਅਮਲ ਕਰ ਧਰਤੀ ਬੀਜ ਸਬਦੋ ਕਰੈ ਸਚ ਕੀ ਆਬ ਨਿਤ ਦੇਹ ਪਾਣੀ॥
ਹੋਇ ਕਿਰਸਾਨ ਈਮਾਨ ਜਮਾਇ ਲੇ ਭਿਸਤ ਦੋਜਕ ਮੂੜੇ ਏਵ ਜਾਣੀ॥੧॥
ਮਤ ਜਾਨ ਸਹ ਗਲੀ ਪਾਇਆ॥
ਮਾਲ ਕੇ ਮਾਣੇ ਰੂਪ ਕੀ ਸੋਭਾ ਇਤ ਬਿਧੀ ਜਨਮੁ ਗਵਾਇਆ॥੧॥ਰਹਾਉ॥

---

[1] ਜਾਣੀਐ (ਅ)
[2] ਇੱਥੇ ਸਿਰਲੇਖ '॥ਅਰਥਾਤ॥' ਹੈ (ਸ)
[3] ਇੱਥੇ ਸਿਰਲੇਖ '॥ਸਲੋਕ ਮਹਲਾ ੧॥' ਹੈ (ੲ)
[4] ਇੱਥੇ ਸਿਰਲੇਖ '॥ਅਰਥ॥' (ੲ), '॥ਅਰਥਾਤ॥' (ਸ) ਹਨ
[5] ਪ੍ਰੇਮ (ਅ,ੲ)
[6] ਧਾਗਾ (ਅ)
[7] 'ਮਨੁ ਮਾਨਾ' ਦੀ ਜਗ੍ਹਾ ਤੇ 'ਬੌਰਾਨਾ' ਹੈ (ੲ)
[8] ਇੱਥੇ ਸਿਰਲੇਖ '॥ਸਬਦ ਸ੍ਰੀ ਮੁਖਵਾਕ ਓਚਾਰ ਕੀਆ ਸਿਰੀ ਰਾਗ ਮ:੧॥' (ਅ), '॥ਸਬਦ ਸਿਰੀ ਰਾਗ ਮ:੧॥' (ੲ) ਹਨ

॥ਪ੍ਰਮਾਰਥ॥

ਹੇ ਖਾਨ ਜੀ ਅਮਲ ਰੂਪੀ ਧਰਤੀ ਮੋ ਗੁਰ ਕਾ ਬਚਨ[1] ਬੀਜ ਬੋਏ॥ਅਰ ਸਚ ਜਾਨਨਾ ਇਹੁ ਪਾਨੀ ਦੇਵੈ॥ਐਸੀ ਕਿਰਸਾਨੀ ਕਰੇ ਤਿਸ ਕੇ ਖੇਤ ਮੋ ਈਮਾਨ ਪੈਦਾ ਹੋਇ॥ਅਵਰ ਬਾਤਾ ਮੋ ਪਾਇਆ ਨਹੀ ਜਾਤਾ॥ਮਾਲ ਕੇ ਮਦ ਮੋ ਅਰੁ ਰੂਪ ਕੀ ਸੋਭਾ ਮੋ ਜਨਮੁ ਬਿਰਥਾ ਜਾਤਾ ਹੈ॥

॥ਪਉੜੀ ਦੂਜੀ ਕਹੀ॥[2]

ਐਬ ਤਨ ਚਿਕੜੋ ਇਹ ਮਨ ਮੀਡਕੋ ਕਮਲ ਕੀ ਸਾਰ ਨਹੀ ਮੂਲ ਪਾਈ॥
ਭਵਰ ਉਸਤਾਦ ਨਿਤ ਭਾਖਿਆ ਬੋਲੈ ਕਿਊ ਬੂਝੈ ਜਾਨਹਿ ਬੁਝਾਈ॥੨॥

[3]ਹੇ ਖਾਨ ਜੀ ਐਬ ਜੋ ਤਨ ਮੋ ਚਿਹਲਾ ਹੈ ਮਨ ਮੀਡਕ ਐਬੋ ਕੇ ਚਿਹਲੇ ਮੋ ਫਾਸਾ ਹੈ॥ਕਮਲ ਜੁ ਹੈ ਨਾਮ ਰਬ ਕਾ ਤਿਸ ਕੀ ਖਬਰ ਮਨ ਮੀਡਕ ਕੋ ਨਹੀ॥ਅਰੁ ਭਵਰ ਜੋ ਪੀਰ ਮੁਰਸਦ ਹੈ ਉਪਦੇਸ ਕਰਤਾ ਹੈ ਮਨ ਮੀਡਕ ਬੂਝਤਾ ਨਾਹੀ॥ਤਬ ਖਾਨ ਕਹਿਆ ਹੇ ਨਾਨਕ ਜੀ ਇਹੁ ਮਨੁ ਕੈਸੇ ਬੂਝੇ॥

॥ਤੀਜੀ[4] ਪਉੜੀ ਕਹੀ॥[5]

ਆਖਣ ਸੁਨਨਾ ਪਉਣ ਕੀ ਬਾਣੀ ਇਹ ਮਨ ਰਤਾ ਮਾਇਆ॥
22/ੳ ਖਸਮ ਕੀ ਨਜਰਿ ਦਿਲ ਮਾਹਿ ਪਸੰਦੇ ਜਿਨੀ ਕਰ ਇ/ਕ ਧਿਆਇਆ॥੩॥

ਹੇ[6] ਖਾਨ ਜੀ ਆਖਨਾ ਅਰੁ ਸੁਨਨਾ ਪੌਨ ਹੈ ਮਨ ਤੋ ਮਾਇਆ ਲਗਾ ਹੈ॥ਜਬ ਰਬ ਕੀ ਮਿਹਰ ਹੋਇ ਤਬ ਮੁਹਬਤ ਖੁਦਾਇ ਕੀ ਪੈਦਾ ਹੋਇ॥ਫੇਰ ਬਚਨ ਹੂਆ॥

॥ਚੌਥੀ ਪਉੜੀ ਕਹੀ॥[7]

ਤੀਹ ਕਰ ਰਾਖੇ ਪੰਜ ਕਰ ਸਾਥੀ ਨਾਉ ਸੈਤਾਨ ਮਤ ਕਟਿ ਜਾਈ॥
ਨਾਨਕ ਆਖੈ ਰਾਹ ਪੈ ਚਲਨਾ ਮਾਲ ਧਨ ਕਿਤ ਕੂੰ ਸੰਜਿਆਈ॥੪॥

ਹੇ[8] ਖਾਨ ਜੀ ਤੀਸ ਰੋਜਾ ਅਰੁ ਪੰਜ ਵਖਤ ਕੀ ਨਿਮਾਜ ਏਹ ਸਾਥੀ ਹੈ ਇਨ ਸੋ ਸੈਤਾਨ ਕਾ ਕਾ ਬਿਰੋਧ ਹੈ॥ਖਬਰਦਾਰੀ ਕਰਨਾ ਮਤ ਸੈਤਾਨ ਕੀ ਇਬਾਦਤ ਕੀ ਨਾਉ ਕੋ ਕਾਟ ਕਰ ਬਹਾਇ ਦੇਵੈ ਨਾਹੀ॥ਹੇ ਖਾਨ ਜੀ ਤਾ ਤੇ ਤੂੰ ਮਾਲ ਧਨ ਕੋ ਮਹਬਤ ਬਢਾਉ ਦੋਜਖ ਬਹਿਸਤ ਦੁਖ ਸੁਖ ਸੋ ਖਲਾਸ ਹੋਵੈਗਾ॥ਐਨ ਖੁਸੀ ਦੀਦਾਰ ਮੌਲਾ ਕਾ ਨਸੀਬ ਹੋਗਾ॥

॥ਸੋਰਠਾ॥

ਸਬਦ ਸੁਨਾ ਜਬ ਖਾਨ ਸੋਇਆ ਮਨ ਜਾਗਾ ਤਬੀ॥
ਹੋਇ ਰਹਾ ਹੈਰਾਨ ਭਈ ਮਹਬਤ ਰਬ ਕੀ॥੫੧॥

॥ਸੋਰਠਾ॥

ਮਨ ਮੋ ਉਪਜਿਉ ਗਿਆਨ ਸ੍ਰੀ ਬਾਬਾ ਕੇ ਬੈਨ ਸੁਨ॥
ਭਇਆ ਤਬੀ ਕਲਿਆਨ ਜਬ ਪ੍ਰਭ ਕਾ ਦਰਸਨ ਭਇਆ॥੫੨॥

॥ਦੋਹਰਾ॥

ਇਹ ਪਰਮ ਚਲਿਤ੍ਰ ਦਿਆਲ ਕੇ ਸੁਨੇ ਸਿਖ ਮਨ ਭਾਇ॥
ਗੁਰ ਨਿਸਚਾ ਮਨ ਮੋ ਬਢੇ ਸਤਿਗੁਰ ਹੋਇ ਸਹਾਇ॥੫੩॥

॥ਸਾਖੀ ਪੂਰਨ ਹੋਈ॥੧੯॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

---

[1] ਇੱਥੇ ਪੰਕਤੀ 'ਗੁਰ ਕਾ ਬਚਨ' ਦੀ ਜਗ੍ਹਾ ਤੇ 'ਰੂਪ ਕੀ ਸੋਭਾ ਇਤ ਬਿਧੀ ' ਹੈ (ਸ)
[2] ਇੱਥੇ ਸਿਰਲੇਖ ' ॥ਪਉੜੀ ਦੂਜੀ ਕਹੀ॥ ' ਨਹੀਂ ਹੈ (ੲ)
[3] ਇੱਥੇ ਸਿਰਲੇਖ ' ॥ਅਰਥਾਤ॥ ' ਹੈ (ਸ)
[4] ਫੇਰ ਤੀਜੀ (ਅ)
[5] ਇੱਥੇ ਸਿਰਲੇਖ ' ॥ਤੀਜੀ ਪਉੜੀ ਕਹੀ॥ ' ਨਹੀਂ ਹੈ (ੲ)
[6] ਇੱਥੇ ਸਿਰਲੇਖ ' ॥ਅਰਥਾਤ॥ ' ਹੈ (ਸ)
[7] ਇੱਥੇ ਸਿਰਲੇਖ ' ॥ਚਉਥੀ ਪਉੜੀ ਕਹੀ॥ ' ਨਹੀਂ ਹੈ (ੲ)
[8] ਇੱਥੇ ਸਿਰਲੇਖ ' ॥ਅਰਥਾਤ॥ ' ਹੈ (ਸ)

[ਸਾਖੀ ਬਾਬਾ ਜੀ ਪਹਿਲੀ ਉਦਾਸੀ][1]

॥ ਦੋਹਰਾ ॥

ਦੌਲਤ ਖਾਨ ਬਿਨਤੀ ਕਰੀ ਲੇ ਜੈ ਰਾਮ ਕੋ ਨਾਲ॥
ਬਸਤ੍ਰ ਪਹਿਰ ਈਹਾ ਰਹੇ ਹਮ ਕੋ ਕਰੈ ਨਿਹਾਲ॥੧॥

॥ ਸੋਰਠਾ ॥

ਲਿਆਇ ਬਸਤ੍ਰ ਜੈ ਰਾਮ ਬਾਬੇ ਜੀ ਆਗੇ ਧਰਾ॥
22/ਅ ਕਹਾ ਪ੍ਰਭੂ ਨਹੀ ਕਾਮ ਹਮਰੋ/ਚਿਤ ਉਦਾਸ ਅਤ॥
[2]ਦੌਲਤ ਖਾਨ ਤਬ ਬਿਨਤੀ ਕੀਨਾ॥ ਹੇ ਨਾਨਕ ਵਲੀ ਸਾਹਬ ਪਰਬੀਨਾ॥
ਵਡੇ ਭਾਗ ਮੈ ਕਦਮਨ ਦੇਖਾ॥ ਬੀਤੀ ਉਮਰ ਸੁਫਲ ਕਰ ਲੇਖਾ॥੩॥
ਅੰਤ ਸਮੈ ਮੋਹਿ ਮਿਲੀ ਨਿਆਮਤ॥ ਚਲੇ ਸਾਹਿਬ ਮੇਰੀ ਹੈ ਸਾਮਤ॥
ਰਹੀ ਥੋਰੀ ਬਹੁਤੀ ਹੈ ਬੀਤੀ॥ ਤੁਮ ਰਹਤੇ ਤਬ ਨਿਜਾਤ ਮਮ[3] ਹੋਤੀ॥੪॥
ਹੋਇ ਖਾਨ ਬਿਆਕੁਲ ਕਦਮਨ ਪਰ ਪੜਾ॥ ਨਿਜ ਹਾਥ ਉਠਾਇ ਕੀਆ ਪ੍ਰਭ ਖੜਾ॥
ਦੇਖ ਪ੍ਰੇਮ ਭਏ ਸਤਿਗੁਰ ਦਿਆਲ॥ ਦੇ ਬਰ ਬਚਨ ਤਿਸ ਕੀਆ ਨਿਹਾਲ॥੫॥
ਨਿਭੀ ਖਾਨ ਯਹ ਖੇਪ ਤੁਮਾਰੀ॥ ਮੌਲਾ ਸੋ ਭਈ ਤੁਮਾਰੀ ਯਾਰੀ॥
ਤੂੰ ਤੋ ਜਿੰਦ ਪੀਰ ਅਬ ਭਇਆ॥ ਮਰਨ ਜੀਵਨ ਕਾ ਦੂਖ ਮਿਟ ਗਇਆ॥੬॥

॥ ਦੋਹਰਾ ॥

ਕ੍ਰਿਪਾ ਦ੍ਰਿਸਟਿ ਭਈ ਖਾਨ ਪਰ ਤਾ ਕੋ ਕੀਆ ਸਨਾਥ॥
ਤਾ ਸੋ ਬਿਦਿਆ ਹੋਇ ਕਰ ਗ੍ਰਹ ਗਏ ਜੈ ਰਾਮ ਕੇ ਸਾਥ॥੭॥

॥ ਚੌਪਈ ॥

ਦੇਖ ਨਾਨਕੀ ਭਈ ਅਨੰਦ॥ ਤ੍ਰਿਪਤੇ ਚਕੋਰ ਨਿਰਖ ਜਿਉ ਚੰਦ॥
ਦੇਖੇ ਨਾਨਕ ਜੀ ਬਹੁਤ ਉਦਾਸ॥ ਜੈ ਰਾਮ ਬਹੁਤ ਬਿਧ ਕਰੀ ਸੁਪਾਸ॥੮॥
ਤਬ ਕਹਾ ਦਿਆਲ ਮਮ ਚਿਤ ਉਦਾਸ॥ ਫਿਰ ਆਵੇਗਾ ਤੁਮਰੇ ਪਾਸ॥
ਕੁਛ ਚਿੰਤਾ ਮਨ ਮੋ ਨਹੀ ਕੀਜੈ॥ ਮਮ ਬਚਨ ਮਾਨ ਸੰਤੋਖ ਕਰੀਜੈ॥੯॥
ਮਰਦਾਨਾ ਢਾਢੀ ਲੀਆ ਸੰਗ॥ ਸੰਜੋਗ ਪੁਰਾਤਨ ਮਿਲਿਓ ਅਭੰਗ॥
ਤਬ ਸਤਿਗੁਰ ਜੀ ਕੀਆ ਪਇਆਨਾ॥ ਆਗੇ ਪ੍ਰਭ ਪੀਛੇ ਮਰਦਾਨਾ॥੧੦॥
ਚਲੇ ਚਲੇ ਜੰਗਲ ਮੋ ਗਏ॥ ਤਹੀ[4] ਤਹਾ ਮਨੁਖ ਨ ਬਸਤੀ ਅਹੇ॥
ਦੇਖ ਮਰਦਾਨੇ ਕਉ ਭੌ ਲਾਗਾ॥ ਬਾਬੇ ਜੀ ਸੋ ਕਹੈ ਬਡਭਾਗਾ॥੧੧॥
ਹੇ ਮਹਾਰਾਜ ਤੂੰ ਸਿਧ ਬਡ ਜੋਗੀ॥ ਹਮ ਢਾਢੀ ਜਾਤ ਹੈ ਪੇਟ ਸੰਜੋਗੀ॥
23/ੳ ਐਸੀ ਉਜਾੜ ਕਬਹੂ ਨਹੀ ਦੇਖਾ॥ ਈਹਾ ਨਹੀ ਜਲ ਅੰਨੁ ਨ/ਆਦਮ ਭੇਖਾ॥੧੨॥

॥ ਦੋਹਰਾ ॥

ਮੰਗ ਖਾਤੇ ਥੇ ਜਿਜਮਾਨ ਘਰ ਰਬ ਦੀਆ ਉਜਾੜ ਮੋ ਪਾਇ॥
ਕੁਛ ਜੀਵਨ ਆਸਾ ਨਹੀ ਮਰਨ ਭਇਆ ਹੈ ਆਇ॥੧੩॥

॥ ਤੋਮਰ ਛੰਦ ॥

ਹਸ ਬਚਨ ਸਤਿਗੁਰ ਕੀਤ॥ ਸੁਨਿ ਹੋ ਮਰਦਾਨਾ ਮੀਤ॥
ਜਹਾ ਚਿਤ ਆਵੈ ਰਾਮ॥ ਬਸਤੀ ਵਹੀ ਸੁਖ ਗ੍ਰਾਮ॥੧੪॥
ਜਹਾ ਭੂਲੀਏ ਕਰਤਾਰ॥ ਬਸਤੀ ਸਮਾਨ ਉਜਾੜ॥
ਸਮ ਘਾਮ ਛਾਇਆ ਸੀਤ[5]॥ ਇਹ ਸੰਤਨਾ ਕੀ ਰੀਤ॥੧੫॥
ਤੋ ਕੋ ਨ ਮਰਨੇ ਦੇਹ॥ ਪੁਨਿ ਰਾਖਹੇ ਹਮ ਕੇਹ॥
ਉਠਿ ਚਲੋ ਦਿੜ ਕਰ ਚੀਤ॥ ਸੁਖ ਹੋਇ ਦ੍ਰਿੜ ਪਰਤੀਤ॥੧੬॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ ਸਿਰਲੇਖ '॥ਚੌਪਈ॥' ਹੈ (ੲ)
[3] ਨਿਜਾਮਤ(ਅ)
[4] ਨਹੀ (ਅ,ੲ,ਸ)
[5] ਮੀਤ (ਅ

ਆਗੇ ਚਲੇ ਪ੍ਰਭ ਦਿਆਲ॥ ਚਾਲੇ ਮਰਦਾਨਾ ਨਾਲਿ॥
ਗਏ ਬਡੇ ਜੰਗਲ ਮਾਹਿ॥ ਮਾਨੁਖ ਨ ਦੀਸੇ ਤਾਹਿ॥੧੭॥

॥ਦੋਹਰਾ॥

ਮਰਦਾਨੇ ਕੋ ਪੂਛਾ ਪ੍ਰਭੂ ਤੁਹਿ ਲਾਗੀ ਭੂਖ ਪਿਆਸ॥
ਤੂੰ ਅੰਤਰਿਜਾਮੀ ਹੈ ਪ੍ਰਭੂ ਕਿਆ ਮੈ ਕਹੋ ਅਰਦਾਸ॥੧੮॥

॥ਚੌਪਈ॥

ਮਰਦਾਨੇ ਕੋ ਬਾਬਾ ਜੀ ਕਹਾ॥ ਨਿਕਟਿ ਈਹਾ ਬਸਤੀ ਹੈ ਰਹਾ॥
ਖਤ੍ਰੀ ਉਪਲ ਰਹੈ ਤਿਹ ਮਾਹਿ॥ ਚਲੇ ਚਲੇ ਊਹਾ ਤੁਮ ਜਾਹਿ॥੧੯॥
ਸੇਵ ਟਹਲ ਤੁਮਰੀ ਬਹੁ ਕਰੈ॥ ਭੋਜਨ ਜਲ ਆਗੇ ਤੁਮ ਧਰੇ॥
ਬਸਤ੍ਰ ਧਨ ਆਗੇ ਤੁਮ ਰਾਖੇ॥ ਪ੍ਰੀਤ ਭਾਉ ਕਰ ਤੁਮ ਸੋ ਭਾਖੇ॥੨੦॥
ਕੋਊ ਨਾਮ ਜਾਤ ਨਹੀ ਪੂਛੈ ਤੁਮਾਰੀ॥ ਸੇਵੇ ਜਿਉ ਸਾਧਨ ਅਧਕਾਰੀ॥
ਅਤ ਛੁਧਾਵੰਤ ਲੇ ਬਚਨ ਮਰਦਾਨਾ॥ ਉਸੀ ਗਾਉ ਕੋ ਕੀਆ ਪਿਆਨਾ॥੨੧॥
ਤਿਸ ਬਸਤੀ ਜਾਇ ਪ੍ਰਾਪਤ ਭਇਆ॥ ਭਾਉ ਭਗਤ ਲੋਕ ਬਹੁ ਕੀਆ॥
ਸਭ ਰਸ ਖਾਨ ਪਾਨ ਲੇ ਆਏ॥ ਧਨ ਬਸਤ੍ਰ ਤਿਨ ਪੂਜ ਚੜਾਏ॥੨੨॥

॥ਦੋਹਰਾ॥

ਮਰਦਾਨੇ ਭੋਜਨ ਖਾਇ ਕੈ ਬਸਤ੍ਰ ਧਨ ਲੀਆ ਉਠਾਇ॥
ਚਲ ਆਇਆ ਬਾਬਾ ਜੀ ਜਹਾ ਆਗੇ ਰਾਖਿਆ ਜਾਇ॥੨੩॥

॥ਤੋਮਰ ਛੰਦ॥

23/ਅ /ਬੇਨਤੀ ਮਰਦਾਨਾ ਕਰੇ॥ ਧਨ ਬਸਤ੍ਰ ਆਗੇ ਧਰੇ॥
ਪ੍ਰਭ ਲੀਜੀਏ ਜੋ ਚਾਹ॥ ਪਗਤਾਪ[1] ਤੁਮਰੋ[2] ਆਹ॥੨੪॥
ਸੁਨ ਹਸੇ ਪ੍ਰਭ ਸੁਖ ਧਾਮ॥ ਹਮਰੇ ਨਹੀ ਕਛੁ ਕਾਮ॥
ਤੂੰ ਕਿਆ ਲੇ ਆਇਆ ਮੀਤ॥ ਤੁਹੁ ਗ੍ਰਸਿਓ ਲੋਭ ਅਨੀਤ॥੨੫॥
ਇਹ ਬਸਤ੍ਰ ਧਨ ਦੇਹੁ ਡਾਲ॥ ਉਠਿ ਚਲੋ ਹਮਰੇ ਨਾਲ॥
ਸੁਨ ਬਚਨ ਦੀਨ ਪਵਾਰ॥ ਮੁਖ ਕੀਆ ਸਿਫਤ ਉਚਾਰ॥੨੬॥
ਸੁਬਹਾਨ ਤੇਰੀ ਭਗਤ॥ ਤੂੰ ਮਹਾ ਪੁਰਖ ਬਿਕਰਤ॥
ਸੋ ਕਰੋਂ ਪ੍ਰਭ ਜੋ ਕਹੋ॥ ਜਿਉ ਰਾਖੀਓ ਤਿਉ ਰਹੋ॥੨੭॥

॥ਦੋਹਰਾ॥

ਆਗੇ ਚਲੇ ਦਿਆਲ ਪ੍ਰਭ ਤਹਾ ਜੰਗਲ ਬਡ ਗੰਭੀਰ॥
ਪਾਛੇ ਮਰਦਾਨਾ ਚਲੇ ਜਿਉ ਮੁਰੀਦ ਸੰਗ ਪੀਰ॥੨੮॥

॥ਚੌਪਈ॥

ਬਡੋ ਤੇਜ ਰਵ ਘਾਮ ਤਹਾ ਹੀ॥ ਅਤ ਭਿਆਨਕ ਜੰਗਲ ਮਗ ਜਾਹੀ॥
ਉਸਨ ਸੀਤ ਤਾ ਕੋ ਕਿਆ ਲਾਗੇ॥ ਪਰਮ ਆਨੰਦ ਨਿਰੰਜਨ ਪਾਗੇ॥੨੯॥
ਚਲਤ ਚਲਤ ਸਰਮਵੰਤ ਮਰਦਾਨਾ॥ ਛੁਧਾ ਤ੍ਰਿਖਾ ਕੀਨਾ ਹੈਰਾਨਾ॥
ਪਗ ਨਹੀ ਚਲੇ ਅੰਗ ਮੁਰਝਾਨੇ॥ ਹੋਇ ਦਇਆਵੰਤ ਪ੍ਰਭ ਬਚਨ ਬਖਾਨੇ[3]॥੩੦॥
ਪਿਆਸ ਭੂਖ ਤੁਹਿ ਲਗੀ ਮਰਦਾਨਾ॥ ਮੈ ਸਰਮਵੰਤੁ ਤੋ ਕੋ ਪਹਚਾਨਾ॥
ਕਹਾ ਮਰਦਾਨੇ ਹੇ ਅੰਤਰਜਾਮੀ॥ ਸੁਬਹਾਨ ਭਗਤ ਤੂੰ ਸਭ ਘਟ ਗਾਮੀ॥੩੧॥
ਅਬ ਮੈ ਚਲ ਨ ਸਕੋ ਪਗੁ ਆਗੇ॥ ਤੂੰ ਮਹਾ ਪੁਰਖ ਭੁਖ ਤ੍ਰਿਖਾ ਨ ਲਾਗੇ॥
ਪ੍ਰਾਨ ਤਜਨ ਕਾ ਸਮਾ ਅਬ ਆਇਆ॥ ਬਹੁ[4] ਹਸੇ ਦਿਆਲ ਇਹੁ ਬਚਨ ਸੁਨਾਇਆ॥੩੨॥

॥ਦੋਹਰਾ॥

ਇਕ ਬਿਰਛ ਅਕ ਮਗ ਮੋ ਰਹਾ ਫਲ ਲਾਗੇ ਬਹੁ ਭਾਇ॥
ਮਰਦਾਨੇ ਕੋ ਆਗਿਆ ਕਰੀ ਆਉ ਲੇਹੁ ਫਲ ਖਾਇ॥੩੩॥

---

[1] ਪਰਤਾਪ (ਅ,ੲ,ਸ)
[2] ਤੁਮਾਰਾ (ਅ)
[3] ਬਖਾਨੰ (ਸ)
[4] ਮੁਖ (ੲ)

ਫਲ ਖਾਵੋ ਤੁਮ ਪੇਟ ਭਰ ਰਹੈ ਨ ਰੰਚਕ ਚਾਹ॥
ਛੁਧਾ ਤ੍ਰਿਖਾ ਤੁਮਰੀ ਮਿਟੇ ਗਾਠ ਬਾਂਧਿਓ ਨਾਹ॥੩੪॥

॥ਚੌਪਈ॥

24/ੳ ਵਹ[1] ਬਿਖ ਫਲ ਥੇ ਗੁਰ ਬਚਨ ਪਰਾਪਤ[2]॥ਭਏ ਮੀਠੇ ਜਿਮ/ਸਹਤ ਨਬਾਤ॥
ਖਾਇ ਮਰਦਾਨਾ ਪੇਟ ਅਘਾਨਾ॥ਕਰ ਲੋਭ ਕਛੂ ਲੇ ਗਾਠ ਬਧਾਨਾ॥੩੫॥
ਪੁਨ ਚਲੇ ਚਲੇ ਆਗੇ ਬਹੁ ਗਏ॥ਕਹੂੰ ਬਹੁਤ ਦੂਰ ਜਾਇ ਪ੍ਰਾਪਤ ਭਏ॥
ਤਬ ਬਹੁੜਿ ਛੁਧਾ ਮਰਦਾਨੇ ਲਾਗੀ॥ਫਲ ਖਾਨੇ ਕੀ ਇਛਿਆ ਜਾਗੀ॥੩੬॥
ਖੋਲ ਗਾਂਠ ਇਕ ਫਲ ਜਬ ਖਾਇਆ॥ਬਿਖ ਚੜ ਗਇਆ ਕੰਠ ਰੋ ਧਾਇਆ॥
ਹਸੇ ਦਿਆਲ ਦੇਖਾ ਇਹੁ ਹਾਲ॥ਮਰਦਾਨਾ ਤੂ ਕਿਆ ਭਇਆ ਬਿਹਾਲ॥੩੭॥
ਤਬ ਤਿਨ ਕਹਾ ਵਹੀ ਫਲ ਖਇਆ॥ਪ੍ਰਭ ਬਚਨ ਨ ਮਾਨਾ ਬਹੁ ਦੁਖ ਪਾਇਆ॥
ਕ੍ਰਿਪਾ ਦ੍ਰਿਸਟਿ ਕਰ ਸਤਿਗੁਰ ਹੇਰਾ॥ਮਿਟਿਓ ਦੂਖ ਉਠ ਭਇਆ ਕਰੇਰਾ॥੩੮॥

॥ਦੋਹਰਾ॥

ਮਰਦਾਨੇ ਕੋ ਬਾਬੇ ਕਹਾ ਉਠੋ ਚਲੋ ਮਮ ਨਾਲ॥
ਤਿਨ ਹਾਥ ਜੋੜ ਉਤ੍ਰ ਦੀਆ ਮੇਰਾ ਮਨ ਬੇਹਾਲ॥੩੯॥

॥ਚੌਪਈ॥

ਤੂੰ ਮਹਾ ਪੁਰਖ ਜੰਗਲ ਪ੍ਰਸੰਨ॥ਸੁਬਹਾਨ ਭਗਤ ਤੇਰੀ ਤੂੰ ਧਨ॥
ਹਮ ਕੋ ਉਜਾੜ ਦੇਖ ਭੈ ਆਵੈ॥ਛੁਧਾ ਪਿਆਸ ਮੋਹ ਬਹੁਤ ਸੰਤਾਵੈ॥੪੦॥
ਤੁਹ ਛੁਧਾ ਪਿਆਸ ਕਬਹੂੰ ਨਹੀ ਲਾਗੇ॥ਸਦ ਅਨੰਦ ਹਰਿ ਰਸ ਰਹੋ ਪਾਗੇ॥
ਹਮ ਢਾਢੀ[3] ਦਸ ਘਰ ਮੰਗ ਖਾਹ॥ਐਸੀ ਉਜਾੜ ਦੇਖਤ ਮਰ ਜਾਹ॥੪੧॥
ਮੇਰਾ ਤੁਮ ਸੋ ਕੈਸਾ ਸਾਥ॥ਤੂੰ ਮਹਾ ਪੁਰਖ ਮੈ ਜੀਉ ਅਨਾਥ॥
ਜੌ ਭੂਖ ਪਿਆਸ ਮੇਰੀ ਪਰਹਰੈ॥ਜਿਮ ਤੂ ਰਹੇ ਤੈਸਾ ਮੋਹ ਕਰੇ॥੪੨॥
ਤਬ ਮੈ ਚਲੋ ਤੁਮਾਰੇ ਸੰਗ॥ਰਬਾਬ ਬਜਾਵੋ ਗਾਵੋ ਰੰਗ॥
ਸੁਨ ਬਾਬਾ ਜੀ ਭਏ ਦਿਆਲ॥ਕ੍ਰਿਪਾ ਦ੍ਰਿਸਟਿ ਕਰ ਕੀਆ ਨਿਹਾਲ॥੪੩॥

॥ਦੋਹਰਾ॥

ਛੁਧਾ ਪਿਆਸਾ[4] ਸਭ ਮਿਟੀ ਮਰਦਾਨੇ ਭਇਆ ਅਨੰਦ॥
ਅੰਧਕਾਰ ਚਾਂਦਨ ਭਇਆ ਜਿਉ ਨਿਸਾ ਅੰਧਿਆਰੀ ਚੰਦ॥੪੪॥

॥ਚੌਪਈ॥

24/ਅ ਪੁਨ ਚਲੇ ਮਰਦਾਨਾ ਸਤਿਗੁਰ ਸੰਗ॥ਛੁਧਾ ਤ੍ਰਿਖਾ ਸੋ ਭਇਆ/ਅਸੰਗ॥
ਪ੍ਰਭ ਚਲੇ ਚਲੇ ਦੂਰ ਕਹੂੰ ਗਏ॥ਕਹੂੰ ਬਡੀ ਉਜਾੜ ਜਾਇ ਠਾਢੇ ਭਏ॥੪੫॥
ਤਹਾ ਦੇਖ ਉਜਾੜ ਮਰਦਾਨਾ ਡਰਾ॥ਪੁਨ ਸਤਿਗੁਰ ਸੋ ਬਿਨਤੀ ਕਰਾ॥
ਹੇ ਮਹਾ ਪੁਰਖ ਮਨ ਭੌ ਨਹੀ ਜਾਇ॥ਦੇਖਤ ਉਜਾੜ ਜੀਅ[5] ਡਰਪਾਇ॥੪੬॥
ਸੁਨੋ ਮੀਤ ਜਹਾ ਹਰਿ ਚਿਤ ਆਵੈ॥ਵਹੀ ਸੁਭ ਠੌਰ ਬਸਤੀ ਮਨ ਭਾਵੈ॥
ਬਸਤ ਨਗਰ ਹਰਿ ਨਾਹੀ ਚੀਤ॥ਵਹੀ ਉਜਾੜ ਕਹਾਵੈ ਮੀਤ॥
ਬਿਨ ਭ੍ਰਮ ਮਿਟੇ ਨ ਮਨ ਭੈ ਜਾਇ॥ਮ[6] ਮਿਟੇ ਭਰਮ ਭੌ ਸਗਲੀ ਮਿਟ ਜਾਇ॥੪੭॥
ਸਿਧ ਸਾਧਿਕ ਪ੍ਰਭ ਕੋ ਖੋਜੰਤੇ॥ਜਪ ਤਪ ਕਰੇ ਤੀਰਥ ਭਰਮੰਤੇ॥
ਹਰਿ ਨਿਮਤ ਭੇਖ ਤਨ ਧਾਰੇ॥ਪ੍ਰੇਮ ਜੁਗਤ ਸਭ ਕਾਰਜ ਸਾਰੇ॥੪੮॥

॥ਦੋਹਰਾ॥

ਹੇ ਮਰਦਾਨਾ ਸੁਰਤ ਕਰ ਲੇਹੁ ਰਬਾਬ ਬਜਾਉ[7]॥
ਸਬਦ ਉਚਾਰ ਤੋ ਸੋ ਕਹੋ ਲੇਹ ਪ੍ਰੇਮ ਸੋ ਗਾਇ॥੪੯॥

---

[1] ਇਹ (ਸ)
[2] ਪਰਤਾਪ (ਅ,ੲ)
[3] ਢਾਢੀ ਜਾਤ (ਅ)
[4] ਪਿਪਾਸਾ (ਸ)
[5] ਜੀਅੜਾ (ਅ,ੲ)
[6] ਇੱਥੇ ਸ਼ਬਦ 'ਮ' ਨਹੀਂ ਹੈ (ਅ,ੲ,ਸ)
[7] ਬਜਾਉ ਗਾਇ (ਅ)

॥ਸ੍ਰੀ ਮੁਖਵਾਕ ਸਬਦ ਉਚਾਰ ਕੀਆ॥[1]

॥ਆਸਾ ਮਹਲਾ ੧॥

ਦੇਵਤਿਆ ਦਰਸਨ ਕੇ ਤਾਈ ਦੂਖ ਭੂਖ ਤੀਰਥ ਕੀਏ॥
ਜੋਗੀ ਜਤੀ ਜੁਗਤ ਮੋ ਰਹਤੇ ਕਰ ਕਰਿ ਭਗਵੇ ਭੇਸ ਭਏ॥੧॥
ਤੌ ਕਾਰਨ ਸਾਹਿਬਾ ਰੰਗ ਰਤੇ ਦਰਵੇਸ ਭਏ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹੇ ਨ ਜਾਈ ਤੇਰੇ ਗੁਨ ਕੇਤੇ॥੧॥ਰਹਾਉ॥
ਦਰ ਘਰ ਮਹਲਾ ਹਸਤੀ ਘੋੜੇ ਛੋਡ ਵਿਲਾਇਤ ਦੇਸ ਗਏ॥
ਪੀਰ ਪੈਕੰਬਰ ਸਾਲਕ ਸਾਦਿਕ ਛੋਡੀ ਦੁਨੀਆ ਥਾਇ ਪਏ॥੨॥
ਸੁਆਦਿ ਸਹਜ ਸੁਖ ਰਸ ਕਸ ਤਜੀਅਲੇ ਕਪੜੇ ਛੋਡੇ ਚਮਰ ਲੀਏ॥
ਦੁਖੀਏ ਦਰਦਵੰਦ ਦਰ ਤੇਰੇ ਨਾਮ ਰਤੇ ਦਰਵੇਸ ਭਏ॥੩॥
ਖਲਰੀ ਖਪਰੀ ਲਕਰੀ ਚਮਰੀ ਸਿਖਾ ਸੂਤ ਧੋਤੀ ਕੀਨੀ॥
25/ੳ ਤੂੰ ਸਾਹਿਬ ਹਉ ਸਾਂਗੀ ਤੇਰਾ/ਨਾਨਕ ਭਗਤਾ ਜਾਤ ਕੈਸੀ॥

॥ਤਿਸ ਕਾ ਪ੍ਰਮਾਰਥ[2]॥

ਹੇ ਮਰਦਾਨਿਆ ਸਮੁਝ ਦੇਖ॥ਦੇਵਤੇ ਅਰੁ ਸਿਧਿ ਜੋਗੀ ਜਤੀ ਦਰਸਨ ਕੇ ਵਾਸਤੇ ਬਰਤ ਤੀਰਥ ਦੂਖ ਭੂਖ ਅਰੁ ਅਨੇਕ ਭਾਤ ਕੇ ਭੇਸ ਅਰੁ ਅਨੇਕ ਜੁਗਤ ਧਾਰਤ ਭਏ॥ਅਰ ਪ੍ਰਮੇਸਰ ਕੇ ਗ[3] ਮੋ ਨਿਮਾਨੇ ਦਰਵੇਸ ਹੋਇ ਕਰ ਬਨ ਪਰਬਤ ਖੋਜੰਤੇ ਫਿਰੇ ਅਨੰਤ ਨਾਮ ਅਨੰਤ ਰੂਪ ਅਨੰਤ ਗੁਨਾ ਬਾਦ ਕੋ ਬਿਚਾਰਤ ਹੈ॥ਅਰ ਦਰਬਾਰ ਘੋੜੇ ਹਾਥੀ ਅਰੁ ਦੇਸ ਅਰੁ ਸੁਖ ਸਰੀਰ ਕੇ ਤਿਆਗੁ ਕਰ ਬਡੇ ਬਡੇ ਰਾਜੇ ਪਾਤਸਾਹ ਦਰਵੇਸ ਕਾ ਸਰੂਪ ਕਰ ਕਰ ਉਜਾੜੋ ਮੋ ਦਰਦਮੰਦ ਹੋ ਕਰ ਇਬਾਦਤ ਮੋ ਗਰਕ ਭਏ॥ਅਰੁ ਸਾਹਿਬ ਕੇ ਪ੍ਰੇਮ ਮੋ ਮਗਨ ਭਏ ਅਰੁ ਕੇਤੇ ਰਿਖੀ ਮੁਨੀ ਡੰਡ ਕਮੰਡਲ ਧੋਤੀ ਸਿਖਾ ਸੂਤ ਧਾਰਤ ਭਏ ਅਰੁ ਸਮਾਧ ਲੀਨ ਭਏ॥ਹੇ ਮਰਦਾਨਿਆ ਓਹ ਸਾਹਿਬ ਬੇਪਰਵਾਹ ਹੈ ਤਿਸ ਸਾਹਿਬ ਕਾ ਮੈ ਸੁਆਂਗੀ ਹੋ॥ਹਰਿ ਭਗਤਾ ਕੋ ਜਾਤ ਪਾਤ ਉਜਾੜ ਬਸਤੀ ਸੋ ਕਾਮ ਨਾਹੀ॥ਜਹਾ ਪਰਮੇਸਰ ਚਿਤ ਆਵੈ ਸੋਈ ਜਾਗਾ ਭਲੀ ਹੈ॥

॥ਦੋਹਰਾ॥

ਮਰਦਾਨਾ ਯਹ ਬਚਨ ਸੁਨ ਮਨ ਮੋ ਭਇਆ ਗਲਤਾਨ॥
ਭੌ ਚਿੰਤਾ ਸਗਲੀ ਗਈ ਬਨ ਗ੍ਰਹ ਭਇਆ ਸਮਾਨ॥੫੦॥
ਮਰਦਾਨੇ ਉਸਤਤ ਕੀਆ[4]॥

॥ਤੋਮਰ ਛੰਦ॥

ਸੁਭਹਾਨ ਤੇਰੀ ਭਗਤ॥ਤੂੰ ਭਗਤ ਪੂਰਨ ਸਕਤ॥
ਮੈ ਨੀਚ ਬੁਧ ਅਜਾਨ॥ਕਰ ਦਇਆ ਕੀਆ ਸੁਜਾਨ॥੫੧॥
ਇਕ ਦਾਨ ਲੇਵਹੁ ਮੰਗ॥ਸਦ ਰਹੋ ਤੁਮਰੇ ਸੰਗ॥
ਕਬਹੂੰ ਨ ਤਜੀਏ ਦਿਆਲ॥ਸਦ ਰਾਖ ਚਰਨਨ ਨਾਲ॥੫੨॥
ਮੁਹ ਈਹਾ ਊਹਾ ਨ ਤਿਆਗ॥ਸਦ ਰਹੌ ਚਰਨਨ ਲਾਗ॥
ਪ੍ਰਭ ਕਾ ਬਚਨ ਬਿਨੀਤ॥ਸੁਨਹੋ ਮਰਦਾਨਾ ਮੀਤ॥੫੩॥
ਕਬਹੂੰ ਨ ਛੋਡੋ ਤੋਹਿ॥ਅਬ ਲਾਜ ਤੋਰੀ ਮੋਹ॥
ਤੂੰ ਤੌ ਪੁਰਾਤਨ ਮੀਤ॥ਉਠ ਚਲੋ ਦ੍ਰਿੜ ਮਨ ਚੀਤ॥੫੪॥

25/ਅ **॥ਦੋ/ਹਰਾ॥**

ਬਾਬਾ ਜੀ ਆਗੇ ਚਲੇ ਲੇ ਮਰਦਾਨੇ ਸੰਗ॥
ਕੁਛੁ ਦੇਸ ਬਿਦੇਸ ਨ[5] ਲਖ ਪੜੇ ਲੀਲਾ ਅਮਿਤ ਅਭੰਗ॥੫੫॥

॥ਸਾਖੀ ਪੂਰਨ ਹੋਈ॥੧੭॥[6]

ਸ੍ਰੀ ਵਾਹਿਗੁਰੂ ਮੁਖ ਕਰੋ ਉਚ[1]॥ਹੋਇ ਦਿਆਲ ਕਰ ਲੇਇ ਉਧਾਰ॥

---

[1] ਇੱਥੇ ਸਿਰਲੇਖ '॥ਸ੍ਰੀ ਮੁਖਵਾਕ ਸਬਦ ਉਚਾਰ ਕੀਆ॥' ਨਹੀਂ ਹੈ (ੲ)
[2] ਇੱਥੇ ਸਿਰਲੇਖ '॥ਤਿਸ ਕਾ ਅਰਥ॥' (ਅ), '॥ਅਰਥ॥' (ੲ) ਹਨ
[3] ਰੰਗ (ਅ,ੲ)
[4] ਇੱਥੇ ਸਿਰਲੇਖ '॥ਮਰਦਾਨੇ ਉਸਤਤ ਕਰੀ॥' (ਅ), '॥ਮਰਦਾਨਾ ਉਸਤਤ॥' (ੲ) ਹਨ
[5] ਕੁਛੁ ਦੇਸਨ ਕੋ (ਅ)
[6] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਕੂੰਜਾ ਨਾਲ ਬਾਬਾ ਜੀ ਦੀ ਚਰਚਾ][2]

॥ਦੋਹਰਾ॥

ਕੂੰਜਾ ਕੀ ਡਾਰ ਅਕਾਸ ਮੋ ਜਾਤੀ ਦੇਖੀ ਦਿਆਲ॥
ਤਾ ਕੇ ਪਾਛੇ ਲਗ ਚਲੇ ਮਗਨ ਅਨੰਦ ਕਿਰਪਾਲ॥੧॥

॥ਚੌਪਈ॥

ਪ੍ਰਭ ਚਲੇ ਸੀਘ੍ਰਹ ਤਿਨ ਪੀਛੇ ਗਹੇ॥ਮਰਦਾਨਾ ਪੀਛੇ ਹੀ ਰਹੇ॥
ਤਬ ਆਗਿਆ ਹਰਿ ਕੂੰਜਾ ਕੋ ਆਈ॥ਮਮ ਭਗਤ ਤੁਮ ਪੀਛੇ ਧਾਇਆ ਜਾਈ॥੨॥
ਉਤਰ ਭੂਮ ਦਰਸਨ ਤਿਨ ਕੀਜੈ[3]॥ਭੇਟਤ ਸਾਧ ਸੁਖ ਸਾਂਤ ਪਤੀਜੈ॥
ਤਿਨ ਮੋ ਏਕ ਕੂੰਜ ਸਰਦਾਰ॥ਵੈ ਗਿਆਨਵੰਤ ਹੈ ਅਤ ਅਧਕਾਰ॥੩॥
ਲੇ ਸਗਲ ਕੂੰਜ ਧਰਨੀ ਪਰ ਆਈ॥ਕਰ ਦਰਸਨ ਅਤ ਆਨੰਦ ਪਾਈ॥
ਤਿਨ ਕੇ ਪਰਥਾਇ ਪ੍ਰਭ ਸਬਦ ਉਚਾਰਾ॥ਤਿਨ ਸੁਨ ਗੁਰ ਬਚਨ ਮਹਾ ਸੁਖ ਧਾਰਾ॥੪॥

॥ਸਬਦ ਸ੍ਰੀ ਮੁਖਵਾਕ ਮਲਾਰ ਮ:੧॥[4]

ਬਾਗੇ ਕਪੜੇ ਬੋਲੈ ਬੈਣ॥ਲੰਬਾ ਨਾਕ ਕਾਲੇ ਤੇਰੇ ਨੈਨ॥ਕਬਹੂੰ ਸਾਹਿਬ ਦੇਖਿਆ ਭੈਣ॥

॥ਤਿਸ ਕਾ ਪ੍ਰਮਾਰਥ॥

ਹੇ ਕੂੰਜ ਸੁਏਤ ਪੰਖ ਬਸਤ੍ਰ ਤੇਰੇ ਅਰੁ ਲੰਬਾ ਨਾਕ ਅਰੁ ਸਿਆਮ ਸੁੰਦਰ ਨੇਤ੍ਰ ਤੇਰੇ ਹੈ॥ਅਰੁ ਮੀਠੀ ਬੋਲੀ ਤੁਮਾਰੀ ਹੈ ਕਬਹੂੰ ਸਜਨੀ ਪ੍ਰੀਤਮ ਪਿਆਰੇ ਕੋ ਦੇਖਾ ਹੈ ਤੁਮਨੇ॥

॥ਤਬ ਆਧੀਸ ਕੂੰਜ ਬਾਚ॥

ਊਡਾ ਊਡ ਚੜਾ ਅਸਮਾਨ॥ਸਾਹਿਬ ਸਮਰਥ ਤੇਰੇ ਤਾਨ॥
ਜਲ ਥਲ ਡੂਗਰ ਦੇਖਿਆ ਤੀਰ॥ਥਾਨ ਥਨੰਤਰ ਸਾਹਿਬੁ ਬੀਰ॥੨॥

॥ਤਿਸ ਕਾ ਅਰਥ॥

॥ਕੂੰਜ ਬਾਚ॥[5]

26/ੳ ਹੇ ਨਾਨਕ ਜੀ ਜੋਸ ਕੀ/ਸਕਤ[6] ਸੋ ਹਮ ਆਕਾਸਚਾਰੀ ਹੈ ਵਹੀ ਸਮਰਥ ਆਤਮ ਜਲ ਥਲ ਮੋ ਪੂਰਨ ਹੈ ਪ੍ਰਗਟ ਹੈ॥ਤਬ ਬਾਬਾ ਜੀ ਕਹਾ ਵੇ ਜੋ ਸਰਬਤ੍ਰ ਪੂਰਨ ਹੈ ਤਿਸ ਮੋ ਦ੍ਰਿੜ ਚਿਤ ਹੋਇ ਕਿਉ ਲੀਨ ਨਾਹੀ ਹੋਤੀ॥

॥ਕੂੰਜ ਬਾਚ॥

ਜਿਨ ਤਨ ਸਾਜ ਦੀਏ ਨਾਲ ਖੰਭ॥ਅਤ ਤ੍ਰਿਸਨਾ ਉਡਨੇ ਕੀ ਡੰਝ॥
ਨਜਰ ਕਰੇ ਤਾ ਬਾਧਾਂ ਧੀਰ॥ਜਿਉ ਵੇਖਾਲੇ ਤਿਉ ਵੇਖਾ ਬੀਰ॥੩॥

॥ਤਿਸ ਕਾ ਅਰਥ॥[7]

ਹੇ ਸੰਤ ਨਾਨਕ ਜੀ ਜਿਸਨੇ ਸਰੀਰ ਅਰੁ ਪੰਖ ਦੀਏ ਹੈ॥ਤਿਸ ਹੀ ਨੇ ਤ੍ਰਿਸਨਾ ਬਿਚਰਨੇ ਕੀ ਲਗਾਈ ਹੈ॥ਤੁਮ ਸੰਤ ਜਨ ਹੋ ਕਿਰਪਾ ਦ੍ਰਿਸਟ ਕਰੋ ਜੋ ਹਮਾਰੇ ਮਨ ਮੋ ਦ੍ਰਿੜ ਧੀਰਜ ਹੋਇ॥ਅਰ ਜਿਸ ਜੁਗਤ ਤੁਮ ਪਰਮੇਸਰ ਕੋ ਦੇਖਾ ਵੋ ਤਿਵ ਹੀ ਦੇਖੇ॥ਤਬ ਬਾਬਾ ਜੀ ਕੂੰਜਾ ਕੋ ਉਪਦੇਸ ਉਤਰ ਦੀਆ॥੧॥[8]

ਨਾ ਇਹੁ ਤਨ ਜਾਇਗਾ ਨਾ ਜਾਇਗੇ ਖੰਭ॥ਪਉਣ ਪਾਣੀ ਅਗਨੀ ਸਨਬੰਧ॥
ਨਾਨਕ ਕਰਮ ਹੋਵੈ ਤਾ ਜਪੀਏ ਕਰ ਗੁਰ ਪੀਰ॥ਸਾਚ ਸਮਾਵੈ ਇਹ ਜੁ ਸਰੀਰ॥੪॥

---

[1] ਉਚਾਰ (ਅ,ੲ,ਸ)
[2] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[3] ਦੀਜੈ (ਸ)
[4] ਇੱਥੇ ਸਿਰਲੇਖ '॥ਮਲਾਰ ਮਹਲਾ ੧॥' ਹੈ (ੲ)
[5] ਇੱਥੇ ਸਿਰਲੇਖ '॥ਅਰਥ॥' ਹੈ (ੲ)
[6] ਸਮਰਥ (ਅ)
[7] ਇੱਥੇ ਸਿਰਲੇਖ '॥ਅਰਥ॥' ਹੈ (ੲ)
[8] ਇੱਥੇ ਸਿਰਲੇਖ ॥'ਉਤ੍ਰ'॥ ਹੈ (ੲ)

॥ ਤਿਸ ਕਾ ਅਰਥ ਬਾਬੇ ਜੀ ਬਚਨ ਕੀਆ ॥

ਹੇ ਕੂੰਜੋ ਇਹ ਪੰਖ ਸੰਜੁਗਤ ਜੋ ਸਰੀਰ ਹੈ ਸੋ ਅਗਨ ਅਰ ਪਾਨੀ ਪਵਨ ਕਾ ਸਨਬੰਧ ਕਰ ਹੈ॥ ਇਨ ਹੀ ਕੋ ਇੜਾ ਪਿੰਗਲਾ ਸੁਖਮਨਾ ਕਹਤੈ ਹੈ॥ ਇਨ ਸਕਤ ਕਰ ਆਤਮਾ ਪਾਇਆ ਨਹੀ ਜਾਤਾ॥ ਤਬ ਸਤਿਗੁਰ ਕੀ ਸਰਨ ਜਾਇ ਗੁਰ ਬਚਨ ਹਿਰਦੇ ਧਾਰੇ ਸਰੀਰ ਭੀ ਪਾਵਨ ਹੋਇ ਅਰੁ ਆਤਮ ਪਦ ਮੋ ਲੀਨ ਹੋਇ॥

॥ ਚੌਪਈ ॥

ਜਬ ਯਹ ਬਚਨ ਦਿਆਲ ਗੁਰ ਕਹੇ॥ ਦਿੜ ਮਤ ਕੂੰਜ ਨੇ ਹਿਰਦੇ ਗਹੇ॥
ਮਹਾ ਅਨੰਦ ਸੁਖ ਮੋ ਭਈ ਲੀਨ॥ ਮਿਲੇ ਦਿਆਲ ਸਤਿਗੁਰ ਪ੍ਰਬੀਨ॥ ੫॥

॥ ਦੋਹਰਾ ॥

ਕੂੰਜਾ ਸੋ ਪ੍ਰਭ ਬਿਦਾ ਹੋਇਆ ਚਲੇ ਦਿਆਲ॥
26/ਅ ਬਹੁ ਧਰਤੀ ਬਿਚਰਤ ਭਏ ਮਰਦਾ/ਨਾ ਲਾਏ[1] ਨਾਲ॥ ੬॥

॥ ਸਾਖੀ ਪੂਰਨ ਹੋਈ ॥[2]

ਸ੍ਰੀ ਵਾਹਗੁਰੂ ਮੁਖ ਕਰੋ ਚਾਰਾ[3]॥ ਹੋਇ ਦਿਆਲ ਕਰ ਲੇਇ ਉਧਾਰ॥

---

[1] ਲੇਇ (ਸ)
[2] ਇੱਥੇ '॥ ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)
[3] ਉਚਾਰ (ਅ,ੲ,ਸ)

[ਸਾਖੀ ਸਜਨ ਠੱਗ ਦਾ ਨਿਸਤਾਰਾ][1]

॥ਦੋਹਰਾ॥

ਰਮਤੇ ਸਤਗੁਰ ਦਿਆਲ ਪ੍ਰਭ ਆਏ ਸਜਨ ਪਾਸ॥
ਰਚ ਧਰਮਸਾਲ ਸੁਭ ਭੇਖ ਤਨ ਪਾਪ[2] ਕਪਟ ਕੀ ਰਾਸ॥੧॥

॥ਚੌਪਈ॥

ਬਾਬਾ ਜੀ ਧਰਮਸਾਲ ਮੋ ਆਏ॥ਦੇਖ ਸਜਨ ਸੁਭ ਭੇਖ ਬਨਾਏ॥
ਅੰਤਰ ਕਪਟ ਪਾਪ ਕੀ ਮਤ॥ਬਾਹਰ ਭੇਖ ਦਿਖਾਵੈ ਪਤ॥੨॥
ਜੋ ਕੋਈ ਤਾ ਕੇ ਘਰ ਆਵੈ॥ਕਰੇ ਟਹਲ ਸੁਖ ਭੋਗ ਭੋਗਾਵੈ॥
ਜਾ ਪਹ ਧਨ ਸੰਪੈ ਕੁਛੁ ਜਾਨੈ॥ਲੇ ਜਾਵੈ ਅੰਤਰ ਕਿਸੀ ਬਹਾਨੇ॥੩॥
ਗਲਾ ਕਾਟਿ ਕੂਪ ਮੋਂ ਡਾਰੇ॥ਧਨ ਬਟੋਰ ਕਰ ਅੰਤਰ ਧਾਰੇ॥
ਇਹ ਬਿਧ ਹਤਿਆ ਨਿਤ ਪ੍ਰਤ ਕਰੇ॥ਕਛੁ ਸੰਕਾ ਮਨ ਮੋ ਨਹੀ ਧਰੇ॥੪॥
ਮਰਦਾਨਾ ਸੰਗ ਸਤਿਗੁਰ ਕੋ ਦੇਖਾ॥ਮਸਤਕ ਚਮਤਕਾਰ ਧਨ ਲੇਖਾ॥
ਅੰਤਰਗਤ ਪਰਸੰਨ ਮਨ ਭਇਆ॥ਲਾਗਾ ਕਰਨ ਦਇਆ ਅਰੁ ਮਇਆ॥੫॥

॥ਦੋਹਰਾ॥

ਜਾਨਾ ਸਤਿਗੁਰ ਕੋ ਧਨੀ ਅੰਤਰ ਲੇ ਚਲਿਆ ਸੋਇ॥
ਚਰਨ ਅੰਤਰ ਘਰ ਡਾਰੀਏ ਸਭ ਗ੍ਰਿਹ ਪਾਵਨ ਹੋਇ॥੬॥

॥ਚੌਪਈ॥

ਅੰਤਰਜਾਮੀ ਸਤਿਗੁਰ ਜਾਨਾ॥ਇਨ ਪਾਪੀ ਮੋਹ ਧਨੀ ਪਛਾਨਾ॥
ਇਨ ਪਾਪੀ ਮੋਹ ਦਰਸਨ ਕਰਾ॥ਸੰਤਨ ਬਿਰਦ ਲਾਜ ਪ੍ਰਭ ਧਰਾ॥੭॥
ਇਹ ਸਬਦ ਉਚਾਰਾ ਤਿਸ ਪਰਥਾਇ॥ਮਰਦਾਨਿਆ ਗਾਉ ਰਬਾਬ ਬਜਾਉ॥
ਮਰਦਾਨਾ ਸਬਦ ਗੁਰ ਗਾਵਨ ਲਾਗਾ॥ਸੁਨ ਪਾਪ ਨੀਦ ਸੋ ਸਜਨ ਜਾਗਾ॥੮॥

॥ਸਬਦ ਸ੍ਰੀ ਮਖ ਵਾਕ ਸੂਹੀ ਮਹਲਾ ੧॥[3]

27/ੳ /ਉਜਲ ਕਹਿਆ ਚਿਲਕਣਾ ਘੋਟਮ ਕਾਲੜੀ ਮਸ॥
ਧੋਤਿਆ ਮੂਲ ਨ ਉਤਰੈ ਜੇ ਸੌ ਧੋਵਾ ਤਿਸੁ॥
ਸਜਣ ਸੇਈ ਨਾਲ ਮੈ ਚਲਿਦਿਆ ਨਾਲਿ ਚਲੰਨ॥
ਜਿਥੇ ਲੇਖਾ ਮੰਗੀਐ ਤਿਥੇ ਖੜੇ ਦਿਸੰਨ॥੧॥ਰਹਾਉ॥

॥ਅਰਥ॥

ਹੇ ਸਜਣ ਕਾਸੀ ਕਾ ਬਰਤਣ ਦੇਖਨ ਕੋ ਉਜਲ ਜਬ ਘਸੀਏ ਤਬ ਸਿਆਮਤਾ ਨਿਕਸਤੀ ਹੈ॥ਬਾਹਰੋ ਅਨੇਕ ਬਾਰ ਧੋਈਐ॥ਭੀਤਰ ਕੀ ਸਿਆਹੀ ਜਾਤੀ ਨਾਹੀ॥ਸਜਨ ਤਿਨ[4] ਕੋ ਕਹੀਏ ਜੋ ਅੰਤ ਕੋ ਚਲਦਿਆ ਨਾਲ ਚਲੇ॥ਜਹਾ ਧਰਮ ਰਾਇ ਕੇ ਲੇਖਾ ਮਾਗਤੇ ਹੈ॥ਤਹਾ ਨਿਕਟ ਸਹਾਈ ਹੋਇ[5]॥

॥ਪਾਉੜੀ ਦੂਜੀ॥[6]

ਕੋਠੇ ਮੰਡਪ ਮਾੜੀਆ ਪਾਸੋ ਚਿਟਵਿਆ॥
ਢਠੀਆ ਕੰਮ ਨ ਨਾ ਆਵਨੀ ਵਿਚੋ ਸਖਣੀਆ॥੨॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਪਾਜ (ਸ)
[3] ਇੱਥੇ ਸਿਰਲੇਖ '॥ਸੂਹੀ ਮਹਲਾ ੧॥' (ੲ) '॥ਸੂਹੀ ਮਹਲਾ॥' (ਸ) ਹਨ
[4] ਤਿਸ (ਅ)
[5] ਨਿਕਟਿ ਸਹੀ ਹੋਤੇ ਹੈ (ਅ)
[6] ਇੱਥੇ ਸਿਰਲੇਖ '॥ਪਾਉੜੀ ਦੂਜੀ॥' ਨਹੀਂ ਹੈ (ੲ)

॥ਅਰਥ॥

ਹੇ ਸਜਣਾ ਜੈਸੇ ਸੁੰਦਰ ਮੰਦਰ[1] ਢਠਾ ਹੂਆ ਹੋਇ ਕਿਸੀ ਕਾਮ ਨਾਹੀ ਤੈਸੇ ਭਗਤ ਬੇਹੂਨਾ ਮਾਨੁਖ ਸੁੰਦਰ ਭੇਖ ਕਾਮ ਨਾਹੀ॥

॥ਪਉੜੀ ਤੀਜੀ ਕਹੀ॥[2]

ਬਗਿਆ[3] ਬਗੇ ਕਪੜੇ ਤੀਰਥ ਮੰਝ ਵਸੰਨ॥
ਘੁਟਿ ਘੁਟਿ ਜੀਆ ਮਾਰਦੇ ਬਗੇ ਨਾ ਕਹੀਅਨ॥੩॥

॥ਅਰਥ ਯਹ॥[4]

ਹੇ ਸਜਣਾ ਐਸੇ ਸਾਧ ਨਾਹੀ ਹੋਤੇ ਬਗਲੇ ਕੀ ਨਿਆਈ ਉਜਲ ਭੇਖ ਧਿਆਨ ਧਾਰੀ॥ਅੰਤਰਗਤ ਜੀਅ ਮਾਰਨੇ ਕੀ ਸਰਧਾ ਵੈ ਪਾਖੰਡੀ ਮਹਾ ਪਾਪੀ ਹੈ ਇਹੁ ਬਚਨੁ ਸੁਨ ਕਰਿ ਸਜਨ ਸਮੁਝ ਗਇਆ॥ਜੋ ਇਹ ਬਡਾ ਸਾਧ ਹੈ ਮੇਰੇ ਕਰਮਾ ਕੋ ਜਾਨਤਾ ਹੈ॥ਦਰਸਨ ਕੇ ਪਰਤਾਪ ਚਰਨਾ ਪਰ ਗਿੜ ਪੜਾ॥ਅਰ ਅਪਨੇ ਆਪ ਕਰਮ ਪ੍ਰਗਟ ਕਰਨੇ ਲਗਾ॥

॥ਪਉੜੀ ਚਉਥੀ ਕਹੀ॥[5]

ਸਿਮਲ ਰੁਖ ਸਰੀਰ ਮੈ ਮੈ ਜਨ ਦੇਖ ਭੁਲੰਨ॥
ਸੇ ਫਲ ਕੰਮ ਨ ਆਵਨੀ ਤੇ ਗੁਣ ਮੈ ਤਨ ਹੰਨ॥੪॥
[6]ਅੰਧਲੇ ਭਾਰ ਉਠਾਇਆ ਡੂਗਰ ਵਾਟ ਬਹੁਤ॥
27/ਅ ਅਖੀ ਲੋੜੀ ਨਾ ਲਹਾ ਹ/ਉ ਚੜ ਲੰਘਾ ਕਿਤ॥੫॥

॥ਅਰਥ ਯਹ॥[7]

ਸਜਣ ਆਖਿਆ ਹੇ ਸੰਤ ਜੀ ਮੈ ਸਿੰਮਲ ਰੁਖ ਕੀ ਨਿਆਈ ਭੇਖ ਧਾਰ ਮਹਾ ਪਾਪ ਕੀਏ॥ਅਰੁ ਜੀਉ ਘਾਤ ਕੀਏ ਅਬ ਮੇਰਾ ਕਿਆ ਹੋਗਾ॥ਮੈ ਮਹਾ ਪਤਿਤ ਸਰਨ ਹੋ॥ਮੈ ਅੰਧਲੇ ਸਿਰ ਭਾਰ ਪਾਪੋ ਕਾ ਉਠਾਇਆ॥ਮਹਾ ਦੁਰਗਮ ਪੰਥ ਜਾਨਾ ਹੈ॥ਬਿਨ ਆਪ ਕੇ ਅਰੁ ਬਿਨ ਆਸਰੇ ਕੈਸੇ ਭੈ ਸਾਗਰ ਸੋ ਪਾਰ ਹੋਵੋਗਾ॥ਅਬ ਮੁਝ ਕੋ ਕੋਈ ਸਹਾਈ ਨ ਹੋਗਾ॥ਮੈ ਮਹਾ ਪਤਿਤ ਸਰਨ ਤੁਮਾਰੀ ਹੋ ਜੈਸੇ ਜਾਨੋ ਤੈਸਾ ਮੇਰਾ ਉਧਾਰ ਕਰੋ ਤੁਮ ਸੰਤ ਪਤਿਤ ਉਧਾਰਨ ਹੋ ਬਾਬਾ ਸਜਨ ਕੀ ਬੇਨਤੀ ਸੁਨ ਕਰਿ ਦਿਆਲ ਹੋ ਕਰ ਸਤ ਉਪਦੇਸ ਕੀਆ॥

॥ਪਉੜੀ ਛਿਵੀ ਕਹੀ॥[8]

ਚਾਕਰੀਆ ਚੰਗਿਆਈਆ ਅਉਰ ਸਿਆਣਪ ਕਿਤੁ॥
ਨਾਨਕ ਨਾਮ ਸਮਾ[9] ਤੂੰ ਬਧਾ ਛੁਟੇ ਜਿਤੁ॥੬॥
ਹੇ ਸਜਣਾ ਅਬ ਸਭ ਸਿਆਣਪ ਬੁਧਿ ਤਿਆਗ ਕੇ ਹਰਿ ਕੀ ਚਾਕਰੀ ਕਰ॥ਅਰੁ ਭਗਤ ਕਰ ਨਾਮ ਜਪੁ ਨਿਹ ਕਪਟ ਹੋਇ ਕਰ ਤਾ ਪਾਪੋ ਕੀ ਬੰਦ ਮੋ ਖਲਾਸੁ ਹੋਵੈਗਾ॥

॥ਦੋਹਰਾ॥

ਜਬ ਸਤ ਬਚਨ ਸਜਣ ਸੁਣੇ ਭੈ ਉਪਜਿਓ ਸੰਤ ਪ੍ਰਤਾਪ॥
ਨਿਜ ਕਰਮ ਕਰਤੂਤ ਅਪਨੀ ਸਗਲ ਦਿਖਲਾਵਨ ਲਗਾ ਆਪ॥੭॥

॥ਚੌਪਈ॥

ਸਤਿਗੁਰ ਕੋ ਅੰਤਰਿ ਲੇ ਗਇਆ॥ਸਭ ਨਿਜ ਕਰਤੂਤ ਦਿਖਲਾਵਤ ਭਇਆ॥
ਭਰਾ ਕੂਪ ਜੋ ਮਾਨੁਖ ਮਾਰੇ॥ਧਨ ਭਰੀ ਕੋਠਰੀਆ ਸਗਲ ਦਿਖਾਰੇ॥੮॥
ਹੇ ਨਾਨਕ ਜੀ ਇਹ ਮੇਰੇ ਕਰਮ॥ਮਹਾ ਪਤਤ ਮੈ ਕੀਆ ਅਧਰਮ॥
ਅਬ ਮੇਰਾ ਕਿਆ ਹੋਵੈ ਹਾਲ॥ਕਰੋ ਗਤ ਮੇਰੀ ਸੰਤ ਦਿਆਲ॥

---

[1] ਮੰਦਰ ਹੋਇ (ਅ)
[2] ਇੱਥੇ ਸਿਰਲੇਖ '॥ਪਾਉੜੀ ਤੀਜੀ ਕਹੀ॥' ਨਹੀਂ ਹੈ (ੲ)
[3] ਬਗਾ (ੲ)
[4] ਇੱਥੇ ਸਿਰਲੇਖ '॥ਅਰਥ ਯਹ॥' ਨਹੀਂ ਹੈ (ੲ)
[5] ਇੱਥੇ ਸਿਰਲੇਖ '॥ਪਉੜੀ ਚਉਥੀ ਕਹੀ॥' ਨਹੀਂ ਹੈ (ੲ)
[6] ਇੱਥੇ ਸਿਰਲੇਖ '॥ਪਉੜੀ ਚਉਥੀ ਕਹੀ॥' ਹੈ (ਅ)
[7] ਇੱਥੇ ਸਿਰਲੇਖ '॥ਅਰਥ॥' ਹੈ (ੲ)
[8] ਇੱਥੇ ਸਿਰਲੇਖ '॥ਪਉੜੀ ਛਿਵੀ ਕਹੀ॥' ਨਹੀਂ ਹੈ (ੲ))
[9] ਸਮਾਲ (ਅ,ੲ,ਸ)

ਯਹ ਦੇਖ ਮਰਦਾਨੇ ਬਿਨਤੀ ਕੀਆ॥ ਇਸੇ ਉਧਾਰੋ ਪ੍ਰਭ ਕਰ ਦਇਆ॥
28/ੳ ਤਬ ਸਜਣ ਕੋ ਗੁਰ ਬਚਨ ਬਖਾਨਾ॥/ਤੁਮ ਜੋ ਪਾਪ ਕਰ ਧਨ ਸੰਚਾਨਾ॥੧੦॥
ਤਾਤਕਾਲ ਤਿਸ ਦੇਇ ਲੁਟਾਇ॥ ਆਗੇ ਤਿਆਗੋ ਕਪਟ ਸੁਭਾਇ॥
ਹਰਿ ਕੀ ਭਗਤ ਮਨ ਮੋ ਦਿੜ ਕਰੋ॥ ਹੋਇ ਪਵਿਤ੍ਰ ਭੈ ਸਾਗਰ ਤਰੋ॥੧੧॥

॥ਦੋਹਰਾ॥

ਗੁਰ ਸਜਨ ਪਰ ਕਿਰਪਾ ਕਰੀ ਭਇਆ ਭਗਤ ਅੰਕੂਰ॥
ਆਗੇ ਕੋ ਸਤਿਗੁਰ ਚਲੇ ਦਇਆ ਸਿੰਧ ਭਰਪੂਰ॥੧੨॥

॥ਸਾਖੀ ਪੂਰਨ ਹੋਈ॥[1]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲੇਇ ਉਧਾਰ॥

[1] ਇੱਥੇ ' ॥ਸਾਖੀ ਪੂਰਨ ਹੋਈ॥ ' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਕਾਰਮਕ ਬੈਸਨੋ ਨਾਲ ਚਰਚਾ][1]

॥ਦੋਹਰਾ॥

ਸਜਣ ਸੋ ਪ੍ਰਭ ਬਿਦਾ ਹੋਇ ਆਗੇ ਚਲੇ ਦਿਆਲ॥
ਕਾਰਮਕ ਬੈਸਨੋ ਸੋ ਮਿਲੇ ਕਰ ਚਰਚਾ ਕੀਆ ਨਿਹਾਲ॥੧॥

॥ਚੌਪਈ॥

ਰਮਤੇ ਪ੍ਰਭ ਗੰਗ[2] ਤਟ ਗਏ॥ਕਾਰਮਕ ਬੈਸਨੋ ਭੇਟਤ ਭਏ॥
ਅਤ ਕਠਨ ਜੁਗਤ ਵੈ ਕਰਤ ਰਸੋਈ॥ਆਧਾ ਧੜੁ ਬਾਹਰ ਰਾਖਤ ਸੋਈ॥੨॥
ਬਾਇਆ ਕਰ ਬਾਹਰ ਤਿਨ ਕੀਨਾ॥ਏਕ ਹਾਥ ਕਰੇ ਜੁਗਤ ਨਵੀਨਾ॥
ਤਿਸ ਦੇਖਤ ਦਿਆਲ ਗੁਰੂ ਬਿਗਸਾਨਾ॥ਮਰਦਾਨੇ ਅਚਰਜ ਕਰ ਜਾਨਾ॥੩॥
ਤਾ ਕੇ ਨਿਕਟ ਦਿਆਲ ਗੁਰ ਜਾਇ॥ਬਰਨ[3] ਬਖਾਨਾ ਸਹਜ ਸੁਭਾਇ॥
ਹੇ ਕਾਰਮਕ ਚੌਕਾ ਭਇਆ ਜੂਠਾ॥ਮਿਥਿਆ ਖੇਦ ਭਇਆ ਜਤਨ ਅਪੂਠਾ॥੪॥
ਉਠਾ ਚੌਕਾ ਕਰਮੁਕ ਬੋਲਾ॥ਕਹਾ ਜੂਠਿ ਭਈ ਸਾਧੂ ਮਤ ਭੋਲਾ॥
ਪੁਨ ਦਿਆਲ ਕਹਿਆ ਸਮਝਾਇ॥ਗੁਪਤ ਛੂਤ ਤੂ ਜਾਨਤ ਨਾਹਿ॥੫॥

॥ਦੋਹਰਾ॥

ਗੁਪਤ ਛੂਤ ਲਾਗੀ ਸਦਾ ਕਿਰਆ ਕਰਤ ਸਭ ਭੰਗ॥
ਚੰਡਾਲ ਚੌਕੜੀ ਸੰਗ ਸਦ ਦੀਸਤ ਨਾਹ ਅਨੰਗ॥੬॥

॥ਕਾਰਮੁਕ ਵਾਚ॥

ਵੇ ਕਹਾ ਚੰਡਾਲ ਅਨੰਗ ਹੇ ਕਿਉ ਕਰ ਲਾਗੀ ਜੂਠ॥
ਮੋ ਕੋ ਤੋ ਭਾਸਤ ਨਹੀ ਹਾਸੀਂ ਕਰਤ ਹੋ ਝੂਠਿ॥੭॥
28/ਅ ਇਸ ਕੇ/ਪਰਥਾਇ ਸਲੋਕ ਉਚਾਰ ਕੀਆ॥[4]

॥ਸਲੋਕ॥[5]

ਕੁਬੁਧ ਡੂਮਣੀ ਕੁਦਆ ਕਸਾਇਣ ਪਰ ਨਿੰਦਿਆ ਘਟਿ ਚੂਹੜੀ ਮੁਠੀ ਕ੍ਰੋਧ ਚੰਡਾਲ॥
ਕਾਰੀ ਪਾਈ ਕਿਆ ਹੂਆ ਚਾਰੇ ਬੈਠੇ ਨਾਲ॥੧॥

॥ਚੌਪਈ॥

ਸੁਨੋ ਕਾਰਮਕ ਤਾ ਕਾ ਅਰਥ॥ਜਾ ਕੇ ਸਮਝੇ ਮਿਟੇ ਅਨਰਥ॥
ਕੁਬੁਧ ਡੂਮਣੀ ਸੰਗੁ ਰਹਾਇ॥ਜਿਹ ਭੇਟਤ ਧਰਮ ਸਭ ਜਾਤ ਬਿਲਾਇ॥

ਕੁਦਿਆ[6] ਮਹਾ ਕਸਾਬ ਕੀ ਜੋਰੋ॥ਜਾ ਤੇ ਅਨਕ ਪਾਪ ਹੋਇ ਘੋਰੋ॥
ਪਰ ਨਿੰਦਿਆ ਚੰਡਾਲੀ ਸੰਗ॥ਤੀਰਥ ਬਰਤ ਕ੍ਰਿਆ ਕਰੈ ਭੰਗ॥੯॥
ਮਹਾ ਚੰਡਾਲ ਕਰੋਧ ਸੰਗ ਬਸੇ॥ਸਰਬ ਧਰਮ ਪ੍ਰਗਟ ਜਿਹ ਨਸੇ॥
ਇਨ ਕੇ ਹੋਤੇ ਸਦਾ ਕੁਪਾਇਨ॥ਬਿਨ ਹਰਿ ਭਗਤ ਨ ਹੋਤ ਪਰਾਇਨ॥੧੦॥
ਕਾਰਮੁਕ ਬਚਨ ਸੁਨਤ ਮਗਨਾਨਾ॥ਸੰਤ ਸੰਗ ਉਪਜਿਓ ਮਨ ਗਿਆਨਾ॥
ਸ[7] ਸਗਲ ਜਤਨ ਤਿਨ ਮਿਥਿਆ ਜਾਨਾ॥ਹੋਇ ਨਿੰਬ੍ਰ ਭੂਤ ਯਹ ਬਿਨੇ ਬਖਾਨਾ॥੧੧॥

॥ਦੋਹਰਾ॥

ਅਬ ਮੁਹ ਮਾਰਬਗ ਭਗਤ ਹਰਿ ਦੀਜੇ ਸੰਤ ਬਤਾਇ॥
ਪਤਿਤ ਉਧਾਰਨ ਬਿਰਦ ਤੁਮ ਕੀਜੈ ਮੋਹ ਸਹਾਇ॥੧੨॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਗੰਗਾ (ਅ,ੲ,ਸ)
[3] ਬਚਨ (ਅ,ੲ)
[4] ਇੱਥੇ 'ਇਸ ਕੇ ਪਰਥਾਇ ਸਲੋਕ ਉਚਾਰ ਕੀਆ॥' ਪੰਕਤੀ ਨਹੀਂ ਹੈ (ੲ)
[5] ਇੱਥੇ ਸਿਰਲੇਖ '॥ਬਚਨ ਸਲੋਕ॥' ਹੈ (ੲ)
[6] ਕਟਿਆ (ਸ) ਕੁਦਇਆ (ੲ)
[7] ਇੱਥੇ ਸ਼ਬਦ 'ਸ' ਨਹੀਂ ਹੈ (ਅ,ੲ,ਸ)

ਤਬ ਬਾਬਾ ਜੀ ਬੈਸਨੋ ਕੇ ਪਰਥਾਇ ਸਲੋਕੁ ਉਚਾਰ ਕੀਆ॥ [1]

॥ਸਲੋਕ॥

ਸਚ ਸੰਜਮ ਕਰਨੀ ਕਾਰਾ ਨਾਵਣ ਨਾਉ ਜਪੇਹੀ॥
ਨਾਨਕ ਆਗੇ ਉਤਮ ਸੇਈ ਜੇ ਪਾਪਾ ਪੰਦ ਨ ਦੇਈ॥

॥ਤਿਸ ਕਾ ਅਰਥ॥

ਹੇ ਬੈਸਨੋ ਸਚ ਕਾ ਸੰਜਮ ਸਭ ਕਰਨੀ ਕਾਰ ਕਰੇ॥ਇਸਨਾਨ ਹਰਿ ਭਜਨ ਕਾ ਐਸੀ ਜੁਗਤ ਸੋ ਪ੍ਰਵਿਤ੍ਰ ਹੋਇ॥ਹੇ ਬੈਸਨੋ ਪਰਮੇਸਰ ਕੀ ਦਰਗਾਹ ਮੋ[2] ਸੇਈ ਉਤਮ ਹੈ ਜੋ ਸਦਾ ਪਾਪਾ ਕਾ ਸੰਗ ਨਾਹੀ ਕਰਤੇ॥ਅਰੁ ਸਰਬ ਕੀ ਰੇਨ ਹੋਇ ਕਰ ਸੰਤੁਸਟ ਹੋ ਰਹੈ॥

॥ਚੌਪਈ॥

29/ੳ ਸੁਨੋ ਕਾਰਮਕ ਭਗਤ ਬਿਚਾਰ॥ਪ੍ਰੇਮ ਭਗਤ ਕੀਜੈ ਅਧਕਾ/ਰ॥
ਰਾਮ ਭਗ[3] ਇਹ ਮਨ ਜਬ ਪਾਗੇ॥ਤਬ ਚੰਡਾਲ ਚੌਕੜੀ ਭਾਗੇ॥੧੩॥
ਕ੍ਰਿਆ ਸਗਲ ਪਾਵਨ ਤਬ ਹੋਇ॥ਹਰਿ ਕੀ ਭਗਤਿ ਬਸੈ ਮਨ ਸੋਇ॥
ਕ੍ਰਿਪਾ ਕਟਾਛ ਦਿਆਲ ਪ੍ਰਭ ਕੀਨਾ॥ਤਬੀ ਕਾਰਮਕ ਸਤਿ ਪਤੀਨਾ॥੧੪॥
ਪਾਖੰਡ ਕਰਮ ਤਿਨ ਸਗਲ ਤਿਆਗਾ॥ਸਤਿਗੁਰ ਚਰਨ ਸਰਨ ਅਨਰਾਗਾ॥
ਪ੍ਰੇਮ ਲਛਨੀ ਭਗਤ ਸੁ[4] ਜਾਗੀ॥ਭੇਟੇ ਸਤਿਗੁਰ ਭਏ ਸਭਾਗੀ॥੧੫॥
ਦੇਖ ਮਰਦਾਨਾ ਬਿਸਮ ਹੋਇ ਗਇਆ॥ਬਾਬੇ ਕੋ ਪਰਸੰਸਤ ਭਇਆ॥
ਸੁਬਹਾਨ ਭਗਤ ਤੇਰੀ ਮਹਾਰਾਜਾ॥ਤੁਮ ਜਗ ਤਾਰਨ ਸਿੰਧ ਜਹਾਜ॥੧੬॥

॥ਦੋਹਰਾ॥

ਆਗੇ ਕੋ ਸਤਿਗੁਰ ਚਲੇ ਕਰ ਕਾਰਮਕ ਉਪਦੇਸ॥
ਮਰਦਾਨੇ ਉਸਤਤ ਕੀਆ ਆਦੇਸ ਪ੍ਰਭੂ ਆਦੇਸ॥

॥ਸਾਖੀ ਪੂਰਨ ਹੋਈ॥੨੦॥ [5]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

---

[1] ਇੱਥੇ 'ਤਬ ਬਾਬਾ ਜੀ ਬੈਸਨੋ ਕੇ ਪਰਥਾਇ ਸਲੋਕੁ ਉਚਾਰ ਕੀਆ॥' ਪੰਕਤੀ ਦੀ ਜਗ੍ਹਾ '॥ਉਤ੍ਰ ਸਲੋਕ ਹੈ॥' ਪੰਕਤੀ ਹੈ(ੲ)
[2] ਸੋ (ਸ)
[3] ਭਗਤ (ਅ,ੲ,ਸ)
[4] ਮਨ (ਅ)
[5] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਏਕ ਅਚਾਰੀ ਬੈਸਨੋ ਨਾਲ ਚਰਚਾ][1]

॥ਦੋਹਰਾ॥

ਪਰਮ ਬਿਲਾਸੀ ਦਿਆਲ ਗੁਰ ਬਿਚਰਤ ਆਨੰਦ ਰੂਪ॥
ਪਰ ਸੁਆਰਥ ਦਾਇਕ ਭਗਤ ਨਵ ਤਨ ਚਲਤ ਅਨੂਪ॥੧॥

॥ਚੌਪਈ॥

ਚਲੇ ਦਿਆਲ ਮਗਨ ਇਕ ਰੰਗ॥ਮਰਦਾਨਾ ਸੋਹਤ ਸਦ ਸੰਗ॥
ਤੀਰਥ ਤਟ ਇਕ ਬੈਸਨੋ ਦੇਖਾ॥ਧ੍ਰ ਪ੍ਰਿਤਮਾ ਅਗ੍ਰ ਕੀਏ ਧਿਆਨ ਬਿਸੇਖਾ॥੨॥
ਤਿਸ ਦੇਖ ਦਿਆਲ ਸਤਿਗੁਰ ਭਏ ਠਾਡੇ॥ਤਬ ਲਗ ਬੈਸਨੋ ਧਿਆਨ ਸੋ ਜਾਗੇ॥
ਬਿਗਸੇ ਦਿਆਲ ਪ੍ਰਸਨ[2] ਤਹ ਕੀਨਾ॥ਇਹ ਕ੍ਰਿਆ ਧਿਆਨ ਗੁਰ ਤੇ ਤੁਮ ਚੀਨਾ॥੩॥
ਕਾ ਕੋ ਧਿਆਨ ਕਰੋ ਤੁਮ ਭਾਈ॥ਕਿਆ ਦੇਖੋ ਰੂਪ ਜਾਂ ਸੋ ਲਿਵ ਲਾਈ॥
29/ਅ ਸੁਨ ਬੈਸਨੋ/ਪ੍ਰਸਨ ਬਚਨ ਬਿਖਾਨਾ॥ਤੀਨ ਲੋਕ ਭਾਸਤ ਕਰ ਧਿਆਨਾ॥੪॥
ਸੁਨ ਬਚਨ ਬੈਸਨੋ ਸਤਿਗੁਰ ਹਸੇ॥ਬੈਸਨੋ ਪੁਨ ਧਿਆਨ ਰੰਗ ਰਸੇ॥
ਨਾਕ ਪਕਰ ਤਿਨ ਨੈਨ[3] ਦੋਊ ਮੂੰਦੇ॥ਧਰ ਅਗ੍ਰ ਸਿੰਘਾਸਨ ਪ੍ਰਿਤਮਾ ਰੂਧੇ॥੫॥
ਦੇਖ ਕ੍ਰਿਆ ਸਤਿਗੁਰ ਮਗਨਾਨੇ॥ਬਿਨ ਪ੍ਰੇਮ ਕਿਰਿਆ ਛੂਛੀ ਪਹਿਛਾਨੇ॥
ਸਿੰਘਾਸਨ ਅਗ੍ਰ ਗੁਰ ਲੀਆ ਉਠਾਇ॥ਤਾ ਕੇ ਪੀਠ ਉਰ ਧਰਿਓ ਜਾਇ॥੬॥

॥ਦੋਹਰਾ॥

ਤਬ ਜਾਗਿਓ ਧਿਆਨ ਤੇ ਬੈਸਨੋ ਸਿੰਘਾਸਨ ਦੇਖਿਓ ਨਾਹਿ॥
ਛਟਪਟਾਇ ਪੂਛਨ ਕੀਓ ਬਾਬਾ ਜੀ ਸੋ ਤਾਹਿ॥੭॥

॥ਚੌਪਈ॥

ਹੇ ਸਾਧ ਸਿੰਘਾਸਨ ਕੋ ਲੇ ਗਇਓ॥ਬਡਾ ਅਨਰਥ ਤੁਮ ਦੇਖਤ ਭਯੋ॥
ਤਾ ਸੋ ਸਤਿਗੁਰ ਬਚਨ ਬਖਾਨ॥ਤੀਨ ਲੋਕ ਭਾਸਤ ਤੁਮ ਧਿਆਨ॥੮॥
ਨਿਜ ਇਸਟ ਦੇਵ ਤੁਮ ਨਦਰ ਨ ਆਵੈ॥ਤੀਨ ਲੋਕ ਕੈਸੇ ਦਰਸਾਵੈ॥
ਮਿਥਿਆ ਧਿਆਨ ਤੁਮਾਰੀ ਕਰਨੀ॥ਮਿਥਿਆ ਕਰੋ ਝੂਠ ਆਚਰਨੀ॥੯॥
ਤਬ ਤਿਨ ਬੈਸਨੋ ਸਮੁਝੀ ਬਾਤ॥ਸੰਤ ਬਚਨ ਕਾ ਬਡ ਪਰਤਾਪ॥
ਹੇ ਪ੍ਰਭ ਲੋਕ ਕਹੇ ਮੈ ਕਹਿਉ॥ਬਿਨ ਗੁਰ ਤਤ ਬੀਚਾਰ ਨ ਲਹਉ॥੧੦॥
ਪ੍ਰਭ ਬਿਨੈ ਬਚਨ ਸੁਨ ਕਹਿਉ ਸੁਭਾਇ॥ਮਰਦਾਨਿਆ ਰਬਾਬ ਬਜਾਇ॥
ਸਬਦ ਉਚਾਰਉ ਸਤ ਪਰਥਾਇ॥ਸੁਨਤ ਪਖੰਡ ਦੁਰਮਤਿ ਭਗ ਜਾਇ॥੧੧॥[4]

॥ਸਬਦ ਸ੍ਰੀ ਮੁਖਵਾਕ॥ਧਨਾਸਰੀ ਮ:੧॥[5]

ਕਾਲ ਨਾਹੀ ਜੋਗ ਨਾਹੀ ਨਾਹੀ ਸਤ ਕਾ ਢਬੁ॥
ਥਾਨਿਸਟ ਜਗੁ ਭਰਿਸਟ ਹੋਏ ਡੂਬਤਾ ਇਵ ਜਗੁ॥੧॥
ਕਲ ਮੈ ਰਾਮ ਨਾਮ ਸਾਰ॥
ਆਖੀ ਤਾ ਮੀਟਹਿ ਨਾਕ ਪਕੜੇ ਠਗਨ ਕੋ ਸੰਸਾਰ॥੧॥ਰਹਾਉ॥
ਆਟ ਸੇਤੀ ਨਾਕ ਪਕੜੇ ਸੂਝਤੇ ਤ੍ਰੈ ਲੋਇ॥
30/ੳ ਮਗਰ ਪਾਛੈ ਕਿ/ਛੁ ਨ ਸੂਝੈ ਏਹੁ ਪਦਮ ਅਲੋਇ॥੨॥
ਖਤ੍ਰੀਆ ਧਰਮੁ ਛਾਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤ ਰਹੀ॥੩॥
ਅਸਟ ਸਾਜਿ ਪੁਰਾਨ ਸੋਧੇ ਕਰਹਿ ਬੇਦ ਅਭਿਆਸ॥
ਬਿਨ ਨਾਮ ਹਰਿ ਕੇ ਮੁਕਤ ਨਾਹੀ ਕਹੈ ਨਾਨਕ ਦਾਸ॥੪॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ ਸ਼ਬਦ 'ਪ੍ਰਸਨ' ਨਹੀਂ ਹੈ (ੲ)
[3] ਨੈਨਨ (ਅ,ੲ)
[4] ਇੱਥੇ 'ਸਬਦ ਉਚਾਰਉ ਸਤ ਪਰਥਾਇ॥ਸੁਨਤ ਪਖੰਡ ਦੁਰਮਤਿ ਭਗ ਜਾਇ॥੧੧॥' ਵਾਲੀ ਪੰਕਤੀ ਨਹੀਂ ਹੈ (ੲ)
[5] ਇੱਥੇ ਸਿਰਲੇਖ '॥ਸਬਦ ਸ੍ਰੀ ਮੁਖਵਾਕ॥' (ਅ), ਇੱਥੇ ਸਿਰਲੇਖ '॥ਸਬਦ ਸ੍ਰੀ ਮੁਖਵਾਕ॥ਧਨਾਸਰੀ ਮ:੧॥ 'ਨਹੀਂ ਹੈ (ੲ)

॥ ਤਿਸ ਕਾ ਅਰਥ ॥ [1]

॥ ਬੈਸਨੋ ਪ੍ਰਸਨ ਕੀਆ ਤਿਸ ਕਾ ਉਤਰ[2] ॥

ਹੇ ਬੈਸਨੋ ਅਬ ਜ ਆਚਾਰ ਸਮਾ ਨਾਹੀ ਅਰੁ ਜੋਗ ਕੀ ਜੁਗਤ ਭੀ ਨਾਹੀ ॥ ਅਰੁ ਸਤ ਸਾਧਨਾ ਜੁ ਹੈ ਤਿਸ ਕਾ ਢਬੁ ਬੀ ਨਾਹੀ ਅਪਨੇ ਇਸਟ ਅਸਥਾਨ ਸੋ ਜਗਤ ਭਰਿਸਟ ਭਇਆ ਹੈ ॥ ਇਸੀ ਸਭ ਭੈ ਮਾਰਗ ਮੋ[3] ਡੂਬਤੇ ਹੈ ਇਸ ਕਲੂ ਸਮੈ ਮੋ ਏਕ ਰਾਮ ਨਾਮ ਸਾਰ ਹੈ ॥ ਤਿਸ ਕਾ ਪ੍ਰੇਮ ਅਭਿਆਸ ਨਾਹੀ ਕਰਤੇ ॥ ਕਰਤੇ ਕਿਆ ਹੈ ਆਂਖ ਮੀਟ ਨਾਕ ਪਕਰ ਕਰ ਸੰਸਾਰ ਕੋ ਠਗਣ ਕਾ ਜਤਨ ਕਰਤੇ ਹੈ ॥ ਹੇ ਬੈਸਨੋ ਆਟ ਸੋ ਨਾਕ ਪਕੜ ਧਿਆਨ ਕਰਤੇ ਹੈ ਕਹਤੇ[4] ਤੀਨ ਲੋਕ ਸੂਝਤੇ ਹੈ ॥ ਜੈਸੇ ਤੁਮਾਰੀ ਅਵਸਤਾ ਹੈ ਅਪਨੀ ਪੀਠ ਪੀਛੈ ਦਿਸਟ ਨਾਹੀ ਆਵਤਾ ॥ ਐਸੇ ਅੰਧੇ ਹੈ ਖਤ੍ਰੀ ਕੁਲ ਅਪਨੇ ਧਰਮ ਕੋ ਛਾਡ ਮਲੇਛ ਭਾਖਿਆ ਦ੍ਰਿੜ ਕੀਆ ॥ ਅਬ ਐਸੇ ਕਲੂ ਕਾਲ ਮੋ ਸਭ ਸ੍ਰਿਸਟਿ ਏਕ ਬਰਨ ਭਈ ਹੈ ॥ ਕਵਨੋ ਗਤ ਧਰਮ ਕੀ ਨਾਹੀ ॥ ਹੇ ਬੈਸਨੋ ਐਸ ਕਾਲ ਮੋ ਅਠਾਰਹ ਪੁਰਾਨ ਅਰ ਚਾਰ ਬੇਦ ਅਭਿਆਸ ਕਰੇ ਤੋ ਭੀ ਬਿਨ ਹਰਿ ਭਗਤਿ[5] ਕੇ ਮੁਕਤ ਨਾਹੀ ਹੋਤਾ ॥

॥ ਦੋਹਰਾ ॥

ਜਬ ਸੁਨੇ ਬਚਨ ਗੁਰ ਬੈਸਨੋ ਹੋਇ ਬੀਚਾਰ ਮੋ ਲੀਨ ॥
ਸਭ ਪ੍ਰਿਤਮਾ ਡਾਰੀ ਜਲ ਬਿਖੈ ਚਰਨਨ ਭਇਆ ਅਧੀਨ ॥ ੧੨ ॥

॥ ਤੋਮਰ ਛੰਦ ॥

ਹੇ ਸੰਤ ਕਰਨਾ ਧਾਰ ॥ ਕਰ ਲੇਹੁ ਮੋਹ ਉਧਾਰ ॥
ਕੀਆ ਸਗਲ ਜਨਮ ਪਖੰਡ ॥ ਅਬ ਸੁਝਤ ਜਮ ਕੋ ਡੰਡ ॥ ੧੩ ॥
30/ਅ ਅਬ ਪਰਿਓ/ਤੁਮਰੀ ਸਰਨ ॥ ਮਤ ਦੇਹੁ ਕਿਰਪਾ ਕਰਨ ॥
ਪ੍ਰਭ ਕੀਆ ਸਬਦ ਉਚਾਰ ॥ ਭਇਆ ਬੈਸਨੋ ਉਧਾਰ[6] ॥ ੧੪ ॥

॥ ਦੋਹਰਾ ॥

ਸਤਿਗੁਰ ਦ੍ਰਿਸਟਿ ਕਰਨਾ ਕਰੀ ਭਇਆ ਨਿਰਮਲ ਤਿਸ ਚਿਤ ॥
ਸੰਤ ਸਰਨ ਪ੍ਰਾਨੀ ਪਰੇ ਗਈ ਬਹੋਰੇ ਬਿਤ ॥ ੧੫ ॥

॥ ਸਾਖੀ ਪੂਰਨ ਹੋਈ ॥ [7]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲੇਇ ਉਧਾਰ ॥

---

[1] ਇੱਥੇ ਸਿਰਲੇਖ ' ॥ ਅਰਥ ॥ ' ਹੈ (ੲ)
[2] ਇੱਥੇ ਸਿਰਲੇਖ ' ॥ ਬੈਸਨੋ ਪ੍ਰਸਨ ਕੀਆ ਤਿਸ ਕਾ ਉਤਰ ॥ ' ਹੈ (ਅ)
[3] ਇਸੀ ਭੈ ਸਾਗਰ ਮੋ ਸਭੀ (ੲ)
[4] ਕਹਤੇ ਹੈ (ਅ)
[5] ਗਤਿ (ਸ)
[6] ਇੱਥੇ 'ਪ੍ਰਭ ਕੀਆ ਸਬਦ..ਉਧਾਰ ॥ ' ਵਾਲੀ ਪੰਕਤੀ ' ॥ ੧੩ ॥ ' ਅੰਕ ਤੋਂ ਬਾਅਦ ਤੇ 'ਅਬ ਪਰਿਓ' ਵਾਲੀ ਪੰਕਤੀ ਤੋਂ ਪਹਿਲਾਂ ਹੈ (ੲ)
[7] ਇੱਥੇ ' ॥ ਸਾਖੀ ਪੂਰਨ ਹੋਈ ॥ ' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਸ੍ਰੀ ਸਤਿਗੁਰ ਜੀ ਦੀ ਪਰਮ ਅਵਧੂਤ ਬਿਵਸਤਾ][1]

॥ਦੋਹਰਾ॥

ਸ੍ਰੀ ਸਤਿਗੁਰ ਆਗੇ ਚਲੇ ਇਕ ਸੂਕੋ ਸਰਵਰ ਦੇਖ॥
ਤਹਾ ਜਲ ਬਿਹੂਨ ਸੂਕੇ ਕਮਲ ਬੋਲੇ ਸਬਦ ਬਸੇਖ॥੧॥

॥ਬਚਨ ਸ੍ਰੀ ਮੁਖਵਾਕ॥[2]

ਪਬਨ ਤੂੰ ਹਰੀਆਵਲਾ ਕਵਲਾ ਕੰਚਨ[3] ਵੰਨ॥
ਕੇ ਦੋਖੜੇ ਸੜਿਓ ਕਾਲੀ ਹੋਈ ਦੇਹੁਰੀ[4]॥

॥ਦੋਹਰਾ॥

॥ਕਮਲੋ ਵਾਚ॥

ਨਾਨਕ ਮੈ ਤਨ ਭੰਗ ਜਾਨਾ ਪਾਨੀ ਨਾ ਲਹਾ॥
ਜੈ ਸੇਤੀ ਮੇਰਾ ਸੰਗ ਜੈ ਡਿਠੀ ਪਰਫੜੇ ਚੜੇ ਚਵਗੁਨ ਵੰਨ॥

॥ਤਿਸ ਕਾ ਅਰਥ॥

॥ਚੌਪਈ॥

ਸੁਨੋ ਸੰਤ ਸਦਾ ਹਮ ਜਲ ਬਾਸਾ॥ਉਪਜ ਪਰਫਲਤ ਕਰੇ ਬਿਲਾਸਾ॥
ਤਾ ਸੋ[5] ਬਸੈ ਮਹਿਮਾ ਨਹੀ ਜਾਨੀ॥ਸੂਕ ਭਸਮ ਭਏ ਸੁਨੋ ਬਿਨਾਨੀ॥੨॥
ਸੰਸਾਰ ਸਰੋਵਰ ਮੋ ਜਲੁ ਨਾਮ॥ਕਮਲ ਰੂਪ ਜੜ ਜੀਉ ਅਕਾਮ॥
ਬਿਨ ਸਤਿਗੁਰ ਮਹਿਮਾ ਜਲ ਨਹੀ ਜਾਨੀ॥ਉਪਜ ਭਸਮ ਭਏ ਸਾਧ ਸੁਜਾਨੀ॥੩॥
ਸੁਨ ਉਤ੍ਰ ਬਾਬਾ ਮਗਨਾਨੇ॥ਜਲ ਥਲ ਆਤਮ ਪੂਰਨ ਜਾਨੇ॥
ਬਿਗਸ ਦਿਆਲ ਆਗੇ ਕੋ ਚਲੇ॥ਹੋਇ ਕ੍ਰਿਪਾਵੰਤ ਪੰਜਾਬ ਕੋ ਢੁਲੇ॥੪॥
ਚਲੇ ਚਲੇ ਸੁਲਤਾਨੁਪੁਰ ਆਏ॥ਮਿਲੇ ਜੈ ਰਾਮ ਮਹਾ ਸੁਖ ਪਾਏ॥
31/ੳ ਬਹਨ ਨਾਨ/ਕੀ ਦੇਖ ਭਈ ਸੁਖੀ॥ਕਥਾ ਮਰਦਾਨੇ ਸੋ ਸਭ ਪੁਛੀ॥੫॥
ਮਰਦਾਨੇ[6] ਮਹਿਮਾ ਕਹੀ ਬਿਖਾਨ॥ਸੁਨ ਨਾਨਕੀ ਮਨ ਬੁਧ ਭਈ ਗਲਤਾਨ॥
ਦੁਆਦਸ ਬਰਖ ਬਤੀਤ ਸੁ ਭਇਆ॥ਦੌਲਤ ਖਾਨ ਚਿਤਵਤ ਮਰ ਗਇਆ॥੬॥

॥ਦੋਹਰਾ॥

ਮਾਰਗ ਚਿਤਵਤ ਲੋਕ ਗ੍ਰਿਹ ਅਰੁ ਕੁਲ ਜਨ ਭਏ ਨਿਰਾਸ॥

ਆਏ ਤੁਮ ਆਨੰਦ ਭਇਆ ਪ੍ਰਮੇਸਰ ਪੂਰੀ[7] ਆਸ॥੭॥

॥ਚੌਪਈ॥

ਹੇ ਮਰਦਾਨੇ ਘਰ ਲੇ ਜਾਵੋ॥ਪਿਤਾ ਮਾਤਾ ਕੋ ਦਰਸ ਦਿਖਾਵੋ॥
ਬਿਨ ਜਲ ਮਛਲੀ ਇਮ ਸਭ ਤਰਫੇ॥ਦੇਖ ਦਰਸ ਹੀਆ ਸਭ ਪਰਫੇ॥੮॥
ਤਬ ਬਿਦਾ ਭਏ ਸਤਿਗੁਰ ਕਰਤਾਰ॥ਗ੍ਰਿਹ ਕੀ ਚਿਤਵਨ ਕਰੀ ਸਮਾਰ॥
ਮਾਰਗ ਚਲੇ ਪਹੁਚੇ ਤਿਲਵੰਡੀ॥ਬ੍ਰਿਹ ਬਿਓਗ ਸਭਨ ਕੀ ਖੰਡੀ॥੯॥
ਜਬ ਏਕ ਕੋਸ ਤਿਲਵੰਡੀ ਰਹੀ॥ਮਰਦਾਨੇ ਸਿਉ ਇਹ ਬਿਦ ਕਹੀ॥
ਤੂੰ ਜਾਹ ਅਪਨੇ ਘਰ ਮਿਲ ਆਉ॥ਹਮਰੇ ਘਰ ਕੀ ਖਬਰ ਲਿਆਉ॥੧੦॥

॥ਦੋਹਰਾ॥

ਜੋ ਪੂਛੇ ਹਮਰੀ ਖਬਰ ਕੋ ਕਛੂ ਮਤਿ ਕਹੀਅਉ ਮੀਤ॥
ਮਿਲ ਤੁਰੰਤ ਚਲ ਆਉਨਾ ਅਬੀ ਉਦਾਸ ਹੈ ਚੀਤ॥੧੧॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ ਸਿਰਲੇਖ '॥ਬਚਨ ਸ੍ਰੀ ਮੁਖਵਾਕ॥' ਨਹੀਂ ਹੈ (ੲ)
[3] ਕੰਚਲ (ਸ)
[4] ਕਾਲੀ ਦੇਹੁਰੀ ਵੰਨ (ਅ)
[5] ਮੋ (ੲ)
[6] ਮਰਦਾਨੇ ਸਭ (ੲ)
[7] ਪੂਰਹ (ਸ)

॥ ਤੋਮਰ ਛੰਦ ॥

ਚਿਤਵਤ ਮਰਦਾਨਾ ਚਲੇ ॥ ਜੋ ਹੋਇ ਸੋ ਜੀਵਤ ਮਿਲੇ ॥
ਗਏ ਬਰਖ ਦੁਆਦਸ ਬੀਤ ॥ ਪਰਿਓ ਹਰਖ ਸੋ ਕਹ ਚੀਤ ॥ ੧੨ ॥
ਘਰ ਜਾਇ ਦੇਖੇ ਲੋਗ ॥ ਭਇਆ ਕੁਸਲ ਮਿਟ ਗਏ ਸੋਗ ॥
ਪੁਨ ਗਇਆ ਕਾਲੂ ਧਾਮ ॥ ਦੇ ਆਸੀਸ ਕੀਆ ਬਿਸਰਾਮ ॥ ੧੩ ॥
ਦੇਖਾ ਮਰਦਾਨਾ ਮਾਤ ॥ ਪੂਛੰਤ ਪੁਲਕਤ ਗਾ[1] ॥
ਤੂੰ ਸੰਗ ਮਮ ਸੁਤ ਆਹਿ ॥ ਕਹਾ ਛੋਡ ਆਇਉ ਤਾਹਿ ॥ ੧੪ ॥
ਤਰਫੋ ਬਿਨਾ ਜਲ ਮੀਨ ॥ ਜਬ ਮੋ ਪਿਆਨਾ ਕੀਨ ॥
ਕਹੋ ਬਾਤ ਸਤ ਬਿਚਾਰ ॥ ਕਹਾ ਮੋਰ ਪ੍ਰਾਨ ਅਧਾਰ ॥ ੧੫ ॥

॥ ਸੋਰਠਾ ॥

31/ਅ ਮਰਦਾਨੇ ਕਹਾ ਸੰਦੇਸ/ਮੈ ਆਇਓ ਸੰਗ ਸੁਲਤਾਂਨਪੁਰ ॥
ਚਲ ਆਇਉ ਕਰ ਆਦੇਸ ਗ੍ਰਹ ਲੋਗ ਮਿਲਨੇ ਨਮਿਤ ॥ ੧੬ ॥
ਪੁਨ ਚਾਲਿਓ ਤੁਰੰਤ ਕਹਿ ਬਾਤ ਮੈ ਜਾਵੋ ਸੁਲਤਾਨਪੁਰ ॥
ਅਨਭੈ ਜਾਨਿਓ ਮਾਤ ਨਾਨਕ ਆਇਓ ਹੈ ਈਹਾ ॥ ੧੭ ॥
ਲੀਏ ਬਸਤ੍ਰ ਪਕਵਾਨ ਮਰਦਾਨੇ ਪੀਛੇ ਚਲੀ ॥
ਪਹੁਚੀ ਤਹਾ ਸੁਜਾਨ ਜਹਾ ਬਾਬਾ ਜੀ ਬੈਠੇ ਹੁਤੇ ॥ ੧੮ ॥

॥ ਤੋਮਰ ਛੰਦ ॥

ਦੇਖਤ ਭਇਆ ਅਨੰਦ ॥ ਨਿਰਖਤ ਚਕੋਰਾ ਚੰਦ ॥
ਉਮਗਿਓ ਹੀਆ ਉਤਸਾਹ ॥ ਦ੍ਰਿਗ ਮਗ ਚਲਿਉ ਪਰਵਾਹ ॥ ੧੯ ॥
ਸੁਹ ਕੰਤ ਕਿਰਖੀ ਨੀਰ ॥ ਸਾਰੰਗ ਮੁਖ ਜਲ ਧੀਰ ॥
ਚਖ ਹੀਨ ਪਾਏ ਨੈਨ ॥ ਮੁਖ ਮਾਤ ਉਚਰੇ ਬੈਨ ॥ ੨੦ ॥
ਹੇ ਸੁਤ ਜੀਵਨ ਧਨ ਮੋਰ ॥ ਬਲਿ ਜਾਉ ਬਲਿ ਬਲਿ ਤੋਰ ॥
ਜਹ ਮਗ ਧਰੇ ਤੁਮ ਪਾਉ ॥ ਬਲਹਾਰ ਬਲ ਬਲ ਜਾਉ ॥ ੨੧ ॥
ਸੁਨ ਮਾਤ ਬਚਨ ਦਿਆਲ ॥ ਮਨ ਬਢਿਓ ਪ੍ਰੇਮ ਬਿਸਾਲ ॥
ਉਠ ਮਾਤ ਚਰਨਨ ਪਰੇ ॥ ਦ੍ਰਿਗ ਪ੍ਰੀਤ ਜਲ ਸੋ ਭਰੇ ॥ ੨੨ ॥

॥ ਦੋਹਰਾ ॥

ਅਤਿ ਬੈਰਾਗ ਬਾਬੇ ਕਰਾ ਮਾਤਾ ਚਰਨਨ ਲਾਗ ॥
ਮੁਖ ਮਸਤਕ ਚੂਮਿਓ ਹਿਰਦੇ ਲਾਇ ਸਆ[2] ਮਨ ਤਿਸ ਜਾਗ ॥ ੨੩ ॥
ਮਰਦਾਨੇ ਕੋ ਸਤਿਗੁਰ ਕਹਾ ਲੇਹੁ ਰਬਾਬ ਬਜਾਇ ॥
ਮਾਤਾ ਹੇਤ ਉਚਰਿਓ ਸਬਦ ਹੇ ਮਰਦਾਨਿਆ ਗਾਉ ॥ ੨੪ ॥

॥ ਸਬਦ ਸ੍ਰੀ ਮੁਖਵਾਕ ॥ [3]

॥ ਰਾਗ ਵਡਹੰਸ ਮਹਲਾ ੧ ॥

ਅਮਲੀ ਅਮਲ ਨ ਅੰਬੜੇ ਮਛੀ ਨੀਰੁ ਨ ਹੋਇ ॥
ਜੋ[4] ਰਤੇ ਸਹਿ ਆਪਣੇ ਤਿਨ ਭਾਵੈ ਸਭ ਕੋਇ ॥
ਹਉ ਵਾਰੀ ਵੰਞਾ ਖੰਨੀਐ ਵੰਞਾ ਤੈ ਸਾਹਿਬ ਕੈ ਨਾਵੈ ॥ ੧ ॥ ਰਹਾਉ ॥
ਸਾਹਿਬ ਸੁਫਲਿਓ ਰੁਖੜਾ ਅੰਮ੍ਰਿਤ ਜਾ ਕਾ ਨਾਉ ॥
ਜਿਨਾ ਪੀਆ ਸੋ ਤ੍ਰਿਪਤ ਭਏ ਹਉ ਤਿਨ ਕੁਰਬਾਣੈ ਜਾਉ ॥ ੨ ॥
ਮੈ ਕੀ ਨਦਰ ਨ ਆਵਈ ਵਸਹਿ ਹਭੀ ਨਾਲ ॥
32/ੳ ਤਿਖਾ ਤਿਹਾਇਆ ਕਿਉ/ਲੈਹੈ ਜਾ ਸਰ ਭੀਤਰ ਪਾਲ ॥ ੩ ॥
ਨਾਨਕ ਤੇਰਾ ਬਾਣੀਆ ਤੂੰ ਸਾਹਿਬ ਮੇਰੀ ਰਾਸ ॥
ਮਨ ਤੇ ਧੋਖਾ ਤਾ ਲਹੀ ਜਾ ਸਿਫਤ ਕਰੀ ਅਰਦਾਸ ॥ ੪ ॥

---

[1] ਗਾਤ, (ਅ,ੲ,ਸ)
[2] ਸੁਆ (ਅ,ੲ,ਸ)
[3] ਇੱਥੇ ਸਿਰਲੇਖ ' ॥ ਸਬਦ ਸ੍ਰੀ ਮੁਖਵਾਕ ॥ ' ਨਹੀਂ ਹੈ (ੲ)
[4] ਜੇ (ਸ)

॥ਤਿਸ ਕਾ ਅਰਥ॥[1]

ਹੇ ਮਾਤਾ ਜੀ ਅਮਲੀ ਕੋ ਜੈਸੇ ਅਮਲ ਮਿਲੇ ਅਰੁ ਮਛਲੀ ਕੋ ਜਲ ਨਾ ਹੋਇ ਤੈਸੀ ਹਮਾਰੀ ਅਵਸਥਾ ਹੈ॥ਅਰੁ ਜਿਨ ਪ੍ਰਾਪਤ ਭਇਆ ਹੈ ਅਪਨੇ ਸਾਹਬ ਸੋ ਰਤੇ ਹੈ ਤਿਨ ਕੋ ਸਭ ਕੋਈ ਪਿਆਰਾ ਹੈ॥ਉਹ ਸਭ ਕੇ ਪਿਆਰੇ ਹੈ॥ਹੇ ਮਾਤਾ ਜੀ ਐਸੇ ਸਾਹਿਬ ਕੇ ਸਦਾ ਬਲਿਹਾਰੇ ਹੌਂ॥ਉਸ ਕੇ ਨਾਵੇ ਥੋ ਸਦਾ ਬਲਹਾਰ ਜਾਤਾ ਹੌਂ॥

॥ਪ੍ਰਸਨ ਮਾਤਾ॥[2]

ਹੇ ਪੁਤ੍ਰ ਏਹ ਸਾਹਿਬ ਤੇਰਾ ਕੈਸਾ॥ਹੇ ਮਾਤਾ ਜੀ ਸਾਹਬ ਮੇਰਾ ਸਫਲਿਓ ਰੁਖ ਹੈ ਅੰਮ੍ਰਿਤ ਰੂਪੀ ਹੈ॥ਜਿਨ ਵੇ ਅੰਮ੍ਰਿਤ ਪੀਆ ਹੈ ਹੌਂ ਤਿਨ[3] ਕੇ ਸਦਾ ਬਲਿਹਾਰੇ ਜਾਤਾ ਹੋ॥ਹੇ ਪੁਤ੍ਰ ਤੇਰਾ ਸਾਹਿਬ ਨਦਰੀ ਨਹੀ ਆਵਦਾ॥ਹੇ ਮਾਤਾ ਜੀ ਸਾਹਿਬ ਮੇਰਾ ਨਦਰ ਨਹੀ ਆਵਤਾ॥ਅਰੁ ਸਭ ਕੇ ਸੰਗ ਬਸਦਾ ਹੈ॥ਐਸੇ ਹੈ ਜੈਸੇ ਕੋਈ ਤਿਖਾਵੰਤ ਹੋਇ ਅਰੁ ਸਰੋਵਰ ਜਲ ਕਾ ਭਰਾ ਪਾਸ ਹੋਇ ਤਿਸ ਕਾ ਮਾਰਗ ਨ ਹੋਇ ਕੈਸੇ ਜਲ ਕੋ ਪਾਇ ਤ੍ਰਿਪਤ ਹੋਇ॥ਤੈਸੇ ਹਉਮੈ ਕੀ ਪਾਲ ਮੋ ਮਾਰਗ ਜਲ ਲੇਨੇ ਸਰੋਵਰ ਕਾ ਬੰਦ ਹੈ॥ਕਿਉ ਕਰ ਪਾਇ ਸਕੇ ਜਬ ਹਉਮੈ ਮਮਤਾ ਦੂਰ ਹੋਇ ਤੋ ਨਿਕਟ ਹੀ ਸੁਖੇ ਨ ਪਾਏ॥ਹੇ ਮਾਤਾ ਜੀ ਮੈ ਸਾਹਿਬ ਕਾ ਬਨੀਆ ਹੌਂ ਸਾਹਿਬ ਹੀ ਮੇਰੀ ਰਾਸ ਪੂੰਜੀ ਹੈ ਐਸਾ ਤਬ ਜਾਨਿਆ ਜਾਇ ਜਾ ਮਨ ਸੋ ਧੋਖਾ ਦੂਰ ਹੋਇ ਮਨ ਕਾ ਧੋਖਾ ਤਬ ਦੂਰ ਹੋਇ ਜਬ ਚਿਤੁ ਇਕਾਗ੍ਰ ਕਰਕੇ ਭਜਨ ਮੋ ਦ੍ਰਿੜ ਹੋਇ ਮੈ ਸਦਾ ਆਪਨੇ ਸਾਹਿਬ ਆਗੇ ਇਹੀ ਅਰਦਾਸ ਕਰਤਾ ਹੋ॥ਏਹ ਬਚਨ ਕਰਕੇ ਬਾਬਾ ਜੀ ਖਿਮਾ ਕਰ ਰਹੇ॥

॥ਸਾਖੀ ਪੂਰਨ ਹੋਈ॥[4]

32/ਅ ਸ੍ਰੀ ਵਾਹਿਗੁਰੂ ਮੁਖ ਕਰੋ/ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ਅਰਥ॥' ਹੈ (ੲ)

[2] ਇੱਥੇ ਸਿਰਲੇਖ '॥ਪ੍ਰਸਨ ਮਾਤਾ॥' ਨਹੀਂ ਹੈ (ੲ)

[3] ਤਿਸ (ਅ)

[4] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਮਾਤਾ ਨਾਲ ਬਚਨ ਬਿਲਾਸ][1]

॥ਦੋਹਰਾ॥

ਮਾਤਾ ਜੀ ਸੋ ਬਚਨ ਕਹ ਚੁਪ ਕਰ ਰਹੇ ਲਿਆਲ॥
ਮਾਤਾ ਜੀ ਅਤ ਮੋਹ ਬਸ ਭਾਖਤ ਬਚਨ ਬਿਸਾਲ॥੧॥

॥ਚੌਪਈ॥

ਬਸਤ੍ਰ ਮਿਠਾਈ ਜੋ ਸੰਗ ਲਿਆਈ॥ਵੇ ਨਾਨਕ ਜੀ ਕੇ ਅਗ੍ਰ ਰਖਾਈ॥
ਕੁਛ ਖਾਹਿ ਪੁਤ੍ਰ ਮਮ ਹੋਵੈ ਸਾਂਤ॥ਪਹਰ ਬਸਤ੍ਰ ਮਮ ਮਿਟੇ ਭ੍ਰਾਂਤ॥੨॥
ਪੁਨ ਕਹਾ ਦਿਆਲ ਮੈ ਤ੍ਰਿਪਤ ਅਘਾਇਆ॥ਮਿਟ ਗਈ ਤ੍ਰਿਸਨਾ ਅਤ ਸੁਖ ਪਾਇਆ॥
ਤਬ ਕਹਾ ਮਾਤ ਕਿਆ ਖਾਇ ਅਘਾਇਆ[2]॥ਕਹੋ ਪੁਤ੍ਰ ਜਿਤ[3] ਮਨ ਪਤੀਆਇਆ[4]॥੩॥
ਪੁਨ ਬੋਲ ਦਿਆਲ ਮੈ ਜੋ ਕੁਛੁ ਖਾਇਆ॥ਖਾਇ ਅਘਇ ਮਹਾ ਸੁਖ ਪਾਇਆ॥
ਸੋ ਮੈ ਤੋ ਕੋ ਕਹੋ ਸੁਨਾਇ॥ਹੇ ਮਾਤਾ ਜੀ ਸੁਨ ਮਨ ਪਤੀਆਇ॥੪॥
ਮਰਦਾਨਿਆ ਤੂੰ ਰਬਾਬ ਬਜਾਇ॥ਮੈ ਕਹੋ ਸਬਦ[5] ਲੀਜੈ ਗਾਇ॥
ਮਰਦਾਨੇ ਰਬਾਬ ਬਜਾਇਆ॥ਸ੍ਰੀ ਮੁਖ ਦਿਆਲ ਇਹ ਸਬਦ ਸੁਨਾਇਆ॥੫॥
[6]ਸਭ ਰਸ ਮਿਠੇ ਮੰਨਐ ਸੁਨਿਐ ਸਾਲੋਨੇ॥ਖਟ ਤੁਰਸੀ ਮੁਖ ਬੋਲਨਾ ਮਾਰਨ ਨਾਦ ਕੀਏ॥
ਛਤੀ ਅੰਮ੍ਰਿਤ ਭਾਉ ਏਕ ਜਿਨ ਕੋ ਨਦਰ ਕਰੇ॥ਮਾਤਾ ਹੋਰ ਖਾਨਾ ਖੁਸੀ ਖੁਆਰ॥
ਜਿਤ ਖਾਧੇ ਤਨ ਪੀੜੀਏ ਮਨ ਮੈ ਚਲੇ ਬਿਕਾਰ॥੧॥

॥ਤਿਸ ਕਾ ਅਰਥ॥[7]

ਹੇ ਮਾਤਾ ਜੀ[8] ਸਭ ਰਸ ਮਿਠੇ ਖਾਨੇ[9] ਪਰਮੇਸਰ ਕਾ ਨਾਮੁ ਸੁਨਨਾ ਸਭ ਸਲੋਨੇ ਭੋਗ ਹੈ॥ਖਟ ਤੁਰਸੀ ਜੋ ਹੈ ਸੋ ਮੁਖ ਸੋ ਸੋਭਾ ਭਾਂਤ ਭਾਂਤ ਬਿਚਾਰ ਕਰ ਮਰਨਾ ਚਿਤ ਕਰਨਾ॥ਛਤੀ ਅੰਮ੍ਰਿਤ ਭੋਗ ਏਕ ਭਾਉ ਪ੍ਰੀਤ ਪਰਮੇਸਰ ਕੀ ਹੈ॥ਸੋ ਜਿਨ ਕੋ ਹਰਿ ਕ੍ਰਿਪਾ ਕਰੇ ਤਿਸ ਕੋ ਪ੍ਰਾਪਤ
33/ੳ ਹੋਇ॥ਹੇ ਮਾਤਾ ਜੀ ਮੈ/ਇਸ ਭੋਜਨ ਕਰ ਤ੍ਰਿਪਤ ਹੋ॥ਹੋਰ ਰਸ ਭੋਜਨ ਖਾਨੇ ਮਨ ਕੀ ਖੁਸੀ ਅੰਤ ਕਾਲ ਤਨ ਰੋਗ ਸੋਗ ਪੀੜਤ ਹੋਤਾ ਹੈ॥ਅਰੁ ਮਨ ਮੋ ਬਿਕਾਰ ਉਪਜਤੇ ਹੈ ਤਾ ਤੇ ਮੈ ਤਿਆਗ ਕੀਆ ਹੈ॥

॥ਦੋਹਰਾ॥

॥ਮਾਤਾ ਬਾਚ॥

ਹੇ ਸੁਤ ਤੁਮ ਐਸੇ ਦਿੜੀ ਨਹੀ ਖਾਵੋ ਰਸ ਕਸ ਅੰਨ॥
ਬਸਤ੍ਰ ਨਵੀਨ ਤਨ ਪਹਿਰੀਐ ਤਬ ਮੈ ਹੋਹੁ ਪ੍ਰਸੰਨ॥੬॥

॥ਤਬ ਬਾਬੇ ਜੀ ਦੂਜੀ ਪਉੜੀ ਕਹੀ॥[10]

ਪੈਨਣ ਰਤਾ ਮਨੁ ਰਤਾ ਸੁਪੈਦੀ ਸਤ ਦਾਨ॥
ਨੀਲੀ ਸਿਆਹੀ ਕਦਾ ਕਰਨੀ ਪਹਰਣ ਪਹਰ ਧਿਆਨ॥
ਕਮਰ ਬੰਦ ਸੰਤੋਖ ਕਾ ਧਨ ਜੋਬਨ ਤੇਰਾ ਨਾਉ॥
ਮਾਤਾ ਹੋਰ ਪਹਰਣ ਖੁਸੀ ਖੁਆਰ॥
ਜਿਤ ਪੈਧੈ ਤਨ ਪੀੜੀਐ ਮਨ ਮਹਿ ਚਲੈ ਬਿਕਾਰ ॥੨॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਅਘਾਇ (ਅ,ੲ)
[3] ਜਿਸ (ਸ)
[4] ਪਤੀਆਇ (ਅ,ੲ)
[5] ਸਬਦ ਸੋ (ਅ)
[6] ਇੱਥੇ ਸਿਰਲੇਖ '॥ਸਿਰੀ ਰਾਗ ਮਹਲਾ ੧॥' ਹੈ (ੲ)
[7] ਇੱਥੇ ਸਿਰਲੇਖ '॥ਅਰਥ॥' ਹੈ (ੲ)
[8] ਇੱਥੇ ਸ਼ਬਦ 'ਜੀ' ਨਹੀਂ ਹੈ (ਸ)
[9] ਖਾਨੇ ਸੋ (ਅ,ੲ)
[10] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)

॥ ਤਿਸ ਕਾ ਅਰਥ ॥ [1]

ਹੇ ਮਾਤਾ ਜੀ ਪਰਮੇਸਰ ਕੇ ਰੰਗ॥ਮਨੁ ਰਤਾ ਏਹਰ ਮੇਰਾ ਏਹੁ ਲਾਲ ਬਸਤ੍ਰ ਪਹਰਨਾ ਪਰਮੇਸਰ ਸਤ ਹੈ ਏਹੁ ਜਪਨਾ ਜਪਾਵਨਾ ਸਤ ਦਾਨ ਸੁਪੇਦ ਪਹਰਨਾ ਐਸੀ ਕੀਆ ਹੈ ਨੀਲਾ ਕਾਲਾ ਸਰੀਰ ਕੀ ਕਰਨੀ ਹੈ॥ਏਹ ਪਹਰਨਾ ਪਰਮੇਸਰ ਕਾ ਧਿਆਨ ਕਰਨਾ ਹੈ ਅਰ ਕਮਰਬੰਦ ਸਤੋਖ ਰੂਪੀ ਹੈ॥ਧਨ ਜੋਬਨ ਪਰਮੇਸਰ ਕਾ ਨਾਮ ਹੈ॥ਹੇ ਮਾਤਾ ਜੀ ਏਹ ਮੇਰੀ ਪੋਸਾਕ ਹੈ ਹੋਰ ਪਹਰਨਾ ਮਨ ਕੀ ਖੁਸੀ ਖੁਆਰੀ ਹੈ॥ਤਨ ਕੀ ਪੀੜਾ ਅਰ ਮਨ ਮੋ ਬਿਕਾਰ ਉਪਜਤੇ ਹੈਨ॥

॥ ਦੋਹਰਾ ॥

ਜਬ ਏਹ ਬਚਨ ਮਾਤਾ ਸੁਨੇ ਬਿਸਮ ਹੋਇ ਭਈ ਅਬੋਲ॥
ਬਾਬੇ ਕਾਲੂ ਜੀ ਸੁਨਾ ਆਏ ਨਾਨਕ ਕੇਲ[2]॥੭॥

॥ ਚੌਪਈ ॥

ਦੇਖਾ ਦਿਆਲ ਪਿਤਾ ਜੀ ਆਏ॥ਉਠੇ ਚਰਨ ਪਰ ਮਾਥਾ ਨਿਆਏ॥
ਦੇਖਤ ਪੁਤ੍ਰ ਮੋਹ ਬਹੁ ਕਰਾ॥ਉਮਗੀ ਪ੍ਰੀਤ ਨੈਨ ਜਲ ਢੁਰਾ॥੮॥
ਮੁਖ ਦੇਖ ਕਾਲੂ ਜੀ ਭਏ ਪ੍ਰਸੰਨ॥ਬਡਭਾਗੀ ਸਤ ਆਏ ਧੰਨ॥
33/ਅ ਹੇ ਪੁਤ੍ਰ ਘੋੜੀ ਚੜ ਘਰ ਮੋ ਚਲੋ॥ਭ੍ਰਾਤ/ਬੰਧ ਕੁਲ ਜਨ ਕੋ ਮਿਲੋ॥੯॥
ਤਬ ਨਾਨਕ ਜੀ ਬਚਨ ਬਿਖਾਨਾ॥ਇਹ ਘੋੜੇ ਹਮਰੇ ਨਹੀ ਕਾਮਾ॥
ਸੁਨ ਕਾਲੂ ਜੀ ਕਹੀ ਇਮ ਬਾਤ॥ਵੇ ਕਵਨ ਘੋੜੇ ਜੋ ਤੁਮੈ ਸੁਹਾਤ॥੧੦॥
ਤਬ ਦਿਆਲ ਪ੍ਰਭ ਬਚਨ ਬਖਾਨਾ॥ਰਬਾਬ ਬਜਾਵੋ ਹੇ ਮਰਦਾਨਾ॥

॥ ਤਬ ਤੀਜੀ ਪਉੜੀ ਪ੍ਰਭੂ ਸੁਨਾਈ॥ਸੁਧਾਰ ਰਬਾਬ ਮਰਦਾਨੇ ਗਾਈ॥੧੧॥

ਘੋੜੈ ਪਾਖਰ ਸੋਇਨੇ ਸਾਖਤ ਬੂਝਨ ਤੇਰੀ ਵਾਟ॥
ਤਰਗਸ ਤੀਰ ਕਮਾਨ ਸਾਂਗਬੰਦ ਗੁਨ ਧਾਤ॥
ਵਾਜੇ ਨੇਜੇ ਪਤ ਸੋ ਪਰਗਟ ਕਰਮ ਤੇਰਾ ਮੇਰੀ ਜਾਤ॥
ਬਾਬਾ ਹੋਰ ਚੜਨਾ ਖੁਸੀ ਖੁਆਰ॥ਜਿਤ ਚੜਐ ਤਨ ਪੀੜੀਐ ਮਨ ਮੋ ਚਲੇ ਬਿਕਾਰ॥੩॥

॥ ਅਰਥ ॥

ਹੇ ਪਿਤਾ ਜੀ ਘੋੜੇ ਪਾਖਰ ਸੁਇਨੇ ਕੇ ਸਾਜ ਸੰਜੁਗਤ ਏਹ ਹੈ ਪਰਮੇਸਰ ਕਾ ਮਾਰਗ ਬੂਝਾ ਹੈ॥ਅਰ ਤਰਗਸ ਤੀਰ ਕਮਾਨ ਸਾਂਗ ਪ੍ਰਮੇਸਰ ਕੇ ਗੁਣਾ ਬਾਦ ਕਾ ਹਮ ਧਾਰਾ ਹੈ॥ਰਾਮ ਭਗਤ ਮੇਰਾ ਧਨ ਹੈ॥ਅਰ ਜੇ ਨੇਜੇ ਹਰਿ ਪਤ ਸੋ ਪਰਗਟ ਹੈ॥ਕਿਰਪਾ ਪਰਮੇਸਰ ਕੀ ਮੇਰੀ ਜਾਤ ਅਰ ਜੀਵਨ ਹੈ॥ਹੇ ਪਿਤਾ ਜੀ ਏਹ ਘੋੜਾ ਸਾਜ ਮੇਰੇ ਚੜਨੇ ਕਾ ਹੈ॥ਸਿਵਾਇ ਇਸਕੇ ਅਉਰ ਸਵਾਰੀ ਮਨ ਕੀ ਖੁਸੀ ਖੁਆਰੀ ਹੈ ਮਨ ਮੋ ਬਿਕਾਰ ਉਪਜਤੇ ਹੈ॥ਤਨ ਕੋ ਪੀੜਾ ਹੋਤੀ ਹੈ॥

॥ ਦੋਹਰਾ ॥

ਤਬ ਕਾਲੂ ਜੀ ਨਾਨਕ ਕਹਾ ਹਮ ਨਏ ਘਰ ਕੀਏ ਤਿਆਰ॥
ਜੋ ਤੁਮ ਘੋੜੇ ਨ ਚੜੋ ਚਲ ਪਗ ਦੇਖੋ ਘਰ ਬਾਰ॥੧੨॥
ਕੋਈ ਦਿਨ ਘਰ ਮੋ ਰਹੋ ਕਰੋ ਖਾਨ ਸੈਨ ਸੁਖ ਭੋਗ॥
ਨਿਜ ਇਛਿਆ ਤਬ ਲਗ ਰਹੋ ਅਬ ਹਰ ਕੀਆ ਸੰਜੋਗ॥੧੩॥

॥ ਤਬ ਬਾਬੇ ਜੀ ਚਉਥੀ ਪਉੜੀ ਕਹੀ ॥ [3]

ਘਰ ਮੰਦਰ ਖੁਸੀ ਨਾਮ ਕੀ ਨਦਰ ਤੇਰੀ ਪਰਵਾਰ॥
34/ੳ ਹੁਕਮ ਸੋਈ ਤੁਧ ਭਾਵਸੀ ਹੋਰ ਆ/ਖਣ ਬਹੁਤ ਅਪਾਰ॥
ਨਾਨਕ ਸਚਾ ਪਾਤਸਾਹ ਪੂਛ ਨ ਕਰੈ ਵਿਚਾਰ॥੪॥
ਬਾਬਾ ਹੋਰ ਸੋਵਨਾ ਖੁਸੀ ਖੁਆਰ॥ਜਿਤੁ ਸੁਤੇ ਤਨ ਪੀੜੀਏ ਮਨ ਮਹਿ ਚਲੇ ਵਿਕਾਰ॥

॥ ਅਰਥ ॥

ਹੇ ਪਿਤਾ ਜੀ ਘਰ ਮੰਦਰ ਮੇਰੇ ਖੁਸੀਆ ਨਾਮ ਕੀ ਹੈ॥ਅਰ ਪਰਵਾਰ ਪਰਮੇਸਰ ਕੀ ਕ੍ਰਿਪਾ ਨਦਰ ਹੈ ਅਰੁ ਹੁਕਮ ਕਰਨਾ ਪਰਮੇਸਰ ਭਾਵਨੀ ਰਜਾਇ ਹੈ ਹੋਰ ਬਹੁਤ ਕਹਨੇ ਆਖਨੇ ਕਾ ਪਾਰਾਵਾਰ ਨਾਹੀ ਸਚਾ ਪਾਤਸਾਹ ਆਪੇ ਆਪ ਹੈ ਕਿਸੀ ਕੀ ਮਸਲਤ ਪੂਛਨੇ ਕੀ ਹਾਜਤ ਨਾਹੀ॥ਹੇ

---

[1] ਇੱਥੇ ਸਿਰਲੇਖ '॥ਅਰਥ॥' ਹੈ (ੲ)
[2] ਕੋਲ (ਅ,ੲ,ਸ)
[3] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)

ਪਿਤਾ ਜੀ ਹੋਰ ਸਵਨਾ ਬੈਠਨਾ ਮਨ ਕੀ ਖੁਸੀ ਖੁਆਰੀ[1] ਹੈ ਤਿਸ ਸੋ ਮਨ ਮੋ ਬਿਕਾਰ ਉਠਦੇ ਹੈ ਅਰੁ ਖੁਆਰੀ ਹੈ॥

॥ਚੌਪਈ॥

ਸੁਨ ਮਾਤ ਪਿਤਾ ਏਹ ਗਿਆਨ ਕਹਾਨੀ॥ਖਿਮਾਵੰਤ ਹੋਇ ਰਹੈ ਹੈਰਾਨੀ॥
ਏਹ ਮਹਾ ਪੁਰਖ ਜਗ ਕੇ ਸੁਖ ਤਿਆਗੀ॥ਕਰ ਦਰਸਨ ਹਮ ਭਏ ਵਡਭਾਗੀ॥੧੪॥
ਤਬ ਹਾਥ ਜੋੜ ਬਾਬਾ ਜੀ ਠਾਢੇ॥ਅਤ ਬਿਰਕਤ ਬਚਨ ਕਹੇ ਗਾਢੇ॥
ਹੇ ਮਾਤਾ ਜੀ ਮਮ ਚਿਤ ਉਦਾਸ॥ਫਿਰ ਆਵੈਗੇ ਤੁਮਰੇ ਪਾਸ॥੧੫॥
ਹੇ ਸੁਤ ਮਨ ਕੈਸੇ ਠਹਰਾਏ॥ਦੁਆਦਸ ਬਰਖ ਪੀਛੇ ਤੁਮ ਆਏ॥
ਏਕ ਦਿਵ[2] ਗ੍ਰਹ ਮੋ ਨਹੀ ਰਹੇ॥ਮਮ ਮਨ ਚਿਤ ਕਿਤ ਬਿਧ ਠਹ ਰਹੇ॥੧੬॥
ਕਰ ਜੋੜ ਬਾਬਾ ਜੀ ਬਚਨ ਇਮ ਕਹੇ॥ਮੇਰੇ ਬਚਨ ਸੰਤੋਖ ਤੁਮ ਭਏ॥
ਬਿਦਾ ਹੋਇ ਦਿਆਲ ਪ੍ਰਭ ਚਲੇ॥ਲੇ ਮਰਦਾਨਾ ਸੰਗੀ ਭਲੇ॥੧੭॥

॥ਦੋਹਰਾ॥

ਗੁਰ ਬਚਨ ਸੰਤੋਖ ਮਾਤਾ ਭਇਆ ਫਿਰ ਆਈ ਘਰ[3] ਮਾਹ॥
ਮਹਿਮਾ ਸਤਿਗੁਰ ਕੀ ਕਰੇ ਬਡਾ ਭਗਤ ਸੁਤ ਆਹਿ॥੧੮॥

॥ਸਾਖੀ ਪੂਰਨ ਹੋਈ॥੨੩॥[4]

34/ਅ ਸ੍ਰੀ ਵਾਹਿਗੁਰੂ ਮੁਖ ਕਰੋ/ਉਚਾਰ॥ਹੋਇ ਦਿਆਲੁ ਕਰ ਲੇਇ ਉਧਾਰ॥

---

[1] 'ਖੁਆਰੀ' ਨਹੀਂ ਹੈ (ਅ)
[2] ਦਿਵਸ (ਅ,ੲ,ਸ)
[3] ਗ੍ਰਿਹ (ਅ)
[4] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਸੇਖ ਬਰਾਹਿਮ ਨਾਲ ਚਰਚਾ][1]

॥ਦੋਹਰਾ॥

ਪਟਨ ਸੇਖ ਫਰੀਦ ਕੇ ਪਹੁਚੇ ਸਤਿਗੁਰ ਦਿਆਲ॥
ਸੇਖ ਬ੍ਰਿਹਮ ਸੋਹੀ ਮਿਲੇ ਕਰ ਚਰਚਾ ਕੀਆ ਨਿਹਾਲ॥੧॥

॥ਚੌਪਈ॥

ਪਟਨ ਮੋ ਸੇਖ ਇਬਰਾਹੀਮ ਰਹੇ॥ਸਾਹਿਬ ਸਜਾਦਾ ਸਭ ਕੋ ਕਹੈ॥
ਬੇ ਰਿਆਇ ਕਰੇ ਜੁਹਦ ਇਬਾਦਤ॥ਤਾਲਬ ਰਬ ਫਕਰ ਸੋ ਸਾਬਤ॥੨॥
ਪਟਣ ਸੋ ਤੀਨ ਕੋਸ ਇਕ ਜੰਗਲ॥ਠੌਰ ਇਕਾਂਤ ਹਰਿਆ ਮਨ ਮੰਗਲ॥
ਨਾਮ ਕਮਾਲ ਸੇਖ ਕਾ ਖਾਦਿਮ॥ਤਹਾ ਲਕੜੀ ਲੈਨ ਆਵੈ ਭਲ ਆਦਮ॥੩॥
ਤਿਸ ਜੰਗਲ ਮੋ ਬਾਬਾ ਜੀ ਆਏ॥ਦੇਖ ਇਕਾਂਤ ਮਹਾਂ ਸੁਖ ਪਾਏ॥
ਇਕ ਬਿਰਛ ਤਲੇ ਪ੍ਰਭ ਭਏ ਅਸੀਨ॥ਮਰਦਾਨੇ ਕੋ ਆਗਿਆ ਕੀਨ॥੪॥
ਰਬਾਬੁ ਬਜਾਇ ਸਬਦ ਤਿਨ ਗਾਇ[2]॥ਤਹਾ ਕਮਾਲ ਲਕੜੀ ਕੋ ਆਇਆ॥
ਸੁਨ ਸਤਿਗੁਰ ਸਬਦ ਮਰਮ ਤਿਸ ਲਾਗਾ॥ਚਲ ਆਇਆ ਤਹਾ ਪ੍ਰੇਮ ਰਸ ਪਾਗਾ॥੫॥

॥ਸੋਰਠਾ॥

ਬਾਬਾ ਜੀ ਪਹ ਆਇ ਭਇਆ ਮੁਸਤਾਕ ਦੀਦਾਰ ਕਰ॥
ਲਾਗਾ ਕਦਮਨ ਧਾਇ ਹਾਥ ਜੋੜ ਬਿਨਤੀ ਕਰੀ॥੬॥
ਹੇ ਸਾਹਬ ਵਲੀ ਇਹ ਬੈਤ ਜੋ ਗਾਇਆ॥ਸੁਨ ਮੇਰੇ ਮਨ[3] ਮੋ ਅਤ ਸੁਖ ਪਾਇਆ॥
ਵੇ ਬੈਤ ਫਕੀਰ ਬਹੁੜ[4] ਜੇ ਸੁਨੇ॥ਬਡੇ ਨਸੀਬ ਅਪਨੇ ਕਰ ਗਿਨੇ॥੭॥

॥ਤਬ ਸ੍ਰੀ ਗੁਰੂ ਬਾਬਾ ਜੀ ਸ੍ਰੀ ਮੁਖ ਵਾਕ ਸਲੋਕ ਕੀਆ॥[5]

35/ੳ ਆਪੇ ਪਟੀ ਕਲਮ ਆਪ ਉ/ਖ[6] ਭੀ ਤੂੰ॥ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂੰ॥
[7]ਜਬ ਇਹ ਸਲੋਕ ਕਮਾਲ ਨੇ ਪਾਇਆ॥ਕਰ ਸਲਾਮ ਪਟਨ ਕੋ ਧਾਇਆ॥
ਮਤਕਬ[8] ਖਾਨੇ ਲਕੜੀ ਧਰਾ॥ਜਾਇ ਕਦਮ[9] ਬੋਸ ਪੀਰ ਕਾ ਕਰਾ॥੮॥
ਅਰਜ ਕਰੀ ਦੋਨੋ ਹਥ ਬਾਂਧ॥ਹੇ ਪੀਰ ਸਲਾਮਤ ਹਮ ਦੇਖਾ ਸਾਧ॥
ਜੰਗਲ ਮੋ ਬੈਠਾ ਹੈ ਵਲੀ॥ਅਪਨੀ ਕਲਾਮ ਆਪੇ ਅਤ ਭਲੀ॥੯॥

॥ਸੋਰਠਾ॥[10]

ਸੁਨਤ ਪੀਰ ਇਹ ਬਾਤ ਪੂਛੀ ਕਥਾ ਕਮਾਲ ਸੋ॥
ਕਛੂ ਨ ਬੂਝੀ ਜਾਤ ਬਿਨ ਕਲਾਮ ਵਾਕੀ ਸੁਨੇ॥੧੦॥

॥ਚੌਪਈ॥

ਹੇ ਕਮਾਲ ਜੋ ਤੁਮਨੇ ਸੁਨਾ॥ਭਲੀ ਬਾਤ ਕਰ ਮਨ ਮੋ ਗੁਨਾ॥
ਏਕ ਬੈਤ ਜੋ ਮੈ ਸੁਨ ਪਾਵੋ॥ਬੂਝੋ ਬਿਆਨ ਸਮਝ ਸਮਝਾਵੋ॥੧੧॥
ਤਬ ਕਮਾਲ ਅਰਜ ਪੁਨ ਕੀਆ॥ਏਕ ਬੈਤ ਮੋਹਿ ਹਾਸਲ ਥੀਆ॥
ਪੀਰ ਸਲਾਮਤ ਹੁਕਮ ਜੋ ਹੋਇ॥ਜੋ ਹਾਸਲ ਥੀਆ ਸੁਨਾਵੋ ਸੋਇ॥੧੨॥

॥ਪੀਰ ਕਾ ਹੁਕਮ ਲੇ ਕਮਾਲ ਨੇ ਬੈਤ ਕਹਾ॥

ਆਪੇ ਪਟੀ ਕਲਮ ਆਪ ਉਪਰ ਲੇਖ ਭੀ ਤੂੰ॥ਏਕੋ ਕਹੀਐ ਨਾਨਕ ਦੂਜਾ ਕਾਹੇ ਕੂੰ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਗਾਇਆ (ਅ,ੲ)
[3] ਦਿਲ (ਅ)
[4] ਬਹੁਤ (ਸ)
[5] ਇੱਥੇ ਸਿਰਲੇਖ '॥ਬਾਬੇ ਵਾਕ ਸਲੋਕ ਕਹਾ॥' ਹੈ (ੲ)
[6] ਉਪਰ ਲੇਖ (ਅ,ੲ,ਸ)
[7] ਇੱਥੇ ਸਿਰਲੇਖ '॥ਸੋਰਠਾ॥' ਹੈ (ਸ)
[8] ਰੁਕਤਬ (ਸ)
[9] ਕਤਮ (ਸ)
[10] ਇੱਥੇ ਸਿਰਲੇਖ '॥ਸੋਰਠਾ॥' ਨਹੀਂ ਹੈ (ਸ)

ਸੁਨਤ ਕਮਾਲ ਪੀਰ ਮਗਨਾਨਾ॥ ਕਾਮਲ ਕਲਾਮ ਫਕਰ ਕਾ ਜਾਨਾ॥
ਇਹ ਕਲਾਮ ਜਾਕੀ ਹੈ ਬਚਾ॥ ਦੇਖਾ ਚਹੋ ਫਕਰ ਹੈ ਸਚਾ॥੧੩॥
ਚੜ ਸੁਖ ਆਸਨ ਪੀਰ ਤਬ ਚਲਾ॥ ਖਾਦਮ ਕਮਾਲ ਸਾਥ ਲੇ ਭਲਾ॥
ਚਲ ਆਏ ਜੰਗਲ ਮੋ ਤਹਾ॥ ਬਾਬਾ ਜੀ ਬੈਠੇ ਥੇ ਜਹਾ॥੧੪॥

॥ਦੋਹਰਾ॥

ਪੀਰ ਬਾਬੇ ਕੋ ਦੇਖ ਕਰ ਅਤ ਮਨ ਭਇਆ ਪ੍ਰਸੰਨ॥
ਕਰ ਦਸਤ ਬੋਸ ਬੈਠੇ ਜਹਾ ਧਨ ਸਾਧ ਜਗ ਧੰਨ॥੧੫॥

॥ਬਾਬਾ ਜੀ ਬਾਚ॥

॥ਬੈਤ॥

ਆਉ ਪੀਰ ਜੀ ਮਿਹਰ ਮੌਲਾ ਭਈ॥ ਜੁ ਦੇਖਨ ਫਕਰ ਕਾ ਜਗਤ ਮੋਸੀਹੀ॥
35/ਅ ਕਹਾ ਪੀਰ ਸਾਕੂੰ ਥੀਆ ਫਜਲ[1]॥ ਤੁਮਾਰੇ ਮਿਲਨ/ਕਾ ਥੀਆ ਮੈ ਸਬਬ॥੧੭॥
ਯਹ ਇਕ ਬੈਤ ਤੇਰਾ ਸੁਨਾ ਹੈ ਜਬੀ॥ ਥੀਆ ਸੌਕ ਦਿਲ ਮੋ ਚਲ ਆਇਆ ਤਬੀ॥੧੮॥
ਦੇਹੁ ਬਿਆਨੁ ਸਾਕੂੰ ਹੇ ਨਾਨਕ ਵਲੀ॥ ਇਕਾ ਏਕੁ ਆਖੋ ਹੈ ਵੈਹਦਤ ਭਲੀ॥੧੯॥
ਜੁ ਇਕਾ ਹੈ ਸਾਈ ਬਨੀ ਹੈ ਦੁਇ ਹਦ॥ ਮੈ ਕਾ ਕੂ ਸਲਾਹੀ ਕਰੋ ਕਾ ਕੂੰ ਰਦ॥੨੦॥
ਹਿੰਦੂ ਕਹੈ ਰਬ ਹਮ ਮੋ ਸਹੀ॥ ਮੁਲਮਾਨ ਸਾਬੂਤ ਕਰਤੇ ਹੈ ਯੇਹੀ॥੨੧॥
ਕਹੋ ਬਿਆਨ ਇਸਾ ਕਾ ਖੁਦਾ ਕੇ ਵਲੀ॥ ਮਿਟੇ ਕੁਫਰ ਦਿਲ ਕਾ ਅਕਲ ਹੋਇ ਭਲੀ॥੨੨॥

॥ਤਬ ਬਾਬਾ ਜੀ ਸਲੋਕ ਕਹਾ॥[2]

ਦੂਜਾ ਕਾਹੇ ਸਿਮਰੀਐ ਜੰਮੇ ਤੇ ਮਰਿ ਜਾਇ॥
ਏਕੋ ਸਿਮਰੋ ਨਾਨਕਾ ਜਲ ਥਲ ਰਹਿਆ ਸਮਾਇ॥
ਇਕਾ ਸਾਂਈ ਇਕਾ ਹਦ॥ ਇਕਸ ਨੂ ਸੇਵ ਦੂਜੇ ਨੂ ਰਦ॥੧॥
ਜਬ ਪੀਰ ਯਹ ਜਾਮ ਵਹਦਤ ਪੀਆ॥ ਮਹਬਤ ਕੇ ਦਰਯਾਇ ਗੋਤਾ ਲੀਆ॥੨੩॥
ਰਿਆਜਤ ਜੁਹਦ ਖਾਬ ਸੋ ਤਬ ਜਗਾ॥ ਲਗੀ ਲਗਨ ਦਿਲ ਮੋ ਸੋ ਕਹਨੇ ਲਗਾ॥੨੪॥

॥ਤਬ ਸੇਖ ਇਬਰਾਹੀਮ ਏਹੁ ਸਵਾਲ ਕੀਆ॥[3]

ਪਾੜ ਪਟੋਲਾ ਧਜ ਕਰੀ ਕੰਮਲੜੀ ਪਹਰੇਉ॥
ਜਿਨੀ ਵੇਸੀ ਸਹੁ ਪਾਈਐ ਸਾਈ ਵੇਸ ਕਰੇਉ॥

॥ਜਬਾਬ ਨਾਨਕ ਸਾਹ॥[4]

ਕਾਇ ਪਟੋਲਾ ਧਜ ਕਰੀ ਕੰਮਲੜੀ ਪਹਰੋ ਕਾਇ॥
ਘਰ ਹੀ ਬੈਠੇ ਸਹੁ ਮਿਲੇ ਜੇ ਚਿਤ ਰਾਖੋ ਥਾਇ॥
ਘਰ ਹੀ ਮੁੰਦ ਬਦੇਸ ਪਿਰ ਨਿਤ ਸਾਰ ਸੰਮਾਲੇ॥
ਮਿਲਦਿਆ ਢਿਲ ਨ ਲਗਈ ਜੇ ਨੀਅਤ ਰਾਸ ਕਰੇ[5]॥
ਜਬ ਇਹ ਸਲੋਕ ਬਾਬਾ ਜੀ ਕਹਾ॥ ਤਬ ਪੀਰ ਨੇ ਸਵਾਲ ਕੀਆ॥[6]
ਨੰਢੀ ਥੀ ਇਨ ਰਾਵਿਆ ਵਡੀ ਥੀ ਮੁਈਆਸ॥
ਧਨ ਸਿਕੇ ਦੀ ਗੋਰ ਪਈ ਤੇ ਸਹ ਨਾ ਮਿਲਆਸ॥

॥ਫੇਰ ਬਾਬਾ ਜੀ ਜਬਾਬ ਕਹਾ॥[7]

36/ੳ ਮਹਲ ਕੁਚਜੀ ਮਰਵੜੀ/ਕਾਲੀ ਮਨਹੁ ਕਸੁਧਿ॥
ਜੇ ਗੁਣ ਹੋਵਨ ਤਾ ਪਿਰ ਮਿਲੇ ਨਾਹਤ ਅਵਗੁ[8] ਮੁੰਧ॥

---

[1] ਕਹਾ ਪੀਰ ਸਾਕੂੰ ਥੀਆ ਫਜਲ ਰਬ (ਅ), ਕਹਾ ਪੀਰ ਸਾਕੂੰ ਭਈ ਮਿਹਰ ਰਬ (ੲ)
[2] ਇੱਥੇ ਸਿਰਲੇਖ '॥ਬਾਬੇ ਨਾਨਕ ਜੀ ਸਲੋਕ ਕਹਾ॥' ਹੈ (ਅ), ਇੱਥੇ ਸਿਰਲੇਖ '॥ਉਤ੍ਰ॥' ਹੈ (ੲ)
[3] ਇੱਥੇ ਸਿਰਲੇਖ '॥ਸਵਾਲ॥' ਹੈ (ੲ)
[4] ਇੱਥੇ ਸਿਰਲੇਖ '॥ਉਤ੍ਰ॥' (ੲ)
[5] 'ਕਰੇ' ਨਹੀਂ ਹੈ (ੲ)
[6] ਇੱਥੇ ਸਿਰਲੇਖ '॥ਸਵਾਲ॥' ਹੈ (ੲ)
[7] ਇੱਥੇ ਸਿਰਲੇਖ '॥ਉਤ੍ਰ॥' (ੲ)
[8] ਅਵਗੁਣ (ਅ)

ਹੇ ਪੀਰ ਜੀ ਜੇ ਅਵਰਤ ਕੁਚਜੀ ਅਤੇ ਲੜਾਈ[1] ਅੰਦਰ ਕੀ ਕਾਲੀ ਕਸੁਧ ਮਨ ਹੋਇ॥ ਤਿਸ ਕੋ ਖਸਮ ਨਾਹੀ ਮਿਲਤਾ॥ ਜੇ ਗੁਣ ਹੋਵਨ ਤਾ ਪਿਰ ਮਿਲੇ॥ ਬਿਨ ਗੁਣ ਨਾਹੀ ਮਿਲਦਾ॥

॥ਸਵਾਲ ਪੀਰ॥[2]

ਕਵਨ ਸੁ ਅਖਰ ਕਵਨ ਗੁਣ ਕਵਨ ਸੋ ਮਨੀਆ ਮੰਤ॥
ਕਵਨ ਸੁ ਭੈਣੇ ਵੇਸ ਕਰੀ ਜਿਤ ਵਸ ਆਵੈ ਕੰਤ॥

ਹੇ ਨਾਨਕ ਜੀ ਵਹੁ ਕਵਨ ਅਖਰ ਹੈ ਕਉਨ ਗੁਣ ਕਉਨ ਮਨੀਆ ਮੰਤ ਹੈ॥ ਜਿਤ ਸਾਂਈ ਮਿਲਦਾ ਹੈ ਸੋ ਮੈ ਕੋ ਦਸ॥

॥ਬਾਬਾ ਜੀ ਜਬਾਬ ਕਹਾ॥[3]

ਨਿਵਨ ਸੁ ਅਖਰ ਖਿਵਨ ਗੁਨ ਜਿਹਬਾ ਮਨੀਆ ਮੰਤ॥
ਏ ਤ੍ਰੈ ਭੈਣੇ ਵੇਸ ਕਰੇ ਤਾ ਵਸ ਆਵੀ ਕੰਤ॥
ਸੇਵਾ ਕਰੇ ਜੁ ਕੰਤ ਕੀ ਕੰਤ ਤਿਸੀ ਕਾ ਹੋਇ॥
ਗਰੀਬੀ[4] ਕੰਤ ਨ ਪਾਈਐ ਭਾਵੇ ਖਰੀ ਸੁਆਲਿਉ ਹੋਇ॥

ਹੇ ਸੇਖ ਜੀ ਸੇਵਾ ਤੇ ਕੰਤ ਮਿਲਤਾ ਹੈ॥ ਬਿਨ ਸੇਵਾ ਮਿਲਦਾ ਨਹੀ॥ ਭਾਵੈ ਕੈਸੀ ਸੁੰਦਰ ਹੋਇ॥ ਅੰਦਰਹੁ ਗਰਬ ਕਰੇ ਤਾ ਮਿਲਾਪ ਨਾ ਹੋਇ॥ ਗਰਬ ਛੋਡ ਸੇਵਾ ਕਰੇ ਤਾ ਕੰਤ ਉਸੀ ਕੇ ਬਸ ਹੋਇ॥

॥ਦੋਹਰਾ॥

ਸੁਨਤ ਬਾਤ ਇਹੁ ਸੇਖ ਜੀ ਕਦਮਨ ਲਾਗੇ ਧਾਇ॥
ਸਿਫਤ ਸਨਾਇ ਕਰਨੇ ਲਗਾ ਵਾਹ ਨਾਨਕ ਜੀ ਵਾਹਿ॥੨੫॥

॥ਬੈਤ॥

ਮਿਲੀ ਆਜ ਸਾਕੂੰ ਖਬਰ ਰਾਹ ਰਬ॥ ਅਸਾ ਕੂੰ ਭਇਆ ਜਿੰਦਗੀ ਕਾ ਸਬਬ॥੨੬॥
ਅਸਾ ਕੂ[5]ਪ69
ਮਿਲਾ ਰਬ ਕਾ ਅਉਲੀਆਇ॥ ਨਹੀ ਸਕ ਕਾਈ ਮਿਲਨ ਮੋ ਖੁਦਾਇ॥੨੭॥
ਕਰੋ ਕੁਛੁ ਅਰਜ ਮੈ ਜੁ ਹੋਵੈ ਰਜਾਇ॥ ਬਹੁਤ ਬਾਤ ਕਰਨੀ ਵਲੀ ਸੋ ਗੁਨਾਹਿ॥੨੮॥

॥ਬਾਬਾ ਜੀ ਬਾਚ॥[6]

ਸੁਨੋ ਸੇਖ ਜੀ ਬਾਤ ਮੋਲਾ ਸਲਾਹ[7]॥ ਦਿਗਰ ਬਾਤ ਕਰਨੀ ਫਕਰ ਸੋ ਗੁਨਾਹਿ॥੨੯॥

36/ਅ **॥/ਤਬ ਬਾਬਾ ਜੀ ਇਹ ਸਲੋਕ ਕਹਾ[8]॥**

ਰੂਪੇ ਕਾਮੇ ਦੋਸਤੀ ਭੂਖੇ ਸਾਦੇ ਗੰਢ॥ ਲਬੇ ਮਾਲੇ ਘੁਲ ਮਿਚਲ ਊਘੇ ਸਉਨ ਪਲੰਘ॥
ਭਉਕੇ ਕ੍ਰੋਧ ਖੁਆਰ ਹੋਇ ਫਕੜ ਪਿਟੇ ਧੰਧ॥ ਚੁਪੇ ਚੰਗੀ ਨਾਨਕਾ ਬਿਨ ਨਾਵੈ ਮੁਹ ਗੰਧ॥

ਸੁਨੀਐ ਸੇਖ ਜੀ ਜਿਉ ਰੂਪ ਸੋ ਕਾਮ ਕੀ ਪ੍ਰੀਤਿ ਹੈ ਭੂਖ ਕੋ ਸਵਾਦ ਸੋ ਨੀਦ ਪਲੰਘ ਸਉਨੇ ਸੋ ਲੋਭ ਕੋ ਮਾਲ ਸੋ ਕ੍ਰੋਧ ਲੜਾਈ ਸੋ ਗਰਸਤੀ ਕੋ ਧੰਧੇ ਸੋ ਤਿਉ ਰਬ ਕੇ ਪਿਆਰੇਆ ਕੋ ਰਬ ਸੋ ਮਹਬਤ ਹੈ॥ ਬਿਨਾ ਖੁਦਾਇ ਕੀ ਬਾਤ ਮੁਖ ਸੋ ਬੋਲਨਾ ਦੁਰਗੰਦ ਨਿਕਾਲਨੀ ਹੈ॥ ਐਸੇ ਬੋਲਨੇ ਚੁਪ ਕਰ ਰਹਨਾ ਭਲਾ ਹੈ॥

॥ਸਵਾਲ ਸੇਖ ਇਬਰਾਹੀਮ ਪੀਰ॥

ਹੇ ਨਾਨਕ ਵਲੀ ਖੁਦਾਇ ਦੇ ਇਹੁ ਕਾਤੀ ਸਾਕੂ ਦੇਹ॥
ਜਿਤ ਕੁਠਾ ਮਰਦ ਹਲਾਲ ਹੋਇ ਮਿਲੇ ਰਬ ਸੋਂ ਤੇਹੁ॥੩੦॥

॥ਤਬ ਬਾਬੇ ਜੀ ਕਹਾ ਸੇਖ ਜੀ ਕਾਤੀ ਲੀਜੀਏ॥[1]

---

[1] ਲੜਾਕੀ (ਸ)
[2] ਇੱਥੇ ਸਿਰਲੇਖ '॥ਸਵਾਲ॥' ਹੈ (ੲ)
[3] ਇੱਥੇ ਸਿਰਲੇਖ '॥ਉਤ੍ਰ॥' (ੲ)
[4] ਗਰਬੀ (ਅ,ੲ)
[5] ਸਾਕੂ (ੲ)
[6] ਇੱਥੇ ਸਿਰਲੇਖ '॥ਉਤ੍ਰ॥' (ੲ)
[7] ਇੱਥੇ ਸ਼ਬਦ 'ਮੋਲਾ ਸਲਾਹ' ਦੋ ਵਾਰ ਹੈ (ਸ)
[8] ਬੋਲੇ (ਅ)

॥ ਸਲੋਕ ॥
ਸਚ ਕੀ ਕਾਤੀ ਸਚ ਸਭ ਸਾਰ ॥ ਘਾੜਤ ਤਿਸ ਕੀ ਅਪਰ ਅਪਾਰ ॥
ਸਚ ਕੀ ਸਾਨ ਲੇਇ ਚਿਲਕਾਇ ॥ ਗੁਣ ਕੀ ਥੇਕੇ ਵਿਚ ਸਮਾਇ ॥
ਤਿਸ ਕਾ ਕੁਠਾ ਹੋਵੇ ਸੇਖ ॥ ਲੋਹੂ ਲਬੁ ਨਕਿਥਾ ਦੇਖ[2] ॥
ਹੋਇ ਹਲਾਲ ਲਗੇ ਹਕ ਜਾਇ ॥ ਨਾਨਕ ਦਰ ਦੀਦਾਰ ਸਮਾਇ ॥

ਹੇ ਸੇਖ ਜੀ ਇਸ ਮੋ ਜਬ ਲਗ ਲੋਭ ਕਾ ਲੋਹੂ ਹੈ ਤਬ ਲਗ ਖਾਮਨਾ ਪਾਕ ਹੈ ਜਬ ਇਸ ਕਾਤੀ ਸੋ ਜਿਬਾ ਹੋਇ ਲਬ ਕਾ ਲੋਹੂ ਨਿਕਸ ਜਾਇ ਤਬ ਹਲਾਲ ਹੋਇ ॥ ਇਹ ਬਾਤ ਸੁਨ ਕੇ ਪੀਰ ਜੀ ਬਹੁਤ ਖੁਸ ਹੂਆ ॥ ਅਰ ਬਹੁਤ ਭੈ ਮੋ ਆਇ ਗਇਆ ॥ ਆਖਿਉਸ ਜੋ ਕੁਛ ਖੁਦਾਇ ਸੋ ਮਾਗਤੇ ਥੇ ਸੋ ਪਾਇਆ ॥ ਨਿਹਾਲ ਹੋਏ ॥ ਤੇ ਫੇਰ ਸੇਖ ਅਰਜ ਕੀਆ ॥ ਨਾਨਕ ਜੀ ਤੌਂ ਕੋਲੋ ਜੋ ਲੋੜੀਦਾ ਸਾ ਸੋ
37/ੳ ਪਾਇਆ ॥ ਪ/ਰ ਇਕ ਹੋਰ ਭੀ ਅਰਜ ਹੈ ਹੁਕਮੁ ਹੋਵੈ ਤਾ ਪੁਛਾ ਤਾ ਬਾਬੇ ਕਹਆ ਪੁਛੀਐ ਜੀ ਪੀਰ ਜੀ ਤਬ ਇਹ ਕਹਾ ॥

॥ ਸਬਦ ॥

ਸੀਰੀ[3] ਰਾਗ ਮ:੧॥

ਅਛਲ ਛਲਾਈ ਨਾ ਛਲੇ ਨਹੀ ਘਾਉ ਕਟਾਰਾ ਕਰ ਸਕੇ ॥ ਜਿਉ ਸਾਹਬ ਰਾਖੈ ਤਿਉ ਰਹੈ ॥
ਲੋਭੀ ਕਾ ਜੀਉ ਟਲ ਪੜੇ ਬਿਨ ਤੇਲ ਦੀਵਾ ਕਿਉ ਜਲੇ ॥ ੧ ॥

ਹੇ ਨਾਨਕ ਜੀ ਏਹ ਮਾਇਆ ਅਛਲ ਕਿਸੀ ਸੋ ਛਲੀ ਨਹੀ ਜਾਤੀ ॥ ਅਰ ਜੀਉ ਲੋਭੀ ਸੋ ਕਿਸੀ ਹਥੀਆਰ ਸੋਂ ਕਾਟੀ ਨਾਹੀ ਜਾਤੀ ॥ ਦੇਖ ਨਾਨਕ ਜੀ ਤੇਲ ਬਿਨਾ ਦੀਵਾ ਕੈਸੇ ਜਲੇਗਾ ॥ ਬਿਨ ਦੀਵੇ ਉਜਿਆਰਾ ਕੈਸੇ ਹੋਇ ॥ ੧ ॥ ਤਬ ਬਾਬਾ ਜੀ ਕਹਾ ॥

ਪੋਥੀ ਪੁਰਾਨ ਕਮਾਈਐ ॥ ਭੌ ਵਟੀ ਇਸ ਤਨ ਪਾਈਐ ॥ ਸਚ ਬੂਝਣ ਆਣ ਜਲਾਈਐ ॥
ਬਿਨ ਤੇਲ ਦੀਵਾ ਇਉ ਜਲੇ ॥ ਕਰ ਚਾਣਨ ਸਾਹਬ ਤੌ ਮਿਲੈ ॥ ੧ ॥ ਰਹਾਉ ॥

॥ ਅਰਥ ॥

ਪੋਥੀ ਕਿਤਾਬ ਕਾ ਮਤਲਬ ਬੂਝਨਾ ਇਹੁ ਦੀਵਾ ਰਬ ਕਾ ਭੌ ਬਤੀ ਕਰੈ ਸਚੁ ਬੂਝਨਾ ਇਸ ਆਗ ਸੋ ਦੀਵਾ ਜਲਾਵੈ ਸੇਖ ਜੀ ਇਤ ਸੰਜਮ ਤੇਲ ਬਿਨ ਦੀਵਾ ਜਲੇ ਐਸੇ ਚਾਦਨ ਸੋ ਸਾਹਬ ਕਾ ਦੀਦਾਰ ਹੋਇ ॥

॥ ਪਉੜੀ ਦੂਜੀ ॥[4]

ਇਤ[5] ਤਨ ਲਗੇ ਬਾਣੀਆ ॥ ਸੁਖ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥ ੩ ॥
ਵਿਚ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਨ ਪਾਈਐ ॥
ਕਹੁ ਨਾਨਕ ਬਾਹ ਲਡਾਈਐ ॥ ੪ ॥

ਹੇ ਸੇਖ ਜੀ ਜਬ ਇਸ ਮੁਰਸਦ ਕੇ ਬਚਨ ਸੋ ਮਹਬਤ ਹੋਇ ਅਰ ਸੇਵਾ ਕਰੇ ਤਾ ਸੁਖ ਪਾਏ ॥ ਅਰੁ ਦੁਨੀਆ ਆਵਣੇ ਜਾਣੇ ਮੋ ਹੈ ਐਸੀ ਸੇਵਾ ਮੁਰਸਦ ਕੀ ਦੁਨੀਆ ਮੋ ਕਰੇ ਦਰਗਾਹ ਮੋ ਠਉਰ ਪਾਵੈ ਤਬ ਅਨੰਦ ਸੋ ਬਾਹ ਲੁਡਾਵੈ ॥ ਜਬ ਇਹ ਬਚਨ ਬਾਬੇ ਜੀ ਕੇ ਸੇਖ ਨੇ ਸੁਨੇ ਤਾ ਕਹਿਓਸ
37/ਅ ਨਾਨਕ ਜੀ ਤੂੰ ਜੋ/ਖੁਦਾਇ ਦੀਆ ਗਲਾ ਕਰਦਾ ਹੈ ਤੇਰੇ ਵਿਚ ਖੁਦਾਇ ਬੋਲਦਾ ਹੈ ਕਿ ਤੂੰ ਖੁਦਾਇ ਹੈ ॥ ਤਬ ਬਾਬਾ ਜੀ ਹਸਨੇ ਲਗੇ ॥ ਕਹਿਉਨ ਸੇਖ ਜੀ ਤੂੰ ਨਿਹਾਲ ਹੋਇਆ ॥ ਤਬ ਸੇਖ ਨੇ ਫੇਰ ਅਰਜ ਕੀਆ ॥ ਨਾਨਕ ਜੀ ਤੂੰ ਮੇਰੇ ਘਰ ਚਲੋ ॥ ਤਾ ਬਾਬੇ ਕਹਿਆ ਸੇਖ ਜੀ ਤੈਨੂ ਅਪਨਾ ਘਰ ਦਿਸ ਨਹੀ ਆਵਦਾ ॥ ਤਬ ਸੇਖ ਆਖਿਆ ਨਾਨਕ ਵਲੀ ਜੀ ਸੋ ਘਰ ਦਿਖਲਾਇ ਦੇਹੁ ॥ ਜਿਸ ਘਰ ਦੀਆ ਬਾਤਾ ਕਰਦਾ ਹੈ ॥

॥ ਤਬ ਬਾਬੇ ਜੀ ਸਲੋਕ ਆਖਿਆ ॥

ਘਰ ਮੇ ਘਰ ਦਿਖਲਾਇ ਦੇਇ ਸੋ ਸਤਿਗੁਰ ਪੁਰਖ ਸੁਜਾਨ ॥

---

[1] ਇੱਥੇ ਸਿਰਲੇਖ ‘ ॥ ਉਤ੍ਰ ॥ ’ (ੲ)
[2] ਇੱਥੇ ‘ਲੋਹੂ ਲਬੁ ਨਕਿਥਾ ਦੇਖ’ ਤੋਂ ਲੈ ਕੇ 37/ਅ ‘ਸੇਖ ਜੀ ਤੂੰ ਮੁਕਤ ਹੂਆ’ ਤੱਕ ਪਾਠ ਨਹੀਂ ਹੈ (ੲ)
[3] ਸਿਰੀ (ਅ,ੲ,ਸ)
[4] ਇੱਥੇ ਸਿਰਲੇਖ ‘ ॥ ਪਉੜੀ ਤੀਜੀ ॥ ’ ਹੈ (ਸ)
[5] ਇਹ (ਸ)

ਪੰਚ ਸਬਦ ਧੁੰਨ ਕਾ ਸੁਨਤ ਤਹ ਬਾਜੇ ਸਬਦ ਨਿਸਾਨ॥
ਦੀਪ ਲੋਇ ਪਾਤਾਲ ਤਹ ਖੰਡ ਮੰਡਲ ਹੈਰਾਨ॥
ਤਾਰ ਘੋਰ ਬਾਜੰਤ੍ਰ ਤਿਹ ਸਾਚ ਤਖਤ ਸੁਲਤਾਨ॥
ਸੁਖਮਨ ਕੇ ਘਰ ਰਾਗ ਸੁਨ ਸੁਨ ਮੰਡਲ ਲਿਵ ਲਾਇ॥
ਅਕਥ ਕਥਾ ਬੀਚਾਰੀਐ ਮਨਸਾ ਮਨੇ ਸਮਾਇ॥
ਉਲਟ ਕਮਲ ਅੰਮ੍ਰਿਤ ਭਰਾ ਇਹ ਮਨ ਕਤਹੋ ਨ ਜਾਇ॥
ਅਜਪ[1] ਜਾਪ ਨ ਵੀਸਰੇ ਆਦਿ ਜੁਗਾਦਿ ਸਮਾਇ॥
ਸਭ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰ ਵਾਸ॥
ਸਬਦ ਖੋਜ ਇਹ ਘਰ ਲਹੇ ਨਾਨਕ ਤਾ ਕਾ ਦਾਸ॥੧॥

ਜਬ ਇਬਰਾਹੀਮ ਬਾਬੇ ਕੇ ਮੁਖ ਸੋ ਸਲੋਕ ਸੁਨਾ ਕਦਮਨ ਪਰ ਗਿੜ ਪੜਾ॥ਅਰੁ ਘਰ ਕੀ ਖਬਰ ਪਾਈ॥ਮਗਨ ਹੂਆ ਬਡੇ ਸੁਖ ਮੋ ਲੀਨ ਹੂਆ॥ਜਬ ਜਾਗਾ ਤਬ ਬਾਬੇ ਜੀ ਆਖਿਆ ਸੇਖ ਜੀ ਤੂੰ ਮੁਕਤ ਹੂਆ॥ਸੇਖ ਬਹੁਤ ਪ੍ਰਸੰਨ ਭਇਆ॥ਅਰ ਆਖਿਓਸ ਮੇਰੀ ਇਕ ਹੋਰ ਅਰਜ ਹੈ॥ਜੋ ਗੁਸਤਾਕੀ ਮਾਫ ਹੋਇ ਤਬ ਕਹਾ ਮੇਰੀ ਤਸੱਲੀ ਕੁਲ ਹੋਇ॥ਬਾਬਾ ਬੋਲਿਆ ਸੇਖ ਜੀ ਪੂਛੀਏ ਤਬ
38/ੳ ਸੇਖ ਕਹਾ ਮੈ ਕੂ ਏਕ ਵਾਰ ਸੁਨਾਈਐ ਮੇਰਾ ਮਖਸੂਦ ਹੈ ਵਾਰ ਦੁਇ ਬਿਨਾ ਹੋਤੀ/ਨਹੀ॥ਦੇਖਾ ਤੁਸੀ ਦੂਜਾ ਕੋਨ ਠਹਰਾਵੋਗੇ ਖੁਦਾਇ ਸਰੀਰ ਕੌਨ ਕਰਸੇ॥ਤਾ ਬਾਬੇ ਬੋਲਿਆ ਮਰਦਾਨਿਆ ਰਬਾਬ ਵਜਾਇ ਰਾਗੁ ਆਸਾ ਮੋ ਪਉੜੀ ਵਾਰ ਕੀ ਆਖੀ॥

॥ਪਉੜੀ॥[2]

ਆਪੀਨੇ ਆਪ ਸਾਜਿਆ ਆਪੀਨੇ ਰਚਿਆ ਨਾਉ॥
ਦੂਜੀ ਕੁਦਰਤ ਸਾਜੀਆ ਕਰ ਆਸਣ ਡਿਠਾ ਚਾਉ॥
ਦਾਤਾ ਕਰਤਾ ਆਪ ਤੂੰ ਤੁਸ ਦੇਵੈ ਕਰੈ ਪਸਾਉ॥
ਤੂ ਜਾਣੋਈ ਸਭਸੈ ਦੇ ਲੈਸਹਿ ਜਿੰਦ ਕਵਾਉ॥ਕਰ ਆਸਨ ਡਿਠਾ ਚਾਉ॥੧॥

॥ਪਉੜੀ॥[3]

ਨਾਨਕ ਜੀਅ ਉਪਾਇ ਕੈ ਲਿਖ ਨਾਵੈ ਧਰਮ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨ ਕੂੜਆਰ ਮੁਹਿ ਕਾਲੈ ਦੋਜਕਿ ਚਾਲਿਆ॥
ਤੇਰੇ ਨਾਇ ਰਤੇ ਸੇ ਜਿਣ ਗਏ ਹਾਰਿ ਗਏ ਸੇ ਠਗਣ ਵਾਲਿਆ॥
ਲਿਖ ਨਾਵੈ ਧਰਮੁ ਬਹਾਲਿਆ॥੨॥

॥ਪਉੜੀ॥[4]

ਆਪੀਨੈ ਭੋਗ ਭੋਗ ਕੈ ਹੋਇ ਭਸਮੜਿ ਭਉਰ ਸਿਧਾਇਆ॥
ਵਡਾ ਹੋਇਆ ਦੁਨੀਦਾਰ ਗਲਿ ਸੰਗਲ ਘਤਿ ਚਲਾਇਆ॥
ਅਗੇ ਕਰਣੀ ਕੀਰਤ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਈ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥
ਮਨ ਅੰਧੇ ਜਨਮ ਗਵਾਇਆ॥੩॥

॥ਪਉੜੀ॥[5]

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰ ਪਾਇਆ॥
ਏਹੁ ਜੀਉ ਬਹੁਤੇ ਜਨਮ ਭਰਮਿਆ ਤਾ ਸਤਿਗੁਰ ਸਬਦਿ ਸਣਾਇਆ॥
ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭ ਸੁਣਿਹੋ ਲੋਕ ਸਬਾਇਆ॥
ਸਤਿਗੁਰ ਮਿਲਿਐ ਸਚਿ ਪਾਇਆ॥ਜਿਨ ਵਿਚਹੁ ਆਪ ਗਵਾਇਆ॥
ਜਿਨੀ ਸਚੋ ਸਚ ਬੁਝਾਇਆ॥੪॥

---

[1] ਅਜਪਾ(ਅ,ੲ)
[2] ਇੱਥੇ ਸਿਰਲੇਖ ‘॥ਪਉੜੀ॥’ ਨਹੀਂ ਹੈ (ੲ)
[3] ਇੱਥੇ ਸਿਰਲੇਖ ‘॥ਪਉੜੀ॥’ ਨਹੀਂ ਹੈ (ਅ,ੲ)
[4] ਇੱਥੇ ਸਿਰਲੇਖ ‘॥ਪਉੜੀ॥’ ਨਹੀਂ ਹੈ (ੲ)
[5] ਇੱਥੇ ਸਿਰਲੇਖ ‘॥ਪਉੜੀ॥’ ਨਹੀਂ ਹੈ (ੲ)

॥ਪਉੜੀ॥

ਨਾਇ ਤੇਰਾ ਨਿੰਰਕਾਰ ਹੈ ਨਾਇ ਲਏ ਨਰਕ ਨ ਜਾਈਐ॥
ਜੀਉ ਪਿੰਡ ਸਭ ਤਿਸ ਦਾ ਦੇ ਖਾਜੈ ਆਖਿ ਗ[1] ਗਵਾਈਐ॥
38/ਅ ਜੇ ਲੋੜ/ਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥
ਜੇ ਜਰਵਾਣਾ ਪਰਹਰੈ ਜਰ ਵੇਸੁ ਕਰੇਦੀ ਆਈਐ॥
ਕੋ ਰਹੈ ਨ ਭਰੀਐ ਪਾਈਐ॥੫॥

॥ਪਉੜੀ॥

ਬਿਨ ਸਤਿਗਰ ਕਿਨੈ ਨ ਪਾਇਉ ਬਿਨ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚ ਆਪਿ ਰਖਿਓਨ ਕਰਿ ਪ੍ਰਗਟ ਆਖਿ ਸੁਣਾਇਆ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨ ਵਿਚਹੁ ਮੋਹ ਚੁਕਾਇਆ॥
ਉਤਮ ਏਹੁ ਵੀਚਾਰ ਹੈ ਜਿਨ ਸਚੇ ਸਿਉ ਚਿਤੁ ਲਾਇਆ॥
ਜਗ ਜੀਵਨ ਦਾਤਾ ਪਾਇਆ॥੬॥

॥ਪਉੜੀ॥

ਸੇਵ ਕੀਤੀ ਸੰਤੋਖਈ ਜਿਨਿ ਸਚੋ ਸਚੁ ਧਿਆਇਆ॥
ਓਨੀ ਮੰਦੈ ਪੈਰ ਨ ਰਖਿਓ ਕਰਿ ਸੁਕ੍ਰਤ ਧਰਮ ਕਮਾਇਆ॥
ਉਨੀ ਦੁਨੀਆ ਤੋੜੇ ਬੰਧਨਾ ਅੰਨ ਪਾਣੀ ਥੋੜਾ ਖਾਇਆ॥
ਤੂ ਬਖਸੀਸੀ ਅਗਲਾ ਨਿਤ ਦੇਵਹ ਚੜਹਿ ਸਵਾਇਆ॥
ਵਡਿਆਈ ਵਡਾ ਪਾਇਆ॥੭॥[2]

॥ਪਉੜੀ॥

ਸਚਾ ਸਾਹਿਬ ਏਕ ਤੂੰ ਜਿਨਿ ਸਚੋ ਸਚੁ ਵਰਤਾਇਆ॥
ਜਿਸ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨੀ ਸਚੁ ਕਮਾਇਆ॥
ਜਿਨ ਕੈ ਹਿਰਦੈ ਸਚ ਵਸਾਇਆ॥
ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮ ਗਵਾਇਆ॥
ਵਿਚਿ ਦੁਨੀਆ ਕਾਹੇ ਆਇਆ॥੮॥

॥ਪਉੜੀ॥

ਭਗਤ ਤੇਰੇ ਮਨ ਭਾਵਦੇ ਦਰ ਸੋਹਨ ਕੀਰਤਨ ਗਾਵਦੇ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ॥
ਇਕ ਮੂਲ ਨ ਬੁਝਨ ਆਪਣਾ ਅਣਹੋਦਾ ਆਪ ਗਣਾਇਦੇ॥
ਹਉ ਢਾਢੀ ਕਾ ਨੀਚ ਜਾਤ ਹੋਰ ਉਤਮ ਜਾਤਿ ਸਦਾਇਦੇ॥
ਤਿੰਨਾ ਮੰਗਾ ਜੋ ਤੁਝੈ ਧਿਆਇਦੇ॥੯॥

ਨੌ ਪੌੜੀਆ ਬਾਬੇ ਜੀ ਆਖੀ ਤਬ ਪੀਰ ਜੀ ਸੁਨ ਕਰ ਉਠ ਖੜਾ ਹੋਇਆ॥ ਤਸਲੀਮਾਤ ਕਰਕੇ ਆਖਿਉਸ ਨਾਨਕ ਜੀ ਵਲੀ ਤੁਧ ਖੁਦਾਇ ਪਾਇਆ ਹੈ ਤੇਰੇ ਮੋ ਖੁਦਾਇ ਮੋ ਭੇਦ ਨਾਹੀ ਤੂੰ
39/ੳ ਅਸਾ ਪਰ ਮਿਹਰਵਾਨ ਥੀਆ ਹੈ ਤਾ/ਬਾਬੇ ਆਖਿਆ ਸੇਖ ਜੀ ਤੇਰੀ ਖੇਪ ਖੁਦਾਇ ਨਿਬਾਹੇਗਾ ਫੇਰ ਸੇਖ ਆਖਿਆ ਨਾਨਕ ਜੀ ਬਚਨੁ ਦੇਹ॥ ਬਾਬੇ ਜੀ ਕੇ ਬਚਨ ਕਰ ਸੇਖ ਕੋ ਪਰਮ ਸੁਖ ਪ੍ਰਾਪਤ ਭਇਆ॥

॥ਦੋਹਰਾ॥

ਲਗਨ ਲਗੀ ਤਿਸ ਰਬ[3] ਹਿਰਦੇ ਭਇਆ ਉਜਿਆਰ॥
ਮਨ ਤਨ ਪਰਫੁਲਤ ਭਇਆ ਜਿਉ ਫੁਲੀ ਬਸੰਤ ਬਹਾਰ॥੩੧॥

॥ਸਾਖੀ ਪੂਰਨ ਹੋਈ॥[4]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲੇਇ ਉਧਾਰ॥

---

[1] ਇੱਥੇ ਸ਼ਬਦ 'ਗ' ਨਹੀਂ ਹੈ (ਅ,ੲ,ਸ)
[2] ਇੱਥੇ 'ਵਡਿਆਈ ਵਡਾ ਪਾਇਆ॥੭॥' ਵਾਲੀ ਪੰਕਤੀ ਤੋਂ ਬਾਅਦ '॥ਸ੍ਰੀ ਵਾਹਿਗੁਰੂ ਜੀ॥' ਹੈ (ਅ)
[3] ਰਬ ਕੀ (ੲ,ਸ)
[4] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਸਾਹ ਮੁਕੀਮ ਨਾਲ ਚਰਚਾ][1]

॥ਦੋਹਰਾ॥

ਹੁਜਰੇ ਕੋ ਬਾਬਾ ਚਲੇ ਪਹੁਚੇ ਨਿਕਟਿ ਤਹਾ ਜਾਇ॥
ਮਰਦਾਨੇ ਕੋ ਆਗਿਆ ਭਈ ਕੁਛੁ ਗਾਉ ਰਬਾਬ ਵਜਾਇ॥੧॥

॥ਮਕਰਾ ਛੰਦ॥

ਜੰਗਲ ਸਬਜ ਸਹਾਵਨ॥ਬੈਠੇ ਦਿਆਲ ਭਾਵਨ॥
ਬਾਜੇ ਰਬਾਬ ਕੀ ਧੁਨਿ॥ਅਦਭੁਤ ਸਬਦ ਉਚਾਰਾ॥੨॥
ਆਏ ਤਹਾ ਦੁਇ ਆਦਮ॥ਵਹ ਪੀਰ ਕੇ ਥੇ ਖਾਦਮ॥
ਸੁਨ ਸਬਦ ਮਨ ਮਗਨ ਹੋ ਕਰ ਯਾਦ ਹੀਏ ਧਾਰਾ॥੩॥
ਹੁਜਰੇ ਮੋ ਕਰਤ ਇਬਾਦਤ॥ਭਈ ਪੀਰ ਕੋ ਬਿਸਾਰ[2]॥
ਦੀਦਾਰ ਕਰੁ ਫਕਰ ਕਾ ਭੇਜਾ ਹੈ ਮੈ ਪਿਆਰਾ॥੪॥
ਖਾਦਮ ਦੋਊ ਵੇ ਆਏ॥ਕਹਾ ਪੀਰ ਸੋ ਸੁਨਾਏ॥
ਦੇਖਾ ਫਕਰ ਇਲਾਹੀ ਤਿਸ ਰਾਗ ਕੋ ਅਧਾਰਾ॥੫॥

॥ਦੋਹਰਾ॥

ਸਾਹ ਮੁਕੀਮ ਪੂਛਨ ਕੀਆ ਖਾਦਮ ਸੋ ਯਹ ਬਾਤ॥
ਬੈਠਾ ਕਹਾ ਫਕੀਰ ਰਬ ਕਹੋ ਨਾਮੁ ਕੋ ਜਾਤ॥੬॥
ਹਾਥ ਜੋੜ ਖਾਦਮ ਕਹਾ ਨਾਨਕ ਜਾ ਕੋ ਨਾਮ॥
ਜੰਗਲ ਮੋ ਬੈਠੇ ਇਕੰਤ ਅਪਨੀ ਅਪਨੀ[3] ਕਹਤ ਕਲਾਮ॥੭॥

॥ਬੈਤ॥

ਕੋਊ ਬੈਤ ਤਿਨ ਕਾ ਸੁਨਾਵੋ ਮੁਝੇ॥ਜੁ ਹਾਸਲ ਹੂਆ ਹੈ ਉਹਾ ਸੋ ਤੁਝੇ॥੮॥
ਤਬ ਏਹ ਸਲੋਕ ਖਾਦਮ ਨੇ ਪੀਰ ਕੋ ਸੁਨਾਏ॥
39/ਅ /ਹਮਹ ਜੇਰ ਜਮੀ ਦੁਨੀਆ ਪੀਰਾ ਮਸਾਇਖਾ ਰਾਇਆ॥
ਮੇ ਰਵਦ ਬਾਦਸਾਹਾ ਅਫਜੂ ਖੁਜਾਇਆ[4]॥ਏਕ ਤੁਹੀ ਏਕ ਤੁਹੀ॥੧॥
ਨ ਦੇਵ ਦਾਨਵਾ ਨਰਾ ਨ ਸਿਧ ਸਾਧਕਾ ਧਰਾ॥
ਅਸਤ ਏਕ ਦਿਗਰ ਕੁਈ॥ਏਕ ਤੁਈ ਏਕ ਤੁਈ॥੨॥

॥ਬੈਤ॥

ਸੁਨੇ ਬੈਤ ਜਬ ਪੀਰ ਮਨ ਮੋ ਲਗੇ॥ਮਿਲਨ ਕੀ ਮੁਹਬਤ ਮੋ ਸੁਨਤੇ ਪਗੇ॥੯॥
ਕਹੇ ਬੈਤ ਜਿਸੁ ਤਿਸੁ ਮਿਲਾ ਚਾਹੀਏ॥ਮੁਨਾਸਬ ਜਹਾ ਹੈ ਤਹਾ ਜਾਈਏ॥੧੦॥
ਨਿਕਸ ਪੀਰ ਹੁਜਰੇ ਸੋ ਮਿਲਨੇ ਚਲੇ॥ਜਮਾ ਹੋਇ ਖਾਦਮ ਸਭੀ ਯਿਉ ਕਹੇ॥੧੧॥
ਚਿਹਲ ਸਾਲ ਹੁਜਰੇ ਮੋ ਹਜਰਤ ਰਹੇ॥ਨ ਹੁਜਰੇ ਸੋ ਨਿਕਸੇ ਨ ਕਾਹੂ ਮਿਲੇ॥੧੨॥
ਕੁਤਬ ਹੈ ਜਮਾਨੇ ਮੋ ਹਜਰਤ ਵਲੀ॥ਨ ਹਿੰਦੂ ਕੋ ਮਿਲਨੇ ਕੀ ਮਸਲਤ ਭਲੀ॥੧੩॥
ਸੁਨਤ ਬਾਤ ਨਾਖੁਸ ਭਏ ਸਾਹ ਮੁਕੀਮ॥ਫਕਰ ਕੀ ਹਿਕਾਰਤ ਗੁਨਹ ਹੈ ਅਜੀਮ॥੧੪॥
ਮੁਰੀਦਾ ਕਾ ਰੁਖ ਦੇਖ ਅੰਦਰ ਗਏ॥ਲਗੀ ਲਗਨ ਦਿਲ ਮੋ ਮੁਹਬਤ ਬਸੇ॥੧੫॥

॥ਦੋਹਰਾ॥

ਦਿਲੋ ਮੁਹਬਤ ਪੀਰ ਕੀ ਜਾਨੀ ਸਤਿਗੁਰ ਦਿਆਲ॥
ਚਲੇ ਪੀਰ ਕੇ ਮਿਲਨ ਕੋ ਮਰਦਾਨਾ ਲੀਏ ਨਾਲਿ॥੧੬॥

॥ਚੌਪਈ॥

ਚਲੇ ਬਾਬਾ ਹੁਜਰੇ ਕੋ ਗਏ॥ਜਹਾ ਪੀਰ ਰਹੇ ਤਹਾ ਪ੍ਰਾਪਤ ਭਏ॥
ਮਰਦਾਨੇ ਕੋ ਆਗਿਆ ਕਰੀ॥ਰਬਾਬ ਬਜਾਵੋ ਗਾਵੋ ਇਹ ਘਰੀ॥੧੭॥
ਮਰਦਾਨੇ ਤਹਾ ਰਬਾਬ ਬਜਾਇਆ॥ਸਤਿਗੁਰ ਸਲੋਕ ਕਹਾ ਸੋ ਗਾਇਆ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਬਿਸਾਰਤ (ਅ,ੲ), ਬਿਸਰਾ (ਸ)
[3] ਇੱਥੇ ਸ਼ਬਦ 'ਅਪਨੀ' ਨਹੀਂ ਹੈ (ਅ,ੲ)
[4] ਖੁਦਾਇਆ (ਅ,ੲ,ਸ)

ਸੁਨਤ ਪੀਰ ਹੁਜਰੇ ਸੋ ਨਿਕਸੇ॥ਬਾਬੇ ਦੇਖਿ ਕਮਲ ਜਿਉ ਬਿਗਸੇ॥੧੮॥
ਸਭ ਖਾਦਮ ਆਇ ਇਕਠੇ ਭਏ॥ਬਾਬੇ ਦੇਖ ਬਿਸਮ ਹੋਇ ਗਏ॥
ਆਏ ਪੀਰ ਦਸਤ ਬੋਸੀ ਕਰੀ॥ਪ੍ਰੀਤ ਭਾਉ ਕੀ ਬਾਤ ਉਚਰੀ॥੧੯॥
40/ੳ ਮਰਦਾਨੇ ਇਹੁ ਬਾਨੀ ਗਾਈ॥ਸੁਨੀ ਪੀਰ ਮਨ ਮੋ ਅ/ਤ ਭਾਈ॥
ਜਬ ਮਰਦਾਨੇ ਸਲੋਕ ਇਹੁ ਗਾਇਆ॥ਤਬ ਸਾਹ ਮੁਕੀਮ ਅਰਥ ਪੂਛਾਇਆ॥੨੦॥

॥ਸਲੋਕ ਸ੍ਰੀ ਮੁਖਵਾਕ॥[1]

ਸੌ ਮਨ ਹਸਤੀ ਘੀਉ ਗੁੜ ਖਾਵੈ ਪੰਜ ਸੈ ਦਾਨਾ ਖਾਇ॥
ਡਾਕੇ ਫੂਕੇ ਖੇਹ ਉਡਾਵੈ ਸਾਹ ਗਏ ਪਛੁਤਾਇ॥
ਅੰਧੀ ਫੂਕ ਮੁਈ ਦੇਵਾਨੀ॥ਖਸਮੈ ਮਿਟੀ ਫਿਰ ਭਾਨੀ॥
ਅਧ ਗਲੋਲਾ ਚਿੜੀ ਕਾ ਚੁਗਣ ਗੈਣ ਚਿਣੀ[2] ਬਿਲਲਾਇ॥
ਖਸਮੇ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥
ਸਕਤਾ ਸੀ ਮਾਰੇ ਪੈ ਮਿਰਆ ਸਭ ਪੀਛੇ ਪੈ ਖਾਇ॥
ਹੋਇ ਸਤਾਣਾ ਘੁਰੇ ਨ ਮਾਵੇ ਸਾਹ ਗਏ ਪਛੁਤਾਇ॥
ਅੰਧਾ ਕਿਸ ਕੋ ਬੁਕ ਸੁਨਾਵੈ ਖਸਮੈ ਮੂਲ ਨ ਭਾਵੈ॥
ਅਕ ਸੋ ਪ੍ਰੀਤ ਕਰੇ ਅਕ ਤਿਡਾ ਅਕ ਡਾਲੀ ਬਹ ਖਾਇ॥
ਖਸਮੈ ਭਾਵੈ ਓਹਾ ਚੰਗੀ ਜਿ ਕਰੈ ਖੁਦਾਇ ਖੁਦਾਇ॥
ਨਾਨਕ ਦੁਨੀਆ ਚਾਰ ਦਿਹਾੜੇ ਸੁਖ ਕੀਤੇ ਦੁਖ ਹੋਈ॥
ਗਲਾ ਵਾਲੇ ਹੈਨ ਘਨੇਰੇ ਛਡ ਨ ਸਕੇ ਕੋਈ॥
ਮਖੀ ਮਿਠੇ ਮਰਨਾ ਜਿਨ ਤੂੰ ਰਾਖੇ ਤਿਸ ਨੇੜਿ ਨ ਆਵੇ ਤਿਨ ਭਉ ਸਾਗਰ ਤਰਣਾ॥੨॥

ਜਬ ਸਲੋਕ ਬਾਬਾ ਜੀ ਕਾ ਸੁਨਾ ਤਬ ਪੀਰ ਖੁਦਾਇ ਕੇ ਭੈ ਮੋ ਪੜੈ ਅਰੁ ਬਾਬਾ ਜੀ ਕੀ ਉਸਤਤ ਕੀਆ॥ਅਰੁ ਆਖਿਆ ਹੇ ਵਲੀ ਰਬ ਕੇ ਅਸਾ ਕੂ ਤੇਰਾ ਦੀਦਾਰ ਰਬ ਕੀ ਨਿਵਾਜਸ ਹੋਈ ਅਸਾਡਾ ਭਲਾ ਹੂਆ ਪਰ ਜੀ ਬੇਨਤੀ ਹੈ ਅਸਾ ਕੂ ਅਪਨੈ ਬੈਤ ਕਾ ਬਿਆਨ ਦੇਹੁ॥ਤਬ ਬਾਬੇ ਜੀ ਕਹਿਆ ਪੀਰ ਜੀ ਐਸਾ ਹਾਥੀ ਹੋਇ ਜੋ ਸੌ ਮਨ ਘਿਉ ਗੁੜ ਖਾਵੈ ਪਾਂਚ ਸੌ ਮਨ ਦਾਨਾ ਖਾਇ॥ਬਲ ਕਰ ਡਾਕੇ ਅਰ ਫੁਕੇ ਮਟੀ ਉਡਾਵੈ[3] ਮਸਤੀ ਕਰੇ ਜੋ ਦਮੁ ਨਿਕਸ ਜਾਇ ਤਬ ਕਿਆ ਕਰ ਸਕੇ
40/ਅ ਪਛਤਾਵਾ ਰਹੈ॥ਅਰੁ ਜੀ ਅਧ ਗਲੋਲਾ ਚਿੜੀ ਕਾ ਅਹਾਰ ਹੈ ਅਕਾਸ ਮੋ ਉਡ ਜਾ/ਤੀ ਹੈ ਜੋ ਖੁਦਾਇ ਕੋ ਜਪੈ ਰਬ ਕੋ ਵਹੀ ਪਿਆਰੀ ਹੈ ਹਾਥੀ ਅਹੰਕਾਰੀ ਨਹੀ ਪਿਆਰਾ॥ਅਰ ਜੋ ਸੇਰ ਬਡਾ ਬਲੀ ਹੋਇ ਸੌ ਮਿਰਗ ਮਾਰੇ ਅਰ ਕੇਤੇ ਉਸ ਕੇ ਪੀਛੇ ਪੇਟ ਭਰ ਖਾਵੇ ਅਰੁ ਐਸਾ ਹੋਇ ਅਪਨੇ ਘੁਰੇ ਮੋ ਨ ਸਮਾਵੈ ਜਬ ਦਮ ਨਿਕਸ ਜਾਇ ਤੌਂ ਕੁਛੁ ਕਰ ਨਾ ਸਕਦਾ ਅਫਸੋਸ ਗਇਆ॥ਅਰੁ ਜੀ ਅਕ ਕਾ ਤੋਤਾ ਅਕ ਪਰ ਰਹਤਾ ਹੈ ਅਕ ਹੀ ਖਾਤਾ ਹੈ॥ਅਕ ਸੋ ਉਸ ਕੀ ਪ੍ਰੀਤ ਹੈ ਜੋ ਵਹ ਖੁਦਾਇ ਕੋ ਜਪੈ ਤਬ ਰਬ ਕੋ ਵਹੀ ਪਿਆਰਾ ਹੋਇ॥ਛੋਟੇ ਬਡੇ ਕਾ ਬਿਚਾਰ ਨਾਹੀ ਜਿਸ ਕੋ ਰਬ ਕੀ ਮਿਹਰ ਮਹਬਤ ਹੋਇ ਸੋ ਛੋਟਾ ਹੀ ਬਡਾ ਹੈ ਵੇ ਬਡਾ ਹਾਥੀ ਅਰੁ ਸੇਰ ਕਿਤ ਕਾਮ ਹੈ ਜਿਸ ਪਰ ਰਬ ਕੀ ਮਿਹਰ ਨਜਰ ਹੋਇ ਸੋਈ ਬਡਾ ਹੈ॥ਪੀਰ ਜੀ ਦੁਨੀਆ ਚਾਰ ਦਿਹਾੜੇ ਹੈ ਜੇਤੇ ਸੁਖ ਕਰੇ ਤੇਤੇ ਦੁਖ ਭੀ ਹੋਤੇ ਹੈ॥ਗਲਾ ਵਾਲੇ ਬਹੁਤ ਹੈ ਪਰ ਦੁਨੀਆ ਛਡ ਨਾਹੀ ਸਕਤੇ ਹੈ ਮਖੀ ਕੀ ਨਿਆਈ ਦੁਨੀਆ ਗੁੜ ਪਰ ਮਰਤੀ[4] ਹੈ ਜਿਸ ਕੋ ਸਾਈ ਰਖ ਲੇਇ ਸੋ ਬਚੇ ਅਰੁ ਦੁਨੀਆ ਭੈ ਸਮੁੰਦ੍ਰ ਕੋ ਤਰ ਗਇਆ ਹੈ॥ਰਬ ਕੀ ਮਿਹਰ ਨਿਗਾਹ ਬਿਨਾ ਪਾਰ ਨਾਹੀ ਹੋਤਾ॥ਜਬ ਇਹ ਬਿਆਨ ਸਾਹ ਮੁਕੀਮ ਨੇ ਸੁਨੇ ਬਹੁਤ ਰਬ ਕੇ ਭੈ ਮੋ ਆਇਆ॥ਅਰ ਬਹੁਤ ਰਾਜੀ ਹੂਆ॥

॥ਦੋਹਰਾ॥

ਸਾਹ ਮੁਕੀਮ ਐਸੇ ਕਹਾ ਸੁਨੀਐ ਵਲੀ ਖੁਦਾਇ॥
ਬਹੁ ਬਾਤ ਫਕਰ ਸੋ ਪੂਛਨਾ ਹੋਵੈ ਬਹੁਤ[5] ਗੁਨਾਹ॥੨੧॥
ਜਬਾਬ ਫਕਰ ਰਬ ਕੇ ਰਬ ਕਾ ਜਿਕਰ ਕਰੇ ਦਿਨ ਰਾਤ॥

---

[1] ਇਥੇ ਸਿਰਲੇਖ '॥ਸਲੋਕ॥' ਹੈ (ਅ,ੲ)
[2] ਚਿੜੀ (ਅ,ੲ,ਸ)
[3] ਉਡਾਵੈ ਵੇ (ਅ)
[4] ਮਰ ਰਹੀ (ਅ)
[5] ਓਡਾ (ਅ)

ਵਹੀ ਪੂਛਨਾ ਮਨਹ ਹੈ॥ ਬਿਨਾ ਰਬ ਜੋ ਬਾਤ॥੨੨॥

॥ ਸਵਾਲ ਪੀਰ॥

ਤੇਰੇ ਮੁਖ ਸੋ ਜਿਕਰ ਰਬ ਕਾ ਮੋਹ ਸੁਨਨ ਕੀ ਪ੍ਰੀਤ॥
ਪੁਨਹ[1] ਵਹ ਜਿਕਰ ਸੁਨਾਈਐ ਜੋ ਬਨ ਮੋ ਗਾਇਆ ਮੀਤ॥੨੩॥
ਦੇਖ ਮਹਬਤ ਪੀਰ ਕੀ ਪੁਨ ਭਾਖੇ ਦਿਆਲ ਸਲੋਕ॥
41/ੳ ਸੁਨਤ ਪੀਰ/ਬਿਗਸਤ ਭਏ ਮਿਟ ਗਇਆ ਦੁਈ ਮਨ ਸੋਕ॥੨੪॥

॥ ਸਲੋਕ॥

ਹਮਹ ਜੇਰ ਜਿਨੀ ਦੁਨੀਆ ਪੀਰਾ ਮਸਾਇਖਾ ਰਾਇਆ॥
ਮੇ ਰਵਦ ਬਾਦਸਾਹ ਅਫਜੂ ਖੁਦਾਇਆ॥ ਏਕ ਤੂੰਹੀ ਏਕ ਤੂੰਹੀ॥
ਨ ਦੇਵ ਦਾਨਵਾ ਨਰਾ॥ ਨ ਸਿਧ ਸਾਧਕਾ ਧਰਾ॥
ਅਸਤ ਏਕ ਦਿਗ੍ਰ ਕੁਈ॥ ਏਕ ਤੁਈ ਏਕ ਤੁਈ॥੩॥
ਨ ਸੂਰ ਸਸ ਮੰਡਲੋ॥ ਨ ਸਪਤ ਦੀਪ ਨਹ ਜਲੋ॥
ਅਨ ਪਵਨ ਥਿਰ ਨ ਕੁਈ॥ ਏਕ ਤੁਈ ਏਕ ਤੁਈ॥੪॥
ਨ ਰਿਜਕ ਦਸਤ ਆ ਕਸੇ॥ ਹਮਾ ਰੇ ਏਕ ਆਸ ਵਸੇ॥
ਅਸਤ ਏਕ ਦਿਗਰ ਕੁਈ॥ ਏਕ ਤੂੰਈ ਏਕ ਤੂੰਈ॥੫॥
ਪੰਰਿਦਏ ਨ ਗਿਰਹ ਜਰ॥ ਦਖਤ ਆਬ ਆਸ ਕਰ॥
ਦਿਹਿੰਦ ਸੁਈ[2] ਏਕ ਤੁਈ ਏਕ ਤੁਈ॥੬॥
ਨਾਨਕ ਲਿਲਾਰ ਲਿਖਿਆ ਸੋਇ॥ ਮੇਟ ਨ ਸਕੇ ਕੋਇ॥
ਕਲਾ ਧਰੇ ਹਿਰੇ ਸੁਈ॥ ਏਕ ਤੁਈ ਏਕ ਤੁਈ॥੭॥

॥ ਤਿਸ ਕਾ ਅਰਥ ਹੇ ਸੇਖ ਜੀ॥[3]

ਪੀਰ ਮਸਾਇਕ ਰਾਜੇ ਪਾਤਸਾਹ ਸਾਹ ਅੰਤ ਸਭ ਧਰਤੀ ਹੀ ਮੋ ਲੀਨ ਹੋਇ ਜਾਤੇ ਹੈ॥ ਅਰੁ ਦੇਵ ਦਾਨਵ ਮਾਨੁਖ ਸਿਧ ਸਾਧਕ ਜੋ ਧਰਤੀ ਪਰ ਹੂਏ ਹੈ ਸਭ ਫਨਾਹਿ ਹੈ ਏਕ ਕਾਇਮ ਮੌਲਾ ਹੈ ਬਿਨਾ ਰਬ ਕੋਈ ਦੇਨ ਵਾਲਾ ਹੈ ਨ ਕਿਸੀ ਦੀਆ ਹੈ ਸਾਤ ਲੋਕ ਊਪਰ ਕੇ ਸਾਤ ਲੋਕ ਤਲੇ ਕੇ ਤਿਨਾ ਕਾ ਦਾਤਾ ਏਕ ਆਪ ਹੀ ਰਬ ਹੈ॥ ਬਿਨਾ ਰਬ ਕੇ ਅਸਥਿਰ ਨ ਸੂਰਜ ਨ ਚੰਦ ਨ ਸਾਤ ਦੀਪ ਨ ਸਾਤ ਸਮੁੰਦ੍ਰ ਹੈ ਸਭ ਫਾਨੀ ਬਾਕੀ ਏਕ ਵਹੀ ਮੌਲਾ ਹੈ॥ ਹੇ ਪੀਰ ਜੀ ਰਿਜਕ ਕਿਸੀ ਕਾ ਕਿਸੀ ਕੇ ਹਾਥ ਨਾਹੀ॥ ਹਮ ਸਭ ਕੋ ਏਕ ਆਸ ਮੌਲਾ ਕੀ ਹੈ॥ ਪੰਛੀਉ ਕੇ ਗ੍ਰਿਹ ਮੋ ਕੁਛੁ ਧਨ ਨਾਹੀ ਦਰਖਤ ਪਾਨੀ ਕੀ ਆਸਾ ਧਾਰ ਕੇ ਰਹਤੇ ਹੈ ਦਾਤਾ ਕੁਲ ਆਲਮ ਕਾ ਏਕ ਮੌਲਾ ਹੀ ਹੈ ਜੋ ਰਬ ਲੋਹ ਕਲਮ
41/ਅ ਕਰ ਲੇਖ ਲਿਖਾ ਹੈ/ਸੋ ਮੇਟਿ ਨਾਹੀ ਕੋਈ ਸਕਤਾ॥ ਅਪਨੀ ਕੁਦਰਤ ਸੋ ਆਲਮ ਪੈਦਾ ਕ੍ਰਕੇ ਫੇਰ ਕੁਦਰਤ ਸੋ ਫਨਾਹ ਕਰ ਲੇਤਾ ਹੈ ਵਹੀ ਆਪ ਕਾਇਮ ਹੈ ਸਭ ਉਸੀ ਕੇ ਹਾਥ ਹੈ॥ ਤਾ ਤੇ ਬੰਦੇ ਕੋ ਚਾਹੀਏ ਐਸਾ ਬੂਝ ਕਰ ਖੁਦੀ ਤਕ ਬਰੀ ਝੂਠ ਦਿਲ ਸੋ ਦੂਰ ਕਰੇ ਤਾ ਬੰਦਾ ਹੋਇ॥ ਜਬ ਇਹੁ ਜਿਕੁਰੁ ਬਾਬਾ ਜੀ ਕਾ ਬਿਆਨ ਸੋ ਪੀਰ ਨੇ ਸੁਨਾ ਬਹੁਤ ਪ੍ਰਸੰਨ ਹੁਆ॥ ਆਖਿ ਉਸ ਵਲੀ ਨਾਨਕ ਜੀ ਮੇਰੇ ਮਨ ਕੀ ਮੁਰਾਦ ਖੁਦਾਇ ਕੇ ਹੁਕਮ ਸੋ ਆਜ ਪੂਰੀ ਹੋਈ ਹੈ ਸਾਡੀ ਮੁਰਾਦ ਤੇਰੇ ਮਿਲਨੇ ਮੋ ਹਮਾਰਾ ਬਹੁਤ ਭਲਾ ਹੂਆ ਹੈ ਤੇਰਾ ਦੀਦਾਰ ਪਾਇਆ॥ ਅਬ ਖੁਦਾਇ ਕੇ ਮਿਲਨੇ ਮੋ ਸਕ ਨਹੀ ਰਹਾ ਕਾਮਲ ਫਕੀਰ ਜਾਤ ਮੌਲਾ ਕੀ ਹੈ॥ ਬਾਬਾ ਜੀ ਬਹੁਤ ਰਾਜੀ ਹੂਏ ਪੀਰ ਸੋ ਬਿਦਾ ਹੋਇ ਕਰ ਚਲੇ॥

॥ ਸਾਖੀ ਪੂਰਨ ਹੋਈ ॥੨੫॥[4]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲੇਇ ਉਧਾਰ॥

---

[1] ਪੁਨ (ਸ)
[2] ਸਈ (ਸ)
[3] ਇੱਥੇ ਸਿਰਲੇਖ '॥ਅਰਥ॥' ਹੈ (ੲ)
[4] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਕੇਸੋ ਸ੍ਰੇਵੜੇ ਨਾਲ ਮਿਲਾਪ][1]

॥ਦੋਹਰਾ॥

ਸਾਹ ਮੁਕੀਮ ਸੋ ਬਿਦਾ ਹੋਇ ਆਗੇ ਚਲੇ ਦਿਆਲ॥
ਕੇਸੋ ਸਰੇਵੜਾ ਮਗ ਮਿਲਾ ਚਰਚਾ ਭਈ ਬਿਸਾਲ॥੧॥

॥ਚੌਪਈ॥

ਸਾਹ ਮੁਕੀਮ ਸੋ ਬਿਦਾ ਹੋਇ ਚਲੇ॥ਆਗੇ ਕੇਸੋ ਸ੍ਰਾਵਕ ਮਿਲੇ॥
ਨਖ ਸਿਖ ਲੋ ਬਸਤ੍ਰ ਕੁਚੀਲ ਤਨ ਓਢਾ॥ਮੁਖ ਖਟੀ[2] ਬਾਧੀ ਕਰ ਪੋਢਾ॥੨॥
ਪੁਸਤਕ ਜੈਨ[3] ਮਤ ਆਗੇ ਧਰੇ॥ਤਿਸ ਦੇਖ ਦਿਆਲ ਸਤਗੁਰ ਭਏ ਖੜੇ[4]॥
ਤਿਨ ਜੈਨੀ ਮਤ ਕੀ ਚਰਚਾ ਕਰੀ॥ਜੀਇ ਦਿਆ ਤਪ ਬਿਧ ਬਿਸਥਰੀ॥੩॥
ਕੇਸੋ ਸੋ ਸਤਿਗੁਰ ਜੀ ਕਹਾ॥ਤੁਮ ਕਸਟ ਕੁਚੀਲ ਕਠਨ ਤਪ ਗਹਾ॥
ਬਿਨਾ ਹਰਿ ਭਗਤ ਮੁਕਤ ਨਹੀ ਹੋਇ॥ਤਨ ਕਸਟ ਸਹੇ ਮਿਥਿਆ ਸੁਖ ਹੋਇ[5]॥
ਸੁਨੋ ਨਾਨਕ ਜੀ ਕਰਮ ਪਰਧਾਂਨ॥ਕਰਮ ਕਰਤ ਹੋਵਤ ਭਗਵਾਨ॥
42/ੳ ਚੌਬੀਸ ਥੈ/ਥੰਕਰ ਕਰਮ ਤੇ ਭਏ॥ਕਰਮ ਕਰਤ ਭਗਵਤ ਹੋਇ ਗਏ॥੫॥

॥ਦੋਹਰਾ॥

ਅਰਹੰਤਾ ਪਾਰਸ ਨਾਥ ਆਦ ਕਰਮਨ ਤੇ ਭਏ ਸਿਧ॥
ਤਨ ਸਹੇ ਕਸਟ ਕਰਮਨ ਕਰੇ ਸੁਖ ਸੁਰਗ ਨ ਭੋਗੇ ਬ੍ਰਿਧ॥੬॥

॥ਚੌਪਈ॥

ਪ੍ਰਿਥਮੇ ਜੀਇ ਦਿਆ ਮਨ ਕਰੇ॥ਸੁਆਸ ਲੇਤ ਪਗ ਚਲਤੇ ਜੀ ਮਰੇ॥
ਅਨ ਪਾਨੀ ਖਾਤ ਜੀਅਨ ਕੋ ਨਾਸ॥ਤਾ ਤੇ ਸਾਧੇ[6] ਭੂਖ ਪਿਆਸ॥੭॥
ਇਸਨਾਨ ਕਰਤ ਜੀਇ ਜੋ ਮਰੇ॥ਦੇਇ ਦਾਨ ਤਿਸ ਭੋਗਨ ਪਰੇ॥
ਯਹ ਬੰਧਨ ਜੀਇ ਕੇ ਕਰਮ ਤਿਆਗੇ॥ਜੁਹੰਦ ਦਇਆ ਜੀਅਨ ਅਨਰਾਗੇ॥੮॥
ਅਜਾ ਪੰਛੀ ਪਸੂ ਜੋ ਖਾਇ॥ਪੁਨਿ ਜਨਮ ਧਾਰਿ ਤਿਸ ਮਾਸ ਵੈ ਖਾਇ॥
ਇਸਤ੍ਰੀ ਭੋਗ ਭੋਗੈ ਜੋ ਕੋਇ॥ਇਨ ਕਰਮਨ ਤੇ ਨਰਕ ਗਤ ਹੋਇ॥
ਰਾਮ ਕ੍ਰਿਸਨ ਜੋ ਭਏ ਅਵਤਾਰ॥ਕੀਏ ਭੋਗ ਭਉ ਦੁਖ ਅਧਕਾਰ॥
ਯਿਹ ਜੀਅ ਅਨਾਦੀ ਹੋਇ ਭਗਵਾਨ॥ਜੈਨ ਮਤ ਕਰਮ ਕਰੈ ਪਰਧਾਨ॥੧੦॥

॥ਦੋਹਰਾ॥

ਨਾਨਕ ਜੀ ਤੁਮ ਭਗਤ ਹੋ ਬੂਝੋ ਕਰਮਨ ਕੀ ਘਾਤ॥
ਤਜ ਇੰਦ੍ਰੀ ਸੁਖ ਮਤ ਜੈਨ ਦ੍ਰਿੜ ਇਹੁ ਜੀਉ ਮੁਕਤ ਹੋ ਜਾਤ॥੧੧॥

॥ਚੌਪਈ॥

ਯਹ ਬਿਖਾਨ ਸਤਿਗੁਰ ਜਬ ਸੁਨਾ॥ਸੁੰਨਿ ਮਤੀ ਕਰ ਤਾ ਕੋ ਗਨਾ॥
ਹੇ ਕੇਸੋ ਤੁਮ ਕੀਆ ਬਖਾਨ॥ਹਰਿ ਭਗਤ ਹੀਨ ਮਿਥਿਆ ਅਭਮਾਨ॥੧੨॥
ਤੁਮ ਕਹਾ ਜੀਉ ਕਰਮਨ ਤੇ ਹੋਇ॥ਕਰਮ ਜੀਉ ਤੇ ਉਪਜਤ ਸੋਇ॥
ਕਰਮ ਭਰਮ ਆਤਮ ਸੰਕਲਪ॥ਹਰਿ ਭਗਤ ਪਾਇ ਸਭ ਹੋਇ ਬਿਕਲਪ॥੧੩॥
ਹਰਿ ਕੀ ਭਗਤਿ ਕਰਮ ਪਰਧਾਨ॥ਯਾ ਤੇ ਉਪਜੇ ਆਤਮ ਗਿਆਨ॥
ਪਾਇ ਗਿਆਨ ਮੁਕਤ ਹੋਇ ਜੀਉ॥ਗੁਰ ਕਿਰਪਾ ਹੋਇ ਜੀਉ ਤੇ ਸੀਉ॥੧੪॥
ਨਾਮ ਦਾਨ ਇਸਨਾਨ ਪਰਮਾਨ॥ਸੁਰਤ ਸੰਤਨ ਰਾਖਾ ਪਰਧਾਨ॥
42/ਅ ਤੁਮ ਇਨ ਕਰਮਨ ਕੀ ਨਿੰਦਿਆ ਕਰੋ॥ਕਰ ਕਰਮ ਕੁਚੀਲ/ਨਰਕ ਮੋ ਪਰੋ॥੧੫॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਪੱਟੀ (ਅ,ੲ,ਸ)
[3] ਸੈਨ (ੲ)
[4] ਖਲੇ (ੲ)
[5] ਸੋਇ (ੲ)
[6] ਸਾਧੋ (ਅ)

॥ ਦੋਹਰਾ ॥

ਤੁਮ ਭਾਖਿਆ ਕਰਮ ਤੇ ਹੋਤ ਆਏ ਭਗਵਾਨ ॥
ਉਲਟ ਪੁਲਟ ਮਤਹੀਨ ਮਤ ਮਹਾ ਮੁਗਧ ਅਗਿਆਨ ॥ ੧੬ ॥

॥ ਚੌਪਈ ॥

ਹਰਿ ਅਵਤਾਰ ਜਗਤ ਮੋ ਕਰਾ ॥ ਮੁਕਤ ਜੁਗਤ ਕੋ ਮਾਰਗ ਧਰਾ ॥
ਬਿਧ ਨਿਖੇਦ ਅਵਤਾਰਨ ਕਰੋ ॥ ਮਰ ਹੋਇ ਪਿਸਾਚ ਨਰਕ ਮੋ ਪਰੋ ॥ ੧੭ ॥
ਅਰ ਹਰਿ ਬਿਨ ਕਵਨ ਜੀਅਨ ਕੋ ਰਛਕ ॥ ਜੋ ਰਛਕ ਹੈ ਸੋਈ ਭਛਕ ॥
ਤਜ ਭਰਮ ਕੁਚੀਲ ਕਰਮ ਤੁਮ ਤਜੋ ॥ ਕਰ ਪ੍ਰੇਮ ਭਗਤ ਹਰਿ ਕੋ ਸਦ ਭਜੋ ॥ ੧੮ ॥
ਯਾ ਤੇ ਮੁਕਤ ਹੋਇ ਅਧਕਾਰ ॥ ਨਹੀ ਜਨਮ ਮਰਨ ਹੋਇ ਦੂਜੀ ਬਾਤ[1] ॥
ਇਨ ਕਰਮਨ ਤੇ ਮਨ ਬਸ ਹੋਏ ॥ ਮਿਟੇ ਦੋਖ ਇੰਦ੍ਰੀ ਬਸ ਹੋਇ ॥ ੧੯ ॥
ਜਬ ਕੇਸੋ ਇਹ ਮ[2] ਕੋ ਸੁਨਾ ॥ ਭਇਆ ਮੁਖ ਮਲੀਨ ਸੀਸ ਕੋ ਧੇਨਾ ॥
ਯਹ ਸਭ ਅਨੀਤ ਜੋ ਤੁਮ ਮੁਖ ਭਾਖਾ ॥ ਜੈਨ ਮਤ ਧਰਮ ਕਤਹੂ ਨਹੀ ਰਾਖਾ ॥ ੨੦ ॥

॥ ਦੋਹਰਾ ॥

ਹਮ ਗੁਰ ਗਮ ਕਰਿ ਦਿੜ ਕਰਿਓ ਜੈਨ ਮਤ ਕਰਮ ਪਰਧਾਨ ॥
ਤੁਮ ਗਿਆਨ ਕਰਮ ਤਿਆਗਨ ਕਹੋ[3] ਸੁਨੋ ਨ ਕਬਹੂ ਕਾਨ ॥ ੨੧ ॥

॥ ਦੋਹਰਾ ॥

ਕੋ ਭਗਵਤ ਹੈ ਕੋ ਭਗਤ ਕਾ ਕੋ ਭਾਖੋ ਗਿਆਨ ॥
ਜੀਵ ਅਨਾਦੀ ਕਰਮ ਗਤ ਤਾ ਤੇ ਕਰਮ ਪਰਧਾਨ ॥ ੨੨ ॥
ਗੁਰ ਅੰਤਰਜਾਮੀ ਜਾਨਿਆ ਇਹ ਕਠਨ ਕਠੋਰ ਅਜਾਨ ॥
ਜਿਮ ਲੋਹਾ ਕਰਮਨ ਅਗਨ ਜਲ ਭਇਆ ਮਨੂਰ ਸਮਾਨ ॥ ੨੩ ॥
ਕਰਮ ਭਰਮ ਬਨ ਬਾਘ ਹੋਇ ਇਸੁ ਬੁਧਿ ਬਹਾਨ ਗਇਆ ਖਾਇ ॥
ਬਿਨ ਭਗਤ ਚਰਨ ਪਿੰਗਲ ਭਇਆ[4] ਹਰ ਮਗ ਚਲਿਓ ਨ ਜਾਇ ॥ ੨੪ ॥

॥ ਤਬ ਬਾਬਾ ਜੀ ਸ੍ਰੀ ਮੁਖ ਸਲੋਕ ਉਚਾਰ ਕੀਆ ॥ [5]

ਸਿਰ ਖੁਹਾਇ ਪੀਵਨ ਮਲਵਾਣੀ ਜੂਠਾ ਮੰਗ ਮੰਗ ਖਾਹੀ ॥
43/ੳ ਫੋਲ ਫਦੀਹਤ/ਮੁਹਿ ਲੈਨ ਭੜਾਸਾ ਪਾਣੀ ਦੇਖ ਸੰਗਾਹੀ ॥
ਭੇਡਾਂ ਵਾਗੂ ਸਿਰ ਖੁਹਾਇਨ ਭਰੀਅਨ ਹਥਿ ਸੁਆਹੀ ॥
ਮਾਊ ਪੀਊ ਕਿਰਤ ਗਵਾਇਨ ਟਬਰ ਰੋਵਨ ਧੋਆਹੀ ॥
ਉਨਾ ਪਿੰਡ ਨ ਪਤਲ ਕਿਰਿਆ ਨ ਦੀਵ ਮੁਏ ਕਿਥਾਊ ਪਾਹੀ ॥ [6]
ਅਠਿਸਠਿ ਤੀਰਥ ਦੇਨ ਨ ਢੋਈ ਬ੍ਰਹਮਨ ਅੰਨ ਨ ਖਾਹੀ ॥
ਸਦਾ ਕੁਚੀਲੁ ਰਹਨ ਦਿਨ ਰਾਤੀ ਮਥੇ ਟਿਕੇ ਨਾਹੀ ॥
ਝੁੰਡੀ ਪਾਇ ਬਹਨ ਨਿ[7] ਮਰਣੇ ਦਰਿ ਦੀਬਾਨ ਨ ਜਾਹੀ ॥
ਲਕੀ ਕਾਸੇ ਹਥੀ ਫੁਮਨ ਅਗੋ ਪਿਛੀ ਜਾਹੀ ॥
ਨਾ ਵਹ ਜੋਗੀ ਨਾ ਵਹ ਜੰਗਮ ਨਾ ਵਹ ਕਾਜੀ ਮੁਲਾਂ ॥
ਦਯਿ ਵਿਗੋਏ ਫਿਰਨ ਵਿਗੁਤੇ ਫਿਟ ਅਵਤੀ ਗਲਾ ॥
ਜੀਆ ਮਾਰ ਜਿਵਾਲੇ ਸੋਈ ਹੋਰ ਨ ਕੋਈ ਰਖੇ ॥
ਦਾਨੋ ਤੇ ਇਸਨਾਨਨ[8] ਵੰਞਨ ਭਸ ਪਾਈ ਸਿਰ ਖੁਥੇ ॥
ਪਾਣੀ ਵਿਚੋ ਰਤਨ ਉਪਨੇ ਮੇਰ ਕੀਆ ਮਾਧਾਣੀ ॥

---

[1] ਬਾਰ (ਅ,ੲ,ਸ)
[2] ਮਤ ਉਹੀ
[3] ਕਰੋ (ਸ)
[4] ਭੋਇਆ (ਸ)
[5] ਇੱਥੇ ਸਿਰਲੇਖ ' ॥ ਸਲੋਕ ਮਹਲਾ ੧ ॥ ' ਹੈ (ੲ)
[6] ਇੱਥੇ 'ਉਨਾ ਪਿੰਡ ਨ ਪਤਲ ਕਿਰਿਆ....ਪੂਜਾ ਨਾਵਨ ਸਦਾ ਸੁਜਾਣੀ ॥ ' ਤੱਕ ਪਾਠ ਨਹੀਂ ਹੈ (ਅ)
[7] ਨਿਤ (ਅ,ੲ,ਸ)
[8] ਇਸਨਾਨ (ਸ)

ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੇ ਬਾਣੀ॥
ਨਾਇ ਨਿਵਾਜਾ ਨਾਤੇ ਪੂਜਾ ਨਾਵਨ ਸਦਾ ਸੁਜਾਣੀ॥
ਮੁਇਆਂ ਜੀਵਦਿਆ ਤਾਂ ਗਤ ਹੋਵੈ ਜਾ ਸਿਰ ਪਾਈਐ ਪਾਣੀ॥
ਨਾਨਕ ਸਿਰ ਖੁਥੇ ਸੈਤਾਨੀ ਇਨਾ ਗਲ ਨ ਭਾਣੀ॥
ਵੁਠੇ ਮੀਹ ਹੋਇ ਬਿਲਾਵਲ ਜੀਆਂ ਜੁਗਤ ਸਮਾਣੀ॥
ਵੁਠੇ ਅੰਨੁ ਕਮਾਦ ਕਪਾਹਾ ਸਭਸੇ ਪੜਦਾ ਹੋਵੈ॥
ਵੁਠੇ ਘਾਹੁ ਚਰਨ ਨਿਤ ਸੁਰਹੀ ਸਾ ਧਨ ਦਹੀ ਬਿਲੋਵੈ॥
ਤਿਤ ਘੀਉ ਹੋਮ ਜਗ ਸਦ ਪੂਜਾ ਪੈਐ ਕਾਰਜ ਸੋਹੈ॥
ਗੁਰੂ ਸਮੁੰਦੁ ਨਦੀਆ ਸਭ ਸਿਖੀ ਨਾਤੇ ਜਿਤ ਵਡਿਆਈ॥
ਨਾਨਕ ਜੇ ਸਿਰ ਖੁਥੇ ਨਾਵਨ ਨਾਹੀ ਸਤ ਚਟੇ ਸਿਰ ਛਾਈ॥੫੨॥
ਇਹ ਬਚਨ ਬਾਬੇ ਜੀ ਨੇ ਕਹੇ ਤਬ ਕੇਸੋ ਸੁਨ ਕਰ ਚੁਪ ਕਰ ਰਹਿਆ[1]॥
ਏਤਾ ਸੰਬਾਦ ਕਰਕੇ ਬਾਬਾ ਜੀ ਊਹਾ ਸੋ ਚਲੇ॥[2]

॥ਸਾਖੀ ਪੂਰਨ ਹੋਈ॥੨੬॥[3]

43/ਅ /ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਰਹਾ (ੲ)
[2] ਇੱਥੇ 'ਏਤਾ ਸੰਬਾਦ ਕਰਕੇ ਬਾਬਾ ਜੀ ਊਹਾ ਸੋ ਚਲੇ॥' ਵਾਲੀ ਪੰਕਤੀ ਨਹੀਂ ਹੈ (ੲ)
[3] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਨਾਨੂ ਪੰਡਤ ਨਾਲ ਚਰਚਾ][1]

[2]॥ਦੋਹਰਾ॥

ਕੇਸੋ ਕੋ ਪ੍ਰਭ ਤਜ ਦੀਓ ਲੇ ਮਰਦਾਨਾ ਸੰਗ॥
ਆਗੇ ਕੋ ਸਤਿਗੁਰ ਚਲੇ ਧਰ ਭਗਤ ਸਮਾਜ ਅਭੰਗ॥੧॥

॥ਚੌਪਈ॥[3]

ਮਾਰਗ ਮੋ ਨਗਰੀ ਇਕ ਆਈ॥ਬਾਹਰ ਨਗਰ ਪ੍ਰਭ ਬੈਠੇ ਜਾਈ॥
ਦੋ ਘਟ ਕਾ ਜਬ ਉਹਾ ਬੀਤੀ॥ਕੋਊ ਲੈ ਪ੍ਰਸਾਦਿ ਆਇਓ ਕਰ ਪ੍ਰੀਤੀ॥੨॥
ਅਤ ਸੁੰਦਰ ਕਰ ਪ੍ਰੇਮ ਬਨਾਇਆ॥ਹਰਨ ਕੋ ਮਾਸ ਤਿਆਰ ਕਰ ਲਿਆਇਆ॥
ਨਿਰਖ ਭਾਵ ਬਾਬੇ ਜੀ ਲੀਨਾ॥ਧਰ ਅਜਗਰ ਬਿਰਤ ਭੋਗ ਤਬ ਕੀਨਾ॥੩॥
ਪ੍ਰਸਾਦਿ ਕਰਤ ਆਏ ਨਾਨੂ ਪੰਡਿਤ॥ਦੇਖ ਬਿਉਹਾਰ ਤਿਸ ਮਨ ਭਏ ਖੰਡਤ॥

॥ਨਾਨੂ ਪੰਡਤ ਵਾਚ॥

ਬਾਬੇ ਸਿਉ ਤਿਨ ਬਾਦ ਉਠਾਇਆ॥ਤੁਮ ਸਾਧ ਕਹਾਇ ਮਾਸ ਕਿਉ ਖਾਇਆ॥੪॥
ਮਾਸ ਅਹਾਰ ਦੁਰਗਤ ਕੇ ਕਾਰਨ॥ਬਿਪ ਸੰਤ ਕੋ ਤਿਆਗੁ ਸੁਧਾਰਨ॥
ਸਾਂਤਕ ਭੋਜਨ ਸੰਤ ਅਹਾਰ॥ਸਿਮਰਤ ਪੁਰਾਨ ਇਮ ਕਹੇ ਪੁਕਾਰ॥੫॥

॥ਦੋਹਰਾ॥

ਪੰਡਤ ਬਚਨ ਬਿਪਾਦ ਸੁਨ ਬੋਲੇ ਕਿਰਪਾ ਨਿਧਾਨ॥
ਸਹਜ ਭਾਇ[4] ਸੰਤਨ ਮਿਲੇ ਤਿਹੁ ਭੋਗੇ ਸੁਖ ਮਾਨ॥੬॥

॥ਚੌਪਈ॥

ਕਰ ਕਿਰਪਾ ਤਿਹ ਬਹੁਤ ਬੁਝਾਇਆ॥ਤਿਸ ਸੁਪਨ ਨ ਛੁਹੀ ਭਗਤ ਕੀ ਛਾਇਆ॥
ਵਹੁ ਮਤ ਸਿੰਮਰਤ ਸਲੋਕ ਬਖਾਨੇ॥ਮਾਸ ਅਹਾਰ ਪਰਮ ਦੁਖ ਮਾਨੇ॥੭॥
ਤਬ ਜਾਨਿਓ ਸਤਿਗੁਰ ਤਿਸੁ ਮੂੜਾ॥ਤਜ ਭਗਤ ਗਿਆਨ ਅਗਿਆਨ ਅਰੂੜਾ॥
ਤਬ ਸਾਧ ਨੀਤ ਤਿਸ ਕਹੇ ਸੁਨਾਇ॥ਸੁੰਦਰ ਬਾਨੀ ਅਤ ਸਾਧ ਸੁਹਾਇ॥੮॥

॥ਦੋਹਰਾ॥

॥ਬਚਨ ਬਾਬੇ ਜੀ ਕਾ॥

44/ੳ ਤੁਮ ਸ/ਦਾ ਅਹਾਰੀ ਮਾਸ ਕੇ ਅਵਰ ਨ ਕਹੋ ਤਿਆਗੁ॥
ਮਾਸ ਸਾਗ ਜਾਨੋ ਨਹੀ ਪੜ ਬਿਦਿਆ ਭਏ ਅਜਾਗ॥੯॥

॥ਸੋਰਠਾ॥

ਸੁਨ ਪੰਡਤ ਕਹਿਓ ਬਖਯਾਨ ਹਮ ਅਮਖੁ ਅਹਾਰ ਕੈਸੇ ਕੀਓ॥
ਨਹੀ ਮਿਥਿਆ ਕਹੇ ਸੁਜਾਨ ਪ੍ਰਗਟ ਸੁਨਾਇ ਦਿਖਾਇ ਦੇ॥੧੦॥

॥ਤਬ ਬਾਬੇ ਜੀ ਨੇ ਨਾਨੂ ਪੰਡਤ ਕੇ ਪਰਥਾਇ ਸਲੋਕ ਬੋਲੇ॥[5]

ਪਲੇ[6] ਮਾਸੋ ਨਿੰਮਿਆ ਮਾਸੇ ਅੰਦਰ ਵਾਸ॥
ਜੀਵ ਪਾਇ ਮਾਸ ਮੁਖ ਮਿਲਿਆ ਹਡ ਚੰਮ ਤਨ ਮਾਸ॥
ਮਾਸੋ ਬਾਹਰ ਕਢਿਆ ਮੰਮਾ ਮਾਸ ਗਿਰਾਸ॥
ਮੁਹ ਮਾਸੇ ਕਾ ਜੀਭ ਮਾਸੇ ਕੀ ਮਾਸੇ ਅੰਦਰਿ ਸਾਸ[7]॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥ '॥ਦੋਹਰਾ॥ਦਖਨ ਦਿਸਾ ਸਤਿਗੁਰ ਚਲੇ ਮਰਦਾਨਾ ਲੀਏ ਨਾਲ॥ਪਹੁਚੇ ਨਗਰ ਸਮੀਪ ਪ੍ਰਭ ਇਕ ਸੁੰਦਰ ਠੌਰ ਦਿਆਲ॥' ਪਾਠ ਹੈ (ਅ)
[3] ਇੱਥੇ ਸਿਰਲੇਖ '॥ਚੌਪਈ॥ਰਸਾਵਲ ਛੰਦ॥' ਹੈ (ਅ)
[4] ਸੁਭਾਇ (ਅ,ੲ,ਸ)
[5] ਇੱਥੇ ਸਿਰਲੇਖ '॥ਤਬ ਬਾਬੇ ਜੀ ਨੇ ਨਾਨੂ ਪੰਡਤ ਕੇ ਪਰਥਾਇ ਸਲੋਕ ਉਚਾਰ ਕੀਆ॥' (ਅ), '॥ਸਲੋਕ ਮਹਲਾ ੧॥' (ੲ) ਹਨ
[6] ਪਹਿਲਾ (ਅ), ਪਹਿਲੇ (ੲ), ਪਹਲ (ਸ)
[7] ਵਾਸ (ਅ,ੲ)

ਵਡਾ ਹੋਇਆ ਵਿਆਹਿਆ ਘਰ ਲੈ ਆਇਆ ਮਾਸ॥
ਮਾਸੋ ਹੀ ਮਾਸ ਊਪਜੈ ਮਾਸੋ ਸਭੋ ਸਾਕ॥
ਸਤਿਗੁਰ ਮਿਲੀਐ ਹਕਮ ਬੂਝੀਐ ਤਾ ਕੋ ਆਵੈ ਰਾਸ॥
ਆਪ ਛੁਟੇ ਨਹਿ ਛੂਟੀ[1] ਨਾਨਕ ਬਚਨ ਬਿਣਾਸ॥੧॥
ਮਾਸ ਮਾਸ ਕਰ ਮੂਰਖ ਝਗੜੈ ਗਿਆਨ ਧਿਆਨ ਨਹੀ ਜਾਣੈ॥
ਕਵਨ ਮਾਸ ਕਵਨ ਸਾਗੁ ਕਹਾਵੈ ਕਿਸ ਮੈ ਪਾਪ ਸਮਾਣੈ॥
ਗੈਡਾ ਮਾਰ ਹੋਮ ਜਗ ਕੀਏ ਦੇਵਤਿਆ ਕੀ ਬਾਣੈ॥
ਮਾਸ ਛੋਡ ਬੈਸ ਨਕਰ ਪਕੜੇ ਰਾਤੀ ਮਾਨਿਸ ਖਾਣੈ॥
ਫੜ ਕੇ ਲੋਕਾ ਨੂ ਦਿਖਲਾਵੈ ਗਿਆਨ ਧਿਆਨ ਨਹੀ ਸੂਝੈ॥
ਨਾਨਕ ਅੰਧੇ ਸੋ ਕਿਆ ਕਹੀਏ ਕਹੇ ਨ ਕਹਿਆ ਬੂਝੈ॥
ਅੰਧਾ ਸੋਇ ਜੋ ਅੰਧ ਕਮਾਵੈ ਤਿਸੁ ਰਿਦੇ ਸੋ ਲੋਚਨ ਨਾਹੀ॥
ਮਾਤ ਪਿਤਾ ਕੀ ਰਕਤ ਨਿਪੰਨੇ ਮਛੀ ਮਾਸ ਨ ਖਾਹੀ॥
ਇਸਤ੍ਰੀ ਪੁਰਖੇ ਜਾਨਸ ਮੇਲਾ ਉਥੇ ਅੰਧ ਕਮਾਹੀ॥
ਮਾਸੋ ਨਿੰਮੇ ਮਾਸੋ ਜੰਮੇ ਹਮ ਮਾਸੈ ਕੇ ਭਾਂਡੇ॥
ਗਿਆਨ ਧਿਆਨ ਕਛੁ ਸੂਝੈ ਨਾਂਹੀ ਚਤੁਰ ਕਹਾਵੈ ਪਾਡੇ॥
ਬਾਹਰ ਕਾ ਮਾਸ ਮੰਦਾ ਸੁਆਮੀ ਘਰ ਕਾ ਮਾਸ ਚੰਗੇਰਾ॥
ਜੀਅ ਜੰਤ ਸਭ ਮਾਸੋ ਹੋਏ ਜੀਅ ਲਇਆ ਵਸੇਰਾ॥
ਅਭਖ ਭਖਹਿ ਭਖ ਤਜ ਛੋਡਹਿ ਅੰਧ ਗੁਰੂ ਜਿਸ ਕੇਰਾ॥
44/ਅ /ਮਾਸੋ ਨਿਮੇ ਮਾਸੋ ਜੰਮੇ ਹਮ ਮਾਸੈ ਕੇ ਭਾਡੇ॥
ਗਿਆਨ ਧਿਆਨ ਕਛੁ ਸੂਝੇ ਨਾਹੀ ਚਤੁਰ ਕਹਾਵਹਿ ਪਾਂਡੇ॥
ਮਾਸ ਪੁਰਾਨੀ ਮਾਸ ਕਤੇਬੀ ਚਹੁ ਜੁਗ ਮਾਸ ਕਮਾਣਾ॥
ਜਜ ਕਾਜ ਵਿਆਹੁ ਸੁਹਾਵੈ ਓਥੇ ਮਾਸ ਸਮਾਣਾ॥
ਇਸਤ੍ਰੀ ਪੁਰਖ ਨਿਪਜੈ[2] ਪਾਤਸਾਹ ਸੁਲਤਾਨਾ॥
ਜੇ ਵਹੁ ਦਿਸਨ ਨਰਕੇ ਜਾਦੇ ਤਾ ਉਨਕਾ ਦਾਨੁ ਨ ਲੈਣਾ॥
ਦੇਦੇ ਨਰਕ ਲੈਦੇ ਸੁਰਗਿ ਦੇਖਹੁ ਇਹੁ ਧਿਙਾਣਾ॥
ਆਪ ਨ ਬੂਝੇ ਲੋਕ ਬੁਝਾਏ ਪਾਡੇ ਖਰਾ ਸਿਆਣਾ॥
ਪਾਂਡੇ ਤੂ ਜਾਣੇ ਨਾਹੀ ਕਿਥੋ ਮਾਸ ਉਪੰਨਾ॥
ਤੋਇਉ ਅੰਨ ਕਮਾਦ ਕਪਾਹ ਤੋਇਉ ਤ੍ਰਿਭਵਣ ਗੰਨਾ॥
ਤੋਆ ਆਖੇ ਹਉ ਬਹੁ ਬਿਧ ਹਛਾ ਤੋਇਉ ਬਹੁਤ ਬਿਕਾਰਾ॥
ਏਤੇ ਰਸ ਛੋਡ ਹੋਵਹਿ ਸੰਨਿਆਸੀ ਜਨ ਨਾਨਕ ਕਹੈ ਬਿਚਾਰਾ॥੨॥

[3]॥ਤੋਮਰ ਛੰਦ॥

ਜਬ ਕਹਾ ਪ੍ਰਭੂ ਸਲੋਕ॥ਸੁਨ ਮਗਨ ਹੂਏ ਲੋਗ॥
ਹੰਕਾਰ ਵਾਦ ਮਿਟਾਇ॥ਸਭ ਪਏ ਪੈਰੀ ਆਇ॥
ਤੁਮ ਸਾਧ ਹਰਿ ਕੇ ਲੋਗ॥ਭਇਆ ਭਾਗ ਦਰਸ ਸੰਜੋਗ॥
ਕਰ ਖਿਮਾ ਹੋਇ ਦਿਆਲ॥ਤੁਮ ਬਚਨ ਗਿਆਨ ਬਿਸਾਲ॥
ਸੁਨ ਬਚਨ ਸੰਕਾ ਗਈ॥ਮਤ ਨੀਤ ਹਿਰਦੇ ਭਈ॥
ਦੁਰਲੰਭ ਦਰਸਨ ਸਾਧ॥ਪਰਸਤ ਮਿਟੇ ਅਪਰਾਧ॥
ਅਬ ਦਇਆ ਕਰੋ ਦਿਆਲ॥ਭਇਆ ਦਰਸ ਦੇਖਿ ਨਿਹਾਲ॥
ਹੋਹੁ ਅੰਤ ਕਾਲ ਸਹਾਇ॥ਦੁਖ ਜਨਮ ਮਰਨ ਮਿਟਾਇ॥੧੨॥

---

[1] ਛੂਟੀਐ (ਅ,ਏ), ਛੂਟੀਅਹਿ (ਸ)
[2] ਇੱਥੇ 'ਇਸਤ੍ਰੀ ਪੁਰਖ ਨਿਪਜੈ ਮਾਸੋ' (ਏ), 'ਇਸਤ੍ਰੀ ਪੁਰਖ ਮਾਸਹੁ ਨਿਪਜੈ' (ਸ) ਵਾਲੀਆਂ ਪੰਕਤੀਆਂ ਹਨ
[3] ਇੱਥੇ ' ॥ਦੋਹਰਾ॥ਨਾਨੂ ਸਤਿਗੁਰ ਬਚਨ ਸੁਨ ਮਨ ਮੋ ਕੀਆ ਬਿਚਾਰ॥ਇਹ ਮਹਾ ਪੁਰਖ ਹਰਿ ਕੋ ਭਗਤ ਕਹਿਤ ਬਨੀਤ ਆਚਾਰ॥ ਪਾਠ ਹੈ (ਅ)

ਜਬ ਇਹੁ ਸਲੋਕ ਬਾਬਾ ਨਾਨਕ ਜੀ ਕੇ ਸੁਨੇ ਤਬ ਨਾਨੂ ਪੰਡਤ ਹੈਰਾਨੁ ਹੋਇ ਗਇਆ॥ਅਰ ਬਾਬੇ ਜੀ ਕੋ ਨਮਸਕਾਰ ਕੀਆ ਅਰ ਚਰਨ ਉਪਰ ਗਿੜ ਪਇਆ॥ਅਰ ਬੇਨਤੀ ਲਾਗਾ ਕਰਨੇ॥[1]

॥ਬੇਨਤੀ ਨਾਨੂ ਪੰਡਤ ਕੀ॥[2]

ਹੇ ਬਾਬਾ ਨਾਨਕ ਜੀ ਗੁਰੂ ਜੀ[3] ਮੈ ਤਾ ਕਰਮੋ ਕੇ ਬੰਧਨ ਮੋ ਪੜਾ ਹੋ॥ਤੇਰੇ ਬਚਨ ਸੁਨ ਕੇ
45/ੳ ਮੇਰੇ ਮਨ ਬਿਖੈ ਬੈਰਾਗ ਉ/ਪਜਿਆ ਹੈ॥ਤੁਮ ਕਿਰਪਾ ਕਰਕੇ ਮੁਝ ਕੋ ਪਰਮੇਸਰ ਕੇ ਜਾਨਿਣੇ ਕਾ ਗਿਆਨ ਉਪਦੇਸ[4] ਕਰੋ॥ਜੋ ਮੇਰੀ ਗਤ ਹੋਵੈ॥ਤੇਰੇ ਪਰਸਾਦਿ ਕਰਕੇ॥ਤੁਮ ਸੰਤ ਕਾ ਰੂਪ ਧਾਰ ਕੇ ਸਭ ਜਗਤ ਕੇ ਉਧਾਰ ਕਰਨੇ ਕੇ ਨਮਿਤ ਆਏ ਹੋ॥ਤਾ ਗੁਰ ਬਾਬੇ ਜੀ ਨੇ ਕਹਿਆ ਹੇ ਨਾਨੂ ਪੰਡਿਤ ਜੋ ਤੂੰ ਅਪਨਾ ਉਧਾਰ ਕੀਆ ਚਾਹਿਤਾ ਹੈ॥ਤਾ ਤੁਝ ਕੋ ਬ੍ਰਹਮਣ ਕਾ ਕਰਮ ਉਪਦੇਸ ਕਰਤਾ ਹੋ ਤੂੰ ਸ੍ਰਵਨ ਕਰ॥ਤਾ ਬਾਬੇ ਨਾਨਕ ਜੀ ਰਾਗੁ ਆਸਾ ਦੇ ਬੀਚ ਸਬਦ ਬੋਲਿਆ॥[5]

[6]ਕਾਂਇਆ ਬ੍ਰਹਮਣ ਮਨ ਹੈ ਧੋਤੀ॥ਗਿਆਨ ਜਨੇਊ ਧਿਆਨ ਕੁਸ ਪਾਤੀ॥੧॥
ਹਰਿ ਨਾਮਾ ਜਸ ਜਾਪਉ ਨਾਉ॥ਗੁਰ ਪ੍ਰਸਾਦੀ ਬ੍ਰਹਮ ਸਮਾਉ॥੧॥ਰਹਾਉ॥[7]

ਬਾਬੇ ਨਾਨਕ ਜੀ ਨੇ ਕਹਿਆ ਹੇ[8] ਪੰਡਤ ਏਹੁ ਕਾਇਆ ਹੀ ਬ੍ਰਹਮਾ ਹੈ ਅਰ ਸੁਧ ਮਨ ਧੋਤੀ ਹੈ॥ਗਿਆਨ ਰੂਪ ਜਨੇਊ ਧਾਰੇ॥ਧਿਆਨ ਰੂਪੀ ਕੁਸ ਪਾਤੀ ਪੂਜਾ ਕੀ ਸਮਗ੍ਰੀ ਪੂਜਾ ਕੀ ਠਉਰ॥ਹਰਿ ਨਾਮ ਕਾ ਜਸ ਬਿਸਥੀਰਨ ਕਰੇ॥ਗੁਰ ਕੇ ਪ੍ਰਸਾਦਿ ਕਰ ਐਸਾ ਬ੍ਰਹਮਣ ਬ੍ਰਹਮ ਮੈ ਸਮਾਏ ਹੈ॥ਹੇ ਪੰਡਤ ਐਸਾ ਬ੍ਰਹਮ ਬੀਚਾਰ ਕਰ॥ਨਾਮ ਕੀ ਸੋਚ ਕਰ ਅਰ ਨਾਮ ਹੀ ਪੜੁ॥ਨਾਮ ਹੀ ਕਾ ਚਜੁ ਅਚਾਰ[9]॥

॥ਤਾ ਬਾਬੇ ਫੇਰ ਦੂਜੀ ਪਉੜੀ ਕਹੀ॥[10]

ਬਾਹਰ ਜਨੇਊ ਜਿਚਰ ਜੋਤ ਹੈ ਨਾਲ॥
ਵਿਣ ਨਾਵੈ ਹੋਰ ਕਰਮ ਨ ਭਾਲ॥ਏਥੇ ਓਥੇ ਨਿਬਹੀ ਨਾਲ॥

॥ਤਿਸ ਕਾ ਪ੍ਰਮਾਰਥ॥[11]

ਹੇ ਨਾਨੂ[12] ਪੰਡਤ ਇਹੁ ਜਨੇਊ ਤਿਚਰ ਹੈ॥ਜਿਚਰ ਸਰੀਰ ਮੈ ਜੋਤ ਹੈ॥ਜਬ ਜੋਤ ਨਿਕਸ ਜਾਤੀ ਹੈ ਤਬ ਇਹੁ ਜਨੇਊ ਈਹਾ ਈ ਰਹਿ ਜਾਇਗਾ॥ਧੋਤੀ ਅਰੁ ਟਿਕਾ ਪਰਮੇਸਰ ਕੇ ਨਾਮ ਕਾ ਕਰ॥ਇਸ ਲੋਕ ਪਰਲੋਕ ਤੇਰੇ ਸਾਥ ਜਾਵੈਗਾ॥ਬਿਨਾ ਪਰਮੇਸਰ ਕੇ ਨਾਮ ਹੋਰ ਪੜਨਾ ਬੰਧਨ
45/ਅ ਹੈ॥ਅਰ ਕਰ/ਮਾ ਕਾ ਤਿਆਗ ਕਰ॥

॥ਤਾ ਫੇਰ ਬਾਬੇ ਜੀ ਨੇ ਤੀਜੀ ਪਉੜੀ ਕਹੀ॥੩॥[13]

ਪੂਜਾ ਪ੍ਰੇਮ ਮਾਇਆ ਪਰ ਜਾਲ॥ਏਕੋ ਵੇਖੋ ਅਵਰ ਨ ਭਾਲ॥
ਚੀਨੇ ਤਤੁ ਗਗਨ[14] ਦਸ ਦੁਆਰ॥ਹਰ ਮੁਖ ਪਾਠ ਪੜੇ ਬੀਚਾਰ॥੩॥

॥ਤਿਸ ਕਾ ਪ੍ਰਮਾਰਥ॥[15]

ਬਾਬੇ ਜੀ ਨੇ ਕਹਿਆ[16] ਹੇ ਨਾਨੂ ਪੰਡਤ ਏਹੀ ਪੂਜਾ ਕਰ॥ਪ੍ਰਮੇਸ੍ਰ ਬਿਖੇ ਧਿਆਨ ਲਗਾਵਨਾ॥ਮੋਹ ਮਾਇਆ ਕੋ ਜਲਾਇ ਕਰ ਦੂਸਰਾ ਦੂਰ ਕਰੁ॥ਤਬ ਏਕ ਹੀ ਬ੍ਰਹਮ ਦੇਖ॥ਅਵਰ

---

[1] ਇੱਥੇ ਇਸ ਪਹਿਰੇ ਦੀ ਜਗ੍ਹਾ ਤੇ ਇਹ ਪੰਕਤੀਆਂ ਹਨ: 'ਗੁਰੂ ਬਾਬੇ ਸਲੋਕ ਸੁਣ ਕੇ ਨਾਨੂ ਪੰਡਤ ਹੈਰਾਨੁ ਹੋਇ ਕਰ ਚਰਨੋ ਪਰ ਗਿੜ ਪੜਾ ਬੇਨਤੀ ਕਰੀ॥' ਪੰਕਤੀ ਹੈ (ੲ)
[2] ਇੱਥੇ ਸਿਰਲੇਖ '॥ਬੇਨਤੀ ਨਾਨੂੰ ਪੰਡਤ ਕੀ॥' ਨਹੀਂ ਹੈ (ੲ)
[3] ਇੱਥੇ ਸ਼ਬਦ 'ਗੁਰੂ ਜੀ' ਨਹੀਂ ਹੈ (ੲ)
[4] ਇੱਥੇ ਸ਼ਬਦ 'ਉਪਦੇਸ' ਨਹੀਂ ਹੈ (ੲ)
[5] ਇੱਥੇ 'ਤਾ ਗੁਰ ਬਾਬੇ..ਸਬਦ ਬੋਲਿਆ॥' ਦੀ ਜਗ੍ਹਾ ਤੇ 'ਤਾਂ ਬਾਬੇ ਜੀ ਕਿਰਪਾ ਕਰਕੇ ਉਪਦੇਸ ਕੀਆ' ਵਾਲੀ ਪੰਕਤੀ ਹੈ (ੲ)
[6] ਇੱਥੇ ਸਿਰਲੇਖ 'ਆਸਾ ਮਹਲਾ ੧॥' ਹੈ (ੲ)
[7] ਇੱਥੇ '॥ਰਹਾਉ॥' ਤੋਂ ਬਾਅਦ 'ਸੁਨ ਪਾਡੇ ਐਸਾ ਬ੍ਰਹਮ ਬੀਚਾਰ॥ਨਾਮੋ ਸੁਚਿ ਨਾਮੋ ਪੜੇ ਨਸਮੋ ਚਜ ਆਚਾਰ॥ ॥ਤਿਸ ਕਾ ਪਰਮਾਰਥ॥' ਵਾਲੀ ਪੰਕਤੀ ਹੈ (ਅ)
[8] ਇੱਥੇ 'ਬਾਬੇ ਨਾਨਕ ਜੀ ਨੇ ਕਹਿਆ ਹੇ॥' ਵਾਲੀ ਪੰਕਤੀ ਨਹੀਂ ਹੈ (ੲ)
[9] ਅਚਾਰ ਕਰ (ੲ)
[10] ਇੱਥੇ ਸਿਰਲੇਖ '॥ਤਾ ਬਾਬੇ ਫੇਰ ਦੂਜੀ ਪਉੜੀ ਕਹੀ॥' ਨਹੀਂ ਹੈ (ੲ)
[11] ਇੱਥੇ ਸਿਰਲੇਖ '॥ਅਰਥ॥' ਹੈ (ੲ)
[12] 'ਨਾਨੂ' ਨਹੀਂ ਹੈ ਉਹੀ
[13] ਇੱਥੇ ਸਿਰਲੇਖ '॥ਤਾ ਬਾਬੇ ਫੇਰ ਬਾਬੇ ਜੀ ਨੇ ਤੀਜੀ ਪਉੜੀ ਕਹੀ॥' ਨਹੀਂ ਹੈ (ੲ)
[14] ਅਗਨ (ਅ,ੲ)
[15] ਇੱਥੇ ਸਿਰਲੇਖ '॥ਅਰਥ॥' ਹੈ (ੲ)
[16] ਇੱਥੇ ਸਿਰਲੇਖ '॥ਬਾਬੇ ਜੀ ਨੇ ਕਹਿਆ॥' ਵਾਲੀ ਪੰਕਤੀ ਨਹੀਂ ਹੈ (ੲ)

ਕਛੁ ਮਤ ਦੇਖੁ॥ਤਬ ਤੂੰ ਤ[1] ਪਦ ਕੋ ਚੀਨੇਗਾ॥ਅਰੁ ਗਗਨ ਪੁਰ ਜੋ ਹੈ ਦਸਵਾ ਦੁਆਰ ਤਹਾ ਜਾਇ ਪ੍ਰਾਪਤ ਹੋਵਹਿਗਾ॥ਤਬ ਅਪਨੇ ਆਪ ਹੀ ਸਿਉ ਹਰਿ ਨਾਮ ਕਾ ਉਚਾਰ ਹੋਵੈਗਾ॥

॥ਤਬ ਫੇਰ ਬਾਬੇ ਜੀ ਨੇ ਚੌਥੀ ਪਉੜੀ ਕਹੀ॥੪॥[2]

ਭੋਜਨ ਭਾਉ ਭਰਮ ਭਉ ਭਾਗੇ॥ਪਾਹਰੂਆ ਰਛ ਚੋਰ ਨਹੀ ਲਾਗੇ॥
ਤਿਲਕੁ ਲਿਲਾਟ ਜਾਣੇ ਪ੍ਰਭ ਏਕ॥ਬੂਝੈ ਬ੍ਰਹਮ ਅੰਤਰ ਬਿਬੇਕ॥੪॥

॥ਤਿਸ ਕਾ ਅਰਥ॥[3]

ਹੇ ਪੰਡਤ ਭਾਉ ਰੂਪੀ ਭੋਜਨ ਕਰ॥ਤਬ ਤੇਰਾ ਭਰਮ ਦੂਰ ਹੋਵਹਿਗਾ॥ਗਿਆਨ ਰੂਪੀ ਪਾਹਰੂਆ ਤੇਰੀ ਰਖਿਆ ਕਰੇਗਾ॥ਅਗਿਆਨਿ ਰੂਪੀ ਚੋਰ ਕੋ ਲਗਨੇ ਨ ਦੇਵੇਗਾ ਨਾਹੀ॥ਏਕ ਪਰਮੇਸਰ ਕੋ ਜਾਨਣਾ ਏਹੀ ਤਿਲਕ ਮਸਤਕ ਬਿਖੇ ਧਾਰਾ॥ਤਬ ਤੂੰ ਬ੍ਰਹਮ ਕੋ ਪਾਵੈਗਾ॥ਤਬ ਗਿਆਨ ਰੂਪੀ ਦੀਪਕ ਅੰਤਰ ਪਰਕਾਸੇਗਾ॥

॥ਤਾ ਫੇਰ ਬਾਬੇ ਜੀ ਪੰਜਵੀ ਪਉੜੀ ਕਹੀ॥੫॥[4]

ਆਚਾਰੀ ਨਹੀ ਜੀਤਿਆ ਜਾਇ॥ਪਾਠ ਪੜੇ ਨਹੀ ਕੀਮਤ ਪਾਇ॥
ਅਸਟ ਦਸੀ ਚਹੁ ਭੇਦ ਨ ਪਾਇਆ॥ਨਾਨਕ ਸਤਿਗੁਰ ਬ੍ਰਹਮੁ ਦਿਖਾਇਆ॥੫॥

॥ਤਿਸ ਕਾ ਪ੍ਰਮਾਰਥੁ॥[5]

46/ੳ ਪਾਰਬ੍ਰਹਮ ਕੋਈ ਕਰਮੋ ਕੇ ਅਚਾਰੋ ਮੋ/ਨਹੀ ਪਾਇਆ ਜਾਤਾ॥ਅਰ ਪਾਠ ਪੜੇ ਭੀ ਕੀਮਤ ਨਹੀ ਪਾਇ ਸਕੀਤਾ॥ਅਰ ਅਠਾਰਹ ਪੁਰਾਨ ਅਰੁ ਚਾਰ ਬੇਦ ਭੀ ਪੜੇ ਤਾ ਭੀ ਅੰਤ ਨਹੀ ਪਾਇਆ॥ਜੇ ਸਤਿਗੁਰ ਪੂਰਾ ਮਿਲੇ ਤਾ ਪਾਰਬ੍ਰਹਮ ਕੋ ਦਿਖਾਵੈ॥ਬਿਨਾ ਸਤਿਗੁਰ ਪਾਰਬ੍ਰਹਮ ਨਹੀ ਮਿਲਤਾ॥ਏਹੁ ਬਚਨ ਗੁਰੂ ਬਾਬੇ ਜੀ ਕੇ ਨਾਨੂ ਪੰਡਤ ਸੁਨ ਕਰ ਗਦ ਗਦ ਹੋਇ ਗਇਆ॥ਅਰ ਪਰਦਖਣਾ ਦੇ ਕਰ ਚਰਨਾ ਪਰ ਗਿੜ ਪੜਾ॥ਤਬ ਗੁਰੂ ਬਾਬਾ ਜੀ ਦਿਆਲ ਭਏ॥ਨਾਨੂ ਕੋ ਪਰਮਗਤ ਪ੍ਰਾਪਤ ਭਈ॥ਜਨਮ ਮਰਨ ਕੇ ਬੰਧਨ ਤੇ ਛੁਟ ਪੜਾ ਸਹਜ ਪਦ ਮੋ ਲੀਨ ਭਇਆ॥ਸਦਕਾ ਗੁਰੂ ਬਾਬੇ ਜੀ ਕਾ॥ਤਬ ਬਾਬਾ ਜੀ ਨਾਨੂ ਪੰਡਤ ਸੋ ਬਿਦਾ ਭਏ॥

॥ਸਾਖੀ ਪੂਰਨ ਭਈ॥੨੭॥[6]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥[7]

---

[1] ਤਤ (ਅ,ੲ,ਸ)
[2] ਇੱਥੇ ਸਿਰਲੇਖ '॥ਤਾ ਫੇਰ ਬਾਬੇ ਜੀ ਨੇ ਚੌਥੀ ਪਉੜੀ ਕਹੀ॥' ਨਹੀਂ ਹੈ (ੲ)
[3] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[4] ਇੱਥੇ ਸਿਰਲੇਖ '॥ਤਾ ਫੇਰ ਬਾਬੇ ਜੀ ਪੰਜਵੀ ਪਉੜੀ ਕਹੀ॥' ਨਹੀਂ ਹੈ (ੲ)
[5] ਇੱਥੇ ਸਿਰਲੇਖ '॥ਅਰਥ॥' ਹੈ (ੲ)
[6] ਇੱਥੇ 'ਤਬ ਬਾਬਾ ਜੀ ਨਾਨੂ ਪੰਡਤ ਸੋ ਬਿਦਾ ਭਏ॥ ॥ਸਾਖੀ ਪੂਰਨ ਭਈ॥੨੭॥' ਵਾਲਾ ਪਾਠ ਨਹੀਂ ਹੈ (ੲ)
[7] ਇੱਥੇ '॥ਸਾਖੀ ਪੂਰਨ ਭਈ॥੨੭॥ਸ੍ਰੀ ਵਾਹਿਗੁਰੂ ਮੁਖ.......ਉਧਾਰ॥, ਵਾਲਾ ਪਾਠ ਨਹੀਂ ਹੈ (ਅ)

੧ੴ ਸਤਿਗੁਰ ਪ੍ਰਸਾਦਿ[1]
[ਸਾਖੀ ਪੂਰਨ ਗਿਰ ਨਾਲ ਮਿਲਾਪ]

॥ਦੋਹਰਾ॥

ਸ੍ਰੀ ਸਤਿਗੁਰ ਪਰਮ ਦਿਆਲ ਪੂਰਨ ਗਿਰ ਕੋ ਕਿਰਪਾ ਕਰਿ॥
ਭਗਤ ਕਰੀ ਪ੍ਰਭ ਦਾਨ ਪੂਰਨ ਗਿਰ ਪੂਰਨ ਭਏ॥੧॥

॥ਚੋਪਈ॥

ਸ੍ਰੀ ਬਾਬਾ ਜੀ ਆਗੇ ਚਲੇ॥ਮਗ ਪੂਰਨ ਗਿਰ ਸੰਨਿਆਸੀ ਮਿਲੇ॥
ਕਰ ਪ੍ਰੀਤ ਪ੍ਰਨਾਮ ਆਸਨ ਲੈ ਗਇਆ॥ਅਤ ਸਾਦਰ ਕਰ ਆਸਨ ਦੀਆ॥੨॥
ਭੋਜਨ ਤਿਆਰ ਕਰ ਪ੍ਰੇਮ ਸੋ ਲਿਆਇਆ॥ਪੁਨ[2] ਕ੍ਰਿਪਾ ਨਿਧਾਨ ਪ੍ਰੀਤ ਸੋ ਪਾਇਆ॥
ਤਿਨ ਕਰ ਸਮਾਜ ਮੁਖ ਬਚਨ ਬਖਾਨਾ॥ਤੁਮ ਜਗ ਮੋ ਬਡ ਭਗਤ ਪ੍ਰਮਾਨਾ॥੩॥
ਗਿਆਨ ਧਿਆਨ ਤਤ ਫੁਰਹੈ[3] ਤੁਮਾਰਾ॥ਇਕ ਸੰਸਾ ਕੀਨੋ ਮਨ ਹਮਾਰਾ॥
46/ਅ ਤੁਮ ਸਤਗੁਰ ਭੇਖ ਆਸ੍ਰਮ ਨਹੀ ਧਾਰਾ॥/ਸਭ ਸਾਧਨ ਜਗ ਕੀ ਬਿਵਹਾਰਾ॥੪॥

॥ਦੋਹਰਾ॥

ਬਾਬੇ ਜੀ ਤਾ ਸਿਉ ਕਹਿਓ ਸਤਗੁਰ ਕਾ ਕੋ ਆਇ॥
ਲੇ ਸਰੂਪ ਤਾ ਕੋ ਧਰੋ ਜੋ ਮੇਰੇ ਮਨ ਭਾਇ॥੫॥

॥ਚੌਪਈ॥

ਪੂਰਨ ਗਿਰ ਫਿਰ ਕੀਓ ਬਿਖਾਨਾ॥ਦਤ ਗੁਰੂ ਚਹੁ ਜੁਗੁ ਪ੍ਰਮਾਨਾ॥
ਧਰ ਰਾਜਾ ਪਰਜਾ ਤਾ ਕੀ ਜੁਗਤ॥[4]
ਪੰਥ ਸੰਨਿਆਸ ਤਾ ਕੇ ਗਤ ਸੁੰਦਰ॥ਸਦਾ ਧਰੇ ਧਿਆਨ ਹਰਿ ਕੋ ਮਨ ਮੰਦਰ॥
ਅਤ ਪਵਿਤ੍ਰ ਭੇਖ ਤੁਮ ਧਾਰੋ॥ਕਰ ਭਗਤ ਉਪਦੇਸ ਜਗਤ ਕੋ ਨਿਸਤਾਰੋ॥੭॥

॥ਦੋਹਰਾ॥

॥ਗੁਰੂ ਨਾਨਕ ਜੀ ਵਾਚ॥[5]

ਬਾਬੇ ਜੀ ਤਾ ਸਿਉ ਕਹਿਓ ਜਗ ਕੋ ਸੰਨਿਆਸੀ ਆਇ॥
ਆਪ ਪੰਥ ਜਾਨੇ ਨਹੀ ਅਵਰਨ ਪੰਥ ਦਸਾਇ॥੮॥

॥ਚੌਪਈ॥

ਜਟਾ ਬਾਂਧ ਕਰ ਨਖਨ ਬਧਾਇਆ॥ਧਾਰ ਬਿਭੂਤ ਜਗ ਜਾਚਨ ਜਾਇਆ॥
ਤੀਰਥ ਫਿਰੈ ਮਾਇਆ ਬਿਉਹਾਰ॥ਮਨ ਮਲੀਨ ਸੰਨਿਆਸ ਅਚਾਰ॥੯॥
ਭਲੀ ਬੁਰੀ ਅਪਨੀ ਹੀ ਬੂਝੈ॥ਬਿਨ ਗੁਰ ਅਮਰ ਪੰਥ ਕਿਮ ਸੂਝੈ॥
ਨਗਨ ਹੋਇ ਤਨ ਅਗਨ ਜਲਾਵੈ॥ਖਾਇ ਰਕਤ ਭੀਖ ਜਗ ਮੁਕਤ ਕਹਾਵੈ॥੧੧॥

॥ਸੋਰਠਾ॥

ਪੂਰਨ ਗਿਰ ਇਹ ਬਚਨ ਸੁਨ ਮਨ ਮੈ ਬਹੁਤ ਸੁਕਚਾਇ॥
ਹੇ ਨਾਨਕ ਜੀ ਅਬ ਕਿਰਪਾ ਕਰਿ ਕਹੋ ਸੰਨਿਆਸ ਬਖਾਨ॥੧੨॥

॥ਤਿਸ ਕੇ ਪਰਥਾਇ ਬਾਬੇ ਜੀ ਨੇ॥ਰਾਗ ਮਾਰੂ ਮ: ੧॥ਅਸਟਪਦੀ ਕਹੀ॥[6]

ਮਨੁ ਮੁਖ ਲਹਿਰ ਘਰ ਤਜਿ ਵਿਗੁਤੇ ਅਵਰਾ ਕੇ ਘਰ ਹੇਰੈ॥
ਗ੍ਰਿਹ ਧਰਮ ਗਵਾਏ ਸਤਗੁਰ ਨਹੀ ਭੇਟੈ ਦੁਰਮਤ ਘੂਮੰਨ ਘੇਰੇ॥
ਦਿਸੰਤਰ ਭਵਹਿ ਪਾਠ ਪੜ ਥਾਕਾ ਤ੍ਰਿਸਨਾ ਹੋਇ ਵਧੇਰੇ॥
ਕਾਚੀ ਪਿੰਡੀ ਸਬਦ ਨ ਚੀਨੈ ਉਦਰ ਭਰੇ ਜੈਸੇ ਢੋਰੇ॥੧॥
47/ੳ ਬਾਬਾ ਐਸੀ ਰਵਤ ਰਹੈ ਸੰਨਿਆ/ਸੀ॥

---

[1] ਇੱਥੇ ਸਿਰਲੇਖ '੧ੴ ਸਤਿਗੁਰ ਪ੍ਰਸਾਦਿ' ਨਹੀਂ ਹੈ (ਅ)
[2] ਪ੍ਰਭ (ੲ)
[3] ਫੁਰ (ਸ)
[4] ਧਰ ਰਾਜਾ ਪਰਜਾ ਤਾ ਕੀ ਜੁਗਤ॥ਦਤ ਪ੍ਰਸਾਦਿ ਭਏ ਸਭ ਮੁਕਿਤ॥ (ੲ)
[5] ਇੱਥੇ ਸਿਰਲੇਖ ਨਹੀਂ ਹੈ (ੲ,ਸ)
[6] ਇੱਥੇ ਸਿਰਲੇਖ '॥ਉਤ੍ਰ ਮਾਰੂ ਮਹਲਾ ੧॥' ਹੈ (ੲ)

ਗੁਰ ਕੇ ਸਬਦ ਏਕ ਲਿਵ ਲਾਗੀ ਤੇਰੇ ਨਾਮ ਰਤੇ ਸੰਨਿਆਸੀ॥੧॥ਰਹਾਉ॥
ਘੋਲੀ ਗੇਰੂ ਰੰਗ ਚੜਾਇਆ ਵਸਤ੍ਰ ਭੇਖ ਭੇਖਾਰੀ॥
ਕਾਪਰ ਫਾਰ ਬਨਾਈ ਖਿਨਥਾ ਝੋਲੀ ਮਾਇਆ ਧਾਰੀ॥
ਘਰ ਘਰ ਮਾਗੈ ਜਗ ਪਰਬੋਧੈ ਮਨ ਅੰਧੇ ਮਤ ਹਾਰੀ॥
ਭਰਮ ਭੁਲਾਨਾ ਸਬਦ ਨ ਚੀਨੈ ਜੂਐ ਬਾਜੀ ਹਾਰੀ॥੨॥
ਅੰਤਰ ਰ[1] ਅਗਨ ਨ ਗੁਰ ਬਿਨ ਬੂਝੈ ਬਾਹਰ ਪੂਅਰ ਤਾਪੈ॥
ਗੁਰ ਸੇਵਾ ਬਿਨ ਭਗਤ ਨ ਹੋਈ ਕਿਉ ਕਰਿ ਚੀਨਸ ਆਪੈ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤ ਨ ਆਤਮ ਜਾਪੈ॥
ਅਠਿਸਠਿ ਤੀਰਥ ਭਰਮ ਵਿਗੁਤੇ ਕਿਉ ਮਲ ਧੋਵੈ ਪਾਪੈ॥੩॥
ਛਾਣੀ ਖਾਕੁ ਵਿਭੂਤ ਚੜਾਈ ਮਾਇਆ ਕਾ ਮਗ ਜੋਹੈ॥
ਅੰਤਰਿ ਬਾਹਰਿ ਏਕੋ ਜਾਣੈ ਸਾਚੁ ਕਹੈ ਤੇ ਛੋਹੈ॥
ਪਾਠ ਪੜੈ ਮੁਖ ਝੂਠੋ ਬੋਲੈ ਨਿਗਰ੍ਰੇ ਕੀ ਮਤ ਓਹੈ॥
ਨਾਮ ਨ ਜਪਈ ਕਿਉ ਸੁਖ ਪਾਵੈ ਬਿਨ ਨਾਵੈ ਕਿਉ ਸੋਹੈ॥੪॥
ਮੂਡ ਮੁਡਾਇ ਜਟਾ ਸਿਰ ਧਾਰੀ ਮੋਨ ਰਹੇ ਅਭਮਾਨਾ॥
ਮਨੂਆ ਡੋਲੈ ਦਹ ਦਿਸ ਧਾਵੈ ਬਿਸਰਿ[2] ਆਤਮ ਗਿਆਨਾ॥
ਅੰਮ੍ਰਿਤ ਛੋਡਿ ਮਹਾ ਬਿਖ ਪੀਵੈ ਮਾਇਆ ਕਾ ਦੇਵਾਨਾ॥
ਕਿਰਤ ਨ ਮਿਟਈ ਹੁਕਮ ਨ ਬੂਝੈ ਪਸੂਆ ਮਾਹਿ ਸਮਾਨਾ॥੫॥
ਹਾਥ ਕਮੰਡਲ ਕਾਪੜੀਆ ਮਨ ਤ੍ਰਿਸਨਾ ਉਪਜੀ ਭਾਰੀ॥
ਇਸਤ੍ਰੀ ਤਜ ਕੇ ਕਾਮ ਵਿਆਪਿਆ ਚਿਤ ਲਾਇਆ ਪਰਨਾਰੀ॥
ਸਿਖ ਕਰੇ ਕਰ ਸਬਦ ਨ ਚੀਨੈ ਲੰਪਟ ਹੈ ਬਾਜਾਰੀ॥
ਅੰਤਰ ਬਿਖ ਬਾਹਰਿ ਨਿਭਰਾਤੀ ਤਾ ਜਮ ਕਰੇ ਖੁਆਰੀ॥੬॥
ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚੋ ਆਪ ਗਵਾਏ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਤਿਸੁ ਪਾਏ॥[3]
ਬਕੇ ਨ ਬੋਲੈ ਖਿਮਾ ਧਨ ਸੰਗ੍ਰਹੈ ਤਾਮਸ ਨਾਮ ਜਲਾਏ॥
47/ਅ ਧਨ ਗ੍ਰਿਹੀ ਜੋਗੀ ਸੰਨਿਆਸੀ/ਜਿਨ ਹਰਿ ਚਰਨੀ ਚਿਤ ਲਾਏ॥੭॥
ਆਸ ਨਿਰਾਸ ਰਹੈ ਸੰਨਿਆਸੀ ਏਕਸ ਸਿਉ ਲਿਵ ਲਾਏ॥
ਹਰਿ ਰਸ ਪੀਵੈ ਤਾਂ ਸਾਂਤਿ ਆਵੈ ਨਿਜ ਘਰ ਤਾੜੀ ਲਾਏ॥
ਮਨੂਆ ਡੋਲੈ ਗੁਰਮੁਖ ਬੂਝੈ ਧਾਵਤ ਵਰਜ ਰਹਾਏ॥
ਗ੍ਰਿਹ ਸਰੀਰ ਗੁਰਮਤੀ ਖੋਜੈ ਨਾਮ ਪਦਾਰਥ ਪਾਏ॥੮॥
ਬ੍ਰਹਮਾ ਬਿਸਨਿ ਮਹੇਸ ਸਰੇਸਟ ਨਾਮ ਰਤੇ ਬੀਚਾਰੀ॥
ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤ ਤੁਮਾਰੀ॥
ਸਭ ਸੁਖ ਮੁਕਤ ਨਾਮ ਧੁਨ ਬਾਣੀ ਸਚਿ ਨਾਮ ਉਰਧਾਰੀ॥
ਨਾਮ ਬਿਨਾ ਨਹੀ ਛੂਟਸ ਨਾਨਕ ਸਾਚੀ ਤਰੁ ਤੂੰ ਤਾਰੀ॥੯॥

ਜਬ ਇਹ ਬਚਨ ਗੁਰੂ ਬਾਬੇ ਜੀ ਕੇ ਪੂਰਨ ਗਿਰ ਨੇ ਸੁਨੇ ਤਬ ਗਦਗਦ ਹੋਇ ਗਇਆ॥ਅਰ ਬਾਬੇ ਜੀ ਕੋ ਨਮਸਕਾਰ ਕੀਆ॥ਅਰ ਬੇਨਤੀ ਲਾਗਾ ਕਰਨੇ[4] ਹੇ ਸਤਿਗੁਰ ਜੀ ਮੇਰੇ ਪ੍ਰ ਕ੍ਰਿਪਾ ਕਰੋ॥ਮੁਝਕੋ ਪਰਮੇਸਰ ਕੀ ਭਗਤ ਪ੍ਰਾਪਤ ਹੋਇ॥ਅਰ ਦੂਜਾ ਭਾਊ ਮਿਟ ਜਾਇ॥ਏਕ ਦ੍ਰਿਸਟਿ ਬ੍ਰਹਮ ਨਜਰੀ ਆਵੈ॥ਤਾ ਬਾਬੇ ਜੀ ਨੇ ਪੂਰਨ ਗਿਰ ਕੀ ਬੇਨਤੀ ਸੁਨ ਕੇ ਦਇਆਲ ਹੋਏ॥ਜੋ ਕੁਛੁ ਪੂਰਨ ਗਿਰ ਨੇ ਪਰਮੇਸਰ ਕੀ ਭਗਤਾ ਕੀ ਜਾਚਨਾ ਕੀਆ ਥਾ॥ਗੁਰੂ ਬਾਬੇ ਜੀ ਨੇ ਦਿਆਲ ਹੋਇ ਕੇ ਭਗਤ ਦੀਨੀ॥ਪੂਰਨ ਗਿਰ ਕੋ ਪ੍ਰਮੇਸਰ ਕੀ ਕ੍ਰਿਪਾ ਭਈ॥ਏਕ ਦਿਸਟ ਲਾਗਾ ਦੇਖਣੇ॥ਦੂਜਾ ਭਾਉ ਮਿਟ ਗਇਆ॥ਸਹਜ ਪਦ ਮੋ ਲੀਨ ਭਇਆ॥ਤਾ ਗੁਰੂ ਬਾਬਾ ਪੂਰਨ ਗਿਰ ਸੋ ਵਿਦਿਆ ਭਏ॥

॥ਸਾਖੀ ਪੂਰਨ ਹੋਈ॥੨੮॥[5]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

---

[1] ਇੱਥੇ ਸ਼ਬਦ 'ਰ' ਨਹੀਂ ਹੈ (ਅ,ੲ,ਸ)
[2] ਬਿਸਰਿਆ (ਅ,ੲ), ਬਿਸਰਿਤ (ਸ)
[3] ਇੱਥੇ 'ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਤਿਸੁ ਪਾਏ॥' ਵਾਲੀ ਪੰਕਤੀ ਨਹੀਂ ਹੈ (ਅ)
[4] ਇੱਥੇ 'ਅਰ ਬੇਨਤੀ ਲਾਗਾ ਕਰਨੇ' ਵਾਲੀ ਪੰਕਤੀ ਨਹੀਂ ਹੈ (ੲ)
[5] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਕਲਜੁਗ ਦਾ ਬਾਬਾ ਨਾਨਕ ਮਿਲਾਪ][1]

॥ਸੋਰਠਾ॥ [2]

48/ੳ /ਜੰਗਲ ਮੋ ਗੁਰ ਦਿਆਲ ਸਹਜ ਸੁਭਾਇ ਰਮਤੇ ਭਏ॥
ਆਂਧੀ ਪ੍ਰਬਲ ਬਿਆਰ ਸਨਮੁਖ ਹੀ ਆਵਤ ਭਈ॥੧॥

॥ਚੌਪਈ॥

ਅੰਧਕਾਰ ਤਾ ਛਿਨ ਮੋ ਭਯੋ॥ਪ੍ਰਬਤ ਰੂਪ ਨਦਰੀ ਮੋ ਆਯੋ॥
ਬਚਨ ਮਰਦਾਨੇ ਕਹਿਓ ਸੁਨਾਇ॥ਗੁਰ ਪੂਰੇ ਇਹ ਕਵਨ ਬਲਾਇ॥੨॥
ਤਾ ਬਾਬੇ ਤਿਸੁ ਕਹਾ ਬੁਝਾਇ॥ਮਤ ਖਤਰਾ ਕਰੋ ਚਰਨੀ ਪੜੇ ਆਇ॥
ਚਿਤ ਕਰੋ ਨਾਮ ਪਰਮੇਸਰ ਕਾ ਅਬ॥ਤਿਹ ਛਿਨ ਗਈ ਬਲਾਇ ਆਂਧੀ ਸਬ॥੩॥
ਛੋਟਾ ਰੂਪ ਹੋਇ ਨਿਕਟਾਨਾ॥ਬਡੇ ਦਾਤ ਕਾਢੇ ਭੈ ਮਾਨਾ॥
ਆਇ ਨਿਕਟ ਚਰਨਨਿ ਨਿਕਟਾਈ॥ਰੂਪ ਭਿਆਨਕ ਆਪ ਬਨਾਈ॥੪॥
ਤਬ ਬਾਬੇ ਜੀ ਇਕ ਡੰਡ ਸੰਭਾਰਾ॥ਐਂਚ ਤਾਹ ਕੇ ਮੁਖ ਮੋ ਮਾਰਾ॥
ਤਬ ਵਹ ਭਾਗ ਗਈ ਬਡ ਦੂਰ॥ਮਾਨੁਖ ਰੂਪ ਭਈ ਅਤ ਭੂਰ॥੫॥

॥ਦੋਹਰਾ॥

ਆਗੇ ਆਇ ਠਾਢਾ ਭਇਆ ਤਬ ਦਿਆਲ ਤਿਸ ਪੁਛ॥
ਕਹੋ ਕਵਨ ਤੁਮ ਕੋ ਅਹੋ ਕਹੋ[3] ਅਬ ਕੁਛ॥੬॥

॥ਚੌਪਈ॥

ਤਬ ਬੋਲਾ ਮੈ ਕਲਜੁਗ ਆਹਿ॥ਮੈਨੂ ਤੁਸੀ ਜਾਨਤੇ ਨਾਹਿ॥
ਬਾਬੇ ਕਹਾ ਕਹਾ ਤੂੰ ਰਹਤਾ॥ਅਰੁ ਤੇਰਾ ਬਰਤਾਰਾ ਕਹਤਾ॥੭॥
ਅਰ ਕਵਨ ਲਛਨ ਤੇਰਾ ਸੋ ਕਹੋ॥ਬੋਲਾ ਕਲਜੁਗ ਸੁਨੋ ਤਪਾਹੋ॥
ਰਾਮਕਲੀ ਮੋ ਅਸਟਪਦੀ ਸੋ ਲਿਖੀ॥ਗਾਇ ਰਾਮਕਲੀ ਸਬਦ ਸੋ ਦਿਖੀ॥੮॥

॥ਰਾਮਕਲੀ ਮ:੧॥ [4]

ਸੋਈ ਚੰਦ ਚੜਹਿ ਸੇ ਤਾਰੇ ਸੋਈ ਦਿਨਅਰ ਤਪਤ ਰਹੈ॥
ਸਾ ਧਰਤੀ ਸੋ ਪਵਨ ਝੁਲਾਰੇ ਜੁਗੁ ਜੀਅ ਖੇਲੈ ਥਾਵ ਕੈਸੇ॥੧॥
ਜੀਵਨ ਤਲਬ ਨਿਵਾਰਿ॥ਹੋਵੈ ਪਰਵਾਣ ਕਰੇ ਧਿਙਾਣਾ ਕਲਿ ਲਖਣ ਵੀਚਾਰ॥੧॥ਰਹਾਉ॥

॥ਤਿਸ ਕਾ ਪ੍ਰਮਾਰਥ॥ [5]

48/ਅ ਤਾ ਕਲਿਜੁਗ ਬੋਲਿਆ ਹੇ ਨਾਨਕ ਜੀ ਵਹੀ ਚੰਦ੍ਰਮਾ ਵਹੀ ਤਾਰੇ ਹੈ ਅ/ਰ ਵਹੀ ਸੂਰਜ ਹੈ ਅਰ ਵਹੀ ਦਿਨ ਹੈ॥ਅਰ ਵਹੀ ਧਰਤੀ ਹੈ॥ਅਰ ਵਹੀ ਪਵਨ ਹੈ ਅਰੁ ਜੁਗੁ ਮੇਰੀ ਖੇਲੀ ਹੈ॥ਅਰ ਸਭਨਾ ਜੀਆ ਵਿਚ ਮੇਰਾ ਨਿਵਾਸ ਹੈ॥ਅਵਰ ਥਾਉ ਬਿਖੇ ਮੇਰਾ ਬਾਸਾ ਨਾਹੀ॥ਅਰ ਜੀਵਨੇ ਕੀ ਤਲਬ ਥੋੜੀ ਕਰੋ॥ਕਲਜੁਗ ਬਿਖੈ ਸਾਂਈ ਕਾ ਹੁਕਮ ਬੇਦ ਪੁਰਾਨ ਕੋਈ ਮਨੇਗਾ ਨਾਹੀ॥ਧਿਙਾਣਾ ਕਰੇਗੇ॥ਅਪਨੇ ਅਪਨੇ ਮਤ ਚਲੇਗੇ॥ਏਹੁ ਮੇਰਾ ਲਛਨ ਹੈ॥੨॥ [6]

॥ਤਾ ਫੇਰ ਕਲਿਜੁਗ ਨੇ ਦੂਜੀ ਪਉੜੀ ਕਹੀ॥

ਕਿਸੇ ਦੇਸ ਨ ਆਇਆ ਸੁਨੀਏ ਤੀਰਥ ਪਾਸ ਨ ਬੈਠਾ॥
ਦਾਤਾ ਦਾਨ ਕਰੇ ਤਾ ਨਾਹੀ ਮਹਲਿ ਉਸਾਰਨਿ ਬੈਠਾ॥

॥ਤਿਸ ਕਾ ਅਰਥ॥

ਕਲਿਜੁਗ ਬੋਲਿਆ ਹੇ ਨਾਨਕ ਜੀ ਪਰਮੇਸਰ ਅਲਭ ਹੋਇ ਜਾਇਗਾ॥ਅਰੁ ਕਿਸੈ ਦੇਸ ਬਿਖੈ ਭੀ ਨਾ ਸੁਨੀਐਗਾ॥ਜੋ ਪਰਮੇਸਰ ਆਇਆ ਹੈ ਅਰੁ ਤੀਰਥ ਪਰ ਭੀ ਬੈਠਾ ਨਾ ਸੁਨੀਐਗਾ॥ਅਰ

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ ਸਿਰਲੇਖ '॥ਸੋਰਠਾ॥' ਨਹੀਂ ਹੈ (ੲ)
[3] ਕਹੋ ਬਚਨ (ਅ)
[4] ਇੱਥੇ 'ਰਾਮਕਲੀ ਮੋ...ਰਾਮਕਲੀ ਮ:੧॥' ਦੀ ਜਗ੍ਹਾ ਤੇ 'ਰਾਗ ਰਾਮਕਲੀ ਮਹਲਾ ੧ ਅਸਟਪਦੀ॥' ਸਿਰਲੇਖ ਹੈ (ੲ)
[5] ਇੱਥੇ ਸਿਰਲੇਖ '॥ਤਿਸ ਕਾ ਪ੍ਰਮਾਰਥ॥' ਨਹੀਂ ਹੈ (ੲ)
[6] ਇੱਥ 'ਏਹੁ ਮੇਰਾ ਲਛਨ ਹੈ॥੨॥' ਵਾਲੀ ਪੰਕਤੀ ਨਹੀਂ ਹੈ (ਸ)

ਦਾਤਾ ਦਾਨ ਕਰੈਗਾ ਤਾ ਭੀ ਨਾ ਮਿਲੈਗਾ॥ਅਰ ਮਹਲ ਉਸਾਰ ਕੇ ਭੀ ਨਾਹੀ ਬੈਠਾ॥ਜੋ ਕੋਈ ਪਰਮੇਸਰ ਕੋ ਢੂਢ ਕੇ ਪਾਏ॥ਸਾਈ ਅਲਭ ਹੋਇ ਜਾਇਗਾ॥ਏਹ ਮੇਰੇ ਲਛਣ ਹੈ॥

॥ਤਾ ਫੇਰ ਕਲਜੁਗ ਨੇ ਤੀਜੀ ਪਉੜੀ ਕਹੀ॥

ਜੇ ਕੋ ਸਤ ਕਰੇ ਸੋ ਛੀਜੈ ਤਪ ਘਰ ਤਪ ਨ ਹੋਈ॥
ਜੇ ਕੋ ਨਾਮਿ ਲੇਇ ਬਦਨਾਮੀ ਕਲ ਕੇ ਲਛਨ ਏਈ॥

॥ਤਿਸ ਕਾ ਅਰਥ॥[1]

ਤਾ ਕਲਜੁਗ ਬੋਲਿਆ ਏ ਨਾਨਕ ਜੀ ਜੇ ਕੋਈ ਸਤੀ ਹੋਇ ਬੈਠੇਗਾ ਤਿਸ ਕਾ ਸਤ ਛੀਜ ਜਾਇਗਾ॥ਖਰਾਬ ਹੋਏਗਾ॥ਅਰ ਜੋ ਤਪੀਸਰਾਂ ਕੇ ਪੁਰਾਤਨ ਘਰ ਹੈਨ ਤਿਨੋ ਘਰੋ ਤੇ ਤਪ ਦੂਰ ਹੋਇ ਜਾਇਗਾ॥ਅਰੁ ਜੋਈ ਪਰਮੇਸਰ ਕਾ ਨਾਮ ਲੇਵੇਗਾ ਤਿਸ ਕੋ ਬਦਨਾਮੀ ਆਵੈਗੀ॥ਏਹ ਕਲਜੁਗ ਕਹਨੇ ਲਾਗਾ॥ਏਹ ਮੇਰੇ ਲਛਨ ਹੈ॥

॥ਤਿਸ ਕਾ ਉਤਰ ਬਾਬੇ ਜੀ ਨੇ ਕਹਿਆ॥

49/ੳ **॥/ਪਉੜੀ ਚੌਥੀ ਕਹੀ॥੪॥**[2]

ਜਿਸ ਸਿਕਦਾਰੀ ਤਿਸੇ ਖੁਆਰੀ ਚਾਕਰ ਕੇਹਾ ਡਰਨਾ॥
ਜੇ ਸਿਕਦਾਰੇ ਪਵੈ ਜੰਜੀਰੀ ਚਾਕਰ ਹਥੋ ਮਰਣਾ॥੪॥

॥ਤਿਸ ਕਾ ਅਰਥ॥[3]

ਏ ਕਲਿਜੁਗ ਜਿਨਾ ਸਿਕਦਾਰੀ ਹੈ ਤਿਨਾ ਖੁਆਰੀ ਹੋਵੈਗੀ॥ਅਰ ਚਾਕਰਾ ਨੋ ਕਿਸੇ ਕਾ ਭਉ ਨਹੀ॥ਜਾ ਸਿਕਦਾਰ ਨੂ ਹਿਸਾਬ ਕੋ ਪਕੜੀਅਨਗੇ ਅਰ ਜੰਜੀਰ ਪੈਰਾ ਮੈ ਪੜੇਗਾ ਤਾ ਚਾਕਰ ਕੇ ਹਵਾਲੇ ਹੋਵਨਗੇ॥ਹਿਸਾਬ ਐਸਾ ਹੀ ਲੈਨਾ ਹੋਵੇਗਾ॥ਅਰ ਅਸੀ ਹਿਸਾਬ ਕੇ ਚਾਕਰ ਹਾ॥ਅਰ ਤੂੰ ਸਿਤਦਾਰ ਹੈ॥ਜਾ ਏਹ ਬਚਨ ਬਾਬੇ ਜੀ ਨੇ ਕਹਾ ਤਾ ਕਲਜੁਗ ਬਾਬੇ ਕੀ ਚਰਨੀ ਆਇ ਪਇਆ

॥ਤਾ ਬਾਬੇ ਜੀ ਪੰਜਵੀ ਪਉੜੀ ਕਹੀ॥੫॥[4]

ਆਖ ਗੁਣਾ ਕਲ ਆਈਐ॥
ਤਿਹ ਜੁਗ ਕੇਚਾ ਰਹਿਆ ਤਪਾਵਸ ਜੇ ਗੁਣ ਹੋਇ ਤਾ ਪਾਈਐ॥੧॥ਰਹਾਉ॥
ਕਲਿ ਕਲਵਾਲੀ ਕਾਜੀ ਕ੍ਰਿਸਨਾ ਹੋਇਆ॥
ਬਾਣੀ ਬ੍ਰਹਮਾ ਬੇਦ ਅਥਰਬਣ ਕਰਣੀ ਕੀਰਤਿ ਰਹਿਆ॥

॥ਤਿਸ ਕਾ ਅਰਥ॥[5]

ਏ ਕਲਜੁਗ ਤੇਰੇ ਰਾਜ ਮੈ ਅਵਰ ਧਰਮ ਨਹੀ ਮਨਜੂਰ॥ਇਨ ਜੀਆ ਕੋ ਏਕ ਧਰਮ ਪਰਮੇਸਰ ਕੇ ਗੁਣਾ ਬਾਦ ਕਾ ਕਹੋ॥ਕਲਿਜੁਗ ਆਇਆ ਹੈ॥ਤੀਨ ਜੁਗੋ ਕਾ ਧਰਮ॥ਅਰ ਤਪਾਵਸ ਦੂਰ ਭਇਆ॥ਜੇ ਪਰਮੇਸਰ ਅਪਨੀ ਕਿਰਪਾ ਕਰੇ ਤਾ ਅਪਨੇ ਗੁਣ ਬਖਸ ਦੇਵੈ॥ਕਲ ਕਲਵਾਲੀ ਕੀ ਨਿਆਈ ਮਾਹ ਅਸੁਚ ਹੈ॥ਅਰੁ ਅਪਨੇ ਅਪਨੇ ਸਿਰ ਪਰ ਨਿਆਉ ਨਬੇੜਾ ਹੋਤਾ ਹੈ॥ਅਰ ਕਾਜੀ ਕ੍ਰਿਸਨਾ ਨਾਰਾਇਣ ਹੋਇ ਬੈਠੇਗਾ॥ਅਰ ਬਾਣੀ ਬ੍ਰਮ ਕੀ ਬੇਦ ਅਥਰਬਣ ਇਉ ਕਹਤਾ ਹੈ॥ਜੋ ਇਸ ਜੁਗ ਬਿਖੈ ਕਰਨੀ ਕਰਤ ਲਹੋ ਪਰਮੇਸਰ ਕੀ ਭਗਤ ਕਰੋ॥ਹੋਰ ਕਰਮ ਕਿਤੇ ਲੇਖੇ ਨਾਹੀ॥

॥ਤਾ ਫੇਰ ਬਾਬੇ ਜੀ ਨੇ ਛੇਵੀ ਪਉੜੀ ਕਹੀ॥

49/ਅ ਪਤ ਵਿਣ ਪੂਜਾ ਸਤ ਵਿ/ਣ ਸੰਜਮ ਜਤ ਬਿਨ ਕਹਾ ਜਨੇਊ॥
ਨਾਵਹੁ ਧੋਵਹੁ ਤਿਲਕ ਚੜਾਵਹੁ ਸਚੁ ਬਿਨ ਸੋਚ ਨ ਹੋਈ॥੬॥

॥ਤਿਸ ਕਾ ਅਰਥ॥

ਏ ਕਲਜੁਗ ਮਹਾਬਲੀ ਜੁਗ ਹੈ ਪਤ ਵਿਣ ਪੂਜਾ ਕਰਤੇ ਹੈ॥ਮਨਜੂਰ ਨਹੀ ਪੜੇਗੀ ਪ੍ਰਮੇਸਰ ਕੀ ਦਰਗਾਹ ਬਿਖੇ॥ਪਤ ਜੁ ਹੈ ਪ੍ਰਮੇਸਰ ਕੀ ਭਗਤ ਹੈ॥ਬਿਨਾ ਭਗਤਿ ਸਭ ਪਾਖੰਡ ਹੈ॥ਸਤ ਬਿਨ ਸੰਜਮ ਸਭ ਬਿਰਥੇ ਹੈ ਸਤ ਹੈ ਨਹੀ ਅਰ ਸੰਜਮ ਕਰਤੇ ਹੈ॥ਸੇ ਪਖੰਡੀ ਹੈ ਅਰ ਜਤ ਹੈ ਨਹੀ ਜਨੇਊ ਧਾਰਤੇ ਹੈ॥ਬਿਨਾ ਜਤ ਕੇ ਜਨੇਊ ਬ੍ਰਿਥਾ ਹੈ॥ਅਰ ਸਚ ਹੈ ਨਹੀ ਅੰਤਰ ਬਿਖੈ ਸੁਚ ਕਹਾਵਤੇ ਹੈ॥ਨਾਤੇ ਧੋਤੇ ਪਵਿਤ੍ਰ ਨਹੀ ਹੋਤਾ ਬਿਨਾ ਸਚ ਕੇ॥

---

[1] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[2] ਇੱਥੇ ਸਿਰਲੇਖ '॥ਪਉੜੀ ਚੌਥੀ ਕਹੀ॥' ਨਹੀਂ ਹੈ (ਅ,ੲ)
[3] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[4] ਇੱਥੇ ਸਿਰਲੇਖ '॥ਤਾ ਬਾਬੇ ਜੀ ਪੰਜਵੀ ਪਉੜੀ ਕਹੀ॥' ਨਹੀਂ ਹੈ (ੲ)
[5] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ

॥ਫੇਰ ਬਾਬੇ ਜੀ ਨੇ ਸਤਵੀ ਪਉੜੀ ਕਹੀ॥[1]

ਕਲਿ ਪਰਵਾਣ ਕਤੇਬ ਕੁਰਾਣ॥ਪੋਥੀ ਪੰਡਿਤ ਰਹੇ ਪੁਰਾਣ॥
ਨਾਨਕ ਨਾਮ ਭੈਆ ਰਹਮਾਣ॥ਕਰ ਕਰਤਾ ਤੂੰ ਏਕੋ ਜਾਣ॥੭॥

॥ਤਿਸ ਕਾ ਪ੍ਰਮਾਰਥ॥[2]

ਕਲਯੁਗ ਕੇ ਬਿਖੈ ਕਤੇਬ ਅਰ ਕੁਰਾਣ ਪਰਮਾਣ ਭਏ ਹੈ॥ਪੋਥੀ ਪੰਡਿਤ ਪਰਾਨ ਕੁਰਾਨ ਕਾ ਕਹਿਆ ਰਹਿਆ॥ਅਰੁ ਆਗੇ ਪਰਮੇਸਰ ਕਾ ਨਾਮ ਠਾਕੁਰ ਕਿਰਪਾ ਨਿਧਾਨ ਸਾ ਅਰ ਅਬ ਰਹਿਮਾਨ ਭਇਆ॥ਰਹਿਮਾਨ ਅਰ ਠਾਕੁਰ ਤੂੰ ਏਕੋ ਹੀ ਜਾਨ॥ਦੂਸਰਾ ਕੋਈ ਨਹੀ॥

॥ਫੇਰ ਬਾਬੇ ਜੀ ਨੇ ਅਠਵੀ ਪਉੜੀ ਕਹੀ॥੮॥[3]

ਨਾਨਕ ਨਾਮ ਮਿਲੇ ਵਡਿਆਈ ਏਦੂ ਉਪਰ ਕਰਮ ਨਹੀ॥
ਜੇ ਘਰ ਹੋਤੇ ਮੰਗਣ ਜਾਈਐ ਫਿਰ ਉਲਾਮਾ ਮਿਲੇ ਤਹੀ॥

॥ਤਿਸ ਕਾ ਅਰਥ॥[4]

ਹੇ ਪਰਮੇਸਰ ਇਸ ਕਲੀ ਕਾਲ ਮਹਿ ਅਪਨੇ ਨਾਮ ਕੀ ਵਡਿਆਈ ਦੇਹਿ॥ਇਸ ਊਪਰ ਅਵਰ ਕਰਮ ਕੋਈ ਨਹੀ ਮਨਜੂਰ॥ਜੇ ਘਰ ਬਿਖੈ ਸਾਂਈ ਕੋ ਛੋਡ ਕਰ ਬਾਹਰਿ ਬਨ ਬਿਖੈ ਢੂਢਤਾ
50/ੲ ਫਿਰੈ॥ਤਾ ਸਦਾ ਹੀ ਉਲਾਮਾ ਮਿਲਤਾ ਹੈ॥ਸਾਂਈ ਕੀ ਤਰਫ ਸੋ॥ਅਰ ਸ/ਰਮਿੰਦਗੀ ਹੋਤੀ ਹੈ ਏਹ ਕਲੀ ਕਾਲ ਮਹਾ ਜੁਗ ਹੈ ਇਸ ਬਿਖੇ ਨਾਮ ਕੀ ਵਡਿਆਈ ਹੈ ਅਵਰ ਸਭ ਕਰਮ ਮਿਥਿਆ ਹੈ ਜਬ ਇਹੁ ਬਚਨ ਗੁਰੂ ਬਾਬੇ ਨਾਨਕ ਜੀ ਕੇ ਕਲਜੁਗ ਨੇ ਸੁਨੇ ਤਬ ਚਰਨੀ ਆਇ ਪਇਆ॥ਅਰ ਬੇਨਤੀ ਲਾਗਾ ਕਰਨੇ ਹੇ ਗਰੀਬ ਨਵਾਜ ਮੇਰੀ ਭੇਟ ਕਛੁ ਕਬੂਲ ਹੋਵੇ॥ਤਾ ਬਾਬੇ ਕਹਿਆ ਕਹੁ॥ਤਾ ਕਲਿਜੁਗ ਬੋਲਿਆ॥ਮੋਤੀ ਕੇ ਮੰਦਰ ਜੜੇ ਹੂਏ ਰਹਨੇ ਕੋ ਬਨਾਇ ਦੇਤਾ ਹੋ॥ਰਤਨੋ ਕਾ ਜੜਾਵ ਕੀਆ ਹੂਆ॥ਕਸਤੂਰੀ ਅਰ ਕੇਸਰ ਅਗਰ ਚੰਦਨ ਲੇਪਨ ਕੀਆ ਹੂਆ॥ਜਿਸ ਵਿਖੇ ਬੈਠਕੇ ਖੁਸਵਕਤੀਆ ਕਰੇ॥ਬਿਖੇ ਭਾਵ ਉਪਜੇ॥

॥ਤਿਸ ਕੇ ਅਰਥਾਇ ਬਾਬੇ ਜੀ ਨੇ ਸਬਦ ਬੋਲਿਆ॥[5]

॥ਸਿਰੀ ਰਾਗ ਮਹਲਾ ੧॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰ ਕੁੰਗੂ ਅਗਰ ਚੰਦਨ ਲੀਪ ਆਵੈ ਚਾਉ॥
ਮਤ ਦੇਖ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ॥੧॥
ਹਰਿ ਬਿਨ ਜੀਉ ਜਲ ਬਲਿ ਜਾਇ॥
ਮੈ ਆਪਨਾ ਗੁਰ ਪੂਛ ਦੇਖਿਆ ਅਵਰ ਨਾਹੀ ਥਾਉ॥੧॥ਰਹਾਉ॥

॥ਤਿਸ ਕਾ ਪ੍ਰਮਾਰਥ॥[6]

ਹੇ ਕਲਜੁਗ ਏਹ ਅਸਾਡੇ ਕਿਤੇ ਕੰਮ ਨਾਹੀ॥ਏਹ ਦੇਖ ਕੇ ਮਤੇ ਜੀਵ ਭੂਲ ਜਾਵੈ ਪਰਮੇਸਰ ਵਲੋ॥ਬਿਨ ਪਰਮੇਸਰ ਚਿਤ ਆਏ ਏਹੁ ਜੀਉ ਜਲ ਬਲੋ॥ਆਪਨਾ ਸਤਿਗੁਰ ਮੈ ਪੂਛ ਦੇਖਿਆ ਹੈ॥ਅਵਰ ਥਾਉ ਮੇਰੇ ਕਿਤੇ ਕੰਮ ਨਾਹੀ॥ਤਾ ਫੇਰ ਕਲਯੁਗ ਨੇ ਕਹਾ॥ਏ ਨਾਨਕ ਜੀ ਏਹੁ ਕਬੂਲ ਕਰੀਏ ਧਰਤੀ ਮੈ ਹੀਰੇਉ ਕਾ ਜੜਾਵ ਕੀਆ ਹੂਆ ਹੋਵੈ ਅਰ ਪਲੰਘ ਲਾਲੋ ਕੇ ਸਾਥ ਜੜੇ ਹੂਏ ਹੋਵੈ ਸੈਨ ਕੇ ਵਾਸਤੇ ਅਰ ਮੋਹਿਣੀ ਕੇ ਪਰਕਾਸ ਜੈਸਾ॥ਅਰੁ ਅਨੇਕ ਭਾਂਤ ਕੇ ਤਮਾਸੇ ਰੰਗ ਕਰਤੀਆ॥

॥ਤਾ ਬਾਬੇ ਜੀ ਫੇਰ ਦੂਜੀ ਪਉੜੀ ਕਹੀ॥[7]

50/ਅ ਧਰਤੀ ਤ ਹੀਰੇ ਲਾਲ ਜੜਤੀ ਪ/ਲੰਘ ਲਾਲ ਜੜਾਉ॥
ਮੋਹਣੀ ਮੁਖ ਮਣੀ ਸੋਹੇ ਕਰੈ ਰੰਗ ਪਸਾਉ॥
ਮਤ ਦੇਖ ਭੂਲਾ ਵਿਸਰੈ ਤੇਰਾ ਚਿਤ ਨ ਆਵੈ ਨਾਉ॥੨॥

---

[1] ਇ ਇੱਥੇ ਸਿਰਲੇਖ '॥ਤਾ ਬਾਬੇ ਨੇ ਸਤਵੀ ਪਉੜੀ ਕਹੀ॥' ਨਹੀਂ ਹੈ (ੲ)
[2] ਇੱਥੇ ਸਿਰਲੇਖ '॥ਅਰਥ॥' ਹੈ (ੲ)
[3] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)
[4] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[5] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਇੱਥੇ ਸਿਰਲੇਖ '॥ਤਾ ਫੇਰ ਬਾਬੇ ਜੀ ਨੇ ਕਹਾ॥' ਹੈ (ੲ)

ਤਾ ਫੇਰ ਬਾਬੇ ਜੀ ਨੇ ਕਹਿਆ॥ਏ ਕਲਜੁਗ ਏ ਅਸਾਡੇ ਕਿਤੇ ਕੰਮ ਨਾਹੀ ਏਹ ਦੇਖ ਕੇ ਮਤੇ ਜੀਵ ਭੂਲ ਜਾਵੈ ਪਰਮੇਸਰ ਵਲੋ॥ਤੇ ਫੇਰਿ ਕਲਜੁਗ ਬੋਲਿਆ॥ਏ ਬਾਬਾ ਨਾਨਕ ਜੀ ਏਹੁ ਕਬੂਲ ਕਰੀਐ॥ਉਨਮਾ ਤੇ ਆਦਿ[1] ਕਰਿ ਅਠਾਰਹਿ ਸਿਧੀ ਅਰਿ ਸਿਧੀ ਜੋ ਗੁਪਤ ਹੋਇ ਬੈਸਣਾ॥ਅਰ ਪ੍ਰਗਟ ਹੋਇ ਬੈਸਣਾ॥ਏਹੁ ਸਭ ਉਨ ਮੋ ਗੁਣ ਹੈ॥ਅਰ ਜਗਤ ਭਾਵ ਪ੍ਰੀਤ ਕਰੇ॥ਅਰ ਸੇਵਕ ਹੋਵੈਗਾ॥

॥ਤੇ ਫੇਰ ਬਾਬਾ ਜੀ ਨੇ ਤੀਜੀ ਪਉੜੀ ਕਹੀ॥

ਸਿਧ ਹੋਵਾ ਸਿਧ ਲਾਈ ਰਿਧ ਆਖਾ ਆਉ॥
ਗੁਪਤ ਪਰਗਟ ਹੋਇ ਬੈਸਾ ਲੋਕ ਰਾਖੈ ਭਾਉ॥
ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ॥੩॥

ਤਾ ਫੇਰ ਬਾਬੇ ਜੀ ਨੇ ਕਹਿਆ ਏ ਕਲਜੁਗ ਏਹੁ ਅਸਾਡੇ ਕਿਤੇ ਕੰਮ ਨਾਹੀ॥ਏਹ ਦੇਖ ਕੇ ਮਤ ਜੀਉ ਭੂਲ ਜਾਵੈ॥ਪਰਮੇਸਰ ਵਲੋ॥ਤਾ ਫੇਰ ਕਲਜੁਗ ਬੋਲਿਆ ਏ ਨਾਨਕ ਜੀ ਏਹੁ ਕਬੂਲ ਕਰੀਐ॥ਸਾਰੇ ਜਗਤ ਕੀ ਪਾਤਸਾਹੀ ਦੇਤਾ ਹੋ॥ਅਨੇਕ ਲਸਕਰ ਫਉਜਾ ਪਿਛੇ ਚੜਨਗੀਆ॥[2]

[3]ਸੁਲਤਾਨ ਹੋਵਾ ਮੇਲਿ ਲਸਕਰ ਤਖਤ ਰਾਖਾ ਪਾਉ॥
ਹੁਕਮ ਹਾਸਲ ਕਰੀ ਬੈਠਾ ਨਾਨਕਾ ਸਭ ਵਾਉ॥
ਮਤ ਦੇਖ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ॥੪॥

ਤਾ ਫੇਰਿ ਬਾਬੇ ਜੀ ਨੇ ਕਹਿਆ॥ਏ ਕਲਜੁਗ ਏਹੁ ਅਸਾਡੇ ਕਿਤੇ ਕੰਮ ਨਾਹੀ॥ਏਹ ਦੇਖ ਕੇ ਮਤੇ ਜੀਵ ਭੂਲ ਜਾਵੈ॥ਪਰਮੇਸਰ ਵਲੋ॥

॥ਦੋਹਰਾ॥

ਜਬ ਏਹੁ ਬਚਨ ਬਾਬੇ ਕਾ ਸੁਨਾ ਕਲਜੁਗ ਭਏ ਹੈਰਾਨ॥
ਕਛ ਕਬੂਲ ਨਾਹਨ ਕੀਆ ਤਬ ਚਰਨੀ ਲਾਗਾ ਆਨ॥੯॥

॥ਚੌਪਈ॥

51/ੳ ਅਤ ਨਿੰਮਰ ਭੂਤ/ਬੇਨਤੀ ਮੁਖ ਕਰੇ॥ਬਾਰ ਬਾਰ ਚਰਨਨ ਸਿਰ ਧਰੇ॥
ਪਾਪੀ ਮਹਾ ਅਧਮ ਮੈ ਅਹਾ॥ਕਰੋ ਉਧਾਰ ਸਤਿਗੁਰ ਇਹ ਕਹਾ॥੧੦॥
ਸਰਨ ਸਰਨ ਤਿਹ ਛਿਨ ਪੁਕਾਰਿਉ॥ਕਰੋ ਕ੍ਰਿਪਾ ਅਬ ਮੋਹਿ ਉਧਾਰੋ॥
ਭਗਤ ਸਰੂਪ ਜਗ ਤਾਰਨ ਆਏ॥ਬਿਨੇ ਬਚਨ ਐਸੇ ਸੁਨਾਏ॥੧੧॥
ਤਬ ਗੁਰੂ ਬਾਬਾ ਜੀ ਭਏ ਦਿਆਲ ॥ਕ੍ਰਿਪਾ ਦ੍ਰਿਸਟਿ ਕਰ ਕੀਆ ਨਿਹਾਲ॥
ਫਿਰ ਕਲਜੁਗ ਨੇ ਬਿਨਤੀ ਕਰੀ॥ਕਛੁ ਕਬੂਲ ਹੋਵੈ ਇਹ ਘਰੀ॥੧੨॥
ਤਬ ਬਾਬੇ ਜੀ ਨੇ ਤਾ ਸੋ ਕਹਾ॥ਜਹਾ ਸੰਜੁਗਤ ਜੁੜੇ ਭਜਨ ਪ੍ਰਭ ਅਹਾ॥
ਮੇਰੀ ਸੰਗਤ ਸਿਖਨ ਮੈ ਪਰਵੇਸ ਨ ਕਰੋ॥ਹਮਰੀ ਆਗਿਆ ਇਹ ਸਿਰ ਧਰੋ॥੧੩॥
ਤਾ ਕਲਜੁਗ ਨੇ ਆਗਿਆ ਸਿਰ ਧਰਾ॥ਇਹ ਬਿਧ ਏਕ ਬਚਨ ਫਿਰ ਕਰਾ॥
ਭਜਨ ਬਿਖੇ ਜਹਾ ਬਾਤ ਚਲਾਵੈ॥ਤਹ ਪ੍ਰਵੇਸ ਹਮਰੋ ਹੋਇ ਆਵੈ॥੧੪॥

॥ਦੋਹਰਾ॥

ਇਹ ਬਿਧ ਸੋ ਬਿਨਤੀ ਕਰਾ ਨਮਸਕਾਰ ਫੁਨ ਕੀਨ॥
ਬਿਦਾ ਭਇਓ ਸਤਿਗੁਰੂ ਤੇ ਹੋਇ ਚਰਨਨ ਅਧੀਨ॥੧੫॥
[4]ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ਹੋਇ ਦਿਆਲ ਕਰ ਲੇਇ ਉਧਾਰ॥

॥ਸਾਖੀ ਪੂਰਨ ਹੋਈ॥੨੯॥

---

[1] ਆਦਿ ਲੇ (ੲ)
[2] ਇੱਥੇ 'ਫਉਜਾ ਪਿਛੇ ਚੜਨਗੀਆ॥' ਪੰਕਤੀ ਤੋਂ ਬਾਅਦ 'ਤਖਤ ਉਪਰ ਬੈਠ ਕੇ ਹੁਕਮ ਕਰੋ' ਵਾਲੀ ਪੰਕਤੀ ਹੈ (ਅ)
[3] ਇੱਥੇ ਸਿਰਲੇਖ '॥ਫੇਰ ਬਾਬਾ ਜੀ ਨੇ ਚੌਥੀ ਪਉੜੀ ਕਹੀ॥' ਹੈ (ਅ,ੲ,ਸ)
[4] ਇੱਥੇ '॥ਸੋਰਠਾ॥ਆਗੇ ਚਲੇ ਦਿਆਲ ਕਦਲੀ ਬਨ ਤ੍ਰਿਆ ਰਾਜ ਜਹਾ॥ਸਿਧ ਸਭਾ ਸੁਰ ਗਿਆਨ ਤਹਾ ਜਾਇ ਗੋਸਟਿ ਕਰੀ॥' ਪਾਠ ਹੈ (ਅ)

[ਸਾਖੀ ਬਾਬਾ ਜੀ ਦਾ ਬਿਦਰ ਸਹਰ ਜਾਣਾ][1]

॥ਦੋਹਰਾ॥

ਸਤਗੁਰ ਘਨਹਰ ਭਗਤ ਕੋ ਪ੍ਰੇਮ ਬੂੰਦ ਬਰਖਾ ਕਰੇ॥
ਜਹਾ ਜਹਾ ਪ੍ਰੇਮੀ ਹੋਇ ਤਹਾ ਤਹਾ ਆਗਮ ਕਰੇ॥

॥ਚੌਪਈ॥

ਗਏ ਬਿਦਰ ਸੋ ਸਤਗੁਰ ਦਿਆਲ॥ਸਾਹ ਸਰਫ ਕੋ ਲੇਨਾ ਭਾਲ॥
ਦਰਸਨ ਦੇਖ ਸਰਫ ਮਗਨਾਨਾ॥ਕਾਮਲ ਫਕੀਰ ਬਾਬਾ ਕੋ ਜਾਨਾ॥੨॥
ਦਸਤ ਬੋਸ ਕਰ ਆਸਨ ਦੀਨਾ॥ਪ੍ਰੇਮ ਭਾਉ ਸੋ ਭਾਉ ਭਗਤ ਬਹੁ ਕੀਨਾ॥
51/ਅ ਬਡੇ ਨਸੀਬ ਹੈ ਆਜ ਹਮਾਰੇ॥/ਘਰ ਆਏ ਮੌਲਾ ਕੇ ਪਿਆਰੇ॥੩॥
ਸਭ ਮੁਰਾਦ ਦਿਲ ਕੀ ਭਈ ਹਾਸਲ॥ਮਿਲਾ ਫਕੀਰ ਰਬ ਕਾ ਵਾਸਲ॥
ਮਿਲਾ ਫਕੀਰ ਰਬ ਅਬ ਮਿਲਾ॥ਮਿਟੇ ਖੁਦੀ ਸਭ ਮਨ ਕੀ ਗਿਲਾ॥੪॥
ਕਰਮ ਕਰੋ ਮੋਹਿ ਰਬ ਮਿਲਾਵੋ॥ਦਰਦ ਵਿਛੋੜਾ ਸਗਲ ਮਿਟਾਵੋ॥
ਸੁਨ ਬਿਨੇ ਬਾਬਾ ਭਏ ਪ੍ਰਸੰਨ॥ਕਹਾ ਇਹੁ ਸਾਹ ਸਰਫ ਸੋ ਬਚਨ॥੫॥
ਹੇ ਸਾਹ ਸਰਫ ਅਪਨਾ ਅਹਵਾਲ ਤੂੰ ਅਸਾ ਨੂੰ ਸੁਨਾਉ॥
ਤਬ ਸਾਹ ਸਰਫ ਕਾਫੀ ਅਹਵਾਲ ਅਪਨੇ ਕੀ ਸਾਹਬ ਸੌ ਉਚਾਰ ਕੀਆ॥[2]

॥ਕਾਫੀ॥

ਤੂੰ ਕੀ ਜਾਨੇ ਸਰਫਾ ਪ੍ਰੇਮ ਕਹਾਨੀ॥ਪ੍ਰੇਮ ਕੀ ਖੇਡ ਤੈ ਅਜਹੂੰ ਨ ਜਾਨੀ॥
ਪ੍ਰੇਮ ਕੋ ਖੇਲ ਨਹੀ ਤੂੰ ਖੇਲਾ॥ਤਨ ਕਰ ਬਾਤੀ ਦੀਪਕ ਨਹੀ ਮੇਲਾ॥੧॥
ਲਕੜੀ ਜਲ ਹੋਇ ਭਇਆਨ ਅੰਗਾਰਾ॥ਨਾ ਤੈ ਸਿਰ ਪਰ ਕਰਵਤ ਧਾਰਾ॥੨॥
ਨਾ ਤੈ ਕਾਮਣ ਕੰਠ ਲਗਾਈ॥ਨਾ ਤੈ ਅੰਗ ਬਿਭੂਤ ਰਮਾਈ॥੩॥
ਸੁਨ ਸਰਫਾ ਤੈ ਜੀਵਨ ਖੋਇਆ॥ਪ੍ਰੀਤ ਲਗਾਇ ਤੈ ਕਬੀ ਨ ਰੋਇਆ॥੪॥

॥ਚੌਪਈ॥

ਦਰਦਮੰਦ ਬਡਾ ਦਰਵੇਸੁ॥ਹਿਰਸ ਖੁਦੀ ਕੀ ਨਾਹੀ ਲੇਸੁ॥
ਜਬ ਮਿਹਰਬਾਨ ਬਾਬਾ[3] ਜੀ ਦੇਖਾ॥ਬਢਾ ਪ੍ਰੇਮ ਅਰ ਬਿਰਹ ਬਸੇਖਾ॥੫॥

॥ਮਕਰਾ ਛੰਤ॥

ਤਬ ਸਰਫ ਪ੍ਰੇਮ ਜਾਗਾ॥ਭਇਆ ਸੰਤ ਮਿਲ ਸਭਾਗਾ॥
ਭਈ ਨੈਨ ਨੀਰ ਬਰਖਾ ਹੀਏ ਆਹਿ ਸੋ ਪੁਕਾਰਾ॥
ਜੋ ਰਬ ਸੋ ਮਿਲਾਵੈ॥ਮੁਰਸਦ ਵਹੀ ਕਹਾਵੈ॥
ਤਨ ਮਨ ਫਿਦਾਇ ਤਾ ਕੇ ਵਹ ਰਬ ਕਾ ਪਿਆਰਾ॥੨॥
ਮੈ ਤੋ ਭਇਆ ਦਿਵਾਨਾ॥ਨਹੀ ਭੇਦ ਰਬ ਜਾਨਾ॥
ਜੋ ਭੇਦ ਕੋ ਬਤਾਵੈ ਮਨ ਤਨ ਤਿਸੀ ਪੇ ਵਾਰਾ॥੩॥
ਚਲੀ ਬਿਰਹ ਪਵਨ ਆਂਧੀ॥ਰੋਕੀ ਨ ਜਾਇ ਬਾਂਧੀ॥
ਹੋਇ ਇਸਕ ਸੋ ਵਿਆਕਲ ਅਹਿਵਾਲ ਖੁਦ ਪੁਕਾਰਾ॥੪॥

॥ਤਬ ਸਰਫ ਨੇ ਦੂਜੀ ਕਾਫੀ ਕਹੀ॥

॥ਕਾਫੀ॥[4]

52/ੳ /ਛਾ[5] ਪੰਡਤ ਜੋਤਸੀ॥ਕਦਿ ਪੀਆ ਪਿਲਾਵਾ ਹੋਇਸੀ॥ਮਿਲ ਦਰਦ ਵਿਛੋੜਾ ਖੋਇਸੀ॥੧॥
ਤਬ ਰਹਿਆ ਮਾਏ ਜੀਉ ਬਲੇ॥ਮੈ ਕੰਤ ਨ ਦੇਖਿਆ ਨੈਨ ਭਰੇ॥੧॥ਰਹਾਉ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ ਸਿਰਲੇਖ '॥ਤਬ ਸਾਹ ਸਰਫ ਕਾਫੀ ਕਹੀ॥' ਹੈ (ੲ)
[3] ਬਾਬਾ ਨਾਨਕ (ਅ)
[4] ਇੱਥੇ ਸਿਰਲੇਖ '॥ਤਬ ਸਰਫ ਨੇ ਦੂਜੀ ਕਾਫੀ ਕਹੀ॥' ਦੀ ਜਗ੍ਹਾ ਤੇ ਸਿਰਫ '॥ਕਾਫੀ॥' ਹੈ (ਅ,ੲ), ਇੱਥੇ ਸਿਰਲੇਖ '॥ਕਾਫੀ ਸੇਖ ਫਰੀਦ ਨੇ ਦੂਜੀ ਕਾਫੀ ਕਹੀ॥ਕਾਫੀ॥' ਹੈ (ਸ)
[5] ਨਿਤ ਪੂਛਾ (ਅ,ੲ,ਸ)

ਨਿਤ ਕਾਗ ਉਡਾਵਾ ਬਨ ਰਹਾ॥ ਨਿਸਤਾਰੇ ਗਿਨਤੀ ਨਾ ਸਵਾਂ॥
ਜਿਉ ਲਵੈ ਬਬੀ[1] ਤਿਉ ਲਵਾ॥੨॥
ਮੇਰੇ ਅੰਦਰ ਬਲਨ ਅੰਗੀਠੀਆ॥ ਨਿਤ ਜਲਦੀਆ ਕਿਨੈ ਨ ਡੀਠੀਆ॥
ਮੈ ਦਰਦ ਵਿਛੋੜੇ ਲੂਠੀਆ॥੩॥

॥ਏਹ ਕਾਫੀ ਸੁਨ ਕਰ ਬਾਬਾ ਬਚਨ ਕੀਆ॥[2]

ਸਾਹ ਸਰਫ ਨ ਥੀਉ ਉਤਾਵਲਾ॥ ਇਕ ਚੋਟ ਨ ਥੀਦੇ ਚਾਵਲਾ॥
ਕਿਤੇ ਢੰਗ ਮਿਲੇ ਬਾਬੂ ਰਾਵਲਾ॥੪॥

॥ਦੋਹਰਾ॥

ਸੁਨਾ[3] ਬਚਨ ਜਬ ਸਰਫ ਜੀ ਮਨ ਮੋ ਹੋਇ ਖੁਸਾਲ॥
ਜਿਤ ਬਿਧ ਰਬ ਤੁਮ ਕੋ ਮਿਲੇ ਕਰ ਕਰਮ ਕਹੋ ਅਹਵਾਲ॥੫॥

॥ਤਬ ਬਾਬਾ ਜੀ ਕਾਫੀ ਕਹੀ॥

ਦਰਮਾਦੀ ਦੁਆਰੇ ਆਈਆਂ॥ ਨਿਜ ਮਹਲੀ ਖਸਮ ਬੁਲਾਈਆ॥
ਸਹੁ ਭਾਣੀ ਤਾਂ ਗਲ ਲਾਈਆ॥੧॥
ਸਹੁ ਮਿਲਆ ਮਾਏ ਕਰਮ ਕਰੇ॥ ਭਈ ਸਾਂਤ ਹੀਏ ਦੋਊ ਨੈਨ ਠਰੇ॥੧॥ ਰਹਾਉ॥
ਮੇਰਾ ਗੁਣ ਅਵਗੁਣ ਨ ਬੀਚਾਰਿਆ॥ ਨਹੀ ਰੂਪ ਸਿੰਗਾਰ ਨਿਹਾਰਿਆ॥
ਘਟ ਆਇ ਵੁਠੇ ਸਹੁ ਪਿਆਰਿਆ॥੨॥
ਦੇਖ ਚਕਵੀ ਸੂਰ ਅਨੰਦ ਘਣਾ॥ ਜਿਉ ਚਾਤ੍ਰਿਕ ਬੂੰਦ ਤ੍ਰਿਪਤਾਸ ਮਨਾ॥
ਸਹੁ ਭਾਣੀ ਤਾ ਕੇਹੀ ਕੀਮ ਗਣਾ॥੩॥
ਦੇਖ ਦਰਸ ਨਾਨਕ ਹੈਰਾਨਿਆਂ॥ ਅਕਥੁ ਨ ਜਾਇ ਵਖਾਨਿਆ॥
ਗੁੜ ਚਾਖ ਗੁੰਗਾ ਮੁਸਕਾਨਿਆ॥੪॥

॥ਚੌਪਈ॥

ਜਬ ਇਹ ਬਚਨ ਗੁਰੂ ਬਾਬੇ ਜੀ ਕਹਾ॥ ਤਬ ਸਾਹ ਸਰਫ ਕਦਮਾ ਉਪਰ ਗਿੜ ਪੜਾ॥
ਅਰੁ ਵੈਰਾਗ ਸੁ ਕਰਨੇ ਲਾਗਾ॥ ਸਾਹ ਸਰਫ ਤਬ ਭਇਆ ਸਭਾਗਾ॥੫॥

52/ਅ ਅਰ ਕਹਾ ਏ ਬਾਬਾ ਨਾਨਕ ਜੀ ਤੈਨੇ ਸਾਂਈ ਪਾਇਆ ਹੈ॥ ਸਾਈ ਸਿਉ ਵਾ/ਸਲ ਹੋਏ ਹੋ॥ ਅਸਾ ਪਰ ਭੀ ਮਿਹਰ ਕਰੋ॥ ਤੇਰੀ ਮਿਹਰ ਸਿਉ ਸਾਈ ਮਿਲਦਾ ਹੈ॥ ਤਬ ਬਾਬੇ ਜੀ ਨੇ ਸਲੋਕ ਕਹਿਆ ਸਾਈ ਦੇ ਪਾਵਨੇ ਦਾ॥

॥ਸਲੋਕੁ॥

ਸਿਦਕ ਸਬੂਰੀ ਸਾਦਕਾ ਸਬਰ ਤੋਸਾ ਮਲਾਇਕਾ॥
ਦੀਦਾਰ ਪੂਰੇ ਪਾਇਸਾ ਥਾਵ ਨਾਹੀ ਖਾਇਕਾ॥੧॥

॥ਤਿਸ ਕਾ ਅਰਥ॥

ਹੇ ਸਾਹ ਸਰਫ ਜਿਨ ਕਉ ਸਾਂਈ ਨੇ ਸਿਦਕ ਸਬੂਰੀ ਦਈ ਹੈ॥ ਸੇਈ ਸਾਦਕ ਹੈ॥ ਅਰੁ ਜਿਨ ਕੌ ਸਬਰ ਤੋਸਾ ਹੈ॥ ਸੇਈ ਮਲਾਇਕ ਹੈ॥ ਤਿਨ ਕੋ ਸਾਂਈ ਕਾ ਦੀਦਾਰ ਹੋਤਾ ਹੈ॥ ਅਰੁ ਖਾਕੀ ਜੋ ਖਾਕ ਲਗਾਇ ਕੇ ਹਠਿ ਕਰਤੇ ਹੈ॥ ਤਿਨ ਕਉ ਸਾਂਈ ਦੀ ਦਰਗਾਹ ਥਾਵ ਨਾਹੀ ਮਿਲਦਾ॥ ਸਾਂਈ ਕੇ ਦੀਦਾਰ ਤੇ ਨਾ ਮਹਿਰੂਮ ਰਹਤੇ ਹੈ॥ ਤਾ ਫੇਰ ਸਾਹ ਸਰਫ ਪੁਛਨਾ ਕੀਆ ਜੋ ਸਾਂਈ ਦੀ ਸਿਫਤ ਮੈਨੂ ਸੁਨਾਈਏ॥

॥ਤਬ ਬਾਬਾ ਜੀ ਨੇ ਫੇਰ ਸਲੋਕ ਬੋਲਿਆ॥[4]

ਕੁਦਰਤ ਕਰਕੇ ਵਸਿਆ ਸੋਇ॥ ਵਖਤ ਵਿਚਾਰੇ ਸੋ ਬੰਦਾ ਹੋਇ॥
ਕੁਦਰਤਿ ਹੈ ਕੀਮਤਿ ਨਹੀ ਪਾਇ॥ ਜਾਂ ਕੀਮਤਿ ਪਾਇ ਤਾਂ ਕਹੀ ਨ ਜਾਇ॥
ਸਰਾ ਸਰੀਆਤ ਕਰੇ ਬੀਚਾਰ॥ ਬਿਨੁ ਬੂਝੇ ਕੈਸੇ ਪਾਵੈ ਪਾਰ॥
ਸਿਦਕ ਕਰ ਸਿਜਦਾ ਮਨ ਕਰ ਮਖਸੂਦ॥ ਜਿਹ ਧਿਰ ਦੇਖਾ ਤਿਹ ਧਿਰ ਮਉਜੂਦੁ॥

---
[1] ਬਬੀਹਾ ਉਹੀ
[2] ਇੱਥੇ ਇਹ ਪੰਕਤੀ ਹੈ 'ਏਹ ਕਾਫੀ ਸੁਨ ਕਰ ਬਾਬਾ ਬਚਨ ਕੀਆ॥ ਬਚਨ' (ਸ)
[3] ਇਹ ਸੁਨਾ (ਅ)
[4] ਇੱਥੇ ਸਿਰਲੇਖ ਨਹੀਂ ਹੈ (ੲ)

॥ਤਿਸ ਕਾ ਅਰਥ ਬਾਬੇ ਜੀ ਨੇ ਕਹਿਆ॥[1]

ਹੇ ਸਾਹ ਸਰਫ ਸਾਈ ਕੁਦਰਤ ਕਰ ਸਿਆਪਦਾ ਹੈ॥ਕੁਦਰਤ ਕਰ ਕੈ ਪਸਰ ਰਹਿਆ ਹੈ॥ਪਾਕ ਬੰਦਾ ਸੋਈ ਹੈ ਜੋ ਵਖਤ ਕਉ ਜਾਣੈ॥ਹਰਿ ਵਖਤ ਸਾਂਈ ਦੀ ਯਾਦਗੀ ਰਖੇ॥ਕੁਦਰਤ ਦੇਖਨੇ ਮੈ ਆਵਤੀ ਹੈ॥ਸਾਈ ਦੀ ਕੀਮਤਿ ਕੋਈ ਨਹੀ ਪਾਇ ਸਕਦਾ॥ਕੀਮਤਿ ਤਾ ਪਾਏ ਜਾ ਦੇਖਨੇ
53/ੳ ਮੈ ਸਾਈ ਆਵੈ॥ਅਰੁ ਜਿਨਾ ਸਾਈ/ਦੀ ਬੰਦਗੀ ਕਰ ਕੇ ਕੀਮਿਤ ਪਾਈ ਹੈ॥ਸੋ ਸਾਂਈ ਸੋ ਵਾਸਲ ਹੋਇ ਰਹੇ ਹੈ॥ਤਿਨ ਕਾ ਆਵਨਾ ਜਾਨਾ ਮਿਟ ਗਇਆ ਹੈ॥ਅਰੁ ਸਰਾ ਵਾਲੇ ਅਨੇਕ ਤਰਹਿ ਕਹਤੇ ਹੈ॥ਬਿਚਾਰ ਬਿਚਾਰ ਕਰ॥ਬਿਨ ਬੂਝੈ ਕੈਸੇ ਸਾਂਈ ਦਾ ਪਾਰਾਵਾਰਾ ਪਾਇਆ ਜਾਇ॥ਏ ਸਾਹ ਸਰਫ ਹਰਿ ਵਖਤ ਸਿਦਕ ਕਰ ਸਾਂਈ ਨਾਲ ਇਹੀ ਸਿਜਦਾ ਹੈ॥ਮਨ ਕੋ ਮਖਸੂਦ ਕਰ ਅਪਨੇ ਆਪ ਕਉ ਜਬ ਤੂੰ ਪਾਵੈਗਾ॥ਤਬ ਜਿਧਰ ਦੇਖੇਗਾ ਤਿਧਰ ਤੈਨੂੰ ਸਾਈ ਨਦਰੀ ਆਵੈਗਾ॥ਜਬ ਇਹ ਬਚਨ ਗੁਰੂ ਬਾਬੇ ਨਾਨਕ॥ਜੀ ਕਹਾ॥ਤਾ ਸਾਹ ਸਰਫ ਬਹੁਤੁ ਖੁਸ ਹੋਇਆ॥ਅਰੁ ਕਹਨੇ ਲਾਗਾ ਹੇ ਬਾਬਾ ਨਾਨਕ ਜੀ ਤੇਰੀ ਮਿਹਰ ਸਿਉ ਅਸਾ ਨੋ ਸਾਂਈ ਦੇ ਰਾਹ ਦੀ ਕਛੁ ਖਬਰ ਹੋਈ ਹੈ॥ਤਾ ਫੇਰ ਬਾਬੇ ਜੀ ਨੇ ਕਹਿਆ ਏ ਸਾਹ ਸਰਫ ਜਿਨ ਕਉ ਸਾਈ ਦਾ ਸਉਕ ਹੈ ਅਰੁ ਪ੍ਰੇਮ ਹੈ ਤਿਨ ਕੋ ਸਾਂਈ ਦੇ ਮਿਲਨੇ ਵਿਚ ਕਛੁ ਭੇਦ ਨਹੀ॥

॥ਚੌਪਈ॥

ਜਬ ਇਹ ਬਚਨ ਸਰਫ ਜੀ ਸੁਨਾ॥ਵਾਹੁ ਵਾਹੁ ਮੁਖ ਸੋ ਕਰ ਭਨਾ॥
ਕ੍ਰਿਪਾ ਦ੍ਰਿਸਟਿ ਬਾਬਾ ਜੀ ਕਰੀ॥ਪ੍ਰੇਮੀ ਜਾਨਿ ਦਇਆ ਚਿਤ ਧਰੀ॥

॥ਦੋਹਰਾ॥

ਅੰਤਰ ਪ੍ਰਕਾਸ ਤਾ ਕੋ ਭਇਆ ਪ੍ਰੇਮ ਮਗਨ ਲਿਵ ਲਾਇ॥
ਭਇਆ ਹਾਸਲ ਵਾਸਲ ਰਬ ਕਾ ਮਗਨ ਭਇਆ ਗੁਨ ਗਾਇ॥
ਸ੍ਰੀ ਵਾਹਗੁਰੂ ਮੁਖਿ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

॥ਸਾਖੀ ਪੂਰਨ ਹੋਈ॥[2]

[1] ਇੱਥੇ ਸਿਰਲੇਖ '॥ਅਰਥ॥' ਹੈ (ੲ)
[2] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਭਰਥਰੀ ਨਾਥ ਨਾਲ ਚਰਚਾ][1]

॥ਦੋਹਰਾ॥

ਸਾਹ ਸਰਫ ਸੋ ਬਿਦਾ ਹੋ ਮਰਦਾਨਾ ਲੈ ਸੰਗ॥
ਕਦਲੀ ਬਨ ਕੋ ਮਗ ਲੀਆ ਪਹੁਚੇ ਜਾਇ ਅਭੰਗ॥੧॥

॥ਅੜਲ॥

ਪਹੁਚੇ ਤਹਾਂ ਦਿਆਲ ਭਰਥਰ ਜਹਾ ਤਪੁ ਕਰੇ॥
ਕੀਏ ਆਸਨ ਲਗੀ ਸਮਾਧ ਪ੍ਰਮੇਸਰ ਉਰ ਧਰੇ॥
ਖੁਲੇ ਨੈਨ ਤਬ ਦੇਖਾ ਸਤਿਗੁਰ ਦਿਆਲ ਕੋ॥
53/ਅ ਦੇਖਤ ਭਇਆ ਅਨੰਦ ਨਿਰਧਨ ਜਿਮ ਮਾ/ਲ ਕੋ॥੨॥
ਦੇਖਾ ਬਾਲਾ ਰੂਪ ਮਰਦਾਨਾ ਸੰਗ ਹੈ॥
ਮਸਤਕ ਜੋਤ ਪ੍ਰਕਾਸ ਭਗਤ ਕੋ ਰੰਗ[2] ਹੈ॥
ਬੂਝੀ ਕਿਛੂ ਨ ਜਾਇ ਬਰਨ ਆਸਰਮ ਦਿਆਲ ਕਾ॥
ਅਤ ਪ੍ਰੀਤਵੰਤ ਹੋਇ ਪੂਛਾ ਜਿਮ ਗਾਹਕ ਮਾਲ ਕਾ॥੩॥
ਮੁੰਦ੍ਰਾ ਖਿੰਥਾ ਨਾਹ ਜੋਗ ਕੋ ਰੂਪ ਹੋ॥
ਭਾਸਤ ਗਿਆਨ ਕੇ ਭਾਨ ਜਗਤ ਕੇ ਭੂਪ ਹੋ॥
ਬਚਨ[3] ਆਸ੍ਰਮ ਤੁਮ ਕਵਨ ਭੇਖ ਤੁਮ ਕਾ ਕੋ ਧਰੋ॥
ਕਵਨ ਦੇਸ ਕੋ ਠਉਰ ਜਹਾ ਆਸਨ ਕਰੋ॥੪॥
ਨਹੀ ਸਿੰਙੀ ਨਾਦ ਬਜਾਵੋ ਕਿਆ ਕਰ ਮਾਨੀਐ॥
ਨਹੀ ਝੋਲੀ ਡੰਡ ਕਮੰਡਲ ਪਤ੍ਰ ਕਿਆ ਠਾਨੀਐ॥
ਰਹੋ ਕਵਨ ਲਿਵ ਸਦਾ ਕਵਨ ਕੋ ਖੋਜਤੇ॥
ਪ੍ਰਭ ਕਹੋ ਸਕਲ ਬਿਰਤੰਤ ਮਗਨ ਮਨ ਮੌਜ ਤੇ॥੫॥

॥ਦੋਹਰਾ॥

ਸੁਨ ਯਹ ਬਚਨ ਪ੍ਰਸੰਨ ਹੋਇ ਬਿਗਸੇ ਕਰ ਪ੍ਰਭ ਭਾਇ॥
ਮਰਦਾਨੇ ਆਗਿਆ ਕਰੀ ਲੇਹੁ ਰਬਾਬ ਬਜਾਇ॥੬॥

॥ਨਿਰਾਜ ਛੰਦ॥

ਅਨਭੈ ਸਬਦ ਬਿਚਾਰ ਕੇ ਮੁਖਾਰਬਿੰਦ ਸੋ ਕਹਿਓ॥
ਸੁਧਾਰ ਧੁਨ ਰਬਾਬ ਕੀ ਉਚਾਰ ਨਾਦ ਕੋ ਭਇਓ॥
ਉਦਾਰ ਭਾਗ ਭਰਥਰੀ ਉਚਾਰ ਸਬਦ ਕੋ ਸੁਨਾ॥
ਬਿਚਾਰ ਹੀਏ ਧਾਰ ਕੇ ਸੁਧਾਰ ਚਿਤ ਮੋ ਗੁਨਾ॥੭॥

[4]ਤਬ ਬਾਬਾ ਜੀ ਸਬਦ ਉਚਾਰ ਕੀਆ ਰਾਗੁ ਆਸਾ ਮਹਲਾ:੧॥[5]

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥
ਜੋ ਕਿਛੁ ਕਰੇ ਭਲਾ ਕਰ ਮਾਨੋ ਸਹਜ ਜੋਗ ਨਿਧ ਪਾਵਉ॥੧॥
ਬਾਬਾ ਜੁਗਤਾ ਜੀਉ ਜੁਗਹ[6] ਜੁਗ ਜੋਗੀ ਪਰਮ ਤਤ ਮਹਿ ਜੋਗੰ॥
ਅੰਮ੍ਰਿਤ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ॥੧॥ਰਹਾਉ॥
ਸਿਵ ਨਗਰੀ ਮੋ ਆਸਨ ਬੈਸੋ ਕਲਪ ਤਿਆਗੀ ਬਾਦੰ॥
ਸਿੰਙੀ ਸਬਦ ਸਦਾ ਧੁਨਿ ਸੋਹੈ ਅਹਿਨਿਸ ਪੂਰੇ ਨਾਥੰ[7]॥੨॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਸੰਗ (ੲ)
[3] ਬਰਨ (ਅ,ੲ)
[4] ਇੱਥੇ '॥ਦੋਹਰਾ॥ਗ੍ਰਹਨ ਕਵਨ ਕੋ ਕਰੋ ਪ੍ਰਭ ਤਿਆਗ ਕਵਨ ਕੋ ਮਾਨ॥ਇਹ ਸਭ ਕੋ ਉਤਰ ਕਹੋ ਹੇ ਬਾਲਾ ਪੁਰਖ ਮਹਾਨ॥' ਪਾਠ ਹੈ (ਅ)
[5] ਇੱਥੇ ਸਿਰਲੇਖ '॥ਰਾਗੁ ਆਸਾ ਮਹਲਾ : ੧॥' (ੲ)
[6] ਜੁਗੋ (ਅ)
[7] ਨਾਦੰ (ੲ)

ਪਤ੍ਰ ਵੀਚਾਰੁ ਗਿਆਨ ਮਤ ਡੰਡਾ ਵਰਤਮਾਨ ਬਿਭੂਤੰ॥
ਹਰਿ ਕੀਰਤਨ ਰਹਿਰਾਸ ਹਮਾਰੀ ਗੁਰਮੁਖ ਪੰਥ ਅਤੀਤੰ॥੩॥
ਸਗਲੀ ਜੋਤ ਤੁਮਾਰੀ ਸੰਮਿਆ ਨਾਨਾ ਵਰਨ ਅਨੇਕੰ॥
ਕਹੇ ਨਾਨਕ ਸੁਣ ਭਰਥਰ ਜੋਗੀ ਪਾਰਬ੍ਰਹਮ ਲਿਵ ਏਕੰ॥੪॥

54/ੳ **॥ਤਿਸ ਕਾ ਅਰ/ਥ॥**[1]

॥ਨਿਰਾਜ ਛੰਦ॥

ਸੁਨੰਤ ਸਬਦ ਭਰਥਰੀ ਬਿਚਾਰ ਹੀਅ ਮੋ ਕਰਾ॥
ਉਦਾਰ ਭਾਗ ਜਾਨ ਕਰ ਪਦਾਰ ਬਿੰਦ ਪਰ ਗਿਰਾ॥
ਮੁਝੇ ਕਹਾ ਮੁਨੀਸ ਈਸ ਸੰਤ ਤੋਹ ਕੋ ਮਿਲੇ॥
ਗਿਆਨ ਦਾਨ ਦੇਇ ਤੋਹ ਸਹਜ ਭਾਇ ਬਿਚਰੇ॥੯॥

ਭਰਥਰੀ ਨਾਥ ਕੀ ਦਸਾ ਦੇਖਿ ਬਾਬਾ ਪ੍ਰਸੰਨ ਭਏ॥ਅਰ ਸਬਦ ਕਾ ਪਰਮਾਰਥ ਭਰਥਰੀ ਕੇ ਪ੍ਰਸਨ ਕਾ ਉਤ੍ਰ ਕਹਾ॥ਭਰਥਰੀ ਨਾਥ ਗੁਰ ਕਾ ਸਬਦ ਮਨ ਰੂਪੀ ਕਾਨ ਮੋ ਮੁੰਦ੍ਰਾ ਅਰੁ ਖਿਮਾ ਰੂਪੀ ਖਿੰਥਾ ਹਮਾਰੀ ਹੈ॥ਜੋ ਰਜਾਇ ਪਰਮੇਸਰ ਕੀ ਹੈ ਉਸੀ ਮੋ ਰਾਜੀ ਰਹਨਾ ਹਮ ਐਸਾ ਜੋਗ ਨਿਧ ਪਾਇਆ ਹੈ॥ਐਸਾ ਜੋ ਜੁਗਤਾ ਜੀਉ ਹੈ ਜਿਸ ਕਾ ਪਰਮ ਤਤ ਮੋ ਜੋਗ ਲਗਾ ਹੈ॥ਅੰਮ੍ਰਿਤ ਨਾਮ ਨਿਰੰਜਨ ਪਾਇ ਕੇ ਗਿਆਨ ਰੂਪੀ ਰਸ ਕਾਇਆ ਸੰਜੁਗਤ ਭੋਗ ਹਮ ਕੋ ਹੈ ਸਿਵ ਨਗਰੀ ਮੋ ਆਸਨ ਬੈਸਨ ਜੋ ਕਲਪਨਾ ਬਾਦ ਸੋ ਰਹਤ ਅਸਥਾਨ ਹਮਾਰਾ ਹੈ॥ਸਿੰਙੀ ਸਬਦ ਅਨਾਹਦ ਸਦਾ ਏਕ ਧੁਨ ਸੁੰਦਰ ਰਾਤ ਦਿਨ ਪੂਰਨ ਸਦ ਹੀ ਨਾ ਰਹੈ ਮਧਰ[2]॥ਹੇ ਭਰਥਰੀ ਜੀ ਵੀਚਾਰ ਰੂਪੀ ਪਤ੍ਰ ਅਰ ਗਿਆਨ ਮਤ ਡੰਡਾ ਹਮਾਰੇ ਹਾਥ ਹੈ॥ਅਰ ਜੋ ਕੁਛ ਵਰਤਮਾਨ ਹੈ ਵਹੀ ਬਿਭੂਤ ਹਮਾਰੀ ਹੈ॥ਹਰ ਕੀਰਤ ਰਹਰਾਸ ਹਮਾਰੇ ਰਹਰਾਸ ਕਹੀਐ ਗੁਰ ਮਾਰਗ ਹਮਾਰਾ ਪੰਥ ਗੁਰਮੁਖੀ ਅਤੀਤ ਹੈ॥ਹੇ ਭਰਥਰੀ ਜੀ ਜੋਤ ਪੂਰਨ ਨਾਨਾ ਬਰਨ ਅਨੇਕ ਹੈ ਜੋ ਹਮਾਰੇ ਸਭ ਸਮਾਨ ਹੈ॥ਹੇ ਭਰਥਰੀ ਨਾਥ ਜੀ ਏਕ ਪਾਰਬ੍ਰਹਮ ਕੀ ਲਿਵ ਮੋ ਸਦਾ ਸੰਤੁਸਟ ਰਹਤੇ ਹੈ॥ਇਹੁ ਬਚਨ ਗੁਰੂ ਬਾਬੇ ਨਾਨਕ ਜੀ ਕੇ ਸੁਨ ਕੇ ਭਰਥਰੀ ਬਹੁਤ ਹੀ ਪ੍ਰਸੰਨ ਭਏ॥ਅਰ ਉਠ ਕੇ ਨਮਸਕਾਰ ਕੀਆ॥ਅਰ ਕਹਨੇ ਲਾਗਾ ਏ ਬਾਬਾ ਨਾਨਕ ਮੈ ਇਸੇ ਵਾਸਤੇ ਇਸ ਅਸਥਾਨ ਬਿਖੇ ਤਪ ਕਰਤਾ ਥਾ॥ਜੋ ਤੁਮ ਭਗਤ ਕਾ ਅਉਤਾਰ ਧਾਰ
54/ਅ ਕੇ ਈਹਾ ਆਵੋਗੇ॥ਅ/ਰੁ ਮੁਝ ਕੋ ਤਤ ਗਿਆਨ ਕਾ ਉਪਦੇਸ ਕਰਕੇ ਮੇਰਾ ਸੰਦੇਹਿ ਦੂਰ ਕਰੋ॥ਤਿਸ ਕੇ ਪਰਥਾਇ ਗੁਰੂ ਬਾਬੇ ਨਾਨਕ ਜੀ ਨੇ॥

॥ਰਾਗ ਆਸਾ ਮ:੧॥ਅਸਟਪਦੀ ਬੋਲੀ॥[3]

ਉਤਰ ਅਵਘਟ ਸਰਵਰ ਨਾਵੈ॥ਬਕੇ ਨ ਬੋਲੇ ਹਰਿ ਗੁਨ ਗਾਵੈ॥
ਜਲ ਅਕਾਸੀ ਸੁੰਨ ਸਮਾਵੈ॥ਰਸੁ ਸਤ ਝੋਲ ਮਹਾ ਰਸੁ ਪਾਵੈ॥੧॥
ਐਸਾ ਗਿਆਨੁ ਸੁਨੋ ਅਬ ਮੋਰੇ॥ਭਰਪੁਰ ਧਾਰ ਰਹਿਆ ਸਭ ਠਉਰੇ॥੧॥ਰਹਾਓ॥

॥ਤਿਸ ਕਾ ਪ੍ਰਮਾਰਥ॥[4]

ਹੇ ਭਰਥਰ ਨਾਥ ਜੀ ਮੈ ਤੁਮ ਕੋ ਦਿਵ ਜੋਗ ਕਹਿਤਾ ਹੋ॥ਜਿਸ ਸਿਉ ਤਤ ਗਿਆਨ ਪ੍ਰਗਟ ਹੈ॥ਹੇ ਭਰਥਰ ਨਾਥ ਉਤ੍ਰ ਦਿਸਾ ਸਿਉ ਜੋਗੀ ਅਵਘਟ ਸਰੋਵਰ ਮੋ ਇਸਨਾਨ ਕਰਕੇ ਪਵਿਤ੍ਰ ਹੋਵਹਿ॥

॥ਤਿਸ ਕਾ ਪ੍ਰਮਾਰਥ ਯਹ॥

ਜੋ ਮਨ ਪ੍ਰਾਨੋ ਸੋ ਸੰਜੁਗਤ ਹੋਇ॥ਬਾਹਰ ਮੁਖੀ ਪਦਾਰਥੋ ਕੇ ਰਸ ਲੇਤਾ ਹੈ॥ਤਿਸ ਮਨ ਕੋ ਇੜਾ ਦੁਆਰੇ ਅੰਤਰਗਤ ਹੋਇ ਕਰ ਮਨ ਅਵਰ ਪਵਨ ਕੋ ਮਿਸ੍ਰਤ ਕਰੇ॥ਤਬ ਭਜਨ ਕੀ ਸਕਤ ਸੋ ਦਸਵੇ ਦੁਆਰ ਕੋ ਚਲੇ॥ਤਬ ਬਕਨੇ ਅਰੁ ਬੋਲਨੇ ਕਾ ਤਿਆਗ ਕਰੇ॥ਬਚਨਾ ਕਹੀਐ ਮਨ ਕਾ ਸੰਕਲਪ॥ਬੋਲਨਾ ਕਹੀਐ ਜਿਹਬਾ ਕਾ ਵਾਕ॥ਏਹੁ ਦੋਨਉ ਕੰਮੁ ਤਿਆਗੈ॥ਤਬ ਨਿਰਵਿਕਲਪ ਹੂਆ॥ਤਬ ਆਕਾਸੀ ਸਰ ਮੋ ਜਾਇ ਪ੍ਰਾਪਤ ਭਇਆ॥ਜਹਾ ਸੁੰਨ ਰੂਪੀ ਜਲ ਹੈ॥ਤਿਸ ਮੋ ਲੀਨ ਹੋਵੈ॥ਤਿਸ ਸੁੰਨ ਰੂਪ ਜਲ ਮੋ ਸਤ ਸਰੂਪ ਜੋ ਰਸ ਹੈ॥ਤਿਸ ਕੋ ਤਤ ਬਿਚਾਰ ਕਰਿ ਮਥੇ॥ਤਬ ਮਹਾ ਰਸ ਕੋ ਪਾਵੈ॥

---

[1] ਇੱਥੇ ਸਿਰਲੇਖ '॥ਤਿਸ ਕਾ ਅਰਥ॥'ਨਹੀਂ ਹੈ (ਅ,ੲ)
[2] ਇੱਥੇ 'ਨਾ ਰਹੈ ਮਧਰ' ਦੀ ਜਗ੍ਹਾ ਤੇ 'ਨਾਮ ਪਰ ਗਹੈ' (ਅ), 'ਮਹਾ ਰਸ'(ੲ) ਪਾਠ ਹੈ
[3] ਇੱਥੇ ਸਿਰਲੇਖ '॥ਰਾਗ ਅਸਟਪਦੀ ਬੋਲੀ॥' (ੲ)
[4] ਇੱਥੇ ਸਿਰਲੇਖ '॥ਤਿਸ ਕਾ ਪ੍ਰਮਾਰਥ॥'ਨਹੀਂ ਹੈ (ੲ)

॥ਅਰਥ ਯਹ॥

ਜੋ ਆਤਮ ਪਦ ਸਿਉ ਪਰਮਾਤਮ ਪਦ ਲੀਨ ਭਇਆ॥ਇਸ ਕੋ ਪੂਰਨ ਗਿਆਨ ਕਹਤੇ ਹੈ॥ਹੇ ਭਰਥਰ ਨਾਥ ਐਸੇ ਮੇਰੇ ਅੰਤਰ ਗਿਆਨ ਪਰਕਾਸ ਹੈ॥ਅਰੁ ਸਰਬ ਠਉਰ ਪੂਰਨ
55/ੳ ਹੈ॥ਅਰ/ਸਰਬ ਧਾਰ ਰਹਿਆ ਹੈ॥ਵਹੀ ਮੇਰਾ ਗਿਆਨ ਹੈ॥

॥ਫੇਰ ਪਉੜੀ ਦੂਸਰੀ ਕਹੀ॥[1]

ਸਚ ਬਰਤ ਨੇਮ ਕਾਲ ਸੰਤਾਵੈ॥ਸਤਗੁਰ ਸਬਦ ਕਰੋਧ ਜਲਾਵੈ॥
ਗਗਨ ਨਿਵਾਸ ਸਮਾਧ ਲਗਾਵੈ॥ਪਾਰਸ ਪਰਸ ਪਰਮ ਪਦ ਪਾਵੈ॥

॥ਤਿਸ ਕਾ ਪਰਮਾਰਥ॥[2]

ਹੇ ਭਰਥਰੀ ਸਚ ਪਦ ਕੋ ਦਿੜ ਕਰਨਾ ਏਹੁ ਬਰਤ ਨੇਮ ਹੈ॥ਅਰ ਮਿਰਤਕ ਕਾ ਭੈ ਨਿਵਰਤ ਹੋਤਾ ਹੈ॥ਅਰ ਗੁਰ ਕੇ ਬਚਨ ਸਿਉ ਰਹਨਿ ਹੋਇ ਕਰ ਕੇ ਕ੍ਰੋਧ ਰੂਪੀ ਪਿਸਾਚ ਕੋ ਨਿਵਾਰਨ ਕਰੇ॥ਸਦਾ ਤਿਸ ਕੀ ਸਮਾਧ ਗਗਨ ਅਸਥਾਨ ਮੋ ਦਿੜ ਹੋਇ॥ਤਬ ਪਾਰਸ ਮਿਲੇ ਪਾਰਸ ਪਦ ਪ੍ਰਾਪਤ ਭਇਆ॥ਅਰਥ ਯਹ॥ਜੋ ਪਰਮਾਤਮ ਪਦ ਬਿਖੇ ਆਤਮ ਪਦ ਲੀਨ ਭਇਆ॥ਏਹੀ ਮੇਰਾ ਗਿਆਨ ਪਦ ਹੈ॥

॥ਤਾ ਫੇਰ ਤੀਜੀ ਪਉੜੀ ਕਹੀ॥[3]

ਸਚ ਮਨ ਕਾਰਨ ਤਤ ਬਿਲੋਵੈ॥ਸੁਭਰ ਸਰਵਰ ਮੈਲ ਨ ਧੋਵੈ॥
ਜੈ ਸਿਉ ਰਾਤਾ ਤੈਸੋ ਹੋਵੈ॥ਆਪੇ ਕਰਤਾ ਕਰੇ ਸੋ ਹੋਵੈ॥

॥ਤਿਸ ਕਾ ਪਰਮਾਰਥ॥[4]

ਹੇ ਭਰਥਰ ਨਾਥ॥ਸਚ ਪਦ ਕੋ ਮਨ ਮੋ ਦਿੜ ਕਰਨਾ॥ਏਹੁ ਕਾਰਨ ਤਤ ਬਿਲੋਵਨੇ ਕਾ ਹੈ॥ਤਬ ਐਸੇ ਸਚ ਦਿੜ ਕਰ ਮਨ ਕੋ ਸੁਭਰ ਸਰੋਵਰ ਮੋ ਲੀਨ ਕਰੇ॥ਜੋ ਆਪਨੇ ਆਪ ਪੂਰਨ ਹੈ॥ਅਰੁ ਦੁਵੈਤ ਮਲੀਨਤਾ ਤੇ ਰਹਿਤ ਹੈ॥ਤਿਸ ਮੋ ਮਨ ਕੋ ਧੋਵੈ॥ਜਿਸ ਕਾ ਮਨ ਸਤ ਬਿਖੈ ਦ੍ਰਿੜ ਭਇਆ ਹੈ॥ਸੋ ਸਤ ਰੂਪ[5] ਭਇਆ ਵਹੁ ਮਨ ਪਰਮਾਤਮਾ ਬਿਖੇ ਲੀਨ ਹੋਤਾ ਹੈ॥ਆਗੇ ਜੈਸੀ ਕਿਸੇ ਕੀ ਲਗਨ ਹੈ॥ਤੈਸੇ ਹੀ ਕਿਸੀ ਕਉ ਪ੍ਰਾਪਤ ਹੋਤਾ ਹੈ॥ਤਬ ਇਹੁ ਆਪ ਹੀ ਕਰਤਾ ਭਇਆ॥ਇਸ ਪਦ ਕੋ ਚੀਨਾ ਸੋਈ ਰੂਪ ਹੋਆ ਇਹੁ ਮੇਰਾ ਨਿਰੰਤਰੀ ਗਿਆਨ ਹੈ॥

॥ਤਾ ਫੇਰ ਬਾਬੇ ਜੀ ਨੇ ਚੌਥੀ ਪਉੜੀ ਕਹੀ॥[6]

ਗੁਰ ਹਿਵ ਸੀਤਲ ਅਗਨ ਬੁਝਾਵੈ॥ਸੇਵਾ ਸੁਰਤ ਬਿਭੂਤ ਚੜਾਵੈ॥
55/ਅ ਦਰਸਨ ਆਪ ਸ/ਹਜ ਘਰ ਆਵੈ॥ਨਿਰਮਲ ਬਾਣੀ ਨਾਦ ਬਜਾਵੈ॥੪॥

॥ਤਿਸ ਕਾ ਪ੍ਰਮਾਰਥ॥

ਹੇ ਭਰਥਰੀ ਸੁਭਰ ਜੁ ਹੈ ਹਿਵ ਸੀਤਲ ਹੈ॥ਇਛਾ ਰੂਪੀ ਅਗਨ ਕੋ ਨਿਵਰਤ ਕਰਨਹਾਰੇ ਹੈ॥ਤਿਨ ਕੀ ਸੇਵਾ ਮੋ ਸੁਰਤ ਦ੍ਰਿੜ ਕਰਨੀ॥ਏਹੀ ਬਿਭੂਤ ਚੜਾਵਨੀ ਹੈ॥ਤਿਸ ਕਾ ਤਾਤਪਰਜ ਯਹ॥ਜੋ ਸਰਬਦਾ ਸੁਰਤ ਕੋ ਸਬਦ ਮੋ ਦਿੜ ਕਰਨੀ॥ਤਿਸੀ ਕੋ ਸੇਵਾ ਕਹੇ ਹੈ॥ਅਰ ਦਰਸਨ ਲੈਣਾ ਇਹੀ ਹੈ॥ਜੋ ਅਪਣੇ ਸਰੂਪ ਕੋ ਪਾਇ ਸਹਜਿ ਪਦ ਮੋ ਲੀਨ ਹੋਇਆ॥ਤਬ ਨਿਰਮਲ ਬਾਣੀ ਸਬਦੁ ਅਨਾਹਦ ਅਖੰਡ ਧੁੰਨ ਐਸਾ ਨਾਦ ਬਜਾਵੈ॥ਇਹੀ ਮੇਰਾ ਗਿਆਨ ਹੈ॥

॥ਫੇਰ ਬਾਬੇ ਜੀ ਨੇ ਪੰਜਵੀ ਪਉੜੀ ਕਹੀ॥[7]

ਅੰਤਰਿ ਗਿਆਨ ਮਹਾ ਰਸ ਸਾਰ॥
ਤੀਰਥ ਮਜਨ ਗੁਰ ਵਿਚਾਰ॥ਅੰਤਰ ਪੂਜਾ ਥਾਨ ਮੁਰਾਰੀ॥

---

[1] ਇੱਥੇ ਸਿਰਲੇਖ '॥ਫੇਰ ਪਉੜੀ ਦੂਸਰੀ ਕਹੀ॥ 'ਨਹੀਂ ਹੈ (ੲ)
[2] ਇੱਥੇ ਸਿਰਲੇਖ '॥ਅਰਥ॥' ਹੈ (ੲ)
[3] ਇੱਥੇ ਸਿਰਲੇਖ '॥ਪਉੜੀ॥' ਹੈ (ੲ)
[4] ਇੱਥੇ ਸਿਰਲੇਖ '॥ਅਰਥ॥' ਹੈ (ੲ)
[5] ਸਰੂਪ (ਅ)
[6] ਇੱਥੇ ਸਿਰਲੇਖ '॥ਪਉੜੀ॥' ਹੈ (ੲ)
[7] ਇੱਥੇ ਸਿਰਲੇਖ '॥ਪਉੜੀ॥' ਹੈ (ੲ)

॥ਤਿਸ ਕਾ ਪ੍ਰਮਾਰਥ॥

ਹੇ ਭਰਥਰੀ ਅੰਤਰ ਗਿਆਨ ਕਹੀਐ॥ਨਿਜ ਸਰੂਪ ਕੋ ਪਾਵਨਾ॥ਏਹੀ ਮਹਾ ਰਸੁ ਸਾਰ ਹੈ॥ਅਰੁ ਤੀਰਥ ਮਜਨ ਮੇਰੇ ਮਤ ਬਿਖੇ ਏਹੀ ਹੈ॥ਜੋ ਗੁਰ ਕੇ ਬਚਨੋ[1] ਸਰਬਦਾ ਬਿਚਾਰ ਕਰਨਾ॥ਅਰ ਅੰਤਰ ਹੀ ਪੂਜਾ ਹੈ॥ਅਰ ਅੰਤਰ ਹੀ ਅਸਥਾਨ ਮੁਰਾਰ ਕਾ ਹੈ॥

॥ਅਰਥ ਯਹ॥

ਜੋ ਨਿਜ ਸਰੂਪ ਕੋ ਗੁਰ ਕੇ ਬਚਨ ਕਰ ਪਾਵਨਾ॥ਅਰ ਤਿਸੀ ਮੋ ਸਦਾ ਮਗਨ ਰਹਿਨਾ॥ਇਹੀ ਅੰਤਰ ਕੀ ਪੂਜਾ ਹੈ॥ਇਸੀ ਪ੍ਰਕਾਰ ਜੋਤ ਮੋ ਜੋਤ ਮਿਲਾਪ ਭਇਆ॥ਏਹੀ ਮੇਰਾ ਗਿਆਨ ਹੈ॥

॥ਫੇਰ ਬਾਬੇ ਜੀ ਨੇ ਛਿਵੀ ਪਉੜੀ ਕਹੀ॥੬॥[2]

ਰਸੁ ਰਸੁ ਆਤਮ ਏਕੈ ਭਾਉ॥ਤਖਤ ਨਿਵਾਸੀ ਪੰਚ ਸਮਾਇ॥
ਕਾਰ ਕਮਾਈ ਖਸਮ ਰਜਾਇ॥ਅਵਗਤ ਨਾਥ ਨ ਲਖਿਆ ਜਾਇ॥[3]

॥ਤਿਸ ਕਾ ਪ੍ਰਮਾਰਥ॥

ਹੇ ਭਰਥਰੀ ਨਿਜ ਸਰੂਪ ਮੋ ਦ੍ਰਿੜਤਾ ਕਰਕੇ ਐਸੇ ਰਸੁ ਮੋ ਜੋ ਪੁਰਖ ਰਸੇ ਹੈ॥ਤਿਨ ਕੀ ਮਤਿ
56/ੳ ਏਕ ਬ੍ਰਹ/ਮ ਭਾਵ ਬਿਖੈ ਸਦਾ ਹੀ ਹੈ॥ਪੰਚ ਸਬਦ ਕਉ ਸਮਾਇ ਤਖਤ ਨਿਵਾਸੀ ਭਏ[4]॥ਤਿਸ ਨੇ ਜੋ ਕਾਰ ਕਮਾਈ ਹੈ॥ਸੋ ਖਸਮ ਕੀ ਰਜਾਇ[5] ਮੋ ਹੈ॥ ॥ਅਰਥ ਯਹ ਹੈ॥ਜੋ ਅਹੰਮਤ ਤਿਨ ਕੀ ਨਿਵਰਤ ਭਈ ਹੈ॥ਵਹੀ ਅਵਗਤ ਨਾਥ ਪਦ ਹੈ॥ਵਹੀ ਅਲਖ ਪਦ ਹੈ॥ਯਹੀ ਮੇਰਾ ਨਿਰੰਤ੍ਰੀ ਧਿਆਨ ਹੈ॥

॥ਤਾ ਫੇਰ ਬਾਬੇ ਜੀ ਨੇ ਸਤਵੀ ਪਉੜੀ ਕਹੀ॥[6]

ਜਲ ਮੈ ਉਪਜੈ ਜਲ ਤੇ ਦੂਰ॥ਜਲ ਮੈ ਜੋਤ ਰਹਿਆ ਭਰਪੂਰ॥
ਕਿਸ ਨੇੜੇ ਆਖਾ ਕਿਸ ਦੂਰ॥ਗੁਨ ਨਿਧ ਗਾਵਾ ਦੇਖ ਹਦੂਰ॥

॥ਤਿਸ ਕਾ ਅਰਥ॥[7]

ਹੇ ਭਰਥਰੀ ਨਾਥ ਜੇਸੈ ਕਮਲ ਜਲ ਸੋ ਉਪਜਤਾ ਹੈ॥ਅਰੁ ਜਲ ਸਿਉ ਅਲਗ ਰਹਿਤਾ ਹੈ॥ਅਰ[8] ਹੈ ਜਲ ਕੀ ਅੰਸ॥ਸੋ ਜਲ ਹੀ ਸੋ ਸਦਾ ਪਰਫੁਲਤ ਰਹਿਤਾ ਹੈ॥ਤੈਸੇ ਯਹ ਸਭ ਪਰਕਾਸ ਬ੍ਰਹਮ ਹੀ ਹੈ॥ਅਰ ਬ੍ਰਹਮ ਕੀ ਸਕਤ ਸੋ ਸਦਾ ਪ੍ਰਕਾਸ ਹੈ॥ਤਾ ਤੇ ਨੇੜੇ ਅਰ ਦੂਰ ਕਿਆ ਕਹਿਆ ਜਾਇ॥ਐਸੀ ਜੁਗਤ ਬ੍ਰਹਮ ਸਰਬ ਗੁਨ ਨਿਧਾਨ ਕਉ ਸਦਾ ਸਰਬਦਾ ਹਾਜਰ ਹਜੂਰ ਗਾਵਤਾ ਹੋ॥ਏਹੀ ਮੇਰਾ ਨਿਜ ਗਿਆਨ ਹੈ॥

॥ਤਾ ਫੇਰ ਬਾਬੇ ਜੀ ਨੇ ਅਠਵੀ ਪਉੜੀ ਕਹੀ॥੮॥[9]

ਅੰਤਰ ਬਾਹਰ ਅਵਰ ਨ ਕੋਇ॥ਜੋ ਤਿਸੁ ਭਾਵੈ ਸੋ ਫੁਨਿ ਹੋਇ॥
ਸੁਣ ਭਰਥਰ ਨਾਨਕ ਕਹੇ ਬੀਚਾਰ॥ਨਿਰਮਲ ਨਾਮ ਮੇਰਾ ਆਧਾਰ॥

॥ਤਿਸ ਕਾ ਪ੍ਰਮਰਥ॥[10]

ਹੇ ਭਰਥਰ ਜੋ ਅੰਤਰ ਹੈ ਸੋਈ ਬਾਹਰ ਹੈ॥ਏਹੁ ਭੇਦੁ ਨਿਵਾਰਨ ਜੋਗ ਹੈ॥ਜੋ ਕਛੁ ਹੋਤਾ ਹੈ ਸੋ ਉਸੇ ਕੀ ਆਗਿਆ ਪਾਇ ਕੇ ਹੋਤਾ ਹੈ॥ਸੁਨ ਭਰਥਰ ਨਾਥ ਮੇਰਾ ਏਹੀ ਤਤ ਬੀਚਾਰ ਹੈ॥ਮੈ ਇਸ ਪ੍ਰਕਾਰ ਕਰਕੇ ਨਿਰਮਲ ਨਾਮੁ ਕੇ ਅਧਾਰ ਸੋ ਰਹਿਤਾ ਹੋ॥ਜਬ ਇਹੁ ਵਾਕ ਬਾਬੇ ਜੀ ਕੇ ਮੁਖਾਰਬਿੰਦ ਸੋ ਭਰਥਰ ਨਾਥ ਨੇ ਸੁਨੇ॥ਬਹੁਤ ਮਗਨ ਭਇਆ॥

॥ਰਸਾਵਲ ਛੰਦ॥

ਸੁਨੰਤ ਭਰਥਰੀ ਸਬਦ ਦਿਆਲ ਬਾ ਲਾਲ ਕੋ॥

---

[1] ਬਚਨੋ ਕਾ (ਅ,ੲ,ਸ)
[2] ਇੱਥੇ ਸਿਰਲੇਖ '॥ਪਉੜੀ॥' ਹੈ (ੲ)
[3] ਇੱਥੇ 'ਅਵਗਤ ਨਾਥ ਨ ਲਖਿਆ ਜਾਇ' ਵਾਲੀ ਪੰਕਤੀ ਨਹੀਂ ਹੈ (ਸ)
[4] ਭਏ ਹੈ (ਅ,ੲ)
[5] ਜਾਇ (ਸ)
[6] ਇੱਥੇ ਸਿਰਲੇਖ '॥ਪਉੜੀ ਸਤਵੀਂ॥' ਹੈ (ੲ)
[7] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[8] ਇੱਥੇ ਸ਼ਬਦ 'ਅਰ' ਨਹੀਂ ਹੈ (ਸ)
[9] ਇੱਥੇ ਸਿਰਲੇਖ '॥ਪਉੜੀ ਅਠਵੀਂ॥' ਹੈ (ੲ)
[10] ਇੱਥੇ ਸਿਰਲੇਖ '॥ਅਰਥ॥' ਹੈ (ੲ)

56/ਅ ਲਗੀ ਸਮਾਧ ਨਿਰਬਿ/ਕਲਪ ਜੋਗ ਨਿਧ ਬਿਸਾਲ ਕੋ॥
ਜਗੰਤ ਨਾਥ ਨੀਦ ਸੋ ਜੋ ਸਿਧਮਾਨ ਸੋ ਭਈ॥
ਬਜੰਤ ਸਬਦ ਅਨਹਦਾ ਦਿਆ ਦਿਆਲ ਜੀ ਕਰੀ॥੧੦॥

॥ਮਕਰਾ ਛੰਦ॥

ਅੰਤਰਿ ਸਮਾਧ ਲਾਗੀ॥ਰਸ ਨਿਰਬਕਲਪ ਪਾਗੀ॥
ਬਾਜੰਤ[1] ਸਬਦ ਅਨਹਦਾ ਓਅੰਕਾਰ ਧੁਨ ਅਪਾਰਾ॥੧੧॥
ਨਿਜ ਰੂਪ ਮੋ ਸਮਾਨਾ॥ਬਿੱਗਆਨ ਰੂਪ ਠਾਨਾ॥
ਜੋਤੀ ਸਰੂਪ ਦੇਖਾ॥ਜਗ ਬ੍ਰਹਮ ਕੋ ਪਸਾਰਾ॥੧੨॥
ਤਬ ਭਰਥਰੀ ਸਭਾਗਾ॥ਚਰਨਨ ਦਿਆਲ ਲਾਗਾ॥
ਧਨ ਧੰਨ ਸੰਤ ਦਿਆਲੰ ਮਹਾ ਮੋਹ ਸੋ ਨਿਕਾਰਾ॥੧੩॥
ਸਤਗੁਰ ਦਿਆਲ ਦਾਤਾ॥ਕਰ ਭਰਥਰੀ ਸਨਾਥਾ॥
ਅਤ ਪ੍ਰੀਤ ਸੋ ਬਿਦਾ ਹੋਇ ਪਗ ਸਿੰਧ ਪਾਰ ਧਾਰਾ॥੧੪॥

॥ਦੋਹਰਾ॥

ਭਰਥਰ ਸੋ ਪ੍ਰਭ ਬਿਦਾ ਹੋਇ ਗਏ ਸਿੰਧ ਪਟ ਪਾਰ॥
ਸੰਗਲਾ ਦੀਪ ਮੋ ਜਾਇ ਕੇ ਕੀਆ ਸਿਵਨਾਭ ਉਧਾਰ॥੧੫॥

॥ਸਾਖੀ ਪੂਰਨ ਹੋਈ॥੩੧॥[2]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

[1] ਬਾਵੰਤ (ਸ)
[2] ਇੱਥੇ 'ਭਰਥਰ ਸੋ ਪ੍ਰਭ ਬਿਦਾ....ਸਾਖੀ ਪੂਰਨ ਹੋਈ॥੩੧॥' ਵਾਲਾ ਪਾਠ ਨਹੀਂ ਹੈ (ੲ)

॥ੴ ਸਤਿਗੁਰ ਪ੍ਰਸਾਦਿ॥

[ਸਾਖੀ ਰਾਜਾ ਸਿਵਨਾਭ ਨਾਲ ਚਰਚਾ]

॥ਦੋਹਰਾ॥

ਇਕ ਬਡਭਾਗੀ ਬਨੀਆ ਰਹੇ ਬਾਬਾ ਜੀ ਸੋ ਪ੍ਰੇਮ॥
ਬਾਨੀ ਪੜੇ ਦਿਆਲ ਕੀ ਸਦਾ ਤਾਹਿ ਕੋ ਨੇਮ॥੧॥

॥ਚੌਪਈ॥

ਤਿਨ ਲਦਾ ਮਾਲ ਗਿਆ ਸੰਗਲਾ ਦੀਪ॥ਉਤਰ ਪਾਰ ਗਇਆ ਨਗਰ ਸਮੀਪ॥
ਜਾਇ ਬੰਦਰ ਮੋ ਮਾਲ ਉਤਾਰਾ॥ਧਰਮ ਕੀ ਕਿਰਤ ਕਰੇ ਬਿਵਹਾਰਾ॥੨॥
ਸਿਵਨਾਭ ਨਾਮ ਤਹਾ ਕੋ ਰਾਜਾ॥ਬਿਸਨ ਭਗਤ ਕਾ ਬਡੋ ਸਮਾਜਾ॥
ਤਹਾ ਬਰਤ ਇਕਾਦਸੀ ਕੋ ਅਧਕਾਰਾ॥ਭਈ ਇਕਾਦਸੀ ਬਰਤ ਸਧਾਰਾ॥੩॥
57/ੳ ਬਰਤ ਕੇ ਦਿਨ ਕੋਊ ਅੰ/ਨਿ ਨ ਖਾਵੈ॥ਜੋ ਖਾਵੈ ਰਾਜਾ ਡਾਨ ਲਗਾਵੈ॥
ਤਾ ਦਿਨ ਬਨੀਏ ਕਰੀ ਰਸੋਈ॥ਕਰੇ ਦੁਰਬਾਦ ਪਰਜਾ ਸਭ ਕੋਈ॥੪॥
ਸਭ ਲੋਗਨ ਜਾਇ ਰਾਜਾ ਸੋ ਆਖਾ॥ਬੰਦਰ ਮੋ ਬਨੀਆ ਤਿਨ ਬਰਤਨ ਰਾਖਾ॥
ਰਾਜਾ ਤਾ ਕੋ ਲੀਆ ਬੁਲਾਈ॥ਬਰਤ ਨੇਮ ਕੀ ਬਿਧ ਸਮਝਾਈ॥੫॥

॥ਦੋਹਰਾ॥

ਇਕਾਦਸੀ ਬਰਤੁ ਰਾਖੋ ਨਹੀ ਅੰਨੁ ਕਰੋ ਆਹਾਰ॥
ਕਵਨ ਧਰਮ ਤੁਮਨੇ ਕਹੋ ਉਤਰ ਬਾਤ ਬਿਚਾਰ॥੬॥[1]

॥ਬਨੀਆ ਬਾਚ॥

॥ਅੜਲ॥

ਸੁਨ ਰਾਜਾ ਮੈ ਨਿਜਮਤ ਕਹੋ ਬਿਚਾਰ ਕੇ॥
ਜੋ ਸਤਿਗੁਰ ਕੀਓ ਉਪਦੇਸ ਜੋ ਹੀਏ ਧਾਰ ਕੇ॥
ਮੈ ਬਾਨੀ ਗੁਰ ਕੀ ਪੜੋ ਵਹੀ ਬ੍ਰਤ ਨੇਮ ਹੈ॥
ਗੁਰ ਬਚਨਨ ਕੇ ਪਰਤਾਪ ਕੁਸਲ ਮਨ ਖੇਮ ਹੈ॥੭॥

॥ਰਾਜਾ ਬਾਚ॥

ਗੁਰਬਾਨੀ ਮੋਹਿ ਸੁਨਾਵ ਕਵਨ ਮਤੁ ਠਾਨਿਆ॥
ਹੈ ਕੋਊ ਅਚਰਜ ਬਾਤ ਜਿ ਤੁਮਨੇ ਮਾਨਿਆ॥
ਤਬ ਬਨੀਏ ਕੀਓ ਉਚਾਰ ਬਾਨੀ ਗੁਰ ਦਿਆਲ ਕੀ॥
ਹੋ ਸੁਨ ਰਾਜਾ ਭਏ ਸੰਤੁਸਟ ਨਿਰਧਨ ਸੁਧ ਮਾਲ ਕੀ॥੮॥
ਤਬ ਬਨੀਏ ਨੇ॥ਗੁਰੂ ਬਾਬੇ ਜੀ ਕੇ ਮੁਖ ਵਾਕ ਕਾ ਸਲੋਕ ਪੜ ਕੇ ਸੁਨਾਇਆ॥ਰਾਜੇ ਸਿਵਨਾਭ ਕੋ॥ਸਲੋਕ ਵਾਰ ਵਿਚੋ॥[2]
ਸਚੁ ਵਰਤੁ ਸੰਤੋਖੁ ਤੀਰਥ ਗਿਆਨ ਧਿਆਨ ਇਸਨਾਨ॥
ਦਇਆ ਦੇਵਤਾ ਖਿਮਾ ਜਪ ਮਾਲੀ ਤੇ ਮਾਨੁਖ ਪਰਧਾਨ॥
ਜੁਗਤ ਧੋਤੀ ਸੁਰਤ ਚੌਕਾ ਤਿਲਕ ਕਰਨੀ ਹੋਇ॥
ਭਾਵ ਭੋਜਨ ਨਾਨਕਾ ਵਿਰਲਾ ਤੁ ਕੋਈ ਕੋਇ॥

॥ਅੜਲ॥[3]

ਸੁਨ ਰਾਇ ਕੀਆ ਬੀਚਾਰ ਪੂਰਨ ਤਤੁ ਗਿਆਨ ਹੈ॥
ਬਿਸਨ ਭਗਤ ਕੇ ਮਗ ਉਜਿਆਰੋ ਭਾਨ ਹੈ॥
ਕਹੋ ਕਵਨ ਬਿਧ ਮੋਹਿ ਐਸੋ ਸਤਗੁਰ ਮਿਲੇ॥
ਹੋ ਜਨਮ ਮਰਨ ਕੋ ਦੂਖ ਹਮਾਰੋ ਸਭ ਟਲੈ॥੯॥

---

[1] ਕਵਨ ਧਰਮ ਤੁਮਨੇ ਦਿੜਾ ਕਹੋ ਉਤਰ ਬਚਨ ਬਾਤ ਬਿਚਾਰ॥ (ੲ)
[2] ਇੱਥ 'ਰਾਜੇ ਸਿਵਨਾਭ ਕੋ॥ਸਲੋਕ ਵਾਰ ਵਿਚੋ॥' ਦੀ ਜਗ੍ਹਾ '॥ਸਲੋਕ ਮਹਲਾ ੧॥' ਪਾਠ ਹੈ (ੲ)
[3] ਇੱਥੇ ਸਿਰਲੇਖ '॥ਅੜਲ॥' ਨਹੀਂ ਹੈ (ਅ,ੲ)

ਮੈ ਖੋਜੋ ਸਭ ਠੌਰ ਜੁ ਮੋਹਿ ਬਤਾਈਐ॥[1]
57/ਅ /ਅੰਤਰਜਾਮੀ[2] ਦਿਆਲ ਜਤਨ ਕਰਨਾ ਮਿਲੇ॥
ਜਬ ਜਾਨੇ ਪੂਰਨ ਪ੍ਰੇਮ ਤਾਹ ਢਿਗ ਵੇ ਢੁਲੇ॥੧੦॥

॥ਦੋਹਰਾ॥

ਕਰੋ ਉਪਨਾ[3] ਪ੍ਰੇਮ ਜੁਤ ਮਨ ਮੋ ਧਰੋ ਧਿਆਨ॥
ਅੰਤਰਜਾਮੀ ਦਿਆਲ ਗੁਰ ਆਇ ਮਿਲੈ ਦੇਹਿ ਗਿਆਨ॥੧੧॥

॥ਰਸਾਵਲ ਛੰਤ॥

ਸੁਨੰਤ ਬਚਨ ਰਾਇ ਨੇ ਬਢਾਇ ਪ੍ਰੇਮ ਮਨ ਬਿਖੇ॥
ਧਰਿਓ ਧਿਆਨ ਮਨ ਬਿਖੇ ਕੋਊ ਕਲਾ ਨਹ ਲਖੇ॥
ਭਇਓ ਭੀਤ ਚਿਤ ਕੇ ਅਕਾਰ ਖਾਨ ਪਾਨ ਸਭ ਹਰਿਉ॥
ਮਹਾ ਪ੍ਰੇਮੁ ਨੇਮੁ ਧਾਰ ਕੇ ਧਿਆਨ ਦਿਆਲ ਕੋ ਧਰਿਉ॥
ਰਹੀ ਨ ਸੁਧ ਸਰੀਰ ਕੀ ਜੁ ਪ੍ਰੇਮ ਸਿੰਧ ਮੋ ਗਿਰਾ॥
ਬਹੀ ਸੁ ਬੁਧ ਧੀਰ ਕੀ ਅਧੀਰ ਧੀਰ ਕੋ ਧਰਾ॥
ਲਗੀ ਸੁ ਜਕਸ ਰੂਪ ਕੀ ਦਿਆਲ ਸੰਤ ਜੋ ਕਹਾ॥
ਮੁਕਤ ਜੋ ਪ੍ਰੇਮ ਸਿੰਧ ਮੋ ਖੋਜੰਤ ਹਰ ਰਤਨ ਲਹਾ॥੧੩॥
ਏਹੁ ਪ੍ਰੇਮੁ ਰਾਇ ਜੋ ਕਰਾ ਫੁਰਾ ਦਿਆਲ ਕੇ ਹੀਏ॥
ਹੋਇ ਪ੍ਰੇਮ ਬਸ ਭਗਤ ਕੇ ਸੁ ਸੁਰਤ ਮਗ ਕੋ ਲੀਏ॥[4]
ਇਕ ਸੁਹਕਾ[5] ਬਾਗੁ ਰਾਇ ਕਾ ਦੁਆਰ ਬੰਦ ਤਾਹ ਕੇ॥
ਭਏ ਅਸੀਨ ਤਾਹ ਮੋ ਪ੍ਰਭੂ ਦਿਆਲ ਆਇ ਕੇ॥੧੪॥

॥ਦੋਹਰਾ॥

ਜਿਹ ਚਰਨ ਪਰਤਾਪ ਸਤੀ ਸਿਲਾ ਧਰ ਦੇਵ ਰੂਪ ਭਈ ਮੁਕਤ॥
ਕਿਆ ਸੁਹਕ ਬਾਗ ਹਰੀਆਵਲਾ ਫਲ ਫੂਲ ਪਤ੍ਰ ਸੰਜੁਗਤ॥੧੫॥

॥ਚੌਪਈ॥

ਜਬ ਸੋ ਸੁਹਕ ਬਾਗ ਵੈ ਭਇਆ॥ਮੂੰਦ ਦੁਆਰ ਮਾਲੀ ਉਠਿ ਗਿਆ॥
ਕਬੀ ਕਬੀ ਦੇਖਨ ਕੋ ਆਵੈ॥ਸੁਹਕ ਦੇਖ ਮਨ ਰੋਸ ਮਨਾਵੈ॥੧੬॥
ਤਿਸ ਦਿਨ ਗਇਆ ਦੇਖਾ ਹਰਿਆਵਲ॥ਅਤ ਸੁਖ ਭਇਆ ਮਨ ਮਹਾ ਬਿਲਾਵਲ॥
ਦੇਖ ਜਾਇ ਰਾਜਾ ਸੋ ਕਹਾ॥ਸੁਹਕ ਬਾਗ ਹਰੀਆਵਲ ਭਇਆ॥੧੭॥
ਸੁਨ ਰਾਜਾ ਮਨੁ ਮੋ ਭਇਆ ਸੁਖੀ॥ਸੁਭ ਪਰਤਗਿ[6] ਮਨ ਮੋ ਰਖੀ॥
58/ੳ ਕਹਾ ਰਾਜਾ ਜਾਇ ਖੋਲੋ ਤੁਮ ਦੁਆ/ਰ॥ਦੇਖੋ ਚਰਤ ਬਿਧ ਕਹੋ ਬਿਚਾਰ॥੧੮॥
ਲੇ ਆਗਿਆ ਮਾਲੀ ਦੁਆਰ ਖੋਲਾ॥ਗਇਆ ਅੰਤਰ ਦੇਖਾ ਦਰਸ ਅਮੋਲਾ॥
ਆਇ ਰਾਜਾ ਸੋ ਕਹਾ ਬ੍ਰਿਤੰਤ॥ਕੋਊ ਬਾਗ ਮਾਹਿ ਬੈਠਾ ਹੈ ਸੰਤ॥੧੯॥
ਤਿਹ ਚਰਨ ਪਰਤਾਪੁ ਬਾਗ ਭਇਆ ਹਰਾ॥ਬਡੇ ਭਾਗ ਮੈ ਦਰਸਨ ਕਰਾ॥
ਸੁਨ ਸੰਤ ਨਾਮ ਰਹਿਆ ਰਾਉ ਅਘਾਇ॥ਪਠੀ ਲੇਨ ਪਰਤਗਿਆ ਤ੍ਰਿਆ ਬੁਲਾਇ॥੨੦॥

॥ਦੋਹਰਾ॥

ਜਾ ਦਿਨ ਤੇ ਕਰੀ ਉਪਨਾ[7] ਰਾਜਾ ਸਤਗੁਰ ਭਾਇ॥
ਕੋਊ ਸਿਧ ਅਤੀਤ ਆਵੈ ਨਗਰ ਮੋ ਤਹਾ ਤਿਰੀਆ ਦੇਇ ਪਠਾਇ॥੨੧॥
[8]ਇੰਦ੍ਰੀ ਜਿਤ ਕੀ ਲੇ ਪਰਤਗਿਆ॥ਜੋ ਕੋਈ ਤ੍ਰੀਆ ਚਰਿਤ੍ਰ ਰੰਗਿ ਨਹੀ ਰੰਗਿਆ॥

---

[1] ਮੈ ਖੋਜੋ ਸਭ ਠੌਰ ਜੁ ਮੋਹਿ ਬਤਾਈਐ॥ਜਿਉ ਸਤਿਗੁਰ ਮੋਹਿ ਮਿਲੈ ਸੇਵ ਕਮਾਈਐ॥ (ੲ)
[2] ਇੱਥੇ 'ਅੰਤਰਜਾਮੀ' ਦੀ ਜਗ੍ਹਾ ਤੇ 'ਬਨੀਏ ਕਹਾ' ਹੈ (ੲ)
[3] ਉਪਾਸਨਾ (ਅ,ੲ)
[4] ਇੱਥੇ 'ਹੋਇ ਪ੍ਰੇਮ ਬਸ ਭਗਤ ਕੇ ਸੁ ਸੁਰਤ ਮਗ ਕੋ ਲੀਏ' ਵਾਲੀ ਪੰਕਤੀ ਨਹੀਂ ਹੈ (ਸ)
[5] ਸੁਕਾ (ਅ)
[6] ਪਰਤਗਿਆ (ਅ,ੲ,ਸ)
[7] ਉਪਾਸਨਾ (ਅ,ੲ,ਸ)
[8] ਇੱਥੇ ਸਿਰਲੇਖ '॥ਚੌਪਈ॥' ਹੈ (ਅ,ੲ)

ਐਸਾ ਪੁਰਖੁ ਨਹੀ ਕੋਊ ਦੇਖਾ॥ਪਠੀ ਸਤਿਗੁਰ ਪਹਿ ਨਾਰ ਬਸੇਖਾ॥੨੨॥
ਗਈ ਤ੍ਰਿਆ ਜਹ ਸਤਿਗੁਰ ਦਿਆਲ॥ਦੇਖਾ ਦਰਸਨ ਭਈ ਨਿਹਾਲ॥
ਚੰਚਲਤਾ ਸਗਲੀ ਮਿਟ ਗਈ॥ਗਿਆਨ ਬੁਧ ਤਿਨ ਉਪਜਤ ਭਈ॥੨੩॥
ਤ੍ਰਿਆ ਪ੍ਰਥਾਇ ਗੁਰ ਸਬਦ ਉਚਾਰਾ॥ਕਰ ਸਤ ਪ੍ਰਤੀਤ ਤਿਨ ਹਿਰਦੇ ਧਾਰਾ॥
ਰਾਜਾ ਸੋ ਜਾਇ ਕਹਾ ਬਿਰਤੰਤ॥ਦੀਆ ਸਬਦ ਸੁਨਾਇ ਸਤਗੁਰ ਕਾ ਮੰਤ॥੨੪॥
ਤ੍ਰੀਆ ਪਰਥਾਇ ਇਹੁ ਸਬਦ ਉਚਾਰ ਕੀਆ॥[1]

॥ਰਾਗੁ ਬਸੰਤ ਮੈ ਅਸਟਪਦੀ ਬੋਲੀ ਮਹਲਾ ੧॥[2]

ਜਗ ਕਊਆ ਨਾਮੁ ਨਹੀ ਚੀਤ॥ਨਾਮੁ ਬਿਸਾਰ ਗਿਰੇ ਦੇਖ ਭੀਤ॥
ਮਨੂਆ ਡੋਲੇ ਚੀਤ ਅਨੀਤ॥ਜਗ ਸਿਉ ਤੂਟੀ ਝੂਠੀ ਪਰੀਤ॥
ਕਾਮ ਕ੍ਰੋਧ ਬਿਖ ਬਜਰ ਭਾਰ॥ਨਾਮ ਬਿਨਾ ਕੈਸੇ ਗੁਨ ਸਾਰ॥੧॥ਰਹਾਉ॥

॥ਤਿਸ ਕਾ ਪ੍ਰਮਰਥ॥[3]

ਹੇ ਪੁਤ੍ਰੀ ਰਾਜ ਕੁਮਾਰ॥ਇਹ ਜਗ ਕਊਏ ਕੀ ਨਿਆਈ ਹੈ॥ਪਰਮੇਸਰ ਕੇ ਨਾਮ ਤੇ ਹੀਨ
58/ਅ ਹੈ॥ਨਾ/ਮ ਬਿਨਾ ਪਦਾਰਥੋ ਵਾਸਤੇ ਗ੍ਰਿਹ ਬਿਖੇ ਡੋਲਤਾ ਹੈ॥ਐਸੇ ਜਗ ਝੂਠੇ ਸੌ ਹਮਾਰੀ ਪ੍ਰੀਤ ਟੂਟੀ ਹੈ॥ਕਾਮ ਔ ਕਰੋਧ ਮਹਾ ਬਿਖ ਕੀ ਨਿਆਈ ਹੈ॥ਏਹੁ ਨਾਮ ਬਿਨਾ ਕੈਸੇ ਗੁਨ ਪ੍ਰਮੇਸਰ ਕੇ ਉਚਾਰ ਕਰੇ[4]॥

॥ਫੇਰ ਬਾਬੇ ਜੀ ਨੇ ਦੂਸਰੀ ਪਉੜੀ ਕਹੀ॥੨॥[5]

ਘਰ ਬਾਲੂ ਕਾ ਘੂਮਨ ਘੇਰ॥ਬਰਖਸ ਪਾਣੀ ਬੂੰਦ ਬੁਹੇਰ॥
ਮਾਤ ਬੂੰਦ ਤੇ ਧਰ ਚਕ ਫੇਰ॥ਸਰਬ ਜੋਤ ਨਾਮੈ ਕੀ ਚੇਰ॥੨॥

॥ਤਿਸ ਕਾ ਪ੍ਰਮਾਰਥ॥[6]

ਹੇ ਪੁਤ੍ਰੀ ਇਹੁ ਜਗੁ ਬਾਲੂ ਕੇ ਗ੍ਰਿਹ ਕੀ ਨਿਆਈ ਹੈ॥ਮਾਇਆ ਕੇ ਘੁੰਮਨ ਘੇਰ ਬਿਖੈ ਪੜਾ ਹੈ॥ਜੈਸੇ ਬਰਖਾ ਪੜੇ ਬਾਲੂ ਕਾ ਘਰ ਬਿਲਾਇ ਜਾਤਾ ਹੈ॥ਤੈਸੇ ਜੀ ਜਗਤ ਹੈ॥ਕਾਲ ਆਏ ਤੇ ਨਸਟ ਹੋਇ ਜਾਤਾ ਹੈ॥ਇਸ ਸਰੀਰ ਕਾ ਉਪਜਨਾ॥ਮਾਤਾ ਕੀ ਰਕਤ ਅਰ ਪਿਤਾ ਕੀ ਬਿੰਦ ਤੇ ਹੈ॥ਅਰੁ ਜੋਤੀ ਜੋਤ ਪਰਕਾਸ ਹੈ ਸਭ ਨਾਮ ਕੀ ਚੇਰੀ ਹੈ॥

॥ਤਾ ਫੇਰ ਬਾਬੇ ਜੀ ਨੇ ਤੀਜੀ ਪਉੜੀ ਕਹੀ॥੩॥[7]

ਸਰਬ ਉਪਾਵ ਗੁਰੂ ਸਿਰ ਮੋਰ॥ਭਗਤ ਕਰੋ ਪਗ ਲਾਗੌ ਤੋਰ॥
ਨਾਮ ਰਤੇ ਚਾਹੇ ਤੁਝ ਓਰ॥ਨਾਮ ਦੁਰਾਇ ਚਲੇ ਸੇ ਚੋਰ॥੩॥

॥ਤਿਸ ਕਾ ਪਰਮਾਰਥ॥[8]

ਹੇ ਪੁਤ੍ਰੀ ਸਰਬ ਉਪਾਵ ਕਾ ਉਪਾਵ ਮੇਰਾ ਸਤਗੁਰੂ ਹੈ॥ਅਰੁ ਉਸ ਹੀ ਕੀ ਭਗਤ ਮੈ ਸਦਾ ਕਰਤਾ ਹਉ॥ਤਿਨ ਕੇ ਚਰਨ ਸਿਉ ਲਾਗ ਰਹਿਆ ਹੋ॥ਅਰੁ ਜੋ ਪਰਮੇਸਰ ਕੇ ਨਾਮ ਸੈ ਬੇਮੁਖ ਹੈ ਸੋ ਚੋਰ ਹੈ॥

॥ਤਾ ਫੇਰ ਬਾਬੇ ਜੀ ਨੇ ਚਉਥੀ ਪਉੜੀ ਕਹੀ॥੪॥[9]

ਪਤ ਖੋਈ ਭਿਖਆ ਚਲ ਪਾਇ॥ਸਚੁ ਰਤੇ ਪਤ ਜਿਉ ਘਰ ਜਾਇ॥
ਜੋ ਕੁਛ ਕੀਨ ਸੋ ਪ੍ਰਭੂ ਰਜਾਇ॥ਭੈ ਮਾਨੇ ਨਿਰਭੈ ਮੇਰੀ ਮਾਇ॥੪॥

॥ਤਿਸ ਕਾ ਪ੍ਰਮਾਰਥ॥[10]

59/ੳ ਹੇ ਪੁਤ੍ਰੀ॥ਤਪ ਜੋ ਪ੍ਰਮੇਸ/ਰ ਕੀ ਭਗਤ ਹੈ॥ਸੋ ਇਸ ਨੇ ਖੋਈ ਹੈ॥ਅਰੁ ਬਿਖ ਅੰਚਲ ਪਾਇ ਚਲਿਆ ਹੈ॥ਅਰੁ ਜੋ ਪਰਮੇਸਰ ਕੇ ਨਾਮ ਸਿਉ ਰਾਤੇ ਹੈ॥ਸੋਈ ਪਤਿ ਸਿਉ ਜਾਵੈਗਾ॥ਗ੍ਰਿਹ

---

[1] ਇੱਥੇ 'ਕਰ ਸਤ ਪ੍ਰਤੀਤ.....ਉਚਾਰ ਕੀਆ॥' ਪਾਠ ਨਹੀਂ ਹੈ, (ੲ)
[2] ਇੱਥੇ ਸਿਰਲੇਖ '॥ਰਾਗੁ ਬਸੰਤ ਅਸਟਪਦੀ ਮਹਲਾ ੧॥' ਹੈ (ੲ)
[3] ਇੱਥੇ ਸਿਰਲੇਖ '॥ਅਰਥ॥' ਹੈ (ੲ)
[4] ਕਰੇ ਗੁਨ (ੲ)
[5] ਇੱਥੇ ਸਿਰਲੇਖ '॥ਫੇਰ ਬਾਬੇ ਜੀ ਨੇ ਦੂਸਰੀ ਪਉੜੀ ਕਹੀ॥' ਨਹੀਂ ਹੈ (ੲ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਇੱਥੇ ਸਿਰਲੇਖ '॥ਫੇਰ ਬਾਬੇ ਜੀ ਨੇ ਤੀਜੀ ਪਉੜੀ ਕਹੀ॥' ਨਹੀਂ ਹੈ (ੲ)
[8] ਇੱਥੇ ਸਿਰਲੇਖ '॥ਅਰਥ॥' ਹੈ (ੲ)
[9] ਇੱਥੇ ਸਿਰਲੇਖ '॥ਫੇਰ ਬਾਬੇ ਜੀ ਨੇ ਚਉਥੀ ਪਉੜੀ ਕਹੀ॥' ਨਹੀਂ ਹੈ (ੲ)
[10] ਇੱਥੇ ਸਿਰਲੇਖ '॥ਅਰਥ॥' ਹੈ (ੲ)

ਅਪਨੇ॥ ਅਰ ਜੋ ਕਛੁ ਵਰਤਮਾਨ ਹੈ ਸੋ ਪਰਮੇਸਰ ਕੀ ਰਜਾਇ ਸਿਉ ਹੈ॥ ਜਿਨਾ ਪਰਮੇਸਰ ਭਾਉ ਮਾਨਿਆ ਹੈ॥ ਸੋਈ ਨਿਰਭਉ ਭਏ ਹੈ॥

॥ ਤਾ ਫੇਰ ਬਾਬੇ ਜੀ ਪੰਜਵੀ ਪਉੜੀ ਕਹੀ॥ [1]

ਕਾਮਨ ਚਾਹੇ ਸੁੰਦਰ ਭੋਗ॥ ਪਾਨ ਫੂਲ ਮੀਠੇ ਰਸ ਭੋਗ॥
ਖੇਲੈ ਬਿਗਸੇ ਤੇਤੋ ਸੋਗ॥ ਪ੍ਰਭ ਸਰਨਾਗਤ ਕੀਨਸੁ ਹੋਗ॥

॥ ਤਿਸ ਕਾ ਪ੍ਰਮਾਰਥ॥ [2]

ਹੇ ਪੁਤ੍ਰੀ॥ ਇਸਤ੍ਰੀ ਆਦਿਕ ਸੁੰਦਰ ਭੋਗੋ ਕੋ ਚਾਹਤੀ ਹੈ॥ ਪਾਨ ਫੂਲ ਮੀਠੇ ਰਸ ਭੋਗਤੀ ਹੈ॥ ਖੇਲਤੀ ਹੈ ਅਰ ਬਿਗਸਮਾਨ ਹੈ॥ ਤੇ ਤੇਹੀ ਸੋਗ ਕੋ ਪ੍ਰਾਪਤ ਹੋਵੈਗੀ॥ ਅਰੁ ਜੋ ਪਰਮੇਸਰ ਕੀ ਸਰਨਾਗਤ ਹੈ ਤਿਨ ਕਾ ਕੀਆ ਸਭ ਪਵਿਤ੍ਰ ਹੈ॥

॥ ਫੇਰ ਬਾਬੇ ਜੀ ਨੇ ਛਿਵੀ ਪਉੜੀ ਕਹੀ॥ ੬॥ [3]

ਕਾਪਰ ਪਹਰਸਿ ਅਧਿਕ ਸੀਗਾਰ॥ ਮਾਟੀ ਫੂਲੀ ਰੂਪ ਬਿਕਾਰ॥
ਆਸਾ ਮਨਸਾ ਬਾਧੋ ਬਾਰ॥ ਨਾਮ ਬਿਨਾ ਸੂਨਾ ਘਰ ਬਾਰ॥

॥ ਤਿਸ ਕਾ ਪ੍ਰਮਾਰਥ॥ [4]

ਹੇ ਰਾਜ ਪੁਤ੍ਰੀ॥ ਕਪੜੇ ਪਹਰ ਕੇ ਸੀਗਾਰ ਬਹੁਤ ਕੀਏ॥ ਸਰੀਰ ਰੂਪੀ ਮਾਟੀ ਫੂਲ ਰਹੀ ਹੈ॥ ਰਕਤ ਅਰ ਬਿੰਦ ਕੇ ਬਿਕਾਰੋ ਸੌ॥ ਆਸਾ ਮਨਸਾ ਸੌ ਇਹੁ ਸਰੀਰੁ ਬਾਧਾ ਹੈ॥ ਬਿਨਾ ਪਰਮੇਸਰ ਕੇ ਨਾਮ ਏਹ ਸਰੀਰ ਸੂਨਾ ਹੈ॥ ਗਿਰੇ ਮੰਦਰ ਕੀ ਨਿਆਈ ਹੈ॥

॥ ਫੇਰ ਬਾਬੇ ਜੀ ਸਤਵੀ ਪਉੜੀ ਕਹੀ॥ [5]

ਗਾਛੋ ਪੁਤ੍ਰੀ ਰਾਜ ਕੁਮਾਰ॥ ਨਾਮ ਭਣੋ ਸਚਦੋਤ ਸਵਾਰ॥
59/ਅ ਪਿਰ ਸੇਵਹ ਸਚ ਪ੍ਰੇ/ਮ ਅਧਾਰੁ॥ ਗੁਰ ਸਬਦੀ ਬਿਸ ਤਿਆਗ ਨਿਵਾਰ॥

॥ ਤਿਸ ਕਾ ਪ੍ਰਮਾਰਥ॥ [6]

ਹੇ ਪੁਤ੍ਰੀ ਰਾਜ ਕੁਮਾਰ॥ ਅਬ ਅਪਨੇ ਤੁਮ ਗ੍ਰਹ ਬਿਖੇ ਜਾਵਹੁ॥ ਪ੍ਰਮੇਸਰ ਕਾ ਨਾਮ ਜਪੋ॥ ਸਚੁ ਮੁਖੁ ਸਵਾਰ ਕੇ॥ ਪਵਿਤ੍ਰ ਕਰੋ॥ ਪਿਰ ਜੋ ਪਰਮੇਸਰ ਹੈ ਤਿਸ ਕੀ ਭਗਤ ਪ੍ਰੇਮ ਸੋ ਕਰੋ॥ ਗੁਰ ਕੇ ਬਚਨ ਸਿਉ ਬਿਖ ਜੋ ਹੈ ਤਿਸ ਕੋ ਨਿਵਰਤ ਕਰੋ॥

॥ ਤਾ ਫੇਰ ਬਾਬੇ ਜੀ ਨੇ ਅਠਵੀ ਪਉੜੀ ਕਹੀ॥ ੮॥ [7]

ਮੋਹਨ ਮੋਹ ਲੀਆ ਮਨ ਮੋਰ॥ ਗੁਰ ਕੇ ਸਬਦ ਪਛਾਨੋ ਤੋਹੁ॥
ਨਾਨਕ ਠਾਢੇ ਚਾਹੇ ਪ੍ਰਭੂ ਦੁਆਰ॥ ਤੇਰੇ ਨਾਮ ਸੰਤੋਖੇ ਕਿਰਪਾ ਧਾਰ॥ ੮॥

॥ ਤਿਸ ਕਾ ਪ੍ਰਮਾਰਥ॥ [8]

ਹੇ ਪੁਤ੍ਰੀ ਮੇਰਾ ਜੋ ਮਨ ਹੈ ਸੋ ਮੋਹਨ ਮੋਹਿ ਲੀਆ ਹੈ॥ ਅਵਰ ਕਿਸੂ ਕੇ ਕਹੇ ਮੋਹਿਆ ਨਹੀ ਜਾਤਾ॥ ਗੁਰ ਕੇ ਸਬਦ ਸੋ ਮੁਕਤ ਹੋਇ ਸੋ ਤੁਮ[9] ਕੋ ਪਹਚਾਨਾ ਹੈ॥ ਮੈ ਯਹੀ ਸਦਾ ਚਾਹਤਾ ਹੋ ਜੋ ਪਰਮੇਸਰ ਕੇ ਦੁਆਰੇ ਉਪਰ ਹਰਿ ਜਸੁ ਸਦਾ ਹੀ ਕਰਤਾ ਰਹੋ॥

॥ ਦੋਹਰਾ॥

ਸੁਨਤ ਸਬਦ ਦੁਰਮਤ ਗਈ ਹਰਿ ਭਗਤ ਬਸੀ ਮਨ ਮਾਹਿ[10]॥
ਅਤਿ ਨਿੰਮ੍ਰ ਭੂਤ ਪ੍ਰਨਾਮ ਕਰ ਪੁਨਿ ਕਹਿਓ ਰਾਜਾ ਕੋ ਤਾਹਿ[11]॥

---

[1] ਤਾ ਫੇਰ ਬਾਬੇ ਜੀ ਨੇ (ਅ,ਸ), ਇੱਥੇ ਸਿਰਲੇਖ ' ॥ ਤਾ ਫੇਰ ਬਾਬੇ ਜੀ ਨੇ ਪੰਜਵੀ ਪਉੜੀ ਕਹੀ॥ ' ਨਹੀਂ ਹੈ (ੲ)
[2] ਇੱਥੇ ਸਿਰਲੇਖ ' ॥ ਅਰਥ॥ ' ਹੈ (ੲ)
[3] ਇੱਥੇ ਸਿਰਲੇਖ ' ॥ ਤਾ ਫੇਰ ਬਾਬੇ ਜੀ ਨੇ ਛਿਵੀ ਪਉੜੀ ਕਹੀ॥ ' ਨਹੀਂ ਹੈ (ੲ)
[4] ਇੱਥੇ ਸਿਰਲੇਖ ' ॥ ਅਰਥ॥ ' ਹੈ (ੲ)
[5] ਇੱਥੇ ਸਿਰਲੇਖ ' ॥ ਤਾ ਫੇਰ ਬਾਬੇ ਜੀ ਸਤਵੀ ਪਉੜੀ ਕਹੀ॥ ' ਨਹੀਂ ਹੈ (ੲ)
[6] ਇੱਥੇ ਸਿਰਲੇਖ ' ॥ ਅਰਥ॥ ' ਹੈ (ੲ)
[7] ਇੱਥੇ ਸਿਰਲੇਖ ' ॥ ਤਾ ਫੇਰ ਬਾਬੇ ਜੀ ਨੇ ਅਠਵੀ ਪਉੜੀ ਕਹੀ॥ ' ਨਹੀਂ ਹੈ (ੲ)
[8] ਇੱਥੇ ਸਿਰਲੇਖ ' ॥ ਅਰਥ॥ ' ਹੈ (ੲ)
[9] ਤੁਸ (ਸ)
[10] ਮਾਇ (ਅ)
[11] ਕੌ ਜਾਇ (ਅ)

॥ਚੌਪਈ॥[1]

ਸੁਨਤ ਸਬਦ ਰਾਜਾ ਮਗਨਾਨਾ॥ਭਇਆ ਸੰਤ ਪ੍ਰਤਾਪ ਤ੍ਰੀਆ ਕੋ ਗਿਆਨਾ॥
ਕਰ ਪਿਤਾ ਭਾਉ[2] ਰਾਜਾ ਸੋ ਭਾਖਾ॥ਜਾਨੀ ਰਾਜਾ ਇਨ ਹਰਿ ਰਸ ਚਾਖਾ॥੨੫॥

॥ਦੋਹਰਾ॥

ਰਾਜਾ ਮਨ ਬੀਚਾਰਿਆ ਆਏ ਸੰਤ ਮਹਾਨ॥
ਚਲੋ ਦਰਸ ਤਾ ਕਾ ਕਰੌ ਪਾਵੌ ਪਦ ਨਿਰਬਾਨ॥੨੬॥

॥ਚੌਪਈ॥

ਚਲ ਨਗਨ ਪਾਉ ਰਾਜਾ ਗਏ ਬਾਗਾ॥ਦੇਖ ਦਰਸ ਮਨ ਸੋਇਆ ਜਾਗਾ॥
60/ੳ ਨਿਕਟਿ ਗਏ ਤਬ/ਪ੍ਰਭ ਉਠ ਚਲੇ॥ਭਇਆ ਦਰਸਨ ਪਰਸਨ ਨਹੀ ਮਿਲੇ॥੨੭॥
ਆਗੇ ਪ੍ਰਭ ਪਾਛੇ ਚਲੇ ਰਾਜਾ॥ਬਿਨਾ ਚਰਨ ਪਰਸੇ ਸਵਰੇ ਕਿਮ ਕਾਜਾ॥
ਅਤ ਡੋਲਤ ਰਾਜਾ ਜਬ ਥਕੇ॥ਭਏ ਸਿਥਲ ਅੰਗ ਕਛੁ ਕਹੇ ਨ ਬਕੇ॥੨੮॥
ਜਬ ਜਾਨਾ ਦਿਆਲ ਸਿਥਲ ਭਏ ਰਾਜਾ॥ਅਤ ਪ੍ਰੇਮ ਜੁਗਤ ਭਲ ਭਗਤ ਸਮਾਜਾ॥
ਨਿਰਖ ਅਵਸਥਾ ਠਾਢੇ ਭਾਏ॥ਤਬ ਰਾਜਾ ਚਰਨਨ ਪਰ ਪਏ॥੨੯॥

॥ਸੋਰਠਾ॥

ਕਰ ਕਿਰਪਾ ਪ੍ਰਭ ਦਿਆਲ ਰਾਜਾ ਢਿਗ ਜਬ ਹੇਰਿਆ॥
ਰਾਜਾ ਭਇਆ ਨਿਹਾਲ ਚਰਨ ਸਰਨ ਸਤਗੁਰ ਲਗੇ॥੩੦॥

॥ਚੌਪਈ॥

ਛੁਹਤ ਚਰਨ ਮਨ ਭਇਆ ਪ੍ਰਕਾਸਾ॥ਜਿਮ ਰਵਿ ਪ੍ਰਕਾਸ ਤੇ ਕਮਲ ਬਿਗਾਸਾ॥
ਜਿਮ ਸ੍ਵਾਤ ਬੂੰਦ ਲੇ ਤ੍ਰਿਪਤਿ ਪਪੀਹਾ॥ਮਾਨੋ ਲਛਮਨ ਅੰਮ੍ਰਿਤ ਪੀਆ॥੩੧॥
ਤਬ ਬਿਗਸ ਰਾਇ ਮੁਖ ਬਿਨੈ ਉਚਾਰਾ॥ਜਬ ਤੇ ਚਰਨ ਬਾਗ ਪ੍ਰਭ ਧਾਰਾ॥
ਸੁਹਕ ਹਰਾ ਬਡਭਾਗ ਹਮਾਰੇ॥ਸੰਤ ਦਿਆਲ ਚਰਨ ਸਿਰ ਧਾਰੇ॥
ਨਾਮ ਠਾਮ ਆਸ੍ਰਮ ਨਹੀ ਜਾਨੋ॥ਕਵਨ ਪੰਥ ਤੁਮ ਰਸਨ ਬਖਾਨੋ॥
ਮਿਟੇ ਅੰਦੇਸਾ ਮਨ ਹੋਇ ਅਨੰਦ॥ਛੰਦ ੩੩॥[3]
ਨਹੀ ਦੀਆ ਉਤਰ ਪ੍ਰਭ ਸਤਗੁਰ ਦਿਆਲ॥ਹੋਇ ਆਤਰ ਪੁਨ ਪੂਛਾ ਤਿਹ ਕਾਲ॥
ਤਬ ਸਤਗੁਰ ਦੇਖ ਸਮਝ ਬੀਚਾਰਾ॥ਰਾਜਾ ਪ੍ਰਤ ਇਹ ਸਬਦ ਉਚਾਰਾ॥

[4]**॥ਤਿਸ ਕੇ ਪ੍ਰਥਾਇ ਬਾਬੇ ਜੀ ਸਬਦ ਬੋਲਿਆ॥**[5]

॥ਰਾਗੁ ਮਾਰੂ ਮਹਲਾ ੧॥[6]

ਜੋਗੀ ਜੁਗਤ ਨਾਮ ਨਿਰਮਾਇਲ ਤਾ ਕੇ ਮੈਲੁ ਨ ਰਾਤੀ॥
ਪ੍ਰੀਤਮੁ ਨਾਥ ਸਦਾ ਸਚੁ ਸੰਗੇ ਜਨਮ ਮਰਨ ਗਤਿ ਬੀਤੀ॥੧॥
60/ਅ ਗੁਸਾਂ/ਈ ਤੇਰਾ ਕਹਾ ਨਾਮ ਕੈਸੇ ਜਾਤੀ॥
ਜਾ ਤਉ ਭੀਤਰ ਮਹਲ ਬੁਲਾਵਹਿ ਪੂਛੋ ਬਾਤ ਨਿਰੰਤੀ॥੧॥ਰਹਾਉ॥

॥ਤਿਸ ਕਾ ਪ੍ਰਮਾਰਥ॥[7]

ਹੇ ਰਾਜਾ ਜੋਗੀ ਤਿਸ ਕੋ ਕਹਤੇ ਹੈ॥ਜੋ ਜੋਗੀ ਜੋਗ ਕਰ ਨਿਰਮਲ ਭਇਆ ਹੈ॥ਅਰੁ ਪ੍ਰੀਤਮ ਜੋ ਨਾਥ ਹੈ ਸਦਾ ਤਿਸ ਕੇ ਸੰਗ ਰਹਤਾ ਹੈ॥ਅਰੁ ਜਨਮੁ ਮਰਨਾ ਤਿਸ ਕਾ ਮਿਟ ਗਇਆ ਹੈ॥

---

[1] ਇੱਥੇ ਸਿਰਲੇਖ '॥ਚੌਪਈ॥' ਨਹੀਂ ਹੈ (ਅ)
[2] ਵਾਉ (ਸ)
[3] ਇੱਥੇ 'ਛੰਦ ੩੩॥' ਦੀ ਜਗ੍ਹਾ ਤੇ 'ਕਰੋ ਕਿਰਪਾ ਪ੍ਰਭ ਆਨੰਦ ਛੰਤ ਹੈ॥' ਪਾਠ ਹੈ (ੲ,ਸ)
[4] ਇੱਥੇ '॥ਗੁਰੂ ਨਾਨਕ ਵਾਚ ਦੋਹਰਾ॥ਤਬ ਸਤਿਗੁਰ ਤਾ ਸਿਉ ਕਹਿਓ ਸੁਨ ਰਾਜਾ ਪ੍ਰਬੀਨ॥ਏਹ ਸਬਦ ਸ੍ਰੀ ਮੁਖ ਕਹਿਓ ਸੁਨ ਮਨ ਭਇਓ ਅਧੀਨ॥' ਪਾਠ ਹੈ (ਅ)
[5] ਇੱਥੇ 'ਤਿਸ ਕੇ ਪ੍ਰਥਾਇ ਬਾਬੇ ਜੀ ਸਬਦ ਬੋਲਿਆ॥' ਵਾਲੀ ਪੰਕਤੀ ਨਹੀਂ ਹੈ (ੲ)
[6] ਇੱਥੇ ਸਿਰਲੇਖ '॥ਉਤ੍ਰ ਮਾਰੂ ਮਹਲਾ ੧॥' ਹੈ (ੲ)
[7] ਇੱਥੇ ਸਿਰਲੇਖ '॥ਅਰਥ॥' ਹੈ (ੲ)

॥ਰਾਜੋ ਵਾਚ॥[1]

ਤਾਂ ਫੇਰ[2] ਰਾਜੇ ਪੁਛਿਆ॥ਗੁਸਾਈ ਤੇਰਾ ਨਾਮੁ ਕਿਆ ਹੈ॥ਅਰੁ ਤੇਰੀ ਜਾਤ ਕਿਆ ਹੈ॥[3] ਤਾਂ ਗੁਰੂ ਬਾਬੇ ਜੀ ਨੇ ਕਹਿਆ ਹੇ ਰਾਜਾ ਜੋ ਤੂੰ ਨਿਕਟਿ ਬੁਲਾਇ ਕਰਿ ਪੂਛੇਗਾ॥ਤਾ ਮੈ ਨਿਰੰਤਰ ਕੀ ਬਾਤ ਕਹਉਗਾ॥ਤੁਝ ਕਉ॥ਤਾ ਫੇਰ ਰਾਜੇ ਕਹਿਆ ਗੁਸਾਂਈ ਤੂੰ ਬ੍ਰਹਮਣ ਹੈ॥

॥ਤਾਂ ਫੇਰ ਬਾਬੇ ਜੀ ਨੇ ਦੂਜੀ ਪਉੜੀ ਕਹੀ॥੨॥[4]

ਬ੍ਰਹਮਣ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੈ ਪਾਤੀ॥
ਏਕੋ ਨਾਮ ਏਕਾ ਨਾਰਾਇਣ ਤ੍ਰਿਭਵਨ ਏਕਾ ਜਾਤੀ॥

॥ਤਿਸ ਕਾ ਪ੍ਰਮਾਰਥ॥[5]

ਬਾਬੇ ਜੀ ਨੇ ਕਹਿਆ॥ਹੇ ਰਾਜਾ ਬ੍ਰਹਮਣ ਤਿਸ ਕੋ ਕਹਤੇ ਹੈ॥ਜੋ ਬ੍ਰਹਮ ਕੇ ਗਿਆਨ ਬਿਖੇ ਨਿਤਾਪ੍ਰਤ ਇਸਨਾਨ ਕਰਤਾ ਹੈ॥ਪ੍ਰਮੇਸਰ ਕੇ ਨਾਮ ਗੁਣਾ ਬਾਦ ਕੀ ਪੂਜਾ ਚੜ੍ਹਾਵਤਾ ਹੈ॥ਏਕ ਨਾਮ ਜੋ ਨਾਰਾਇਣ ਕਾ ਤ੍ਰਿਭਵਨ ਬਿਖੇ ਜੋਤ ਪ੍ਰਕਾਸ ਜਾਨਤਾ ਹੈ॥ਸੋਈ ਬ੍ਰਹਮੰਨ ਹੈ ਮੇਰੇ ਮਤ ਬਿਖੇ॥੩॥

॥ਰਾਜੋ ਵਾਚ॥[6]

ਤਾ ਫੇਰ ਰਾਜੇ ਪੁਛਿਆ॥ਜੋ ਗੁਸਾਈ ਤੁਮ ਧਨ ਕਹੋ॥

॥ਤਾ ਬਾਬੇ ਤੀਜੀ ਪਉੜੀ ਕਹੀ॥[7]

ਜਿਹਵਾ ਡੰਡੀ ਇਹੁ ਘਟ ਛਾਬਾ ਤੋਲੋ ਨਾਮ ਅਜਾਚੀ॥
ਏਕੋ ਹਾਟ ਸਾਹਿ ਸਭਨਾ ਸਿਰ ਵਣਜਾਰੇ ਇਕ ਭਾਤੀ॥੩॥

61/ੳ **॥ਤਿਸ/ਕਾ ਪ੍ਰਮਾਰਥ॥**[8]

ਹੇ ਰਾਜਾ ਵੈ ਸਭਸ ਕੋ ਕਹਤੇ ਹੈ॥ਜਿਸ ਕੋ ਜਿਹਵਾ ਰੂਪੀ ਡੰਡੀ ਹੈ॥ਅਰ ਅੰਤਰਿ ਗਤਿ ਛਾਬੇ ਹੈ॥ਬਿਨਾ ਵਾਕ ਕੇ ਨਾਮ ਕੋ ਰਟਤਾ ਹੈ॥ਇਹੀ ਤੋਲਨਾ ਤਿਸਕਾ॥ਵਹੀ ਘਟ ਹਾਟ ਹੈ॥ਅਰੁ ਵਹੀ ਤੋਲਨੇਹਾਰਾ ਹੈ॥ਇਹ ਸਾਹ ਸਿਰ ਸਾਹ ਕੇ ਹੈ॥ਅਰੁ ਉਸ ਕੇ ਵਣਜਾਰੇ ਉਸੀ ਜੈਸੇ ਹੈ॥ਵਹੀ ਅੰਤਰ ਜਾਗ ਹੈ॥

॥ਤਾ ਫੇਰ ਬਾਬੇ ਚਉਥੀ ਪਉੜੀ ਕਹੀ॥੪॥[9]

ਦੋਵੈ ਸਿਰੈ ਸਤਿਗੁਰ ਨਿਬੇੜੈ ਸੋ ਬੂਝੈ ਜਿਸ ਏਕ ਲਿਵ ਲਾਗੀ ਜੀਅਹੁ ਰਹੈ ਨਿਰਭਾਤੀ॥
ਸਬਦ ਵਸਾਏ ਭਰਮ ਚੁਕਾਏ ਸਦਾ ਸੇਵਕ[10] ਦਿਨ ਰਾਤੀ॥

॥ਤਿਸ ਕਾ ਪ੍ਰਮਾਰਥ॥[11]

ਹੇ ਰਾਜਾ ਜਿਸ ਨੇ ਲੋਕ ਪ੍ਰਲੋਕ ਸਤਗੁਰੂ ਹੀ ਸਮਰਥ ਜਾਨਾ ਹੈ॥ਐਸੇ ਬੂਝਨੇਹਾਰੇ ਕਉ ਕਦਾਚਿਤ ਭਰਮ ਨਾਹੀ॥ਅਰੁ ਬ੍ਰਹਮ ਸਬਦ ਮੋ ਲੀਨ ਹੋਇਆ ਹੈ॥ਵਹੀ ਸਦਾ ਸੇਵਕ ਹੈ॥ਤਾ ਫੇਰ ਰਾਜੇ ਪੁਛਿਆ॥ਗੁਸਾਂਈ ਤੁਮ ਕਹਾਂ ਰਹਿਤੇ ਹੋ॥

॥ਤਾ ਫੇਰ ਗੁਰੂ ਬਾਬੇ ਜੀ ਨੇ ਪੰਜਵੀ ਪਉੜੀ ਕਹੀ॥੫॥[12]

ਊਪਰ ਗਗਨ ਗਗਨ ਪਰ ਗੋਰਖ ਤਾ ਕਾ ਅਗਮ ਗੁਰੂ ਪੁਨਿ ਵਾਸੀ॥
ਗੁਰ ਬਚਨੀ ਬਾਹਰ ਘਟ[13] ਏਕੋ ਨਾਨਕ ਭਇਆ ਉਦਾਸੀ॥

---

[1] ਇੱਥੇ ਸਿਰਲੇਖ '॥ਰਾਜੋ ਵਾਚ॥' ਨਹੀਂ ਹੈ (ੲ)
[2] ਇੱਥੇ ਸ਼ਬਦ 'ਤਾਂ ਫੇਰ' ਨਹੀਂ ਹਨ (ੲ)
[3] ਇੱਥੇ 'ਅਰੁ ਤੇਰੀ ਜਾਤ ਕਿਆ ਹੈ॥' ਵਾਲੀ ਪੰਕਤੀ ਨਹੀਂ ਹੈ (ਸ)
[4] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)
[5] ਇੱਥੇ ਸਿਰਲੇਖ '॥ਅਰਥ॥' ਹੈ (ੲ)
[6] ਇੱਥੇ ਸਿਰਲੇਖ '॥ਰਾਜੋ ਵਾਚ॥' ਨਹੀਂ ਹੈ (ੲ)
[7] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)
[8] ਇੱਥੇ ਸਿਰਲੇਖ '॥ਅਰਥ॥' ਹੈ (ੲ)
[9] ਇੱਥੇ ਸਿਰਲੇਖ '॥ਫੇਰ ਬਾਬੇ ਜੀ ਚਉਥੀ ਪਉੜੀ ਕਹੀ॥' ਨਹੀਂ ਹੈ (ੲ)
[10] ਸੇਵਕ (ੲ)
[11] ਇੱਥੇ ਸਿਰਲੇਖ '॥ਅਰਥ॥' ਹੈ (ੲ)
[12] ਇੱਥੇ ਸਿਰਲੇਖ '॥ਉਤ੍ਰ॥' ਹੈ (ੲ)
[13] ਘਰ (ੲ)

॥ਤਿਸ ਕਾ ਪ੍ਰਮਾਰਥ॥

ਹੇ ਰਾਜਾ ਸਭ ਕੇ ਊਪਰ ਗਗਨ ਅਸਥਾਨ ਮੋ ਨਿਰੰਜਨ ਪੁਰਖ ਕਾ ਵਾਸਾ ਹੈ॥ਤਿਸ ਅਗਮ ਅਸਥਾਨ ਕਾ ਸਤਿਗੁਰੂ ਪੂਰਾ ਹੈ॥ਵਾਸ ਦੇਵਨੇਹਾਰਾ ਹੈ॥ਤਿਸ ਕੀ ਕਿਰਪਾ ਤੇ ਮੇਰਾ ਊਹਾ ਵਾਸਾ ਹੈ॥ਗੁਰ ਕੇ ਬਚਨ ਕਰ ਮੇਰੇ ਘਰ ਅਰ ਬਨ ਏਕ ਹੀ ਸਮਾਨ ਹੈ॥ਅਰੁ ਮੇਰਾ ਨਾਮ ਨਾਨਕ
61/ਅ ਹੈ॥ਇਸ ਪ੍ਰਕਾਰ ਕਰਕੇ ਸਦਾ ਉਦਾਸ ਹੀ ਰਹਤਾ ਹੋ॥ਇਹ ਸਬਦ ਸੁ/ਨ ਕੇ ਰਾਜਾ ਗੁਰੂ ਬਾਬੇ ਜੀ ਕੇ ਚਰਨੋ ਪਰ ਗਿਰ ਪੜਾ॥ਅਰੁ ਬਹੁਤ ਪਰਸੰਨ ਭਇਆ॥ਮੇਰੇ ਭਾਗੇ ਜਾਗੇ ਜੋ ਜਿਸ ਪੁਰਖ ਕੇ ਦਰਸਨ ਵਾਸਤੇ ਏਤਾ ਜਤਨ ਕਰਦੇ ਸੇ ਸੋ ਅਬ ਪਾਇਆ॥

॥ਚੌਪਈ॥

ਸੁਨਤ ਸਬਦ ਸਭ ਸੰਕਾ ਗਈ॥ਭਇਓ ਪ੍ਰਕਾਸ ਭਗਤ ਦ੍ਰਿੜ ਭਈ॥
ਚਰਨ ਲਾਗ ਉਸਤਤ ਬਹੁ ਕਰਿਓ॥ਸੇਵਕ ਗ੍ਰਹ ਕਿਰਪਾ ਪ੍ਰਭ ਧਰਿਓ॥੩੬॥
ਸਨਮੁਖ ਸਭ ਬਾਹਨ ਕੀਏ ਖੜੇ॥ਸਤਗੁਰ ਕਾਹੂ ਪਰ ਨਹੀ ਚੜੇ॥
ਤਬ ਸ੍ਰੀ ਮੁਖਵਾਕ ਹਿਓ[1] ਸਬਦ ਉਚਾਰਾ॥ਰਾਜਾ ਤੁਮਰੀ ਪੀਠ ਹੋਉ ਅਸਵਾਰਾ॥੩੭॥
ਸੁਨ ਸਾਦਰ ਰਾਜਾ ਉਠ ਖੜਾ॥ਬਾਬਾ ਤਾ ਕੀ ਪੀਠ ਪਰ ਚੜਾ॥
ਗ੍ਰਹ ਮੰਦਰ ਮੈ ਜਾਇ ਉਤਾਰੈ॥ਸਕਲ ਨਗਰ ਭਇਓ ਜੈ ਜੈਕਾਰੇ॥੩੮॥
ਅਤਰੁ ਚਿਰ ਪਵਿਤ੍ਰ ਸਿੰਘਾਸਨ ਲਿਆਏ॥ਬਾਬਾ ਜੀ ਤਾ ਪਰ ਬੈਠਾਏ॥
ਚਰਨ ਪਖਾਰ ਚਰਨਾਮ੍ਰਿਤ ਲੀਆ॥ਸਭ ਪ੍ਰਕਾਰ ਕਰ ਪੂਜਨ ਕੀਆ॥੩੯॥

॥ਦੋਹਰਾ॥

ਜੋਰ ਪਾਨ ਬਿਨਤੀ ਕਰੇ ਹੇ ਪ੍ਰਭ ਭੋਜਨ ਖਾਹੁ॥
ਮੈ ਬਡੇ ਭਾਗ ਦਰਸਨ ਕੀਓ ਇਹੁ ਰਾਖਿਓ ਮਨ ਭਾਉ॥੪੦॥

॥ਚੌਪਈ॥

ਸੁਨ ਰਾਜਾ ਤੁਮ ਬਚਨ ਸੁਨਾਵਉ॥[2]
ਇਹੁ ਭੋਜਨ ਕਰ ਮੁਦਤ ਮਨੁ ਲਿਆਵਉ॥ਤਬ ਹੋਇ ਪ੍ਰਸੰਨ ਮੈ ਭੋਜਨ ਖਾਵਉ॥
ਤਬ ਰਾਜੇ ਰਾਜ ਕੁਵਰ ਕੋ ਪੁਛਾ॥ਅਰੁ ਰਾਨੀ ਕੇ ਮਨ ਮੋਹ ਨ ਤੁਛਾ॥੪੨॥
[3]ਸਭ ਮਿਲ ਭੋਜਨ ਕੀਓ ਤਿਆਗ॥ਪ੍ਰੇਮ ਭਗਤ ਅਤਭੁਤ ਬਿਉਹਾਰ॥
ਹਾਥ ਜੋਰ ਬੋਲੇ ਕਰ ਭਾਉ॥ਚਲੋ ਦਿਆਲ ਭੋਜਨ ਅਬ ਖਾਉ॥੪੩॥

॥ਦੋਹਰਾ॥

ਬਾਬਾ ਜੀ ਜਬ ਜਾਨਿਓ ਇਨ ਮੈ ਪ੍ਰੇਮ ਪ੍ਰਕਾਸ॥
ਇਨ ਪ੍ਰੇਮ ਭਗਤ ਪੂਰਨ ਦ੍ਰਿੜੀ ਅਬ ਪੁਰਿਓ ਇਨ ਕੀ ਆਸ॥੪੪॥

62/ੳ **॥ਚੌਪ/ਈ॥**[4]

ਤਬ ਗਏ ਰਸੋਈ ਮਾਹ ਦਿਆਲ॥ਰਾਨੀ ਆਪ ਪਰੋਸੇ ਥਾਲ॥
ਰਾਜਾ ਕਰੋ ਕਹਉ ਜੋ ਤੋ ਸੋ[5]॥ਰਾਜ ਕੁਵਰ ਕੋ ਥਾਲ ਪਰੋਸੋ॥੪੫॥
ਬਚਨ ਤਿਸ ਮਾਨ ਪਰੋਸਿਓ ਥਾਲ॥ਕਿਰਪਾ ਜੁਤ ਬੋਲੇ ਪ੍ਰਭ ਦਿਆਲ॥
ਬਾਬੇ ਜੀ ਲੀਓ ਕੁਵਰ ਬੁਲਾਇ॥ਸੁੰਦਰ ਛਬ ਕਰ ਜੋੜੇ ਆਇ॥੪੬॥
ਸਤਗੁਰ ਕੁਵਰ ਬੈਠਾਇਓ ਪਾਸ॥ਕਰ ਦਿਸਟਿ ਕੜਾਹੀ ਕੀਨਉ ਮਾਸ॥
ਸਭ ਮਿਲ ਮਹਾ ਪ੍ਰਸਾਦ ਕੋ ਖਾਇਆ॥ਰਾਜੇ ਪਰਮਾਨੰਦ ਸੁਖ ਪਾਇਆ॥੪੭॥
ਪੂਰਨ ਕਰੀ ਰਾਜਾ ਕੀ ਭਗਤ॥ਪੁਨ ਗਿਆਨ ਜੋਗ ਕੀ ਦੀਨੀ ਸਕਤ॥
ਤਬ ਪ੍ਰਾਨ ਸੰਗਲੀ ਪੋਥੀ ਕਰੀ॥ਸਭ ਸੁਧ ਕ੍ਰਿਆ ਰਾਜੇ ਮਨ ਧਰੀ॥੪੮॥
ਰਾਜਾ ਪਰਮ ਸਿਧ ਤਬ ਭਇਆ॥ਏਕ ਬਰਖ ਬਾਬਾ ਤਹਾ ਰਹਿਆ॥
ਤਿਸ ਸਭਿ[6] ਰਾਜ ਕੋ ਕੀਨਉ ਇਕ ਰਾਜ॥ਜਨਕਾਦਿਕ ਕੋ ਦੀਓ ਸਮਾਜ॥੪੯॥

---

[1] ਕਹਿਓ (ਅ,ੲ,ਸ)
[2] ਸੁਨ ਰਾਜਾ ਤੁਮ ਬਚਨ ਸੁਨਾਵਉ॥ਇਹ ਭੋਜਨ ਮੈ ਕਬਹੂੰ ਨਾ ਖਾਵਉ॥ (ਅ,ੲ,ਸ)
[3] ਇੱਥੇ ਸਿਰਲੇਖ '॥ਰਾਜੋ ਵਾਚ॥' ਹੈ (ਅ)
[4] ਇੱਥੇ ਸਿਰਲੇਖ '॥ਚੌਪਈ॥ਗੁਰੂ ਨਾਨਕ ਜੀ ਵਾਚ॥' ਹੈ (ਅ)
[5] ਇੱਥੇ 'ਤੋ ਸੋ' ਦੀ ਜਗ੍ਹਾ 'ਭੋਗੇ ਹੈ' ਹੈ (ਸ)
[6] ਤਿਨ (ਅ), ਤਿਸ (ੲ)

ਅਤਭੁਤ ਧਰਮਸਾਲ ਤਹਾ ਭਈ॥ਪਰਮ ਸਿਧ ਮਤ ਰਾਜੇ ਲਈ॥
ਮੋਹ ਛੋਹ ਰਾਜਾ ਕਾ ਗਇਆ॥ਤਬ ਸਤਗੁਰ ਆਗੈ ਮਗ[1] ਲਇਆ॥੫੦॥

॥ਸਾਖੀ ਪੂਰਨ ਹੋਈ॥੨੧॥[2]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੇਇ ਉਧਾਰ॥

---

[1] ਆਗੈ ਕਾ ਪੰਥ (ਅ,ੲ)
[2] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਓਅੰਕਾਰ ਅਸਥਾਨ ਵਿਚ ਬ੍ਰਹਮਣ ਨਾਲ ਚਰਚਾ][1]

॥ਦੋਹਰਾ॥

ਓਅੰਕਾਰ ਅਸਥਾਨ ਦਖਣ ਬਿਖੈ ਤਹਾ ਮਹਾਦੇਵ ਅਸਥਾਨ॥
ਚਲਿ ਆਵੈ ਬਿਦਿਆਰਥੀ ਪੜ ਹੋਵੈ ਚਤਰ ਸੁਜਾਨ॥੧॥

॥ਤੋਟਕ ਛੰਦ॥

ਤਹ ਮੰਦਰ ਸਿਵ ਕੇ ਰੁਚਰ ਬਨੇ॥ਬਹੁ ਪੂਜਾ ਕਰਤੇ ਬਿਪਰ ਘਨੇ॥
ਬਹੁ ਬੇਦ ਪੁਰਾਨਨ ਪਾਠ ਪੜੇ॥ਵਿਆਕਰਨ ਆਦਿਕ ਸਭ ਭਾਵ ਧਰੇ॥੨॥
62/ਅ /ਤਹ ਬਿਚਰਤ ਸਤਿਗੁਰ ਦਿਆਲ ਗਏ॥ਨਹੀ ਪੂਛਿਓ ਕਾਹੂ ਪ੍ਰੀਤ ਕੀਏ॥੩॥

[2]**॥ਦੋਹਰਾ॥**

ਨਿਰਖ ਪੁਰਾਨ ਬੂਡੇ ਸਕਲ ਜੁਰ ਆਏ ਸਤਗੁਰ ਓਰ॥
ਅਤਸ ਕੋਪ ਝਗੜਾ ਕਰੇ ਤੂ ਕਿਉ ਆਓ ਇਸ ਠੌਰ॥੪॥

॥ਚੌਪਈ॥

॥ਬ੍ਰਹਮਣੋ ਵਾਚ॥

ਜੋ ਕੋਊ ਸਾਧੂ ਈਹਾਂ ਆਵੈ॥ਕਰਿ ਸਾਦਰ ਬਿਪਰਨ ਭੋਗਾਵੈ॥
ਤੁਮ ਕਰ ਅਨੀਤ ਪੁਸਤਕ ਕਿਉ ਬੋੜੇ॥ਹੋਇ ਇਕਤ੍ਰ ਆਏ ਸਭ ਦੌੜੇ॥੫॥

॥ਬਚਨ ਬਾਬਾ ਜੀ॥

॥ਬ੍ਰਹਮਣ ਪ੍ਰਤ॥[3]

ਬਾਬਾ ਜੀ ਤਾ ਕੋ ਕਹਿਓ ਬੁਝਾਈ॥ਮਤ ਝਗੜੇ ਪੁਸਤਕ ਲੇਹੁ ਭਾਈ॥
ਜਲ ਸੋ ਨਿਕਾਲ ਸੂਕੇ ਤਿਨ ਦੀਨੇ॥ਤਿਨ ਨਿਰਖ ਚਰਿਤ੍ਰ ਮਨ ਅਤ ਭੈ ਕੀਨੇ॥
ਬੇਨਤੀ ਬ੍ਰਹਮਣੋ ਕੀ॥੬॥

॥ਚੌਂਪਈ॥

ਤਬ ਜੋੜ ਹਾਥ ਕਹਿਓ ਬਿਨਉ ਬਖਾਨ॥ਕਰੋ ਖਿਮਾ ਅਵਗਿਆ ਸੰਤ ਸੁਜਾਨ॥
ਹਮ ਤੋ ਤੁਮਰੀ ਗਤ ਨਹੀ ਜਾਨੀ॥ਅਬ ਦੀਜੈ ਗਿਆਨ ਮੋਹਿ ਪੂਰਨ ਗਿਆਨੀ॥੭॥

॥ਦੋਹਰਾ॥

॥ਗੁਰ ਨਾਨਕ ਵਾਚ॥[4]

ਤਬ ਸਤਿਗੁਰ ਤਾ ਸੋ ਕਹਿਓ ਤੁਮ ਜੋ ਪੜੇ ਪੁਰਾਨ॥
ਅਛਰ ਅਰਥ ਜਾਨੋ ਨਹੀ ਤਾ ਤੇ ਤੁਮੇ ਅਗਿਆਨ॥੮॥

॥ਬ੍ਰਹਮਣੋ ਵਾਚ॥

॥ਚੌਪਈ॥

ਬਿਨੋ ਕਰੇ ਸਗਲੇ ਕਰ ਜੋੜ॥ਪ੍ਰਭ ਅਛਰ ਅਰਥ ਸੁਨੋ ਮੁਖ ਤੋਰ॥
ਹੋਇ ਦਿਆਲ ਕਹਿਓ ਕ੍ਰਿਪਾ ਨਿਧਾਨ॥ਅਬ ਅਛਰ ਅਰਥ ਸੁਨੋ ਧਰ ਧਿਆਨ॥੯॥
ਤਿਨ ਕੋ ਸ੍ਰੀ ਗੁਰ ਬਾਬਾ ਆਪ॥ਪ੍ਰਥਮ ਪਉੜੀ ਓਅੰਕਾਰ ਕੀ ਥਾਪ॥
ਓਅੰਕਾਰ ਅਛਰ ਕੀ ਪਉੜੀ ਕਹੀ॥ਸੁਨ ਪੰਡਿਤ ਹਿਰਦੇ ਸੁਖ ਲਹੀ॥੧੦॥[5]

॥੧ਓ ਸਤਿਗੁਰ ਪ੍ਰਸਾਦਿ॥[6]

63/ੳ **॥ਰਾਗੁ ਰਾਮ/ਕਲੀ ਮਹਲਾ:੧॥**

ਓਅੰਕਾਰ ਨਾਮ ਦਖਣੀ॥ਦਖਣ ਦੇਸ ਬਿਖੈ ਹੋਇਆ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ 'ਏਹ ਚਲਿਤ੍ਰ ਦਿਆਲ ਤਹਾ ਕੀਨੋ॥ਸਭ ਪੁਸਤਕ ਲੇ ਜਲ ਮੋ ਦੀਨੋ॥' ਪਾਠ ਹੈ (ਅ,ੲ)
[3] ਇੱਥੇ ਸਿਰਲੇਖ '॥ਬਾਬਾ ਬਾਚ॥' ਹੈ (ੲ),'॥ਬਚਨ ਬਾਬਾ ਜੀ॥ਚੌਪਈ॥' (ਸ) ਹਨ
[4] ਇੱਥੇ ਸਿਰਲੇਖ '॥ਗੁਰ ਨਾਨਕ ਵਾਚ॥' ਨਹੀਂ ਹੈ (ੲ,ਸ)
[5] ਇੱਥੇ ਤਿਨ ਕੋ..ਲਹੀ॥੧੦॥ ਦੀ ਜਗ੍ਹਾਂ ਤੇ '॥ਤਿਨ ਕੋ ਸ੍ਰੀ ਗੁਰ ਬਾਬਾ ਜੀ ਨੇ ਆਪ ਕੀ॥' ਪਾਠ ਹੈ (ਅ)
[6] ਇੱਥੇ ਸਿਰਲੇਖ '੧ਓ' ਨਹੀਂ ਹੈ (ਅ)

॥ਪ੍ਰਥਮ ਪਉੜੀ ਚਲੀ[1]॥

ਓਅੰਕਾਰ ਬ੍ਰਹਮਾ ਉਤਪਤ॥ਓਅੰਕਾਰ ਕੀਆ ਜਿਨ ਚਿਤ॥
ਓਅੰਕਾਰ ਸੈਲ ਜੁਗ ਭਏ॥ਓਅੰਕਾਰ ਬੇਦ ਨਿਰਮਏ॥
ਓਅੰਕਾਰ ਸਬਦ ਉਧਰੇ॥ਓਅੰਕਾਰ ਗੁਰਮੁਖ ਤਰੇ॥
ਓਨਮ ਅਖਰ ਸੁਰਹ ਬਿਚਾਰ॥ਓਨਮ ਅਖਰ ਤ੍ਰਿਭਵਨ ਸਾਰੁ॥੧॥
ਸੁਣਿ ਪਾਂਡੇ ਕਿਆ ਲਿਖੋ ਜੰਜਾਲਾ॥ਲਿਖ ਰਾਮ ਨਾਮ ਗੁਰਮੁਖ ਗੋਪਾਲਾ॥੧॥ਰਹਾਉ॥

॥ਤਿਸ ਕਾ ਪ੍ਰਮਾਰਥ॥

ਹੇ ਪੰਡਤ॥ਓਅੰਕਾਰ ਕਾ ਏਹੁ ਮਹਾਤਮ ਹੈ॥ਇਸ ਓਅੰਕਾਰ ਤੇ ਬ੍ਰਹਮਾ ਪ੍ਰਗਟ ਭਇਆ ਹੈ॥ਤਬ ਪਾਂਚੋ ਤਤੋ ਕੋ ਜੜ ਵਤ ਦੇਖ ਕੈ ਭੈ ਚਕ੍ਰਤ ਹੋਇ ਰਹਿਆ॥ਤਬ ਚਿਤ ਇਕਾਗਰ ਸਿਉ ਓਅੰਕਾਰ ਧਿਆਨੁ ਕੀਆ॥ਤਬ ਸਰਬ ਸਕਤ ਆਪਨੇ ਆਪ ਸਰੂਪ ਕੋ ਬੂਝਾ॥ਤਿਸ ਸਕਤ ਕਰ ਕੇ ਚਾਰੋ ਮੁਖੋ ਸੋ ਚਾਰੋ ਬੇਦ ਪ੍ਰਗਟ ਕੀਏ॥ਓਅੰਕਾਰ ਸਰਬਗ ਪੂਰਨ ਹੈ॥ਤੁਮ ਭੀ ਇਸ ਓਅੰਕਾਰ ਕੋ ਪੜੋ॥ਜੋ ਉਧਾਰਨ ਜੋਗ ਹੈ॥ਅਰੁ ਗੁਰ ਬਚਨੋ ਕੇ ਹਿਰਦੇ ਮੋ ਧਿਆਨ ਕਰਿ ਕੇ ਪਰਮਗਤਿ ਕੋ ਪ੍ਰਾਪਤਿ ਹੋਵਹੁ॥ਹੇ ਪੰਡਿਤ ਮੈਨੇ ਓਅੰਕਾਰ ਕਾ ਬਿਚਾਰ ਕਹਾ ਹੈ॥ਸੋ ਤੁਮ ਨੇ ਸੁਨਿਆ ਹੈ॥ਤੀਨ ਭਵਨ ਜਿਸ ਕੇ ਧਾਰੇ ਹੈ॥ਸਰਬ ਸਾਰ ਪੂਰਨ ਹੈ॥

॥ਅਰਥ ਰਹਾਉ ਕਾ॥

ਏ ਪੰਡਿਤ ਏਹੁ ਤੁਮ ਲਿਖਤੇ ਅਰੁ ਪੜਤੇ ਹੋ ਬਿਨ ਬੂਝੈ ਜੀਵਨ ਕਾ ਜੰਜਾਲ ਹੈ॥ਤਾ ਤੇ ਰਾਮ ਨਾਮ ਗੁਰਮੁਖਿ ਗੋਪਾਲਾ ਲਿਖੋ॥੧॥

63/ਅ **॥/ਫੇਰ ਬਾਬੇ ਸਕਾਰ ਅਖਰ ਕੀ ਪਉੜੀ ਕਹੀ॥**

ਸਸੇ ਸਭ ਜਗ ਸਹਿਜ ਉਪਾਇਆ ਤੀਨ ਭਵਨ ਇਕ ਜੋਤੀ॥
ਗੁਰਮੁਖ ਬਸਤ ਪਰਾਪਤਿ ਹੋਵੈ ਚੁਨਿ ਲੈ ਮਾਣਕ ਮੋਤੀ॥
ਸਮਝੈ ਸੂਝੈ ਪੜਿ ਪੜਿ ਬੂਝੈ ਅੰਤ ਨਿਰੰਤਰ ਸਾਚਾ॥
ਗੁਰਮੁਖਿ ਦੇਖੈ ਸਾਚ ਸਮਾਲੇ ਬਿਨੁ ਸਾਚੇ ਜਗੁ ਕਾਚਾ॥

॥ਤਿਸ ਕਾ ਪ੍ਰਮਾਰਥ॥

ਹੇ ਪੰਡਿਤ ਸਕਾਰ ਅਛਰ ਕਾ ਏਹੁ ਬਿਚਾਰ ਹੈ॥ਸਹਜੇ ਹੀ ਜਗਤ ਉਤਪਤ ਕਰੇ ਹੈ॥ਤੀਨੋ ਭਵਨ ਮੈ ਏਕ ਜੋਤ ਸਰੂਪ ਬਿਰਾਜ ਰਹਿਆ ਹੈ॥ਜੋ ਗੁਰਮੁਖ ਹੋਵਹਿ ਤਿਨ ਕੋ ਏਹੁ ਗਿਆਨ ਪ੍ਰਾਪਤ ਹੋਤਾ ਹੈ॥ਜਬ ਸਮਝੈ ਹੈ ਤਬ ਦੇਖੇ ਹੈ॥ਜਬ ਗੁਰਮਤ ਸਿਉ ਪੜੇ ਤਬ ਬੂਝੈ॥ਜੋ ਸਭ ਘਟ ਮੋ ਏਕ ਬ੍ਰਹਮ ਪੂਰਨ ਹੈ॥ਗੁਰਮੁਖਿ ਦਿਸਟਿ ਸੋ ਸਤੁ ਪਦ ਦਿਸਟਿ ਆਵਤਾ ਹੈ॥ਬਿਨਾ ਸਤ ਪਦ ਅਵਰ ਸਭ ਮਿਥਿਆ ਹੈ॥

॥ਤਬ ਬਾਬੇ ਜੀ ਧਕਾਰ ਅਖਰ ਕੀ ਪਉੜੀ ਕਹੀ॥

ਧਧੇ ਧਰਮ ਧਰੇ ਧਰਮਾਪੁਰ ਗੁਣਕਾਰੀ ਮਨੁ ਧੀਰਾ॥
ਧਧੇ ਧੂਲ ਪੜੇ ਮੁਖ ਮਸਤਕ ਕੰਚਨ ਭਏ ਮਨੂਰਾ॥
ਧਨੁ ਧਰਣੀਧਰੁ ਆਪ ਅਜੋਨੀ ਤੋਲ ਬੋਲ ਸਚੁ ਪੂਰਾ॥
ਕਰਤੇ ਕੀ ਮਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ॥

॥ਤਿਸ ਕਾ ਪ੍ਰਮਾਰਥ॥

ਹੇ ਪੰਡਿਤ ਧਕਾਰ ਅਛਰ ਕਾ ਏਹੁ ਬਿਚਾਰ ਹੈ॥ਜਿਨ ਕਾ ਧਰਮ ਧਾਰਨਾ ਧਰਮ ਕਹੀਐ॥ਤਾਤਪ੍ਰਜ ਯਹ ਹੈ॥ਜੋ ਅਬਚਲ ਭਗਤ ਭਗਵਾਂਨ ਕੀ ਹੈ॥ਵਹੀ ਗੁਨਕਾਰੀ ਮਨ ਧੀਰ ਹੈ॥ਤਿਨ ਕੇ ਚਰਨੋ ਕੀ ਧੂੜਿ ਮਸਤਕਿ ਕੋ ਲਗੇ॥ਤਬ ਮਨ ਜੋ ਇਛਾ ਸੋ ਜਲ ਕੇ ਮਨੂਰ ਵਤ ਹੋ
64/ੳ ਰਹਿਆ ਹੈ॥ਫੇਰਿ ਸੁਧ ਕੰਚਨ/ਵਤਿ ਹੋਵੈ॥ਹੇ ਪੰਡਿਤ ਧਨ ਧਰਣੀਧਰ ਨਰਾਇਣ ਹੈ॥ਅਰ ਸਰਬਗ ਪੂਰਨ ਹੈ॥ਅਰ ਜੋਨ ਸੋ ਰਹਤ ਹੈ॥ਅਰ ਤੋਲ ਬੋਲ ਸਚੁ ਪੂਰਨ ਹੈ॥ਤੋਲਨਾ ਕਹੀਐ ਬਿਚਾਰਨਾ॥[2]ਬੋਲਨਾ ਕਹੀਐ ਅਸਤੋਤਰ॥ਤਿਸ ਕਾ ਸਤੁ ਪੂਰ ਰਹਿਆ ਹੈ॥ਇਸ ਮਹਮਾ ਕੋ ਆਪ ਕਰਤਾ ਜਾਨਤਾ ਹੈ॥ਇਕੈ ਸਤਗਿਰ ਗੋਚਰਾ ਹੈ॥

---

[1] ਚੜੀ (ੲ)

[2] ਇੱਥੇ 'ਤੋਲਨਾ ਕਹੀਐ ਬਿਚਾਰਨਾ॥ਬੋਲਨਾ ਕਹੀਐ ਬਿਚਾਰਨਾ॥' ਪਾਠ ਹੈ (ਸ)

॥ਤਾ ਬਾਬੇ ਜੀ ਙੰਙੇ ਅਖਰ ਕੀ ਪਉੜੀ ਕਹੀ॥

ਙਿਆਨ ਗਵਾਇਆ ਦੂਜਾ ਭਾਇਆ ਗਰਬ ਗਲੇ ਬਿਖੁ ਖਾਇਆ॥
ਗੁਰ ਰਸ ਗੀਤ ਬਾਦ ਨਹੀ ਭਾਵੈ ਸੁਣੀਐ ਗਹਰਿ ਗੰਭੀਰ ਗਵਾਇਆ॥
ਗੁਰ ਸਚੁ ਕਹਿਆ ਅੰਮ੍ਰਿਤ ਲਹਿਆ ਮਨਿ ਤਨਿ ਸਾਚੁ ਸੁਖਾਇਆ॥
ਆਪੇ ਗੁਰਮੁਖ ਆਪੇ ਦੇਵੈ ਆਪੇ ਅੰਮ੍ਰਿਤੁ ਪੀਆਇਆ॥੪॥

॥ਤਿਸ ਕਾ ਪ੍ਰਮਾਰਥ॥

ਹੇ ਪੰਡਤ ਙੰਙੇ ਅਖਰ ਕਾ ਬਿਚਾਰ ਏਹੁ ਹੈ॥ਜੋ ਗਿਆਨ ਕੋ ਗਾਵਤੇ ਹੈ ਤੇ ਦੂਜੇ ਭਾਵ ਮੋ॥ਵਹੀ ਗਰਬ ਮੋ ਗਲੇ ਹੈ॥ਅਰੁ ਉਨੋ ਨੇ ਵਹੀ ਬਿਖ ਖਾਇਆ ਹੈ॥ਅਰੁ ਜੋ ਗੁਰ ਕੇ ਰਸ ਮੋ ਮਗਨ ਹੈ ਤਿਨ ਕੋ ਗੀਤ ਬਾਦ ਨਹੀ ਭਾਵਤਾ॥ਵਹ ਨਹੀ ਸਰਵਨ ਕਰਤੇ ਹੈ॥ਵਹੁ ਗਹਰ ਗੰਭੀਰ ਬ੍ਰਹਮ ਬਿਖੈ ਸਦਾ ਮਗਨ ਰਹਤੇ ਹੈ॥ਉਨ ਕੇ ਬਚਨ ਕਰਿ ਕੇ ਅੰ੍ਰਿਤ ਪ੍ਰਾਪਤਿ ਭਇਆ ਹੈ॥ਅਰ ਮਨ ਤਨ ਕਰ ਕੇ ਸਦਾ ਸੁਖ ਮੋ ਸਮਾਇ ਰਹੇ ਹੈ॥ਹੇ ਪੰਡਿਤ ਪ੍ਰਭ ਆਪ ਹੀ ਗੁਰਮੁਖਿ ਹੈ॥ਅਰੁ ਅੰਮ੍ਰਿਤ ਕਾ ਦਾਤਾ ਹੈ॥ਅਰੁ ਆਪ ਹੀ ਪੀਆਵਨਹਾਰਾ ਹੈ॥

॥ਤਬ ਬਾਬੇ ਜੀ ਏਕਾਰ ਅਖਰ ਕੀ ਪਉੜੀ ਕਹੀ॥

ਏਕੋ ਏਕੁ ਕਹੈ ਸਭ ਕੋਈ ਹਉਮੈ ਗਰਬ ਬਿਆਪੈ॥
ਅੰਤਰਿ ਬਾਹਰਿ ਏਕੁ ਪਛਾਨੈ ਇਉ ਘਰ ਮਹਲ ਸਿਞਾਪੈ॥
64/ਅ ਪ੍ਰਭ ਨੇੜੇ ਹਰਿ ਦੂਰ ਨ ਜਾ/ਣਹੁ ਏਕੋ ਸ੍ਰਿਟਿ ਸਬਾਈ॥
ਏਕੰਕਾਰ ਅਵਰ ਨਹੀ ਦੂਜਾ ਨਾਨਕ ਏਕ ਸਮਾਈ॥੫॥

॥ਤਿਸ ਕਾ ਪਰਮਾਰਥ॥

ਹੇ ਪਡਿਤ ਏਕਾਰ ਅਖਰ ਕਾ ਏਹੁ ਬਿਚਾਰ ਹੈ॥ਵੇਦਾਤ ਮਤ ਵਾਲੇ ਏਕੋ ਏ ਏਕੁ ਕਹਤੇ ਹੈ॥ਹਉਮੈ ਗਰਬ ਮੋ ਤਾ ਤੇ ਸੁਖ ਨਾਹੀ॥ਅਰੁ ਜਿਨੋ ਨੇ ਅਪਨੇ ਸਰੂਪ ਕੋ ਬੂਝ ਕੈ ਅੰਤ੍ਰ ਬਾਹਰ ਏਕੁ ਪਛਾਨਾ ਹੈ॥ਵਹੀ ਨਿਰੰਤਰ ਨਿਜ ਅਸਥਾਨੋ ਮੋ ਪ੍ਰਾਪਤ ਭਏ ਹੈ॥ਇਸ ਪ੍ਰਕਾਰ ਕੈ ਪ੍ਰਭ ਕੋ ਨੇੜੇ ਜਾਨਤੇ ਹੈ॥ਜੋ ਸਰਬ ਸ੍ਰਿਸਟਿ ਮੋ ਪੂਰਨ ਏਕ ਜੋਤ ਸਰੂਪ ਹੈ॥ਤਾਤਪਰਜ ਯਹ॥ਓਅੰਕਾਰ ਤੇ ਸਭ ਪ੍ਰਗਟ ਭਇਆ॥ਅਰ ਸਭ ਮੋ ਪੂਰਨ ਹੈ॥

[1]ਇਸੁ ਕਰਤੇ ਕਉ ਕਿਉ ਗਹ ਰਾਖਉ ਅਫਰਿਓ ਤੁਲਿਓ ਨ ਜਾਈ॥
ਮਾਇਆ ਕੇ ਦਿਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ॥
ਲਬ ਲੋਭ ਮੁਹਤਾਜ ਵਿਗੂਤੇ ਇਬ ਤਬ ਫਿਰਿ ਪਛੁਤਾਈ॥
ਏਕ ਸਰੇਵੈ ਤਾ ਗਤਿ ਮਿਤ ਪਾਵੈ ਆਵਨ ਜਾਨ ਰਹਾਈ॥੬॥

॥ਤਿਸਾ ਕ ਪ੍ਰਮਾਰਥੁ॥

ਹੇ ਪੰਡਿਤ ਦੂਸਰੇ ਅਕਾਰ ਅਛਰ ਕਾ ਏਹ ਬਿਚਾਰ ਹੈ॥ਏਕੰਕਾਰ ਜੋ ਸਰਬ ਕਰਤਾ ਹੈ॥ਇਸ ਪ੍ਰਕਾਰ ਕਰ ਕੇ ਗ੍ਰਿਹਨ ਕਰੇ॥ਏਹੁ ਤੋ ਅਪਾਰ ਅਤੁਲ ਹੈ॥ਏਹੁ ਮਾਨੁਖ ਮਾਇਆ ਕੇ ਬਉਰਾਏ ਹੂਏ ਝੂਠ ਠਗਉਰੀ ਮੋ ਮੋਹੇ ਹੈ॥ਲਬ ਲੋਭ ਕੀ ਮੁਹਤਾਜੀ ਮਉ ਵਿਗੂਤੇ ਹੈ॥ਆਦਿ ਅਰੁ ਅੰਤ ਕਾ ਪਛਤਾਵਾ ਹੈ॥ਜੋ ਏਕ ਕੌ ਸੇਵਨਾ ਕਰੇ ਤਉ ਮੁਕਤ ਕਉ ਪਾਏ॥ਅਰੁ ਆਵਨ ਜਾਨ ਸਿਉ ਰਹਤ ਹੋਇ॥

॥ਤਾ ਬਾਬੇ ਜੀ ਨੇ ਤੀਸਰੇ ਅਕਾਰ ਕੀ ਪਉੜੀ ਕਹੀ॥

65/ੳ ਏਕ ਅਚਾਰ ਰੰਗ ਇਕ ਰੂਪ॥ਪਉਨ ਪਾਨੀ ਅਗਨੀ/ਅਸਰੂਪ॥
ਏਕੋ ਭਵਰ ਭਵੈ ਤਿਹੁ ਲੋਇ॥ਏਕਉ ਬੂਝੈ ਸੂਝੇ ਪਤਿ ਹੋਇ॥
ਗਿਆਨ ਧਿਆਨ ਲੇ ਸਮਸਰ ਰਹੈ॥ਗੁਰਮੁਖਿ ਏਕੁ ਵਿਰਲਾ ਕੋ ਲਹੈ॥
ਜਿਸ ਨੋ ਦੇਇ ਕਿਰਪਾ ਤੇ ਸੁਖ ਪਾਏ॥ਗੁਰੂ ਦੁਆਰੇ ਆਖ ਸੁਣਾਏ॥

॥ਤਿਸ ਕਾ ਪ੍ਰਮਾਰਬ॥

ਹੇ ਪੰਡਿਤ ਤੀਸਰੇ ਏਕਾਰ ਅਛਰ ਕਾ ਏਹੁ ਸਿਧਾਂਤ ਹੈ॥ਜਬ ਇਸ ਪ੍ਰਕਾਰ ਕਰ ਸਾਧਨਾ ਕਰੈ॥ਤਬ ਪਰਮ ਸਿਧ ਕੋ ਪਾਵੈ॥ਜੋ ਏਕ ਹੀ ਕੇ ਅਚਾਰ ਅਰੁ ਏਕ ਹੀ ਕੇ ਰੰਗ ਮੋ ਤਦ ਰੂਪ ਹੋਇ ਗਏ॥

---

[1]ਇੱਥੇ ਸਿਰਲੇਖ '॥ਤਾ ਬਾਬੇ ਜੀ ਦੂਸਰੇ ਅਕਾਰ ਕੀ ਪਉੜੀ ਕਹੀ॥' (ਅ,ੲ), '॥ਚੌਪਈ॥' (ਸ) ਹਨ

॥ ਤਿਸ ਕਾ ਦਿਸਟਾਤ॥

ਜੈਸੇ ਪਵਨ ਅਰੁ ਪਾਣੀ ਅਰੁ ਅਗਨ ਸਹਜੇ ਹੀ ਏਕ ਰੂਪ ਏਕ ਸੁਭਾਵ ਹੈ॥ ਤਾਤਪਰਜ ਯਹ॥ ਜੋ ਨਿਸਚੇ ਨਿਰੰਜਨੁ ਨਿਰੰਜਨ ਹੈ॥ ਏਕ ਜਾਨੈ ਜੋ ਏਕ ਆਤਮ ਰੂਪੀ ਭਵਰ ਤੀਨ ਲੋਕ ਗਾਮੀ ਹੈ॥ ਇਸ ਜੁਗਤ ਕਰਿ ਏਕ ਬੂਝਤਾ ਹੈ॥ ਤਬ ਪਰਮ ਪਦ ਕੋ ਪ੍ਰਾਪਤ ਹੋਤਾ ਹੈ॥ ਗਿਆਨ ਅਰੁ ਧਿਆਨ ਏਕ ਕਰ ਏਕ ਮੋ ਸਮਸਰ ਹੋ ਰਹੈ ਹੈ॥ ਹੇ ਪੰਡਿਤ ਗੁਰਮੁਖ ਏਕ ਕੋਈ ਇਸ ਪਦ ਕੌ ਪ੍ਰਾਪਤਿ ਹੋਤਾ ਹੈ॥ ਜਿਸ ਕੋ ਆਪ ਨਾਰਾਇਣ ਕ੍ਰਿਪਾ ਕਰੇ ਦਾਤ ਕਰੇ॥ ਤਿਸ ਕੌ ਏਹ ਪਦ ਪ੍ਰਾਪਤ ਹੋਇ ਏਹ ਸਭੀ ਪਦਾਰਥ ਗੁਰੂ ਦੁਆਰੇ ਅਧੀਨ ਹੈ॥ ਮੈ ਤੁਮ ਕੋ ਕਹਿ ਸੁਨਾਵਤਾ ਹੌ॥

॥ ਤਾਂ ਬਾਬੇ ਜੀ ਓਅੰਕਾਰ ਅਖ੍ਰਰ ਕੀ ਪਉੜੀ ਕਹੀ॥

ਊਰਮ ਧੂਰਮ ਜੋਤ ਉਜਾਲਾ॥ ਤੀਨ ਭਵਨ ਮੈ ਗੁਰ ਗੋਪਾਲਾ॥
ਊਗਵਿਆ ਅਸਰੂਪ ਦਿਖਾਵੈ॥ ਕਰਿ ਕਿਰਪਾ ਅਪਨੇ ਘਰ ਆਵੈ॥
ਊਨਵਿ ਵਰਸੈ ਨੀਝਰ ਧਾਰਾ॥ ਊਤਮ ਸਬਦ ਸਵਾਰਣਹਾਰਾ॥
65/ਅ ਇਸ ਏਕੈ ਕਾ ਜਾਣੈ ਭੇਉ॥ ਆਪੇ ਕਰਤਾ/ਆਪੇ ਦੇਉ॥

॥ ਤਿਸ ਕਾ ਪ੍ਰਮਾਰਥ॥

ਹੇ ਪੰਡਿਤ ਉਂਕਾਰ ਅਛਰ ਕਾ ਏਹੁ ਬਿਚਾਰੁ ਹੈ॥ ਤਲੇ ਅਰ ਊਪਰ ਏਕ ਜੋਤ ਪਸਰ ਰਹੀ ਉਹੀ ਉਜਿਆਰਾ ਹੈ॥ ਤੀਨੋ ਭਵਨ ਮੈ ਗੁਰ ਗੋਪਾਲ ਪੂਰਿ ਰਹਿਆ ਹੈ॥ ਜਬ ਪ੍ਰਕਾਸ ਭਇਆ ਤਬ ਅਸਪਦ ਭਾਸ ਭਇਆ ਈਸ੍ਵਰ ਕੀ ਏਹੀ ਕ੍ਰਿਪਾ ਭਈ॥ ਜੋਤ ਸਰੂਪ ਸੋ ਚੂਕਾ ਫੇਰ॥ ਅਪਨੇ ਨਿਜ ਸਰੂਪ ਮੋ ਲੀਨ ਭਇਆ॥ ਤਬ ਨੀਝਰ ਧਾਰ ਅੰਮ੍ਰਿਤ ਕੀ ਬਰਖਾ ਭਈ ਸਬਨ ਅਨਾਹਦ ਉਤਮ ਪਦ ਅਨੰਦ ਮੋ ਲੀਨ ਭਇਆ ਹੈ॥ ਏ ਪੰਡਿਤ ਜਿਸਨੇ ਏ ਪ੍ਰਕਾਰ ਬੂਝਾ ਦੇਵਾ[1] ਦਾ ਦੇਵ ਹੈ॥ ਅਰੁ ਵਹੀ ਆਪ ਹੀ ਕਰਨੇਹਾਰਾ ਹੈ॥ ਮੇਰੇ ਮਤ ਮੈ ਏਹੁ ਵੇਦਾਂਤ ਗਿਆਨ ਹੈ॥

॥ ਤਬ ਬਾਬੇ ਜੀ ਦੂਸਰੇ ਓਅੰਕਾਰ ਕੀ ਪਉੜੀ ਕਹੀ॥

ਉਗਵੈ ਸੂਰ ਅਸੁਰ ਸੰਘਾਰੈ॥ ਊਚਾ ਦੇਖ ਸਬਦ ਬੀਚਾਰੈ॥
ਊਪਰਿ ਆਦਿ ਅੰਤ ਤਿਹੁ ਲੋਇ॥ ਆਪੇ ਕਰੈ ਕਥੈ ਸੁਣੈ ਸੋਇ॥
ਓਹੁ ਬਿਧਾਤਾ ਮਨਮੁਖ ਸੋਇ॥ ਪ੍ਰਭ ਜਗਜੀਵਨ ਅਵਰੁ ਨ ਕੋਇ॥
ਨਾਨਕ ਨਾਮ ਰਤੇ ਪਤਿ ਹੋਇ॥ ੯॥

॥ ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਦੂਜੇ ਉਕਾਰ ਅਖਰ ਕਾ ਏਹੁ ਸਿਧਾਂਤ ਹੈ॥ ਜਬ ਰਵ ਪਰਕਾਸ ਹੋਤਾ ਹੈ॥ ਤਬ ਤਮ ਰੂਪੀ ਅਸੁਰ ਨਾਸ ਹੋਤਾ ਹੈ॥ ਜਬ ਤਤ ਗਿਆਨ ਪ੍ਰਕਾਸਤਾ ਹੈ॥ ਤਵ ਦੁਐਤ ਭਾਵ ਅਸੁਰ ਕਾ ਨਾਸੁ ਹੋਤਾ ਹੈ॥ ਊਚੀ ਦ੍ਰਿਸਟਿ ਭਈ ਸਬਦ ਕੇ ਬਿਚਾ[2] ਸੋ॥ ਤਬ ਏਹੁ ਸਮਝ ਪਰੀ॥ ਜੋ ਊਪਰਿ ਅਰਿ ਤਲੇ ਤੀਨ ਲੋਕ ਮੋ ਆਪ ਹੀ ਕਰਨੇਹਾਰਾ ਅਰੁ ਆਪ ਹੀ ਕਥਨੇਹਾਰਾ॥ ਅਰੁ ਆਪ ਹੀ ਸੁਨਨੇਹਾਰਾ ਹੈ॥ ਅਰੁ ਵਹੀ ਮਨ ਸੰਕਲਪ ਹੈ ਅਰੁ ਵਹੀ ਮੁਖ ਵਾਕ ਹੈ॥ ਅਰ ਪ੍ਰਭ ਜਗ ਜੀਵਨ ਹੈ॥ ਦੂਜਾ ਕੋਈ
66/ੳ ਨਾਹੀ॥ ਜੋ ਐਸੀ ਸਮਝ ਸੋ ਨਾ/ਮ ਬਿਖੇ ਲੀਨ ਹੋਵੈ॥ ਤਬ ਪਰਮਗਤਿ ਕੋ ਪ੍ਰਾਪਤਿ ਹੋਵਹਿ॥

॥ ਤਬ ਫੇਰਿ ਬਾਬੇ ਜੀ ਰਾਰੇ ਅਖਰ ਕੀ ਪਉੜੀ ਚਲੀ॥

ਰਾਜਨ ਰਾਮ ਰਵੈ ਹਿਤਕਾਰੁ॥ ਰਣ ਮਹਿ ਲੂਝੇ ਮਨੂਆ ਮਾਰੁ॥
ਰਾਤ ਦਿਨੰਤ ਰਹੈ ਰੰਗ ਰਾਤਾ॥ ਤੀਨ ਭਵਨ ਜੁਗ ਚਾਰੇ ਜਾਤਾ॥
ਜਿਨ ਜਾਤਾ ਸੋ ਤਿਸ ਹੀ ਜੇਹਾ॥ ਅਤਿ ਨਿਰਮਾਇਲ ਸੀਝਸ ਦੇਹਾ॥
ਰਹਸੀ ਰਾਮ ਰਿਦੈ ਇਕ ਭਾਇ॥ ਅੰਤਰਿ ਸਬਦ ਸਾਚਿ ਲਿਵ ਲਾਇ॥ ੧੦॥

॥ ਤਿਸ ਕਾ ਪ੍ਰਮਾਰਥ॥

ਹੇ ਪੰਡਿਤ ਰਾਰੇ ਅਖਰ ਕਾ ਏਹੁ ਬਿਚਾਰੁ ਹੈ॥ ਰਾਜਾ ਰਾਮ ਤਿਨ ਕੋ ਮਿਲਤੇ ਹੈ॥ ਜੋ ਐਸੇ ਹਿਤਕਾਰੀ ਹੈ॥ ਜਿਨ ਕਾ ਮਨ ਹੀ ਸੁਧ ਹੈ॥ ਬਿਚਾਰ ਕਰਿ ਕੇ ਜਿਨੋ ਨੇ ਮਨ ਕੋ ਮਾਰਾ ਹੈ॥ ਤਿਨ ਕੋ ਐਸੀ ਅਵਸਥਾ ਪ੍ਰਾਪਤ ਭਈ ਹੈ॥ ਰਾਤ ਅਰੁ ਦਿਨੁ ਰਾਮ ਹੀ ਕੇ ਰੰਗ ਮੋ ਰਾਤੇ ਹੈ॥ ਕਿਸ ਪ੍ਰਕਾਰ ਕਰਕੇ॥ ਤੀਨ ਭਵਨ ਅਰੁ ਚਾਰੋ ਜੁਗ ਬਿਖੈ ਰਾਮ ਪੂਰਨ ਜਾਤਾ ਹੈ॥ ਹੇ ਪੰਡਿਤ ਜਿਨ ਕੋ ਐਸੀ ਸਮਝ ਪਰੀ ਸੋ ਰਾਮ ਹੀ ਹੈ॥ ਵਹੁ ਅਤ ਨਿਰਮਾਇਲ ਹੈ॥ ਮਾਨੁਖ ਦੇਹ ਕੋ ਪ੍ਰਾਇਨ ਕੀਆ ਹੈ॥ ਵੈ ਸਦਾ ਹੀ ਰਾਮ ਕੇ ਭਾਵ ਮੋ ਲਿਵ ਲੀਨ ਤਤਪਰੇ ਹੋਇ ਰਹੇ ਹੈ॥

---

[1] ਵਹੀ ਦੇਵਾ (ਅ,ੲ,ਸ)

[2] ਬਿਚਾਰ (ਅ,ੲ,ਸ)

॥ ਤਾਂ ਬਾਬੇ ਜੀ ਦੂਸਰੇ ਰਾਰੇ ਅਖਰ ਕੀ ਪਉੜੀ ਕਹੀ॥

ਰੋਸ ਨ ਕੀਜੈ ਅੰਮ੍ਰਿਤ ਪੀਜੈ ਰਹਣ ਨਹੀ ਸੰਸਾਰੇ॥
ਰਾਜੇ ਰਾਇ ਰੰਕ ਨਹੀ ਰਹਨਾ ਆਇ ਜਾਇ ਜੁਗ ਚਾਰੇ॥
ਰਹਣਿ ਕਹਣਿ ਤੇ ਰਹੈ ਨ ਕੋਈ ਕਿਸ ਪਰ ਕਰਉ ਬਿਨੰਤੀ॥
ਏਕ ਸਬਦ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ॥੧੧॥

॥ ਤਿਸ ਕਾ ਪ੍ਰਮਾਰਥ॥

ਹੇ ਪੰਡਿਤ ਦੂਸਰੇ ਰਾਰੇ ਅਖਰ ਕਾ ਏਹੁ ਬਿਚਾਰ ਹੈ॥ਰੋਸ ਨ ਕਰੀਐ ਮੋਹਿ ਸਿਉ ਰਹਤ
66/ਅ ਹੋ/ਇ ਕਰਿ ਅੰਮ੍ਰਿਤ ਜੋ ਪਦ ਹੈ ਗੋਬਿਦ ਕਾ ਨਾਮ ਤਿਸ ਕੋ ਲਗੇ ਸੰਸਾਰ ਮੋ ਥਿਰੁ ਰਹਨਾ ਨਹੀ॥ਰਾਣਾ ਅਰੁ ਰੰਕ ਚਾਰੋ ਜੁਗੋ ਮੋ ਭਟਕਤੇ ਫਿਰਤੇ ਹੈ॥ਬਾਰੰ ਬਾਰੰ[1] ਜਨਮ ਅਰੁ ਮਰਨ ਮੋ ਬੂਡ ਰਹੇ ਹੈ॥ਸਭ ਕੋਈ ਰਹਣਾ ਕਰਤਾ ਹੈ॥ਪਰ ਰਹਿ ਸਕਤੇ ਨਾਹੀ॥ਕਿਸ ਕੋ ਕਹ ਸਮਝਾਈਐ॥ਏਕ ਸਬਦ ਰਾਮ ਨਾਮ ਜੋ ਨਰ ਉਧਾਰਨ ਜੋਗ ਹੈ॥ਜੋ ਗੁਰ ਕਿਰਪਾ ਕਰਿ ਦੇਵੈ ਤਉ ਪਤਿ ਸਦਾ ਪਰਾਪਤਿ ਹੋਵਹਿ॥

॥ ਫੇਰ ਲਕਾਰ ਅਖਰ ਕੀ ਪਉੜੀ ਕਹੀ॥

॥ ਸਲੋਕ॥

ਲਾਜ ਮਰੰਤੀ ਮਰ ਗਈ ਘੁੰਘਟ ਖੋਲ ਚਲੀ॥
ਸਾਸ ਦਿਵਾਨੀ ਬਾਬਰੀ ਸਿਰ ਤੇ ਸੰਕ ਟਲੀ॥
ਪ੍ਰੇਮ ਬੁਲਾਈ ਰਲੀ ਸਿਉ ਮਨ ਮੈ ਸਬਦ ਆਨੰਦ॥
ਲਾਲ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦ॥੧੨॥

॥ ਤਿਸ ਕਾ ਪ੍ਰਮਰਥ॥

ਹੇ ਪੰਡਿਤ ਲਕਾਰ ਅਛਰ ਕਾ ਏਹੁ ਬਿਚਾਰ ਹੈ॥ਜਬ ਲਾਜ ਸੰਸਾਰ ਕੀ ਅਰੁ ਕੁਲ ਕੀ ਨਾਸ ਭਈ ਏਹੀ ਮੁਖੇ ਕੇ ਆਗੇ ਪਾਟ ਪੜਦਾ ਥਾ॥ਅਰੁ ਮੋਹੁ ਰੂਪੀ ਸਾਸ ਬਉਰਾਈ ਕੀ ਸੰਕਾ ਜੋ ਥੀ॥ਸੰਕਾ ਥੀ ਕਿਆ॥ਅਪਨਾ ਜੋ ਨਿਜ ਸੂਰਪ ਥਾ ਤਿਸ ਕੋ ਮਿਲਨੇ ਨਹੀ ਦੇਤੀ ਥੀ॥ਤਿਸ ਕਾ ਭੀ ਨਾਸ ਭਇਆ॥ਤਬ ਪ੍ਰੇਮ ਸੋ ਖੇਲ ਖੇਲਨੇ ਲਾਗੀ॥ਮਨ ਮੋ ਸਬਦ ਕਾ ਪ੍ਰਕਾਸ ਹੂਆ॥ਪਰਮ ਅਨੰਦ ਹੂਆ॥ਤਬ ਨਿਜ ਸਰੂਪ ਮੋ ਲੀਨ ਭਈ॥

॥ ਦੂਜੇ ਲਕਾਰ ਕੀ ਪਉੜੀ ਕਹੀ॥

ਲਹਾ ਨਾਮੁ ਰਤਨ ਜਪ ਸਾਰ॥ਲਬ ਲੋਭੁ ਬੁਰਾ ਅਹੰਕਾਰ॥
ਲਾੜੀ ਚਾੜੀ ਲਾਇਤਬਾਰ॥ਮਨਮੁਖ ਅੰਧਾ ਮੁਗਧ ਗਵਾਰੁ॥
ਲਾਹੇ ਕਾਰਨ ਆਇਆ ਜਗੁ॥ਹੋਇ ਮਜੂਰ ਗਇਆ ਠਗਾਇ ਠਗੁ॥
67/ੳ ਲਾਹਾ ਨਾਮੁ ਪੂੰਜੀ ਵੇਸਾਹੁ ਨਾਨਕ ਸਚੀ/ਪਤਿ ਸਚਾ ਪਾਤਸਾਹੁ॥੧੩॥

॥ ਤਿਸ ਕਾ ਪਰਮਾਰਥੁ॥

ਹੇ ਪੰਡਿਤ ਦੂਜੇ ਲਕਾਰ ਅਛਰ ਕਾ ਏਹੁ ਬਿਚਾਰੁ ਹੈ॥ਜਗਤ ਮੋ ਜੋ ਲਾਹਾ ਹੈ ਸੋ ਨਾਮ ਰਤਨ ਕਾ ਸਾਰ ਹੈ॥ਤਿਸ ਕੋ ਤਿਆਗ ਕਰਿ ਕੇ ਜਗਤ ਕੀ ਬੁਰਿਆਈ ਮੋ ਲਗਾ ਹੈ॥ਠਗੀ ਅਰੁ ਚੁਗਲੀ ਬਿਸਾਸਘਾਤ ਕਰਨਾ ਸੋ ਮਨਮੁਖ ਮੁਗਧ ਗਵਾਰ ਹੈ॥ਹੇ ਪੰਡਿਤ ਸਭ ਕੋਈ ਜਗਤ ਮੋ ਗੋਬਿੰਦ ਲਾਭ ਕੋ ਆਇਆ ਹੈ॥ਸੋ ਠਗੀ ਕੀ ਮਜੂਰੀ ਮੋ ਜਨਮ ਰਤਨ ਠਗਾਇ ਚਲੇ ਹੈ॥ਲਾਹਾ ਨਾਮ ਹੈ ਤਿਸ ਕੀ ਪੂੰਜੀ ਪਰਤੀਤ ਹੈ॥ਮੈ ਕਹਤਾ ਹੋ ਸਚੀ ਪਾਤਸਾਹੀ ਨਾਮ ਕੀ ਹੈ॥

॥ ਤਾਂ ਫੇਰ ਅਕਾਰ ਅਛਰ ਕੀ ਪਉੜੀ ਕਹੀ॥

ਆਇ ਵਿਗੂਤਾ ਜਗ ਜਮ ਪੰਥ॥ਆਈ ਨ ਮੇਟਣ ਕੋ ਸਮਰਥੁ॥
ਆਥ ਸੈਲ ਨੀਚ ਘਰਿ ਹੋਇ॥ਆਥ ਦੇਖ ਨਿਵੇ ਜਿਸੁ ਦੋਇ॥
ਆਥ ਹੋਇ ਤਾ ਮੁਗਧ ਸਿਆਨਾ॥ਭਗਤ ਬਿਹੂਨਾ ਜਗ ਬਉਰਾਨਾ॥
ਸਭ ਮੈ ਵਰਤੈ ਏਕੋ ਸੋਇ॥ਜਿਸ ਨੋ ਕ੍ਰਿਪਾ ਕਰੇ ਤਿਸ ਪ੍ਰਗਟਿ ਹੋਇ॥੧੪॥

॥ ਤਿਸ ਕਾ ਪ੍ਰਮਾਰਥ॥

ਹੇ ਪੰਡਿਤ ਅਕਾਰ ਅਖਰ ਕਾ ਏਹੁ ਬਿਚਾਰ ਹੈ॥ਜਗਤ ਜੋ ਹੈ ਸੋ ਜਮ ਕੇ ਪੰਥ ਮੈ ਸਭ ਕੋਈ ਆਇ ਕੇ ਵਿਗੂਤਾ ਹੈ॥ਮਾਇਆ ਕੀ ਲਹਰ ਮੇਟਣੇ ਕੋ ਕੋਈ ਸਮਰਥ ਨਾਹੀ॥ਹੇ ਸਾਧੋ ਮਾਇਆ ਕਾ

---

[1] ਬਾਰ (ਅ,ੲ,ਸ)

ਕੈਸਾ ਚਲ੍ਰਿਤ ਹੈ ਜੋ ਮਹਾ ਸਠ ਨੀਚ ਕੇ ਘਰ ਬਿਖੈ ਮਾਇਆ ਹੋਇ॥ਦੋਨਉ ਹਾਥ ਬਾਂਧੇ ਜਗਤ ਉਸ ਕੋ ਨਿਵਤਾ ਹੈ॥ਜੋ ਮੂੜੇ[1] ਧਨ ਹੋਇ ਤਉ ਵਹੀ ਜਗ ਮੈ ਸਿਆਨਾ ਹੈ॥ਗੋਬਿੰਦ ਭਗਤ ਬਿਹੂਨਾ ਜਗ
67/ਅ ਬਉਰਾਨਾ ਹੈ॥ਹੇ ਪੰਡਿਤ ਸਰਬ ਪੂਰਨ ਜੋ ਏਕ ਬ੍ਰਹਮ ਹੈ॥ਜਿਸ ਕੋ ਗੁਰ ਕੀ ਕ੍ਰਿਪਾ/ਹੋਇ ਤਿਸ ਘਟ ਮੈ ਪ੍ਰਕਾਸ ਹੋਤਾ ਹੈ॥

॥ਤਾਂ ਫੇਰਿ ਜਕਾਰ ਅਛਰ ਕੀ ਪਉੜੀ ਕਹੀ॥

ਜੁਗ ਜੁਗ ਥਾਪ ਸਦਾ ਨਿਰਵੈਰ॥ਜਨਮ ਮਰਨ ਨਹੀ ਧੰਧਾ ਧੈਰ॥
ਜੋ ਦੀਸੈ ਸੋ ਆਪੇ ਆਪਿ॥ਆਪਿ ਉਪਾਇ ਆਪੇ ਘਟ ਥਾਪਿ॥
ਆਪਿ ਅਗੋਚਰ ਧੰਧੈ ਲੋਈ॥ਜੋਤ ਜੁਗਤ ਜਗਜੀਵਨ ਸੋਈ॥
ਕਰਿ ਆਚਾਰ ਸਚੁ ਸੁਖੁ ਹੋਈ॥ਨਾਮ ਬਿਹੂਨਾ ਮੁਕਤ ਕਿਉ ਹੋਈ॥੧੫॥

॥ਤਿਸ ਕਾ ਪ੍ਰਮਾਰਥ॥

ਹੇ ਪੰਡਿਤ ਜਕਾਰ ਅਖਰ ਕਾ ਏਹ ਬੀਚਾਰੁ ਹੈ॥ਜੁਗੋ ਜੁਗ ਜਗ ਕੀ ਅਸਥਾਪਨਾ ਕਰਿ ਕੇ ਆਪਿ ਸਦਾ ਨਿਰਵੈਰ ਰਹਤਾ ਹੈ॥ਜਨਮ ਮਰਨ ਕੇ ਧੰਧੇ ਸਿਉ ਨਿਰਵੈਰੁ ਹੈ॥ਅਰੁ ਪਵਿਤ੍ਰ ਹੈ ਜਹਾਂ ਦੇਖੀਐ ਤਹਾਂ ਆਪ ਹੀ ਪੂਰ ਰਹਿਆ ਹੈ॥ਅਪਨੇ ਆਪ ਕੋ ਪਾਇ ਕਰਿ ਆਪ ਹੀ ਘਟ ਮੋ ਅਸਥਿਤ ਭਇਆ ਹੈ॥ਅਰੁ ਆਪ ਅਗੋਚਰ ਹੈ॥ਅਉਰ ਸਰਬ ਲੋਕ ਧੰਧੇ ਸਿਉ ਹੈ॥ਜੋਗ ਅਰੁ ਜੁਗਤਿ ਆਪ ਹੀ ਜਗ ਜੀਵਨ ਹੈ॥ਹੇ ਪੰਡਿਤ ਐਸੇ ਪਰਮੇਸਰ ਕੀ ਭਗਤ ਕਰੋ॥ਤਉ ਸਾਚ ਸੁਖ ਕਉ ਪ੍ਰਾਪਤਿ ਹੋਵਉ॥ਬਿਨਾ ਨਾਮ ਕੇ ਮੁਕਤ ਕੈਸੇ ਹੋਇ॥

॥ਤਾਂ ਫੇਰਿ ਬਾਬੇ ਜੀ ਵਕਾਰ ਅਛਰ ਕੀ ਪਉੜੀ ਕਹੀ॥

ਵਿਣੁ ਨਾਵੈ ਵਿਰੋਧ ਸਰੀਰ॥ਕਿਉ ਨ ਮਿਲਹਿ ਕਾਟਿਹ ਮਨ ਪੀਰ॥
ਵਾਟ ਵਟਾਊ ਆਵੈ ਜਾਇ॥ਕਿਆ ਲੇ ਆਇਆ ਕਿਆ ਪਲੈ ਪਾਇ॥
ਵਿਣ ਨਾਵੈ ਤੋਟਾ ਸਭ ਥਾਇ॥ਲਾਹਾ ਮਿਲੈ ਜਾ ਦੇਹਿ ਬੁਝਾਇ॥
ਵਣਜ ਵਪਾਰ ਵਣਜੈ ਵਾਪਾਰੀ॥ਵਿਣ ਨਾਵੈ ਕੈਸੀ ਪਤਿ ਸਾਰੀ॥੧੬॥

॥ਤਿਸ ਕਾ ਪਰਮਾਰਥ॥

68/ੳ ਹੇ ਪੰਡਿਤ ਵਕਾਰ ਅਖਰ ਕਾ ਏਹੁ ਬਿਚਾਰ ਹੈ॥ਬਿਨਾ ਨਾਮ/ਕੇ ਸਰੀਰ ਵਿਰੋਧ ਰੂਪ ਹੈ॥ਬਿਨਾ ਪਰਮੇਸਰ ਕੇ ਮਿਲੇ ਕਿਉ ਕਰ ਤਨ ਮਨ ਕੀ ਪੀੜਾ ਕਾਟੀ ਜਾਇ॥ਏਹ ਤੋ ਵਾਟ ਵਟਾਊ ਕੀ ਤਰਹਿ ਆਵਤਾ ਜਾਤਾ ਹੈ॥ਤਾ ਤੇ ਕਿਆ ਲੇ ਆਇਆ ਹੈ ਅਰੁ ਕਿਆ ਪਲੈ ਪੜੇਗਾ॥ਬਿਨਾ ਭਜਨ ਨਾਮ ਕੇ ਸਰਬ ਠਉਰ ਮੈ ਤੋਟਾ ਹੈ॥ਨਾਮ ਕਾ ਲਾਹਾ ਤਬ ਮਿਲੈ ਜਾਂ ਆਪਨੀ ਬੁਝਾਇ ਦੇਇ॥ਅਉਰ ਬਿਨਾ ਨਾਮ ਕੇ ਜੋ ਵਣਜ ਵਪਾਰ ਕਰਤਾ ਹੈ॥ਤਿਨ ਕੀ ਕੈਸੇ ਪਤਿ ਰਹੈਗੀ॥

॥ਤਾਂ ਫੇਰਿ ਬਾਬੇ ਜੀ ਗਗੇ ਅਖਰ ਕੀ ਪਉੜੀ ਕਹੀ॥

ਗੁਣ ਵੀਚਾਰੇ ਗਿਆਨੀ ਸੋਇ॥ਗੁਣ ਮਹਿ ਗਿਆਨ ਪਰਾਪਤਿ ਹੋਇ॥
ਗੁਣ ਦਾਤਾ ਵਿਰਲਾ ਸੰਸਾਰ॥ਸਾਚੀ ਕਰਣੀ ਗੁਰ ਵੀਚਾਰ॥
ਅਗਮ ਅਗੋਚਰ ਕੀਮਤਿ ਨਹੀ ਪਾਇ॥ਤਾ ਮਿਲੀਏ ਜਾਂ ਲਏ ਮਿਲਾਇ॥
ਗੁਣਵੰਤੀ ਗੁਣ ਸਾਰੇ ਨੀਤ॥ਨਾਨਕ ਗੁਰਮਤਿ ਮਿਲੀਐ ਮੀਤਿ॥੧੭॥

॥ਤਿਸ ਕਾ ਪ੍ਰਮਾਰਥ॥

ਹੇ ਪੰਡਤ ਗਗੇ ਅਖਰ ਕਾ ਇਹੁ ਬਿਚਾਰੁ ਹੈ॥ਗਿਆਨੀ ਪੁਰਸ ਵਹੀ ਹੈ॥ਜੋ ਸਦਾ ਗੁਣਾ ਬਾਦ ਪਰਮੇਸਰ ਕੇ ਬਿਚਾਰਤੇ ਹੈ॥ਗੁਣ ਕੇ ਬਿਚਾਰ ਸਿਉ ਗਿਆਨ ਪ੍ਰਾਪਤ ਹੋਤਾ ਹੈ॥ਗੁਣ ਦਾਤੇ ਜਗਤ ਮੋ ਵਿਰਲੇ ਹੀ ਸੰਤ ਹੈ॥ਗੁਰੋ ਕੇ ਅਰੁ ਸੰਤੋ ਕੇ ਬਚਨ ਬਿਚਾਰ ਕੇ ਜੋ ਕਰਨੀ ਕਰਤਾ ਹੈ ਸੋਈ ਸਤਿ ਹੈ॥ਅਗਮ ਅਗੋਚਰ ਪ੍ਰਭ ਕੀ ਜੋ ਮਤਿ ਸੋ ਰਹਿਤੇ ਹੈ॥ਵਹੁ ਮਤ ਤਬ ਹੀ ਪ੍ਰਾਪਤਿ ਹੋਇ ਜਬ ਗੁਰ ਕਿਰਪਾ ਕਰੇ॥ਅਰ ਅਪਨੇ ਆਪ ਮੋ ਮਿਲਾਇ ਲਏ॥ਹੇ ਪੰਡਤ ਗੁਣਵੰਤਨ ਕੇ ਸਦਾ ਹੀ ਗੁਣਾ ਬਾਦ ਮੋ ਲੀਨ ਰਹਿਤੇ ਹੈ॥ਹੇ ਸਖੇ ਗੁਰਮਤ ਕਰ ਕੇ ਪਰਮੇਸਰ ਕਾ ਮਿਲਾਪ ਹੋਤਾ ਹੈ॥

॥ਤਾ ਬਾਬੇ ਜੀ ਕਕੇ ਅਖਰ ਕੀ ਪਉੜੀ ਕਹੀ॥

68/ਅ /ਕਾਮ ਕ੍ਰੋਧ ਕਾਇਆ ਕਉ ਗਾਲੈ॥ਜਿਉ ਕੰਚਨ ਸੋਹਾਗਾ ਢਾਲੈ॥
ਕਸ ਕਸਵਟੀ ਸਹੈ ਸੁ ਤਾਉ॥ਨਦਰ ਸਰਾਫ ਵੰਨੀ ਸਚੜਾਉ॥
ਜਗਤ ਪਸੂ ਅੰਹਕਾਰੁ ਕਸਾਈ॥ਕਰਿ ਕਰਿਤੇ ਕਰਨੀ ਕਰਿ ਪਾਈ॥

---

[1] ਮੂੜੇ ਕੇ (ਅ,ੲ,ਸ)

ਜਿਨ ਕੀਤੀ ਤਿਨ ਕੀਮਤਿ ਪਾਈ॥ ਹੋਰ ਕਿਆ ਕਹੀਐ ਕਛੁ ਕਹਣੁ ਨ ਜਾਈ॥੧੮॥

ਹੇ ਪੰਡਿਤ ਕਕੇ ਅਖਰ ਕਾ ਬਿਚਾਰੁ ਏਹੁ ਹੈ॥ ਇਹੁ ਕਾਇਆ ਕਾਮ ਕਰੋਧ ਦੋਖੋ ਆਦਿਕ ਕਰਿ ਅਰੁ ਪਰਕਿਰਤੋ ਕੇ ਸੁਭਾਵ ਕਰਿ ਮਲੀਨ ਹੋਇ ਰਹੀ ਹੈ॥ ਤਿਸ ਕੋ ਸੁਧ ਤਪ ਸੌ ਲਗਾਵੈ॥ ਜੈਸੇ ਸੁਹਾਗੇ ਸਿਉ ਸੁਧ ਕੰਚਨ ਢਾਲੀਤਾ ਹੈ॥ ਤੈਸੈ ਹੀ ਕਾਇਆ ਕੋ ਭਗਤ ਕੀ ਕਸਉਟੀ ਕਰਿ ਕੇ ਕਸੇ॥ ਪ੍ਰੇਮ ਰੂਪੀ ਅਗਨ ਕਾ ਤਉ ਸਹੇ॥ ਤਬ ਸੁਧ ਵਰਨ ਕੰਚਨ ਵਰਨ ਹੋਇ॥ ਅਰੁ ਸਰਾਫੀ ਨਜਰ[1] ਲਾਇਕ ਹੋਇ॥ ਅਰੁ ਜਗਤ ਤੋ ਪਸੂ ਕੀ ਨਿਆਈ ਭੋਗ ਪਦਾਰਥੋ ਕਉ ਪਾਇ ਕਰਿ ਬਿਸੁਧ ਭਇਆ ਹੈ॥ ਤਿਸ ਕਾ ਬਧ ਕਰਨੇਹਾਰ ਹੰਕਾਰ ਕਸਾਈ ਹੈ॥ ਹੇ ਪੰਡਿਤ ਆਪ ਕਰਤੇ ਨੇ ਜਿਸ ਕਰਨੀ ਕਉ ਲਗਾਇਆ ਹੈ॥ ਉਸੀ ਮੋ ਲਾਗਾ ਹੈ॥ ਅਰੁ ਜਿਸ ਨੇ ਸਭ ਧਾਰਾ ਹੈ ਸੋਈ ਕੀਮਤਿ ਜਾਨ ਹੈ॥ ਅਉਰ ਕਿਆ ਕਹਿ ਸਕਹਿ ਕਹਨੇ ਕੀ ਜਾਗਾ ਨਾਹੀ॥

॥ ਤਾਂ ਫੇਰਿ ਬਾਬੇ ਜੀ ਖਖੇ ਅਖਰ ਕੀ ਪਉੜੀ ਕਹੀ॥

ਖੋਜਤ ਖੋਜਤ ਅਮ੍ਰਿਤ ਪੀਆ॥ ਖਿਮਾ ਗਹੀ ਮਨ[2] ਸਤਿਗੁਰ ਦੀਆ॥
ਖਰਾ ਖਰਾ ਆਖੈ ਸਭ ਕੋਇ॥ ਖਰਾ ਰਤਨੁ ਜੁਗ ਚਾਰੇ ਹੋਇ॥
ਖਾਤ ਪੀਅੰਤ ਮੂਏ ਨਹੀ ਜਾਨਿਆ॥ ਖਿਨ ਮਹਿ ਮੂਏ ਜਾ ਸਬਦ ਪਛਾਨਿਆ॥
ਅਸਿਥਿਰ ਚੀਤ ਮਰਨ ਮਨਿ ਮਾਨਿਆ॥ ਗੁਰ ਕਿਰਪਾ ਤੇ ਨਾਮੁ ਪਛਾਨਿਆ॥੧੯॥

॥ ਤਿਸ ਕਾ ਪ੍ਰਮਾਰਥ॥

69/ੳ ਹੇ ਪੰਡਿਤ ਖਖੇ ਅਖਰ ਕਾ ਏਹੁ ਬੀਚਾਰ ਹੈ॥/ਜਿਨੋ ਨੇ ਆਤਮ ਪਦ ਕਾ ਖੋਜਨਾ ਕੀਆ ਹੈ॥ ਅਰੁ ਖਿਮਾ ਰੂਪੀ ਧਨੁ ਪਾਇਆ ਹੈ॥ ਜਬ ਇਹੁ ਮਨੁ ਅਪਨਾ ਸਤਿਗੁਰ ਕੌ ਦੀਆ॥ ਤਬ ਸੁਧ ਭਇਆ॥ ਤਬ ਸਭ ਕਿਸੀ ਨੇ ਸੁਧ ਕਹਿਆ॥ ਜੋ ਸੁਧ ਵਸਤੁ ਹੋਤੀ ਹੈ ਤਿਸ ਕੋ ਸਭੁ ਕੋਈ ਸੁਧ ਕਹਤਾ ਹੈ॥ ਅਨੇਕ ਭੋਗੋ ਕੋ ਪ੍ਰਾਨੀ ਭੋਗ ਭੋਗ ਮੂਏ॥ ਕਛੂ ਗਤ ਨਹੀ ਜਾਨੀ॥ ਪਰਮੇਸਰ ਕੇ ਪਾਵਨੇ ਕੀ॥ ਜਬ ਗੁਰ ਕੇ ਸਬਦ ਕਉ ਪਛਾਨਿਆ॥ ਤਬ ਖਿਨ ਮਹਿ ਮੂਏ ਜੋ ਨਿਹਚਲ ਚਿਤ ਭਇਆ॥ ਤਬ ਮਨੁ ਸੁਧ ਭਇਆ॥ ਗੁਰ ਕੀ ਕਿਰਪਾ ਤੇ ਨਾਮ ਕੀ ਪਹਿਚਾਨ ਭਈ॥੨੦॥

॥ ਤਾਂ ਫੇਰ ਗਗੇ ਅਖਰ ਕੀ ਪਉੜੀ ਕਹੀ॥

ਗਗਨ ਗੰਭੀਰ ਗਗਨੰਤਰ ਵਾਸੁ॥ ਗੁਣ ਗਾਵੈ ਸੁਖ ਸਹਜ ਨਿਵਾਸ॥
ਗਇਆ ਨ ਆਵੈ ਆਇ ਨ ਜਾਇ॥ ਗੁਰ ਪ੍ਰਸਾਦਿ ਰਹੈ ਲਿਵ ਲਾਇ॥
ਗਗਨ ਅਗੰਮੁ ਅਨਾਥ ਅਜੋਨੀ॥ ਅਰਥਿਰ ਚੀਤ ਸਮਾਧ ਸਗੋਨੀ॥
ਹਰਿ ਨਾਮ ਚੇਤਿ ਫਿਰ ਪਵਹਿ ਨ ਜੋਨੀ॥ ਗੁਰਮਤਿ ਸਾਰ ਹੋਰ ਨਾਮ ਬਿਹੂਨੀ॥

॥ ਤਿਸ ਕਾ ਪ੍ਰਮਾਰਥੁ॥

ਜਬ ਗਗਨ ਗੰਭੀਰ ਗਗਨੰਤਰ ਵਾਸ ਪਾਇ ਗੁਨ ਗਾਵਨੇ ਲਾਗਾ॥ ਤਬ ਪਰਮ ਸੁਖ ਸਹਜ ਮੋ ਨਿਵਾਸ ਭਇਆ॥ ਐਸਾ ਅਸਥਾਨ ਪਾਵਨੇ ਵਾਲਾ ਆਵਨਿ ਜਾਨਿ ਸੋ ਰਹਤ ਹੋਤਾ ਹੈ॥ ਗੁਰ ਕੇ ਪ੍ਰਸਾਦਿ ਕਰ ਕੇ ਏਕ ਲਿਵ ਲੀਨ ਹੋਹੈ॥ ਵਹਿ ਗਗਨ ਅਸਥਾਨ ਅਗੰਮ ਹੈ ਅਰੁ ਮਾਇਆ ਸੌ ਰਹਤਾ ਅਜੋਨੀ ਹੈ॥ ਜਬ ਊਹਾਂ ਚਿਤ ਅਸਥਿਰ ਹੋਇਆ॥ ਸਰਬ ਦਿਸਾ ਸਮਾਧ ਦ੍ਰਿੜ ਭਈ॥ ਜਿਨੋ ਨੇ ਇਸ ਪਰਕਾਰ ਨਾਮ ਜਪਿਆ ਹੈ ਸੋ ਜੋਨ ਸੋ ਰਹਿਤ ਭਏ॥

॥ ਤਾ ਫੇਰ ਬਾਬੇ ਜੀ ਨੇ ਘਘੇ ਅਖਰ ਕੀ ਪਉੜੀ ਕਹੀ॥

69/ਅ ਘਰ ਦਰ[3] ਫਿਰ ਥਾਕੀ ਬਹੁ ਤੇਰੇ॥/ਜਾਤ ਅਸੰਖ ਅੰਤ ਨਹੀ ਮੇਰੇ॥
ਕੇਤੇ ਮਾਤ ਪਿਤਾ ਸੁਤ ਧੀਆ॥
ਕੇਤੇ ਗੁਰ ਚੇਲੇ ਫੁਨਿ ਹੂਆ॥ ਕਾਚੇ ਗੁਰ ਸਿਉ ਮੁਕਤ ਨ ਹੂਆ॥
ਕੇਤੀ ਨਾਰ ਵਰੁ ਏਕ ਸਮਾਲ॥ ਗੁਰਮੁਖ ਮਰਨ ਜੀਵਨ ਪ੍ਰਭ ਨਾਲ॥
ਦਹ ਦਿਸ ਢੂੰਢ ਘਰੇ ਮਹਿ ਪਾਇਆ॥ ਮੇਲ ਭਇਆ ਸਤਿਗੁਰੂ ਮਿਲਾਇਆ॥੨੧॥

॥ ਤਿਸ ਕਾ ਪਰਮਾਰਥ॥

ਘਘੇ ਅਖਰ ਕਾ ਇਹ ਬੀਚਾਰ ਹੈ॥ ਕੇਤੇ ਘਰੋ ਮੈ ਅਰੁ ਅਨੰਤ ਜਾਤੋ ਮੈ ਬਾਰੰਬਾਰ ਮਾਤਾ ਅਰੁ ਪਿਤਾ ਬੇਟੀ ਅਰੁ ਬੇਟਾ ਕੇ ਜਨਮੁ ਧਾਰਤ ਭਏ॥ ਅਰੁ ਕਈ ਬਾਰ ਗੁਰ ਚੇਲੇ ਭੇਏ॥ ਕਾਚੇ ਗੁਰ ਸੋ ਮੁਕਤਿ ਨ ਭਈ॥ ਸੁਨਿਹੋ ਪੰਡਿਤ ਜੋ ਪਤਬ੍ਰਤਾ ਨਾਰਿ ਹੈ ਤਿਸ ਕੋ ਭਰਤੇ ਹੀ ਕੀ ਚਿਤਵਨਾ

---

[1] ਨਕਾਰ (ਸ)
[2] ਗਹੀਮ (ਸ)
[3] ਦਰ ਦਰ (ਅ)

ਹੈ॥ ਗੁਰਮਖ ਜੋ ਹੈ ਤਿਨਾ[1] ਕਾ ਮਰਨਾ ਜੀਵਨਾ ਪ੍ਰਮੇਸਰ ਹੀ ਕੇ ਸਾਥ ਹੈ॥ ਜਬ ਦਸੋ ਦਿਸਾ ਖੋਜ ਕਰਿ ਅਪਨੇ ਘਰ ਸਿਉ ਮੇਲ ਭਇਆ॥ ਤਬ ਸਤਿਗਰ ਕੀ ਕਿਰਪਾ ਸੋ ਮੇਲ ਭਇਆ॥

[2]॥ ਤਾਂ ਫੇਰਿ ਬਾਬੇ ਜੀ ਨੇ ਗਗੇ ਅਛਰ ਕੀ ਪਉੜੀ ਕਹੀ॥

ਗੁਰਮੁਖਿ ਗਾਵੈ ਗੁਰਮੁਖਿ ਬੋਲੈ॥ ਗੁਰਮੁਖ ਤੋਲ ਤੁਲਾਵੈ ਤੋਲੇ॥
ਗੁਰਮੁਖਿ ਆਵੈ ਜਾਇ ਨਿਸੰਕ॥ ਪਰਹਰ ਮੈਲ ਜਲਾਇ ਕਲੰਕ॥
ਗੁਰਮੁਖਿ ਨਾਦ ਬੇਦ ਬਿਚਾਰ॥ ਗੁਰਮੁਖਿ ਮਜਨ ਚਜ ਅਚਾਰ॥
ਗੁਰਮੁਖ ਸਬਦ ਅੰਮ੍ਰਿਤ ਹੈ ਸਾਰ॥ ਨਾਨਕ ਗੁਰਮੁਖ ਪਾਵਹਿ ਪਾਰ॥੨੨॥

॥ ਤਿਸ ਕਾ ਪਰਮਾਰਥ॥

ਹੇ ਪੰਡਿਤ ਗਗੇ ਅਖਰ ਕਾ ਏਹ ਬਿਚਾਰ ਹੈ॥ ਗਾਵਨਾ ਅਰੁ ਬੋਲਨਾ ਗੁਰਮੁਖੋ ਕਾ ਸਤਿ ਹੈ॥ ਤੋਲਨਾ ਅਰੁ ਤੁਲਾਨਾ ਕਹੀਐ ਚਿਤਵਨਾ ਭੀ ਗੁਰਮੁਖੋ ਕਾ ਸਤਿ ਹੈ॥ ਆਵਨਾ ਅਰੁ ਜਾਨਾ
70/ੳ ਗੁਰਮੁਖਾ ਕਾ ਸਤਿ ਹੈ॥ ਜਿਨ ਕੀ ਮਲੀਨਤਾ ਗਈ ਹੈ॥ ਅਰੁ ਕ/ਲੰਕ ਨਾਸ ਭਇਆ ਹੈ॥ ਅਰੁ ਨਾਦ ਬੇਦ ਕਾ ਬਿਚਾਰ ਗੁਰਮੁਖਾ ਕੇ ਹਿਰਦੇ ਮੋ ਹੈ॥ ਇਸਨਾਨ ਆਦਿਕ ਜੋ ਕਰਮ ਹੈ ਸੁ ਗੁਰਮੁਖਾਂ ਕੇ ਸੁਧ ਹੈ॥ ਅਰੁ ਮੁਖਿ ਹਿਰਦੇ ਮੋ ਅਖੰਡ ਸਬਦ ਸਾਰ ਹੈ॥ ਹੇ ਪੰਡਿਤ ਮੈ ਸਤ ਪਦ ਕਹਿਆ ਹੈ॥ ਅਰ ਗੁਰਮਖ ਹੀ ਭੈ ਰੂਪੀ ਸਾਗਰ ਕੋ ਤਰ ਕੇ ਪਾਰ ਲੰਘ ਮੁਕਤ ਰੂਪ ਭਏ॥

॥ ਤਾਂ ਫੇਰ ਬਾਬੇ ਜੀ ਚਚੇ ਅਖਰ ਕੀ ਪਉੜੀ ਕਹੀ॥

ਚੰਚਲ ਚੀਤ ਨ ਰਹਸੀ ਠਾਇ॥ ਚੋਰੀ ਮਿਰਗ ਅੰਗੂਰੀ ਖਾਇ॥
ਚਰਨ ਕਮਲ ਉਰ ਧਾਰੇ ਚੀਤ॥ ਚਿਰ ਜੀਵਨ ਚੇਤਨ ਨਿਤ ਨੀਤ॥
ਚਿੰਤਤ ਹੀ ਦੀਸੈ ਸਭ ਕੋਇ॥ ਚੇਤਹਿ ਏਕ ਤਹੀ ਸੁਖ ਹੋਇ॥
ਚਿਤ ਵਸਹਿ ਰਾਚਹਿ ਹਰਿ ਨਾਇ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ॥੨੩॥

॥ ਤਿਸ ਕਾ ਅਰਥੁ॥

ਹੇ ਪੰਡਿਤ ਚਚੇ ਅਖਰ ਕਾ ਏਹ ਬਿਚਾਰ ਹੈ॥ ਜੋ ਚੰਚਲ ਚੀਤ ਹੈ ਸੋ ਇਕ ਠਉਰ ਨਿਹਚਲ ਘਰ ਮੋ ਨਹੀ ਠਹਰਤਾ॥ ਤਿਸ ਕੀ ਭਗਤ ਸੁਭ ਕਰਮ ਕਾ ਅੰਕੂਰ॥ ਅਰੁ ਇੰਦ੍ਰੀਆ ਦੋਖ ਰੂਪੀ ਚੋਰ ਹੈ॥ ਸੋ ਅੰਗੂਰੀ ਖਾਇ ਜਾਤੇ ਹੈ॥ ਤਿਸ ਕਾ ਉਪਾਵ ਏਹ ਹੈ॥ ਜੋ ਗੋਬਿੰਦ ਜੀ ਕੇ ਚਰਨਾਰ ਬਿੰਦ ਸਦਾ ਹਿਰਦੇ ਮੋ ਰਾਖੇ॥ ਤਬ ਚਿਰ ਜੀਵਨ ਪਦ ਅਰੁ ਚੇਤੰਨਤਾ ਤਿਨ ਕੀ ਪ੍ਰਾਪਤਿ ਭਈ॥ ਹੇ ਪੰਡਿਤ ਮਿਥਿਆ ਚਿਤਵਨਾ ਕੋ ਸਭ ਕੋਈ ਚਿਤਵਤਾ ਹੈ॥ ਇਕ ਆਤਮ ਪਦ ਕੀ ਚਿਤਵਨਾ ਹੋਇ॥ ਜਬ ਏਹ ਚਿਤ ਮੋ ਵਸੈ ਤਬ ਏਹੁ ਹਰਿ ਕੈ ਨਾਮ ਸੋ ਰਚਿਆ॥ ਵਹੁ ਮੁਕਤ ਰੂਪ ਹੋਇਆ॥ ਅਰ ਪਤ ਸਿਉ ਅਪਨੇ ਨਿਜ ਸਰੂਪ ਮੋ ਪ੍ਰਾਪਤ ਭਇਆ॥

॥ ਤਾਂ ਫੇਰ ਬਾਬੇ ਜੀ ਛਛੇ ਅਖਰ ਕੀ ਪਉੜੀ ਕਹੀ॥

ਛੀਜੈ ਦੇਹ ਖੁਲੈ ਇਕ ਗੰਢ॥ ਛਿਆ ਨਿਤ ਦੇਖੋ ਜਗ ਹੰਢ॥
70/ਅ ਧੂਪ ਛਾਂਵ ਜੇ ਸ/ਮ ਕਰਿ ਜਾਣੈ॥ ਬੰਧਨ ਕਾਟਿ ਮੁਕਤਿ ਘਰੁ ਆਣੈ॥
ਛਾਇਆ ਛੂਛੀ ਜਗਤੁ ਭੁਲਾਨਾ॥ ਲਿਖਿਆ ਕਿਰਤ ਧੁਰੇ ਪਰਵਾਨਾ॥
ਛੀਜੈ ਜੋਬਨ ਜਰੂਆ ਸਿਰਿ ਕਾਲੁ॥ ਕਾਇਆ ਛੀਜੈ ਭਈ ਸਿਬਾਲ॥੨੪॥

॥ ਤਿਸ ਕਾ ਪਰਮਾਰਥੁ॥

ਹੇ ਪੰਡਿਤ ਜਬ ਦੇਹਿ ਮਾਨੁਖ ਕੀ ਛੀਜ ਜਾਤੀ ਹੈ॥ ਤਬ ਏਹ ਗਾਂਠ ਖੁਲਤੀ ਹੈ॥ ਪਾਚੋ ਤਤ ਇਸ ਜੀਵ ਸੋ ਅਲਗ ਭਏ॥ ਦੇਹਿ ਕਾ ਅਭਾਵ ਹੋਤਾ ਹੈ॥ ਅਰੁ ਇਹ ਛੈਆ ਨਿਤ ਹੈ॥ ਸਦਾ ਹੀ ਜਗਤ ਮੋ ਉਪਜਤੇ ਰਹਿਤੇ ਹੈ॥ ਇਹ ਧੂਪ ਅਰੁ ਛਾਇਆ ਆਵਨਾ ਅਰੁ ਜਾਨਾ ਹੈ॥ ਹਰਖ ਸੋਗ ਕੋ ਸਮ ਕਰਿ ਜਾਣੈ॥ ਐਸੇ ਬੰਧਨ ਕੋ ਕਾਟ ਕਰਿ ਮੁਕਤ ਕੀ ਚਿਤਵਨਾ ਕਰੈ॥ ਅਰੁ ਏਹ ਜੋ ਛਾਇਆ ਸੋ ਅਤ ਝੂਠਾ ਪਸਾਰਾ ਹੈ॥ ਤਿਸ ਪਰ ਜਗਤ ਭੁਲਾ ਹੈ॥ ਹੇ ਪੰਡਿਤ ਏਹ ਚਲਿਤ੍ਰ ਕਰਤੇ ਨੇ ਕੀਆ ਹੈ॥ ਅਰੁ ਤੀਨ ਸੁਭਾਵ ਜੋ ਹੈ ਦੇਹ ਕੇ॥ ਜੁਬਾ ਅਵਸਥਾ ਬਿਰਧ ਅਵਸਥਾ॥ ਫੇਰਿ ਕਾਲਾ ਅਵਸਥਾ॥ ਕਾਲ ਕੇ ਵਸ ਹੋਵਨਾ॥ ਇਸ ਪਰਕਾਰ ਸਦਾ ਹੀ ਕਾਂਇਆ ਬਿਨਾਸ ਰੂਪ ਹੈ॥

॥ ਤਾਂ ਫੇਰਿ ਬਾਬੇ ਜੀ ਜਜੇ ਅਖਰ ਕੀ ਪਉੜੀ ਕਹੀ॥

ਜਾਪੇ ਆਪੁ ਪ੍ਰਭੂ ਤਿਹੁ ਲੋਇ॥ ਜੁਗ ਜੁਗ ਦਾਤਾ ਅਵਰੁ ਨ ਕੋਇ॥

---

[1] ਤਿਸ (ਅ)
[2] ਇੱਥੇ 'ਅਪਨੇ ਨਿਜ ਸਰੂਪ ਸੋ' ਪਾਠ ਹੈ (ਅ,ੲ)

ਜਿਉ ਭਾਵੈ ਤਿਉ ਰਾਖਹੁ ਰਾਖ॥ਜਸ ਜਾਚਉ ਦੇਵੈ ਪਤਿ ਸਾਖ॥
ਜਾਗਤ ਜਾਗਿ ਰਹਾ ਤੁਧ ਭਾਵਾ॥ਜਾ ਤੂੰ ਮੇਲਹਿ ਤਾਂ ਤੁਝਹਿ ਸਮਾਵਾ॥
ਜੈ ਜੈ ਕਾਰ ਜਪਉ ਜਗਦੀਸ॥ਗੁਰਮਤਿ ਮਿਲੀਐ ਬੀਸ ਇਕੀਸ॥੨੫॥

॥ਤਿਸ ਕਾ ਪਰਮਾਰਥ॥

71/ੳ ਹੇ ਪੰਡਿਤ ਜਜੇ ਅਖਰ ਕਾ ਏਹੁ ਬਿਚਾਰੁ ਹੈ॥ਐਸੀ ਬੂਝ ਬੂ/ਝੀਐ॥ਜੋ ਪਰਮੇਸਰ ਆਪ ਹੀ ਤੀਨ ਲੋਕ ਮੈ ਪੂਰਨ ਹੈ॥ਅਰੁ ਜੁਗੋ ਜੁਗ ਦਾਤਾ ਹੈ॥ਅਵਰ ਤਿਸ ਬਿਨਾ ਦੂਸਰਾ ਕੋ ਨਾਹੀ॥ਜੈਸੇ ਭਾਵੈ ਤੈਸੇ ਰਾਖੈ॥ਐਸੇ ਪ੍ਰਭ ਕਾ ਜਸ ਜਾਚੋ ਜੋ ਪਤਿ ਅਰੁ ਸਾਖ ਕਾ ਦੇਵਨਹਾਰਾ ਹੈ॥ਜਾਗ੍ਰਤ ਮੋ ਜਾਗਣਾ॥ਤਬ ਪ੍ਰਾਪਤ ਹੋਇ॥ਜਾ ਪ੍ਰਭ ਭਾਵੈ ਜਿਸ ਕੋ ਆਪ ਮੇਲੇ॥ਸੋਈ ਸਤ ਮੋ ਸਮਾਵੈ॥ਐਸੇ ਪ੍ਰਭ ਜਗਦੀਸ ਕਾ ਸਦਾ ਜੈ ਜੈ ਕਾਰ ਕਰੈ॥ਗੁਰਮਤਿ ਕਰਿ ਜਬ ਮਿਲੇ ਤਬ ਬੀਸ ਇਕੀਸ ਹੋਇ॥ਬੀਸ ਇਕੀਸ ਕਾ ਅਖਰ ਯਹੁ॥ਸਰਬ ਪਦ ਤਿਆਗ ਅਦ੍ਵੈਤ ਭਇਆ॥

॥ਤਾਂ ਫੇਰ ਬਾਬੇ ਜੀ ਝਝੇ ਅਖਰ ਕੀ ਪਉੜੀ ਕਹੀ॥

ਝਖ ਬੋਲਣ ਕਿਆ ਜਗ ਸਿਉ ਵਾਦ॥ਝੂਰ ਮਰਹਿ ਦੇਖਹਿ ਪਰਮਾਦ॥
ਜਨਮ ਮੂਏ ਨਹੀ ਜੀਵਨ ਆਸਾ॥ਆਇ ਚਲੇ ਭਏ ਆਸ ਨਿਰਾਸਾ॥
ਝੂਰਿ ਝਰਿ ਝਖ ਮਾਟੀ ਰਲ ਜਾਇ॥ਕਾਲ ਨ ਚਾਪੈ ਹਰਿ ਗੁਣ ਗਾਇ॥
ਪਾਈ ਨਵਨਿਧ ਹਰਿ ਕੈ ਨਾਵ॥ਆਪੇ ਦੇਵੈ ਸਹਜ ਸੁਭਾਇ॥੨੬॥

॥ਤਿਸ ਕਾ ਪਰਮਾਰਥ॥

ਹੇ ਪੰਡਿਤ ਝਝੇ ਅਖਰ ਕਾ ਏਹੁ ਬੀਚਾਰੁ ਹੈ॥ਝਖਣਾ ਅਰੁ ਬੋਲਣਾ ਅਰੁ ਬੋਲਣਾ ਅਰ ਜਗ ਸਿਉ ਵਾਦ ਕਰਣਾ॥ਕਛੂ ਕਾਮ ਨਾਹੀ॥ਇਵ ਹੀ ਝਖ ਮਰਤੇ ਹੈ॥ਮਿਥਿਆ ਕੋ ਦੇਖਿ ਕਰਿ॥ਜੋ ਜੰਮਿਆ ਸੋ ਮੁਇਆ॥ਜੀਵਨੇ ਕੀ ਆਸਾ ਝੂਠੀ ਹੈ॥ਆਵਨੇ ਜਾਵਨੇ ਕੀ ਆਸ ਨਾ ਕਰੋ॥ਝੁਰਿ ਝੁਰਿ ਝਖ ਮਾਟੀ ਮੋ ਰਲ ਜਾਤਾ ਹੈ॥ਕਾਲ ਸਿਉ ਤਬ ਛੂਟਨਾ ਹੋਇ॥ਜਬ ਹਰਿ ਕੇ ਗੁਨ ਗਾਵੈ॥ਐਸੀ ਹਰਿ ਕੇ ਨਾਮ ਕੀ ਵਡਿਆਈ॥ਜੋ ਸਰਬ ਨਿਧ ਪ੍ਰਾਪਤਿ ਭਈ॥ਆਪੇ ਹੀ ਦਾਤਾ॥ਸਹਜ ਸੁਭਾਇ ਸਦਾ ਹੀ ਹੈ॥

॥ਤਾਂ ਫੇਰ ਬਾਬੇ ਜੀ ਵਵੇ ਅਖਰ ਕੀ ਪਉੜੀ ਕਹੀ॥

71/ਅ /ਵਿਆਣੋ ਬੋਲੈ ਆਪੇ ਬੂਝੈ॥ਆਪੈ ਸਮਝੈ॥
ਗੁਰ ਕਾ ਕਹਿਆ ਅੰਕ ਸਮਾਵੈ॥ਨਿਰਮਲ ਸੂਚੋ ਸਾਚੋ ਭਾਵੈ॥
ਗੁਰ ਸਾਗਰ ਰਤਨੀ ਨਹੀ ਤੋਟਿ॥ਲਾਲ ਪਦਾਰਥ ਸਾਚ ਅਖੋਟ॥
ਗੁਰ ਕਹਿਆ ਸਾ ਕਾਰ ਕਮਾਵਹੁ॥ਗੁਰ ਕੀ ਕਰਨੀ ਕਾਹੇ ਧਾਵਹੋ॥
ਨਾਨਕ ਗੁਰਮਤ ਸਾਚੁ ਸੁਖਾਵਹੁ[1]॥੨੭॥

॥ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਵੰਵੇ ਅਖਰ ਕਾ ਏਹੁ ਬਿਚਾਰ ਹੈ॥ਐਸਾ ਗਿਆਨ ਬੋਲੀਐ॥ਜੋ ਆਪ ਹੀ ਬੂਝੀਐ॥ਅਰੁ ਆਪ ਹੀ ਸਮਝ ਕਰੇ॥ਜਿਸ ਨਾਲ ਸੋਝੀ ਪਰੇ॥ਅਰੁ ਗੁਰ ਕੇ ਬਚਨ ਕੋ ਹਿਰਦੇ ਮੋ ਸਮਾਵੈ॥ਤਬ ਨਿਰਮਲ ਸੂਚੇ ਕੋ ਸਾਚ ਭਾਵਨਾ ਭਈ॥ਹੇ ਪੰਡਿਤ ਸਭ ਸਾਗਰ ਮੋ ਰਤਨ ਸਿਉ ਅਤੋਟ ਹੈ॥ਲਾਲ ਪਦਾਰਥ ਸਤ ਪਦ ਸੋ ਭਰਪੂਰ ਹੈ॥ਜੋ ਸਤਿਗੁਰ ਕਹੇ ਸੋ ਕਾਰ ਕਮਾਇ ਕੇ ਗੁਰ ਕੀ ਮਤਿ ਸਚ ਪਦ ਮੋ ਲੀਨ ਹੋਵਹੁ॥

॥ਤਾਂ ਫੇਰ ਬਾਬੇ ਜੀ ਟਕਾਰ ਅਖਰ ਕੀ ਪਉੜੀ ਕਹੀ॥

ਟੂਟੇ ਨੇਹ ਕਿ ਬੋਲਹਿ ਸਹੀ॥ਟੂਟੇ ਬਾਹ ਦੁਹੂ ਦਿਸ ਗਹੀ॥
ਟੂਟ ਪਰੀਤ ਗਈ ਬੁਰ ਬੋਲ॥ਦੁਰਮਤ ਪਰਹਰ ਛਾਡੀ ਢੋਲ॥
ਟੂਟੇ ਗੰਢ ਪਰੇ ਬੀਚਾਰ॥ਗੁਰ ਸਬਦੀ ਘਰ ਕਾਰਜ ਸਾਰੁ॥
ਲਾਹਾ ਸਾਚੁ ਨ ਆਵੈ ਤੋਟਾ॥ਤ੍ਰਿਭਵਨ ਠਾਕਰ ਪ੍ਰੀਤਮ ਮੋਟਾ॥੨੮॥

॥ਤਿਸ ਕਾ ਪਰਮਾਰਥ॥

ਹੇ ਪੰਡਿਤ ਟਕਾਰ ਅਖਰ ਕਾ ਏਹ ਬਿਚਾਰੁ ਹੈ॥ਜਬ ਨੇਹ ਟੂਟਾ ਤਬ ਬਚਨ ਕੈਸੇ ਸਹੈ॥ਅਰੁ ਭੁਜਾ ਟੂਟਤੀ ਹੈ ਦੋਨੋ ਦਿਸਾ ਖੇਦ ਸੋ॥ਅਰੁ ਪ੍ਰੀਤ ਟੂਟਤੀ ਹੈ ਦੁਰ ਬਚਨ ਬੋਲੇ ਸਿਉ॥ਐਸਾ ਸਮਝ ਕੈ ਦੁਰਮਤ ਕਾ ਤਿਆਗ ਕਰੋ॥ਟੂਟੇ ਕੋ ਗਾਂਠ ਪੜਤਾ ਹੈ॥ਬਿਚਾਰ

[1] ਸੁਮਾਵਹੁ (ਅ,ੲ,ਸ)

72/ੳ ਕਰਕੇ॥ਤੈ/ਸੇ ਹੀ ਗੁਰ ਬਚਨ ਕਰਿ ਕੇ ਆਪ ਕੋ ਨਾਰਾਇਣ ਕੀ ਭਗਤ ਮੋ ਗਾਂਠਿ ਕਰਿ ਘਰ ਕਾ ਕਾਰਜ ਸਵਾਰੇ॥ਹੇ ਪੰਡਿਤ ਜਬ ਲਾਹਾ ਸਤ ਪ੍ਰਾਪਤ ਭਇਆ॥ਫੇਰ ਤੋਟਾ ਕਦੇ ਨ ਆਵੈ॥ਤੀਨ ਭਵਨ ਮੋ ਏਕ ਪ੍ਰੀਤਮ ਹੀ ਬਿਰਾਜਮਾਨ ਹੈ॥

॥ਤਾਂ ਫੇਰਿ ਬਾਬੇ ਜੀ ਠਕਾਰਿ ਅਖਰ ਕੀ ਪਉੜੀ ਕਹੀ॥

ਠਾਕਹੁ ਮਨੂਆ ਰਾਖਹੁ ਠਾਂਇ॥ਠਹਿਕ ਮੁਈ ਅਵਗਣ ਪਛੁਤਾਇ॥
ਠਾਕੁਰ ਏਕ ਸਬਾਈ ਨਾਰ॥ਬਹੁਤੇ ਵੇਸ ਕਰੇ ਕੂੜਿਆਰਿ॥
ਪਰ ਘਰ ਜਾਤੀ ਠਾਕ ਰਹਾਈ॥ਮਹਲ ਬੁਲਾਈ ਠਾਕਿ ਨ ਪਾਈ॥
ਸਬਦ ਸਵਾਰੀ ਸਾਚ ਪਿਆਰੀ॥ਸਾਈ ਸੋਹਾਗਣਿ ਠਾਕੁਰ ਧਾਰੀ॥੨੯॥

॥ਤਿਸ ਕਾ ਪਰਮਾਰਥ॥

ਹੇ ਪੰਡਿਤ ਠਠੇ ਅਖਰ ਕਾ ਏਹੁ ਬੀਚਾਰੁ ਹੈ॥ਏਹੁ ਮਨ ਤੋ ਸਦਾ ਹੀ ਚੰਚਲ ਹੈ॥ਤਿਸ ਕੋ ਪਰਮੇਸਰ ਕੀ ਭਗਤ ਮੋ ਇਕਾਗ੍ਰ ਕਰੇ॥ਨਹੀ ਤੋ ਠਹਕ ਠਹਕਿ ਕਰ ਵਿਕਾਰੋ ਮੋ ਮਰ ਪਛੁਤਾਵੈਗਾ॥ਠਾਕੁਰ ਸੁਆਮੀ ਏਕੁਹੈ॥ਪੁਰਸ ਵਹੀ ਹੈ॥ਅਵਰ ਸਭ ਇਸਤ੍ਰੀ ਹੈ॥ਬਿਨਾ ਪ੍ਰੀਤਿ ਸੁਆਮੀ ਕੀ ਬਹੁਤ ਪਖੰਡ ਵੇਸ ਕਰਨਾ ਬਿਕਾਰ ਹੈ॥ਸੁਰਤ ਜੋ ਚਚਲ ਪਰ ਗ੍ਰਹ ਡੋਲਤੀ ਕਉ ਅਪਨੇ ਘਰਿ ਮੋ ਠਾਕੁ ਰਖੇ॥ਤਬ ਸੁਆਮੀ ਕੇ ਮਹਲ ਕੋ ਪ੍ਰਾਪਤ ਹੋਵੈ॥ਠਾਕਿ ਜ ਦੁਰਮਤਿ ਕੀ ਰਹੀ ਸੋ ਦੂਰਿ ਭਈ॥ਸਬਦ ਕਾ ਸੀਗਾਰ ਪਹਿਰ ਕੈ ਸਾਚ ਮੋ ਪਾਗੀ॥ਵਹੀ ਪਰਮ ਸੁਹਾਗਨ ਨਾਰੀ ਠਾਕਰ ਨੇ ਧਾਰੀ ਹੈ॥

॥ਤਾਂ ਬਾਬੇ ਜੀ ਡਡੇ ਅਖਰ ਕੀ ਪਉੜੀ ਕਹੀ॥

ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ॥
ਡਾਹਪਣ ਤਨ ਸੁਖ ਨਹੀ ਬਿਨ ਡਰ ਬਿਣਠੀ ਡਾਰ
72/ਅ ਅਡਰਪ ਮੁਈ ਘਰ ਆਪਣੇ ਡੀ/ਠੀ ਕੰਤ ਸੁਜਾਨ॥
ਡਰਿ ਰਾਖਿਆ ਗੁਰ ਆਪਣੇ ਨਿਰਭਉ ਨਾਮ ਵਖਾਣ॥
ਡੂਗਰ ਵਾਸ ਤਿਖਾ ਘਣੀ ਜਬ ਦੇਖਾ ਨਹੀ ਦੂਰਿ॥
ਤਿਖਾ ਨਿਵਾਰੀ ਸਬਦੁ ਮਨ ਅਮ੍ਰਿਤ ਪੀਆ ਭਰਪੂਰ॥
ਦੇਹਿ ਦੇਹਿ ਆਖੈ ਸਭ ਕੋਈ ਜੈ ਭਾਵੈ ਤੈ ਦੇਹਿ॥
ਗੁਰੂ ਦੁਆਰੇ ਦੇਵਸੀ ਤਿਖਾ ਨਿਵਾਰੈ ਸੋਇ॥੩੦॥

॥ਤਿਸ ਕਾ ਪਰਮਾਰਥ॥

ਹੇ ਪੰਡਿਤ ਡਡੇ ਅਛਰ ਕਾ ਏਹੁ ਬੀਚਾਰ ਹੈ॥ਡੋਲਤੇ ਡੋਲਤੇ ਅਨੇਕ ਜਨਮ ਕੀ ਦੇਹ ਧਾਰਨ ਕਰੀ॥ਅਰ ਤਿਆਗਨ ਭੀ ਕੀਆ॥ਐਸੇ ਡਾਹਪਣ ਤਨ ਮੋ ਸੁਖ ਕਦੇ ਨ ਪਾਇਆ॥ਬਿਨਾ ਗੋਬਿੰਦ ਕੇ ਭਗਤ ਭੈ ਸੇ ਰਹਿਤ ਬਿਨਾ ਸਰੂਪ ਹੈ॥ਜਬ ਭੈ ਭਗਤ ਕਾ ਅਪਨੇ ਅੰਤਰਿ ਬਿਚਾਰ ਭਇਆ॥ਤਤ ਕੰਤ ਸੁਚਾਨ[1] ਕੀ ਕ੍ਰਿਪਾ ਦ੍ਰਿਸਿਟ ਭਈ॥ਤਬ ਸਰਬ ਭੈ ਸਤਿਗੁਰ ਨਿਵਾਰਨ ਕਰਿ ਕੇ ਕ੍ਰਿਪਾ ਦ੍ਰਿਸਿਟ ਪ੍ਰਾਪਤਿ ਭਈ॥ਅਰੁ ਨਿਰਭੈ ਨਾਮੁ ਕਾ ਜਾਪੁ ਕੀਆ॥ਡੂਗਰ ਵਾਸੁ ਅਰੁ ਤਿਖਾ ਘਣੀ ਥੀ ਸੋ ਸਤਿਗੁਰ ਕੇ ਬਚਨ ਕਰਿ ਨਿਵਰਤ ਭਈ॥ਅਮ੍ਰਿਤ ਪੀਆ ਭਰਪੂਰ ਭਏ॥ਹੇ ਪੰਡਿਤ ਇਸ ਮਨ ਤਨ ਧਨ ਕੋ ਜਹਾ ਇਛਾ ਹੈ ਤਹਾਂ

ਸਭ ਕੋਈ ਦੇਤਾ ਹੈ॥ਸੋ ਸਭ[2] ਗੁਰ ਦੁਆਰੇ ਦੇਵੈ ਤਿਸ ਕੀ ਤ੍ਰਿਖਾ[3] ਨਿਵਰਤ ਹੋਏ॥

॥ਤਾਂ ਬਾਬੇ ਜੀ ਢਢੇ ਅਖਰ ਕੀ ਪਉੜੀ ਕਹੀ॥

ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਹਿ ਕਰਾਰਿ॥
ਭਾਰੇ ਢਹਿਤੇ ਢਹਿ ਪਏ ਹਉਲੇ ਨਿਕਸੇ ਪਾਰ॥
ਅਮਰ ਅਜਾਚੀ ਹਰਿ ਮਿਲੇ ਤਿਨ ਕੇ ਹਉ ਬਲਿ ਜਾਉ॥
ਤਿਨ ਕੀ ਧੂੜ ਅਘੁਲੀਐ ਸੰਗਤ ਮੇਲ ਮਿਲਾਉ॥
ਮਨੁ ਦੀਆ ਗੁਰ ਆਪਣੇ ਪਾਇਆ ਨਿਰਮਲ ਨਾਉ॥
ਜਿਸੁ ਨਾਮ ਦੀਆ ਤਿਸ ਸੇਵਸਾ ਤਿਸ ਬਲਿਹਾਰੈ ਜਾਉ॥

---

[1] ਸੁਜਾਨ (ਅ,ੲ,ਸ)
[2] ਸਤ (ਸ)
[3] ਕ੍ਰਿਪਾ (ਸ)

73/ੳ ਜੋ ਉਸਾਰੇ ਸੋ ਢਾਹਿਸੀ/ਤਿਸ ਬਿਨੁ ਅਵਰੁ ਨ ਕੋਇ॥
ਗੁਰ ਪਰਸਾਦੀ ਸੰਮਲਾ ਤਾ ਤਨ ਦੂਖ ਨ ਹੋਇ॥੩੧॥

॥ਤਿਸ ਕਾ ਪਰਮਾਰਥ॥

ਹੇ ਪੰਡਿਤ ਢਢੇ ਅਛਰ ਕਾ ਏਹੁ ਬੀਚਾਰੁ ਹੈ॥ਹਮ ਨੇ ਸਭ ਜਗਤ ਮੋ ਢੂੰਢ ਢੰਢੋਲ ਕੈ ਦੇਖਾ॥ਜੋ ਬਡੇ ਬਡੇ ਬਲਵੰਤ ਏ ਸਭ ਭਵ ਰੂਪੀ ਸਾਗਰ ਮੋ ਢਹਿ ਢਹਿ ਪੜਤੇ ਹੈ॥ਜੋ ਬਡੇ ਬਡੇ ਪਾਪ ਅਰੁ ਪੁੰਨ ਕਰਿ ਕੇ ਕਰਾਰੇ ਭਏ ਹੈ॥ਸੋਈ ਗਿੜੇ॥ਅਰ ਜੋ ਪਾਪ ਪੁੰਨ ਸਿਉ ਹਲਕੇ ਹੈ ਸੋ ਸੰਸਾਰ ਰੂਪੀ ਸਮੁੰਦ੍ਰ ਤੇ ਪਾਰ ਨਿਕਸੇ॥ਅਮਰ ਅਜਾਚੀ ਹਰਿ ਮਿਲੇ ਹੈ ਤਿਨ ਕੋ॥ਜੋ ਪਾਪ ਪੰਨ ਸੋ ਰਹਿਤ ਹੈ॥ਹਉ ਤਿਨ ਕੇ ਬਲਿਹਾਰੈ ਜਾਤਾ ਹਉ ਤਿਨ ਕੀ ਧੂੜਿ ਕੀ ਸਦਾ ਕਾਖਿਆ ਰਖਤਾ ਹੋ॥ਜੋ ਉਨ ਕੀ ਸੰਗਤਿ ਮੁਝ ਕੋ ਪ੍ਰਾਪਤੁ ਹੋਇ॥ਹੇ ਪੰਡਿਤ ਜਬ ਅਪਨਾ ਏਹੁ ਮਨੁ ਅਪਨਾ ਗੁਰ ਕੋ ਅਰਪਨ ਕੀਆ॥ਤਬ ਨਿਰਮਲ ਨਾਮ ਪਾਇਆ॥ਜੋ ਐਸੇ ਦਾਤੇ ਨਾਮ ਕੇ ਸਤਿਗੁਰ ਹੈ॥ਤਿਨ ਕੇ ਸਦਾ ਸੇਵਨਾ ਕਰਿ ਬਲਿਹਾਰੈ ਜਾਵਾ॥ਉਤਪਤ ਕਰਨੇਹਾਰਾ ਸੋਈ॥ਅਰੁ ਮਾਰਨੇਹਾਰਾ ਤਿਸ ਬਿਨਾ ਦੂਸਰਾ ਕੋਈ ਨਹੀ ਗੁਰ ਕੇ ਪਰਸਾਦਿ ਕਰਿ ਕੇ ਤਿਸ ਕੋ ਸਦਾ ਚਿਤਵਉ॥ਕਦੇ ਦੁਖ ਤਿਨ ਕੋ ਪ੍ਰਾਪਤ ਨਹੀ ਹੋਤਾ ਹੈ॥

॥ਤਾਂ ਬਾਬੇ ਜੀ ਣਾਣੇ ਅਛਰ ਕੀ ਪਉੜੀ ਕਹੀ॥

ਣਾ ਕੋ ਮੇਰਾ ਕਿਸ ਗਹੀ ਣਾ ਕੋ ਹੋਆ ਨ ਹੋਗੁ॥
ਆਵਣੁ ਜਾਣੁ ਵਿਗੁਚੀ[1] ਦੁਬਿਦਾ ਬਿਆਪੈ ਰੋਗ॥
ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤ॥
ਵਿਣੁ ਨਾਵੈ ਕਿਉ ਛੂਟੀਐ ਜਾਹਿ ਰਸਾਤਲ ਅੰਤੁ॥
ਗਣਤ ਗਣਾਵੈ ਅਖਰੀ ਅਗਣਤ ਸਾਚਾ ਸੋਇ॥
ਅਗਿਆਨੀ ਮਤ ਹੀਣ ਹੈ ਗੁਰ ਬਿਨ ਗਿਆਨ ਨ ਹੋਇ॥
ਟੂਟੀ ਤੰਤ ਰਬਾਬ ਕੀ ਵਾਜਿਹ ਨਹੀ ਬਿਜੋਗ॥
ਵਿਛੁੜਿਆ ਮੇਲੇ ਪ੍ਰਭੂ ਨਾਨਕ ਕਰਿ ਸੰਜੋਗ॥੩੨॥

73/ਅ **॥ਤਿਸ ਕਾ ਪ੍ਰਮਾ/ਰਥੁ॥**

ਹੇ ਪੰਡਿਤ ਣਾਣੇ ਅਖਰ ਕਾ ਏਹੁ ਬੀਚਾਰ ਹੈ॥ਇਸ ਸੰਸਾਰ ਮੋ ਮੇਰਾ ਕੋਊ ਨਹੀ॥ਨ ਹੋਆ ਹੈ ਨਾ ਹੋਵੈਗਾ॥ਅਰੁ ਜਗਤ ਮੋ ਆਵਣ ਜਾਣਾ ਮਹਾ ਦੁਖ ਹੈ॥ਦੁਬਿਧਾ ਰੂਪੀ ਰੋਗ ਸਰੀਰ ਮੋ ਲਗਾ ਹੈ॥ਨਾਮ ਵਿਹੂਣੇ ਮਾਨੁਖ ਕੀ ਦੇਹਿ ਕਲਰ ਕੀ ਭੀਤ ਨਿਆਈ ਗਿੜਤੀ ਹੈ॥ਬਿਨਾ ਪ੍ਰਮੇਸਰ ਕੇ ਨਾਮ ਕੈਸੇ ਛੂਟਣਾ ਹੋਇ॥ਅੰਤ ਕਾਲ ਕੋ ਰਸਾਤਲ ਗਇਆ॥ਹੇ ਪੰਡਿਤ ਜੋ ਅਖਰ ਮਹਿ ਆਇਆ ਹੈ ਸੋ ਗਣਤੀ ਗਣੀ ਜਾਤੀ ਹੈ॥ਅਗਣਤ ਏਕ ਆਪ ਸਚਾ ਹੈ॥ਅਗਿਆਨੀ ਜੋ ਮਤਿ ਕੇ ਹੀਨ ਹੈ॥ਤਿਨ ਕੋ ਬਿਨਾ ਗੁਰ ਸਚੇ ਕਾ ਗਿਆਨ ਕੈਸੇ ਹੋਇ॥ਜੈਸੇ ਤਾਰ ਰਬਾਬ ਕੀ ਟੂਟਤੀ ਹੈ॥ਅਰ ਸਬਦ ਕਾ ਵਿਜੋਗ ਹੋਤਾ ਹੈ॥ਤੈਸੇ ਹੀ ਵਿਛੜੇ ਕੀ ਅਵਸਤਾ ਹੈ ਜਬ ਕਰ ਸੰਜੋਗ ਮਿਲਨੇ ਕਰੇ ਤਾ ਮਿਲੇ ਪਰਮੇਸਰ ਨਾਲ॥

॥ਤਾਂ ਬਾਬੇ ਜੀ ਤਤੇ ਅਛਰ ਕੀ ਪਉੜੀ ਕਹੀ॥

ਤਰਵਰ ਕਾਇਆ ਪੰਖ ਮਨ ਤਰਵਰ ਪੰਖੀ ਪੰਚ॥
ਤਤ ਚੁਗਹਿ ਮਿਲ ਏਕਸੇ ਤਿਨ ਕੋ ਫਾਸ ਨ ਰੰਚ॥
ਉਡਹਿ ਤਾ ਬੇਗੁਲ ਬੇਗੁਲੇ ਤਾਕਹਿ ਚੋਕ ਘਣੀ॥
ਪੰਖ ਤੁਟੇ ਫਾਹੀ ਪੜੀ ਅਵਗੁਣ ਭੀੜ ਬਣੀ॥
ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮ ਮਣੀ॥
ਆਪ ਛਡਾਏ ਛੂਟੀਐ ਹਰਿ ਗੁਣ ਕਰਮ ਮਣੀ॥
ਆਪ ਛਡਾਏ ਛੂਟੀਐ ਵਡਾ ਆਪ ਧਣੀ॥
ਗੁਰ ਪ੍ਰਸਾਦੀ ਛੂਟੀਐ ਕਿਰਪਾ ਆਪ ਕਰੇ॥
ਆਪਣੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ॥੩੩॥

॥ਤਿਸ ਕਾ ਪਰਮਾਰਥੁ॥

ਹੇ ਪੰਡਿਤ ਤਤੇ ਅਖਰ ਕਾ ਏਹੁ ਬਿਚਾਰ ਹੈ॥ਕਾਇਆ ਰੂਪੀ ਬਿਰਛ ਪਰਮਾਤਮਾ ਅਰੁ ਆਤਮਾ॥ਏ ਦੋਨੋ ਪੰਖੀਆ ਕਾ ਬਾਸਾ ਹੈ॥ਪਰਮਾਤਮਾ ਸਰਬ ਮੋ ਅਲਪਤ ਹੈ॥ਅਰੁ ਆਤਮਾ ਮਨ

[1] ਵਿਗੁਚੀਐ (ਅ,ੲ)

74/ੳ ਰੂਪੀ ਪੰਖ ਧਾਰਿ ਕੈ ਇੰਦ੍ਰੀਆ ਦੁਆਰੇ ਸਰਬ/ਰਸ ਭੋਗਤਾ ਹੈ॥ਪਦਾਰਥ ਕੇ ਬਿਰਖ ਪਰ ਬਾਸਾ ਕੀਆ ਹੈ॥ਜੋ ਯਹ ਆਤਮਾ ਸਰਬ ਰਸ ਤੇ ਰਹਿਤ ਹੋ॥ਤਬ ਮਾਇਆ ਕੀ ਫਾਸ ਮੋ ਕਦੇ ਨ ਪੜੇ ਅਰੁ ਜੇ ਰਸ ਪਦਾਰਥ ਰੂਪੀ ਚੋਰ ਮਉ ਦੇਖ ਕੈ ਬਗਲ ਬੇਗ ਚੰਚਲ ਭਇਆ ਹੈ॥ਤਬ ਏਹ ਅਵਸਤਾ ਭਈ ਪ੍ਰਾਪਤ ਜਬ ਦੇਹ ਛੁਟੀ ਤਬ ਮਨਿ ਤੇ ਆਦਿ ਲੇ ਕਰਿ ਅੰਤਹ ਕਰਨ ਕੇ ਜੋ ਪੰਖ ਸੋ ਟੂਟੇ॥ਜਮ ਕੀ ਫਾਸੀ ਪੜੀ॥ਸਰਬ ਅਵਗੁਣ ਪਾਪ ਅਰੁ ਪੁੰਨ ਕੀ ਭੀੜ ਬਣੀ॥ਤਬ ਆਤਮਾ ਕੋ ਬਿਨਾ ਸਤ ਪਦ ਕੇ ਜੋ ਹਰਿ ਗੁਣ ਕਰਮੁ ਮਣੀ ਹੈ॥ਸੋ ਕੈਸੇ ਛੂਟਣ ਹੋਇ॥ਸਤਿਗੁਰ ਕੇ ਪ੍ਰਸਾਦਿ ਕਰਿ ਕੇ ਛੂਟਣ ਹੋਇ॥ਜੋ ਆਪ ਕ੍ਰਿਪਾ ਕਰੇ॥ਇਹੁ ਵਡਿਆਈ॥ਜਿਸ ਕੋ ਚਾਹੇ ਤਿਸ ਕੋ ਦੇਇ॥

॥ਤਾਂ ਬਾਬੇ ਥਥੇ ਅਖਰ ਕੀ ਪਉੜੀ ਕਹੀ॥

ਥਰ ਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ॥
ਥਾਨ ਮਾਨ ਸਚੁ ਏਕੁ ਹੈ ਕਾਜ ਨ ਫਟੈ ਕੋਇ॥
ਥਿਰ ਨਾਰਾਇਣ ਥਿਰ ਗੁਰੂ ਥਿਰ ਸਾਚਾ ਬੀਚਾਰੁ॥
ਸੁਰ ਨਰ ਨਾਥਹ ਨਾਥ ਤੂੰ ਨਿਧਾਰਾ ਅਧਾਰ॥
ਸਰਬੇ ਥਾਨ ਥਨੰਤਰੀ ਤੂੰ ਦਾਤਾ ਦਾਤਾਰੁ॥
ਜਹ ਦੇਖਾ ਤਹ ਏਕ ਤੂੰ ਅੰਤ ਨ ਪਾਰਾਵਾਰ॥
ਥਾਨ ਥੰਨਤਰਿ ਰਵਿ ਰਹਿਆ ਗੁਰ ਸਬਦੀ ਵੀਚਾਰੁ॥
ਅਣਿ ਮੰਗਿਆ ਦਾਨ ਦੇਵਸੀ ਵਡਾ ਅਗਮ ਅਪਾਰ॥੩੪॥

॥ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਥਥੇ ਅਖਰ ਕਾ ਏਹੁ ਬੀਚਾਰੁ ਹੈ॥ਏਹ ਜੀਉ ਥਰਿ ਥਰਿ ਕਾਂਪਤਾ ਹੈ॥ਜੋ ਅਪਨੇ ਨਿਜ ਸਰੂਪ ਸੋ ਚੂਕਾ॥ਅਰ ਜਿਸ ਜੀਵਨ ਕੋ ਥਾਨ ਅਰੁ ਮਾਨੁ ਸਚ ਪਦ ਕਾ ਹੈ॥ਤਿਸ ਕਾ ਕੋਈ ਅਰਥ ਬਿਗੜਤਾ ਨਾਹੀ॥ਥਿਰ ਨਾਰਾਇਣ ਹੈ ਅਰੁ ਸਤਿਗੁਰ ਹੈ॥ਅਰ ਸਤ ਬਿਚਾਰ ਥਿਰੁ ਹੈ॥ਸੁਰ
74/ਅ ਨਰ ਨਾਥੋ ਕਾ ਨਾਥ ਹੈ॥/ਅਰ ਨਿਧਾਰੋ ਕਾ ਅਧਾਰ ਹੈ॥ਐਸਾ ਪ੍ਰਭ ਥਾਨ ਥਨੰਤਰਿ ਮੋ ਸਰਬ ਕੇ ਦਾਤਾਰ ਹੈ॥ਜਹਾ ਦੇਖਾ ਤਾ ਹਉ ਤਹਾ ਅੰਤੁ ਪਾਰਾਵਾਰ ਸੋ ਰਹਿਤ ਹੈ॥ਹੇ ਪੰਡਿਤ ਜੋ ਥਾਨ ਥਨੰਤਰ ਮੋ ਵਿਆਪਕ ਹੈ॥ਤਿਸ ਕੋ ਗੁਰ ਬਚਨ ਸੋ ਬਿਚਾਰੇ॥ਤਬ ਅਨ ਮੰਗਿਆ ਦਾਨ ਤਿਸ ਕੋ ਪ੍ਰਾਪਤਿ ਹੋਇ॥ਵੈ ਵਡਾ ਅਗਮ ਅਪਾਰ ਹੈ॥ਮਨ ਮੰਗਿਆ ਦਾਨੁ ਕਹੀਐ ਜੋ ਪਦ ਇੰਦ੍ਰੀ ਗੋਚਰ ਨਹੀ॥ਉਸ ਸੁਖ ਕਾ ਜੋ ਲਾਭੀ ਹੈ॥ਸੋਈ ਜਾਨਤਾ ਹੈ॥

॥ਤਾ ਬਾਬੇ ਜੀ ਦਦੇ ਅਛਰ ਕੀ ਪਉੜੀ ਕਹੀ॥

ਦਇਆ ਦਾਨ ਦਇਆਲ ਤੂੰ ਕਰਿ ਕਰਿ ਦੇਖਣਹਾਰਿ॥
ਦਇਆ ਕਰਹਿ ਪ੍ਰਭ ਮੇਲਿ ਲੈਹਿ ਖਿਨ ਮਹਿ ਢਾਹਿ ਉਸਾਰੁ॥
ਦਾਨਾ ਤੂੰ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ॥
ਦਾਲਦ ਭੰਜਨ ਦੁਖ ਦਲਨ ਗੁਰਮੁਖਿ ਗਿਆਨ ਧਿਆਨੁ॥੩੫॥

॥ਤਿਸ ਕਾ ਪਰਮਾਰਥੁ॥

ਹੇ ਪੰਡਿਤ ਦਦੇ ਅਛਰ ਕਾ ਏਹ ਬੀਚਾਰ ਹੈ॥ਦਇਆ ਦਾਨ ਦਇਆਲ ਆਪ ਪਰਮੇਸਰ ਹੈ॥ਕਰਿ ਕਰਿ ਦੇਖਨਹਾਰ ਆਪ ਹੈ॥ਜੋ ਚਾਹੇ ਤੋ ਦਇਆ ਕਰੇ॥ਆਪ ਮੇਲ ਲਏ॥ਅਰ ਏਕ ਖਿਨ ਮੈ ਉਤਪਤ ਕਰਨੇਹਾਰਾ ਅਰੁ ਪਰਲੋ ਕਰਨੇਹਾਰ ਹੈ॥ਜਾਨਨਹਾਰ ਅਰੁ ਦੇਖਨਹਾਰੁ ਆਪ ਹੈ॥ਦਾਨੋ ਕੇ ਮੁਖ ਦਾਨੁ ਭੀ ਆਪ ਹੈ॥ਦਾਲਦ ਭੰਜਨ[1] ਅਰੁ ਦੁਖ ਹਰਨੁ॥ਅਰੁ ਸਤਿਗੁਰ ਕੈਸੇ ਹੈ॥ਗਿਆਨ ਧਿਆਨ ਕੇ ਦਾਤਾ ਹੈ॥

॥ਤਾਂ ਬਾਬੇ ਧਧੇ ਅਛਰ ਕੀ ਪਉੜੀ ਕਹੀ॥

ਧਨੁ ਗਇਐ ਬਹੁ ਝੂਰੀਐ ਧਨੁ ਮਹਿ ਚੀਤੁ ਗਵਾਰੁ॥
ਧਨੁ ਵਿਰਲੀ ਸਚੁ ਸੰਚਿਆ ਨਿਰਮਲ ਨਾਮ ਪਿਆਰੁ॥
75/ੳ ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗ/ਏਕ॥
ਮਨੁ ਦੀਜੈ ਸਿਰੁ ਸਉਪੀਐ॥ਭੀ ਕਰਤੇ ਕੀ ਟੇਕ॥
ਧੰਧਾ ਧਾਵਤ ਰਹਿ ਗਇਆ ਮਨ ਮਹਿ ਸਬਦੁ ਅਨੰਦੁ॥
ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਬਿੰਦ॥

---

[1] ਭੰਜ (ਸ)

ਬਨੁ ਬਨ ਫਿਰਤੀ ਢੂੰਢਤੀ ਬਸਤ ਰਹੀ ਘਰ ਬਾਰ॥ ਸ
ਤਿਗੁਰ ਮੇਲੀ ਮਿਲ ਰਹੀ ਜਨਮ ਮਰਨ ਦੁਖ ਨਿਵਾਰ॥੩੬॥

॥ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਧਧੇ ਅਛਰ ਕਾ ਏਹੁ ਬਿਚਾਰੁ ਹੈ॥ਏਹ ਪ੍ਰਾਨੀ ਧਨ ਗਏ ਝੂਰਤੇ ਹੈ॥ਜਿਨ ਕਾ ਚਿਤੁ ਸਦਾ ਧਨ ਹੀ ਮੋ ਹੈ॥ਸੋਈ ਗਵਾਰ ਹੈ॥ਧਨ ਵਹੁ ਵਿਰਲੇ ਹੈਨ॥ਜਿਨੋ ਨੇ ਸਚ ਕੋ ਸੰਚਿਆ ਹੈ॥ਅਰੁ ਨਿਰਮਲ ਨਾਮ ਕੇ ਧਾਰੇ ਹੈ॥ਹੇ ਪੰਡਿਤ ਧਨ ਜਾਏ ਤੋ ਜਾਏ॥ਜੋ ਏਕ ਰੰਗ ਭਗਤ ਪ੍ਰਾਪਤ ਹੋਇ॥ਮਨੁ ਦੀਜੀਐ ਸਿਰ ਭੀ ਦੀਜੀਐ॥ਜੋ ਏਕ ਪਰਮੇਸਰ ਕੀ ਟੇਕ ਮਿਲੈ॥ਸਬ ਸਭੀ ਧੰਧੇ ਧਾਵਨੀ ਮਿਟੀ॥ਅਰੁ ਮਨ ਮੋ ਸਬਦ ਅਨੰਦ ਪ੍ਰਾਪਤਿ ਭਇਆ॥ਦੁਰਜਨ ਜੋ ਥੇ ਸੋ ਸਾਜਨ ਭਏ॥ਜਬ ਗੁਰ ਗੋਬਿੰਦ ਭੈ ਕੀਆ ਹੋਈ॥[1] ਹੇ ਪੰਡਿਤ ਤਤੁ ਵਸਤ ਕੋ ਘਰ ਸੋ ਭੁਲਾਇ ਕਰਿ ਬਿਨਾ ਸਤਿਗੁਰ ਕੇ ਬਨ ਖੰਡ ਬਿਖੈ ਖੋਜਤਾ ਫਿਰੈ॥ਤਬ ਸਤਿਗੁਰ ਮਿਲੇ ਤਬ ਘਰ ਮੋ ਪ੍ਰਾਪਤ ਭਈ॥ਜਨਮ ਮਰਨ ਕਾ ਦੁਖ ਦੂਰਿ ਗਇਆ॥

॥ਤਬ ਬਾਬੇ ਜੀ ਨਕਾਰ ਅਖਰ ਕੀ ਪਉੜੀ ਕਹੀ॥

ਨਾਨਾ ਕਰਤ ਨ ਛੂਟੀਐ ਬਿਨ ਗੁਰ ਜਮ ਪੁਰਿ ਜਾਹਿ॥
ਨਾ ਤਿਸੁ ਏਹੁ ਨ ਓਹ ਹੈ ਅਵਗੁਣ ਫਿਰਿ ਪਛੁਤਾਹਿ॥
75/ਅ ਨਾ ਤਿਸੁ ਗਿਆਨ ਨਾ ਧਿਆਨੁ ਹੈ ਨਾ ਤਿਸੁ ਧਰਮ ਧਿ/ਆਨ॥
ਵਿਣ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨ॥
ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨਾ ਪਾਰ॥
ਨਾ ਸਾਜਨ ਸੇ ਰੰਗੁਲੇ ਕਿਸ ਪਹਿ ਕਰੀ ਪੁਕਾਰ॥
ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਨਹਾਰੁ॥
ਜਿਨ ਵਿਛੋੜੀ ਸੋ ਮੇਲਸੀ ਗੁਰ ਕੇ ਹੇਤ ਅਪਾਰ॥੩੭॥

॥ਤਿਸ ਕਾ ਪਰਮਾਰਥੁ॥

ਹੇ ਪੰਡਿਤ ਨਕਾਰ ਅਖਰ ਕਾ ਏਹੁ ਬੀਚਾਰੁ ਹੈ॥ਨਾਨਾ ਪ੍ਰਕਾਰ ਕੇ ਜਪੁ ਅਰੁ ਤਪੁ ਤੀਰਥ ਕੀਏ ਬਿਨਾ ਸਤਿਗੁਰ ਕੇ ਜਮ ਪੁਰ ਅਸਥਾਨ ਹੈ॥ਤਿਸ ਕੋ ਲੋਕ ਪਰਲੋਕ ਕਾ ਸੁਖ ਨਹੀ॥ਆਵਨੇ ਜਾਵਨੇ ਕਾ ਪਛੁਤਾਪੁ ਹੈ॥ਬਿਨੁ ਗੁਰ ਗਿਆਨੁ ਧਿਆਨੁ ਕਿਸੇ ਕੰਮ ਨਾਹੀ॥ਬਿਨਾ ਸਚੇ ਨਾਮ ਕੇ ਨਿਰਭਵ[2] ਨਹੀ॥ਸਦਾ ਅਭਿਮਾਨੀ ਹੈ॥ਹੇ ਪੰਡਿਤ ਏਹੁ ਭੈ ਰੂਪੀ ਸਾਗਰ ਬਿਖੇ ਸਭ ਕੋਈ ਥਕ ਰਹੇ ਹੈ॥ਇਸ ਕਾ ਥਾਹ ਪਾਰਵਾਰ ਮਿਲਤਾ ਨਹੀ॥ਅਰੁ ਸਾਜਨ ਸੰਤ ਰੰਗੀਲੇ ਭੀ ਪ੍ਰਤਖ ਨਹੀ॥ਜਿਨ ਕੇ ਆਗੇ ਪੁਕਾਰ ਕਰੀਏ॥ਮੈ ਸਤਿ ਕਹਿਤਾ ਹੋ ਜਿਨ ਕੇ ਆਗੇ ਪ੍ਰਿਉ ਪ੍ਰਿਉਪੁਕਾਰੇ॥ਤਬ ਮੇਲਨਹਾਰੁ ਕਿਰਪਾ ਕਰਿ ਮੇਲ ਲਏ॥

॥ਤਾਂ[3] ਪਪੇ ਅਖਰ ਕੀ ਪਉੜੀ ਕਹੀ॥

ਪਾਪੁ ਬੁਰਾ ਪਾਪੀ ਕਉ ਪਿਆਰਾ॥ਪਾਪ ਲਦੇ ਪਾਪੇ ਪਾਸਾਰਾ॥
ਪਰਿਹਰਿ ਪਾਪ ਪਛਾਨੈ ਆਪ॥ਨਾ ਤਿਸੁ ਸੋਗੁ ਵਿਜੋਗੁ ਸੰਤਾਪੁ॥
ਨਰਕ ਪੜੰਤਉ ਕਿਉ ਰਹੈ ਕਿਉ ਬੰਚੈ ਜਮ ਕਾਲੁ॥
ਕਿਉ ਆਵਣਿ ਜਾਣਾ ਵੀਸਰੈ ਝੂਠ ਬੁਰਾ ਖੈ ਕਾਲੁ॥
ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ॥
ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਉ[4]॥

॥ਤਿਸ ਕਾ ਪ੍ਰਮਾਰਥ॥

76/ੳ ਹੇ ਪੰਡਿ/ਤ ਪਾਪ ਦੁਰਗਤਿ ਕਾ ਦਾਤਾ ਹੈ॥ਪਾਪੀ ਕੋ ਪਿਆਰਾ ਹੈ॥ਵਹੁ ਪਾਪ ਕੀ ਲਗਨਿ ਕਰਿ ਪਾਪ ਕਾ ਪਸਾਰਾ ਕਰਤਾ ਹੈ॥ਜੇ ਵਹੁ ਪਾਪ ਕਉ ਤਿਆਗ ਕਰਿ ਅਪਨੇ ਨਿਜ ਸਰੂਪ ਕੋ ਪਛਾਨੈ॥ਤਬ ਸੋਗ ਵਿਜੋਗ ਸੰਤਾਪ ਕਾ ਨਾਸ ਹੋਇ॥ਹੇ ਪੰਡਿਤ ਬਿਨਾ ਇਸ ਜਤਨ ਕੇ ਨਰਕ ਭੋਗ ਅਰੁ ਜਮ ਡੰਡ ਆਵਨ ਜਾਨਾ ਝੂਠਿ ਬੁਰਿਆਈ॥ਅਰੁ ਬਾਰੰਬਾਰ ਕਾਲ ਕੇ ਵਸ ਪੜਨਾ॥ਇਸ॥ਇਸ

---

[1] ਇੱਥੇ 'ਬਿਚਾਰ ਹੈ॥ਕਾਇਆ ਰੂਪੀ....ਗੋਬਿੰਦ ਭੈ ਕੀਆ ਹੋਈ॥'(73/ਅ ਤੋਂ 75/ੳ ਤੱਕ) ਪਾਠ ਨਹੀਂ ਹੈ (ਅ)

[2] ਨਿਰਭਰ (ਸ)

[3] ਤਾਂ ਬਾਬੇ (ਅ,ੲ,ਸ)

[4] ਪਚਾਹਿ (ਅ, ੲ)

ਸਿਉ ਕੈਸੇ ਬਚੀਐ॥ਮਨ ਤੋ ਜੰਜਾਲ ਹੀ ਕਾ ਵੇੜਿਆ ਜੰਜਾਲ ਮੋ ਪੜਾ ਹੈ॥ਬਿਨਾ ਨਾਮ ਕੇ ਛੁਟਕਾਰਾ ਨਾਹੀ॥ਪਾਪ ਹੀ ਮੋ ਪਚ ਮੁਇਆ ਹੈ॥

॥ਤਾਂ ਬਾਬੇ ਜੀ ਫਫੇ ਅਛਰ ਕੀ ਪਉੜੀ ਕਹੀ॥

ਫਿਰਿ ਫਿਰਿ ਫਾਹੀ ਫਾਸੈ ਕਊਆ॥ਫਿਰਿ ਪਛੁਤਾਨਾ ਅਬ ਕਿਆ ਹੂਆ॥
ਫਾਥਾ ਚੋਗ ਚੁਗੈ ਨਹੀ ਬੂਝੈ॥ਸਤਿਗੁਰ ਮਿਲੈ ਤ ਅਖੀ ਸੂਝੈ॥
ਜਿਉ ਮਛੁਲੀ ਫਾਥੀ ਜਮ ਜਾਲੁ॥ਵਿਣੁ ਗੁਰ ਦਾਤੇ ਮੁਕਤਿ ਨਾ ਭਾਲੁ॥
ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ॥ਇਕ ਰੰਗ ਰਾਚ ਰਹੈ ਲਿਵ ਲਾਇ॥
ਇਵ ਛੂਟੇ ਫਿਰਿ ਫਾਸ ਨ ਪਾਇ॥੩੮॥

॥ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਫਫੇ ਅਛਰ ਕਾ ਏਹੁ ਬਿਚਾਰ ਹੈ॥ਬਾਰੰਬਾਰ ਫਾਹੀ ਮੋ ਫਾਸਾ ਹੈ॥ਕਾਂਉ ਕੀ ਨਿਆਈ ਪਛੁਤਾਨਾ ਤਉ ਕਿਆ ਹੋਤਾ ਹੈ॥ਫਾਂਸੀ ਮੋ ਰਸ ਪਦਾਰਥੋਂ ਕੀ ਚੋਗ ਚੁਗਤਾ ਹੈ॥ਬੂਝਤਾ ਨਾਹੀ॥ਜੋ ਸਤਿਗੁਰ ਕੋ ਮਿਲੇ॥ਤਬ ਗਿਆਨ ਰੂਪੀ ਨੇਤ੍ਰ ਕਰਿ ਸੋਝ ਪੜੇ॥ਮਛਲੀ ਕੀ ਤਰਹਿ ਜਮ ਜਾਲ ਮੋ ਪੜਾ ਹੈ॥ਬਿਨ ਸਤਿਗੁਰ ਦਾਤੇ ਕਵਨ ਛੁਡਾਵੈ॥ਫਿਰਿ ਫਿਰਿ ਆਵਨੇ ਅਰੁ ਜਾਵਨੇ ਸੋ ਪੜਾ
76/ਅ ਹੈ॥ਜੋ ਏਕ ਪ੍ਰਭ ਕੇ ਰੰਗ ਮੋ ਲੀਨ ਹੋਇ॥ਤਉ ਇਸ ਪ੍ਰਕਾ/ਰ ਛੂਟੇ॥ਫਿਰਿ ਕਦਾਚਿਤ ਫਾਸ ਮੋ ਨ ਪੜੇ॥

॥ਤਾਂ ਫੇਰਿ ਬਾਬੇ ਜੀ ਬਬੇ ਅਛਰ ਕੀ ਪਉੜੀ ਕਹੀ॥

ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ॥
ਬੀਰ ਚਲੇ ਘਰਿ ਆਪਣੇ ਬਹਿਣ ਬਿਰਹਿ ਜਲਿ ਜਾਇ॥
ਬਾਬਲ ਕੇ ਘਰ ਬੇਟੜੀ ਬਾਲੀ ਬਾਲੇ ਨੇਹੁ॥
ਜੇ ਲੋੜਹਿ ਵਰੁ ਕਾਮਣੀ ਸਤਿਗੁਰ ਸੇਵਹਿ ਤੇਹਿ॥
ਵਿਰਲੋ ਗਿਆਨੀ ਬੂਝਣੋ ਸਤਿਗੁਰ ਸਾਚਿ ਮਿਲੇ॥
ਠਾਕਰਿ ਹਾਥ ਬਡਿਆਈਆ ਜੈ ਭਾਵੈ ਤੈ ਦੇਇ॥
ਬਾਣੀ ਬਿਰਲੋ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰ ਵਾਸਾ ਹੋਇ॥੪੦॥

॥ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਬਬੇ ਅਖਰ ਕਾ ਇਹ ਬੀਚਾਰ ਹੈ॥ਇਹ ਬੰਧਪ ਅਰੁ ਪਦਾਰਥੁ ਜੋ ਜਗਤ ਕੇ ਹੈ ਤਿਨ ਕੋ ਮੋਹ ਕੇ ਬਸਿ ਹੋਇ॥ਬੀਰਾ ਬੀਰਾ ਕਰਤੀ ਥੀ॥ਵਹੀ ਬੈਰਾਈ ਭਏ॥ਜਬ ਉਨ ਕਾ ਅਭਾਵ ਵਿਛੋੜਾ ਭਇਆ॥

॥ਤਿਸ ਕਾ ਦਿਸਟਾਤ॥

ਜੈਸੇ ਲੜਕੀ ਮੂੜ ਅਵਸਥਾ ਸੋ[1] ਭਾਈ ਅਰੁ ਪਿਤਾ ਅਰੁ ਘਰੁ ਸੋ ਅਤ ਹੀ ਨੇਹੁ ਹੋਤਾ ਹੈ॥ਉਨ ਕੇ ਵਿਛੋੜੇ ਪਰ ਦੁਖੀ ਅਤ ਹੋਤੀ ਹੈ॥ਅਰੁ ਜਬ ਚੇਤ ਭਈ॥ਤਬ ਕੁਲ ਬਧੂ ਉਸ ਕੋ ਭਤਾਰ ਕੇ ਨਿਮਿਤ ਬ੍ਰਤ ਅਰੁ ਪੂਜਾ ਉਸਕੋ ਦੇਵਤਾ ਕੀ ਕਰਾਵਤੇ ਹੈ॥ਪੁਨ ਜਬ ਭਰਤਾ ਪ੍ਰਾਪਤ ਹੋਤਾ ਹੈ॥ਤਬ ਭਾਈ ਅਰੁ ਪਿਤਾ ਕੀ ਪ੍ਰੀਤ ਬਿਹਾਇ ਜਾਤੀ ਹੈ॥ਪਰਮ ਪ੍ਰੀਤ ਭਗਤਾ ਸਿਉ ਦ੍ਰਿੜ ਭਈ॥ਤਬ ਸੁਖ ਹੋਇਆ॥ਤੈਸੇ ਹੀ ਜਗਤੁ॥ਬੰਧਪ ਅਰੁ ਪਦਾਰਥ ਮਿਥਿਆ ਰੂਪ ਹੈ॥ਇਨ ਕੋ ਬਾਲੀ ਸੋ ਹੇਤਿ ਕੀ
77/ੳ ਨਿਆਈ ਤਿਆਗਨ ਕਰੇ॥ਸਤਿਗੁਰ ਜੋ ਦੇਵਤਾ ਹੈ ਤਿਸ ਸਿਉ ਪ੍ਰੀਤ ਲਗਾਵੈ॥ਤਾਂ ਪਰ ਸੁਆਮੀ/ਕੋ ਪਾਇਆ ਅਪਨੇ ਨਿਜ ਸੁਖ ਮੋ ਲੀਨ ਹੋਇ॥ਹੇ ਪੰਡਿਤ ਇਸ ਪਦ ਕੋ ਵਿਰਲਾ ਗਿਆਨੀ ਬੂਝੇ ਹੈ॥ਜਿਸ ਕੋ ਸਚਾ ਗੁਰੂ ਮਿਲੈ॥ਇਹ ਵਡਿਆਈ ਠਾਕੁਰ ਹਾਥ ਹੈ॥ਜਿਸ ਕੋ ਚਾਹੈ ਤਿਸ ਕੋ ਦੇਇ॥ਇਸ ਬਾਨੀ ਕੋ ਕੋਈ ਬਿਰਲਾ ਹੀ ਗੁਰਮੁਖਿ ਬਿਚਾਰਨ ਜੋਗੁ ਹੈ॥ਮਹਾ ਪੁਰਖ ਕੇ ਬਚਨ ਕੋ ਬਿਚਾਰੇ॥ਤਿਸ ਕੋ ਨਿਜ ਘਰ ਵਾਸਾ ਹੋਇ॥

॥ਤਾਂ ਫੇਰ ਬਾਬੇ ਜੀ ਨੇ ਭਭੇ ਅਖਰ ਕੀ ਪਉੜੀ ਕਹੀ॥

ਭਨ ਭਨ ਘੜੀਐ ਘੜਿ ਘੜਿ ਭਜੈ॥ਢਾਹਿ ਉਸਾਰੇ ਉਸਰੈ ਢਾਹੈ॥
ਸਰ ਭਰ ਸੋਖੈ ਭੀ ਭਰ ਪੋਖੈ ਸਮਰਥ ਬੇਪਰਵਾਹੇ॥

---

[1] ਮੋ (ਅ)

ਭਰਮ ਭੂਲਾਨੇ ਭਏ ਦਿਵਾਨੇ ਬਿਨ ਭਾਗਾ ਕਿਆ ਪਾਈਐ॥
ਗੁਰਮੁਖਿ ਗਿਆਨ ਡੋਰੀ ਪ੍ਰਭ ਪਕੜੀ ਜਿਹ ਖਿੰਚੈ ਤਹ ਜਾਈਐ॥
ਹਰਿ ਗੁਨ ਗਾਇ ਸਦਾ ਰੰਗ ਰਾਤੀ ਬਹੁੜਿ ਨ ਪਛੋਤਾਈਐ
ਭਭੇ ਭਾਲਹਿ ਗੁਰਮੁਖਿ ਬੂਝੈ ਤਾ ਨਿਜ ਘਰ ਵਾਸਾ ਪਾਈਐ॥
ਭਭੈ ਭਉਜਲ ਮਾਰਗੁ ਬਿਖੜਾ ਆਸ ਨਿਰਾਸਾ ਤਰੀਐ॥
ਗੁਰ ਪ੍ਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ॥੪੧॥

॥ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਭਭੇ ਅਖਰ ਕਾ ਏਹੁ ਬਿਚਾਰੁ ਹੈ॥ਐਸੀ ਲੀਲਾ ਕਰਤੇ ਕੀ ਹੈ॥ਜੋ ਭੰਨ ਭਨ ਘੜਤਾ ਹੈ॥ਅਰੁ ਘੜ ਕੇ ਭੰਨਤਾ ਹੈ॥ਉਸਰੇ ਢਾਹਿਤਾ ਹੈ॥ਅਰੁ ਢਾਹੇ ਕਉ ਉਸਾਰਤਾ ਹੈ॥ਅਰ ਭਰੇ ਸਰ ਸੋਖਤਾ ਹੈ॥ਅਰੁ ਸੋਖੇ ਭਰਤਾ ਹੈ॥ਸਮਰਥ ਵੇਪਰਵਾਹੁ ਪੁਰਖ ਹੈ॥ਇਸ ਮਾਇਆ ਰੂਪੀ ਭ੍ਰਮ ਬਿਖੇ ਸਭ ਭੁਲਾਨੇ ਹੈ॥ਬਿਨਾ ਭਾਗ ਉਦੇ ਭਏ ਮਿਤ ਪਾਈ ਨਹੀ ਜਾਤੀ ਗੁਰਮੁਖ ਗਿਆਨ ਡੋਰੀ ਪ੍ਰਭ ਕੇ ਹਾਥ ਹੈ॥ਜਿਸ ਕੋ ਚਾਹੇ ਤਿਸ ਕੋ ਖੈਂਚ ਮਿਲਾਏ॥ਜੋ ਹਰਿ ਗੁਨ ਗਾਇ ਸਹਜ ਰੰਗ ਮੋ ਰਾਤੇ
77/ਅ ਹੈ॥ਤਿਸ ਕੋ ਆਵਨੇ ਜਾਵਨੇ ਕਾ ਪਛਤਾਵ ਦੂਰ ਭਇਆ/ਹੈ॥ਹੇ ਪੰਡਿਤ ਭਭੈ ਕਾ ਐਸਾ ਬੀਚਾਰ ਹੈ॥ਜੋ ਗੁਰ ਕੇ ਸਬਦ ਕੋ ਬੂਝ ਕੈ ਨਿਜ ਘਰ ਵਾਸ ਕਰੇ॥ਏਹ ਭਉਜਲ ਸੰਸਾਰ ਬਿਕਟ ਮਾਰਗੁ ਜੋ ਹੈ॥ਇਸ ਕੋ ਆਸਾ ਤੇ ਰਹਿਤ ਹੋਇ ਕੈ ਤਬ ਪਰਾਪਤ ਉਤਰੇ॥ਗੁਰ ਪ੍ਰਸਾਦਿ ਕਰਿ ਅਪਨੇ ਨਿਜ ਸਰੂਪ ਕੋ ਚੀਨੈ॥ਤਬ ਜੀਵਤ ਮਿਰਤਕ ਹੋਇ॥

॥ਤਾਂ ਫੇਰਿ ਬਾਬੇ ਜੀ ਮੰਮੇ ਅਛਰ ਕੀ ਪਉੜੀ ਕਹੀ॥

ਮਾਇਆ ਮਾਇਆ ਕਰਿ ਮੁਏ ਮਾਇਆ ਕਿਸੇ ਨ ਸਾਥ॥
ਹੰਸ ਚਲੈ ਉਠ ਡੁਮਣੋ ਮਾਇਆ ਭੂਲੀ ਆਥ॥
ਮਨਿ ਜੂਠਾ ਜਮ ਜੋਹਿਆ ਅਵਗੁਣ ਚਲਹਿ ਨਾਲੁ॥
ਮਨ ਮੈ ਮਨ ਉਲਟੋ ਮਰੈ ਜੋ ਗੁਣ ਹੋਵਹ ਨਾਲ॥
ਮੇਰੀ ਮੇਰੀ ਕਰਿ ਮੁਏ ਵਿਣ ਨਾਵੈ ਦੁਖ ਭਾਲ॥
ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣ॥
ਨਾਨਕ ਸਚੇ ਨਾਮ ਵਿਣ ਝੂਠਾ ਆਵਣ ਜਾਣ॥੪੩॥

॥ਤਿਸ ਕਾ ਪਰਮਾਰਥੁ॥

ਹੇ ਪੰਡਿਤ ਮੰਮੇ ਅਖਰ ਕਾ ਏਹੁ ਬਿਚਾਰ ਹੈ॥ਇਸ ਮਾਇਆ ਕੋ ਸਭ ਕੋਈ ਪਚਿ ਮੂਏ ਕਿਸੇ ਕੇ ਸਾਥ ਨ ਭਈ॥ਮਾਇਆ ਕੀ ਲੋਚਾ ਸੋ ਹੰਸ ਨੇ ਸਰੀਰੁ ਕਾ ਤਿਆਗੁ ਕੀਆ॥ਐਸੇ ਮਨ ਝੂਠੇ ਕਉ ਜਮ ਕੀ ਪਕੜਿ ਭਈ॥ਸਭ ਕਰਨੀ ਪਾਪ ਅਰੁ ਪੁੰਨ ਕੀ ਸਾਥ ਹੋਈ॥ਮਨ ਹੀ ਮੋ ਮਨ ਉਲਟੋ ਕੈ ਬ੍ਰਹਮ ਹੋਤਾ ਹੈ॥ਅਰੁ ਜੋ ਗੁਰ ਕਾ ਗਿਆਨ ਪਾਇਆ ਹੋਤਾ ਹੈ॥ਸੋ ਤੋ ਬਿਨਾ ਗਿਆਨ ਮੇਰੀ ਮੇਰੀ ਕਰਿ ਮੁਏ॥ਮਹਾ ਦੁਖ ਕੋ ਪ੍ਰਾਪਤ ਹੋਏ॥ਏਹੁ ਘਰ ਮੰਦਰ ਮਿਥਿਆ ਭਏ॥ਜੈਸੇ ਬਾਜੀਗਰ ਕਾ ਅਖਾੜਾ ਉਝੜਿ ਜਾਤਾ ਹੈ॥ਬਿਨਾ ਸਚੇ ਨਾਮ ਕੇ ਝੂਠ ਆਵਨ ਜਾਨ ਭਏ॥ਇਸ ਬਾਰਤਾ ਕੋ ਚਤੁਰ ਸੁਜਾਨ ਆਪ ਹੀ ਜਾਨਨਹਾਰਾ ਹੈ॥

॥ਤਾਂ ਬਾਬੇ ਜੀ ਨੇ ਜਜੇ ਅਖਰ ਕੀ ਪਉੜੀ ਕਹੀ॥

78/ੳ ਜੋ ਆਵਹਿ ਸੇ ਜਾ/ਹਿ ਫਿਰਿ ਆਇ ਗਏ ਪਛੁਤਾਹਿ॥
ਲਖ ਚਉਰਾਸੀ ਘਟੇ ਨ ਵਧੈ ਉਤਾਹਿ॥
ਸੇ ਜਨ ਉਬਰੇ ਜਿਨ ਹਰਿ ਭਇਆ॥ਧੰਧਾ ਮੁਇਆ ਵਿਗੁਤੀ ਮਾਇਆ॥
ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤ ਕਰੇਉ॥
ਜੀ ਸਮਉ[1] ਆਪਣਾ ਮਨ ਤਨੁ ਆਗੇ ਦੇਉ॥
ਅਸਥਿਰੁ ਕਰਤਾ ਤੂੰ ਧਣੀ ਤਿਸ ਹੀ ਕੀ ਮੈ ਓਟ॥
ਗੁਣ ਕੀ ਮਾਰੀ ਹਉ ਮੁਈ ਸਬਦ ਰਤੀ ਮਨ ਚੋਟ॥੪੩॥

॥ਤਿਸ ਕਾ ਪ੍ਰਮਾਰਥੁ॥

ਜਜੇ ਅਖਰ ਕਾ ਇਹੁ ਬਿਚਾਰੁ ਹੈ॥ਜੋ ਆਵਤੇ ਹੈ ਸੋ ਪਛੁਤਾਪ ਲੈ ਜਾਤੇ ਹੈ॥ਲਖ ਚਉਰਾਸੀ ਮੇਦਨੀ ਇਸੀ ਮੋ ਪੜੀ ਹੈ॥ਘਟਤੀ ਬਧਤੀ ਕਛੁ ਨਹੀ॥ਸੇਈ ਉਬਰੇ ਹੈ ਜਿਨ ਕੋ ਹਰਿ ਪ੍ਰੀਤ

---

[1] ਜੀਓ ਸਮਪਉ (ਅ,ੲ), ਜੀ ਸਮਰਪਉ (ਸ)

ਹੈ॥ ਤਿਨ ਕੇ ਧੰਧਾ ਸਭ ਮਾਇਆ ਕਾ ਦੂਰ ਭਇਆ ਹੈ॥ ਜੋ ਦਿਸਟਿ ਮੋ ਆਵਤਾ ਹੈ ਸੋ ਸਭ ਚਲੇਮਾਨ ਹੈ॥ ਕਿਸ ਕੋ ਮੀਤ ਕੀਜੈ॥ ਜਿਸ ਕੋ ਤਨ ਮਨ ਅਰਪਨ ਕੀਜੈ॥ ਤਾ ਤੇ ਅਸਥਿਰ ਕਰਤਾ ਸੋ ਧਨੀ ਹੈ॥ ਤਿਸ ਕੀ ਮੈਨੇ ਓਟ ਲਈ ਹੈ॥ ਤਬ ਗਿਆਨ ਰੂਪੀ ਸਕਤ ਕਰ ਹਉਮੈ ਨਾਸ ਭਈ॥ ਸਬਦ ਬ੍ਰਹਮ ਮੋ ਨਿਹਚਲ ਹੂਆ॥

॥ ਤਾਂ ਬਾਬੇ ਜੀ ਰਾਰੇ ਅਖਰ ਕੀ ਪਉੜੀ ਕਹੀ॥

ਰਾਣਾ ਰਾਉ ਨ ਕੋ ਰਹੈ ਰੰਗ ਨ ਤੁੰਗ ਫਕੀਰ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥
ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ॥
ਮੈ ਤਨ ਅਵਗਣਿ ਝੁਰਿ ਮੁਈ ਵਿਣ ਗੁਣ ਕਿਉ ਘਰਿ ਜਾਹਿ॥
ਗੁਣੀਆ ਗਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰੁ[1]॥
ਤਿਨ ਹੀ ਜੈਸੀ ਥੀ ਰਹਾਂ ਜਪ ਜਪ ਰਿਦੈ ਮੁਰਾਰੁ॥
ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ॥
ਬਿਨ ਸਤਿਗੁਰ ਗੁਣ ਨ ਜਾਪਨੀ ਜਿਚਰ ਸਬਦ ਨ ਕਰੇ ਪਿਆਰ॥ ੪੪॥

॥ ਤਿਸ ਕਾ ਪਰਮਾਰਥੁ॥

78/ਅ ਹੇ ਪੰਡਿਤ ਰਾਰੇ ਅਖਰ ਕਾ ਏਹੁ ਬਿਚਾ/ਰੁ ਹੈ॥ ਰਾਣਾ ਅਰ ਰਾਵ ਅਰ ਰੰਕ ਕੋਈ ਈਹਾ ਰਹਤਾ ਨਹੀ॥ ਆਪੋ ਆਪਣੀ ਵਾਰੀ ਸਭ ਚਲੇ ਜਾਤੇ ਹੈ॥ ਧੀਰ ਨਾਹੀ ਮਿਲਤੀ॥ ਆਗੈ ਬਡਾ ਭੈ ਮਾਨ ਕਾ ਰਾਹਿ ਹੈ॥ ਅਰੁ ਵੈਤਰਨੀ ਨਦੀ ਬਡੇ ਪਾਟ ਕੀ ਅਸਗਾਹ ਹੈ॥ ਅਰੁ ਅਵਗੁਣ ਰੂਪੀ ਭਾਰ ਸਿਰ ਪਰ ਹੈ॥ ਬਿਨਾ ਗੁਰ ਗਿਆਨ ਕੇਸੈ ਜਾਨਾ ਹੋਇ॥ ਅਰੁ ਗਿਆਨੀ ਜੋ ਗਿਆਨ ਸਕਤ ਕਰ ਪ੍ਰਭ ਸੋ ਮਿਲੇ॥ ਮੈ ਭੀ ਪ੍ਰੀਤ ਕਰ ਤਿਨ ਸੋ ਮਿਲੋ॥ ਤਬ ਤਿਨ ਹੀ ਕੇ ਪਦ ਸੋ ਪ੍ਰਾਪਤ ਹੋਵਉ॥ ਹਿਰਦੇ ਮੁਰਾਰ ਕੋ ਜਪੋ॥ ਗੁਣ ਅਰੁ ਅਵਗੁਨ ਦੋਨੋ ਮੇਰੇ ਸਾਥ ਹੀ ਬਸਤੇ ਹੈ॥ ਬਿਨਾ ਸਤਿਗੁਰ ਕੇ ਬਚਨ ਦ੍ਰਿੜ ਕੀਏ ਗੁਨ ਪਰਗਟ ਨਹੀ ਹੋਤੇ॥

॥ ਤਾਂ ਬਾਬੇ ਜੀ ਲਲੇ ਅਰ[2] ਕੀ ਪਉੜੀ ਕਹੀ॥

ਲਸਕਰੀਆ ਘਰ ਸੰਮਲੇ ਆਏ ਵਜਹੁ ਲਿਖਾਇ॥
ਕਾਰ ਕਮਾਵਹਿ ਸਿਰ ਧਨੀ ਲਾਹਾ ਪਲੈ ਪਾਇ॥
ਲਬ ਲੋਭ ਬੁਰਆਈਆ ਛੋਡੇ ਮਨਹੁ ਵਿਸਾਰ॥
ਗੜ ਦੇਹੀ ਪਾਤਸਾਹਿ ਕੀ ਕਦੇ ਨ ਆਵੈ ਹਾਰ॥
ਚਾਕਰ ਕਹੀਐ ਖਸਮ ਕਾ ਸਉਹੇ ਉਤਰੁ ਦੇਇ॥
ਵਜਹੁ ਗਵਾਏ ਆਪਣਾ ਤਖਤ ਨ ਬੈਸਹਿ ਸੇਇ॥
ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ॥
ਆਪ ਕਰੇ ਕਿਸੁ ਆਖੀਐ ਅਵਰ ਨ ਕੋਇ ਕਰੇ॥ ੪੫॥
ਹੇ ਪੰਡਿਤ ਲਕਾਰ ਅਖਰ ਕਾ ਏਹੁ ਬਿਚਾਰੁ ਹੈ॥ [3]

॥ ਤਿਸ ਕਾ ਪ੍ਰਮਾਰਥੁ॥

ਏਹੁ ਜੀਉ ਚਾਕਰ ਕੀ ਨਿਆਈ ਤਕਰਾਰ ਕਰਕੇ ਭਗਤ ਕਾ ਪ੍ਰਾਪਤ ਵਜਹੁ ਲਿਖਾਇ ਕਰਿ ਇਸ ਲੋਕ ਮੋ ਆਇਆ ਹੈ॥ ਜੋ ਸਿਰ ਕਰ ਧਨ ਕੀ ਸੇਵਾ ਮੋ ਲਗੇ ਹੈ॥ ਤਿਨ ਕੋ ਬਹੁਤ ਲਾਹਾ ਮਿਲਤਾ ਹੈ॥ ਲਭੁ ਅਰੁ ਲੋਭ ਬੁਰਿਆਈਆ ਕੋ ਮਨ ਸੇ ਦੂਰ ਕਰੇ॥ ਇਸ ਕਾਂਇਆ ਰੂਪੀ ਗੜ ਮੋ ਦੁਹਾਈ ਬਾਦਸਾਹ ਕੀ ਫੇਰੀ ਹੈ॥

॥ ਤਿਸ ਕਾ ਪ੍ਰਮਾਰਥੁ॥

ਜੋ ਸਰੀਰ ਮੋ ਗੋਬਿੰਦ ਕਾ ਨਿਵਾਸ ਹੁਆ॥ ਤਿਸ ਕੋ ਕਦੇ ਹਾਰ ਨਹੀ॥ ਅਰੁ ਜੋ ਚਾਕਰ ਕਹਾਵੈ
79/ੳ ਅਰੁ ਸੁ/ਆਮੀ ਕੀ ਆਗਿਆ ਨ ਮਾਨੈ॥ ਤਿਸ ਕਾ ਵਜਹੁ ਭੀ ਨਿਸਟ ਹੋਤਾ ਹੈ॥ ਅਰੁ ਸੇਵਕ ਪਦ ਭੀ ਗਇਆ॥ ਇਹੁ ਵਡਿਆਈ ਸ੍ਵਾਮੀ ਕੇ ਹਥ ਹੈ॥ ਜਿਸ ਨੋ ਭਾਵੈ ਤਿਸ ਦੇਇ॥ ਦੂਸਰਾ ਕਰਨੇਹਾਰਾ ਜੋਗੁ ਨਾਹੀ॥

---

[1] ਬੀਚਾਰੁ (ਅ)
[2] ਅਖਰ (ਅ,ੲ,ਸ)
[3] ਇੱਥੇ ਸਿਰਲੇਖ '॥ ਹੇ ਪੰਡਿਤ ਲਕਾਰ ਅਖਰ ਕਾ ਏਹੁ ਬਿਚਾਰੁ ਹੈ॥' ਸਿਰਲੇਖ '॥ ਤਿਸ ਕਾ ਪਰਮਾਰਥ॥' ਤੋਂ ਬਾਅਦ ਵਿਚ ਹੈ (ਅ,ੲ,ਸ)

॥ ਤਾਂ ਬਕਾਰ[1] ਅਖਰ ਕੀ ਪਉੜੀ ਕਹੀ॥

ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥
ਨਰਕ ਨਿਵਾਰਨ ਨਰਹ ਨਰ ਸਾਚਉ ਸਾਚੈ ਨਾਇ॥
ਬਨ ਤ੍ਰਿਣ ਢੂੰਢਤ ਫਿਰ ਰਹੀ ਮਨ ਮੈ ਕਰੇ ਬਿਚਾਰ॥
ਲਾਲ ਰਤਨ ਬਹੁ ਮਾਣਕੀ ਸਤਿਗੁਰ ਹਾਥ ਭੰਡਾਰ॥
ਊਤਮ ਹੋਵਾਂ ਪ੍ਰਭ ਮਿਲੈ ਇਕ ਮਨਿ ਏਕੈ ਭਾਇ॥
ਨਾਨਕ ਪ੍ਰੀਤਮ ਰਸ ਮਿਲੈ ਲਾਹਾ ਲੈ ਪਰਥਾਇ॥
ਰਚਨਾ ਰਾਚਨ ਜਿਨ ਰਚੀ ਜਿਨਿ ਸਿਰਿਆ ਆਕਾਰ॥
ਗੁਰਮੁਖ ਬਿਅੰਤ ਧਿਆਈਐ ਅੰਤੁ ਨ ਪਾਰਾਵਾਰੁ॥੪੬॥

॥ ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਬਕਾਰ ਅਖਰ ਕਾ ਏਹੁ ਬਿਚਾਰ ਹੈ॥ਏਕੋ ਸਮਰਥੁ ਦੂਜਾ ਸਰੀਕ ਨਾਹੀ॥ਜੋ ਸਭ ਕਾ ਸ੍ਵਾਮੀ ਕਹਾਵੈ॥ਨਰਕ ਨਿਵਾਰਨੁ ਨਰੁ ਪਦ ਹੈ ਸਚੇ ਕਾ ਸਚਾ ਨਾਮ ਕਹੈ॥ਵਣ ਤ੍ਰਿਣ ਤੀਨ ਲੋਕ ਮੋ ਢੂਢ ਦੇਖਾ ਹੈ ਤਬ ਮਨ ਮੈ ਬਿਚਾਰੁ ਕੀਆ॥ਜੋ ਲਾਲ ਰਤਨ ਮਾਣਕ ਹਰਿ ਨਾਮ ਹੈ॥ਤਿਸ ਕਾ ਭੰਡਾਰ ਸਤਿਗਰ ਕੇ ਹਾਥ ਹੈ॥ਜੋ ਉਤਮ ਇਕ ਮਨ ਇਕ ਭਾਵ ਹੈ॥ਤਿਨ ਕੋ ਨਾਮ ਰੂਪੀ ਭੰਡਾਰ ਮਿਲਤਾ ਹੈ॥ਹੇ ਪੰਡਿਤ ਮੈ ਤੁਮ ਕੋ ਸਤ ਕਹਤਾ ਹਉ॥ਪ੍ਰੀਤਮ ਪ੍ਰੇਮ ਕਰਿ ਮਿਲਤਾ ਹੈ॥ਏਹ ਲਾਹਾ ਗੁਰ ਪਰਥਾਇ ਕਾ ਹੈ॥ਜਿਸ ਨੇ ਏਹ ਚਰਨਾ ਰਚੀ ਹੈ ਅਕਾਰ ਧਾਰਾ ਹੈ॥ਗੁਰਮੁਖ ਹੋਇ ਤਿਸ ਕੋ ਧਿਆਈਐ॥ਜਿਸ ਕਾ ਅੰਤ ਪਾਰਾਵਾਰ ਕਛੁ ਨਾਹੀ॥

॥ ਤਾਂ ਰਾੜੇ[2] ਅਖਰ ਕੀ ਪਉੜੀ ਕਹੀ॥

ੜਾੜੈ ਰੂੜਾ ਹਰਿ ਜੀਉ ਸੋਈ॥ਤਿਸ ਬਿਨ ਰਾਜਾ ਅਵਰ ਨ ਕੋਈ॥
ੜਾੜੇ ਗਾਰੜੁ ਤੁਮ ਸੁਣਹੁ ਹਰਿ ਵਸੈ ਮਨਿ ਮਾਹਿ॥
79/ਅ ਗੁਰ ਪਰਸਾ/ਦੀ ਹਰਿ ਪਾਇਐ ਮਤ ਕੋ ਭਰਮ ਭੁਲਾਇ॥
ਸੋ ਸਾਹ ਸਾਚਾ ਜਿਸੁ ਹਰਿ ਧਨੁ ਰਾਸਿ॥ਗੁਰਮੁਖ ਪੂਰਾ ਤਿਸੁ ਸਾਬਾਸੁ॥
ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰ॥
ਆਪ ਗਇਆ ਦੁਖ ਕਟਿਆ ਹਰਿ ਵਰੁ ਪਾਇਆ ਨਾਰ॥੪੭॥

॥ ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ੜਾੜੇ ਅਛਰ ਕਾ ਇਹੁ ਬਿਚਾਰੁ ਹੈ॥ਸਰਬ ਘਟਾ ਮਹਿ ਏਕ ਪ੍ਰਭ ਅਰੂੜਵਤ ਹੈ॥ਤਿਸ ਬਿਨਾ ਦੂਜਾ ਨਾਹੀ ਵਹੀ ਏਕ ਹੀ ਹੈ॥ਮਹਾ ਰਾਜਨ ਕਾ ਰਾਜਾ ਹੈ॥ਏਹੁ ਏਕ ਮਹਾਰਾਜ ਮੰਤ੍ਰ ਹੈ ਜੋ ਹਰਿ ਮਨ ਮੋ ਬਸੇ॥ਸੋ ਸਤਿਗੁਰ ਕੇ ਪ੍ਰਸਾਦਿ ਕਰਕੇ ਹੋਇ॥ਅਵਰ ਗਰਭ ਮੈ ਮਤ ਭਲੋ ਸੋਈ ਸਚਾ ਸਾਹੁ ਹੈ॥ਜਿਸ ਕੇ ਹਰਿ ਧਨ ਰੂਪੀ ਰਾਸ ਹੈ॥ਗੁਰਮੁਖ ਪੂਰਾ ਵਹੀ ਹੈ॥ਤਿਸ ਕੋ ਸਾਬਾਸਿ ਹੈ॥ਤ੍ਰੂੜੀ ਬਾਣੀ ਜੋ ਹੈ ਸਬਦ ਅਨਾਹਦ ਹੈ॥ਤਿਸ ਕਰਿ ਕੇ ਹਰਿ ਪ੍ਰਾਪਤ ਹੋਤਾ ਹੈ॥ਸਤਿਗੁਰ ਕੇ ਸਬਦ ਬਿਚਾਰ ਕਰ ਆਪਾ ਦੂਰਿ ਭਇਆ॥ਸਰਬ ਦੂਖ ਕਾਟੇ ਹਰਿ ਵਰੁ ਪਾਇਆ ਪਰਮ ਸੁਹਾਗਨ ਭਈ॥

॥ ਤਸਕਾਰ ਅਖਰੀ ਪਉੜੀ ਕਹੀ॥

ਸੋਨਾ ਰੂਪਾ ਸੰਚੀਐ ਧਨ ਕਾਚਾ ਬਿਖ ਛਾਰ॥
ਸਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰ॥
ਸਚਿਆਰੀ ਸਚੁ ਸੰਚਿਆ ਸਾਚੋ ਨਾਮੁ ਅਮੋਲੁ॥
ਹਰਿ ਨਿਰਮਾਇਲ ਊਜਲੋ ਪਤ ਸਾਚੀ ਸਚੁ ਬੋਲੁ॥
ਸਾਜਨ ਮੀਤ ਸੁਜਾਨ ਤੂੰ ਤੂ ਤਰਵਰ ਤੂੰ ਹੰਸੁ॥
ਸਾਚੋ ਠਾਕੁਰ ਮਨ ਵਸੈ ਹਉ ਬਲਿਹਾਰੀ ਤਿਸੁ॥
ਮਾਇਆ ਮਮਤਾ ਮੋਹਣੀ ਜਿਨ ਕੀਤੀ ਸੋ ਜਾਨ॥
ਬਿਖਿਆ ਅੰਮ੍ਰਿਤ ਏਕ ਹੈ ਬੂਝੈ ਪੁਰਖ ਸੁਜਾਨ॥੪੮॥

---

[1] ਤਾਂ ਬਾਬੇ ਬਕਾਰ (ਅ,ੲ) ਤਾਂ ਵਕਾਰ (ਸ)

[2] ਤਾਂ ਬਾਬੇ ਰਾੜੇ (ਅ,ੲ,ਸ)

॥ ਤਿਸ ਕਾ ਪ੍ਰਮਾਰਥੁ ॥

ਹੇ ਪੰਡਿਤ ਸਸੇ ਅਛਰ ਕਾ ਏਹੁ ਬੀਚਾਰੁ ਹੈ॥ ਸੋਨਾ ਅਰੁ ਰੂਪਾ ਧਨ ਜੋ ਬਿਖਿਆ ਸੰਚਨ ਹੈ ਸੋ
80/ੳ ਅੰਤ ਕਚਾ ਹੈ॥ ਇਸ ਧਨ ਕੋ ਸੰਚ ਕੇ ਸਾਹੁ ਕਹਾਵੈ॥ ਤੇ ਦੁਬਿ/ਧਾ ਮੋ ਪੜੇ ਹੈ॥ ਅੰਤ ਕੋ ਖੁਆਰ ਹੈ॥ ਅਰੁ ਸਚਿਆਰੋ ਨੇ ਸਚ ਕਾ ਧਨ ਸੰਚਿਆ ਹੈ॥ ਸਚੁ ਨਾਮ ਅਮੋਲਕੁ ਹੈ॥ ਸੋ ਹਰਿ ਨਿਰਮਾਇਲ ਊਜਲ ਹੈ॥ ਸਚੀ ਪਤਿ ਅੁਰ ਸਚਾ ਵਾਕ ਹੈ॥ ਵਹੁ ਆਪ ਹੀ ਸੰਤ ਸੁਜਾਨ ਹੈ॥ ਅਰੁ ਆਪ ਹੀ ਸੰਤ ਸਰੋਵਰ ਹੰਸੁ ਹੈ॥ ਐਸੋ ਸਚਾ ਠਾਕਰ ਜਿਸ ਕੇ ਮਨ ਬਸੈ ਹਉ ਤਿਨ ਕਉ ਸਦਾ ਬਲਿਹਾਰ ਹੋ॥ ਇਹੁ ਮਾਇਆ ਮਮਤਾ ਮੋਹਨੀ ਜਿਸ ਨੇ ਉਪਜਾਈ ਹੈ॥ ਤਿਸ ਹੀ ਕੋ ਸਤਿ ਜਾਨਾ॥ ਬਿਖਿਆ ਅਰੁ ਅੰਮ੍ਰਿਤ ਏਕ ਪ੍ਰਭ ਹੀ ਸਿਉ ਹੈ॥ ਇਸ ਹੀ ਕੋ ਸੁਜਾਨ ਪੁਰਖ ਬੂਝਤੇ ਹੈ॥

॥ ਤਾ ਖਖੇ ਅਖਰ ਕੀ ਪਉੜੀ ਕਹੀ॥

ਖਿਮਾ ਵਿਹੂਣੇ ਖਪਿ ਗਏ ਖੂਹਣ ਲਖ ਅਸੰਖ॥
ਗਣਤ ਨ ਆਵੈ ਕਿਉ ਗਣੀ ਖਪ ਖਪ ਮੁਏ ਬਿਸੰਖ॥
ਖਸਮ ਪਛਾਣੈ ਆਪਨਾ ਖੂਲੈ ਬੰਧ ਨਿ ਪਾਇ॥
ਸਬਦ ਮਹਲੀ ਖਰਾ ਤਾਂ ਖਿਮਾ ਸਚ ਸੁਖ ਪਾਇ॥
ਖਰਚ ਖਰਾ ਧਨੁ ਧਿਆਨ ਤੂੰ ਆਪਹਿ ਵਸਹਿ ਸਰੀਰ॥
ਮਨ ਤਨ ਮੁਖ ਜਾਪੇ ਸਦਾ ਗੁਣ ਅੰਤਰ ਮਨ ਧੀਰੁ॥
ਹਉਮੈ ਖਪੈ ਖਪਾਇਸੀ ਬੀਜਉ ਵਥੁ ਵੀਕਾਰੁ॥
ਜੰਤ ਉਪਾਇ ਵਿਚ ਪਾਇਅਨੁ ਕਰਤਾ ਅਲਗ ਅਪਾਰ॥੪੯॥

॥ ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਖਖੇ ਅਖਰ ਕਾ ਏਹੁ ਬਿਚਾਰੁ ਹੈ॥ ਏਕ ਖਿਮਾ ਵਿਹੂਣੇ ਅਸੰਖ ਛੂਹਣੀ ਦਲ ਖਪ ਗਏ ਹੈ॥ ਤਿਨ ਕੀ ਗਨਤੀ ਨਹੀ ਆਵਤੀ॥ ਵੈ ਸੰਖਿਆ ਸਿਉ ਬਾਹਰਿ ਹੈ॥ ਜੋ ਅਪਨੇ ਖਸਮ ਕੋ ਪਛਾਨੈ ਤਉ ਸਰਬ ਬੰਧਨੋ ਤੇ ਛੂਟੇ॥ ਅਰੁ ਸਬਦ ਕਾ ਅਪਨੇ ਆਪ ਸਰੀਰ ਸੋ ਲਾਭ ਹੋਇਆ ਹੈ॥ ਮਨ ਤਨ ਮੁਖ ਤੇ ਸਦਾ ਹਰਿ ਕਾ ਪ੍ਰਕਾਸ ਹੈ॥ ਅੰਤਰਗਤ ਗਿਆਨ ਕਰਿ ਮਨ ਧੀਰ ਹੈ॥ ਅਰ ਜਿਨ ਕਾ
80/ਅ ਅਵਰੁ ਬਿਕਾਰੋ ਸੋ ਚਿਤ ਲਾਗਾ ਹੈ॥ ਸੋ ਹਉਮੈ ਬਿਖੇ ਖਪਤੇ ਹੈ॥ ਆਪ ਹੀ ਜੰਤ ਉਪਾਇਆ ਮਾ/ਇਆ ਮੋਹ ਲਗਾਇ ਕਰਿ॥ ਆਪ ਸਭਨੋ ਸੇ ਅਲਪਤ ਭਇਆ॥

॥ ਤਾਂ ਫੇਰ ਸਸੇ ਅਖਰ ਕੀ ਪਉੜੀ ਕਹੀ॥

ਸ੍ਰਿਸਟੇ ਭੇਉ[1] ਨ ਜਾਣੈ ਕੋਇ॥ ਸ੍ਰਿਸਟਾ ਕਰੇ ਸੋ ਨਿਹਚਉ ਹੋਇ॥
ਸੰਪੈ ਕੋ ਈਸਰ ਧਿਆਈਐ॥ ਸੰਪੈ ਪੁਰਬਿ ਲਿਖੇ ਕੀ ਪਾਈਐ॥
ਸੰਪੈ ਕਾਰਨ ਚਾਕਰ ਚੋਰ॥ ਸੰਪੈ ਸਾਥ ਨ ਚਾਲੈ ਹੋਰ॥
ਬਿਨੁ ਸਾਚੇ ਨਹੀ ਦਰਗਹ ਮਾਨੁ॥ ਹਰਿ ਰਸੁ ਪੀਵੈ ਛੂਟੈ ਨਿਦਾਨੁ॥੫੦॥

॥ ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਸਸੇ ਅਖਰ ਕਾ ਏਹੁ ਬਿਚਾਰੁ ਹੈ॥ ਸ੍ਰਿਸਟ ਕੇ ਧਾਰਨਹਾਰੇ ਕਾ ਕੋਈ ਭੇਵ ਨਹੀ ਜਾਨਤਾ॥ ਉਸ ਕਾ ਕਿਆ ਨਿਹਚੁਉ ਹੋਤਾ ਹੈ॥ ਅਰੁ ਜਗਤ ਕੇ ਧਨ ਵਾਸਤੇ ਸਿਵ ਕੋ ਪੂਜਤੇ ਹੈ॥ ਸੋ ਧਨੁ ਪੂਰਬ ਲੇਖ ਸੋ ਪਾਈਤਾ ਹੈ॥ ਜਿਸ ਸੰਪੈ ਕਉ ਚਾਕਰੀ ਅਰੁ ਚੋਰੀ ਕਰਤੇ ਹੈ ਸੋ ਸੰਪੈ ਸਾਥਿ ਕਿਸੇ ਕੇ ਨਾਹੀ ਚਲੀ॥ ਬਿਨਾ ਸਚੇ ਕੀ ਦਰਗਾਹ ਮੈ ਮਾਨ ਨਹੀ ਹੋਤਾ॥ ਜੋ ਹਰਿ ਕੇ ਭਜਨ ਕਾ ਰਸ ਪੀਵੈ॥ ਤਉ ਨਿਹਚਉ ਕਰਿ ਛੂਟਣਾ ਹੋਇ॥

॥ ਤਾਂ ਹਾਹੇ ਅਖਰ ਕੀ ਪਉੜੀ ਕਹੀ॥

ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ॥
ਹਉ ਹਉ ਕਰਤੀ ਮੈ ਮੁਈ ਸਬਦ ਰਤੀ ਮਨ ਗਿਆਨੁ॥
ਹਾਰ ਡੋਰ ਕੰਕਣ ਘਣੇ ਕਰਿ ਥਾਕੀ ਸੀਗਾਰ॥
ਮਿਲ ਪ੍ਰੀਤਮ ਸੁਖ ਪਾਇਆ ਸਕਲ ਗੁਣਾ ਗਲ ਹਾਰੁ॥
ਨਾਨਕ ਗੁਰਮੁਖ ਪਾਈਐ ਹਰਿ ਸਿਉ ਪ੍ਰੀਤ ਪਿਆਰ॥
ਹਰਿ ਬਿਨ ਕਿਨ ਸੁਖ ਪਾਇਆ ਦੇਖੋ ਰਿਦੇ ਬੀਚਾਰ॥
ਹਰਿ ਪੜਨਾ ਹਰਿ ਬੁਝਣਾ ਹਰਿ ਸਿਉ ਰਖਹ ਪਿਆਰ॥

---
[1] ਭਾਉ (ਸ)

ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮ ਅਧਾਰ॥੫੧॥

॥ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਹਾਹੇ ਅਖਰ ਕਾ ਏਹੁ ਬਿਚਾਰੁ ਹੈ॥ਦੇਖ ਦੇਖ ਕੇ ਸਭ ਅਚਾਰ ਕਉ ਹੈਰਾਨੁ ਹੋਇ
81/ੳ ਰਹੀ ਹੈ॥ਹਉ ਹਉ ਕਰਤੀ ਅਨੇਕ ਵਾਰ ਮਰਨ ਭਇਆ॥ਗੁਰ ਕੇ ਸਬਦ/ਸਿਉ ਮਨ ਬਿਖੈ ਜਬ ਗਿਆਨ ਹੋਇਆ ਅਰੁ ਹਾਰ ਡੋਰ ਕੰਕਨ ਦੂਜੇ ਭਾਉ ਕੇ ਅਨੇਕ ਸੀਗਾਰ ਕਰ ਰਹੀ ਥੀ॥ਕਛੂ ਨ ਭਇਆ॥ਤਬ ਗੁਰ ਕੇ ਸਬਦ ਸਿਉ ਪ੍ਰੀਤਮ ਕੋ ਮਿਲੀ॥ਤਾ ਸਰਬ ਗੁਨ ਗਿਆਨੁ ਕਾ ਹਾਰ ਗਲੇ ਮੋ ਪਾਇਆ॥ਹੇ ਪੰਡਿਤ ਗੁਰ ਕੇ ਬਚਨ ਕਰਿ ਹਰਿ ਸਿਉ ਪ੍ਰੀਤ ਲਾਗਤੀ ਹੈ॥ਬਿਨਾ ਹਰਿ ਕੇ ਸੁਖ ਕਦਾਂਚਿਤ ਨਹੀ॥ਮਨ ਮੈ ਬਿਚਾਰ ਕਰਿ ਦੇਖੋ॥ਤਾ ਤੇ ਹਰਿ ਹੀ ਪਾਠ ਕਰਣਾ॥ਸਰਬ ਮੋ ਹਰਿ ਹੀ ਬੂਝਣਾ॥ਹਰਿ ਹੀ ਕੀ ਪ੍ਰੀਤਿ ਰਾਖਣੀ॥ਹਰਿ ਹੀ ਜਪਣਾਂ॥ਹਰਿ ਹੀ ਧਿਆਵਣਾ॥ਹਰਿ ਨਾਮ ਕੇ ਅਧਾਰ ਮੋ ਰਹਣਾ॥ਇਹ ਸਭ ਭਗਤ ਕੇ ਸੀਗਾਰ ਹੈ॥

॥ਤਾਂ ਲਕਾਰ ਅਖਰ ਕੀ ਪਉੜੀ ਕਹੀ॥

ਲੇਖ ਨਾ ਮਿਟਈ ਹੇ ਸਖੀ ਜੋ ਲਿਖਿਆ ਕਰਤਾਰ॥
ਆਪੇ ਕਾਰਣ ਜਿਨ ਕੀਆ ਕਰਿ ਕਿਰਪਾ ਪਗੁ ਧਾਰੁ॥
ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰ॥
ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰ॥
ਨਦਰ ਤੇਰੀ ਸੁਖ ਪਾਇਆ ਨਾਨਕ ਨਾਮ ਅਧਾਰ॥
ਮਨਮੁਖ ਭੂਲੇ ਪਚਿ ਮੁਏ ਉਬਰੇ ਗੁਰ ਬੀਚਾਰ॥
ਜਿ ਪੁਰਖ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ॥
ਬਲਿਹਾਰੀ ਗੁਰ ਆਪਣੇ ਜਿਨ ਹਿਰਦੇ ਦਿਤਾ ਦਿਖਾਇ॥੫੨॥

॥ਤਿਸ ਕਾ ਪ੍ਰਮਾਰਥੁ॥

ਹੇ ਪੰਡਿਤ ਲਕਾਰ ਅਖਰ ਕਾ ਏਹੁ ਬੀਚਾਰੁ ਹੈ॥ਲੇਖ ਜੋ ਕਰਤੇ ਨੇ ਲਿਖਿਆ ਹੈ॥ਸੋ ਮਿਟਤਾ ਨਾਹੀ॥ਆਪੇ ਕਾਰਨ ਜਿਨ ਕੀਆ ਹੈ ਸੋਈ ਕਿਰਪਾ ਕਰੇ॥ਸਭ ਵਡਿਆਈਆ ਕਰਤੇ ਕੇ ਹਾਥ ਹੈ॥ਗੁਰੁ ਕੇ ਬਚਨ ਕਰ ਬਿਚਾਰ ਸਿਉ ਬੂਝ ਪਰੈ॥ਲਿਖਿਆ ਫਿਰਤਾ ਹੈ ਨਹੀ॥ਜਿਉ ਆਗਿਆ ਤਿਉ ਹੀ ਹੋਤਾ ਹੈ॥ਤਿਸ ਕੀ ਨਜਰ ਸਿਉ ਸੁਖ ਪ੍ਰਾਪਤ ਭਇਆ॥ਅਰੁ ਗੁਰ ਕਾ ਸਬਦ ਬਿਚਾਰ
81/ਅ ਪਾਇਆ॥ਮਨਮੁਖੀ ਭੂਲ ਮੋ ਪਚਿ ਮੁਏ ਥੇ॥ਗੁਰ ਕਾ ਬਚਨ ਬਿ/ਚਾਰ ਕੈ ਉਬਰਨ ਭਇਆ॥ਜੋ ਪੁਰਖ ਦਿਸਟਿ ਮੋ ਨਹੀ ਆਵਤ ਤਿਸ ਕਾ ਬਰਨਨ ਕੈਸੇ ਹੋਇ॥ਬਲਿਹਾਰੀ ਸਤਿਗੁਰ ਕੇ ਜਿਨ ਐਸਾ ਪ੍ਰਭ ਹਿਰਦੇ ਦਿਖਾਇ ਦੀਆ ਹੈ॥

॥ਤਾਂ ਗੁਰੂ ਬਾਬੇ ਜੀ ਨੇ ਪਾਧੇ ਕੇ ਪਰਥਾਇ ਪਉੜੀ ਕਹੀ॥

ਪਾਂਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥
ਬਿਦਿਆ ਸੋਧੈ ਤਤ ਲਹੈ ਰਾਮ ਨਾਮ ਲਿਵ ਲਾਇ॥
ਮਨਮੁਖ ਬਿਦਿਆ ਬਿਕਰਦਾ ਬਿਖ ਖਟੈ ਬਿਖੁ ਖਾਇ॥
ਮੂਰਖ ਸਬਦ ਨ ਚੀਨਈ ਸੂਝ ਬੂਝ ਨਹਿ ਕਾਇ॥੫੩॥

॥ਤਿਸ ਕਾ ਪ੍ਰਮਾਰਥੁ॥

ਹੋ[1] ਪੰਡਿਤ ਵਹੀ ਪਾਧਾ ਪੜਿਆ ਕਹੀਐ ਹੈ॥ਜੋ ਸਜਿ[2] ਸੁਭਾਇ ਸੋ ਬਿਦਿਆ ਬਿਚਾਰੇ॥ਬਿਦਿਆ ਕੋ ਸੋਧ ਕਰਿ ਤਤ ਜੋ ਰਾਮ ਨਾਮ ਹੈ ਤਿਸ ਸਿਉ ਲਿਵ ਲਗਾਵੈ॥ਅਰ ਏਹੁ ਜੋ ਮਨਮੁਖੀ ਵਿਦਿਆ ਹੈ ਤਿਸ ਸੋ ਬਿਦਿਆ ਘਟਤੀ ਨਹੀ॥ਅਰੁ ਬਿਦਿਆ ਖਾਣੀ॥ਮੂਰਖ ਜੋ ਹੈ ਗੁਰ ਕਾ ਸਬਦ ਨਹੀ ਚੀਨਤੇ॥ਸੂਝ ਬੂਝ ਕੈਸੇ ਹੋਇ॥

॥ਤਾਂ ਬਾਬੇ ਜੀ ਨੇ ਦੂਸਰੀ ਪਉੜੀ ਕਹੀ॥ਪਾਧੇ ਕੇ ਪਰਥਾਇ॥

ਪਾਧਾ ਗੁਰਮੁਖ ਆਖੀਐ ਚਾਟੜਿਆ ਮਤ ਦੇਇ॥
ਨਾਮ ਸੰਮਾਲੇ ਨਾਮ ਸੰਗ੍ਰਹੇ ਲਾਹਾ ਜਗ ਮਹਿ ਲੇਇ॥
ਸਚੀ ਪਟੀ ਸਚ ਮਨ ਪੜੀਐ ਸਬਦ ਸੋ ਸਾਰੁ॥
ਨਾਨਕ ਸੋ ਪੜਿਆ ਸੋ ਪੰਡਿਤ ਬੀਨਾ ਜਿਸ ਰਾਮ ਨਾਮ ਗਲ ਹਾਰੁ ॥੫੪॥

---

[1] ਹੇ (ਅ,ੲ,ਸ)
[2] ਸਹਿਜ (ਅ,ੲ)

॥ਤਿਸ ਕਾ ਪਰਮਾਰਥੁ॥

ਹੇ ਪੰਡਿਤ ਸੋ ਪਾਧਾ ਗੁਰਮੁਖ ਆਖੀਐ ਹੈ॥ਸੋ ਚਾਟੜਿਆ ਕੋ ਐਸੀ ਮਤ ਦੇਤਾ ਹੈ॥ਅਰ ਏਹ ਉਪਦੇਸ ਦੇਇ॥ਜੋ ਹਰ ਕੋ ਸੰਭਾਲੋ॥ਅਰੁ ਨਾਮ ਹੀ ਕਾ ਸੰਗ੍ਰਹ ਕਰੋ॥ਜਗ ਮਹਿ ਪੂਰਨ ਲਾਹਾ ਲੇਵਹੁ॥੧॥ਹੇ ਪੰਡਿਤ ਸਚੀ ਪਟੀ ਜੋ ਸੁਧ ਮਨ ਹੈ॥ਤਿਸ ਪਰ ਸਬਦ ਸਾਰ ਜੋ ਸਬਦ ਅਨਾਹਦ
82/ੳ ਹੈ॥ਸੋ ਲਿਖਾਏ ਪੜਾਏ ਸੋ ਪੰਡਿਤ ਹੈ॥ਸੋਈ ਪੜਿਆ ਹੈ॥ਜਿਸ/ਕੇ ਰਾਮ ਨਾਮ ਗਲਿ ਮੋ ਹਾਰਿ ਹੈ॥ਜਬ ਇਹ ਅਖਰੋ ਕਾ ਬਿਚਾਰ ਸ੍ਰੀ ਗੁਰੂ ਬਾਬੇ ਜੀ ਕੇ ਮੁਖਾਰਬਿੰਦ ਸੋ ਪੰਡਿਤ ਨੇ ਸ੍ਰਵਨ ਕੀਆ॥ਤਬ ਗਦ ਗਦ ਹੋਇ ਕੈ ਬਹੁਤ ਪ੍ਰਸੰਨ ਭਏ॥ਅਰ ਚਰਨੋ ਪਰ ਗਿੜ ਪਏ॥ਅਰੁ ਬੇਨਤੀ ਲਗੇ ਕਰਣੇ ਤੁਮਾਰੇ ਦਰਸਨ ਕਾ ਸਦਕਾ ਕਿਰਤਾਰਥ ਭਏ ਹੈ॥ਅਬ ਹਮਾਰੇ ਪਰ ਕਿਰਪਾ ਕਰਕੇ ਭਗਤ ਦਾਨ ਕਰੋ॥ਤਬ ਬਾਬਾ ਜੀ ਦਇਆਲ ਭਏ॥ਭਗਤ ਦਾਨ ਕੀਆ॥ਅਰ ਕਿਰਤਾਰਥ ਭਏ॥ਅਰੁ ਭਜਨ ਲਾਗੇ ਕਰਨ॥ਤਬ ਗੁਰੂ ਬਾਬਾ ਨਾਨਕ ਜੀ ਬ੍ਰਹਮਣਾ ਸੋ ਬਿਦਾ ਭਏ॥

॥ਸਾਖੀ ਪੂਰਨ ਭਈ॥ਓਅੰਕਾਰ ਦੇਸ ਕੀ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੧॥

॥ੴ ਸਤਿਗੁਰ ਪ੍ਰਸਾਦਿ॥[1]

[ਸਾਖੀ ਕਦਲੀ ਬਨ ਤ੍ਰਿਯਾ ਰਾਜ ਸਿਧਾਂ ਨਾਲ ਚਰਚਾ][2]

॥ਸੋਰਠਾ॥

ਰਮਤੇ ਸਹਜ ਸੁਭਾਇ ਤ੍ਰਿਯਾ ਰਾਜ ਸਤਿਗੁਰ ਗਏ॥
ਕਦਲੀ ਬਨ ਮੋ ਜਾਇ ਸਿਧ ਸਭਾ ਗੋਸਟ[3] ਕਰੀ॥੧॥

॥ਚੌਪਈ॥

ਤਹਾ ਮਿਲੇ ਸ੍ਰੀ ਗੋਰਖ ਨਾਥ॥ਗੋਪੀ ਚੰਦ ਭਰਥਰ ਹੈ ਸਾਥ॥
ਚਰਪਟ ਚੰਬਾ ਨਾਥ ਮਛੰਦ੍ਰ॥ਚਉਰਾਸੀ ਸਿਧ ਮਹਾ ਜੋਗਿੰਦ੍ਰ॥
ਸਭ ਧਿਨ[4] ਤਹਾ ਮੇਲਾ ਕੀਓ॥ਮੇਲੇ ਮੈ ਬਾਬਾ ਜੀ ਗਇਓ॥
ਦੇਖ ਸਗਲ ਅਨੰਦ ਬਧਾਏ॥ਭਲਾ ਭਇਆ ਬਾਲਾ ਜੀ ਆਏ॥੩॥

॥ਦੋਹਰਾ॥

॥ਗੋਰਖ ਵਾਚ॥ਸਿਧਨ ਪ੍ਰਤ॥

ਗੋਰਖ ਜੀ ਤਾ ਸਿਓ ਕਹਿਓ ਤੁਮ ਇਨ ਕੋ ਸਿਧ ਦਿਖਾਇ॥
ਕਾਨ ਛੇਦ ਜੋਗੀ ਕਰਉ ਲੇਵਉ ਪੰਥ ਮਿਲਾਇ॥੪॥

॥ਅੜਲ॥

ਸਕਤ ਕਰੇ ਸਭ ਪ੍ਰਗਟ ਚਲਿਤ੍ਰ ਦਿਖਾਵਹੀ॥
82/ਅ ਮਹਾ ਭਇਆਨਕ ਰੂਪ ਧਾ/ਰਿ ਤਹਾ ਆਵਹੀ॥
ਪਰਬਤ ਅਧਰ ਟਿਕਾਇ ਆਂਗਨ ਬਰਖਾ ਕਰੇ॥
ਹੋ ਬਾਲਾ ਭੈ ਮਨ ਧਾਰ ਸਰਨ ਹਮਰੈ ਪਰੈ॥੫॥
ਬਹੁ ਚੇਟਕ ਨਾਟਕ ਮੰਤ੍ਰ ਜੰਤ੍ਰ ਸਗਲੇ ਕਰੇ॥
ਹੋਇ ਪਵਨ ਉਡਹਿ ਨ ਭਜਾਇ ਦੇਹਿ ਦੀਰਘ ਧਰੇ॥
ਫੁਨ ਕਰੇ ਸਬਦ ਅਤ ਘੋਰ ਪਾਥਰ ਬਰਖਾ ਕਰੇ॥
ਤਹਾ ਇਸਥਿਰ ਪਰਮਾਨੰਦ ਗੁਰੁ ਨਹੀ ਭੈ ਧਰੇ॥੬॥

ਜਬ ਏਤੀ ਕਰਾਮਾਤ ਸਿਧੋ ਅਪਨੀ ਕਰਿ ਰਹੇ॥ਤਬ ਗੋਰਖ ਜੀ ਨੇ ਕਹਿਓ ਜੋ ਤੁਮ ਨਾਨਕ ਜੀ ਕੋ ਜਾਇ ਕਰਿ ਦੇਖੋ ਜੋ ਅਪਨੇ ਸਮਾਧ ਬਿਖੈ ਅਸਥਿਤ ਬੈਠੇ ਹੈ॥

॥ਦੋਹਰਾ॥

॥ਗੋਰਖ ਵਾਚ॥[5]

ਤਬ ਗੋਰਖ ਤਾ ਸਿਉ ਕਹਿਓ ਅਬ ਦੇਖੋ ਬਾਲੇ ਜਾਇ॥
ਏਹ ਸਕਤ ਦੇਖੇ ਨਹੀ ਬੇਖ ਲੇ ਕਰ ਚਰਚਾ ਜੀਤੋ ਤਾਹਿ॥੭॥

॥ਚੌਪਈ॥

ਪੁਨ ਸਗਲ ਸਿਧ ਬਾਬੇ ਪੈ ਗਏ॥ਦੇਖ ਲੀਲਾ ਮਨ ਬਿਸਮੋ ਭਏ॥
ਸ੍ਰੀ ਮੁਖ ਸਬਦ ਮਰਦਾਨਾ ਗਾਵੈ॥ਸੁੰਦਰ ਧੁਨੀ ਰਬਾਬੁ ਬਜਾਵੈ॥੮॥
ਤਬ ਦਿਆਲ ਦੇਖਾ ਤਿਹ ਓਰ॥ਖੇਚ ਸਿਧ ਲੀਨੀ ਭਈ ਖੋਰ॥
ਪੁਨ ਕਛੁ ਸਕਤ ਤਿਨ ਕੀ ਨਹੀ ਚਲੇ॥ਹੋਇ ਅਸਕਤ ਸਨਮੁਖ ਰਹੇ ਖਲੇ॥੯॥
ਪੁਨਿ ਹੋਇ ਇਕਤ੍ਰ ਨਾਥ ਪੈ ਗਏ॥ਸਭ ਗਈ ਸਿਧ ਪ੍ਰਭ ਏਹੁ ਕਿਆ ਭਏ॥
ਗਤ[6] ਸਮਝ ਨਾਥ ਤਿਨ ਕਹਿਓ ਸੁਨਾਇ॥ਯਹ ਪਰਮ ਪੁਰਖੁ ਨਿਜ ਬਪੁ ਧਰ ਆਇ॥੧੦॥
ਕਰ ਸਾਧ ਸਮਾਗਮ ਚਰਚਾ ਕੀਜੈ॥ਸੁਨਿ ਹਰਿ ਚਰਚਾ ਨਿਜ ਮਨ ਭੀਜੈ॥
ਕਰਿ ਗਿਆਨ ਗੋਸਟ ਤਬ ਹੋਇ ਦਿਆਲ॥ਫਿਰਿ ਦੇਹ ਸਿਧ ਵਹੁ ਪਰਮ ਬਿਸਾਲੁ॥੧੧॥

---

[1] '੧ਓ ਸਤਿਗੁਰ ਪ੍ਰਸਾਦਿ॥' ਮੰਗਲਾਚਰਨ ਸਾਖੀ ਸਿਰਲੇਖ ਤੋਂ ਬਾਅਦ ਵਿਚ ਹੈ (ਸ)
[2] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[3] ਉਸਤਤ (ੲ)
[4] ਸਿਧਨ (ਅ,ੲ,ਸ)
[5] '॥ਗੋਰਖ ਵਾਚ॥' ਸਿਰਲੇਖ '॥ਦੋਹਰਾ॥' ਸਿਰਲੇਖ ਤੋਂ ਪਹਿਲਾਂ ਹੈ (ਅ,ਸ), ਇੱਥੇ 'ਗੋਰਖ ਵਾਚ' ਸਿਰਲੇਖ ਨਹੀਂ ਹੈ (ੲ)
[6] 'ਗਤ' ਦੀ ਜਗ੍ਹਾ 'ਬਾਤ' ਹੈ (ਅ,ੲ,ਸ)

॥ਸੋਰਠਾ॥

ਗੋਰਖ ਬਚਨ ਮਨ ਧਾਰ ਸਗਲ ਸਿਧ ਪ੍ਰਭ ਪੈ ਗਏ॥
ਬੈਠੇ ਸਭਾ ਸੁਧਾਰ ਕਰ ਜੋਰੇ ਬਿਨਤੀ ਕਰੈ॥੧੨॥

ਤਬ ਸ੍ਰੀ ਗੋਰਖ ਨਾਥ ਜੀ ਸਭ ਸਮਾਗਮੁ ਗੁਰੂ ਬਾਬੇ ਜੀ ਕੇ ਆਏ॥ਤਬ ਬਹੁਤ ਕਾਲ ਸਿਉ
83/ੳ ਸਭ ਸਿਧੋ ਕੇ ਮਨ ਮੋ ਸਿ/ਧ ਸਕਤ ਕਾ ਅਹੰਮੇਵ ਭਰ ਰਹਿਆ ਥਾ॥ਤਬ ਨਾਥ ਅੰਤਰਜਾਮੀ ਨੇ ਜਾਨਾ ਕਿ ਏਹੁ ਜੋਗ ਮੋ ਲੀਨ ਭਏ ਹੈ॥ਇਨ ਕੋ ਇਸ ਅਵਿਦਿਆ ਤੇ ਛੁਡਾਇਆ ਚਾਹੀਏ॥ਤਾਤਕਾਲ ਹੀ ਸਤਿਗੁਰ ਦਿਆਲ ਮੇਲੇ ਮੋ ਊਹਾ ਆਇ ਪ੍ਰਾਪਤ ਭਏ॥ਤਬ ਗੋਰਖ ਜੀ ਪ੍ਰਸੰਨ ਭਏ॥ਅਰ ਮਨ ਮੋ ਬਿਚਾਰਾ॥ਜੋ ਨਾਨਕ ਬਾਲਾ ਸਿਉ ਇਨ ਕੋ ਲਗਾਵਉ॥ਤਬ ਬਹੁਤ ਭਲਾ ਹੋਵੈ ਇਨ ਕਾ ਅਭਿਮਾਨ ਦੂਰ ਹੋਵੈ॥ਪਰਮ ਪੁਰਖ ਹੈ ਇਨਕੀ ਸਕਤ ਅਹੰਮੇਵ ਖੰਡਨ ਕਰਿ ਕੇ ਗਿਆਨ ਕਾ ਉਚਾਰਨ ਕਰੈਗੇ॥ਤਾ ਸਭ ਕਾ ਕਲਿਆਨ ਹੋਵੈਗਾ॥ਅਰਥ ਸੰਬਾਦ ਭਇਆ॥ਤਾਂ ਸਰਬ ਸਿਧ ਬਾਬੇ ਜੀ ਕੇ ਸਨਮੁਖਿ ਆਸਨ ਧਾਰ ਕੇ ਅਸਥਿਤ ਹੋਏ॥ਗੁਰੂ ਬਾਬੇ ਜੀ ਕੀ ਉਸਤਤਿ ਕਰਨੇ ਲਗੇ॥ਹੇ ਨਾਨਕ ਜੀ ਤੁਮ ਧੰਨ ਹੋ॥ਕਲਜੁਗ ਬਿਖੇ ਪੂਰਨ ਭਗਤ ਪਰਮੇਸਰ ਕੇ ਲੋਕ ਹੋ ਤੁਮ ਕੋ ਸਦਾ ਅਦੇਸ ਹੈ॥ਸ੍ਰੀ ਨਾਥ ਜੀ ਨੇ ਬਡੀ ਮਹਿਮਾ ਸਤਿਗੁਰ ਕੀ ਕਰੀ॥ਅਰੁ ਗੋਰਖ ਜੀ ਨੇ ਕਹਿਆ ਹੇ ਨਾਨਕ ਜੀ ਕਛੂ ਹਰਿ ਚਰਚਾ ਆਤਮ ਬਿਲਾਸ ਤੁਮਾਰੇ ਮੁਖਾਰਬਿੰਦ ਸੋ ਸੁਨਿਆ ਚਾਹਿਤੇ ਹੈ॥ਗੁਰੂ ਬਾਬਾ ਜੀ ਬਹੁਤ ਪ੍ਰਸੰਨ ਭਏ॥੧॥

॥੧ੴ ਸਤਿਗੁਰ ਪ੍ਰਸਾਦਿ॥

॥ਰਾਗ ਰਾਮਕਲੀ ਮਹਲਾ ੧॥

॥ਸਿਧ ਗੋਸਟ ਉਚਾਰ ਕੀਆ ਪ੍ਰਮਾਰਥ ਸਮੇਤ[1]॥

॥ਪਉੜੀ॥

ਸਿਧ ਸਭਾ ਕਰਿ ਆਸਣ ਬੈਠੇ ਸੰਤ ਸਭਾ ਜੈਕਾਰੋ॥
ਤਿਸ ਆਗੈ ਰਹਰਾਸਿ ਹਮਾਰੀ ਸਾਚੋ ਅਪਰ ਅਪਾਰੋ॥
ਮਸਤਕ ਕਾਟਿ ਧਰੀ ਤਿਸ ਆਗੈ ਤਨ ਮਨ ਆਗੇ ਦੇਉ॥
ਨਾਨਕ ਸੰਤ ਮਿਲੈ ਸਚੁ ਪਾਈਐ ਸਹਜ ਭਾਇ ਜਸ ਲੇਉ॥੧॥
ਕਿਆ ਭਵੀਐ ਸਚ ਸੂਚਾ ਹੋਇ॥ਸਾਚ ਸਬਦ ਬਿਨ ਮੁਕਤਿ ਨ ਕੋਇ॥

83/ਅ ॥ਤਿਸ/ਕਾ ਪ੍ਰਮਾਰਥੁ॥

ਹੇ ਗੋਰਖ ਜੀ ਸਿਧ ਸਭੀ ਆਨ ਕੇ ਇਸਥਿਤ ਭਏ ਹੈ॥ਅਰੁ ਹਮ ਸੰਤ ਸਭਾ ਕੋ ਜੈਕਾਰ ਕਰਤੇ ਹੈ॥ਸੋ ਸੁਨੀਐ॥ਹੇ ਸੰਤੋ ਹਮ ਤਿਸ ਕੇ ਆਗੇ ਜੈਕਾਰ ਕਰਤੇ ਹੈ ਸੋ ਸੁਨੀਐ॥ਜੋ ਸਚੇ ਪੁਰਖ ਹੈ ਅਰੁ ਅਪਰ ਅਪਾਰ ਪੁਰਸ ਹੈ॥ਮਸਤਕ ਕਾਟਿ ਕੇ ਤਿਨ ਕੇ ਆਗੇ ਰਾਖੋ॥ਅਰੁ ਤਨੁ ਮਨੁ ਅਰਪਨੁ ਕਰੋ॥ਤਾਂ ਬਾਬੇ ਜੀ ਕਹਿਆ॥ਹੇ ਨਾਥ ਜੀ ਸੰਤ ਕੇ ਮਿਲੇ ਸਚ ਪ੍ਰਾਪਤ ਹੋਇ॥ਸਦਾ ਹੀ ਗੋਬਿੰਦ ਕੇ ਭਜਨ ਮੋ ਲੀਨ ਹੋਵਉ॥ਹੇ ਨਾਥ ਜੀ ਸਭ ਧਰਤੀ ਫਿਰਤੀ ਫਿਰਨੇ ਸਿਉ ਸਚ ਨਹੀ ਮਿਲਤਾ॥ਅਰੁ ਸੂਚਾ ਨਹੀ ਹੋਤਾ॥ਬਿਨਾ ਸਾਚੇ ਸਬਦ ਸਤਿਗੁਰ ਕੇ ਮੁਕਤਿ ਨਾਹੀ ਪ੍ਰਾਪਤਿ ਹੋਤੀ॥

॥ਪ੍ਰਸਨ ਗੋਰਖ ਨਾਥ ਜੀ॥

ਕਵਨ ਤੁਮੇ ਕਿਆ ਨਾਮੁ ਤੁਮਾਰਾ ਕਉਨੁ ਮਾਰਗੁ ਕਉਨ ਸੁਆਉ॥
ਸਾਚੁ ਕਹੁ ਅਰਦਾਸ ਹਮਾਰੀ ਹਉ ਸੰਤ ਜਨਾ ਬਲਿ ਜਾਉ॥
ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਉ ਕਹਿ ਜਾਵਉ॥
ਨਾਨਕ ਬੋਲੈ ਸੁਨ ਬੈਰਾਗੀ ਕਹਾ ਤੁਮਾਰਾ ਨਾਉ॥੨॥

॥ਤਿਸ ਕਾ ਪ੍ਰਮਾਰਥੁ॥

ਹੇ ਪੁਰਖ ਜੀ ਤੁਮ ਕਉਨ ਹੋ ਅਰੁ ਤੁਮਾਰਾ ਨਾਉ ਕਿਆ ਹੈ॥ਪ੍ਰਮਾਰਥ ਅਰਥ ਤੁਮਾਰਾ ਕਉਨ ਹੈ॥ਸਤਿ ਬਾਤ ਉਚਾਰ ਕਰੋ ਹਮਾਰੀ ਅਰਦਾਸ ਹੈ॥ਹਮ ਸੰਤ ਕੈ ਬਲਿਹਾਰੈ ਜਾਉ॥ਕਹਾਂ ਬੈਠਤੇ ਹੋ॥ਕਹਾਂ ਸਿਉ ਆਵਤੇ ਅਰੁਕਹਾ ਜਾਵਉਗੇ॥ਹੇ ਬਾਲਾ ਜੀ ਪਰਮ ਬੈਰਾਗੀ ਤੁਮਾਰਾ ਕਵਨ ਪੰਥ ਹੈ॥

॥ਤਿਸ ਕਾ ਉਤ੍ਰ ਸਤਿਗੁਰ ਵਾਕ[2]॥

ਘਟਿ ਘਟਿ ਬੈਸ ਨਿਰੰਤਰ ਰਹੀਐ ਚਾਲਹਿ ਸਤਿਗੁਰ ਭਾਏ॥

[1] ਸੰਜੁਕਤ (ਅ)
[2] ਵਾਚ (ਅ,ੲ,ਸ)

ਸਹਜੇ ਆਏ ਹੁਕਮ ਸਿਧਾਏ ਨਾਨਕ ਸਦਾ ਰਜਾਏ॥
ਆਸਣ ਬੈਸਣ ਥਿਰ ਨਾਰਾਇਣ ਐਸੀ ਗੁਰਮਤਿ ਪਾਏ॥
ਗੁਰਮੁਖ ਬੂਝੈ ਆਪ ਪਛਾਣੈ ਸਾਚੈ ਸਾਚ ਸਮਾਇ॥੩॥

॥ਤਿਸ ਕਾ ਪ੍ਰਮਾਰਥੁ॥

॥ਗੁਰ ਨਾਨਕ ਵਾਚ॥

84/ੳ ਹੇ ਗੋਰਖ ਨਾਥ ਜੀ ਘਟ ਮੋ ਹਮਾ/ਰਾ ਬੈਠਨਾ ਹੈ॥ਅਰ ਸਰਬ ਨਿਰੰਤਰੁ ਰਹਤੇ ਹੈ॥ਗੁਰ ਕੇ ਭਾਇ ਮੋ ਚਲਤੇ ਹੈ॥ਸਹਜ ਸਿਉ ਆਵਨਾ ਅਰੁ ਆਗਿਆ ਸਿਉ ਜਾਵਨਾ ਏਹੁ ਸਦਾ ਰਜਾਇ ਮੋ ਹੈ॥ਹੇ ਨਾਥ ਜੀ ਆਸਣ ਬੈਸਣ ਥਿਰ ਜੋ ਹੈ ਸੋ ਸਤ ਪਦ ਹੈ॥ਐਸੀ ਗੁਰਮਤਿ ਪਾਏ॥ਗੁਰ ਪਰਸਾਦਿ ਸਿਉ ਬੂਝ ਅਪਨੇ ਆਪ ਕੋ ਪਛਾਨੈ॥ਤਬ ਸਚ ਹੋਇ ਕਰ ਸਚ ਮੋ ਸਮਾਵੈ॥

॥ਪ੍ਰਸਨ ਚਰਪਟ ਨਾਥ॥[1]

ਦੁਨੀਆ ਸਾਗਰ ਦੁਤਰ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥
ਆਪੇ ਆਖੈ ਆਪੇ ਸਮਝੈ ਤਿਸ ਕਿਆ ਉਤਰ ਦੀਜੈ॥
ਸਾਚ ਕਹੋ ਤੁਮ ਪਾਰ ਗਿਰਾਮੀ ਤੁਝ ਕਿਆ ਬੈਸਣਿ ਦੀਜੈ॥੪॥

॥ਤਿਸ ਕਾ ਪ੍ਰਮਾਰਥੁ॥

॥ਚਰਪਟ ਵਾਚ॥

ਹੇ ਨਾਨਕ ਜੀ ਸੰਸਾਰ ਸਾਗਰ ਮਹਾ ਦੁਤਰ ਹੈ॥ਕਵਨ ਜੁਗਤ ਸੋ ਪਾਰ ਹੋਈਐ॥ਹੇ ਪਰਮ ਅਉਧੂਤ ਇਸ ਬਾਰ ਤਾ ਕਾ ਸਤ ਬਿਚਾਰ ਕਰੋ॥ਤਿਸ ਕਾ ਉਤਰ ਸ੍ਰੀ ਮੁਖਵਾਕ ਕਹਾ॥ਸੁਣਹੋ ਚਰਪਟ ਜੋ ਆਪੇ ਆਖੈ ਅਰੁ ਆਪ ਹੀ ਸਮਝੈ ਤਿਸ ਕਉ ਕਵਨ ਉਤ੍ਰ ਦੀਜੀਐ॥ਤੁਮ ਸਤਿ ਕਹਤੇ ਹੋ॥ਅਰ ਪਾਰ ਗਰਾਮੀ ਤੁਮ ਹੋ॥ਕਵਨ ਪਦ ਇਸਥਿਤ ਕਰੇ॥੪॥

॥ਤਿਸ ਕਾ ਉਤ੍ਰ ਸ੍ਰੀ ਮੁਖਵਾਕ॥[2]

ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੀਸਾਣੈ॥
ਸੁਰਤ ਸਬਦ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੈ॥
ਰਹਿਹ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
ਅਗਮ ਅਗੋਚਰ ਦੇਖਿ ਦਿਖਾਏ ਨਾਨਕ ਤਾ ਕਾ ਦਾਸੋ॥੫॥

॥ਤਿਸ ਕਾ ਪ੍ਰਮਾਰਥੁ॥

ਹੇ ਚਰਪਟ ਜੀ ਜੈਸੇ ਜਲ ਮਹਿ ਕਮਲ ਨਿਰਾਲੇਪ ਰਹਿਤਾ ਹੈ॥ਅਰੁ ਮੁਰਗਾਈ ਪੰਖ ਨਹੀ
84/ਅ ਭੀਗਤੇ॥ਸੁਰਤ ਸਬਦ ਕਰਿ ਭਵ ਰੂਪੀ ਸਾਗਰ ਕੋ ਤਰੈ॥ਮੈ ਇਸ ਪ੍ਰਕਾਰ ਨਾਮ ਕਾ ਬਖਾਨ ਕਰ/ਤਾ
ਹੋ॥ਇਸ ਪ੍ਰਕਾਰ ਸੌ ਇਕੰਤ ਰਹੋ॥ਜਾ ਕਰਿ ਨਿਰੰਜਨ ਕੋ ਮਨ ਬਿਖੈ ਧਾਰ ਕੇ ਆਸਾ ਤ ਨਿਰਾਸ ਹੋਵੈ॥ਅਰੁ ਅਗਮ ਅਗੋਚਰ ਵਸਤੁ ਕਉ ਦੇਖੈ ਅਵਰ ਕੋ ਦਿਖਾਵੈ॥ਮੈ ਤਾ ਕਾ ਦਾਸ ਹੋ॥

॥ਚਰਪਟ ਪ੍ਰਸਨ॥[3]

ਸੁਨ ਸੁਆਮੀ ਅਰਦਾਸ ਹਮਾਰੀ ਪੂਛੋ ਸਾਚ ਬਿਚਾਰੋ॥
ਰੋਸ ਨ ਕੀਜੈ ਉਤਰ ਦੀਜੈ ਕਿਆ ਪਾਈਐ ਗੁਰ ਦੁਆਰੋ॥
ਏਹੁ ਮਨੁ ਚਲਤੋ ਸਚੁ ਘਰ ਬੈਸੈ ਨਾਨਕ ਨਾਮ ਅਧਾਰੋ॥

॥ਤਿਸ ਕਾ ਪ੍ਰਮਾਰਥੁ॥

ਆਪੇ ਮੇਲ ਮਿਲਾਏ ਕਰਤਾ ਲਾਗੈ ਸਚਿ ਪਿਆਰੋ॥੬॥[4]

ਹੇ ਸ੍ਵਾਮੀ ਜੀ ਹਮ ਅਰਦਾਸ ਕਰਕੇ ਸਚ ਬਿਚਾਰ ਪੂਛਤੇ ਹੈ॥ਰੋਸ ਤੇ ਰਹਤ ਹੋਇ ਕਰਿ ਉਤ੍ਰ ਦੀਜੀਐ॥ਕਵਨ ਬਿਧ ਕਰਿ ਕੇ ਗੁਰ ਕਾ ਦੁਆਰ ਪ੍ਰਾਪਤ ਹੋਇ॥

---

[1] ਇੱਥੇ ਸਿਰਲੇਖ '॥ਪ੍ਰਸਨ ਚਰਪਟ ਨਾਥ॥ਪਉੜੀ॥' ਹੈ (ਸ)

[2] ਇੱਥੇ ਸਿਰਲੇਖ '॥ਤਿਸ ਕਾ ਉਤ੍ਰ ਸ੍ਰੀ ਮੁਖਵਾਕ॥ਪਉੜੀ॥' ਹੈ (ਸ)

[3] ਇੱਥੇ ਸਿਰਲੇਖ '॥ਚਰਪਟ ਪ੍ਰਸਨ॥ਪਉੜੀ॥' ਹੈ (ਸ)

[4] ਇੱਥੇ 'ਏਹੁ ਮਨੁ ਚਲਤੋ ਸਚੁ ਘਰ ਬੈਸੈ ਨਾਨਕ ਨਾਮ ਅਧਾਰੋ॥' ਵਾਲੀ ਪੰਕਤੀ '॥ਤਿਸ ਕਾ ਪ੍ਰਮਾਰਥ॥' ਤੋਂ ਪਹਿਲਾਂ ਹੈ (ਅ,ੲ,ਸ)

॥ਉਤ੍ਰ ਗੁਰ ਬਚਨ॥

ਹੇ ਚਰਪਟ ਜੀ ਇਹੁ ਮਨੁ ਚੰਚਲ ਜਬ ਸਤ ਪਦ ਮੋ ਅਸਥਿਤ ਹੋਇ॥ਤਬ ਨਾਮ ਕਾ ਅਧਾਰੁ ਭਇਆ ਆਪ ਹੀ ਕਰਤਾ ਸਤ ਸੰਗਤ ਮੇਲ ਮਿਲਾਵੈ॥ਤਬ ਸਾਂਚ ਪਦ ਮੋ ਪ੍ਰੀਤ ਉਪਜੈ॥ਤਬ ਲੋਹਾਰੀਪੇ ਸਿਧ ਨੇ ਜੁਗਤ ਨਿਰੂਪਨ ਕਰੀ॥

[1]ਹਾਟੀ ਬਾਟੀ ਰਹਹਿ ਨਿਰਾਲਮ ਰੂਖ ਬਿਰਖ ਉਦਿਆਨੇ॥
ਕੰਦ ਮੂਲ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥
ਤੀਰਥ ਨਾਈਐ ਸੁਖ ਫਲੁ ਪਾਈਐ ਮੈਲੁ ਨ ਲਾਗੈ ਕਾਈ॥
ਗੋਰਖ ਪੂਤ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧ ਸਾਈ॥੭॥

॥ਤਿਸ ਕਾ ਪਰਮਾਰਥੁ॥

॥ਲੁਹਾਰੀਪਾ ਬਾਚ॥

ਹੇ ਨਾਨਕ ਜੀ ਹਾਟੀ ਬਾਟੀ ਸੋ ਨਿਰਾਲਮੁ ਹੋਵੈ॥ਅਰ ਰੂਪ ਬਿਰਖ ਉਦਿਆਨੇ॥ਕੰਦ ਮੂਲ ਕਾ ਅਹਾਰ ਕਰੇ॥ਏਹ ਅਵਧੂਤੋ ਕਾ ਗਿਆਨ ਹੈ॥ਸਬ ਤੀਰਥੋ ਕਾ ਇਸਨਾਨ ਕਰੇ ਤਾ ਤੇ ਮੈਲ ਪਾਪ ਕੀ ਅਰੁ ਕਾਈ ਜਗਤ ਕੀ ਨ ਲਾਗੈ॥ਗੋਰਖ ਪੂਤ ਲੋਹਾਰੀਪੇ ਨੇ ਏਤੀ ਜੁਗਤ ਜੋਗ ਕੀ ਕਹੀ॥

85/ੳ **॥ਉਤ੍ਰ ਸ੍ਰੀ/ਮੁਖਵਾਕ॥**[2]

ਹਾਟੀ ਬਾਟੀ ਨੀਦ ਨ ਆਵੈ ਪਰ ਘਰ ਚਿਤ ਨ ਡੋਲਾਈ॥
ਬਿਨ ਨਾਵੈ ਮਨ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥
ਹਾਟ ਪਟਣਿ ਘਰ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ॥
ਖੰਡਿਤ ਨਿੰਦ੍ਰਾ ਅਲਪ ਅਹਾਰੰ ਨਾਨਕ ਤਤ ਬੀਚਾਰੋ॥੮॥

॥ਤਿਸ ਕਾ ਪ੍ਰਮਾਰਥੁ॥

॥ਬਚਨ ਬਾਬੇ ਜੀ ਕਾ॥

ਹੇ ਜੋਗੀ ਹਾਟੀ ਬਾਟੀ ਮੋ ਨਿੰਦ੍ਰਾ ਨ ਆਵੈ॥ਇਸ ਅਪਨੇ ਗ੍ਰਿਹਿ ਸਿਉ ਪਰਰ ਘਰ ਡੋਲੈ॥ਏਕ ਨਾਮ ਕੀ ਟੇਕ ਮਨ ਕੋ ਟਿਕਾਵੈ॥ਅਵਰ ਏਕ ਮੋ ਤ੍ਰਿਸਨਾ ਨਹੀ ਜਾਤੀ॥ਅਰੁ ਜਿਨ ਕੋ ਹਾਟ ਪਟਣ ਘਰ ਹੀ ਮੋ ਗੁਰੂ ਦਿਖਾਇਆ ਹੈ॥ਸਦਾ ਹੀ ਸਚੁ ਵਾਪਾਰ ਕਰਤੇ ਹੈ॥ਅਰੁ ਖੰਡਤ ਨਿੰਦ੍ਰਾ ਅਲਪ ਅਹਾਰੁ ਹੈ॥ਅਬ ਗੁਰੂ ਜੀ ਉਪਦੇਸ ਕਹੇ ਹੈ॥

ਦਰਸਨ ਭੇਖ ਕਰੋ ਜੋਗਿੰਦ੍ਰਾ[3] ਝੋਲੀ ਝਿੰਥਾ॥
ਬਾਹਰ ਅੰਤਰ ਏਕ ਸਰੇਵਉ ਖਟ ਦਰਸਨ ਇਕ ਪੰਥਾ॥
ਇਨ ਬਿਧ ਮਨ ਸਮਝਾਈ ਪੁਰਖਾ ਬਹੁੜ ਚੋਟ ਨ ਖਾਈਐ॥
ਨਾਨਕ ਬੋਲੈ ਗੁਰਮੁਖ ਬੂਝੈ ਜੋਗ ਜੁਗਤ ਇਵ ਪਾਈਐ॥੯॥

॥ਤਿਸ ਕਾ ਪ੍ਰਮਾਰਥੁ॥

॥ਬਚਨ ਗੁਰੂ ਕੈ॥

ਹੇ ਜੋਗੀ ਤੁਮੇ ਜੋ ਦਰਸਨ ਭੇਖ ਧਾਰਾ ਹੈ॥ਕਵਨ ਭੇਖ॥ਮੁੰਦ੍ਰਾ॥ਅਰੁ ਝੋਲੀ॥ਖਿੰਥਾ ਡੰਡਾ॥ਇਨ ਤੇ ਆਦਿ ਲੇ ਕਰਿ ਹੇ ਗੋਬਿੰਦ ਲੋਕ ਜੋਗੀ॥ਤਾ ਤੇ ਬਾਰਹ ਪੰਥ ਜੋਗੀ ਕੇ॥ਅਰੁ ਛੈ ਦਰਸਨ ਕੋ ਏਕ ਸਰੂਪ ਜਾਨ ਕੈ ਏਕ ਪੰਥ ਨਾਰਾਇਣ ਹੀ ਕਾ ਹੈ॥ਇਸ ਬਿਧ ਮਨ ਕੋ ਸਮਝਾਈਐ॥ਹੇ ਪੁਰਖਾ ਫੇਰਿ ਚੋਟਿ ਦ੍ਵੈਤ ਕੀ ਨ ਲਾਗੈ॥ਇਸ ਹਮਾਰੈ ਬਚਨ ਕੋ ਬੂਝੈਗਾ ਤਿਸ ਕੋ ਪ੍ਰਾਪਤ ਹੋਇ॥

॥ਪੁਨ ਉਪਦੇਸੁ॥[4]

ਅੰਤਰ ਸਬਦ ਨਿਰੰਤਰ ਮੁੰਦ੍ਰਾ ਹਉਮੈ ਮਮਤਾ ਦੂਰ ਕਰੀ॥
ਕਾਮ ਕ੍ਰੋਧ ਅਹੰਕਾਰ ਨਿਵਾਰੇ ਗੁਰ ਕੇ ਸਬਦ ਸੋ ਸਮਝ ਪਰੀ॥
85/ਅ /ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੇ ਏਕੁ ਹਰੀ॥
ਸਾਚਾ ਸਾਹਿਬ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥੧੦॥

---

[1] ਇੱਥੇ ਸਿਰਲੇਖ '॥ਪਉੜੀ॥' ਹੈ (ੳ,ਅ,ੲ)
[2] ਇੱਥੇ ਸਿਰਲੇਖ '॥ਉਤ੍ਰ ਸ੍ਰੀ/ਮੁਖਵਾਕ॥ਪਉੜੀ॥' ਹੈ (ਸ)
[3] ਜੋਗਿੰਦ੍ਰ ਮੈ (ਅ), ਜੋਗਿੰਦ੍ਰਾ ਡੰਡਾ (ੲ,ਸ)
[4] ਇੱਥੇ ਸਿਰਲੇਖ 'ਪੁਨ ਉਪਦੇਸੁ॥ਪਉੜੀ॥' (ਸ)

॥ ਤਿਸ ਕਾ ਪ੍ਰਮਾਰਥੁ ॥

॥ ਬਚਨ ਗੁਰੂ ਜੀ ॥

ਹੇ ਜੋਗੀ ਅੰਤਰਿ ਜੋ ਸਬਦ ਬ੍ਰਹਮੁ ਹੈ॥ ਵਹੀ ਨਿਰੰਤਰੀ ਮੁੰਦ੍ਰਾ ਹੈ॥ ਜਿਸ ਨੇ ਹਉਮੈ ਮਮਤਾ ਕੋ ਦੂਰ ਕੀਆ ਹੈ॥ ਸਤਿਗੁਰ ਕੇ ਸਬਦ ਕੀ ਸਮਝ ਪਰੀ॥ ਬਿੰਥਾ ਝੋਲੀ ਸਰਬਤ੍ਰ ਭਰਪੂਰ ਏਕ ਪ੍ਰਭ ਤਾਰਨਹਾਰਾ ਹੈ॥ ਸਾਚੇ ਸਾਹਿਬ ਕਾ ਸਚ ਨਾਮ ਪੂਰਨ ਹੈ॥ ਗੁਰ ਕੇ ਸਬਦ ਸੋ ਐਸੀ ਸਮਝ ਪਰੀ॥ ਸੋ ਐਸੇ[1] ਪ੍ਰਾਪਤ[2] ਹੋਇ॥

॥ ਪੁਨ ਉਤਰਿ ॥

ਉਧੋ ਖਪਰ ਪੰਚ ਭੂ ਟੋਪੀ॥ ਕਾਂਇਆ ਕੜਾਸਨ ਮਨ ਜਾਗੋਟੀ॥
ਸਤ ਸੰਤੋਖ ਸੰਜਮ ਹੈ ਨਾਲ॥ ਨਾਨਕ ਗੁਰਮੁਖ ਨਾਮ ਸਮਾਲਿ॥੧੧॥

॥ ਤਿਸ ਕਾ ਪ੍ਰਮਾਰਥੁ ॥

ਹੇ ਜੋਗੀ ਉਧੋ ਜੋ ਖਪਰ ਹੈ ਵਹੀ ਪੰਚ ਭੂ ਟੋਪੀ॥ ਕਾਇਆ ਕੋ ਜੁਗਤ ਏਕ ਸੋ ਏਹੀ ਕੜਾਸਨ ਹੈ॥ ਅਰੁ ਮਨ ਕੀ ਚੇਤੰਨਤਾ ਕਾ ਜਗੋਟਾ ਧਾਰੈ॥ ਜਬ ਸਤ ਸੰਤੋਖ ਸੰਜਮ ਸਾਥੀ ਭਏ॥ ਤਬ ਗੁਰ ਕੇ ਬਚਨ ਸਿਉ ਨਾਮ ਕੀ ਸੰਭਾਲ ਭਈ॥

॥ ਪੁਨਹ ਪ੍ਰਸਨ ॥

॥ ਚਰਪਟ ਨਾਥ ॥[3]

ਕਵਨ ਸੁ ਗੁਪਤਾ ਕਵਨ ਸੁ ਮੁਕਤਾ॥ ਕਵਨ ਸੁ ਅੰਤਰਿ ਬਾਹਰਿ ਜੁਗਤਾ॥
ਕਵਨ ਸੁ ਆਵੈ ਕਵਨ ਸੁ ਜਾਇ॥ ਕਵਨ ਸੁ ਤ੍ਰਿਭਵਣ ਰਹਿਆ ਸਮਾਏ॥੧੨॥

॥ ਤਿਸ ਕਾ ਪ੍ਰਮਾਰਥੁ ॥

ਹੇ ਨਾਨਕ ਜੀ ਵਹੁ ਕਵਨ ਸਤਿ ਹੈ ਅਰੁ ਕਵਨ ਮੁਕਤ ਹੈ॥ ਵਹੁ ਕਵਨ ਹੈ ਜੋ ਅੰਤਰਿ ਬਾਹਰਿ ਜੁਗਤਾ ਹੈ॥ ਅਰੁ ਆਵਨੇ ਜਾਵਨੇ ਮੈ ਕਉਨ ਹੈ॥ ਅਰੁ ਤੀਨ ਭਵਨ ਮੈ ਜੋ ਸਮਾਇ ਰਹਿਆ ਹੈ ਸੋ ਕਵਨ ਹੈ॥

॥ ਤਿਸ ਕਾ ਉਤਰ ਗੁਰੂ[4] ਬਾਬੇ ਜੀ ਕਹਿਆ ॥

ਘਟਿ ਘਟਿ ਗੁਪਤਾ ਗੁਰਮੁਖ ਮੁਕਤਾ॥ ਅੰਤਰਿ ਬਾਹਰਿ ਸਬਦ ਸਿਉ ਜੁਗਤਾ॥
86/ੳ ਮਨਮੁਖ ਬਿਨਸੈ ਆਵੈ ਜਾਇ॥ ਨਾਨਕ/ਗੁਰਮੁਖ ਸਾਚ ਸਮਾਇ॥੧੩॥

॥ ਤਿਸ ਕਾ ਪ੍ਰਮਾਰਥੁ ॥

॥ ਬਚਨ ਗੁਰੂ ਜੀ ਕਾ ॥

ਹੇ ਚਰਪਟ ਨਾਥ ਘਟਿ ਘਟਿ ਮੋ ਜਉ ਬ੍ਰਹਮ ਪੂਰਨ ਹੈ ਵਹੀ ਗੁਪਤ ਹੈ॥ ਅਰੁ ਜੋ ਗੁਰਮੁਖੀ ਹੈ ਵਹੀ ਮੁਕਤ ਹੈ॥ ਅਰੁ ਅੰਤਰਿ ਬਾਹਰਿ ਸਬਦ ਹੀ ਪੂਰਨ ਸੋ ਸੰਜੁਗਤ ਹੈ॥ ਅਰੁ ਮਨਮੁਖ ਬਿਨਸਤੇ ਹੈ॥ ਆਵਨ ਜਾਵਨੇ ਮੋ ਪੜੇ ਹੈ॥ ਅਰੁ ਜੋ ਗੁਰਮੁਖ ਹੈ ਸੋ ਸਚ ਮੋ ਸਮਾਇ ਰਹੇ ਹੈ॥

॥ ਚਰਪਟ ਨਾਥ ਪ੍ਰਸਨ ॥[5]

ਕਿਉ ਕਰ ਬਾਧਾ ਸਰਪਨ ਖਾਧਾ॥ ਕਿਉ ਕਰਿ ਖੋਇਆ ਕਿਉ ਕਰਿ ਲਾਧਾ॥
ਕਿਉ ਕਰਿ ਨਿਰਮਲ ਕਿਉ ਕਰਿ ਅੰਧਿਆਰਾ॥ ਇਹੁ ਤਤੁ ਬਿਚਾਰੇ ਸੋ ਗੁਰੂ ਹਮਾਰਾ॥੧੪॥

॥ ਤਿਸ ਕਾ ਪ੍ਰਮਾਰਥੁ ॥

ਹੇ ਨਾਨਕ ਜੀ ਇਹੁ ਪੁਰਸ ਕਿਉ ਕਰ ਬਾਧਾ ਹੈ॥ ਸਰਪਨੀ ਜੋ ਹੈ ਮਾਇਆ ਤਿਸ ਨੇ ਇਸ ਜੀਵ ਕੋ ਖਾਇਆ ਹੈ॥ ਅਰੁ ਕਿਉ ਕਰਿ ਸਰੂਪ ਕੋ ਖੋਇਆ ਹੈ॥ ਅਰ ਲਭਧ ਕਿਉ ਕਰਿ ਭਈ ਹੈ॥ ਅਰੁ ਨਿਰਮਲੁ ਕਿਉਕਰਿ ਹੋਇ॥ ਅਰੁ ਅੰਧਿਆਰਾ ਕਿਉ ਕਰਿ ਭਇਆ ਹੈ॥ ਇਸ ਤਤ ਬੀਚਾਰ ਕੋ ਕਹੇ ਸੋਈ ਮੇਰਾ ਗੁਰੂ ਹੈ॥

---

[1] ਇੱਥੇ 'ਪਰੀ॥ ਸੋ ਐਸੇ' ਪੰਕਤੀ ਨਹੀਂ ਹੈ (ਅ)
[2] ਇੱਥੇ ਸ਼ਬਦ 'ਪ੍ਰਾਪਤ' ਨਹੀਂ ਹੈ (ਸ)
[3] ਇੱਥੇ ਸਿਰਲੇਖ '॥ਚਰਪਟ ਨਾਥ॥' ਨਹੀਂ ਹੈ (ਅ,ਸ)
[4] ਇੱਥੇ ਸ਼ਬਦ 'ਗੁਰੂ' ਨਹੀਂ ਹੈ (ਸ)
[5] ਇੱਥੇ ਸਿਰਲੇਖ '॥ਚਰਪਟ ਨਾਮ ਪ੍ਰਸਨ॥' ਹੈ (ਅ), ਇੱਥੇ ਸਿਰਲੇਖ '॥ਚਰਪਟ ਨਾਥ ਪ੍ਰਸਨ॥ਪਉੜੀ॥' ਹੈ (ਸ)

॥ਉਤ੍ਰ ਬਾਬੇ ਜੀ ਕਾ॥

॥ਪੁਨ ਚਰਪਟ ਜੀ॥[1]

ਦੁਰਮਤ ਬਾਧਾ॥ਸਰਪਨ ਖਾਧਾ॥ਮਨਮੁਖ ਖੋਇਆ ਗੁਰਮੁਖ ਲਾਧਾ॥
ਸਤਿਗੁਰ ਮਿਲੈ ਅੰਧੇਰਾ ਜਾਇ॥ਨਾਨਕ ਹਉਮੈ ਮੇਟਿ ਸਮਾਇ॥੧੫॥

॥ਤਿਸ ਕਾ ਪ੍ਰਮਾਰਥੁ॥

ਹੇ ਚਰਪਟ ਜਬ ਦੁਰਮਤ ਕੇ ਬੰਧਨ ਮੋ ਫਾਸਾ॥ਤਬ ਮਾਇਆ ਸਰਪਨੀ ਨੇ ਤਿਸ ਕੋ ਖਾਇਆ॥ਅਰੁ ਗੁਰਮੁਖ ਸੁਭਾਇ ਸੋ ਲਬਧ ਭਈ॥ਜਬ ਗੁਰਮੁਖ ਸੁਭਾਇ ਸੋ ਲਬਧ ਭਈ॥ਤਬ ਸਤਿਗੁਰ ਮਿਲੇ ਤਬ ਅੰਧਕਾਰ ਅਹੰ ਮਤ ਕਾ ਨਸਟ ਹੋਇਆ ਜਬ ਅਹੰਕਾਰ ਨਾਸ ਭਇਆ॥ਤਬ ਸਚੇ ਪਦ ਮੋ ਸਮਾਇਆ॥

॥ਉਤ੍ਰ ਨਿਜ ਉਪਦੇਸ ਕਾ॥[2]

86/ਅ ਸੁੰਨ ਨਿਰੰਤਰ ਦੀ/ਜੈ ਬੰਧ॥ਉਡੈ ਨ ਹੰਸਾ ਪੜੈ ਨ ਕੰਧੁ॥
ਸਹਜ ਗੁਫਾ ਘਰਿ ਜਾਣੈ ਸਾਚਾ॥ਨਾਨਕ ਸਾਚੇ ਭਾਵੈ ਸਾਚਾ॥੧੬॥

॥ਤਿਸ ਕਾ ਪ੍ਰਮਾਰਥੁ॥

ਹੇ ਚਰਪਟ ਮਨ ਅਰੁ ਪਵਨ ਨਵ ਦੁਆਰੇ ਸੋ ਚੰਚਲ ਹੈ॥ਜੁਗਤ ਸੋ ਇਕਾਗਰ ਕਰਿ ਕੈ ਨਿਰੰਤਰ ਸੁੰਨ ਮੋ ਦ੍ਰਿੜ ਕਰੇ॥ਜਬ ਮਨ ਦ੍ਰਿੜ ਭਇਆ॥ਤਬ ਅਮਰ ਪਿੰਡ ਹੂਆ॥ਜਬ ਇਹ ਮਨ ਸਹਜ ਗੁਫਾ ਮਹਿ ਸੁਖਮਨ ਮੈ ਨਿਹਚਲ ਭਇਆ॥ਤਬ ਸਚ ਮੋ ਸਚ ਲੀਨ ਭਇਆ॥

॥ਪੁਨਹ ਚਰਪਟ ਪ੍ਰਸਨ॥[3]

ਕਿਸ ਕਾਰਣ ਏਹੁ ਭੇਖੁ ਨਿਵਾਸੀ॥[4]
ਕਿਸੁ ਵਖਰ ਕੇ ਤੁਮ ਵਣਜਾਰੇ॥ਕਿਉ ਕਰਿ ਸਾਥ ਲੰਘਾਵਹੁ ਪਾਰੇ॥੧੧॥

॥ਤਿਸ ਕਾ ਪਰਮਾਰਥੁ॥

ਹੇ ਨਾਨਕ ਜੀ ਤੁਮ ਕਿਸ ਅਰਥ ਗ੍ਰਿਹ ਤਜ ਕੇ ਉਦਾਸੀਨ ਭਏ ਹੋ॥ਅਰੁ ਕਿਸ ਕਾਰਨ ਸਰਬ ਭੇਖਿ ਮੈ ਨਿਵਾਸੀ ਹੋ॥ਅਰੁ ਕਵਣ ਵਸਤੁ ਕੇ ਤੁਮ ਵਣਜਾਰੇ ਹੋ॥ਅਰੁ ਕਵਣ ਜੁਗਤ ਸਿਉ ਅਪਨੀ ਸੰਗਤ ਕੌ ਪਾਰ ਉਤਾਰੋਗੇ॥

॥ਤਿਸ ਕਾ ਉਤ੍ਰ॥

॥ਸਤਿਗੁਰ ਬਚਨ॥

ਗੁਰਮੁਖ ਖੋਜਤ ਭਏ ਉਦਾਸੀ॥ਦਰਸਨ ਕੇ ਤਾਈ ਭੇਖ ਨਿਵਾਸੀ॥
ਸਚ ਵਖਰ ਕੇ ਹਮ ਵਣਜਾਰੇ॥ਨਾਨਕ ਗੁਰਮੁਖ ਉਤਰਸ ਪਾਰੇ॥੧੮॥

॥ਤਿਸ ਕਾ ਪ੍ਰਮਾਰਥੁ॥

ਹੇ ਚਰਪਟ ਜੀ॥ਗੁਰਮੁਖ ਸਬ ਕੇ ਖੋਜ ਮੋ ਉਦਾਸੀਨ ਭਏ ਹੈ॥ਅਰੁ ਸਤਿ ਕੇ ਦਰਸਨ ਕੋ ਸਰਬ ਭੇਖ ਨਿਵਾਸੀ ਹੈ॥ਹਮ ਸਾਚ ਵਸਤ ਕੇ ਵਣਜਾਰੇ ਹੈ॥ਅਰੁ ਗੁਰਮੁਖ ਸਬਦ ਸਿਉ ਅਨੇਕ ਪਾਰ ਕਰੈਗੇ ਸਾਥ ਕੋ॥

॥ਪੁਨਹ ਚਰਪਟ ਪ੍ਰਸਨ॥

ਕਿਤ ਬਿਧ ਪੁਰਖਾ ਤੈ ਜਨਮੁ ਵਟਾਇਆ॥ਕਾਹੇ ਕੋ ਤੁਝ ਇਹੁ ਮਨੁ ਲਾਇਆ॥
ਕਿਤਿ ਬਿਧ ਆਸਾ ਮਨਸਾ ਖਾਈ॥ਕਿਤ ਬਿਤ ਜੋਤ ਨਿਰੰਤਰ ਪਾਈ॥
ਬਿਨ ਦੰਤਾਂ ਕਿਉ ਖਾਈਐ ਸਾਰ॥ਨਾਨਕ ਸਾਚਾ ਕਰੋ ਬੀਚਾਰ॥

87/ੳ **/॥ਤਿਸ ਕਾ ਪ੍ਰਮਾਰਥੁ॥**

ਹੇ ਨਾਨਕ ਜੀ ਕਵਨ ਬਿਧ ਕਰਿ ਕੇ ਤੁਮ ਨੇ ਜਨਮੁ ਵਟਾਇਆ ਹੈ॥ਸੋ ਆਵਨਾ ਜਾਨ ਸੋ ਰਹਤ ਹੋਏ ਹੋ॥ਅਰੁ ਕਿਸ ਸਿਉ ਤੁਮ ਮਨ ਕੋ ਲਗਾਇ ਕੇ ਦ੍ਰਿੜ ਭਏ ਹੋ॥ਅਰ ਕਵਨ ਬਿਧ ਸੌ ਤੁਮਾਰੀ ਆਸਾ ਮਨਸਾ ਨਿਵਰਤ ਭਈ ਹੈ॥ਕਵਨ ਜੁਗਤ ਕਰਿ ਨਿਰੰਤਰ ਜੋਤ ਮੋ ਪ੍ਰਾਪਤ ਭਏ ਹੋ॥ਅਰੁ ਬਿਨਾ ਦਿੰਤਾ ਕੈਸੇ ਖਾਈਐ॥

---

[1] ਇੱਥੇ ਸਿਰਲੇਖ '॥ਪੁਨ ਚਰਪਟ ਜੀ॥ਪਉੜੀ॥' ਹੈ (ਸ)

[2] ਇੱਥੇ ਸਿਰਲੇਖ '॥ਉਤ੍ਰ ਨਿਜ ਉਪਦੇਸ ਕਾ॥ਪਉੜੀ॥' ਹੈ (ਸ)

[3] ਇੱਥੇ ਸਿਰਲੇਖ '॥ਪੁਨਹ ਚਰਪਟ ਪ੍ਰਸਨ॥ਪਉੜੀ॥' ਹੈ (ਸ)

[4] ਕਿਸ ਕਾਰਨ ਗ੍ਰਿਹ ਤਜੋ ਉਦਾਸੀ॥ਕਿਸ ਕਾਰਣ ਏਹੁ ਭੇਖੁ ਨਿਵਾਸੀ॥ (ਅ,ੲ)

॥ਉਤ੍ਰ ਸ੍ਰੀ ਮੁਖਵਾਕ॥

ਸਤਿਗੁਰ ਕੇ ਜਨਮੇ ਗਵਨੁ ਮਿਟਾਇਆ॥ਅਨਹਦ ਰਾਤੇ ਇਹੁ ਮਨੁ ਲਾਇਆ॥
ਮਨਸਾ ਆਸਾ ਸਬਦ ਜਲਾਈ॥ਗੁਰਮੁਖ ਜੋਤ ਨਿਰੰਤਰ ਪਾਈ॥
ਤ੍ਰੈ ਅਵਗੁਣ ਮੇਟੇ ਖਾਈਐ ਸਾਰੁ॥ਨਾਨਕ ਤਾਰੇ ਤਾਰਣਿਹਾਰਿ॥੨੦॥

॥ਤਿਸ ਕਾ ਪ੍ਰਮਾਰਥੁ॥

ਹੇ ਚਰਪਟ ਜੀ॥ਸਤਗੁਰ ਜਨਮ ਕਹੀਐ॥ਜਬ ਬ੍ਰਹਮ ਪਦ ਕੋ ਪ੍ਰਾਪਤ ਭਇਆ॥ਤਬ ਆਵਨ ਜਾਵਨ ਮਿਟਾ ਜਬ ਅਨਹਦ ਰਾਤੇ ਤਬ ਮਨ ਸਬਦ ਲੀਨ ਭਇਆ॥ਅਰੁ ਆਸਾ ਮਨਸਾ ਮਨ ਸੋ ਨਿਵਰਤ ਭਈ॥ਗੁਰ ਬਚਨ ਦ੍ਰਿੜ ਜੋਤ ਨਿਰੰਤਰ ਪ੍ਰਾਪਤ ਭਈ॥ਜਬ ਤੀਨ ਗੁਨ ਮੇਟੈ ਤਬ ਬਿਨਾ ਦੰਤਾ ਸਾਰ ਖਾਇਆ॥ਅਰ ਯਹ ਜੋ ਆਤਮਾ ਪਰਮਾਤਮਾ ਬਿਖੈ ਲੀਨ ਭਇਆ॥

॥ਚਰਪਟ ਪ੍ਰਸਨ॥

ਆਦਿ ਕੋ ਕਵਨ ਬੀਚਾਰ ਕਥੀਅਲੇ॥ਸੁੰਨ ਕਹਾ ਘਰ ਵਾਸੋ॥
ਗਿਆਨ ਕੀ ਮੁੰਦ੍ਰਾ ਕਵਨਿ ਕਥੀਅਲੇ ਘਟ ਘਟ ਕਵਨ ਨਿਵਾਸੋ॥
ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ॥
ਸਹਜ ਸੰਤੋਖ ਕਾ ਆਸਣ ਜਾਣੈ ਕਿਉ ਛੇਦੈ ਬੈਰਾਈਐ॥
ਗੁਰ ਕੇ ਸਬਦ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ॥
ਜਿਨ ਰਚਿ ਰਚਿਆ ਤਿਸ ਸਬਦ ਪਛਾਣੈ ਨਾਨਕ ਤਾ ਕਾ ਦਾਸੋ ॥੨੧॥

॥ਤਿਸ ਕਾ ਪ੍ਰਮਾਰਥੁ॥

87/ਅ ਹੇ ਨਾਨਕ ਜੀ ਆਦਿ ਜਿਸ ਕੋ ਕ/ਹੀਐ ਤਿਸ ਕਾ ਬਿਚਾਰ ਕਹੋ॥ਅਰ ਕਵਨ ਗ੍ਰਿਹ ਮੋ ਸੁੰਨ ਕਾ ਵਾਸ ਹੈ॥ਅਰੁ ਗਿਆਨ ਕੀ ਮੁੰਦ੍ਰਾ ਕਵਨ ਹੈ॥ਅਰੁ ਘਟ ਘਟ ਮੋ ਕਵਨ ਵਾਸੀ ਹੈ॥ਅਰੁ ਕਾਲ ਕਾ ਡੰਡਾ ਕੈਸੇ ਮਿਟੇ॥ਅਰ ਨਿਰਭਉ ਘਰ ਮੈ ਕੈਸੇ ਬਾਸਾ ਹੋਇ॥ਅਰੁ ਸਹਜ ਸੰਤੋਖ ਕਾ ਕੈਸੇ ਆਸਣ ਜਾਣੈ॥ਅਰੁ ਇਦ੍ਰੀ ਪਰਕਿਰਤੁ ਅਦ ਕਿਉ ਕਰਿ ਨਾਸ ਹੋਇ॥

॥ਤਿਸ ਕਾ ਉਤ੍ਰ॥

ਹੇ ਜੋਗੀ ਗੁਰ ਕੇ ਸਬਦ ਕਰਿ ਹਉਮੈ ਜੋ ਬਿਖ ਹੈ ਤਿਸ ਕਾ ਨਾਸੁ ਕਰੇ॥ਤਬ ਨਿਜ ਘਰਿ ਵਾਸਾ ਹੋਇ॥ਅਰੁ ਜਿਸ ਕੀ ਸਕਤ ਸੋ ਸਰਬ ਰਚਨਾ ਰਚੀ ਹੈ॥ਤਿਸ ਕੋ ਗੁਰ ਸਬਦ ਕਰਿ ਪਛਾਨੈ॥ਹਮ ਤਾ ਕੇ ਦਾਸੇ ਹੈ॥

॥ਚਰਪਟ ਪ੍ਰਸਨ॥

ਕਹਾ ਤੇ ਆਵੈ ਕਹਾ ਇਹੁ ਜਾਇ ਕਹਾ ਇਹੁ ਰਹੈ ਸਮਾਈ॥
ਇਸ ਸਬਦ ਕੋ ਜੋ ਅਰਥਾਵੈ ਤਿਸ ਗੁਰ ਤਿਲੁ ਨ ਤਮਾਈ॥
ਕਿਉ ਤਤੈ ਅਵਗਤੈ ਪਾਵੈ ਗੁਰਮੁਖ ਲਾਗੈ ਪਿਆਰੋ॥
ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ॥੨੨॥

[1] **॥ਤਿਸ ਕਾ ਪ੍ਰਮਾਰਥੁ॥**

ਹੇ ਨਾਨਕ ਜੀ ਏਹੁ ਕਹਾ ਤੇ ਆਵਤਾ ਹੈ॥ਅਰੁ ਕਹਾ ਜਾਤਾ ਹੈ॥ਅਰੁ ਕਹਾ ਸਮਾਇ ਰਹਤਾ ਹੈ॥ਇਸ ਸਬਦ ਕਾ ਜੋ ਅਰਥ ਕਹੈ॥ਸੋ ਅਭੇਦ ਗੁਰ ਸਮਾਨੁ ਹੈ॥ਕਿਉ ਕਰਿ ਤਤ ਅਬਗਤ ਪਾਵੈ॥ਅਰੁ ਗੁਰ ਕੇ ਬਚਨ ਸਿਉ ਕਿਉ ਕਰਿ ਪਿਆਰ ਲਗੇ॥ਸਰਬ ਸੁਰਤਾ ਜੋ ਹੈ॥ਅਰ ਸਰਬ ਬਕਤਾ ਜੋ ਹੈ॥ਤਿਸ ਕਾ ਬਿਚਾਰ ਕਹੈ॥

॥ਉਤ੍ਰ॥

ਹੇ ਜੋਗੀ ਐਸੇ ਜਾਨੀਐ ਜੋ ਆਗਿਆ ਸੋ ਆਵਤਾ ਹੈ॥ਆਗਿਆ ਸੋ ਜਾਤਾ ਹੈ॥ਅਰੁ ਗਿਆਨ ਸੋ ਸਮਾਇ ਰਹਤਾ ਹੈ॥ਜਬ ਪੂਰੇ ਗੁਰ ਸਿਉ ਕੈ ਸਾਚ ਕਮਾਵੈ॥ਤਬ ਸਰਬ ਬਿਧ ਕਰ ਕੇ ਸਰਬ ਕੋ ਪ੍ਰਪਾਤਿ ਹੋਇ॥

॥ਉਤ੍ਰ ਨਿਜ ਉਪਦੇਸ॥

ਆਦਿ ਕੋ ਕਉਨ ਬਿਸਿਮਾਦ ਬੀਚਾਰ ਕਥੀਅਲੇ ਸੁੰਨ ਨਿਰੰਤਰ ਵਾਸੁ ਲੀਆ॥
ਅਕਲ ਪਤ ਮੁੰਦ੍ਰਾ ਗੁਰ ਗਿਆਨ ਬੀਚਾਰੀਅਲੇ ਘਟ ਘਟ ਸਾਚਾ ਸਰਬ ਜੀਆ॥

---

[1] ਇੱਥੇ 'ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹਿਆ ਸਮਾਈ॥ਪੂਰੈ ਗੁਰ ਤੇ ਸਾਚ ਕਮਾਵੈ ਗਤਿ ਮਿਤਿ ਸਬਦੇ ਪਾਈ॥' ਪਾਠ ਹੈ (ਸ)

੪੪/ੳ /ਗੁਰ ਬਚਨੀ ਅਵਗਤਿ ਸਮਾਈਐ ਤਤ ਨਿਰੰਜਨ ਸਹਜ ਲਏ॥
ਨਾਨਕ ਦੂਜੀ ਕਾਰ ਨ ਕਰਨੀ ਸੇਵੇ ਸਿਖ ਸੋ ਖੋਜ ਲਹੈ॥
ਹੁਕਮ ਬਿਸਮਾਦੁ ਹੁਕਮ ਪਛਾਣੈ ਜੀਅ ਜੁਗਤ ਸਚੁ ਜਾਣੈ ਸੋਈ॥
ਆਪੇ ਮੇਟ ਨਿਰਾਲਮ ਹੋਵੈ ਸਚ ਅੰਤਰ ਜੋਗੀ ਕਹੀਐ ਸੋਈ॥੨੩॥

॥ਤਿਸ ਕਾ ਪ੍ਰਮਾਰਥ॥

ਹੇ ਚਰਪਟ ਨਾਥ ਆਦਿ ਕਾ ਬਿਚਾਰ ਬਿਸਮਾਦ ਕਹੀਐ ਕਥਨੀ ਮੋ ਨਾਹੀ ਤਿਸਕਾ ਸੁੰਨ ਮੋ ਬਾਸਾ ਹੈ॥ਅਕਲ ਪਤ ਮੁੰਦ੍ਰਾ ਜੋ ਹੈ ਸੋ ਗੁਰ ਕਾ ਗਿਆਨ ਹੈ॥ਅਰ ਘਟ ਘਟ ਪੂਰਨ ਸਰਬ ਜੀਅਨ ਮੋ ਏਕ ਸਾਚਾ ਹੈ॥ਗੁਰ ਕੇ ਬਚਨ ਕਰ ਅਵਗਤ ਮੋ ਸਮਾਵੈ॥ਅਰ ਤਤ ਨਿਰੰਜਨ ਸਹਜ ਪਦ ਪ੍ਰਾਪਤ ਹੋਇ॥ਹੇ ਜੋਗੀ ਦੂਜੇ ਭਾਵ ਕੀ ਕਾਰ ਸਭ ਤਿਆਗ ਕਰਿ ਸਤਿਗੁਰ ਕੀ ਸੇਵਾ ਖੋਜ ਕਰ ਲਏ॥ਜੋ ਰਜਾਇ ਹੀ ਮੋ ਬਿਸਮਾਦ ਹੈ॥ਐਸਾ ਹੁਕਮ ਪਛਾਤਾ ਹੈ॥ਜੀਅ ਜੁਗਤ ਸਚ ਥਿਰ ਕੋ ਜਾਨਨਹਾਰ ਜੋਈ ਹੈ॥ਆਪ ਮੇਟਿ ਨਿਰਾਮਲ ਹੋਵੈ ਅੰਤਰਗਤ ਸੋਈ॥ਜੋਗੀ ਕਹੀਤਾ ਹੈ॥

॥ਉਤ੍ਰ ਨਿਜ ਉਪਦੇਸ ਕਾ॥

ਅਵਗਤੇ ਨਿਰਮਾਇਲ ਉਪਜੈ ਨਿਰਗਣ ਤੇ ਸਰਗੁਨ ਥੀਆ॥
ਸਤਿਗੁਰ ਪਰਚੈ ਪਰਮ ਪਦ ਪਾਇਐ ਸਾਚੈ ਸਬਦ ਸਮਾਇ ਲੀਆ॥
ਏਕੇ ਕਉ ਸਚ ਏਕਾ ਜਾਣੈ ਹਉਮੈ ਦੂਜਾ ਦੂਰ ਕੀਆ॥
ਸੋ ਜੋਗੀ ਗੁਰ ਸਬਦ ਪਛਾਣੈ ਅੰਤਰਿ ਕਮਲ ਪ੍ਰਗਾਸ ਥੀਆ॥
ਜੀਵਤ ਮਰੈ ਤਾ ਸਭ ਕਿਛ ਸੂਝੈ ਅੰਤਰਿ ਜਾਣੈ ਸਰਬ ਦਇਆ॥
ਨਾਨਕ ਤਾ ਕਉ ਮਿਲੈ ਵਡਿਆਈ ਆਪ ਪਛਾਣੈ ਸਰਬ ਜੀਆ॥੨੪॥

॥ਤਿਸ ਕਾ ਪ੍ਰਮਾਰਥੁ॥

ਅਵਗਤ ਨਾਰਾਇਣ ਤੇ ਨਿਰਮਾਇਲ ਸੰਤ ਉਪਜੈ ਹੈ॥ਜੈਸੇ ਨਿਰਗਨ ਤੇ ਸਰਗੁਨ ਹੋਇਆ
੪੪/ਅ ਤੈਸੇ ਜਬ ਸਤਿਗੁਰ ਸਿਉ ਪਰਚੈ ਪਰਮ ਪਦ ਪਾਏ॥ਤਬ ਸਚ ਸਬਦ ਮੈ ਸਮਾਏ॥ਤਾ ਏਕ/ਸਚ ਕੋ ਸਤਿ ਜਾਨਣਾ॥ਹਉਮੈ ਮੋ ਜਬ ਦੂਜਾ ਥਾ ਸੋ ਦੂਰ ਹੋਇਆ ਸੋਈ ਜੋਗੀ ਹੈ ਜੋ ਸਤਿਗੁਰ ਕਾ ਸਬਦ ਪਛਾਣੇ॥ਤਾ ਕੇ ਅੰਤਰਿ ਕਮਲ ਪ੍ਰਗਾਸ ਭਇਆ॥ਜਬ ਅੰਹਕਾਰ ਨਾਸ ਭਇਆ ਤਬ ਜੀਵਨ ਮਰਨ ਕਹੀਐ ਸਰਬ ਕੀ ਸੋਝੀ ਪੜੀ॥ਅੰਤਰ ਸਬਦ ਦਇਆ ਭਈ॥ਤਿਸ ਕੋ ਏਹ ਵਡਿਆਈ ਮਿਲੀ॥ਅਪਨੇ ਆਪ ਕੋ ਸਰਬ ਘਟੈ ਬਿਖੈ ਜਾਨਨਹਾਰਾ ਭਇਆ॥

॥ਪੁਨਹੁ ਉਤ੍ਰ॥

ਸਾਚੋ ਉਪਜੈ ਸਾਚ ਸਮਾਵੈ ਸਾਚੇ ਸੂਚੇ ਏਕ ਮਇਆ॥
ਝੂਠੇ ਆਵਿਹ ਠਉਰ ਨ ਪਵਹਿ ਦੂਜੇ ਆਵਾ ਗਵਨ ਭਇਆ॥
ਆਵਾ ਗਉਨ ਮਿਟੇ ਗੁਰ ਸਬਦੀ ਆਪੇ ਪਰਖੈ ਬਖਸ ਲਇਆ॥
ਏਕਾ ਬੇਦਨ ਦੂਜੇ ਬਿਆਪੀ ਨਾਮ ਰਸਾਇਣ ਵੀਸਰਿਆ॥
ਸੋ ਬੂਝੇ ਜਿਸ ਆਪ ਬੁਝਾਏ ਗੁਰ ਕੇ ਸਬਦ ਸੋ ਮੁਕਤ ਭਇਆ॥
ਨਾਨਕ ਤਾਰੇ ਤਾਰਣਿਹਾਰਾ ਹਉਮੈ ਦੂਜਾ ਪਰਹਰਿਆ॥੨੫॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਐਸੇ ਜੋ ਪੁਰਖ ਸਾਚ ਸਿਉ ਉਪਜ ਸਾਚ ਮੋ ਸਮਾਏ॥ਸੋ ਸਾਚੈ ਮੈ ਸੂਚੇ ਏਕ ਮੈ ਹੋਏ॥ਅਰੁ ਝੂਠਾ ਪਰਕਿਰਤ ਜੋ ਲੀਏ ਆਏ॥ਤਿਨ ਕੋ ਠਵਰ ਨਾਹੀ॥ਵਹ ਦੂਜੇ ਭਾਵ ਸੋ ਆਵਾ ਗਵਨ ਮੈ ਪੜੇ ਹੈ॥ਤਿਨ ਕਾ ਆਵਾ ਗਵਨ ਤਬ ਮਿਟੇ ਜਬ ਗੁਰ ਕੇ ਸਬਦ ਕਰਿ ਆਪ ਕੋ ਪਛਾਨੇ॥ਤਬ ਬਖਸਿਆ ਜਾਇ॥ਏਕ ਦੁਖ ਮਹਾਂ ਦੀਰਘ ਹੈ॥ਸੋ ਦੂਜਾ ਭਾਵ ਕਾ ਲਗਾ ਹੈ॥ਇਸ ਕਾ ਨਾਮ ਰਸਾਇਣ ਅਉਖਦ ਥਾ ਸੋਈ ਭੂਲਾ ਹੈ॥ਇਸ ਅਉਖਦ ਕੋ ਸੋਈ ਬੂਝੈ ਕਿਰਪਾ ਕਰਿ ਕੈ ਜਿਸ ਕੋ ਆਪ ਬਝਾਏ॥ਗੁਰ ਕੇ ਸਬਦ ਦਿੜ ਮੁਕਤ ਭਇਆ ਤਬ ਤਾਰਨਹਾਰੇ ਨੇ ਤਾਰਾ ਦੂਜਾ ਭਾਵ ਨਾਸ ਭਇਆ॥

॥ਉਤਰ॥

ਮਨਮੁਖ ਭੂਲੈ ਜਮ ਕੀ ਕਾਣ॥ਪਰ ਘਰ ਜੋਹੈ ਹਾਣੇ ਹਾਣ॥
89/ੳ ਮਨਮੁਖ/ਭਰਮ ਭਵੈ ਬੇਬਾਣ॥ਵੇ ਮਾਰਗ ਮੂਸੇ ਮੰਤ੍ਰ ਮਸਾਣਿ॥
ਸਬਦ ਨ ਚੀਨੈ ਲਵੈ ਕੁਬਾਣ॥ਨਾਨਕ ਸਾਚ ਰਤੇ ਸੁਖ ਜਾਣ॥੨੬॥

॥ ਤਿਸ ਕਾ ਪ੍ਰਮਾਰਥੁ ॥

ਹੇ ਚਰਪਟ ਜੋ ਮਨਮੁਖ ਸਰੂਪ ਤੇ ਭੂਲੇ ਹੈ ਤਿਨ ਕੋ ਜਮ ਕੀ ਕਾਣ ਹੈ॥ ਪਰ ਘਰ ਛੋਡ ਪਰ ਗ੍ਰਿਹਿ ਢੂਢਤੇ ਸਦਾ ਹੀ ਹਾਣਿ ਹੈ॥ ਮਨਮੁਖ ਭਰਮ ਭੂਲੇ ਹੈ ਬਿਬਾਣ ਮੋ ਕੁਮਾਰਗ ਲੂਟੇ ਹੈ॥ ਮੰਤ੍ਰ ਮਸਾਣ ਲਾਗੇ ਹੈ॥ ਸਬਦ ਕੀ ਬੂਝ ਨਹੀ ਕੁਬਾਣੀ ਕਹਤੇ ਹੈ॥ ਜਬ ਸਚ ਕਾ ਰੰਗ ਲਗੈ ਤਬ ਸੁਖ ਹੋਇ॥

॥ ਪੁਨ ਉਤ੍ਰ ॥[1]

ਗੁਰਮੁਖ ਸਾਚੇ ਕਾ ਭਉ ਪਾਵੈ॥ ਗੁਰਮੁਖ ਬਾਣੀ ਅਘੜ ਘੜਾਵੈ॥
ਗੁਰਮੁਖ ਨਿਰਮਲ ਹਰਿ ਗੁਣ ਗਾਵੈ॥ ਗੁਰਮੁਖਿ ਪਵਿਤ੍ਰ ਪਰਮ ਪਦ ਪਾਵੈ॥
ਗੁਰਮੁਖ ਰੋਮ ਰੋਖ[2] ਹਰਿ ਧਿਆਵੈ॥ ਨਾਨਕ ਗੁਰਮੁਖ ਸਾਚ ਸਮਾਵੈ॥੨੭॥

॥ ਤਿਸ ਕਾ ਪ੍ਰਮਾਰਥੁ ॥

ਹੇ ਚਰਪਟ ਏਹ ਤੋ ਮਨਮੁਖ ਕੀ ਅਵਸਤਾ ਹੈ॥ ਅਬ ਗੁਰਮੁਖੋ ਅਵਸਤਾ ਸਣੋ॥ ਗੁਰਮੁਖਿ ਸਦਾ ਹੀ ਸਚ ਭੈ ਮੋ ਪ੍ਰਾਪਤ ਹੈ॥ ਗੁਰਮੁਖ ਅਘੜ ਬਾਣੀ ਘੜਾਵਤੇ ਹੈ॥ ਅਰਥ ਯਹ ਜੋ ਸਬਦ ਅਨਾਹਦ ਲੀਨ ਹੈ॥ ਗੁਰਮੁਖ ਨਿਰਮਲ ਹਰਿ ਗੁਣ ਸਦਾ ਹੀ ਗਾਵਤੇ ਹੈ॥ ਗੁਰਮੁਖ ਰੋਮ ਰੋਮ ਹਰਿ ਭਜਨ ਕਰਤੇ ਹੈ॥ ਗੁਰਮੁਖ ਹੀ ਸਾਚ ਸਮਾਵਤੇ ਹੈ॥

॥ ਉਤਰ ॥[3]

ਗੁਰਮੁਖ ਪਰਚੈ ਸੁ ਸਬਦ ਗਿਆਨੀ॥ ਗੁਰਮੁਖ ਪਰਚੈ ਅੰਤਰਿ ਬਿਧ ਜਾਨੀ॥
[4]ਗੁਰਮੁਖ ਪਾਈਐ ਅਲਖ ਅਪਾਰ॥ ਨਾਨਕ ਗੁਰਮੁਖ ਮੁਕਤਿ ਦੁਆਰ॥

॥ ਤਿਸ ਕਾ ਪ੍ਰਮਾਰਥੁ ॥

ਹੇ ਜੋਗੀ ਗੁਰਮੁਖ ਬਚਨ ਸਿਉ ਪਰਚੈ ਹੈ॥ ਵਹੀ ਬੇਦ ਹੀ ਬਿਚਾਰੀਐ॥ ਅਰੁ ਜੋ ਗੁਰਮੁਖ ਪਰਚੈ ਹੈ ਸੋਈ ਭਵ ਸਾਗਰ ਤਰੇ ਹੈ॥ ਅਰ ਜੋ ਗੁਰਮੁਖ ਪਰਚੈ ਹੈ॥ ਤਿਨੋ ਅੰਤਰਿ ਬਿਧ ਜਾਨੀ ਹੈ॥ ਅਰੁ ਜੋ
89/ਅ ਗੁਰਮੁਖੀ/ਹੈ ਤਿਨੋ ਅਲਖ ਅਪਾਰ ਪਾਇਆ ਹੈ॥ ਸਤਿਗੁਰ ਕੇ ਬਚਨ ਸਿਉ ਗੁਰਮੁਖ ਮੁਕਤ ਦੁਆਰ ਹੈ॥

॥ ਪੁਨਹ ਉਤਰ ॥[5]

ਗੁਰਮੁਖ ਅਕਥ ਕਥੇ ਬੀਚਾਰ॥ ਗੁਰਮੁਖ ਨਿਬਹੈ ਸ ਪਰਵਾਰ॥
ਗੁਰਮੁਖ ਜਪੀਐ ਅੰਤਰ ਪਿਆਰ॥ ਗੁਰਮੁਖ ਜਪੀਐ ਸਬਦੁ ਅਚਾਰ॥
ਸਬਦ ਭੇਦ ਜਾਣੈ ਜਣਾਈ॥ ਨਾਨਕ ਹਉਮੈ ਜਾਲਿ ਸਮਾਈ॥੨੯॥

॥ ਤਿਸ ਕਾ ਪ੍ਰਮਾਰਥੁ ॥

ਗੁਰਮੁਖ ਹੀ ਅਕਥ ਬੀਚਾਰ ਕਥਤੇ ਹੈ॥ ਗੁਰਮੁਖ ਹੀ ਸਭ ਕੁਲ ਉਧਾਰ ਕਰਤੇ ਹੈ॥ ਅਰ ਗੁਰਮੁਖ ਹੀ ਅੰਤਰ ਪਿਆਰ ਸੋ ਜਪਤੇ ਹੈ॥ ਗੁਰਮੁਖ ਹੀ ਸਚ ਕੇ ਅਚਾਰ ਕੋ ਪਾਵਤੇ ਹੈ॥ ਅਰੁ ਗੁਰਮੁਖ ਹੀ ਸਬਦ ਭੇਦ ਕੋ ਜਾਨਤੇ ਹੈ॥ ਅਰੁ ਜਨਾਵਤੇ ਹੈ॥ ਅਰੁ ਗੁਰਮੁਖ ਹੀ ਹਉਮੈ ਨਾਸ ਕਰ ਸਰੂਪ ਮੈ ਸਮਾਇ ਹੈ॥

॥ ਪੁਨਹ ਉਤਰ ॥[6]

ਗੁਰਮੁਖ ਧਰਤੀ ਸਾਚੈ ਸਾਜੀ॥ ਤਿਸ ਮਹਿ ਉਪਤ ਖਪਤ ਸੁ ਬਾਜੀ॥
ਗੁਰ ਕੈ ਸਬਦ ਰਪੈ ਰੰਗ ਲਾਇ॥ ਸਾਚ ਰਤੋ ਪਤਿ ਸਿਉ ਘਰ ਜਾਇ॥
ਸਾਚ ਸਬਦ ਬਿਨ ਪਤ ਨਹੀ ਪਾਵੈ॥ ਨਾਨਕ ਬਿਨ ਨਾਵੈ ਕਿਉ ਸਾਚ ਸਮਾਵੈ॥੩੦॥

॥ ਤਿਸ ਕਾ ਪ੍ਰਮਾਰਥੁ ॥

ਗੁਰਮੁਖ ਸਭੋ ਧਰਤੀ ਸਾਚੇ ਨੇ ਸਾਜੀ ਹੈ॥ ਅਨੇਕ ਪ੍ਰਕਾਰ ਕੀ ਉਤਪਤ ਖਪਤ ਹੋਤੀ ਹੈ॥ ਹਰਖ ਸੋਗ ਨਹੀ॥ ਐਸਾ ਦ੍ਰਿੜ ਸੁਭਾਉ ਕਰ ਕੇ ਗੁਰ ਬਚਨ ਸਿਉ ਰੰਗ ਲਗਾਵੈ॥ ਸਾਚੇ ਸਿਉ ਰਾਤੇ ਪਤਿ ਸਿਉ ਨਿਜ ਘਰ ਮੈ ਪ੍ਰਾਪਤ ਹੋਇ॥ ਸਾਚੇ ਸਬਦ ਬਿਨਾ ਪਤਿ ਨਹੀ ਮਿਲਤੀ॥ ਬਿਨਾ ਨਾਮ ਕੇ ਸਚ ਪਦ ਮੈ ਕੈਸੇ ਸਮਾਵੈ॥

---

[1] ਇੱਥੇ ਸਿਰਲੇਖ '॥ ਪੁਨ ਉਤ੍ਰ ॥ ਪਉੜੀ॥' ਹੈ (ਸ)
[2] ਰੋਮ (ਅ,ਇ,ਸ)
[3] ਇੱਥੇ ਸਿਰਲੇਖ '॥ ਉਤਰ ॥ ਪਉੜੀ॥' ਹੈ (ਸ)
[4] ਇੱਥੇ 'ਗੁਰਮੁਖਿ ਪਰਚੈ ਬੇਦ ਬੀਚਾਰੀ॥ ਗੁਰਮੁਖਿ ਪਰਚੇ ਤਰੀਐ ਤਾਰੀ॥' ਪਾਠ ਹੈ(ਅ,ਇ,ਸ)
[5] ਇੱਥੇ ਸਿਰਲੇਖ '॥ ਪੁਨਹ ਉਤ੍ਰ ॥ ਪਉੜੀ॥' ਹੈ (ਸ)
[6] ਇੱਥੇ ਸਿਰਲੇਖ '॥ ਪੁਨ ਉਤ੍ਰ ॥ ਪਉੜੀ॥' ਹੈ (ਸ)

॥ਪੁਨਹ ਉਤਰ॥[1]

ਗੁਰਮੁਖ ਅਸਟ ਸਿਧ ਸਭ ਬੁਧੀ॥ਗੁਰਮੁਖ ਭਉਜਲ ਤਰੀਐ ਸਚ ਸੁਧੀ॥
ਗੁਰਮੁਖ ਸਰ ਅਪਸਰ ਬਿਧ ਜਾਣੈ॥ਗੁਰਮੁਖ ਪਰਵਿਰਤ ਨਰਵਿਰਤ ਪਛਾਣੈ॥
90/ੳ ਗੁਰਮੁਖ ਤਾਰੇ ਪਾਰ ਉਤਾਰੇ॥ਨਾਨਕ ਗੁਰ/ਮੁਖ ਸਬਦ ਨਿਸਤਾਰੇ॥੩੧॥

॥ਤਿਸ ਕਾ ਪ੍ਰਮਾਰਥੁ॥

ਗੁਰਮੁਖ ਸਰਬ ਸਿਧ ਅਰੁ ਬੁਧ ਕੇ ਅਧਾਰੀ ਹੈ॥ਗੁਰਮੁਖ ਹੀ ਭਵਜਲ ਤਰੇ ਹੈ॥ਸਚ ਸੁਧ ਸਿਉ ਗੁਰਮੁਖ ਹੀ ਸਰ ਅਪਸਰ ਕੀ ਬਿਧ ਕੋ ਜਾਨਤੇ ਹੈ॥ਅਰੁ ਗੁਰਮੁਖੋ ਹੀ ਕੋ ਪਰਵਿਰਤ ਨਿਰਵਿਰਤ ਕੀ ਪਛਾਣ ਹੈ॥ਗੁਰਮੁਖ ਹੀ ਤਾਰ ਕੈ ਭੈ ਸਾਗਰ ਸਿਉ ਪਾਰ ਕਰਨੈ ਜੋਗ ਹੈ॥ਹਮ ਸਤ ਕਹਤੇ ਹੈ॥ਗੁਰਮੁਖ ਹੀ ਸਬਦ ਸਿਉ ਨਿਸਤਾਰੇ ਹੈ॥

॥ਪੁਨਹ ਉਤ੍ਰ॥[2]

ਨਾਮੇ ਰਾਤੇ ਹਉਮੈ ਜਾਇ॥ਨਾਮ ਰਤੇ ਸਚਿ ਰਹੇ ਸਮਾਇ॥
ਨਾਮ ਰਤੇ ਜੋਗ ਜੁਗਤ ਬੀਚਾਰ॥ਨਾਮ ਰਤੇ ਪਾਵਹਿ ਮੋਖ ਦੁਆਰ॥
ਨਾਮ ਰਤੇ ਤ੍ਰਿਭਵਣ ਸੋਝੀ ਹੋਇ॥ਨਾਨਕ ਨਾਮ ਰਤੇ ਸਦਾ ਸੁਖ ਹੋਇ॥੩੨॥

॥ਤਿਸ ਕਾ ਪ੍ਰਮਾਰਥੁ॥

ਜਬ ਨਾਮ ਸਿਉ ਰਾਤੇ ਤਬ ਹਉਮੈ ਗਈ॥ਜਬ ਨਾਮ ਸਿਉ ਰਾਤੇ ਤਬ ਸਚ ਸਮਾਵੈ॥ਨਾਮ ਰਤੇ ਜੋਗ ਜੁਗਤ ਕਰ ਬੀਚਾਰ ਪਾਈਤਾ ਹੈ॥ਨਾਮ ਤੇ ਮੁਕਤ ਦੁਆਰ ਪਾਈਤਾ ਹੈ॥ਨਾਮ ਰਤੇ ਤ੍ਰਿਭਵਣ ਕੀ ਸੋਝੀ ਹੋਤੀ ਹੈ॥ਨਾਮ ਰਤੇ ਸਦਾ ਸੁਖ ਪ੍ਰਾਪਤ ਹੋਤਾ ਹੈ॥

॥ਪੁਨਹ ਉਤਰੁ॥[3]

ਨਾਮ ਰਤੇ ਸਿਧ ਗੋਸਟਿ ਹੋਇ॥ਨਾਮ ਰਤੇ ਸਦਾ ਸੁਖ ਹੋਇ॥
ਨਾਮ ਰਤੇ ਸਚ ਕਰਣੀ ਸਾਰ॥ਨਾਮ ਰਤੇ ਗੁਣ ਗਿਆਨ ਵੀਚਾਰ॥
ਬਿਨ ਨਾਵੈ ਬੋਲੈ ਸਭ ਵੇਕਾਰ॥ਨਾਨਕ ਨਾਮ ਰਤੇ ਤਿਨ ਕਉ ਜੈਕਾਰ॥੩੩॥

॥ਤਿਸ ਕਾ ਪਰਮਾਰਥੁ॥

ਹੇ ਜੋਗੀ ਜਬ ਨਾਮ ਸਿਉ ਰਾਤੇ ਤਬ ਸਿਧ ਗੋਸਟਿ ਹੋਇ॥ਜਬ ਨਾਮ ਰਤੇ ਤਬ ਸਦਾ ਹੀ ਤਪੁ ਭਇਆ॥ਜਬ ਨਾਮ ਰਤੇ ਤਬ ਸਰਬ ਕਰਣੀ ਰਾਸ ਭਈ ਜਬ ਨਾਮ ਸਿਉ ਰਾਤੇ ਤਬ ਗੁਨ ਗਿਆਨ ਬਿਚਾਰ ਭਇਆ॥ਬਿਨਾ ਨਾਮ ਕੇ ਬੋਲਨਾ ਸਭ ਬਿਕਾਰ ਹੈ॥ਜੋ ਨਾਮ ਰਤੇ ਤਿਨ ਕੋ ਸਦਾ ਜੈਕਾਰ ਹੈ॥

90/ਅ **॥ਪੁਨਹ/ਉਤਰ॥**[4]

ਪੂਰੇ ਗੁਰ ਤੇ ਨਾਮ ਪਾਇਆ ਜਾਇ॥ਜੋਗ ਜੁਗਤ ਸਚ ਰਹੈ ਸਮਾਇ॥
ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰ॥
[5]ਬਿਨ ਸਬਦੇ ਸਭ ਦੂਜੈ ਲਾਗੀ ਦੇਖੋ ਰਿਦੈ ਬਿਚਾਰ॥
ਨਾਨਕ ਵਡੇ ਸੇ ਵਡਭਾਗੀ ਜਿਨਿ ਸਚਿ ਰਖਿਆ ਉਰਧਾਰਿ॥੩੪॥

॥ਤਿਸ ਕਾ ਪ੍ਰਮਾਰਥੁ॥

ਪੂਰੇ ਸਤਿਗੁਰ ਤੇ ਨਾਮ ਪ੍ਰਾਪਤ ਹੋਤਾ ਹੈ॥ਜਬ ਜੋਗ ਜੁਗਤ ਕਰਿ ਸਚ ਮੋ ਸਮਾਤੇ ਹੈ॥ਅਰੁ ਬਾਰਹ ਪੰਥ ਮੈ ਜੋਗੀ ਭਰਮਤੇ ਹੈ॥ਅਰੁ ਸੰਨਿਆਸੀ ਦਸ ਨਾਮ ਮੈ ਭਰਮਤੇ ਹੈ॥ਇਨੋ ਮੈ ਜੋਗ ਰਸ ਸਬਦ ਕਰਿ ਜੀਵਿਆ ਹੈ॥ਸੋ ਮੁਕਤ ਪਰਾਇਨ ਹੈ॥ਬਿਨ ਸਬਦ ਕੇ ਸਭ ਦੂਜੈ ਭਾਵ ਸੋ ਲਾਗੈ ਹੈ॥ਤੁਮ ਹਿਰਦੈ ਮੈ ਬਿਚਾਰ ਕਰਿ ਦੇਖੋ॥ਹਮ ਸਤ ਕਹਤੇ ਹੈ॥ਵਡੇ ਵਡਭਾਗੀ ਸੇਈ ਜਿਨੋ ਨੇ ਸਚ ਰਿਦੇ ਮੋ ਧਾਰਾ ਹੈ॥

॥ਪੁਨਹ ਉਤਰ॥[6]

ਗੁਰਮੁਖ ਰਤਨ ਰਹੇ ਲਿਵਲਾਇ॥ਗੁਰਮੁਖ ਪਰਖੇ ਰਤਨ ਸੁਭਾਇ॥
ਗੁਰਮੁਖ ਸਾਚੀ ਕਾਰ ਕਮਾਇ॥ਗੁਰਮੁਖ ਸਾਚੇ ਮਨ ਪਤੀਆਇ॥

---

[1] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[2] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[3] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[4] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[5] ਇੱਥੇ '॥ਗੁਰ ਕੇ ਸਬਦ ਜੋ ਮਰ ਜੀਵੈ ਸੋ ਪਾਏ ਮੋਖ ਦੁਆਰ॥' ਪਾਠ ਹੈ (ਅ,ੲ,ਸ)
[6] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)

ਗੁਰਮੁਖ ਅਲਖ ਲਖਾਏ ਤਿਸ ਭਾਵੈ॥ ਨਾਨਕ ਗੁਰਮੁਖ ਚੋਟ ਨ ਖਾਵੈ॥੩੫॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਸਤਿਗੁਰ ਮੁਖ ਬਚਨ ਸਿਉ ਲਿਵ ਲਾਗਤੀ ਹੈ॥ ਰਤਨ ਕਉਨ ਹੈ॥ ਅਪਨਾ ਨਿਜ ਸਰੂਪ ਕਾ ਲਾਭ ਹੋਤਾ ਹੈ॥ ਗੁਰਮੁਖੋ ਕਰਕੇ ਰਤਨ ਸੁਭਾਇ ਪਰਖਿਆ ਜਾਤਾ ਹੈ॥ ਗੁਰ ਬਚਨ ਕਰ ਸਾਚੀ ਕਾਰ ਕਮਾਈ ਜਾਤੀ ਹੈ॥ ਗੁਰਮੁਖ ਹੀ ਸੋ ਸਾਚੇ ਕਰਿ ਮਨ ਪਤਿਆਵਤਾ ਹੈ॥ ਗੁਰਮੁਖ ਹੀ ਕਰ ਅਲਖ ਲਖੇ ਸਤਿਗੁਰ ਭਾਵੈ॥ ਗੁਰ ਬਚਨ ਪ੍ਰਾਪਤ ਕਦਾਚਿਤ ਚੋਟ ਨਹੀ ਲਗਤੀ॥

॥ਪੁਨਹ ਉਤ੍ਰ॥[1]

ਗੁਰਮੁਖ ਨਾਮ ਦਾਨ ਇਸਨਾਨ॥ ਗੁਰਮੁਖ ਲਾਗੈ ਸਹਿਜ ਧਿਆਨ॥
91/ੳ ਗੁਰਮੁਖ ਪਾਵੈ ਦਰਗਹਿ ਮਾਨ॥ ਗੁਰਮੁਖ/ਭਉ ਭੰਜਨ ਪਰਧਾਨੁ॥
ਗੁਰਮੁਖ ਕਰਣੀ ਕਾਰ ਕਰਾਏ॥ ਨਾਨਕ ਗੁਰਮੁਖ ਮੇਖ ਮਿਲਾਇ॥੩੬॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਗੁਰਮੁਖੋ ਹੀ ਕਰਿ ਨਾਮ ਦਾਨ ਇਸਨਾਨ ਹੋਤਾ ਹੈ॥ ਗੁਰਮੁਖ ਬਚਨ ਸਿਉ ਦਰਗਹ ਮਾਨ ਹੋਤਾ ਹੈ॥ ਗੁਰਮੁਖ ਹੀ ਭਉ ਭੰਜਨ ਪ੍ਰਧਾਨ ਹੈ॥ ਅਰ ਜੋ ਗੁਰ ਬਚਨ ਸੋ ਕਰਨੀ ਕਾਰ ਕਰਤੇ ਹੈ॥ ਵਹੀ ਗੁਰ ਬਚਨ ਕਰ ਮੇਲਿ ਮਿਲੇ ਹੈ॥

॥ਪੁਨਹ ਉਤ੍ਰ॥[2]

ਗੁਰਮੁਖ ਸਾਸਤ੍ਰ ਸਿੰਮ੍ਰਤ ਬੇਦ॥ ਗੁਰਮੁਖ ਪਾਵੈ ਘਟਿ ਘਟਿ ਭੇਦ॥
ਗੁਰਮੁਖ ਵੈਰ ਵਿਰੋਧ ਗਵਾਵੈ॥ ਗੁਰਮੁਖ ਸਗਲੀ ਗਣਤ ਮਿਟਾਵੈ॥
ਗੁਰਮੁਖ ਰਾਮ ਨਾਮ ਰੰਗ ਰਾਤਾ॥ ਨਾਨਕ ਗੁਰਮੁਖ ਖਸਮ ਪਛਾਤਾ॥੩੭॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਗੁਰਮੁਖ ਸਬਦ ਹੀ ਸਾਸਤ੍ਰ ਸਿੰਮ੍ਰਤ ਵੇਦ ਹੈ॥ ਗੁਰਮੁਖ ਹੀ ਕਰਿ ਘਟ ਘਟ ਕਾ ਭੇਦ ਜਾਨਿਆ ਜਾਤਾ ਹੈ॥ ਗੁਰਮੁਖ ਹੀ ਕਰਿ ਵੈਰ ਵਿਰੋਧ ਦੂਰਿ ਹੋਇ ਜਾਤਾ ਹੈ॥ ਜੋ ਗੁਰ ਬਚਨ ਕਰ ਰਾਮ ਨਾਮ ਰੰਗ ਰਾਤੇ ਹੈ॥ ਤਿਨੋ ਨੇ ਅਪਨੇ ਗੁਰ ਬਚਨੋ ਸੋ ਅਪਨੇ ਪ੍ਰਭ ਕੋ ਪਛਾਤਾ ਹੈ॥

॥ਪੁਨ ਗੁਰ ਮਹਮਾ ਕਹੀ॥

ਬਿਨੁ ਗੁਰ ਭਰਮੈ ਆਵੈ ਜਾਇ॥ ਬਿਨ ਗੁਰ ਘਾਲ ਨ ਪਵਈ ਥਾਇ॥
ਬਿਨ ਗੁਰ ਮਨੂਆ ਅਤਿ ਡੋਲਾਇ॥ ਬਿਨ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥
ਬਿਨ ਗੁਰ ਬਿਸੀਅਰ ਡਸੈ ਮਰ ਵਾਟ॥ ਨਾਨਕ ਗੁਰ ਬਿਨੁ ਘਾਟੇ ਘਾਟ॥੩੮॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਬਿਨ ਸਤਿਗੁਰ ਭਰਮ ਮੋ ਆਵਤਾ ਜਾਤਾ ਹੈ॥ ਬਿਨ ਸਤਿਗੁਰ ਘਾਲਿ ਥਾਇ ਨਹੀ ਪੜਤੀ॥ ਬਿਨ ਸਤਿਗੁਰ ਮਨ ਚੰਚਲ ਸਦਾ ਹੀ ਰਹਤਾ ਹੈ॥ ਬਿਨ ਸਤਿਗੁਰ ਤ੍ਰਿਪਤ ਨਹੀ ਸਦਾ ਬਿਖ ਭੋਜਨ ਹੈ॥ ਬਿਨ ਗੁਰ ਕੇ ਡਸਿਆ ਕਾਲ ਨੇ ਮਾਰਿਆ ਸੋ ਆਵਾ ਗਵਨ ਮੋ ਹੈ॥ ਬਿਨ ਗੁਰ ਕੇ ਦਿਨ
91/ਅ ਦਿਨ ਘਾ/ਟਾ ਹੈ॥

॥ਪੁਨ ਗੁਰ ਮਿਲਨੇ ਕੀ ਮਹਮਾ॥

ਜਿਸ ਗੁਰ ਮਿਲੇ ਤਿਸ ਪਾਰ ਉਤਾਰੇ॥ ਅਵਗਣ ਮੈਟੇ ਗੁਣ ਨਿਸਤਾਰੇ॥
ਮੁਕਤ ਮਹਾ ਸੁਖ ਗੁਰ ਸਬਦ ਵੀਚਾਰ॥ ਗੁਰਮੁਖ ਕਦੇ ਨ ਆਵੈ ਹਾਰ॥
ਤਨ ਹਟੜੀ ਇਹੁ ਮਨ ਵਣਜਾਰਾ॥ ਨਾਨਕ ਸਹਜੇ ਸਚ ਵਪਾਰਾ॥੩੯॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਜਿਸ ਕੋ ਗੁਰ ਮਿਲੇ ਤਿਸ ਕਾ ਉਤਾ[3] ਹੋਤਾ ਹੈ॥ ਭਵ ਰੂਪੀ ਸਾਗਰ ਸੋ॥ ਅਵਗੁਣ ਮੇਟਿ ਕਰਿ ਨਿਸਤਾਰਾ ਕੀਆ ਹੈ॥ ਮੁਕਤ ਪਰਮ ਸੁਖ ਗਰ ਸਬਦ ਸਿਉ ਤਨ ਰੂਪੀ ਹਟੜੀ ਮੋ ਇਹ ਮਨ ਵਣਜਾਰਾ ਹੋਵੈ॥ ਤਬ ਸਹਜ ਵਪਾਰ ਹੋਤਾ ਹੈ॥

॥ਪੁਨਹ ਉਤ੍ਰ॥[4]

ਗੁਰਮੁਖ ਬਾਂਧਿਓ ਸੇਤ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ॥

---

[1] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[2] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[3] ਉਤਾਰਾ (ਅ,ੲ,ਸ)
[4] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)

ਰਾਮ ਚੰਦ ਮਾਰਿਓ ਅਹ ਰਾਵਣਿ॥ਭੇਦ ਭਭੀਖਣ ਗੁਰਮੁਖ ਪਰਚਾਇਣ॥
ਗੁਰਮੁਖ ਸਾਇਰ ਪਾਹਣਿ ਤਾਰੇ॥ਗੁਰਮੁਖ ਕੋਟ ਤੇਤੀਸ ਉਧਾਰੇ॥੪੦॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਗੁਰ ਬਚਨ ਸਿਉ ਸ੍ਰੀ ਰਾਮ ਚੰਦ੍ਰ ਜੀ ਨੇ ਜਲਿ ਸੇਤਿ ਬੰਧਨ ਕੀਆ॥ਲੰਕਾ ਲੂਟੀ ਦੈਤਨ ਕੋ ਸੰਤਾਪ॥ਸ੍ਰੀ ਰਾਮ ਚੰਦ੍ਰ ਜੀ ਨੇ ਰਾਵਨ ਕੋ ਮਾਰਾ॥ਗੁਰ ਵਚਨ ਕਰ ਭਭੀਖਨ ਨੇ ਭੇਦ ਜਾਨਾ॥ਰਾਮ ਜੀ ਸੇ ਪਰਚਾ ਪਾਇ ਭਗਤ ਪ੍ਰਾਪਤ ਭਈ॥

॥ਤਿਸ ਕਾ ਤਾਤਪਰਜ ਯਹ॥

ਜੋ ਨਾਰਦ ਬਚਨ ਸੋ ਰਾਮ ਜੀ ਕੀ ਮਹਿਮਾ ਦ੍ਰਿੜ ਕਰੀ ਥੀ॥ਸੋ ਭਭੀਖਣ ਅਭੇਦ ਜਾਨਾ॥ਤਬ ਸਰਬ ਗੁਨ ਕੀ ਪ੍ਰਾਪਤ ਭਈ॥ਗੁਰ ਵਚਨ ਸਤਿ ਕਰਿ ਜਲ ਉਪਰ ਪਾਥਰ ਤਰਾਏ॥ਅਰੁ ਤੇਤੀਸ ਕੋਟ ਦੇਵਤਾ ਦੇਹਿ ਧਾਰ ਕੇ ਆਏ ਥੇ॥ਤਿਨ ਕੋ ਦਰਸਨ ਦੇ ਕਰ ਉਧਾਰ ਕੀਆ॥

॥ਪੁਨਹ ਉਤਰ॥[1]

92/ੳ /ਗੁਰਮੁਖ ਚੂਕੈ ਆਵਨ ਜਾਨੁ॥ਗੁਰਮੁਖ ਦਰਗਹ ਪਾਵੈ ਮਾਨ॥
ਗੁਰਮੁਖ ਖੋਟੇ ਖਰੇ ਪਛਾਨ॥ਗੁਰਮੁਖ ਲਾਗੇ ਸਹਿਜ ਧਿਆਨ॥
ਗੁਰਮੁਖ ਦਰਗਹਿ ਸਿਫਤਿ ਸਮਾਇ॥ਨਾਨਕ ਗੁਰਮੁਖ ਬੰਧੁ ਨ ਪਾਇ॥੪੧॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਗੁਰ ਸਬਦ ਸਿਉ ਆਵਨ ਜਾਨ ਮਿਟਤਾ ਹੈ॥ਗੁਰ ਬਚਨ ਕਾ ਦਰਗਹ ਮਾਨ ਪਾਵਤਾ ਹੈ॥ਅਰੁ ਗੁਰਮੁਖੋ ਕਰਿ ਖੋਟੇ ਖਰੇ ਕੀ ਪਛਾਣ ਹੋਤੀ ਹੈ॥ਗੁਰ ਵਾਕ ਸਿਉ ਸਹਜ ਪਦ ਬਿਖੈ ਧਿਆਨ ਲਾਗਤਾ ਹੈ॥ਗੁਰਮੁਖ ਕਰਿ ਸਚਿ ਸਿਫਤ ਦਰਗਹ ਮੋ ਸਮਾਈਤਾ ਹੈ॥ਗੁਰਮੁਖੋ ਕਰ ਸਰਬ ਬੰਧਨ ਸਿਉ ਮੁਕਤ ਮੁਕਤਾ ਹੋਈਤਾ ਹੈ॥

॥ਪੁਨਹ ਉਤ੍ਰ॥[2]

ਗੁਰਮੁਖ ਨਾਮ ਨਿਰੰਜਨ ਪਾਏ॥ਗੁਰਮੁਖ ਹਉਮੈ ਸਬਦ ਜਲਾਏ॥
ਗੁਰਮੁਖ ਸਾਚੇ ਕੇ ਗੁਨ ਗਾਏ॥ਗੁਰਮੁਖ ਸਾਚੇ ਰਹੇ ਸਮਾਏ॥
ਗੁਰਮੁਖ ਸਾਚ ਨਾਮ ਮਤ[3] ਊਤਮ ਹੋਇ॥ਨਾਨਕ ਗੁਰਮੁਖ ਸਗਲ ਭਵਨ ਕੀ ਸੋਝੀ ਹੋਇ॥੪੨॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਗੁਰ ਵਾਕ ਕਰਿ ਨਾਮ ਨਿੰਰਜਨ ਪਾਇਆ ਹੈ॥ਗੁਰ ਵਚਨ ਕਰਿ ਸਾਚੇ ਕੇ ਗੁਨ ਗਾਈਤੇ ਹੈ॥ਗੁਰ ਵਚਨ ਕਰਿ ਸਾਚ ਮੋ ਸਮਾਇ ਰਹੇ ਹੈ॥ਗੁਰਮੁਖ ਕਰਿ ਸਾਚ ਨਾਮ ਪਤਿ ਊਤਮ ਭਈ ਹੈ॥ਗੁਰ ਵਚਨ ਕਰਿ ਸਗਲ ਭਵਨ ਕੀ ਸੋਝੀ ਹੋਤੀ ਹੈ॥

॥ਤਾ ਫੇਰ ਚਰਪਟ ਅਰੁ ਸਰਬ ਸਿਧ ਗੁਰ ਮਹਿਮਾ ਸੁਨਿ ਕਰਿ ਪ੍ਰਸਨ ਕਰਤ ਭਏ॥

ਤੁਮਰਾ[4] ਕਵਨ ਮੂਲ ਕਵਨ ਮਤ ਵੇਲਾ॥ਤੇਰਾ ਕਵਨ ਗੁਰੂ ਜਿਸ ਕਾ ਤੂ ਚੇਲਾ॥
ਕਵਨ ਕਥਾ ਲੇ ਰਹੋ ਨਿਰਾਲੇ॥ਬੋਲੈ ਨਾਨਕ ਸੁਨਹੁ ਤੁਮ ਬਾਲੇ॥
ਏਸ ਕਥਾ ਕਾ ਦੇਹੁ ਬੀਚਾਰ॥ਭਵਜਲ ਸਬਦ ਲੰਘਾਵਨਹਾਰ॥੪੩॥

॥ਤਿਸ ਕਾ ਪ੍ਰਮਾਰਥੁ॥

92/ਅ ਹੇ ਨਾਨਕ ਜੀ ਪ੍ਰਥਮੇ ਤਉ ਮੂਲ ਸਾਧਨਾ ਕਵਨ ਹੈ॥ਕਵਨ ਮਤ ਕਵਨ ਸਮਾ ਹੈ/ਤਿਸ ਕਾ ਅਰੁ ਤੁਮਾਰਾ ਕਵਨ ਗੁਰੂ ਹੈ॥ਜਿਸ ਕੇ ਤੁਮ ਚੇਲੇ ਹੋ॥ਅਰੁ ਕਵਨ ਕਥਾ ਲੇ ਤੁਮ ਨਿਰੰਤਰ ਰਹਿਤੇ ਹੋ॥ਸਭ ਸਿਧ ਕਹਤੇ ਹੈ॥ਸੁਣੋ ਬਾਲਾ ਜੀ॥ਇਸ ਕਥਾ ਕਾ ਬੀਚਾਰ ਕਹੋ॥ਤੁਮਰੇ ਸਬਦ ਸਿਉ ਭਉਜਲ ਪਾਰ ਪਰੀਤਾ ਹੈ॥

॥ਪੁਨਹ ਉਤਰ॥[5]

ਪਵਨ ਅਰੰਭ ਸਤਗੁਰ ਮਤਿ ਵੇਲਾ॥ਸਬਦ ਗੁਰੂ ਸੁਰਤ ਧੁਨਿ ਚੇਲਾ॥
ਅਕਥ ਕਥਾ ਲੇ ਰਹੋ ਨਿਰਾਲਾ॥ਨਾਨਕ ਜੁਗ ਜੁਗ ਗੁਰ ਗੋਪਾਲਾ॥
ਏ[6] ਸਬਦ ਜਿਤ ਕਥਾ ਬੀਚਾਰੀ॥ਗੁਰਮੁਖ ਹਉਮੈ ਅਗਨਿ ਨਿਵਾਰੀ॥੪੪॥

---

[1] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[2] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[3] ਪਤਿ (ਅ,ੲ,ਸ)
[4] ਇੱਥੇ ਸ਼ਬਦ 'ਤੁਮਰਾ' ਨਹੀਂ ਹੈ (ਸ)
[5] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[6] ਏਕ (ਅ,ੲ,ਸ)

॥ ਤਿਸ ਕਾ ਪਰਮਾਰਥੁ ॥

ਹੇ ਚਰਪਟ ਆਦਿ ਸਾਧਨ ਜੋ ਹੈ ਸੋ ਪਵਨ ਅਰੰਭ ਹੈ॥ ਅਰੁ ਸਤਿਗੁਰ ਕੀ ਜੋ ਮਤ ਹੈ ਸੋਈ ਸਰਬ ਸਮਾਧ ਹੈ॥ ਅਰ ਸਬਦ ਗੁਰੂ ਹੈ॥ ਅਰੁ ਸੁਰਤ ਵਹੀ ਸਮਾਧ ਦਿੜ ਚੇਲਾ ਹੈ॥ ਅਕਥ ਕਥਾ ਦਿੜ ਕਰਿ ਨਿਰਾਲਮ ਰਹਤੇ ਹੈ॥ ਜਿਸ ਜੁਗਤ ਕਰਿ ਗੁਰ ਗੋਪਾਲ ਹੀ ਦੇਵਤਾ ਹੈ॥ ਏਕ ਗੁਰ ਵਚਨ ਕਰ ਹਉਮੈ ਅਗਨ ਨਿਰਵਿਰਤ ਭਈ॥

॥ ਪੁਨਹ ਚਰਪਟ ਨਾਥ ਪ੍ਰਸਨ ॥[1]

ਮੈਣ ਕੇ ਦੰਤ ਕਿਉ ਖਾਈਐ ਸਾਰ॥ ਜਿਤ ਗਰਬ ਜਾਇ ਸੋ ਕਵਨ ਅਹਾਰ॥
ਹਿਵ ਕਾ ਘਰ ਮੰਦਰ ਅਗਨ ਪਿਰਾਹਨ॥ ਕਵਨ ਗੁਫਾ ਜਿਤੁ ਰਹੇ ਅਵਾਹਨ॥
ਇਤ ਉਤ ਕਿਸ ਕਉ ਜਾਣ ਸਮਾਵੈ॥ ਕਵਨ ਧਿਆਨ ਮਨ ਮਨਹਿ ਸਮਾਵੈ॥ ੫੪॥

॥ ਤਿਸ ਕਾ ਪਰਮਾਰਥੁ ॥

ਹੇ ਨਾਨਕ ਜੀ ਮੋਮ ਕੇ ਦੰਤ ਸਿਉ ਸਾਰ ਕੈਸੇ ਖਾਈਐ ਹੈ॥ ਅਰੁ ਜਿਤ ਅਹੰਕਾਰ ਜਾਇ ਸੋ ਕਵਨ ਅਹਾਰ ਹੈ॥ ਹਿਵੇ ਕਾ ਘਰੁ ਮੰਦਰ ਅਗਨ ਪਿਰਾਹਨ॥ ਕਵਨ ਹੈ॥ ਵਹੁ ਕਵਨ ਗੁਫਾ ਹੈ ਜਿਸ ਮੈ ਸਤ ਰੂਪ ਅਵਾਹਨ ਰਹਤਾ ਹੈ॥ ਇਤ ਉਤ ਕਿਸ ਕਉ ਬੂਝ ਕੈ ਸਮਾਵੈ॥ ਵਹੁ ਕਵਨ ਧਿਆਨ ਹੈ ਜਿ ਮਨ ਹੀ ਮੋ ਸਮਾਵਤਾ ਹੈ॥

93/ੳ ॥ ਪੁਨ:ਉ/ਤ੍ਰ ॥[2]

ਹਉ ਹਉ ਮੈ ਮੈ ਵਿਚੋ ਖੋਵੈ॥ ਦੂਜਾ ਮੇਟੈ ਏਕੋ ਹੋਵੈ॥
ਜਗ ਕਰੜਾ ਮਨਮੁਖ ਗਾਵਾਰ॥ ਸਬਦ ਕਮਾਈਐ ਖਾਈਐ ਸਾਰ॥
ਅੰਤਰਿ ਬਾਹਰਿ ਏਕੋ ਜਾਣੈ॥ ਨਾਨਕ ਅਗਨਿ ਮਰੈ ਸਤਗੁਰ ਕੈ ਭਾਣੈ॥ ੪੬॥

॥ ਤਿਸ ਕਾ ਪ੍ਰਮਾਰਥੁ ॥

ਹੇ ਚਰਪਟ ਜੀ ਏਹੁ ਜੋ ਹਉਮੈ ਅਰੁ ਮਮਤਾ ਸੁਭਾਵ ਮਨ ਮੋ ਧਾਰਾ ਹੈ॥ ਤਿਸ ਕੋ ਖੋਵਹਿ॥ ਜਬ ਦੂਜਾ ਅੰਹਕਾਰ ਕਰੈ ਤਬ ਏਕ ਹੋਵੈ॥ ਜਗ ਕਰੜਾ ਹੈ ਮਨਮੁਖ ਗਰਧਬ ਗਵਾਰ[3] ਹੈ॥ ਜਬ ਸਬਦ ਕੋ ਕਮਾਵੈ॥ ਤਬ ਮੈਣ ਕੇ[4] ਦੰਤਾ ਸੋ ਸਾਰ ਕੋ ਖਾਏ॥ ਅੰਤਰਿ ਬਾਹਰਿ ਏਕ ਬ੍ਰਹਮ ਪੂਰਨ ਜਾਨੈ॥ ਇਛਾ ਰੂਪੀ ਅਗਨ ਤਬ ਸਤਬ ਸਤਿਗੁਰ ਕੇ ਭਾਣੇ ਸੋ ਮਿਟੈ॥

॥ ਪੁਨਹ ਉਤ੍ਰ ॥[5]

ਸਚ ਭੈ ਰਾਤਾ ਗਰਬ ਨਿਵਾਰੈ॥ ਏਕੋ ਜਾਤਾ ਸਬਦ ਬੀਚਾਰੈ॥
ਸਬਦ ਵਸੈ ਸਚ ਅੰਤਰ ਹੀਆ॥ ਮਨ ਤਨ ਸੀਤਲ ਰੰਗ ਰੰਗੀਆ॥
ਕਾਮ ਕ੍ਰੋਧ ਬਿਖ ਅਗਨ ਨਿਵਾਰੈ॥ ਨਾਨਕ ਨਦਰੀ ਨਦਰਿ ਪਿਆਰੇ॥ ੪੭॥

॥ ਤਿਸ ਕਾ ਪ੍ਰਮਾਰਥੁ ॥

ਹੇ ਚਰਪਟ ਜਬ ਸਚ ਭੈ ਰਾਤਾ ਤਬ ਗਰਬ ਨਿਵਰਤ ਭਇਆ॥ ਅਰੁ ਜਬ ਗੁਰ ਸਬਦ ਵੀਚਾਰਾ ਤਬ ਏਕ ਬ੍ਰਹਮ ਕਾ ਜਾਨਨਹਾਰਾ ਭਇਆ॥ ਸਬਦ ਸਤ ਜਬ ਅੰਤਰਿ ਹਿਰਦੇ ਬਸਿਆ ਤਬ ਤਨ ਮਨ ਸੀਤਲ ਭਇਆ॥ ਜਬ ਕਾਮ ਕ੍ਰੋਧ ਬਿਖਆ ਅਗਨ ਰੂਪੀ ਨਿਵਾਰਨ ਭਈ॥ ਤਬ ਨਜਰ ਕਾ ਪ੍ਰਪਤ ਹੋਆ॥ ਸਤਗੁਰ ਪਿਆਰ ਕੀ ਨਜਰ ਭਈ॥

॥ ਪ੍ਰਸਨ ਚਰਪਟ ਨਾਥ ॥[6]

ਕਵਨ ਮੁਖ ਚੰਦ ਹਿਵੈ ਘਰਿ ਛਾਇਆ॥ ਕਵਨ ਮੁਖ ਸੂਰਜ ਤਪੈ ਤਪਾਇਆ॥
ਕਵਨ ਮੁਖ ਕਾਲ ਜੋਹਤ ਨਿਤ ਰਹੈ॥ ਕਵਨ ਬੁਧ ਗੁਰਮੁਖ ਪਤਿ ਰਹੈ॥
93/ਅ ਕਵਨ ਜੋਧ ਜੋ ਕਾਲ ਸੰਘਾਰੈ॥ ਬੋ/ਲੈ ਬਾਣੀ ਨਾਨਕ ਬੀਚਾਰੈ॥ ੪੯॥

॥ ਤਿਸ ਕਾ ਪ੍ਰਮਾਰਥੁ ॥

ਹੇ ਨਾਨਕ ਜੀ ਕਵਨ ਮੁਖ ਚੰਦ੍ਰਮਾ ਹਿਵੈ ਘਰ ਪ੍ਰਕਾਸ ਹੈ॥ ਅਰੁ ਕਵਨ ਬਿਧ ਕਰਿ ਕਾਲ ਕੀ

---

[1] ਇੱਥੇ ਸਿਰਲੇਖ ' ॥ ਪੁਨਹ ਚਰਪਟ ਨਾਥ ਪ੍ਰਸਨ ॥ ਪਉੜੀ ॥ ' ਹੈ (ਸ)
[2] ਇੱਥੇ ਸਿਰਲੇਖ ' ॥ ਪੁਨ: ਉਤ੍ਰ ॥ ' ਨਹੀਂ ਹੈ (ਅ)
[3] ਗਵਾਹ (ਸ)
[4] ਮੈਣ ਮੋਮ ਕੇ (ਸ)
[5] ਇੱਥੇ ਸਿਰਲੇਖ ' ॥ ਪੁਨ ਉਤ੍ਰ ॥ ਪਉੜੀ ॥ ' ਹੈ (ਸ)
[6] ਇੱਥੇ ਸਿਰਲੇਖ ' ॥ ਪ੍ਰਸਨ ਚਰਪਟ ਨਾਥ ॥ ਪਉੜੀ ॥ ' ਹੈ (ਸ)

ਜੋਹ ਤੇ ਰਹਤ ਹੋਵੈ॥ਅਰੁ ਵਹੁ ਕਵਨ ਬੁਧ ਹੈ ਜਿਸ ਕਰਿ ਗੁਰਮੁਖ ਪਤ ਰਹੈ॥ਅਰੁ ਵਹੁ ਕਵਨ ਜੋਧਾ ਹੈ ਜੋ ਕਾਲ ਕੋ ਸੰਘਾਰੈ ਹੈ॥ਹੇ ਨਾਨਕ ਜੀ ਇਸ ਬਾਣੀ ਕਾ ਬਿਚਾਰ ਕਹੋ॥

॥ਤਿਸ ਕਾ ਉਤਰ॥[1]

ਸਬਦ ਭਾਖਤ ਸਸ ਜੋਤ ਅਪਾਰਾ॥ਸਸ ਘਰ ਸੂਰ ਵਸੈ ਮਿਟੈ ਅੰਧਿਆਰਾ॥
ਦੁਖ ਸੁਖ ਸਮ ਕਰਿ ਨਾਮ ਅਧਾਰਾ॥ਆਪੇ ਪਾਰ ਉਤਾਰਨਹਾਰਾ ਹੈ॥
ਗੁਰ ਪਰਚੈ ਮਨ ਸਾਚ ਸਮਾਏ॥ਪ੍ਰਣਵਤ ਨਾਨਕ ਕਾਲ ਨ ਖਾਇ॥੪੯॥

॥ਤਿਸ ਕਾ ਪ੍ਰਮਾਰਥੁ॥

ਹੇ ਚਰਪਟ ਜਬ ਏਹੁ ਸਬਦ ਭਾਖੀ ਭਇਆ॥ਤਬ ਸਸ ਸੀਤਲ ਅਪਾਰ ਜੋਤ ਪ੍ਰਕਾਸ ਭਇਆ॥ਅਰੁ ਜਬ ਸਸ ਕੇ ਘਰ ਮੈ ਸੂਰਜ ਆਵੈ ਹੈ॥ਅਰਥ ਯਹ॥ਜੋ ਪ੍ਰਾਨ ਅਪਾਨ ਏਕ ਭਏ ਤਬ ਅੰਧੇਰਾ ਨਿਵਰਤ ਭਇਆ॥ਜਬ ਦੁਖ ਸਮ ਹੋਆ ਤਬ ਨਾਮ ਕਾ ਅਧਾਰ ਭਇਆ॥ਜਬ ਐਸਾ ਭਇਆ ਤਬ ਆਪ ਕੋ ਪਾਰ ਉਤਾਰਨਹਾਰ ਹੋਇਆ॥ਜਬ ਸਤਿਗੁਰ ਸਿਉ ਪਰਚਿਆ ਤਬ ਮਨ ਸਾਚ ਮੋ ਸਮਾਇਆ॥ਜਬ ਸਾਚ ਮੋ ਸਮਾਇਆ ਤਬ ਕਾਲ ਸੌ ਰਹਤਿ ਹੋਇਆ॥

॥ਪੁਨਹ ਉਤਰ॥[2]

ਨਾਮ ਤਤ ਸਭ ਹੀ ਸਿਰ ਜਾਪੈ॥ਬਿਨ ਨਾਵੈ ਦੁਖ ਕਾਲ ਸੰਤਾਪੈ॥
ਤਤੋ ਤਤ ਮਿਲੈ ਮਨ ਮਾਨੈ॥ਦੂਜਾ ਜਾਇ ਇਕਤ ਘਰ ਆਨੈ॥
ਬੋਲੈ ਪਵਨਾ ਗਗਨ ਗਰਜੈ॥ਨਾਨਕ ਨਿਹਚਲ ਮਿਲਣ ਸਹਜੈ॥੫੦॥

॥ਤਿਸ ਕਾ ਪ੍ਰਮਾਰਥੁ॥

94/ੳ ਹੇ ਜੋਗੀ ਨਾਮ ਤਤ ਜੋ/ਹੈ ਸੋ ਸਭ ਕੇ ਸਰੋਮਨ ਹੈ॥ਬਿਨਾ ਨਾਮ ਕੇ ਕਾਲ ਕਾ ਦੁਖ ਸੰਤਾਵੈ॥ਤਤ ਸੋ ਤਤ ਤਬਿ ਮਿਲੈ ਜਬ ਮਨ ਇਸ ਜੁਗਤ ਕੋ ਮਾਨੈ॥ਦੂਜਾ ਸਭ ਨਿਵਰਤ ਕਰਿ ਏਕਾਗਰ ਹੋਇ ਕਰਿ ਗ੍ਰਹ ਮੋ ਨਿਵਾਸ ਕਰੈ॥ਤਬ ਪਵਨ ਕਰ ਅਕਾਸ ਮੋ ਸਬਦ ਅਨਾਹਦ ਗਾਜੈ॥ਤਬਿ ਨਿਹਚਾ ਹੋਇਆ ਸਹਜ ਮਿਲਾਪ ਭਇਆ॥

॥ਪੁਨਹ ਉਤਰ॥[3]

ਅੰਤਰਿ ਸੁੰਨੰ ਬਾਹਰਿ ਸੁੰਨੁ ਤ੍ਰਿਵਨ ਸੁੰਨ ਮਸੁੰਨੰ॥
ਚਉਥੈ ਸੁਨੈ ਜੋ ਨਰਿ ਜਾਣੈ ਤਾ ਕਉ ਪਾਪ ਨ ਪੁੰਨੰ॥
ਘਟ ਘਟ ਸੁਨ ਕਾ ਜਾਣੈ ਭੇਉ॥ਆਦਿ ਪੁਰਖ ਨਿਰੰਜਨ ਦੇਵ॥
ਜੋ ਜਨ ਨਾਮ ਨਿਰੰਜਨ ਰਾਤਾ॥ਨਾਨਕ ਸੋਈ ਪੁਰਖ ਬਿਧਾਤਾ॥੫੧॥

॥ਤਿਸ ਕਾ ਪ੍ਰਮਾਰਥੁ॥

ਹੇ ਚਰਪਟ ਅੰਤਰਿ ਅਰੁ ਬਾਹਰਿ ਤੀਨ ਭਵਨ ਮੈ ਏਕ ਸੁੰਨ ਪੂਰਨ ਹੈ॥ਇਸ ਚਉਥੈ ਸੁੰਨ ਕਾ ਜੋ ਜਾਨਨਹਾਰਾ ਹੈ॥ਤਾ ਕੋ ਪਾਪ ਨਹੀ ਲਾਗਤਾ॥ਘਟ ਘਟ ਬਿਖੈ ਜੋ ਸੁੰਨ ਕਾ ਭੇਵ ਜਾਨਤਾ ਹੈ॥ਤਉ ਆਦਿ ਪੁਰਖ ਨਿਰੰਜਨ ਦੇਵ ਪੂਰਨ ਹੈ॥ਜੋ ਜਨ ਇਸ ਜੁਗਤ ਕਰਿ ਨਾਮ ਨਿਰੰਜਨ ਸਿਉ ਰਾਤੇ ਹੈ॥ਵਹੀ ਬਿਧਾਤੇ ਪੁਰਖ ਹੈ॥

॥ਪੁਨਹ ਉਤ੍ਰ॥[4]

ਸੁੰਨੋ ਸੁੰਨ ਕਹੈ ਸਭ ਕੋਈ॥ਅਨਹਤ ਸੁੰਨ ਕਹਾ ਤੇ ਹੋਈ॥
ਅਨਹਤ ਸੁੰਨ ਰਤੇ ਸੇ ਕੈਸੇ॥ਜਿਸ ਤੇ ਉਪਜੇ ਤਿਸ ਹੀ ਜੈਸੇ॥
ਓਇ ਜਨਮ ਨ ਮਰਹਿ ਨ ਆਵਹਿ ਜਾਹਿ॥ਨਾਨਕ ਗੁਰਮੁਖ ਮਨ ਸਮਝਾਹਿ॥੫੨॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਸੁੰਨ ਸਭ ਕੋਈ ਕਹੇ ਹੈ॥ਜਬ ਏਹ ਜਾਣੈ ਅਨਹਤ ਸੁੰਨ ਕਹਾ ਤੇ ਹੋਤਾ ਹੈ॥ਅਰੁ ਅਨਹਤਿ ਜੋ ਰਾਤੇ ਹੈ॥ਸੋ ਕੈਸੇ ਹੋਇ॥ਵੈ ਜਿਸਤੇ ਉਪਜਤੇ ਹੈ॥ਤਿਸੇ ਸਮਾਨ ਹੈ॥ਵੈ ਜਨਮ ਮਰਨ ਆਵਨ ਜਾਨ ਸੋ ਰਹਤ ਹੈ॥ਉਨੋ ਨੇ ਗੁਰ ਵਚਨ ਸੋ ਮਨ ਸਮਝਾਇਆ ਹੈ॥

---

[1] ਇੱਥੇ ਸਿਰਲੇਖ '॥ਤਿਸ ਕਾ ਉਤਰ॥ਪਉੜੀ॥' (ਸ)
[2] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[3] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[4] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)

॥ਪੁਨਹ ਉਤਰ॥[1]

94/ਅ ਨਉ ਸਰ ਸੁਭਰ ਦਸ/ਵੈ ਪੂਰੇ॥ਤਹਾ ਅਨਹਤਿ ਸੁਨਿ ਵਜਾਵਹਿ ਤੂਰੇ॥
ਘਟਿ ਘਟਿ ਸਾਚ ਰਹਿਆ ਭਰਪੂਰੇ॥[2]
ਗੁਪਤੀ ਬਾਣੀ ਪਰਗਟ ਹੋਇ॥ਨਾਨਕ ਪਰਖ ਲਏ ਸਚੁ ਸੋਇ॥੫੩॥

॥ਤਿਸ ਕਾ ਪ੍ਰਮਾਰਥੁ॥

ਹੇ ਚਰਪਟ ਨਉ ਸਰ ਜੋ ਨਉ ਦੁਆਰੇ ਹੈ॥ਤਿਨ ਕੋ ਦ੍ਰਿੜ ਕਰ ਦਸਵੇ ਦੁਆਰ ਮੋ ਪਵਨ ਪੂਰਨ ਕਰੇ॥ਤਹਾ ਅਨਹਦ ਅਨੇਕ ਬਾਜੇ ਬਜਾਵੈ ਤਬ ਸਚ ਮੋ ਰਚੈ॥ਅਰੁ ਸਭ ਸਾਛਾਤਕਾਰ ਦੇਖਾ ਘਟ ਘਟ ਮੋ ਸਾਚ ਪੂਰਨ ਹੈ॥ਗੁਪਤ ਬਾਨੀ ਏਹੀ ਹੈ॥ਸਬਦ ਬ੍ਰਹਮ ਜਬ ਪਰਗਟ ਹੋਇਆ॥ਤਬ ਸਾਚ ਕੋ ਪਰਖ ਸਚ ਭਇਆ॥

॥ਪੁਨਹ ਉਤਰ॥[3]

ਸਹਜ ਭਾਇ ਮਿਲੀਐ ਸੁਖੁ ਹੋਵੈ॥ਗੁਰਮੁਖ ਜਾਗੈ ਨੀਦ ਨ ਸੋਵੈ॥
ਸੁੰਨ ਸਬਦ ਅਪਰੰਪਰ ਧਾਰੈ॥ਕਹਤੇ ਮੁਕਤਿ ਸਬਦ ਨਿਸਤਾਰੈ॥
ਗੁਰ ਕੀ ਦੀਖਿਆ ਸੇ ਸਚਿ ਰਾਤੇ॥ਨਾਨਕ ਆਪ ਗਵਾਇ ਮਿਲਨ ਨਹੀ ਭ੍ਰਾਤੇ॥੫੪॥

॥ਤਿਸ ਕਾ ਪਰਮਾਰਥੁ॥

ਹੇ ਜੋਗੀ ਸਹਜ ਭਾਇ ਸੋ ਮਿਲਾਏ ਤਉ ਪਰਮ ਸੁਖ ਹੋਵਹਿ॥ਅਰੁ ਗੁਰ ਵਚਨ ਕਰਿ ਜਾਗੇ ਤਾ ਫੇਰਿ ਨ ਸੋਵੈ॥ਸੁੰਨ ਸਬਦ ਅਪੰਰਪਰ ਕੋ ਜਬ ਧਾਰੇ ਤਿਸ ਕੋ ਮੁਕਤ ਕਹਤੇ ਹੈ॥ਸਬਦ ਕਰਿ ਨਿਸਤਾਰਾ ਹੋਤਾ ਹੈ॥ਗੁਰ ਦੀਛਿਆ ਕਰਿ ਸੇਈ ਸਚਿ ਰਤੇ ਹੈ॥ਜਿਨ ਕੇ ਆਪਾ[4] ਦੂਰ ਭਇਆ ਵਹੀ ਨਿਹ ਭਰਮ ਹੈ ਮਿਲੈ ਹੈਨ॥

॥ਪੁਨਹ ਉਤਰ॥[5]

ਕਬੁਧ ਚਵਾਵੈ ਸੋ ਕਤ ਠਾਇ॥
ਕਿਉ ਤਤ ਨ ਬੂਝੈ ਚੋਟਾ ਖਾਇ ਜਮ ਦਰ ਬਾਧੇ ਕੋਇ ਨ ਰਾਖੈ॥
ਬਿਨ ਸਬਦੈ ਨਾਹੀ ਪਤਿ ਸਾਖੈ॥
ਕਿਉ ਕਰਿ ਬੂਝੈ ਪਾਵੈ ਪਾਰ॥ਨਾਨਕ ਮਨਮੁਖ ਨਹੀ ਬੂਝੈ ਗਵਾਰ॥੫੫॥

॥ਤਿਸ ਕਾ ਪਰਮਾਰਥੁ॥

ਜੋ ਕੁਬੁਧ ਪੜਤੇ ਅਰੁ ਪੜਾਵਤੇ ਹੈ॥ਤਿਨ ਕਾ ਕੋਈ ਠਉੜ ਨਾਹੀ॥ਅਰੁ ਜੋ ਤਤ ਕੋ ਨਹੀ
95/ੳ ਬੂਝਤੇ ਸੋ/ਈ ਚੋਟਾਂ ਖਾਤੇ ਹੈ॥ਤਿਨ ਕੀ ਜਮ ਦੁਆਰਿ ਕਵਨ ਰਛਾ ਕਰੇ॥ਬਿਨ ਗੁਰ ਸਬਦ ਕਹਾ ਪਤਿ ਸਾਖ ਹੋਇ॥ਵੈ ਕਿਸ ਪ੍ਰਕਾਰ ਸੋ ਬੂਝੈ॥ਜੋ ਪਾਰ ਪਰੈ॥ਮਨਮੁਖੀ ਬਿਨਾ ਬੂਝੇ ਗਵਾਰ ਭਏ॥ਤਾ ਫੇਰਿ ਸਿਧੋ ਨੇ ਕਹਾ ਹੇ ਨਾਨਕ ਜੀ ਜੋ ਕੁਬੁਧੀ ਹੈ ਤਿਨ ਕੀ ਗਤਿ ਕੈਸੇ ਹੋਵੈਗੀ॥

॥ਤਬ ਬਾਬੇ ਜੀ ਨੇ ਉਤਰ ਦੀਆ॥[6]

ਕੁਬੁਧ ਮਿਟੇ ਗੁਰ ਸਬਦ ਬੀਚਾਰ॥ਸਤਿਗੁਰ ਭੇਟੇ ਮੋਖ ਦੁਆਰ॥
ਤਤ ਨ ਚੀਨੇ ਮਨਮੁਖ ਜਲਿ ਜਾਇ॥ਦੁਰਮਤ ਵਿਛੁੜ ਚੋਟਾਂ ਖਾਇ॥
ਮਾਨੈ ਹੁਕਮ ਸਭੈ ਗੁਣ ਗਿਆਨ॥ਨਾਂਨਕ ਦਰਗਹ ਪਾਵੈ ਮਾਨੁ॥੫੬॥

॥ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਕਬੁਧ ਸਤਿਗੁਰ ਕੇ ਸਬਦ ਬਿਚਾਰ ਸੋ ਮਿਟਤੀ ਹੈ॥ਸਤਿਗੁਰ ਕੀ ਭੇਟਾ ਮੁਕਤ ਦੁਆਰ ਹੈ॥ਜੋ ਇਸ ਤਤ ਕੋ ਨਾਹੀ ਚੀਨਤੇ ਸੋ ਮਨਮੁਖ ਜਲ ਜਾਤੇ ਹੈ॥ਦੁਰਮਤ ਸੋ ਵਿਛੁੜ ਚੋਟਾਂ ਖਾਤੇ ਹੈ॥ਜੋ ਸਤਿਗੁਰ ਕੇ ਹੁਕਮ ਮੈ ਸਰਬ ਗੁਨ ਗਿਆਨ ਹੋਵੈ॥ਤਬ ਹਰਿ ਕੈ ਦੁਆਰੇ ਮਾਨ ਕੋ ਪਾਵੈ॥

॥ਪੁਨਹ ਉਤਰ॥[7]

ਸਾਚ ਵਖਰ ਧਨ ਪਲੈ ਹੋਇ॥ਆਪ ਤਰੇ ਤਾਰੇ ਭੀ ਸੋਇ॥

---

[1] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[2] ਸਾਚੇ ਰਾਚੇ ਦੇਖ ਹਜੂਰੇ॥ਘਟਿ ਘਟਿ ਸਾਚ ਰਹਿਆ ਭਰਪੂਰੇ॥ (ਅ,ੲ,ਸ)
[3] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[4] ਭ੍ਰਮ (ਅ)
[5] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[6] ਇੱਥੇ ਸਿਰਲੇਖ '॥ਤਬ ਬਾਬੇ ਜੀ ਨੇ ਉਤਰ ਦੀਆ॥ਪਉੜੀ॥' ਹੈ (ਸ)
[7] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)

ਸਹਜ ਰਤਾ ਬੂਝੈ ਪਤਿ ਹੋਇ॥ ਤਾਂ ਕੀ ਕੀਮਤਿ ਕਹੈ ਨ ਕੋਇ॥
ਜਹ ਦੇਖਾਂ ਤਹ ਰਹਿਆ ਸਮਾਇ॥ ਨਾਨਕ ਪਾਰ ਪਰੈ ਸਚੁ ਭਾਇ॥੫੭॥

॥ ਤਿਸ ਕਾ ਪ੍ਰਮਾਰਥੁ॥

ਹੇ ਜੋਗੀ ਜਿਸ[1] ਸਾਚ ਵਖਰ ਧਨ ਪਲੈ ਹੋਇ॥ ਵੈ ਆਪ ਤਰੇ ਹੈ॥ ਅਵਰਨ ਕੋ ਤਾਰਨੇ ਜੋਗ ਹੈ॥ ਵੈ ਸਹਜ ਰਤੇ ਬੂਝਨਹਾਰੇ ਪਤਵੰਤੇ ਹੈ॥ ਉਨ ਕੀ ਮਹਿਮਾ ਕੋਈ ਕਹਾਂ ਲਗ ਕਰੇ॥ ਤਿਨੋ ਨੇ ਸਰਬ ਦਿਸਾ ਬ੍ਰਹਮ ਸਮਾਇਆ ਪੂਰਨ ਦੇਖਾ ਹੈ॥ ਵੈ ਸਤ ਭਾਇ ਕਰਿ ਪਾਰ ਪਰੇ ਹੈ॥

॥ ਪੁਨਹ ਚਰਪਟ ਪ੍ਰਸਨ॥[2]

ਸੋ ਸਬਦ ਕਾ ਕਹਾ ਵਾਸੁ ਕਥੀਅਲੇ ਜਿਤ ਤਰੀਐ ਭਵਜਲ ਸੰਸਾਰੋ॥
95/ਅ ਤ੍ਰੈ ਸਤ ਅੰਗੁਲ ਵਾਈ ਅਉ/ਧੂ ਤਿਸੁ ਕਹੁ ਕਵਨ ਅਧਾਰੋ॥
ਬੋਲੈ ਖੇਲੈ ਅਸਥਿਰ ਹੋਵੈ ਕਿਉ ਕਰਿ ਅਲਖ ਲਖਾਏ॥
ਸੁਨ ਸੁਆਮੀ ਸਚੁ ਨਾਨਕ ਪ੍ਰਣਵੈ ਅਪਨੇ ਮਨ ਸਮਝਾਵੈ॥
ਗੁਰਮੁਖ ਸਬਦੈ ਸਾਚ ਲਿਵ ਲਾਗੀ ਕਰ ਨਦਰੀ ਮੇਲ ਮਿਲਾਏ॥
ਆਪੇ ਦਾਨਾ ਆਪੇ ਬੀਨਾ ਪੂਰੇ ਭਾਗ ਸਮਾਏ॥੫੮॥

॥ ਤਿਸ ਕਾ ਪ੍ਰਮਾਰਥੁ॥

ਹੇ ਨਾਨਕ ਉਸ ਸਬਦ ਕਾ ਕਹਾ ਵਾਸਾ ਹੈ॥ ਜਿਤ ਕਰ ਭਵਜਲ ਸੰਸਾਰ ਤਰਾਏ॥ ਤ੍ਰੈ ਸਤਿ ਅੰਗਲ ਵਾਈ ਕਹਤੇ ਹੈ॥ ਤਿਸ ਕਾ ਕਹੋ ਕਵਨ ਅਧਾਰ ਕਰਤੇ ਹੈ॥ ਅਰੁ ਇਸ ਸਕਤ ਸੌ ਬੋਲਤਾ ਚਲਤਾ ਹੈ ਖੇਲਤਾ ਹੈ॥ ਅਰੁ ਅਸਥਿਰ ਹੋਇ ਬੈਠਤਾ ਹੈ॥ ਕਿਸ ਪ੍ਰਕਾਰ ਕਰਿਕੇ ਹੈ॥ ਇਸ ਅਲਖ ਕੋ ਲਖੀਐ॥

॥ ਤਿਸ ਕਾ ਉਤ੍ਰ॥

ਸੁਨੋ ਸੁਆਮੀ ਹਮ ਸਚ ਕਹਤੇ ਹੈ॥ ਤੁਮ ਅਪਨੇ ਮਨ ਕੋ ਸਮਝਾਇ ਦੇਖੋ॥ ਗੁਰਮੁਖ ਸਬਦ ਸਿਉ ਜਬ ਸਚ ਲਿਵ ਲਾਗੇ ਤਬ ਕ੍ਰਿਪਾ ਦਿਸਟਿ ਕਰਿ ਅਪਨੇ ਮੇਲ ਸਿਉ ਮਿਲਾਵੈ॥ ਆਪ ਹੀ ਦਾਨਾ ਬੀਨਾ ਹੈ॥ ਪੂਰੇ ਭਾਗ ਸਿਉ ਮਿਲਾਇ ਲੇਤਾ ਹੈ॥

॥ ਪੁਨਹ ਉਤਰ॥

ਸੋ ਸਬਦ ਕਉ ਨਿਰੰਤਰ ਵਾਸ ਅਲਖੰ ਜਹਿ ਦੇਖਾ ਤਹਿ ਸੋਈ॥
ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰਿ ਸੋਈ॥
ਨਦਰਿ ਕਰੈ ਸਬਦਿ ਘਟ ਮੈ ਵਸੈ ਵਿਚੋ ਭਰਮ ਗਵਾਏ॥
ਤਨ ਮਨ ਨਿਰਮਲ ਨਿਰਮਲ ਬਾਣੀ ਸਾਚੋ ਮੰਨ ਵਸਾਏ॥
ਸਬਦ ਗੁਰੂ ਭਵ ਸਾਗਰ ਤਰੀਐ ਇਤ ਉਤ ਏਕੋ ਜਾਣੈ॥
ਨਿਹਨ[3] ਵਰਨ ਨਹੀ ਛਾਇਆ ਮਾਇਆ ਨਾਨਕ ਸਬਦ ਪਛਾਣੈ ॥੫੯॥

॥ ਤਿਸ ਕਾ ਪਰਮਾਰਥੁ॥

ਹੇ ਜੋਗੀ ਸੁਰ ਸਬਦ ਕਾ ਨਿਰੰਤਰ ਵਾਸ ਅਲਖ ਹੈ॥ ਜਹਾਂ ਦੇਖਾ ਤਹਾ ਪੂਰਨ ਹੈ॥ ਅਰੁ ਪਵਨ
96/ੳ ਕਾ ਵਾਸਾ ਸੁੰਨ ਨਿਵਾਸਾ ਹੈ॥ ਅਕਲ ਕਲਾ ਧਰਿ ਸੋਈ ਧਾਰਨਹਾਰਾ ਵਹੀ ਹੈ॥ ਜਬ ਅਪ/ਨੀ ਕਿਰਪਾ ਕਰੈ ਤਬ ਸਬਦ ਘਟ ਮੈ ਵਸੈ॥ ਅੰਤਰਿ ਸੋ ਭਰਮ ਦੂਰ ਹੋਇ॥ ਤਨ ਮਨ ਨਿਰਮਲ ਬਾਣੀ ਭਈ॥ ਜਬ ਪਰਮੇਸਰ ਕੇ ਨਾਮ ਬਿਖੇ ਮਨ ਬਸਿਆ ਤਬ ਗੁਰ ਕੇ ਸਬਦ ਕਰਿ ਭਵ ਸਾਗਰ ਤਰੇ॥ ਇਤ ਉਤ ਏਕੋ ਜਾਣੈ॥ ਚਿਹਨ ਵਰਨ ਨਹੀ ਛਾਇਆ ਅਰੁ ਮਾਇਆ॥ ਸਭ ਬਿਗਤ ਭਈ॥ ਜਬ ਗੁਰ ਕਾ ਸਬਦ ਪਛਾਨਿਆ॥

॥ ਪੁਨਹ ਉਤਰ ਗੋਰਖ ਨਾਥ॥

ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚ ਅਹਾਰੋ॥
ਗੁਰਮੁਖ ਬੋਲੈ ਤਤ ਵਿਰੋਲੈ ਚੀਨੇ ਅਲਖ ਅਪਾਰੋ॥
ਤ੍ਰੈ ਗੁਨ ਮੇਟੈ ਸਬਦ ਵਸਾਏ ਤਾ ਚੂਕੈ ਅੰਹਕਾਰੋ॥
ਅੰਤਰਿ ਬਾਹਿਰ ਏਕੋ ਜਾਣੈ ਤਾ ਹਰਿ ਨਾਮ ਲਗੈ ਪਿਆਰੋ॥
ਸੁਖਮਨਾ ਇੜਾ ਪਿੰਗੁਲਾ ਕੋ ਬੂਝੈ ਜਾਂ ਆਪੇ ਅਲਖ ਲਖਾਏ॥

---

[1] ਜਿਸ ਕੇ (ਸ)

[2] ਇੱਥੇ ਸਿਰਲੇਖ ‘॥ਪੁਨਹ ਚਰਪਟ ਨਾਥ ਪ੍ਰਸਨ॥ਪਉੜੀ॥’ ਹੈ (ਅ,ੲ)

[3] ਚਿਹਨ (ਅ,ੲ,ਸ)

ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦ ਸਮਾਏ॥੯੦॥

॥ਤਿਸ ਕਾ ਪ੍ਰਮਾਰਥ॥

ਹੇ ਪਰਮ ਅਵਧੂਤ॥ ਤ੍ਰੈ ਸਤ ਅੰਗਲ ਵਾਈ ਜੋ ਹੈ ਸੋ ਸੁੰਨ ਸਚ ਕੇ ਅਹਾਰ ਹੈ॥ ਜੇ ਗੁਰ ਵਾਕ ਸਬਦ ਹੀ ਬੋਲੈ ਅਰ ਤਤ ਹੀ ਵਿਰੋਲੇ ਤਾਂ ਅਲਖ ਅਪਾਰ ਕੋ ਚੀਨੈ॥ ਤੀਨ ਗੁਨ ਕੋ ਮੇਟਿ ਸਬਦ ਦਿੜ ਕਰੇ॥ ਤਾਂ ਮਨ ਕਾ ਅਹੰਕਾਰ ਦੂਰ ਹੋਇ॥ ਅੰਤਰ ਬਾਹਰਿ ਏਕੁ ਜਾਣੈ ਤਾਂ ਹਰਿ ਨਾਮ ਸਿਉ ਪਿਆਰ[1] ਲਗੇ॥ ਸੁਖਮਨਾ ਅਰੁ ਇੜਾ ਪਿੰਗੁਲਾ ਕੋ ਬੂਝੈ ਜਬ ਸਤਗਰ ਅਲਖ ਕੋ ਲਖਾਵੈ॥ ਇਸ ਤੀਨ ਗੁਨ ਕੇ ਊਪਰਿ ਸਾਚਾ ਹੈ ਸੋ ਸਤਿਗੁਰ ਸਬਦ ਸੋ ਸਮਾਏ॥

॥ਪੁਨ:ਗੋਰਖ ਪ੍ਰਸਨ॥[2]

ਮਨ ਕਾ ਜੀਵ ਪਵਨ ਕਥੀਅਲੇ ਪਵਨ ਕਹਾ ਰਸੁ ਖਾਈ॥
ਗਿਆਨ ਕੀ ਮੁੰਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ॥
96/ਅ ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿ/ਸ ਨ ਜਾਈ॥
ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ॥
ਕਵਨ ਬੁਧ ਜਿਤੁ ਅਸਥਿਰ ਹੋਵੈ ਕਿਤ ਭੋਜਨ ਤ੍ਰਿਪਤਾਸੈ॥
ਨਾਨਕ ਦੁਖ ਸੁਖ ਸਮ ਕਰਿ ਜਾਣੈ ਸਤਿਗੁਰ ਤੇ ਕਾਲ ਨ ਗ੍ਰਾਸੇ॥੯੧॥

॥ਤਿਸ ਕਾ ਪਰਮਾਰਥੁ॥

ਹੇ ਨਾਨਕ ਜੀ ਵਹੁ ਪਵਨ ਕਵਨ ਹੈ॥ ਅਰੁ ਪਵਨ ਕਵਨ ਰਸ ਕੋ ਖਾਤਾ ਹੈ॥ ਗਿਆਨ ਕੀ ਮੁੰਦ੍ਰਾ ਕਵਨ ਹੈ॥ ਹੇ ਅਵਧੂਤ ਸਿਧ ਕੀ ਕਵਨ ਕਮਾਈ ਹੈ॥

॥ਤਿਸ ਕਾ ਉਤਰ॥

ਹੇ ਨਾਥ ਜੀ ਅਉਧੂ ਜੀ ਬਿਨ ਸਬਦ ਕੇ ਪਦ ਮੋ ਰਸ ਨਹੀ ਪਾਵਤਾ॥ ਅਰੁ ਹਉਮੈ ਪਿਆਸ ਨਹੀ ਹੋਤੀ॥ ਅਰੁ ਜੋ ਸਬਦ ਸੋ ਰਾਤੇ ਹੈ॥ ਤਿਨ ਕੋ ਅੰਮ੍ਰਿਤ ਪਾਇਆ ਹੈ॥ ਅਰੁ ਸਾ[3] ਮੋ ਅਘਾਇ ਰਹੇ ਹੈ॥

॥ਪੁਨਹ ਪ੍ਰਸਨ॥

ਹੇ ਨਾਨਕ ਜੀ ਵਹੁ ਕਵਨ ਬੁਧ ਹੈ ਜਿਤ ਮਨਸਾ ਅਥਿਰ ਹੋਵੈ॥ ਅਰੁ ਕਵਨ ਭੋਜਨ ਕਰਿ ਤ੍ਰਿਪਤਿ ਹੋਵੈ॥

[4]ਹੇ ਨਾਥ ਜੀ ਸਭ ਜਗ ਗੁਰ ਕੀ ਕਿਰਪਾ ਸੋ ਸੁਖ ਅਰੁ ਦੁਖ ਸਮ ਕਰਿ ਜਾਣੈ ਹੈ॥ ਤਬ ਕਾਲ ਸੋ ਰਹਿਤ ਭਇਆ॥

॥ਪੁਨ:ਬਚਨ ਬਾਬਾ ਜੀ॥[5]

ਰੰਗ ਨ ਰਾਤਾ ਰਸ ਨਹੀ ਮਾਤਾ॥ ਬਿਨ ਗਰ ਸਬਦੇ ਜਲਿ ਬਲਿ ਤਾਤਾ॥
ਬਿੰਦ ਨ ਰਾਖਿਆ ਸਬਦ ਨ ਭਾਖਿਆ॥ ਪਵਨ ਨ ਸਾਧਿਆ॥ ਸਚੁ ਨ ਅਰਾਧਿਆ॥
ਅਕਥ ਕਥਾ ਲੇ ਸਮ ਕਰਿ ਰਹੇ॥ ਤਉ ਨਾਨਕ ਆਤਮ ਰਾਮ ਕੋ ਲਹੈ॥੯੨॥

॥ਤਿਸ ਕਾ ਪ੍ਰਮਾਰਥ॥

ਹੇ ਨਾਥ ਜੀ ਸਤਿਗੁਰ ਰੰਗ ਨਹੀ ਰਾਤੇ॥ ਅਰੁ ਸਬਦ ਕੇ ਰਸ ਨਹੀ ਮਾਤੇ॥ ਬਿਨਾ ਗੁਰ ਕੇ ਸਬਦ ਜਲ ਥਲ ਤਪਤੇ ਹੈ॥ ਅਰੁ ਜਿਨੋ ਨੇ ਬਿੰਦ ਨੀ ਰਖ ਸਕੀ ਹੈ॥ ਅਰ ਸਬਦ ਕੀ ਪਹਿਚਾਣ ਨਾਹੀ॥ ਅਰੁ ਪਵਨ ਭੀ ਨਹੀ ਸਾਧਿਆ॥ ਅਰੁ ਸਚੁ ਭੀ ਨਹੀ ਅਰਾਧਨ ਕੀਆ॥ ਜੇ ਵਹੁ ਸਤਿਗੁਰ ਸੋ ਲੇ ਕਰਿ ਅਕਥ ਕਥਾ ਮਨ ਸੋ ਸਮ ਹੋਇ ਰਹਤੇ ਹੈ॥ ਤਉ ਉਨ ਕੋ ਆਤਮ ਪਦ ਪ੍ਰਾਪਤ ਹੋਤਾ ਹੈ॥

97/ੳ **॥ਪੁ/ਨਹ ਉਤਰ॥[6]**

ਗੁਰ ਪ੍ਰਸਾਦੀ ਰੰਗੇ ਰਾਤਾ॥ ਅੰਮ੍ਰਿਤ ਪੀਆ ਸਾਚੇ ਮਾਤਾ॥
ਗੁਰ ਵੀਚਾਰੀ ਅਗਨਿ ਨਿਵਾਰੀ॥ ਅਪਿਓ ਪੀਓ ਆਤਮ ਸੁਖ ਧਾਰੀ॥
ਸਚੁ ਅਰਾਧਿਆ ਗੁਰਮੁਖ ਤਰੁ ਤਾਰੀ॥ ਨਾਨਕ ਬੂਝੈ ਕੋ ਬੀਚਾਰੀ॥੯੩॥

---

[1] ਪ੍ਰੀਤ (ਅ)
[2] ਇੱਥੇ ਸਿਰਲੇਖ '॥ਪੁਨਹ ਗੋਰਖ ਨਾਥ ਪ੍ਰਸਨ॥' ਹੈ (ਅ,ੲ,ਸ)
[3] ਸਾਚ (ਅ,ੲ,ਸ)
[4] ਇੱਥੇ ਸਿਰਲੇਖ '॥ਪੁਨ ਉਤ੍ਰ॥' ਹੈ (ਅ,ੲ,ਸ)
[5] ਇੱਥੇ ਸਿਰਲੇਖ '॥ਪੁਨ:ਬਚਨ ਬਾਬਾ ਜੀ॥ਪਉੜੀ॥' ਹੈ (ਸ)
[6] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)

॥ਤਿਸ ਕਾ ਪ੍ਰਮਾਰਥੁ॥

ਹੇ ਨਾਥ ਜੀ ਜੋ ਗੁਰ ਪਦ ਰੰਗੁ ਰਾਤੇ ਹੈ॥ਵੈ ਅੰਮ੍ਰਿਤ ਪਦ ਪੀ ਸਹਜ ਮੋ ਸਾਤੇ ਹੈ॥ਗੁਰ ਵਚਨ ਵਿਚਾਰ ਸੋ ਤ੍ਰਿਸਨਾ ਅਗਨਿ ਨਿਵਾਰੀ ਹੈ॥ਵੈ ਅਪਿਓ ਪੀਵ ਆਤਮ ਸੁਖ ਧਾਰੀ ਰਹੇ ਹੈ॥ਸਚ ਅਰਾਧ ਗੁਰਮੁਖ ਤਾਰਨ ਤਰਨ ਹੈ॥ਇਸ ਮੇਰੇ ਬਿਚਾਰ ਕੋ ਕੋਈ ਵਿਰਲਾ ਬੂਝਣਹਾਰ ਹੈ॥

॥ਪੁਨਹ ਗੋਰਖ ਨਾਥ ਪ੍ਰਸਨ॥[1]

ਏਹੁ ਮਨ ਮੈਗਲ ਕਹੀ ਬਸੀਅਲੇ ਕਹਾ ਬਸੈ ਇਹ ਪਵਨਾ॥
ਕਹਾ ਬਸੈ ਸੋ ਸਬਦ ਅਵਧੂ ਤਾ ਕੋ ਚੂਕੈ ਮਨ ਕਾ ਭਵਨਾ॥
ਨਦਰਿ ਕਰੇ ਤਾ ਸਤਿਗੁਰ ਮੇਲੇ ਤਾ ਨਿਜ ਘਰਿ ਵਾਸਾ ਏਹੁ ਮਨ ਪਾਏ॥
ਆਪੇ ਆਪ ਖਾਇ ਤਾਂ ਨਿਰਮਲ ਹੋਵਹਿ ਧਾਵਤ ਵਰਜ ਰਹਾਏ॥
ਕਿਉ ਮੂਲੁ ਪਛਾਨੈ ਆਤਮ ਜਾਣੈ ਕਿਉ ਸਸ ਘਰ ਸੂਰ ਸਮਾਵੈ॥
ਗੁਰਮੁਖ ਹਉਮੈ ਵਿਚਹੁ ਖੋਵੈ ਤਉ ਨਾਨਕ ਸਚ ਸਮਾਵੈ॥੬੪॥

॥ਤਿਸ ਕਾ ਪ੍ਰਮਾਰਥੁ॥

ਹੇ ਨਾਨਕ ਜੀ ਏਹੁ ਮਨ ਹਸਤੀ ਸਮਾਨ ਜੋ ਹੈ ਸੋ ਕਹਾ ਰਹਤਾ ਹੈ॥ਅਰੁ ਪਵਨ ਕਹਾ ਬਸਤਾ ਹੈ॥ਅਰੁ ਸਬਦ ਅਵਧੂਤ ਅਸਥਾਨ ਕਹਾ ਹੈ॥ਮੋ ਕੋ ਬਤਾਇ ਦੀਜੀਐ ਕਿਉ ਕਰਿ ਮਨ ਚੰਚਲਤਾ ਜਾਹਿ॥

॥ਪੁਨਹ ਉਤਰ॥[2]

ਹੇ ਨਾਥ ਜੀ ਜਬ ਪ੍ਰਮੇਸ੍ਰ ਕ੍ਰਿਪਾ ਕਰੇ॥ਤਬ ਸਤਿਗੁਰ ਮਿਲੇ॥ਤਬ ਮਨ ਨਿਜ ਘਰ ਵਾਸਾ ਪਾਇ
97/ਅ ਚੰਚਲਤਾ ਸਿਉ ਰਹਤ ਹੋਇ॥ਆਪੇ ਕੋ ਆਪ ਖਾਇ ਨਿਰਮਲ ਹੋਵਹਿ॥ਅਰਥ[3] ਯਹ॥ਜੋ ਅਪਨੇ/ਨਿਜ
ਸਰੂਪ ਮੋ ਦ੍ਰਿੜ ਹੋਇ॥ਤਬ ਇਸ ਪ੍ਰਕਾਰ ਧਾਵਤ ਕੋ ਰਾਖੈ॥

॥ਪੁਨਹ ਉਤਰ॥[4]

ਹੇ ਨਾਨਕ ਜੀ ਕਿਉ ਕਰਿ ਮੂਲ ਵਸਤ ਕੋ ਪਛਾਨੈ॥ਅਰ ਕਿਉ ਕਰਿ ਆਤਮ ਪਦ ਕੋ ਜਾਨੈ ਕਿਸ ਜੁਗਤ ਸੋ ਸਸਿ ਘਰਿ ਸੂਰਜਿ ਸਮਾਵੈ॥

[5]ਏਹ ਮਨ ਨਿਹਚਲ ਹਿਰਦੇ ਵਸੀਅਲੇ ਗੁਰਮੁਖ ਮੂਲ ਪਛਾਣ ਰਹੈ॥
ਨਾਭ ਕਮਲ ਘਰਿ ਆਸਣਿ ਬੈਸੇ ਗੁਰਮੁਖ ਖੋਜਤ ਤ ਤਤੁ ਲਹੈ॥
ਜੋ ਸਬਦਿ ਕਾ ਨਿਰੰਤਰ ਨਿਜ ਘਰ ਆਛੈ ਤ੍ਰਿਭਵਨ ਜੋਤ ਸੋ ਸਬਦ ਲਹੈ॥
ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸ ਰਹੈ॥
ਅਨਹਦ ਬਾਨੀ ਗੁਰਮੁਖ ਜਾਨੀ ਵਿਰਲਾ ਕੋ ਅਰਥਾਵੈ॥
ਨਾਨਕ ਆਖੈ ਸਚ ਸਭਾਖੈ ਸਚ ਰਪੈ ਰੰਗ ਕਬਹੂੰ ਨ ਜਾਵੈ॥੬੫॥

॥ਤਿਸ ਕਾ ਪ੍ਰਮਾਰਥੁ॥

ਹੇ ਨਾਥ ਜੀ ਮਨ ਨਿਹਚਲ ਕਾ ਬਾਸ ਹਿਰਦੇ ਮੋ ਹੈ॥ਜੋ ਗੁਰ ਵਚਨ ਕਰ ਮੂਲ ਕੋ ਪਛਾਨ ਰਹਿਆ ਹੈ॥ਨਾਭ ਅਸਥਾਨ ਪਵਨ ਕਾ ਘਰ ਹੈ ਤਹਾ ਨਿਹਚਲ ਹੋਇ ਗੁਰ ਸਬਦ ਖੋਜ ਕਰਿ ਤਤ ਕੋ ਪਾਵੈ॥ਸੋ ਸਬਦ ਨਿਰੰਤਰਿ ਨਿਜ ਘਰ ਮੋ ਹੈ॥ਤੀਨੋ ਭਵਨ ਮੈ ਜੋਤ ਪੂਰਨ ਹੈ॥ਤਿਸ ਕੋ ਸਬਦ ਹੀ ਕਰਿ ਪ੍ਰਾਪਤ ਹੂਜੀਅਤਿ ਹੈ॥ਜਬ ਦੂਖ ਭੂਖ ਸਾਚੇ ਕੀ ਹੋਵਿਹ॥ਤਬ ਸਾਚ ਕੋ ਤ੍ਰਿਪਤਾਵੈ॥ਸਬਦ ਅਨਾਹਦ ਗੁਰ ਵਚਨ ਕਰਿ ਜਾਨੀਤਾ ਹੈ॥ਅਰਥ ਕੋਈ ਵਿਰਲਾ ਜਾਨਣ ਜੋਗ ਹੈ॥ਹੇ ਨਾਥ ਜੀ ਹਮ ਸਾਚੀ ਕਹਤੇ ਹੈ॥ਜੋ ਸਾਚ ਰਾਤੇ ਹੈ ਤਿਨ ਕਾ ਰੰਗ ਕਬਹੂੰ ਦੂਰ[6] ਨਹੀ ਹੋਤਾ॥

॥ਪ੍ਰਸਨ ਗੋਰਖ ਜੀ॥[7]

ਜਾ ਏਹ ਹਿਰਦਾ[8] ਦੇਹ ਨ ਹੋਤੀ ਤਉ ਮਨ ਕੰਠੈ ਰਹਤਾ॥

---

[1] ਇੱਥੇ ਸਿਰਲੇਖ '॥ਪੁਨਹ ਗੋਰਖ ਨਾਥ ਪ੍ਰਸਨ॥ਪਉੜੀ॥' ਹੈ (ਸ)
[2] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[3] ਤਾਤਪਰਜ (ਅ)
[4] ਇੱਥੇ ਸਿਰਲੇਖ '॥ਪੁਨ ਪ੍ਰਸਨ॥' ਹੈ (ਅ)
[5] ਇੱਥੇ ਸਿਰਲੇਖ '॥ਪੁਨ ਉਤ੍ਰ॥' ਹੈ (ਅ)
[6] ਦਰ (ਸ)
[7] ਇੱਥੇ ਸਿਰਲੇਖ '॥ਪ੍ਰਸਨ ਗੋਰਖ ਨਾਥ ਜੀ॥' ਹੈ (ਅ)
[8] ਚਿਰਦਾ (ਅ)

98/ੳ ਨਾਭ ਕਮਲ ਅਸੰਥਭ ਨ ਹੋਤੋ ਤਾ/ਪਵਨ ਕਵਨ ਘਰ ਸਹਤਾ॥
ਰੂਪ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ॥
ਰਕਤ ਬਿੰਦ ਕੀ ਮੜੀ ਨ ਹੋਤੀ ਮਿਤ ਕੀਮਤ ਨਹੀ ਪਾਈ॥
ਵਰਨ ਭੇਖ ਅਸਰੂਪ ਨ ਜਾਪੀ ਕਿਉ ਕਰਿ ਜਾਪਸ ਸਾਚਾ॥
ਨਾਨਕ ਨਾਮ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ॥੬੬॥

॥ਤਿਸ ਕਾ ਪ੍ਰਮਾਰਥੁ॥

ਹੇ ਨਾਨਕ ਜੀ ਜਬ ਹਿਰਦਾ ਦੇਹਿ ਨ ਹੋਤੀ ਤਬ ਮਨ ਕਹਾ ਰਹਤਾ ਥਾ॥ਜਬ ਨਾਭ ਕਮਲ ਅਸਥੰਭ ਨ ਹੋਤਾ ਤਬ ਪਵਨ ਕਹਾ ਰਹਤਾ ਥਾ॥ਜਬ ਰੂਪ ਰੇਖ ਨ ਥੀ ਤਬ ਸਬਦ ਕਹਾ ਲਿਵ ਲਗਾਈ ਥੀ॥ਜਬ ਰਕਤ ਬਿੰਦ ਕੀ ਮੜੀ ਨਹੀ ਥੀ ਤਬ ਮਿਤ ਅਰੁ ਕੀਮਤ ਕਵਨ ਕਰੇ ਥਾ॥ਵਰਨ ਭੇਖ ਅਸਰੂਪ ਨ ਥਾ ਤਬ ਸਚ ਕੀ ਪਹਿਚਾਨ ਕੈਸੇ ਥੀ॥ਅਬ ਅਰ ਤਬ ਕੀ ਬਾਤ ਸਾਚੀ ਕਹੋ॥

॥ਪੁਨਹ ਉਤਰ॥[1]

ਹਿਰਦਾ ਦੇਹਿ ਨ ਹੋਤੀ ਅਉਧੂ ਤਉ ਮਨ ਸੁੰਨ ਰਹੈ ਬੈਰਾਗੀ॥
ਨਾਭਿ ਕਮਲ ਅਸਥੰਭ ਨ ਹੋਤਾ ਤਉ ਨਿਜ ਘਰ ਬਸਤਉ ਪਵਨ ਅਨਰਾਗੀ॥
ਰੂਪ ਨ ਰੇਖਿਆ ਜਾਤ ਨ ਹੋਤੀ ਤਉ ਅਕੁਲੀਣ ਰਹਤਉ ਸਬਦ ਸੁ ਸਾਰ॥
ਗਉਨ ਗਗਨ ਜਬ ਤਬੈ ਨ ਹੋਤੋ ਤ੍ਰਿਭਵਨ ਜੋਤ ਆਪੇ ਨਿਰੰਕਾਰ॥
ਵਰਨ ਭੇਖ ਅਸਰੂਪ ਸੁ ਏਕੋ ਏਕੋ ਸਬਦ ਵਿਡਾਣੀ॥
ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥

॥ਤਿਸ ਕਾ ਪ੍ਰਮਾਰਥ॥

ਹੇ ਅਉਧੂ ਜਬ ਹਿਰਦਾ ਦੇਹਿ ਨ ਥੀ ਤਬ ਮਨ ਸੁੰਨ ਰਹੈ ਬੈਰਾਗੀ॥ਜਬ ਨਾਭ ਕਮਲ ਅਸਥੰਮ ਨ ਹੋਤਾ ਥਾ॥ਤਬ ਨਿਜ ਘਰ ਮੋ ਪਵਨ ਸਰਬ ਅਨੁਰਾਗੀ ਰਹਤਾ॥ਜਬ ਰੂਪ ਰੇਖ ਜਾਤ ਨ ਥੀ ਤਬ ਅਕੁਲੀਣ ਰਹਤੋ ਸਬਦ ਸੁ ਸਾਰ॥ਗਵਨ ਗਗਨ ਜਬ ਤਬ ਨਹੀ ਹੋਤਾ ਤਬ ਤੀਨ ਭਵਨ ਜੋਤ ਸਰੂਪ ਆਪ ਥਾ॥ਆਪੇ ਹੀ ਵਰਨ ਭੇਖ ਅਸਰੂਪ ਏਕੋ ਭਏ॥ਏਕ ਸਬਦ ਕਾ ਚਲਿਤ੍ਰ ਧਾਰਾ॥ਬਿਨਾ ਸਾਚੇ ਕੇ ਕੋਉ ਸੂਚਾ ਨਹੀ॥ਏਹ ਅਕਥ ਕਹਾਨੀ ਹੈ॥

॥ਪੁਨਹ ਪ੍ਰਸਨ॥[2]

98/ਅ /ਕਿਤ ਬਿਧ ਜਬ ਉਪਜੈ ਪੁਰਖਾ ਕਿਤ ਬਿਧ ਦੁਖ ਬਿਨਸ ਜਾਈ॥
ਹਉਮੈ ਵਿਚ ਜਗ ਉਪਜੈ ਪੁਰਖਾ ਨਾਮੁ ਬਿਸਰਈ ਦੁਖ ਪਾਈ॥
ਗੁਰਮੁਖ ਹੋਵੈ ਸੋ ਗਿਆਨ ਤਤ ਬਿਚਾਰੇ ਹਉਮੈ ਸਬਦ ਜਲਾਏ॥
ਤਨ ਮਨ ਨਿਰਮਲ ਬਾਣੀ ਸਾਚੇ ਮਨ ਵਸਾਏ॥
ਨਾਮੇ ਨਾਮ ਰਤੇ ਬੈਰਾਗੀ ਸਚੁ ਰਖਿਆ ਉਰਧਾਰੇ॥
ਨਾਨਕ ਬਿਨ ਨਾਵੈ ਜੋਗ ਕਦੇ ਨ ਹੋਵੈ ਦੇਖੋ ਰਿਦੇ ਬਿਚਾਰੇ॥੬੮॥

॥ਤਿਸ ਕਾ ਪ੍ਰਮਾਰਥੁ॥

ਹੇ ਪੁਰਖ ਨਾਨਕ ਜੀ ਕਿਤ ਕਿਤ ਬਿਧ ਕਰਕੇ ਜਗਤ ਉਪਜਤਾ ਹੈ॥ਅਰੁ ਨਾਮ ਕੋ ਬਿਸਾਰ ਕਰਕੇ ਦੁਖ ਪਾਵਤੇ ਹੈ॥ਅਰੁ ਜੋ ਗੁਰਮੁਖ ਹੋਵੈ ਸੋ ਤਤ ਬਿਚਾਰੇ॥ਅਰੁ ਹਉਮੈ ਕਉ ਸਬਦ ਸੋਂ ਜਲਾਵੈ॥ਤਿਸ ਕਾ ਤਨ ਮਨ ਨਿਰਮਲ ਹੋਵੈ ਅਰੁ ਨਿਰਮਲ ਬਾਣੀ ਹੋਵੈ ਸੋਈ ਸਾਚ ਮੋ ਸਮਾਏ ਹੈ॥ਵੈ ਨਾਮ ਹੀ ਬੈਰਾਗੀ ਹੈ॥ਜਿਨੋ ਸਚ ਪਦ ਧਾਰਾ ਹੈ॥ਬਿਨਾ ਸਚ ਨਾਮ ਕੇ ਭਾਵਨਾ ਜੋ ਕਦਾਂਚਿਤ ਨਾਹੀ ਹੋਤਾ॥ਹਿਰਦੈ ਮੋ ਬਿਚਾਰ ਦੇਖੋ॥

॥ਪੁਨਹ ਉਤਰ॥[3]

ਗੁਰਮੁਖ ਸਾਚ ਸਬਦ ਬੀਚਾਰੇ ਕੋਇ॥ਗੁਰਮੁਖ ਸਚ ਬਾਣੀ ਪ੍ਰਗਟ ਹੋਇ॥
ਗੁਰਮੁਖ ਮਨ ਭੀਜੈ ਵਿਰਲਾ ਬੂਝੈ ਕੋਇ॥ਗੁਰਮੁਖ ਨਿਜ ਘਰਿ ਵਾਸਾ ਹੋਇ॥
ਗੁਰਮੁਖ ਜੋਗੀ ਜੁਗਤ ਪਛਾਣੈ॥ਗੁਰਮੁਖ ਨਾਨਕ ਏਕੋ ਜਾਣੈ॥੬੯॥

---

[1] ਇੱਥੇ ਸਿਰਲੇਖ '॥ਉਤਰ॥' ਹੈ (ਅ)
[2] ਇੱਥੇ ਸਿਰਲੇਖ '॥ਪੁਨ ਪ੍ਰਸਨ॥ਪਉੜੀ॥' ਹੈ (ਸ)
[3] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)

॥ ਤਿਸ ਕਾ ਪਰਮਾਰਥੁ ॥

ਹੇ ਨਾਥ ਜੀ ਗੁਰ ਵਚਨ ਜੋ ਸਚ ਪਦ ਹੈ ਤਿਸ ਤਿਸ ਜੇ ਕੋਈ ਬਿਚਾਰੇ ਗੁਰ ਵਚਨ ਕਰ ਸਾਚ ਬਾਣੀ ਜੋ ਘਟ ਮੈ ਸਬਦ ਬ੍ਰਹਮ ਪ੍ਰਗਟ ਹੋਵੈ॥ ਗੁਰ ਵਚਨਾ ਕਰਿ ਮਨ ਭਿਜਦਾ ਹੈ॥ ਵਿਰਲਾ ਕੋਈ ਬੂਝਣਹਾਰਾ ਹੈ॥ ਗੁਰਮੁਖ ਵਚਨ ਕਰਿ ਨਿਜ ਘਰਿ ਵਾਸਾ ਹੋਤਾ ਹੈ॥ ਜੋ ਗੁਰਮੁਖ ਜੋਗੀ ਹੈ ਸੋਈ ਇਸ ਜੁਗਤ ਕੋ ਪਛਾਨਤਾ ਹੈ॥ ਗੁਰ ਵਚਨ ਕਰਿ ਏਕ ਬ੍ਰਹਮ ਕੋ ਜਾਨਤਾ ਹੈ॥

॥ ਪੁਨਹ ਉਤਰ ॥[1]

ਬਿਨ ਸਤਿਗੁਰ ਸੇਵੇ ਜੋ ਗੁਨ ਹੋਈ॥ ਬਿਨ ਸਤਿਗੁਰ ਭੇਟੈ ਮੁਕਤ ਨ ਕੋਈ॥
99/ੳ ਬਿਨ ਸਤਿਗੁਰ/ਭੇਟੇ ਨਾਮ ਨ ਪਾਇਆ ਜਾਇ॥ ਬਿਨ ਸਤਿਗੁਰ ਭੇਟੇ ਮਹਾਂ ਦੁਖ ਪਾਏ॥
ਬਿਨ ਸਤਿਗਰ ਭੇਟੇ ਮਹਾ ਗਰਬ ਗੁਬਾਰ॥ ਨਾਨਕ ਬਿਨ ਗੁਰ ਮੂਆ ਜਨਮੁ ਹਾਰ॥ ੧੦॥

॥ ਤਿਸ ਕਾ ਪ੍ਰਮਾਰਥੁ ॥

ਹੇ ਨਾਥ ਜੀ ਬਿਨ ਸਤਿਗੁਰ ਭੇਟੇ ਜਨਮ ਪਦਾਰਥ ਹਾਰ ਕੇ ਮੂਆ ਹੈ

॥ ਪੁਨਹ ਉਤਰ ॥[2]

ਗੁਰਮੁਖ ਮਨ ਜੀਤਾ ਹਉਮੈ ਮਾਰ॥ ਗੁਰਮੁਖ ਸਾਚ ਰਖਿਆ ਰਖਿਆ ਉਰਧਾਰ॥
ਗੁਰਮੁਖ ਜਗਿ ਜੀਤਿਆ ਹਉਮੈ ਮਾਰ ਬਿਦਾਰ॥ ਗੁਰਮੁਖ ਦਰਗਹ ਨ ਆਵੈ ਹਾਰ॥
ਗੁਰਮੁਖ ਮੇਲਿ ਮਿਲਾਏ ਸੋ ਜਾਣੈ॥ ਨਾਨਕ ਗੁਰਮੁਖ ਸਬਦ ਪਛਾਣੈ॥ ੨੧॥

॥ ਤਿਸ ਕਾ ਪ੍ਰਮਾਰਥੁ ॥

ਹੇ ਨਾਥ ਜੀ ਗੁਰਮੁਖਿ ਹੀ ਜੀਤੇ ਹੈ॥ ਜਿਨੋ ਨੇ ਹਉਮੈ ਮਾਰੀ ਹੈ॥ ਗੁਰਮੁਖ ਹੀ ਸਾਚ ਪਦ ਹਿਰਦੈ ਮੋ ਧਾਰਾ ਹੈ॥ ਗੁਰਮੁਖ ਹੀ ਨੇ ਜਗ ਜੀਤਾ ਹੈ॥ ਜਿਨੋ ਕਾਲ ਕੋ ਮਾਰ ਬਿਦਾਰਾ ਹੈ॥ ਗੁਰਮੁਖ ਦਰਗਹ ਮੈ ਹਾਰ ਨਹੀ ਪਾਵਤੇ॥ ਜੋ ਗੁਰਮੁਖ ਤਤ ਸਬਦ ਕੋ ਪਛਾਨਤੇ ਹੈ॥ ੨੨॥

॥ ਪੁਨਹ ਉਤਰ ॥[3]

ਸਬਦੇ ਕਾ ਨਿਬੇੜਾ ਸੁਨ ਤੂੰ ਅਉਧੂ ਬਿਨ ਨਾਵੈ ਜੋਗ ਨ ਹੋਈ॥
ਨਾਮੇ ਰਾਤੇ ਅਨਦਿਨ ਮਾਤੇ ਨਾਮੇ ਤੇ ਸੁਖਿ ਹੋਈ॥
ਨਾਮੇ ਤੇ ਸਭ ਪਰਗਟ ਹੋਵਹਿ ਨਾਮੈ ਸੋਝੀ ਪਾਈ॥
ਬਿਨ ਨਾਵੈ ਭੇਖ ਕਰਹਿ ਬਹੁਤੇਰੇ ਸਾਚੇ ਆਪ ਖੁਆਈ॥
ਸਤਿਗੁਰ ਤੇ ਨਾਮ ਪਾ[4] ਅਉਧੂ ਜੋਗ ਜੁਗਤ ਤਾਂ ਹੋਈ॥
ਕਰਿ ਬਿਚਾਰ ਮਨ ਦੇਖੋ ਨਾਨਕ ਬਿਨ ਨਾਵੈ ਮੁਕਤ ਨ ਕੋਈ॥

॥ ਤਿਸ ਕਾ ਪ੍ਰਮਾਰਥੁ ॥

ਅਥ[5] ਗੁਰ ਸਬਦ ਕਾ ਨਿਬੇੜਾ ਸੁਨੋ॥ ਹੋ ਪਰਮ ਅਵਧੂਤ ਬਿਨਾ ਏਕ ਨਾਮ ਜੋਗ ਨਹੀ ਹੋਤਾ॥ ਜੋ ਨਾਮੇ ਰਾਤੇ ਹੈ ਅਰ ਅਨਦਿਨ ਮਾਤੇ ਹੈ ਤਿਨ ਕੋ ਨਾਮ ਸਿਉ ਪਰਮ ਸੁਖ ਹੋਇਆ॥ ਨਾਮ ਹੀ
99/ਅ ਸੋ ਸਰਬ ਪਦ ਇਸਥਿਤ ਭਏ ਹੈ॥ ਨਾਮ ਹੀ ਸੋ ਸੋਝੀ ਪਈ ਹੈ॥ ਬਿਨਾ ਨਾਮ ਕੇ ਅਨੇ/ਕ ਭੇਖ ਧਾਰਤੇ ਹੈ ਸੋ ਸਚੇ ਨੇ ਆਪ ਖੁਆਏ ਹੈ॥ ਸਤਿਗੁਰ ਸੋ ਨਾਮ ਪਾਈਤਾ ਹੈ॥ ਹੇ ਅਵਧੂ ਜੋਗ ਅਰੁ ਜੁਗਤ ਤਦ ਹੋ ਜਬ ਬਿਚਾਰ ਕਰਿ ਕਰਿ ਮਨ ਮੋ ਦੇਖੀਐ॥ ਬਿਨਾ ਨਾਮ ਕੇ ਮੁਕਤਿ ਕਦਾਚਿਤ ਨਾਹੀ॥

[6]॥ ਤਬ ਬਾਬੇ ਜੀ ਨੇ ਉਸਤਤ ਪਰਮੇਸਰ ਕੀ ਕਹੀ ॥

ਤੇਰੀ ਗਤਿ ਮਿਤ ਤੂਹੈ ਜਾਣਹਿ ਕਿਆ ਕੋ ਆਖ ਵਖਾਣੈ॥
ਤੂੰ ਆਪੇ ਗੁਪਤਾ ਆਪੇ ਮੁਕਤਾ ਆਪੇ ਪਰਗਟ ਆਪੇ ਸਭ ਰੰਗ ਮਾਣਹਿ॥
ਸਾਧਕਿ ਸਿਧ ਗੁਰੂ ਬਹੁ ਚੇਲੇ ਖੋਜਤ ਫਿਰੈ ਫਰਮਾਣੈ॥
ਮਾਗਿਹ ਨਾਮ ਪਾਇ ਇਹ ਭਿਖਿਆ ਤੇਰੇ ਦਰਸਨ ਕੋ ਕੁਰਬਾਣੈ॥
ਅਬਨਾਸੀ ਪ੍ਰਭ ਖੇਲੁ ਰਚਾਇਆ ਗੁਰਮੁਖ ਸੋਝੀ ਹੋਈ॥
ਨਾਨਕ ਸਭ ਜੁਗ ਆਪੇ ਵਰਤੈ ਦੂਜਾ ਅਵਰ ਨ ਕੋਈ॥ ੨੩॥

---

[1] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[2] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[3] ਇੱਥੇ ਸਿਰਲੇਖ '॥ਪੁਨ ਉਤ੍ਰ॥ਪਉੜੀ॥' ਹੈ (ਸ)
[4] ਪਾਈਐ (ਅ,ੲ,ਸ)
[5] ਅਬ (ੲ,ਸ)
[6] ਇੱਥੇ ਸਿਰਲੇਖ '॥ਪਉੜੀ॥' ਹੈ (ਸ)

॥ਤਿਸ ਕਾ ਪ੍ਰਮਾਰਥੁ॥

ਹੇ ਅਬਨਾਸੀ ਤੇਰੀ ਗਤ ਮਤ ਕੋ ਤੁਹੀ ਜਾਨਨਹਾਰਾ ਹੈ॥ਅਵਰਿ ਕੋਈ ਕਿਆ ਵਖਾਣ ਕਰੇ॥ਤੂੰ ਆਪੇ ਹੀ ਗੁਪਤ ਆਪੇ ਹੀ ਪ੍ਰਗਟ ਹੈ॥ਆਪ ਹੀ ਸਭ ਰੰਗ ਮਾਣਤਾ ਹੈ॥ਸਾਧਕ ਸਿਧ ਗੁਰੂ ਅਰੁ ਚੇਲੇ ਤੇਰੀ ਆਗਿਆ ਸੌ ਖੋਜਤੇ ਫਿਰਤੇ ਹੈ॥ਏਕ ਨਾਮ ਤੇਰੇ ਕੀ ਭਿਖਆ ਮਾਗਤੇ ਹੈ ਜੋ ਮਿਲੇ॥ਤੇਰੇ ਨਾਮ ਦਰਸਨ ਪਰ ਕੁਰਬਾਨ ਜਾਏ ਹੈ॥ਅਰੁ ਅਬਨਾਸੀ ਪ੍ਰਭ ਖੇਲ ਰਚਾਇਆ ਹੈ॥ਗੁਰਮੁਖ ਹੀ ਕੋ ਸੋਝੀ ਹੋਈ ਹੈ॥ਸਰਬ ਜੁਗੋ ਮੋ ਆਪ ਹੀ ਵਰਤੈ ਹੈ॥ਦੂਜਾ ਅਵਰ ਕੋਈ ਨਹੀ॥

ਤਬ ਸਰਬ ਸਿਧੋ ਨੇ ਸ੍ਰੀ ਗੁਰ ਬਾਬੇ ਜੀ ਕੇ ਮੁਖਾਰਬਿੰਦ ਸੋ ਸ੍ਰਵਨ ਕੀਏ॥ਤਬ ਬਹੁਤ ਹੀ ਮਗਨ ਭਏ ਅਰ ਬਾਬੇ ਜੀ ਕੇ ਅਦੇਸ ਕੀਆ ਅਰੁ ਬੇਨਤੀ ਲਾਗੇ ਕਰਨੇ॥ਹੇ ਨਾਨਕ ਜੀ ਤਬ ਤੁਮ ਸੰਤ ਜਨ ਹੋ॥ਅਰੁ ਸਰਬ ਸਿਧਨ ਪੈ ਬਖਸ ਕੀਆ ਸਿਧ ਹੋਵਹਿ ਅਰੁ ਕ੍ਰਿਪਾ ਦ੍ਰਿਸਟਿ ਕਰੋ॥ਜੋ ਇਨ
100/ੳ ਕਾ ਕਲਿ/ਆਨ ਹੋਵਹਿ॥ਅਰੁ ਤੇਰੀ ਕ੍ਰਿਪਾ ਤੇ ਇਨ ਕਾ ਸਿਧ ਅਰੁ ਕਰਾਮਾਤ ਕਾ ਅਭਿਮਾਨ ਨਿਵਰਤ ਭਇਆ ਹੈ॥

ਤਬ ਬਾਬੇ ਜੀ ਕ੍ਰਿਪਾ ਦ੍ਰਿਸਟਿ ਕਰੀ॥ਜੋ ਸਿਧ ਅਰੁ ਕਰਾਮਾਤ ਖੈਚ ਲਈ ਸੀ ਸੋ ਫੇਰ ਬਖਸ ਕੀਆ॥ਸਭ ਸਿਧ ਪ੍ਰਸੰਨ ਭਏ ਅਰੁ ਬਾਬੇ ਜੀ ਕਾ ਜੈਕਾਰ ਕਰਨੇ ਲਗੇ॥ਤਾ ਬਾਬਾ ਜੀ ਸਿਧਾ ਸਿਉ ਵਿਦਿਆ ਭਏ॥

॥ਸਾਖੀ ਪੂਰਨ ਭਈ॥[1]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਇਆਲ ਕਰਿ ਲਏ ਉਧਾਰ॥

[1] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਸੇਤਬੰਦ ਰਾਮੇਸਰ ਦੇ ਸਿਧਾਂ ਨਾਲ ਗੋਸਟਿ][1]

॥ਦੋਹਰਾ॥

ਸੇਤ ਬੰਦ ਸਤਿਗੁਰ ਚਲੇ ਮਰਦਾਨਾ ਨਿਜ ਸੰਗ[2]॥
ਤਹਾ ਸਿਧਨ[3] ਮੇਲਾ ਕੀਓ ਸੋਭਾ ਸਭਾ ਅਭੰਗ॥੧॥

॥ਚੌਪਈ॥

ਜਬ ਰਾਮੇਸਰ ਪਹੁਚੇ ਦਿਆਲ॥ਕੰਠ ਸਿੰਧ ਇਕ ਸਿਲਾ[4] ਬਿਸਾਲ॥
ਤਹਾ ਆਸਨ ਕੀਨਾ ਕ੍ਰਿਪਾ ਨਿਧਾਨ॥ਢਿਗ ਮਰਦਾਨਾ ਪਰਮ ਸੁਜਾਨ॥੨॥
ਖਲ ਸਹੰਸ੍ਰ ਪਰਜਾ ਤਹਾ ਆਈ॥ਹੋਮ ਜਗ ਪੁੰਨ ਦਾਨ ਕਰਾਈ॥
ਸਾਧ ਅਤੀਤ ਖਟ[5] ਦਰਸਨ ਮੇਲਾ॥ਬਹੁਤ ਮਹੰਤ ਸੰਤ ਅਰੁ ਚੇਲਾ॥੩॥
ਸਭ ਸਿਧ ਮਹੋਦਧ ਮਾਰਗ ਆਏ॥ਮ੍ਰਿਗ ਆਸੁਨ ਜਲ ਪਰ ਦਉਰਾਏ॥
ਜਬ ਪ੍ਰਭ ਸਿਧ ਆਵਤ ਸਭ ਦੇਖੇ॥ਪੁਨ ਮਰਦਾਨੇ ਨੈਨ ਨ ਪੇਖੇ॥੪॥
ਕਰ ਜੋਰ ਮਰਦਾਨੇ ਕਹਿਓ ਬਖਾਨ॥ਇਹ ਕੋ ਆਵੈ ਪ੍ਰਭ ਸਾਧ ਸੁਜਾਨ॥

॥ਬਚਨ ਬਾਬਾ ਜੀ॥

ਸਤਿਗੁਰ ਕਹਿਓ ਸਾਧ ਸਭ ਆਹਿ॥ਚਲ ਇਨਕੇ ਆਗੇ ਹਮ ਜਾਹਿ॥੫॥

॥ਸੋਰਠਾ॥

ਮਰਦਾਨੇ ਕਰੀ ਅਰਦਾਸ ਕਿਤ ਚੜਿ ਜਲ ਤਰ ਹਮ ਚਲਹਿ॥
ਸੁਨਿ ਚਲਤਿ ਕੀਓ ਸੁਖ ਰਾਸ ਤਰੀ ਸਿਲਾ ਸਨਮੁਖ ਚਲੀ॥੬॥

100/ਅ **/॥ਚੌਪਈ॥**

ਤਬ ਸਤਿਗੁਰ ਕਹਿਓ ਬਚਨ ਸੁਨਾਇ॥ਮਰਦਾਨਿਆ ਰਬਾਬ ਬਜਾਇ॥
ਤੂੰ ਸੁਨ ਏਕ ਸਬਦ ਮੈ ਕਹਉ॥ਤੁਮ ਕੀਰਤਨ ਕਰੋ ਪਰਮ ਸੁਖ ਲਹੋ॥੭॥

॥ਤਬ ਬਾਬੇ ਜੀ ਰਾਗੁ ਰਾਮਕਲੀ ਮੈ ਬੋਲਿਆ॥[6]

ਹਮ ਡੋਲਤ ਬੇੜੀ ਪਾਪ ਭਰੀ ਪਵਨ ਲਗੇ ਮਤ ਜਾਈ॥
ਸਨਮੁਖ ਸਿਧ ਭੇਟਨ ਕੋ ਆਏ ਨਿਹਚੋ ਦੇ ਵਡਿਆਈ॥੧॥
ਗੁਰ ਤਾਰ ਤਾਰਨਹਾਰਿਆ॥ਦੇਹ ਭਗਤ ਪੂਰਨ ਅਬਿਨਾਸੀ ਹਉ ਤੁਝ ਤੋ ਬਲਿਹਾਰਿਆ॥੧॥ਰਹਾਉ॥

॥ਤਿਸ ਕਾ ਪਰਮਾਰਥੁ॥[7]

ਹੇ ਪਾਰਬ੍ਰਹਮ ਅਬਿਨਾਸੀ ਜੀ ਏਹ ਸਰੀਰ ਰੂਪ ਨਾਉ ਜੋ ਪਾਪ ਪੁੰਨ ਕੀ ਭਰੀ ਹੈ॥ਮਤ ਏਹ ਹੰਕਾਰ ਰੂਪੀ ਅਵਿਦਿਆ ਪਵਨ ਸੋ ਭੈ ਰੂਪੀ ਸਾਗਰ ਮੋ ਬਹਿ ਜਾਏ॥ਅਰੁ ਸਿਧ ਸਨਮੁਖ ਭੇਟਣੇ ਕੋ ਆਏ ਹੈ॥ਤਾ ਤੇ ਅਪਨੇ ਨਾਮ ਕੀ ਨਿਹਚੋ ਵਡਿਆਈ ਮਿਲੇ॥

॥ਰਹਾਉ ਕਾ ਅਰਥ॥[8]

ਹੇ ਸਤਿਗੁਰ ਤੁਮ ਨਾਵ ਕੇ ਤਾਰਨਹਾਰ ਹੋ॥ਹੇ ਅਬਿਨਾਸੀ ਪੂਰਨ ਭਗਤ ਅਬ ਅਪਨੀ ਦੇਹ ਤੁਮਾਰੇ ਸਦਿ ਬਲਿਹਾਰ ਹੋ॥

॥ਤਾ ਫੇਰਿ ਬਾਬੇ ਜੀ ਦੂਜੀ ਪਉੜੀ ਕਹੀ॥[9]

ਸਿਧ ਸਾਧਕ ਜੋਗੀ ਅਰੁ ਜੰਗਮ ਏਕ ਸਿਧ ਜਿਨੀ ਧਿਆਇਆ॥
ਪਰਸਤ ਪੈਰ ਸਿਝਤ ਤੇ ਸੁਆਮੀ ਅਖਰ ਜਿਨ ਕਉ ਆਇਆ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਨਿਜ ਲੀਏ ਸੰਗ (ਅ)
[3] ਸਿਧਾ ਨੇ (ਅ)
[4] ਮਿਲਾ (ਅ)
[5] ਖਤ (ਸ)
[6] ਇੱਥੇ ਸਿਰਲੇਖ '॥ਤਬ ਬਾਬੇ ਜੀ ਰਾਗੁ ਰਾਮਕਲੀ ਮੈ ਸਬਦ ਬੋਲਿਆ॥' (ਅ), ਇੱਥੇ ਸਿਰਲੇਖ '॥ਰਾਗੁ ਰਾਮਕਲੀ ਮਹਲਾ ੧॥' ਹੈ (ੲ)
[7] ਇੱਥੇ ਸਿਰਲੇਖ '॥ਅਰਥ॥' ਹੈ (ੲ)
[8] ਇੱਥੇ ਸਿਰਲੇਖ '॥ਰਹਾਉ ਕਾ ਅਰਥ॥' ਨਹੀਂ ਹੈ (ੲ)
[9] ਇੱਥੇ ਸਿਰਲੇਖ '॥ਫੇਰ ਬਾਬੇ ਜੀ ਨੇ ਦੂਜੀ ਪਉੜੀ ਕਹੀ॥' ਨਹੀਂ ਹੈ (ੲ)

॥ਤਿਸ ਕਾ ਪ੍ਰਮਾਰਥੁ॥

ਹੇ ਸਿਧੋ ਸਿਧ ਸਾਧਕ ਜੋਗੀ ਜੰਗਮ ਬਹੁਤੇਰੇ ਹੈ॥ਏਕ ਪਰਮ ਸਿਧ ਵਹੀ ਹੈ॥ਜਿਨ ਪ੍ਰਮੇਸਰ ਕੋ ਧਿਆਇਆ ਹੈ॥ਤਿਸ ਕੇ ਚਰਨ ਜੇ ਕੋ ਪ੍ਰਾਨੀ ਸੇਵਤਾ ਹੈ॥ਤਿਸ ਕਾ ਤਤਕਾਲ ਉਧਾਰ ਹੋਤਾ ਹੈ॥ਅਰੁ ਅਖਰ ਜੋ ਪਰਮੇਸਰ ਕਾ ਨਾਮ ਹੈ ਸੋ ਉਨ ਹੀ ਕੋ ਪ੍ਰਾਪਤ ਭਇਆ[1] ਹੈ॥

101/ੳ ॥ਫੇਰਿ ਬਾਬੇ ਜੀ ਤੀਜੀ ਪਉੜੀ ਕ/ਹੀ॥[2]

ਜਪ ਤਪ ਸੰਜਮ ਕਰਮ ਨ ਜਾਣਾ ਨਾਮ ਜਪੀ ਪ੍ਰਭ ਤੇਰਾ॥ਗੁਰ ਪ੍ਰਮੇਸਰ ਨਾਨਕ ਭੇਟਿਓ ਸਾਚੇ ਸਬਦ ਨਿਬੇੜਾ॥੩॥

॥ਤਿਸ ਕਾ ਪ੍ਰਮਾਰਥੁ॥[3]

ਹੇ ਪਰਮੇਸਰ ਜਪ ਤਪ ਸੰਜਮ ਕ੍ਰਿਆ ਕਛੁ ਨਾਹੀ ਜਾਨਤਾ॥ਗੁਰ ਪ੍ਰਮੇਸਰ ਕੀ ਭੇਟ ਕਰ ਸਾਚ ਸਬਦ ਸੋ ਨਿਬੇੜਾ ਹੋਤਾ ਹੈ॥ਜਬ ਇਸ ਸਬਦ ਕਾ ਭੋਗ ਪੜਾ ਤਬ ਸਭ ਸਿਧ ਨਿਕਟ ਆਏ॥ਤਾ ਬਾਬਾ ਜੀ ਬੋਲੇ ਆਦੇਸ ਹੋ ਸਿਧੋ ਆਦੇਸ॥ਫੇਰ ਸਿਧ ਬੋਲੇ ਨਾਨਕ ਬਾਲੇ ਆਦ ਪੁਰਖ ਕੋ ਆਦੇਸ॥ਆਈਐ ਨਾਨਕ ਬਾਲਾ ਸਰਬੰਗਾਮੀ ਜੀ॥

ਤਬ ਸਿਧ ਬਾਬੇ ਜੀ ਕਾ ਦਰਸਨ ਦੇਖ ਬਹੁਤ ਪ੍ਰਸੰਨ ਭਏ॥ਅਰੁ ਇਕਤ੍ਰ ਹੋਇ ਕਰ ਸੇਤਬੰਦ ਰਾਮੇਸਰ ਪਰ ਆਇ ਉਤਰੇ॥ਆਪਸ ਮੋ ਸਿਧਾਂ ਅਰੁ ਕਰਾਮਾਤ ਲਗੇ ਦਿਖਾਵਣੇ॥ਅਰੁ ਗੁਰੂ ਬਾਬੇ ਜੀ ਕੋ ਕਹਿਆ ਹੇ ਨਾਨਕ ਬਾਬਾ ਜੀ ਕਛੁ ਤੁਮ ਭੀ ਕਰਾਮਾਤ ਦਿਖਾਵੋ॥

ਤਾ ਬਾਬੇ ਜੀ ਨੇ ਕਹਿਆ ਸਿਧੋ ਇਹ ਸਿਧੀ ਅਰ ਕਰਾਮਾਤ ਬਿਨਾ ਪਰਮੇਸਰ ਕੇ ਨਾਮ ਸਭ ਝੂਠ ਹੈ॥ਇਹ ਸਭ ਮਾਇਆ ਕਾ ਰੂਪ ਹੈ॥ਤਬ ਸਿਧ ਚੁਪ ਕਰ ਰਹੇ॥

॥ਦੋਹਰਾ॥

॥ਮਛਿੰਦ੍ਰ ਬਾਚ॥[4]

ਪੁਨ ਮਾਛਿਦ੍ਰ ਜੀ ਕਹਿਓ ਹੇ ਨਾਨਕ ਪੂਰਨ ਗਿਆਨ॥
ਕਿਮ ਮਨ ਚੰਚਲ ਥਿਰ ਰਹੇ ਕਿਸ ਜੁਗਤ ਜੋਗ ਕੋ ਜਾਨ॥੮॥
ਅਵਧੂਤੀ ਕਾ ਕੋ ਕਹੈ ਕਿਮ ਸੁੰਨ ਸਮਾਧ ਸਮਾਇ॥
ਯਹ ਬਿਚਾਰ ਨਿਰਨੇ ਕਹੋ ਤਬ ਮਮ ਮਨ ਪਤੀਆਇ॥੯॥
ਸੁਨਿ ਮਾਛਿੰਦ੍ਰ ਪ੍ਰਸਨ ਤਬ ਬੋਲੇ ਕ੍ਰਿਪਾ ਨਿਧਾਨ॥
ਸਹਜ ਸੁਭਾਇ ਮੁਖ ਤੇ ਕਹੀ ਬਾਨੀ ਪਰਮ ਬਿਗਿਆਨ॥੧੦॥

॥ਰਾਗੁ ਰਾਮਕਲੀ ਦੇ ਬੀਚ ਬਾਬੇ ਜੀ ਨੇ ਸਬਦੁ ਬੋਲਿਆ॥[5]

ਸੁਨਿ ਮਾਛਿਦ੍ਰ ਨਾਨਕ ਬੋਲੇ॥ਵਸਗਤ ਪੰਚ ਕਰੇ ਨਹੀ ਡੋਲੇ॥
101/ਅ ਐਸੀ ਜੁਗਤ ਜੋਗ ਕੋ ਪਾਲੇ॥ਆਪ ਤ/ਰੇ ਸਗਲੇ ਕੁਲ ਤਾਰੇ॥੧॥
ਸੋ ਅਉਧੂਤੀ ਐਸੀ ਮਤ ਪਾਵੈ॥ਅਹਿਨਿਸ ਸੁਧ ਸਮਾਧ ਲਗਾਵੈ॥੧॥ਰਹਾਉ॥

॥ਤਿਸ ਕਾ ਪ੍ਰਮਾਰਥੁ॥[6]

ਹੇ ਮਾਛਿਦ੍ਰ ਜੀ ਤੁਮ ਸੁਨੋ॥ਯਹ ਹਮ ਕਹਿਤੇ ਹੈ॥ਜਬ ਪੰਚ ਤਤ ਕੋ ਸਾਧੇ॥ਅਰਥ ਯਹ॥ਜਬ ਇਨ ਕੇ ਪ੍ਰਪੰਚ ਕੋ ਜਾਨਾ॥ਤਬ ਇੰਦ੍ਰੀ ਅਰੁ ਦੋਖ ਪਰ ਕਿਰਤੁ ਦ੍ਰਿੜ ਭਈ॥ਤਬ ਮਨ ਅਚਲ ਹੋਇਆ॥ਐਸੇ ਜੁਗਤ ਜਾਨ ਜੋ ਜੋਗ ਅਰੂੜ ਭਏ ਹੈ॥

॥ਅਰਥ ਰਹਾਉ ਕਾ॥[7]

ਵਹੀ ਅਉਧੂਤ ਹੈ॥ਜਿਸ ਕੋ ਐਸੀ ਬੁਧ ਹੈ॥ਵਹੀ ਅਹਿਨਿਸ ਸੁੰਨ ਸਮਾਧ ਮੋ ਸਮਾਏ ਹੈ॥ਪੁੰਨ ਮਛਿਦ੍ਰ ਹੇ ਨਾਨਕ ਬਾਲਾ ਜੀ ਅਵਧੂਤ ਕੀ ਭਿਖਿਆ ਕਵਨ ਹੈ॥ਕਿਸ ਭੋਜਨ ਸਿਉ ਤ੍ਰਿਪਤਿ ਰਹੇ ਹੈ॥ਅਰੁ ਕਵਨ ਆਸਨ ਕਰਿ ਕਿਸ ਧਿਆਨ ਸੋ ਚਿਤ ਦ੍ਰਿੜ ਭਇਆ ਹੈ॥

---

[1] ਹੋਤਾ (ੲ)
[2] ਇੱਥੇ ਸਿਰਲੇਖ '॥ਫੇਰ ਬਾਬੇ ਜੀ ਨੇ ਤੀਜੀ ਪਉੜੀ ਕਹੀ॥' ਨਹੀਂ ਹੈ (ੲ)
[3] ਇੱਥੇ ਸਿਰਲੇਖ '॥ਤਿਸੁ ਕਾ ਪਰਮਾਰਥੁ॥'ਨਹੀਂ ਹੈ (ੲ)
[4] ਇੱਥੇ ਸਿਰਲੇਖ '॥ਮਛਿੰਦ੍ਰ ਬਾਚ॥' ਨਹੀਂ ਹੈ (ੲ), ਇੱਥੇ ਸਿਰਲੇਖ '॥ਮਾਛਿੰਦ੍ਰ ਬਾਚ॥ਦੋਹਰਾ॥' ਹੈ (ਸ)
[5] ਇੱਥੇ ਸਿਰਲੇਖ '॥ਰਾਗੁ ਰਾਮਕਲੀ ਮਹਲਾ ੧॥' ਹੈ (ੲ), ਇੱਥੇ ਸਿਰਲੇਖ '॥ਰਾਗੁ ਰਾਮਕਲੀ ਦੇ ਬੀਚ ਬਾਬੇ ਜੀ ਨੇ ਸਬਦੁ ਬੋਲਿਆ॥ਪਉੜੀ॥' ਹੈ (ਸ)
[6] ਇੱਥੇ ਸਿਰਲੇਖ '॥ਤਿਸੁ ਕਾ ਪਰਮਾਰਥੁ॥' ਨਹੀਂ ਹੈ (ੲ)
[7] ਇੱਥੇ ਸਿਰਲੇਖ '॥ਅਰਥ ਰਹਾਉ ਕਾ॥' ਨਹੀਂ ਹੈ (ੲ)

॥ਤਬ ਬਾਬੇ ਜੀ ਨੇ ਦੂਸਰੀ ਪਉੜੀ ਕਹੀ॥[1]

ਭਿਖਿਆ ਭਾਇ ਭਗਤ ਪਰ ਜਾਲੈ॥ਹੋਵੈ ਸੋ ਤ੍ਰਿਪਤਿ ਸੰਤੋਖ ਅਮੁਲੈ॥
ਧਿਆਨ ਰੂਪ ਹੋਇ ਪਾਵੈ॥ਸਚੁ ਨਾਮ ਤਾੜੀ ਚਿਤ ਲਾਵੈ॥੨॥

॥ਤਿਸ ਕਾ ਪਰਮਾਰਥੁ॥[2]

ਹੇ ਨਾਥ ਜੀ ਤਿਸ ਕੀ ਭਿਖਿਆ ਭਾਉ ਭਗਤ ਕੀ ਕਹੀਐ॥ਸਦਾ ਭੈ ਪ੍ਰੀਤ ਸੋ ਚਲ ਕੇ ਭਿਖਿਆ ਲੇਤਾ ਹੈ॥ਵੈਸੋ ਤ੍ਰਿਪਤਿ ਹੋਤਾ ਹੈ॥ਸੰਤੋਖ ਅਮੁਲ ਪਦ ਮੋ ਅਰੁ ਧਿਆਨ ਮੋ ਤਤ ਰੂਪ ਹੋਇਆ॥ਏਹੀ ਸੁੰਨ ਦ੍ਰਿੜ ਭਇਆ॥ਅਰੁ ਸਚ ਨਾਮ ਦ੍ਰਿੜ ਏਹ ਤਾੜੀ ਸਿਉ ਚਿਤ ਲਗਾਵੈ॥

॥ਤਬ ਬਾਬੇ ਜੀ ਤੀਜੀ ਪਉੜੀ ਕਹੀ॥[3]

ਨਾਨਕ ਬੋਲੈ ਅੰਮ੍ਰਿਤ ਬਾਣੀ ਸੁਨਿ ਮਛਿਦ੍ਰ ਅਉਧੂ ਨੀਸਾਣੀ॥
ਆਸਾ ਮਾਹਿ ਨਿਰਾਸ ਵਲਾਏ॥ਨਿਹਚੋ ਨਾਨਕ ਕਰਤੇ ਪਾਏ॥

॥ਤਿਸ ਕਾ ਪਰਮਾਰਥ॥[4]

102/ੳ ਹੇ ਮਾਛਿਦ੍ਰ ਏਹ ਅੰਮ੍ਰਿਤ ਬਾਣੀ ਹੈ॥ਪਰਮ ਅਉਧੂਤ/ਕੀ ਇਹ ਨਿਸਾਨੀ ਹੈ॥ਜੋ ਆਸਾ ਮੋ ਨਿਰਾਸ ਹੈ॥ਤਿਸ ਨਿਸਚੇ ਕਰ ਪਰਮੇਸਰ ਕੋ ਪਾਇਆ ਹੈ॥

॥ਤਾ ਬਾਬੇ ਜੀ ਚਉਥੀ ਪਉੜੀ ਕਹੀ॥[5]

ਪ੍ਰਣਵਤ ਨਾਨਕ ਅਗਮ ਸੁਣਾਏ॥ਗੁਰ ਚੇਲੇ ਕੀ ਸੰਧ ਮਿਲਾਏ॥
ਦੀਖਿਆ ਦਾਰੂ ਭੋਜਨ ਖਾਇ॥ਛਿਅ ਦਰਸਨ ਕੀ ਸੋਝੀ ਪਾਏ॥੪॥

॥ਤਿਸ ਕਾ ਪ੍ਰਮਾਰਥੁ॥[6]

ਹੇ ਨਾਥ ਅਗੰਮ ਬਾਤ ਹੈ॥ਜਿਸ ਅਸਥਾਨ ਗੁਰ ਅਰੁ ਚੇਲਾ ਏਕ ਹੋਤਾ ਹੈ॥ਜਬ ਸਿਖ ਨੇ ਸਤਿਗੁਰ ਕੀ ਦੀਖਿਆ ਜੋ ਮਰਮ ਅਵਖਦ ਜੋ ਹੈ ਤਿਸ ਕੋ ਭੋਜਨ ਕੀਆ॥ਤਬ ਛੈ ਦਰਸਨ ਮੈ ਏਕ ਬ੍ਰਹਮ ਹੀ ਸੋਝੀ ਪਾਏ॥ਤਬ ਮਛਿਦ੍ਰ ਨਾਥ ਜੀ ਸ੍ਰੀ ਗੁਰ ਬਾਬੇ ਜੀ ਕੇ ਮੁਖਾਰਬਿੰਦ ਸਿਉ॥ਅੰਮ੍ਰਿਤ ਬਚਨ ਸੁਣ ਕਰ ਬਹੁਤ ਪ੍ਰਸੰਨ ਭਇਆ॥ਅਰੁ ਗਦ ਗਦ ਹੋਇ ਕਰ ਬਾਬੇ ਜੀ ਕੋ ਆਦੇਸ ਕੀਆ॥ਫੇਰ ਅਵਰ ਸਿਧ ਬੋਲੇ॥[7]

॥ਬਚਨ ਸਰਬ ਸਿਧੋ ਕਾ॥

ਹੇ ਨਾਨਕ ਬਾਲਾ ਜੀ ਜੋਗ ਕਾ ਮਾਰਗ ਬਡਾ ਹੈ॥ਤੁਮ ਭੀ ਸਰੂਪ ਲੇਵਹੁ॥

॥ਤਬ ਸਤਿਗੁਰ ਨਿਧਾਨ ਜੀ ਬੋਲੈ॥[8]

ਹੇ ਸਿਧੋ ਮੈਨੇ ਅਪਨੇ ਗੁਰੂ ਸਿਉ ਗਿਆਨ ਰੂਪੀ ਜੋਗ ਪਾਇਆ ਹੈ॥ਤਿਸ ਮੋ ਸਦਾ ਹੀ ਦਿੜ ਰਹਿਤਾ ਹੈ॥

॥ਫੇਰਿ ਅਵਰੁ ਸਿਧ ਬੋਲੇ॥

ਹੇ ਨਾਨਕ ਜੀ ਗਿਆਨ ਰੂਪੀ ਜੋਗ ਕਉਨ ਹੈ॥ਅਰ ਤਿਸ ਕੇ ਗੁਰ ਮਾਰਗ ਰੂਪੀ ਕੀ ਮਾਤ੍ਰਾ ਕਵਨ ਹੈ॥ਸਿੰਙੀ ਅਰੁ ਝੋਲੀ ਕਿਸ ਜੁਗਤ ਕੀ ਹੈ॥ਅਰੁ ਹਮ ਗੁਰ ਗੋਰਖ ਜੀ ਕਾ ਸਰੂਪ ਹਿਰਦੇ ਮੋ ਜਗਾਵਤੇ ਹੈ॥ਅਰੁ ਤੁਮ ਕਵਨ ਜੁਗਤ ਕਰਿ ਗੋਰਖ ਜਗਾਵਤੇ ਹੋ॥ਹਮ ਕੌ ਇਸ ਕਾ ਉਤ੍ਰ ਦੇਵਉ॥ਤਾ ਗੁਰੂ ਬਾਬਾ ਜੀ ਬੋਲੇ॥

॥ਰਾਗੁ ਰਾਮਕਲੀ ਮੈ ਸਬਦੁ ਬੋਲੈ॥[9]

ਸੁਰਤ ਸਬਦ ਮੇਰੀ ਸਿੰਙੀ ਬਾਜੇ ਲੋਕ ਸੁਣੇ॥
102/ਅ ਪਤ ਝੋਲੀ ਮੰਗਣ ਕੇ ਤਾਈ ਭੀਖਿਆ/ਨਾਮ ਪੜੇ॥੧॥

---

[1] ਇੱਥੇ ਸਿਰਲੇਖ '॥ਤਬ ਬਾਬੇ ਜੀ ਨੇ ਦੂਸਰੀ ਪਉੜੀ ਕਹੀ॥' ਹੈ (ੲ)
[2] ਇੱਥੇ ਸਿਰਲੇਖ '॥ਅਰਥ॥' ਹੈ (ੲ)
[3] ਇੱਥੇ ਸਿਰਲੇਖ '॥ਤਬ ਬਾਬੇ ਜੀ ਤੀਜੀ ਪਉੜੀ ਕਹੀ॥' ਹੈ (ੲ)
[4] ਇੱਥੇ ਸਿਰਲੇਖ '॥ਅਰਥ॥' ਹੈ (ੲ)
[5] ਇੱਥੇ ਸਿਰਲੇਖ '॥ਤਾ ਬਾਬੇ ਜੀ ਚਉਥੀ ਪਉੜੀ ਕਹੀ॥' ਹੈ (ੲ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਇੱਥੇ 'ਅਰੁ ਗਦ ਗਦ ਹੋਇ...ਅਵਰ ਸਿਧ ਬੋਲੇ॥' ਦੀ ਜਗ੍ਹਾ ਤੇ '॥ਆਦੇਸ ਆਦੇਸ ਕੀਆ॥' ਪਾਠ ਹੈ (ੲ)
[8] ਇੱਥੇ ਸਿਰਲੇਖ '॥ਗੁਰੋ ਵਾਚ॥' (ੲ)
[9] ਇੱਥੇ ਸਿਰਲੇਖ '॥ਤਾ ਗੁਰੂ ਬਾਬਾ ਜੀ॥ਰਾਗੁ ਰਾਮਕਲੀ ਮੈ ਸਬਦੁ ਬੋਲਾ॥' ਹੈ (ਅ,ਸ), ਇੱਥੇ ਸਿਰਲੇਖ '॥ਰਾਗੁ ਰਾਮਕਲੀ ਮਹਲਾ ੧॥' ਹੈ (ੲ)

ਬਾਬਾ ਗੋਰਖ ਜਾਗੇ॥ਗੋਰਖ ਸੋ ਜਿਨ ਗੋਇ ਉਠਾਲੀ ਕਰਤੇ ਬਾਰ ਨ ਲਾਗੇ॥[1]

॥ਤਿਸ ਕਾ ਪਰਮਾਰਥੁ॥[2]

ਬਾਬੇ ਜੀ ਕਹਿਆ[3] ਹੇ ਸਿਧੋ ਸੁਰਤ ਸਬਦ ਜੋ ਹੈ ਸਾਖੀ ਮੇਰੀ ਸਿਙੀ ਹੈ॥ਅਪਣੇ ਆਪ ਕਰ ਸਦਾ ਬਜਤੀ ਹੈ॥ਸਰਬ ਲੋਕ ਮੈ ਪਰਕਾਸਕ ਹੈ॥ਤਿਸ ਕਾ ਤਾਤ ਪਰਜ ਯਹ ਹੈ॥ਗੁਰ ਕੇ ਬਚਨ ਕਰ ਸੁਰਤ ਜੋ ਹੈ ਸੋ ਬ੍ਰਹਮ ਸਬਦ ਬਿਖੈ ਲੀਨ ਭਈ॥ਏਹੀ ਮੇਰੀ ਸਿਙੀ ਹੈ॥ਪਤ ਰੂਪੀ ਝੋਲੀ ਬਿਖੈ ਨਾਮ ਰੂਪੀ ਭਿਖਿਆ ਪ੍ਰਾਪਤ ਹੋਤੀ ਹੈ॥ਇਸ ਪ੍ਰਕਾਰ ਕਰ ਕੈ ਗੋਰਖ ਜਾਗੇ ਹੈ॥ਗੋਰਖ ਵਹੀ ਹੈ ਜਿਸ ਨੇ ਜਗਤ ਪ੍ਰਕਾਸਿਆ ਹੈ॥ਅਰੁ ਪ੍ਰਕਾਸ ਕਰਤੇ ਕੋ ਬੇਰ ਨਹੀ ਲਗੀ॥

॥ਤਾ ਫੇਰਿ ਬਾਬੇ ਜੀ ਦੂਜੀ ਪਉੜੀ ਕਹੀ॥[4]

ਪਾਣੀ ਪ੍ਰਾਣ ਪਵਨ ਬੰਧ ਰਾਖੈ ਚੰਦ ਸੂਰਜ ਮੁਖ ਦੀਏ॥
ਮਰਨ ਜੀਵਨ ਕੋ ਧਰਤੀ ਦੀਨੀ ਏਤੇ ਗੁਣ ਵਿਸਰੀਏ[5]॥

॥ਤਿਸ ਕਾ ਪ੍ਰਮਾਰਥੁ॥[6]

ਬਾਬੇ ਜੀ ਨੇ ਕਹਿਆ ਹੇ ਸਿਧੋ ਜਿਸ ਨੇ ਪਾਣੀ ਅਰੁ ਪਵਨ ਸਿਉ ਪ੍ਰਾਣੋ ਕਾ ਬੰਧੇਜ ਕੀਆ ਹੈ॥ਚੰਦ੍ਰਮਾ ਅਰੁ ਸੂਰਜ ਜਿਸ ਨੇ ਮੁਖ ਦੀਪਕ ਕੀਏ ਹੈ॥ਤੀਨ ਲੋਕ ਮੋ ਉਜਿਆਰਾ ਕਰਨੇਹਾਰੇ ਹੈ॥ਮਰਣੇ ਅਰੁ ਜੀਵਣੇ ਕੇ ਪਦਾਰਥ ਭੋਗੋ ਕਉ ਧਰਤੀ ਕਰ ਦਈ ਹੈ॥ਐਸੇ ਗੁਣਾਬਾਦ ਪ੍ਰਮੇਸਰ ਕੋ ਬਿਸਾਰ ਕੇ ਕਵਨ ਜੋਗ ਕਰਨਾ ਹੈ॥

॥ਫੇਰ ਬਾਬੇ ਤੀਜੀ ਪਉੜੀ ਕਹੀ॥[7]

ਸਿਧ ਸਾਧਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁ ਤੇਰੇ॥
ਜੇ ਤਿਨ ਮਿਲੇ ਤਾਂ ਕੀਰਤ ਆਖਾ ਤਾ ਮਨ ਸੇਵ ਕਰੇ॥੩॥

॥ਤਿਸ ਕਾ ਪ੍ਰਮਾਰਥ॥[8]

ਹੇ ਸਿਧੋ ਜੇਤੇ ਸਿਧ ਅਰੁ ਸਾਦਕ ਜੋਗੀ ਅਰੁ ਜੰਗਮ ਪੀਰ ਪੁਰਖ ਹੈ॥ਜੇ ਉਨ ਕੀ ਸੰਗਤਿ ਪਾਈਐ ਤਾ ਮਨ ਦਿੜ ਹੋਵਹਿ॥ਅਰੁ ਪਰਮੇਸਰ ਕੀ ਭਗਤ ਉਪਜੇ॥

103/ੳ **॥/ਤਾ ਫੇਰ ਚੌਥੀ ਪਉੜੀ ਕਹੀ॥[9]**

ਕਾਗਦ ਲੋਣ ਰਹੇ ਘ੍ਰਿਤ ਸੰਗੇ ਪਾਣੀ ਕਮਲ ਰਹੇ॥
ਐਸੇ ਭਗਤ ਮਿਲੇ ਜਨ ਨਾਨਕ ਤਿਨ ਜਮ ਕਿਆ ਕਰੇ॥੪॥

॥ਤਿਸ ਕਾ ਪ੍ਰਮਾਰਥ॥[10]

ਜੈਸੇ ਕਾਗਦ ਅਰ ਲੋਣ ਘ੍ਰਿਤ ਕੇ ਸੰਗ ਰਹਿਤਾ ਹੈ॥ਅਰੁ ਜਲ ਬਿਖੇ ਕਮਲ ਰਹਤਾ ਹੈ॥ਜੈਸੇ ਨਿਰਲੇਪੀ ਸੰਤ ਮਿਲੇ ਤਉ ਜਮ ਕੀ ਪ੍ਰਵਾਹ ਕਿਆ ਹੈ॥ਜਬ ਇਹ ਬਚਨ ਗੁਰ ਬਾਬੇ ਜੀ ਕੇ ਮੁਖਾਰਬਿੰਦ ਸਿਉ ਸੁਨੇ ਤਬ ਸਿਧ ਬਹੁਤ ਹੀ ਪ੍ਰਸੰਨ ਭਏ॥ਅਰੁ ਬਾਬੇ ਜੀ ਕੌ ਨਮਸਕਾਰ ਕੀਆ॥ਤਬ ਬਾਬਾ ਜੀ ਸੋ ਬਿਦਾ ਭਏ॥

॥ਸਾਖੀ ਪੂਰਨ ਹੋਈ॥

॥ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ 'ਬਾਬਾ ਗੋਰਖ ਜਾਗੇ॥.... ਬਾਰ ਨ ਲਾਗੇ॥' ਪੰਕਤੀ ਦੇ ਅੰਤ ਵਿਚ '॥ਰਹਾਉ॥' ਹੈ (ਸ)
[2] ਇੱਥੇ ਸਿਰਲੇਖ '॥ਅਰਥ॥' ਹੈ (ੲ)
[3] ਇੱਥੇ 'ਬਾਬੇ ਜੀ ਕਹਿਆ' ਪੰਕਤੀ ਨਹੀਂ ਹੈ (ਅ)
[4] ਇੱਥੇ ਸਿਰਲੇਖ '॥ਤਾ ਫੇਰਿ ਬਾਬੇ ਜੀ ਦੂਜੀ ਪਉੜੀ ਕਹੀ॥' ਨਹੀਂ ਹੈ (ੲ)
[5] ਵਿਸਰੇ (ਅ,ਸ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਇੱਥੇ ਸਿਰਲੇਖ '॥ਫੇਰ ਬਾਬੇ ਤੀਜੀ ਪਉੜੀ ਕਹੀ॥' ਨਹੀਂ ਹੈ (ੲ)
[8] ਇੱਥੇ ਸਿਰਲੇਖ '॥ਅਰਥ॥' ਹੈ (ੲ)
[9] ਇੱਥੇ ਸਿਰਲੇਖ '॥ਤਾ ਫੇਰ ਚੌਥੀ ਪਉੜੀ ਕਹੀ॥' ਨਹੀਂ ਹੈ (ੲ
[10] ਇੱਥੇ ਸਿਰਲੇਖ '॥ਅਰਥ॥' ਹੈ (ੲ)

[ਸਾਖੀ ਤਿਲਗੰਜੀ ਵਿਚ ਸਿਧਾਂ ਨਾਲ ਚਰਚਾ][1]

॥ਦੋਹਰਾ॥

ਸਿੰਧ ਨਿਕਟ ਦਖਣ ਬਿਖੇ ਤਹਾ ਮਹਾਂਦੇਵ ਅਸਥਾਨ॥
ਸਿਧ ਤਹਾਂ ਮੇਲਾ ਕਰੇ ਮਹਮਾ ਅਮਿਤ ਮਹਾਨ॥੧॥

॥ਚੌਉਪਈ॥

ਤਿਹ ਅਸਥਾਨ ਬਾਬਾ ਜੀ ਗਏ॥ਕਰ ਆਸਨ ਤਹਾ ਅਸਥਿਰ ਭਏ॥
ਫੁਨਿ ਸਿਧ ਤਹਾਂ ਸਭ ਭਏ ਇਕਤ੍ਰ॥ਆਸਨ ਬੈਠ ਆਗੇ ਧਰ ਪਤ੍ਰ॥੨॥
ਤਹ ਸਿਧੋ ਗੋਰਖ ਪਹਿ ਜਾਇ॥ਇਕ ਤਿਲ ਭੇਟ ਧਰਿਓ ਤਿਸ ਆਇ॥
ਤਬ ਗੋਰਖ ਜੀ ਕਹਿਓ ਸਿਧ ਬੁਲਾਇ॥ਇਹੁ ਤਿਲੁ ਤੁਮ ਦੇਵਹੁ ਸਭ ਵਰਤਾਇ॥੩॥
ਤਬ ਸਭ ਸਿਧਨ ਕੀਓ ਬੀਚਾਰ॥ਇਕ ਤਿਲ ਬਰਤੇ ਕਿਸ ਪ੍ਰਕਾਰ॥
ਸਭ ਮਿਲ ਗੋਰਖ ਕੋ ਕਹੇ ਜਾਇ॥ਪੁਨ ਬਾਲਾ ਜੀ ਆਏ ਇਹ ਠਾਇ॥੪॥
ਕਹੋ ਤਾਹਿ ਸਭ ਕੋ ਵਰਤਾਵੈ॥ਸਭ ਕੈ ਪਤ੍ਰ ਮਾਹਿ ਕਿਮ ਪਾਵੈ॥
103/ਅ ਇਹ ਪਰਤਗਿਆ ਤਾ ਕੀ ਕੀਜੈ॥ਏਕ ਪੰਥ ਦੁ/ਇ ਕਾਰਜ ਲੀਜੈ॥੫॥

॥ਦੋਹਰਾ॥

ਤਬ ਗੋਰਖ ਜੀ ਐਸੇ ਕਹਿਓ ਬਾਲਾ ਪਰਮ ਸੁਜਾਨ॥
ਇਹ ਤਿਲ ਬਰਤਾਵੋ ਸਕਲ ਮੋ ਨਹੀ ਤੁਮ ਸਮਾਨ ਜਗ ਆਨ॥੬॥

॥ਚੌਉਪਈ॥

ਤਬ ਦਿਆਲ ਵੈ ਤਿਲ ਕੋ ਲੀਓ॥ਲੈ ਕੂੰਡੀ ਸੋਟਾ ਮੈਥਨ ਕੀਓ॥
ਅਪਨੇ ਹਾਥ ਦੀਓ ਵਰਤਾਇ॥ਸਭ ਕੇ ਪਤ੍ਰ ਭਰੇ ਲੀਲਾਇ॥੭॥
ਸਭ ਦੇਖਿ ਚਰਿਤ੍ਰ ਬਿਸਮ ਹੋਇ ਗਏ॥ਸਤਗੁਰ ਕੋ ਪਰਸੰਸਤ ਭਏ॥
ਤੁਮ ਪਰਮ ਅਉਧੂਤ ਅਰੁ ਪਰਮ ਸੁਜਾਨ॥ਤੁਮ ਅਭੰਗਤ ਪੂਰਨ ਪਰਮ ਸੁਜਾਨ॥੮॥

ਤਬ[2] ਗੁਰ ਬਾਬੇ ਨਾਨਕ ਜੀ ਨੇ ਕਹਿਆ ਹੇ ਸਿਧੋ ਤਿਲ ਕੇ ਵਰਤਾਏ ਪਰ ਤੁਮ ਹਮ ਕੋ ਅਵਧੂਤ ਪਦ ਕਹਾ॥ਸੋ ਅਵਧੂਤ ਪਦ ਬਡਾ ਸੁਗਮ ਹੈ॥ਨਾਥ ਜੀ ਕੌ ਪੂਛੋ॥ਇਹ ਬਚਨ ਸੁਨ ਕਰ ਗੋਰਖ ਜੀ ਬੋਲੇ॥

॥ਬਚਨ ਗੋਰਖ ਜੀ ਕਾ॥

ਤਾ ਗੋਰਖ ਜੀ ਨੇ ਕਹਾ॥[3]ਹੇ ਬਾਲਾ ਜੀ ਅਵਧੂਤ ਪਦ ਅਗੰਮ ਹੈ॥ਤੁਮ ਕਿਰਪਾ ਕਰ ਕੈ ਨਿਜ ਮੁਖਾਰਬਿੰਦ ਸਿਉ ਨਿਰੂਪਣ ਕਰੋ॥

॥ਤਬ ਬਾਬੇ ਰਾਗੁ ਪਰਭਾਤੀ ਮੈ ਸਬਦ ਕਾ ਉਚਾਰ ਕੀਆ॥[4]

ਜਾ ਕੋ ਰੂਪ ਨਾਹੀ ਜਾਤ ਨਾਹੀ ਨਾਹੀ ਮੁਖ ਮਾਸਾ॥
ਸਤਿਗੁਰ ਮਿਲੇ ਨਿਰੰਜਨ ਪਾਇਆ॥ਤੇਰੇ ਨਾਮੇ ਹੀ ਨਿਵਾਸਾ॥੧॥ਰਹਾਉ॥

[5]**॥ਤਿਸ ਕਾ ਪ੍ਰਮਾਰਥੁ॥**

ਹੇ ਗੋਰਖ ਨਾਥ ਜੀ ਜਿਸ ਨੇ ਨਾਮ ਗੁਨ ਰੂਪ ਅਰੁ ਜਾਤ ਅਰੁ ਵਰਨ ਸਰੀਰ ਬੁਧ ਨਿਵਰਤ ਭਈ ਹੈ॥ਸਤਿਗੁਰ ਕੌ ਮਿਲ ਕਰਿ ਨਾਮ ਨਿਰੰਜਨ ਮੋ ਸਾਏ[6] ਹੈ॥

॥ਅਰਥ ਰਹਾਉ ਕਾ॥[7]

ਅਰਥ ਵਹੀ ਅਉਧੂਤ ਹੈ ਜਾ ਕੇ ਸਹਜਿ ਤਤੁ ਹੀ ਬਿਚਾਰ ਹੈ॥ਆਵਨ ਜਾਨ ਸੋ ਰਹਿਤ ਭਏ ਹੈ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ ਸ਼ਬਦ 'ਤਬ' ਨਹੀਂ ਹੈ (ੲ)
[3] ਇੱਥੇ '॥ਬਚਨ ਗੋਰਖ ਜੀ....ਨੇ ਕਹਾ॥' ਪਾਠ ਨਹੀਂ ਹੈ (ੲ)
[4] ਇੱਥੇ ਸਿਰਲੇਖ '॥ਉਤ੍ਰ ਰਾਗੁ ਪ੍ਰਭਾਤੀ ਮਹਲਾ ੧॥' ਹੈ (ੲ)
[5] ਇੱਥੇ 'ਅਉਧੂ ਸਹਜੇ ਤਤ ਬੀਚਾਰ॥ਜਾ ਤੇ ਫਿਰਿ ਨ ਆਵਹੁ ਸੰਸਾਰ॥' ਪਾਠ ਹੈ (ਸ)
[6] ਸਮਾਏ (ਅ,ੲ,ਸ)
[7] ਇੱਥੇ ਸਿਰਲੇਖ '॥ਅਰਥ ਰਹਾਉ ਕਾ॥' ਨਹੀਂ ਹੈ (ੲ)

॥ਤਬ ਬਾਬੇ ਜੀ ਦੂਜੀ ਪਉੜੀ ਕਹੀ॥[1]

103/ਅ ਜਾ ਕੇ ਧਰਮ/ਨਹੀ ਕਰਮ ਨਹੀ ਨਾਹੀ ਸੁਚ ਮਾਲਾ॥
ਸਿਵ ਜੋਤ ਕੰਨਹੁ ਬੁਧਿ ਪਾਈ ਸਤਿਗੁਰੂ ਰਖਵਾਲਾ॥੨॥

॥ਤਿਸ ਕਾ ਪ੍ਰਮਾਰਥੁ॥[2]

ਹੇ ਨਾਥ ਜੀ ਤਿਸ ਕੋ ਕਰਮ ਅਰਿ ਧਰਮ ਸੁਚ ਮਾਲਾ॥ਅਰੁ ਜਾਪ ਅਰੁ ਤਾਪ ਏ ਪਰਵਿਰਤ ਮਾਰਗ ਨਿਰਵਿਰਤ ਹੋਇਆ ਹੈ॥ਉਨ ਕੇ ਸਿਵ ਜੋਤ ਬੁਧ ਪ੍ਰਾਪਤ ਭਈ ਹੈ॥ਉਨ ਕਾ ਸਤਿਗੁਰ ਰਛ ਪਾਲ ਹੈ॥

॥ਤਾ ਫੇਰਿ ਤੀਜੀ ਪਉੜੀ ਕਹੀ॥[3]

ਜਾ ਕੇ ਬਰਤ ਨਹੀ ਨੇਮ ਨਾਹੀ ਨਾਹੀ ਬਕਬਾਈ॥
ਗਤਿ ਅਵਗਤਿ ਕੀ ਚਿੰਤਾ ਨਾਹੀ ਸਤਗੁਰੂ ਫੁਰਮਾਈ॥੩॥

॥ਤਿਸ ਕਾ ਪ੍ਰਮਾਰਥੁ॥[4]

ਹੇ ਨਾਥ ਜੀ ਜਾ ਕੇ ਬਰਤ ਨੇਮ ਉਤ੍ਰ ਪ੍ਰਸਨ ਬਿਵਹਾਰ ਗਤਿ ਅਵਗਤਿ ਕੀ ਚਿੰਤਾ ਸਤਿਗੁਰ ਕੇ ਬਚਨ ਨਿਵਰਤਿ ਭਈ ਹੈ॥ਵਹੀ ਅਵਧੂਤ ਹੈ॥

॥ਪੁਨਹ ਚਉਥੀ ਪਉੜੀ ਕਹੀ॥[5]

ਜਾ ਕੇ ਆਸ ਨਾਹੀ ਨਿਰਾਸ ਨਾਹੀ ਚਿਤ ਸੁਰਤ ਸਮਝਾਈ॥
ਤੰਤ ਕੌ ਪਰਮਤੰਤ ਮਿਲਿਆ ਨਾਨਕ ਬੁਧਿ ਪਾਈ॥੪॥

॥ਤਿਸ ਕਾ ਪ੍ਰਮਾਰਥੁ॥[6]

ਹੇ ਨਾਥ ਜੀ ਆਸ ਅਰੁ ਨਿਰਾਸ ਦੋਨੋ ਕੋ ਨਾਸ ਕਰ ਚਿਤ ਸੁਰਤ ਬ੍ਰਹਮ ਅਵਸਤਾ ਦ੍ਰਿੜ ਭਈ ਹੈ॥ਤੰਤੁ ਪਰਮਤੰਤੁ ਮੈ ਮਿਲਿਆ॥ਅਰਥ ਯਹ ਆਤਮਾ ਪ੍ਰਮਾਤਮਾ ਮੋ ਦਿੜ ਭਇਆ ਮੇਰੇ ਮਤ ਬਿਖੇ ਤਿਸ ਕੋ ਅਵਧੂਤ ਕਹਿਤੇ ਹੈ॥ਏਹ ਬਚਨ ਗੁਰੂ ਬਾਬੇ ਜੀ ਕੇ ਮੁਖਾਰਬਿੰਦ ਸੋ ਸ੍ਰਵਣ ਕਰ ਕੈ ਸਿਧ ਬਹੁਤ ਹੀ ਪ੍ਰਸੰਨ ਭਏ॥ਅਰੁ ਬਾਬੇ ਜੀ ਕਉ ਅਦੇਸ ਕੀਆ॥ਅਰੁ ਕਹਿਆ ਧੰਨ ਧੰਨ ਬਾਲਾ ਜੀ ਤੇਰੇ ਬਚਨ ਸੁਨ ਕਰ ਹਮਾਰਾ ਸੰਸਾ ਨਿਵਰਤ ਭਇਆ ਹੈ॥ਤਬ ਬਾਬਾ ਜੀ ਸਿਧੋ ਸਿਓ ਵਿਦਿਆ ਭਏ॥

104/ਅ **॥ਸਾਖੀ ਪੂਰ/ਨ ਹੋਈ॥**

॥ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ਤਬ ਬਾਬੇ ਜੀ ਦੂਜੀ ਪਉੜੀ ਕਹੀ॥' ਨਹੀਂ ਹੈ (ੲ)
[2] ਇੱਥੇ ਸਿਰਲੇਖ '॥ਅਰਥ॥' ਹੈ (ੲ)
[3] ਇੱਥੇ ਸਿਰਲੇਖ '॥ਤਾ ਫੇਰਿ ਤੀਜੀ ਪਉੜੀ ਕਹੀ॥' ਨਹੀਂ ਹੈ (ੲ)
[4] ਇੱਥੇ ਸਿਰਲੇਖ '॥ਅਰਥ॥' ਹੈ (ੲ)
[5] ਇੱਥੇ ਸਿਰਲੇਖ '॥ਪੁਨਹ ਚਉਥੀ ਪਉੜੀ ਕਹੀ॥' ਨਹੀਂ ਹੈ (ੲ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)

[ਸਾਖੀ ਬਾਬਾ ਜੀ ਦਾ ਕਾਵਰੂ ਦੇਸ ਜਾਣਾ][1]

॥ਦੋਹਰਾ॥

ਸਹਿਜ ਸੁਭਾਇ ਰਮਤੇ ਪ੍ਰਭੂ ਗਏ ਕਾਵਰੂ ਦੇਸ॥
ਮਰਦਾਨੇ ਕੋ ਸੰਗ ਲੇ ਪਰਮ ਨਿਰਾਲਮ ਭੇਸ॥੧॥

॥ਚੋਪਈ॥

ਏਕ ਨਗਰ ਸਮੀਪ ਜਬ ਗਏ॥ਬਾਹਰਿ ਨਗਰਿ ਅਸਥਿਤ ਗੁਰ ਭਏ॥
ਜਬ ਗੁਰ ਭਏ ਆਸਨ ਅਸੀਨ॥ਤਬ ਮਰਦਾਨੇ ਬਿਨਤੀ ਕੀਨ॥੨॥
ਜੋ ਪ੍ਰਭ ਆਗਿਆ ਹੋਇ ਤੁਮਾਰੀ॥ਨਗਰ ਦੇਖ ਆਵਹੁ ਇਕ ਬਾਰੀ॥
ਤਬ ਆਗਿਆ ਦੀਨੀ ਸਤਿਗੁਰ ਦਿਆਲ॥ਦੇਖਿ ਨਗਰ ਆਈਓ ਤਤਕਾਲ॥੩॥
ਪੁਨ ਮਰਦਾਨਾ ਨਗਰ ਮੋ ਗਇਓ॥ਹਾਟ ਬਜਾਰ ਗ੍ਰਿਹ ਦੇਖਤ ਭਇਓ॥
ਸੁੰਦਰ ਜੁਵਾ ਪੁਰਖ ਤ੍ਰਿਆ ਦੇਖਾ॥ਮੰਤ੍ਰ ਜੁਗਤ ਤਿਨ ਕੀਓ ਬਸੇਖਾ॥੪॥
ਤਾਗਾ ਬਾਂਧ ਮੰਤ੍ਰ ਮੁਖ ਆਖਿਓ॥ਮੇਢਾ ਕਰ ਗ੍ਰਹ ਮੈ ਬੰਧ ਰਾਖਿਓ॥
ਮਰਦਾਨੇ ਬੇਰ ਲਗੀ ਨਹੀ ਆਇਆ॥ਤਬ ਦੀਨ ਬੰਦ ਪੂਛਿਓ ਕਰ ਦਾਇਆ॥੫॥

॥ਦੋਹਰਾ॥

ਤਬ ਸਤਗੁਰ ਨਗਰੀ ਖੋਜਤੇ ਗਏ ਮਰਦਾਨੇ ਪਾਸ॥
ਤਿਨ ਦਰਸਨ ਦੇਖਿ ਮੈ ਮੈ ਕਰਿਓ ਛਪਟਤੁ ਲੇਤੁ ਉਸਾਸੁ॥੬॥

॥ਚੋਪਈ॥

ਜਬ ਕ੍ਰਿਪਾ ਦਿਸਟਿ ਬਾਬੇ ਜੀ ਕਰੀ॥ਬੰਧਨ ਛੁਟਿਓ ਦੇਹ ਨਰ ਧਰੀ॥
ਹੋਇ ਪ੍ਰੇਮ ਜੁਗਤ ਚਰਨਨ ਪਰ ਪਰਾ॥ਤੁਮ ਨਇਆ ਜਨਮੁ ਮੇਰਾ ਪ੍ਰਭ ਕਰਾ॥੭॥
ਇਹੁ ਦੇਖ ਚਰਿਤ੍ਰ ਤ੍ਰਿਆ ਇਮ ਜਾਨਾ॥ਏਹੁ ਬਡਾ ਸਿਧ ਹੈ ਗੁਨੀ ਪਰਧਾਨਾ॥
ਕਰ ਮੰਤ੍ਰ ਜੁਗਤ ਇਨ ਕੋ ਬਸਿ ਕੀਜੈ॥ਗ੍ਰਿਹ ਮੋ ਰਾਖਿ ਇਛਾ ਸੁਖ ਲੀਜੈ॥੮॥
105/ੳ ਤਬ ਬਹੁਤ ਤ੍ਰਿਆ ਮਿਲਿ ਇਸਟ ਅਰਾਧਿਓ॥ਮੰਤ੍ਰ ਜੰਤ੍ਰ ਜੁਗਤ ਸਭ ਸਾ/ਧਿਓ॥
ਜਬ ਛੂਛੀ ਗਤਿ ਮੰਤ੍ਰ ਭਈ ਨਾਰੀ॥ਤਬ ਪੁਰਖ ਨਾਰ ਨਗਰੀ ਜੁਰ ਸਾਰੀ॥੯॥
ਤਬ ਸਕੋਪ ਗੁਰ ਦਿਸਟਿ ਨਿਹਾਰੀ॥ਬਝੇ ਸਭ ਅੰਗ ਪੁਰਖ ਅਰੁ ਨਾਰੀ॥
ਸਕਤ ਦੇਖਿ ਤਿਨ ਚਰਨ ਅਰਾਧੇ॥ਮੁਕਤੇ ਭਏ ਛੂਟ ਗਏ ਬਾਧੇ॥੧੦॥

॥ਦੋਹਰਾ॥

ਤਬ ਸਤਗੁਰ ਆਸਨ ਕੋ ਚਲੇ ਸਭ ਨਗਰ ਲੋਗ ਗਏ ਸਾਥ॥
ਦੇਖ ਦਰਸ ਸੁ ਭਗਤ ਭਏ ਪੁਨ ਪੁਨ[2] ਚਰਨਨ[3] ਮਾਥ॥੧੧॥

॥ਦੋਹਰਾ॥

ਪੁਨ ਗੁਰ[4] ਤਾ ਕੋ ਕਹਿਓ ਹਰਿ ਭਗਤਿ ਕਰੋ ਚਿਤ ਲਾਇ॥
ਇਹ ਮੰਤ੍ਰ ਜੰਤ੍ਰ ਅਤਿ ਨੀਚ ਗਤਿ ਉਤਮਿ ਭਗਤਿ ਪ੍ਰਭਾਇ॥੧੨॥

॥ਸਾਖੀ ਪੂਰਨ ਹੋਈ॥[5]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਪੁਨ ਨਿਆਵੈ (ੲ)
[3] ਚਰਨ ਲਗਿਓ (ਅ)
[4] ਸਤਿਗੁਰ (ਅ)
[5] ਇੱਥੇ '॥ਸਾਖੀ ਪੂਰਨ ਹੋਈ॥ਰਹਾਉ॥' ਵਾਲੀ ਪੰਕਤੀ ਹੈ (ਅ), ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਸੁਮੇਰ ਪ੍ਰਬਤ ਉੱਤੇ ਸਿਧਾਂ ਨਾਲ ਚਰਚਾ][1]

ਉਹਾ ਸਿਉ ਸਤਿਗੁਰ ਮਰਦਾਨੇ ਸਾਥ ਲੀਏ ਸੁਮੇਰ ਪਰਬਤ ਕੀ ਦਿਸਾ ਕੋ ਗਮਨ ਕੀਆ॥

॥ਦੋਹਰਾ॥

ਚਲੇ ਸੁਮੇਰ ਬਿਹਾਰ ਜੁ ਸਤਿਗੁਰ ਕ੍ਰਿਪਾ ਨਿਧਾਨ॥
ਨਿਜ ਭਗਤ ਰੂਪ ਹਰਿ ਬਪੁ ਧਰਿਓ ਮਹਿਮਾ ਅਮਿਤ ਮਹਾਨ॥੧॥
ਸਿਵ ਬਿਰੰਚ ਅਰੁ ਸਕਤ ਸਭ ਇੰਦ੍ਰ ਮੁਨੀਸਰ ਸਿਧ॥
ਅਮਿਤ ਸਭਾ ਸੁੰਦਰ ਬਨੀ ਭਇਓ ਕੀਰਤਨ ਭਜਨ ਬਿਬਿਧ[2]॥੨॥

॥ਚੋਪਈ॥

ਜਬ ਸੁਮੇਰ ਗਏ ਸਤਿਗੁਰ ਦਿਆਲ॥ਸੋਭਤ ਸੁੰਦਰ ਗਿਰ ਪਰਮ ਬਿਸਾਲ॥
ਅਤਿ ਪ੍ਰਮਕਾਸ ਰਤਨ ਮਨ ਜੜੀ॥ਜਗਿਓਪਵੀਤ ਜਿਉ ਗੰਗਾ ਫਿਰੀ॥੩॥
ਅਸਟ ਸ੍ਰਿੰਗ ਸੁੰਦਰ ਪਰਧਾਨ॥ਤਹਾ ਸਾਧ ਮੁਨੀਸਰ ਬਸੇ ਮਹਾਨ॥
ਚਾਰ ਪੁਰੀ ਚਉਦਿਸ ਅਤ ਸੁੰਦਰ॥ਮਧ ਬਨਿਓ ਕੈਲਾਸੀ ਮੰਦਰ॥੪॥
105/ਅ ਤਹਾ ਦੇਵ ਕੰਨਿਆ ਸੁ/ਕਰੇ[3] ਬਿਹਾਰ॥ਸੁੰਦਰ ਪ੍ਰਜਾ ਬਸੇ ਸੁਭ ਚਾਰ॥
ਤਹਾ ਪਾਰਜਾਤ ਉਪਬਨ ਸੁਭ ਭਾਤੀ॥ਤਹਾਂ ਕਾਮਧੇਨ ਇਛਾ ਮਨ ਦਾਤੀ॥੫॥
ਸੁੰਦਰ ਤੜਾਕ ਅੰਮ੍ਰਿਤ ਜਲ ਭਰੇ॥ਸਕਲ ਸ੍ਰਿੰਗ ਚਿੰਤਾ ਮਨ ਜੜੇ॥
ਲੀਲਾ ਸਕਲ[4] ਲੋਕ ਤਹਾ ਭਾਸੇ[5]॥੬॥

॥ਦੋਹਰਾ॥

ਤਲੈ ਅਸਰੂਪ ਜਨ ਕਰੈ ਉਪਰ ਜਜੈ ਸੁਰ ਦੇਵ॥
ਦਿਬ ਬਿਭੂਤ ਹਰਿ ਬਪ ਕਹਿਓ ਸਕਲ ਗਿਰਨ ਕੋ ਦੇਵ॥੭॥

॥ਚੋਪਈ॥

ਬਾਬਾ ਜੀ ਉਪਰ ਜਬ ਗਏ॥ਸਕਲ ਸਿਧ ਫੁਨਿ ਭੇਟਤ ਭਏ॥

॥ਗੋਰਖ ਵਾਚ॥[6]

ਤਬ ਬੋਲੇ ਗੋਰਖ ਅੰਤਰਿਜਾਮੀ॥ਆਈਏ ਬਾਲਾ ਜੀ ਅੰਤਰਗਾਮੀ॥੮॥
ਤਹਾ ਸਿਧ ਚਉਰਾਸੀ ਆਸਨ ਧਾਰੇ॥ਨਵ ਨਾਥ ਛੇ ਜਤੀ ਉਚਾਰੇ॥
ਦੇਖ ਮਰਦਾਨਾ ਬਿਸਮ ਹੋਇ ਗਇਆ[7]॥ਫੁਨੋ ਹੋਇ ਭੈ ਚਕਰਤ ਚਰਨਨ ਪਰ ਪਇਆ[8]॥੯॥
ਤਬ ਸਤਿਗੁਰ ਕ੍ਰਿਪਾ ਦ੍ਰਿਸਟਿ ਕਰ ਦੇਖਾ॥ਦੇਵ ਬੁਧ ਤਬ ਭਇਓ ਬਸੇਖਾ॥
ਹਾਥ ਜੋੜ ਬਿਨਤੀ ਮੁਖ ਧਾਰੇ॥ਸਭ ਸਿਧ ਨਾਮ ਕਹੋ ਸਤਿਗੁਰ ਪਿਆਰੇ॥੧॥
ਤਬ ਕ੍ਰਿਪਾ ਸਿੰਧ ਬੋਲੇ ਮੁਖ ਬਾਨੀ॥ਯਹ ਗੋਰਖ ਨਾਥ ਨਾਥ ਬਡਿ ਗਿਆਨੀ॥
ਮਾਛਿੰਦ੍ਰ ਨਾਥ ਅਰ ਚਰਪਟ ਨਾਥ॥ਮੰਗਲ ਨਾਥ ਘੁੰਘੂ ਨਾਥ ਸਾਥ॥੧੧॥
ਇਹੁ ਗੋਪੀ ਨਾਥ ਪ੍ਰਾਨ ਨਾਥ ਸੁਹਾਇ॥ਇਹ ਸੂਰ ਨਾਥ ਚੰਬਲ ਨਾਥ ਕਹਾਇ॥
ਨਵੈ ਨਾਥ ਇਹੁ ਜਗਤ ਪ੍ਰਧਾਨ॥ਸਰਬੰਗਾਮੀ ਪੁਰਖ ਮਹਾਨ॥੧੨॥
ਏਹ ਨਵੈ ਨਾਥੋ ਕੋ ਨਾਮ ਬਰਨਨ ਕਰ ਸੁਣਾਏ॥ਮਰਦਾਨੇ ਜੋ ਪੂਛੇ ਥੇ॥
ਅਗੇ ਛਿਅ ਜਤੀਓ ਕੇ ਨਾਮ ਚਲੇ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਬਿਧ (ਅ)
[3] ਸੁਰ ਕਰੇ (ਅ,ੲ,ਸ)
[4] ਸਕਤ (ੲ)
[5] ਲੀਲਾ ਸਕਲ ਲੋਕ ਤਹਾ ਭਾਸੇ॥ਅਤਿ ਬਿਸਾਲ ਛੁਹ ਰਹੇ ਆਕਾਸੇ॥ (ਅ,ੲ,ਸ)
[6] ਇੱਥੇ ਸਿਰਲੇਖ '॥ਗੋਰਖ ਨਾਥ ਵਾਚ॥' ਹੈ (ਅ), ਇੱਥੇ ਸਿਰਲੇਖ '॥ਗੋਰਖ ਵਾਚ॥' ਨਹੀਂ ਹੈ (ੲ)
[7] ਗਇਓ (ਅ)
[8] ਪਇਓ (ਅ)

॥ਅਬ ਜਤੀ ਨਾਮ ਬਰਨਨਾ॥[1]

106/ੳ ਗੋਰਖ ਜਤੀ ਦਤ ਜਤੀ ਪਰਮਾਨ॥ਹਨਵੰਤ/ਜਤੀ ਭੈਰੋ ਪਰਧਾਨ॥
ਲਛਮਨ ਜਤੀ ਭੀਖਮ ਪਰਮ ਸੁਜਾਨ॥ਏਹ ਛੇ ਜਤੀ ਹੈ ਪੂਰਨ ਗਿਆਨ॥੧੩॥

ਮਰਦਾਨੇ ਕਹਾ ਸਚੇ ਪਾਤਸਾਹ॥ਨਉ ਨਾਥੋ ਕੇ ਨਾਉ ਭੀ ਸੁਨੇ॥ਪਰ ਜੀ ਇਹ ਚਉਰਾਸੀ ਸਿਧ ਕਹਤੇ ਹੈ॥ਤਿਨ ਕੇ ਭੀ ਨਾਮ ਕ੍ਰਿਪਾ ਕਰਕੇ ਮੁਝ ਕੋ ਭੀ ਸ੍ਰਵਨ ਕਰਾਵਉ ਜੋ ਕਉਨ ਕਉਨ ਸਿਧ ਹੈ॥ਤਬ ਗੁਰੂ ਬਾਬੇ ਨਾਨਕ ਜੀ ਨੇ ਚਉਰਾਸੀ ਸਿਧੋ ਕੇ ਨਾਮ ਕਹ ਸੁਨਾਉਤੇ ਹੈ ਮਰਦਾਨੇ ਕੋ॥ਅਰੁ ਚਉਰਾਸੀ ਸਿਧੋ ਕੇ ਨਾਮ ਲਿਖਤੇ ਹੈ॥[2]

॥ਦੋਹਰਾ॥

ਮੰਘਰ ਸੰਘਰ ਸਿਧ ਯਹ ਭੰਗਰ ਝੰਗਰ ਸਿਧ॥
ਉਮਰਾ ਧੁਮਰਾ ਜੋਗ ਨਿਧ ਕਾਨੀ ਫਾਸਤ ਬੁਧ॥੧੭॥
ਹਾਨੀਪਾ ਜੋਗੀ ਬਡੇ ਲੋਹਾਰੀਪਾ ਪਰਮ ਸੁਜਾਨ॥
ਪੁਨਿ ਸੰਘਰ ਜੋਗੀ ਬਡੇ ਲੰਗਰ ਸਿਧ ਮਹਾਨ॥੧੮॥

॥ਚੌਪਈ॥

ਹਾਰ ਜੀਤਨ ਇਹ ਸਿਧ ਪਰਬੀਨ॥ਪੂਰਨ ਨਾਸ ਕਾ ਦ੍ਰਿੜ ਆਸੀਨ॥
ਬਿਬਾਲਕ ਜਾਲ ਕਾ ਪਰਮ ਜੁਗੀਸਰ॥ਖਿੰਥੜਾ ਸੁਰਤ ਸਿਧ ਸਿਧ ਗੁਨ ਈਸਰ॥੧੯
ਨਿਰਤ ਕੇਵੜਾ ਸੰਤਰ ਸਿਧ॥ਯਹਿ ਗੋਕਲ ਹੈ ਅਉਸਰ ਨਿਧ॥
ਚਤੁਰ ਬੈਣ ਆਇ ਐਨ ਕਲਿ ਕਰਣਾ॥ਅਉਘੜਾ ਪਰਬਲਤਾ ਨਿਰਮਲ ਬਰਣਾ॥੨੦॥
ਈਸਰ ਦ੍ਰਿਗ ਭੂਤ ਵੈ ਕਰਕਾ[3] ਸਿਧ॥ਸੰਭੂ ਅਛਰ ਦੇਨ ਪਲਕ ਨਿਧ॥
ਪਿਪਾਲਕ ਸੁਗਮ ਗਿਰ ਬੋਧ ਅਉ ਮਾਲਸਾ॥ਕੇਸ ਕਰਨ ਸਿਧ ਗੈਲਸਾ॥੨੧॥
ਅਗਨ ਸਰਾ ਮੁਕਤੀ ਸਰ ਚਲਨਾ ਚਿਤੋ॥ਸੂਰ ਐਨੁ ਸਿਧ ਸੈਨ ਅਮਿਤੋ॥
ਗਿਰਬਲ ਸਿਧ ਜੋਗ ਲਗਨਾ ਸਿਧ॥ਜੋਤਗਮਨਾ ਬਿਮਲਜੋਤ ਸਤ ਬੁਧ॥੨੨॥
ਸੀਤਲ ਜਲ ਅਘਰ ਘਨ ਤੁਲ ਸੈ ਜੋਗ॥ਪ੍ਰਿਤਪਾਨ ਅਕਲ ਨਿਗ ਹਰਖ ਨ ਸੋਗੁ॥
106/ਅ ਕਿਲਕ ਸਰ ਰਾਮ ਕੁਆਰ॥ਕ੍ਰਿਸਨ ਕੁਆਰ ਬਿਸਨ ਪਾਤ ਸੰਕਰ ਜੋਗ/ਸੁਖ ਸਾਰ॥੨੩॥
ਪਰਮ ਜੋਗ ਮੀਰਾ ਹੁਸੈਨ॥ਮੀਰ ਜੰਬੀਲ ਕੰਘਾਰਾ ਐਨ॥
ਕਲਨ[4] ਕਨੈਨ ਨਦਲ ਨੈਨ ਅਰੁ ਸੂਰਸਤੀ ਸਿਧ॥ਗੁਅਰਧਨ ਸੈਨ ਗੁਫਾਵਾਸੀ ਸਤ ਬੁਧ॥੨੪॥
ਅਮਲ ਨਾਸੀ ਕਲਾ ਸੰਗੀ ਜਾਨ॥ਏਕ ਰੰਗੀ ਕੇਵਲ ਕਰਮੀ ਮਾਨ॥
ਕਰਮ ਨਾਸੀ ਕਲਬੇ ਨਾਸੀ॥ਮੂਲ ਮੰਤ੍ਰੀ ਜੋਗ ਮੰਤ੍ਰੀ ਸੁਖਵਾਸੀ॥੨੫॥
ਜੋਗ ਗਹਿਰੇ ਇਹੁ ਦੀਸ ਪਰੰਗੀ॥ਆਪ ਰੂਪੀ ਕੇਲਸ ਧੂਪੀ ਸੰਗੀ॥
ਬਿਹੰਗ ਜੋਗੀ ਪਰਮ ਸੁਜਾਨ॥ਖਲਾਸ ਮੂਗਰਾ ਜੋਗ ਨਿਧਾਨ॥੨੬॥

॥ਦੋਹਰਾ॥

ਕਿਦਾਰ ਜੋਗੀ ਸੰਭਾਲਕਾ ਜੋਗੀ ਪਰਮ ਨਿਧਾਨ॥
ਸਿਧ ਜੋਗੀ ਬਿਚਿਤ੍ਰ ਸਿਧਿ ਅਤਿ ਸੁੰਦਰ ਪਰਮ ਸੁਜਾਨ॥੨੭॥
ਇਹ ਨਾਮ ਚਉਰਾਸੀ ਸਿਧ ਕੇ ਮਰਦਾਨੇ ਦੀਏ ਸੁਨਾਇ॥
ਮੂਰਤ ਵੰਤ ਦਰਸਨ ਕਰੋ ਕੋ ਵਡਭਾਗੀ ਆਇ॥੨੮॥

॥ਚੌਪਈ॥[5]

ਬਾਬਾ ਜੀ ਤਹਾ ਭਏ ਅਸੀਨ॥ਬੋਲ ਬਚਨ ਸਿਧ ਪਰਬੀਨ॥
ਭਗਤ ਅਵਤਾਰ ਯਾ ਜੁਗ ਤੁਮ ਅਹੋ॥ਕਲਜੁਗ ਧਰਮ ਵਰਤੰਤ ਸੁਭ ਕਹੋ॥੨੯॥
ਤਬ ਸਤਗੁਰ ਬੋਲੇ ਸਹਜ ਸੁਭਾਇ॥ਕਲਜੁਗ ਵਰਤਮਾਨ ਜਿਮ ਆਇ॥
ਜਗਤ ਧਰਮ ਜੁਗ ਰਾਜ ਨੀਤ॥ਇਹੁ ਸਲੋਕ ਕਹਿਓ ਪਰਮ ਪੁਨੀਤ॥੩੦॥

---

[1] ਇੱਥੇ '॥ਮਰਦਾਨੇ ਜੋ ਪੂਛੇ...ਜਤੀ ਨਾਮ ਬਰਨਨਾ॥' ਦੀ ਜਗ੍ਹਾ ਤੇ '॥ਮਰਦਾਨੇ ਕੋ ਛਿਅ ਜਤੀਓ ਕੇ ਨਾਮ ਬ੍ਰਨ ਸੁਨਾਏ॥' ਪਾਠ ਹੈ (ੲ)

[2] ਇੱਥੇ '॥ਮਰਦਾਨੇ ਕਹਾ ਸਚੇ... ਲਿਖਤੇ ਹੈ॥' ਦੀ ਜਗ੍ਹਾ ਤੇ '॥ਮਰਦਾਨੇ ਕਹਾ ਸਚੇ ਪਾਤਸਾਹ ਚੌਰਾਸੀ ਸਿਧੋ ਕੇ ਨਾਮ ਭੀ ਸੁਨਾਈਏ॥ਗੁਰੂ ਜੀ ਕਹਿਤੇ ਹੈ॥' ਪਾਠ ਹੈ (ੲ)

[3] ਕੇਰਨਕਾ (ੲ), ਲਰਕਾ (ਸ)

[4] ਕਲਨ (ਅ)

[5] ਇੱਥੇ ਸਿਰਲੇਖ '॥ਚੌਪਈ॥' ਨਹੀਂ ਹੈ (ਸ)

॥ ਸਲੋਕ ॥

॥ ਸ੍ਰੀ ਮੁਖਵਾਕ ॥[1]

ਸਤੀ ਪਾਪ ਕਰਿ ਸਤ ਕਮਾਇ ॥ ਗੁਰ ਦੀਖਿਆ ਘਰ ਦੇਵਨ ਜਾਇ ॥
ਇਸਤ੍ਰੀ ਪੁਰਖੈ ਖਟੀਐ ਭਾਉ ॥ ਭਾਵੈ ਆਵੈ ਭਾਵੈ ਜਾਇ ॥[2]
ਸਾਸਤ੍ਰ ਬੇਦ ਨ ਮਾਨੈ ਕੋਇ ॥ ਆਪੋ ਆਪੇ ਪੂਜਾ ਹੋਇ ॥
ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕ ਗਵਾਇ ॥ ਜੇ ਕੋ ਪੁਛੈ ਤਾ ਪੜ ਸੁਨਾਇ ॥
ਤੁਰਕ ਮੰਤ੍ਰ ਕੰਨ ਰਿਦੇ ਸਮਾਇ ॥ ਲੋਕ ਮੁਹਾਵੈ ਚਾੜੀ ਖਾਇ ॥
107/ੳ ਚਉਕਾ ਦੇ/ਕੈ ਸੁਚਾ ਹੋਇ ॥ ਐਸਾ ਹਿੰਦੂ ਵੇਖੋ ਕੋਇ ॥
ਜੋਗੀ ਗ੍ਰਹੀ ਜਟਾ ਬਿਭੂਤ ॥ ਆਗੇ ਪਾਛੇ ਰੋਵਹਿ ਪੂਤ ॥
ਜੋਗ ਨ ਪਾਇਆ ਜੁਗਤ ਗਵਾਈ ॥ ਕਿਤ ਕਾਰਨ ਸਿਰ ਛਾਈ ਪਾਈ ॥
ਨਾਨਕ ਕਲ ਕਾ ਏਹੁ ਪਰਵਾਣੁ ॥ ਆਪੇ ਆਖੇ[3] ਆਪੇ ਜਾਣੁ ॥੧॥

॥ ਆਗੈ ਦੂਜਾ ਸਲੋਕ ॥

॥ ਕਲੂ ਕਾ ਧਰਮ ਕਹਿਤੇ ਹੈ ॥[4]

ਕਲਿ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ ॥ ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲ ਵਿਕੁੰਨੀ ਹੋਈ ॥ ਅੰਧੇਰੇ ਰਾਹੁ ਨ ਕੋਈ ॥ ਵਿਚ ਹਉਮੈ ਕਰ ਦੁਖ ਰੋਈ ॥ ਕਹੁ ਨਾਨਕ ਕਿਤ ਬਿਧ ਗਤ ਹੋਈ ॥੨॥

॥ ਤਿਸ ਕਾ ਪਰਮਾਰਥ ॥[5]

ਹੇ ਸਾਧੋ[6] ਇਸ ਜੁਗ ਕਾ ਏਹ ਵਰਤਾਰਾ ਹੈ ॥ ਇਸ ਜੁਗ ਮਹਿ ਸਤੀ ਪਾਪ ਕਮਾਇ ਕਰ ਸਤ ਕਰਤੇ ਹੈ ॥ ਅਰੁ ਗੁਰੂ ਘਰ ਘਰ ਦਿਛਿਆ ਦੇਤੇ ਫਿਰਤੇ ਹੈ ॥ ਇਸਤ੍ਰੀ ਪੁਰਖ ਸੋ ਧਨ ਖਾਟਣੇ ਕੀ ਪ੍ਰੀਤ ਹੈ ॥ ਅਥਵਾ ਨਿਕਟਿ ਹੋਇ ਅਥਵਾ ਦੂਰਿ ਜਾਇ ॥ ਸਾਸਤ੍ਰ ਬੇਦ ਕੋਈ ਨਹੀ ਮਾਨਤਾ ॥ ਘਰ ਹੀ ਮੋ ਮਨ ਇਛਿਆ ਪੂਜਾ ਭਾਈ ॥ ਕਾਜੀ ਹਾਥ ਮੋ ਤਸਬੀ ਏ ਨਿਵ ਕਰਤੇ ਹੈ ॥ ਵਢੀ ਲੈ ਕੈ ਹਕੁਦਾਰ ਹਕ ਗਵਾਇ ਦੇਤੇ ਹੈ ॥ ਜੇ ਕੋਈ ਪੁਛੈ ਤਾ ਕਿਤਾਬ ਪੜ ਕੇ ਸੁਨਾਵਤੇ ਹੈ ॥ ਅਰੁ ਹਿੰਦੂ ਤੁਰਕ ਕਾ ਮੰਤ[7] ਸੁੰਨ ਕਰ ਹਿਰਦੇ ਮੋ ਧਾਰਤੇ ਹੈ ॥ ਲੋਕ ਗਵਾਇਆ ਅਰੁ ਅਭਖ ਖਾਇਆ ॥ ਚਉਕਾ ਦੇ ਕੈ ਸੁਚਾ ਹੋਇ ॥ ਅਰੁ ਕਰਨੀ ਹਿੰਦੂ ਕੀ ਕੋਈ ਵਿਰਲਾ ਹੀ ਕਰਤਾ ਹੈ ॥ ਸੋ ਦੇਖਣੇ ਮੋ ਵਿਰਲਾ ਹਿੰਦੂ ਆਵਤਾ ਹੈ ॥ ਅਰੁ ਜੋਗੀ ਗ੍ਰਿਸਤ ਤਿਆਗ ਕਰ ਜਟਾ ਅਰੁ ਬਿਭੂਤ ਧਾਰਨ ਕਰਤੇ ਹੈ ॥ ਆਗੇ ਔ ਪਾਛੇ ਬੇਟੀ ਅਉ ਬੇਟਾ
107/ਅ ਛੁਧਾਵੰਤ ਹੋਇ ਕਰਿ ਰੁਦਨ ਕਰਤੇ ਹੈ ॥ ਜੋਗ ਨਿ ਪਾਇਆ ਅਰੁ ਜੁਗਤ ਗਵਾਈ ॥ ਕਿਸ ਵਾ/ਤੇ[8] ਸਿਰ ਮੋ ਛਾਈ ਪਾਈ ਹੈ ॥ ਕਲ ਮੋ ਏਈ ਪਰਵਾਨ ਭਇਆ ॥ ਆਪੇ ਹੀ ਆਖਣਾ ਆਪੇ ਹੀ ਜਾਨਣਾ ॥ ਇਹੁ ਕਲਜੁਗ ਕਾ ਬਿਰਤੰਤ ਕਹਾ ॥ ਹੇ ਨਾਨਕ ਜੀ ਅਬ ਰਾਜ ਧਰਮ ਕਹੋ ॥

ਹੇ ਸਿਧੋ ਕਲਿ ਕਾਤੀ ਰੂਪ ਭਈ ॥ ਰਾਜੇ ਕਾਸਾਈ ਰੂਪ ਭਏ ॥ ਧਰਮ ਪੰਖ ਕੌ ਲਗਾਇ ਕਰ ਉਡ[9] ਗਇਆ ਹੈ ॥ ਕੂੜ ਰੂਪੀ ਅਮਾਵਸਿ ਭਈ ॥ ਅਰੁ ਸਚੁ ਰੂਪੀ ਚੰਦ੍ਰਮਾ ਕਹਾ ਦੇਖਣੇ ਮੋ ਆਵੈ ॥ ਹਮ ਭਾਲ ਕੇ ਬਡੇ ਦੁਖਤ ਭਏ ਹੈ ॥ ਅੰਧੇਰੇ ਮੋ ਮਾਰਗ ਕੋਈ ਨਹੀ ਪਾਈਤਾ ॥ ਬੀਚ ਹਉਮੈ ਦੁਖ ਕੀ ਬਡੀ ਰੋਆਈ[10] ਹੈ ॥ ਪਰਮੇਸਰ ਤੇ ਪੜਦਾ ਪੜਾ ਹੈ ॥ ਕਿਆ ਕਹੌ ਐਸਾ ਦਾਰਨ ਦੁਖ ਭਇਆ ਹੈ ॥ ਸੋ ਭਗਤ ਪ੍ਰਾਪਤ ਕੀ ਜੁਗਤ ਕਿਸੇ ਕੋ ਨਹੀ ॥ ਸਤਿਗੁਰ ਬਾਬੇ ਜੀ ਕੇ ਬਚਨ ਸੁਨ ਕਰ ਸਭ ਸਿਧ ਬਹੁਤ ਮਗਨ ਭਏ ॥ ਉਤ੍ਰ ਪ੍ਰਸਨ ਨਿਵਰਤ ਭਇਆ ॥ ਖਿਮਾਵੰਤ ਭਏ ॥

---

[1] ਇੱਥੇ ਸਿਰਲੇਖ ' ॥ ਸ੍ਰੀ ਮੁਖਵਾਕ ॥ ' ਨਹੀਂ ਹੈ (ਸ)
[2] ਭਾਵੈ ਆਉ ਭਾਵੈ ਜਾਉ ॥ (ਸ)
[3] ਆਖਣ (ਸ)
[4] ਇੱਥੇ ' ॥ ਆਗੈ ਦੂਜਾ... ਕਹਿਤੇ ਹੈ ॥ ' ਦੀ ਜਗ੍ਹਾ ਤੇ ਸਿਰਲੇਖ ' ॥ ਸਲੋਕ ਮਹਲਾ ੧ ॥ ' ਹੈ (ਸ)
[5] ਇੱਥੇ ਸਿਰਲੇਖ ' ॥ ਤਿਸ ਕਾ ਪਰਮਾਰਥ ॥ ' ਨਹੀਂ ਹੈ (ੲ)
[6] ਸਿਧੋ (ੲ)
[7] ਮੰਤ੍ਰ (ੲ)
[8] ਵਾਸਤੇ (ੲ)
[9] ਉਡਰ (ਅ)
[10] ਰੋਹੀ (ਅ)

॥ਪੁਨਹ ਈਸਰ ਨਾਥ ਸਿਧ ਬੋਲਤ ਭਇਆ[1]॥

ਹੇ ਨਾਨਕ ਜੀ ਬਾਲਾ ਜੀ ਕਲਿਜੁਗ ਤੁਮ ਹੀ ਪਰਵਾਣ ਹੋ॥ਚਾਹੇ ਤੋ ਭਗਤ ਕੀ ਸਕਤ ਕਰਿ ਸਭ ਕਾ ਉਧਾਰ ਕਰ ਸਕਤੇ ਹੋ॥ਪਰ ਏਕ ਇਸ ਮੈ ਸਾਧ ਬਿਧਹੀਨ ਹੈ॥ਭਾਵੈ ਕੈਸਾ ਹੋਇ ਬਿਨਾ ਗੁਰ ਧਾਰੇ ਆਗੇ ਉਚਰਤਾ ਨਾਹੀ॥ਉਪਦੇਸ ਕਰਨਾ ਅਰੁ ਸੰਤ ਹੀ ਸੰਤ ਕਾ ਸਰੂਪ ਲੇਤੇ ਆਏ ਹੈ॥ਅਸੰਤ ਕੀ ਸਕਤ ਨਾਹੀ ਜੋ ਸੰਤ ਕੋ ਸਰੂਪ ਦੇ ਸਕੇ॥ਐਸੇ ਗੁਰੂ ਗੋਰਖ ਜੀ ਸਭ ਜਗਤ ਕੇ ਗੁਰ ਹੈ॥ਅਰੁ ਸਰਬ ਕਲਾ ਨਿਧਾਨ ਹੈ॥ਤੁਮ ਕੋ ਸਰੂਪ ਧਾਰਨਾ ਬਡਾ ਈ ਸੁੰਦਰ ਧਰਮ ਹੈ॥ਤੁਮ ਸਰਬ ਕਾ ਉਧਾਰ ਕਰਨੇ ਜੋਗ ਹੋ॥

ਤਾ ਬਾਬੇ ਜੀ ਨੇ ਕਹਿਆ ਹੇ ਸਿਧੋ ਹੇ ਈਸਰ ਨਾਥ ਜੀ ਤੁਮ ਸਭ ਉਪਦੇਸ ਕਰਤੇ ਹੋ॥ਪ੍ਰਿਥਮੇ
108/ੳ ਤੁਮ ਮੁਝ ਕੋ ਅਪਨੇ ਸਿਧ ਜੋਗ ਅਰੁ ਪਦ ਪਰਤਾਪ ਬਰਨਨ ਕਰ ਸੁਣਾਵੋ॥ਮੈ ਸੁਨੋ ਜੋ ਗੁ/ਰ ਕਰਨੇ ਜੋਗ ਹੋਵੈ ਤਿਸ ਕੌ ਕਰੌ॥ਤਾ ਪ੍ਰਥਮੇ ਈਸਰ ਨਾਥ ਬੋਲੇ॥

॥ਸਲੋਕ॥

॥ਈਸਰ ਨਾਥ ਵਾਚ॥[2]

ਸੋ ਗ੍ਰਿਹੀ ਜੋ ਨਿਗ੍ਰਹ ਕਰੇ॥ਜਪ ਤਪ ਸੰਜਮ ਭੀਖਆ ਕਰੇ॥
ਪੁੰਨ ਦਾਨ ਕਾ ਕਰੇ ਸਰੀਰ॥ਸੋ ਗ੍ਰਿਹੀ ਗੰਗਾ ਕਾ ਨੀਰ॥
ਬੋਲੇ ਈਸਰ ਸਤ ਸਰੂਪ॥ਪਰਮ ਤਤ ਮਹਿ ਰੇਖ ਨ ਰੂਪ॥੧॥

॥ਤਿਸ ਕਾ ਪ੍ਰਮਾਰਥੁ॥

ਈਸਰ ਨਾਥ ਕਹਤੇ ਹੈ॥[3] ਹੇ ਨਾਨਕ ਜੀ ਗ੍ਰਿਹੀ ਐਸਾ ਹੋਇ॥ਗ੍ਰਹਿ ਮੋ ਅਤੀਤ ਹੋਇ ਕੇ ਰਹੇ॥ਅਰੁ ਜਪ ਤਪ ਸੰਜਮ ਕਾ ਅਧਿਕਾਰੀ॥ਪੁੰਨ ਅਰੁ ਦਾਨ ਕਾ ਸਰੂਪ॥ਵੈ ਗ੍ਰਹੀ ਗੰਗਾ ਕੇ ਸਮਾਨ ਨਿਰਮਲ ਹੈ॥ਈਸਰ ਨਾਥ ਕਹੇ ਹੈ॥ਵਹੀ ਪਰਮ ਨਿਰੰਜਨ ਹੈ॥

॥ਪੁਨ ਸ੍ਰੀ ਗੋਰਖਨਾਥ ਜੀ ਬੋਲੇ॥[4]

ਸੋ ਅਵਧੂਤੀ ਧੂਪੈ ਆਪ॥ਭਿਖਿਆ ਭੋਜਨ ਕਰੇ ਸੰਤਾਪ॥
ਅਉ ਹਟ ਪਟਨ ਮਹਿ ਭਿਖਿਆ ਕਰੇ॥ਸੋ ਅਵਧੂਤੀ ਸਿਵਪੁਰ ਚੜੈ॥
ਬੋਲੇ ਗੋਰਖ ਸਤ ਸਰੂਪ॥ਪਰਮ ਤਤ ਮਹਿ ਰੇਖ ਨ ਰੂਪ॥੨॥

॥ਤਿਸ ਕਾ ਪ੍ਰਮਾਰਥ॥[5]

ਹੇ ਨਾਨਕ ਜੀ ਅਵਧੂਤੀ ਵਹੀ ਹੈ॥ਜਿਸਨੇ ਆਪਾ ਜਲਾਇਆ ਹੈ॥ਅਉ ਹਟ ਪਟਣ ਮੋ ਜੋ ਭਿਖਿਆ ਕਰੇ॥ਅਰਥ ਯਹ ਜੋ ਕਾਂਇਆ ਖੋਜੀ ਹੈ॥ਵਹੀ ਅਵਧੂਤ ਸਿਵਪੁਰ ਕੋ ਪ੍ਰਾਪਤ ਹੋਤਾ ਹੈ॥ਗੋਰਖ ਕਹੈ ਵਹੀ ਸਤ ਸਰੂਪ ਹੈ॥ਨਿਰੰਜਨ ਰੇਖ ਰੂਪ ਤੇ ਰਹਿਤ ਹੈ॥

॥ਪੁੰਨ ਗੋਪੀ ਚੰਦ ਬੋਲੇ॥[6]

ਸੋ ਉਦਾਸੀ ਜੋ ਪਾਲੈ ਉਦਾਸ॥ਅਰਧ ਉਰਧ ਕਰੇ ਨਿਰੰਜਨ ਵਾਸ॥
ਚੰਦ ਸੂਰਜ ਕੀ ਪਾਏ ਗੰਢ॥ਤਿਉ ਉਦਾਸੀ ਕਾ ਪੜੇ ਨ ਕੰਧ॥
ਬੋਲੇ ਗੋਪੀ ਚੰਦ ਸਤ ਸਰੂਪ॥ਪਰਮ ਤਤ ਮਹਿ ਰੇਖ ਨ ਰੂਪ॥੩॥

॥ਤਿਸ ਕਾ ਪ੍ਰਮਾਰਥ॥[7]

108/ਅ ਹੇ ਨਾਨਕ ਜੀਵ/ਹੀ ਉਦਾਸੀ ਹੈ॥ਜੋ ਉਦਾਸ ਕੋ ਇਸ ਭਾਂਤ ਪਾਲਾ[8] ਕਰੇ॥ਅਰਧ ਉਰਧ ਨਿਰੰਜਨ ਮੋ ਵਾਸਾ ਕਰੇ॥ਪ੍ਰਾਨ ਅਪਾਨ ਕੀ ਗਾਠ ਕਰੇ॥ਐਸੀ ਉਦਾਸੀ ਅਰੁ ਪਿੰਡ ਹੈ॥ਗੋਪੀ ਚੰਦ ਕਹੇ ਵਹੀ ਸਤ ਸਰੂਪ ਹੈ॥ਅਰੁ ਨਿਰੰਜਨ ਰੇਖ ਰੂਪ ਤੇ ਰਹਿਤ ਹੈ॥

---

[1] ਇੱਥੇ ਸਿਰਲੇਖ '॥ਪੁਨਹ ਈਸਰ ਨਾਥ ਸਿਧ ਬੋਲਿਆ॥' ਹੈ (ਅ)

[2] ਇੱਥੇ ਸਿਰਲੇਖ '॥ਈਸਰ ਨਾਥ ਵਾਚ॥ਸਲੋਕ॥' ਹੈ (ਅ,ੲ,ਸ)

[3] ਇੱਥੇ ਪਾਠ '॥ਤਿਸ ਕਾ ਪ੍ਰਮਾਰਥ...ਈਸਰ ਨਾਥ ਕਹਤੇ ਹੈ॥' ਨਹੀਂ ਹੈ (ੲ)

[4] ਇੱਥੇ ਸਿਰਲੇਖ '॥ਗੋਰਖ ਨਾਥ ਵਾਚ॥' ਹੈ (ਅ), ਇੱਥੇ ਸਿਰਲੇਖ '॥ਸਲੋਕ॥' ਹੈ (ੲ)

[5] ਇੱਥੇ ਸਿਰਲੇਖ '॥ਤਿਸ ਕਾ ਪਰਮਾਰਥ॥' ਨਹੀਂ ਹੈ (ੲ)

[6] ਇੱਥੇ ਸਿਰਲੇਖ '॥ਗੋਪੀ ਚੰਦ ਬੋਲੇ॥' ਹੈ (ਅ), ਇੱਥੇ ਸਿਰਲੇਖ ਨਹੀਂ ਹੈ (ੲ), ਇੱਥੇ ਸਿਰਲੇਖ '॥ਪੁੰਨ ਗੋਪੀ ਚੰਦ ਬੋਲੇ॥ਸਲੋਕੁ॥' ਹੈ (ਸ)

[7] ਇੱਥੇ ਸਿਰਲੇਖ '॥ਅਰਥ॥' ਹੈ (ੲ)

[8] ਪਾਲਨਾ (ਅ,ੲ)

॥ਪੁਨ ਚਰਪਟ ਨਾਥ ਬੋਲੇ॥[1]

ਸੋ ਪਾਖੰਡੀ ਜੋ ਕਾਇਆ ਪਖਾਲੇ॥ਕਾਇਆ ਕੀ ਅਗਨਿ ਬ੍ਰਹਮ ਪਰ ਜਾਲੇ॥
ਸੁਪਨੇ ਬਿੰਦ ਨ ਦੇਈ ਝਰਨਾ॥ਤਿਸ ਪਾਖੰਡੀ ਕੋ[2] ਜਰਾ ਨ ਮਰਨਾ॥
ਬੋਲੇ ਚਰਪਟ ਸਤ ਸਰੂਪ ਪਰਮ ਤਤ ਮਹਿ ਰੇਖ ਨ ਰੂਪ॥੪॥

॥ਤਿਸ ਕਾ ਪਰਮਾਰਥ॥[3]

ਹੇ ਨਾਨਕ ਵਹੀ ਪਖੰਡੀ ਹੈ॥ਜੋ ਕਾਂਇਆ ਕੋ ਸੁਧ ਕਰੇ॥ਕਾਂਇਆ ਮੋ ਜੋ ਅਗਨ ਹੈ॥ਤਿਸ ਕੋ ਬ੍ਰਹਮ ਪਰਿਜਲਤ ਕਰੈ॥ਤਾਤ ਪ੍ਰਜ ਯਹ ਹੈ॥ਜੋ ਬ੍ਰਹਮ ਭਾਵਨਾ ਕਰ ਬ੍ਰਹਮ ਕੋ ਜਾਣੈ॥ਅਰੁ ਸੁਪਨੇ ਮਾਤ੍ਰ ਬਿੰਦ ਨ ਗਿਰੇ॥ਐਸਾ ਪਾਖੰਡੀ ਮਰਨੇ ਤੇ ਰਹਤ ਹੈ॥ਚਰਪਟ ਕਹੈ ਵਹੀ ਸਤ ਸਰੂਪ ਹੈ॥ਨਿਰੰਜਨ ਰੇਖ ਰੂਪ ਤੇ ਰਹਿਤ ਹੈ॥

॥ਪੁਨ ਭਰਥਰ ਬੋਲੇ॥[4]

ਸੋ ਬੈਰਾਗੀ ਜੋ ਉਲਟੇ ਬ੍ਰਹਮ॥ਗਗਨ ਮੰਡਲ ਮੋ ਰੋਪੈ ਥੰਮ॥
ਅਹਿਨਿਸ ਅੰਤਰ ਰਹੇ ਧਿਆਨ॥ਤੇ ਬੈਰਾਗੀ ਸਤ ਸਰੂਪ[5]॥
ਬੋਲੇ ਭਰਥਰ ਸਤ ਸਰੂਪ॥ਪਰਮ ਤਤ ਮਹਿ ਰੇਖ ਨ ਰੂਪ॥੫॥

॥ਤਿਸ ਕਾ ਪਰਮਾਰਥ॥[6]

ਹੇ ਨਾਨਕ ਵਹੀ ਬੈਰਾਗੀ ਹੈ॥ਜੋ ਬ੍ਰਹਮ ਕੋ ਉਲਟੇ॥ਤਾਤ ਪਰਜ ਯਹ ਜੋ ਪ੍ਰਾਨ ਅਪਾਨ ਕੋ ਏਕ ਮੇਕ ਕਰ ਉਲਟ ਅਕਾਸ ਕੋ ਚੜਾਵੈ॥ਗਗਨ ਮੰਡਲ ਮੋ ਅਸਥਾਨ ਹੋਇ॥ਅਹਿਨਿਸ ਅੰਤਰਿ ਮੁਖ ਧਿਆਨ ਦ੍ਰਿੜ ਹੋਇ॥ਸੋ ਬੈਰਾਗੀ ਸਤ ਸਰੂਪ ਹੈ॥ਪਰਮ ਤਤ ਜੋ ਨਿਰੰਜਨ ਹੈ॥ਜੋ ਰੇਖ ਰੂਪ ਤੇ
109/ੳ ਰਹ/ਤ ਹੈ॥ਜਬ ਇਹੁ ਨਿਜ ਮਤ ਸਭੋ ਨੇ ਅਪਨੇ ਅਪਨੇ ਨਿਰੂਪਣ ਕੀਏ॥ਸੁਨ ਕਰ ਤਬ ਗੁਰੂ ਬਾਬਾ ਜੀ ਬੋਲੇ॥

॥ਤਿਸ ਕਾ ਉਤਰ ਏਕ ਸਲੋਕ ਕਹਿਆ॥[7]

॥ਸਲੋਕ॥

ਕਿਉ ਮਰੇ ਮੰਦਾ ਕਿਉ ਜੀਵੈ ਜੁਗਤ॥ਕੰਨ ਪੜਾਏ ਕਿਆ ਖਾਜੈ ਭੁਗਤ॥
ਆਸਤ ਨਾਸਤ ਏਕੋ ਨਾਉ॥ਕਵਨ ਸੁ ਅਖਰ ਜਿਤੁ ਰਹੈ ਹਿਆਉ॥
ਧੂਪ ਛਾਵ ਜੇ ਸਮ ਕਰ ਸਹੈ॥ਤਾ ਨਾਨਕ ਆਖੈ ਗੁਰ ਕੋ ਕਹੈ॥
ਛੈ ਵਰਤਾਰੈ ਵਰਤਹਿ ਪੂਤ॥ਨਾ ਸੰਸਾਰੀ ਨਾ ਅਵਧੂਤ॥
ਨਿੰਰਕਾਰ ਜੋ ਰਹੈ ਸਮਾਇ॥ਕਾਹੇ ਭਿਖਆ ਮਾਗਣਿ ਜਾਇ॥

॥ਤਿਸ ਕਾ ਪ੍ਰਮਾਰਥ॥[8]

ਬਾਬੇ ਜੀ ਨੇ ਕਹਿਆ ਹੇ ਸਿਧੋ ਤੁਮੋ ਨੇ ਜੋ ਨਿਜਮਤ ਅਪਨੇ ਨਿਰੂਪਣ ਕੀਏ ਸੋ ਹਮ ਨੇ ਸਭ ਸੁਨੇ॥ਹਮ ਚਾਹਤੇ ਹੈ ਅਵਿਦਿਆ ਜੋ ਹੈ ਮੰਦਾ ਸੋ ਕਿਉ ਕਰ ਨਾਸ ਹੋਇ॥ਅਰੁ ਜੁਗਤ ਕਿਉ ਕਰ ਪ੍ਰਕਾਸ ਹੋਇ॥ਅਰਿ ਕਾਨ ਪੜਾਏ ਭਿਖਿਆ ਮਾਗ ਖਾਣੀ ਕਵਨ ਧਰਮ ਹੈ॥ਸੋ ਜੁਗਤ ਕਹੀਐ ਜਿਤ[9] ਆਸਤ ਅਰੁ ਨਾਸਤ ਮੋ ਏਕ ਨਾਮ ਹੀ ਦ੍ਰਿੜ ਹੋਇ॥ਵਹੁ ਕਵਨ ਅਖਰ ਹੈ ਜਿ ਹਿਰਦੇ ਮੈ ਦ੍ਰਿੜ ਰਹੇ॥ਧੂਪ ਅਰੁ ਛਾਇਆ ਜਿਸ ਕੇ ਸਮ ਹੈ॥ਤਿਸ ਕੋ ਅਪਨਾ ਗੁਰੂ ਕਰੋ ਹੌ॥ਅਰੁ ਛੈ ਦਰਸਨ ਕਾ ਵਰਤਾਰਾ॥ਜੋ ਹੈ ਇਨ[10] ਮੋ ਜੋ ਵਰਤੇ ਹੈ॥ਵੈ ਨਾ ਸੰਸਾਰੀ ਨਾ ਅਵਧੂਤ ਹੈ॥[11] ਅਰੁ ਜੋ ਨਿਰੰਕਾਰ ਮੋ ਸਮਾਇ ਰਹੇ ਹੈ॥ਸੋ ਕਾਹੇ ਕੋ ਘਰ ਘਰ ਭਿਖਆ ਮਾਗਨ ਜਾਦੇ ਹੈ॥ਇਹੁ ਪ੍ਰਸਨ ਕਰ ਸਭ ਸਿਧ ਚੁਪ ਕਰ ਰਹੇ॥ਕਛੁ ਉਤਰ ਨ ਦੀਆ॥

---

[1] ਇੱਥੇ ਸਿਰਲੇਖ '॥ਪੁਨ ਚਰਪਟ ਨਾਥ ਬੋਲੇ॥' ਨਹੀਂ ਹੈ (ੲ), ਇੱਥੇ ਸਿਰਲੇਖ '॥ਸਲੋਕ॥' ਹੈ (ਸ)
[2] ਇੱਥੇ ਸ਼ਬਦ 'ਕੋ' ਨਹੀਂ ਹੈ (ਅ,ੲ,ਸ)
[3] ਇੱਥੇ ਸਿਰਲੇਖ '॥ਪਰਮਾਰਥ॥' ਨਹੀਂ ਹੈ (ੲ)
[4] ਇੱਥੇ '॥ਚਰਪਟ ਕਹੈ.. ਪੁਨ ਭਰਥਰ ਬੋਲੇ॥' ਪਾਠ ਨਹੀਂ ਹੈ (ੲ), ਇੱਥੇ ਸਿਰਲੇਖ '॥ਸਲੋਕ॥' ਹੈ (ਸ)
[5] ਸਮਾਨ (ੲ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਇੱਥੇ ਸਿਰਲੇਖ '॥ਉਤਰ॥' ਹੈ (ੲ)
[8] ਇੱਥੇ ਸਿਰਲੇਖ '॥ਅਰਥ॥' ਹੈ (ੲ)
[9] ਜਿਨ (ਸ)
[10] ਇਹ (ਸ)
[11] ਇੱਥੇ '॥ਵੈ ਨਾ ਸੰਸਾਰੀ ਨਾ ਅਵਧੂਤ ਹੈ॥' ਦੀ ਜਗ੍ਹਾ ਤੇ '॥ਸੋ ਕਾਹੇ ਕੋ ਘਰ ਵੈ ਸੰਸਾਰੀ ਹੈ ਅਵਧੂਤ ਹੈਨ॥' ਪਾਠ ਹੈ (ਅ)

॥ਤਾ ਫੇਰ ਚਰਪਟ ਨਾਥ ਜੀ ਬੋਲੇ॥

ਹੇ ਨਾਨਕ ਜੀ ਜਿਸ ਕੋ ਤੁਮ ਗੁਰ ਕਹਤੇ ਹੋ॥ਤਿਸ ਕੇ ਲਛਣ ਕਵਨ ਹੈ॥ਤਿਸ ਕੋ ਨਿਰੂਪਣ
109/ਅ ਕਰ ਸੁਣਾ/ਵੋ॥[1] ਤਬ ਗੁਰੂ ਬਾਬਾ ਨਾਨਕ ਜੀ ਬੋਲੇ॥ਹੇ ਸਿਧੋ ਮੇਰੇ ਗੁਰੂ ਕਾ ਐਸਾ ਦਿਬ ਦਰਸਨ ਹੈ॥

ਸਲੋਕ ਨਿਰੂਪਨ ਕੀਆ॥[2]

ਮੁੰਦਾ ਸਤੋਖ ਸਰਮ ਪਤ ਝੋਲੀ ਧਿਆਨ ਕੀ ਕਰਹਿ ਬਿਭੂਤ॥
ਖਿੰਥਾ ਕਾਲ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤ॥
ਆਈ ਪੰਥੀ ਸਗਲ ਜਮਾਤੀ ਮਨ ਜੀਤੈ ਜਗ ਜੀਤ॥
ਆਦੇਸ ਤਿਸੈ ਆਦੇਸੁ॥ਆਦਿ ਅਨੀਲ ਅਨਾਦਿ ਅਨਾਹਤ ਜੁਗ ਜੁਗ ਏਕੋ ਵੇਸ॥

॥ਤਿਸ ਕਾ ਅਰਥ ਬਾਬੇ ਜੀ ਕਹਿਆ॥[3]

ਹੇ ਸਿਧੋ ਮੇਰੇ ਗੁਰੂ ਕਾ ਸਰੂਪ ਸੁਣੋ॥ਜਿਸ ਕੇ ਮੁੰਦ੍ਰਾ ਸੰਤੋਖ ਰੂਪੀ ਹੈ॥ਅਰ ਝੋਲੀ ਸਰਮ ਪਤ ਕੀ ਹੈ॥ਧਿਆਨ ਰੂਪੀ ਬਿਭੂਤ ਹੈ॥ਕਾਲ ਰੂਪੀ ਖਿੰਥਾ ਪਹਿਰੇ ਹੈ॥ਵੈ ਸਰਬ ਕਾਲ ਮੋ ਪ੍ਰਸੰਨ ਹੈ॥ਅਰੁ ਕਾਇਆ ਹੀ ਕੁਆਰੀ ਹੈ॥ਅਵਰ ਜੋਗੀ ਕੂਬਰੇ[4] ਆਸਰੇ ਹੋਇ ਬੈਠ ਧਿਆਨ ਕਰਤੇ ਹੈ॥ਉਸ ਕੇ ਕਾਇਆ ਹੀ ਕੂਬਰੀ ਹੈ॥ਜੁਗਤ ਪ੍ਰਤੀਤ ਰੂਪੀ ਡੰਡਾ ਹੈ॥ਆਈ ਪੰਥੀ ਸਰਬ ਲੋਕ ਪ੍ਰਕਿਰਤ ਸੋ ਜੋ ਉਤਪਤ ਭਏ ਇਨ ਸਭ ਕਉ ਮਨ ਸਿਉ ਜੀਤ ਕਰ ਜੀਤਾ ਹੈ॥ਐਸਾ ਪਰਮ ਜੋਗੀ ਮੇਰਾ ਗੁਰ ਹੈ॥ਤਿਸ ਕੋ ਆਦੇਸ ਹੈ॥[5] ਜੈਸੇ ਆਦਿ ਅਨੀਲ ਅਨਾਹਤ ਤੈਸੇ ਜੁਗੋ ਜੁਗ ਏਕ ਸਰੂਪ ਹੈ॥ਤਾਤਪਰਜ ਯਹ ਆਦਿ ਕਹੀਐ ਅਕਾਸ॥ਅਨੀਲ ਕਹੀਐ ਪਵਨ॥ਅਰੁ ਅਨਾਦ ਸੁੰਨ ਕੌ ਕਹਿਤੇ ਹੈ॥ਅਰੁ ਅਨਾਹਦ ਕਹੀਐ ਸਬਦੁ॥ਏਹ ਚਾਰੋ ਹੀ ਸਰੂਪ ਕੇ ਸਰੂਪ ਹੈ॥ਅਰੂਪ ਕੇ ਅਰੂਪ ਹੈ॥ਤੈਸਾ ਹੀ ਮੇਰਾ ਗੁਰ ਅਕਾਰ ਸਹਤ ਨਿਰਾਕਾਰ ਹੈ॥੧॥

॥ਫੇਰਿ ਬਾਬੇ ਪਉੜੀ ਦੂਜੀ ਕਹੀ॥[6]

ਭੁਗਤਿ ਗਿਆਨ ਦਇਆ ਭੰਡਾਰਣ ਘਟ ਘਟ ਬਾਜਹਿ ਨਾਦ॥
110/ੳ ਆਪੁ ਨਾਥ ਨਾਥੀ ਸਭ ਜਾ/ਕੀ ਰਿਧ ਸਿਧ ਅਵਰਾ ਸਾਦਿ॥
ਸੰਜੋਗ ਵਿਜੋਗ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥
ਆਦੇਸੁ ਤਿਸੈ ਆਦੇਸੁ॥ਆਦਿ ਅਨੀਲ ਅਨਾਦਿ ਅਨਾਹਤ ਜੁਗ ਜੁਗ ਏਕੋ ਵੇਸ॥੨॥

॥ਤਿਸ ਕਾ ਪਰਮਾਰਥ॥[7]

ਹੇ ਸਿਧੋ ਜਿਸ ਜੋਗੀ ਕੇ ਗਿਆਨ ਰੂਪੀ ਭਗਤ ਹੈ॥ਅਰ ਦਇਆ ਰੂਪੀ ਹੀ ਭੰਡਾਰਣ ਹੈ॥ਅਰੁ ਜਿਸ ਕਾ ਨਾਦ ਘਟ ਘਟ ਬਿਖੈ ਬਾਜਤਾ ਹੈ॥ਆਪ ਨਾਥ ਹੈ॥ਅਰੁ ਸਭ ਜਗ ਤਿਸ ਕੀ ਨਥੀ ਹੈ॥ਅਰੁ ਰਿਧ ਸਿਧ ਪਦਾਰਥ ਅਵਰੋ ਸਾਦ ਹੈ॥ਇਸ ਕੀ ਇਛਾ ਨਹੀ॥ਅਰੁ ਸੰਜੋਗ ਵਿਜੋਗ ਦੋਨੋ ਇਸ ਕੇ ਕਾਰ ਕਰਦਾ ਹੈ॥ਜੋ ਲੇਖ ਲਿਖਾ ਹੈ ਉਸ ਕੌ ਓਹੀ ਭੁਗਤ ਹੈ॥ਆਦੇਸ ਮੇਰੀ ਤਿਸੇ ਕਉ ਹੈ॥ਜੈਸੇ ਆਦਿ ਅਨੀਲ ਅਨਾਦ ਅਨਾਹਤ ਹੈ॥ਇਨ ਕਾ ਜੁਗੋ ਜੁਗ ਏਕ ਹੀ ਸਰੂਪ ਹੈ॥

॥ਤਿਸ ਕਾ ਤਾਤਪਰਜ ਯਹ॥

ਆਦਿ ਕਹੀਐ ਅਕਾਸ॥ਅਨੀਲ ਕਹੀਐ ਪਵਨ॥ਅਰੁ ਅਨਾਦ ਕਹੀਐ ਸੁੰਨ॥ਅਰੁ ਅਨਾਹਦ ਕਹੀਐ ਸਬਦ॥ਏਹ ਚਾਰੋ ਜੁਗੋ ਜੁਗ ਸਰੂਪ ਕੇ[8] ਸਰੂਪ ਹੈ॥ਅਰੂਪ ਕੇ ਅਰੂਪ ਹੈ॥ਤੈਸਾ ਹੀ ਮੇਰਾ ਗੁਰ ਅਕਾਰ ਸਹਿਤ ਨਿਰਾਕਾਰ ਹੈ॥੨॥

॥ਤਾ ਫੇਰਿ ਤੀਜੀ ਪਉੜੀ ਕਹੀ॥[9]

ਏਕਾ ਮਾਈ ਜੁਗਤ ਵਿਆਈ ਤੀਨ ਚੇਲੇ ਪਰਵਾਣ॥
ਇਕ ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਣ॥

---

[1] ਇੱਥੇ 'ਤਿਸ ਕੇ ਲਛਣ....ਨਿਰੂਪਣ ਕਰ ਸੁਣਾਵੋ॥' ਦੀ ਜਗ੍ਹਾ ਤੇ 'ਤਿਸ ਕੇ ਲਛਣ ਕਹੋ॥' ਪਾਠ ਹੈ (ੲ)
[2] ਇੱਥੇ '॥ਸਲੋਕ ਨਿਰੂਪਨ ਕੀਆ॥' ਦੀ ਜਗ੍ਹਾ ਤੇ '॥ਸੋ ਕਹਤਾ ਹੂ॥' ਪਾਠ ਹੈ (ੲ)
[3] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[4] ਇੱਥੇ '॥ਅਵਰ ਜੋਗੀ ਕੂਬਰੇ॥' ਦੀ ਜਗ੍ਹਾ ਤੇ '॥ਅਵਰ ਜੋਗੀ ਕੂਬਰੀ॥' (ਅ,ੲ), '॥ਅਰ ਜੋ ਕੂਬਰੀ॥' ਪਾਠ ਹੈ (ੲ)
[5] ਇੱਥੇ '॥ਐਸਾ ਪਰਮ ਜੋਗੀ ਮੇਰਾ ਗੁਰ ਹੈ॥ਤਿਸ ਕੋ ਆਦੇਸ ਹੈ॥' ਪਾਠ ਨਹੀਂ ਹੈ (ਅ)
[6] ਇੱਥੇ ਸਿਰਲੇਖ '॥ਫੇਰ ਬਾਬੇ ਪਉੜੀ ਦੂਜੀ ਕਹੀ॥' ਨਹੀਂ ਹੈ (ੲ)
[7] ਇੱਥੇ ਸਿਰਲੇਖ '॥ਪਰਮਾਰਥ॥' ਨਹੀਂ ਹੈ (ੲ)
[8] ਇੱਥੇ ਸ਼ਬਦ 'ਸਰੂਪ ਕੇ' ਨਹੀਂ ਹੈ (ਸ)
[9] ਇੱਥੇ '॥ਤਿਸ ਕਾ ਤਾਤਪਰਜ ਯਹ... ਫੇਰਿ ਤੀਜੀ ਪਉੜੀ ਕਹੀ॥' ਪਾਠ ਨਹੀਂ ਹੈ (ੲ)

ਜਿਉ ਤਿਸ ਭਾਵੈ ਤਿਵੈ ਚਲਾਵੈ ਜਿਉ ਹੋਵੈ ਫੁਰਮਾਣੁ॥
ਉਹ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥
ਅਦੇਸ ਤਿਸੈ ਅਦੇਸ॥ਆਦਿ ਅਨੀਲ ਅਨਾਦਿ ਅਨਾਹਤ ਜੁਗ ਜੁਗ ਏਕੋ ਵੇਸ॥੩॥

॥ਤਿਸ ਕਾ ਪਰਮਾਰਥੁ[1]॥

ਏ ਸਿਧੋ ਤਿਸ ਜੋਗੀ ਕੇ ਏਕ ਜੋਗ ਨਿਮਾਈ ਹੈ॥ਵੈ ਜੁਗਤ ਸੋ ਵਿਆਈ ਹੈ॥ਤੀਨ ਚੇਲੇ ਪਰਮਾਨ
110/ਅ ਤਿਸ ਸਿਉ ਭਏ ਹੈ॥ਏਕ ਸੰਸਾਰੀ/ਹੈ॥ਬ੍ਰਹਮਾ ਜਗਤ ਕਾ ਉਤਪਤ ਕਰਨੇਹਾਰਾ ਹੈ॥ਰਾਜਸ ਗੁਣ ਹੈ[2]॥ਏਕ ਭੰਡਾਰੀ ਬਿਸਨ ਜੀ॥ਜਗਤ ਕੋ ਪੋਖਨਹਾਰੇ॥ਸਾਤਕ ਗੁਣ ਹੈ॥ਏਕ ਦਿਵਾਨ ਲਗਾਵਨਹਾਰੇ ਸਿਵ ਜੀ ਸਭ ਸੰਸਾਰ ਕੋ ਨਾਸ ਕਰਤਾ ਹੈ॥ਤਾਮਸ ਗੁਣ ਹੈ॥੩॥ਜੋ ਉਸ ਕੀ ਆਗਿਆ ਹੈ ਸੋਈ ਤੀਨੋ ਵਰਤੇ ਹੈ॥ਵੈ ਸਭ ਕੁਛ ਦੇਖਤੇ ਹੈ॥ਇਨ ਕੀ ਦਿਸਟਿ ਮੋ ਨਹੀ ਆਵਤਾ ਏਹੁ ਬਡਾ ਚਰਿਤ੍ਰ ਹੈ॥ਮੇਰੀ ਤਿਸ ਕੋ ਆਦੇਸ ਹੈ॥ਵੈ ਆਦਿ ਹੈ ਅਨੀਲ ਹੈ ਅਨਾਹਦ ਹੈ॥ਅਕਾਰ ਸਹਤ ਨਿਰਾਕਾਰ ਹੈ॥੪॥

॥ਤਾ ਫੇਰ ਬਾਬੇ ਚਉਥੀ ਪਉੜੀ ਕਹੀ॥[3]

ਆਸਣ ਲੋਇ ਲੋਇ ਭੰਡਾਰ॥ਜੋ ਕਛੁ ਪਾਇਆ ਸੋ ਏਕਾ ਵਾਰ॥
ਕਰਿ ਕਰਿ ਵੇਖੈ ਸਿਰਜਣਹਾਰ॥ਨਾਨਕ ਸਚੇ ਕੀ ਸਚੀ ਕਾਰ॥
ਅਦੇਸ ਤਿਸੈ ਅਦੇਸ॥ਆਦਿ ਅਨੀਲ ਅਨਾਦ ਅਨਾਹਤ ਜੁਗ ਜੁਗ ਏਕੋ ਵੇਸ॥

॥ਤਿਸ ਕਾ ਪ੍ਰਮਾਰਥ॥[4]

ਬਾਬੇ ਜੀ ਨੇ ਕਹਿਆ ਸਿਧੋ ਤਿਸ ਜੋਗੀ ਕਾ ਲੋਇ ਲੋਇ[5] ਮੋ ਆਸਣ ਭੰਡਾਰ ਹੈ॥ਅਰੁ ਤਿਨ ਕਾ ਹੁਕਮ ਜੋ ਏਕ ਵਾਰ ਭਇਆ ਹੈ॥ਸੋ ਬ੍ਰਹਮਾ ਬਿਸਨ ਮਹੇਸ ਜਗਤ ਬਨਾਇ ਕੇ ਇਤ ਆਦਕ ਕਰਿ ਕਰਿ ਵੇਖਤੇ ਹੈ॥ਦੇਖ ਕੈ ਵਿਗਸਤੇ ਹੈਂ॥ਸਤ ਕਰਮ ਜੋ ਕਰਤੇ ਹੈ ਤਿਨ ਕਾ ਸਚ ਹੀ ਕਾਰ ਹੈ॥ਮੈ ਤਿਸੀ ਪੁਰਖ ਕੋ ਆਦੇਸ ਕਹਿਤਾ ਹੌ॥ਆਦਿ ਹੈ ਅਨੀਲ ਹੈ ਅਨਾਹਦ ਹੈ ਅਨਾਦ ਹੈ॥ਅਕਾਰ ਸਹਿਤ ਨਿਰਾਕਾਰ ਹੈ॥

॥ਦੋਹਰਾ॥

ਜਬ ਸਤਗੁਰ ਇਹ ਬਿਧ ਸੌ ਪੌੜੀ ਅਰਥ ਬਿਚਾਰ॥
ਤਬ ਸਬ ਸਿਧ ਪ੍ਰਸੰਨ ਹੋਇ ਕਹਾ ਬਾਲਾ ਧੰਨ ਬਿਚਾਰ॥੩੧॥

॥ਚੌਪਈ॥

111/ੳ ਤਿਹ ਛਿਨ ਬਿਦਾ ਭਏ ਪ੍ਰਭ ਦਿਆਲ॥ਇਹ ਲੀਲਾ ਕੀਨੀ ਤਿਹ/ਕਾਲ॥
ਸਪਤ ਪੁਰੀ ਕੇ ਉਪਰ ਗਏ॥ਕਮਲਾਸਨ ਜਾਇ ਪ੍ਰਾਪਤ ਭਏ॥੩੨॥
ਧ੍ਰੂਹ ਭਗਤ ਸੌ ਬਹੁਤੈ ਊਪਰਿ॥ਲਿਖਾ ਜਨਮਸਾਖੀ ਦੂਜੀ ਧਰ॥
ਵੈ ਖੜੇ ਕਬੀਰ ਖਵਾਸੀ ਕਰੇ॥ਅਗੰਮ ਰੂਪ ਲੀਲਾ ਬਿਸਥਰੇ॥੩੩॥
ਹਰਨਾਖਸ ਜਿਨ ਹਰੇ ਪ੍ਰਾਨ॥ਸੇਵਕ ਰਾਖੇ ਪਰਮ ਨਿਧਾਨ॥
ਸਰਬ ਠੌਰ ਸਭ ਹੁਕਮੇ ਭਇਆ॥ਜਾ ਕੀ ਆਗਿਆ ਬੇਦ ਨਿਰਮਇਆ॥੩੪॥
ਕਿਆ ਕੋਊ ਕਥੈ ਅਕਥ ਕਹਾਨੀ॥ਰਿਖ ਮੁਨ ਜਪੈ ਸਾਧ ਸੁਰ ਗਿਆਨੀ॥
ਆਗਿਆ ਭਈ ਅਬੈ ਤੁਮ ਜਾਹੁ॥ਜਗਤ ਉਧਾਰ ਕਰਨਾ ਤੁਮ ਆਹੁ॥੩੫॥
ਜੋ ਤਿਨ ਕਹੀ ਤਿਨੈ ਤਿਨ ਮਾਨੀ॥ਗੁਰ ਪ੍ਰਮੇਸਰ ਏਕ ਸਮਾਨੀ॥
ਫਿਰ ਆਏ ਉਤ੍ਰੇ ਧ੍ਰੂਹ ਕੇ ਪਾਸ॥ਕਰ ਪ੍ਰੇਮ ਪਰਸਪਰ ਪਰਮ ਬਿਲਾਸ॥੩੬॥
ਦਤਾ ਤ੍ਰੇ ਕੇ ਫੁਨਿ ਢਿਗ ਆਏ॥ਕਰ ਪ੍ਰੇਮ ਪਰਸਪਰ ਤਾਹਿ ਜਗਾਏ॥
ਗੋਸਟ ਗਿਆਨ ਤਹਾ ਪੁਨ ਭਈ॥ਸਤਿਗੁਰ ਬਿਦਾ ਤਹਾਂ ਤੇ ਲਈ॥੩੭॥
ਇਕ ਪਰਬਤ ਪਰ ਆਏ ਦਿਆਲ॥ਕਹਾ ਮਰਦਾਨੇ ਕੋ ਤਿਹ ਕਾਲ॥
ਕਛੁ ਭੋਜਨ ਖਾਵੋਗੇ ਅਬੈ॥ਛੁਧਾਵੰਤ ਬੋਲਾ ਸੋ ਤਬੈ॥੩੮॥
ਕਛੁ ਕਾਹੂ ਆਗੈ ਆਨ ਰਖਾਇਆ॥ਪ੍ਰਭ ਪੂਛੇ ਹਮੈ ਅਬੈ ਡਹਕਾਇਆ॥

---

[1] ਇੱਥੇ ਸਿਰਲੇਖ '॥ਪਰਮਾਰਥ॥' ਨਹੀਂ ਹੈ (ੲ)
[2] ਇੱਥੇ '॥ਰਾਜਸ ਗੁਣ ਰਜੋਗੁਣੀ ਹੈ॥' ਪਾਠ ਹੈ (ਸ)
[3] ਇੱਥੇ ਸਿਰਲੇਖ '॥ਤਾ ਫੇਰ ਬਾਬੇ ਚਉਥੀ ਪਉੜੀ ਕਹੀ॥' ਨਹੀਂ ਹੈ (ੲ)
[4] ਇੱਥੇ ਸਿਰਲੇਖ '॥ਪਰਮਾਰਥ॥' ਨਹੀਂ ਹੈ (ੲ)
[5] ਲੋਅ ਲੋਅ (ਅ), ਲੋਇ ਲੋਕ ਵਿਚ ਖਜਾਨਾ (ਸ)

ਹਸ ਬੋਲੇ ਪ੍ਰਭ ਕ੍ਰਿਪਾ ਨਿਧਾਨ॥ ਕਿਮ ਕਹੋ ਬਾਤ ਨਹੀ ਜਾਨੋ ਗਿਆਨ॥੩੯॥
ਇਸ ਪ੍ਰਬਤ ਪਰ ਮੇਵਾ[1] ਘਨਾ॥ ਦੇਖੋ ਜਾਇ ਐਸੇ ਮੁਖ ਭਨਾ॥
ਮਾਥਾ ਟੇਕ ਮਰਦਾਨਾ ਚਲਾ॥ ਜਾਇ ਜੰਗਲ ਮੋ ਹੋਇਆ ਖਲਾ॥੪੦॥

॥ ਦੋਹਰਾ ॥

ਦੇਖਾ ਮੇਵਾ ਅਤ ਘਨਾ ਆ ਪੂਰਬ ਸੁਭ ਰਾਸ॥
ਮੀਠੇ ਖਾਵੇ ਸੁਆਦ ਬਹੁ ਖਾਏ ਕਰੇ ਬਿਲਾਸ॥੪੧॥

॥ ਚੌਪਈ ॥

111/ਅ ਅਤ ਅਘਾਇ ਭ/ਰ ਪੇਟ ਸੋ ਲੀਨਾ॥ ਕਛੁ ਤੋੜ ਲਏ ਗੁਰ ਭਗਤ ਸੁ ਕੀਨਾ॥
ਆਨ ਸਤਗੁਰ ਕੇ ਆਗੇ ਰਾਖੇ॥ ਸਤਿਗੁਰ ਪ੍ਰੇਮ ਸਹਤ ਸੋ ਚਾਖੇ॥੪੨॥
ਰਾਮ ਰੰਗ ਕੋ ਰੰਗ ਬਨਾਵਾ॥ ਜਾ ਤੇ ਸਭ ਜਗ ਕਾ ਤਾਪ ਮਿਟਾਵਾ[2]॥
ਹਰਿ ਹਰਿ ਹਰਿ ਹਰਿ ਹਰਿ ਧੁਨ ਭਇਯੋ॥ ਤਿਮਰ ਅਗਿਆਨ ਤਿਸ ਜਗ ਕੋ ਗਯੋ॥੪੩॥

॥ ਦੋਹਰਾ ॥

ਤਹ ਤੇ ਆਗੇ ਦਿਆਲ ਕਛੂ ਉਤਰ ਆਵਤ ਭਯੋ॥
ਦੀਨਾ ਨਾਥ ਦਿਆਲ ਨਿਤ ਨਿਤ ਚਲਿਤ੍ਰ ਕਰਤਾ ਨਯੋ॥੪੪॥

॥ ਸਾਖੀ ਪੂਰਨ ਹੋਈ ॥[3]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਮੇਵਰ (ਅ)
[2] ਮਿਟਾਇਆ (ੲ)
[3] ਇੱਥੇ '॥ ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਦੇਵਤਾ ਇੰਦ੍ਰ ਦਾ ਸਰਾਪ][1]

॥ਦੋਹਰਾ॥

ਸ੍ਰੀ ਗੋਰਖ ਜੀ ਰਮਤੇ ਭਏ ਚਲੇ ਆਗੇ ਕ੍ਰਿਪਾ ਨਿਧਾਨ॥
ਜਹਾਂ ਦੇਵ ਅਸੁਰ ਤਨ ਧਾਰ ਕੇ ਜਾਚਤ ਗੁਰ ਦਰਸ ਮਹਾਨ॥੧॥

॥ਚੌਪਈ॥

ਜਹਾ ਰਹੇ ਦੇਵ ਤਨ ਧਾਰ॥ਗਏ ਦਿਆਲ ਤਹਾ ਕਰਤ ਬਿਹਾਰ॥
ਇੰਦ੍ਰ ਸਰਾਪ ਅਸੁਰ ਤਨ ਪਾਇਆ॥ਗੁਰ ਦਰਸਨ ਦੇਖ ਸੁਰ ਤਨ ਭਈ ਕਾਂਇਆ॥੨॥
ਜਬ ਸਤਿਗੁਰ ਤਿਸ ਦਰਸਨ ਦੀਨਾ॥ਮੁਚਤ ਸਰਾਪ ਅਨੰਦ ਰਸ ਭੀਨਾ॥
ਜਿਮ ਪੰਛੀ ਪਿੰਜਰ ਸੋ ਨਿਕਸਾ[2]॥ਸਰ ਤਨ ਪਾਇ ਮਨ ਤਨ ਬੁਧ ਬਿਗਸਾ[3]॥੩॥
ਸਤਗੁਰ ਕੋ ਪਰਸੰਸਤ ਭਇਆ॥ਪੁਨ ਚਰਨ ਕਮਲ ਹਿਰਦੇ ਧਰ ਲਇਆ॥
ਕਰ ਚਰਨ ਪਰਨਾਮ ਸੁਰਪੁਰ ਕੋ ਚਲਾ॥ਕਰੇ ਅਸਤੋਤਰ ਸਨਮੁਖ ਖੁਲਾ॥੪॥
ਧੰਨੁ ਧੰਨੁ ਪ੍ਰਭ ਗੁਰ ਕਰਤਾਰ॥ਨਿਜ ਇਛਿਆ ਧਰਿਓ ਸੰਤ ਅਵਤਾਰ॥
112/ੳ /ਬਹੁਤ ਪਤਤਨ ਕੋ ਕੀਨਾ ਪਾਵਨ॥ਧਨੁ ਧਨੁ ਗੁਰ ਭਗਤ ਸੁਹਾਵਨ॥੫॥

॥ਦੋਹਰਾ॥

ਧੰਨੁ ਧੰਨੁ ਹਰਿ ਸੰਤ ਜਨ ਰਾਮ ਰੂਪ ਅਵਤਾਰ॥
ਗਿਆਨ ਭਗਤ ਵੈਰਾਗ ਜੋਗ ਦੇ ਜਗ ਕੋ ਕਰਤ ਉਧਾਰ॥੬॥

॥ਚੌਪਈ॥

ਕਰ ਪ੍ਰਨਾਮ ਸੁਰਪੁਰ ਕੋ ਗਇਆ॥ਜਾਇ ਸੁਰਾਜ ਕੇ ਚਰਨਨ ਪਇਆ॥
ਦੇਖ ਇੰਦ੍ਰ ਤਾ ਕੋ ਮਗਨਾਨਾ॥ਕਰ ਕਿਰਪਾ ਦੀਏ ਪਦਾਰਥ ਨਾਨਾ॥੭॥

॥ਦੋਹਰਾ॥

ਪੁਨ ਸਤਗੁਰ ਕੀ ਮਹਿਮਾ ਕਰੀ ਕਹਿਓ ਗੁਰ ਨਾਨਕ ਅਵਤਾਰ॥
ਸੁਰਰਾਇ ਸੁਨਤ ਮਨ ਮਗਨ ਹੋਇ ਬਹੁ ਬਾਰ ਕਰੀ ਨਮਸਕਾਰ॥੮॥

॥ਸਾਖੀ ਪੂਰਨ ਹੋਈ॥੩੯॥[4]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ਸਾਖੀ ਦੇਵਤਾ ਇੰਦ੍ਰ ਕੇ ਸਰਾਪ ਕੀ ਅਰ ਸੁਮੇਰ ਪਰਬਤ ਕੀ॥' ਹੈ (ਅ), ਇੱਥੇ ਸਿਰਲੇਖ '॥ਸਾਖੀ॥' ਹੈ (ੲ)

[2] ਨਿਕਾਸਾ (ਅ)

[3] ਬਿਗਾਸਾ (ਅ)

[4] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਅਗਨ ਰਿਖ ਨਾਲ ਚਰਚਾ][1]

॥ਸੋਰਠਾ॥

ਸਤਿਗੁਰ ਕ੍ਰਿਪਾ ਨਿਧਾਨ ਅਗਨ ਰਿਖੀ ਆਸ੍ਰਮ ਗਏ॥
ਦੇਖ ਦਰਸਨ ਮਗਨਾਨ ਜਿਮ ਚਾਤ੍ਰਿਕ ਬੂੰਦ ਅਕਾਸ ਜਲ॥੧॥

॥ਚੌਪਈ॥

ਜਿਮ ਸੀਪ ਸਿੰਧ ਸੁਆਤੀ ਜਲ ਪਾਵੈ॥ਤ੍ਰਿਪਤ ਹੋਇ ਪੁਨ ਸਿੰਧ ਸਮਾਵੈ॥
ਜੋ ਬਿਰੰਚ ਪਰਤਗਿਆ ਕਰੀ॥ਦੇਖ ਦਰਸ ਬਿਧ ਸਗਲੀ ਭਈ॥੨॥
ਦੇਖ ਦਰਸ ਮੁਨ ਕੀਨ ਪ੍ਰਨਾਮ॥ਪੁੰਨ ਕਰਿਓ ਪ੍ਰਸਨ ਏ ਸੰਤ ਮਹਾਨ॥
ਕਹਾ ਆਸਰਮ ਕਿਆ ਨਾਮ ਤੁਮਾਰਾ॥ਕਰ ਕਿਰਪਾ ਚਰਨ ਮਮ ਆਸ੍ਰਮ ਧਾਰਾ॥੩॥
ਸੁਨੋ ਰਿਖੀ ਨਾਨਕ ਮਮ ਨਾਮਾ॥ਤੁਮ ਕੋ ਮਿਲਨ ਆਇਓ ਇਹ ਧਾਮਾ॥
ਨਾਨਕ ਨਾਮ ਸ੍ਰਵਨ ਜਬ ਕਰਾ॥ਜਿਮ ਲਛਮਨ ਮੁਖ ਅੰਮ੍ਰਤ ਪਰਾ॥੪॥
ਹੋਇ ਨਿੰਮ੍ਰ ਭੂਤ ਪ੍ਰਸਨ ਰਿਖ ਕੀਨਾ॥ਮਨ ਲੋਚਾ ਤਤ ਗਿਆਨ ਹੀ[2] ਚੀਨਾ॥
112/ਅ ਬਾਰੰ ਬਾਰ/ਕਰਾ ਪ੍ਰਨਾਮ॥ਹੇ ਸੰਤ ਦਿਆਲ ਪੂਰਨ ਸਭ ਕਾਮ॥੫॥

॥ਪ੍ਰਸਨ ਰਿਖੀਸ੍ਵਰ[3]॥

॥ਮਕਰਾ ਛੰਦ॥

ਹੇ ਸੰਤ ਹਰਿ ਪਿਆਰੇ॥ਹੋਇ ਦਿਆਲ ਚਰਨਨ ਧਾਰੇ॥
ਜਗ ਕਵਨ ਮੈ ਕਵਨ ਹੋ ਸਚੁ ਦੀਜੀਏ ਬਿਚਾਰਾ॥੬॥
ਜਗਿ ਪਾਚ ਤਤ ਅਧੀਸਾ॥ਪਰਕਿਰਤ ਹੈ ਪਚੀਸਾ॥
ਦਸ ਰਿਖੀ ਪੰਚ ਦੋਖ॥ਅੰਤਹ ਕਰਹਿ ਸੁਚਾਰਾ॥੭॥
ਮਨ ਮਹਾ ਮੋਹ ਲਾਗਾ॥ਗੁਨ ਨਾਮ ਰੂਪ ਪਾਗਾ॥
ਅਹੰ ਮਤ ਅਤ ਕਠਨ ਹੈ ਗੁਨ ਤੀਨ ਅੰਧਕਾਰਾ॥੮॥
ਹੇ ਸਤ ਦਿਆਲ ਰੂਪ॥ਦੇਹੁ ਬ੍ਰਹਮ ਗਿਆਨ
ਤਿਮਰ ਕਾਟੋ ਕਰੋ ਹੀਐ ਮੋ ਉਜਾਰਾ॥੯॥[4]

॥ਸੋਰਠਾ॥

ਹੇ ਪ੍ਰਭ ਕਿਰਪਾ ਨਿਧਾਨ ਤੁਮ ਪਰਉਪਕਾਰੀ ਸੰਤ ਜਨ॥
ਦੀਜੈ ਤਤ ਗਿਆਨ ਬ੍ਰਹਮ ਆਨੰਦ ਸੁਖ ਪਾਈਐ॥੧੦॥

॥ਚੌਪਈ॥

ਸੁਨੀ ਰਿਖੀ ਬਚਨ ਬਾਬਾ ਬਿਗਸਾਨੇ॥ਮਰਦਾਨੇ ਪ੍ਰਿਤ ਬਚਨ ਬਿਖਾਨੇ॥
ਲੇ ਰਬਾਬ ਸੁਰ ਤਾਰ ਸੁਧਾਰੋ॥ਮੈ ਕਹੋ ਸਬਦ ਤੁਮ ਕਰੋ ਉਚਾਰੋ॥੧੧॥

॥ਗੁਰੂ ਬਾਬਾ ਜੀ ਅਗਨਿ ਰਿਖ ਕੇ ਪਰਥਾਇ ਸਬਦ ਉਚਾਰ ਕੀਆ॥[5]

ਪਉਣ ਪਾਣੀ ਅਗਨੀ ਕਾ ਮੇਲ॥ਚੰਚਲ ਚਪਲ ਬੁਧ ਕਾ ਖੇਲ॥
ਨਉ ਦਰਵਾਜੇ ਦਸਵਾ ਦੁਆਰ॥ਬੁਝ ਰੇ ਗਿਆਨੀ ਏਹੁ ਬੀਚਾਰ॥੧॥

॥ਤਿਸ ਕਾ ਪ੍ਰਮਾਰਥ॥[6]

ਹੇ ਅਗਨਿ ਰਿਖੀ ਪਉਣ ਪਾਣੀ ਅਗਨੀ ਕਾ ਮੇਲ ਹੈ॥ਤਿਸ ਕਾ ਤਾਤਪਰਜ ਸੁਨੋ ਇੜਾ[7] ਪਿੰਗੁਲਾ ਪਾਣੀ ਹੈ ਸੁਖਮਨਾ ਪਾਉਣ ਹੈ ਇਨ ਹੀ ਕੀ ਸਕਤ ਸੋ ਸਰੀਰ ਅਸਥਿਤ ਹੈ॥ਹੇ ਮਹਾ ਰਿਖੀ ਮੈ ਤੁਮ ਕੋ ਗਿਆਨ ਜੋਗ ਕਹਤਾ ਹੌ॥ਸੋ ਹਿਰਦੇ ਮੋ ਧਾਰਨਾ॥ਇੜਾ ਅਰੁ ਪਿੰਗਲ ਦੋ ਨਾੜੀ ਸਦਾ

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਕੀ (ਅ,ੲ)
[3] ਇੱਥੇ ਸਿਰਲੇਖ '॥ਪ੍ਰਸਨ ਰਿਖੀ॥' ਹੈ (ਅ,ੲ)
[4] ਦੇਹੁ ਬ੍ਰਹਮ ਗਿਆਨ ਅਨੂਪ॥ਅਗਿਆਨ ਤਿਮਰ ਕਾਟੋ ਕਰੋ ਹੀਐ ਮੋ ਉਜਾਰਾ॥ (ਅ,ੲ)
[5] ਇੱਥੇ ਸਿਰਲੇਖ '॥ਸਬਦ ਉਚਾਰ ਕੀਆ॥ਗਉੜੀ ਮਹਲਾ ੧॥' ਹੈ (ੲ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਇੱਥੇ '॥ਸੁਨੋ ਇੜਾ॥' ਦੀ ਜਗ੍ਹਾ ਤੇ '॥ਇੜਾ ਪਿੰਗਲਾ ਸੁਖਮਨਾ॥ਇੜਾ ਅਗਨਿ ਹੈ॥' ਪਾਠ ਹੈ (ਅ), ਇੱਥੇ '॥ਸੁਨੋ ਇੜਾ ਅਗਨਿ ਹੈ॥' ਪਾਠ ਹੈ (ੲ)

113/ੳ ਤੜਫਤੀ ਰਹਿਤੀ ਹੈ॥ਅਰੁ ਸੁ/ਖਮਨਾ ਸਹਿਜ ਪਦ ਅਸਥਿਤ ਹੀ ਹੈ ਏਹ ਦੋਨੋ ਨਾੜੀ ਕੋ ਏਕ ਸਮਾਨ ਕਰੇ ਜਬ ਦੋਨੋ ਸਮ ਭਈ ਤਬ ਸੁਖਮਨਾ ਸੋ ਮੇਲ ਭਇਆ॥ਜਬ ਤੀਨੋ ਸਮ ਭਈ ਤਬ ਸਬਦ ਬ੍ਰਹਮ ਕਾ ਦੁਆਰ ਖੁਲਾ॥ਜਬ ਸੁਰਤ ਸਬਦ ਸੋ ਲੀਨ ਭਈ॥ਤਬ ਬ੍ਰਹਮ ਸਬਦ ਕੇ ਦੁਆਰੇ ਨਿਜ ਸਰੂਪ ਕੋ ਪਾਯਤ ਹੈ॥ਏਹੀ ਤੀਨ ਨਾੜੀ ਬ੍ਰਹਮਾ ਬਿਸਨ ਮਹੇਸ ਹੈ॥ਅਰੁ ਚੰਚਲਤਾ ਚਪਲਤਾ ਸਰੀਰ ਮੋ ਬੁਧ ਸਕਤ ਸੋ ਹੈ॥ਨਉ ਦਰਵਾਜੇ ਅਰੁ ਦਸਵਾ ਦੁਆਰ ਹੈ॥ਹੇ ਰਿਖ ਗਿਆਨੀ ਇਸ ਬਚਨ ਕੇ ਬਿਚਾਰ ਕੋ ਬੂਝਨਾ॥

॥ਪੁਨ ਰਹਾਉ॥[1]

ਕਥਤਾ ਬਕਤਾ ਸੁਨਤਾ ਸੋਈ॥ਆਪਿ ਬਿਚਾਰੇ ਗਿਆਨੀ ਹੋਈ॥

॥ਅਰਥ॥

ਹੇ ਮਹਾਂ ਰਿਖੀ ਕਥਤਾ ਬਕਤਾ ਸੁਨਤਾ ਸੋ ਕਵਨ ਹੈ॥ਇਸ ਕਉ ਬਿਚਾਰੇ ਅਰੁ ਅਪਨੇ ਆਪ ਕਉ ਬਿਚਾਰੇ ਮੈ ਕਉਨ ਹੋ॥ਜਬ ਬਿਚਾਰ ਜੁਗਤ ਸੋ ਇਸ ਭੇਦ ਕੋ ਪਾਇਆ ਤਬ ਨਿਜ ਸਰੂਪ ਕਾ ਲਾਭ ਭਇਆ ਜਬ ਇਹੁ ਲਾਭ ਹੂਆ ਤਬ ਗਿਆਨ ਅਰੁ ਬਿਗਆਨ ਪ੍ਰਾਪਤ ਭਇਆ॥ਇਸ ਸੂਛਮ ਜੁਗਤ ਸੁਰਤ ਇਕਾਗਰ ਕਰਕੇ ਹਿਰਦੇ ਮੋ ਬਿਚਾਰੋ ਆਨੰਦ ਪ੍ਰਾਪਤ ਹੋਇ॥

॥ਤਬ ਦੂਜੀ ਪਉੜੀ ਕਹੀ॥[2]

ਦੇਹੀ ਮਾਟੀ ਬੋਲੇ ਪਵਨ॥ਬੁਝੁ ਰੇ ਗਿਆਨੀ ਮੂਆ ਹੈ ਕਉਨ॥
ਮੂਈ ਸੂਰਤ ਬਾਦ ਅਹੰਕਾਰ॥ਵਹੁ ਨ ਮੂਆ ਜੋ ਬੋਲਨਹਾਰ॥੨॥

॥ਤਿਸ ਕਾ ਪ੍ਰਮਾਰਥ॥[3]

ਹੇ ਰਿਖੀ ਦੇਹੀ ਮਾਟੀ ਹੈ॥ਅਰੁ ਸਬਦ ਪਉਣ ਸਕਤ ਸੋ ਹੈ ਇਹੁ ਬੀਚਾਰੀਐ ਜੋ ਇਨ ਮੋ[4]
113/ਅ ਮਰਤਾ ਕਉਨ ਹੈ॥ਪਾਂਚ ਤਤ ਸੋ ਮੂਰਤ ਜੋ ਥੀ ਵਹੀ ਨਾ ਭਈ ਬਾਦ ਅਹੰਕਾਰ ਸੰਜੁਗਤ॥/ਬੋਲਨਹਾਰੇ ਕਾ ਨਾਸੁ ਨਾਹੀ॥

॥ਤੀਜੀ ਪਉੜੀ ਕਹੀ॥[5]

ਜਿਹ ਕਾਰਣ ਤਟ ਤੀਰਥ ਜਾਹੀ॥ਰਤਨ ਪਦਾਰਥ ਘਟ ਹੀ ਮਾਹੀ॥
ਪੜ ਪੜ ਪੰਡਤਿ ਬਾਦ ਬਖਾਨੇ॥ਭੀਤਰ ਹੋਦੀ ਬਸਤ ਨ ਜਾਨੇ॥੩॥

॥ਤਿਸ ਕਾ ਪ੍ਰਮਾਰਥ॥[6]

ਹੇ ਪੁਰਖ ਜਿਸ ਆਤਮ ਲਾਭ ਕੋ ਤਟ ਤੀਰਥ ਜਤਨ ਕਰਤੇ ਹੈ ਵਹ ਰਤਨ ਪਦਾਰਥ ਘਟ ਹੀ ਮੋ ਹੈ॥ਜੋ ਬਸਤ ਘਟ ਹੀ ਮੋ ਹੈ ਤਿਸ ਕਾ ਖੋਜਨ ਜਤਨ ਬਾਹਰਾ ਮਿਥਿਆ ਹੈ॥ਅਰੁ ਪੰਡਤ ਲੋਕ ਜਗ ਜੁਧ ਕੀ ਜੁਗਤ ਪੜਤੇ ਹੈ॥ਬਾਦ ਬਿਬਾਦ ਸੁਨਤੇ ਸੁਨਾਵਤੇ ਹੈ॥ਅਰੁ ਘਰ ਭੀਤਰ ਜੋ ਰਤਨ ਪਦਾਰਥ ਹੈ ਤਿਸ ਕੋ ਨਹੀ ਜਾਨਤੇ॥

ਏਹੁ ਬਾਦ ਬਿਬਾਦ ਪੜੇ ਆਤਮ ਲਾਭ ਨਾਹੀ ਹੋਤਾ॥

॥ਪੁਨ ਚਉਥੀ ਪਉੜੀ ਕਹੀ॥[7]

ਹਉ ਨਾ ਮੂਆ ਮੇਰੀ ਮੁਈ ਬਲਾਇ॥ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰ ਬ੍ਰਹਮ ਦਿਖਾਇਆ॥ਮਰਤਾ ਜਾਤਾ ਨਦਰ ਨ ਆਇਆ॥੪॥

॥ਤਿਸ ਕਾ ਪਰਮਾਰਥੁ॥[8]

ਹੇ ਰਿਖੀ ਜੀ ਐਸਾ ਬਿਚਾਰੀਐ ਜੋ ਕਥਤਾ ਬੋਲਤਾ ਤੋ ਮਰਤਾ ਨਾਹੀ॥ਅਰੁ ਸੂਰਤ ਰੂਪ[9] ਬਾਦ ਅਹੰਕਾਰ ਉਪਾਧ ਮਿਥਿਆ ਲਗੀ ਥੀ ਸੋ ਨਾਸ ਭਈ॥ਜਿਸ ਕੀ ਸਕਤ ਸੋ ਸੁਨਨਾ ਅਰੁ ਬੋਲਨਾ ਸੋ ਸਰਬ ਪੂਰਨ ਆਤਮਾ ਹੈ॥ਵਹ ਅਮਰ ਹੈ॥ਜਬ ਸਤਗੁਰ ਕੀ ਕਿਰਪਾ ਸੋ ਆਤਮ ਪਦ ਪਾਇਆ ਤਬ

---

[1] ਇੱਥੇ ਸਿਰਲੇਖ '॥ਪੁਨ ਉਤਰ॥' ਹੈ (ਅ), ਇੱਥੇ ਸਿਰਲੇਖ '॥ਰਹਾਉ ਕਹਾ॥' ਹੈ (ੲ)
[2] ਇੱਥੇ ਸਿਰਲੇਖ '॥ਆਬ ਦੂਜੀ ਪਉੜੀ ਕਹੀ॥' ਹੈ (ਅ), ਇੱਥੇ '॥ਤਬ ਦੂਜੀ ਪਉੜੀ ਕਹੀ॥' ਨਹੀਂ ਹੈ (ੲ)
[3] ਇੱਥੇ ਸਿਰਲੇਖ '॥ਅਰਥ॥' ਹੈ (ੲ)
[4] ਇੱਥ ਸ਼ਬਦ 'ਇਨ ਮੋ' ਨਹੀਂ ਹੈ (ਅ)
[5] ਇੱਥੇ ਸਿਰਲੇਖ '॥ਤੀਜੀ ਪਉੜੀ ਕਹੀ॥' ਨਹੀਂ ਹੈ (ੲ)
[6] ਇੱਥੇ ਸਿਰਲੇਖ '॥ਅਰਥ॥' ਹੈ (ੲ)
[7] ਇੱਥੇ ਸਿਰਲੇਖ '॥ਪੁਨ ਚਉਥੀ ਪਉੜੀ ਕਹੀ॥' ਨਹੀਂ ਹੈ (ੲ)
[8] ਇੱਥੇ ਸਿਰਲੇਖ '॥ਅਰਥ॥' ਹੈ (ੲ)
[9] ਇੱਥੇ '॥ਅਰੁ ਸੂਰਤ ਰੂਪ॥' ਦੀ ਜਗ੍ਹਾ ਤੇ '॥ਜੋ ਮੂਰਤ ਰੂਪ ਅਰੁ॥' ਹੈ (ਅ), ਇੱਥੇ ਪਾਠ '॥ਅਰੁ ਮੂਰਤ ਰੂਪ॥' (ੲ)

ਮਰਤਾ ਜਾਤਾ ਕਛੂ ਭਾਸਤਾ ਨਾਹੀ॥ਜਬ ਇਹੁ ਸਬਦ ਅਗਨਿ ਰਿਖ ਸ੍ਰਵਨ ਕੀਆ॥ਤਬ ਬਾਬਾ ਜੀ ਕੀ ਕ੍ਰਿਪਾ ਦ੍ਰਿਸਟ ਸੌ ਅੰਤਰ ਹੀ ਮਗਨ ਭਇਆ॥ਮਹਾ ਅਨੰਦ ਸਮਾਧ ਸੋ ਦ੍ਰਿੜ ਭਇਆ॥ਜੈਸੇ
114/ੳ ਪਾਰਸ ਮਿਲ ਪਾਰਸ ਹੂਆ॥/ਬਾਬਾ ਜੀ ਬਹੁਤ ਪ੍ਰਸੰਨ ਭਏ॥

॥ਮਕਰਾ ਛੰਤ॥

ਅੰਤਰ ਸਮਾਧ ਲਾਗੀ॥ਹਉਮੈ ਉਪਾਧ ਭਾਗੀ॥
ਭਈ ਸੁਰਤ ਸਬਦ[1] ਲੀਨਾ ਅਨਾਹਦ ਧੁਨੀ ਅਪਾਰਾ॥੧੨॥
ਰਿਖ ਮਹਾ ਅਨੰਦ ਪਾਗਾ॥ਅਹੰ ਨੀਦ ਸੋਇਆ ਜਾਗਾ॥
ਨਿਜ ਰੂਪ ਦੇਖ ਮਗਨਾਨਾ ਪਰਮਾਤਮਾ ਅਧਾਰਾ॥੧੩॥
ਸਤਿਗੁਰ ਭਏ ਦਿਆਲ॥ਮਿਟਾ ਜਨਮ ਮਰਨ ਕਾਲਾ॥
ਭਇਆ ਬ੍ਰਹਮ ਲੀਨਾ ਨਿਜ ਰੂਪ ਜਗ ਨਿਹਾਰ॥੧੪॥
ਪੁਨ ਨੈਨ ਖੋਲ ਦੇਖਾ॥ਸਤਗੁਰ ਅਲਖ ਅਭੇਖਾ॥
ਧਰ ਚਰਨ ਕਮਲ ਮਸਤਕ ਉਸਤਤ ਕਰੀ ਅਪਾਰਾ॥੧੫॥

॥ਦੋਹਰਾ॥

ਬਾਬਾ ਜੀ ਰਿਖ ਸੌ ਬਿਦਾ ਹੋਇ ਆਏ ਦੇਸ ਪੰਚਾਲ॥
ਰਾਜ ਕਮਾਊ ਸਿਧ ਮਤੇ ਮਰਦਾਨਾ ਲੀਏ ਨਾਲ॥੧੬॥

॥ਸਾਖੀ ਪੂਰਨ ਹੋਈ॥੪੦॥[2]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---
[1] ਸਬ (ਸ)
[2] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਬਾਬਾ ਜੀ ਦਾ ਸਿਧ ਮਤੇ ਜਾਣਾ][1]

॥ਦੋਹਰਾ॥

ਰਾਜ ਕਮਾਂਊ ਦੇਸ ਮੋ ਸਿਧ ਮਤਾ ਅਸਥਾਨ॥
ਸਿਧ ਉਹਾ ਮੇਲਾ ਕਰੈ ਤਹਾ ਆਏ ਕ੍ਰਿਪਾ ਨਿਧਾਨ॥੧॥

॥ਅੜਲ॥

ਤਹਾ ਖੈਰ ਬਿਰਛ ਕੇ ਤਲੇ ਦਿਆਲ ਆਸਨ ਕੀਆ॥
ਬਜੇ ਰਬਾਬ ਅਨਾਹਦ ਧੁਨ ਕੀਰਤਨ ਭਇਆ॥
ਸੁਣਿਆ ਨਾਥ ਦਿਆਲ ਬਾਲਾ ਜੀ ਆਇਆ॥
ਅਤ ਪ੍ਰਸੰਨ ਭਏ ਸੁਨਤ ਹੀ ਬਹੁਤ ਸੁਖ ਪਾਇਆ॥੨॥
ਪੁਨ ਸਭ ਸਿਧਨ ਕਹਾ ਨਾਥ ਬਾਲਾ ਪਹ ਜਾਈਐ॥
ਤਿਨ ਨਿਜ ਬਲ[2] ਸਿਧ[3] ਦਿਖਾਇ ਦਰਸਨ ਮੋ ਲਿਆਈਐ॥
ਇਹੁ ਬਡਾ ਭਗਤ ਕਲੂ ਮਾਹਿ ਆਇ ਪਰਗਟ ਭਇਆ॥
114/ਅ ਬਿਨ[4] ਧਾਰੇ ਬੇ/ਖ ਸਰੂਪ ਦਰਸਨ ਸਭ ਜੈ ਕੀਆ॥੩॥
ਤਬ ਭਏ ਇਕਤ੍ਰ ਸਭ ਸਿਧ ਸਤਿਗੁਰ ਪਹਿ ਆਇਕੇ॥
ਕਰ ਪ੍ਰੀਤ ਪ੍ਰਨਾਮ ਆਦੇਸ ਕਹਾ ਸਮਝਾਇਕੇ॥
ਤੁਮ ਬਡੇ ਭਗਤ ਭਏ ਜਗਤ ਭੇਖ ਗੁਰ ਧਾਰੀਐ॥
ਗੁਰ ਗੋਰਖ ਸਮ ਭੂਤ ਭਵਿਖ ਬਿਚਾਰੀਐ॥੪॥
ਕਹਾ ਉਤਰ ਸਤਗੁਰ ਦਿਆਲ ਸੁਨੋ ਸਿਧ ਨਾਥ ਜੀ॥
ਜਬ ਪੂਰਾ ਸਤਿਗੁਰ ਦੇਖ ਭੇਖ ਧਰੋ ਮਾਥ ਜੀ॥
ਇਹ ਜੰਤ੍ਰ ਮੰਤ੍ਰ ਅਰੁ ਸਿਧ ਮੋਹ ਨਹੀ ਭਾਵਈ॥
ਹੋ ਨਾਟਕ ਚੇਟਕ ਕਰਤ ਜਗਤ ਬਸ ਆਵਈ॥੫॥

॥ਦੋਹਰਾ॥

ਮਿਲ ਸਭ ਸਿਧ ਮਸਲਤ ਕਰੀ॥ ਸਿਧ ਬਲ ਦੇਹੁ ਦਿਖਾਇ॥
ਦੇਖ ਸਿਧ ਪਦੁ ਰੀਝਈ ਤੋ ਭੇਖ ਲੇਹਗੇ ਆਇ॥੬॥

॥ਛੰਤ॥[5]

ਕੋਊ ਚੜ ਅਕਾਸ ਡੋਲੇ॥ ਭਿਆਨਕ ਸਬਦ ਬੋਲੇ॥
ਕੋਊ ਤੜਤ ਹੋਇ ਤੜਕੇ[6]॥ ਭਿੰਅਕਾਰ ਸਬਦ ਬਕੇ[7]॥੭॥
ਕੋਊ ਹੋਇ ਮੇਘ ਗਰਜੇ॥[8]
ਕੋਊ ਪਾਥਰ ਬਰਖਾਵੇ॥ ਹੋਇ ਪਵਨ ਬਿਰਛ ਉਡਾਵੈ॥
ਹੋਇ ਬਾਘ ਰੂਪ ਭੁਕਾਰੇ॥ ਫੁੰਕਾਰ ਸਰਪ ਮਾਰੇ॥
ਚਲੇ ਆਂਧੀ ਅੰਧਕਾਰਾ॥ ਬਰਖੰਤ ਮੂਸਲਧਾਰਾ॥੯॥
ਜਹਾਂ ਸਤਿਗੁਰੂ ਆਸੀਨਾ॥ ਗਾਵੰਤ ਸਬਦ ਬੀਨਾ॥
ਵਹੁ ਖੈਰ ਬਿਰਖ ਡੋਲੇ॥ ਰਹੋ ਬਚਨ ਦਿਆਲ ਬੋਲੇ॥੧੦॥

॥ਦੋਹਰਾ॥

ਵੈ ਖੈਰ ਬਿਰਖ ਉਡਨੇ ਲਗਾ ਰਾਖਿਓ ਦਿਆਲ ਧਰ ਹਾਥ॥
ਭਇਆ ਅਸਥਿਤ ਮਨ ਸਿਖ ਜਿਮ[9] ਜਿਸ ਗੁਰ ਕਰ ਧਾਰਤ ਮਾਥ[10]॥੧੧॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ ਸ਼ਬਦ 'ਬਲ' ਨਹੀਂ ਹੈ (ਸ)
[3] ਇੱਥੇ ਸ਼ਬਦ 'ਸਿਧ' ਨਹੀਂ ਹੈ (ੲ)
[4] ਹੋ ਬਿਨ (ਅ)
[5] ਇੱਥੇ ਸਿਰਲੇਖ '॥ਛੰਦ॥' ਹੈ (ਅ,ੲ)
[6] ਕੋਊ ਤੜ ਹੋਇ ਤਲਕੋ (ਅ)
[7] ਸਬਲਕੋ (ਅ)
[8] ਕੋਊ ਹੋਇ ਮੇਘ ਗਰਜੇ॥ ਹਸਇ ਅਗਨ ਪੁਜ ਲਰਜੇ॥ (ਅ,ੲ)
[9] ਜਿਸ (ਸ)
[10] ਇੱਥੇ 'ਕਰ ਧਾਰਤ ਮਾਥ॥' ਦੀ ਜਗ੍ਹਾ ਤੇ 'ਕਰ ਧਾਰਯੋ ਭਾਲ॥' ਪਾਠ ਹੈ (ੲ)

॥ ਸੋਰਠਾ ॥
ਜਾ ਕੀ ਸਿਧ ਸਭ ਦਾਸ ਤਾ ਕੋ ਸਿਧ ਬਲੁ ਕਿਆ ਕਰੇ ॥
ਕਲਾ ਭਈ ਸਭ ਨਾਸ ਖੈਂਚ ਸਿਧ ਸਤਗੁਰ ਲਈ ॥੧੨॥
ਭਇਆ ਸਿਧ ਬਲ ਛੂਛ ਜਾਇ ਨਾਥ ਜੀ ਸੋ ਕਹਿਓ ॥
115/ੳ ਕਥਾ ਲਈ ਸਭ ਪੂਛ ਚਲ ਆਇ ਸਤਗੁਰ ਪਾਸ[1] ॥/੧੩॥
॥ ਰਸਾਵਲ ਛੰਤ ॥[2]
ਦਿਖੰਤ ਨਾਥ ਦਿਆਲ ਕੋ ਹਸੇ ਅਨੰਦ ਸੋ ਭਰੇ ॥
ਪਿਖੰਤ ਨਾਥ ਕਿਆ ਦੋਸ[3] ਪ੍ਰੀਤ ਸੋ ਕਰੇ ॥
ਪ੍ਰਸੰਸ[4] ਨਾਥ ਦਿਆਲ ਬਾਲ ਰੂਪ ਸੋ ਬਚਨ ਕਹਾ ॥
ਨਾਨਕ ਮਤਾ ਭਇਆ ॥ ਅਬੀ ਜੋ ਜੀਤ ਸਰਬ ਸੋ ਲਇਆ ॥੧੪॥
॥ ਸੋਰਠਾ ॥
ਸਿਧ ਮਤਾ ਅਸਥਾਨ ਜਾਨਤ ਹੈ ਸਭ ਲੋਗ ਜਗ ॥
ਕਰ ਜੀਤਾ ਸਭ ਕੋ ਗਿਆਨ ਨਾਨਕ ਮਤਾ ਅਬ ਕਹਤ ਹੈ ॥
॥ ਸਰਬ ਸਿਧ ਬਾਚ ॥
॥ ਚੌਪਈ ॥
ਹੇ ਬਾਲਾ ਜੀ ਤੁਮ ਧਨ ਜਗ ਭਗਤ ॥ ਕਲੁਜੁਗੁ ਮੋ ਤੁਮਰੀ ਸਭ ਸਕਤ ॥
ਨਾਨਕ ਮਤੇ ਤੁਮਰਾ ਅਧਕਾਰ ॥ ਸਭ ਸਿਧਾ ਕੋ ਦੇਹੁ ਭੰਡਾਰ ॥੧੬॥
ਸੁਨੇ ਹਸੇ ਨਾਥ ਜੀ ਬਚਨ ਬਖਾਨਾ ॥ ਹੇ ਬਾਲਾ ਜੀ ਏਹੁ ਮਤਾ ਪੁਰਾਨਾ ॥
ਇਛਆ ਭੋਜਨ ਸਭ ਕੋ ਦੀਜੈ ॥ ਖਾਇ ਤ੍ਰਿਪਤਾਇ ਆਨੰਦ ਸੁਖ ਲੀਜੈ ॥੧੭॥
ਤਬ ਸਭ ਸਿਧਨ ਕੋ ਕਹੈ ਗੁਰ ਬਾਲ[5] ॥ ਇਛਆ ਭੋਜਨ ਲੇਹੁ ਦਿਆਲ[6] ॥
ਤਸਮਈ ਭੋਜਨ ਕਾ ਬਚਨ ਬਖਾਨਾ ॥ ਆਏ ਕੂਪ ਪਰ ਸਤਿਗੁਰ ਗਿਆਨਾ ॥੧੮॥
ਚਾਦਰ ਡਾਰ ਕੂਪ ਢਪ ਲੀਨਾ ॥ ਅਮੀ ਦ੍ਰਿਸਟ ਤਾਹਿ ਪਰ ਕੀਨਾ ॥
ਭਰ ਗਇਓ ਕੂਪ ਤਸਮਈ ਸੁੰਦਰ ॥ ਸਰਬ ਸੁਆਦ ਰਸ ਤਾ ਕੇ ਅੰਦਰ ॥੧੯॥
ਕਰ ਪ੍ਰੇਮ ਬਚਨ ਸਭ ਲੀਏ ਬੁਲਾਇ ॥ ਆਏ ਸਭ ਪੰਗਤ ਬੈਠਾਇ ॥
॥ ਦੋਹਰਾ ॥
ਜਬ ਇਛਆ ਭੋਜਨ ਕੀ ਕਹੀ ਲਈ ਪ੍ਰੀਤ ਦਿਆਲ ਮਨ ਧਾਰ ॥
ਅੰਮ੍ਰਿਤ ਪ੍ਰਸਾਦਿ ਤਸਮਈ ਪਾਕ ਭਰ ਲੀਨ ਕੂਪ ਭੰਡਾਰ ॥੨੦॥
॥ ਚੌਪਈ ॥
ਚਿਪੀ ਸਕਤ ਕੀ ਆਗੈ ਧਰੇ ॥ ਖਪੇ ਸਭ ਨਦੀ ਏਕ ਨਹੀ ਭਰੇ ॥
ਬੂਝੀ ਪ੍ਰਭ ਇਨ ਕੀ ਚਤੁਰਾਈ ॥ ਚਿਪੀ ਮਾਹਿ ਸਿਧ ਠਹਰਾਈ ॥੨੨॥
115/ਅ ਤਬ ਨਿਜ ਚਿਪੀ ਸਤਗੁਰ ਕਰ ਲੀ/ਨੀ ॥ ਚਿਪੀ ਸੌ ਚਿਪੀ ਭਰ ਦੀਨੀ ॥
ਖਾਇ ਅਘਾਇ ਸਭ ਸਿਧ ਬਿਗਸਾਨੇ ॥ ਭਰੀ ਚਿਪੀ ਰਹੀ ਨਹੀ ਘਟੀ ਸਮਾਨੇ ॥੨੩॥
ਪੁਨ ਕਹਾ ਗੰਗਾ ਆਵੈ ਪਰਬਾਹ ॥ ਚੁਲੀ ਕਰੈ ਕੰਠੇ ਪਰ ਤਾਹ ॥
ਫਾਹੋੜੀ ਕੋ ਆਗਿਆ ਗੁਰ ਕਰੀ ॥ ਲੇ ਆਈ ਪਰਵਾਹੁ ਤਿਹ ਘਰੀ ॥੨੪॥
ਤਬ ਸਭ ਸਿਧਨ ਆਚ ਮਾਨ ਲੀਨੇ ॥ ਬਜਾਇ ਨਾਦ ਮਹਾ ਸੁਖ ਭੀਨੇ ॥
ਪੁਨ ਗੁਰ ਗੋਰਖ ਬਚਨ ਬਖਾਨਾ ॥ ਸੁਨੋ ਬਾਲਾ ਜੀ ਪਰਮ ਗਿਆਨਾ ॥੨੫॥
ਤੁਮਰਾ ਗੁਰੂ ਜਗ ਮੋ ਨਹੀ ਕੋਈ ॥ ਤੁਮਰਾ ਗੁਰੂ ਤੁਮ ਹੀ ਤੇ ਹੋਈ ॥
ਪ੍ਰਗਟੇ ਤੁਮਰੇ ਅੰਗ ਤੇ ਜੋਈ ॥ ਧਾਰੋਗੇ ਤਾ ਕੋ ਗੁਰ ਸੋਈ ॥੨੬॥

---

[1] ਪਾਸ ਸਭ (ਅ,ੲ)
[2] ਇੱਥੇ ਸਿਰਲੇਖ '॥ ਨਰਾਜ ਛੰਦ ॥' ਹੈ (ਅ,ੲ)
[3] ਪੇਖਤ ਦਿਆਲ ਨਾਥ ਕੋ ਅਦੇਸ (ਅ)
[4] ਪ੍ਰਸੰਨ (ਅ)
[5] ਬਾਲਾ (ੲ,ਸ)
[6] ਦਿਆਲਾ (ੲ,ਸ)

॥ **ਦੋਹਰਾ** ॥

ਆਦੇਸ ਸਬਦ ਕਰ ਸਭ ਚਲੇ ਆਲੋਪ ਭਏ ਨ ਦਿਖਾਇ॥
ਪਵਨ ਮੋ ਪਵਨ ਸੁੰਨ ਮੋ ਸੁੰਨੰ ਐਸੋ ਕੌਤਕ ਲਖਿਓ ਨ ਜਾਇ॥੨੭॥

॥ **ਦੋਹਰਾ** ॥

ਰਾਜਾ ਆਏ ਚਰਨਨ ਲਗੇ ਮਨ ਮੋ ਪ੍ਰੇਮ ਬਢਾਇ॥
ਲੇ ਆਗਿਆ ਸਤਿਗੁਰ ਦਿਆਲ ਕੀ ਐਸੀ ਜੁਗਤ ਬਨਾਇ॥੨੮॥

॥ **ਸੋਰਠਾ** ॥

ਰਖੇ ਟਹਿਲੀਏ ਰਾਇ ਸਤਗੁਰ ਨਾਮ ਲੰਗਰ ਕਰਾ॥
ਦੀਨੇ ਚਉਦਹ ਗਾਉ ਸਤਿਗੁਰ ਕੀ ਭੇਟਾ ਕਰੀ॥੨੯॥

॥ **ਸਾਖੀ ਪੂਰਨ ਹੋਈ** ॥[1]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[1] ਇੱਥੇ ‘ ॥ਸਾਖੀ ਪੂਰਨ ਹੋਈ॥ ’ ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਸਤਿਗੁਰ ਜੀ ਦਾ ਪੰਜਾਬ ਦੇਸ ਜਾਣਾ][1]

॥ਸੋਰਠਾ॥

ਸਤਗੁਰ ਪ੍ਰਮਾਨੰਦ ਚਲੇ ਦੇਸ ਪੰਜਾਬ ਕੋ॥[2]

॥ਮਰਦਾਨਾ ਬਾਚ॥[3]

ਹੇ ਦਿਆਲ ਪੂਰਨ ਸਕਤ॥ਸੁਬਹਾਨ ਤੇਰੀ ਭਗਤ॥
ਮੈ ਸੁਰਤ ਘਰ ਕੀ ਧਰੋ॥ਜੋ ਬਚਨ ਹੋਇ ਸੁ ਕਰੌ॥੨॥
ਸੁਨਹੋ ਮਰਦਾਨਾ ਮੀਤ॥ਦ੍ਰਿੜ ਰਾਖੀਏ ਮਨ ਚੀਤ॥
ਤ੍ਰੈ ਦਿਸ ਕੀਨਾ ਗਵਨ॥ਪਸਚਮ ਦਿਸਾ ਕੋ ਗਵਨ॥੩॥
116/ੳ ਸੁਧ ਲੇਹੁ ਘਰ ਕੀ ਆਇ॥/ਚਲੋ ਚੀਤ ਰਾਖੋ ਥਾਇ॥
ਤਬ ਕੀਆ ਦਿਆਲ ਪਿਆਨ॥ਟਿਲੇ ਪਹੂਚੇ ਆਨ॥
ਟਿਲੇ ਗਏ ਗੁਰ ਧੀਰ॥ਤਹਾ ਬਾਲ ਨਾਥ ਹੈ ਪੀਰ॥
ਤਿਸ ਮਿਲੇ ਸਤਿਗੁਰ ਜਾਇ॥ਕਿਆ[4] ਪ੍ਰੀਤ ਲੀਏ ਬੈਠਾਇ॥੫॥

॥ਦੋਹਰਾ॥

ਬਾਲ ਨਾਥ ਪੂਛਾ ਪ੍ਰਭੂ ਤੁਮ ਕਵਨ ਨਾਮ ਕਿਆ ਭੇਖ॥
ਦੀਸੋ ਬਾਲਕ ਗ੍ਰਿਸਤ ਰੂਪ ਮਾਥੇ ਭਗਤ ਬਿਸੇਖ॥੬॥

॥ਚੌਪਈ॥

ਨਾਨਕ ਨਾਮ ਹਮਾਰਾ ਕਹੀਏ॥ਸੰਤ ਸਮਾਗਮ ਮਿਲ ਸੁਖ ਲਹੀਏ॥
ਸੁਨ ਪੀਰ ਪੁਰਾਤਨ ਦੇਖਨ ਆਏ॥ਦੇਖਾ ਦਰਸਨ ਅਤਿ ਸੁਖ ਪਾਏ॥੭॥

॥ਨਾਥ ਬਾਚ॥

ਸੁਨੋ ਨਾਨਕ ਜੀ ਤੁਮ ਬਡੇ ਭਗਤ ਹੋ॥ਸੁਨਾ[5] ਆਗੇ ਤੁਮ ਬਡੀ ਸਕਤ ਹੋ॥
ਭੇਖ ਜੋਗ ਕੋ ਲੀਜੇ ਧਾਰ॥ਪਾਵੋ ਸੁਖ ਸਿਧ ਭਰੇ ਭੰਡਾਰ॥੮॥

॥ਗੁਰ ਨਾਨਕ ਬਾਚ॥

ਭੇਖ ਜੋਗ ਕਾ ਮੋਹਿ ਸੁਨਾਵੋ॥ਮਾਤਾ[6] ਕਵਨ ਸੁਨ ਮਨ ਸੁਖ ਪਾਵੋ॥
ਬੂਝੇ ਸਮਝੇ ਬਿਨ ਗੁਰ ਕਰੇ॥ਧਰੇ ਭੇਖ ਕੋਊ ਕਾਜ ਨ ਸਰੇ॥੯॥

॥ਨਾਥ ਬਾਚ॥

ਮੁਦ੍ਰਾ ਨਾਥ ਕੀ ਕਾਨ ਸੁਹਾਇ॥ਸੇਲੀ ਸਿੰਙੀ ਨਾਦ ਬਜਾਇ॥
ਡੰਡਕ ਕਮੰਡਲ ਗੇਰੂ ਬਸਤ੍ਰ॥ਸਾਧੇ ਪਵਨ ਪਿੰਡ ਹੋਇ ਅਸਥਿਰ॥੧੦॥

॥ਦੋਹਰਾ॥

ਪਰਵਿਰਤ ਭੇਖ ਏਹੁ ਬਾਲ ਨਾਥ॥ਬਿਨਾ ਭਗਤ ਨ ਪਾਯਤ ਗਿਆਨ॥
ਝੂਛ ਭੇਖ ਧਾਰੌ ਨਹੀ ਮਿਟੇ ਨ ਮਨ ਅਭਿਮਾਨ॥੧੧॥

॥ਬਾਲ ਨਾਥ ਬਾਚ॥

॥ਚੌਪਈ॥

ਕਵਨ ਭੇਖ ਜੋ ਤੁਮ ਕੋ ਭਾਵੈ॥ਗੁਰ ਗੋਰਖ ਸਮ ਕੋਊ ਨਜਰ ਨ ਆਵੈ॥
ਹਮ ਕੋ ਨਿਜ ਮਤ ਦੇਹੁ ਸੁਨਾਇ॥ਕਵਨ ਸਰੂਪ ਤੁਮ ਧਾਰੋ ਤਾਹਿ॥੧੨॥

॥ਦੋਹਰਾ॥

ਪ੍ਰਭ ਮਰਦਾਨੇ ਕੋ ਕਹਾ ਲੇਹੁ ਰਬਾਬ ਬਜਾਇ॥
ਮੈ ਜੋ ਕਹਤ ਹੌ ਸਬਦ ਤੁਹਿ ਗਾਵੋ ਨਾਥ ਸੁਨਾਇ॥੧੩॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਸਤਗੁਰ ਪ੍ਰਮਾਨੰਦ ਚਲੇ ਦੇਸ ਪੰਜਾਬ ਕੋ॥ਮਰਦਾਨਾ ਲੀਏ ਸੰਗ ਪ੍ਰਗਟੇ ਭੇ ਨਿਕਟਿ ਪ੍ਰਭ॥ (ਅ,ੲ,ਸ)
[3] ਇੱਥੇ ਸਿਰਲੇਖ '॥ਤੋਮਰ ਛੰਦ॥ਮਰਦਾਨਾ ਬਾਚ॥' ਹੈ (ਅ)
[4] ਕੀਆ (ਸ)
[5] ਪੁਨ (ਅ)
[6] ਮਾਤ੍ਰਾ (ਅ)

116/ਅ **॥ਬਾਬੇ ਜੀ ਸਬਦ ਕਹਾ ਮਰਦਾ/ਨੇ ਬਾਲ ਨਾਥ ਕੋ ਸੁਨਾਇਆ॥**[1]

ਮੁੰਦ੍ਰਾ ਤੇ ਘਟ ਭੀਤਰ ਮੁੰਦ੍ਰਾ ਕਾਇਆ ਕੀਜੈ ਖਿੰਥਾਤਾ॥
ਪੰਚ ਚੇਲੇ ਵਸ ਕੀਜੇ ਰਾਵਲ ਏਹੁ ਮਨੁ ਕੀਜੈ ਡੰਡਾਤਾ॥
ਜੋਗ ਜੁਗਤ ਇਵੁ ਪਾਵਸਤਾ॥
ਏਕ ਸਬਦ ਬਿਨ ਹੋਰ ਨ ਜਾਪਸ[2] ਕੰਦ ਮੂਲ ਨ ਲਿਆਵਸਤਾ[3]॥੧॥

॥ਤਿਸ ਕਾ ਅਰਥ॥[4]

ਹੇ ਬਾਲ ਨਾਥ ਜੀ ਗੁਰ ਕਾ ਸਬਦ ਮੇਰੇ ਘਟ ਮੁੰਦ੍ਰਾ ਹੈ॥ਅਰੁ ਕਾਇਆ ਰੂਪੀ ਖਿੰਥਾ ਹੈ॥ਅਰੁ ਪੰਚ ਦੋਖ ਵਸ ਕਰਨਾ ਏਹੁ ਚੇਲੇ ਭਏ॥ਇਸ ਮਨ ਕੋ ਡੰਡਾ ਕਰਨਾ ਅਰਥ ਏਹ ਜੋ ਮਨ ਬਸ ਭਇਆ॥ਜੋਗ ਕੀ ਜੁਗਤ ਪ੍ਰਾਪਤ ਭਈ॥ਅਰੁ ਏਕ ਸਬਦ ਬ੍ਰਹਮ ਮੋ ਲੀਨ ਹੋਤਾ[5] ਹੈ॥ਅਰੁ ਜਬ ਸਰਬ ਪਦਾਰਥ ਭੋਗੋ ਸੋ ਉਦਾਸ ਭਇਆ॥ਤਬ ਕੰਦ ਮੂਲ ਏਹੀ ਹੈ॥੧॥

॥ਪਉੜੀ ਦੂਜੀ ਕਹੀ॥[6]

ਮੂੰਡ ਮੂੰਡਾਏ[7] ਜੇ ਗੁਰ ਪਾਈਐ ਹਮ ਗੁਰ ਕੀਨੀ ਗੰਗਾਤਾ॥
ਤ੍ਰਿਭਵਨ ਤਾਰਨਹਾਰ ਸੁਆਮੀ ਏਕ ਨ ਚੇਤਸ ਅੰਧਾਤਾ॥੨॥

॥ਅਰਥ॥

ਹੇ ਨਾਥ ਮੂੰਡ ਮੰਡਾਏ ਜੋ ਮੂੰਡਨਹਾਰ ਗੁਰ ਭਇਆ ਤੋ ਗੰਗਾ ਹੀ ਗੁਰ[8] ਬਡਾ ਹੈ॥ਜਹਾਂ ਸਭ ਮੂੰਡ ਮੁਡਾਇ ਜਾਤੇ॥ਤ੍ਰਿਭਵਨ ਤਾਰਨਹਾਰ ਸੁਆਮੀ ਹੈ ਤਿਸ ਕੌ ਅੰਧ ਚੇਤ ਤੇ ਨਾਹੀ॥ਇਹੁ ਅਸਚਰਜ ਦੇਖੀਐ॥

॥ਪਉੜੀ ਤੀਜੀ ਕਹੀ॥[9]

ਕਰ ਪਿਟੰਬਰ ਗਲੀ ਮਨ ਲਾਵਸ ਸੰਸਾ ਮੂਲ ਨ ਜਾਵਸਤਾ॥
ਏਕਸ ਚਰਣੀ ਜੇ ਚਿਤ ਲਾਵਹਿ ਲਬ ਲੋਭ ਕੀ ਧਾਵਸਤਾ॥

॥ਤਿਸ ਕਾ ਅਰਥ॥

ਹੇ ਜੋਗੀ ਹਛੇ ਸੁੰਦਰ ਬਸਤ੍ਰ ਸਰੂਪ ਬਨਾਇ ਮੀਠੀ ਮੀਠੀ ਬਾਤਾ ਸੁਨਾਵਨੀ॥ਅਰੁ ਲੋਕੋ ਕਾ ਮਨ ਮੋਹਨਾ॥ਇਸ ਕਿਰਿਆ ਕਰ ਮਨ ਕਾ ਸੰਸਾ ਤੋ ਦੂਰ ਨਹੀ ਹੋਤਾ॥
117/ੳ ਤਾ ਤੇ ਹਰਿ ਚਰਨਨ ਕੋ ਮਨ ਕੋ ਲਗਾਵੈ॥ਤਬ ਲਭ ਲੋਭ/ਕੀ ਧਾਵਨਾ ਮਿਟ ਜਾਵੈ॥
ਕਾਹੇ ਕੋ ਉਪਜੈ॥੧॥ਰਹਾਉ॥[10]
ਜਪਸ ਨਿਰੰਜਨ ਰਚਸ[11] ਮਨਾ॥ਕਾਹੇ ਬੋਲੇ ਜੋਗੀ ਕਪਟ ਘਨਾ॥

॥ਰਹਾਉ ਕਾ ਅਰਥ॥[12]

ਹੇ ਜੋਗੀ ਮਨ ਕੋ ਨਿਹਚਲ ਕਰਕੇ ਧਿਆਨ ਮੋ ਲਗਾਵਨਾ॥ਬਿਨਾ ਇਸ ਤੇ ਹੋਰ ਬੋਲਨਾ ਕਪਟ ਹੈ॥

॥ਪਉੜੀ ਚਉਥੀ ਕਹੀ॥[13]

ਕਾਇਆ ਕਮਲੀ ਹੰਸ ਇਆਣਾ ਮੇਰੀ ਮੇਰੀ ਕਰਤ ਵਿਹਾਣੀਤਾ॥
ਪ੍ਰਣਵਤ ਨਾਨਕ ਨਾਗੀ ਦਾਝੇ ਫਿਰ ਪਾਛੇ ਪਛੁਤਾਣੀਤਾ॥੪॥

---

[1] ਇੱਥੇ ਸਿਰਲੇਖ '॥ਸਬਦ॥' ਹੈ (ੲ)
[2] ਇੱਥੇ 'ਬਿਨ ਹੋਰ ਨ ਜਾਪਸ' ਦਾ ਜਗ੍ਹਾ ਤੇ 'ਦੂਜਾ ਹੋਰ ਨਾਸਤਿ' ਪਾਠ ਹੈ (ੲ)
[3] ਇੱਥੇ 'ਕੰਦ ਮੂਲ ਨ ਲਿਆਵਸਤਾ' ਦੀ ਜਗ੍ਹਾ ਤੇ 'ਕੰਦ ਮੂਲ ਚੁਨ ਖਾਵਸਤਾ' (ਅ), 'ਕੰਦ ਮੂਲ ਚੁਨ ਲਿਆਵਸਤਾ' (ੲ), 'ਕੰਦ ਮੂਲ ਨ ਲਿਆਵਸਤਾ॥ਰਹਾਉ॥' ਪਾਠ ਹੈ (ਸ)
[4] ਇੱਥੇ ਸਿਰਲੇਖ '॥ਅਰਥ॥' ਹੈ (ੲ)
[5] ਹੋਨਾ (ਅ)
[6] ਇੱਥੇ ਸਿਰਲੇਖ '॥ਦੂਜੀ ਪਉੜੀ ਕਹੀ॥' ਨਹੀਂ ਹੈ (ੲ)
[7] ਮੁੰਡਾਈ (ਅ), ਮੁੰਡਾਇਐ (ਸ)
[8] 'ਗੁਰ' ਸ਼ਬਦ ਨਹੀਂ ਹੈ (ਸ)
[9] ਇੱਥੇ ਸਿਰਲੇਖ '॥ਤੀਜੀ ਪਉੜੀ ਕਹੀ॥' ਨਹੀਂ ਹੈ (ੲ)
[10] ਇੱਥੇ '॥ਰਹਾਉ॥ ਸ਼ਬਦ 'ਕਪਟ ਘਨਾ' ਦੇ ਅੰਤ ਤੇ ਹੈ (ਅ,ੲ,ਸ)
[11] ਸਾਚ (ਅ)
[12] ਇੱਥੇ ਸਿਰਲੇਖ '॥ਅਰਥ॥' ਹੈ (ਅ), ਇੱਥੇ ਸਿਰਲੇਖ '॥ਰਹਾਉ ਕਾ ਅਰਥ॥' ਨਹੀਂ ਹੈ (ੲ)
[13] ਇੱਥੇ ਸਿਰਲੇਖ '॥ਪਉੜੀ ਚਉਥੀ ਕਹੀ॥' ਨਹੀਂ ਹੈ (ੲ)

॥ਅਰਥ॥

ਹੇ ਨਾਥ ਜੀ ਕਾਂਇਆ ਜੀਵ ਕਾ ਤੋ ਇਹ ਸੁਭਾਇ ਹੈ॥ਕਾਂਇਆ ਜੜ ਜਿਉ ਅਗਿਆਨੀ॥ਮੇਰੀ ਮੇਰੀ ਕਰਤੇ ਬਿਤੀਤ ਹੂਆ॥ਜਬ ਮੂਆ ਕਾਇਆ ਕੋ ਜਲਾਇਆ॥ਅਰੁ ਜੀਵ ਕੋ ਜਨਮ ਮਰਨ ਕਾ ਪਛਤਾਵਾ ਰਹਾ॥ਤਬ ਕਿਆ ਹੋਇ ਸਕੇ॥

॥ਦੋਹਰਾ॥

ਤੁਮ ਜੋ ਕਹਤੇ ਹੋ ਭੇਖ ਲੇਹੁ ਏਹੁ ਮੇਰੇ ਮਤ ਕਾ ਜੋਗ॥
ਅਵਰੁ ਜੋਗ ਨਹੀ ਕਾਂਮ ਮਮ ਦੀਸਤ ਮਾਇਆ ਰੋਗ॥੧੪॥

॥ਚੌਪਈ॥

ਸਤਗੁਰ ਬਚਨ ਨਾਥ ਜਬ ਸੁਨੇ॥ਬੂਡੇ ਬਿਚਾਰ ਸੀਸ ਤਬ ਧੁਨੇ॥
ਬਿਚਾਰਤ ਬਚਨ ਮਗਨ ਭਏ ਬਾਲ॥ਇਹ ਬਡਾ ਭਗਤ ਹੈ ਗਿਆਨ ਗੁਲਾਲ॥੧੫॥
ਬਾਬੇ ਕੋ ਪ੍ਰਸੰਸਤ ਭਇਆ॥ਆਦੇਸ ਆਦੇਸ ਬਚਨ ਮੁਖ ਕਹਿਆ॥
ਕਲ ਮੋ ਭਗਤ ਤੁਮਾਰੀ ਗਨੀ॥ਦੇਖੋ ਬਾਲਕ ਨਾਮ ਕੇ ਧਨੀ॥੧੬॥
ਬਡੇ ਭਾਗ ਤੁਮ ਦਰਸਨ ਭਇਆ॥ਅਬਗਤ ਭਗਤ ਅਬਗਤ ਕੀ ਦਇਆ॥
ਕਲਜੁਗ ਮੋ ਤੁਮ ਤਾਰਨਹਾਰੇ॥ਜਿਸ ਚਾਹੋ ਤੁਮ ਕਰੋ ਉਧਾਰੇ॥੧੭॥
ਬਾਲ ਨਾਥ ਸੌ ਬਿਦਿਆ ਭਏ॥ਅਤ ਮਨ ਮਗਨ ਬਾਲ ਜੀ ਭਏ॥
117/ਅ ਚਲੇ ਚਲੇ ਕਿਰਾਣੇ ਆਏ॥ਭਰਥਰੀ ਆਸਨ[1]/ਤਹਾ ਸੁਹਾਏ॥੧੮॥

॥ਸਾਖੀ ਪੂਰਨ ਹੋਈ॥[2]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਅਸਲ (ਸ)
[2] ਇੱਥੇ ' ॥ਸਾਖੀ ਪੂਰਨ ਹੋਈ॥ ' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਕਿਰਾਣੇ ਅਸਥਾਨ ਜਾਣਾ][1]

॥ਦੋਹਰਾ॥

ਕਿਰਾਣੇ ਕੋ ਸਤਗੁਰ ਗਏ ਮਰਦਾਨਾ ਲੀਏ ਨਾਲ॥
ਜਹਾ ਜੋਗੀ ਬੈਠੇ ਹੁਤੇ ਤਹਾ ਆਸਨ ਕੀਆ ਦਿਆਲ॥੧॥

॥ਚੌਪਈ॥

ਤਹਾਂ ਮੇਲਾ ਜੋਗੀ ਬਹੁ ਆਏ॥ਸਭ ਜਾਤ੍ਰੀ ਆਏ ਅਸਥਾਨ ਪੁਜਾਏ॥
ਅਸਥਾਨ ਮਹੰਤ ਭੰਡਾਰਾ ਕਰਾ॥ਮਾਸ ਮਦਰਾ ਅਉਰ ਪਾਕ ਸਭ ਧਰਾ॥੨॥
ਪਤ੍ਰ ਧਿਆਨ ਕਾ ਸਮਾ ਜਬ ਆਇਆ॥ਪੰਕਤ ਬੈਠੀ ਪਤ੍ਰ ਧਰਾਇਆ॥
ਪ੍ਰਥਮ ਮਦਰਾ ਵਰਤਾਰਾ ਕੀਨਾ॥ਸਰਬ ਭੇਖ ਕੋ ਮਦਰਾ ਦੀਨਾ॥੩॥
ਲੇ ਮਦਰਾ ਸਤਗੁਰ ਪਹਿ ਆਏ॥ਭਰ ਪਿਆਲਾ ਆਗੇ ਰਖਵਾਏ॥
ਕਹਾ ਦਿਆਲ ਜੋਗੀ ਅਭਰਾਮ॥ਹੋਛਾ ਮਦ ਹਮਰੇ ਨਹੀ ਕਾਮ॥੪॥
ਏਤੇ ਮੋ ਭਰਥਰੀ ਜੀ ਆਏ॥ਸਤਗੁਰ ਦੇਖ ਮਨ ਤਨ ਸੁਖ ਪਾਏ॥
ਆਇ ਬਾਬਾ ਕੋ ਕੀਆ ਆਦੇਸ॥ਨਿਰਮਲ ਚਿਤ ਮਨ ਭਗਤ ਪ੍ਰਵੇਸ॥੫॥

॥ਦੋਹਰਾ॥

ਭਰਥਰੀ ਮਨ ਬਿਚਾਰਿਆ ਆਏ ਬਾਲਾ ਦਿਆਲ॥
ਕਛੁ ਚਰਚਾ ਕਰੇ ਅੰਮ੍ਰਿਤ ਝਰੇ ਸੁਫਲ ਦਰਸਨ ਇਹ ਕਾਲ॥੬॥

॥ਭਰਥਰੀ ਬਾਚ॥

॥ਚੌਪਈ॥

ਹੇ ਸੰਤ ਕੀਜੇ ਮਦਰਾ ਯਹ ਪਾਨ॥ਜੋਗੀ ਕੇ ਮਤ ਮੋ ਪਰਵਾਨ॥
ਕਹਾ ਦਿਆਲ ਇਹ ਹੋਛਾ ਅਮਲ॥ਉਤਰ ਜਾਇ ਮਨ ਹੋਇ ਨ ਬਿਮਲ॥੭॥
ਅੰਮ੍ਰਿਤ ਮਦਰਾ ਪੀਵੈ ਸੰਤ॥ਅਸਥਿਰ ਹੋਇ ਉਤਰੇ ਨਹੀ ਤੰਤ॥
118/ੳ ਜਨਮ ਮਰਨ ਦੁ/ਖ ਸਭ ਜਾਇ॥ਮਗਨ ਹੋਇ ਰਹੇ ਤ੍ਰਿਪਤ ਅਘਾਇ॥੮॥
ਕਰ ਜੋਰ ਭਰਥਰੀ ਬਿਨੇ ਬਖਾਨਾ॥ਕਹੋ ਬਿਧ ਮਦਰੇ ਕੀ ਸੰਤ ਪ੍ਰਧਾਨਾ॥
ਵਹ ਅੰਮ੍ਰਿਤ ਪੀ ਤੁਮ ਰਹੇ ਅਘਾਇ॥ਕਹੋ ਜੁਗਤ ਸਭ ਮੋਹਿ ਸਮਝਾਇ॥੯॥
ਮਰਦਾਨੇ ਕੋ ਗੁਰ ਆਗਿਆ ਕਰੀ॥ਰਬਾਬ ਸੁਧਾਰੋ ਸਬਦ ਉਚਰੀ॥੧੦॥ [2]

॥ਭਰਥਰੀ ਨਾਥ ਕੋ ਸਬਦ ਸੁਨਾਇਆ॥ [3]

ਗੁੜ ਕਰ ਗਿਆਨ ਧਿਆਨ ਕਰ ਧਾਵੇ ਕਰ ਕਰਨੀ ਕਸੁ ਪਾਈਐ॥
ਭਾਠੀ ਭਾਉ ਪ੍ਰੇਮ ਕਾ ਪੋਚਾ ਇਹ ਬਿਧ ਅਮੀ[4] ਚੁਆਈਐ॥

॥ਤਿਸ ਕਾ ਅਰਥ॥ [5]

ਹੇ ਭਰਥਰੀ ਨਾਥ ਜੀ॥ਗਿਆਨ ਰੂਪੀ ਧਾਵੇ ਕੇ ਫੂਲ ਕਰੀਏ॥ਜੋ ਸੰਤ ਜੁਗਤ ਹੈ ਏਹੀ ਮਸਾਲੇ ਕਰਣੀ ਰੂਪੀ ਪਾਇਆ ਚਾਹੀਐ॥ਭਾਠੀ ਜੋ ਕਾਇਆ ਹੈ ਪ੍ਰੇਮ ਰੂਪੀ ਪੋਚਾ ਕਰਕੇ ਮਹਾ ਅੰਮ੍ਰਿਤ ਰੂਪੀ ਮਦਰਾ[6] ਚੁਆਈਏ॥੧॥

ਬਾਬਾ ਮਨ ਮਤਵਾਰੋ ਪ੍ਰੇਮ[7] ਰਸ ਪੀਵੈ ਸਹਜ ਰੰਗ ਰਚ ਰਹਿਆ॥
ਅਹਿਨਿਸ ਬਨੀ ਪ੍ਰੇਮ ਲਿਵ ਲਾਗੀ ਸਬਦ ਅਨਾਹਦ ਗਹਿਆ॥੧॥ਰਹਾਉ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ '॥ਸਬਦ ਉਚਰੀ॥੧੦॥ਮਰਦਾਨੇ ਆਗਿਆ ਲਈ ਮਾਨ॥ਸ੍ਰੀ ਗੁਰਮੁਖ ਤੇ ਬਚਨ ਬਖਾਨ॥' ਪਾਠ ਹੈ (ਅ, ੲ)
[3] ਇੱਥੇ ਸਿਰਲੇਖ '॥ਸਬਦ॥' ਹੈ (ਅ), ਇੱਥੇ ਸਿਰਲੇਖ '॥ਆਸਾ ਮਹਲਾ ੧॥' ਹੈ (ੲ)
[4] ਅਮੀਉ (ਸ)
[5] ਇੱਥੇ ਸਿਰਲੇਖ '॥ਅਰਥ॥' (ੲ), '॥ਪਰਮਾਰਥ॥' (ਅ) ਹਨ
[6] ਇੱਥੇ ਸ਼ਬਦ 'ਰੂਪੀ ਮਦਰਾ' ਨਹੀਂ ਹੈ (ੲ)
[7] ਨਾਮ (ਸ)

॥ ਤਿਸ ਕਾ ਅਰਥ ॥ [1]

ਹੇ ਭਰਥਰੀ ਜੀ ਐਸਾ ਰਾਮ ਰਸ ਮਦਰਾ ਪੀਆ ਤਬ ਮਤਵਾਰੇ ਭਏ॥ ਸਦਾ ਹੀ ਸਹਜ ਮਦ[2] ਰਾਮ ਰੰਗ ਰਾਤਾ ਲੀਨ ਭਇਆ॥ ਰਾਤ ਦਿਨ ਏਕ ਲਿਵ ਪ੍ਰੇਮ ਕੀ ਮੋ ਸਹਿਜ ਸਮਾਧ ਦਿੜ ਲਾਗੀ ਅਰੁ ਧੁਨ ਸਬਦ ਅਨਾਹਦ ਪ੍ਰਾਪਤ ਹੂਆ॥

॥ ਪਉੜੀ ਦੂਜੀ ਕਹੀ ॥ [3]

ਪੂਰਾ ਸਾਚ ਪਿਆਲਾ ਸਹਜੇ ਤਿਸਹਿ ਪਿਆਏ ਜਾ ਕੋ ਨਦਰ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦ ਛੂਛੈ ਭਾਵ ਧਰੇ॥੨॥

॥ ਤਿਸ ਕਾ ਅਰਥ ॥ [4]

118/ਅ ਹੇ ਭਰਥਰੀ ਨਾ/ਥ ਜੀ॥ ਭਰਾ ਸਾਚੇ ਰਾਮ ਰਸ ਕਾ ਸਹਿਜ ਰੂਪੀ ਪਿਆਲਾ॥ ਤਿਸ ਕੋ ਪਿਆਵੈ ਜਿਸ ਕੋ ਕ੍ਰਿਪਾ ਕੀ ਨਜਰ ਹੋਇ॥ ਏ ਨਾਥ ਜੀ ਜੋ ਐਸੇ ਅੰਮ੍ਰਿਤ ਕੇ ਬੈਪਾਰੀ ਹੈ ਸੋ ਐਸੇ ਛੂਛੇ ਮਦ ਸੌਤ ਕਦਾਚਿਤ ਨਹੀ ਧਰਤੇ॥੩॥

॥ ਪਉੜੀ ਤੀਜੀ ਕਹੀ ॥ [5]

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣ ਭਇਆ॥
ਦਰ ਦਰਸਨ ਕਾ ਪ੍ਰੀਤਮ ਹੋਵੈ ਮੁਕਤ ਬੈਕੁੰਠੇ ਕਰੈ ਕਿਆ॥

॥ ਤਿਸ ਕਾ ਅਰਥ ॥ [6]

ਹੇ ਭਰਥਰੀ ਜੀ॥ ਗੁਰੂ ਕਾ ਸਬਦ ਅੰਮ੍ਰਿਤ ਬਾਣੀ ਕੋ ਹੈ ਜਿਸ ਪੀਆਏ ਸੋਈ ਪਰਵਾਨ ਹੂਆ॥ ਜੋ ਨਾਰਾਇਨ ਕੇ ਦਰਸਨ ਕੇ ਸੇਵਕ ਹੂਏ ਹੈ॥ ਤਿਨ ਕੌ ਮੁਕਤ ਬੈਕੁੰਠ ਸੋ ਕਉਨ ਕਾਮ ਹੈ॥

॥ ਪਉੜੀ ਚਉਥੀ ਭਈ ॥ [7]

ਸਿਫਤੀ ਰਾਤਾ ਸਦਾ ਬੈਰਾਗੀ ਜੂਏ ਜਨਮ ਨ ਹਾਰੇ॥
ਕਹੁ ਨਾਨਕ ਸੁਣ ਭਰਥਰ ਜੋਗੀ ਖੀਵਾ ਅੰਮ੍ਰਿਤ ਧਾਰੇ॥੪॥

॥ ਤਿਸ ਕਾ ਅਰਥ ॥ [8]

ਹੇ ਸਾਧ ਜੋ ਨਾਰਾਇਣ ਕੀ ਸਿਫਤਿ ਮੋ ਰਾਤੇ ਹੈ ਵਹੀ ਸਦਾ ਹੀ ਬੈਰਾਗੀ ਹੈ॥ ਵਹ ਜੂਏ ਜਨਮ ਨਹੀ ਹਾਰਤੇ॥ ਬਿਸਨ ਕੀ ਮਾਇਆ ਸੇ ਭਿੰਨ ਹੈ॥ ਹੇ ਜੋਗੀ ਐਸਾ ਰਾਮ ਰਸ ਮਦਰਾ ਪੀਨਾ ਇਨਕੋ ਉਚਤ ਹੈ॥ ਜੋ ਪੀਵੈ ਸੋਈ ਜਾਨੇ॥

॥ ਰਸਾਵਲ ਛੰਤ ॥

ਸੁਨੰਤ ਸਬਦ ਭਰਥਰੀ ਅਨੰਦ ਸਿੰਧ ਮੈ ਪਰੇ॥
ਸੁਜਨ ਬਚਨ ਬਿਚਾਰਤੇ ਗਿਆਨ ਭਾਨ ਉਦੇ ਕਰੇ॥
ਪੀਆ ਰਾਮ ਰਸ ਮਗਨ ਭਏ ਸੁਕਾਨ ਪਤ੍ਰ ਧਾਰ ਕੇ॥
ਛਕੇ ਬਕੇ ਅਨੰਦ ਰਸ ਆਦੇਸ ਗੁਰ ਪੁਕਾਰ ਕੇ॥੧੧॥

॥ ਦੋਹਰਾ ॥

ਮਗਨ ਦੇਖ ਪ੍ਰਭ ਭਰਥਰੀ ਮਨ ਤਨ ਭਏ ਪ੍ਰਸੰਨ॥
ਕਰ ਆਦੇਸ ਆਗੇ ਚਲੇ ਧਨ ਸਤ ਹਰਿ ਧੰਨ॥੧੨॥

॥ ਸਾਖੀ ਪੂਰਨ ਹੋਈ ॥ [9]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ ਤਿਸ ਕਾ ਅਰਥ ॥' ਨਹੀਂ ਹੈ (ੲ)
[2] ਪਦ (ਅ)
[3] ਇੱਥੇ ਸਿਰਲੇਖ '॥ ਪਉੜੀ ਦੂਜੀ ਕਹੀ ॥' ਨਹੀਂ ਹੈ (ੲ)
[4] ਇੱਥੇ ਸਿਰਲੇਖ '॥ ਅਰਥ ॥' (ੲ), '॥ ਪਰਮਾਰਥ ॥' (ਅ) ਹਨ
[5] ਇੱਥੇ ਸਿਰਲੇਖ '॥ ਪਉੜੀ ਤੀਜੀ ਕਹੀ ॥' ਨਹੀਂ ਹੈ (ੲ)
[6] ਇੱਥੇ ਸਿਰਲੇਖ '॥ ਅਰਥ ॥' ਹੈ (ੲ)
[7] ਇੱਥੇ ਸਿਰਲੇਖ '॥ ਪਉੜੀ ਚਉਥੀ ਭਈ ॥' ਨਹੀਂ ਹੈ (ੲ)
[8] ਇੱਥੇ ਸਿਰਲੇਖ '॥ ਅਰਥ ॥' ਹੈ (ੲ)
[9] ਇੱਥੇ '॥ ਸਾਖੀ ਪੂਰਨ ਹੋਈ ॥' ਵਾਲੀ ਪੰਕਤੀ ਨਹੀਂ ਹੈ (ੲ)

19/ੳ **[ਸਾਖੀ ਸਤਗੁਰੂ ਜੀ ਦਾ/ਮਕੇ ਜਾਣਾ][1]**

॥ਦੋਹਰਾ॥

ਭਰਥਰ ਜੀ ਸੋ ਬਿਦਾ ਹੋਇ ਆਗੇ ਚਲੇ ਦਿਆਲ॥
ਮਕੇ ਮਦੀਨੇ ਦੇਸ ਕੋ ਮਰਦਾਨਾ ਲੀਏ ਨਾਲ॥੧॥

॥ਚੌਪਈ॥

ਸਿੰਧ ਧਰਤੀ ਕੋ ਸਤਿਗੁਰ ਗਏ॥ਮਰਦਾਨਾ ਕੋ ਬਚਨ ਇਮ ਕਹੇ॥
ਤੁਹ ਹਜ ਕਰਾਵੋ ਮਕੇ ਮੀਤ॥ਹੋਇ ਪ੍ਰਸੰਨ ਤੁਮਾਰਾ ਚੀਤ॥੨॥
ਹੇ ਮਹਾਰਾਜ ਤੂੰ ਅੰਤਰਿਜਾਮੀ॥ਸੁਬਹਾਨ ਭਗਤ ਤੇਰੀ ਜਗ ਗਾਮੀ॥
ਤੇਰੇ ਪ੍ਰਸਾਦਿ ਮੈ ਸਭ ਜਗ ਦੇਖਾ॥ਬਡ ਅਸਥਾਨ ਸਿਧ ਸਾਧ ਬਸੇਖਾ॥੩॥
ਬਾਬੇ ਸੰਗ ਹਾਜੀਓ ਕਾ ਕੀਨਾ॥ਬੂਝ ਹਿੰਦੂ ਤਿਨ ਸੰਗ ਨ ਲੀਨਾ॥
ਮਰਦਾਨਾ ਦੇਖ ਭਇਆ ਦਲਗੀਰ॥ਬਾਬਾ ਜੀ ਤਾ ਕੋ ਦੀਆ[2] ਧੀਰ॥੪॥
ਮੀਚੋ ਆਖ ਮਰਦਾਨਾ ਯਾਰ॥ਪੁਨ ਖੋਲ ਆਖ ਦੇਖਾ ਦੀਦਾਰ॥
ਉਸਤਤ ਕਰੀ ਦੇਖੀ ਜਬ ਸਕਤ॥ਧਨੁ ਧਨੁ ਧਨੁ ਧਨੁ ਤੇਰੀ ਭਗਤ॥

॥ਦੋਹਰਾ॥

ਪੂਰਬ ਦੁਆਰੇ ਆਸਨ ਕੀਆ ਮਰਦਾਨਾ ਲੀਏ ਸੰਗ॥
ਬਹੁਤ ਕਾਲ ਸੌ ਨਿਰ ਅਹਾਰ ਰਾਖਾ ਬਰਤ ਅਭੰਗ॥੬॥

॥ਚੌਪਈ॥

ਹਿੰਦ ਕੇ ਹਾਜੀ ਪੂਰਬ ਦੁਆਰੇ॥ਰਹੇ ਬਹੇ ਸਭ ਗੋਡ ਪਸਾਰੇ॥
ਬਾਬਾ ਜੀ ਭੀ ਸੈਨ ਤਹਾ ਕੀਆ॥ਅਚਰਜ ਚਰਿਤ੍ਰ ਤਹਾ ਤਬ ਥੀਆ॥੭॥
ਦੋ ਘੜੀ ਰਾਤ ਰਹੀ ਭਈ ਸੁਭਹ॥ਮੀਆ ਜੀਵਨ ਆਇਆ ਤਬਹ॥
ਝਾੜੂ ਕਰੇ ਵਿਚਾਰੋ ਦੁਆਰੇ॥ਹਾਜੀ ਜਗਾਇ ਤਿਨ ਸਗਲ ਉਠਾਏ॥੮॥
ਜਹਾ ਦਿਆਲ ਸੋਏ ਤਹਾ ਆਇ॥ਨਹੀ ਜਾਗੇ ਵਹੁ ਰਹਾ ਜਗਾਇ॥
ਦੋਊ ਕਦਮ ਕਾਬੇ ਢਿਗ ਦੇਖਾ॥ਸੋਰ ਕੀਆ ਕਰ ਕੋਪ ਬਸੇਖਾ॥੯॥
119/ਅ ਤਬ ਪਕੜ ਚਰਣ/ਦਖਣ ਦਿਸ ਕਰਾ॥ਲਾਗ ਚਰਨ ਮਕਾ ਸੰਗ ਫਿਰਾ॥
ਦੇਖਾ ਚਲਤ ਕੀਆ ਬਹੁ ਸੋਗ[3]॥ਦੇਖੋ ਯਾਰੋ ਕਿਆਮਤ ਕਾ ਦੌਰ॥੧੦॥

॥ਦੋਹਰਾ॥

ਇਹ ਆਇਆ ਕੋਈ ਹਿੰਦ ਸੌ ਬਡਾ ਸਾਹਰੀ ਆਹਿ॥
ਬਡਾ ਜਾਦੂਗਰ ਹੈ ਕੋਈ ਮਕਾ ਦੀਆ ਫਿਰਾਇ॥੧੧॥

॥ਦੋਹਰਾ॥

ਆਏ ਕਾਜੀ ਰੁਕਨਦੀ[4] ਦੇਖ ਕਿਆਮਤ ਦੌਰ॥
ਸੋਏ ਪੜੇ ਥੇ ਬਾਬਾ ਜਹਾ ਕੀਆ ਬਹੁਤ ਤਿਨ ਸੋਰ॥੧੨॥

॥ਚੌਪਈ॥

ਚਾਦਰ ਉਤਾਰ ਹਾਲਤ ਯਹ ਦੇਖਾ॥ਦੋਨੋ ਦਿਸਾ ਸੀਸ ਪ੍ਰਭ ਪੇਖਾ॥
ਕਾਜੀ ਦੇਖਤ ਭਏ ਹੈਰਾਨ॥ਯਹ ਕੋਈ ਵਲੀ ਯਾ ਖੁਦ ਸੈਤਾਨ॥੧੩॥
ਕੀਆ ਅਦਬ ਕਰ ਬੋਲੇ ਕਾਜੀ॥ਪੂਛਾ ਨਾਮ ਕਹਾ ਕੇ ਹਾਜੀ॥
ਨਾਨਕ ਦਰਵੇਸ ਕਹਾ ਨਾਮ ਸੁਨਾਏ॥ਭਇਆ ਹੁਕਮ ਰਬ ਕਾ ਲੇ ਹਮ ਆਏ॥
ਕਾਜੀ ਜਾਨਾ ਹਿੰਦੀ ਇਹੁ[5] ਆਹਿ॥ਕਲਮਾ ਪਾਕ ਸੁਨਾਵੋ ਤਾਹਿ॥੧੪॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਦੇ (ੲ)
[3] ਸੋਰ (ਅ,ੲ,ਸ)
[4] ਰੁਕਨਦੀਨ (ਅ,ਸ)
[5] ਹਿੰਦੀ ਅਰ (ਅ)

॥ ਸਵਾਲ ਕਾਜੀ ਕਹਾ[1] ॥

ਅਵਲ ਨਾਮ ਖੁਦਾਇ ਦਾ ਦੂਜਾ ਨਬੀ ਰਸੂਲ॥
ਹੇ ਨਾਨਕ ਕਲਮਾ ਜੋ ਪੜੇ॥ ਦਰਗਹਿ ਪਾਵਹਿ ਕਬੂਲ॥

॥ ਜਬਾਬੁ ॥[2]

ਅਵਲ ਨਾਮ ਖੁਦਾਇ ਦਾ ਹੋਰ ਕੇਤੇ ਨਬੀ ਰਸੂਲ॥
ਨਾਨਕ ਨੀਯਤ ਰਾਸ ਕਰ ਤਾ ਦਰਗਹਿ ਪਵਹਿ ਕਬੂਲ॥

॥ ਸਵਾਲ ਕਾਜੀ ॥

ਹੇ ਨਾਨਕ ਦਰਵੇਸ ਤੂੰ ਹਿੰਦੂ ਹੈ ਕਿ ਮੁਸਲਮਾਨ ਹੈ॥ ਜਾਨਿਆ ਨਹੀ ਜਾਤਾ॥

॥ ਜਬਾਬ ਨਾਨਕ ਜੀ ॥

ਹਿੰਦੂ ਕਹਾਂ ਤ[3] ਮਾਰੀਆ ਮੁਸਲਮਾਨ ਭੀ ਨਾਹੀ॥
ਪਾਚ ਤਤ ਕਾ ਪੂਤਲਾ ਖੇਲੈ ਗੈਬੀ ਮਾਹਿ॥
ਗੈਬੀ ਆਇਆ ਗੈਬ ਸੋ ਈਹਾ ਲਗਇਆ ਗੈਬ॥
ਗੈਬ ਸਮਾਨਾ ਗੈਬ ਸੌ ਛੂਟ ਗਇਆ ਸਭ ਐਬ॥

॥ ਤਿਸ ਕਾ ਅਰਥ ॥[4]

120/ੳ ਹੇ ਕਾਜੀ ਰੁਕਨਦੀ[5] ਜੀ ਜੋ ਮੈ ਹਿੰ/ਦੂ ਕਹਾ ਤ ਮਾਰੀਆ[6] ਅਰੁ ਮੁਸਲਮਾਨ ਭੀ ਨਾਹੀ॥ ਅਰੁ ਗੈਬੀ[7] ਗੈਬ ਸੋ ਮਿਲਾ ਤਬ ਹਿੰਦਗੀ ਅਰੁ ਮੁਸਲਮਾਨੀ ਈਹਾਂ ਹੀ ਰਹਿ ਗਈ ਐਬ[8] ਦੂਰ ਭਇਆ॥

ਇਹ ਜਬਾਬ ਸੁਣ ਕਰ ਚੁਪ ਕਰ ਰਹੇ॥ ਅਰੁ ਆਪਸ ਮੋ ਸਭਨਾ ਕਹਿਆ ਸਾਡਾ ਸਵਾਲ ਜਬਾਬ ਇਸ ਨਾਲ ਚਲਦਾ ਨਾਹੀ॥ ਅਗਲੇ ਦਿਨ ਈਦ ਆਈ ਹਜ ਕਾ ਦਿਨ ਚਾਰੋ ਦਰਵਾਜੇ ਮਕੇ ਕੇ ਖੁਲੇ॥ ਲੋਕ ਸਭ ਹਜਿ ਜਿਆਰਤ ਕੋ ਮਕੇ ਕੇ ਅੰਦਰਿ ਗਏ॥

ਤਬ ਬਾਬੇ ਜੀ ਮਰਦਾਨੇ ਕੋ ਕਹਾ ਚਲ ਅਸੀ ਭੀ ਦੀਦਾਰ ਹਜ ਮਕੇ ਕਾ ਕਰਾ॥ ਮਰਦਾਨੇ ਕੋ ਸਾਥ ਲੇ ਕਰ ਬਾਬਾ ਜੀ॥ ਅੰਦਰ ਗਏ ਅੰਦਰ ਜਾਇ ਕੇ ਏਕ ਅਵਾਜ ਕੀਆ॥ ਸਭ ਕੋਇ ਸੁਨ ਕਰ ਮਗਨ ਹੋਇ ਗਏ॥ ਫੇਰ ਇਹੁ ਸਬਦ ਗਾਵਨੇ ਲਾਗੇ॥

॥ ਬਸੰਤ ਮਹਲਾ ੧ ਅਸਟਪਦੀ ॥[9]

ਨੌਸਤ ਚੌਦਹ ਤੀਨ ਚਾਰ ਕਰ ਮੁਹਲਤ ਰਾਸ ਬਹਾਲੀ॥
ਚਾਰੋ ਦੀਵੇ ਚਹੁ ਹਥ ਦੀਏ ਆਪੋ ਅਪਨੀ ਵਾਰੀ[10]॥੧॥
ਮਿਹਰਵਾਨ ਮਧਸੂਦਨ ਮਾਧੋ ਐਸੀ ਸਕਤ ਤੁਮਾਰੀ॥੧॥ ਰਹਾਓ॥
ਘਰ ਘਰ ਲਸਕਰ ਪਾਵਕ ਤੇਰਾ ਧਰਮ ਕਰੇ ਸਿਕਦਾਰੀ॥
ਧਰਤੀ ਦੇਗ ਮਿਲੀ ਇਕ ਵੇਰਾ ਭਾਗ ਤੇਰਾ ਭੰਡਾਰੀ॥੨॥
ਨਾ ਸਾਬੂਰ ਹੋਵੇ ਫਿਰ ਮੰਗੇ ਨਾਰਦ ਕਰੇ ਖੁਆਰੀ॥
ਲਭ ਅੰਧੇਰਾ ਬੰਦੀ ਖਾਨਾ ਅਵਗੁਣ ਪੈਰ ਲੁਹਾਰੀ॥੩॥
ਪੂਜੀ ਮਾਰ ਪਵੈ ਨਿਤ ਮੁਦਗਰ ਪਾਪ ਕਰੇ ਕੁਟਵਾਰੀ॥
ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰ ਤੁਮਾਰੀ॥੪॥
ਆਦਿ ਪੁਰਖ ਕਉ ਅਲਹੁ ਕਹੀਐ ਸੇਖਾ ਆਈ ਵਾਰੀ॥
ਦੇਵਲ ਦੇਵਤਿਆ ਕਰ ਲਾਗਾ ਐਸੀ ਕੀਰਤਿ ਚਾਲੀ॥੫॥

---

[1] ਇੱਥੇ ਸ਼ਬਦ 'ਕਹਾ' ਨਹੀਂ ਹੈ (ਅ,ੲ)
[2] ਇੱਥੇ ਸਿਰਲੇਖ '॥ ਜਬਾਬੁ ਬਾਬਾ॥' ਹੈ (ੲ)
[3] ਤਾ (ਅ,ੲ)
[4] ਇੱਥੇ ਸਿਰਲੇਖ '॥ ਅਰਥ॥' ਹੈ (ੲ)
[5] ਰੁਕਨਦੀਨ (ਅ,ਸ)
[6] ਹਿੰਦੂ ਕਹਾ ਤ ਮਾਰੀ ਤਾਂ ਹਾਂ (ਅ)
[7] ਇੱਥੇ ਸ਼ਬਦ 'ਅਰੁ ਗੈਬੀ' ਦੀ ਜਗ੍ਹਾ ਤੇ 'ਜਬ ਗੈਬੀ' (ਅ)
[8] ਅਰ ਐਬ (ਅ), ਐਸ, (ਸ)
[9] ਇੱਥੇ ਸਿਰਲੇਖ '॥ ਅਸਟਪਦੀ ਮਹਲਾ ੧॥' ਹੈ (ਅ), ਇੱਥੇ ਸਿਰਲੇਖ '॥ ਬਸੰਤ ਹਿੰਡੋਲ ਮਹਲਾ ੧ ਅਸਟਪਦੀ॥' ਹੈ (ਸ)
[10] ਏਕਾ ਏਕਾ ਵਾਰੀ (ਅ,ਸ)

120/ਅ ਕੂਜਾ ਬਾਂਗ ਨਿਵਾਜ ਮੁ/ਸਲਾ ਨੀਲ ਰੂਪ ਬਨਿਵਾਰੀ॥
ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਉਰ ਤੁਮਾਰੀ॥੬॥
ਜੇ ਤੂੰ ਮੀਰ ਮਹੀਪਤਿ ਸਾਹਿਬ ਕੁਦਰਤਿ ਕਉਨ ਹਮਾਰੀ॥
ਚਾਰੇ ਕੁੰਟ ਸਲਾਮ ਕਰੇਗੇ ਘਰ ਘਰ ਸਿਫਤ ਤੁਮਾਰੀ॥੭॥
ਤੀਰਥ ਸਿਮਿਤ੍ਰ ਪੁੰਨ ਦਾਨ ਕਛੁ ਲਾਹਾ ਮਿਲੇ ਦਿਹਾੜੀ॥
ਨਾਨਕ ਨਾਮ ਮਿਲੇ ਵਡਿਆਈ ਮੇਕਾ[1] ਘੜੀ ਸਮਾਲੀ॥੮॥

ਏਹੁ ਸਬਦ ਸੁਣ ਕਰ ਸਭ ਹਾਜੀ ਅਰੁ ਕਾਜੀ ਅਰੁ ਮੀਆ ਜੀਵਣ ਨੇ ਕਹਿਆ॥ਹੇ ਨਾਨਕ ਦਰਵੇਸ ਜੀ ਇਹੁ ਹਿੰਦੀ ਜੁਬਾਨ ਮੋ ਬੈਤ ਤੁਮ ਪੜੇ ਹੈ॥ਇਨ ਕੇ ਮਾਇਨੇ ਅਸਾ ਕੂੰ ਸਮਝਾਇ ਦੇਹੁ॥

[2]ਹੇ ਮੀਆ ਜੀਵਣ ਜੀ ਅਵਲ ਖੁਦਾਇ ਤਆਲਾ ਨੇ ਅਪਨੇ ਆਪ ਸੋ ਪੈਦਾਇਸ ਕੀਆ॥ਨੌ ਖੰਡ ਧਰਤੀ ਅਰੁ ਸਾਤ ਦੀਪ॥ਅਰੁ ਚੌਦਹ ਤਬਕ ਅਰੁ ਤੀਨ ਲੋਕ॥ਚਾਰ ਜੁਗ॥ਚਾਰੋ ਜੁਗਾ ਕੇ ਹਥ ਮੋ ਚਾਰ ਚਰਾਗ ਦੀਏ॥ਐਸੀ ਕੁਦਰਤ ਮਿਹਰਵਾਨ ਮਾਧੋ ਮਧਸੂਦਨ ਜੀ ਕੀ ਹੈ॥ਹੇ ਮੀਆ ਜੀਵਨ ਜੀ ਇਹ ਕੁਲ ਆਲਮ ਸਾਹਿਬ ਕਾ ਲਸਕਰ ਹੈ ਪਾਇਕ ਹੈ॥ਅਰੁ ਆਲਮ ਕੇ ਬੀਚ ਧਰਮੁ ਸਿਰਦਾਰੀ ਕਰਤਾ ਹੈ॥ਅਰੁ ਜਮੀਨ ਦੇਗ ਹੈ॥ਅਰੁ ਭੰਡਾਰੀ ਕਿਸਮਤ ਆਪੋ ਆਪਨੀ ਹੈ॥ਹੇ ਮੀਆ ਜੀਵਨ ਜੀ ਜੋ ਬੰਦਾ ਕਿਸਮਤ ਅਪਨੀ ਪਰ ਸਬੂਰੀ ਨਾਹੀ ਤਿਸ ਕੋ ਸੈਤਾਨ ਕੇ ਹਵਾਲੇ ਖਰਾਬੀ ਮੋ ਪੜਾ ਹੈ॥ਅਰੁ ਲਬ ਕੇ ਅਧੇਰੇ ਬੰਦੀ ਖਾਨੇ ਮੋ ਡਾਰ ਦੀਆ ਹੈ॥ਅਰੁ ਗੁਨਾਹ[3] ਹੀ ਜੰਜੀਰ ਪਾਂਉ ਮੋ ਪੜੇ ਹੈ॥ਅਰੁ ਪੂੰਜੀ ਆਪੋ ਅਪਨੇ ਕਿਰਦਾਰ ਕੀਏ ਮੁਗਦਰ ਕੀ ਮਾਰ ਹੋਤੀ ਹੈ॥ਅਪਨੇ ਕਿਰਦਾਰ ਦੁਖ ਦੇਤੇ
121/ੳ ਹੈ॥ਏਹੀ ਕੁਟਵਾਰ ਹੈ॥ਕਿਸੀ ਪਰ ਮਿਹਰ ਕਿਸੀ ਪਰ ਕਹਰੁ॥ਜੈਸਾ ਸਾਹਬ ਕਾ/ਹੁਕਮ ਹੈ॥ਹੇ ਮੀਆ ਜੀ ਸਾਹਬ ਜੋ ਆਦ ਪੁਰਖ ਹੈ ਤਿਸ ਕੌ ਅਬ ਅਲਾਹ ਕਹਤੇ ਹੈ॥ਜਬ ਸੇਖਾ ਕੀ ਵਾਰੀ ਆਈ ਤਬ ਦੇਵਲ ਅਰੁ ਦੇਵਤਿਆ ਪਰ ਕਰ ਲਗਾਇ ਦੀਆ॥ਐਸੀ ਹੀ ਕੀਰਤ ਚਲਾਈ॥ਅਰੁ ਕੂਜਾ ਅਰੁ ਬਾਂਗ ਨਿਮਾਜ ਅਰੁ ਮੁਸਲਾ ਅਰੁ ਨੀਲ ਭੇਖ ਜੋ ਤੁਮ ਧਾਰਾ ਹੈ॥ਅਰੁ ਘਰੁ ਘਰ ਮੋ ਮੀਆ ਖਿਤਾਬ ਧਾਰਾ ਹੈ॥ਇਹੁ ਮਹਿਮਾ ਤੁਮਾਰੀ ਹੈ॥ਤੁਮੁ ਐਸੇ ਮੀਆ ਸਭ ਜੀਆ ਮੋ ਪੂਰਨ ਹੋ॥ਅਰੁ ਬੋਲੀ ਤੁਮਾਰੀ ਅਵਰੁ ਭਈ ਹੈ॥ਤੁਮ ਆਦ ਪੁਰਖ ਹੋ॥ਜੇ ਤੁਮ ਮੀਰ ਮਹੀਪ ਪਤਿਸਾਹਿਬ ਹੂਏ॥ਤੋ ਹਮਾਰੀ ਕਿਆ ਕੁਦਰਤ ਹੈ॥ਚਾਰੋ ਕੁੰਟ ਮੋ ਤੁਮ ਹੀ ਕੋ ਸਲਾਮ ਹੋਤੀ ਹੈ॥ਘਰ ਘਰ ਮੋ ਤੁਮਾਰੀ ਸਿਫਤ ਹੋਤੀ ਹੈ॥ਹੇ ਮੀਰ ਮਹੀਪਤ ਸਾਹਬ ਤੀਰਥ ਅਰੁ ਸਿੰਮ੍ਰਿਤ ਤੇ ਆਦ ਲੇ ਕਰ ਪੁੰਨ ਦਾਨ ਹੈ ਇਹੁ ਲਾਹਾ ਹਮਕੋ ਦੀਜੀਐ॥ਹੇ ਆਦਿ ਪੁਰਖ ਜੀ ਨਾਨਕ ਕੋ ਅਪਨੇ ਨਾਮ ਕੀ ਵਡਿਆਈ ਮਿਲੇ ਮੈ ਏਹੀ ਦਾਨ ਮਾਂਗਤਾ ਹੌ॥ਤੇਰਾ ਨਾਮ ਘੜੀ ਘੜੀ ਸਾਸ ਸਾਸ ਜਪਤਾ ਰਹਾ॥ ਜਬ ਸਿਫਤ ਸਾਂਈ ਦੀ ਬਾਬੇ ਜੀ ਸੋ ਸਭਨੋ ਨੇ ਸੁਨਾ ਹੈਰਾਨ ਹੋਇ ਰਹੇ॥ਆਪਸ ਮੋ ਸਭ ਹਾਜੀ ਕਾਜੀ ਕਹਨੇ ਲਗੇ॥ਇਸ ਦਰਵੇਸ ਕਾ ਸਿਰਰ ਕਛੁ ਮਲੂਮ ਨਾਹੀ ਹੋਤਾ॥ਤਬ ਬਾਬੇ ਨਾਨਕ ਜੀ ਕਹਿਆ ਹੇ ਮੀਆ ਜੀ ਜੀਵਣ ਜੀ ਇਸ ਹਮਾਰੇ ਸਿਰਰ ਕਾ ਏਕ ਖੁਦਾਇ ਮਹਰਮ ਹੈ॥ਯਾ ਚਾਰ ਕਤੇਬ ਜਾਨਤੀ ਹੈ॥ਇਹੁ ਮਕਾ ਆਦ ਕਾ ਤੀਰਥ ਹੈ॥ਮਹਾਂਦੇਵ ਕਾ ਲਿੰਗ ਹੈ॥ਚਹੁ ਕੁੰਟਾ ਵਿਚ ਮਹਾਦੇਵ ਕਾ ਮਕਾ॥ਹਿੰਦੂ ਅਰੁ ਮੁਸਲਮਾਨ ਦੋਨਾ ਕਾ
121/ਅ ਬਡਾ ਹੈ॥ਹਿੰਦੂਆ ਕੇ ਅਠਸਠਿ ਤੀਰਥ ਜਾਤ੍ਰਾ ਤਬ ਪਵਿਤ੍ਰ ਹੋਇ ਜ/ਬ ਚਾਰੇ ਕੁੰਟ ਕੀ ਪਰਦਖਣਾ ਕਰੇ॥ਹਮ ਭੀ ਇਸੀ ਵਾਸਤੇ ਆਏ ਹਾਂ॥ਹੇ ਮੁਲਾ ਜੀਵਣ ਜੀ ਹੁਣ ਅਮਲ ਅਥਰਬਣ ਅਰੁ ਫੁਰਕਾਨ ਕਾ ਹੈ॥ਸੋ ਵਹੁ ਸੇਖਾ ਕੋ ਮਿਲਿਆ ਸੀ ਤਿਨੋ ਨੇ ਗੈਰੀਯਤ ਕਰ ਕੇ ਦੇਵਲ ਅਰੁ ਦੇਵਤਿਆ ਤੀਰਥ ਜੋ ਹਿੰਦੂਆ ਕੇ ਹੈਨ॥ਤਹ ਖਰਾਬੀ ਕੀਆ ਅਰੁ ਡੰਡ ਲਗਾਇਆ॥ਐਸੀ ਕੀਰਤ ਚਲਾਈ॥ਅਪਨੇ ਮਕਾਨ ਜਾਹਰ ਕੀਏ॥ਗੋਰ ਸਤਾਨ ਕੀ ਪ੍ਰਸਤਸ ਕਰਨੇ ਕਰਾਵਨੇ ਲਗੇ॥ਅਰ ਹਿੰਦੂਆ ਕੇ ਮੜੀ ਮਟ ਗਿੜਾਇ ਦੀਏ॥ਤਿਸ ਕਰਕੇ ਦੋਨੋ ਮੋ ਜਿਦ ਉਠੀ॥ਸਚ ਕਾ ਅਦਲ ਭੂਲ ਗਇਆ॥ਤਬ ਦੇਵਤਿਆਂ ਪ੍ਰਮੇਸਰ ਕੀ ਦਰਗਾਹ ਮੋ ਫਰੀਯਾਦ ਕੀਆ॥ਕਿ ਹੇ ਮਹਾਰਾਜ ਹਮਾਰਾ ਕਲਜੁਗ ਮੋ ਪੂਜਾ ਅਰੁ ਤੇਜੁ ਘਟੁ ਗਇਆ॥ਜਗ ਹੋਮ ਬਲ ਮੈ ਬੈਸ ਨਾਹੀ ਹੋਨੇ ਦੇਤੇ ਸੇਖਾ ਤੁਮ ਬਡਿਆਈ ਦੇ ਜਗਤ[4] ਮੋ ਭੇਜੇ ਹੈ॥ਪੂਜਾ ਪ੍ਰਸਤਸ ਨਾਹੀ ਕਰਨੇ ਦੇਤੇ॥ਇਹ ਅਰਜ ਦੇਵਤਿਆ ਕੀ ਸੁਨ ਕਰ ਨਰੰਕਾਰ ਕੋਪ ਪਰ ਆਏ॥ਤਹਾ ਰਬ ਕੀ ਦਰਗਾਹ ਆਗੇ ਸਭ ਪੀਰ ਪੈਕੰਬਰ ਅਉਲੀਆ ਸਾਲਕ ਸਾਦਕ ਜੋ ਜੋ ਉਹਾ ਥਾ

---

[1] ਮੈ ਏਕਾ (ਅ)

[2] ਇੱਥੇ ਸਿਰਲੇਖ '॥ਅਰਥ॥' ਹੈ (ਅ)

[3] ਗੁਨਾਰ (ਸ)

[4] ਜਗ (ਸ)

ਸਭ ਸੋ ਸਭ ਹਾਜਰ ਹੋ ਖੜੇ ਭਏ॥ਤਬ ਸਚੇ ਸਾਹਿਬ ਕੀ ਨਿਗਾਹ ਨਾਨਕ ਦਰਵੇਸ ਪਰ ਪੜੀ॥ਹੁਕਮ
ਰਬ ਕਾ ਭੈਇਆ॥ਹੇ ਨਾਨਕ ਦਰਵੇਸ ਆਗੇ ਆਉ ਤੁਮ ਕੋ ਮੈ ਹੁਕਮ ਦੀਆ ਤੂ ਜਾ ਕਰ ਸੰਸਾਰ
ਬਿਖੈ ਸਚ ਕਾ ਰਾਹੁ ਦਰੁਸਤ ਕਰੁ॥ਦਰੋਗ ਕੋ ਉਠਾਇ ਦੇਹੁ॥ਤਬ ਸਾਹਿਬ ਕਾ ਹੁਕਮ ਸੁਣ ਕੇ ਨਾਨਕ
ਦਰਵੇਸ ਨੇ ਅਰਜ ਕੀਆ॥ਹੇ ਸਚੇ ਪਾਤਿਸਾਹ ਆਗੇ ਤੁਮ ਖਤਮ ਪੈਗੰਬਰ ਭੇਜਾ ਸੀ ਹੁਣ ਤਕ ਸੇਖ
122/ੳ ਲੀਏ ਜਾਤੇ ਹੈ॥ਹੋਰੁ ਕਿਸੀ ਕਾ ਅਮਲੁ ਨਾਹੀ ਹੋਨੇ ਦੇਤੇ॥/ਅਸਾਡਾ ਹੁਕਮ ਕਿਸ ਤਰਾ ਚਲਨੇ
ਦੇਹਗੇ॥ਫੇਰ ਹੁਕਮੁ ਖੁਦਾਇ ਕਾ ਹੂਆ॥ਹੇ ਨਾਨਕ ਦਰਵੇਸ ਮੈ ਅਥਰਬਣ ਬੇਦ ਕਾ ਹੁਕਮੁ ਮੁਹੰਮਦ ਕੋ
ਦੀਆ ਥਾ॥ਜੋ ਤੂੰ ਇਕੋ ਇਕ ਖੁਦਾਇ ਕਾ ਨਾਮੁ ਜਪੁ ਜਪਾਉ॥ਹੋਰਸ ਕਾ ਨਾਮ ਕੋਈ ਨ ਜਪੈ ਬਿਨਾ
ਰਬ ਕੇ॥ਅਤੇ ਤੀਸ ਸਿਪਾਰੇ ਫੁਰਕਾਨ ਕੇ ਊਪਰ ਅਮਲ ਕਰ ਸੋ ਤੋ ਵਹ ਦੁਨੀਆ ਵਿਚ ਜਾਇ ਕੇ
ਪਾਤਿਸਾਹੀ ਲਗਾ ਕਰਕੇ[1]॥ਜੋਰ ਜੁਲਮ ਗਊ ਬ੍ਰਹਮਨ ਗਰੀਬਾਂ ਕੋ ਲਗੇ ਦੂਖ ਦੇਵਣੇ॥ਤਿਸ ਕੀ ਉਮਰ
ਕਾ ਨਾਸੁ ਹੂਆ ਫਾਨੀ ਹੂਏ॥ਅਬ ਨਾਨਕ ਦਰਵੇਸ ਤੁਮ ਕੋ ਹੁਕਮ ਹੈ ਛਤੀ ਸਿਪਾਰੇ ਕੀ ਕਿਤਾਬ ਤੁਮ
ਕਰੋ ਤੀਸ ਸਿਪਾਰੇ ਫੁਰਕਾਨ ਮਤ ਹੈ॥ਅਰੁ ਛੈ ਸਿਪਾਰੇ ਅਸਾਡੀ ਤਰਫੋ ਛਤੀਸ ਰਾਗ ਕਾ ਗਿੰਰਥ
ਬਾਧ ਕਰ ਚਾਰੋ ਕੁੰਟ ਮੋ ਵਰਤਾਵੋ॥ਅਰੁ ਏਕ ਹੀ ਨਾਮ ਕੀ ਮਹਮਾ ਕਰੋ॥ਆਗੇ ਤੀਨ ਜੁਗਾ ਮੋ ਤੀਨ
ਨਾਮ ਰਬ ਕੇ ਕਹਤੇ ਥੇ॥ਪਹਲੇ ਆਦਿ ਪੁਰਖ ਫਿਰ ਰਾਮ ਫੇਰ ਕ੍ਰਿਸਨ ਨੀਲ ਪੋਸ॥ਮਗਰਬੀ ਤਿਸ
ਕਾ ਨਾਮ ਤੁਰਕ ਅਲਾਹ ਭੀ ਕਹਤੇ ਹੈ॥ਜੇ ਕੋਈ ਹਕ ਰਾਸਤੀ[2] ਪਰ ਖੜਾ ਹੋਵੈਗਾ॥ਸੋਈ ਪਾਕ
ਹੋਵੈਗਾ॥

ਗੁਰੂ ਬਾਬੇ ਜੀ ਕਹਿਆ ਮੁਲਾਂ ਜੀਵਣ ਜੀ ਇਸ ਹਕੀਕਤ ਕੋ ਕੋਈ ਨਾਹੀ ਪਾਇ
ਸਕਤਾ॥ਇਹ ਲੋ ਕਲਮ ਜਮੀਨ ਜਮਾਨ ਪਰ ਖੜਾ ਹੈ॥ਬਾਬੇ ਆਦਮ ਕਾ ਜੁਸਾ ਹੈ॥ਖਾਕੀ ਬੁਤ ਰੋਜ
ਸਬ ਚਾਰ ਕੁੰਟਾ ਕਉ ਸਿਜਦੇ ਕਰਤੇ ਹੈ॥ਅਫਤਾਬ ਅਰੁ[3] ਮਹਿਤਾਬ ਉਸ ਕੀਆ ਚਸਮਾ ਹੈ॥ਅਰੁ
ਚਾਰੋ ਤਰਫ ਖੁਦਾਇ ਬਿਆਪ ਰਹਾ ਹੈ॥ਇਸੀ ਆਲਮ ਪਰ ਉਪਜ ਕਰ ਮਰ ਮਰ ਸਭ ਗਏ
122/ਅ ਹੈ॥ਚਾਰੋ ਕਿਤਾਬ ਚਾਰੋ ਜੁਗ ਮੋ ਏਹਾ ਪੜਤੇ ਤਮਾਮ ਦਿਨ ਅਰੁ ਰਾਤ/ਸਿਜਦੇ ਕਰਦੇ ਹੈਨ॥ਚਾਰੋ
ਤਰਫ ਬਾਬੇ ਆਦਮ ਐਸਾ ਅਮਲ ਕਰਿਆ॥ਅਰੁ ਉਸ ਕੀ ਉਮਤ ਹਿੰਦੂ ਅਰੁ ਮੁਸਲਮਾਨ ਏਹੁ ਦੋਨੋ
ਰਾਹ ਸੈਤਾਨ ਪਰ ਚਲੇ॥ਹਰਾਮ ਹਲਾਲ ਅਪਨੇ ਅਖਿਤਿਆਰ ਵਿਚ ਰਖਿਆ ਹੈ॥ਕਿਤਾਬ ਕੇ ਰਾਹ ਤੇ
ਭੂਲ ਗਏ ਹੈਨ[4]॥ਕਿਤਾਬ ਕਛੁ ਅਵਰੁ ਕਹਤੀ ਹੈ॥ਅਰੁ ਵਹ ਕਛੁ ਅਵਰ ਕਹਤੇ ਹੈ॥ਅਬ ਉਨ ਕਾ
ਅਮਲ ਮਨਸੂਖ ਪਇਆ ਹੈ॥ਅਬ ਅਮਲ ਨਾਨਕ ਦਰਵੇਸ ਤੁਮਾਰਾ ਚਲਾ ਹੈ॥ਤੂੰ ਆਪ ਕੋ ਸਮਾਲ ਕੇ
ਦੁਨੀਆ ਅੰਦਰ ਜਾਵੋ॥ਸਭ ਥਾਨ ਮਕਾਨ ਦੁਨੀਆ ਅੰਦਰ ਜੇਤੇ ਹੈਨ॥ਨਵ ਖੰਡ ਪ੍ਰਿਥਮੀ ਊਪਰਿ ਤਿਨ
ਕੀ ਜਿਆਰਤ ਕਰੋ॥ਅਰੁ ਮਕੇ ਮਦੀਨੇ ਕੀ ਹਜ ਕਰੋ॥ਅਰੁ ਉਮਤ ਜੋ ਹੈਨ ਤਮਾਮ ਆਲਮ ਮਹਿ
ਹੇਜਿ ਦਹ ਹਜਾਰ ਆਲਮ ਕੀ ਤੁਮ ਰਖਿਆ ਕਰੋ॥ਕਿਆ ਹਿੰਦੂ ਅਰੁ ਮੁਸਲਮਾਨ ਕਿਆ ਦੇਵ ਕਿਆ
ਦਾਨਵ॥ਹੋਰ ਆਲਮ ਬਹੁਤ ਭਾਂਤ ਕਾ ਹੈ॥ਤਿਨ ਕੀ ਤੁਮ ਖਬਰ ਲੇਵਹੁ॥ਏਹੁ ਕਿਸ ਕੀ ਸਪੁਰਦ ਕਰ
ਦੀਏ ਹੈਨ॥ਹੇ ਮੁਲਾ ਜੀਵਨ ਜੀ ਅਸੀ ਇਸੁ ਆਲਮ ਕਾ ਤਮਾਸਾ॥ਦੇਖ ਕੈ ਹੈਰਾਨ ਹੋਇ ਰਹੇ
ਹਾ॥ਅਰ ਅਜਬ ਹੈਰਾਨਗੀ ਹੈ॥ਜੋ ਖੁਦਾਇ ਤਾਲਾ ਕੀ ਦਰਗਾਹ ਮੋ ਪੈਕੰਬਰਾ ਕੋ ਅਰੁ ਅਵਤਾਰਾ ਕੋ
ਜੋ ਹਿੰਦੂਆ ਮੋ ਹੋਏ ਹੈਨ॥ਤਾਗੀਦ ਕਰੀ ਥੀ॥ਜੋ ਸੰਸਾਰ ਮੋ ਜਾਇ ਕਰ ਮੇਰਾ ਨਾਮ ਜਪਾਵੋ॥ਸੋ ਭੀ
ਆਪੋ ਆਪਨੇ ਹੋਇ ਬੈਠੇ ਪਰਮ ਪਰਮੇਸਰ ਕੋ ਭੁਲਾਇ ਦੀਆ ਹੈ॥ਅਰੁ ਜੋ ਖਲਖ ਉਪਜੀ ਹੈ॥

ਸੋ ਖਾਲਕ ਕੇ ਜੁਸੇ ਸੋ ਉਪਜੀ ਹੈ॥ਸੋ ਤਿਸ ਕੋ ਭੁਲਾਇ ਦੀਆ॥ਅਰੁ ਦੁਨੀਆ ਹਰਾਮ
ਹਲਾਲ ਮੋ ਲਗੇ ਹੈਨ॥ਵੇ ਕਿਆਮਤ ਕੇ ਵਖਤ ਮੋ ਬਹੁਤ ਸਜਾਇ ਪਾਵੈਗੇ॥ਅਰੁ ਸੈਤਾਨ ਕੇ ਹਵਾਲੇ
123/ੳ ਹੋਵੈਗੇ॥/ਖਰਾਬ ਹੋਵੈਗੇ॥ਚਉਰਾਸੀ ਲਖ ਜੀਆ ਜੋਨ ਮੋ ਭਟਕੇਗੇ॥ਕਿਆ ਹਿੰਦੂ ਕਿਆ
ਮੁਸਲਮਾਨ॥ਆਪੋ ਆਪਨੇ ਅਮਲ ਪਰਵਾਨ॥ਹੇ ਮੁਲਾ ਜੀਵਣ ਜੀ ਅਬ ਜੋ ਕੋਈ ਨਾਨਕ ਫਕੀਰ
ਸੁਣੀਦਾ ਸਾ ਸੋ ਤਿਸ ਕੋ ਅਬ ਹੁਕਮ ਰਬ ਕਾ ਹੈ॥ਜੋ ਤੁਮ ਦੁਨੀਆ ਅੰਦਰ ਜਾਵੋ॥ਅਪਨਾ ਇਲਮ
ਨਸੀਹਤ ਜਾਹਰ ਕਰੋ॥ਆਗੇ ਏਕ ਲਾਖ ਅਸੀ ਹਜਾਰ ਪੈਗੰਬਰ ਤੇ ਅਵਤਾਰ ਅਰੁ ਭਗਤ ਸਿਧ ਅਰੁ
ਸਾਦਕ ਅਉਲੀਏ ਗੌਸ ਕੁਤਬ ਸਲਾਰ ਮੁਲਾਂ ਅਰੁ ਪੰਡਿਤ ਜੋ ਕੋਈ ਦੁਨੀਆ ਵਿਚ ਭੇਜੇ ਥੇ॥ਜੋ ਤੁਮ
ਜਾਇ ਕਰ ਅਪਨਾ ਹੁਕਮ ਕਰੋ॥ਵਹ ਸੰਸਾਰ ਮੋ ਜਾਇ ਕਰ ਗਰਕਾਬ[5] ਹੋਇ ਰਹੇ ਹੈਨ॥ਰੋਟੀ ਅਰੁ

---

[1] ਕਰਨੇ (ੲ)
[2] ਗਸਤੀ (ਸ)
[3] ਇੱਥੇ ਸ਼ਬਦ 'ਅਰੁ' ਨਹੀਂ ਹੈ (ੲ)
[4] ਇੱਥੇ 'ਕਿਤਾਬ ਕੇ ਰਾਹ ਤੇ ਭੂਲ ਗਏ ਹੈਨ॥' ਪੰਕਤੀ ਨਹੀਂ ਹੈ (ਸ)
[5] ਕਰਿ ਕਾਬ (ੲ)

ਕਪੜੇ ਮੋ ਸਾਂਈ ਕਾ ਹੁਕਮ ਭੁਲ ਗਇਆ ਤਿਨ ਕੋ॥ਸਚ ਕਾ ਰਾਹੁ ਛੁਟ ਗਇਆ ਹੈ॥ਚਾਰ ਕਿਤਾਬ ਕੇ ਹੋਤੇ ਸੰਸਾਰ ਮੋ ਅੰਧੇਰ ਵਰਤ ਰਹਾ ਹੈ॥ਜੇ ਕੋਈ ਕਲਜੁਗ ਵਿਚ ਬੀੜਾ ਉਠਾਇ ਆਇਆ ਹੈ॥ਸੋ ਅਪਨੀ ਵਡਿਆਈ ਵਿਚ ਖਰਾਬ ਹੋਇਆ ਹੈ॥ਅਪਨਾ ਰੂਹ ਸਿਆਹੁ ਕੀਆ ਹੈ॥ਆਗੇ ਦੋਜਕ ਅਰੁ ਲਾਨਤ ਕਾ ਤਬਕ ਤਿਆਰ ਹੈ॥ਅਰੁ ਫੇਰ ਰਬ ਕਾ ਹੁਕਮ ਇਸ ਤਰਹ ਹੂਆ॥ਜੋ ਸਭ ਪੈਗੰਬਰਾਂ ਕਾ ਖਾਤਮ ਮੁਹੰਮਦ ਮੁਸਤਫਾ ਦੁਨੀਆ ਗਇਆ ਥਾ॥ਬਹਤਰ ਫਿਰਕੇ ਅਪਨੇ ਮਜਬ ਵਿਚ ਤਿਸ ਨੇ ਬਾਧੇ॥ਅਰ ਜੋ ਹੋਰ ਦਸ ਨਾਮ ਸੰਨਿਆਸੀ॥ਅਰੁ ਬਾਰਹ ਪੰਥ ਕੰਨ ਫਟੇ ਰਾਵਲ॥ਬਾਵਨ[1] ਦੁਆਰੇ ਰਾਮਾਨੰਦ ਬੈਰਾਗੀ ਕੇ ਸੰਸਾਰ ਵਿਚ ਵਰਤੇ ਹੈਨ॥ਅਵਰ ਫਿਰਕਿਆ ਕੀ ਗਣਤੀ ਕੋਈ ਨਾਹੀ॥ਜੋ ਆਪੋ ਧਾਪ ਹੋਇ ਫਿਰੇ ਹੈਨ॥ਤਿਸ ਕੀ ਧੂਮ ਸਚੇ ਸਾਹਿਬ ਕੀ ਦਰਗਾਹ ਮੋ ਸੁਣੀ ਹੈ॥ਹੇ ਮੁਲਾ
123/ਅ ਜੀਵਣ ਜੀ ਅਸੀ ਸੰਸਾਰ ਮੇ ਝੂਠ ਨ ਚਲਨੇ/ਦੇਵੈਗੇ॥ਕਲਜੁਗ ਵਿਚ ਕਈ ਜਾਮੇ ਧਾਰਨੇ ਹੈਨ॥ਜੋ ਕਛੁ ਸਚੇ ਸਾਹਿਬ ਕੀ ਤਰਫ ਤੇ ਕਰਾਮਾਤ ਸਿਫਤ ਕਾ ਤੋਸਾ ਹਮ ਕੋ ਮਿਲਆ ਹੈ॥ਸੋਈ ਸਭਨਾ ਮਹਲਾ ਮੇਰਿ ਵਿਚ ਵਰਤੇਗਾ॥ਆਦਿ ਜੁਗਾਦਿ॥ਅਤੇ ਸਦਾ ਸਰਬਦਾ ਏਕ ਵਰਨ ਖੁਦਾਇ ਤਆਲਾ ਧਰਤਾ ਆਇਆ ਹੈ॥ਅਬ ਤੋ ਕਲੀ ਕਾਲ ਵਿਚ ਨਾਂਏ ਸਭ ਹਿੰਦੂ ਹੋਇ ਗੁਜਰੇ॥ਨਾਸ ਭਏ ਮੁਸਲਮਾਨ ਹੋਇ ਗੁਜਰੇ॥ਆਪੋ ਅਪਨੀ ਸੈਤਾਨਗੀ ਮੋ ਰਚੇ ਹੈ॥ਜੈਸਾ ਅਮਲ ਕੋਈ ਕਰੇਗਾ॥ਤੈਸਾ ਹੀ ਪਾਵੈਗਾ॥ਜਬ ਯਹ ਬਾਤਾ ਮੁਲਾ ਜੀਵਣ ਸੁਣੀਆ॥ਸੁਣਤੇ ਹੀ ਤਮਕ ਮੋ ਆਇਕੇ ਦੁਰਾ ਹਬ ਲੀਆ॥ਅਰੁ ਜੇਤੇ ਹਾਜੀ ਸੋਏ ਪੜੇ ਥੇ ਤਿਨ ਕੋ ਦੁਰਾ ਮਾਰ ਕੇ ਜਗਾਵਨੇ ਲਾਗਾ॥ਅਰੁ ਕਹਾ ਕਿ ਹੇ ਯਾਰੋ ਤੁਮ ਸੁਣੋ ਨਾਨਕ ਦਰਵੇਸ ਹਿੰਦੂ ਕੀ ਨਸੀਹਤ॥ਅਰੁ ਨਾਲੇ ਹਮਾਰੇ ਰੁਖ ਵਲੋ ਮਕਾ ਫਿਰ ਖੜੋਤਾ ਹੈ॥ਫੇਰ ਮੀਆ ਜੀਵਨ ਬਾਬੇ ਨਾਨਕ ਜੀ ਸੋ ਕਹਨੇ ਲਾਗਾ॥ਹੇ ਨਾਨਕ ਦਰਵੇਸ ਜੀ ਇਹ ਤੇਰੇ ਹਿੰਦ ਕੇ ਹਾਜੀ ਦਰੋਗ ਗੋਇ ਇਥੇ ਆਵਤੇ ਹੈ॥ਮਕੇ ਕੇ ਲੋਕ ਭੀ ਖਰਾਬ ਕੀਏ ਹੈਨ॥ਏਤੇ ਮੋ ਕਾਜੀ ਰੁਕਨਦੀ[2] ਨਿਮਾਜ ਪਰ ਆਇ ਖੜਾ ਭਇਆ॥ਬਾਬੇ ਨਾਨਕ ਜੀ ਕੇ ਨਾਲ ਦੁਆਇ ਸਲਾਮ ਕੀਆ॥ਤਾ ਬਾਬੇ ਜੀ ਨੇ ਕਹਾ ਏ ਕਾਜੀ ਰੁਕਨਦੀਨ ਜੀ ਅਸੀ ਤੁਸਾਡੇ ਦੀਦਾਰ ਵਾਸਤੇ ਆਏ ਹਾਂ॥ਹਜਾਰਾਂ ਕੋਸਾਂ ਸੋ॥ਅਸਾ ਮੁਕਾਬਲਾ ਸਭਨਾ ਕੌਮਾ ਨਾਲ ਕੀਆ ਹੈ॥ਅਤੇ ਰਦ ਬਦਲ ਕਰਕੇ ਸਭ ਮਨਸੂਖ ਕੀਤੇ ਹੈਨ॥ਬਾਕੀ ਦੋ ਫਿਰਕੇ ਹਿੰਦੂ ਮੁਸਲਮਾਨ ਰਹਤੇ ਹੈ॥ਅਤੇ ਹਿੰਦੂ ਕਹਤੇ ਮੁਸਲਮਾਨ ਮਨਸੂਖ ਹੈਨ॥ਅਰੁ ਮੁਸਲਮਾਨ ਆਖਦੇ
124/ੳ ਹੈਨ ਕਿ ਹਿੰਦੂ ਮਨਸੂਖ ਹੈਨ॥ਅਸਾ ਨੂ ਹੁਕਮ ਪਾਕ ਪਰਵਰਦਿਗਾਰ ਕਾ ਹੋਆ/ਹੈ॥ਜੋ ਚਾਰ ਕਤੇਬਾ ਉਪਰ ਅਮਲ ਕਰੋ॥ਪੜੇ ਗੁੜੇ ਸਬਾਬ ਨਾਹੀ ਅਮਲ ਕਰਨ ਹੀ ਸਬਾਬ ਹੈ॥ਖਾਸ ਮਤਾਲਬ ਅਮਲ ਹੈ॥ਖੁਦਾਇ ਕਾ ਹੁਕਮ ਹੈ ਇਸ ਆਖਰੀ ਜਮਾਨੇ ਮੋ ਬਗੇਰ ਸਾਂਈ ਦੀ ਬੰਦਗੀ ਖਲਾਸੀ ਕਿਸੇ ਬਾਤ ਮੋ ਨਾਹੀ ਹੋਤੀ॥ਕਾਜੀ ਜੀ ਇਕ ਦੁਇ ਸੁਖਨ ਹਕ ਰਾਸਤੀ ਕੈ ਅਸਾ ਕਰਨੇ ਹੈਨ॥ਜੀਵਦਿਆ ਮੇਲਾ ਅਸਾਡਾ ਤੁਸਾਡਾ ਖੁਦਾਇ ਤਆਲਾ ਨੇ ਕੀਤਾ ਹੈ॥ਕਲਜੁਗ ਮੈ ਦੋ ਫਿਰਕੇ ਤਹਕੀਕ ਕੀਤੇ ਹੈਨ॥ਅਜੇ ਤਿਨਾ ਵਿਚ ਸੰਕਾ ਹੈ॥ਕਾਫਰਾ ਮੁਹਲਦਾ ਕਾ ਜੋ ਸਚੁ ਹੈ ਸੋ ਇਸ ਪਾਕਨਾਮੇ ਵਿਚ ਜਾਹਰ ਕੀਚੈ॥ਅਰੁ ਜੋਗੁ ਮਰਾਹਿ ਹੈਨ ਤਿਨ ਕੋ ਰਦ ਕਰੀਏ॥ਤੁਸਾਡੇ ਦੀਨ ਕਾ ਘਰ ਮਕਾ ਮਦੀਨਾ ਹੈ॥ਜੋ ਇਥੇ ਕਜਾਇ ਹੋਇ ਨਿਬੜੇ ਸੋਈ ਸਹੀ ਹੈ॥ਆਪਨੇ ਅਮਲ ਜਾਹਰ ਕੀਚਨਾ॥ਸਚ ਕੋ ਰਖੀਏ ਦਰੋਗ ਕੋ ਦੂਰ ਕੀਚੇ॥

॥ਆਗੇ ਜਬਾਬ ਹਕ ਰਾਸਤੀ ਕਾ ਚਲਾ॥

ਇਕ ਤਰਫ ਮਕੇ ਕੇ ਹਾਜੀ ਅਰ ਏਕ ਵਲ ਬਾਬਾ ਨਾਨਕ ਜੀ॥ਹਕ ਰਾਸਤੀ ਕੀ ਗੁਫਤ ਸੁਨੀਦ ਹੋਈ॥ਸਬਦ ਉਪਰ ਨਿਬੇੜਾ ਹੋਵੇਗਾ॥ਹਿੰਦੂ ਤੁਰਕ ਕਾ ਬਾਬੇ ਜੀ ਕੀਤਾ॥ਜਾ ਇਤਨੀ ਨਸੀਹਤ ਬਾਬੇ ਜੀ ਆਖੀ॥ਤਾਂ ਮੁਲਾ ਜੀਵਣ ਗੁਸਾ ਖਾਇ ਕੇ ਬੋਲਿਆ॥ਸੂਰੇ ਕਲਾਮ ਕਹਨੇ ਲਾਗਾ॥[3]

॥ਸੂਰਾ॥[4]

ਹਜਰਤ ਕਾ ਫੁਰਮਾਇਆ ਲਿਖਿਆ ਵਿਚ ਕਿਤਾਬ॥
ਤਿਸ ਰੋਜ ਮਹਾਸਰ ਡੀਹੜੇ ਹੋਸਨ ਸੋਈ ਖਰਾਬ॥
ਜੋ ਦਿਤੀ ਬਾਂਗ ਨ ਜਾਗਦੇ ਸੁਤੇ ਪਏ ਨਪਾਕ॥
ਮੁਤੁੜ ਥੀਏ ਰਬ ਤੇ ਦਰ ਤੇ ਮਿਲੀ ਤਲਾਕ॥

---

[1] ਬਾਵਟ (ਸ)

[2] ਰੁਕਨਦੀਨ (ੲ,ਸ)

[3] ਇੱਥੇ ਪਾਠ '॥ਜਬ ਸਿਫਤ ਸਾਂਈ ਦੀ ਬਾਬੇ ਜੀ ਸੋ ਸਭਨ ਨੇ ਸੁਨਾ......ਸੂਰੇ ਕਲਾਮ ਕਹਨੇ ਲਾਗਾ॥' ((121/ੳ ਤੋਂ 124/ੳ ਤੱਕ) ਦੀ ਜਗ੍ਹਾ ਤੇ ਹੋਰ ਪਾਠ ਹੈ (ਅ) ਵੇਖੋ ਅੰਤਿਕਾ 1

[4] ਇੱਥੇ ਸਿਰਲੇਖ '॥ਸਵਾਲ ਮੁਲਾ ਜੀਵਨ ਸੂਰਾ॥' ਹੈ (ਅ)

ਬੇ ਨਿਮਾਜਾ ਤੇ ਸਗ ਭਲੇ ਜੋ ਰਹਦੇ ਰਾਤੀ ਜਾਗ॥
ਕਰਨ ਅਲਹੁ ਦੀ ਬੰਦਗੀ ਵਡੇ ਤਿਨਾ ਦੇ ਭਾਗ॥
124/ਅ ਹਢ ਪਲੀਤੀ ਕਾਫਰਾ ਪੜ ਅਉਰਤ ਨਾਲ/ਮੁਹਾਤ॥
ਉਹ ਵੇਲਾ ਵਖਤ ਨ ਜਾਣਦੇ ਨਾ ਕਛੁ ਉਮਰ ਕਿਤਾਬ॥
ਦੋਜਕ ਸੜਦੇ ਪਾਈਅਨ ਤਿਨ ਕੇ ਸਹਨ ਅਜਾਬ॥
ਅਜਰਾਇਲ ਫਰੇਸਤਾ ਫਿਰ ਆਖਰ ਕਰੇ ਖਰਾਬ॥
ਸੂਰ ਸਰਾਬ ਹਰਾਮੁ ਹੈ ਬੋਸਾ ਅਮਲੁ ਗੁਨਾਹਿ॥
ਜੀਵਣ ਸਾਮਤ ਨਫਸ ਦੀ ਪਾਸਨ ਕੁਲ ਸਜਾਇ॥

॥ਜਬਾਬ ਨਾਨਕ ਸਾਹ ਸੂਰਾ॥

ਨਾਨਕ ਆਖੇ ਜੀਵਨਾ ਮੁਖ ਤੇ ਸਚੁ ਅਲਾਇ॥
ਰੋਜ ਮਹਾਸਰ ਡੀਹਰੇ ਪਉਸੀ ਗੁਲ ਕਹਾਇ॥
ਹੋਇ ਕਿਆਮਤ ਦੁਨੀ ਪਰ ਅੰਤ ਨ ਓੜਕ ਤਾਹਿ॥
ਤਜ ਕਾਜੀ ਮੁਫਤੀ ਕੋ ਨਹੀ ਕਾਜੀ ਆਪ ਖੁਦਾਇ॥
ਗੈਰ ਹਿਸਾਬ ਨ ਹੋਸੀਆਰ ਬਾਨੀ ਦਰਗਾਹ॥
ਤਲਬਾ ਪਉਸਨ ਆਕੀਆ ਕੀਤੇ ਜਿਨਾ ਗੁਨਾਹਿ॥
ਪੈਸਨ ਦੋਜਕ ਹਾਵੀਏ ਗਲ ਸੰਗਲ ਲੋਹ ਮਿਲਾਇ॥
ਨੇਕਾ ਅਮਲਾ ਵਾਲਿਆ ਦੇਖ ਹੋਸ ਨ ਪਾਕ ਅਉਗਾਹ॥
ਬਦ ਅਮਲੀ ਬਦ ਮਾਮਲੀ ਹੋਸਨ ਅੰਤ ਫਨਾਹਿ॥
ਅਮਲੀ ਸੋਫੀ ਉਤ ਦਿਨ ਮਿਲ ਕਰਸਨ ਬੈਠ ਸਲਾਹਿ॥
ਹੋਰ ਨ ਹੋਸੀ ਪਾਸ ਕੋ ਇਕੁ ਅਲਾ ਆਪ ਗਵਾਹ॥
ਅਮਰ ਹਯਾਤੀ ਭਿਸਤ ਵਿਚ ਪਉਸਨ ਸਚ ਅਲਾਇ॥
ਛੁਟਸਨ ਸੇਈ ਨਾਨਕਾ ਮੁਰਸਦ ਜਿਨਾ ਪਨਾਹ॥

॥ਹਦੀਸ॥[1]

ਮੁਸਲਮਾਨ ਕਹਾਵਨ ਮੁਸਕਲ ਜਾ ਹੋਇ ਤਾ ਮੁਸਲਮਾਨ ਕਹਾਵੈ॥
ਅਵਲ ਅਵਿਲ ਦੀਨ ਕਰ ਮਿਠਾ ਮੁਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਮੁ ਦੀਨ ਮੁਹਾਣੇ ਮਰਣ ਜੀਵਣ ਦਾ ਭਰਮ ਚੁਕਾਵੈ॥
ਰਬ ਦੀ ਰਜਾਇ ਮੰਨੈ ਸਿਰ ਊਪਰਿ ਕਰਤਾ ਮੰਨੈ ਆਪ ਗਵਾਵੈ॥
ਨਾਨਕ ਸਰਬ ਜੀਆ ਮਿਹਰਮਤ ਹੋਵੈ ਤਾ ਮੁਸਲਮਾਨ ਕਹਾਵੈ॥

॥ਸੂਰਾ॥[2]

ਮਿਹਰ ਮਸੀਤ ਸਿਦਕ ਮੁਸਲਾ ਹਕ ਹਲਾਲ ਕੁਰਾਨ॥
125/ੳ ਸਰਮ ਸੁੰਨ/ਤ ਸੀਲ ਰੋਜਾ ਤਾ ਹੋਹਿ ਮੁਸਲਮਾਨ॥
ਕਰਨੀ ਕਾਬਾ ਸਚੁ ਪੀਰ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸ ਭਾਵਸੀ ਨਾਨਕ ਰਖੇ ਲਾਜ॥

॥ਸਵਾਲ॥

॥ਬੈਤ[3] **॥**

ਮੁਸਲਮਾਲ ਮੁਸਾਵੈ ਆਪ॥ ਸਿਦਕ ਸਬੂਰੀ ਕਲਮਾ ਪਾਕ॥
ਪੜੀ ਨ ਛੇੜੇ ਖੜੀ ਨ ਖਾਇ॥ ਸੋ ਮੁਸਲਮਾਨ ਭਿਸਤ ਕੋ ਜਾਇ॥

॥ਜਬਾਬ ਸੂਰਾ॥

ਹਕ ਪਰਾਇਆ ਨਾਨਕਾ ਉਸ ਸੂਰ ਉਸ ਗਾਇ॥
ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਖਾਇ॥
ਗਲੀ ਭਿਸਤ ਨ ਜਾਈਐ ਛੁਟੇ[4] ਸਚੁ ਕਮਾਇ॥

---

[1] ਇੱਥੇ ਸਿਰਲੇਖ '॥ਹਦੀਸ॥ਸਲੋਕ ਮਹਲਾ ੧॥' ਹੈ (ਸ)
[2] ਇੱਥੇ ਸਿਰਲੇਖ '॥ਸੂਰਾ॥ਸਲੋਕ ਮਹਲਾ ੧॥' ਹੈ (ਸ)
[3] ਇੱਥੇ ਸਿਰਲੇਖ '॥ਬੈਤ॥' ਨਹੀਂ ਹੈ (ੲ)
[4] ਛੁਟੀਐ (ੲ)

[1]ਨਾਨਕ ਗਲੀ ਕੂੜੀਆ ਕੂੜੋ ਪਲੈ ਪਾਇ॥

॥ਸੂਰਾ॥

ਆਲਤ ਕਟੀ ਤੁਰਕ ਦੀ ਹਿੰਦੂ ਗੋਸ ਛਿਦਾਇ॥
ਜਰਬ ਲਗਾਵਨ ਆਪਨੀ ਨਿਆਰਾ ਰਹਿਆ ਖੁਦਾਇ॥
ਹਿੰਦੂ ਮੁਸਲਮਾਨ ਦੋਇ ਦਰਗਹ ਲਹਨ ਸਜਾਇ॥
ਫੈਲ ਫਕੜ ਜਹਾਨ ਵਿਚ ਹਿੰਦੂ ਤੁਰਕ ਕਹਾਇ॥
ਕਲਜੁਗ ਵਿਚ ਮਨਸੂਖ ਹੈਨ ਦੋਇ ਹਿੰਦੂ ਮੁਸਲਮਾਨ॥
ਤੀਜਾ ਦੀਨ ਚਲਾਇ ਮੁਸਕਲ ਭਇਆ ਅਸਾਨ॥

॥ਸਵਾਲ ਕਾਜੀ ਰੁਕਨਦੀਨ॥[2]

ਆਖੇ ਕਾਜੀ ਰੁਕਨਦੀਨ ਸੁਨ ਨਾਨਕ ਸਾਹ ਦਰਵੇਸ॥
ਇਥੇ ਕਲਮਾ ਪਾਕ ਪੜੇ ਸੋ ਸਾਂਈ ਦੇ ਦਰਪੇਸ[3]॥
ਅਵਲ ਨਾਮ ਖੁਦਾਇ ਦਾ ਦੋਇਮ ਨਬੀ ਰਸੂਲ॥
ਨਾਨਕ ਕਲਮਾ ਜੋ ਪੜੇ ਦਰਗਹੇ ਪਵੈ ਕਬੂਲ॥

॥ਜਬਾਬ ਨਾਨਕ ਸਾਹ॥

॥ਸੂਰਾ॥

ਸੁਨਹੋ ਕਾਜੀ ਰੁਕਨਦੀਨ ਆਖੀ ਨਾਨਕ ਸਾਹਿ॥
ਜਿਨਾ ਇਮਾਨ ਸਲਾਮਤੀ ਸੇ ਦਰਗਹ ਪਾਇਨ ਰਾਹਿ॥
ਅਵਲ ਨਾਮ ਖੁਦਾਇ ਦਾ ਹੋਰ ਕੇਤੇ ਨਬੀ ਰਸੂਲ॥
ਰੁਕਨਲ ਨੀਯਤ ਰਾਸ ਕਰ ਤਾ ਦਰਗਹ ਪਵਹਿ ਕਬੂਲ॥

॥ਸੂਰਾ॥

ਲਿਖਿਆ ਦਰਗਾਹਿ ਖੁਦਾਇ ਦੀ ਏਕਸ ਬਾਝ ਨ ਕੋਇ॥
ਦੂਜੀ ਕੁਦਰਤ ਸਾਜ ਕੇ ਰੰਗ ਦਿਖਾਏ ਦੋਇ॥
125/ਅ /ਇਕ ਦੂ ਕਦਰਤਿ ਲਖ ਕਰ ਲਖੌ ਲਖ ਅਸੰਖ॥
ਨਾਨਕ ਮਿਤ ਨ ਪਾਵਈ ਸਾਹਿਬ ਸੋ ਤੋ ਅਗਮ ਬਿਅੰਤ॥
ਆਦਮ ਹਵਾ ਸਿਰਜਿਆ ਕੁਦਰਤਿ ਬੰਦੇ ਦੋਇ॥
ਦੁਹ ਤੇ ਉਪਜੀ ਮੇਦਨੀ ਜੀਆ ਜੰਤ ਕਈ ਲੋਇ॥
ਪੈਕੰਬਰੀ ਲੇ ਕਰ ਆਇਆ ਇਸ ਦੁਨੀਆ ਕੇ ਮਾਹਿ॥
ਨਾਉ ਮਹੁੰਮਦ ਮੁਸਤਫਾ ਹੋਇਆ ਬੇਪਰਵਾਹ॥
ਡਿਠੀ ਓਸ ਚਾਰ ਕਿਤਾਬ ਸੋਧ ਇਕਸੇ ਬਾਝ ਨ ਕੋਇ॥
ਵਾਹਦ ਲਾ ਸਰੀਕ ਹੈ ਦੂਜਾ ਹੋਇਆ ਨ ਹੋਗ[4]॥
ਢੂਢਿਓਸ ਚੌਦਹ ਤਬਕ ਫਿਰ ਸੂਰਤ ਨਾਹਿ ਖਦਾਇ॥
ਸੁਨਿਓਸੁ ਆਵਾਜਾ ਅਰਸ ਦਾ ਗੈਬੀ ਪਰਦੇ ਮਾਹਿ॥
ਪੜਦੇ ਅੰਦਰ ਨੂਰ ਹੈ ਬਿਅੰਤ ਅਫਤਾਬ ਮਹਤਾਬ॥
ਨਾਹਿ ਨਮੂਨਾ ਰਬਿ ਦਾ ਨਾਹੀ ਜਾਤ ਸਫਾਤ॥
ਫਿਰਿ ਸੋਧਿਓਸ ਅੰਦਰ ਆਪਣੇ ਆਪੇ ਆਪ ਖੁਦਾਇ॥
ਪੜਉਸ ਕਲਮਾ ਇਸਕ ਦਾ ਮਹੰਮਦ ਸਾਥਿ ਮਿਲਾਇ॥
ਭਇਆ ਮਸੂਕ ਖੁਦਾਇ ਦਾ ਹੋਆ ਤੁਲ ਅਲਾਹਿ॥
ਅਲਾਹ ਬੇ ਨਮੂਨ ਹੈ ਬੇਚਗੂਨ ਕਹਾਇ॥
ਅਲਹੁ ਆਸਕ ਸਚ ਦਾ ਹੋਰ ਮਾਸੂਕ ਨ ਕੋਇ॥
ਰਹਦਾ ਬੇਪਰਵਾਹੁ ਹੈ ਇਕੋ ਕਰਤਾ ਸੋਇ॥
ਇਕਸ ਦਿਹਾੜੇ ਜਾਦਿਆ ਸਬ ਮੈਰਾਜੇ ਮਾਹਿ॥

---

[1] ਇੱਥੇ 'ਮਾਰਣ ਪਾਹਿ ਹਰਾਮ ਹੋਇ ਹਲਾਲ ਨ ਜਾਇ॥..ਗਲੀ ਕੂੜੀਆ ਕੂੜੋ ਪਲੈ ਪਾਇ॥' ਪਾਠ ਹੈ (ਸ)
[2] ਇੱਥੇ ਸਿਰਲੇਖ '॥ਸਵਾਲ ਕਾਜੀ ਰੁਕਨਦੀਨ ਕਾ॥' ਹੈ (ਅ), ਇੱਥੇ ਸਿਰਲੇਖ '॥ਸਵਾਲ ਰੁਕਨਦੀਨ॥' ਹੈ (ੲ)
[3] ਦਰਵੇਸ (ਅ)
[4] ਹੋਇ (ੲ,ਸ)

ਮਨ ਵਿਚ ਖੁਦੀ ਵਿਚਾਰਿਆ ਮੈ ਤੁਲ ਕੋਈ ਨਾਹਿ॥
ਅੰਦਰ ਬਬ ਮਾਰਦੇ ਕੀਤੀ ਉਸ ਖੁਦੀ ਬਿਕਾਰ॥
ਜਿਬਰਾਈਲ ਦਿਖਾਇਅਨੁ ਕੁਦਰਤ ਸੁਤਰ ਕਤਾਰ॥
ਇਕਸ ਇਕਸ ਸੁਤਰ ਪਰ ਤ੍ਰੈ ਤ੍ਰੈ ਹੈਨ ਸੰਦੂਕ॥
ਇਕੁ ਇਕੁ ਸਰਵਾਨ ਤਿਹ ਸੰਗ ਹੈ ਅਗੋ ਪਵੰਦੀ ਕੂਕ॥
ਅਵਲ ਆਖਰ ਦੇਖਿ ਕਰਿ ਹੋਇ ਰਹਿਆ ਹੈਰਾਨ॥
ਕਬਈ ਰਾਹੁ ਨ ਖੁਲਈ ਚੂਕੇ ਸਾਨ ਔਸਾਨ॥
ਪੁਛਿਓਸ ਜਬਰਾਈਲ ਨੂ ਕਦ ਖੁਲੇਗਾ ਰਾਹੁ॥
ਜਿਬਰਾਈਲੁ ਪੁਕਾਰਿਆ ਹੈਨ ਬਿਅੰਤ ਅਥਾਹੁ॥
126/ੳ ਮੈ ਭੀ ਪੈਦਾ/ਨਾ ਹੋਇਆ ਆਗੇ ਹੀ ਦਾ ਖੇਲ॥
ਅਮਦ ਰਫਤ ਕਦੀਮ ਹੈ ਬਦੀ ਨ ਰਹਤੇ ਮੇਲ॥
ਆਖਿਆ ਜਿਬਰਾਈਲ ਤਬ ਖੋਲ ਸੰਦੂਕ ਤੂੰ ਦੇਖ॥
ਇਕ ਲੀਤਾ ਸੁਤਰ ਕਤਾਰ ਤੇ ਨਾਨਕ ਕਹੇ ਬਬੇਕ॥
ਡਿਠਿਓਸ ਖੋਲ ਸੰਦੂਕ ਇਕ ਆਡੇ ਭਰੇ ਮਿਆਨ॥
ਗੈਬੀ ਅਗੇ ਤਿਲਸਮਾਤ ਕਰਤੇ ਰਚੀ ਚੌਗਾਨ॥
ਇਕ ਡਿਠੋ ਸੁ ਅੰਡਾ ਫੋੜ ਕਰ ਹੋਆ ਅੰਧ ਗੁਬਾਰ॥
ਚਾਂਦ ਨ ਫੇਰ ਦਿਖਾਲਿਉਨ ਉਸ ਦੇ ਤਬਕ ਹਜਾਰ॥
ਇਕਸੇ ਇਕਸੇ ਤਬਕ ਵਿਚ ਕਈ ਅਸੰਖ ਅਵਿਤਾਰ॥
ਕਈ ਮਹੰਮਦ ਮੁਸਤਫਾ ਇਥੇ ਪੈਗੰਬਰ ਕੋਇ॥
ਅਗੋ ਕਹਾ ਪੈਗੰਬਰਾ ਕਈ ਅਸੰਖਾ ਲੋਇ॥
ਦੇਖਉਸ ਸਪਤ ਪਤਾਲ ਫਿਰਿ ਡਿਠਿਓਸ ਸਪਤ ਅਕਾਸ॥
ਇਕਸੇ ਇਕਸੇ ਤਬਕ ਵਿਚ ਕਈ ਰਸੂਲ ਖਵਾਸ॥
ਫਿਰ ਆਖਿਉਸ ਮੁਹੌ ਕਲਾਮ ਇਹੁ ਵਾਹਦਲਾ ਸਰੀਕ॥
ਕਈ ਅਸੰਖ ਪੈਗੰਬਰਾ ਕਿਸੇ ਨ ਲੰਘੀ ਲੀਕ॥
ਕੇਤੇ ਨੂਰ ਮਹੰਮਦੀ ਡਿਠੇ ਨਬੀ ਰਸੂਲ॥
ਨਾਨਕ ਕੁਦਰਤ ਦੇਖ ਕੈ ਗਈ ਖੁਦੀ ਸਭ ਭੂਲ॥੧੦॥
ਮੁਸਲਮਾਨ ਖੁਦਾਇ ਕਹੈ ਹਿੰਦੂ ਆਖੇ ਰਾਮ॥
ਦੁਹਾ ਦਾਵਾ ਪਕੜਿਆ ਗਾਲਬ ਭਇਆ ਸੈਤਾਨ॥
ਹਿੰਦੂ ਮੂਰਤ ਨਿਰਮਲੀ ਮੁਸਲਮਾਨੀ ਪਾਕ॥
ਅਮਲਾ ਉਤੇ ਨਿਬੜੇ ਸਹੇ ਨਿਮਾਣੀ ਖਾਕ॥
ਅਰੁਬਾ ਇਨਾਸਰ ਮੇਲ ਕੇ ਜੁਸੇ ਰਚੇ ਖੁਦਾਇ॥
ਆਪੇ ਸਾਜ ਨਿਵਾਜਦਾ ਆਪੇ ਕਰੇ ਫਨਾਹਿ॥
ਕਾਇਮ ਦਾਇਮ ਕੁਦਰਤੀ ਸਚਾ ਬੇਪਰਵਾਹ॥
ਨਾਨਕ ਸਾਹਿਬ ਏਕ ਹੈ ਅਉਰ ਸੈਤਾਨੀ ਰਾਹ॥
ਖਾਸਾ ਜੁਸਾ ਆਦਮੀ ਦੁਨੀਆ ਸਭ ਹੀ ਮਾਹਿ॥
ਦੇਵੇ ਖਬਰ ਖੁਦਾਇ ਦੀ ਬੇਦ ਕਤੇਬ ਸੁਨਾਇ॥
ਦਾਵਾ ਛਡੋ ਮੋਮਨੋ ਦਰਗਹ ਪਵੋ ਕਬੂਲ॥
126/ਅ /ਚਾਰ ਕਤੇਬਾ ਸੋਧ ਕੇ ਆਖੇ ਪਾਕ ਰਸੂਲ॥
ਇਕੋ ਪਾਕ ਖੁਦਾਇ ਹੈ ਇਕੋ ਆਦਮ ਰੂਹ॥
ਜਾਨ ਬੂਝ ਦਾਵਾ ਕਰੇ ਪਵਹਿ ਕੁਫਰ ਕੇ ਖੂਹ॥
ਇਕੋ ਪਾਕ ਖੁਦਾਇ ਹੈ ਇਕੋ ਤਸਬੀ ਹਾਥ॥
ਮਣਕੇ ਇਕਸੇ ਰੰਗ ਦੇ ਕੁਫਰ ਦਿਖਾਏ ਲਾਖ॥
ਜੀਅ ਤਾ ਮਾਰੇ ਜੀਅ ਕੋ ਤਿਸ ਪਰ ਛੁਰੀ ਹਰਾਮ॥
ਮਰਦਿਆ ਪਾਕ ਹਲਾਲ ਹੈ ਕਢੀ ਰਵਾ ਕਲਾਮ॥
ਜਿਸ ਨੋ ਜੋਰੀ ਮਾਰਸੀ ਸੋ ਭੀ ਮਾਰਣਹਾਰ॥

ਕਿਆਮਤ ਲੇਖਾ ਨਿਬੜੇ ਛੁਟੇ ਕਿਵੇ ਨ ਯਾਰ॥
ਇਕਸ ਆਦਮ ਬਾਹਰੀ ਸਭੇ ਸਈ ਹਲਾਲ॥
ਰਬ ਰਜਾਈ ਜੇ ਮਰੇ ਤਿਨ ਪਰ ਛੁਰੀ ਹਰਾਮ॥
ਜਿਤਨੀ ਉਮਤ ਰਬ ਦੀ ਅਰਬ ਇਨਾਸਰ ਮਾਹਿ॥
ਕਾਨ ਹੈਵਾਨ ਨਬਾਤ ਤ੍ਰੈ ਚੌਥਾ ਜਿਨਸ ਕਹਾਇ॥
ਕਾਇਮ ਦਾਇਮ ਕੁਦਰਤੀ ਇਕੋ ਪਾਕ ਅਲਾਹ॥
ਚੌਪੜ ਬਾਜੀ ਖੇਲ ਕਰ ਫਿਰ ਫਿਰ ਆਵੈ ਜਾਇ॥
ਬੇਦ ਅਥਰਬਣ ਬਾਹਰੇ ਜੇ ਕੋ ਅਮਲ ਕਰੇ॥
ਤਿਸ ਪਰ ਦੁਨੀਆ ਜਬਰ ਹੈ ਰਬ[1] ਨ ਢੋਈ ਦੇਇ॥
ਨਾਹਿ ਸੇ ਗਾਇਤ੍ਰੀ ਤਰਪਣੋ ਰੋਜਾ ਨਾਹਿ ਨਿਮਾਜ॥
ਅਮਲਾ ਬਾਝੋ ਮੋਮਨੋ ਦੋਜਖ ਦੁਨੀਆ ਕਾਰਨੇ ਅਹਿਨਿਸ ਫਿਰੇ ਰੰਜੂਲ[2]॥
ਕਰਮ ਨਿਵਾਜ ਬਹੁ ਕਰੇ ਪਵੇ ਨ ਕਾਇ ਕਬੂਲ॥
ਦੁਖੀ ਦੁਨੀ ਸਹੇੜਿਆ ਜਾਇ ਤ ਲਗੇ ਦੁਖ॥
ਨਾਨਕ ਸਚੇ ਨਾਮ ਬਿਨ ਕਦੇ ਨ ਲਥੀ ਭੁਖ॥

॥ਦੋਹਰਾ॥

ਮਾਇਆ ਸਤਗੁਰ ਕੀ ਬਲੀ ਕੁਦਰਤ ਸਿਧ ਅਪਾਰ॥
ਗਿਆਨ ਬਿਗਆਨ ਪੂਰਨ ਸਦਾ ਮਿਲਤੇ ਹੋਇ ਉਧਾਰ॥੧॥
ਮੁਲਾ ਜੀਵਨ ਅਰੁ ਰੁਕਨਦੀਨ ਪੀਰ ਬਹਾਵਲ ਸੈਦਾਤ[3]॥
ਸਵਾਲ ਜਬਾਬ ਚਲੇ ਨਹੀ ਦੇਖ ਸਕਤ ਕਰਾਮਾਤ॥

॥ਸੋਰਠਾ॥

ਸਭਨਾ ਮਾਨੀ ਆਨ ਕਾਜੀ ਹਾਜੀ ਜੋ ਤਹਾ॥
ਹੋਇ ਰਹੈ ਹੈਰਾਨ ਸਿਫਤ ਸਨਾਇ ਕਰਨੇ ਲਗੇ॥

127/ੳ **॥/ਛੰਤ॥**

ਕੀਏ ਸਵਾਲ ਜਬਾਬ ਦੀਏ ਬਾਬਾ॥ਲਗ ਚਰਨਨ ਦਿਆਲ ਫਿਰਾ ਕਾਬਾ॥
ਇਹ ਦੇਖ ਚਰਿਤ੍ਰ ਯਕੀਨ ਕਰੇ॥ਹਿੰਦੂ ਜਾਨਤ ਮਨ ਸੰਕ ਧਰੇ॥

॥ਦੋਹਰਾ॥

॥ਸਵਾਲ ਰੁਕਨਦੀਨ॥

ਕਰਾਮਾਤ ਕਾਮਲ ਕਰੋ ਹੂਆ ਹੁਕਮ ਖੁਦਾਇ॥
ਚਾਦਰ ਪਾਈ ਮੁਸਤਫਾ ਅਵਰੁ ਕੋ ਚਾਦਰ ਨਾਹਿ॥

॥ਜਬਾਬ ਬਾਬਾ ਜੀ॥

ਚਾਦਰ ਪਾਈ ਦਰਗਾਹ ਤੇ ਨਾਨਕ ਸਾਹ ਫਕੀਰ॥
ਤਲੇ ਚਾਦਰ ਬਹਨ ਘਨੇਰਿਆ ਕਦੇ ਨ ਹੋਇ ਜਹੀਰ॥
ਜੇ ਕੋ ਆਵੇ ਚਲਕੇ ਬਹੇ ਜੁ ਚਾਦਰ ਹੇਠ॥
ਕਲੀ ਕਾਲ ਬੈਤਾਲ ਮੈ ਕਦੇ ਨ ਖਾਇ ਚਪੇਟ॥
ਘੀਉ ਮੈਦਾ ਖੰਡ ਸਕਰਾਂ ਮਾਖਿਓ ਮਾਝਾ ਦੁਧ॥
ਖੀਰ ਖੰਡ ਮਿਠਿਆਈਆ ਰਬ ਸਭ ਕਛੁ ਦਿਤਾ ਮੁਝ॥
ਕਰਸਨ ਭੋਗ ਬਿਲਾਸ ਬਹੁ ਗੂਨਾਗੂਨ ਪ੍ਰਸਾਦਿ॥
ਜੋ ਸਰਨ ਪਰੇ ਗੁਰਦੇਵ ਦੀ ਭੋਗਨ ਆਦਿ ਜੁਗਾਦਿ॥

॥ਸਵਾਲ ਕਾਜੀ ਰੁਕਨਦੀਨ॥

॥ਸੂਰਾ॥

ਰੁਕਨਲ ਆਖੇ ਨਾਨਕਾ ਸਚੁ ਸੁਨਾਵੋ ਬਾਤ॥
ਕਿਥੋ ਆਵਨ ਆਦਮੀ ਕਾਨ ਹੈਵਾਨ ਨਬਾਤ॥

---

[1] ਹਬ (ਸ)
[2] ਇੱਥੇ 'ਅਮਲਾ ਬਾਝੋ ਮੋਮਨੋ ਦੋਜਖ ਦੁਨੀਆ ਜਾਗ॥ਦੋਜਖ ਦੁਨੀਆ ਕਾਰਨੇ ਅਹਿਨਿਸ ਫਿਰੇ ਰੰਜੂਲ॥' ਪਾਠ ਹੈ (ਅ,ੲ,ਸ)
[3] ਸੈਦਾਨ (ੲ)

ਫਿਰ ਫਿਰ ਮਿਲਦੇ ਖਾਕ ਨਾਲ ਰੂਹ ਕਿਥੇ ਜਾਇ ਸਮਾਇ॥
ਗੈਬੀ ਖਬਰ ਖੁਦਾਇ ਦੀ ਦੇਵਨ ਫਕਰ ਸੁਨਾਇ॥
ਕਰ ਤਤਬੀਰਾ ਲਿਖਿਆ ਬੇਦ ਕਤੇਬ ਬਨਾਇ॥
ਗੈਬੀ ਖਬਰ ਖੁਦਾਇ ਦੀ ਕੋਇ ਨ ਮੁਖੋ ਸੁਨਾਇ॥
ਘਤ ਜੰਜੀਰੀ ਮਾਰਦੇ ਕਾਜੀ ਤੇ ਆਉਲਮਾਇ॥
ਜੇ ਕੋ ਸਚੁ ਅਲਾਇਦਾ ਤਿਸੁ ਆਤਸ ਦੇਨ ਜਲਾਇ॥
ਹਿੰਦੂ ਮੁਸਲਮਾਨ ਦੁਇ ਸਚ ਨ ਕੋਇ ਅਲਾਇ॥
ਦੋਵੈ ਦੋਜਕ ਜਾਸਨੀ ਲਹਸਨ ਬਹੁਤ ਸਜਾਇ॥
ਦੋਜਖ ਭਿਸਤ ਕਿਤਾਬ ਵਿਚ ਪੜਨੇ ਖਲਕ ਸੁਨਾਇ॥
ਮੂਏ ਫੇਰ ਨ ਆਇਆ ਕੋ ਖਬਰੀ ਦੇਵੈ ਆਇ॥
127/ਅ ਅਪੀਰ ਪੈਗੰਬਰ ਅਉਲੀਏ ਤਿਨ ਸਿਰ ਕੀ/ਅਹਵਾਲ ਵਿਹਾਇ॥
ਦਬੇ ਪਏ ਜਮੀਨ ਵਿਚ ਲਖ ਜੁਗਾ ਬੀਤਾਇ॥
ਫੇਰ ਨ ਸੂਰਤ ਤਿਨਾ ਦੀ ਡਿਠੀ ਕਿਸੇ ਨ ਮੂਲ॥
ਈਸਾ ਮੂਸਾ ਇਬਰਹੀਮ ਕੇਤੇ ਨਬੀ ਰਸੂਲ॥
ਫੇਰ ਨ ਸੂਰਤ ਡਿਠੀਆ ਰਹੇ ਤਿਨਾ ਦੇ ਨਾਉ॥
ਰਹੇ ਨ ਉਮਰੇ ਪਾਤਸਾਹ ਜਿਨਾ ਵਸਾਏ ਗਾਉ॥
ਖਾਕੂ ਸੇਤੀ ਮਿਲ ਗਏ ਕਈ ਵਜੀਰ ਪਤਿਸਾਹ॥
ਰਈਯਤ ਅੰਤ ਨ ਪਾਈਐ ਅਗਮ ਬਿਅੰਤ ਅਲਾਹਿ॥
ਇਕ ਪਾਉ ਸਿਰ ਪਾਤਸਾਹ ਦੇ ਇਕ ਵਜੀਰ ਸਿਰ ਹੋਇ॥
ਇਤਨੀਆ ਹੋਤੀਆ ਉਮਤੀ ਪੈਕੰਬਰ ਅੰਤ ਨ ਕੋਇ॥
ਖਤਰਾ ਮਨੋ ਨ ਉਤਰੇ ਬਿਨਾ ਫਕੀਰ ਅਲਾਹਿ॥
ਖਬਰ ਸੁਨਾਵਨ ਗੈਬ ਦੀ ਸੰਸਾ ਭਰਮ ਚੁਕਾਇ॥

॥ਜਬਾਬੁ ਨਾਨਕ ਸਾਹ॥

॥ਸੂਰਾ॥

ਨਾਨਕ ਆਖੇ ਰੁਕਨਦੀ ਸਚੁ ਸੁਨਾਵੋ ਬਾਤ॥
ਅਰੁਬਾ ਇਨਾਸਰ ਆਦਮੀ ਕਾਨ ਹੈਵਾਨ ਨਬਾਤ॥
ਮਰ ਮਰ ਜਮਦੇ ਖਾਕ ਨਾਲ ਫਿਰ ਹੋਇ ਜਮਦੇ ਘਾਹਿ॥
ਗੂਨਾਗੂਨੀ ਬੂਟੀਆ ਸੁਰਖ ਸਬਜ ਸੀਆਹ॥
ਨੀਲੀ ਪੀਲੀ ਚਿਟੀਆ ਹੋਰ ਗੁਲਾਬੀ ਵੰਨ॥
ਭਾਰ ਅਠਾਰਹ ਬਨਾਸਪਤ ਬਹੁ ਮੇਵੇ ਬਹੁ ਅੰਨ॥
ਕਾਨ ਹੈਵਾਨ ਆਦਮੀ ਖਾਇ ਪਰਿੰਦੇ ਲਖ॥
ਹੋਵਨ ਨੁਤਫੇ ਬੂਟੀਆ ਮਰ ਮਰ ਜੰਮਨ ਵਤ॥
ਆਵਨ ਜਾਨਾ ਨਾ ਮਿਟੇ ਜਿਉ ਵਹਦੇ ਦਰੀਆਉ॥
ਏਤੀ ਖਬਰ ਅਜ ਗੈਬ ਦੀ ਦੇਨ ਫਕੀਰ ਸੁਨਾਇ॥
ਇਹ ਬੁਨਿਆਦ ਹੈ ਖਲਕ ਦੀ ਬਹੁਤ ਵਧਾਇਨ ਵੈਰ॥
ਦਾਨਾ ਪਾਨੀ ਖਾਇ ਕੇ ਰਖਨ ਡਿੰਗੇ ਪੈਰ॥
ਖਾਕੂ ਦੇ ਸਭ ਪੂਤਲੇ ਖਸਮੇ ਦੇ ਹਥ ਕਾਲ॥
ਮਰਨਾ ਚਿਤ ਨ ਆਵਈ ਚਸੇ ਮਰਾਂ ਕਿ ਕਾਲ[1]॥
ਜੀਅ ਜੋ ਖਾਵਨ ਜੀਆ ਨੋ ਜੀਉ ਜੀਆ ਆਹਾਰ॥
ਸੁਣੀਐ ਕਾਜੀ ਰੁਕਨਦੀ ਨਾਨਕ ਕਹੈ ਫਕੀਰ॥
ਇਕੋ ਰਾਹ ਮੁਰੀਦ ਦਾ ਇਕੋ ਸਿਰ ਪਰ ਪੀਰ॥
128/ੳ ਆਏ ਪੈਕੰਬਰ ਦੁਨੀ/ਵਿਚ ਫਿਰਕਾ ਭੀ ਇਕ ਹੋਇ॥
ਇਥੇ ਦੀਨ ਅਗਿਣਤ ਹੈ ਪਾਰ ਲਘਾਇ ਕੋਇ॥

---

[1] ਪਾਲ (ੲ)

ਰਾਜ ਜਿਨਾ ਦਾ ਦੁਨੀ ਵਿਚ ਸਿਕਾ ਤਿਨਾ ਦਾ ਹੋਇ॥
ਜਰਬਾਂ ਲਗਨ ਅਨੇਕ ਬਿਧ ਹੁਕਮ ਨ ਮੰਨੇ ਕੋਇ॥
ਇਕੋ ਰਾਜ ਦਰਗਾਹ ਦਾ ਇਕੋ ਛਤ੍ਰ ਅਟਲ॥
ਇਕਾ ਜਰਬ ਜਹਾਨ ਪਰ ਨਾਨਕ ਰਾਜ ਅਚਲ॥
ਮਸਰਕੀਆ ਮਗਰੀਆ[1] ਅਉਰ ਜਨੂਬ ਸਮਾਲ॥
ਦਰਸਨ ਦੇਖਨ ਆਵਨੀ ਉਮਤ ਅੰਤ ਨ ਭਾਲ॥
ਸਤ੍ਰ ਜੁਸੇ ਦੁਨੀ ਵਿਚ ਰਖੇ ਬਕਾਈ ਫੇਰ॥
ਮਜਬ ਨ ਜਾਨੇ ਦੇਸ ਨੀ ਰਖਸਨ ਉਮਤ ਘੇਰ॥
ਨਾਨਕ ਦਰਸਨ ਕਲੀ ਵਿਚ ਹੋਰ ਨ ਦਰਸਨ ਭਾਲ॥
ਜੁਗ ਜੁਗ ਦਰਸਨ ਨਵਤਨਾ ਨਾਨਕ ਸਾਹ ਕਤਾਲ॥
ਰੁਕਨਲ ਆਖੇ ਨਾਨਕਾ ਦਰਗਹ ਦੀ ਖਬਰ ਸੁਨਾਇ॥
ਕੇਹਾ ਰੰਗ ਮਹਲ ਦਾ ਜਿਥੇ ਰਹੇ ਖੁਦਾਇ॥
ਕੇਹੇ ਬੁਰਜ ਮਹਲ ਦੇ ਛਜੇ ਤੇ ਚੌਕਾਠ॥
ਕੇਹੀਆ ਡਿਠੀਆ ਬੈਠਕਾ ਕਿਸ ਸੰਗ ਕੀਤੇ ਰਾਸ॥
ਕੇਹਾ ਗਾਰਾ ਚੂਨੜਾ ਕੌਨ ਬਨਾਵਨਹਾਰ॥
ਸੂਰਤ ਕੌਨ ਮਹਲ ਦੀ ਕਿਉ ਕਰ ਹੋਇ ਦੀਦਾਰ॥
ਦਰ ਊਪਰ ਕਿਆ ਲਿਖਿਆ ਸੋ ਭੀ ਦੇਹੁ ਬਤਾਇ॥
ਕੇਹੜਾ ਯਾਰ ਖੁਦਾਇ ਦਾ ਜਿਸ ਨੂੰ ਠਾਕ ਨ ਪਾਇ॥
ਪਹੁਚੇ ਕੇਹੜੀ ਬੰਦਗੀ ਕਰ ਕੇ ਕੌਨ ਨਿਮਾਜ॥
ਕੇਹੜੀ[2] ਸੁਨਤ ਪਾਈਐ ਜਾਇ ਰਸੂਲ ਖੁਦਾਇ॥
ਕੌਨ ਰਸੂਲ ਖੁਦਾਇ ਦਾ ਦਰਗਹ ਸਚੀ ਜਾਇ॥
ਸਭ ਨੀਸਾਨੀਆ ਦੇਹੁ ਮੁਹਿ ਤਾ ਤੂ ਅਵਲ ਫਕੀਰ॥
ਮੀਰਾ ਅੰਦਰ ਮੀਰ ਤੂੰ ਪੀਰਾ ਅੰਦਰ ਪੀਰ॥

॥ਜਬਾਬ ਨਾਨਕ ਸਾਹ॥

॥ਸੂਰਾ॥

ਨਾਨਕ ਆਖੇ ਰੁਕਨਦੀਨ ਦਰਗਹ ਦੀ ਸੁਧ ਲੇਹੁ॥
ਰੰਗ ਅਜਾਇਬ ਮਹਲ ਦਾ ਹੀਰੇ ਲਾਲ ਜੜੇ॥
ਮੋਤੀ ਤੇ ਯਾਕੂਤੀਆ ਮਣੀ ਜਿ ਮੰਦਰ ਨਾਲ॥
ਲਖ ਅਫਤਾਬ ਮਹਤਾਬ ਲਖ ਰੋਸਨ ਬਲਨ ਮਸਾਲ॥
128/ਅ ਰੰਗ/ਮਹਲ ਹੈ ਕੁਦਰਤੀ ਤਿਸ ਵਿਚ ਤਖਤ ਸੁਬਹਾਨ॥
ਬੈਠਾ ਸਚਾ ਪਾਤਸਾਹ ਸੁਲਤਾਨਾ ਸਿਰ ਤਾਨ॥
ਬਾਰਾ ਬੁਰਜ ਮਹਲ ਦੇ ਨੌ ਦਰਵਾਜੇ ਨਾਲ॥
ਪੰਜ ਖਵਾਸ ਹੈ ਪਾਹਰੂ ਚੌਕੀ ਦੇਨ ਸਮਾਲ॥
ਬੁਰਜ ਸਵਾਰੇ ਜਰੀ ਦੇ ਮੀਨਾਕਾਰੀ ਸਾਰ॥
ਬਨੇ ਚੌਕਾਠਾ ਛਜੜੇ ਬਾਵਨ ਚੰਦਨ ਕਾਠ॥
ਪਥਰ ਪਾਰਸ ਲਾਈਐ ਪਾਰਜਾਤ ਸੰਗ ਬਾਗ॥
ਕਾਮਧੇਨ ਲਖ ਲਛਮੀ ਹੋਇ ਗੋਲੀ ਕਰਨ ਅਰਦਾਸ॥
ਲੇਪਨ ਮੇਦ ਕਸਤੂਰੀਆ ਚੋਏ ਬਹੁ ਪਰਕਾਰ॥
ਰੰਗ ਅਜਾਇਬ ਬੈਠਕਾ ਗਾਰੇ ਮੁਸਕ ਅਪਾਰ॥
ਨੌ ਦਰਵਾਜੇ ਕੋਟ ਦੇ ਦਸਵਾਂ ਨੂਰ ਮਹਲ॥
ਹਉਜ ਹਯਾਤੀ ਪੁਰ ਭਰੇ ਤਿਸ ਵਿਚ ਕਵਲ ਅਚਲ॥
ਗਿਰਦ ਮਹਲ ਦੇ ਕੋਟ ਹੈ ਬਾਵਨ ਕਿੰਗਰੇ ਤਿਸ॥

[1] ਮਗਰਬੀਆ (ਅ,ੲ,ਸ)
[2] ਜਿਹੜੀ (ਅ)

ਕਿੰਗਰੇ ਕਿੰਗਰੇ ਤੋਪਚੀ ਵੜਨ ਨ ਦੇਈ ਕਿਸ॥
ਸਾਤ ਸਮੁੰਦਰ ਖਾਈਆ ਨਦੀਆ ਅੰਤ ਨ ਪਾਰ॥
ਕਈ ਰਖਵਾਲੇ ਸੂਰਮੇ ਪਿਆਦੇ ਤੈ ਅਸਵਾਰ॥
ਇਕ ਮਹਲ ਦੋ ਬਾਰੀਆ ਸਿਵ ਸਕਤੀ ਸੁਲਤਾਨ॥
ਖਿੜਕੀ ਖੋਲ ਦੀਦਾਰ ਦੇਨਿ ਬਹੁਤ ਵਧਾਏ ਮਾਨੁ॥
ਗੈਬੀ ਵਜਨ ਨੌਬਿਤਾ ਸੰਖ ਨਗਾਰੇ ਭੇਰ॥
ਸੁਰਨਾਈ ਅਰੁ ਮੁਰਲੀਆ ਨਾਦ ਅਨਾਹਦ ਫੇਰ॥
ਬਾਂਗਾ ਬੁਰਗਾ[1] ਸਿੰਙੀਆ ਸਾਰੰਗੀਆ ਰਬਾਬ॥
ਵਜਨ ਜਰਸਾ ਕੈਸੀਆ ਜੇਤੇ ਰਾਗਾ ਸਾਜ॥
ਗਾਵੈ ਛਤੀ ਸੋ ਰਾਗਨੀ ਖਸਟ ਅਲਾਪੈ ਰਾਗ॥
ਸੰਗ ਅਲਾਪੈ ਨਾਇਕਾ ਵਾਰੋ ਵਾਰੀ ਜਾਗਿ॥
ਉਪਰ ਖਾਸੇ ਮਹਲ ਦੇ ਦੇਵੈ ਬਾਂਗ ਖੁਦਾਇ॥
ਸੁਤੇ ਬਾਂਗ ਨ ਸੁਨ ਸਕੇ ਰਹਿਆ ਖੁਦਾਇ ਜਗਾਇ॥
ਸੁਤੀ ਪਈ ਨਭਾਗ ਸਭ ਸੁਨੇ ਨ ਬਾਂਗਾ ਕੋਇ॥
ਜੋ ਜਾਗੇ ਸੋਈ ਸੁਨੇ ਸਾਈ ਸੰਦੀ ਸੋਇ॥
ਰਾਹਿ ਖੁਦਾਇਿ ਭਿਹਾਵਲਾ ਵਾਲਹੁ ਦਸਵੇ ਭਾਇ॥
ਹਾਥੀ ਜਾਇ ਨ ਸਕਈ ਹਉਮੇ ਰਖੇ ਅੜਾਇ॥
129/ੳ ਸੂਰਤ ਰੰਗ ਮ/ਹਲ ਦੀ ਦਿਲ ਪਰ ਰਖੋ ਜਾਇ॥
ਦਰ ਕੇ ਊਪਰਿ ਲਿਖਿਆ ਹਿਕੋ ਪਾਕ ਖੁਦਾਇ॥
ਲਉਵਾਲੀ ਦਰਗਾਹ ਦਾ ਜਾਨੇ ਅੰਤ ਨ ਕੋਇ॥
ਜਿਸ ਦੀ ਯਾਰੀ ਧੁਰ ਚੜੇ ਪਹੁਤਾ ਜਾਨੈ ਸੋਇ॥
ਆਵਨ ਜਾਨ ਫੁਰਮਾਨ ਲੇ ਕੇਈ ਰਬ ਰਜਾਇ॥
ਕੇਤੇ ਲਖ ਮਹੰਮਦਾ ਕਰ ਹਉਮੈ ਅੰਦਰ ਪਾਇ॥
ਰਹੀ ਆਸ ਇਥੇ ਉਮਤੀ ਨਾਲੇ ਨਬੀ ਰਸੂਲ॥
ਨਿਗੁਰੇ ਰਾਹੁ ਨ ਪਾਵਨੀ ਮਨੀ ਗਈ ਨਿਭੂਲ॥
ਸਚੁ ਸਰੀਅਤ ਬੰਦਗੀ ਸਚੀ ਸੁੰਨਤ ਏਹੁ॥
ਸਚੁ ਦੀਦਾਰ ਖੁਦਾਇ ਦਾ ਸਚੁ ਨਿਮਾਜ ਕਰੇ॥
ਸਚ ਬਰਾਬਰ ਨ ਸਾਰੁ ਕੋ ਦੇਇ ਖੁਦਾਇ ਮਿਲਾਇ॥
ਹਿੰਦੂ ਮੁਸਲਮਾਨ ਦਾਵਾ ਦੇਇ ਉਠਾਇ॥
ਨਾਨਕ ਲੇਖੇ ਇਕ ਗਲ ਹੋਰ ਗਲਾ ਸੈਤਾਨ॥
ਅਮਲਾ ਉਪਰ ਨਿਬੜੇ ਸਾਬਤੁ ਰਖ ਈਮਾਨੁ॥
ਕਲਮੇ ਏਕ ਪੁਕਾਰਿਆ ਦੂਜਾ ਨਾਹੀ ਕੋਇ॥
ਦੂਜੀ ਕੁਦਰਤ ਦੇਖ ਕੇ ਉਮਤ ਦਿਤਾ ਰੋਇ॥
ਕਹਾਂ ਸੁ ਰਾਜਾ ਰਾਮ ਹੈ ਕਹਾ ਸੁ ਕਾਨ ਗੋਪਾਲ॥
ਕਹਾ ਮਹੰਮਦ ਮੁਸਤਫਾ ਕਹਾ ਚਾਰੋ ਯਾਰ॥
ਚੌਦਾ ਕਹਾ ਖਨਵਾਦੜੇ ਇਮਾਮ ਸਹਾਬ ਸਲਾਰ॥
ਕਹਾ ਸੁ ਸੇਖ ਮੁਸਾਇਕਾ ਕੁਤਬ ਵਡੇ ਪੀਰ॥
ਰਹਿਆ ਨ ਜੁਸਾ ਤਿਨਾ ਦਾ ਮੂਏ ਹੋਨਿ ਜਹੀਰ॥
ਨਾਉ ਨਿਸਾਨੀ ਰਹਿ ਗਈ ਆਖਰ ਏ ਬੀਬਾਦ॥
ਆਖਰ ਰਲਸਨ ਖਾਕ ਵਿਚ ਜਲ ਬਲ ਹੋਸਨ ਸੁਆਹ॥
ਨਾਨਕ ਬਾਜੀ ਕੂੜ ਦੀ ਹੋਸਨ ਅੰਤ ਫਨਾਹ॥
ਵਾਰੀ ਆਪੋ ਆਪਨੀ ਮੀਰ ਮਲਕ ਸੁਲਤਾਨ॥
ਪੀਰ ਪੈਗੰਬਰ ਆਉਲੀਏ ਗਏ ਬਜਾਇ ਨੀਸਾਨ॥

[1] ਬਾਂਗਾ ਬੁਰਕਾ (ਅ,ੲ,ਸ)

॥ਸਵਾਲ ਕਰੀਮਦੀਨ॥

॥ਸੂਰਾ॥

ਕਹੇ ਇਮਾਨ ਕਰੀਮ ਦੀ ਸੁਨਹੋ ਨਾਨਕ ਸਾਹ॥
ਕਿਥੋ ਆਲਮ ਉਪਜਦਾ ਫਿਰ ਸੋ ਕਿਥੇ ਜਾਇ॥
129/ਅ ਇਹ ਹ/ਕੀਕਤ ਜੋ ਕਹੇ ਸੋਈ ਰਸੂਲ ਖੁਦਾਇ॥
ਏਕਾ ਏਕੀ ਹੋਇ ਰਹੇ ਦੂਜੀ ਰਹੇ ਨ ਜਾਇ॥

॥ਜਬਾਬ ਨਾਨਕ ਸਾਹ॥

॥ਸੂਰਾ॥

ਨਾਨਕ ਆਖੇ ਹਿੰਦਗੀ ਸੁਨਹੋ ਕਰੀਮ ਸਦਾਤ॥
ਉਪਜੇ ਆਲਮ ਖਾਕ ਥੇ ਮਰ ਖਾਕੋ ਹੋਨ ਨਬਾਤ॥
ਹੋਨਿ ਨਿਬਾਤੋ ਨਿਆਮਤਾ ਮੇਵੇ ਗੂਨਾਗੂਨ॥
ਕਾਨ ਹੈਵਾਨ ਆਦਮੀ ਖਾਕੋ ਨੁਤਫੇ ਹੋਨ ਮਜਮੂਨ॥
ਨੁਤਫਿਓ ਮਾਸ ਉਪਜਈ ਮਾਸੋ ਜੁਸੇ ਪਾਕ॥
ਨਿਆਮਤ ਤੇ ਬਿਸਟਾ ਭਇਆ ਮਿਲਿਆ ਆਦਮ ਸੰਗ॥
ਖਾਧਾ ਕਾਂਵਾ ਕੁਤਿਆ ਅਉਰ ਅਗਿਣਤੀ ਰੰਗ॥
ਵਿਸਟੇ ਤੇ ਕੇਈ ਜੀਵ ਜੰਤ ਅਪਾਰ॥
ਮਿਟੀ ਮੁਸਲਮਾਨ ਦੀ ਫਿਰ ਫਿਰ ਧਰੇ ਅਵਤਾਰ॥
ਲਿਖਿਆ ਵਿਚ ਕਿਤਾਬ ਦੇ ਖੋਲੇ ਨਾਨਕ ਸਾਹ॥
ਜਿਨਾ ਪਛਾਤਾ ਰਬ ਨੂੰ ਫਿਰ ਰਬ ਹੀ ਮਾਹਿ ਸਮਾਇ॥
ਜੋ ਜਾਹਰ ਕਰੇ ਜਹਾਨ ਵਿਚ ਭਿਸਤ ਨ ਦੋਜਕ ਤਾਹਿ॥
ਰੂਹਾ ਨੂੰ ਰੂਹ ਨ ਖਾਵਨੀ ਰੂਹਾ ਤੇ ਰੂਹ ਹੋਇ॥
ਆਵਾ ਗਾਉਨ ਜਹਾਨ ਵਿਚ ਵਰਜ ਨ ਸਕੇ ਕੋਇ॥
ਦੁਨੀਆ ਪੈਦਾਇਸ ਰਬ ਦੀ ਘਟ ਵਧ ਕਿਸੇ ਨ ਆਖ॥
ਦੂਜਾ ਹੋਇ ਨ ਹੋਇਗਾ ਵਰਤੇ ਤਾਕੋ ਤਾਕ॥
ਲਖ ਮਹੰਮਦ ਮੁਸਤਫਾ ਰਾਮ ਕ੍ਰਿਸਨ ਲਖ ਹੋਇ॥
ਆਵਨ ਏਕੀ ਜਾਨ ਉਠ ਗਣਤੀ ਗਣੇ ਨ ਕੋਇ॥
ਲਖ ਅਉਤਾਰ ਪੈਕੰਬਰਾ ਉਮਤ ਅੰਤ ਨ ਪਾਰ॥
ਮਰ ਮਰ ਮਿਲਦੇ ਖਾਕ ਸੋ ਫਿਰ ਫਿਰ ਹੋਇ ਅਵਤਾਰ॥
ਲਖ ਕਿਤਾਬਾ ਲਿਖ ਗਏ ਭਏ ਸੁ ਖਾਕੂ ਢੇਰ॥
ਲਖ ਲਿਖਾਰੀ ਉਪਜਈ ਉਹ ਲਿਖ ਰਖਨ ਫੇਰ॥
ਕਾਜੀ ਮੁਲਾ ਹਾਜੀਆ॥ ਮਿਸਰ ਪਾਡੇ ਲਖ॥
ਬ੍ਰਹਮੇ ਬਿਸਨ ਮਹੇਸ ਲਖ ਮਰਜੀ ਲਿਖਨ ਵਤ॥
ਲਿਖਨ ਵੇਦ ਵਿਚਾਰ ਕਰ ਉਕਤ ਸਿਆਨਪ ਨਾਲ॥
ਮਰ ਫਿਰ ਜੀਵਨ ਬਪੜੇ ਲੈਦੇ ਬੇਦ ਸਮਾਲ॥
130/ੳ ਬੇਦਹੁ ਫੇਰ ਕਤੇਬ ਕ/ਰ ਵੈਰ ਵਿਰੋਧ ਕਰਾਇ॥
ਲਖ ਲਖ ਦਾਨਵ ਦੇਵਤੇ ਕਾਤਲ ਹੋਇ ਮਰਾਹ॥
ਸਿਵ ਸਕਤੀ ਦੁਇ ਸਾਜੀਆ ਉਤਮ ਮਧਮ ਲੋਇ॥
ਮਰਦੇ ਵੈਰ ਵਿਰੋਧ ਕਰ ਮਰ ਫਿਰ ਮਾਟੀ ਹੋਇ॥

॥ਸਵਾਲ ਕਰਮਦੀ[1]॥

॥ਸੂਰਾ॥

ਸੁਨਹੋ ਨਾਨਕ ਹਿੰਦਗੀ ਕਹੇ ਕਰੀਮਾ ਹੇਵ॥
ਹਿੰਦੂ ਤੀਨ ਫਰੇਸਤੇ ਬ੍ਰਹਮਾ ਬਿਸਨ ਮਹੇਸ॥

---

[1] ਕਰਮਦੀਨ (ਅ)

ਚੌਥੀ ਸਕਤ ਫਰੇਸਤਾ ਕਹੇ ਭਾਵਨੀ ਜਾਨ॥
ਚਾਰੋ ਖਾਲਕ ਖਲਕ ਦੇ ਹਿੰਦੂ ਕਹਨ ਸੁਹਾਨ॥
ਤੁਧੇ ਹੀ ਕਛੁ ਬੂਝਿਆ ਦੁਹਾ ਫਿਰਕਿਆ ਦਾ ਰਾਹੁ॥
ਏਹ ਹਕੀਕਤ ਸਚ ਦੀ ਸਭੋ ਦੇਹ ਬੁਝਾਇ॥
ਲਿਖਿਆ ਵਿਚ ਕੁਰਾਨ ਦੇ ਇਕੋ ਪਾਕ ਖੁਦਾਇ॥
ਦੂਜਾ ਨੂਰ ਮਹੰਮਦੀ ਭਇਆ ਸੂਲ ਖੁਦਾਇ॥
ਬਿਨਾ ਰਸੂਲ ਖੁਦਾਇ ਦੇ ਦੂਜਾ ਹੋਆ ਨ ਹੋਗ॥
ਹੋਇ ਜੁ ਮੁਸਲਮਾਨ ਕੋ ਕਹੇ ਨਹੀਸਤ ਸੋਇ॥

॥ਜਬਾਬ ਨਾਨਕ ਸਾਹ॥

ਸੂਰਾ॥

ਸੁਨਹੁ ਸੈਦ ਕਰੀਮ ਦੀ ਜਾਨੋ ਸਚੁ ਸਨਾਹ॥
ਨੂਰੀ ਚਾਰ ਫਰੇਸਤੇ ਚਾਰ ਕਿਤਾਬ ਗਵਾਹ॥
ਅਵਲ ਨੂਰ ਖੁਦਾਇ ਦਾ ਜਾ ਕਾ ਅੰਤ ਨ ਪਾਰਾਵਾਰ[1]॥
ਨੂਰੋ ਹੂਆ ਚਰਾਗ ਇਕ ਸਕਤੀ ਕਾ ਅਵਤਾਰ॥
ਸਕਤੀ ਹੈ ਤੀਨ ਫਰੇਸਤੇ ਬ੍ਰਹਮ ਬਿਸਨ ਮਹਾਦੇਵ॥
ਬਾਦੀ ਆਬੀ ਆਤਸੀ ਸਚੁ ਹਕੀਕਤ ਏਹੁ॥
ਆਪੋ ਆਪ ਖੁਦਾਇ ਕਹਿ ਭਰਮ ਭੁਲਾਨੇ ਸੋਇ॥
ਤੀਨੋ ਆਪ ਪਛਾਨਿਆ ਹਮ ਸਰ ਅਵਰ ਨ ਕੋਇ॥
ਆਪੋ ਆਪ ਖੁਦਾਇ ਕਹਿ ਭਰਮ ਭੁਲਾਨੇ ਸੋਇ॥
ਤੀਨੋ ਕੀਆ ਗੁਮਾਨ ਬਹੁ ਹਮਹੀ[2] ਕਹੇਂ ਖੁਦਾਇ॥
ਆਤਸ ਮਿਸਲ ਚਰਾਗ ਦੀ ਇਕ ਸੇ ਲਖ ਜਗਾਇ॥
ਆਤਸ ਹੀ ਤੇ ਉਪਜਿਆ ਇਹੁ ਤੀਨੋ ਹੀ ਦੇਵ॥
ਲਿਖਆ ਤੀਨ ਕਤੇਬ ਵਿਚ ਬ੍ਰਹਮਾ ਬਿਸਨ ਮਹਾਦੇਵ॥
130/ਅ ਹੋਇਆ ਅਵਾਜਾ ਗੈਬ ਦਾ ਸੁਨਿਆ/ਤੀਨੋ ਦੇਵ॥
ਹਮ ਤੋ ਖਾਲਕ ਖਲਕ ਦੇ ਅਵਰੁ ਅਵਾਜਾ ਕੇਵ॥
ਤੀਨੋ ਇਕਠੇ ਹੋਇ ਕੇ ਗਏ ਸਕਤ ਕੇ ਦੁਆਰ॥
ਜਾਇ ਖੜੋਤੇ ਦਰਿ ਸਚੇ ਲਗੇ ਕਰਨ ਜੁਹਾਰ॥
ਪੂਛਨ ਤੀਨ ਫਰੇਸਤੇ ਹਮ ਊਪਰ ਹੈ ਕੋਈ ਹੋਰ॥
ਹੂਆ ਅਵਾਜਾ ਗੈਬ ਦਾ ਕੇਤੇ ਅੰਤ ਨ ਓਰ॥
ਕਉਨ ਪੁਰੀ ਕੇ ਦੇਵਤੇ ਤੁਮ ਕਹਾ ਬਸੋ ਕਿਹ ਲੋਇ॥
ਸੁਨ ਕਰ ਇਹ ਅਵਾਜ ਨੂ ਰਹੇ ਸਮਾਧੀ ਹੋਇ॥
ਹੋਆ ਹੁਕਮ ਖੁਦਾਇ ਦਾ ਕੁਦਰਤ ਭਈ ਹਜੂਰ॥
ਨੂਰ ਮਿਲਿਆ ਜਾਇ ਨੂਰ ਨੋ ਹੋਇ ਰਹੇ ਭਰਪੂਰ॥
ਦੇਖਨ ਰੰਗ ਮਹਲ ਨੂ ਪੁਰ ਹੈ ਅੰਡਿਆ ਨਾਲ॥
ਆਗਿਆ ਹੋਈ ਸਕਤ ਨੂ ਇਕ ਅੰਡਾ ਤ੍ਰਿਹਾ ਦਿਖਾਲ॥
ਦੇਖਨ ਅੰਡਾ ਫੋੜ ਕੇ ਤਬਕ ਬਸੇ ਕਈ ਲੋਇ॥
ਬ੍ਰਹਮੇ ਬਿਸਨ ਮਹੇਸ ਲਖ ਗਣਤਿਆ ਅੰਤ ਨ ਹੋਇ॥
ਪਰਸਰਾਮ ਰਾਮ ਕ੍ਰਿਸਨ ਲਖ ਕਈ ਮਛ ਕਛ ਅਵਤਾਰ॥
ਨਰਸਿੰਘ ਬਾਵਨ ਬੋਧ ਲਖ ਨਿਹਕਲੰਕ ਬੈਰਾਹ ਅਪਾਰ॥
[3]ਇਕਤ ਹੀ ਬ੍ਰਹਮੰਡ ਕਾ ਅੰਤ ਨ ਪਾਇ ਕੋਇ॥
ਬਲਨ ਚਰਾਗ ਬਿਅੰਤ ਲਖ ਬਿਸਮੇ ਹੋਇ ਬਿਅੰਤ॥
ਵਡਾ ਨੂਰ ਸਲਾਹੀਐ ਜਿਸ ਤੇ ਭਏ ਅਨੰਤ॥

---

[1] ਪਾਰ (ਅ,ਇ)
[2] ਹਮਰੀ (ਸ)
[3] ਇੱਥੇ ' ॥ਕੇਤੇ ਲਖ ਮੁਹੰਮਦਾ ਅੰਤ ਨ ਲੋਆ ਲੋਇ॥ ' ਪੰਕਤੀ ਹੈ (ਇ,ਸ)

ਨੂਰੋ ਬਲਿਆ ਚਰਾਗ ਇਕ ਇਕ ਚਰਾਗੋ ਲਖ॥
ਅਫਤਾਬ ਮਹਤਾਬ ਲਖ ਉਪਜਤ ਅਖ ਫਰਕ[1]॥
ਇਕ ਪਲਕ ਕੇ ਅੰਤਰੇ ਉਤਪਤ ਖਪਤ ਅਪਾਰ॥[2]
ਲਉਵਾਲੀ ਦਰਗਾਹ ਦਾ ਕੇਤਾ ਕਹੌ ਸੁਮਾਰ॥
ਕਹੌ ਮਹੰਮਦੁ ਇਕ ਤੂੰ ਦਰਗਹ ਕਈ ਹਜਾਰ॥
ਉਪਜੇ ਨੂਰ ਖੁਦਾਇ ਤੇ ਖਪਤ ਨ ਲਾਗੇ ਵਾਰ॥
ਸਭ ਖਾਕੂ ਤੇ ਉਪਜਿਆ ਕਾਨ ਹੈਵਾਨ ਨਬਾਤ॥
ਨਾਨਕ ਆਖੈ ਰਾਹ ਸਚੁ ਸੁਨੀ ਕਰੀਮ ਸਦਾਤ॥

॥ਸਵਾਲ ਪੀਰ ਬਹਾਵਦੀ॥

ਸੂਰਾ॥

131/ੳ ਆਖੇ/ਪੀਰ ਬਹਾਵਦੀ ਸੁਨ ਨਾਨਕ ਸਰਦਾਰ॥
ਕਿਉ ਕਰਿ ਮਿਲੀਐ ਰਬ ਨੂ ਕਿਉ ਕਰਿ ਹੋਇ ਦੀਦਾਰ॥
ਕੇਹੜੀ ਸੂਰਤ ਰਬ ਦੀ ਰਹਿੰਦਾ ਕੇਹੜੀ ਜਾਇ॥
ਖਾਦਾ ਕਵਨ ਨਿਆਮਤੀ ਪਹਰੇ ਕਵਨ ਕਵਾਇ॥
ਕਰਕੇ ਕੇਹੜੀ ਬੰਦਗੀ ਮਿਲੇ ਗਰੀਬ ਨਿਵਾਜ॥
ਜਾ ਰਬ ਮਿਲੇ ਤਾਂ ਕਰਮ ਹੋਇ ਪੂਰਨ ਹੋਵੈ ਕਾਜ॥

॥ਜਬਾਬ ਨਾਨਕ ਸਾਹ॥

॥ਸੂਰਾ॥

ਸਚੁ ਸੁਨੋ ਬਹਾਵਦੀ ਪੀਰ ਜੀ ਆਖੇ ਨਾਨਕ ਸਾਹ॥
ਕਰ ਮਿਸਕੀਨੀ ਬੰਦਗੀ ਤਾ ਮਿਲੀਐ ਬੇਪਰਵਾਹ॥
ਨੂਰੀ ਸੂਰਤ ਰਬ ਦੀ ਰਹਦਾ ਸਭਨੀ ਜਾਇ॥
ਖਾਦਾ ਰਾਗੁ ਨਿਆਮਤੀ ਪੀਦਾ ਸਬਦੁ ਅਘਾਇ॥
ਕਰ ਕੇ ਮਿਹਨਤ ਬੰਦਗੀ ਮਿਲੇ ਗਰੀਬ ਨਿਵਾਜ॥
ਜਾ ਰਬ ਮਿਲੇ ਤਾ ਕਰਮ ਹੋਇ ਸਭ ਪੂਰਨ ਹੋਵੈ ਕਾਜ॥

॥ਸਵਾਲ ਪੀਰ ਜਲਾਲ ਦੀ॥

॥ਸੂਰਾ॥

ਹਿੰਦੂ ਮੁਸਲਮਾਨ ਦੁਇ ਕੀਤੇ ਨੀ ਮਨਸੂਖ॥
ਦੁਇ ਤੇ ਬਾਹਰ ਜੋ ਥੀਵੇ ਸੇ ਸਖਨ ਅਲਾਇਨ ਚੂਖ॥
ਕਲਿਪਿਆ ਬਹੁਤ ਜਲਾਲ ਦੀ ਕਲਪੇ ਮੁਲਾਂ ਸੇਖ॥
ਹਾਜੀ ਪੀਰ ਮਸਾਇਕਾ ਤੁੰਗ ਮਲੰਗ ਦਰਵੇਸ॥
ਸਾਲਕ ਸਾਦਕ ਕਾਜੀਆ ਗੌਸ ਕੁਤਬ ਵਡ ਪੀਰ॥
ਸਭੇ ਇਕਠੇ ਹੋਇ ਕੇ ਕਰਦੇ ਬਹੁ ਤਤਬੀਰ॥
ਹਿੰਦੂ ਸੂਰਤ ਹੋਇ ਕੇ ਆਵੇ ਮਕੇ ਮਾਹਿ॥
ਇਕੋ ਦਿਖਾਵੇ ਅਜਮਤਾ ਨਹੀ ਦੇਵੋ ਤਿਸੇ ਸਜਾਇ॥

॥ਜਬਾਬ ਪੀਰ ਬਹਾਵਦੀ ਸੂਰਾ॥

ਆਖੇ ਪੀਰ ਬਹਾਵ ਦੀ[3] ਸੁਨੋ ਜਲਾਲ ਦੀ ਪੀਰ॥
ਨਾਨਕ ਪਾਸੋ ਪੁਛਨਾ ਬਹੁਤੀ ਹੈ ਤਕਸੀਰ॥
ਜਾਹਰ ਅਜਮਤ ਇਸ ਦੀ ਮਕਾ ਦਿਤਸ ਫੇਰ॥
ਕੀਤੇ ਸਰਾ ਮਨਸੂਖ ਸਭ ਕੀਤੀ ਸਭਾ ਜੇਰ॥
ਮੰਨਿਆ ਹੁਕਮ ਖੁਦਾਇ ਦਾ ਇਸ ਬਿਨ ਹੋਰ ਨ ਕੋਇ॥
ਦੂਜਾ ਮੁਰਸਦ ਪੀਰ ਜੀ ਹੈ ਸਚੁ ਸੁਨਾਏ ਸੋਇ॥
131/ਅ ਹਿੰਦੂ ਦੇਖਨ ਭੁ/ਲ ਤੂੰ ਮੁਸਲਮਾਨ ਭੀ ਨਾਹਿ॥

---

[1] ਇੱਥੇ ਸ਼ਬਦ 'ਅਖ ਫਰਕ' ਦੀ ਜਗ੍ਹਾ ਤੇ 'ਖਪਤ ਅਪਾਰ' ਹੈ (ਸ)
[2] ਇੱਥੇ 'ਇਕ ਪਲਕ ਕੇ ਅੰਤਰੇ ਉਤਪਤ ਖਪਤ ਅਪਾਰ॥' ਪੰਕਤੀ ਨਹੀਂ ਹੈ (ਸ)
[3] ਇੱਥੇ 'ਆਖੇ ਪੀਰ ਬਹਾਵ ਦੀ' ਪੰਕਤੀ ਨਹੀਂ ਹੈ (ੲ)

ਦੋਵੈ ਰਦੇ ਸੁ ਪੀਰ ਜੀ ਘਤੇ ਸੁ ਦੋਜਕ ਮਾਹਿ॥
ਵਡਾ ਫਕੀਰ ਮਰਾਤਬਾ ਮਾਰਫਤੀ ਸਚੁ ਰਾਹਿ॥
ਮਾਰਫਤੇ ਤੇ ਜੋ ਬਾਹਰੇ ਸਭੇ ਹੈ ਗੁਮਰਾਹਿ॥
ਦੁਨੀਆ ਕਾਰਨ ਮਜਬ ਸਭ ਥੀਏ ਬਿਅੰਤ ਅਪਾਰ॥
ਸਚਾ ਫਿਰਕਾ ਰਬ ਦਾ ਜੋ ਨਾਉ ਲਘਾਏ ਪਾਰ॥
ਤੁਹੀ ਮਹਿਰਮ ਨਾਹੀ ਪੀਰ ਜੀ ਨਾਨਕ ਬਡਾ ਫਕੀਰ॥
ਰਬ ਜਿਨਾ ਦੇ ਹੁਕਮ ਵਿਚ ਸੋ ਸਭਨਾ ਦੇ ਸਿਰ ਪੀਰ॥

॥ਜਬਾਬ ਨਾਨਕ ਸਾਹ॥

॥ਸੂਰਾ॥

ਆਖੇ ਨਾਨਕ ਸਾਹੋ ਸਚੁ ਸੁਨੋ ਜਲਾਲ ਸੈਦਾਤ॥
ਬਡਾ ਬੋਲ ਨ ਬੋਲੀਐ ਸਾਹਬ ਹਥ ਕਰਾਮਾਤ॥
ਸਾਹਿਬ ਤਾਣ ਨਿਤਾਣਿਆ ਨਿਮਾਣਿਆ ਦਾ ਮਾਣੁ॥
ਅਕਾਸਾ ਅਕਾਸ ਲਖ ਪਾਤਾਲਾ ਪਾਤਾਲ॥
ਸਭਨਾ ਦੇ ਸਿਰ ਏਕ ਰਬ ਸਭਨਾ ਕਰੇ ਸੰਭਾਲ॥

॥ਸਵਾਲ ਪੀਰ ਜਲਾਲਦੀ॥

॥ਸੂਰਾ॥

ਆਖੇ ਪੀਰ ਜਲਾਲ ਦੀ ਸੁਣ ਨਾਨਕ ਸਾਹ ਕਤਾਲ॥
ਚੌਦਹ ਤਬਕ ਕਿਤਾਬ ਵਿਚ ਇਸ ਤੇ ਪਰੇ ਜਵਾਲ॥
ਡਿਠਿਆ ਬਾਝੋ ਨਾਨਕਾ ਖਾਤਰ ਜਮਾ ਨ ਹੋਇ॥
ਕਹਨਾ ਸੁਨਨਾ ਬਾਦ ਹੈ ਜੋ ਦੇਖੇ ਸਚੁ ਸੋਇ॥

॥ਜਬਾਬ ਨਾਨਕ ਸਾਹ॥

॥ਸੂਰਾ॥

ਆਖੇ ਨਾਨਕ ਸਾਹ ਸਚੁ ਸੁਨੋ ਜਲਾਲ ਸਦਾਤ॥
ਹਿਕੇ ਤਾਂ ਅਸਾ ਨਾਲ ਦੇਹ ਕੋ ਇਕੇ ਤਾ ਚਲੋ ਆਪ॥
ਦਿਤਾ ਬੇਟਾ ਪੀਰ ਨਾਲ ਜਿਲ ਜਲਾਲ ਦੀ ਨਾਉ॥
ਜਾਇ ਚੜੇ ਅਸਮਾਨ ਡਿਠੇ ਅਗਿਣਤ ਅਸਮਾਨ॥
ਕਈ ਅਉਤਾਰ ਪੈਕੰਬਰਾ ਦੇਖ ਹੋਇ ਰਹਿਆ ਹੈਰਾਨ॥
ਫੇਰ ਗਏ ਪਤਾਲ ਨੂ ਡਿਠੇ ਕਈ ਪਤਾਲ॥
ਕਈ ਅਵਤਾਰ ਪੈਕੰਬਰਾ ਅਸੰਖ ਅਗਿਣਤ ਅਪਾਰ॥
ਜਿਥੇ ਬਾਬਾ ਜਾਵਈ ਤਿਥੇ ਹੀ ਗੁਲ ਹੋਇ॥
ਦਰਸਨ ਕਾਰਨ ਦੇਖਣੇ ਆਵੇ ਸਗਲੀ ਲੋਇ॥
132/ੳ ਕਾਰਾ/ਭੇਟ ਸਰੀਨੀਆ ਨਜਰ ਨਿਆਜਾ ਹੋਇ॥
ਇਕ ਜਮੀਨ ਦੇ ਅੰਦਰੇ ਬਾਬਾ ਜਿਥੇ ਜਾਇ॥
ਆਗੇ ਕੜਾਹੁ ਤਯਾਰ ਸੀ ਗਾਵਦੇ ਸਬਦ ਅਲਾਇ॥
ਬਾਬਾ ਸੁਣਿਆ ਸੰਗਤੀ ਸਭ ਲਗੇ ਦਰਸਨ ਆਇ॥
ਰਖ ਆਗੇ ਕੜਾਹ ਨੂ ਸਭ ਪੈਰੀ ਸੀਸ ਨਿਵਾਇ॥
ਬਾਬੇ ਲੀਆ ਕੜਾਹੁ ਨੂ ਪਾਇਆ ਵਿਚ ਕਚਕੋਲ॥
ਫੇਰਿ ਦਿਤੀ ਕੜਾਹੀ ਪੀਰ ਨੂ ਬੈਠਾ ਥਾ ਜੋ ਕੋਲ॥ [1]
ਇਕ[2] ਪਲਕ ਦੇ ਅੰਤਰੇ ਫਿਰ ਮਕੇ ਪਹੁਤੇ ਆਇ॥
ਬੇਟਾ ਪੀਰ ਜਲਾਲ ਦਾ ਮੁਖੋ ਇਹ ਬਚਨ ਅਲਾਇ॥
ਇਸ ਆਖਰੀ ਜਮਾਨ ਵਿਚ ਨਾਨਕ ਵਡਾ ਫਕੀਰ॥
ਮੀਰਾ ਦੇ ਸਿਰ ਮੀਰ ਹੈ ਪੀਰਾ ਦੇ ਸਿਰ ਪੀਰ॥

---

[1] ਇੱਥੇ 'ਫੇਰਿ ਦਿਤੀ ਕੜਾਹੀ ਪੀਰ ਨੂ ਬੈਠਾ ਥਾ ਜੋ ਕੋਲ॥' ਪੰਕਤੀ ਨਹੀਂ ਹੈ (ਅ)
[2] ਫਿਰ ਇਕ (ਅ,ੲ)

ਆਖੀ ਉਸ ਮੁਖੋ ਕਮਾਲ ਜੋ ਸਾਈ ਦਿਤੀ ਦਿਖਾਇ॥
ਤੁ ਸੋ ਜਾਨੋ ਹੋਰ ਕਛੁ ਅਸਾ ਬੁਝਿਆ ਖੁਦ ਖੁਦਾਇ॥
ਆਕਾਸਾ ਆਕਾਸ ਲਖ ਪਾਤਾਲਾ ਪਾਤਾਲ॥
ਡਿਠੇ ਇਕਸੇ ਪਲਕ ਵਿਚ ਮੈ ਭੀ ਚਲ ਕੇ ਨਾਲ॥
ਹੇਠੋ ਕਈ ਪਤਾਲ ਦੇ ਮਿਲੀ ਕੜਾਹੀ ਆਇ॥
ਸਾਰੀ ਮਜਲਸ ਅੰਤਰੇ ਦਿਤਾ ਸੁ ਕੜਾਹੁ ਦਿਖਾਇ॥
ਸਭਾ ਰਹੇ ਹੈਰਾਨ ਹੋਇ ਨਾਨਕ ਵਡਾ ਫਕੀਰ॥
ਇਕੇ ਤਾ ਖੁਦ ਖੁਦਾਇ ਹੈ ਕੋ ਕਹੈ ਨ ਸਕੇ ਤਤਬੀਰ॥
ਸਭੇ ਪੈਰੀ ਢਹ ਪਏ ਮਨ ਵਿਚ ਬਹੁ ਡਰ ਪਾਇ॥
ਅਜੀ ਕਾਈ ਨਿਸਾਨੀ ਰਖੀਐ ਮਕਾ ਭਿਸਤ ਕਰਾਇ॥
ਬਾਬੇ ਕੌਸ ਉਤਾਰੀ ਪਾਵ ਤੇ ਰਖ ਨਿਸਾਨੀ ਏਹੁ॥
ਜੋ ਕਰੇ ਜਿਆਰਤ ਕੌਸ ਕੀ ਸੋ ਫੇਰ ਨ ਜਨਮ ਧਰੇਹੁ॥

॥ਸਾਖੀ ਪੂਰਨ ਹੋਈ॥੪੪॥ [1]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[1] ਇੱਥੇ ' ॥ਸਾਖੀ ਪੂਰਨ ਹੋਈ॥ ' ਵਾਲੀ ਪੰਕਤੀ ਨਹੀਂ ਹੈ

[ਸਾਖੀ ਸਤਗੁਰੂ ਜੀ ਦਾ ਰੂਮ ਜਾਣਾ][1]

॥ਦੋਹਰਾ॥

ਮਕੇ ਮੋ ਕਰ ਬਿਜੈ ਪ੍ਰਭ ਚਲੇ ਮਦੀਨੇ ਦਿਆਲ॥
ਮਰਦਾਨਾ ਯਹ ਬਚਨ ਸੁਨ ਮਨ ਤਨ ਭਇਆ ਖੁਸਾਲ[2]॥

132/ਅ **/॥ਦੋਹਰਾ॥**

ਸੁਭਹਾਨ ਭਗਤ ਤੇਰੀ ਸਦਾ ਸਕਤ ਅਗਮ ਅਪਾਰ॥
ਹਜ ਮਕੇ ਕਾ ਮੋਹ ਭਇਆ ਮਦੀਨੇ ਕਰੋ ਦੀਦਾਰ॥

॥ਬੈਤ॥

ਮਕੇ ਕਰੀ ਜੈ ਮਦੀਨੇ ਚਲੇ॥ਸੁਨਾ ਹਾਜੀਆ ਆਇ ਕਾਜੀ ਖਲੇ॥
ਬਰਾਏ ਖੁਦਾ ਕਾਮ ਕੀਜੈ ਸਵਾਬ॥ਬਡਾ ਰੂਮ ਕੀ ਖਲਕ ਪਰ ਹੈ ਅਜਾਬ॥
ਕੀਆ ਜੁਲਮ ਬਿਸੀਆਰ ਕਾਰੂ ਹਮੀਦ॥ਲੀਆ ਮੁਲਕ ਕੋ ਲੂਟ ਮੌਲਾ ਨ ਦੀਦ॥੪॥
ਜਮਾ ਕਰ ਖਜਾਨਾ ਚਿਹਲ ਪੰਜ ਗੰਜ॥ਲੀਆ ਲੂਟ ਸਭ ਕੋ ਕਰਾ ਖਲਕ ਰੰਜ॥
ਅਗਰ ਹੁਕਮ ਮੌਲਾ ਕਾ ਤੁਮ ਕੋ ਭਇਆ॥ਕੁਫਰ ਦੂਰ ਕਰਨਾ ਤੁਮੈ ਜੋ ਕਹਾ॥੬॥
ਨਸੀਹਤ ਕਰੋ ਜਾਇ ਕਾਰੂ ਹਮੀਦ॥ਕਰੇ ਜੁਲਮ ਜਾਲਮ ਕੁਫਰ ਕੀ ਖਰੀਦ॥੭॥
ਮਿਟਾਵੋ ਕੁਫਰ ਰਾਹੁ ਮੌਲਾ ਬਤਾਵੋ॥ਰਹੇ ਰਾਸਤੀ ਦੀਨ ਤਾ ਕੋ ਚਲਾਵੋ॥੮॥

॥ਦੋਹਰਾ॥

ਸੁਨਾ ਜੁਲਮ ਕਾਰੂ ਹਮੀਦ ਮਨ ਉਪਜੀ ਦਇਆ ਦਿਆਲ॥
ਰੂਮ ਦੇਸ ਪਿਆਨਾ ਕੀਆ ਮਰਦਾਨਾ ਲੀਏ ਨਾਲ॥੯॥

॥ਚੌਪਈ॥

ਰੂਮ ਨਗਰ ਮੋ ਸਤਿਗੁਰ ਜਏ॥ਕਾਰੂ ਦੁਆਰੇ ਠਾਢੇ ਭਏ॥
ਦਰਵਾਨਾ ਸੌ ਬਾਤ ਜਬ ਪੂਛੀ॥ਤਿਨ ਕਹੀ ਹਕੀਕਤ ਸਾਹ ਕੀ ਛੂਛੀ॥੧੦॥
ਸੁਨੀਐ ਸਾਹਬ ਫਕਰ ਜਲੀਲ॥ਇਹ ਕਾਰੂ ਹੈ ਬਡਾ ਬਖੀਲ॥
ਇਨ ਸਭ ਕੀ ਦੌਲਤ ਖੈਚ ਕਰ ਲੀਨੀ॥ਪੈਤਾਲੀ ਗੰਜ ਜਮਾ ਤਿਨ ਕੀਨੀ॥੧੧॥
ਕਾਹੂ ਕੋ ਪੈਸਾ ਨਹੀ ਰਹਾ॥ਤਬ ਏਕ ਸਹੇਲੀ ਕੋ ਤਿਨ ਕਹਾ॥
ਜਾਹੁ ਬਜਾਰਿ ਮਾਹ ਤੁਮ ਬਿਕੋ॥ਏਕੁ ਰਪਯਾ ਕੀਮਤ ਬਕੋ॥
ਜੇ ਕੋਈ ਤੁਮ ਕੋ ਲੇਵੈ ਮੋਲ॥ਉਸ ਲਿਆਵੋ ਤੁ ਮਰੇ[3] ਕੋਲ॥੧੨॥
ਗਈ ਸਹੇਲੀ ਕਰ ਸੀਂਗਾਰ॥ਠਾਢੀ ਭਈ ਥੀ ਬੀਚ ਬਜਾਰ॥
ਤਿਸ ਦੇਖ ਰੀਝ ਸੌਦਾਗਰ ਬਚਾ॥ਬਿਨਾ ਰੂਪਯੇ ਲੇ ਨਹੀ ਸਕਾ॥
133/ੳ ਪੂਛੀ ਕੀਮਤ/ਤਿਨ ਸੌ ਸੌਦਾਗਰ॥ਕਹਾ ਏਕ ਰੁਪਯਾ ਸੁੰਦਰ ਨਾਗਰ॥
ਰੁਪਯਾ ਕਾਹੂ ਪਾਸ ਨ ਰਹਾ॥ਤਬ ਤਿਨ ਜਾਇ ਮਾਤਾ ਸੌ ਕਹਾ॥੧੪॥

[4] **॥ਦੋਹਰਾ॥**

ਰੂਪਯਾ ਏਕ ਕੀਮਤ ਕਹੇ ਬਿਕੇ ਸੁੰਦਰ ਇਕ ਨਾਰ॥
ਰੂਪਯਾ ਕਾਹੂ ਪੈ ਨਹੀ ਵੈ ਠਾਢੀ ਬਿਕੇ ਬਜਾਰ॥੧੫॥

॥ਚੌਪਈ॥

ਮੇਰਾ ਮਨੁ ਤਾਹੂ ਪੈ ਲਾਗਾ॥ਮਿਲੇ ਰੂਪਯਾ ਮਿਟੇ ਅਨਰਾਗਾ॥
ਜੋ ਏਕ ਰੁਪਯਾ ਮੁਹ ਦੇਵੈ ਨਾਹੀ॥ਪੀ ਜਹਰ ਪਿਆਲਾ ਅਬ ਮਰ ਜਾਈ॥੧੬॥
ਕਰ ਚਿਤਵਨ ਮਾਤਰ ਜਤਨ ਬਤਾਇਆ॥ਅਰੁ ਬਿਰਤੰਤ ਕਹ ਤਾਹਿ ਸੁਨਾਇਆ॥
ਤੁਮਰੇ ਬਾਪ ਵਫਾਤ ਜਬ ਕੀਆ[5]॥ਤਬ ਏਕ ਰੁਪਯਾ ਮੁਹ ਮੈ ਦੀਆ[6]॥੧੭॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਕੁਸਾਲ (ਅ), ਖੁਲਾਸ (ਸ)
[3] ਤੁਮ ਮੇਰੇ (ਅ,ੲ,ਸ)
[4] ਇੱਥੇ 'ਏ ਮਾਤਾ ਇਕ ਬੜੀ ਅਸਚਰਜ॥ਏਕ ਰੁਪਯਾ ਦੇਹ ਸੁਨ ਮਮ ਅਰਜ॥' ਪੰਕਤੀ ਹੈ (ਅ)
[5] ਪਾਈ (ੲ)
[6] ਜਾਈ (ੲ)

ਅਵਰ ਸਭ ਦੌਲਤ ਕਾਰੂ ਨੇ ਲੀਆ॥ ਹਮ ਕੋ ਕਛੂ ਨ ਲੇਨੇ ਦੀਆ॥
ਤੁਮ ਖੋਦੋ ਕਬਰ ਰੁਪਯਾ ਲੀਜੈ॥ ਮੁਖ ਸੋ ਨਿਕਾਰ ਕੀਮਤ ਤਿਸੁ ਦੀਜੈ॥੧੮॥
ਤਬ ਜਾਇ ਕਬਰ ਤਿਨ ਖੋਦਨ ਕੀਨਾ॥ ਮੁਖ ਹਾਡ ਤੋੜ ਰੁਪਯਾ ਲੀਨਾ॥
ਤਿਸ ਕੀਮਤ ਦੀਆ ਸਹੇਲੀ ਲਿਆਇਆ॥ ਕਿਸੂ ਬਾਦਸਾਹ ਕੋ ਖਬਰ ਸੁਨਾਇਆ॥੧੯॥

॥ਦੋਹਰਾ॥

ਤਬ ਸੌਦਾਗਰ ਬਚੇ ਕੋ ਕਾਰੂ ਪਕੜ ਮਗਾਇ॥
ਤੁਮ ਰੁਪਯਾ ਕਿਹ ਸੋ ਲੀਆ ਦੀਜੈ ਜਲਦ ਬਤਾਇ॥੨੦॥
ਤਿਨ ਕਹੀ ਹਕੀਕਤ ਕਬਰ ਕੀ ਸੁਨੀਏ ਕਾਰੂ ਸਾਹ॥
ਭੇਜ ਲੋਕ ਸਾਬਤ ਕੀਆ ਪੁਨ ਤਾ ਕੋ ਦੀਆ ਛਡਾਇ॥੨੧॥

॥ਚੌਪਈ॥

ਸੁਨੀਏ[1] ਫਕਰ ਹਬੀਬ ਖੁਦਾਇ॥ ਐਸ ਜਾਲਮ ਬਾਦਸਾਹ॥
ਦੇਸ ਦੇਸ ਕਾ ਧਨ ਸਭ ਲੀਨਾ॥ ਪੈਤਾਲੀਸ ਗੰਜ ਤਿਨ ਕੀਨਾ॥੨੨॥
ਫਕਰ ਨ ਮਾਨੇ ਰਬ ਸੋ ਨਹੀ ਡਰੈ॥ ਦਾਨ ਸਖਾਵਤ ਕਬੂ ਨ ਕਰੇ॥
133/ਅ ਸੁਨਿ ਬਾਬਾ ਜੀ ਅਤ ਮਗਨਾਨਾ॥ ਮਰਦਾਨੇ ਕੋ ਬਚਨ ਬ/ਖਾਨਾ॥੨੨॥
ਈਹਾ ਹਮਾਰਾ ਆਸਨ ਕਰੋ॥ ਠੀਕਰੀਆ ਬਟੋਰ ਜਮਾ ਕਰ ਧਰੋ॥
ਆਸਨ ਪਰ ਬੈਠ ਦਰਵਾਨ[2] ਸੋ ਕਹਾ॥ ਇਹੋ ਕਰੋ ਸੁਖਨ ਕਾਰੂ ਹੈ ਜਹਾਂ॥੨੪॥
ਏਕ ਫਕੀਰ ਦੁਆਰੇ ਕੀਆ ਧਰਨਾ॥ ਬਾਦਸਾਹ ਸੌ ਅਰਜ ਇਹ ਕਰਨਾ॥
ਤਬ ਜਾਇ ਦਰਬਾਨ ਅਰਜ ਇਹੁ ਕਹੀ॥ ਸੁਨ ਕਾਰੂ ਸਾਹ ਕਛੁ ਬੋਲਾ ਨਾਹੀ ੨੫॥

॥ਸੋਰਠਾ॥

ਰੋਜ ਤੀਸਰੇ ਆਇ ਡੇਵਢੀ ਪਰ ਠਾਢਾ ਭਇਆ॥
ਸਤਿਗੁਰ ਲੀਆ ਬੁਲਾਇ ਮਿਹਰ ਨਜਰ ਤਾ ਪਰ ਕਰੀ॥੨੬॥
ਦੇਖ ਠੀਕਰੀ ਤਾਹ ਗੁਰੂ ਬਾਬੇ ਸੌ ਪੂਛਨ ਕੀਆ॥
ਕਵਨ ਕਾਮ ਯਹ ਆਹ ਜਮਾ ਕਰੀ ਹੈ ਠੀਕਰੀ॥੨੭॥
ਹਮ ਸੁਨਾ ਪੈਤਾਲੀ ਗੰਜ ਤੁਮ ਸੰਗ ਲੇ ਜਾਨੇ ਕੋ ਕੀਏ॥
ਯਹ ਰਾਖ ਲੇਹ ਤਿਹ ਸੰਗ ਹਮਰੇ ਦੌਲਤ ਯਾਹੀ ਹੈ॥੨੮॥

॥ਤੋਮਰ ਛਦ॥

ਤੁਮ ਸੁਨੋ ਕਾਰੂ ਸਾਹ॥ ਤੁਮ ਬਡੇ ਬੇਪਰਵਾਹ॥
ਕੀਨਾ ਖਜਾਨਾ ਜਮਾ॥ ਮਨ ਮੋ ਕਰੀ ਹੈ ਤਮਾ॥੩੯॥
ਹਮਰੇ ਖਜਾਨਾ ਆਹਿ॥ ਇਸ ਰਾਖੀਏ ਤਿਸ ਮਾਹਿ॥
ਜਬ ਲੇ ਚਲੇਗੋ ਸੰਗ॥ ਤਹਾ ਲੇਹਿਗੇ ਇਕ ਮੰਗ[3]॥੩੦॥
ਕਹੀ ਸਮਝਕਾਰੀ ਬਾਤ॥ ਕੋਊ ਲੈ ਗਇਆ ਨਾਹੀ ਸਾਥ॥
ਕਹਾ ਸੰਗ ਹਮਰੇ ਚਲੇ॥ ਭਈ ਸਮਝ ਸਨਮੁਖ ਖਲੇ॥੩੧॥
ਸੁਨ ਭਏ ਬਾਬਾ ਦਿਆਲ॥ ਜੋ ਨਾ ਚਲੇ ਯਹ ਨਾਲ॥
ਕਾਹੇ ਜਮਾ ਕੀਏ ਗੰਜ॥ ਸਭ ਖਲਕ ਮੌਲਾ ਰੰਜ॥੩੨॥

॥ਦੋਹਰਾ॥

ਗੰਜ ਪੈਤਾਲੀ ਜਮਾ ਕੀਏ ਦੀਨਾ ਖਲਕ ਅਜਾਬ॥
ਜਬ ਮੌਲਾ ਲਹੇ ਹਿਸਾਬ ਯਹ ਕਿਆ ਦੇਵੋ ਤਾਹ ਜਬਾਬ॥੩੩॥
[4]ਸੁਨ ਬਚਨ ਕਾਰੂ ਕਾਪ॥ ਦੋਊ ਹਾਥ ਅਪਨੇ ਚਾਪ॥
ਹੇ ਸਾਹ ਨਾਨਕ ਵਲੀ॥ ਕੀਜੈ ਨਸੀਹਤ ਭਲੀ॥੩੪॥
ਮੋ ਸੋ ਜੁ ਭਏ ਗੁਨਾਹ॥ ਬਖਸੰਦ ਕੋਊ ਨਾਹ॥
134/ੳ ਤੁਮ ਕਰੋ ਮੋਰ ਸਫਾਤ॥ ਕਰ/ਲੇਹੁ ਮੋਹਿ ਨਿਜਾਤ॥੩੫॥

---

[1] ਸੁਨ ਬਾਤਾ (ਅ), ਸੁਨੀਸੇ (ਸ)
[2] ਦਰਵਾਰ (ਸ)
[3] ਤਹਾ ਲੇਹਿਗੇ ਹਮ ਮੰਗ (ਅ), ਤਹਾ ਲੇਹਿਗੇ ਇਹ ਮੰਗ (ੲ), ਡਹਾ ਲੇਹਿਗੇ ਇਕ ਮੰਗ (ਸ)
[4] ਇੱਥੇ ਸਿਰਲੇਖ '॥ਤੋਮਰ ਛੰਦ॥' ਹੈ (ਅ)

॥ ਨਸੀਹਤ ਨਾਨਕ ਸਾਹ ॥[1]

ਸੁਨੋ ਸਾਹ ਕਾਰੂ ਮੀਤ ॥ ਰਾਖੋ ਨਸੀਹਤ ਚੀਤ ॥
ਆਗੇ ਜੋ ਕਾਰੂ ਭਇਆ ॥ ਜਿਨ ਗੰਜ ਚਾਲੀ ਕੀਆ ॥ ੩੬ ॥
ਮੂਸਾ ਨਸੀਹਤ ਕੀਆ ॥ ਮਾਨੀ ਨਹੀ ਦਿਲ ਦੀਆ ॥
ਭਇਆ ਗਰਕ ਤਹਤੁ ਸਰਾਇ ॥ ਅਬ ਲਗ ਚਲਾਵੇ ਜਾਇ ॥ ੩੭ ॥

॥ ਤਬ ਨਸੀਹਤਨਾਮਾ ਬਾਬੇ ਨਾਨਕ ਜੀ ਕਾਰੂ ਬਾਦਸਾਹ ਕੋ ਸੁਨਾਇਆ ॥[2]

ਕੀਜੈ ਨੇਕਨਾਮੀ ਜੋ ਦੇਵੈ ਖੁਦਾਇ ॥ ਜੋ ਦੀਸੈ ਜਿਮੀਪਰ ਸੁ ਹੋਸੀ ਫਨਾਇ ॥
ਦਾਇਮ ਵ ਦੌਲਤ ਕਿਸੇ ਬੇਸੁਮਾਰ ॥ ਨ ਰਹਸਨ ਕਰੋੜੀ ਨ ਰਹਸਨ ਹਜਾਰ ॥
ਦਮੜਾ ਤਿਸੀ ਕਾ ਜੁ ਖਰਚੇ ਅਰੁ ਖਾਇ ॥ ਹੋਤਾ ਨ ਰਾਖੇ ਇਕੇਲਾ ਨ ਖਾਇ ॥
ਤਹਕੀਕ ਦਿਲਦਾਨੀ ਵਹੀ ਭਿਸਤ ਜਾਇ ॥ ਕੀਜੇ ਤਵਜੇ ਨ ਕੀਜੇ ਗੁਮਾਨ ॥
ਨ ਰਹੇਗੀ ਦੁਨੀਆ ਨ ਰਹੇਗਾ ਦਿਵਾਨ ॥
ਹਾਥੀ[3] ਵ ਘੋੜੇ ਲਸਕਰ ਹਜਾਰ ॥ ਹੋਵੈਗੇ ਗਾਇਬ ਨ ਲਾਗੇਗੀ ਬਾਰ ॥
ਦੁਨੀ ਕਾ ਦਿਵਾਨਾ ਕਹੇ ਮੁਲਕ ਮੇਰਾ ॥ ਆਈ ਮੌਤ ਸਿਰ ਪਰ ਨ ਮੇਰਾ ਨ ਤੇਰਾ ॥
ਕੇਤੀ ਚਲੀ ਦੇਖ ਵਾਜਾ ਵਜਾਇ ॥ ਵਹੀ ਏਕ ਰਹਸੀ ਜੁ ਸਾਚਾ ਖੁਦਾਇ ॥
ਆਇਆ ਇਕੇਲਾ ਇਕੇਲਾ ਚਲਾਇਆ ॥ ਚਲਤੇ ਵਖਤ ਕੋਊ ਕਾਮ ਨ ਆਇਆ ॥
ਲੇਖਾ ਮੰਗੀਜੇ ਕਿਆ ਦੀਜੈ ਜਬਾਬ ॥ ਤੋਬਾ ਪੁਕਾਰੇ ਤੋ ਪਾਵੇ ਅਜਾਬ ॥
ਖਲਕ ਪਰ ਕੀਆ ਜੋਰ ਦਮੜਾ ਕਮਾਇਆ ॥ ਖਾਇਆ ਹੰਢਾਇਆ ਅਜਾਈ ਗਵਾਇਆ ॥
ਆਖਰ ਪਛਤਾਨਾ ਕਰੇ ਹਾਇ ਹਾਇ ॥ ਦਰਗਹ ਗਇਆ ਬਹੁਤ ਪਾਵੇ ਸਜਾਇ ॥
ਲਾਨਤ ਵ ਤੋ ਕੋ ਵਾ ਤੇਰੀ ਕਮਾਈ ॥ ਦਗੇਬਾਜੀ ਕਰ ਕੇ ਦੁਨੀ[4] ਲੂਟ ਖਾਈ ॥
ਪੀਵੇ ਪਿਆਲੇ ਵ ਖਾਵੇ ਕਬਾਬ ॥ ਦੇਖੋ ਰੇ ਲੋਕਾ ਜੁ ਹੋਤਾ ਖਰਾਬ ॥
134/ਅ ਜਿਸ ਕਾ ਹੈ[5] ਬੰਦਾ/ਵ ਤਿਸ ਕਾ ਸਵਾਰਿਆ ॥ ਦੁਨੀਆ ਕੇ ਲਾਲਚ ਤੈ ਸਾਹਿਬ ਵਿਸਾਰਿਆ ॥
ਨ ਕੀਤੀ ਇਬਾਦਤ ਨ ਰਖਿਓ ਇਮਾਨ ॥ ਅਦਾਲਤ ਨ ਕੀਤੀ ਪੁਕਾਰੇ ਜਹਾਨ ॥
ਅੰਦਰ ਮਹਲਾ ਕੈ ਬੈਠਾ ਤੂੰ ਜਾਇ ॥ ਹਰਮਾ ਸੌ ਖੇਲੇ ਖਸਬੋਈ ਲਗਾਇ ॥
ਨ ਪੂਛੇ ਨ ਬੂਝੇ ਬਾਹਰ ਕਿਆ ਹੋਇ ॥ ਹਰਾਮੀ ਗਰੀਬਾ ਕੌ ਮਾਰੇ ਬਿਗੋਇ ॥
ਬਸਤੀ ਉਜਾੜੇ ਬਹੁੜ ਨ ਬਸਾਵੇ ॥ ਕੂਕੇ ਪੁਕਾਰੇ ਵੇ ਦਾਦ ਨ ਪਾਵੈ ॥
ਕਰੋੜੀ ਲਚੋੜੀ ਕਰੇ ਬੇਸੁਮਾਰ ॥ ਕਈ ਕਿਰਸਾਨ ਬਪੜੇ ਮਰੀਵੇ ਹਜਾਰ ॥
ਦੁਨੀ[6] ਕਾ ਦਿਵਾਨਾ ਫਿਰੇ ਮਸਤ ਲੋਇ ॥ ਹਰਾਮੀ ਗਰੀਬਾ ਕੋ ਮਾਰੇ ਬਿਗੋਇ[7] ॥
ਲੂਟੇ ਮੁਲਕ ਆਪ ਪਹਰੇ ਵ ਖਾਇ ॥ ਦੋਜਕ ਕੀ ਆਤਸ ਨੇ ਮਾਰਾ ਜਲਾਇ[8] ॥
ਨ ਕੀਜੈ ਬਹੁਤ ਹਿਰਸ ਦੁਨੀਆ ਕੇ ਯਾਰ ॥ ਉਠਾਵਤ ਸਫਾ ਤਿਸ ਲਾਗੇ ਨ ਬਾਰ ॥
ਚੰਦ ਰੋਜ ਚਲਨਾ ਕਿਆ ਪਕੜੇ ਕਰਾਰ ॥
ਸਰਮਿੰਦਾ ਨ ਹੋਵੇ ਕਛੁ ਨੇਕੀ ਕਮਾਇ ॥ ਲਾਨਤ ਕਾ ਜਾਮਾ ਤੂੰ ਪਹਿਰੇ ਨ ਜਾਇ ॥
ਗਫਲਤ ਕਰੇਂਗਾ ਤ ਖਾਵੇਂਗਾ ਮਾਰ ॥ ਬੇਟੀ ਵ ਬੇਟਾ ਕੋ ਲਹੇਂਗੇ ਨ ਸਾਰ[9] ॥
ਤੋਬਾ ਕਰੋ ਬਹੁੜ ਕੀਜੇ ਨ ਜੋਰ ॥ ਦੋਜਕ ਕੀ ਆਤਸ ਜਲਾਵੇਗੀ ਗੋਰ ॥
ਮਸਾਇਕ ਪੈਕੰਬਰ ਕੇਤੇ ਸਾਹ ਖਾਨ ॥ ਨ ਦੀਸੇ ਜਿਮੀ ਪਰ ਤਿਨੋ ਕੇ ਨਿਸਾਨ ॥
ਚਲਤੇ ਜਨਾਵਰ ਕਬੂਤਰ ਕੀ ਛਾਉ ॥ ਕੇਤੇ ਖਾਕ ਹੂਏ ਨ ਪੂਛੇ ਕੋ ਨਾਉ ॥
ਚਾਲੀ ਗੰਜ ਜੋਰੇ ਨ ਰਾਖਾ ਈਮਾਨ ॥ ਦੇਖੋ ਰੇ ਲੋਕਾ ਕਾਰੂ ਹੋਤਾ ਪਰੇਸਾਨ ॥

---

[1] ਇੱਥੇ ਸਿਰਲੇਖ '॥ ਨਸੀਹਤ ਬਾਬਾ ਜੀ ਕਰਤੇ ਹੈ ॥' ਹੈ (ਅ)
[2] ਇੱਥੇ ਸਿਰਲੇਖ '॥ ਤਿਲੰਗ ਮਹਲਾ ੧ ॥ ਨਸੀਹਤਨਾਮਾ ॥' ਹੈ (ੲ)
[3] ਹਸਤੀ (ਅ)
[4] ਕਰ ਦਗੇਬਾਜੀ ਦੁਨੀਆ (ਅ)
[5] ਇੱਥੇ ਸ਼ਬਦ 'ਹੈ' ਨਹੀਂ ਹੈ (ੲ)
[6] ਦੁਨੀਆ (ਅ,ੲ,ਸ)
[7] ਇੱਥੇ ਪੰਕਤੀ 'ਹਰਾਮੀ ਗਰੀਬਾ ਕੋ ਮਾਰੇ ਬਿਗੋਇ ॥' ਦੀ ਜਗ੍ਹਾ ਤੇ 'ਹਾਕਮ ਕਹਾਵੈ ਹਕੂਮਤ ਨ ਹੋਇ ॥' ਹੈ (ਅ)
[8] ਇੱਥੇ 'ਨੇ ਮਾਰਾ ਜਲਾਇ' ਦੀ ਜਗ੍ਹਾ ਤੇ 'ਜਲਾਵੈਗੀ ਆਇ' ਪੰਕਤੀ ਹੈ (ਅ)
[9] ਇੱਥੇ 'ਬੇਟੀ ਵ ਬੇਟਾ ਕੋ ਲਹੇਂਗੇ ਨ ਸਾਰ ॥' ਪੰਕਤੀ ਨਹੀਂ ਹੈ (ਸ)

ਦੁਨੀਆ ਦਿਵਾਨੀ ਹੈ ਫਾਨੀ ਮਕਾਮ॥ਤੂੰ ਖੁਦ ਚਸਮ ਬੀਨੀ ਇਹੁ ਚਲਤਾ[1] ਜਹਾਨ॥
ਹਰ ਵਖਤ ਬੰਦੇ ਤੂੰ ਖਿਜਮਤ ਨ ਹਾਰ[2]॥ਮਸਤੀ ਵ ਗਫਲਤ ਮੋ ਬਾਜੀ ਨ ਹਾਰ॥
ਤੋਬਾ ਨ ਕੀਤੀ ਕਰੇਦਿਆ ਗਨਾਹ॥ਕਹੇ ਨਾਨਕ ਆਲਮ ਸੌ ਤੇਰੀ ਪਨਾਹ॥[3]

॥ਦੋਹਰਾ॥

ਸੁਨ ਨਸੀਹਤ ਬਾਦਸਾਹ ਸਾਬਤ ਭਇਆ ਗੁਨਾਹ॥
135/ੳ ਕਿਆ ਜਬਾਬ ਹਮ ਦੇਹਗੇ ਮੌ/ਲਾ ਕੀ ਦਰਗਾਹ॥੩੮॥

॥ਚੌਪਈ॥

ਤੁਮ ਵਲੀ ਕਮਾਲ ਹੋ ਨਾਨਕ ਸਾਹ॥ਹਮ ਸੋ ਹੂਏ ਬਡੇ ਗੁਨਾਹ॥
ਕਿਆ ਹੋਗਾ ਹਮਰਾ ਇਹ ਹਾਲ॥ਤੁਮਰੀ ਉਮੈਦ ਹੈ ਵਲੀ ਕਮਾਲ॥੩੯॥
ਜੋ ਫੁਰਮਾਵੋ ਸੋ ਹਮ ਕਰੇ॥ਜਾ ਤੇ ਦੋਜਕ ਮੋ ਨਹੀ ਪਰੇ॥
ਹਾਥ ਬਾਂ[4] ਸਨਮੁਖ ਭਯਾ ਖੜਾ॥ਕਰ ਚਸਮ ਪੂਰ ਆਬ ਚਰਨਨ ਪਰ ਪੜਾ॥੪੦॥
ਤਬ ਮਰਦਾਨੇ ਸੋ ਗੁਰ ਭਾਖਾ॥ਕਾਰੂ ਹਮੀਦ ਕਾ ਭਾਗ ਹੈ ਜਾਗਾ॥
ਕਹਾ ਮਰਦਾਨੇ ਸੋ ਸਤਗੁਰ ਦਿਆਲ॥ਕਵਨ ਕਵਨ ਤੁਮ ਕੀਏ ਨਿਹਾਲ॥੪੧॥
ਤਬ ਹੋਇ ਦਿਆਲ ਪ੍ਰਭ ਬਚਨ ਬਖਾਨਾ॥ਤੁਮ ਜੋ ਕੀਨਾ ਜਮਾ ਖਜਾਨਾ॥
ਕਰੋ ਖਰਚ ਮੌਲਾ ਕੇ ਰਾਹ॥ਦੀਜੇ ਲੁਟਾਇ ਸਭ ਮਿਟੇ ਗੁਨਾਹ॥੪੨॥
ਦੀਜੈ ਆਰਾਮ ਜੋ ਰਈਯਤ ਤੁਮਾਰੀ॥ਯਹ ਪਾਕ ਨਸੀਹਤ ਜਾਨੋ ਹਮਾਰੀ॥
ਜਬ ਰਾਜੀ ਹੋਵੈ ਖਲਕ ਖੁਦਾਇ॥ਭਏ ਪਾਕ ਸਭ ਮਿਟੇ ਗੁਨਾਹ॥੪੩॥
ਸਭ ਖੋਲ ਖਜਾਨੇ ਕਾਰੂ ਦੀਏ॥ਬਾਂਟ ਲੁਟਾਏ ਖਲਕਨਿ ਲੀਏ॥
ਮਿਹਰਵਾਨ ਭਏ ਸਤਗੁਰ ਦਿਆਲ॥ਮੌਲਾ ਕਾਰੂ ਕੀਏ ਨਿਹਾਲ॥੪੪॥
ਹੇ ਪੀਰ ਮੁਹਿ ਦੀਜੈ ਦੁਆਇ॥ਦੇਹੁ ਬਤਾਇ ਰਬ ਕੋ ਰਾਹੁ॥
ਪਾਵੈ ਮੌਲਾ ਕਰੈ ਇਬਾਦਤ॥ਹੋਇ ਇਬਾਦਤ ਹਮਰੀ ਆਦਿਤ॥੪੫॥
ਮਿਹਰ ਨਜਰ ਕਾਰੂ ਵਲ ਕੀਨਾ॥ਭਇਆ ਪਾਕ ਤਿਨ ਮੌਲਾ ਚੀਨਾ॥
ਸਭ ਸੂਰਤ ਕੋ ਰਾਜੀ ਕਰੋ॥ਦਿਲ ਮੋ ਖਿਆਲ ਰਬ ਕਾ ਧਰੋ॥੪੬॥

॥ਦੋਹਰਾ॥

ਕਾਰੂ ਹਮੀਦ ਸੌ ਬਿਦਾ ਹੋਇ ਲੀਆ ਮਦੀਨੇ ਰਾਹੁ॥
ਏਕ ਨਿਮਖ ਮਹਿ ਪਹੁਚੇ ਤਹਾਂ ਸਤਿਗੁਰ ਬੇਪਰਵਾਹ॥

॥ਦੋਹਰਾ॥

ਕਾਰੂ ਕੀ ਯਹ ਖਬਰ ਸਭ ਮਕੇ ਪਹੁਚੀ ਜਾਇ॥
ਦੇਸ ਦੇਸ ਮੌ ਗੁਲ ਭਇਆ ਗੁਰ ਨਾਨਕ ਫਕਰ ਅਲਾਹ॥੪੮॥

॥ਸੋਰਠਾ॥

135/ਅ ਸੁਨੀ ਬਹਾ/ਵਲ ਹਕ ਰੁਕਨਦੀਨ ਸੈਦਾਤ ਸਭ॥
ਮਿਟਿਆ ਸਭ ਕਾ ਸਕ ਨਾਨਕ ਫਰਜੰਦ ਖੁਦਾਇ ਦਾ॥੪੯॥

॥ਸੋਰਠਾ॥

ਚਲੇ ਮਦੀਨੇ ਲੋਕ ਹਾਜੀ ਕਾਜੀ ਮਿਲ ਸਕਲ॥
ਮਿਟਿ ਗਇਆ ਸਕਲ ਦਰੋਗ ਦਿਨ ਦਿਨ ਰੋਸਨੀ ਸਚੁ ਕੀ॥੫੦॥

॥ਸਾਖੀ ਪੂਰਨ ਹੋਈ॥[5]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਆਖਰ ਚਲਨਾ (ਅ)
[2] ਵਿਸਰ (ਅ,ੲ)
[3] ਇੱਥੇ 'ਤੋਬਾ ਨ ਕੀਤੀ ਕਰੇਦਿਆ ਗਨਾਹ॥ਕਰੇ ਅਰਜ ਬੰਦਗੀ ਬਿਗੋ ਨਾਨਕ ਐਸੈ ਆਲਮ ਸੌ ਤੇਰੀ ਪਨਾਹ॥' ਪੰਕਤੀ ਹੈ (ਅ)
[4] ਬਾਂਧ (ਅ,ੲ,ਸ)
[5] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਸਤਗੁਰੂ ਜੀ ਦਾ ਮਦੀਨੇ ਜਾਣਾ][1]

॥ਸੋਰਠਾ॥

ਗਏ ਮਦੀਨੇ ਦਿਆਲ ਮਹਜਿਦ ਮਹੰਮਦ ਦੀ ਥੀ ਜਹਾਂ॥
ਮਰਦਾਨਾ ਲੀਏ ਨਾਲ ਦੁਆਰ ਬਾਹਰ ਆਸਨ ਕੀਆ॥੧॥

॥ਚੌਪਈ॥

ਤਬ ਪੌਨ ਅਹਾਰੀ ਸਤਗੁਰ ਰਹੇ॥ਆਨੰਦ ਰੂਪ ਇਕ ਆਸਨ ਬਹੇ॥
ਸੁਨ ਮੁਖ ਭਜਨ ਮਰਦਾਨਾ ਕਰੇ॥ਕਾਹੂ ਕੀ ਵਲ ਦ੍ਰਿਸਟ ਨ ਧਰੇ॥੨॥
ਮਕੇ ਕੇ ਲੋਕ ਮਦੀਨੇ ਆਏ॥ਮਦੀਨੇ ਮੋ ਤਿਨ ਬਾਤ ਚਲਾਏ॥
ਇਸੀ ਦਰਵੇਸ ਮਕੇ ਕੋ ਫੇਰਾ॥ਸਭ ਕੋ ਜੀਤਾ ਕਰ ਸਚ ਨਿਬੇਰਾ॥੩॥
ਪੁਨ ਕਾਰੂ ਬਾਦਸਾਹ ਪੈ ਆਏ॥ਤਿਸ ਕਰ ਤਲਕੀਨ ਸਭ ਗੰਜ ਲੁਟਾਏ॥
ਕਰ ਮੁਰੀਦ ਸਚੁ ਰਾਹ ਬਤਾਇਆ॥ਖਲਕ ਕੁਲ ਅਰਾਮ ਕੋ ਪਾਇਆ[2]॥੪॥
ਬਡਾ ਦਰਵੇਸ ਕਰਾਮਾਤੀ ਬਡਾ॥ਸਭ ਕੋ ਜੀਤਾ[3] ਕਿਸੂ ਨ ਛਡਾ॥
ਸੁਨੇ ਤੁਰਕ ਸਭ ਕਹੇ ਸਾਹਰੀ॥ਮਰਮ ਨ ਬੂਝੇ ਕਹੈਂ ਬਾਹਰੀ॥੫॥

॥ਦੋਹਰਾ॥

ਕਾਜੀ ਰੁਕਨਦੀ ਸਭ ਹਾਜੀ ਅਰੁ ਪੀਰ ਬਹਾਵਲ ਹਕ॥
ਮਦੀਨੇ ਆਏ ਦੀਦਾਰ ਕੋ ਪਹੁਚੀ ਖਬਰ ਬੇਸਕ॥੬॥

॥ਚੌਪਈ॥

ਸਭ ਮੋਮਨ ਇਸਕਤਬਾਲ ਕੋ ਚਲੇ॥ਚੌਦਹ ਖਾਨਵਾਦੇ ਚਾਰ ਮੁਸਲੇ॥
ਕਰ ਮੁਲਾਕਾਤ ਮਸਜਿਤ ਕੋ ਆਏ॥ਦੇਖਾ ਬਾਬਾ ਬਾਤ ਚਲਾਏ॥੭॥
136/ੳ ਇਹ ਹਿੰਦੂ ਫਕੀਰ ਅਰਬ ਮੋ ਆਇਆ॥ਹਮ ਪੀਛੇ ਛੋੜਾ ਕਿ/ਸ ਰਾਹ ਬਤਾਇਆ॥
ਹਿੰਦੂ ਕੀ ਆਮਦ ਈਹਾ ਨਾਹੀ॥ਬਡਾ ਤਅਜਬ ਹੈ ਇਸ ਮਾਹੀ॥੮॥
ਤਬ ਕਾਜੀ ਹਾਜੀਅਨ ਸੋ ਕਹਾ॥ਇਹ ਫਕੀਰ ਬਰਸ ਮਕੇ ਮੋ ਰਹਾ॥
ਕਾਬਤੁਲ ਇਨ ਹੀ ਨੇ ਫੇਰਾ॥ਅਰੁ ਸਭ ਕੋ ਜੀਤਾ ਕੀਨਾ ਜੇਰਾ॥੯॥
ਪੁਨ ਗਏ ਰੂਮ ਕਾਰੂ ਕੋ ਕੀਆ ਤਨਕੀਨ[4]॥ਬਾਦਸਾਹ ਮੁਰੀਦ ਖੁਦ ਕੀਨ॥
ਗੰਜ ਪੈਤਾਲੀ ਦੀਏ ਲੁਟਾਇ॥ਬੰਦੀ ਖਾਨੇ ਸਭ ਦੀਏ ਛਡਾਇ॥੧੦॥
ਬਡਾ ਵਲੀ ਬਡੀ ਕਰਾਮਾਤ॥ਇਨ ਕੀ ਕੁਦਰਤ ਕਹੀ ਨ ਜਾਤ॥
ਸਭ ਲੋਗਨ ਯਹ ਬਾਤ ਜਬ ਸੁਨਾ॥ਬਡਾ ਸਾਹਰੀ ਕਰ ਕਰ ਗਨਾ॥੧੧॥

॥ਦੋਹਰਾ॥

ਮਰਮ ਨ ਜਾਨੇ ਵਲੀ ਕਾ ਸਾਹਰੀ ਕਰੇ ਬਖਾਨ॥
ਬਾਦ ਬਿਬਾਦ ਬਕੇ ਬਹੁਤ ਹੋਇ ਖਲਾਫੁ ਨਿਦਾਨ॥੧੨॥

॥ਚੌਪਈ॥

ਬਹੁਤ ਮੋਮਨ ਬਾਬਾ ਪਹਿ ਆਵੈਂ॥ਕਰੇ ਸਵਾਲ ਜਬਾਬ ਕੋ ਪਾਵੈ॥
ਗੁਰੂ ਸਾਹ ਸੋ ਚਲੇ ਨ ਬਾਤ॥ਬਾਦ ਕਰੇ ਬਹੁ ਆਵਤ ਜਾਤ॥੧੩॥
ਪੀਰ ਬਹਾਵਲ ਹਕ ਸਭ ਸੁਨੇ॥ਸੋਖੀ ਦੇਖੇ ਕਛੂ ਨ ਭਨੇ॥
ਸਭ ਲੋਕ ਆਮ ਕੋ ਕਹ ਸਮਝਾਵੇ॥ਯਹ ਵਲੀ ਕਾਮਲ ਮੌਲਾ ਕੋ ਭਾਵੈ॥੧੪॥
ਮਕੇ ਮਾਹ ਬਰਸ ਇਕ ਰਹੇ॥ਸਭ ਕੋਊ ਇਨ ਸਾਹਰੀ ਕਹੇ॥
ਕਾਬਤੁਲਾ ਕੋ ਇਨ ਹੀ ਫੇਰਾ॥ਕੀਆ ਕਾਰੂ ਬਾਦਸਾਹ ਚੇਰਾ॥੧੫॥
ਜੋ ਆਮਲ ਫਾਜਲ ਕਰੇ ਸਵਾਲ॥ਕਾਮਲ ਜਬਾਬ ਪਾਵੈ ਫਿਲਹਾਲ॥
ਕਾਮਲ ਵਲੀ ਸਭ ਨੇ ਜਬ ਜਾਨਾ॥ਨਾਨਕ ਸਾਹ ਕਹੇ ਸਬਨ ਬਖਾਨਾ॥੧੬॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਇੱਥੇ 'ਕਰ ਮੁਰੀਦ ਸਚੁ ਰਾਹ ਬਤਾਏ॥ਖਾਲਕੁ ਲਾਹ ਅਰਾਮ ਕੋ ਪਾਏ॥' ਪੰਕਤੀ ਹੈ (ਅ)
[3] ਇੱਥੇ 'ਬਡਾ ਦਰਵੇਸ ਕਰਾਮਾਤੀ ਬਡਾ॥ਸਭ ਕੋ ਜੀਤਾ' ਪੰਕਤੀ ਨਹੀ ਹੈ (ੲ)
[4] ਤਲਕੀਨ (ਅ,ੲ)

॥ਦੋਹਰਾ॥

ਬਹੁਤ ਬਾਤ ਮੈ ਕਿਆ ਕਹੋ ਇਹ ਕਾਮਲ ਵਲੀ ਅਲਾਹ॥
ਇਨ ਸੋ ਸੋਖੀ ਮਤ ਕਰੋ ਇਹ ਫਕਰ ਜਾਤ ਮੌਲਾਹ॥੧੭॥

॥ਚੌਪਈ॥

ਚਾਰ ਮੁਸਲੇ ਕੇ ਚਾਰ ਇਮਾਮ॥ਅਵਰ ਲੀਏ ਸੰਗ ਬਹੁਤੀ ਆਮ॥
136/ਅ ਚਾ/ਰ ਸਵਾਲ ਇਨ ਸੌ ਹਮ ਕਰੇ॥ਦੇਹ ਜਬਾਬ ਦਿਲ ਹਮਰਾ ਭਰੇ॥੧੮॥
ਨਹੀ ਤੋ ਇਨ ਕੌ ਕਰੇ ਤਜੀਰ॥ਹਿੰਦੂ ਸਾਹਰੀ ਨਹੀ ਫਕੀਰ॥
ਸੈਦ ਜਲਾਲ ਬਹਾਵਲੀ ਪੀਰ॥ਬੂਝੀ ਸਭਹਨ ਕੀ ਤਤਬੀਰ॥੧੯॥
ਜਬ ਲਗ ਯਹ ਕਰਾਮਾਤ ਨ ਦੇਖੇ॥ਤਬ ਲਗ ਫਕਰ ਕਾ ਕਦਰ ਨ ਲੇਖੇ॥
ਸਮਝ ਬਾਤ ਖਾਮੋਸ ਹੋਇ ਰਹੇ॥ਜੋ ਕਹੇ ਸੋ ਨਾਨਕ ਸਾਹ ਸੌ ਲਹੇਂ॥੨੦॥
ਜੋ ਹਾਜੀ ਸੈਦਾਤ ਕਾਬੇ ਸੋ ਆਏ॥ਤਿਨ ਚਾਰ ਇਮਾਮ ਸੌ ਕਹੇ ਸਮਝਾਏ[1]॥
ਲੇ ਹੁਕਮ ਖੁਦਾਇ ਨਾਨਕ ਵਲੀ ਜਗਾਇਆ॥ਫੇਰਾ ਮਕਾ ਸਚੁ ਖਬਰ ਸੁਨਾਇਆ॥੨੧॥
ਸਭ ਆਲਮ ਜੀਤ ਰੂਮ ਮੋ ਜਾਇ॥ਕਾਰੂ ਸਾਹ ਕੋ ਸਚੁ ਲਗਾਇ॥
ਕਰ ਮੁਰੀਦ ਸਭ ਗੰਜ ਲੁਟਾਏ॥ਬੰਦੀ ਖਾਨੇ ਸਭ ਛਡਾਏ॥੨੨॥

॥ਦੋਹਰਾ॥

ਇਸ ਸੌ ਤਕਰਾਰ ਗੁਨਾਹੁ ਹੈ ਇਹੁ ਕਾਮਲ ਵਡੀ ਕਰਾਮਾਤ॥
ਕਰੇ ਮਨਸੂਖ ਸਭ ਝੂਠ ਕੋ ਸਚ ਕਹੇ ਰਬ ਕੀ ਜਾਤ॥੨੩॥

ਆਗੇ ਖਨਵਾਦੇ ਸਭ ਅਰੁ ਚਾਰ ਇਮਾਮ ਅਰੁ ਹਾਜੀ ਮਕੇ ਵਾਲੇ ਅਰ ਸਭ ਆਮ ਲੋਕ ਮਿਲ ਕਰ ਮਸਲਤ ਕੀਆ॥ਜੋ ਐਸੀ ਕੁਦਰਤ ਵਾਲਾ ਦੀਨ ਕੇ ਘਰ ਮੋ ਆਵੈ ਤੌ ਬਡੀ ਬਾਤ ਹੈ॥ਨਾਹੀ ਸਾਹਰੀ ਠਹਰੇ ਤੌ ਤਾਜੀਰ ਕਰੇ॥ਏਕ ਵਾਰੀ ਇਸ ਸੌ ਮੁਕਾਬਲਾ ਕਰਨ ਸਲਾਹ ਦੀਨ ਕੀ ਹੈ॥ਚਾਰ ਸਵਾਲ ਲਾ ਹਲ ਇਸ ਕੋ ਪੂਛੈ॥ਬਾਦ ਸਵਾਲ ਜਬਾਬ ਕੇ ਜੋ ਹੋਇ ਸੋ ਹੋਇ॥ਕੁੱਲ ਮਿਲ ਮਸਲਤ ਕੀਆ॥[2]

॥ਸਵਾਲ ਚਾਰ ਇਮਾਮ॥

॥ਸੂਰਾ॥

ਆਖੇ ਇਮਾਮ ਕਮਾਲਦੀਨ ਨਾਲੇ ਸੈਦ ਜਲਾਲ॥
ਗੌਸਲ ਆਲਮ ਕੁਤਬਦੀਨ ਚਾਰੋ ਰੁਕਨ ਕਮਾਲ॥
137/ੳ ਅਸੀ ਪੁਛੇਦੇ ਹਾਂ ਚਾਰ ਨਸੀਹਤਾ ਤਿਸ ਦਾ/ਦੇਹੁ ਬਿਆਨ॥
ਬੇਟੇ ਆਮਦ ਸਫੀਦੇ ਹਿੰਦੂ ਮੁਸਲਮਾਨ॥
ਦੁਹਾ ਅੰਦਰ ਸਕ ਹੈ ਦੁਹ ਵਿਚ ਸਚਾ ਕੌਨ॥
ਏਹੁ ਹਕੀਕਤ ਜੋ ਜਾਹਰ ਕਰੇ ਹਮ ਖਾਦਮ ਹੋਵਾਂ ਤੌਨ॥੧॥
ਦੂਜਾ ਪੁਛੇ ਜਮਾਲਦੀ ਕਹੋ ਹੇ ਨਾਨਕ ਸਾਹ॥
ਹਿੰਦੂ ਮੁਸਲਮਾਨ ਦੁਇ ਕੁਫਰ ਤੈ ਇਸਲਾਮੁ॥
ਦੋਵੇ ਹੁਕਮ ਜਹਾਂ ਵਿਚ ਦੋਵੇ ਜਾਨ ਇਲਾਮ॥
ਅਗੇ ਪੈਗੰਬਰ ਵਿਚ ਹੈ ਅਗੇ ਹੈਂ ਅਵਤਾਰ॥
ਤੀਜਾ ਕੇਹੜਾ ਮਜਬ ਹੈ ਤਿਸ ਦਾ ਕਰੋ ਬੀਚਾਰ॥
ਜੋ ਆਖੇ ਤੀਜਾ ਪਾਕ ਹੈ ਆਪੇ ਪਰਵਦਗਾਰ ਹੈ॥
ਆਦਮ ਸੂਰਤ ਹੋਇ[3] ਕੈ ਕਰੈ ਨ ਹੋਰ ਕਰਾਰ॥

---

[1] ਸਮਝਾਝੇ (ਸ)

[2]ਇੱਥੇ ਇਸ ਪਹਿਰੇ ਦੀ ਜਗ੍ਹਾ ਤੇ ' ॥ਚੌਪਈ॥ਅਗੇ ਸਭ ਖਨਵਾਦੇ ਅਰ ਚਾਰ ਇਮਾਮ॥ਅਰ ਹਾਜੀ ਮਕੇ ਵਾਲੇ ਸਭ ਆਮ॥ਸਭ ਮਿਲ ਕਰ ਮਸਲਤ ਇਹ ਕੀਆ॥ਜੋ ਐਸੀ ਕੁਦਰਤ ਵਾਲਾ ਦੀਨ ਕੇ ਘਰ ਨਹੀ ਥੀਆ॥੨੪॥ਲਿਆਈਐ ਦੀਨ ਕੇ ਘਰਿ ਹੋਇ ਬਡੀ ਬਾਤ॥ਨਹੀ ਸਿਹਰੀ ਠਾਹਰੇ ਦੂਰਿ ਹੋਇ ਕਰਾਮਾਤ॥ਇਕ ਵਾਰੀ ਕਰਨਾ ਮੁਕਾਬਲਾ ਸਾਈ ਸਲਾਹ॥ਚਾਰ ਸਵਾਲ ਲਾਹਲ ਪੁਛੇ ਅਲਾਹ॥੨੫॥ਸਾਲ ਸਵਾਲ ਜਵਾਬ ਕਹੋ ਸੋ ਹੋਇ॥ਕੁਲ ਮਿਲ ਮਸਲਤ ਕੀਆ ਲੋਇ॥ਚਾਰ ਇਮਾਮੋ ਨੇ ਕੀਆ ਸਵਾਲ॥ਸੂਰਾ ਬੋਲ ਪੂਛਾ ਫਿਲਹਾਲ॥ ' ਪਾਠ ਹੈ (ਅ, 116/ਅ)

[3] ਹੋਰ (ਸ)

ਪਿਛਲੇ ਜਮਾਨੇ ਜੋ ਹੋਏ ਹਿੰਦੂਆ ਕੇ ਅਵਤਾਰ॥
ਕੀਤੇ ਹੈਨ ਮਨਸੂਖ ਸਭ ਹੁਣ ਅਮਲ ਮਹੰਮਦ ਯਾਰ॥
ਜਿਤੇਂ ਹੈ ਸਭੈ ਬਿਆਨ ਤੋਹ ਅਸਾ ਤੇ ਆਗੇ ਆਇ॥
ਜਾਦੂ ਕਰ ਕੇ ਹਿੰਦੂਆ ਮਕਾ ਦਿਤਾ ਫਿਰਾਇ॥
ਸਰਤਾਂ ਹਿੰਦੂ ਤੁਰਕ ਦੀ ਫਿਰ ਨਉਸਿਰ ਕਰੇ ਬਿਆਨ॥
ਤੈ ਕੀਤੇ ਨੀ ਮਨਸੂਖ ਸਭ ਹਿੰਦੂ ਮੁਸਲਮਾਨ॥
ਹਿੰਦੂ ਰਹਨ ਨ ਪਾਸਨੀ ਜੋ ਰਦੇ ਰਸੂਲ ਖੁਦਾਇ॥
ਹੁਣ ਨੌਬਤ ਮੁਸਲਮਾਨ ਦੀ ਤੈ ਕਿਉ ਰਦੀ ਆਇ॥
ਅਸੀ ਪੁਛਦੇ ਹਾ ਤਕਰਾਰ ਕਰ ਕਰੋ ਤਸਲੀ ਏਹੁ॥
ਅਸੀ ਭੀ ਛਡਦੇ ਨਾਹਿ ਤੋਹਿ ਬਿਨ ਸਚੇ ਸੁਨੇ ਸਨੇਹੁ॥

॥ਸਵਾਲ ਗੌਸਦੀਨ॥

ਤੀਜਾ ਪੁਛੇ ਗੌਸਦੀਨ ਕਰ ਕੇ ਬਹੁ ਤਕਰਾਰ॥
ਅਗੇ ਰਸੂਲ ਖੁਦਾਇ ਦਾ ਅਗੇ ਚਾਰੇ ਯਾਰ॥
ਤੁਧ ਜਾਤਾ ਹੈ ਔਰ ਕਛੁ ਸੋ ਭੀ ਆਖ ਬੀਚਾਰ॥
ਆਗੇ ਹਿੰਦੂ ਜਹਾਨ ਵਿਚ ਹੁਣ ਆਏ ਮੁਸਲਮਾਨ॥
ਦੁਹਾਂ ਵਿਚੋ ਰਦ ਤੂੰ ਤਿਸ ਕੋ ਕਹੈ ਸੈਤਾਨ॥
ਦਿਤਾ ਬਹਿਸਤੋ ਡਾਰ ਕੇ ਥੀਆ ਨਾਉ ਇਬਲੀਸ॥
ਲਿਖਿਆ ਵਿਚ ਕੁਰਾਨ ਦੇ ਆਖੀ ਨਬੀ ਹਦੀਸ॥

॥ਸਵਾਲ ਕੁਤਬਦੀਨ॥

137/ਅ ਚੌਥਾ ਬੋਲੇ/ਕੁਤਬਦੀਨ ਦੇਵੋ ਸਚੁ ਬੀਚਾਰ॥
ਸਬ ਤੇ ਕਲਮਾ ਰਬ ਦੀ ਸਭ ਮੁਲਾਂ ਕਹੈ ਪੁਕਾਰ॥
ਕੰਨੀ ਪਵੇ ਬਲੇਲ ਜਿਸ ਹੋਵੈ ਗੁਨਾਹਾ ਪਾਕ॥
ਕਾਇਮ ਥੀਏ ਕਿਆਮਤੀ ਫੇਰ ਨ ਮਿਲੇ ਤਲਾਕ॥
ਪੰਜ ਨਿਮਾਜਾ ਵਖਤ ਪੰਜ ਰੋਜੇ ਤੀਹ ਪਛਾਨ॥
ਚਾਰ ਇਮਾਮ ਮਜਬ ਹੈ ਚਾਰ ਮੁਸਲੇ ਮਾਨ॥
ਤੈ ਕਿਉ ਸਭੈ ਰਦਿਆ ਕਿਆ ਕਰ ਕੇ ਤਤਬੀਰ॥
ਜੋ ਇਨ ਕਰੇ ਤਸਲੜੀ ਨਹੀ ਦੇਵੇ ਤੁਧ ਤਾਜੀਰ॥
ਬਿਨ ਇਨ ਕੀ ਕੀਏ ਤਸਲੜੀ ਛੋਡੇ ਨ ਕਿਤੇ ਜਾਇ॥
ਪੰਜਵੀ ਕੌਨ ਕਿਤਾਬ ਹੈ ਅਸਾ ਨੂ ਦੇਹ ਸੁਨਾਇ॥
ਚਾਰ ਕਿਤਾਬ ਚਾਰ ਮਜਬ ਚਾਰੋ ਦੇਖ ਇਮਾਮ॥
ਅਵਲ ਕਰੋ ਤਸਲੜੀ ਪਿਛੋ ਕਰੋ ਕਲਾਮ॥

॥ਜਬਾਬ ਨਾਨਕ ਸਾਹ॥

॥ਸੂਰਾ॥

ਆਖੇ ਨਾਨਕ ਸਾਹ ਸਚੁ ਸੁਨਹੋ ਚਾਰ ਇਮਾਮ॥
ਸੈਦ ਕਮਾਲ ਜਲਾਲਦੀ ਕੁਤਬ ਗੌਸਲ ਜਾਨ॥
ਅਵਲ ਇਕ ਖੁਦਾਇ ਸੀ[1] ਦੂਜੀ ਕੁਦਰਤ ਕੀਨ॥
ਤੀਜੇ ਫਕਰ ਖੁਦਾਇ ਦੇ ਸਚੁ ਪਰ ਜਿਨਾ ਯਕੀਨ॥
ਹਿੰਦੂ ਮੁਸਲਮਾਨ ਦੁਇ ਕੇਹੜੀ ਵਿਚ ਕਿਤਾਬ॥
ਦੁਹਾ ਦਾਵਾ ਪਕੜਿਆ ਮਰਦੇ ਝਗੜ ਅਜਾਬ॥
ਠਹਕਨ ਚੀਲਹੁ ਬਾਂਸ ਜਿਉ ਆਤਮ ਪੈਦਾ ਹੋਇ॥
ਆਤਸ ਗੁਸਾ ਸੈਤਾਨ ਹੈ ਜਲ ਬਲ ਮਰਦੇ ਦੋਇ॥
ਲਿਖਿਆ ਵਿਚ ਕਿਤਾਬ ਕਿਸ ਦਾਵਾ ਰਾਮ ਰਸੂਲ॥
ਸੋਧੋ ਚਾਰ ਕਿਤਾਬ ਨੂੰ ਸੋਧੋ ਹਦੀਸ ਰਸੂਲ॥

---

[1] ਦੀ (ਅ,ੲ,ਸ)

ਇਕ ਖੁਦਾਇ ਇਕ ਕੁਦਰਤ ਹੈ ਮਿਲੇ ਜੁ ਦੋਵੈ ਆਇ॥
ਪੈਦਾ ਦੁਹ ਤੇ ਕਿਆ ਹੋਇਆ ਦੇਹੁ ਸਚੁ ਬਤਾਇ॥
ਦੁਹ ਤੇ ਉਪਜਿਆ ਦਾਨ ਸੀ ਹੋਈ ਚਾਰ ਕਤੇਬ॥
ਚਾਰੇ ਕੌਲ ਖੁਦਾਇ ਦੇ ਚੌਹਾ ਇਕਾ ਭੇਦ॥
138/ੳ ਹੁਜਤ ਰਾ/ਹੁ ਸੈਤਾਨ ਦਾ ਕੀਤਾ ਜਿਨਾ ਕਬੂਲ॥
ਸੋ ਦਰਗਹ ਢੋਈ ਨਾ ਲਹਨ ਭਰੇ ਨ ਸਫਾਤ ਰਸੂਲ॥
ਗੁਸਾ ਕਰ ਕੇ ਲੜ ਮਰਨ ਦੁਨੀ ਵਲੇਵੇ ਕਾਮ॥
ਦੁਹਾਂ ਮਜਬਾ ਤੇ ਗਏ ਭਰੇ ਨ ਮੁਰਸਦ ਹਾਮ॥

॥ਜਬਾਬ ਨਾਨਕ ਸਾਹ॥
॥ਚਾਰੋ ਇਮਾਮ ਕੋ ਕਹਾ॥

ਹਿੰਦੂ ਮੁਸਲਮਾਨ ਦੁਇ ਕੀਤੇ ਹੈ ਮਨਸੂਖ॥
ਲੇ ਫੁਰਮਾਨ ਖੁਦਾਇ ਦਾ ਨਾਨਕ ਕੀਆ ਖਰੂਜ॥
ਨਾਨਕ ਪੁਤ੍ਰ ਖੁਦਾਇ ਦਾ ਆਇਆ ਵਿਚ ਜਹਾਨ॥
ਕਾਨ ਉਠਾਵਨ ਮਜਬ ਦੇ ਹਿੰਦੂ ਮੁਸਲਮਾਨ॥
ਨਾਨਕ ਮੇਲ ਸਮਾਲ ਤੂ ਦੁਹਾ ਨੂ ਕਰ ਮਨਸੂਖ॥
ਮਸਰਕ ਮਗਰਬ ਜਨੂਬ ਹਦ ਤੀਨੋ ਰਹੇ ਖਰੂਜ॥
ਕਰਾਂ ਚਾਰੋ ਜੁਗ ਵਿਚ ਕਲਜੁਗ ਅੰਦਰ ਰਾਜ॥
ਪੰਥ ਚਲਾਇਆ ਧਰਮ ਦਾ ਸਭ ਲੇ ਕਰ ਸਾਜ ਸਮਾਜ॥
ਇਕੋ ਰੂਪ ਬਨਾਇਆ ਸਭਨਾ ਮਹਿਲਾ ਮਾਹਿ॥
ਉਮਤ ਸਭਾ ਕੌਮ ਦੀ ਮਿਲਸੀ ਆਇ ਅਸਾਹਿ॥
ਜਿਸ ਦੀ ਦੇਗ ਚਲੇ ਜਗਤ ਵਿਚ ਤੇਗ ਭੀ ਤਿਸਦੀ ਹੋਇ॥
ਕਰੇ ਅਦਾਲਤ ਸਚ ਦੀ ਜੀਤੇ ਸਗਲੇ ਲੋਇ॥
ਆਖੇ ਨਾਨਕ ਸਾਹੁ ਸਚੁ ਸੁਨਹੋ ਚਾਰ ਇਮਾਮ[1]॥
ਦੇਖੋ ਹੁਣ ਕਰਾਮਾਤ ਹੋਰ ਸੁਨਤੇ ਹੋ ਜੋ ਕਾਂਨ॥
ਕੰਨੀ ਅੰਗਲੀ ਪਾਇਕੇ ਤਬ ਨਾਨਕ ਦਿਤੀ ਬਾਂਗ॥
ਜੇਤੀ ਉਮਤ ਜਮਾ ਥੀ ਹੁਣਿ ਹੋਈ ਸੁਣ ਕੇ ਜਾਗ॥
ਬਧੇ ਜੁਸੇ ਸਬ ਦੇਹ ਲੇ[2] ਚਲੇ ਨਹੀ ਕੋਇ॥
ਕਾਰਖਾਨੇ ਛਤੀ ਜੁਗੋ ਕੇ ਹੋਇ ਗਏ ਬੰਦ ਸੋਇ॥
ਕਾਜੀ ਹਾਜੀ ਮੌਲਵੀ ਮੁਲਾ ਸੇਖ ਉਲਮਾਇ॥
ਅਖੀ ਦੇਖਨ ਤੁਰਤ ਰਾਮੁ ਕੋ ਨ ਸਕੇ ਅਲਾਇ॥

॥ਤਬ ਬਾਬੇ ਜੀ ਕਹਿਆ॥

ਬਾਬੇ ਕਹਿਆ ਇਮਾਮ ਜੀ ਕਰੋ ਸੰਗ ਸਾਰੀ ਮੋਹ॥
ਬਹੁਤੀ ਉਮਤ ਦੇਖ ਕੈ ਗਰਬ ਕੀਆ ਜੋ ਤੋਹ॥
ਕਰ ਕੇ ਕੁਦਰਤ ਰਬ ਦੀ ਛੋਡੇ ਬੰਦੀਵਾਂਨ॥
138/ਅ /ਗਲ ਵਿਚ ਪਲੂ ਪਾਇਕੇ ਸਭ ਕਦਮੀ ਢਠੇ ਆਨ॥
ਸਭੇ ਕਰਦੇ ਬੇਨਤੀ ਸੁਨੀਏ ਨਾਨਕ ਸਾਹ॥
ਜਿਉ ਕਰ ਅਸਾ ਛਡਾਇਆ ਤਿ ਉਮਤ ਦੇਹੁ ਛਡਾਇ॥
ਤਬ ਬਾਬੇ ਡਿਠੀ ਨਜਰ ਮਿਹਰ ਕਰ ਸਭ ਹੋਈ ਬੰਦ ਖਲਾਸ॥
ਬੰਦ ਛਡਾਈ ਸਤਗੁਰੂ ਰਬ ਆਗੇ ਕਰ ਅਰਦਾਸ॥
ਹਾਰਿਆ ਸਭਨਾ ਉਮਤੀ ਜੇਤੀ ਮਦੀਨੇ ਮਾਹਿ॥
ਹਾਰੇ ਚਾਰ ਇਮਾਮ ਸਭ ਜੀਤੇ ਨਾਨਕ ਸਾਹ॥

---
[1] ਤਿਮਾਮ (ਸ)
[2] ਸਬਸ ਦੇਹ ਲੇ (ੲ), ਸਬ ਦੇਹ ਹਲੇ (ਸ)

॥ਤਬ ਕਾਜੀ ਰੁਕਨਦੀਨ ਕਹਿਆ॥

ਆਖੇ ਕਾਜੀ ਰੁਕਨਦੀ ਸੁਨਹੋ ਚਾਰ ਇਮਾਮ॥
ਨਾਨਕ ਆਇਆ ਜਹਾਨ ਵਿਚ ਸਚਾ ਲੇ ਫੁਰਮਾਨ॥
ਆਖੇ ਸਭੇ ਹਾਜੀਆ ਨਾਲੇ ਬਹਾਵਦੀ ਪੀਰ॥
ਨਾਨਕ ਤਾਂਈ ਛੇੜਨਾ ਬਹੁਤੀ ਹੈ ਤਕਸੀਰ॥
ਆਖੇ ਸੈਦ ਜਲਾਲਦੀ ਆਖੇ ਸਭ ਸੈਦਾਤ[1]॥
ਨਾਨਕ ਵਡਾ ਪੀਰ ਹੈ ਸਾਹਿਬ ਵਡੀ ਕਰਾਮਾਤ॥[2]
ਬਧੀ ਉਸ ਸਭਾ ਉਮਤੀ ਮੁਖ ਤੇ ਬਾਂਗ ਅਲਾਇ॥
ਹਾਜਰ ਨਾਜਰ ਸਭ ਥਾਇ ਨਾਨਕ ਵਲੀ ਖੁਦਾਇ॥
ਆਖਰ ਇਸ ਜਹਾਨ ਵਿਚ ਖਾਤਮ ਨਬੀ ਰਸੂਲ॥
ਖਾਤਮ ਦੇ ਸਿਰ ਖਾਤ[3] ਹੈ ਨਾਨਕ ਰਬ ਕਬੂਲ॥
ਅਸਾ ਜਾਤਾ ਨਬੀ ਪਰ ਹੋਰ ਨ ਹੋਸੀ ਕੋਇ॥
ਦੁਇ ਫਿਰਕਿਆ ਤੇ ਬਾਹਰਾ ਨਾਨਕ ਜਾਹਰ ਹੋਇ॥
ਹਿੰਦੂ ਮੁੰਸਲਮਾਨ ਦੋਇ ਕੀਤੇ ਹੈ ਮਨਸੂਖ॥
ਅਬ ਲੇ ਫੁਰਮਾਨ ਖੁਦਾਇ ਦਾ ਨਾਨਕ ਕੀਆ ਖਰੂਜ॥
ਜੀਤ ਕਰ ਤੀਨੋ ਕੁੰਟ ਕੌ ਫੇਰ ਚਉਥੀ ਪਹੁਤਾ ਆਇ॥
ਚੌਥੀ ਕੁੰਟ ਭੀ ਜਿਣ ਲਈ ਰਖੀ ਸਚੁ ਪਨਾਹ॥
ਸਚਾ ਬਾਲਾ ਦਸਤ ਹੈ ਜੇ ਕਾਇਮ ਸਚ ਪਰ ਹੋਇ॥
ਕੂੜ ਨ ਪਹੁਚੇ ਸਚ ਨਾਲ ਜੇ ਸਉ ਦਉੜੇ ਕੋਇ॥

॥ਆਗੇ ਬਾਬਾ ਉਦਾਸ ਹੋਹਿ ਕਰ ਮਰਦਾਨੇ ਸੋ ਪੂਛਾ॥

139/ੳ ਹੇ ਮਰਦਾਨਿਆ ਅਬ ਤੂ ਰਾ/ਜੀ ਹੂਆ॥ਮਕੇ ਮਦੀਨੇ ਕਾ ਹਜ ਬਡੇ ਨਸੀਬੋ ਸੋ ਹੋਤਾ ਹੈ॥ਤੁਝ ਕੋ ਹੂਆ ਅਰ ਬਡੇ ਬੁਜੁਰਗਾ ਕਾ ਦੀਦਾਰ ਕੀਆ॥ਅਬ ਪੰਜਾਬ ਕੀ ਧਰਤੀ ਕੋ ਚਲੀਐ॥ਬਹੁਤ ਮੁਦਤ ਗੁਜਰੀ ਹੈ॥ਤਬ ਮਰਦਾਨਾ ਬਾਬਾ ਜੀ ਕੇ ਚਰਨੋ ਪਰ ਗਿਰ ਪੜਾ ਅਰੁ ਆਖਿਉਸੁ ਸੁਬਹਾਨ ਭਗਤ ਤੇਰੀ॥ਤੇਰੇ ਪ੍ਰਤਾਪ ਸੌ ਸਭ ਕਛੁ ਨਸੀਬ ਹੋਇਆ ਹੈ॥ਤੂੰ ਧੰਨ ਹੈ ਇਹ ਬਾਤ ਸੁਨ ਕਰ ਕਾਰੂ ਬਾਦਸਾਹ ਬਾਬੇ ਜੀ ਕੇ ਕਦਮ ਪਕੜ ਲੀਏ॥ਅਰ ਮੁਨਾਜਾਤ ਕਰ ਕਰ ਕਹਾ ਮੇਰੀ ਦਸਤਗੀਰੀ ਈਹਾ ਊਹਾ ਕੀਜੀਏ॥ਜੋ ਖਾਤਰ ਜਮਾ ਹੋਇ ਕਾਰੂ ਰੂਮੀ ਕੋ ਤਬ ਬਚਨ ਕੀਆ॥ [4]

॥ਬੈਤ॥

ਭਈ ਰਬ ਕੀ ਮਿਹਰ ਤੁਮ ਪਰ ਬਡੀ॥ਨਸੀਹਤ ਫਕਰ ਕੀ ਦਿਲੋ ਮੇ ਗਡੀ॥
ਨਾ ਖਤਰਾ ਕਿਸੀ ਬਾਤ ਕਾ ਦਿਲ ਕਰੋ॥ਮਹਬਤ ਖੁਦਾਇ ਕੀ ਸਦਾ ਦਿਲ ਧਰੋ॥
ਖਲਕ ਮਹ ਖਾਲਕ ਕੀਆ ਖੁਦ ਹਜੂਰ॥ਕਰੋ ਖੁਲਕ ਸਭ ਮਾਹ ਹਾਜਰ ਹਜੂਰ॥
ਪਕੜ ਦਸਤ ਬਾਬਾ ਲੀਆ ਸਾਹ ਗੋ॥ਕਰੇਂ ਹਮ ਸਫਾਇਤ ਬਦਰਗਾਹ ਮੋ॥

॥ਦੋਹਰਾ॥

ਕਰੋ ਅਦਾਲਤ ਸਚ ਕੀ ਕਛੂ ਨ ਲਾਗੇ ਲੇਪ॥
ਦੋਜਕ ਬਿਹਿਸਤ ਚਿਤਵੋ ਨਹੀ ਮਨ ਮੋ ਸਚੁ ਬਬੇਕ॥
ਕਾਰੂ ਸੋ ਗੁਰ ਬਿਦਾ ਹੋਇ ਲੇ ਮਰਦਾਨਾ ਸੰਗ॥
ਦੇਸ ਪੰਜਾਬ ਚਿਤਵਨ ਕੀਆ ਪਹੁਚੇ ਆਇ ਅਭੰਗ॥

॥ਸਾਖੀ ਪੂਰਨ ਹੋਈ॥[5]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੪੬॥

---

[1] ਸੈਤਾਨ (ੲ)

[2] ਇੱਥੇ 'ਨਾਨਕ ਵਡਾ ਪੀਰ ਹੈ ਸਾਹਿਬ ਵਡੀ ਕਰਾਮਾਤ॥' ਪੰਕਤੀ ਨਹੀਂ ਹੈ (ਸ)

[3] ਖਾਤਮ (ਅ,ੲ,ਸ)

[4] ਇੱਥੇ 'ਹੇ ਮਰਦਾਨਿਆ ਅਬ ਤੂ ਰਾਜੀ ਹੂਆ॥...... ਜੋ ਖਾਤਰ ਜਮਾ ਹੋਇ ਕਾਰੂ ਰੂਮੀ ਕੋ ਤਬ ਬਚਨ ਕੀਆ॥' ਦੀ ਜਗ੍ਹਾ ਤੇ '॥ਦੋਹਰਾ॥ਹੇ ਮਰਦਾਨਾ ਅਬ ਤੂ ਰਾਜੀ ਹੂਆ ਕੀਆ ਮਕੇ ਮਦੀਨੇ ਕਾ ਹਜ॥ਬਡੇ ਨਸੀਬਾ ਸੋ ਹੋਤ ਹੈ ਸੋ ਤੋ ਕੋ ਭਇਆ ਸੋ ਅਜ॥੨੭॥ਚੌਪਈ॥ਬਡੇ ਬਚੁਰਗ ਕਾ ਕੀਆ ਦੀਦਾਰ॥ਇਮਾਮ ਪੀਰ ਔ ਉਮਤ ਹਜਾਰ॥ਅਬ ਚਲੀਐ ਧਰਤੀ ਪੰਜਾਬ॥ਬਹੁਤ ਦਿਨ ਬੀਤੇ ਹੈ ਫਿਰਤਾਬ॥੨੮॥ਮਰਦਾਨਾ ਚਰਨਨ ਪਰ ਗਿੜਾ॥ਸਤਿਗੁਰ ਕੀ ਉਸਤਤਿ ਕੋ ਸੁਬਹਾਨ ਭਬਤ ਤੇਰੀ॥ਤੇਰੇ ਪ੍ਰਸਾਦਿ ਬਨੀ ਬਾਤ ਮੇਰੀ॥੨॥ਤੁਮਰੀ ਦੈਇਆ ਮੋਹਿ ਸਭ ਕਿਛ ਮਿਲਾ॥ਤੁਮਰੀ ਕਿਰਪਾ ਤੇ ਗਿਆ ਗਿਲਾ॥ਸੁਨੀ ਬਾਤਿ ਇਹੁ ਕਾਰੂ ਸਾਹ॥ਅਬ ਉਦਾਸ ਹੋਇ ਹੈ ਨਾਨਕ ਬੇਪਰਵਾਹ॥੩੦॥ਹਾਥ ਜੋਰ ਕਦਮਨ ਸੋ ਲਾਗਾ॥ਤਬ ਕਾਰੂ ਬੋਲਾ ਬਡਭਾਗਾ॥ਹੇ ਪੀਰ ਕੀਜੈ ਦਸਤਗੀਰੀ॥ਈਹਾ ਊਹਾ ਰਖ ਲੀਜੈ ਮੇਰੀ॥' ਪਾਠ ਹੈ (ਅ, 118/ਅ)

[5] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਦੁਨੀ ਚੰਦ ਖਤਰੀ ਨਾਲ ਮਿਲਾਪ][1]

॥ਦੋਹਰਾ॥

139/ਅ ਮਰ/ਦਾਨੇ ਕੋ ਆਗਿਆ ਕਰੀ ਆਖ ਮੀਟੋ ਤੁਮ ਮੀਤ॥
ਸਿੰਧ ਦੇਸ ਪ੍ਰਾਪਤ ਭਏ ਜਹਾ ਰਾਖਿਉ ਸਤਗੁਰ ਚੀਤ॥੧॥
ਬਸਤ੍ਰ ਉਤਾਰੇ ਰੂਮ ਕੇ ਲਿਟੀ ਮਹਿ ਰਖੇ ਦਿਆਲ॥
ਬਸਤ੍ਰ ਸੁਏਤ ਤਹਾ ਪਹਰ ਕੇ ਆਏ ਦੇ[2] ਪੰਜਾਬ॥੨॥

॥ਚੌਪਈ॥

ਇਛਿਆਚਾਰੀ ਦੀਨ ਦਿਆਲੰ॥ਪਹੁਚੇ ਸਿਆਲਕੋਟ ਕਿਰਪਾਲੰ॥
ਮਰਦਾਨਾ ਦੇਖ ਭਇਆ ਪ੍ਰੰਸੰਨ॥ਧਨ ਧਨ ਸਾਹਿਬ ਤੂੰ ਧੰਨ॥੩॥
ਤਹਾ ਦੁਨੀ ਚੰਦ ਧਰਮਸਾਂਤ ਪਿਤ ਕੀਨਾ॥ਬ੍ਰਹਮਨ ਅਥਿਤ ਨਿਵੰਤਨ ਦੀਨਾ॥
ਦੇਖੇ ਬਾਬਾ ਭਇਆ ਪ੍ਰਸੰਨ॥ਚਰਨਨ ਲਾਗ ਭਾਗ ਮਮ ਧੰਨ॥
ਸਗਲ ਸਮਗ੍ਰੀ ਤਯਾਰ ਤਿਨ ਕਰ॥ਬਿਧ ਬਿਧਾਤ ਪੂਜਨ ਕਰ ਧਰਾ॥
ਬ੍ਰਹਮਨ ਅਥਿਤ ਕਰ ਪ੍ਰੀਤ ਬੁਲਾਏ॥ਜਾਇ ਚਰਨਨ ਲਾਗ ਸਤਗੁਰ ਕੋ ਲਿਆਏ॥੫॥
ਛਤੀ ਪ੍ਰਕਾਰ ਪਰੋਸਨ ਕੀਨਾ॥ਪੁਨਿ ਆਇ ਸਤਗੁਰ ਪਹਿ ਭਇਆ ਅਧੀਨਾ॥
ਹੇ ਪ੍ਰ ਮਮ ਸਰਧਾ ਰਖ ਲੀਜੈ॥ਮੇਰੇ ਪਿਤ੍ਰ ਕ੍ਰਿਤਾਰਥ ਕੀਜੈ॥੬॥

॥ਦੋਹਰਾ॥

ਬਾਬਾ ਜੀ ਤਾ ਕੋ ਕਹਾ ਸੁਨ ਦੁਨੀ ਚੰਦ ਮਤ[3] ਗਿਆਨ॥
ਤੋਰ ਪਿਤਾ ਬਨ ਮੋ ਫਿਰੈ ਅਤ ਭੂਖ ਪਿਆਸਾ ਮਾਨ॥੭॥
ਤਬ ਦੁਨੀ ਚੰਦ ਬਿਨਤੀ ਕਰੀ ਹੇ ਪ੍ਰਭ ਭੇਦ ਬਤਾਉ॥
ਮਮ ਪਿਤਾ ਬਨ ਮੋ ਕੈਸੇ ਫਿਰੈ ਮੋਹਿ ਦੀਜੈ[4] ਨੈਨ ਦਿਖਾਇ॥੮॥

॥ਤੋਮਰ ਛੰਦ॥

ਪ੍ਰਭ ਹਸੇ ਮੰਦ॥ਕਹਾ ਦੁਨੀ ਚੰਦ॥ਤੇਰੋ ਪਿਤਾ ਬਿਘਾੜ॥ਫਿਰੇ ਝਾੜ ਝਾੜ॥੯॥
ਅਤਿ ਪਿਆਸ ਭੂਖ॥ਝਰ ਗਇਆ ਸੂਕ॥ਚਲ ਦੇਖ ਨੈਨ॥ਪੂਛੋ ਸੁ ਬੈਨ॥੧੦॥
ਲੇਹ ਤਾ ਕੀ ਸਾਰ॥ਤਿਸ ਕਰੋ ਉਧਾਰ॥ਅਤ ਪ੍ਰੇਮ ਰੰਗ॥ਲੇ ਭੋਜਨ ਸੰਗ॥੧੧॥
ਚਲੋ ਬਨ ਮੋ ਜਾਇ॥ਤੁਹ ਦੇਹੁ ਦਿਖਾਇ॥ਭਈ ਤੋਹ ਜਾਗ॥ਤੁਮ ਬਡੇ ਭਾਗ॥੧੨॥

॥ਦੋਹਰਾ॥

ਸਤਿਗੁਰ ਤਾ ਕੋ ਲੇ ਗਏ ਬਨ ਮੋ ਆਪ ਹੋਇ ਸੰਗ॥
140/ੳ ਜਾਇ ਦਿਖਾ/ਇਆ ਪਿਤਾ ਤਿਸ ਬਿਘਾੜ ਰੂਪ ਦੁਖ ਭੰਗ॥੧੩॥

॥ਚੌਪਈ॥

ਸਤਗੁਰ ਤਾ ਕੋ ਲੀਆ ਬੁਲਾਇ॥ਕਰ ਕਿਰਪਾ[5] ਦਿਸਟ ਤਿਸ ਲੀਆ ਜਗਾਇ॥
ਨਿਜ ਸੁਤ ਸੋ ਤਿਨ ਬਿਰਥਾ ਕਹੀ॥ਇਤ ਬਿਧ ਮਮ ਦੇਹੀ ਬਿਘਾੜ ਕੀ ਲਈ[6]॥੧੪॥
ਮੇਰੇ ਪੁਤ੍ਰ ਸਭਨ ਕੀਆ ਸਗੋਤੀ॥ਤਿਸ ਕੀ ਬਾਸ ਨਾਕ ਮੁਹਿ ਪਹੁਤੀ॥
ਬਾਸਨਾ ਲੇਤ ਮਿਰਤ ਮਮ ਭਈ॥ਇਤ ਬਿਧ ਦੇਹ ਬਿਘਾੜ ਕੀ ਲਈ॥੧੫॥
ਅਬ ਮੈ ਸੰਤ ਕਾ ਦਰਸਨ ਕੀਨਾ॥ਤੂੰ ਮਮ ਸਪੂਤ ਭਯਾ ਸੰਤ ਅਧੀਨਾ॥
ਅਬ ਮੇਰੀ ਗਤ ਸਹਿਜੇ ਭਈ॥ਸੰਤ ਪ੍ਰਤਾਪ ਮੇਰੀ ਅਪਦਾ ਗਈ॥੧੬॥
ਤਬ ਦੁਨੀ ਚਦ ਕੋ ਬਚਨ ਪ੍ਰਭ ਕੀਨਾ॥[7] ਵਹੁ ਭੋਜਨ ਆਗੇ ਧਰ ਦੀਨਾ॥
ਤਿਨ ਖਾਇਆ ਭੋਜਨ ਪ੍ਰਾਨ ਤਿਆਗੇ॥ਪਰਮ ਗਤਿ ਭਈ ਚਰਨਨ ਪ੍ਰਭ ਪਾਗੇ॥੧੭॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਦੇਸ (ਅ,ੲ,ਸ)
[3] ਮਮ (ਅ)
[4] ਦੀਸੈ (ਸ)
[5] ਕਿਪਾ (ਸ)
[6] ਭਈ (ੲ)
[7] ਇੱਥੇ 'ਤੂੰ ਮਮ ਸਪੂਤ ਭਯਾ...... ਬਚਨ ਪ੍ਰਭ ਕੀਨਾ॥' ਪਾਠ ਨਹੀਂ ਹੈ (ੲ)

॥ ਦੋਹਰਾ ॥

ਸੰਤ ਪ੍ਰਸਾਦਿ ਤਿਹ ਗਤ ਭਈ ਮਹਮਾ ਸੰਤ ਅਪਾਰ ॥
ਕ੍ਰਿਪਾ ਦਿਸਟ ਜਾਂ ਪਰ ਕਰੇ ਤਾ ਕਾ ਹੋਤ ਉਧਾਰ ॥੧੮॥

॥ ਚੌਪਈ ॥

ਤਬ ਪ੍ਰਭ ਦੁਨੀ ਚੰਦ ਘਰ ਆਏ ॥ ਦਿਖਾਇ ਚਲਿਤ੍ਰ ਭੋਜਨ ਗੁਰ ਪਾਏ ॥
ਦੁਨੀ ਚੰਦ ਕੋ ਕੀਆ ਕ੍ਰਿਤਾਰਥ ॥ ਭਈ ਗਤ ਪਿਤਾ ਸਤਗੁਰ ਪ੍ਰਮਾਰਥ ॥੧੯॥
ਪੁਨ ਮਰਦਾਨਾ ਤਿਲਵੰਡੀ ਗਇਆ ॥ ਗ੍ਰਿਹ ਕੀ ਖਬਰ ਲਿਆਵਤ ਭਇਆ ॥
ਬਾਬਾ ਕਾਲੂ ਹਰਿ ਲੋਕ ਸਿਧਾਏ ॥ ਪ੍ਰਭ ਅੰਤਰਜਾਮੀ ਕੋ ਖਬਰ ਸੁਨਾਏ ॥੨੦॥
ਸੁਣ ਕਰ ਦਿਆਲ ਖਿਮਾ ਕਰ ਰਹਾ ॥ ਪੁਨ ਮਰਦਾਨੇ ਸੌ ਪ੍ਰਭ ਕਹਾ ॥
ਜੋ ਕਰਨ ਰਹਾ ਸੁ ਕਰ ਹਮ ਆਵੈ ॥ ਮਾਤਾ ਜੀ ਕਾ ਬਿਓਗ ਮਿਟਾਵੈ ॥੨੧॥
ਦੁਨੀ ਚੰਦ ਸੌ ਬਿਦਾ ਪ੍ਰਭ ਭਏ ॥ ਕਾਬਲ ਕੋ ਮਾਰਗ ਧਰ ਲਏ ॥
ਬਾਬਰ ਪਾਤਸਾਹ ਪੈ ਜਾਵੈ ॥ ਤਾ ਕੇ ਮਨ ਕੀ ਆਸ ਪੁਜਾਵੈ ॥੨੨॥

॥ ਸਾਖੀ ਪੂਰਨ ਹੋਈ ॥ ੪੭ ॥ [1]

140/ਅ /ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

---

[1] ਇੱਥੇ '॥ ਸਾਖੀ ਪੂਰਨ ਹੋਈ ॥' ਵਾਲੀ ਪੰਕਤੀ ਨਹੀਂ ਹੈ

[ਸਾਖੀ ਬਾਬਰ ਬਾਦਸਾਹ ਨਾਲ ਮਿਲਾਪ][1]

॥ਦੋਹਰਾ॥

ਤਿਮਰਲੰਗ ਭਯਾ ਬਾਦਸਾਹ ਸਗਲ ਵਲਾਇਤ ਜੀਤ॥
ਪੁਨ ਜੀਤਾ ਹਿੰਦਸਤਾਨ ਕੋ ਅਮਲ ਆਪਨੋ ਕੀਤ॥੧॥

॥ਚੌਪਈ॥

ਕਾਬਲ ਮੋ ਰਾਖੈ ਨਿਜ ਸਤਰ॥ਤਹਾ ਧਨ ਮਾਲ ਸਭ ਕੀਆ ਇਕਤ੍ਰ॥
ਬਾਬਰ ਤਾ ਕੇ ਬੇਟਾ ਭਇਆ॥ਬਡਾ ਪਰਤਾਪ ਰਬ ਕੀ ਦਇਆ॥੨॥
ਪੁਨ ਤੈਮੂਰ ਹਿੰਦ ਮੋ ਮੂਆ॥ਰਾਜ ਪਠਾਨੋ ਕਾ ਤਹਾ ਹੂਆ॥
ਸਭ ਦੇਸ ਛੁਟੇ ਬਾਬਰ ਭਈ ਭੀਰ॥ਤਬ ਤਿਨ ਕਰੀ ਮਨ ਮੋ ਤਤਬੀਰ॥੩॥
ਅਬ ਮੈ ਕਰੋ ਇਬਾਦਤ ਮੌਲਾ॥ਮੌਲਾ ਕੇ ਫਜ਼ਲ ਕਾ ਮੈ ਹੋਇਆ ਓਲਾ॥
ਦਿਨ ਕੋ ਤਖਤ ਤਾਜ ਸਿਰ ਧਰੇ॥ਰਾਤ ਕੋ ਸਖਤ ਇਬਾਦਤ ਕਰੇ॥੪॥
ਕਰੇ ਬੇਨਤੀ ਮੌਲਾ ਪਾਸ॥ਮਿਲੇ ਕਾਮਲ ਵਲੀ ਹੋਇ ਪੂਰੀ ਆਸ॥
ਨਿਸ ਦਿਨ ਫਕੀਰ ਕਾ ਖੋਜ ਖੋਜਾਵੈ॥ਮਿਲਬੋ ਕਰੈ ਫਕਰ ਜੌ ਆਵੈ[2]॥੫॥

॥ਦੋਹਰਾ॥

ਅੰਤਰਜਾਮੀ ਦਿਆਲ ਪ੍ਰਭ ਬਾਬਰ ਕੀ ਥਿਰ ਜਾਨ॥
ਦਿਲੀ ਮਹਬਤ ਬੂਝ ਕਰ ਕੀਨਾ ਕਾਬਲ ਪਿਆਨ॥੬॥

॥ਚੌਪਈ॥

ਜਬ ਪੋਠੋਵਾਰ ਕੀ ਧਰਤੀ ਗਏ॥ਜਾਇ ਬਡੀ ਉਜਾੜ ਮੋ ਪ੍ਰਾਪਤ ਭਏ॥
ਤਹ ਬਡੀ ਪਿਆਸ ਮਰਦਾਨੇ ਭਈ॥ਕਰ ਬਿਨੰਤੀ ਬਾਬਾ ਸੋ ਕਹੀ॥੭॥
ਮੋਹ ਬਡੀ ਪਿਆਸ ਲਗੀ ਪ੍ਰਭ ਦਿਆਲ॥ਤੁਮ ਜਾਨਤ ਸਭ ਘਟ ਕਾ ਹਾਲ॥
ਦੇਖ ਬਿਹਾਲ ਦਇਆ ਪ੍ਰਭ ਆਇਆ॥ਤਹਾ ਧਰਤੀ ਖੋਦ ਪ੍ਰਭ ਜਲ ਪ੍ਰਗਟਾਇਆ॥੮॥
ਜਲ ਦੀਆ[3] ਮਰਦਾਨੇ ਭਇਆ ਪ੍ਰਸੰਨ॥ਕਰ ਉਸਤਤ ਕਹਾ ਧੰਨ ਪ੍ਰਭ ਧੰਨ॥
141/ੳ ਤਹਾ ਚਲਾ ਚਸਮਾ ਬਹੁ/ਜਲ ਪਰਗਾਸਾ॥ਮਰਦਾਨੇ ਨਮਿਤ ਕੀਆ ਪਰਮ ਬਿਲਾਸਾ॥੯॥
ਚਸਮੇ ਕਾ ਨਾਮ ਦੁਖ ਨਾਸਨ ਧਰਾ॥ਜੋ ਪੀਵੈ ਜਲ ਤਾ ਕਾ ਦੁਖ ਹਰਾ॥
ਸੇਰਸਾਹ ਪਠਾਨ ਕਿਲਾ ਤਹਾ ਕੀਨਾ॥ਰਵਿਤਾਸ ਗੜਾ ਨਾਮ ਤਾ ਕਾ ਧਰ ਦੀਨਾ॥੧੦॥
ਗੜ ਮੰਦਰ ਚਸਮੇ ਕੋ ਲਿਆਇਆ ਚਾਹੇ॥ਦਿਵਾਰ ਬਨਾਵੈ ਗਿਰ ਗਿਰ ਜਾਏ॥
ਪੁਨ ਦਰਵਾਜਾ ਤਹਾ ਤਿਨ ਕੀਨਾ॥ਕਰ ਬੰਦ ਦੁਆਰ ਤਲਾਕ ਤਹਾ ਦੀਨਾ॥੧੧॥
ਜੋ ਚਸਮਾ ਅੰਤਰ ਲਿਆਵਈ ਖੋਲੇ ਦੁਆਰਾ ਸੋਇ॥
ਮਿਟੇ ਤਲਾਕ ਸੇਰਸਾਹ ਕੀ ਬਡ ਪਰਤਾਪੀ ਹੋਇ॥੧੨॥

॥ਚੌਪਈ॥

ਤਹਾ ਤੇ ਆਗੇ ਸਤਿਗੁਰ ਚਲੇ॥ਪਰਬਤ ਕਛਾਰ ਠੌਰ ਦੇਖਾ ਭਲੇ॥
ਤਹਾ ਸੀਤਲ ਛਾਇਆ ਦੇਖ ਪ੍ਰਭ ਬੈਠੇ॥ਮਰਦਾਨੇ ਭੂਖ ਲਗੀ ਅਤਿ ਐਠੇ॥੧੩॥
ਕਰ ਜੋਰ ਸਤਗੁਰ ਕੌ ਬਿਨੇ ਸੁਨਾਈ॥ਪ੍ਰਭ ਮੋ ਕੋ ਭੂਖ ਲਗੀ ਅਧਕਾਈ॥
ਤਬ ਕਹਾ ਦਿਆਲ ਬਸਤੀ ਕਹੂ ਜਾਵੋ॥ਜੋ ਮਿਲੇ ਖਾਇ ਤੁਰੰਤਹਿ ਆਵੋ॥੧੪॥
ਹੇ ਦਿਆਲ ਨਿਕਟ ਬਸਤੀ ਨਹੀ ਕੋਈ ਆਹੀ॥ਸਭ ਰਿਧ ਸਿਧ ਤੁਮ ਚਰਨਨ ਮਾਹੀ॥
ਤਬ ਬਿਗਸ ਦਿਆਲ ਮਰਦਾਨੇ ਕਹਾ॥ਦੁੰਬੀ ਚਰਤੀ ਨਿਕਟ ਤਹਾ ਰਹਾ॥੧੫॥
ਜੋ ਦੁੰਬੀ ਚਰਾਵੈ ਤਾ ਪਹਿ ਜਾਵੋ॥ਤਾ ਕੋ ਮੇਰਾ ਬਚਨ ਸੁਨਾਵੋ॥
ਮਾਂਗੇ[4] ਫਕੀਰ ਦੁੰਬੀ ਕਾ ਦੁਧ॥ਦੁਹਿ ਦੇਵੋ ਕਾਰਜ ਹੋਇ ਸੁਧ॥੧੬॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਪਾਵੈ (ਅ,ੲ)
[3] ਪੀਆ (ਅ)
[4] ਆਗੇ (ਅ)

॥ ਹਸਨ ਬਾਚ ॥

॥ ਦੋਹਰਾ ॥

ਦੁਬੀ ਹੈ ਸਭ ਗਾਭਨੀ ਦੂਧ ਨ ਦੇਵੈ ਕੋਇ॥
ਪੁਨਿ ਮਾਨਿਓ ਬਚਨ ਫਕੀਰ ਕਾ ਦੋਹਨ ਲਾਗਾ ਸੋਇ॥੧੭॥

॥ ਚੌਪਈ ॥

ਦੂਧ ਦੋਹ ਭਾਂਡਾ ਤਿਨ ਭਰਾ॥ ਪੁਨ ਬਿਚਾਰ ਮਨ ਮੋ ਤਿਨ ਕਰਾ॥
ਗਾਭਨੀ[1] ਦੁੰਬੀ ਦੂਧ ਹੈ ਦੀਨਾ॥ ਵਹ ਕੋਈ[2] ਵਲੀ ਬਚਨ ਜਿਨ ਕੀਨਾ॥੧੮॥
141/ਅ /ਹੈ ਕਾਮਲ ਵਲੀ ਰਬ ਕੀ ਜਾਤ॥ ਕਰੌ ਦਿਦਾਰ ਮੇਰੀ ਹੋਇ ਨਿਜਾਤ॥
ਜਾਇ ਬਾਬੇ ਕੇ ਕਦਮਨ ਪਰਾ॥ ਵੇ ਦੂਧ ਕਾ ਬਰਤਨ ਆਗੇ ਧਰਾ॥
ਕਹੂੰ ਗਾਭਨੀ ਦੁੰਬੀ ਦੂਧ ਨਹੀ ਦੀਆ॥ ਆਪ ਕੇ ਬਚਨ ਬਰਕਤ ਸੋ ਥੀਆ॥
ਮੈ ਜਾਤ ਪਠਾਨ ਹਸਨ ਮਮ ਨਾਉ॥ ਭਇਆ ਦੀਦਾਰ ਮੈ ਬਲਿ ਬਲਿ ਜਾਉ॥੨੦॥
ਤਬ ਹੋਇ ਪ੍ਰਸੰਨ ਸਤਿਗੁਰ ਮੁਖ ਭਾਖਾ॥ ਹਸਨ ਅਬਦਾਲ ਨਾਮ ਤਿਸ ਰਾਖਾ॥
ਕਿਰਪਾ ਕੀ ਨਜਰ ਤਾਹਿ ਪਰ ਕੀਨਾ॥ ਅਬਦਾਲ ਮਰਾਤਬ ਤਾ ਕੋ ਦੀਨਾ॥੨੧॥

॥ ਦੋਹਰਾ ॥

ਮਿਹਰ ਨਜਰ ਤਾ ਪਰ ਕਰੀ ਭਏ ਹਸਨ ਅਬਦਾਲ॥
ਬੂਝ ਸਿਰਰ ਸਭ ਗੈਬ ਕਾ ਭਏ ਮਸਤੁ ਅਲਮਸਤੁ ਖੁਸਾਲ॥੨੨॥
ਪੀਛੇ ਸੋ ਕਿਨੀ ਬਸਾਇਆ ਹਸਨ ਅਬਦਾਲ ਧਰ ਨਾਉ॥
ਪਰਬਤ ਪਰ ਦੀਪਕ ਬਲੇ[3] ਤਹਾ ਹਸਨ ਅਬਦਾਲ ਕੋ ਥਾਉ[4]॥੨੩॥

॥ ਦੋਹਰਾ ॥

ਤਹਾ ਤੇ ਪ੍ਰਭ ਆਗੇ ਚਲੇ ਧਰ ਇਛਿਆਚਾਰੀ ਰੂਪ॥
ਇਕ ਨਿਮਖ ਮਾਹ ਕਾਬਲ ਗਏ ਅਕਥ ਕਥਾ ਹੈ ਗੂਪ॥੨੪॥

॥ ਕਬਿਤੁ ॥

ਕਾਬਲ ਮੋ ਗਏ ਦਿਆਲ ਮਰਦਾਨਾ ਲੀਏ ਨਾਲ
ਆਸਨ ਅਸੀਨ ਭਏ ਅਨਹਤ ਧੁਨ ਸੁਹਾਤ ਹੈ॥
ਬਾਜਤ ਰਬਾਬ ਤਾਰ ਪਰਮ ਸੁਖ ਅਨੰਦ ਸਾਰ
ਮਰਦਾਨਾ ਗਾਨ ਕਰੇ ਸੁਰ ਗੰਭੀਰ ਭਾਂਤ ਹੈ॥
ਬ੍ਰਹਮ ਅਨੰਦ ਸੁਖ ਮੁਖ ਸਰੂਪ ਸੁੰਦਰ ਦ੍ਰਿਗ
ਅੰਮ੍ਰਿਤ ਰੂਪ ਬਾਨੀ ਕੋ ਉਚਾਰ ਕਰਤ ਪ੍ਰੇਮ ਭਰੇ ਗਾਤ ਹੈ॥
ਜਿਨੀ ਦਰਸ ਦਿਆਲ ਕੀਆ ਮਾਨੋ ਤਿਨ ਅਮਿਓ ਪੀਆ
ਕ੍ਰਿਪਾ ਦਿਸਟਿ ਜਾ ਪਰ ਪਰੇ ਮੁਕਤ ਹੋਤ ਜਾਤ ਹੈ।੨੫॥

॥ ਦੋਹਰਾ ॥

ਖਬਰ ਭਈ ਬਾਦਸਾਹ ਕੋ ਕੋਈ ਆਇਆ ਵਲੀ ਅਲਾਹ॥
ਸੁਨਤ ਖਬਰ ਮਨ ਭਇਆ ਯਕੀਨ ਚਲ ਆਏ ਬਾਬਰ ਸਾਹ॥੨੬॥

॥ ਅੜਲ ॥[5]

142/ੳ /ਖਬਰਗੀਰ ਸਭ ਆਏ ਬਾਬਰ ਸਾਹ ਕੇ॥
ਤਿਨ ਕਰੀ ਅਰਜ ਕਰ ਸਿਫਤ ਵਲੀ ਅਲਾਹ ਕੇ॥
ਨਾਨਕ ਸਾਹ ਹੈ ਨਾਮ ਇਕ ਮੁਤਰਬ ਸੰਗ ਹੈ॥
ਵੈ ਗਾਵੈ ਸਿਫਤ ਖੁਦਾਇ ਫਕਰ ਇਕ ਰੰਗ ਹੈ॥੨੭॥
ਤਬ ਲੇ ਕਚਕੋਲ ਭਰ ਭਾਂਗ ਬਾਬਰ ਲੀਆ ਸੰਗ ਮੋ[6]॥

[1] ਗਾਭਠੀ (ਸ)
[2] ਵਹ ਹੈ ਕੋਈ (ਸ)
[3] ਜਲੇ (ਅ)
[4] ਨਾਉ (ਅ)
[5] ਇੱਥੇ ਸਿਰਲੇਖ ‘॥ ਚੌਪਈ ॥ ਅੜਲ ॥’ ਹੈ (ਅ)
[6] ਸੰਗ (ਸ)

ਚਲਾ ਮਿਲਨ ਗੁਰ ਸਾਹ ਮਹਬਤ ਰੰਗ ਮੋ॥
ਦੇਖ ਦੀਦਾਰ ਕਰਾਰ ਯਕੀਨ ਮਨ ਮੋ ਕਰਾ॥
ਅਬ ਪਾਵੌਂ ਸਗਲ ਮੁਰਾਦ ਫਕਰ ਮੌਲਾ ਮਿਲਾ॥੨੬॥
ਭਏ ਠਾਢੇ ਨਿਕਟ ਗੁਰ ਸਾਹ ਦਸਤਪੋਸੀ ਕਰਾ॥
ਲੇ ਭਰਾ ਭਾਂਗ ਕਚਕੋਲ ਸਾਹ ਆਗੇ ਧਰਾ॥੨੭॥
ਕਰ ਜੋੜ ਬੇਨਤੀ ਕਰੀ ਭਾਂਗ ਕੋ ਖਾਈਐ॥
ਮੈ ਲਿਆਇਆ ਕਰ ਬਹੁ ਆਸ ਕਬੂਲ ਕਰਾਈਐ॥੨੮॥
ਤਬ ਬੋਲੇ ਸਤਗੁਰ ਸਾਹ ਮੀਰ ਬਾਬਰ ਕਹੀ॥
ਹਮ ਖਾਈ ਭਾਂਗ ਇਕ ਬੇਰ ਅਮਲ ਉਤਰੇ ਨਹੀ॥੨੯॥
ਯਹ ਝੂਠਾ ਅਮਲ ਕਹਾਇ ਜੁ ਅਮਲ ਨਜੂਲ ਹੈ॥
ਹੋ ਉਤਰੇ ਨਾਹੀ ਅਮਲ ਸੋ ਹਕ ਕਬੂਲ ਹੈ॥੩੦॥

॥ਦੋਹਰਾ॥

॥ਬਾਬਰ ਬਾਚ॥

ਸਭ ਕੋਈ ਖਾਵੈ ਭਾਂਗ ਯਹ ਜੇਤਾ ਜਗਤ ਜਹਾਨ॥
ਜਿਸ ਖਾਏ ਅਮਲ ਉਤਰੇ ਨਹੀ ਤਾ ਕਾ ਕਹੋ ਬਿਆਨ॥੩੩॥

॥ਦੋਹਰਾ॥

ਮਰਦਾਨੇ ਕੋ ਸਤਗੁਰ ਕਹਾ ਲੇਹੁ ਰਬਾਬ ਸੁਧਾਰ॥
ਗਾਈਐ ਸਬਦ ਜੋ ਮੈ ਕਹੌਂ ਮੀਰ ਬਾਬਰ ਕਰੇ ਬੀਚਾਰ॥੨੪॥
ਤਬ ਬਾਬੇ ਜੀ ਸਬਦ ਉਚਾਰ ਕੀਆ॥ਮਰਦਾਨੇ ਕੋ ਆਗਿਆ ਭਈ ਰਾਗ ਤਿਲੰਗ ਮੋ ਗਾਉ॥[1]

॥ਰਾਗੁ ਤਿਲੰਗ ਮਹਲਾ ੧ ਘਰੁ ੨॥

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ਮੈ ਦਿਵਾਨਾ ਭਇਆ ਅਤੀਤ॥
142/ਅ ਕਰ ਕਾਸਾ ਦਰਸਨ ਕੀ ਭੂਖ॥ਮੈ ਦਰ ਮਾਗ/ਤ ਭੀਖਿਆ ਪਾਇ॥੧॥ਰਹਾਉ॥
ਕੇਸਰ ਕੁਸਮ ਮਿਰਗ ਮਹਿ ਹਰਣਾ॥ਸਰਬ ਸਰੀਰੀ ਚੜਣਾ॥
ਚੰਦਨ ਭਗਤਾ ਜੋਤ ਇਨੇਹੀ ਸਰਬੇ[2] ਪਰਮਲ ਕਰਣਾ॥੨॥
ਘਿਅ ਪਟ ਭਾਂਡਾ ਕਹੈ ਨ ਕੋਇ॥ਐਸਾ ਭਗਤ ਵਰਣ ਮਹਿ ਹੋਇ॥
ਤੇਰੇ ਨਾਮ ਨਿਵੇ ਰਹੇ ਲਿਵ ਲਾਇ॥ਨਾਨਕ ਤਿਨ ਦਰ ਭਿਖਿਆ ਪਾਇ॥੩॥

॥ਦੋਹਰਾ॥

ਮਰਦਾਨੇ ਸਬਦ ਗਾਇਆ ਜਬੀ ਸੁਨ ਬਾਬਰ ਭਏ ਮਸਤ॥
ਰਾਗ ਨਾਦ ਰਬਾਬ ਤਾਰ ਧੁਨ ਜਿਨ ਸੁਨਿਆ ਭਏ ਅਲਮਸਤ॥੩੫॥

॥ਬੈਤ॥[3]

ਸੁਨਤ ਮੀਰ ਬਾਬਰ ਮਗਨ ਹੋਇ ਗਏ॥ਘੜੀ ਏਕ ਕੇ ਬਾਦ ਸੁਧ ਮੋ ਭਏ॥੩੬॥
ਕਰੀ ਬੇਨਤੀ ਮੋਹਿ ਮਾਇਨੇ ਸੁਨਾਵੋ॥ਵਲੀ ਕੌਲ ਕੋ ਬੂਝ ਦਿਲ ਮੌ ਬਸਾਵੌਂ॥੩੭॥
ਕਹਾ ਸਾਹ ਸਤਗੁਰ ਸੁਨੋ ਹੋਇ ਸੁਚੇਤ॥ਜੋ ਦੁਨੀਆ ਕੀ ਤੁਮ ਕੋ ਲਾਗੇ ਨ ਚਪੇਟ॥੩੮॥

॥ਤਿਸ ਕਾ ਅਰਥ॥[4]

ਹੇ ਮੀਰ ਬਾਬਰ ਖੌਫ ਰਬ ਕਾ ਯੇਹੀ ਭਾਂਗ ਕੋ ਦਿਲ ਚਿਤ ਕੇ ਖਲੜ ਮੋ ਰਾਖਨਾ॥ਐਸੀ ਭਾਂਗ ਕਾ ਅਮਲ ਉਰਤਾ[5] ਨਾਹੀ॥ਜੋ ਖਾਵੈ ਸਦਾ ਮਸਤ ਰਹੈ॥ਜੋ ਐਸਾ ਦੀਵਾਨਾ ਭਇਆ ਸੋਈ ਬੰਦਾ ਪਾਕ ਹੈ॥ਹਾਥ ਹੀ ਮੇਰਾ ਕਾਸਾ ਹੈ॥ਰਬ ਕੇ ਦੀਦਾਰ ਕੀ ਭੂਖ ਸਦਾ ਰਹਤੀ ਹੈ॥ਅਰੁ ਰਬ ਕੇ ਦੁਆਰੇ ਯਹੀ ਭਿਖਿਆ ਮਾਂਗਤਾ ਹੋ॥ਹੇ ਮੌਲਾ ਤੇਰੇ ਦਰਸਨ ਕੋ ਮੈ ਸਦਾ ਮਾਗਤਾ ਹੌਂ॥ਮੁਝ ਕੋ ਯਹੀ ਭਿਖ ਮਿਲੇ ਮੈ ਐਸੀ ਭਾਂਗ ਖਾਈ ਹੈ॥ਹੇ ਮੀਰ ਜੀ ਜੋ ਐਸੇ ਭਿਖਾਰੀ ਹੈ ਤਿਨ ਕੀ ਖਾਸੀਹਤ ਭੀ ਸੁਨੋ॥ਜੈਸੇ ਕੇਸਰ ਅਰੁ ਫੂਲ ਅਰ ਮੁਸਕ ਅਰੁ ਚੰਦਨ ਸਭ ਕੇ ਹਾਥ ਸੌ ਸਭ ਕੋਈ ਲੇਤਾ ਦੇਤਾ ਹੈ॥ਅਰੁ ਘੀਉ ਜਿਸ

---

[1] ਇੱਥੇ '॥ਤਬ ਬਾਬੇ ਸਬਦ ਕਹਾ॥' ਪੰਕਤੀ ਹੈ (ੲ)
[2] ਸਰਧੇ (ਸ)
[3] ਇੱਥੇ ਸਿਰਲੇਖ 'ਬੈਤ' ਨਹੀਂ ਹੈ (ਸ)
[4] ਇੱਥੇ ਸਿਰਲੇਖ '॥ਅਰਥ॥' ਹੈ (ੲ)
[5] ਉਤਰਤਾ (ਅ,ੲ)

143/ੳ ਬਰਤਨ ਮੋ ਹੋਤਾ ਹੈ॥ਸੋ ਭੀ ਪਾਕ ਹੈ॥ਤੈਸੇ ਰਬ/ਕੇ ਵਾਸਲ ਜੋ ਹੈ ਸੋ ਪਾਕ ਹੈ॥ਹਿੰਦੂ ਹੋ ਮੁਸਲਮਾਨ ਹੋ॥ਭਾਵੈ ਨੀਚ ਹੋ ਭਾਵੈ ਊਚ ਹੋ॥ਵਹ ਪਾਕ ਹੈ ਤਿਨ ਮੋ॥ਸਕ ਕੋਈ ਨਾਹੀ॥ਜੋ ਇਨ ਕੋ ਮਿਲਤਾ ਹੈ ਬਿਸਕ ਸੋ ਭੀ ਪਾਕ ਹੋਤਾ ਹੈ॥ਹੇ ਮੀਰ ਜੀ ਜੋ ਰਬ ਕੋ ਖੌਫ ਮੈ ਅਰੁ ਅਠੋ ਪਹਰ ਮੌਲਾ ਕੀ ਮੁਹਬਤ ਮੋ ਰਹਤੇ ਹੈਂ॥ਮੈ ਤਿਨਾ ਕਾ ਭਿਖਾਰੀ ਹੌਂ॥

ਇਹ ਕਥਾ ਸੁਨ ਕਰ ਬਾਬਰ ਨੇ ਬਾਬਾ ਜੀ ਕੀ ਸਿਫਤ ਕੀਤੀ॥ਅਰੁ ਕਹਾ ਮੈ ਫਕਰ ਕਾ ਫਿਦਵੀ ਹੋ ਮੇਰੀ ਮੁਰਾਦ ਫਕੀਰ ਸੌ ਹਾਸਲ ਹੋਗੀ॥ਅਰੁ ਮੇਰੀ ਨਿਜਾਤ ਭੀ ਫਕੀਰ ਸੋ ਹੈ॥

ਤਬ ਬਾਬਾ ਜੀ ਖੁਸੀ ਭਏ ਏਕ ਮੂਠ ਭਾਂਗ ਕੀ ਕਚਕੋਲ ਸੋ ਲੀਆ ਖਾਇਆ॥ਅਰੁ ਕਹਾ ਤੇਰੀ ਕਿਆ ਮੁਰਾਦ ਹੈ॥ਤਬ ਮੀਰ ਨੇ ਕਹਾ ਮੈ ਅਪਨੇ ਬਾਪ ਕੀ ਸਲਤਨਤ ਹਿੰਦ ਕੀ ਪਾਵੌਂ॥

॥ਤਬ ਬਾਬਾ ਜੀ ਨੇ ਬਚਨ ਕੀਆ॥

ਖੁਦਾਇ ਕੇ ਹੁਕਮ ਸੋ ਹਿੰਦ ਕੀ ਪਾਤਿਸਾਹੀ ਤੁਮ ਕੋ ਦੀਆ॥ਖੌਫ ਖੁਦਾਇ ਕਾ ਅਰ ਅਦਲ ਕਰਨਾ॥ਤਬ ਬਾਬਰ ਕਦਮਾ ਪਰ ਗਿੜ ਪੜਾ॥ਬਾਬਾ ਜੀ ਨੇ ਮੇਹਰਬਾਨੀ ਕਾ ਹਾਥ ਪੀਠ ਪਰ ਰਾਖਾ॥ਅਰੁ ਕਹਾ ਇਸੀ ਕਾਮ ਕੋ ਹਮ ਆਏ ਥੇ ਸੋ ਹੂਆ[1]॥ਅਬ ਹਮ ਜਾਤੇ ਹੈਂ॥

ਤਬ ਮੀਰ ਨੇ ਬੇਨਤੀ ਕੀ ਮੈ ਫੇਰ ਭੀ ਦੀਦਾਰ ਕੌਂ ਪਾਵੌਂਗਾ॥ਬਾਬਾ ਜੀ ਲੇ ਕਹਾ ਪਾਵੋਗੇ ਹਿੰਦ ਮੋ ਮਿਲੇਗੇ॥

॥ਸਾਖੀ ਪੂਰਨ ਹੋਈ॥੪੮॥[2]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਇੱਥੇ 'ਅਰੁ ਕਹਾ ਇਸੀ ਕਾਮ ਕੋ ਹਮ ਆਏ ਥੇ ਸੋ ਹੂਆ॥' ਦੀ ਜਗ੍ਹਾ ਤੇ 'ਇਸੀ ਵਾਸਤੇ ਹਮ ਈਹਾ ਆਏ ਸੋ ਕਾਰਜ ਹੂਆ॥' ਪੰਕਤੀ ਹੈ (ਅ)

[2] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਬਾਬਾ ਜੀ ਦਾ ਹਿੰਦੁਸਤਾਨ ਆਉਣਾ][1]

॥ ਬੈਤ ॥

ਬਿਦਾ ਹੋਇ ਬਾਬਰ ਸੋ ਸਤਿਗੁਰ ਚਲੇ॥ ਗਏ ਦੇਸ ਕਾਛੇ ਨਿਮਖ ਮੋ ਭਲੇ॥੧॥
143/ਅ ਮਰਦਾਨੇ ਕਾ ਤਿਸ ਦੇਸ ਮੋ ਹੂਆ ਕਾਲ॥ /ਦੀਆ ਆਗ ਸਤਗੁਰ ਕੀਆ ਤਿਸ ਨਿਹਾਲ॥੨॥
ਬਹੁਤ ਸੈਰ ਕੀਨਾ ਥਾ ਸਤਿਗੁਰ ਕੇ ਸੰਗ॥ ਬਡੇ ਸੰਤ ਦੇਖੇ ਭਇਆ ਏਕ ਰੰਗ॥ [੩]
ਤਹਾ ਸੌ ਚਲੇ ਦਿਆਲ ਆਏ ਪੰਜਾਬ॥ ਸੁਰਤ ਕਰ ਨਿਮਖ ਮਾਹਿ ਪਹੁਚੇ ਸਿਤਾਬ॥੪॥

॥ ਦੋਹਰਾ ॥

ਆਏ ਦੇਸ ਪੰਜਾਬ ਮੋ ਕੇਤਕ ਸੰਗ ਫਕੀਰ॥ ਸੈਦਪੁਰ ਸਰੋਹੇ ਮੋ ਗਏ ਬਸਤੀ ਬਡੀ ਗੰਭੀਰ॥੫॥

॥ ਚੌਪਈ ॥

ਨਿਕਟ ਨਗਰ ਇਕ ਬਾਗ ਤਹਾ ਰਹੇ॥ ਸੀਤਲ ਕੂਪ ਹਰਟ ਜਲ ਬਹੇ॥
ਤਹਾ ਰੋੜੀ ਪਰ ਬੈਠੇ ਪ੍ਰਭ ਜਾਇ॥ ਕਹਾ ਫਕੀਰਾ ਬਚਨ ਸੁਨਾਇ॥੬॥
ਪ੍ਰਭ ਭੂਖ ਲਗੀ ਜੋ ਆਗਿਆ ਕਰੋ॥ ਜਾਉ ਨਗਰ ਮਾਂਗ ਉਦਰ ਕੋ ਭਰੋ॥
ਗਏ ਨਗਰ ਫਕੀਰ ਤਹਾ ਬਡਾ ਉਤਸਾਹ॥ ਖਾਨ ਕੇ ਬੇਟੇ ਕਾ ਥਾ ਬਿਆਹ॥੭॥
ਸਾਰੇ ਨਗਰ ਤਿਨ ਜਿਆਫਤ ਕਰੀ॥ ਕਾਹੂ ਨੇ ਚੂਲੇ ਆਗ ਨ ਧਰੀ॥
ਘਰ ਘਰ ਨਚਤ ਪਠਾਨ ਪਠਾਨੀ॥ ਫਿਰੈ ਮਦ ਮਾਤੇ ਬਡੇ ਤੁਫਾਨੀ॥੮॥
ਊਹਾ ਜਾਇ ਫਕੀਰਾ ਕੀਆ ਸਵਾਲ॥ ਕਿਨੀ ਕਛੂ ਨ ਦੀਨਾ ਭਏ ਬਿਹਾਲ॥
ਕਿਨੀ ਸਿਰ ਸੌ ਟੋਪੀ ਲਈ ਉਤਾਰ॥ ਕਿਨੀ ਖਾਕ ਆਖਨ ਮੋ ਦੀਨੀ ਡਾਰ॥੯॥

॥ ਦੋਹਰਾ ॥

ਬੁਰਾ ਹਾਲ ਤਾ ਕਾ ਕੀਆ ਖੌਫ ਰਬ ਨਹੀਂ ਕੀਨ॥
ਜੈਸਾ ਕਰੇ ਤੈਸਾ ਲਹੈ ਕੋਊ ਸਮਝਤ ਹੈ ਪਰਬੀਨ॥੧੦॥

॥ ਚੌਪਈ ॥

ਬਹੁਤ ਦੁਖ ਦੀਨਾ ਤਿਨਾ ਫਕੀਰ॥ ਜਾਇ ਪਰੇ ਬਸ ਬਡੇ ਬਿਪੀਰ॥
ਜਾ ਕਾ ਨਾਸ ਕਥਨਾ ਹੋਇ ਰਬਿ॥ ਐਸਾ ਹੀ ਤਾ ਕਾ ਹੋਇ ਸਬਬ॥੧੧॥
ਨਾਂਗੇ ਸੀਸ ਖਾਕ ਸਿਰ ਪਰੀ॥ ਆਇ ਫਰਿਯਾਦ ਸਤਗੁਰ ਪਹਿ ਕਰੀ॥
ਦੇਖ ਦਿਆਲ ਭਏ ਅਤ ਕੋਪ॥ ਹੁਕਮ ਰਬ ਕਾ ਹੂਆ ਗੋਪ॥੧੨॥
144/ੳ ਕਹਰ ਬਚਨ ਬਾਬੇ ਜੀ ਕੀ/ਨਾ॥ ਸੁਨਾ ਬ੍ਰਹਮਨ ਲਾਲੋ ਪਰਬੀਨਾ॥
ਸੁਨਤ ਬਚਨ ਬਿਸਮ ਹੋਇ ਗਇਆ॥ ਕਾਂਪੀ ਦੇਹਿ ਚਰਨ ਗਹਿ ਰਹਿਆ॥੧੩॥
ਬਾਬੇ ਜੀ ਕੇ ਮੁਖਾਰਬਿੰਦ ਸੋ ਐਸਾ ਸਬਦ ਕਹਰ ਕਾ ਉਚਾਰ ਭਇਆ॥

॥ ਤਿਲੰਗ ਮਹਲਾ ੧ ॥

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲੋ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ॥
ਧਰਮ ਸਰਮ ਦੁਇ ਛਪ ਖਲੋਏ ਕੂੜ ਫਿਰੈ ਪਰਧਾਨ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤ ਸਨਾਤੀ ਹੋਰ ਹਿੰਦਵਾਣੀਆ ਏਹ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥੧॥
ਸਾਹਿਬ ਕੇ ਗੁਣ ਨਾਨਕ ਗਾਵੈ ਮਾਸਪੁਰੀ ਵਿਚ ਆਖ ਮਸੋਲਾ[2]॥
ਜਿਨ ਉਪਾਈ ਰੰਗ ਰਵਾਈ ਬੈਠਾ ਵੇਖੈ ਵਖਿ ਇਕੇਲਾ॥
ਸਚਾ ਸੋ ਸਾਹਿਬ ਸਚੁ ਤਪਾਵਸੁ ਸਚੜਾ ਨਿਆਉ ਕਰੇਗੋ ਮਸੋਲਾ॥
ਕਾਇਆ ਕਪੜ ਟੁਕ ਟੁਕ ਹੋਸੀ ਹਿੰਦਸਤਾਨ ਸਮਾਲਸੀ ਬੋਲਾ॥
ਆਵਨ ਅਠਤਰੈ ਜਾਨ ਸਤਾਨਵੈ ਹੋਰ ਭੀ ਉਠਸੀ ਮਰਦ ਕਾ ਚੇਲਾ॥

---

[1] ਇੱਥੇ ਸਿਰਲੇਖ '॥ ਸਾਖੀ ॥' ਹੈ (ੲ)

[2] ਮਸਲਾ (ਸ)

ਸਚੁ ਕੀ ਬਾਣੀ ਨਾਨਕ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥੨॥੧॥

ਹੇ ਸੰਤ ਦਿਆਲ ਕਹਰ ਕੋ ਟਾਰੋ॥ਦਇਆ ਕਰੋ ਤੋ ਕਹਰ ਨਿਵਾਰੋ॥
ਸੁਨ ਲਾਲੋ ਯਹ ਬਚਨ ਨ ਟਰੇ[1]॥ਜੋ ਕਰਨਾ ਹੁਤੋ ਸੋਈ ਹਰਿ[2] ਕਰੇ॥੧੪॥

॥ਦੋਹਰਾ॥

ਭੂਖੇ ਬੇਠੈ ਫਕੀਰ ਕਛੁ ਲਿਆਉ ਇਨੈ ਖਵਾਉ॥
ਜੋ ਮੈ ਕਹੌ ਸੁ ਤੁਮ ਕਰੋ ਲੇ ਨਿਜ ਜੀਉ ਬਚਾਉ॥੧੫॥

॥ਚੌਪਈ॥

144/ਅ ਤਬ ਲਾਲੋ ਤੁਰਤ ਮਿ/ਠਾਈ ਲਿਆਇਆ॥ਕਰ ਆਦਰ ਸਭ ਕੋ ਭੋਗ ਭੁਗਾਇਆ॥
ਕਰ ਜੋੜ ਕਹਾ ਜੋ ਕਹੋ ਸੋ ਕਰੌ॥ਜੋ ਆਗਿਆ ਹੋਇ ਸੋ ਸਿਰ ਪਰ ਧਰੌ॥੧੬॥
ਦੁਆਦਸ ਕੋਸ ਪਰ ਤੁਮ ਭਗ ਜਾਵੋ॥ਜੋ ਨਿਭ ਸਕੇ ਲੇ ਸੰਗ ਨਿਬਾਹੋ॥
ਭਾਗੋ ਤੁਰਤ ਦੇਰੀ ਮਤ ਕਰੋ॥ਇਹ ਨਗ੍ਰ ਬਿਧੰਸ ਹੋਇ ਮਤ ਮਰੋ॥੧੭॥
ਲੇ ਟਬਰ ਲਾਲੋ ਨਗ੍ਰ ਤਜ ਗਇਆ॥ਧਨ ਅਰ ਜੀਉ ਤਾ ਕਾ ਬਚ ਰਹਿਆ॥
ਊਹਾ ਸਿਉ ਸਤਗੁਰ ਉਠ ਗਏ॥ਨਿਕਟ ਬਨ ਮਾਹ ਰਾਤ ਕੋ ਰਹੇ॥੧੮॥
ਅਬ ਬਾਬਰ ਬਾਦਸਾਹ ਕੀ ਕਥਾ॥ਆਗੇ ਲਿਖਾ ਪੜਾ ਹੈ ਸੁਨਾ ਜਥਾ॥
ਸਖਤ ਇਬਾਦਤ ਬਾਬਰ ਕਰੇ॥ਊਭੇ ਪਾਉ ਸੀਸ ਕਰ ਤਰੇ॥੧੯॥

॥ਦੋਹਰਾ॥

ਰਾਤ ਇਬਾਦਤ ਮੌ ਸੁਨਾ ਬਾਬਰ ਗੈਬ ਅਵਾਜ॥
ਕਰੋ ਸਲਤਨਤ ਹਿੰਦ ਕੀ ਤੁਰਤ ਜਾਹਿ ਕਰ ਸਾਜ॥੨੦॥

॥ਚੌਪਈ॥

ਬਹੁਤ ਮੁਦਤ ਇਮ ਕਰਤ ਇਬਾਦਤ॥ਹੋਇ ਰਹੀ ਮਨ ਤਨ ਕੀ ਆਦਤ॥
ਸੁਨਤ ਆਵਾਜ ਸਕ ਭੈ ਭੈਇਆ॥ਸੁਪਨੇ ਕੀ ਬਾਤ ਨਹੀਂ ਬਿਰਥਇਆ॥੨੧॥
ਕਰ ਫਿਕਰ ਤਤਬੀਰ ਯਹ ਮਨ ਮੋ ਉਠੀ॥ਜਉ ਹੈ ਸੁਪਨਾ ਤੌ ਤੋ ਬਾਤ ਹੈ ਝੂਠੀ॥
ਜੋ ਮੌਲਾ ਮੁਹਿ ਦੀਆ ਸਦਾਇ॥ਧਰ ਪਰਤਗਿਆ ਲੇਹੁ ਅਜਮਾਇ॥੨੨॥
ਚਿਲਾ ਉਤਾਰ ਤਿਨ ਧਰੀ ਕਮਾਨ॥ਧਰ ਤਲਵਾਰ ਸਮੇਤ ਮਿਆਨ॥
ਚਿਲਾ ਚੜ੍ਹੇ ਤਲਵਾਰ ਹੋਇ ਅਲਮ॥ਹੋਇ ਯਕੀਨ ਮਿਟੇ ਦਿਲ ਭਰਮ॥੨੩॥
ਧਰ ਇਮਤਿਹਾਨ ਇਬਾਦਤ ਲਗਾ॥ਪੁਨ ਭਇਆ ਹੁਕਮ ਹਿੰਦ ਕੀ ਫਤਾ॥
ਭਈ ਅਲਮ ਸਮਸੇਰ ਜਿਹ ਚੜੀ ਕਮਾਨ॥ਭਇਆ ਇਮਤਹਾਨ ਗਇ ਸਕ ਗੁਮਾਨ॥੨੪॥

॥ਦੋਹਰਾ॥

145/ੳ ਉਸੀ ਵਖਤ ਕਰ ਦਿਲ ਯਕੀਨ ਲੀਨੀ ਫੌਜ/ਬੁਲਾਇ॥
ਬਾਰਹ ਹਜਾਰ ਅਸਵਾਰ ਲੇ ਚੜਾ ਹਿੰਦ ਪਰ ਧਾਇ॥੨੫॥

॥ਚੌਪਈ॥

ਲੇ ਹੁਕਮ ਗੈਬ ਕਾ ਬਾਬਰ ਚਲਾ॥ਕਿਸੀ ਨ ਲਖੀ ਗੈਬ ਕੀ ਕਲਾ॥
ਸੁਬਹ ਹੋਤ ਸੈਦਪੁਰ ਆਏ॥ਕੋਊ ਮਿਲਾ ਆਦਮੁ ਤਿਸੁ ਲੀਆ ਪੁਛਾਏ॥੨੬॥
ਯਹ ਕੌਨ ਦੇਸ ਕਿਆ ਸਹਰ[3] ਮੁਕਾਮ॥ਤਿਨ ਕਹਾ ਦੇਸ ਪੰਜਾਬ ਸੈਦਪੁਰ ਨਾਮ॥
ਸੁਨਿ ਭਇਆ ਖੁਸੀ ਸੁਕਰਾਨਾ ਪੜਾ॥ਹਲਾ ਕਰ ਸੈਦਪੁਰ ਪੜਾ॥੨੭॥
ਅਚਾਨਕ ਸੈਦਪੁਰ ਮਾਰਾ॥ਕਤਲ ਕੀਆ ਕਿਸੁ ਸੁਧ ਨ ਸਮਾਰਾ॥
ਲੂਟ ਮਾਰ ਸਭ ਨਗ੍ਰ ਜਲਾਇਆ॥ਪਕੜ ਤ੍ਰਿਆ ਸਭ ਬੰਦ ਕਰ ਲਿਆਇਆ॥੨੮॥
ਬਾਂਧ ਰਸੇ ਗਲ ਜੇਲ ਸਭ ਕਰੀ॥ਸਭ ਕੇ ਆਗੇ ਚਕੀਆ ਧਰੀ॥
ਦਾਨਾ ਦਲੈ ਰੋਵਹ ਸਭ ਲੋਗ॥ਸੰਤ ਸਰਾਪ ਕਰਮ ਕਾ ਰੋਗ[4]॥੨੯॥

---

[1] ਦਰੇ (ਅ)
[2] ਪ੍ਰਭ (ਅ)
[3] ਠਾਹਰ (ਅ)
[4] ਭੋਗ (ਅ,ੲ)

॥ ਦੋਹਰਾ॥

ਬਾਬਾ ਜੀ ਆਏ ਤਹਾਂ ਦੇਖ ਦੁਖੀ ਸਭ ਲੋਗ॥
ਕਰ ਆਸਨ ਤਹਾ ਮੁਖ ਉਚਰਤ ਬਚਨ ਬਿਓਗ॥੩੦॥
॥ਏਹੁ ਅਸਟਪਦੀ ਉਚਾਰ ਕੀਆ॥

॥ ਰਾਗੁ ਆਸਾ ਮਹਲਾ ੧ ਘਰੁ ੩[1] ॥

ਜਿਨ ਸਿਰ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ॥
ਸੇ ਸਿਰ ਕਾਤੀ ਮੁੰਨੀਅਨ ਗਲ ਵਿਚ ਆਵੈ ਧੂੜਿ॥
ਅੰਦਰਿ ਮਹਲਾ ਹੋਦੀਆ ਹੁਣ ਬਹਿਣ ਨ ਮਿਲਨਿ ਹਦੂਰਿ॥੧॥
ਆਦੇਸ ਬਾਬਾ ਆਦੇਸ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥ਰਹਾਉ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥
ਹੀ ਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥
ਉਪਰਹੁ ਪਾਣੀ ਪਾਰੀਐ ਝਲੇ ਝਿਮਕਨਿ ਪਾਸਿ॥੨॥
ਇਕ ਲਖ ਲਹਨਿ ਬਹਿਠੀਆ ਲਖ ਲਹਨਿ ਖੜੀਆ॥
145/ਅ /ਗਰੀ ਛੁਹਾਰੇ ਖਾਂਦੀਆ ਮਾਣਨ ਸੇਜੜੀਆ॥
ਤਿਨ ਗਲ ਸਿਲਕਾ ਪਾਈਆ ਤੁਟਨ ਮੋਤਸਰੀਆ॥੩॥
ਧਨ ਜੋਬਨ ਦੁਇ ਵੈਰੀ ਹੋਏ ਜਿਨੀ ਰਖੇ ਰੰਗ ਲਾਇ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤ ਗਵਾਇ॥
ਜੇ ਤਿਸ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥੪॥
ਅਗੋ ਦੇ ਜੇ ਚੇਤੀਐ ਤਾ ਕਾਇਤੁ ਮਿਲੈ ਸਜਾਇ॥
ਸਾਹਾ ਸੁਰਤ ਗਵਾਈਆ ਰੰਗ ਤਮਾਸੈ ਚਾਇ॥
ਬਾਬਰ ਵਾਣੀ ਫਿਰਿ ਗਈ ਕੁਇਰ ਨ ਰੋਟੀ ਖਾਇ॥੫॥
ਇਕਨਾ ਵਖਤ ਖੁਆਈਅਨ ਇਕਨਾ ਪੂਜਾ ਜਾਇ॥
ਚਉਕੇ ਵਿਣ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥
ਰਾਮ ਨ ਕਬਹੂ ਚੇਤਿਆ ਹੁਣ ਕਹਣ ਨ ਮਿਲੈ ਖੁਦਾਇ॥੬॥
ਇਕ ਘਰ ਆਵਹਿ ਆਪਣੈ ਇਕ ਮਿਲ ਮਿਲ ਪੁਛਨ ਸੁਖ॥
ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥
ਜੋ ਤਿਸ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥੭॥

॥ ਚੌਪਈ॥

ਬੰਦ ਦੇਖਦਿਆ ਬਹੁ ਪਰੀ॥ਦੁਖੀ ਦੇਬਾਨੀ ਪ੍ਰਭ ਕਰੀ॥
ਹੋਇ ਦਰਦਮੰਦ ਹਾਲਤ ਮੋ ਆਏ॥ਕੀਆ ਸੈਨ ਜਿਮ ਸੁੰਨ ਸਮਾਏ॥੩੧॥
ਜੋ ਚਕੀ ਪ੍ਰਭ ਆਗੇ ਥੀ ਧਰੀ॥ਅਪਨੇ ਆਪ ਵਹੁ ਚਕੀ ਫਿਰੀ॥
ਯਹ ਦੇਖਾ ਦੂਤਨ ਬਾਬਰ ਸੋ ਕਹਾ॥ਇਕ ਆਇਆ ਫਕੀਰ ਬੰਦ ਹੈ ਜਹਾ[2]॥੩੨॥
ਹਮ ਚਕੀ ਉਨ ਆਗੇ ਥੀ ਧਰੀ॥ਅਪਨੇ ਆਪ ਚਕੀ ਵਹਿ ਫਿਰੀ॥
ਦਰਦਵੰਦ ਹੈ ਬਡਾ ਫਕੀਰ॥ਬੇਖਬਰ ਪੜਾ ਦੇਖ ਬੰਦ ਜਹੀਰ॥
ਸੁਨ ਖਬਰ ਮੀਰ ਬਾਬਰ ਚਲ ਆਏ॥ਦੇਖ ਬਿਹਲ[3] ਕਰ ਜਤਨ ਜਗਾਏ॥
ਖੁਲੇ ਨੈਨ ਭਇਆ ਬਡਾ ਉਜਾਰਾ॥ਕਈ ਸੂਰਜ ਕਾ ਜੋਤ ਪਸਾਰਾ॥੩੪॥

॥ ਦੋਹਰਾ॥

146/ੳ ਨੈਨ ਨੂ/ਰ ਉਜਆਰੇ ਦੇਖ ਮੀਰ ਬਾਬਰ ਭਏ ਹੈਰਾਨ॥
ਕਾਮਲ ਕੁਦਰਤ ਦੇਖ ਕੈ ਲਗੇ ਕਦਮ ਪਹਿਚਾਨ॥੩੫॥

---

[1] ਇੱਥੇ '॥ਰਾਗੁ ਆਸਾ ਮਹਲਾ ੧ ਅਸਟਪਦੀ ਘਰੁ ੩॥' ਹੈ (ੲ)
[2] ਦਹਾ (ਸ)
[3] ਬਿਹਾਲ (ਅ,ੲ)

॥ ਚੌਪਈ ॥

ਕਰ ਦੀਦਾਰ ਬਾਬਰ ਮਗਨਾਨੇ ॥ ਨਾਨਕ ਸਾਹ ਵਲੀ ਪਹਚਾਨੇ[1] ॥
ਕਰ ਸਿਫਤ ਸਨਾਇ ਬੇਨਤੀ ਕੀਨੀ ॥ ਕਰ ਮਿਹਰ ਸਲਤਨਤ ਹਿੰਦ ਕੀ ਦੀਨੀ ॥ ੩੬ ॥
ਕੁਰਸੀ ਬ ਕੁਰਸੀ ਹਮਰੀ ਚਲੇ ॥ ਜੰਬਸ ਨਹੀ ਹੋਇ ਚਲੇ ਨਹੀ ਹਲੇ ॥
ਤਬ ਮਿਹਰ ਬਚਨ ਕਰ ਬੋਲੇ ਦਿਆਲ ॥ ਤੁਮ ਕਰੋ ਰਾਜ ਹਿੰਦ ਬਹੁ ਕਾਲ ॥ ੩੭ ॥
ਜਬ ਛੁਟੇ ਅਦਾਲਤ ਹੋਇ ਬਿਅਦਲ ॥ ਛੁਟੇ ਨਿਆਉ ਰਾਜ ਹੋਇ ਬਦਲ ॥
ਇਹੁ ਸੈਦਪੁਰ ਕਤਲ ਕਰ ਦੀਆ ਜਲਾਇ ॥ ਕਰੋ ਬੰਦਖਲਾਸ ਦੇਉ ਨਗਰ ਬਸਾਇ ॥ ੩੮ ॥
ਤਬ ਬਾਬਰ ਕਰੀ ਬੰਦਖਲਾਸ ॥ ਤਹਾ ਇਮਨਾਬਾਦ ਬਸਾਇਆ ਬਾਸ ॥
ਕਰ ਬੰਦਖਲਾਸ ਨਗਰ ਬਸਾਇਆ ॥ ਤਬ ਮੀਰ ਬਾਬਰ ਦਿਲੀ ਪਰ ਧਾਇਆ ॥ ੩੯ ॥

॥ ਦੋਹਰਾ ॥

ਬਾਬਰ ਦਿਲੀ ਕੋ ਗਏ ਲੇ ਬਰ ਬਚਨ ਗੁਰ ਸਾਹ ॥
ਰਾਵੀ ਕੰਠੇ ਦਿਆਲ ਪ੍ਰਭ ਆਏ ਬੇਪਰਵਾਹ ॥ ੪੦ ॥

॥ ਸਾਖੀ ਪੂਰਨ ਹੋਈ ॥[2]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ਹੋਇ ਦਿਆਲ ਕਰ ਲਏ ਉਧਾਰ ॥

---

[1] ਪਰਚਾਨੇ (ਅ)
[2] ਇੱਥੇ ' ॥ ਸਾਖੀ ਪੂਰਨ ਹੋਈ ॥ ' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਐਰਾਵਤੀ ਕੰਢੇ ਬਾਬਾ ਜੀ ਦਾ ਧਰਮਸਾਲ ਬਣਾਉਣਾ][1]

॥ ਸੋਰਠਾ ॥

ਰਾਵੀ ਕੇ ਉਪਕੰਠ ਠੌਰ ਰਮਣੀਇ ਬਿਚਾਰ ਪ੍ਰਭ॥
ਕਰੀ ਮਾਟੀ ਕੀ ਕੰਧ ਧਰਮਸਾਲ ਛਾਈ ਤਹਾ॥੧॥

॥ ਤੋਮਰ ਛੰਦ ॥

146/ਅ ਕਰੀ ਧਰਮਸਾਲ॥ ਸੁੰਦਰ ਬਿਸਾਲ॥ ਸਦ ਹੋਤ ਭਜਨ/॥ ਮਿਲ ਕਰਤ ਸਜਨ॥੨॥
ਸਭ ਆਸ ਪਾਸ॥ ਮਹਕੀ ਸੁਬਾਸ॥ ਬਾਵਨ ਸੁਭਾਵ॥ ਸੰਤਨ ਸੁਭਾਵ[2]॥੩॥
ਸਤਗੁਰ ਪ੍ਰਤਾਪ॥ ਸਭ ਜਪਤ ਜਾਪ॥ ਮਹਿਮਾ ਅਮਿਤ॥ ਪ੍ਰਕਾਸ ਅਦਿਤ॥
ਗੁਰ ਬਚਨ ਸਬਦ॥ ਪੜੇ ਮਿਟਤ ਅਦਬ[3]॥ ਸਭ ਜਗਤ ਜਪਤ॥ ਹੋਇ ਭਗਤ ਸਕਤ॥੪॥

॥ ਦੋਹਰਾ ॥

ਜੋ ਬਾਨੀ ਗੁਰ ਕੀ ਜਪੈ ਹੋਇ ਅਗਿਆਨ ਬਿਨਾਸ॥
ਪ੍ਰਗਟ ਜਗਤ ਪ੍ਰਸਿਧ ਪ੍ਰਭ ਜਿਮ ਰਵਿ ਕਿਰਨ ਪ੍ਰਕਾਸ॥੬॥

॥ ਰਸਾਵਲ ਛੰਦ ॥

ਭਈ ਪ੍ਰਗਟ ਸਗਲ ਜਗਤ ਮੋ ਪ੍ਰਸਿਧ ਦਿਆਲ ਕੀ ਕਥਾ॥
ਰਹੇ ਕਰੋੜੀਆ ਨਿਕਟ ਸੁਨੀ ਕਥਾ ਜਥਾ ਜਥਾ॥
ਵੇ ਨੀਚ ਮਤ ਅਸੁਧ ਗਤ ਭਲੀ ਨ ਚਿਤ ਮੋ ਧਰੀ॥
ਕਰੇ ਤਹਸੀਲ ਪਰਗਨਾ ਅਕਲ ਤਕਬਰੀ ਭਰੀ॥੭॥
ਕਰ ਮਸਲਹਤ ਅਸੁਧ ਗਤ ਦੀਵਾਨ ਅਜਾਨ ਸੋ ਕਹਾ॥
ਨਾਨਕ ਰਹੇ ਫਕੀਰ ਜੋ ਨਿਕਾਲ ਦੇਹੁ ਜਹ ਕਹਾ॥
ਹਿੰਦੂ ਤੁਰਕ ਭ੍ਰਮਾਇਕੇ ਕਲਾਮ ਆਪਨੀ ਕਰੇ॥
ਪੜੇ ਕਲਾਮ ਜੋ ਕੋਈ ਇਮਾਨ ਧਰਮ ਸੋ ਫਿਰੇ॥੮॥
ਕੁਮਤਿ ਹੀਏ ਧਾਰ ਕੇ ਕਰੋੜੀਆ ਚਲ ਤਹਾ॥
ਨ ਹੋ ਸਕੇ ਬਿਘਨ ਤਹਾ ਦਿਆਲ ਗੁਰ ਚਰਨ ਜਹਾ॥
ਅਚਾਨਕ ਚਲਤ ਮਗ ਉਲਟ ਅਸ ਸੌ ਗਿੜਾ॥
ਲਗੀ ਚੋਟ ਰਿਦੇ ਖੋਟ ਸੀਸ ਪਾਗ ਗਿੜ ਪੜਾ॥੯॥
ਅਤ ਅਸਗਨ ਭਇਆ ਬਿਘਨ ਰੋਸ ਮਨ ਬਢਾਇਆ॥
ਪ੍ਰਾਤ ਕਾਲ ਕੇ ਸਮੇ ਸਵਾਰ ਹੋਇ ਕੇ ਧਾਇਆ॥
ਭਏ ਨੇਤ੍ਰ ਅੰਧ ਪਾਪ ਧੰਧ ਬਹੁੜ ਅਸੁ ਸੋ ਗਿੜਾ॥
ਕੀਆ ਬਿਚਾਰ ਤਜ ਬਿਕਾਰ ਤ੍ਰਾਹ ਸਰਨ ਮੋ ਪੜਾ॥੧੦॥

॥ ਦੋਹਰਾ ॥

ਦੇਖਾ ਕੁਦਰਤ ਕਰਾਮਾਤ ਹੋਇ ਅਧੀਨ ਸਰਨੀ ਪਰਾ॥
147/ੳ ਖੁਲੇ ਨੈਨ ਰੋਸਨ ਭਏ ਸਤ/ਗੁਰ ਕੋ ਦਰਸਨ ਕਰਾ॥੧੧॥

॥ ਚੌਪਈ ॥

ਕਦਮ ਪਕੜ ਤਿਨ ਬਿਨਤੀ ਠਾਨੀ॥ ਹੇ ਨਾਨਕ ਵਲੀ ਮੈ ਬਡਾ ਅਗਿਆਨੀ॥
ਮਾਫ ਕਰੋ ਤਕਸੀਰ ਹਮਾਰੀ॥ ਕਰੋ ਪਾਕ ਲੇਹੁ ਮੋਹ ਉਬਾਰੀ॥੧੨॥
ਇਕ ਅਰਜ ਕਰੋ ਜੋ ਹੋਇ ਕਬੂਲ॥ ਤਬ ਜਾਨੋ ਮਾਫ ਭਈ ਇਹ ਭੂਲ॥
ਸੌ ਬਿਗੇ ਕਾ ਗਾਉ ਈਹਾਂ ਕਰੋ॥ ਨਾਨਕ ਚਕ ਨਾਮ ਤਿਸ ਧਰੋ॥੧੩॥
ਪ੍ਰਭ ਸ੍ਰਧਾ ਦੇਖ ਮਨਜੂਰ ਪ੍ਰਭ ਕਰਾ॥ ਕਰਤਾਰਪੁਰ ਨਾਮ ਚਕ ਕਾ ਧਰਾ॥
ਧਰਮਸਾਲ ਹਵੇਲੀ ਤਹਾ ਬਨਾਈ॥ ਮਾਤਾ ਜੀ ਕੋ ਲੀਆ ਬੁਲਾਈ॥੧੪॥
ਬੁਢਾ ਰਧਾਵਾ ਸਤਗੁਰ ਕੋ ਮਿਲਾ॥ ਪ੍ਰੀਤਵੰਤ ਸੇਵਕ ਅਤ ਭਲਾ॥
ਬਾਲਾ ਸੰਧੂ ਸੇਵਕ ਨੀਕਾ॥ ਭਾਗੀਰਥ ਸੁਖਦਾਈ ਜੀਅ ਕਾ॥੧੫॥

---

[1] ਇੱਥੇ ਸਿਰਲੇਖ '॥ ਸਾਖੀ॥' ਹੈ (ੲ)
[2] ਪ੍ਰਭਾਵ (ਅ,ੲ)
[3] ਅਬਦ (ੲ,ਸ)

॥ ਦੋਹਰਾ ॥

ਪ੍ਰੀਤਵੰਤ ਸੇਵਕ ਸਕਲ ਕਰੇ ਸੇਵਾ ਹਿਤ ਚਿਤ ਲਾਇ ॥
ਜੋ ਉਪਜੇ ਅਨ ਧਨ ਖੇਤ ਸੌਂ ਜੋ ਆਵੈ ਸੋ ਖਾਇ ॥ ੧੬ ॥

॥ ਚੌਪਈ ॥

ਸਾਧਾਰਨ ਸੇਵਾ ਮਨ ਚਿਤ ਕਰੇ ॥ ਖੇਤੀ ਘਰ ਕੀ ਬਿਧ ਅਨਸਰੇ ॥
ਅਜਿਤਾ ਰਿਧਾਵਾ ਪ੍ਰੇਮ ਮਨ ਕਰੇ ॥ ਸਤਿਗੁਰ ਉਪਦੇਸ ਹਿਰਦੇ ਮੋ ਧਰੇ ॥ ੧੭ ॥
ਬਲਵੰਡੁ ਮਰਾਸੀ ਜੰਗਲ ਸੋ ਆਇਆ ॥ ਸਦ ਕਰੇ ਭਜਨ ਸਤਗੁਰ ਮਨ ਭਾਇਆ ॥
ਖੇਤੀ ਟਹਲ ਗ੍ਰਹ ਕੀ ਸਭ ਕਰੇ ॥ ਖੇਤੀ ਦੁਆਰੇ ਕਾਜ ਅਨਸਰੇ ॥ ੧੮ ॥
ਬਸੋ ਬਾਸ ਸਤਗੁਰ ਕੀ ਕਰਾ ॥ ਲੰਗਰ ਚਲੇ ਕਾਜ ਸਭ ਸਰਾ ॥
ਅਥਿਤ ਸਾਧ ਤਹਾ ਚਲ ਆਵੈ ॥ ਸੇਵਾ ਹੋਇ ਦਰਸਨ ਗੁਰ ਪਾਵੈ ॥ ੧੯ ॥
ਸਤਗੁਰ ਧਰਮਸਾਲ ਮੋ ਰਹੇ ॥ ਰੋੜੇ ਕੇ ਆਸਨ ਪਰ ਬਹੇ ॥
147/ਅ ਚੌਕੀ ਭਜਨ ਕੀਰਤਨ ਸਦ ਹੋਇ ॥ ਤਹਾ[1] ਮਹਾ ਅਨੰਦ ਸੋਕ ਨਹੀ ਕੋ/ਇ ॥ ੨੦ ॥

॥ ਦੋਹਰਾ ॥

ਕਰਤਾਰਪੁਰ ਕਰਤਾ ਬਸੇ ਵੈਰਾਗ ਜੋਗ ਅਰੁ ਭਗਤ ॥
ਗਿਆਨ ਧਿਆਨ ਪਰਗਟ ਤਹਾ[2] ਗੁਰ ਚਰਨ ਪ੍ਰਤਾਪ ਕੀ ਸਕਤ ॥ ੨੧ ॥

॥ ਅਸਤੋਤਰ ॥

ਹਰਿ ਸੰਤ ਰੂਪ ਧਾਰਨੰ ॥ ਭਗਤ ਮੁਕਤਿ ਬਿਥਾਰਨੰ ॥ ੨੨ ॥
ਗਿਆਨ ਖੜਗ ਧਾਰ ਕਰ ਦੁਏਤ ਦੁਸਨ ਮਾਰਨੰ ॥ ੨੩ ॥
ਦਿਆਲ ਪ੍ਰਭ ਦਇਆ ਕਰੋ ॥ ਚਰਨ ਮੇਰੇ ਹੀਏ ਧਰੋ ॥
ਸਰੂਪ ਕੌ ਦਇਆ ਕਰੋ ਭੈ ਸਿੰਧ ਪਾਰ ਉਤਾਰਨੰ ॥ ੨੪ ॥

॥ ਸਾਖੀ ਪੂਰਨ ਹੋਈ ॥[3]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥ ੫੦ ॥

---

[1] ਇੱਥੇ ਸ਼ਬਦ 'ਤਹਾ' ਨਹੀਂ ਹੈ (ੲ)
[2] ਤਬ (ੲ)
[3] ਇੱਥੇ ' ॥ ਸਾਖੀ ਪੂਰਨ ਹੋਈ ॥ ' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਬਾਬਾ ਜੀ ਦਾ ਭਾਈ ਲਹਿਣਾ ਨਾਲ ਮਿਲਾਪ][1]

॥ਦੋਹਰਾ॥

ਲਖੀ ਜੰਗਲ ਕੇ ਨਿਕਟਿ ਹੈ ਮੱਤੇ ਕੀ ਸਰਾਇ॥
ਤਹਾ ਬੜੋਟਾ[2] ਗੁਰੂ ਕਾ ਜਾਨਤ ਹੈ ਸਭ ਨਾਉ॥੧॥

॥ਚੌਪਈ॥

ਤਹਾ ਫੇਰੋ ਮਲ ਖਤ੍ਰੀ ਹੈ ਰਹੈ॥ ਤ੍ਰਿਹੁਨ ਜਾਤ ਬਡਾ ਸਭ ਕਹੈਂ॥
ਬਡਭਾਗੀ ਸੁਭ ਭਲਾ ਅਚਾਰ॥ ਤਿਸ ਕੇ ਘਰ ਸੁਤ ਸੰਤ ਅਵਤਾਰ॥੨॥
ਲਹਨਾ ਨਾਮ ਹਰਿ ਸੰਤ ਬਪੁ ਧਰਾ॥ ਜਿਨ ਪ੍ਰਗਤ[3] ਜਗਤ ਮੋ ਕਰਾ॥
ਸੁਤਹਿ ਸਿਧ ਗਿਆਨ ਕੀ ਖਾਨ॥ ਗੋਪ ਕਲਾ ਹੋਇ ਪ੍ਰਗਟ ਨਿਦਾਨ॥੩॥
ਤਿਸ ਪਰਮ ਪੁਰਖ ਕੀ ਕਥਾ ਸੁਨਾਵੋ॥ ਅਚਾਰ ਬਿਵਹਾਰ ਕਰ ਪ੍ਰਗਟ ਬਤਾਵੌ॥
ਸਾਂਤਕ ਰੂਪ ਨ ਵੈਰ ਸਨੇਹੁ॥ ਜਗਤ ਪਦਾਰਥ ਸੌ ਨਹੀ ਨੇਹੁ॥੪॥
ਨਿਰਾਲੰਭ ਨਿਰਕਲਪ ਬਿਵਹਾਰ॥ ਰਹੇ ਏਕ ਲਿਵ ਸੁਧ ਅਚਾਰ॥
ਗ੍ਰਹ ਘੋੜੀ ਗਊ ਭੈਸ ਰਹੈ ਬੈਲ॥ ਖੇਤੀ ਕਿਰਤ ਲਗੇ ਨਹੀ ਮੈਲ॥੫॥

॥ਦੋਹਰਾ॥

148/ੳ ਲਹਨਾ/ਜੀ ਕੇ ਪੁਤ੍ਰ ਦੁਇ ਦਾਸ ਦਾਤ[4] ਤਿਨ ਨਾਮ॥
ਸਸਤ੍ਰਧਾਰੀ ਘੋੜੇ ਚੜੇ ਦੇਸ ਬਿਰਤ ਕਰੇ ਕਾਮ॥੬॥

॥ਚੌਪਈ॥

ਦੇਸ ਬਿਰਤ ਧਾੜੇ ਸਭ ਜਾਵਹਿ॥ ਲੜੇ ਮਰੇ ਜੀਤਹਿ ਧਨ ਲਿਆਵਹਿ॥
ਗਾਉ ਕੇ ਲੋਕ ਧਾੜੇ ਕੋ ਚਲੇ॥ ਦਾਸ ਦਾਤ[5] ਚੜ ਤਿਨ ਸੰਗ ਮਿਲੇ॥੭॥
ਚੜ ਗਏ ਬਿਦੇਸ ਤਹਾ ਭਈ ਲੜਾਈ॥ ਸਭ ਲੜ ਮੁਏ ਕਛੁ ਖਬਰ ਨ ਪਾਈ॥
ਭਏ ਖਿਮਾਵੰਤ ਕਛੁ ਸੁਨੀ ਨ ਕਹੀ॥ ਦੋਨੋ ਸੁਤ ਕੀ ਇਹ ਬਿਧ ਭਈ॥੮॥
ਦੇਸ ਕੇ ਲੋਕ ਜ੍ਵਾਲਾ ਕੋ ਚਲੇ॥ ਭਏ ਇਕਤ੍ਰ ਸੰਗ ਸਭ ਮਿਲੇ॥
ਲਹਨਾ ਜੀ ਭਏ ਸੰਗ ਤਿਆਰ॥ ਚੜੇ ਘੋੜੀ ਭਏ ਸੰਗ ਸਵਾਰ॥੯॥
ਨਿਹਕਾਮ ਕਰੀ ਦੇਵੀ ਕੀ ਪੂਜਾ॥ ਮਿਲੇ ਗੁਰ ਸੰਤ ਅਰਥ ਨਹੀਂ ਦੂਜਾ॥
ਕਰ ਦੇਬੀ ਪੂਜਾ ਗ੍ਰਹ ਕੋ ਸਭ ਚਲੇ॥ ਕਰਤਾਰਪੁਰ ਨਿਕਟ ਸੰਗ ਭਏ ਖਲੇ॥੧੦॥

॥ਦੋਹਰਾ॥

ਜਬ ਹਰਿ ਜੀ ਕਿਰਪਾ ਕਰੇ ਮਿਲੇ ਸੰਤ ਬਡਭਾਗ॥
ਮਿਲੇ ਸੰਤ ਹਰਿ ਜੀ ਮਿਲੇ ਛੁਟੀ ਮੋਹਿ ਨੀਦ ਮਨ ਜਾਗ॥੧੧॥

॥ਚੌਪਈ॥

ਤਬ ਲਹਨਾ ਜੀ ਮਨ ਅਨਭੈ ਆਈ॥ ਗੁਰ ਨਾਨਕ ਮਿਲਨ ਪ੍ਰੀਤ ਮਨ ਭਾਈ॥
ਠਾਢੇ ਹੋਇ ਮਨ ਧਰਾ ਧਿਆਨ॥ ਪ੍ਰਭ ਅੰਤਰਜਾਮੀ ਜਾਨੀ ਜਾਨ॥੧੨॥
ਉਠ ਚਲੇ ਦਿਆਲ ਲਹਨੇ ਕੋ ਲੈਨ॥ ਪੂਛਿਆ ਮਾਤਾ ਬੋਲੀ ਬੈਨ॥
ਹੇ ਸੁਤ ਕਹਾ ਚਲੇ ਇਹ ਕਾਲ॥ ਮਤ ਲਗੇ ਧੂਪ ਜੀਉ ਹੋਇ ਬਿਹਾਲ॥੧੩॥
ਸੁਨ ਹਸੇ ਦਿਆਲ ਬੋਲੇ ਗੁਨ ਗੁਨੀ॥ ਆਇਆ ਮੇਰੇ ਰਾਜ ਕਾ ਧਨੀ॥
ਇਹ ਕਹੇ ਬਾਬਾ ਜੀ ਮਗ ਚਲੇ॥ ਜਹਾਂ ਥੇ ਲਹਨਾ ਜੀ ਤਹ ਭਏ ਖਲੇ॥੧੪॥
ਤਹਾ ਲਹਨਾ ਜੀ ਪੂਛਨ ਕੀਨਾ॥ ਕਹਾ ਰਹੇ ਤਪਾ ਨਾਨਕ ਪਰਬੀਨਾ॥
148/ਅ /ਹਮਰੇ ਦਰਸਨ ਕੀ ਅਭਲਾਖਾ॥ ਕਰੇ ਦਰਸਨ ਜੋ ਪਾਵੈ ਸਾਖਾ॥੧੫॥

॥ਦੋਹਰਾ॥

ਬਾਬਾ ਜੀ ਠਾਢੇ ਤਹਾ ਬੋਲ ਬਚਨ ਕਰ ਭਾਉ॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਬੜੋਲਾ (ੲ)
[3] ਪ੍ਰਗਟ (ਅ,ੲ,)
[4] ਦਾਸੂ ਦਾਤੂ (ਅ,ੲ,ਸ)
[5] ਉਹੀ

ਹਮ ਭੀ ਜਾਨਾ ਹੈ ਤਹਾਂ ਤੁਮ ਸੰਗ ਹਮਾਰੇ ਆਉ॥੧੬॥

॥ਚੌਪਈ॥

ਤਬ ਬਾਬਾ ਜੀ ਆਗੇ ਹੋਇ ਚਲੇ॥ਲਹਨਾ ਜੀ ਪਾਛੇ ਹੋਇ ਪਿਲੇ॥
ਜਬ ਬਾਬਾ ਜੀ ਨਿਜ ਦੁਆਰੇ ਗਏ॥ਅੰਤਰਿ ਗ੍ਰਿਹ ਗਏ ਬਚਨ ਇਹ ਕਹੇ॥੧੭॥
ਈਹਾ ਘੋੜੀ ਬੰਧ ਅੰਤਰ ਤੁਮ ਆਵੋ॥ਬੈਠੇ ਹੈਂ ਤਪਾ ਦਰਸਨ ਤੁਮ ਪਾਵੋ॥
ਘੋੜੀ ਬਾਂਧ ਅੰਤਰ ਕੋ ਪੈਠੇ॥ਜਹਾ ਬਾਬਾ ਜੀ ਆਸਨ ਪਰ ਬੈਠੇ॥੧੮॥
ਦੇਖਤ ਦਰਸਨ ਭਏ ਖੁਸਾਲ॥ਪਰਸਤ ਚਰਨ ਮਨ ਭਏ ਨਿਹਾਲ॥
ਵਹੀ ਸਾਹਿਬ ਜੋ ਹਮ ਸੰਗ ਆਏ॥ਭਈ ਅਵਗਿਆ ਹਮ ਬੂਝ ਨਾ ਪਾਏ॥੧੯॥
ਹਮ ਸਵਾਰ ਬਾਬਾ ਜੀ ਪਿਆਦੇ॥ਚਲੇ ਆਏ ਸੰਗ ਹਮ ਨ ਪਛਾਤੇ॥
ਯਹ ਭਈ ਅਨਉਚਤ ਘਰ ਫਿਰ ਚਲੇ॥ਹੋਇ ਸੇਵਕ ਭਾਇ ਆਇ ਫਿਰ ਮਿਲੇ॥੨੦॥

॥ਸੋਰਠਾ॥

ਅੰਤਰਜਾਮੀ ਦਿਆਲ ਪ੍ਰਭ ਜਾਨੀ ਸੇਵਕ ਜੀਅ ਕੀ॥
ਭਈ ਸੰਕਾ ਇਹ ਕਾਲ ਫਿਰ ਆਵੇਗੇ ਪਾਸ ਹਮ॥੨੧॥

॥ਚੌਪਈ॥

ਫਿਰ ਚਲੇ ਲਹਨਾ ਜੀ ਸੰਗ ਸੋ[1] ਮਿਲੇ॥ਨਿਜ ਗ੍ਰਹ ਗਏ ਬਿਚਾਰ ਕੀਆ ਭਲੇ॥
ਚਲੇ ਸੇਵਕ ਭਇ ਤਪਾ ਜੀ ਪਾਸ॥ਸਾਧ ਸੰਗ ਪੂਰਨ ਹੋਇ ਆਸ॥੨੨॥
ਮਿਥਿਆ ਹੈ ਸਭ ਜਗਤ ਪਦਾਰਥ॥ਸੰਤ ਸੰਗ ਪਾਵੈ ਪਰਮਾਰਥ॥
ਨਿਜ ਘਰਨੀ ਸੌ ਬਾਤ ਯਹ ਕਹੀ॥ਵੇ ਪਰਮ ਪਤਿ ਬਰਤੀ ਕਹੀ ਸਤ ਸਹੀ॥੨੩॥
ਤਬ ਲਹਨਾ ਜੀ ਕਰੀ ਤਿਆਰੀ॥ਲੀਆ ਲੋਨ ਚਟਾਈ ਬਾਂਧ ਗਠਾਰੀ॥
149/ੳ ਘਰ ਕਾ ਕਾਂਮ ਭਾਂਨਜੇ ਕੌ ਸੌਪਾ॥ਮਨ ਮੋ/ਉਠੀ ਦਰਸਨ ਗੁਰ ਚੌਪਾ॥੨੪॥
ਕਰ ਬਿਨੇ ਭਾਨਜੇ ਬਾਤ ਬਤਾਈ॥ਹਮ ਚਲੇਂ ਸੰਗ ਲੇ ਚਲਹ ਚਟਾਈ॥
ਕਹਾ ਲਹਨਾ ਜੀ ਜਿਸ ਮਿਲੇ ਖਜਾਨਾ॥ਵੇ ਲੇਵੇ ਆਪ ਦੇਵੈ ਨਹੀ ਆਨਾ॥੨੫॥

॥ਸੋਰਠਾ॥

ਭਾਨਜੇ ਕੋ ਸਭ ਸਮਝਾਇ ਲੀਆ ਲੋਨ ਚਟਾਈ ਸੀਸ ਧਰ॥
ਮਗ ਚਲੇ ਹੋਇ ਨਾਗੇ ਪਾਇ ਸਤਗੁਰ ਮਨ ਧਿਆਨ ਕਰ॥੨੬॥

॥ਚੌਪਈ॥

ਕਰਤਾਰਪੁਰ ਪਹੁਚੇ ਨਗ੍ਰ ਮੋ ਗਏ॥ਮਾਤਾ ਜੀ ਕੀ ਚਰਨੀ ਪਏ॥
ਧਰ ਲੋਨ ਚਟਾਈ ਪੂਛੀ ਬਾਤ॥ਕਹਾਂ ਬਾਬਾ ਜੀ ਹੇ ਜਗ ਮਾਤ॥੨੭॥
ਕਹਾ ਮਾਤਾ ਜੀ ਖੇਤ ਸੁਹਾਵੈ॥ਹੋਇ ਮਿਲਾਪ ਊਹਾ ਜੋ ਜਾਵੈ॥
ਰਾਖ ਚਟਾਈ ਖੇਤ ਪਰ ਗਏ॥ਦਰਸਨ ਦੇਖ ਚਰਨਨ ਪਰ ਪਏ॥੨੮॥
ਦੇ ਅੰਕਮਾਲ ਸੁਖ ਪੂਛਾ ਬੈਨ॥ਲਹਨਾ ਦੇਖ ਸੀਤਲ ਭਏ ਨੈਨ॥
ਪ੍ਰਭ ਕਰੌ ਟਹਲ ਜੋ ਆਗਿਆ ਹੋਇ॥ਕਹਾ ਜੋ ਸਭ ਕਰੇਂ ਕਰੋ ਤੁਮ ਸੋਇ॥੨੯॥
ਖੇਤ ਸੋ ਲਹਨਾ ਨਹੀ ਜਾਨੇ॥ਦੇਖ ਦਿਆਲ ਗੁਰ ਬਚਨ ਬਖਾਨੇ॥
ਨਿਕਸਾ ਨਦੀਨ ਬੰਧ ਲੇ ਚਾਲੋ॥ਅੰਗਨ ਮੋ ਭੈਸ ਰਹੈ ਤਹਾ ਡਾਲੋ॥੩੦॥

॥ਦੋਹਰਾ॥

ਸ੍ਰਵਤ ਜਲ ਕੀਚ ਨਦੀਨ ਸੋ ਬਾਧ ਲੀਨ ਸਿਰ ਪੋਟ॥
ਬਸਤ੍ਰ ਕੀਚ ਭਰੇ ਸੁਧ ਨਹੀ਼ ਦੇਖ ਪ੍ਰੇਮ ਕੀ ਚੋਟ॥੩੧॥

॥ਚੌਪਈ॥

ਬਾਂਧ ਪੋਟ ਸੀਸ ਲੇ ਧਰਾ॥ਸ੍ਰਵਤ ਜਲ ਕੀਚ ਬਸਤ੍ਰ ਪਰ ਪਰਾ॥
ਮਾਤਾ ਜੀ ਬਸਤ੍ਰ ਕੀਚ ਭਰੇ ਦੇਖਾ॥ਹੋਇ ਸਕੋਪ ਕਹਾ ਬਚਨ ਬਸੇਖਾ॥੩੨॥
ਜੋ ਧਾਰ ਪ੍ਰੇਮ ਦਰਸਨ ਕੋ ਆਵੈ॥ਤਾ ਕੋ ਸੁਤ ਐਸੀ ਟਹਲ ਬਤਾਵੈ॥
ਜਾਮਾ ਪਾਗ ਕੀਚ ਸੌ ਭਰੇ॥ਕੁਲ ਜਾਤ ਪਾਤ ਬਿਚਾਰ ਨ ਕਰੇ॥੩੩॥
149/ਅ ਸੁਨ ਹਸੇ ਦਿਆ/ਲ ਮੁਖ ਬਚਨ ਬਖਾਨਾ॥ਹੇ ਮਾਤਾ ਜੀ ਤੁਮ ਮਰਮ ਨਾ ਜਾਨਾ ॥

---

[1] ਮੋ (ਅ)

ਮੈ ਦੀਨ ਦੁਨੀਆ ਕਾ ਛਤ੍ਰ ਸਿਰ ਧਾਰਾ[1]॥ਵਹ ਕੀਚ ਜਲ ਨਹੀ ਕੇਸਰ ਸਿਰ ਡਾਰਾ[2]॥੩੪॥
ਏਹੁ ਲਹਨਾ ਮੈ ਇਸ ਕਾ ਦੇਨਾ॥ਕਹੌ ਸਤ ਮਿਥਿਆ ਨਹੀ ਬੈਨਾ॥
ਇਨ ਕੀ ਮੋ ਸੋ ਹੈ ਬਿਧ ਬਨੀ॥ਮੇਰੇ ਰਾਜ ਕੋ ਆਇਓ ਧਨੀ॥੩੫॥

॥ਦੋਹਰਾ॥

ਮੇਰੀ ਇਨ ਸੋ ਬਨ ਰਹੀ ਪਰਮ ਪੁਰਾਤਨ ਪ੍ਰੀਤ॥
ਮੈ ਇਨ ਕੇ ਹਿਰਦੇ ਬਸੋ ਇਹ ਮੇਰੇ ਸਤ ਮੀਤ॥੩੬॥

॥ਸਾਖੀ ਪੂਰਨ ਹੋਈ॥[3]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੫੧॥

---

[1] ਧਰਾ (ਅ)
[2] ਡਰਾ ਉਹੀ
[3] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਬਾਬਾ ਜੀ ਦਾ ਨਿਤ ਕਰਮ][1]

॥ਦੋਹਰਾ॥

ਉਤਮ ਰਹਨੀ ਸੰਤ ਕੀ ਸੁਖਦਾਇਕ ਦੁਇ ਲੋਕ॥
ਲੇਸ ਕਲੇਸ ਤਾ ਮੋ ਨਹੀ ਨਹੀ ਪੁੰਨ ਅਰ ਦੋਖ॥੧॥

॥ਚੌਪਈ॥

ਪਹਰ ਰਾਤ ਪਿਛਲੀ ਜਬ ਰਹੇ॥ਜਾਗ੍ਰਤ ਬਿਰਤ ਦਿਆਲ ਗੁਰ ਗਹੇ॥
ਕਰ ਸੋਚਾਚਾਰ ਨਦੀ ਕੋ ਜਾਵੈ॥ਲਹਨਾ ਜੀ ਪ੍ਰਭ ਸੰਗ ਸਿਧਾਵੈ[2]॥੨॥
ਲੇ ਬਸਤ੍ਰ ਗੁਰ ਠਾਢੇ ਕੰਠੇ ਰਹੈ॥ਸਤਗੁਰ ਜਲ ਮੋ ਤਪ ਬ੍ਰਿਤ ਗਹੈ॥
ਕੰਠ ਪ੍ਰਮਾਨ ਜਲ ਨਿਸ ਬੀਤਾਵੈ॥ਹੋਇ ਪ੍ਰਾਤਕਾਲ ਬਾਹਰ ਜਲ ਆਵੈ॥੩॥
ਬਸਤ੍ਰ ਪਹਰ ਪੁਨ ਗ੍ਰਿਹ ਮੋ ਆਇ॥ਕੋਠੜੀ ਭੀਤਰ ਬੈਠੇ ਜਾਇ॥
ਨਿਜ ਆਤਮ ਮਹਿ[3] ਧਿਆਨ ਪ੍ਰਭ ਧਾਰੈ॥ਪਰਮ ਆਤਮ ਸਭ ਸਗਤ ਬਿਚਾਰੈ॥੪॥
ਪੁਨ ਬਾਹਰ ਆਵੈ ਕੀਰਤਨ ਹੋਇ॥ਬਜੈ ਰਬਾਬ ਅਨਹਦ ਧੁਨਿ ਸੋਇ॥
ਬਲਵੰਡ ਭਜਨ ਕਰੇ ਪ੍ਰਭ ਭਾਵੈ॥ਕਰੈ ਭਜਨ ਪਹਰ ਏਕ ਬੀਤਾਵੈ॥੫॥

॥ਦੋਹਰਾ॥

ਅੰਮ੍ਰਿਤ ਭੋਜਨ ਦਇਆਲ ਕੇ ਲੰਗਰ ਹੋਤ ਤਯਾਰ॥
150/ੳ ਆਵੈਂ ਸਾਧ ਅਥਿਤ ਤਹਾ ਖਾ/ਇ ਭੋਜਨ ਤ੍ਰਿਪਤਿ ਸੁਖ ਸਾਰ॥੬॥

॥ਚੌਪਈ॥

ਤਹਾ ਬਾਗ ਬਕਾਇਨ ਕਾ ਪ੍ਰਭ ਲਾਇਆ॥ਵੈ ਸੁਖ ਅਸਥਾਨ ਤਹਾ ਸੀਤਲ ਛਾਇਆ॥
ਦੁਪਹਰ ਕੋ ਬਾਬਾ ਤਹਾ ਬਿਰਾਜੈ॥ਸੀਤਲ ਸੁਗੰਧ ਪਵਨ ਤਹ ਰਾਜੈ॥੭॥
ਲਛਮੀ ਰੂਪ ਖੇਤ ਕਾ ਧਾਰ॥ਸੇਵਾ ਕਰੇ ਸਤਗੁਰ ਕੇ ਦੁਆਰ॥
ਨਿਤ ਪ੍ਰਤ ਦੇਖਨ ਕੋ ਪ੍ਰਭ ਜਾਵੈ॥ਤਹਾ ਹੋਇ ਭਜਨ ਸੁਖ ਦਿਨ ਬੀਤਾਵੈ॥੮॥
ਸੰਧਿਆ ਸਮਾ ਕਰ ਭਜਨ ਬਤੀਤੈ॥ਹੋਰਿ ਰਾਤ[4] ਇਕਤ੍ਰ ਬਾਬਾ ਕੇ ਪ੍ਰੀਤੇ॥
ਹੋਇ ਨਿਰਬਾਨ ਕੀਰਤਨ ਅਖੰਡ॥ਗਾਵੇ ਪ੍ਰੇਮ ਜੁਗਤ ਬਲਵੰਡ॥੯॥
ਅਰਧ ਰਾਤ੍ਰ ਤਕ ਕੀਰਤਨ ਹੋਇ॥ਪੁਨ ਸਤਿਗੁਰ ਰਹੇ ਪਲੰਘ ਪਰ ਸੋਇ॥
ਇਹ ਜੁਗਤ ਰਾਤ ਦਿਨ ਹੋਇ ਬਿਤੀਤ॥ਸਦ ਹੋਇ ਭਜਨ ਕੀਰਤਨ ਨਿਤ ਨੀਤ॥੧੦॥

॥ਦੋਹਰਾ॥

ਲਹਨਾ ਜੀ ਠਾਢੇ ਰਹੈ ਪ੍ਰਭ ਸਨਮੁਖ ਦਿਨ ਰੈਨ॥
ਨਿਤ ਕਰਮ ਇਹ ਬਿਧ ਸਦਾ ਹੋਤ ਸਦਾ ਸੁਖ ਚੈਨ॥੧੧॥

॥ਸਾਖੀ ਪੂਰਨ ਹੋਈ॥[5]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੫੨॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਸਿਪਾਵੈ (ਸ)
[3] ਮੋ (ਅ)
[4] ਹੇ ਹਰਾਤ (ਅ) ਇੱਥੇ ਸ਼ਬਦ 'ਹੋਰਿ ਰਾਤ' ਨਹੀਂ ਹੈ (ੲ)
[5] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਬਾਬਾ ਜੀ ਦਾ ਏਮਨਾਬਾਦ ਲਾਲੋ ਬਾਢੀ ਦੇ ਘਰ ਜਾਣਾ][1]

॥ਦੋਹਰਾ॥

ਲਾਲੋ ਬਾਢੀ ਕੇ ਪ੍ਰਭ ਗਏ ਲੇ ਸੰਗੀ ਸਭ ਸੰਗ॥
ਕੀਆ ਪਰ ਉਪਕਾਰ ਚਰਿਤ੍ਰ ਧਰ ਸਾਰਥ ਭਇਆ ਅਭੰਗ॥੧॥

॥ਚੌਪਈ॥

150/ਅ ਲਾਲੋ ਕੇ ਗੁਰ ਆਏ[2] ਦਿ/ਆਲ॥ਲੀਏ ਲਹਨਾ ਬੁਢਾ ਸਾਧਾਰਨ ਨਾਲ॥
ਬਲਵੰਡ ਰਬਾਬੀ ਆਇਆ ਸੰਗ॥ਭਈ ਭੇਟ ਲਾਲੋ ਹਰਿ ਰੰਗ॥੨॥
ਭਇਆ ਪ੍ਰਸੰਨ ਲਾਲੋ ਗੁਰ ਦਰਸਨ॥ਜਿਮ ਰਵਿ ਪ੍ਰਕਾਸ ਕਮਲ ਦਲ ਸਰਸਨ॥
ਲਾਲੋ ਸਾਧ ਬਡਾ ਸੰਤੋਖੀ॥ਕਰਿ ਧਰਮ ਮਜੂਰੀ ਕਾਇਆ ਪੋਖੀ[3]॥੩॥
ਤ੍ਰੀਆ ਤਾ ਕੀ ਬਡੀ ਸੁਜਾਨ॥ਭਰਤਾ ਕੋ ਜਾਨੇ ਭਗਵਾਨ॥
ਮਿਲੇ ਪੈਸਾ ਤਬ ਅੰਨ ਲੇ ਖਾਵੈ[4]॥੪॥
ਕਰ ਉਦਮ ਤ੍ਰਿਆ ਸਾਗ ਚੁਨ ਲਿਆਈ॥ਬਿਨ ਲੋਨ ਪਕਾਇ ਪਿੰਡੀ ਬੰਧਾਈ॥
ਦੁਇ ਦੁਇ ਪਿੰਡੀ ਸਭ ਆਗੇ ਧਰੀ॥ਸਭ ਖਾਇ ਤ੍ਰਿਪਤਾਨੇ ਅੰਮ੍ਰਿਤ ਭਰੀ॥੫॥

॥ਦੋਹਰਾ॥

ਗੁਰ ਸੂ ਜਗ ਕੀਆ ਪਿਤ ਹਿਤ ਲਾਖ ਗਊ ਕਰ ਦਾਨ॥
ਲਖ ਬ੍ਰਹਮਨ ਨਵੇਤਨ ਕੀਆ ਬਿਧਵਤ ਬੇਦ ਪ੍ਰਮਾਨ॥੬॥

॥ਚੌਪਈ॥

ਤਿਨ ਸੁਨਾ ਬਾਬਾ ਨਾਨਕ ਜੀ ਆਏ॥ਤੁਰਤ ਨਿਵੰਤਨ ਦੀਆ ਪਠਾਇ॥
ਬਾਬਾ ਜੀ ਨੇਵਤਾ ਨਹੀ ਮਾਨਾ॥ਹਮ ਰਾਜਾ ਕਾ ਨਹੀ ਖਾਵੈ ਧਾਨਾ॥੭॥
ਤਬ ਗੁਰ ਸੂ ਲਾਲੋ ਕੋ ਕਹਾ ਸੁਨਾਈ[5]॥ਜੋ ਬਾਬਾ ਜਗ ਭੋਜ ਨਹੀ ਖਾਈ[6]॥
ਤਬ ਤੁਮ ਈਹਾ ਰਹਨਿ ਨਹੀ ਪਾਵੋ॥ਹਮਰਾ ਨਗਰ ਤਿਆਗ ਉਠ ਜਾਵੋਂ॥੮॥
ਜਬ ਯਹ ਜੁਗਤ ਬਾਬਾ ਜੀ ਸੁਨੀ॥ਸੁਨ ਹਸੇ ਬਹੁਤ ਜਗ ਗੁਨ ਗੁਨੀ॥
ਕਹ ਪਠਾ ਦਿਆਲ ਹਮ ਭੋਜਨ ਖਾਵੈ॥ਲਾਲੋ ਕੋ ਮਤ ਕੋਊ ਸੰਤਾਵੈ॥੯॥
ਗੁਰ ਸੂ ਜਗ ਅਰੰਭਨ ਕੀਨਾ॥ਲਾਖ ਗਊ ਸੰਕਲਪ ਕਰ ਦੀਨਾ॥
ਅਰ ਸਭ ਕੋ ਭੋਜਨ ਪਰਸਾਇਆ॥ਸਭ ਭੋਜਨ ਕਰੇ ਬਾਬੇ ਨਹੀ ਖਾਇਆ॥੧੦॥

॥ਦੋਹਰਾ॥

ਗੁਰ ਸੂ ਦੇਖ ਪੂਛਨ ਲਗਾ ਸਭ ਬ੍ਰਹਮਨ ਭੋਜਨ ਖਾਇ॥
151/ੳ ਤੁਮ ਸਾਧ ਭੋਜਨ ਕਿ/ਉ ਨਾ ਕਰੋ ਮੋਹ ਦੂਖਨ ਕਵਨ ਲਗਾਇ॥੧੧॥

॥ਚੌਪਈ॥

ਬਾਬਾ ਜੀ ਗੁਰ ਸੂ ਸਮਝਾਵੈ॥ਇਹੁ ਰਕਤ ਭੋਜਨ ਹਮ ਕੈਸੇ ਖਾਵੈ॥
ਭਇਆ ਕੋਪਵੰਤ ਯਹ ਬਚਨ ਪੁਕਾਰਾ॥ਤੁਮ ਕੋ ਲਾਲੋ ਘਰ ਅਧਕਾਰਾ॥੧੨॥
ਹਮ ਛਤ੍ਰੀ ਕਾ ਭੋਜਨ ਨਹੀ ਖਾਵੋ[7]॥ਲਾਲੋ ਬਢਈ ਸੂਦਰ ਘਰ ਖਾਵੋ॥
ਪ੍ਰਭ ਭੋਜਨ ਲਾਲੋ ਕੀ ਮਹਿਮਾ॥ਤੁਮ ਦੇਉ ਦਿਖਾਈ ਲਗੇ ਇਕੁ ਲਹਮਾ॥੧੩॥
ਤਬ ਸਤਗੁਰ ਲਾਲੋ ਕਾ ਸਾਗ ਮੰਗਾਇਆ॥ਜੋ ਰਾਤ ਕੋ ਰਾਖਾ ਥਾ ਕਛੁ ਖਾਇਆ॥
ਲੇ ਪਿੰਡੀ ਸਾਗ ਕਰ ਮਾਹਿ ਦਬਾਈ॥ਸ੍ਰਵਤ ਦੂਧ ਤਾ ਮੋ ਅਧਕਾਈ॥੧੪॥
ਭੋਜਨ ਜਗ ਕਰ ਮੋ ਲੇ ਮਲਾ॥ਰਕਤ ਕੀ ਧਾਰਾ ਤਾ ਸੋ ਚਲਾ॥
ਦੇਖਾ ਗੁਰ ਸੂ ਬਿਸਮ ਹੋਇ ਗਇਆ॥ਦੇਖ ਚਰਿਤ੍ਰ ਗੁਰ ਚਰਨਨ ਪਇਆ॥੧੫॥

---

[1] ਇੱਥੇ ਸਿਰਲੇਖ '॥ਸਾਖੀ॥' ਹੈ (ੲ)
[2] ਆਏ ਪ੍ਰਭ (ਅ), ਆਏ ਗੁਰ (ੲ)
[3] ਤੋਖੀ (ਅ)
[4] ਮਿਲੇ ਪੈਸਾ ਤਬ ਅੰਨ ਲੇ ਖਾਵੈ॥ਨਾਹੀ ਤ੍ਰਿਆ ਸਾਗ ਚੁਨ ਲਿਆਵੇ॥ (ੲ)
[5] ਸੁਨਾਏ (ਅ)
[6] ਪਾਏ (ਅ)
[7] ਪਾਵੇ (ੲ)

॥ਦੋਹਰਾ॥

ਪੁਨ ਚਰਨ ਪਰੈ ਦੇਖਾ ਚਰਿਤ੍ਰ ਨਿਜ ਮਾਤ ਪਿਤਾ ਕਾ ਹਾਲ॥
ਲੋਕ ਪਿਤ੍ਰ ਤਾ ਕੋ ਅਗੇ ਮਾਰ ਹੋਤ ਬਿਹਾਲ॥੧੬॥

॥ਚੌਪਈ॥

ਕਰ ਹੁਕਮ ਇਕਤ੍ਰ ਸਮਗ੍ਰੀ ਕੀਨੀ॥ਬਿਨ ਮੋਲ ਗਊ[1] ਲਈ ਛੀਨੀ॥
ਉਨ ਕੇ ਪਿਤ੍ਰ ਇਨ ਪਿਤਰਨ ਮਾਰੇ॥ਸੋਟਾ ਪੈਜਾਰ ਤਾ ਕੇ ਸਿਰ ਝਾਰੇ॥੧੭॥
ਦੇਖ ਗੁਰ ਸੂ ਸਿਥਲ ਹੋਇ ਗਏ॥ਕਰ ਜੋਰ ਬਿਰਤੰਤ ਬਾਬੇ ਸੌ ਕਹੇ॥
ਹੇ ਪ੍ਰਭ ਇਹ ਕੈਸੀ ਬਿਧ ਭਈ॥ਕਰਤ ਧਰਮ ਪਾਪ ਪ੍ਰਗਟਈ॥੧੮॥
ਮੁਸਕਾਇ ਦਿਆਲ ਗੁਰ ਬਚਨ ਉਚਾਰਾ॥ਕਠਨ ਹੈ ਕਰਮਕਾਂਡ ਅਧਕਾਰਾ॥
ਜੋ ਮੈ ਕਹੌ ਤੁਮ ਹਿਰਦੇ ਧਾਰੋ॥ਮਿਟੇ ਪਾਪ ਹੋਇ ਪਿਤ੍ਰ ਉਧਾਰੋ॥੧੯॥

॥ਤਾ ਬਾਬਾ ਜੀ ਗੁਰ ਸੂ ਕੇ ਪਰਥਾਇ ਸਲੋਕ ਉਚਾਰ ਕੀਆ॥

151/ਅ **/॥ਸਲੋਕ ਮ:੧॥**[2]

ਜੇ ਮੁਹਾਕਾ ਘਰ ਮਹੈ ਘਰੁ ਮੁਹਿ ਪਿਤਰੀ ਦੇਇ॥ਅਗੈ ਵਸਤ ਪਛਾਣੀਐ[3] ਪਿਤਰੀ ਚੋਰ ਕਰੇ॥
ਵਢੀਅਨਿ ਹਥ ਦਲਾਲ ਦੇ ਮੁਸਫੀ ਏਹੁ ਕਰੇਇ॥ਨਾਨਕ ਅਗੇ ਸੋ ਮਿਲੇ ਜੇ ਖਟੇ ਘਾਲੇ ਦੇਇ॥

॥ਚੌਪਈ॥

ਗੁਰ ਸੂ ਏਹ ਸਲੋਕ ਜਬ ਸੁਨਾ॥ਕਰ ਬਿਚਾਰ ਨਿਜ ਮਾਥਾ ਧੁਨਾ॥
ਸਿਰ ਚਰਨ ਰਾਖ ਕਰ ਬਿਨੇ ਉਚਾਰਾ॥ਮਮ ਪਿਤਰਨ ਕਾ ਕਰੋ ਉਧਾਰਾ॥੨੦॥

॥ਦੋਹਰਾ॥

ਜਿਨ ਸੋ ਲਈ ਸਮਗ੍ਰੀ ਅਰੁ ਗਊ ਕਰੀ ਲੇ ਦਾਨ॥
ਸਭ ਕਾ ਹਿਸਾਬ ਅਬ ਹੀ ਕਰੋ ਦੇਵੌਂ ਸਭ ਗਿਨ ਦਾਮ॥੨੧॥

॥ਚੌਪਈ॥

ਸਭ ਕੋ ਗਨ ਕੇ ਦੀਜੈ ਦਾਮ॥ਤਬ ਹੋਇ ਪਵਿਤ੍ਰ ਜਗ ਅਭਿਰਾਮ॥
ਪਾਵਹਿ ਸਭ ਮੋਲ ਹੋਇ ਜੈਕਾਰ॥ਤੁਮ ਪਿਤ੍ਰਨ ਕਾ ਹੋਇ ਉਧਾਰ॥੨੨॥
ਤਬ ਗੁਰ ਸੂ ਦੀਵਾਨ ਬੁਲਾਇਆ॥ਕਰ ਹਿਸਾਬ ਸਭ ਕੋ ਦਿਲਵਾਇਆ॥
ਪਾਇ ਮੋਲ ਸਭ ਭਏ ਪ੍ਰਸੰਨ॥ਭਇਆ ਪਾਵਨ ਜੱਗ ਜਗਤ ਕਹਾ ਧੰਨ[4]॥੨੩॥
ਪ੍ਰਭ ਲੇ ਭੋਜਨ ਕਰ ਮਾਹਿ ਦਬਾਇਆ[5]॥
ਪਾਇਆ ਪ੍ਰਸਾਦਿ ਤਹਾ ਸਤਗੁਰ ਦਿਆਲ[6]॥੨੪॥
ਤਬ ਬਾਬਾ ਜੀ ਘਰ ਕੋ ਚਲੇ॥ਕਰ ਜੋੜ ਗੁਰ ਸੂ ਆਗੇ ਭਏ ਖਲੇ॥
ਸਤਗੁਰ ਦਿਆਲ ਖੁਸੀ ਤਿਸ ਕਰੀ॥ਗੁਰ ਸੂ ਕੀ ਪੂਰੀ ਜਗ ਪਰੀ॥੨੫॥

॥ਸੋਰਠਾ॥

ਪਾਰਸ ਹੈ ਜਗ ਸੰਤ ਜਾਹਿ ਛੁਹੈ ਕੰਚਨ ਕਰੇ॥
ਜੋ ਲੇਵਤ ਤਿਨ ਮੰਤ ਮੁਕਤ ਭੁਗਤ ਤਾ ਕੋ ਮਿਲੈ॥੨੬॥

॥ਸਾਖੀ ਪੂਰਨ ਹੋਈ॥[7]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੫੩॥

---

[1] ਗਊ ਜਾ ਕੀ (ਅ,ੲ)
[2] ਇੱਥੇ ਸਿਰਲੇਖ '॥ਸਲੋਕ ਮ:੧॥' ਨਹੀਂ ਹੈ (ੲ)
[3] ਸਿਵਾਣੀਐ (ਅ,ੲ,ਸ)
[4] ਜੱਗ ਕਹੈ ਧੰਨ ਧੰਨ (ਅ,ੲ)
[5] ਇੱਥੇ ਪੰਕਤੀ 'ਪ੍ਰਭ ਲੇ..ਦਬਾਇਆ॥ਸ੍ਰਵਤ ਦੂਧ ਗੁਰ ਸੋ ਦਿਖਲਾਇਆ॥' ਹੈ (ਅ,ੲ), ਇੱਥੇ ਪੰਕਤੀ 'ਪ੍ਰਭ ਲੇ..ਦਬਾਇਆ॥ਭ੍ਰਵਤ ਦੂਧ ਗੁਰ ਸੋ ਦਖਲਾਇਆ॥' ਹੈ (ਸ)
[6] ਪਾਇਆ ਪ੍ਰਸਾਦਿ ਤਹਾ ਸਤਗੁਰ ਦਿਆਲ॥ਗੁਰ ਸੂਕੋ ਪ੍ਰਭ ਕੀਆ ਨਿਹਾਲ (ਅ,ੲ)
[7] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਅਚਲ ਤੀਰਥ ਤੇ ਝੰਗਰ ਨਾਥ ਨਾਲ ਚਰਚਾ]

॥ਦੋਹਰਾ॥

152/ੳ ਸੰਤ ਚ/ਨ[1] ਤੀਰਥ ਬਡਾ ਤਾ ਸਮ ਜਗ ਨਹੀ ਕੋਇ॥
ਪਰਮਾਰਥ ਦਾਇਕ ਚਰਨ ਅਰਥ ਤੀਰਥ ਸੋ ਹੋਇ॥੧॥

॥ਚੋਪਈ॥

ਅਚਲ ਤੀਰਥ ਚਲੇ ਦਿਆਲ॥ਲਹਨਾ ਜੀ ਕੋ ਲੀਨਾ ਨਾਲ॥
ਭਗੀਰਥ ਸੰਗ ਸਧਾਰਨ ਮਿਲੇ॥ਬੁਢਾ ਬਾਬਾ[2] ਸੇਵਕ ਭਲੇ॥੨॥
ਅਚਲ ਜਾਇ ਪ੍ਰਭ ਭਏ ਅਸੀਨ॥ਬੇਰ ਬਿਰਛ ਤਲੇ ਆਸਨ ਕੀਨ॥
ਕਰ ਇਸਨਾਨ ਆਸਨ ਪਰ ਬੈਠੇ॥ਝੰਗਰ ਨਾਥ ਸੁਨ ਮਨ ਮੋ ਐਠੇ॥੩॥
ਸਭ ਸਿਧਨ ਕੋ ਬਚਨ ਸੁਨਾਇਆ॥ਨਾਨਕ ਤਪਾ ਸੁਨਾ ਈਹਾ ਆਇਆ॥
ਕਛੁ ਜੁਗਤ ਸਿਧ ਕੀ ਤਿਨੈ ਦਿਖਾਵੈ॥ਤਬ ਦੇਖ ਸਕਤ ਪੰਥ ਮੋ ਆਵੈ॥੪॥
ਤਬ ਜੋਗੀ ਸਕਤ ਦਿਖਾਵਨ ਲਾਗੇ॥ਜੁਗਤ ਬਲ ਅੰਹਕਾਰ ਰਸ ਪਾਗੇ॥
ਚਢ ਮਿਰਗਾਨ ਗਗਨ ਕੋ ਧਾਵੈ॥ਹੋਇ ਅਗਨ ਰੂਪ ਜਗ ਲੋਕ ਦਿਖਾਵੈ॥੫॥
ਹੋਇ ਮੇਘ ਰੂਪ ਅਕਾਸ ਮੋ ਗਰਜੇ॥ਹੋਇ ਬੀਜਲ ਬਾਦਲ ਮੋ ਲਰਜੈ॥
ਹੋਇ ਸਿੰਘ ਰੂਪ ਲੋਗਨ ਦਿਖਲਾਵੈ॥ਹੋਇ ਸਿਆਮ ਘਟਾ ਬਰਖਾ ਬਰਖਾਵੈ॥੬॥

॥ਦੋਹਰਾ॥

ਲਹਨਾ ਜੀ ਸਭ ਦੇਖ ਕੇ ਕਹੀ ਸਕਤ ਸਭ ਛੂਛ॥
ਹਰਿ ਕੀ ਭਗਤਿ ਬਿਨਾ ਸਕਲ ਏਹ ਕਿਰਿਆ ਸਭ ਪੂਰ[3]॥੭॥
ਸ੍ਰੀ ਮੁਖ ਸੋ ਸਤਗੁਰ ਕਹਾ ਏ ਭਾਸਤ ਸਕਲ ਅਸਾਰ॥
ਇਹ ਨਾਟਕ ਚੇਟਕ ਦੇਖ ਕਰ ਬਸ ਕਰੇ ਸਗਲ ਸੰਸਾਰ॥੮॥

॥ਚੌਪਈ॥

ਝੰਗਰ ਨਾਥ ਕੇ ਭਗਤੀਏ ਗਾਵੈ॥ਜੋ ਮਿਲੇ ਅਨਾਮ ਲੇ ਲੋਟੇ ਪਾਵੈ॥
ਭਰ ਲੋਟਾ ਟਕਿਓ ਕਾ ਧਰਾ॥ਝੰਗਰ ਨਾਥ[4] ਚਲਤ ਯਹ ਕਰਾ॥੯॥
ਮੇਲਾ ਦੇਖਨ ਕੋ ਪ੍ਰਭ ਚਲੇ॥ਝੰਗਰ ਨਾਥ ਕੇ ਆਇ ਭਏ ਖਲੇ॥
152/ਅ ਵਹੇ ਲੋਟਾ ਝੰਗਰ ਨਾਥ ਛਪਾਇਆ॥ਕਰ/ਸਕਤ ਬਿਰਛ ਕੇ ਤਲੇ ਗਡਾਇਆ॥੧੦॥
ਦੇਖਾ ਭਗਤੀਅਨ ਲੋਟਾ ਨਾਹੀ॥ਰੋਵਨ ਲਾਗੇ ਧਾਹੀ ਧਾਹੀ॥
ਜਬ ਝੰਗਰ ਨਾਥ ਕੇ ਬਾਬਾ ਗਏ॥ਆਦੇਸ ਆਦੇਸ ਕਰਤ ਸਭ ਭਏ॥੧੧॥
ਭਗਤੀਏ ਰੋਵਤ ਦੇਖੇ ਦਿਆਲ॥ਪੂਛਾ ਜਾਨ ਤਿਨਾ ਕਾ ਹਾਲ॥
ਝੰਗਰ ਨਾਥ ਕਾ ਜਾਨਾ ਖੇਲ॥ਕਰ ਮੰਤ੍ਰ ਛਪਾਇਆ ਲੋਟਾ ਪੇਲ॥੧੨॥

॥ਦੋਹਰਾ॥

ਝੰਗਰ[5] ਨਾਥ ਕਹਾ ਭਗਤੀਅਨ ਅਬ ਆਇ ਨਾਨਕ ਸੰਤ॥
ਲੋਟਾ ਤੁਮੇ ਬਤਾਇ ਦੇਹ ਕਰਾਮਾਤੀ ਜਗਤ ਮਹੰਤ॥੧੩॥

॥ਚੌਪਈ॥

ਬਾਬੇ ਜੋਗੀ ਕੀ ਗਤਿ ਪਾਈ॥ਦੇਖ ਭਗਤੀਅਨ ਦਇਆ ਜਨਾਈ॥
ਤਬ ਲਹਨਾ ਜੀ ਕੋ ਸਤਗੁਰ ਕਹਾ॥ਵਹ ਬਿਰਛ ਤਲੇ ਲੋਟਾ ਗਡ ਰਹਾ॥੧੪॥
ਝੰਗਰ ਨਾਥ ਲੋਟਾ ਹੈ ਗਾਡਾ॥ਭਗਤੀਅਨ ਕੋ ਦੁਖ ਹੋਇਆ ਬਾਡਾ॥
ਹੇ ਪੁਰਖ ਲੋਟਾ ਨਿਕਾਲਿ ਇਨ ਦੀਜੈ॥ਤਬ ਇਨ ਕੇ ਮਨ ਸਾਤ ਪਤੀਜੇ॥੧੫॥
ਲੇ ਆਗਿਆ ਲੋਟਾ ਨਿਕਾਲ ਤਿਨ ਦਇਆ॥ਜੈ ਜੈਕਾਰ ਬਾਬੇ ਕਾ ਭਇਆ॥
ਤਬ ਝੰਗਰ ਨਾਥ ਮਨ ਮਾਹਿ ਬਿਚਾਰਾ॥ਇਹੁ ਬਡਾ ਸਿਧ ਹੈ ਸੰਤ ਅਪਾਰਾ॥੧੬॥

---

[1] ਚਰਨ (ਅ,ੲ)
[2] ਬਾਲਾ ਉਹੀ
[3] ਪੂਚ (ਅ,ੲ,ਸ)
[4] ਲਾਥ (ਸ)
[5] ਭੰਗਰ (ਅ)

ਇਨ ਸੋ ਹਰਿ ਚਰਚਾ ਕਛੁ ਕੀਜੈ॥ ਹੋਵੈ ਆਨੰਦ ਸਾਂਤ ਪਤੀਜੈ॥
ਤਬ ਝੰਗਰ ਨਾਥ ਬਾਬੇ ਪ੍ਰਤ ਬੋਲਾ॥ ਬਚਨ ਗਿਆਨ ਅਨੰਦ ਕਲੋਲਾ॥੧੭॥

॥ਦੋਹਰਾ॥

॥ਝੰਗਰ ਨਾਥ ਬਾਚ॥

ਕਵਨ ਗਿਆਨ ਕੋ ਧਿਆਨ ਹੈ ਜਾ ਤੇ ਉਪਜੇ ਸਾਂਤ॥
ਬਾਵਨ ਚੰਦਨ ਸੰਤ ਜਨ ਮਿਲਤ ਨਿਵਾਰਤ ਭ੍ਰਾਤ॥੧੮॥

॥ਤਬ[1] ਬਾਬਾ ਝੰਗਰ ਨਾਥ ਕੈ ਪਰਥਾਇ ਅਤ ਬਿਗਸ ਕਰ ਸਬਦ ਉਚਾਰ ਕੀਆ॥

153/ੳ **॥ਰਾਗ ਸੂਹੀ ਮਹਲਾ ੧/ਚਉਪਦੇ ਘਰੁ ੧॥**

ਭਾਂਡਾ ਧੋਇ ਬੈਸਿ ਧੂਪ ਦੇਵਹੁ ਤਉ ਦੂਧੈ ਕਉ ਜਾਵਹੁ॥
ਦੂਧੁ ਕਰਮੁ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ॥੧॥
ਜਪਹੁ ਤ ਏਕੋ ਨਾਮਾ॥ ਅਵਰ ਨਿਰਾਫਲ ਕਾਮਾ॥੧॥ ਰਹਾਉ॥
ਇਹ ਮਨ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥
ਰਸਨਾ ਨਾਮੁ ਜਪਹੁ ਤਉ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥੨॥
ਮਨ ਸੰਪਟ ਜਿਤ ਸਤ ਸਰ ਨਾਵਣ ਭਾਵਨ ਪਾਤੀ ਤ੍ਰਿਪਤ ਕਰੇ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ ਬਿਧ ਸਾਹਬੁ ਰਵਤੁ ਰਹੈ॥੩॥
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰ ਅਵਰ ਨ ਕੋਈ॥
ਭਗਤ ਹੀਣ ਨਾਨਕ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ॥੪॥੧॥

॥ਤਿਸ ਕਾ ਪਰਮਾਰਥੁ॥

ਹੇ ਝੰਗਰ ਨਾਥ ਜੀ ਕਾਇਆ ਕੋ ਸੁਧ ਕਰਨਾ॥ ਸੁਆਦ ਬਿਕਾਰੋ ਸੋ ਰਹਿਤ ਯਹੀ ਭਾਂਡਾ ਧੋਵਨਾ ਧੂਪ ਦੇਵਨਾ ਸੁਭ ਬਾਸਨਾ ਰਹਤ ਭਗਤ ਕਰਨੀ ਤਬ ਦੂਧ ਕੋ ਭਾਂਡੇ ਮੋ ਧਾਰਨਾ॥ ਕਰਮ ਰੂਪੀ ਦੂਧ ਭਲੇ ਕਰਮ ਜੋਗ ਧਿਆਨ ਵੈਰਾਗ ਆਦਿਕ ਸਾਧਨਾ ਯਹੀ[2] ਕਾੜ ਭਾਡੇ ਮੋ ਪਾਵਨਾ॥ ਅਰੁ ਸੁਰਤ ਇਕਾਗਰ ਰੂਪੀ ਜਾਮਨ ਦੇ ਕਰ ਅਰੁ ਨਿਰਾਸ ਪਦ ਗਹਨਾ ਯਹੀ ਜਮਾਵਨਾ॥ ਏਕ ਨਾਮ ਸੋ ਲੀਨ ਹੈ ਅਉਰ ਜੇਤੇ ਧੰਧ ਹੈ ਤਿਨ ਕੋ ਮਿਥਿਆ ਜਾਨਨਾ ਹੈ॥ ਹੇ ਝੰਗਰ ਨਾਥ ਤੇਰੀ ਮਾਇ ਕੁਚਜੀ ਭਾਡਾ ਭੀ ਸੁਧ ਨ ਕੀਆ॥ ਭਲੀ ਜੁਗਤ ਸੋ ਨਹੀ ਕਾੜਿਆ॥ ਕਾਮਨਾ ਕੀ ਅਗਿਨਿ ਕੇ ਤੇਜ ਸੌ ਤਤਬੀਜ ਸੋ ਦਗਧ ਹੋ ਗਇਆ॥ ਬਾਕੀ ਰਹੀ ਛਿਡੀ ਛਾਛ ਜੋ ਤੁਮ ਹਮ ਕੋ ਦਿਖਾਇਆ ਹੈ ਯੇਹੀ ਰਹਾ ਤਤ
153/ਅ ਘਿਰਤ ਜਲ ਗਇਆ॥ ਤਬ ਝੰਗਰ ਨਾ/ਥ ਕਹਿਆ॥ ਤੁਮ ਸੰਤ ਹੋ ਅਬ ਕਛ ਜਤਨ ਬਤਾਵੋ ਤਤ ਪ੍ਰਾਪਤ ਹੋਇ॥ ਤਬ ਬਾਬੇ ਜੀ ਕਹਿਆ ਹੇ ਨਾਥ ਫੇਰ ਜਤਨ ਕਰੋ॥ ਤਤ ਕੋ ਪਾਵੋ॥ ਝੰਗਰ ਨਾਥ ਨਿੰਮ੍ਰਤਭੂਤ ਹੋਇ ਕਰ ਕਹਾ॥ ਇਸ ਸਬਦ ਕਾ ਅਰਥ ਮੋ ਕੋ ਸੁਨਾਵੋ॥

॥ਤਬ ਬਾਬਾ ਜੀ ਬੋਲੇ॥

ਹੇ ਝੰਗਰ ਨਾਥ ਇਸ ਮਨ ਕੋ ਈਟੀ ਕਰੋ ਕਹੀਐ ਲਕੜੀ ਜੋ ਦਹੀ ਕੇ ਭਾਂਡੇ ਪਰ ਢਕਨੀ ਦੇਈਤੀ ਹੈ॥ ਤਿਸੀ ਕੇ ਮਧ ਜੋ ਛਿਦਰ ਹੋਤਾ ਹੈ॥ ਅਰਥ ਯਹ ਮਨ ਕੋ ਬਸ ਕਰਨਾ ਈਟੀ ਭਈ॥ ਪੁਨਿ ਨੇਤ੍ਰਾ ਚਾਹੀਐ ਰਸੜੀ ਮਥਨੇ ਕੀ॥ ਹਰਿ ਭਜਨ ਮੋ ਨਿੰਦ੍ਰਾ ਨ ਹੋਇ॥ ਯਹੀ ਨੇਤ੍ਰਾ ਭਇਆ॥ ਅਰੁ ਰਸਨਾ ਸੋ ਭੀ ਸਦਾ ਉਚਾਰ ਨਾਮ ਕਾ ਕਰਨਾ॥ ਯਹੀ ਮਥਨਾ ਕਹੀਐ ਹੈ॥ ਹੇ ਨਾਥ ਜੀ ਐਸੀ ਜੁਗਤ ਕਰ ਅੰਮ੍ਰਿਤ ਕੋ ਪ੍ਰਾਪਤ ਹੋਇ॥ ਤਤ ਸਾਰ ਪਾਵੈ॥ ਹੇ ਨਾਥ ਮਨ ਸੰਪਟ ਮੋ ਸਤ ਸਰੋਵਰ ਹੈ ਤਹਾ ਇਸਨਾਨ ਕਰ ਤ੍ਰਿਪਤਿ ਯੇਹੀ ਪਾਤੀ ਪੂਜਾ ਹੈ॥ ਪ੍ਰਾਨੋ ਸੋ ਤਾਤਪਰਜ ਯਹ ਮਨ ਪ੍ਰਾਨ ਏਕ ਕਰਕੇ ਜਬ ਮਨ ਪ੍ਰਾਨ ਏਕ ਭਏ॥ ਤਬ ਇਸ ਬਿਧ ਸੇਵਕ ਸਾਹਬ ਸੋ ਰਮਤ ਭਇਆ॥ ਹੇ ਨਾਥ ਕੇਤੇ ਮਹਿਮਾ ਕੋ ਕਹਿਤੇ ਹੈ ਕਹਿ ਕਹਿ ਚਲੇ ਜਾਤੇ ਹੈ॥ ਐਸਾ ਕੋਈ ਨਾਹੀ ਜੋ ਮਹਿਮਾ ਕੋ ਕਹਿ ਸਕੇ॥ ਮੈ ਭੀ ਭਗਤਹੀਨ ਜੋ ਨਾਨਕ ਹੌ ਉਸੀ ਕੋ ਸਦਾ ਸਲਾਹਤਾ ਰਹਤਾ ਹੌ॥ ਜਬ ਯਹ ਉਪਦੇਸ ਕਿਰਪਾ ਰੂਪੀ ਬਾਬੇ ਜੀ ਕੇ ਮੁਖਾਰਬਿੰਦ ਸੌ ਝੰਗਰ ਨਾਥ ਸੁਨਾ ਮਗਨ ਭਏ ਸਾਂਤ ਮੋ ਲੀਨ ਭਇਆ॥ ਤਬ ਬਾਬਾ ਜੀ ਆਗੇ ਕੋ ਚਲੇ॥

---

[1]ਇੱਥੇ ਸ਼ਬਦ 'ਤਬ' ਨਹੀਂ ਹੈ (ਅ)
[2] ਇੱਥੇ 'ਕਰਮ ਰੂਪੀ ਦੂਧ ਭਲੇ ਕਰਮ ਜੋਗ ਧਿਆਨ ਵੈਰਾਗ ਆਦਿਕ ਸਾਧਨਾ ਯਹੀ' ਦੀ ਜਗ੍ਹਾ ਤੇ 'ਜੋਗ ਧਿਆਨ ਵੈਰਾਗ ਆਦਿਕ ਸਾਧਨਾ ਯਹੀ ਦੀ ਜਗ੍ਹਾ ਤੇ ਰੂਪੀ ਦੂਧ' ਪੰਕਤੀ ਹੈ (ਸ)

॥ ਦੋਹਰਾ ॥

ਸਭ ਮੇਲਾ ਦੇਖਾ ਪ੍ਰਭੂ ਨਾਟਕ ਚੇਟਕ ਕਾਜ॥
ਹਰਿ ਕੀ ਭਗਤਿ ਕਹੂੰ ਨਹੀ ਦੇਖਾ ਸਕਲ ਅਕਾਜ॥੧੯॥

॥ ਚੌਪਈ ॥

154/ੳ ਤਬ ਲਹਨਾ ਜੀ ਬਿਨਤੀ/ਕੀਨਾ॥ ਇਹ ਸਰਬ ਲੋਕ ਕੌਡੀ ਆਧੀਨਾ॥
ਹਰਿ ਕੀ ਭਗਤ ਨ ਕੋਈ ਕਰੇ॥ ਕੈਸੇ ਭਵ ਸਾਗਰ ਕੋ ਤਰੇ॥੨੦॥

॥ ਤਬ ਬਾਬੇ ਸਲੋਕ ਇਨ ਕੇ ਪ੍ਰਥਾਇ ਉਚਾਰ ਕੀਆ ॥

॥ ਸਲੋਕੁ ॥[1]

ਤੁਮੀ ਤੁੰਮਾ ਵਿਸੁ ਅਕੁ ਧਤੂਰਾ ਨਿੰਮ ਫਲੁ॥
ਮਨਮੁਖ ਵਸੇ ਤਿਸ ਹੰਢਨ ਕਰਮਾ ਬਾਹਰੇ॥੧॥

ਹੇ ਪੁਰਖਾ ਇਹ ਲੋਕ ਬਿਖਆ ਮਾਤੇ ਬਿਸੁਧ ਭਏ ਹੈ ਗੁਨ ਔਗੁਨ ਸਮਝਤੇ ਨਾਹੀ॥ ਊਹ ਸੋ ਬਾਬਾ ਜੀ ਕਰਤਾਰਪੁਰ ਮੋ ਪ੍ਰਾਪਤ ਭਏ॥

॥ ਸਾਖੀ ਪੂਰਨ ਹੋਈ ॥[2]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥੫੪॥

[1] ਇੱਥੇ ਸਿਰਲੇਖ '॥ਸਲੋਕੁ ਮ: ੧॥' ਹੈ (ਸ)
[2] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ਏ)

[ਸਾਖੀ ਬਾਬਾ ਜੀ ਦਾ ਰਹਨੀ ਬਿਲਾਸ]

॥ਦੋਹਰਾ॥

ਅੰਮ੍ਰਿਤ ਰਹਨੀ ਦਿਆਲ ਕੀ ਅਰੁ ਗੁਰਸਿਖ ਭਾਉ ਸੁਭਾਉ॥
ਸਾਖੀ ਮੋ ਬਰਨਨ ਕੀਆ ਸੁਨੋ ਸਿਖ ਚਿਤ ਲਾਇ॥੧॥

॥ਚੌਪਈ॥

ਸ੍ਰੀ ਬਾਬਾ ਸਾਹਿਬ ਦੀਨ ਦਿਆਲ॥ਜਬ ਪਹਰ ਰਾਤ ਰਹੇ ਅੰਮ੍ਰਿਤ ਕਾਲ॥
ਕਰ ਸੋਚਾਚਾਰ ਪ੍ਰਭ ਨਦੀ ਸਿਧਾਵੈ॥ਲੇ ਬਸਤ੍ਰ ਲਹਨਾ ਜੀ ਗੁਰ ਸੰਗ ਜਾਵੈ॥੨॥
ਸਤਗੁਰ ਨਦੀ ਮੋ ਕਰ ਇਸਨਾਨ॥ਇਕ ਟਕ ਲਹਨਾ ਜੀ ਧਰੇ ਧਿਆਨ॥
ਜਲ ਮੁਖ ਪ੍ਰਮਾਨ ਸਤਗੁਰ ਹੋਇ ਠਾਢੇ॥ਨਿਰਖਤ ਲਹਨਾ ਜੀ ਰੁਚ ਬਾਢੇ॥੩॥
ਜਬ ਪ੍ਰਾਤਹਕਾਲ ਭੋਰ ਸਮਾ ਦਿਖਾਵੈ॥ਜਲ ਸੋ ਨਿਕਸਿ ਪ੍ਰਭ ਬਾਹਰਿ ਆਵੈ॥
ਪੁਨ ਪਹਰ ਬਸਤ੍ਰ ਗੁਰ ਗ੍ਰਹ ਕੋ ਚਲੇ॥ਪ੍ਰੇਮੀ ਪ੍ਰੀਤਮ ਸੰਗ ਹੁਇ ਢੁਲੇ॥੪॥
154/ਅ ਦਿਵਸ ਏਕ ਪ੍ਰਭ ਚਲੇ ਸਨਾਨ॥ਬੁਢੇ ਭਾਗੀਰਥ ਮਨ ਕੀਆ ਗਿਆ/ਨ॥
ਨਿਤਪ੍ਰਿਤ ਲਹਨਾ ਜੀ ਸੰਗ ਜਾਵੈ॥ਹਮ ਭੀ ਨਿਤਪ੍ਰਤ ਸੰਗ ਸਿਧਾਵੈ॥੫॥

॥ਦੋਹਰਾ॥

ਤੀਨੋ ਸੇਵਕ ਤੀਨ ਗੁਨ ਤੁਰੀ ਅਵਸਥਾ ਦਿਆਲ॥
ਕ੍ਰਿਪਾ ਦ੍ਰਿਸਟਿ ਜਾ ਪਰ ਕਰੇ ਤਾ ਕੋ ਕਰੇ ਨਿਹਾਲ॥੬॥

॥ਚੌਪਈ॥

ਤੀਨੋ ਸੇਵਕ ਸੰਗ ਸਿਧਾਏ॥ਨਦੀ ਕੰਠੇ ਬਾਬਾ ਜੀ ਆਏ॥
ਕਰੇ ਸਨਾਨ ਸਤਗੁਰ ਜਲ ਠਾਢੇ॥ਸਨਮੁਖ ਖੜੇ ਸੇਵਕ ਚਿਤ ਗਾਢੇ॥੭॥
ਤਹਾ ਸਿਆਮ ਘਟਾ ਪ੍ਰਗਟੀ ਅਕਾਸ॥ਗਰਜਤ ਤਰਜਤ ਬੀਜਲ ਪਰਕਾਸ॥
ਭਈ ਅਹਿਣ ਪਾਥਰ ਕੀ ਬਰਖਾ ਭਲੀ॥ਸੀਤਲ ਸੁੰਨ ਪਵਨ ਤਹਾ ਚਲੀ॥੮॥
ਬੁਢੇ ਭਾਗੀਰਥ ਨਹੀ ਸੀਤ ਸਹਾਰਾ॥ਗ੍ਰਹ ਮੋ ਆਏ ਅਗਨ ਕੋ ਜਾਰਾ॥
ਤਾਪਤ ਅਗਨ ਦੇਹ ਸੁਧ ਆਈ॥ਮਾਨੋ ਨਉਤਨ ਜੀਵਨ ਪਾਈ॥੯॥
ਇਕ ਟਕਾ ਲਹਨਾ ਜੀ ਈਹਾਂ ਠਾਢੇ॥ਜਿਮੀ ਲਿਖੀ ਭੀਤ ਪਰ ਮੂਰਤ ਗਾਢੇ॥
ਭਇਆ ਸਮਾ ਭੋਰ ਬਾਬਾ ਜਲ ਨਿਕਸੇ॥ਲਹਨਾ ਜੀ ਕੋ ਦੇਖ ਪ੍ਰਭ ਬਿਗਸੇ॥੧੦॥

॥ਦੋਹਰਾ॥

॥ਬਾਬਾ ਜੀ ਬਾਚ॥

ਹੇ ਪੁਰਖਾ ਤੁਮ ਕਿਉ ਸ੍ਰਮ ਸਹਿਓ ਅਹਿਣ ਪਾਥਰ ਸੀਤਲ ਬਿਆਰ॥
ਮੋ ਕੋ ਦੇਖਤ ਸ੍ਰਮ ਭਇਆ ਤੋ ਕੋ ਸੁਧ ਨ ਸੰਭਾਰ[1]॥੧੧॥

॥ਚੌਪਈ॥

ਮੈ ਤੋ ਕੋ ਅਪਨਾ ਤਨ ਕਰ ਜਾਨੋ॥ਤੁਮ ਕਾਹੇ ਤਪ ਕੋ ਮਨ ਠਾਨੋ॥
ਤੁਮਰੇ ਕਾਰਨ ਯਹ ਤਪ ਮੈ ਕਰੌ॥ਲੋਕ ਪਰਲੋਕ ਕੋ ਮਨ ਨਹੀ ਧਰੋ॥੧੨॥
ਤੁਮ ਤਪ ਕਰੋ ਮੋ ਕੋ ਸ੍ਰਮ ਹੋਇ॥ਤੁਮ ਬਿਧ ਨਖੇਧ ਮਨ ਧਰੋ ਨ ਕੋਇ॥
ਮੈ ਤੁਮ ਕੋ ਦੇਖੇ ਹੋਹ ਪ੍ਰਸੰਨ॥ਧੰਨ ਧੰਨ ਪੁਰਖਾ ਤੂੰ ਧੰਨ॥੧੩॥
ਪੁਨਿ ਬਾਬਾ ਜੀ ਗ੍ਰਿਹ ਕੋ ਆਏ॥ਬੁਢੇ ਭਾਗੀਰਥ ਬਚਨ ਸੁਨਾਏ॥
155/ੳ ਹੇ ਬਾਬਾ ਜੀ ਆਜ ਸ੍ਰਮ ਪਾਇ/ਆ॥ਈਹਾ ਆਇ ਕਰਿ ਅਗਨ ਤਪਾਇਆ॥੧੪॥
ਆਜ ਜਨਮ ਹਮ ਨਵਤਨ ਪਾਇਆ॥ਸਰਨ ਤੁਮਾਰੀ ਤੁਮ ਕਰੀ ਸਹਾਇਆ॥
ਬਾਬਾ ਜੀ ਸੁਨ ਬਿਗਸ ਭਏ ਖਲੇ॥ਤੁਮ ਮਮ ਪਿਆਰੇ ਸੇਵਕ ਭਲੇ॥੧੫॥

॥ਸਾਖੀ ਪੂਰਨ ਹੋਈ॥[2]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੫੫॥

---

[1] ਸਮਾਰ (ਅ)
[2] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਬਾਬਾ ਜੀ ਦਾ ਆਪਣੇ ਸੇਵਕਾਂ ਨਾਲ ਬਚਨ ਬਿਲਾਸ]

॥ਸੋਰਠਾ॥

ਦਿਵਸ ਏਕ ਪ੍ਰਭ ਦਿਆਲ ਨਿਸ ਸੈਨ ਕਰਿਓ ਆਨੰਦ ਜੁਤ॥
ਭਈ ਅਰਧ ਰੈਨ ਜਬ ਕਾਲ ਜਗੇ ਦਿਆਲ ਪੂਛਨ ਕੀਆ॥੧॥

॥ਚੌਪਈ॥

ਬਾਬਾ ਜੀ ਪੂਛੀ ਬਿਰਤ[1] ਬਿਨਾਨੀ[2]॥ਹੇ ਬੁਢਾ ਨਿਸ ਕੇਤਕ ਬੀਤਾਨੀ[3]॥
ਬੁਢੇ ਸਮਝ ਮਨ ਬਾਤ ਬਖਾਨੀ॥ਪ੍ਰਭ ਅਰਧ ਰੈਨ ਊਪਰ ਬੀਤਾਨੀ॥੨॥
ਪੁਨ ਭਾਗੀਰਥ ਸੌ ਪ੍ਰਭ ਕਹਾ॥ਤੁਮ ਬੂਝ ਕਹੋ ਨਿਸ ਕੇਤਕ ਰਹਾ॥
ਕਹੀ ਭਾਗੀਰਥ ਬੂਝ ਸੁਜਾਨੀ॥ਅਰਧ ਰੈਨ ਬੀਤੀ ਪ੍ਰਭ ਗਿਆਨੀ॥੩॥
ਪੁਨ ਸਾਧਾਰਨ ਮੋ ਪ੍ਰਭ ਕਹੀ॥ਕਹੋ ਮੀਤ ਨਿਸ ਕੇਤਕ ਰਹੀ॥
ਕਹੀ ਸਮਝ ਸਾਧਾਰਨ ਆਧੀ ਰਾਤ॥ਬੀਤ ਗਈ ਪ੍ਰਭ ਸੌ ਕਹੀ ਬਾਤ॥੪॥
ਸੁਨ ਬਚਨ ਬਿਗਾਸ ਬਾਬਾ ਜੀ ਹਸੇ॥ਪੁਨ ਪੂਛਾ ਸਾਹਿਬ ਹਰ ਰੰਗ ਰਸੇ॥
ਤੁਮ ਤੋ ਪੜੇ ਗੁੜੇ ਕਛੁ ਨਾਹੀ॥ਰਾਤ ਕੀ ਬੂਝ ਕੈਸੇ ਤੁਮ ਆਹੀ॥੫॥

॥ਦੋਹਰਾ॥

ਸਭਹਨ ਬਾਤ ਬਿਚਾਰ ਕੇ ਕਰ ਜੋੜ ਕਰੀ ਅਰਦਾਸ॥
ਹਮ ਖੇਤੀ ਰਾਖੇ ਨਿਸ ਜਗੇ ਦੇਖ ਤਾਰੇ ਭਇਓ ਅਭਿਆਸ॥੬॥

॥ਚੌਪਈ॥

155/ਅ ਪੁਨ ਬਾਬਾ ਲਹਨਾ ਜੀ ਸੋ ਬੋਲੇ॥ਅੰਮ੍ਰਿਤ ਬ/ਚਨ ਪ੍ਰੇਮ ਝਕਝੋਲੇ॥
ਹੇ ਪੁਰਖਾ ਨਿਸ ਕੇਤਕ ਗਈ॥ਬਾਕੀ ਕੇਤਕ ਹੈ ਅਬ ਰਹੀ॥੭॥
ਕਰ ਜੋੜ ਲਹਨਾ ਜੀ ਬਿਨਤੀ ਕੀਨਾ॥ਤੁਮ ਸਭ ਕਛ ਜਾਨੋ ਦਇਆਲ ਪ੍ਰਬੀਨਾ॥
ਰਾਤ ਦਿਵਸ ਤੁਮਰੋ ਹੈ ਕੀਆ॥ਤੁਮ ਬਿਨ ਅਵਰੁ ਨ ਜਾਨਤ ਬੀਆ॥੮॥
ਲਗੀ ਲਗਨ ਮਨ ਚਰਨ ਸਰੋਜਨ॥ਨਿਸ ਦਿਨ ਸੌ ਕਛੁ ਨਹੀ ਪਰੋਜਨ॥
ਚਾਤ੍ਰਿਕ ਬੂੰਦ ਕਿਰਖੀ ਕੋ ਮੇਹੁ॥ਹਮਰੋ ਪ੍ਰਭ ਚਰਨ ਕਮਲ ਸੋ ਨੇਹੁ॥੯॥
ਪ੍ਰਭ ਅੰਤਰਜਾਮੀ ਜਾਨੀ ਜਾਨ॥ਸਰਧਾ ਰਾਖਨ ਪਰਮ ਸੁਜਾਨ॥
ਰਾਤ ਦਿਵਸ ਹਮ ਜਾਨਤ ਨਾਹੀ॥ਨਿਸ ਦਿਨ ਧਿਆਨ ਸਤਗੁਰ ਮਨ ਮਾਹੀ॥੧੦॥

॥ਦੋਹਰਾ॥

ਸੁਨਤ ਬਚਨ ਬਾਬਾ ਬਿਗਸਾਨੇ ਬੂਝਾ ਪ੍ਰੇਮ ਸਨੇਹ॥
ਪ੍ਰੇਮ ਬਾਰੀ ਬੋਈ ਇਨੈ ਸਿੰਚਤ ਸਦ ਜਲ ਨੇਹ॥੧੧॥

॥ਸਾਖੀ ਪੂਰਨ ਹੋਈ॥[4]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੫੬॥

---

[1] ਕਿਰਤ (ਸ)
[2] ਬਿਬਾਨੀ (ਅ)
[3] ਕੇਤਕ ਹੈ ਬਿਹਾਨੀ (ਅ)
[4] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਬਾਬਾ ਜੀ ਦੀ ਸੇਵਕ ਬੁਢੇ ਭਾਗੀਰਥ ਨਾਲ ਚਰਚਾ]

॥ਦੋਹਰਾ॥

ਅੰਤਰਜਾਮੀ ਦਿਆਲ ਗੁਰ ਬੁਝਾ ਸੇਵਕਨ ਭਾਉ॥
ਕਿਰਪਾ ਕਰ ਸੰਕਾ ਹਰੋ ਬੂਝਾ ਭੋਲਾ ਸੁਭਾਉ॥੧॥

॥ਚੌਪਈ॥

ਜਬ ਇਨ ਕੇ ਮਨ ਸੰਕਾ ਪਰੀ॥ਮਿਲ ਸਬਹਨ ਸਲਾਹ ਇਮ ਕਰੀ॥
156/ੳ ਹਮ ਬਾਬਾ ਜੀ ਕੇ ਆਗੇ ਚਲੇ॥ਕਰ ਇਸਨਾਨ ਹੋਇ/ਜਲ ਮੋ ਖਲੇ॥੨॥
ਜਬ ਖਾਜ ਖਿਜਰ ਸੋ ਹੋਵੈ ਮੇਲ॥ਪਕੜ ਕਦਮ ਛੋਡੇ ਨਹੀ ਗੈਲ॥
ਤਬ ਉਨ ਸੌ ਕਰਾਮਾਤ ਹਮ ਪਾਵੈ॥ਸਭ ਜਗ ਹਮ ਕੋ ਪੂਜ ਪੂਜਾਵੈ॥੩॥
ਅਰਧ ਰੈਨ ਜਬ ਭਈ ਬਿਤੀਤ॥ਚਲੇ ਨਦੀ ਮਿਲ ਤੀਨੋ ਮੀਤ॥
ਅਰਧ ਮਾਰਗ ਜਬ ਤੀਨੋ ਗਏ॥ਮਗ ਮਿਲੇ ਖਿਜਰ ਈਹਾ ਆਵਤ ਭਏ॥੪॥
ਕਰ ਜੋੜ ਖਿਜਰ ਸੋ ਪੂਛੀ ਬਾਤ॥ਸਾਹਿਬ ਤੁਮ ਕੌਨ ਕਹਾ ਕੋ ਜਾਤ॥
ਮੈ ਹੋ ਖਿਜਰ ਰੋਜ ਈਹਾ ਆਵੌਂ॥ਬਾਬੇ ਜਗਾਇ ਇਸਨਾਨ ਕਰਾਵੌਂ॥੫॥

॥ਦੋਹਰਾ॥

ਸੁਨਤ ਬਚਨ ਬਿਸਮੇ ਭਏ ਅਰੁ ਚਰਿਤ੍ਰ ਯਹ ਦੇਖ॥
ਸੰਕਾ ਸਭ ਮਨ ਕੀ ਮਿਟੀ ਬੂਝਾ ਪੁਰਖ ਅਲੇਖ॥੬॥

॥ਚੌਪਈ॥

ਜਬ ਯਹ ਬਾਤ ਖਿਜਰ ਮੁਖ ਸੁਨਾ॥ਤਬ ਹੋਇ ਹੈਰਾਨ ਸਭਨਾ ਸਿਰ ਧੁਨਾ॥
ਹਮ ਬਾਬਾ ਜੀ ਕੀ ਮਿਤ ਨਹੀ ਪਾਈ॥ਮਿਥਿਆ ਖਿਜਰ ਕੋ ਦਈ ਬਡਾਈ॥੭॥
ਹੋਇ ਲਜਾ ਮਾਨ ਘਰ ਮੋ ਸਭ[1] ਆਏ॥ਸਤਗੁਰ ਨਾਵਨ ਨਦੀ ਸਿਧਾਏ॥
ਪੁਨ ਇਸਨਾਨ ਕਰ ਆਏ ਦਿਆਲ॥ਬੁਲਾਇ ਸਭਨ ਕਹਿਓ ਬਚਨ ਰਿਸਾਲ॥੮॥
ਤੁਮ ਮਮ ਸੇਵਕ ਸਖਾ ਪਿਆਰੇ॥ਐਸੀ ਸੰਕਾ ਮਿਥਿਆ ਮਨ ਧਾਰੇ॥
ਹਰਿ ਕੀ ਭਗਤਿ ਸਿਰੋਮਨ ਸਿਧ॥ਸਮਝੇ ਸੋ ਜਾ ਕੋ ਸਤ ਬੁਧ॥੯॥
ਮਿਲ ਸਭਹਨ ਚਰਨਨ ਸਿਰ ਡਾਰੇ॥ਹੇ ਦਿਆਲ ਹਮ ਸੇਵਕ ਥਾਰੇ॥
ਭਗਤ ਸਕਤ ਸਭ ਤੁਮਰੇ ਹਾਥ॥ਤੁਮਰੀ ਸਰਨ ਹਮ ਮੁਗਧ ਅਨਾਥ॥੧੦॥

॥ਸਾਖੀ ਪੂਰਨ ਹੋਈ॥[2]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੫੭॥

---

[1] ਇੱਥ ਸ਼ਬਦ 'ਮੋ ਸਭ' ਦੀ ਜਗ੍ਹਾ ਤੇ 'ਕੋ ਫਿਰ' ਹੈ (ਅ)
[2] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

156/ਅ **[/ਸਾਖੀ ਸਤਿਗੁਰ ਜੀ ਦਾ ਸੇਵਕ ਸੇਵਕਾਈ ਨਾਲ ਬਚਨ ਬਿਲਾਸ]**

॥ਦੋਹਰਾ॥

ਬਚਨ ਬਿਲਾਸ ਸਤਗੁਰ ਕਰੇ ਤਾ ਤੇ ਭਗਤ ਪ੍ਰਕਾਸ॥
ਭਗਤ ਭਾਇ ਸੇਵਕ ਲਹੇ ਭੋਗੇ ਗਿਆਨ ਬਿਲਾਸ॥੧॥

॥ਚੌਪਈ॥

ਜਬ ਕੇ ਪ੍ਰਭ ਕਰਤਾਰਪੁਰ ਆਏ॥ਇਕ ਬਾਗ ਬਕਾਇਨ ਤਹਾ ਲਗਾਏ॥
ਗ੍ਰੀਖਮ ਰੁਤ ਦੁਪਹਰ ਕੇ ਸਮੇ॥ਪਵਨ ਸੁਗੰਧ ਸੀਤਲ ਤਹਾ ਗਮੇ॥੨॥
ਤਹਾ ਜਾਇ ਸੈਨ ਪ੍ਰਭ ਕਰੇ॥ਊਹਾ ਬਾਲਕ ਬਿਰਧ ਸਕਲ ਰਹੇ ਭਰੇ॥[1]
ਬੁਢਾ ਆਦਿ ਸਗਲ ਮਿਲ ਆਏ॥ਕਰ ਜੋਰ ਦਿਆਲ ਕੋ ਬਿਨੇ ਸੁਨਾਏ॥
ਪ੍ਰਭ ਆਜੁ ਘਾਮ ਧੂਪ ਬਹੁ ਪਰੀ॥ਸਰਬਤ ਪੀਵੈ ਸੁਖ ਇਹ ਘਰੀ॥੩॥
ਮੀਠਾ ਮਿਲੇ ਕਰ ਸਰਬਤ ਪੀਵੈ॥ਸੁਖੀ ਹੋਇ ਸੀਤਲ ਮਨ ਥੀਵੈ॥
ਸੁਨ ਬਿਗਸ ਦਿਆਲ ਇਮ ਬਚਨ ਬਖਾਨਾ॥ਹੇ ਬੁਢਾ ਸਾਧਾਰਨ ਮੀਤ ਪੁਰਾਨਾ॥੪॥
ਇਸ ਬਿਰਛ ਬਕਾਇਨ ਪਰ ਕੋਈ ਚੜੇ॥ਹਲੂਣਾ ਦੇ ਪਤਾਸੇ ਝੜੇ॥
ਸਰਬਤ ਕਰ ਸਗਲੇ ਤੁਮ ਪੀਵੋ॥ਸੀਤਲ ਹੋਇ ਸੁਖੀ ਮਨ ਥੀਵੋ॥੬॥

॥ਦੋਹਰਾ॥

ਇਨ ਸਭਹਨ ਹਾਸੀ ਸਮਝ ਸਤ ਬਚਨ ਨਹੀ ਮਾਨਾ॥
ਜਾਨਾ ਬਚਨ ਬਿਲਾਸ ਕਰ ਹਾਸੀ ਕੀਆ ਬਖਾਨਾ[2]॥੭॥

॥ਚੌਪਈ॥

ਇਹ ਬਚਨ ਸੁਨਤ ਸਭ ਜਾਨਿਓ ਇਨ ਹਾਸਾ॥ਕਹਾ ਬਕਾਇਣ ਝਰੇ ਪਤਾਸਾ॥
ਹਮ ਸੋ ਸਦਾ ਕਰੇ ਪ੍ਰਭ ਹਾਸੀ॥ਪਰਮ ਪੁਰਖ ਹਰ ਭਗਤ ਬਿਲਾਸੀ॥੮॥
ਜਾਨਾ ਸਤਗੁਰ ਇਨ ਹਾਸੀ ਜਾਨੀ॥ਮਾਨੇ ਪ੍ਰੇਮੀ ਭਗਤ ਬਿਨਾਨੀ[3]॥
157/ੳ ਤਬ ਲਹਨਾ ਜੀ ਸੋ ਪ੍ਰਭੂ ਬਿਖਾਨਾ॥ਮੈ ਪੀਵੋ ਸਰਬਤ ਪੁਰਖ ਸੁਜਾਨਾ॥/੯॥
ਇਸ ਬਿਰਖ ਬਕਾਇਣ ਪਰ ਤੁਮ ਚੜੇ॥ਝੂਣੇ ਇਸੇ ਪਤਾਸਾ ਝੜੇ॥
ਕਰ ਸਰਬਤ ਮੋ ਕੋ ਪੀਲਾਵੋ॥ਬਡੀ ਉਸਨਤਾ ਤਨ ਸੀਰਾਵੋ॥੧੦॥
ਗੁਰ ਬਚਨ ਸੁਨਤ ਬਿਰਛ ਪਰ ਚੜੇ॥ਹਲੂਣਾ ਦੀਆ ਪਤਾਸੇ ਝੜੇ॥
ਝੜੇ ਬਹੁਤ ਕਛੁ ਕਹੀ ਨ ਜਾਇ॥ਪੀ ਸਰਬਤ ਸਭ ਰਹੇ ਅਘਾਇ॥੧੧॥

॥ਦੋਹਰਾ॥

ਗੁਰ ਭਗਤਾ ਜੋ ਬਚਨ ਗੁਰ ਬਿਨ ਸੰਕਾ ਹਿਰਦੇ ਧਾਰ॥
ਮੁਕਤੁ ਭੁਗਤ ਸਭ ਕਛੁ ਲਹੇ ਭਵਨਿਧ ਉਤਰੇ ਪਾਰ॥੧੨॥

॥ਚੌਪਈ॥

ਉਤਰ ਲਹਨਾ ਜੀ ਚਰਨਨ ਪਰੇ॥ਸੀਤਲ ਸਰਬਤ ਕਰ ਆਗੇ ਧਰੇ॥
ਦਿਆਲ ਗੁਰੂ ਜੀ ਸਰਬਤ ਪੀਆ॥ਸੀਤ ਪ੍ਰਸਾਦਿ ਨਿਜ ਸੇਵਕ ਦੀਆ॥੧੩॥
ਹੋਇ[4] ਪ੍ਰਸੰਨ ਮੁਖ ਬਚਨ ਬਖਾਨਾ॥ਧਨ ਧਨ ਲਹਨਾ ਪੁਰਖ ਸੁਜਾਨਾ॥
ਮਮ ਬਚਨ ਸਤ ਕਰ ਮੁਝੇ ਪਛਾਨਾ॥ਮੈ ਸਭ ਜਗ ਖੋਜਾ ਤੂੰ ਮਨ ਮਾਨਾ॥੧੪॥

॥ਦੋਹਰਾ॥

ਮੋਰੇ ਮਨ ਮੋ ਤੂੰ ਬਸੇ ਮੈ ਸਦ ਹਿਰਦੇ ਤੋਹਿ॥
ਅਭੇਦ ਭਗਤ ਮੇਰੀ ਕਰੀ ਮੈ ਮਨ ਤੁਮਾਰਾ ਢੋਹ[5]॥੧੫॥

॥ਸਾਖੀ ਪੂਰਨ ਹੋਈ॥[6]

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੫੮॥

---

[1] ਇੱਥੇ ਇਸ ਤੋਂ ਬਾਆਦ ਹੋਰ ਪਾਠ ਹੈ 132/ੳ,ਅ (ਅ) ਵੇਖੋ ਅੰਤਿਕਾ 2
[2] ਬਪਾਨਾ (ੲ)
[3] ਗਿਆਨੀ (ਅ)
[4] ਭਏ (ਅ)
[5] ਛੋਹ (ੲ)
[6] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਸਤਗੁਰ ਬਾਬੇ ਜੀ ਦੀ ਪਰਮ ਪਰਤਗਿਆ ਕਰਨਾ]

॥ਦੋਹਰਾ॥

ਛੇਤ੍ਰ ਪਰਤਗਿਆ ਪ੍ਰਭ ਰਚਾ ਯਹ ਬਿਧ ਮਨ ਮੋ ਧਾਰ॥
ਕੋਈ ਬਚਨ ਮਾਨੇ ਸਤ ਮਮ ਜਗ ਬਚਨ ਚਲਾਵੈ ਸਾਰ॥੧॥
ਸਭ ਨਿਜ ਸੰਗੀ ਸੰਗ ਲੇ ਗਵਨੇ ਨਦੀ ਕਛਾਰ॥
157/ਅ ਬਡੋ ਜੋ ਗਹਬਰ ਬਨ ਜਹਾ/ਝਾਊ ਕਾ ਇਸ ਝਾਰ॥੨॥

॥ਚੌਪਈ॥

ਨਿਜ ਸੰਗੀ ਪ੍ਰਭ ਸਗਲ ਬੁਲਾਏ॥ਸਭ ਭਏ ਇਕਤ੍ਰ ਕਰਤਾਰਪੁਰ ਆਏ॥
ਭਈ ਪ੍ਰਭਾਤ ਸਭ ਕੋ ਲੇ ਸੰਗ॥ਚਲੇ ਨਦੀ ਕਛਾਰ ਪ੍ਰਤਗਿਆ ਰੰਗ॥੩॥

॥ਰਸਾਵਲ ਛੰਦ॥

ਸੰਗਤ ਕੋ ਸੰਗ ਧਾਰ ਕੇ ਨਦੀ ਕਛਾਰ ਕੋ ਚਲੇ॥
ਮਾਇ ਚਰਿਤ੍ਰ ਧਾਰ ਕੇ ਦਿਖਾਇ ਭਾਇ ਸਭ ਛਲੇ॥
ਸਤਗੁਰ ਬਚਨ ਕਠਾਰ ਗਿਆਨ ਸੂਰ ਸੀਸ ਪਰ ਝਲੇ॥
ਜੀਵਤ ਮੂਆ ਮੁਕਤ ਹੂਆ ਸੇਵੰਤ ਸਿਧ ਦਰ ਖਲੇ॥੪॥

॥ਅੜਲ॥

ਲੇ ਸਗਲੀ ਸੰਗਤ ਦਿਆਲ ਬਨ ਮੋ ਗਏ॥
ਸਭਹਨ ਦੇਖਾ ਚਲਤ ਬਹੁਤ ਪੈਸੇ ਪਏ॥
ਕੇਤੇਆ ਬਟੋਰ ਲੀਏ ਬਾਧ ਪੋਟ ਸਿਰ ਪਰ ਧਰੀ॥
ਹੋ ਚਲੇ ਬੰਧ ਲੇ ਪੋਟ ਸਭੀ ਉਸ ਹੀ ਘਰੀ॥੫॥

॥ਤੋਮਰ ਛੰਦ॥

ਪੁਨ ਚਲੇ ਆਗੇ ਦਇਆਲ॥ਜੁ ਰਹੇ ਸੰਗ ਸੁ ਨਾਲ॥
ਤਹਾ ਦੇਖ ਸਭ ਭਏ ਖੜੇ॥ਮੁਹਰਾ ਰੁਪਏ ਪੜੇ॥੬॥

॥ਦੋਹਰਾ॥

ਬਹੁਤੀ ਮਾਇਆ ਦੇਖ ਕਰ ਸਭ ਜਨ ਭਏ ਅਧੀਰ॥
ਬੰਧ ਬੰਧ ਪੋਟਾ ਲੇ ਚਲੇ ਰਹੀ ਨ ਕਾਹੂ ਧੀਰ॥੭॥

॥ਦੋਹਰਾ॥

ਸਿਲਾ ਅਲੂਣੀ ਗੁਰ ਬਚਨ ਗੁਰਮੁਖ ਚਾਟੇ ਕੋਇ॥
ਗੁਰ ਬਚਨ ਸਿੰਧ ਟੁਬਕੀ ਲਏ ਰਤਨ ਮੁਕਤ ਲਏ ਸੋਇ॥੮॥

॥ਚੌਪਈ॥

ਚਲੇ ਆਗੇ ਬਾਬਾ ਲਹਨਾ ਜੀ ਸੰਗ॥ਬਾਲਾ ਬੁਢਾ ਸਾਧਾਰਨ ਰੰਗ॥
ਦੇਖਾ ਮੈਦਾਨ ਚਿਖਾ ਤਹ ਬਨੀ॥ਮਿਰਤਕ ਦੇਖਾ ਲਕਰੀ ਚਿਨੀ॥੯॥
ਭਇਆਨਕ ਚਰਿਤ੍ਰ ਦੇਖ ਸਕੁਚਾਨੇ॥ਈਹਾ ਚਿਖਾ ਬਨਾਏ ਮਿਰਤਕ ਕਿਨ ਆਨੇ॥
ਬਾਬਾ ਜੀ ਤਹ ਆਇ ਭਏ ਠਾਢੇ॥ਦੇਖ ਭਇਆਨਕ ਸਭ ਮਨ ਭੌ ਬਾਢੇ॥੧੦॥
158/ੳ ਤਹਾ ਦਿਆਲ ਬਚਨ ਮੁਖ ਭਾਖਾ॥ਸਾਧਾਰਨ/ਬਾਲੇ ਕੋ ਆਖਾ॥
ਏਹੁ ਜੋ ਮਿਰਤਕ ਚਿਖਾ ਮੋ ਆਹਿ॥ਤੁਮ ਸਭ ਇਸ ਕੋ ਲੀਜੈ ਖਾਇ॥੧੧॥
ਸੁਨ ਕਰ ਬਚਨ ਸਕਲ ਸੁਕਚਾਨੇ॥ਤਬ ਭਾਈ ਬੁਢੇ ਯਹ ਬਿਨੇ ਬਖਾਨੇ॥
ਹੇ ਪ੍ਰਭ ਮਿਰਤਕ ਕੈਸੇ ਕੋਈ ਖਾਵੈ॥ਮਿਰਤਕ ਕੋ ਦੇਖੇ ਭੈ ਮਨ ਆਵੈ॥੧੨॥

॥ਸੋਰਠਾ॥

ਮਾਨੁਖ ਮਾਨੁਖ ਨਹੀ ਖਾਇ ਇਹੁ ਕਾਮ ਅਤ ਕਠਨ ਹੈ॥
ਨਹੀ ਸੁਨਿਆ ਜਗ ਆਇ ਮਾਨੁਖ ਮਾਸ ਮਾਨੁਖ ਭਖੇ॥੧੩॥

॥ਚੌਪਈ॥

ਸਤਿਗੁਰ ਦਇਆਲ ਬਚਨ ਇਮ ਕਹਾ॥ਇਹੀ ਕਾਮ ਮੁਹਿ ਕਰਨਾ ਰਹਾ॥
ਇਸੀ ਕਾਰਜ ਕੋ ਮੈ ਈਹਾ ਆਇਆ॥ਅਰੁ ਸਭ ਸੰਗੀ ਮੈ ਸੰਗ ਲੇ ਆਇਆ॥੧੪॥
ਜੋ ਸਭ ਅਧਿਕਾਰੀ ਧਨ ਕੋ ਆਏ॥ਲੇ ਸਿਰ ਪੋਟ ਸਭ ਘਰ ਕੋ ਧਾਏ॥

ਜੋ ਮੇਰਾ ਪ੍ਰੇਮੀ ਸੋ ਮੋ ਸੰਗ ਰਹਾ॥ ਮੈ ਮਨ ਬਿਚਾਰ ਤੁਮ ਕੋ ਤਬ ਕਹਾ॥੧੫॥
ਯਹੀ ਕਾਂਮ ਕਰਨਾ ਮੈ ਭਾਈ॥ ਮਨ ਬਚਨ ਮਾਨ ਇਸ ਲੇਵੋ ਖਾਈ॥
ਜੋ ਇਸ ਖਾਇ ਸੋਈ ਸਿਖ ਹਮਾਰਾ॥ ਇਸੀ ਕਾਂਮ ਕੋ ਮੈ ਪ੍ਰਣ ਧਾਰਾ॥੧੬॥

॥ ਦੋਹਰਾ॥

ਸੰਤ ਕੀ ਮਾਇਆ ਅਤ ਬਡੀ[1] ਬਸ ਕਰੇ ਮਨੋਹਰ ਰਾਮੁ॥
ਮਾਨੁਖ ਕੀ ਕਹੁ ਕਿਆ ਸਕਤ ਨਹੀ ਦੇਵ ਅਸੁਰ ਕੋ ਕਾਮੁ॥੧੭॥

॥ ਚੌਪਈ॥

ਸਭ ਸੁਨ ਯਹ ਕਾਮ ਸਿਥਲ ਮਤ ਭਏ॥ ਲੇ ਓਟ ਜੰਗਲ ਮੋ ਠਾਢੇ ਭਏ॥
ਭਏ ਠਾਂਢੇ ਬਾਬਾ ਜੀ ਢਿਗ ਦੇਖੇ॥ ਇਹੁ ਕਾਰਜ ਕਿਮ ਹੋਇ ਬਸੇਖੇ॥੧੮॥
ਤਬ ਲਹਨਾ ਜੀ ਕੋ ਕਹਾ ਦਇਆਲ॥ ਮਮ ਬਚਨ ਸਤ ਕੀਜੇ ਤਤਕਾਲ॥
ਇਸ ਮਿਰਤਕ ਕੋ ਭੋਛਨ ਕਰੋ॥ ਕਛੁ ਮਨ ਮੋ ਸੰਕਾ ਮਤ ਧਰੋ॥੧੯॥
ਸੁਨ ਬਚਨ ਮਗਨ ਲਹਨਾ ਜੀ ਭਏ॥ ਜਾਇ ਚਿਖਾ ਪਰ ਠਾਢੇ ਭਏ॥
158/ਅ ਲਕੜੀ ਫੇਕ ਦੂਰ ਸਭ ਡਾਰੀ॥ ਕਰ ਜੋੜ/ਸਤਗੁਰ ਸੋ ਬਿਨਤੀ ਧਾਰੀ॥੨੦॥
ਜਹਾ ਸੋ ਕਹੀਏ ਤਾਂ ਸਿਉ ਖਾਉ॥ ਸਤਗੁਰ ਬਚਨ ਬਲਿਹਾਰੇ ਜਾਉ॥
ਆਗਿਆਕਾਰੀ ਸੀਸ ਸੌ ਖਾਊ॥ ਸੀਘਰ ਖਾਉ ਦੇਰ ਮਤ ਲਾਉ॥੨੧॥

॥ ਦੋਹਰਾ[2]॥

ਮਿਰਤਕ ਮੁਖ ਖਫਨ ਉਤਾਰ ਲਹਿਨਾ ਜੀ ਦੇਖਾ ਚਲਿਤ॥
ਥੇ ਬਾਬਾ ਜੀ ਸੁਖਸਾਰ ਉਠ ਬੈਠੇ ਬਿਗਸਤ ਭਏ॥੨੨॥

॥ ਚੌਪਈ॥

ਚਿਖਾ ਮਿਰਤਕ ਤਹਾ[3] ਭਏ ਅਲੋਪ॥ ਸੰਤ ਚਰਿਤ੍ਰ ਬੂਝੇ ਕੋ ਗੋਪ॥
ਕਰ ਜੋੜ ਸਨਮੁਖ ਲਹਨਾ ਜੀ ਖਲੇ॥ ਲਿਲੀ[4] ਮੂਰਤ ਪ੍ਰੇਮ ਭੀਤ ਪਰ ਭਲੇ॥੨੩॥
ਦੇਖ ਦਿਅਲ ਬਰ ਬਚਨ ਬਖਾਨਾ॥ ਧਨੁ ਧਨੁ ਪੁਰਖਾ ਪਰਮ ਸੁਜਾਨਾ॥
ਤੈ ਅਭੇਦ ਮਤ ਤੋ[5] ਕੋ ਬੂਝਾ॥ ਤੁਮ ਮੋਹਿ ਜਗੁ ਖੋਜਤ ਇਕ ਸੂਝਾ॥੨੪॥
ਮੋ ਖੋਜਿਆ ਸਭ ਜਗ ਇਸ ਹੀ ਕਾਰਨ॥ ਸੰਕਲਪ ਰਹੇ ਮਨ ਗੁਰ ਕੋ ਧਾਰਨ॥
ਅਰੁ ਗੋਰਖ ਨਾਥ ਜੀ ਮੋ ਸੋ ਕਹੀ॥ ਜਿਸ ਤੁਮ ਗੁਰ ਧਾਰੋ ਸੋ ਜਗ ਕੋ ਨਹੀ॥੨੫॥
ਤੁਮਰਾ ਗੁਰ ਤੁਮ ਅੰਗ ਤੇ ਹੋਇ॥ ਮਮ ਬਚਨ ਸਤ ਹੋਵੈਗਾ ਸੋਇ॥
ਕਰ ਪ੍ਰੇਮ ਪ੍ਰਤੀਤ ਮੋ ਕੋ ਤੁਮ ਜਾਨਾ॥ ਸਭ ਜਗ ਮੋ ਤੂੰ ਮੇਰੇ ਮਨ ਮਾਨਾ॥੨੬॥

॥ ਦੋਹਰਾ॥

ਤੁਮ ਸਮਾਨ ਜਗ ਕੋ ਨਹੀ ਪ੍ਰੇਮ ਪ੍ਰਤੀਤ ਦ੍ਰਿੜ੍ਹ ਭਗਤ॥
ਤੁਮ ਕਠਨ ਬਚਨ ਮਮ ਸਤ ਕਰਾ ਧਨ ਪੂਰਨ ਪੁਰਖ ਸਭ ਸਕਤ॥੨੭॥

॥ ਚੌਪਈ॥

ਸੁਨ ਬਚਨ ਲਹਨਾ ਇਕ ਟਿਕ [6]ਭਏ॥ ਮਨ ਚਿਤ ਪ੍ਰੇਮ ਸਿੰਧ ਬਹ ਗਏ॥
ਤਤ ਪਰਕਿਰਤ ਇੰਦਰੀ ਨਹੀ ਚਲੇ॥ ਭਈ ਲੀਨ ਸੁਰਤ ਸਰੀਰ ਸਿੰਧ ਢੁਲ ਮਿਲੇ॥੨੮॥
ਦੇਖ ਅਵਸਤਾ ਬਾਬਾ ਮਗਨਾਨੇ॥ ਅਛਲ ਅਛੇਦ ਅਭੇਦ ਪਛਾਨੇ॥
159/ੳ ਹੋਇ ਪਰਮ ਦਿਆਲ ਸਤਗੁਰ ਜੀ ਬੋਲੇ॥ ਅੰਮ੍ਰਿਤ ਬਚ/ਨ ਭਗਤ ਝਕ ਝੋਲੇ॥੨੯॥
ਉਠੇ[7] ਦਿਆਲ ਲੀਏ ਅੰਕ ਲਗਾਇ॥ ਕਹੇ ਸੁੰਦਰ ਬਚਨ ਪ੍ਰੇਮ ਕੇ ਭਾਇ॥
ਅਬ ਤੂੰ ਮੇਰੇ ਅੰਗ ਤੇ ਭਇਆ॥ ਤੁਮ ਲਹਨਾ ਮੈ ਦੇਨਾ ਦਇਆ॥੩੦॥
ਅਬ ਗੁਰੂ ਅੰਗਤ ਜਗ ਨਾਮ ਤੁਮਾਰਾ॥ ਮੈ ਅਪਨਾ ਗੂਰ ਤੁਮ ਕੋ ਧਾਰਾ॥

---

[1] ਬਲੀ (ਅ)
[2] ਇੱਥੇ ਸਿਰਲੇਖ '॥ ਸੋਰਠਾ॥' ਹੈ (ਅ,ੲ,ਸ)
[3] ਤਬ (ਅ)
[4] ਲਿਖੀ (ਅ,ੲ,ਸ)
[5] ਮੋ (ਅ,ੲ,ਸ)
[6] ਟਕ (ਅ,ੲ,ਸ)
[7] ਪੁਨ ਉਠੇ (ਅ)

ਮੈ ਤੇਰਾ ਗੁਰੂ ਤੂੰ ਮੇਰਾ ਗੁਰੂ॥ ਭਏ ਏਕ ਮੇਕ ਨਿਕਟਿ ਨਹੀ ਦੂਰਿ॥੩੧॥

॥ਦੋਹਰਾ॥

ਪ੍ਰੇਮ ਪ੍ਰਤੀਤ ਕੀ ਰੀਤ ਯਹ ਭੇਦ ਅਭੇਦ ਮਿਟ ਜਾਇ॥
ਢੁਲ ਸਲਤਾ ਸਾਗਰ ਮਿਲੀ ਸਾਗਰ ਸਿੰਧ ਕਹਾਇ॥੩੨॥

॥ਚੌਪਈ॥

ਬਹੁ ਸੋਭਾ ਬਚਨ ਕਹੇ ਪ੍ਰਭ ਦਿਆਲ॥ ਗੁਰੂ ਅੰਗਤ ਜੀ ਲੀਨੇ ਨਾਲ॥
ਪੁਨ ਬਾਲਾ ਬੁਢਾ ਸਾਧਾਰਨ ਮਿਲੇ॥ ਭਏ ਅਤ ਪਰਸੰਨ ਨਿਜ ਗ੍ਰਹ ਕੋ ਚਲੇ॥੩੩॥
ਗੁਰੂ ਬਾਬਾ ਜੀ ਘਰ ਮੋ ਜਬ ਆਏ॥ ਸਭ ਅੰਗੀ ਸੰਗੀ ਲੀਏ ਬਲਾਏ॥
ਸਭ ਕੋ ਕਹਾ ਇਹੁ ਬਚਨ ਪੁਕਾਰਾ॥ ਮੈ ਗੁਰੂ ਅੰਗਤ ਜੀ ਗੁਰ ਧਾਰਾ॥੩੪॥
ਤੁਮ ਨਮਸਕਾਰ ਮਮ ਗੁਰ ਕੋ ਕਰੋ॥ ਕਰ ਮਨ ਪ੍ਰੀਤ ਚਰਨਨ ਸਿਰ ਧਰੋ॥
ਕਰ ਪ੍ਰੇਮ ਪ੍ਰੀਤ ਸਭਹਨ ਸਿਰ ਨਿਆਇਆ॥ ਬਡੇ ਭਾਗ ਜਿਨ ਦਰਸਨ ਪਾਇਆ॥੩੫॥
ਗੁਰੂ ਅੰਗਤ ਜੀ ਕੋ[1] ਬਾਬਾ ਜੀ ਕਹਾ॥ ਗ੍ਰਹ ਲੋਕ ਬੁਲਾਇ ਬਸੋ ਸਭ ਈਹਾ॥
ਖਡੂਰ ਬਸੇ ਤੁਮਰੇ ਸਸੁਰਾਰ॥ ਤਹਾ ਬਸੋ ਨਿਕਟਿ ਹੋਵੈ ਸੁਖਸਾਰ॥੩੬॥

॥ਦੋਹਰਾ॥

ਜਬ ਗੁਰੂ ਸਿਖ ਕੀ ਸਿੰਧ ਮੋ ਝਲਤ ਪ੍ਰੇਮ ਬਿਆਰ॥
ਮਾਨੁਖ ਦੇਹ ਭਵ ਨਾਉ ਹੈ ਲਗਤ ਬਿਆਰ ਹੋਇ ਪਾਰ॥੩੭॥
ਸੇਵਕ ਸੁਆਮੀ ਏਕ ਮੇਕ ਭੇਦ ਭਾਵ ਨਹੀ ਕੋਇ॥
ਜਾ ਕੋ ਪ੍ਰੇਮ ਪ੍ਰਕਾਸ ਹੋਇ ਇਹ ਬਿਧ ਬੂਝੈ ਸੋਇ॥੩੮॥

॥ਦੋਹਰਾ॥[2]

159/ਅ ਇਹੁ ਲੀਲਾ ਸਤਗੁਰ/ਦਿਆਲ ਕੀ ਪੜੇ ਸਿਖ ਸੁਖਸਾਰ॥
ਕਰ ਭਾਉ ਭਗਤ ਹਿਰਦੇ ਧਰੋ ਭਵ ਸਾਗਰ ਉਤਰੇ ਪਾਰ॥੩੯॥

॥ਸਾਖੀ ਪੂਰਨ ਹੋਈ॥[3]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥੫੯॥

---

[1] ਸੋ (ਅ)
[2] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ਸ)
[3] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਨਹੀਂ ਹੈ (ੲ)

[ਸਾਖੀ ਸ੍ਰੀ ਗੁਰੂ ਬਾਬਾ ਜੀ ਦੁਆਰਾ ਗੁਰੂ ਅੰਗਤ ਜੀ ਨੂੰ ਖਡੂਰ ਭੇਜਣਾ]

॥ਦੋਹਰਾ॥

ਗੁਰੂ ਬਾਬਾ ਜੀ ਆਗਿਆ ਕਰੀ ਪੁਰਖਾ ਖਡੂਰ ਤੁਮ ਜਾਇ॥
ਗ੍ਰਹ ਲੋਕ ਬੁਲਾਵੇ ਤਹਾ ਰਹੋ ਮਮ ਸਮੀਪ ਸੁਖ ਭਾਇ॥੧॥
ਮਾਈ ਭਿਰਾਈ ਘਰ ਜਾਉ ਤੁਮ ਤਹਾ ਰਹੇ ਸਿੰਘਾਸਨ ਮੋਰ॥
ਜਾਇ ਬਿਰਾਜੋ ਤਹਾ ਪਰ ਭਈ ਜਗਤ ਗੁਰਾਈ ਤੋਰ॥੨॥
ਮੈ ਭਗਤ ਅਭੇਦ ਤਾ ਕੋ ਦਈ ਤੁਮ ਜਾਨਤ ਹੋ ਮਮ ਰੂਪ॥
ਮਮ ਭਗਤ ਭਾਉ ਤਾ ਕੇ ਰਿਦੇ ਪਰਫੁਲਤ ਸਦਾ ਅਨੂਪ॥੩॥

॥ਚੌਪਈ॥

ਲੇ ਆਗਿਆ ਪ੍ਰਭ ਚਲੇ ਦਿਆਲ॥ਭਗਤ ਸਕਤ ਨਾਮ ਧਨ ਨਾਲ॥
ਮਾਈ ਗ੍ਰਹ ਜਾਇ ਭਏ ਜਬ ਪ੍ਰਾਪਤ॥ਵੈ ਨਿਸ ਦਿਨ ਸੰਤ ਰੂਪ ਮਨ ਜਾਤ[1]॥੪॥
ਦੇਖ ਦਰਸ ਚਰਨਨ ਪਰ ਪਰੀ॥ਭਈ ਅਨੰਦ ਮਗਨ ਤਿਹ ਘਰੀ॥
ਜਾਨਾ ਨੀਉ ਭਗਤ ਗੁਰ ਰਾਖੀ॥ਅਬ ਹੋਇ ਪ੍ਰਕਾਸ ਨਾਮ ਜਗ ਸਾਖੀ॥੫॥
ਸਿੰਘਾਸਨ ਬਾਬੇ ਕਾ ਲਿਆਈ॥ਗੁਰੂ ਅੰਗਤ ਜੀ ਕੋ ਤਾ ਪਰ ਬੈਠਾਈ॥
ਕਰ ਪਰਦਖਨਾ ਪੂਜਨ ਕੀਨਾ॥ਗੁਰੂ ਅੰਗਤ ਬਾਬਾ ਜੀ ਤਿਨ ਚੀਨਾ॥੬॥
160/ੳ /ਨਿਸ ਦਿਨ ਸੇਵਾ ਗੁਰ ਕੀ ਕਰੇ॥ਨਾਨਕ ਅੰਗਤ ਭੇਦ ਨ ਧਰੇ॥
ਮਾਤਾ ਖੀਵੀ ਖਡੂਰ ਮੋ ਆਈ॥ਪਿਤਾ ਗ੍ਰਹ ਮੋ ਸੁਖ ਬਾਸ ਕਰਾਈ॥੭॥

॥ਦੋਹਰਾ॥

ਪਿਤਾ ਗ੍ਰਹ ਮੋ ਬਾਸਾ ਕੀਆ ਕਰੇ ਸੇਵਾ ਪਤ[2] ਚਿਤ ਲਾਇ॥
ਖਾਨ ਪਾਨ ਅਤ ਪ੍ਰੀਤ ਜੁਤ ਸਤਗੁਰ ਪਹਿ ਦੇਹਿ ਪਠਾਇ॥੮॥

॥ਚੌਪਈ॥

ਮਾਤਾ ਖੀਵੀ ਪਤ ਬ੍ਰਤ ਪ੍ਰਧਾਨ॥ਤਾ ਸਮਾਨ ਨਹੀ ਜਗ ਕੋਊ ਆਨ॥
ਜਾ ਕੀ ਭਗਤ ਸਤਗੁਰ ਮਨ ਮਾਨੀ[3]॥੯॥
ਇਛਿਆ ਭੋਜਨ ਨਿਤਪ੍ਰਤ ਪਹੁਚਾਵੈ॥ਆਗਿਆ ਹੋਇ ਤਬ ਦਰਸਨ ਆਵੈ॥
ਹਿਰਦੇ ਧਿਆਨ ਦਰਸ ਪ੍ਰਭ ਦੇਖੇ॥ਆਨ ਸੰਕਲਪ ਨ ਮਨ ਮੋ ਲੇਖੇ॥੧੦॥
ਜਬ ਸਤਗੁਰ ਖਡੂਰ ਕੋ ਆਏ॥ਤਬ ਬਾਬਾ ਜੀ ਇਹ ਬਚਨ ਸੁਣਾਏ॥
ਹੇ ਪੁਰਖਾ ਜੀ ਖਡੂਰ ਤੁਮ ਰਹੋ॥ਨਿਕਟ ਦੂਰ ਭੇਦ ਮਤ ਗਹੋ॥੧੧॥
ਈਹਾ ਬਹੁੜ ਕਬਹੂ ਮਤ ਆਵੋ॥ਆਵਨ ਜਾਵਨ ਕਾ ਭੇਦੁ ਚੁਕਾਵੋ॥
ਪਰਵਿਰਤ ਮਿਲਨ ਜਬ ਸਰਧਾ ਹੋਇ॥ਮੈ ਊਹਾ ਆਇ ਮਿਲੌ ਤਬ ਤੋਹ॥੧੨॥

॥ਦੋਹਰਾ॥

ਪ੍ਰੀਤਮ ਪ੍ਰੇਮੀ ਸਿੰਧ ਸਮ ਚਲਤ ਬਿਆਰ ਜਬ ਪ੍ਰੇਮ॥
ਹੋਇ ਲਹਰ ਤਰੰਗ ਪੁਨ ਜਲ ਮਿਲੇ ਹੋਇ ਸਦਾ ਸਦ ਨੇਮ॥੧੩॥

॥ਚੌਪਈ॥

ਕੇਤਕ ਕਾਲ ਜਬ ਭਇਆ ਬਿਤੀਤ॥ਦੂਰੂ ਠੌਰ ਉਕਲਾਨੇ ਚੀਤ॥
ਗੁਰੂ ਬਾਬਾ ਜੀ ਖਡੂਰ ਚਲ ਆਏ॥ਗੁਰ ਅੰਗਤ ਆਗੇ ਲੇਨੇ ਆਏ[4]॥੧੪॥
ਗੁਰੂ ਅੰਗਤ ਦਰਸਨ ਦੇਖ ਸੁਖ ਮਾਨੇ॥ਜਿਮ ਰਵਿ ਉਦੇ ਕਮਲ ਬਿਗਸਾਨੇ॥
ਅੰਕਮਾਲ ਕੀਨਾ ਗੁਰ ਦਇਆਲ॥ਜਿਮ ਚੰਦ ਕੁਮਦਨੀ ਨਿਰਖ ਨਿਹਾਲ॥੧੫॥
160/ਅ ਬਾਹਰ ਖਡੂਰ ਪ੍ਰਭ ਭਏ/ਅਸੀਨ॥ਗ੍ਰਹ ਲੋਕ ਆਵਨ ਕਾ ਪੂਛਨ ਕੀਨ॥
ਸੁਨ ਮਾਤਾ ਖੀਵੀ ਦਰਸਨ ਆਈ॥ਪਰਮ ਪਦਾਰਥ ਗੁਰ ਦਰਸਨ ਪਾਈ॥੧੬॥
ਕ੍ਰਿਪਾਵੰਤ ਬਾਬਾ ਜੀ ਭਏ॥ਹੇ ਪੁਰਖਾ ਕਹੁ ਸੰਤਤ ਕਿਆ ਅਹੇ॥
ਗੁਰ ਅੰਗਤ ਜੀ ਤਬ ਬਿਨੇ ਬਖਾਨੇ॥ਨਹੀ ਸੰਤਤ ਜਗ ਹਮਰੇ ਮਨ ਮਾਨੇ॥੧੭॥

---

[1] ਜਾਪਤ (ਅ,ੲ,ਸ)
[2] ਪ੍ਰੀਤ (ਅ)
[3] ਜਾ ਕੀ ਭਗਤ ਸਤਗੁਰ ਮਨ ਮਾਨੀ॥ਪਤ ਕੋ ਪਾਰਬ੍ਰਹਮ ਮਨ ਜਾਨੀ॥ (ੲ)
[4] ਲੇਨ ਸਿਧਾਏ (ਅ,ੲ)

॥ ਦੋਹਰਾ ॥
ਤਬ ਬਾਬਾ ਜੀ ਐਸੇ ਕਹਾ ਹੇ ਪੁਰਖਾ ਪਰਮ ਸੁਜਾਨ ॥
ਦੋਇ ਸਤ ਸੰਤਤ ਹੈ ਮੇਰੇ ਤੁਮਰੇ ਦੋਇ ਹੋਇ ਹੋ ਪ੍ਰਮਾਨ ॥੧੮॥
॥ ਚੌਪਈ ॥
ਗੁਰੂ ਅੰਗਤ ਜੀ ਐਸੀ ਬਿਧ ਕਹਾ ॥ ਦਾਸ ਦਾਤ[1] ਦੁਇ ਸੁਤ ਮਮ ਰਹਾ ॥
ਘੋੜੀ ਚੜੇ ਜੁਵਾ ਜਬ ਭਏ ॥ ਚੜ ਕਟਕ ਸੰਗ ਧਾੜੇ ਕੋ ਗਏ ॥੧੯॥
ਗਏ ਗਏ ਫਿਰ ਬਹੁੜਿ ਨ ਆਏ ॥ ਲੜ ਮੂਏ ਸਭਨ ਕੀ ਖਬਰ ਨ ਪਾਏ ॥
ਸੰਤਤ ਸੋ ਮਨ ਸਦਾ ਬਿਰਕਤ ॥ ਤੁਮ ਸਭ ਜਾਨਤ ਹੋ ਪੂਰਨ ਸਕਤ ॥੨੦॥
ਸੁਨ ਕਥਾ ਦਿਆਲ ਬਰ ਬਚਨ ਬਖਾਨਾ ॥ ਦੁਇ ਸੁਤ ਮਮ ਦੁਇ ਤੋਹ ਪ੍ਰਮਾਨਾ ॥
ਤੁਮ ਤੇ ਗੁਰੂ ਜਗਤ ਕੇ ਭਏ ॥ ਤੁਮ ਸੋ ਬਡਾ ਜਗਤ ਕੋ ਅਹੇ ॥੨੧॥
ਗੁਰੂ ਅੰਗਤ ਜੀ ਕਰੀ ਅਰਦਾਸ ॥ ਪ੍ਰਭ ਭਏ ਦਿਆਲ ਇਮ ਕਰਿਓ ਸੁਪਾਸ ॥
ਤਬ ਵਹੀ ਦਾਸ ਦਾਤਾ[2] ਫਿਰ ਆਵੈ ॥ ਵਹੀ ਸਤ ਜੋ ਸਤਗੁਰ ਭਾਵੈ ॥੨੨॥
॥ ਦੋਹਰਾ ॥
॥ ਬਾਬਾ ਜੀ ਬਾਚ ॥
ਵਹੀ ਦਾਸ ਦਾਤਾ ਅਬ ਆਵਹੀ ਵਹੀ ਕਾਰਨ ਫਿਰ ਹੋਇ ॥
ਤੁਮ ਜੋ ਕਹਾ ਸੋ ਮੈ ਕਰੌ ਫਿਰ ਮੇਟ ਨ ਸਾਕੇ ਕੋਇ ॥੨੩॥
॥ ਚੌਪਈ ॥
ਵਹੀ ਦਾਸ ਦਾਤਾ ਫਿਰ ਆਵੈ ॥ ਵਹੀ ਸਤ ਜੋ ਤੁਮ ਕੋ ਭਾਵੈ ॥
ਕਰ ਬਚਨ ਬਿਲਾਸ ਪ੍ਰਭ ਭਏ ਪ੍ਰਸੰਨ ॥ ਧਨੁ ਧਨੁ ਪੁਰਖਾ ਤੂੰ ਧਨ ਧੰਨ[3] ॥੨੪॥
ਤੁਮ ਸਮਾਨ ਮੋਹਿ ਕਛੂ ਨ ਪਿਆਰਾ ॥ ਤੁਮ ਕੋ ਸਦਾ ਮੇਰਾ ਆਧਾਰਾ ॥
161/ੳ ਤੁਮ ਅਭੇਦ ਮੋ ਕੋ ਪਹਿਚਾਨਾ ॥ ਜਗ/ਤਾਰਨ ਕਾਰਨ ਮੈ ਤੁਮ ਕੋ ਜਾਨਾ ॥੨੫॥
ਪੁਨ ਬਾਬਾ ਜੀ ਕਰਤਾਰਪੁਰ ਚਲੇ ॥ ਸਨਮੁਖ ਸ੍ਰੀ ਗੁਰੂ ਅੰਗਤ ਜੀ ਖਲੇ ॥
ਏਕ ਜੋਤ ਦੁਇ ਮੂਰਤ ਭਾਸੇ ॥ ਪਰਮ ਅਨੰਦ ਸੁਖ ਮਹਾ ਬਿਲਾਸੇ ॥੨੬॥
ਜਿਸ ਸਨਮੁਖ ਚੰਦ੍ਰ ਚੰਦ੍ਰਮਨ ਦ੍ਰਵੈ ॥ ਹੋਇ ਏਕ ਮੇਕ ਅੰਮ੍ਰਿਤ ਤਿਹ ਸ੍ਰਵੈ ॥
ਜਿਸ ਜਲ ਕਮਲ ਨਿਆਰਾ ਭਾਸੇ ॥ ਅੰਤਰਗਤ ਜਲ ਜਲ ਮੋ ਆਸਾਸੇ ॥੨੭॥
॥ ਦੋਹਰਾ ॥
ਜਬ ਪ੍ਰੇਮੀ ਪ੍ਰੀਤਮ ਮਿਲੇ ਮਹਾ ਅਨੰਦ ਪ੍ਰਕਾਸ ॥
ਆਤਮ ਪ੍ਰਮਾਤਮ ਮਿਲੇ ਸਦ ਬਿਗਿਆਨ ਬਿਲਾਸ ॥੨੮॥
॥ ਦੋਹਰਾ ॥
ਜਬ ਜੁਗਲ ਰੂਪ ਦਰਸਨਿ ਕਰਿਓ ਕਬ ਮਨ ਭਇਓ ਹੁਲਾਸ ॥
ਉਮਗ ਹੀਓ ਗੁਰ ਗੁਨ ਅਕਥ ਅਸਤੋਤਰ ਭਇਆ ਪ੍ਰਕਾਸ ॥੨੯॥
॥ ਅਸਤੋਤਰ ॥[4]
॥ ਰੇਖਤਾ ॥
ਦਿਲਬਰ ਗੁਰੂ ਹਮਾਰਾ ॥ ਜਲ ਜਲ ਕਮਲ ਨਿਆਰਾ ॥
ਜਿਨ ਦਰਸੁ ਪਰਸੁ ਕੀਨਾ ॥ ਹਿਰਦੇ ਪ੍ਰਕਾਸ ਚੀਨਾ ॥੩੦॥
ਮਹਬੂਬ ਕੀ ਕਹਾਨੀ ॥ ਆਸਕ ਹੀਏ ਸਮਾਨੀ ॥
ਤਬ ਸੁਰਤ ਸਬਦ ਪਾਗੀ ॥ ਅਨਹਦ ਸਮਾਧ ਲਾਗੀ ॥੩੧॥
ਝੁਨਕਾਰ ਸਬਦੁ ਅਨਹਦ ॥ ਮਨ ਸੁਨਤ ਹੋਤ ਗਦ ਗਦ ॥
ਭਇਆ ਸਬਦ ਸੋ ਉਜਾਰਾ ॥ ਨਾਜਰ ਨਜਰ ਨਿਜਾਰਾ ॥੩੨॥
ਨਾਨਕ ਗੁਰੂ ਦਿਆਲਾ ॥ ਨਿਜ ਰੂਪ ਗੁਰ ਗੋਪਾਲਾ ॥
ਜੋ ਚਰਨ ਸਰਨ ਆਇਆ ॥ ਦਰਸਨ ਹੀਏ ਦਿਖਾਇਆ ॥੩੩॥
॥ ਸਾਖੀ ਪੂਰਨ ਹੋਈ ॥[5]
ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥੬੦॥

---
[1] ਦਾਸੂ ਦਾਤੂ (ਅ,ੲ)
[2] ਉਹੀ
[3] ਇੱਥੇ ਸ਼ਬਦ 'ਧੰਨ' ਨਹੀਂ ਹੈ (ਅ)
[4] ਇੱਥੇ ਸਿਰਲੇਖ '॥ ਅਥ ਅਸਤੋਤਰ ॥' ਹੈ (ਸ)
[5] ਇੱਥੇ '॥ ਸਾਖੀ ਪੂਰਨ ਹੋਈ ॥' ਵਾਲੀ ਪੰਕਤੀ ਨਹੀਂ ਹੈ (ੲ)

॥੧ੴ ਸਤਿਗੁਰ ਪ੍ਰਸਾਦਿ॥

161/ਅ **[ਸਾਖੀ/ਸ੍ਰੀ ਗੁਰੂ ਬਾਬੇ ਜੀ ਦਾ ਪਰਮ ਚਲਿਤ]**

॥ਸੋਰਠਾ॥

ਗੁਰੂ ਬਾਬਾ ਦੀਨ ਦਇਆਲ ਧਾਨਕ ਰੂਪ ਕੋ ਬੇਖ ਧਰ॥
ਕੀਨਾ ਚਲਤ[1] ਬਿਸਾਲ ਪ੍ਰੇਮ ਪਰੀਖਿਆ ਸਭ ਕਰੀ॥੧॥

॥ਚੌਪਈ॥

ਸਰ ਪਰ ਵਾਣ ਸਿਰ ਲੀਆ ਬੰਧਾਇ॥ਜਿਮ ਮਹੇਸ ਸਿਰ ਜਟਾ ਸੁਹਾਇ॥
ਖਟੀ ਛਾਛ ਤਾ ਪਰ ਛਿਟਕਾਇ॥ਮਖੀ ਅਨੇਕ ਤਾ ਪਰਿ ਜੁਰਿ ਆਇ॥੨॥
ਸੋ ਸੋਭਾ ਕਿਆ ਕਹੋ ਬਿਚਾਰ॥ਜਿਮ ਪੁਹਪ ਪਾਟ ਕਾ ਭਵਰ ਗੁੰਜਾਰ॥
ਜੀਰਨ ਲੀਰ ਬਸਤ੍ਰ ਤਨ ਕੀਨਾ॥ਮੁੰਞ ਕੀ ਤੰਗੜੀ ਤਾ ਪਰ ਦੀਨਾ॥੩॥
ਤਿਸ ਛਬ ਕੀ ਕਿਆ ਸੋਭਾ ਛਾਜੈ॥ਦੇਖਤ ਦਲਿਦ੍ਰ ਲਜਤ ਹੋਇ ਭਾਜੈ॥
ਇਕ ਨਗਨ ਛੁਰੀ ਕਟ ਮੋ ਲਟਕਾਇ॥ਜਿਮ ਸਿਵ ਅਗ੍ਰ ਤ੍ਰਿਸੂਲ ਸੁਹਾਇ॥੪॥
ਨਗਰ[2] ਚਰਨ ਉਰ ਅਸਤ ਕੀ ਮਾਲਾ॥ਜਿਮ ਰੁੰਡ ਮਾਲ ਸਿਵ ਗਲੇ ਬਿਸਾਲਾ॥
ਸੂਕਰ ਸੁਆਨ ਲੀਏ ਪ੍ਰਭ ਸੰਗ॥ਅਦਭੁਤ ਭੇਖ ਜੁਗਤ ਆਭੰਗ॥੫॥

॥ਦੋਹਰਾ॥

ਐਸਾ ਧਾਨਕ ਰੂਪ ਧਰ ਗ੍ਰਿਹ ਗ੍ਰਿਹ ਫਿਰੇ ਦਿਆਲ॥
ਸਭ ਦੇਖ ਰੂਪ ਸੰਕਾ ਕਰੇ ਮਨ ਬੁਧ ਹੋਇ ਬਿਹਾਲ॥੬॥

॥ਚੌਪਈ॥

ਜਿਸ ਜਿਸ ਕੇ ਗ੍ਰਿਹ ਮੋ ਪ੍ਰਭ ਗਏ॥ਰੂਪ ਦੇਖ ਸੰਕਤ ਸਭ ਭਏ॥
ਪ੍ਰੇਮ ਪ੍ਰਤੀਤ ਕਾਹੂ ਨਹੀ ਕਰੀ॥ਐਸੀ ਪਰੀਖਿਆ ਸਤਗੁਰ ਧਰੀ॥੭॥
ਆਏ ਗੁਰੂ ਅੰਗਤ ਪਾਸ ਖਡੂਰ॥ਤਹਾ ਪ੍ਰੇਮ ਪਰਤੀਤ ਸਦਾ ਭਰਪੂਰ॥
ਗੁਰੂ ਅੰਗਤ ਜੀ ਦਰਸਨ ਪ੍ਰਭ ਕੀਨਾ॥ਵੈ ਰੂਪ ਅਨੂਪ ਹਿਰਦੇ ਧਰ ਲੀਨਾ॥੮॥
162/ੳ ਬਿਧਵਤ ਚਰਨ/ਬੰਦਨਾ ਕਰੀ॥ਪੁਨ ਹਾਥ ਜੋੜ ਮੁਖ ਬਿਨੇ ਉਚਰੀ॥
ਇਹੁ ਧਾਨਕ ਰੂਪ ਬੇਖ ਜੋ ਧਰਾ॥ਪ੍ਰੀਤ ਪਰੀਖਿਆ ਸਭ ਕੀ ਕਰਾ॥੯॥
ਐਸੋ ਕਵਨ ਜਗਤ ਦ੍ਰਿੜ ਹੋਇ॥ਤੁਮਰੀ ਲੀਲਾ ਲਖੇ ਜੁ ਕੋਇ॥
ਬਡੇ ਭਾਗ ਇਹ ਦਰਸਨ ਪਾਇਆ॥ਯਹੀ ਰੂਪ ਮਨ ਮਾਹਿ ਸਮਾਇਆ॥੧੦॥

॥ਦੋਹਰਾ॥

ਤਬ ਬਾਬੇ ਜੀ ਹੋਇ ਮੁਦਤ ਮਨ ਕੀਨੀ ਭਗਤ ਉਚਾਰ॥
ਨਿਮ੍ਰਭੂਤ ਬਾਨੀ ਕਰੀ ਕੋ ਬੂਝੇ ਚਲਤ ਅਪਾਰ॥੧੧॥

॥ਤਬ ਇਹ ਸਬਦ ਮੁਖਾਰਬਿੰਦ ਸੋ ਉਚਾਰ ਕੀਆ॥

॥ਰਾਗੁ ਸਿਰੀ ਰਾਗੁ ਮਹਲਾ ੧॥[3]

ਏਕ ਸੁਆਨ ਦੁਇ ਸੁਆਨੀ ਨਾਲ॥ਭਲਕੇ ਭੌਕੇ ਸਦਾ ਬਿਆਲ॥
ਕੂੜ ਛੁਰਾ ਮੁਠਾ ਮੁਰਦਾਰ॥ਧਾਨਕ ਰੂਪ ਰਹਾ ਕਰਤਾਰ॥੧॥
ਮੈ ਪਤਿ ਕੀ ਪੰਦ ਨ ਕਰਣੀ[4] ਕਾਰ॥ਹਉ ਬਿਗੜ ਰੂਪ ਰਹਾ ਬਿਕਰਾਲ॥
ਤੇਰਾ ਏਕ ਨਾਮੁ ਤਾਰੇ ਸੰਸਾਰ॥ਮੈ ਏਹਾ ਆਸ ਏਹਾ ਆਧਾਰ॥੧॥ਰਹਾਉ॥
ਮੁਖਿ ਨਿੰਦਿਆ[5] ਆਖਾਂ ਦਿਨ ਰਾਤ॥ਪਰ ਘਰ ਜੋਹੀ ਨੀਚ ਸਨਾਤ॥
ਕਾਮ ਕ੍ਰੋਧ ਤਨ ਵਸੇ ਚੰਡਾਲ॥ਧਾਨਕ ਰੂਪ ਰਹਾ ਕਰਤਾਰ॥੨॥
ਫਾਹੀ ਸੁਰਤਿ ਮਲੂਕੀ ਵੇਸ॥ਹਉ ਠਗਵਾੜਾ ਠਗੀ ਦੇਸ॥
ਖਰਾ ਸਿਆਨਾ ਬਹੁਤਾ ਭਾਰ॥ਧਾਨਕ ਰੂਪ ਰਹਾ ਕਰਤਾਰ॥੩॥

---

[1] ਚਲਿਤ੍ਰ (ਅ)
[2] ਨਗਨ (ਅ,ੲ,ਸ)
[3] ਸਬਦ (ਅ)
[4] ਕਰਣੀ ਕੀ ਕਾਰ (ਅ,ੲ,ਸ)
[5] ਨਿੰਦਾ (ਅ,ੲ,ਸ)

ਮੈ ਕੀਤਾ ਨ ਜਾਤਾ ਹਰਾਮਖੋਰ॥ ਹਉ ਕਿਆ ਮੁਹ ਦੇਸਾ ਦੁਸਟ ਚੋਰ॥
ਧਾਨਕ ਰੂਪ ਰਹਾ ਕਰਤਾਰ[1]॥੪॥

ਜਬ ਇਹ ਸਬਦ ਮੁਖਾਰਬਿੰਦ ਸੋ ਗੁਰੂ ਅੰਗਤ ਜੀ ਸੁਨਾ॥ ਤਬ ਨਿਮ੍ਰਭੂਤ ਹੋਇ ਕਰ ਇਹ ਬਿਨਤੀ ਕੀਆ ਹੇ ਦਿਆਲ ਹਮ ਸਾਹਬ ਕੇ ਚਰਨੋ ਸਾਥ ਹੀ ਰਹੇਗੇ॥ ਹਮ ਕੋ ਈਹਾ ਕੌਣ ਅਰਥ ਹੈ॥

162/ਅ **॥ ਚੌਪ/ਈ॥**

ਤਬ ਬਾਬਾ ਜੀ ਭਏ ਉਦਾਸ॥ ਗੁਰੂ ਅੰਗਤ ਜੀ ਕੀਓ ਸੁਪਾਸ॥
ਹੇ ਦਿਆਲ ਹਮ ਚਾਲੇ ਸਾਥ॥ ਸਭ ਬਿਧ ਤੁਮਰੀ ਤੁਮਰੇ ਹਾਥ[2]॥੧੨॥
ਤਬ ਦਿਆਲ ਐਸੇ ਮੁਖ ਕਹਿਓ॥ ਤੁਮ ਤੇ ਭਿੰਨ ਨ ਕਛੁ ਮਮ ਅਹਿਓ॥
ਤੁਮ ਸਦਾ ਬਸੋ ਮੇਰੇ ਉਰ ਮਾਹੀ॥ ਭੇਦ ਭਾਉ ਤੁਮਰੇ ਕਛੁ ਨਾਹੀ॥੧੩॥
ਅਬ ਮੈ ਜਾਉ ਈਹਾ ਤੁਮ ਰਹੋ॥ ਨਿਹਚਲ ਮਨ ਈਹਾ ਤੁਮ ਬਹੋ॥
ਇਹ ਬਿਧ ਕਹੇ ਬਾਬਾ ਜੀ ਗਏ॥ ਗੁਰੂ ਅੰਗਤ ਜੀ ਤਹਾ ਬੈਠੇ ਰਹੇ॥੧੪॥
ਹੋਇ ਦ੍ਰਿੜ ਮਨ ਆਸਨ ਤਿਹ ਕੀਤਾ॥ ਬਹੁਤ ਕਾਲ ਹੋਇ ਗਇਓ ਬਤੀਤਾ॥
ਘਾਸ ਫੂਸ ਗਿਰਦੇ ਜਮ ਗਇਓ॥ ਮੂੰਦ ਨੇਤ੍ਰ ਕਛੁ ਸੁਧ ਨਹੀ ਲਇਓ॥੧੫॥
ਸਭ ਸਰੀਰ ਦੀਯਕ ਫਿਰ ਗਇਓ॥ ਕੋਊ ਕੋਊ ਅੰਗ ਪਰਛਿੰਨਤ ਰਹਿਓ॥
ਤਹਾ ਸਕਲ ਲੋਕ ਦਰਸਨ ਕੋ ਆਵੈ॥ ਦੂਰੋ ਮਾਥਾ ਟੇਕ ਸਿਧਾਵੈ॥੧੬॥
ਅਖੰਡ ਅਚਲ ਤਪ ਸਤਗੁਰ ਕਰਾ॥ ਆਸਨ ਅਡੋਲ ਧਰਤੀ ਪਰ ਧਰਾ॥
ਯਹ ਲੀਲਾ ਗੁਪਤ ਨ ਕੋਊ ਜਾਨੈ॥ ਆਪੇ ਕਹੇ ਆਪੇ ਹੀ ਮਾਨੇ॥੧੭॥

॥ ਦੋਹਰਾ॥

ਲੀਲਾ ਸਤਿਗੁਰ ਦਇਆਲ ਕੀ ਕਿਆ ਕੋ ਕਹੇ ਬਿਖਾਨ॥
ਇੰਦ੍ਰੀ ਗੋਚਰ ਨਾਹ ਵਹ ਜਾਨੇ ਹੀ ਪਰਵਾਨ॥੧੮॥

॥ ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥੬੧॥

---

[1] ਨਾਨਕ ਨੀਚ ਕਹੇ ਵੀਚਾਰ॥ ਧਾਨਕ ਰੂਪ ਰਹਾ ਕਰਤਾਰ॥ (ਅ)
[2] ਤੁਮਰੇ ਸਭ ਹਾਥ (ਅ)

[ਸਾਖੀ ਗੁਰੂ ਬਾਬੇ ਜੀ ਦਾ ਖਡੂਰ ਆਗਮਨ]

॥ ਸੋਰਠਾ ॥

163/ੳ ਸਤਗੁਰ ਕਿ/ਰਪਾ ਨਿਧਾਨ ਅਤ ਉਕਲਾਨੇ ਪ੍ਰੇਮ ਬਸ॥
ਗੁਰੂ ਅੰਗਤ ਜੀ ਤਪ ਠਾਨ ਯਹ ਖੇਦ ਭਇਓ ਆਵਨ ਕੀਓ॥੧॥

॥ ਚੌਪਈ ॥

ਜਾਨੀ ਸਤਗੁਰ ਅੰਤਰਜਾਮੀ॥ ਗੁਰੂ ਅੰਗਤ ਨਿਰਬਿਕਲਪ ਤਪੁ ਠਾਨੀ॥
ਭਗਤ ਖੇਦ ਉਰ ਸਹਿਓ ਨ ਜਾਇ॥ ਚਲ ਦਰਸ ਦਿਖਾਇ ਪੁਨ ਦੇਉ ਜਗਾਇ॥੨॥
ਸੁੰਦਰ ਸੰਤ ਬੇਖ ਧਰ ਲੀਨਾ॥ ਬਸਤ੍ਰ ਸੁਏਤ ਤਨ ਕੀਏ ਨਵੀਨਾ॥
ਪਗੜਾ ਸਿਰ ਪਰ ਸੁਏਤ ਬੰਧਾਇ॥ ਜਿਮ ਕਮਲਾਪਤ ਸਿਰ ਕ੍ਰੀਟ ਸੁਹਾਇ॥੩॥
ਇਕ ਚਾਦਰ ਸੁਏਤ ਪ੍ਰਭ ਮਾਝ ਵਲਾਈ॥ ਜਿਮ ਧੋਤੀ ਬ੍ਰਹਮਾ ਤਨ ਛਬ ਛਾਈ॥
ਇਕ ਚਾਦਰ ਸੁਏਤ ਓਢ ਤਨ ਲੀਨੀ॥ ਪੀਤੰਬਰ ਛਬ ਹਰ ਕੇ ਛੀਨੀ[1]॥੪॥
ਸੂਛਮ ਬਾਂਸ ਕਰ ਲੀਨੋ ਡੰਡਾ॥ ਪੰਚ ਦੋਖ ਜਿਸ ਪਰਸਤ ਖੰਡਾ॥
ਚਰਨ ਖੜਾਉ ਪਹਿਰੀ ਦਇਆਲ॥ ਚਲੇ ਖਡੂਰ ਬਸ ਪ੍ਰੇਮ ਬਿਸਾਲ॥੫॥

॥ ਸੋਰਠਾ ॥

ਗੁਰੂ ਅੰਗਤ ਜੀ ਪਾਸ ਜਬ ਖਡੂਰ ਸਤਗੁਰ ਗਏ॥
ਅਤ ਸੁਖ ਪਰਮ ਬਿਲਾਸ ਗੁਰੂ ਅੰਗਤ ਜੀ ਕੇ ਮਨ ਫੁਰਿਓ॥੬॥

॥ ਚੌਪਈ ॥

ਜਹਾ ਗੁਰੂ ਅੰਗਤ ਜੀ ਤਪ ਕਰਾ॥ ਤਪਿਆਨਾ ਨਾਮ ਪੋਖਰ ਕਾ ਧਰਾ॥
ਤਹਾ ਨਿਕਟਿ ਜਾਇ ਬਾਬਾ ਜੀ ਠਾਢੇ॥ ਨਿਰਬਿਕਲਪ ਤਪ ਦੇਖਿਆ ਗਾਢੇ॥੭॥
ਇੰਦ੍ਰੀ ਤਤ ਮਨ ਚਿਤ ਜਹਾ ਨਾਹੀ॥ ਪਰਮਾਤਮ ਨਿਜ ਸਰੂਪ ਸੁਖ ਮਾਹੀ॥
ਅਚਲ ਅਡੋਲ ਅਖੰਡ ਸਮਾਧ॥ ਬਾਬਾ ਜੀ ਦੇਖ ਭਏ ਬਿਸਮਾਦ॥੮॥
ਤਬ ਬਾਬੇ ਜੀ ਅੰਤਰਗਤ ਚੇਤਾ॥ ਦਰਸ ਪਰਤਾਪ ਭਇਓ ਦੇਹ ਸੁਚੇਤਾ॥
ਖੋਲੋ ਨੇਤ੍ਰ ਦਰਸਨ ਪ੍ਰਭ ਕਰੇ॥ ਗੁਰੂ ਅੰਗਤ ਜੀ ਉਠ ਸਨਮੁਖ ਖੜੇ॥੯॥
163/ਅ ਤਬ ਬਾਬੇ ਜੀ ਬਚਨ/ਉਚਾਰਾ॥ ਹੇ ਮਹਾ ਪੁਰਖ ਕਾਹੇ ਤਪੁ ਧਾਰਾ॥
ਮੈ ਸਹਿਜ ਸੁਭਾਇ ਬੈਠਨ ਤੁਮ ਕਹਾ॥ ਤੁਮ ਕਿਆ ਤਪ ਧਾਰ ਖੇਦ ਤਨ[2] ਸਹਾ॥੧੦॥

॥ ਦੋਹਰਾ ॥

ਮੈ ਚਿਤਿਓ ਨਿਸ ਦਿਨ ਤੁਮੇ ਧਾਰਿਓ ਤੁਮ ਤਪ ਖੇਦੁ॥
ਤੁਮ ਕਾਰਨ ਮੈ ਤਪ ਕੀਏ ਤੋ ਮੋ ਮੈ ਨਾਹੀ ਭੇਦ॥੧੧॥

॥ ਚੌਪਈ ॥

ਤੁਮਰੇ ਖੇਦ ਮੋ ਕੋ ਅਤਿ ਖੇਦ॥ ਮੋ ਮੈ ਤੋ ਮੈ ਨਾਹੀ ਭੇਦ॥
ਤੁਮ ਸੁਖਦਾਇਕ ਸਭ ਜਗ ਕੇ ਸੁਆਮੀ॥ ਤੁਮ ਦਰਸਨ ਜਗ ਪਾਰਗਿਰਾਮੀ॥੧੨॥
ਤੁਮ ਸਦਾ ਆਨੰਦ ਬੈਠੇ ਸੁਖ ਆਸਨ॥ ਮੈ ਅਪਨਾ ਤੁਹਿ ਦੀਓ ਸਿਘਾਸਨ॥
ਅਬ ਜਗ ਕੋ ਉਪਦੇਸ ਹਰ ਕਰੋ॥ ਗੁਰਮੁਖ ਪੰਥ ਜਗਤ ਮੋ ਧਰੋ॥੧੩॥
ਮੈ ਤੁਮ ਕੋ ਨਿਸ ਦਿਨ ਉਰ ਦੇਖੌ॥ ਬਿਨ ਤੁਮ ਦੂਜਾ ਜਗ ਨਹੀ ਲੇਖੌ॥
ਅਬ ਮਿਰਜਾਦ ਪੰਥ ਕੀ ਕਰੋ॥ ਯਹ ਆਗਿਆ ਮੇਰੀ ਮਨ ਧਰੋ॥੧੪॥
ਗੁਰੂ ਅੰਗਤ ਜੀ ਇਹ ਬਿਨੇ ਬਖਾਨੀ॥ ਤੁਮ ਸਭ ਘਟ ਘਟ ਕੇ ਅੰਤਰਜਾਮੀ॥
ਹਮਰਾ ਕੀਆ ਕਛੂ ਨ ਹੋਇ॥ ਆਗਿਆ ਤੁਮਰੀ ਤਤਫੁਰ ਸੋਇ॥੧੫॥

॥ ਦੋਹਰਾ ॥

ਸੁਨਤ ਬਚਨ ਬਾਬਾ ਉਠੇ ਲੀਨੇ ਅੰਕ ਲਗਾਇ॥
ਧਨ ਪੁਰਖਾ ਤੁਮ ਧੰਨ ਹੋ ਸੋਭਾ ਕਹੀ ਨ ਜਾਇ॥੧੬॥

---

[1] ਚੀਨੀ (ੲ)
[2] ਇੱਥੇ 'ਕਿਆ ਤਪ ਧਾਰ ਖੇਦ ਤਨ' ਦੀ ਜਗ੍ਹਾ ਤੇ 'ਕਿਉ ਤਪ ਧਾਰ ਖੇਦ' ਪੰਕਤੀ ਹੈ (ਅ,ੲ)

॥ **ਚੌਪਈ** ॥

ਬਾਬਾ ਜੀ ਕਰਤਾਰਪੁਰ ਚਲੇ॥ ਹਾਥ ਜੋੜ ਗੁਰੂ ਅੰਗਤ ਖਲੇ॥
ਬਿਦਾ ਹੋਇ ਮਾਰਗ ਪਗ ਦੀਆ॥ ਪਰਮਾਨੰਦ ਹਿਰਦੇ ਧਰ ਲੀਆ॥੧੭॥
ਸ੍ਰੀ ਗੁਰੂ ਅੰਗਤ ਜੀ ਗ੍ਰਿਹ ਆਏ॥ ਸਿੰਘਾਸਨ ਬੈਠੇ ਆਨੰਦ ਛਾਏ॥
ਤਬ ਇਕ ਪੰਡਿਤ ਲੀਓ ਬੁਲਾਈ ਅਛਰ ਲਿਖ ਤਿਨ ਮਾਤ੍ਰਾ ਲਾਈ॥੧੮॥
ਗੁਰਮੁਖੀ ਅਖਰ ਨਾਮੁ ਤਿਨ ਧਰਾ॥ ਸ੍ਰੀ ਮੁਖ ਬਾਨੀ ਲਿਖ ਪੋਥੀ ਕਰਾ॥
164/ੳ ਅਖਰ ਮਿਰਜਾ/ਦ ਪੰਥ ਕੀ ਕੀਆ॥ ਸਤਗੁਰ ਬਚਨ ਹਿਰਦੇ ਧਰ ਲੀਆ॥੧੯॥
ਅਰ ਦੇਸ ਦਿਸੰਤਰ ਜੋ ਭਈ ਸਾਖੀ॥ ਸੋ ਸਭ ਪੋਥੀ ਪਰ ਲਿਖ ਰਾਖੀ॥
ਲੰਗਰ ਭਜਨ ਸਦਾ ਤਹ ਹੋਇ॥ ਸਤਗੁਰ ਸੰਗਤ ਅਤ ਸੁਖ ਹੋਇ॥੨੦॥

॥ **ਦੋਹਰਾ** ॥

ਯਹ ਲੀਲਾ ਸਤਗੁਰ ਦਿਆਲ ਕੀ ਪੜ੍ਹੇ ਸੁਣੇ ਚਿਤ ਲਾਇ॥
ਪਰਮਾਨੰਦ ਸੁਖ ਤਿਸ ਮਿਲੇ ਆਧ ਬਿਆਧ ਨਸਾਇ॥੨੧॥

॥ **ਸਾਖੀ ਪੂਰਨ ਹੋਈ** ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥੬੨॥

[ਸਾਖੀ ਬਹਾਵਲ ਹਕ ਮੁਲਤਾਨ ਦੇ ਪੀਰ ਨਾਲ ਬਾਬਾ ਜੀ ਦੀ ਚਰਚਾ]

॥ਦੋਹਰਾ॥

ਪੀਰ ਵਡੇ ਮੁਲਤਾਨ ਕੇ[1] ਬਹਾਵਲ ਹਕ ਫਕੀਰ॥
ਤਿਨ ਬਾਬੇ ਕੋ ਚਿਤਵਨ ਕੀਓ ਤਿਆਗਨ ਸਮੇ ਸਰੀਰ॥੧॥

॥ਚੌਪਈ॥

ਬਹਾਵਲ ਹਕ ਮੁਲਤਾਨ ਮੋ ਪੀਰ॥ਵਾਸਲ ਕਾਮਲ ਅਹਲ ਫਕੀਰ॥
ਆਰਫ ਬਡੇ ਸਾਹਿਬੁ ਕਰਾਮਾਤ॥ਕੁਲ ਆਲਮ ਜਾਨੇ ਇਕ ਜਾਤ॥੨॥
ਸਿਦਕਦਿਲੀ ਬਾਬੇ ਕੇ ਯਾਰ॥ਬਾਬੇ ਜੀ ਸੋ ਕੀਆ ਕਰਾਰ॥
ਜਬ ਤਨ ਤਿਆਗ ਸਮਾ ਤੁਮ ਆਵੈ॥ਹਮ ਜੁਸਾ ਤਜ ਇਕ ਸੰਗ ਸਿਧਾਵੈਂ॥੩॥
ਹਮ ਤੁਮ ਦਰਗਹ ਜਾਹਿ ਇਕਠਾ॥ਇਹ ਬਿਧ ਤਬ ਹੋਇ ਜਬ ਮੌਲਾ ਤੁਠਾ॥
ਤੁਮਰਾ ਸੰਗ ਬਿਹਿਸਤ ਕਹਾਵੈ॥ਅਵਰੁ ਬਹਿਸਤ ਹਮੇ ਨਹੀ ਭਾਵੈ॥੪॥
ਯਹੀ ਬਾਤ[2] ਤਿਨ ਕੇ ਦਿਲ ਰਹੀ॥ਕਿਆ ਕੋ ਜਾਨੈ ਕਿਸੂ ਨਹੀ ਕਹੀ॥
ਬਹੁਤ ਕਾਲ ਮਨ ਮੋ ਯਹ ਰਾਖੀ॥ਜਬ ਭਇਆ ਸਮਾਪਤ ਪ੍ਰਗਟ ਸਾਖੀ[3]॥੫॥

॥ਦੋਹਰਾ॥

ਆਇਆ ਅਮਰ[4] ਖੁਦਾਇ ਕਾ ਸੁਨੋ ਬਹਾਵਲ ਪੀਰ॥
164/ਅ ਜੁਸਾ ਖਾਕੀ ਦੁ/ਨੀ ਤਜ ਹੋ ਵਾਸਲ ਰਬ ਕਬੀਰ॥੬॥

॥ਚੌਪਈ॥

ਬਹਾਵਲ ਹਕ ਪੀਰ ਜਬ ਸੁਨਾ[5]॥ਭਏ ਖੁਸਾਲ ਅਮਰ ਰਬ ਮਾਨਾ॥
ਤਬ ਬਾ ਸਿਦਕ ਮੁਰੀਦ ਬੁਲਾਏ॥ਤਰੀਕ ਇਬਾਦ ਸਬਨ ਬੁਝਾਏ॥੭॥
ਪੁਨਿ ਮਜਲਸ ਮੋ ਬਾਤ ਚਲਾਇਆ॥ਅਮੁਰ ਵਿਸਾਲ ਰਬ ਕਾ ਆਇਆ॥
ਅਰੁ ਦੋਨੋ ਚਸਮਨ ਸੋ ਜਲੁ ਚਲਾ॥ਕੋਊ ਜਾਨੇ ਨਾਹੀ ਪ੍ਰੀਤ ਕੀ ਕਲਾ॥੮॥
ਪੁਨ ਕਹਿਓ ਪੀਰ ਯਹ ਬਾਤ ਸਧਾਰ॥ਮੈ ਨਾਨਕ ਜੀ ਸੋ ਕੀਓ ਕਰਾਰ॥
ਜਬ ਤਨ ਤਿਆਗ ਸਮਾ ਤੁਮ ਆਵੈ॥ਹਮ ਜੁਸਾ ਤਜ ਤੁਮ ਸੰਗ ਸਿਧਾਵੈ॥੯॥
ਪਹਿਲੇ ਅਮਰੁ[6] ਰਬ ਹਮ ਭਇਆ॥ਵਾ ਕੋ ਸੰਗ ਛੁਟਕ ਅਬ ਗਇਆ॥
ਰਬ ਕੀ ਮਿਹਰ ਫਕਰ ਕਾ ਸੰਗੁ॥ਫਕਰ ਸੰਗ ਲਾਗੇ ਰਬ ਰੰਗ॥੧੦॥

॥ਦੋਹਰਾ॥

ਸਭ ਲੋਕ ਪੀਰ ਕੀ ਬਾਤ ਸੁਨ ਹੈਰਾਨ ਭਏ ਮਨ ਮਾਹਿ॥
ਹਿੰਦੂ ਕਾ ਪਿਛਾ ਲਏ ਭਿਸਤ ਕਹਾ ਤੇ ਪਾਹਿ॥੧੧॥

॥ਚੌਪਈ॥

ਮਿਲ ਸਭਹਨ ਐਸੇ ਮਤ ਕੀਆ॥ਪੀਰ ਹਿੰਦੂ ਕਾ ਪਾਛਾ ਲੀਆ॥
ਹਿੰਦੂ ਕਬੀ ਬਹਿਸਤ ਨ ਪਾਵਤੁ॥ਕਛੁ ਅਕਲ ਪੀਰ ਕੀ ਭਈ ਤਫਾਵਤ॥੧੨॥
ਸਭ ਮਿਲ ਮੁਰੀਦ ਪੀਰ ਪਹਿ ਆਏ॥ਹਾਥ ਬਾਧ ਸਭ ਅਰਜ ਸੁਨਾਏ॥
ਤੁਮ ਮਖਸੂਦ ਆਲਮ ਕੇ ਪੀਰ। ਕਿਆ ਨਾਨਕ ਹਿੰਦੂ ਆਹ ਫਕੀਰ॥
ਤਿਨ ਕੇ ਸੰਗ ਬਹਿਸਤੁ ਤੁਮ ਕਹਾ॥ਈਮਾਨ ਹਮਾਰਾ ਠੌਰ ਨ ਰਹਾ॥੧੩॥[7]

---

[1] ਇੱਥੇ ਸ਼ਬਦ ‘ਕੇ’ ਦੀ ਜਗ੍ਹਾ ਤੇ ‘ਮੋ’ ਹੈ (ਅ)
[2] ਯਹ ਬਾਕ (ਸ)
[3] ਇੱਥੇ ਪੰਕਤੀ ‘ਜਬ ਭਇਆ ਸਮਾਪਤ ਪ੍ਰਗਟ ਸਾਖੀ॥’ ਦਾ ਜਗ੍ਹਾ ਤੇ ‘ਅਬ ਭਇਆ ਸਮਾਪਤ ਪ੍ਰਗਟ ਸਾਖੀ॥’ (ਅ), ‘ਜਬ ਭਇਆ ਸਮਾ ਤਬ ਪ੍ਰਗਟ॥’ ਇੱਥੇ ਸਿਰਲੇਖ ‘॥ਸਾਖੀ॥’ ਹੈ (ੲ), ਇੱਥੇ ‘ਜਬ ਭਇਆ ਸਮਾਪਤ ਪ੍ਰਗਟ ਸਾਖੀ॥’ ਪੰਕਤੀ ਨਹੀਂ ਹੈ (ਸ)
[4] ਅਮਲ (ਅ)
[5] ਜਾਨਾ (ਅ,ੲ,ਸ)
[6] ਅਮਲ (ਅ)
[7] ਇੱਥੇ ‘ਤਿਨ ਕੇ...ਠੌਰ ਨ ਰਹਾ॥’ ਪੰਕਤੀ ਤੋਂ ਬਾਅਦ ‘ਇਹ ਸੁਨ ਪੀਰ ਸਮਝ ਬੀਚਾਰਾ॥ਅਲਖ ਸਭਨ ਤੇ ਰਹਿਤ ਨਿਰਾਰਾ॥’ ਵਾਲੀ ਪੰਕਤੀ ਹੈ (ਅ)

ਤਬ ਮਖਦੂਮ ਮੁਖ ਸੁਖਨ ਬਖਾਨਾ॥ ਫਕਰ ਮਰਾਤਬ ਤੁਮ ਨਹੀ ਜਾਨਾ॥
ਕੋਊ ਏਕ ਆਦਮ ਨਾਨਕ ਪਹ ਜਾਵੈ॥ ਲਿਖੌ ਕਿਤਾਬਤ ਲੇ ਪਹੁਚਾਵੈ॥੧੪॥
ਦੇਖੋ ਨਾਨਕ ਕੀ ਕਰਾਮਤ॥ ਵਹ ਕਾਮਲ ਮੌਲਾ ਕੀ ਜਾਤ॥
165/ੳ ਆਪ ਬੁਲਾਇ ਮੰਗ ਲਹ ਕਿ/ਤਾਬਤ॥ ਤਬ ਤੁਮਰੋ ਈਮਾਨ ਹੋਇ ਸਾਬਤ॥੧੫॥
ਲਿਖ ਖਤ ਪੀਰ ਹਾਥ ਤਿਸ ਦੀਨਾ॥ ਤਿਨ ਕਰ ਲਾਮ[1] ਮਾਰਗ ਪੁਛ ਦੀਨਾ॥
ਕੇਤਕ ਦਿਨ ਚਲਤੇ ਤਿਸ ਭਇਓ॥ ਕਰਤਾਰਪੁਰੇ ਕੇ ਨਿਕਟ ਜਬ ਗਇਓ॥੧੬॥
ਤਾ ਕੋ ਪੀਰ ਬਾਤ ਜੋ ਕਹਾ। ਸੋ ਮਨ ਧਾਰ ਦੂਰ ਬਹਿ ਰਹਾ॥
ਜੋ ਨਾਨਕ ਸਾਹ ਫਕਰ ਹੈ ਪੂਰਾ॥ ਹਮੇ ਬੁਲਾਵੇ ਆਪ ਹਜੂਰਾ॥੧੭॥
ਤਬ ਜਾਨਿਓ ਦਇਆਲ ਪਠਿਓ ਨਿਜ ਆਦਮ॥ ਬੁਲਾਇ ਹਜੂਰ ਲੀਓ ਵਹ ਖਾਦਮ॥
ਮਾਂਗ ਕਿਤਾਬਤ ਤਾ ਲੀਨੀ॥ ਬਹੁਤ ਸਿਫਤ ਮਖਦੂਮ ਕੀ ਕੀਨੀ॥੧੮॥
ਖੋਲ ਕਿਤਾਬਤ ਪੜੀ ਦਿਆਲ। ਨੈਨਨ ਤੇ ਜਲ ਚਲਿਓ ਬਿਸਾਲ॥
ਆਜ ਮਿਤ੍ਰ ਹਮ ਕੀਓ ਪਿਆਨਾ॥ ਤਿਸ ਪਰਥਾਇ ਇਹ ਸਬਦ ਬਖਾਨਾ[2]॥੧੯॥

॥ਬਹਾਵਲ ਹਕ ਕੀ ਪ੍ਰੀਤ ਮੁਹਬਤ ਮੋ ਸਬਦ ਉਚਾਰ ਕੀਆ॥

॥ਸ੍ਰੀ ਰਾਗੁ ਮਃ ੧॥[3]

ਧਨੁ ਜੋਬਨ ਅਰੁ ਫੁਲੜਾ ਨਾਠੀਅੜੇ ਦਿਨ ਚਾਰ॥
ਪਬਨ ਕੇਰੇ ਪਤਿ ਜਿਉ ਢੁਲ ਢਲ ਜੁਮਨਹਾਰ॥੧॥
ਰੰਗ ਮਾਣ ਲੇ ਪਿਆਰਿਆ ਜਾ ਜੋਬਨ ਨ ਹੁਲਾ॥
ਦਿਨ ਥੋਰੜੇ ਥਕੇ ਭਇਆ ਪੁਰਾਨਾ ਚੋਲਾ॥੧॥ ਰਹਾਉ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣ॥
ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣ॥੨॥
ਕੀ ਨ ਸੁਨਹੀ ਗੋਰੀਏ ਆਪਨ ਕੰਨੀ ਸੋਇ॥
ਲਗੀ ਆਵੈ ਸਾਹੁਰੈ ਵਤ ਨ ਪੇਈਆ ਹੋਇ॥
ਨਾਨਕ ਸੁਤੀ ਪੇਈਐ ਜਾਨ ਵਿਰੁਤੀ ਸੰਨ॥
ਗੁਣਾ ਗਵਾਈ ਗੰਠੜੀ ਅਉਗਣ ਚਲੀ ਬੰਨ॥੩॥

ਜਬ ਇਹ ਬਿਓਗ ਬਚਨ ਬਾਬਾ ਜੀ ਕੇ ਮੁਖ ਸੋ ਪੀਰ ਕੇ ਖਾਦਮ ਨੇ ਸੁਨੇ॥ ਤਬ ਬਿਹਾਲ
ਹੋਇ ਹਾਲਤ ਮੋ ਆਇ ਕਰ ਬਿਹੋਸ ਹੋਇ ਕਰ ਧਰਤੀ ਪਰ ਗਿੜ ਪੜਾ॥ ਫੇਰ ਜਬ ਸੁਧ ਮੋ ਆਇਆ
165/ਅ ਤਬ/ਤਬ ਬਾਬੇ ਜੀ ਕੇ ਚਰਨਾ ਪਰ ਪਇਆ॥ ਕਹਿਓ ਸੁ ਜੋ ਮੈ ਪੀਰ ਜੀ ਕਾ ਸਦਕਾ ਤੁਮਰਾ ਦੀਦਾਰ
ਕੀਆ॥ ਮੇਰੀ ਨਿਜਾਤ ਹੋਈ॥ ਜੈਸਾ ਪੀਰ ਜੀ ਆਪ ਸਿਫਤ ਕਰਤੇ ਥੇ ਸੋਈ ਦੇਖਾ॥ ਤਬ ਬਾਬੇ ਜੀ
ਉਸ ਕੋ ਇਹ ਸਬਦ ਲਿਖ ਦੀਆ ਜੋ ਪੀਰ ਬਹਾਵਲ ਹਕ ਕੀ ਕਬਰ ਪਰ ਰਖਨਾ॥ ਵਹ ਕਹੇਗੇ
ਪਹੁਚਾ॥ ਇਹੀ ਹਮਾਰੇ ਮਿਲਨ ਕੀ ਨਿਸਾਨੀ ਹੈ॥[4]

॥ਦੋਹਰਾ॥

ਲੇ ਖਤ ਬਾਬੇ ਕੋ ਚਲਿਓ ਜਾ ਪਹੁਤਾ ਮੁਲਤਾਨ॥
ਜਾਇ ਕਬਰ ਪਰ ਧਰ ਦੀਓ ਪਹੁਚਾ ਪੀਰ ਬਿਖਾਨ॥੨੦॥

---

[1] ਸਲਾਮ (ਅ,ੲ,ਸ)

[2] ਪਿਆਨਾ (ਅ)

[3] ਇੱਥੇ ਸਿਰਲੇਖ '॥ਸ੍ਰੀ ਰਾਗੁ ਮ : ੧ ਘਰੁ ੨॥' ਹੈ (ਸ)

[4] ਇੱਥੇ ਇਸ ਪਹਿਰੇ ਦੀ ਜਗ੍ਹਾ ਤੇ '॥ਦੋਹਰਾ॥ ਜਬ ਇਹ ਬਚਨ ਬਿਓਗ ਕਾ ਸੁਨਾ ਜੋ ਖਾਦਮ ਪੀਰ॥ ਤਬ ਬਿਹਾਲ ਅਤ ਹੀ ਭਇਆ ਬੂਝਾ ਨਾਨਕ ਵਲੀ ਫਕੀਰ॥੨੧॥ ਅਤਿ ਬਿਹਾਲ ਮਨ ਮੈ ਭਇਆ ਸੁਧ ਤਜ ਭਇਆ ਅਧੀਰ॥ ਗਿਰਾ ਧਰਨ ਮੁਰਛਾਇਕੈ ਢਬਰ ਨਾ ਰਹਾ ਸਰੀਰ॥੨੨॥ ਚੌਪਈ॥ ਜਬ ਸੁਧ ਤਨ ਮੋ ਤਿਸ ਫਿਰ ਆਇਓ॥ ਓਠ ਸੁ ਭਾਰ ਚਰਨਨ ਸਿਰੁ ਨਾਯੋ॥ ਚਰਨ ਪ੍ਰਭੁ ਪਰ ਮਸਤਕ ਧਰਾ॥ ਮੁਖ ਸਿਉ ਬਚਨ ਇਹ ਬਿਧ ਉਚਰਾ॥੨੩॥ ਸਦਕੇ ਪੀਰ ਜਿਨ ਤੁਮੈ ਬਤਾਇਓ॥ ਤਿਸ ਪ੍ਰਸਾਦਿ ਤੁਮ ਦਰਸਨ ਪਾਇਓ॥ ਅਬ ਹਮਰੀ ਭੀ ਭਈ ਨਜਾਤ॥ ਪੀਰ ਸੋ ਸੁਨਾ ਨਾਮ ਸੋ ਦੇਖਾ ਬਾਤ॥੨੪॥ ਸਿਫਤ ਪੀਰ ਕੀ ਸਚ ਸੋ ਭਈ॥ ਸ੍ਰੀ ਗੁਰ ਸਬਦ ਤਿਸੇ ਲਿਖ ਦਈ॥ ਅਰਿ ਤਿਸ ਕੋ ਯਹ ਕਹਾ ਸਮਝਾਇ॥ ਪੀਰ ਕਬਰ ਪਰ ਰਖੋ ਧਰਾਇ॥੨੫॥ ਵਹ ਪੀਰ ਕਰੇਗਾ ਨਿਸਾ ਤੁਮਾਰੀ॥ ਇਸ ਮੋ ਸਕ ਨਹੀ ਕਛੁ ਭਾਰੀ॥ ਵਹੀ ਸਬਦ ਜੋ ਮੁਖੋ ਬਖਾਨ॥ ਧਨ ਜੋਬਨ ਫੁਲੜਾ ਇਹ ਦੀਆ ਨਿਸਾਨ॥' ਵਾਲਾ ਪਾਠ ਹੈ 139/ੳ (ਅ)

[1]ਪੁਨ ਮੁਰੀਦ ਮਖਦੂਮ ਕੇ ਕਹੀ ਸਭ ਕਥਾ ਸੁਨਾਇ॥
ਰੋਸਨ ਜਮੀਰ ਕਾਮਲ ਵਲੀ ਬਾਬਾ ਨਾਨਕ ਸਾਹ॥੨੧॥

॥ਦੋਹਰਾ॥[2]

ਆਪ ਬੁਲਾਇ ਮੋ ਕੋ ਲੀਆ ਪੜੀ ਕਿਤਾਬਤ ਆਪ॥
ਜਾਨੀ ਵਫਾਤ ਮਖਦੂਮ ਕੀ ਨੈਨਨ ਜਲ ਬਰਖਾਤ॥੨੨॥

॥ਦੋਹਰਾ॥[3]

ਪੁਨ ਪੀਰ ਵਫਾਤ ਕੋ ਦਿਨ ਗਿਨਿਓ ਕਹਿਓ ਜੁ ਨਾਨਕ ਸਾਹ॥
ਵਹੀ ਰੋਜ ਸਾਬਤ ਭਇਓ ਵੈ ਖਾਦਮ ਭਇਓ ਗਵਾਹ॥੨੩॥

॥ਦੋਹਰਾ॥[4]

ਤਬ ਸਭਹਨ ਪਰਤੀਤ ਕਰ ਸਿਫਤ ਪੀਰ ਕੀ ਕੀਨ॥੨੪॥
ਨਾਨਕ ਫਕੀਰ ਪਹਿਚਾਨਿਆ ਸਾਬਤ ਇਮਾਨ ਕਰ ਲੀਨ॥

॥ਦੋਹਰਾ॥[5]

ਜਬ ਫਕੀਰ ਕੀ ਮਿਹਰ ਹੋਇ ਤਬ ਹੋਵੈ ਦਿਲੁ ਸਾਫ॥
ਬਾਬੇ ਜੀ ਕਾ ਸਬਦ ਸੁਨ ਭਈ ਸਭ ਭੂਲ ਮਾਫ॥੨੫॥

॥ਸਾਖੀ ਪੂਰਨ ਹੋਈ॥੬੩॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ਦੋਹਰਾ॥' ਹੈ (ਅ)
[2] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ਸ)
[3] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ਸ)
[4] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ਸ)
[5] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ਸ)

[ਸਾਖੀ ਗੁਰੂ ਬਾਬੇ ਜੀ ਦਾ ਪਰਮ ਚਲਿਤ੍ਰ]

॥ਸੋਰਠਾ॥

166/ੳ ਇਕ ਦਿਨ ਕ੍ਰਿ/ਪਾ ਨਿਧਾਨ ਪ੍ਰਾਤਕਾਲ ਚਿਤਵਨ ਕੀਓ॥
ਅਬ ਭਏ ਸਿਧ ਸਭ ਕਾਂਮ ਪਰਮ ਧਾਮ ਅਪਨੇ ਚਲੋ॥੧॥

॥ਚੌਪਈ॥

ਜੋ ਜੋ ਕਾਰਜ ਥਾ ਜਗ ਕਰਨਾ॥ਅਬ ਭਏ ਸਿਧ ਸਗਲੇ ਆਚਰਨਾ॥
ਮਮ ਨਿਜ ਰੂਪ ਅਬ ਭਇਓ ਪ੍ਰਕਾਸ॥ਪੂਰੇ ਸਗਲ ਜਗਤ ਕੀ ਆਸ॥੨॥
ਦਿੜ ਰਾਜ ਜੋਗ ਸਿੰਘਾਸਨ ਭਇਆ॥ਗੁਰਮੁਖ ਨ੍ਰਿਬੰਧ ਸੰਤ ਥਿਰ ਥਇਆ॥
ਗੁਰੂ ਅੰਗਤ ਮੇਰੇ ਨਿਜ ਰੂਪ॥ਸਰਬ ਸਿਧ ਪਰਮਾਤਮ ਰੂਪ॥੩॥
ਪੂਰਨ ਭਗਤ ਹਰਿ ਕੀ ਬਿਸਥਰੇ॥ਵਰਨ ਅਵਰਨ ਪਾਵਨ ਸਭ ਕਰੇ॥
ਬਿਧ ਨਾਮ ਦਾਨ ਸਨਾਨ ਜਾਗ ਧਾਰਹ॥ਦੇ ਗੁਰਮੁਖ ਮੰਤ੍ਰ ਜਗ ਜੀਵ ਉਧਾਰਹ॥੪॥
ਅਬ ਮੋ ਕੋ ਕਾਰਜ ਥਾ ਜਗ ਕਰਨਾ।ਪੂਰਨ ਭਏ ਸਗਲ ਆਚਰਨਾ॥
ਭਏ ਸਿਧ ਸਭ ਜਗਤ ਬਿਲਾਸ॥ਪਰਮ ਧਾਮ ਅਬ ਕਰੌ ਨਿਵਾਸ॥੫॥

॥ਦੋਹਰਾ॥

ਯਹ ਬਿਚਾਰ ਸਤਗੁਰ ਕੀਆ ਅਰੁ ਮਨ ਧਾਰ ਹੁਲਾਸ॥
ਸ੍ਰੀ ਗੁਰੂ ਅੰਗਤ ਨਿਜ ਰੂਪ ਧਰ ਜਗ ਤੇ ਭਏ ਉਦਾਸ॥੬॥

॥ਚੌਪਈ॥

ਸਾਧਾਰਨ ਕੋ ਪ੍ਰਭ ਕਹਿਓ ਬੁਲਾਇ॥ਭੈਸ ਕੋ ਘਾਸ ਲੇਨ ਤੂੰ ਜਾਇ॥
ਬਚਨ ਸੁਨਤ ਘਾਸ ਕੋ ਗਇਓ॥ਜੰਗਲ ਮੋ ਜਾਇ ਛੀਲਤ ਖੜ [1]ਭਇਓ॥੭॥
ਤੀਨ ਪੁਰਖ ਤਹਾ ਬੈਠੇ ਦੇਖੇ॥ਪਰਮ ਅਉਧੂਤ ਕਿਆ ਸੋਭਾ ਲੇਖੇ॥
ਸੁੰਦ੍ਰ ਕ੍ਰਾਂਤ[2] ਮਸਤਕ ਉਜਿਆਰਾ॥ਜਟਾ ਮੁਕਟ ਬਿਭੂਤ ਤਨ[3] ਧਾਰਾ॥੮॥
ਦੇਖ ਸਧਾਰਨ ਬੰਦਨ ਕੀਨਾ॥ਬਚਨ ਬਿਲਾਸ ਪ੍ਰਸਨ ਪੁਛ ਲੀਨਾ॥
ਕਵਨ ਨਾਮ ਕਹਾ ਤੁਮ ਰਹੋ॥ਕਹਾ ਅਬ ਜਾਉ ਸਾਚ ਅਬ ਕਹੋ॥੯॥
ਕਰ ਬਿਨੇ ਸਧਾਰਨ ਆਖਿਓ ਤਾਹਿ॥ਮੈ ਬਾਬੇ ਜੀ ਕੋ ਟਹਲੂਆ ਆਹਿ॥
166/ਅ ਨਿਤਪ੍ਰਤ ਘਾਸੁ ਲੇਨ ਕੋ ਆਵੋ॥ਅਬ ਲੀਓ ਘਾਸ ਪੁਨਿ/ਤਾਹ ਸਿਧਾਵੌ॥੧੦॥

॥ਦੋਹਰਾ॥

ਸਾਧਾਰਨ ਬਿਨਤੀ ਕਰੀ ਹੇ ਮਹਾਂ ਪੁਰਖ ਪ੍ਰਭ ਦਿਆਲ॥
ਮੈ ਸੇਵਾ ਸਤਿਗੁਰ ਕੀ ਕਰੌ ਸਦਾ ਰਹੌ ਪ੍ਰਭ ਨਾਲ॥੧੧॥

॥ਚੌਪਈ॥

ਮਹਾ ਪੁਰਖਨ ਐਸੇ ਤਬ ਕੀਨਾ॥ਇਕ ਪੁੜੀਆ ਬਾਂਧ ਸਾਧਾਰਨ ਦੀਨਾ॥
ਯਹ ਪ੍ਰਸਾਦ ਬਾਬੇ ਜੀ ਦੀਜੋ॥ਪ੍ਰੀਤ ਪ੍ਰਨਾਮ ਹਮਾਰਾ ਕੀਜੋ॥੧੨॥
ਲੇ ਪ੍ਰਸਾਦ[4] ਸਾਧਾਰਨ ਆਇਆ॥ਜਾਇ ਚਰਨਨ ਪਰ ਮਸਤਕ ਨਿਆਇਆ॥
ਪੁੜੀਆ ਹਾਥ ਲੇ ਬਿਨਤੀ ਕੀਨਾ॥ਯਹ ਪਰਸਾਦ ਸਾਧਨ ਤੁਮ ਦੀਨਾ॥੧੩॥
ਅਰੁ ਬਹੁਤੁ ਪ੍ਰੀਤ ਸੋ ਕੀਓ ਪ੍ਰਨਾਮ॥ਤੀਨੋ ਪਰਮ ਸਿਧ ਅਭਰਾਮ॥
ਲੇ ਪੁੜੀਆ ਬਾਬਾ ਜੀ ਬੋਲੇ॥ਦੇਖ ਬਿਭੂਤ ਦਿਆਲ ਹਸ ਬੋਲੇ॥੧੪॥
ਹੇ ਸਾਧਾਰਨ ਤੁਮ ਉਨ ਕੋ ਦੇਖਾ॥ਸਗਲ ਜਨਮ ਤੁਮਰੋ ਸੁਭ ਲੇਖਾ॥
ਤੂੰ ਉਨ ਕੋ ਕਛੁ ਜਾਨਤ ਨਾਹੀ॥ਵੈ ਤੀਨ ਲੋਕ ਕੌ ਸੁਆਮੀ ਆਹੀ॥੧੫॥
ਵੇ ਬ੍ਰਹਮਾ ਅਰੁ ਬਿਸਨ ਮਹੇਸ॥ਸਭ ਮਾਨੁਖ ਦੇਵ ਤਿਨ ਕਰ ਆਦੇਸ॥
ਸੁਨ ਸਾਧਾਰਨ ਭਏ ਬਿਸਮਾਦ॥ਕਹੇ ਧੰਨ ਸਤਗੁਰ ਪ੍ਰਭ ਆਦ ਜੁਗਾਦ॥੧੬॥

---

[1] ਇੱਥੇ ਸ਼ਬਦ 'ਖੜ' ਨਹੀਂ ਹੈ (ਅ,ੲ)
[2] ਕਿਰਤ (ਅ)
[3] ਧੁਨ (ਅ)
[4] ਪ੍ਰਮਾਦ (ਸ)

॥ਦੋਹਰਾ॥

ਆਏ ਹੈ ਹਮ ਲੇਨ ਕੋ ਧੰਨ ਭਾਗ ਤੁਮ ਆਹ॥
ਕਿਆ ਮਹਮਾ ਪ੍ਰਭ ਕੀ ਕਹੋ ਨਹੀ ਮੁਖ ਤੇ ਬਰਨੀ ਜਾਹਿ॥੧੭॥

॥ਚੌਪਈ॥

ਤਬ ਦਿਆਲ ਅਤ ਪ੍ਰੇਮ ਹੁਲਾਸ॥ਕਹੇ ਬਚਨ ਮੁਖ ਪਰਮ ਬਿਸਾਲ॥
ਮਹਿਮਾ ਕਛੁ ਬਰਨੀ ਨਹੀ ਜਾਇ॥ਸੋਭਾ ਅਪਾਰ ਪਾਰ ਨਹੀ ਪਾਇ॥੧੮॥
ਤਬ ਬਾਰਾ ਮਾਹਾ ਬਾਨੀ ਕੀਨੀ॥ਪੂਰਨ ਭਗਤ ਪ੍ਰੇਮ ਰਸ ਭੀਨੀ॥
ਰਾਗੁ ਤੁਖਾਰੀ ਸੋ ਵੈ ਗਾਇਆ॥ਤਬ ਜਿਨ ਸੁਨਾ ਪ੍ਰੇਮ ਰਸ ਪਾਇਆ॥੧੯॥

॥ਬਾਰਹਮਾਹਾ ਤੁਖਾਰੀ ਮਹਲਾ ੧॥

॥ਛੰਤ॥[1]

167/ੳ ਤੂ ਸੁ/ਣਿ ਕਿਰਤ ਕਰੰਮਾ ਪੁਰਬ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂੰ ਭਲਾ॥
ਹਰਿ ਰਚਨਾ ਤੇਰੀ ਕਿਆ ਗਤਿ ਹਰਿ ਬਿਨੁ ਘੜੀ ਨ ਜੀਵਾ॥
ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤ ਪੀਵਾ॥
ਰਚਨਾ ਰਾਚ ਰਹੇ ਨਿਰੰਕਾਰੀ ਪ੍ਰਭ ਮਨ ਕਰਮ ਸੁਕਰਮਾ॥
ਨਾਨਕ ਪੰਥੁ ਨਿਹਾਲੇ ਸਾਧਨ ਤੂ ਸੁਣਿ ਆਤਮ ਰਾਮਾ॥੧॥

॥ਪਉੜੀ ਦੂਸਰੀ॥[2]

ਬਾਬੀਹਾ ਪ੍ਰਿਉ ਬੋਲੈ ਕੋਕਲ ਬਾਣੀਆ॥
ਸਾਧਨ ਸਭਿ ਰਸ ਚੋਲੈ ਅਕਿ ਸਮਾਣੀਆ॥
ਹਰਿ ਅੰਕ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ॥
ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰ ਵਾਸ ਮੁਰਾਰੇ॥
ਸਭ ਤੇਰੀ ਤੂੰ ਮੇਰਾ ਪ੍ਰੀਤਮ ਨਿਸ ਬਾਸੁਰ ਰੰਗਿ ਰਾਵੈ॥
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਲ ਸਬਦ ਸੁਹਾਵੈ॥੨॥

॥ਪਉੜੀ ਤੀਜੀ॥[3]

ਤੂੰ ਸੂਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥
ਮਨ ਤਨ ਰਵਤ ਰਵੰਨੇ ਘੜੀ ਨ ਬੀਸਰੈ॥
ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥
ਨਾ ਕੋਈ ਮੇਰਾ ਹਉ ਕਿਸ ਕੇਰਾ ਹਰਿ ਬਿਨ ਰਹਣ ਨ ਜਾਏ॥
ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ॥
ਨਾਨਕ ਦ੍ਰਿਸਟਿ ਦੀਰਘ ਸੁਖ ਪਾਵੈ ਗੁਰ ਸਬਦੀ ਮਨੁ ਧੀਰਾ॥੩॥

॥ਪਉੜੀ ਚਉਥੀ॥[4]

ਬਰਸੈ ਅਮ੍ਰਿਤ ਧਾਰ ਬੂੰਦ ਸੁਹਾਵਣੀ॥
ਸਾਜਨ ਮਿਲੇ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥
ਹਰਿਮੰਦਰ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥
ਘਰਿ ਘਰਿ ਕੰਤੁ ਰਵੈ ਸੋਹਾਗਣ ਹਉ ਕਿਉ ਕੰਤ ਵਿਸਾਰੀ॥
ਉਨਵ ਘਨ ਛਾਏ ਬਰਸੁ ਸਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥
167/ਅ ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘ/ਰਿ ਆਵੈ॥੪॥

॥ਪਉੜੀ ਪੰਜਵੀ॥[5]

ਚੇਤੁ ਬਸੰਤ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰ ਮੈ ਪਿਰ ਘਰੀ ਬਾਹੜੇ॥
ਪਿਰ ਘਰ ਨਹੀ ਆਵੈ ਧਨ ਕਿਉ ਸੁਖ ਪਾਵੈ ਬਿਰਹਿ ਬਿਧ ਤਨੁ ਛੀਜੈ॥

---

[1] ਇੱਥੇ ਸਿਰਲੇਖ '॥ਤੁਖਾਰੀ ਛੰਤ ਮਹਲਾ ੧ ਬਾਰਹਮਾਹਾ॥' ਹੈ (ਸ)
[2] ਇੱਥੇ ਸਿਰਲੇਖ '॥ਪਉੜੀ ਦੂਸਰੀ॥' ਨਹੀਂ ਹੈ (ਸ)
[3] ਇੱਥੇ ਸਿਰਲੇਖ '॥ਪਉੜੀ ਤੀਜੀ॥' ਨਹੀਂ ਹੈ (ਸ)
[4] ਇੱਥੇ ਸਿਰਲੇਖ '॥ਪਉੜੀ ਚਉਥੀ॥' ਨਹੀਂ ਹੈ (ਸ)
[5] ਇੱਥੇ ਸਿਰਲੇਖ '॥ਪਉੜੀ ਪੰਜਵੀਂ॥' ਨਹੀਂ ਹੈ (ਸ)

ਕੋਕਲਿ ਅੰਬ ਸੁਹਾਵੀ ਬੋਲੈ ਕਿਉ ਦੁਖ ਅੰਕ ਸਹੀਜੈ॥
ਭਵਰ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥
ਨਾਨਕ ਚੇਤਿ ਸਹਾਜਿ ਸੁਖ ਪਾਵੈ ਜੇ ਹਰਿ ਵਰੁ ਘਰਿ ਧਨੁ ਪਾਏ॥੫॥

॥ਪਉੜੀ ਛਿਵੀ॥[1]

ਵੈਸਾਖੁ ਭਲਾ ਸਾਖਾ ਵੇਸੁ ਕਰੇ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣ ਕਰੇ ਤਧੁ ਭਾਵਾ ਦੇਖ ਦਿਖਾਵੈ ਢੋਲੋ॥
ਦੂਰ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲ ਪਛਾਨਾ॥
ਨਾਨਕ ਵੈਸਾਖੀ ਪ੍ਰਭ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥

॥ਪਉੜੀ ਸਤਵੀ॥[2]

ਮਾਹ ਜੇਠ ਭਲਾ ਪ੍ਰੀਤਮ ਕਿਉ ਬਿਸਰੈ॥
ਥਲ[3] ਤਾਪਹਿ ਸਰ ਭਾਰ ਸਾਧਨ ਬਿਨਉ ਕਰੈ॥
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਮਿਲੇ[4] ਤਾ ਆਵਾ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥
ਨਾਨਕ ਜੇਠ ਜਾਣੈ ਤਿਸ ਜੈਸੀ ਕਰਮ ਮਿਲੈ ਗੁਣ ਗਹਿਲੀ॥੭॥

॥ਪਉੜੀ ਅਠਵੀ॥[5]

ਆਸਾੜ ਭਲਾ ਸੂਰਜੁ ਗਗਨਿ ਤਪੈ॥
ਧਰਤੀ ਦੂਖ ਸਹੈ ਸੋਖੈ ਅਗਿਨ ਭਖੈ॥
ਅਗਨ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤ ਨ ਹਾਰੇ॥
ਰਥ ਫਿਰੈ ਛਾਇਆ ਧਨ ਤਾ ਕੈ ਟੀਡ ਲਵੈ ਮੰਝ ਬਾਰੇ॥
ਅਵਗੁਣ ਬਾਧ ਚਲੀ ਦੁਖ ਆਗੈ ਸੁਖ ਤਿਸੁ ਸਚੁ ਸਮਾਲੇ॥
168/ੳ ਨਾਨਕ ਜਿਸ ਨੋ ਇਹੁ ਮਨੁ ਦੀਜੈ ਮਰਣ ਜੀਵਣ ਪ੍ਰਭ ਨਾਲੇ॥/੮॥

॥ਪਉੜੀ ਨਾਵੀ॥[6]

ਸਾਵਣ ਸਰਸੁ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨ ਤਨ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰ ਨਹੀ ਆਵੈ ਮਰੀਐ ਹਾਵੈ ਦਾਮਨ ਚਮਕ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖ ਪਾਏ॥
ਹਰਿ ਬਿਨ ਨੀਦ ਭੂਖ ਕਹੁ ਕੈਸੀ ਕਾਪੜ ਤਨ ਨ ਸੁਖਾਵਏ॥
ਨਾਨਕ ਸਾ ਸੋਹਾਗਣ ਕੰਤੀ ਪਿਰ ਕੈ ਅੰਕਿ ਸਮਾਵਏ॥੯॥

॥ਪਉੜੀ ਦਸਵੀ॥[7]

ਭਾਦਉ ਭਰਮ ਭੁਲੀ ਭਰਿ ਜੋਬਨਿ ਪਛੁਤਾਣੀ॥
ਜਲ ਥਲ ਨੀਰ ਭਰੇ ਬਰਸੈ ਰੁਤਿ ਰੰਗੁ ਮਾਣੀ॥
ਬਰਸੈ ਨਿਸ ਕਾਲੀ ਕਿਉ ਸੁਖ ਬਾਲੀ ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ ਭਇਅੰਗਮ ਫਿਰੈਂ ਡਸੰਤੇ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛ ਚਲਉ ਗੁਰ ਅਪਨੇ ਜਹ ਪ੍ਰਭ ਤਹ ਹੀ ਜਾਈਐ॥੧੦॥

---

[1] ਇੱਥੇ ਸਿਰਲੇਖ '॥ਪਉੜੀ ਛਿਵੀ॥' ਨਹੀਂ ਹੈ (ਸ)
[2] ਇੱਥੇ ਸਿਰਲੇਖ '॥ਪਉੜੀ ਸਤਵੀ॥' ਨਹੀਂ ਹੈ (ਸ)
[3] ਬਲ (ਅ,ੲ)
[4] ਦੇਹਿ (ਸ)
[5] ਇੱਥੇ ਸਿਰਲੇਖ '॥ਪਉੜੀ ਅਠਵੀ॥' ਨਹੀਂ ਹੈ (ਸ)
[6] ਇੱਥੇ ਸਿਰਲੇਖ '॥ਪਉੜੀ ਨਾਵੀ॥' ਨਹੀਂ ਹੈ (ਸ)
[7] ਇੱਥੇ ਸਿਰਲੇਖ '॥ਪਉੜੀ ਦਸਵੀ॥' ਨਹੀਂ ਹੈ (ਸ)

॥ਪਉੜੀ ਗਿਆਰਵੀ॥[1]

ਅਸੁਨਿ ਆਉ ਪਿਰਾ ਸਾ ਧਨ ਝੂਰ ਮੁਈ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥
ਝੂਠ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿਫੁਲੇ॥
ਆਗੈ ਘਾਮਿ ਪਿਛੈ ਰੁਤਿ ਜਾੜਾ ਦੇਖਿ ਚਲਿਤ ਮਨ ਡੋਲੇ॥
ਦਹਦਿਸ ਸਾਖ ਹਰੀ ਹਰਿਆਵਲ ਸਹਜਿ ਪਕੈ ਸੋ ਮੀਠਾ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਗੁਰ ਭਏ ਬਸੀਠਾ॥੧੧॥

॥ਪਉੜੀ ਬਾਰਵੀ॥[2]

ਕਤਕ ਕਿਰਤੁ ਪਇਆ ਜੋ ਪ੍ਰਭ ਭਾਇਆ॥
ਦੀਪਕੁ ਸਹਿਜ ਬਲੈ ਤਤਿ ਜਲਾਇਆ[3]॥
ਦੀਪਕ ਰਸ ਤੇਲੋ ਧਰ ਪਿਰ ਮੇਲੋ ਧਨ ਉਮਾਹੈ ਸਰਸੀ॥
168/ਅ ਅਵਗੁਣ ਮਾਰੀ ਮਰੈ ਨ ਜੀਵੈ ਗੁਣ ਸਾਰੀ/ਤਾ ਮਰਸੀ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥੧੨॥

॥ਪਾਉੜੀ ਤੇਰਵੀ॥[4]

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥
ਗਿਆਨ ਧਿਆਨ ਗੁਣ ਅੰਕ ਸਮਾਣੇ ਪ੍ਰਭ ਭਾਣੇ ਤਾ ਭਾਇਆ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦਖੁ ਭਾਗੈ॥
ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੇ॥੧੩॥

॥ਪਉੜੀ ਚਉਦਵੀ॥[5]

ਪੋਖ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥
ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥
ਦਰਸਨੁ ਦੇਹ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥੧੪॥

॥ਪਉੜੀ ਪੰਧਰਵੀ॥[6]

ਮਾਘਿ ਪੁਨੀਤ ਭਈ ਤੀਰਥੁ ਅੰਤਰ ਜਾਨਿਆ॥
ਸਾਜਨਿ ਸਹਜਿ ਮਿਲੈ ਗੁਣ ਗਹਿ ਅੰਕਿ ਸਮਾਨਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧ ਭਾਵਾ ਸਰ ਨਾਵਾ॥
ਗੰਗ ਜਮਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥
ਪੁੰਨ ਦਾਨ ਪੂਜਾ ਪ੍ਰਮੇਸੁਰ ਜੁਗਿ ਜੁਗਿ ਏਕੋ ਜਾਤਾ॥
ਨਾਨਕ ਮਾਘ ਮਹਾ ਰਸੁ ਹਰਿ ਜਪੁ ਅਠਿਸਠਿ ਤੀਰਥ ਨਾਤਾ॥੧੫॥

॥ਪਉੜੀ ਸੋਲਵੀ॥[7]

ਫਲਗੁਣ ਮਨ ਰਹਸੀ ਪ੍ਰੇਮ ਸੁਭਾਇਆ॥
ਅਨਦਿਨੁ ਰਹਸੁ ਭਇਆ ਆਪੁ ਗਵਾਇਆ॥
169/ੳ ਮਨ ਮੋ ਚੁਕਾਇਆ ਜਾ ਤਿਸੁ ਭਾਇਆ ਕਰ ਕਿਰਪਾ ਘ/ਰਿ ਆਉ॥

---

[1] ਇੱਥੇ ਸਿਰਲੇਖ '॥ਪਉੜੀ ਗਿਆਰਵੀ॥' ਨਹੀਂ ਹੈ (ਸ)
[2] ਇੱਥੇ ਸਿਰਲੇਖ '॥ਪਉੜੀ ਬਾਰਵੀ॥' ਨਹੀਂ ਹੈ (ਸ)
[3] ਜਗਾਇਆ (ਅ)
[4] ਇੱਥੇ ਸਿਰਲੇਖ '॥ਪਉੜੀ ਤੇਰਵੀ॥' ਨਹੀਂ ਹੈ (ਸ)
[5] ਇੱਥੇ ਸਿਰਲੇਖ '॥ਪਉੜੀ ਚਉਦਵੀ॥' ਨਹੀਂ ਹੈ (ਸ)
[6] ਇੱਥੇ ਸਿਰਲੇਖ '॥ਪਉੜੀ ਪੰਧਰਵੀ॥' ਨਹੀਂ ਹੈ (ਸ)
[7] ਇੱਥੇ ਸਿਰਲੇਖ '॥ਪਉੜੀ ਸੋਲਵੀ॥' ਨਹੀਂ ਹੈ (ਸ)

ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਉ॥
ਹਾਰ ਛੋਰ ਰਸ ਪਾਟ ਪਟੰਬਰ ਪਿਰ ਲੋੜੀ ਸੀਗਾਰੀ॥
ਨਾਨਕ ਮੇਲ ਲਈ ਗੁਰ ਅਪਣੈ ਘਰ ਵਰ ਪਾਇਆ ਨਾਰੀ॥੧੬॥

॥ਪਉੜੀ ਸਤਾਰਵੀ॥[1]

ਬੇਦ ਸਮਾਰ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧ ਜਾਣੈ॥
ਜਿਨ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗ ਮਾਣੈ॥
ਘਰਿ ਸੇਜ ਸੁਹਾਵੀ ਜਾ ਪਿਰ ਰਾਵੀ ਗੁਰ[2] ਮਸਤਕ ਭਾਗੋ॥
ਨਾਨਕ ਅਹਿਨਿਸ ਰਾਵੈ ਪ੍ਰੀਤਮੁ ਹਰਿ ਵਰੁ ਥਿਰ ਸੋਹਾਗੋ॥੧੭॥
ਬਾਰਹ ਮਾਸਾ ਪ੍ਰੇਮ ਰਸ ਪੂਰਨ ਕੀਆ ਦਿਆਲ॥[3]
ਅਤ ਪ੍ਰਸੰਨ ਸੋਭਾ ਅਮਿਤ ਲੀਲਾ ਅਗਮ ਬਿਸਾਲ॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥੬੪॥

---
[1] ਇੱਥੇ ਸਿਰਲੇਖ '॥ਪਉੜੀ ਸਤਾਰਵੀ॥' ਨਹੀਂ ਹੈ (ਸ)
[2] ਗੁਰਮੁਖਿ (ਸ)
[3] ਇੱਥੇ ਸਿਰਲੇਖ '॥ਦੋਹਰਾ॥' ਹੈ (ਅ)

[ਸਾਖੀ ਸ੍ਰੀ ਗੁਰੂ ਬਾਬੇ ਜੀ ਦਾ ਜੋਤੀ ਜੋਤਿ ਸਮਾਉਣਾ]

॥ਦੋਹਰਾ॥

ਅਸੂ ਵਦੀ ਥਿਤ ਦਸਵੀ ਕਨਾਗਤ ਪਰਬਿ ਪੁਨੀਤ॥
ਨਿਜ ਪਰਮ ਧਾਮ ਸਤਿਗੁਰ ਚਲੇ ਧਰ ਜਗ ਭਗਤ ਬਿਨੀਤ॥੧॥

॥ਚੌਪਈ॥

ਸਤਿਗੁਰ ਦਿਆਲ ਸ੍ਰੀ ਮੁਖ ਇਮ ਭਾਖਾ॥ਉਨਹਤਰ ਬਰਸ ਦੇਹ ਮਮ ਰਾਖਾ॥
ਅਬ ਭਗਤ ਪ੍ਰਭਾਉ ਪ੍ਰਗਟ ਜਗ ਭਇਆ॥ਗੁਰੂ ਅੰਗਤ ਮਮ ਸਰੂਪ ਥਿਰ ਥਇਆ॥੨॥
ਅਬ ਮੈ ਚਲੌ ਪਰਮ ਨਿਜ ਧਾਂਮ॥ਪੂਰਨ ਭਏ ਜਗਤ ਸਭ ਕਾਮ॥
ਦ੍ਰਿਸਟਿਮਾਨ ਜਗ ਮਿਥਿਆ ਰੂਪ॥ਅਮਰ ਅਜਰ ਹਰਿ ਭਗਤ ਅਨੂਪ॥੩॥
169/ਅ ਗੁਰੂ ਅੰਗਤ ਜੀ/ਕੋ ਚਿਤਵਨ ਕੀਨਾ॥ਪ੍ਰਗਟ ਪਏ ਤਹਾ ਪੁਰਖ ਪ੍ਰਬੀਨਾ॥
ਆਇ ਚਰਨ ਸਤਿਗੁਰ ਕੇ ਪਰੇ॥ਲੀਏ ਅੰਕ ਲਗਾਇ ਪ੍ਰੇਮ ਹੀਏ ਭਰੇ॥੪॥
ਪੁਨ ਦਿਆਲ ਸਭ ਸਖਾ ਬੁਲਾਏ॥ਇਹ ਬਿਧ ਸਭ ਦੌੜੇ ਆਏ॥
ਬੁਢਾ ਭਗੀਰਥ ਅਉਰ ਸਧਾਰਨ॥ਆਏ ਬਲਵੰਡ ਭਜਨ ਸੁਖ ਕਾਰਨ॥੫॥

॥ਦੋਹਰਾ॥

ਬਾਲਾ ਸੰਧੂ ਅਉਰ ਸਭ ਜੇਤੇ ਪ੍ਰੇਮੀ ਦਿਆਲ॥
ਸੁਨ ਪਰਮ ਧਾਂਮ ਬਾਬਾ ਲੇ ਸਭ ਆਏ ਤਤਕਾਲ॥੬॥

॥ਚੌਪਈ॥

ਤਬ ਬਾਬਾ ਜੀ ਇਹ ਬਚਨ ਬਖਾਨਾ॥ਤੁਮ ਸੇਵਕ ਮੇਰੇ ਸਖਾ ਪੁਰਾਨਾ॥
ਮਮ ਨਿਜ ਉਪਦੇਸ ਦਿੜੇ ਜੇ ਕੋਇ॥ਤਾਹ ਸਦਾ ਮਮ ਦਰਸਨ ਹੋਇ॥੭॥
ਮੇਰਾ ਸਰੂਪ ਗੁਰੂ ਅੰਗਤ ਜਾਨੋ॥ਯਾ ਮੋ ਭੇਦ ਨ ਰੰਚਕ ਆਨੋ॥
ਜੋ ਭੇਦ ਬੁਝੇ ਤਿਨ[1] ਦਰਸਨ ਨਾਹ[2]॥ਜਿਹ ਭੇਦੁ ਨਹੀ ਸਦ ਦਰਸਨ ਪਾਇ॥੮॥
ਸ੍ਰੀ ਗੁਰੂ ਅੰਗਤ ਪ੍ਰਭੂ ਬੁਲਾਏ॥ਮਮ ਚਿਤਵਨ ਕਰੀ ਭਲੇ ਤੁਮ ਆਏ॥
ਮੈ ਨਿਜ ਸਰੂਪ ਅਪਨਾ ਤੁਮ ਜਾਨਾ॥ਅਬ ਲੀਨ ਹੋਵੌਂ ਮੈ ਪਦ ਨਿਰਬਾਨਾ॥੯॥
ਹਰਿ ਕਾ ਪੰਥ ਗੁਰਮੁਖ ਜਗ ਕਰਨਾ॥ਦੇ ਨਾਮ ਮੰਤ੍ਰ ਤੁਮ ਜਗਤ ਉਧਰਨਾ॥
ਜੋ ਦੀਸੇ ਸੋ ਸਗਲ ਬਿਨਾਸੀ॥ਮਮ ਸਰੂਪ ਸਦ ਤੁਮ ਅਬਿਨਾਸੀ॥੧੦॥

॥ਸੋਰਠਾ॥

ਗੁਰੂ ਬਾਬੇ ਕਿਰਪਾ ਧਾਰਿ ਗੁਰੂ ਅੰਗਤ ਸੋ ਐਸੇ ਕਹੀ॥
ਤੁਮ ਮਮ ਹਿਰਦੇ ਅਧਾਰ ਤੁਮ ਸਰਬਗ ਪੂਰਨ ਸਕਲ॥੧੧॥

॥ਚੌਪਈ॥

ਬਲਵੰਡ ਰਬਾਬੀ ਤੁਮ ਸੰਗ ਜਾਵੈ॥ਸਮੇ ਸਮੇ ਹਰਿ ਭਜਨ ਸੁਨਾਵੈ॥
ਇਸ ਪਰ ਦਇਆਵੰਤ ਸਦ ਰਹੀਐ॥ਦਾਤਨ ਮੋ ਜਿਮ ਜੀਭ ਰਖਈਐ॥੧੨॥
ਮੈ ਬਿਦਾ ਕਰੌ ਖਡੂਰ ਅਬ ਜਾਵੋ॥ਪਰਮਾਨੰਦ ਪਦ ਸਹਜ ਸਮਾਵੋ॥
170/ੳ ਸ੍ਰੀ ਗੁਰੂ/ਅੰਗਦ ਗਏ ਖਡੂਰ॥ਜਾ ਕੇ ਨਾਹੀ ਨਿਕਟ ਅਉ ਦੂਰ॥੧੩॥
ਤਬ ਬੁਢੇ ਕੋ ਪ੍ਰਭ ਲੀਓ ਬੁਲਾਇ॥ਮਾਗੋ ਦੇਉ ਜੁ ਤੁਮ ਮਨ ਚਾਹ॥
ਬੁਢੇ ਬਿਚਾਰ ਮਨ ਬਿਨਤੀ ਕਰੀ॥ਦੇਹ ਜੀਵਤ ਲੌ ਦਰਸਨ ਕਰੀ॥੧੪॥
ਸਤਗੁਰ ਦਿਆਲ ਬੋਲੇ ਬਰ ਬਾਨੀ॥ਜਹਾਂ ਮੈਂ ਬਸੋ ਤੂੰ ਲੇਹੁ ਪਛਾਨੀ॥
ਨੈਨਨ ਜਲੁ ਬੁਢੇ ਕੇ ਚਲਾ॥ਹਾਥ ਜੋੜ ਸਨਮੁਖ ਭਯੋ ਖੜਾ॥੧੫॥

॥ਦੋਹਰਾ॥

ਸਾਧਾਰਨ ਸੇਵਾ ਕਰੇ ਸਤਿਗੁਰ ਕੀ ਕਰ ਪ੍ਰੇਮ॥
ਦੀਨ ਦਿਆਲ ਕੀ ਦਯਾ ਸੋ ਪੂਰਨ ਹੂਆ ਨੇਮ॥੧੬॥

---

[1] ਤਿਸ (ਅ)
[2] ਤਾਹ (ਸ)

॥ ਛੰਤ ॥[1]

ਤੂੰ ਸੁਨ ਸਾਧਾਰਨ ਮੀਤ ॥ ਲੇਹ ਮਾਗ ਜਿਹ ਪਰ ਚੀਤ ॥
ਮੈ ਦੇਉ ਤੁਮ ਤਤਕਾਲ ॥ ਹਉ ਭਯੋ ਤੁਮ ਪਰ ਦਿਆਲ ॥ ੧੭ ॥
ਲੀਨਾ ਸਧਾਰਨ ਜਾਨ ॥ ਅਬ ਕਰੇ ਦਿਆਲ ਪਿਆਨ ॥
ਭਇਓ ਮੋਹ ਮਤ ਮਲੀਨ ॥ ਤੁਛ ਅਰਥ ਭਇਓ ਅਧੀਨ ॥ ੧੮ ॥
ਮੋਰੋ ਕੁੜਮ ਕੈਦ ਜੁ ਆਹਿ ॥ ਕਰ ਦਇਆ ਛੁਡਾਵੋ ਤਾਹਿ ॥
ਸੁਨ ਹਸੇ ਬਹੁਤ ਦਿਆਲ ॥ ਕਿਆ ਮੰਗੇ ਖਾਮ ਖਿਆਲ ॥
ਫਿਰ ਕਰੀ ਬਿਨੇ ਬਿਸਾਲ ॥ ਵਾ ਕੋ ਛੁਡਾਵੋ ਦਿਆਲ ॥ ੧੯ ॥
ਲੇਹੁ ਬਡੋ ਫਲੁ ਕਛੁ ਮੰਗ ॥ ਜਾਂ ਤੇ ਪਰੇਂ ਤੂੰ ਪਾਰੰਗ ॥
ਫਿਰ ਕੀਈ ਬਿਨੋ ਬਿਸਾਲ ॥ ਵਾ ਕੋ ਛੁਡਾਵੋ ਦਿਆਲ ॥ ੨੦ ॥[2]
ਮੈ ਅਵਰੁ ਕਛੁ ਨ ਲੇਹੁ ॥ ਮੋ ਕੋ ਇਹੀ ਫਲੁ ਦੇਹੁ ॥
ਤਬ ਕਹਿਓ ਬਚਨ ਦਿਆਲ ॥ ਵਹ ਛੂਟਿਓ ਇਹ ਕਾਲ ॥ ੨੧ ॥

॥ ਦੋਹਰਾ ॥

ਤਬ ਬਾਬੇ ਜੀ ਜਾਨਿਆ ਇਹ ਮਤ ਮੋਹ ਮਲੀਨ ॥
ਮੈ ਇਨ ਕੋ ਛਡਨਾ ਨਹੀ ਇਨ ਮਮ ਸੇਵਾ ਕੀਨ ॥ ੨੨ ॥

॥ ਚੌਪਈ ॥

ਪੁਨ ਬਾਬਾ ਜੀ ਭਏ ਦਿਆਲ ॥ ਸਾਧਾਰਨ ਬਰ ਦੀਓ ਬਿਸਾਲ ॥
170/ਅ ਜਹਾ ਮੈ ਰਹੌ ਤੁਮ ਦਰਸਨ ਪਾਵੌਂ ॥ ਅੰਤ ਕਾਲ ਮੁਝ ਮਾਹ ਸਮਾਵੋ ॥ /**੨੩ ॥**
ਪੁਨ ਭਾਗੀਰਥ ਕੋ ਪ੍ਰਭ ਕਹਾ ॥ ਮਾਂਗ ਲੇਹੁ ਜੋ ਤੁਮ ਮਨ ਚਾਹਾ ॥
ਹਾਥ ਜੋੜ ਤਿਨ ਬਿਨਤੀ ਕੀਨਾ ॥ ਸਦਾ ਰਹੋ ਤਮ ਦਰਸਨ ਭੀਨਾ ॥ ੨੪ ॥
ਤਾ ਸੋ ਬਾਬੇ ਬਚਨ ਬਖਾਨੋ ॥ ਮੋਰੋ ਸਰੂਪ ਗੁਰੂ ਅੰਗਦ ਜਾਨੋ ॥
ਵਹ ਦਰਸਨ ਮੇਰੋ ਨਿਜ ਦਰਸਨ ॥ ਸਭ ਉਨ ਕੀ ਸੇਵ ਕਰੋ ਮਮ ਸਰਸਨ ॥ ੨੫ ॥
ਤਬ ਲਖਮੀ ਦਾਸ ਸ੍ਰੀ ਚੰਦ ਬੁਲਾਏ ॥ ਪਿਤਾ ਪਰਮਾਨੁ ਕੀਓ ਨਹੀ ਆਏ ॥
ਚਾਦਰ ਓਢ ਦਿਆਲ ਤਬ ਲੀਆ ॥ ਨਿਜ ਪਰਮ ਧਾਂਮ ਕੋ ਪਿਆਨਾ[3] ਕੀਆ ॥ ੨੬ ॥

॥ ਦੋਹਰਾ ॥

ਲਖਮੀ ਦਾਸ ਸ੍ਰੀ ਚੰਦ ਜੀ ਸੁਨਿਓ ਪਿਆਨਾ ਦਿਆਲ ॥
ਤਾਤਕਾਲ ਤਿਹ ਆਇ ਕਰ ਕੀਨੋ ਪ੍ਰੇਮ ਬਿਸਾਲ ॥ ੨੭ ॥

॥ ਚੌਪਈ ॥

ਹੇ ਬਾਬਾ ਜੀ ਹਮ ਨਹੀ ਜਾਨਾ ॥ ਪਿਤਾ ਜਾਨ ਮਾਨ ਮਨ ਠਾਨਾ ॥
ਹਮ ਸੋ ਬਚਨ ਏਕ ਨਹੀ ਕੀਨਾ ॥ ਕਛੂ ਮਨੋਰਥ ਮਾਂਗ ਨ ਲੀਨਾ ॥ ੨੮ ॥
ਅਬ ਦਿਆਲ ਹੋਇ ਦੁਇ ਬਾਤ ਕਰੀਜੈ ॥ ਉਠ ਬੈਠੋ ਦਰਸਨ ਹਮ ਦੀਜੈ ॥
ਜਗਿਓ ਪ੍ਰੇਮ ਬਾਬਾ ਉਠ ਬੈਠੇ ॥ ਭਇਓ ਅਨੰਦ ਦੂਖ ਸਭ ਐਠੇ ॥ ੨੯ ॥
ਤਬ ਬੋਲੇ ਦਿਆਲ ਪੁਤ੍ਰ ਕਛੁ ਕਹੋ ॥ ਜੋ ਕੁਛ ਮਾਗੋ ਸੋ ਤੁਮ ਲਹੋ ॥
ਲਖਮੀ ਦਾਸ ਜੀ ਬਿਨਤੀ ਕੀਨੀ ॥ ਤੁਮ ਗੁਰਆਈ ਗੁਰੂ ਅੰਗਤ ਦੀਨੀ ॥ ੩੦ ॥
ਜੋ ਤੁਮ ਕੀਏ ਕਾਰਜ ਸਭ ਭਲੇ ॥ ਹਮਰੋ ਕਾਜ ਜਗਤ ਕਿਮ ਚਲੇ ॥
ਹੋਇ ਦਿਆਲ ਯਹ ਬਚਨ ਬਖਾਨਾ ॥ ਤੁਮ ਮਮ ਸੁਤ ਸਭਹੂੰ ਜਗ ਜਾਨਾ ॥ ੩੧ ॥

॥ ਦੋਹਰਾ ॥

ਤੁਮ ਤੋ ਮੇਰੇ ਪੁਤ੍ਰ ਹੋ ਜਾਨੇ ਸਗਲ ਜਹਾਨ ॥
ਜੋ ਮੇਰਾ ਜਗ ਮੋ ਹੈ ਕੋਊ ਤੁਮ ਕੋ ਲੇਵੈ ਮਾਨ ॥ ੩੨ ॥

॥ ਚੋਪਈ ॥

171/ੳ ਅਬ ਮੈ ਹੋਓ ਅੰਤਰਿ ਧਿਆਨ ॥ ਤਬ ਸ੍ਰੀ/ਚੰਦ ਜੀ ਬਿਨੇ ਬਿਖਾਨ ॥
ਨੈਨਨ ਸਰਵਤ ਜਲ ਤੇ ਇਮ ਕਹਿਓ ॥ ਹਮ ਸਦ ਹੀ ਦਰਸ ਤੁਮਾਰਾ ਚਹਿਓ ॥ ੩੩ ॥

---

[1] ਇੱਥੇ ਸਿਰਲੇਖ '॥ ਤੋਮਰ ਛੰਦ ॥' ਹੈ (ਅ)

[2] ਇੱਥੇ 'ਫਿਰ ਕੀਈ ਬਿਨੋ ਬਿਸਾਲ ॥ ਵਾ ਕੋ ਛੁਡਾਵੋ ਦਿਆਲ ॥ ੨੦ ॥' ਵਾਲੀ ਪੰਕਤੀ ਨਹੀਂ ਹੈ (ਅ)

[3] ਧਿਆਨਾ (ਅ)

ਪੁਨ ਦਿਆਲ ਯਹ ਕਹਿਓ ਬਖਾਨ॥ਤੁਮਰੋ ਪ੍ਰੇਮ ਲੀਆ ਮੈ ਮਾਨ॥
ਤਬ ਤੁਮ ਚਾਰ ਜੁਗ ਮੁਖ ਕਹਤੇ॥ਮਾਨ ਪ੍ਰੇਮ ਹਮ ਬੈਠੇ ਰਹਤੇ॥੩੪॥
ਤਬ ਸਭਹਨ ਮਿਲ ਬਿਨਤੀ ਕੀਨਾ॥ਹੇ ਪ੍ਰਭੂ ਦਿਆਲ ਪੁਰਖ ਪ੍ਰਬੀਨਾ॥
ਕਰਮ ਧਰਮ ਜਗ ਕਾ ਆਚਾਰ[1]॥ਜਿਉ ਬਚਨ ਹੋਇ ਤੈਸੋ ਹੀ ਕਰਨਾ॥੩੫॥

॥ਦੋਹਰਾ॥

ਹੋਇ ਪ੍ਰਸੰਨ ਸਤਗੁਰ ਕਹਿਓ ਸੁਨੋ ਪੁਤ੍ਰ ਸਿਖ ਮਮ ਸੋਇ॥
ਕਰਮ ਧਰਮ ਬਿਵਹਾਰ ਜਗ ਹਰਿ ਭਗਤ ਸਮਾਨ ਨ ਕੋਇ॥੩੬॥

॥ਇਸ ਪਰਥਾਇ ਬਾਬੇ ਜੀ ਸਬਦ ਉਚਾਰ ਕੀਆ॥

॥ਆਸਾ ਮਹਲਾ ੧॥

ਦੀਵਾ ਮੇਰਾ ਏਕ ਨਾਮੁ ਦੁਖ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥੧॥
ਲੋਕਾ ਮਤ ਕੋਈ ਫਕੜੁ ਪਾਇ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ਰਹਾਉ॥
ਪਿੰਡ ਪਤਲ ਮੇਰੀ ਕੇਸੋ ਕਿਰਿਆ ਸਚੁ ਨਾਮੁ ਕਰਤਾਰੁ॥
ਐਥੇ ਓਥੇ ਆਗੇ ਪਾਛੇ ਏਹੁ ਮੇਰਾ ਆਧਾਰੁ॥੨॥
ਗੰਗਾ ਬਨਾਰਸ ਸਿਫਤ ਤੁਮਾਰੀ ਨਾਵੈ ਆਤਮ ਰਾਉ॥
ਸਚਾ ਨਾਵਣ ਤਾ ਥੀਐ ਜਾ ਅਹਿਨਿਸ ਲਾਗੈ ਭਾਉ॥੩॥
ਇਕ ਲੋਕੀ ਹੋਰ ਛਮਛਰੀ ਬ੍ਰਾਹਮਣ ਵਟ ਪਿੰਡ ਖਾਇ॥
ਨਾਨਕ ਪਿੰਡ ਬਖਸੀਸ ਕਾ ਕਬਹੂੰ ਨਿਖੂਟਸ ਨਾਹਿ॥੪॥

॥ਤਿਸ ਕਾ ਪਰਮਾਰਥੁ॥

ਬਾਬੇ ਜੀ ਬਚਨੁ ਕੀਆ ਹੇ ਭਾਈ ਦੀਵਾ ਧਾਰਨਾ ਮੇਰਾ ਇਕ ਨਾਮੁ ਹੈ ਸਭ ਦੁਖ ਉਸ ਮੋ ਤੇਲੁ
171/ਅ ਹੈ॥ਦੁਖ ਤੇਲ ਕੋ ਸੋਖ ਕਰ ਸਦਾ ਉਜਿਆਰਾ ਹੈ॥ਐਸੇ ਚਾਂਦਨ ਮੋ ਜਮ ਸੋ ਮੇਲੁ ਨਾਹੀ॥ਹੇ/ਭਾਈ ਤੁਸਾ ਕੋਈ ਫਕੜੁ ਨਾਹੀ ਪਾਵਨਾ॥ਜੈਸੇ ਲਖ ਮੜੇ ਤਨਕ ਆਗ ਸੌ ਭਸਮ ਹੋਤੇ ਹੈ ਮੇਰੇ ਸਰਬ ਕਰਮ ਨਾਮ ਕਰ ਨਾਸ ਭਏ ਹੈ॥ਪਿੰਡ ਅਰੁ ਪਤਲ ਮੇਰਾ ਕੇਸਵ ਹੈ॥ਅਰੁ ਕਿਰਿਆ ਮੇਰੀ ਸਚੁ ਨਾਮੁ ਕਰਤਾਰ ਹੈ॥ਇਸ ਲੋਕ ਪਰਲੋਕ ਆਗੇ ਪਾਛੇ ਮੇਰਾ ਅਧਾਰੁ ਹੈ॥ਗੰਗਾ ਅਰੁ ਬਨਾਰਸ ਮੇਰੀ ਉਸਤਤ ਪ੍ਰਭ ਕੀ ਹੈ॥ਸਚੁ ਇਸਨਾਨੁ ਤਬ ਹੋਤਾ ਹੈ॥ਜੋ ਸਦਾ ਪਰਮੇਸਰ ਸੌ ਪ੍ਰੇਮ ਲਗੇ॥ਇਕ ਲੌਕੀ ਕਹੀਐ ਮਿਟੀ ਕਾ ਕੁਜਾ ਅਰੁ ਛਮਛਰੀ ਕਹੀ ਪਿੰਡ ਕੇ ਆਟੇ ਕਾ ਠਿਕਰਾ ਤਿਸ ਮੇ॥ਸੋ ਬ੍ਰਾਹਮਣ ਪਿੰਡ ਕਹਾਵਤੇ ਹੈ ਜੋ ਪਰਮੇਸਰ ਕੀ ਕਿਰਪਾ ਕਾ ਪਿੰਡ ਪਰਾਪਤ ਹੋਇ ਕਦੇ ਨਿਖੁਟੇ ਨਾਹੀ॥ਸਦਾ ਹੀ ਤ੍ਰਿਪਤ ਹੋਇ॥ਹੇ ਮੇਰੇ ਪੁਤ੍ਰ ਮਿਤ੍ਰ ਸਖਾ ਮੇਰਾ ਪਿਡ ਪਤਲ ਇਸ ਜੁਗਤ ਕਰ ਸੁਧ ਭਇਆ॥ਤੁਮ ਕਛੂ ਫਕੜੁ ਨਾਹੀ ਕਰਨਾ॥[2]

॥ਚੌਪਈ॥

ਜਬ ਇਹ ਬਚਨ ਬਾਬੇ ਜੀ ਕਹੇ॥ਸਗਲੇ ਸੁਨ ਬਿਸਮਾਦ ਹੋਇ ਰਹੇ॥
ਪੁਨਿ ਜੋੜਿ ਹਾਥ ਚਰਨਨ ਪਰ ਗਿਰੇ॥ਸਤਿਗੁਰ ਮਹਿਮਾ ਲਖੀ ਨ ਪਰੇ॥
ਤਬ ਦਿਆਲ ਦ੍ਰਿੜ ਕੀਆ॥ਚਾਦਰ ਓਢ ਸਰੀਰ ਪਰ ਲੀਆ॥
ਨਿਜ ਪਦ ਨਿਰਬਾਨ ਲੀਨ ਪ੍ਰਭ ਭਏ॥ਨਹੀ ਕਹੂੰ ਆਏ ਨਹੀ ਕਹੂੰ ਗਏ॥੩੮॥

---

[1] ਆਚਰਨਾ (ੲ)

[2] ਇੱਥੇ ਇਸ ਪਹਿਰੇ ਦੀ ਜਗ੍ਹਾ ਤੇ '॥ਚੌਪਈ॥ਬਾਬੇ ਜੀ ਇਹੁ ਬਚਨ ਬਖਾਨ॥ਦੀਵਾ ਧਰ ਇਤ ਨਾਮ ਮਮਾਨੁ॥ਸਭ ਦੁਖ ਸੁਖ ਤਿਸ ਮੋ ਲੇ ਤੇਲ ਜਲਾਇਆ॥ਸੁਖ ਦੁਖ ਤੇਲ ਉਜਿਆਰਾ ਪਾਇਆ॥੩੭॥ਐਸੇ ਚਾਦਨ ਸੋ ਜਮ ਮੋਲ ਨ ਹੋਈ॥ਤੁਸਾ ਫਕੜ ਮਤ ਪਾਈਅਹੁ ਕੋਈ॥ਜੈਸੇ ਲਖ ਮੜੇ ਇਕਠੇ ਕਰ ਲੇਹੁ॥ਤਨਕ ਆਗ ਸੋ ਭਸਮ ਕਰੇਹੁ॥੩੮॥ਮੇਰੇ ਸਰਬ ਕਰਮ ਨਾਮ ਸੋ ਭਏ ਨਾਸ॥ਪਿੰਡ ਅਰ ਪਤਲ ਕੇਸਵ ਮੇਰੀ ਰਾਸ॥ਅਰ ਕਿਰਿਆ ਸਚੁ ਨਾਮ ਕਰਤਾਰੁ॥ਇਹੁ ਲੋਕ ਪਰਲੋਕ ਜਾ ਕੇ ਆਧਾਰ॥੩੯॥ਆਗੇ ਪਾਛੇ ਮੇਰਾ ਚਾਰ॥ਗੰਗ ਬਨਾਰਸ ਮੇਰੀ ਭਗਤ ਸੁਭ ਕਾਰ॥ਉਸਤਤ ਪ੍ਰਭ ਕੀਓ ਦਕ ਰੀਗਾ ਭਾਇਆ॥ਆਤਮ ਹਮਰੋ ਇਸਨਾਨ ਕਰਾਇਆ॥੪੦॥ ॥ਦੋਹਰਾ॥ਹਸਰ ਇਸਨਾਨ ਸਭ ਝੂਠ ਹੈ ਸਚੁ ਇਸਨਾਨ ਜਬ ਹੋਇ॥ਪ੍ਰੇਮ ਪ੍ਰਮੇਸਰ ਸੋ ਲਗੇ ਸੁਧ ਨਹੀ ਔਰੇ ਕੋਇ॥੪੧॥ਚੌਪਈ॥ਇਕ ਲੋਕ ਕੀ ਕਹੀਐ ਮਿਟੀ ਕਾ ਕੂਜਾ॥ਛਮਛਰੀ ਪਿੰਡ ਆਨਾ ਬੂਝਾ॥ਆਟਾ ਸਾਨੇ ਕਾ ਭਾਡਾ ਸਮੇਤ॥ਜਿਸ ਮੋ ਸੋ ਪਿੰਡ ਕਰਾਵੈ ਬ੍ਰਹਮਨ ਹੇਤ॥੪੨॥ਜੋ ਪ੍ਰਮੇਸਰ ਕੀ ਕਿਰਪਾ ਕਾ ਪਿੰਡ ਪਰਾਪਤ੍ਰਤਿ ਹੋਵੈ॥ਕਦੇ ਨਾ ਨਿਖੁਟੈ ਸਦਾ ਤ੍ਰਿਪਤੈ ਸੋਇ॥ਮੇਰੇ ਪੁਤ੍ਰ ਮਿਤ੍ਰ ਸਖਾ ਮੇਰੈ ਭਾਈ॥ਪਿੰਡ ਪਤਲ ਇਸ ਜੁਗਤ ਕਰਾਈ॥੪੩॥ਦੋਹਰਾ॥ਏਹ ਜੁਗਤ ਪਿੰਡ ਕਰ ਸੁਧ ਭਏ ਤੁਮ ਕਛੁ ਫਕੜ ਨ ਪਾਹੁ॥ਜੋ ਸਹ ਰਾਤੇ ਆਪਨੇ ਸੋ ਨਾਨਕ ਸਾਹਨ ਸਾਹ॥੪੪॥' ਪਾਠ ਹੈ (ਅ 143/ਅ ਤੋਂ 144/ੳ)

॥ **ਦੋਹਰਾ** ॥

ਸਤਿਗੁਰ ਨਰ ਕੋ ਰੂਪ ਤਜਿ ਭਏ ਦਿਆਲ ਨਿਰਬਾਨ॥
ਨਾਮ ਰੂਪ ਗੁਣ ਤਨ ਤਜਾ ਪੂਰਨ ਬ੍ਰਹਮ ਮਹਾਨ॥੩੯॥

॥ **ਚੌਪਈ** ॥

ਜਿਉ ਧਰਤੀ ਜਲ ਮਿਲ ਹੋਇ ਇਕ ਰੂਪ॥ ਜਲ ਮਿਲ ਅਗਨਿ ਹੋਤ ਹੈ ਗੂਪ॥
ਅਗਨ ਪਵਨ ਮਿਲ ਹੋਤ ਨਿਰਬਾਨ॥ ਪਵਨ ਅਕਾਸ ਮਿਲ ਏਕ ਸਮਾਨ॥੪੦॥

॥ **ਦੋਹਰਾ** ॥

172/ੳ ਅਕਾਸ ਲੀਨ/ਹੋਇ ਸਬਦੁ ਮੋ ਸਬਦੁ ਬ੍ਰਹਮ ਮਿਲ ਏਕ॥
ਤੈਸੇ ਲੀਲਾ ਪ੍ਰਭ ਕਰੀ ਬੂਝੋ ਸਤ ਬਿਬੇਕ॥੪੧॥
ਸਭ ਲੋਗਨ ਯਹ ਚਰਿਤ੍ਰ ਜਬ ਦੇਖਾ॥ ਪ੍ਰਮਾਤਮ ਬਾਬਾ ਕਰ ਲੇਖਾ॥
ਸੁਚ ਪਵਿਤ੍ਰ ਬਿਬਾਨ ਤਬ ਕਰਾ॥ ਨਿਰਮਲ ਸਰੀਰ ਤਾ ਊਪਰਿ ਧਰਾ॥੪੨॥
ਉਜਲ ਬਸਤ੍ਰ ਊਪਰ ਓਢਾਏ॥ ਕਰਤੇ ਭਜਨ ਨਦੀ ਪਰ ਆਏ॥
ਚੰਦਨ ਚਿਤਾ ਪੁਨ ਬਨੀ ਸਵਾਰ॥ ਪਾਵਨ ਸਰੀਰ ਧਰ ਕੀਓ ਸਿਸਕਾਰ॥੪੩॥
ਜੈ ਜੈ ਕਾਰ ਜਗਤ ਸਭ ਭਇਆ॥ ਦੇਵ ਲੋਕ ਮੰਗਲ ਸਭ ਕੀਆ॥
ਧੰਨੁ ਧੰਨੁ ਪ੍ਰਭ ਸਤਗੁਰ ਦਿਆਲ॥ ਸਗਲ ਜਗਤ ਜਿਨ ਕੀਆ ਨਿਹਾਲ॥੪੪॥

॥ **ਦੋਹਰਾ** ॥

ਯਹ ਚਲਤ ਸਮਾਵਨ ਦਿਆਲ ਕਾ ਪੜੇ ਸੁਨੇ ਕਰ ਪ੍ਰੇਮ॥
ਸਿਖੀ ਪਦ ਤਾ ਕੋ ਮਿਲੈ ਪਾਵੈ ਆਨੰਦ ਖੇਮ॥੪੫॥

॥ **ਦੋਹਰਾ** ॥

ਬੇਦੀ ਕੁਲ ਕਾਲੂ ਪਿਤਾ ਮਾਤਾ ਤਿਪਰੋ ਤਾਸ॥
ਗੁਰ ਨਾਨਕ ਘੁਮੀ ਪਤੈ ਸੁਤ ਸ੍ਰੀ ਚੰਦ ਲਖਮੀ ਦਾਸ॥੪੬॥

ਸੰਮਤ ੧੫੯੬ ਅਸੂ ਸੁਦੀ ਦਸਮੀ ੧੦ ਸ੍ਰੀ ਬਾਬਾ ਨਾਨਕ ਦੇਵ ਜੀ ਸਮਾਣੇ॥੭੦ ਬਰਖ ੪ ਮਾਸ ੨੨ ਦਿਨ ਗੁਰਆਈ ਵਿਚ ਸਰੀਰ ਰਖਿਆ॥

॥ **ਸਾਖੀ ਪੂਰਨ ਹੋਈ** ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥੬੫॥

[ਸਾਖੀ ਖਡੂਰ ਵਿਚ ਸ੍ਰੀ ਗੁਰੂ ਅੰਗਤ ਜੀ ਦਾ ਅਲੋਪ ਹੋ ਕੇ ਰਹਨਾ][1]

॥ਦੋਹਰਾ॥

ਸ੍ਰੀ ਸਤਗੁਰ ਅੰਗਤ ਖਡੂਰ ਮੋ ਭਿਰਾਈ ਕੇ ਘਰ ਜਾਇ॥
ਭੀਤਰ ਕੋਠੜੀ ਕੇ ਬਿਖੈ ਬੈਠੇ ਸੁੰਨ ਸੁਭਾਇ॥੧॥

॥ਚੌਪਈ॥

172/ਅ ਮਾਈ ਆਇ ਚਰਨਨ ਪਰ ਪਰੀ॥ਬਾਬੇ ਜੀ/ਕੀ ਪੁਛਨਾ ਕਰੀ॥
ਸ੍ਰੀ ਸਤਗੁਰ ਕਛੁ ਬੋਲੇ ਨਾਹੀ॥ਤਿਨ ਅੰਤਰਜਾਨੀ[2] ਸੁਧ ਸਭ ਪਾਈ॥੨॥
ਸ੍ਰੀ ਸਤਿਗੁਰ ਉਸਾਸ ਤਬ ਲੀਨਾ॥ਪ੍ਰਗਟਿਓ ਸਬਦ ਬਿਓਗ ਰ[3] ਭੀਨਾ॥
ਪ੍ਰੇਮ ਬਿਓਗ ਮਿਲ ਭਇਓ ਸਲੋਕ॥ਬੁਝਿ ਭਿਰਾਈ ਪ੍ਰਭ ਗਏ ਹਰਿ ਲੋਕ॥੩॥

॥ਸਲੋਕ ਸ੍ਰੀ ਮੁਖਵਾਕ॥[4]

ਜਿਸ ਪਿਆਰੇ ਸਿਉ ਨੇਹੁ ਤਿਸੁ ਆਗੇ ਮਰ ਚਲੀਐ॥
ਧ੍ਰਿਗੁ ਜੀਵਨ ਸੰਸਾਰ ਤਾ ਕੇ ਪਾਛੇ ਜੀਵਨਾ॥
[5]ਯਹ ਸਲੋਕ ਮਾਈ ਜਬ ਸੁਨਾ[6]॥
ਜਬ ਗੁਰੂ ਅੰਗਦ ਜੀ ਕੋ ਦੇਖਾ॥ਗਇਓ ਬਿਓਗ ਭਇਓ ਧੀਰ ਬਿਸੇਖਾ॥[7]
ਤਬ ਸਤਗੁਰ ਜੀ ਕੀਓ ਬਖਾਨ॥ਹੇ ਮਾਈ ਮੈ ਕਹੌ ਸੁ ਮਾਨ॥
ਅਬ ਮੈ ਅੰਤਰ ਇਕੰਤ ਹੋਇ ਰਹੋ॥ਦਰੁ ਚਿਨ ਲੇਹੁ ਕਾਹੂ ਮਤ ਕਹੋ॥੪॥
ਭਿਰਾਈ ਮਨ ਅਪਨੇ ਦੁਖੁ ਝੋਲੇ[8]॥੫॥

॥ਦੋਹਰਾ॥

ਮਾਈ ਤਬ ਬਿਨਤੀ ਕਰੀ ਕਿਉ ਕੀਜੈ ਬੰਦ ਦੁਆਰ॥
ਨਹੀ ਉਤ੍ਰ ਸਤਿਗੁਰ ਦੀਓ ਤਬ ਮਾਈ ਲੀਓ ਬਿਚਾਰ॥

॥ਚੌਪਈ॥

ਭਿਰਾਈ ਦੁਆਰ ਬੰਦ ਤਬ ਕੀਨਾ॥ਲੇਪਨ ਅਰੁ ਪੋਚਨ ਕਰ ਦੀਨਾ॥
ਸਤਿਗੁਰ ਮਨ ਜੈਸੀ ਹੈ ਭਾਈ॥ਭਿਰਾਈ ਤੁਰਤੇ ਦੀਨ ਬਨਾਈ[9]॥੬॥
ਇਮ ਖਟ ਮਾਸ ਜਬ ਭਏ ਬਤੀਤ॥ਉਕਲਾਨੇ ਬਾਬੇ ਕੇ ਮੀਤ॥
ਸਤਗੁਰ ਮੂਰਤ ਕਹੁ ਨਜਰ ਨ ਆਵੈ॥ਮਿਲ ਸਭ ਭਟਕੇ ਕਛੂ ਨ ਭਾਵੈ॥੭॥
ਗੁਰੂ ਅੰਗਤ ਜੀ ਕੀ ਖਬਰ ਮੰਗਾਈ॥ਪੂਛ ਰਹੇ ਕਛੁ ਸੁਧ ਨਹੀ ਪਾਈ॥
ਤਬ ਸਭਹਨ ਮਿਲ ਕੀਆ ਬਿਚਾਰਾ॥ਬਾਬੇ ਜੀ ਕੋ ਬਚਨ ਸੰਮਾਰਾ॥
ਜੋ ਬਚਨ ਪਰਬੋਧ ਬਾਬੇ ਜੀ ਕਹੇ॥ਗੁਰੂ ਅੰਗਤ ਮਮ ਸਰੂਪ ਜਗ ਅਹੇ॥੮॥
ਨਿਜ ਸਰੂਪ ਮੇਰਾ ਕਛੁ ਜਾਨੋ॥ਕਰ ਦਰਸਨ ਮਨ ਧਰੋ ਧਿਆਨੋ॥
173/ੳ ਗੁਰੂ ਅੰਗਤ ਜੀ ਕਹੂੰ ਦ੍ਰਿਸਟ ਨ ਆਵੈ॥ਉਪਜਿਓ ਪ੍ਰੇਮ/ਕਿਉ ਦਰਸਨ ਪਾਵੈ॥੯॥

॥ਦੋਹਰਾ॥

ਤਬ ਇਨ ਸਭਨ ਬਿਚਾਰਿਆ ਚਲੇ ਭਿਰਾਈ ਪਾਸ॥
ਬਾਬਾ ਤਾ ਕੋ ਬਰ ਦੀਆ ਸਦਾ ਰਹੋ ਤੁਹ ਪਾਸ॥੧੦॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਅੰਤਰਜਾਮੀ (ਅ)
[3] ਸ (ਅ,ੲ,ਸ)
[4] ਇੱਥੇ ਸਿਰਲੇਖ '॥ਸਲੋਕ ਮਹਲਾ ੧॥' ਹੈ (ਸ)
[5] ਇੱਥੇ ਸਿਰਲੇਖ '॥ਚੌਪਈ॥' ਹੈ (ੲ,ਸ)
[6] ਯਹ ਸਲੋਕ ਮਾਈ ਜਬ ਸੁਨਾ॥ਬੁਡੀ ਬਿਓਗ ਸੀਸ ਤਬ ਧੁਨਾ॥ (ੲ,ਸ)
[7] ਇੱਥੇ 'ਯਹ ਸਲੋਕ ਮਾਈ ਜਬ ਸੁਨਾ.... ਗਇਓ ਬਿਓਗ ਭਇਓ ਧੀਰ ਬਿਸੇਖਾ॥' ਪਾਠ ਨਹੀਂ ਹੈ (ਅ)
[8] ਇੱਥੇ 'ਭਿਰਾਈ ਦੁਆਰ ਬੰਦ ਨਹੀਂ ਕੀਨਾ॥ਸਤਿਗੁਰ ਸੋ ਪੂਛਨ ਤਬ ਕੀਨਾ॥ਸੁਨਿ ਬਚਨ ਸਤਿਗੁਰ ਨਹੀਂ ਬੋਲੇ॥ਭਿਰਾਈ ਮਨ ਅਪਨੇ ਦੁਖੁ ਝੋਲੈ॥੫॥' ਪਾਠ ਹੈ (ੲ,ਸ), ਇੱਥੇ '॥ਭਿਰਾਈ ਮਨ ਅਪਨੇ ਦੁਖੁ ਝੋਲੇ॥' ਪਾਠ ਨਹੀਂ ਹੈ (ਅ)
[9] ਇੱਥੇ 'ਸਤਿਗੁਰ ਮਨ ਜੈਸੀ ਹੈ ਭਾਈ॥ਭਿਰਾਈ ਤੁਰਤੇ ਦੀਨ ਬਨਾਈ॥' ਪੰਕਤੀ ਦੀ ਜਗ੍ਹਾ ਤੇ 'ਪ੍ਰਿਥਮੈ ਮੁਖਵਾਕ ਸਲੋਕ ਜਬ ਸੋਨਾ॥ਬੁਡੀ ਬਿਓਗ ਸੀਸ ਤਬ ਧੁਨਾ॥ਜਬ ਗੁਰੂ ਅੰਗਤ ਜੀ ਕੋ ਦੇਖਾ॥ਗਇਓ ਬਿਓਗ ਗਈ ਧੀਰ ਬਿਸੇਖਾ॥' ਪਾਠ ਹੈ (ਅ)

॥ ਚੌਪਈ ॥
ਅਤ ਭਇਓ ਬਿਓਗ ਮਾਈ ਪਹਿ ਗਏ ॥ ਮਾਥਾ ਟੇਕ ਪੁਨ ਖਬਰ ਪੁਛਾਏ ॥
ਹੇ ਮਾਈ ਜਬ ਗੁਰੂ ਅੰਗਤ ਦੇਖੈ ॥ ਸਫਲ ਜਨਮ ਅਪਨਾ ਤਬ ਲੇਖੇ ॥੧੧॥
ਮਾਈ ਕਛੁ ਬੋਲੇ ਮੁਖ ਨਾਹੀ ॥ ਤਬ ਜਾਨਿਆ ਸਤਗੁਰ ਇਹ ਠਾਂਈ ॥
ਬੁਢੇ ਦੁਆਰ ਬੰਦ ਜਬ ਦੇਖਾ ॥ ਨਿਰਨੇ ਕਰ ਅੰਤਰ ਪ੍ਰਭ ਲੇਖਾ ॥੧੨॥
ਮਨ ਮੋ ਧਿਆਨ ਕਰ ਦੁਆਰ ਖੁਲਾਇਆ ॥ ਸਨਮੁਖ ਸਾਹਿਬ ਦਰਸਨ ਪਾਇਆ ॥
ਮਾਥਾ ਟੇਕ ਪੁਨ ਬਿਨਤੀ ਕੀਨਾ ॥ ਬਾਬੇ ਜੀ ਮੁਹ ਯਹ ਬਰ ਦੀਨਾ ॥੧੩॥
ਜਹਾ ਮੈ ਬਸੌ ਤੂ ਲੇਹਿ ਪਛਾਨ ॥ ਮੈ ਵਿਆਕਲ ਭਇਓ ਤਬ ਪਹੁਚਿਓ ਆਨ ॥
ਤਬ ਗੁਰੂ ਅੰਗਤ ਜੀ ਮੁਸਕਾਨੇ ॥ ਸਤਗੁਰ ਦਿਆਲ ਸਭਨ ਪਹਚਾਨੇ ॥੧੪॥
॥ ਦੋਹਰਾ ॥
ਮਾਈ ਸੋ ਸਭਨ ਕਹਾ ਕੀਜੈ ਇਹ ਬੀਚਾਰੁ ॥
ਸਭ ਮਿਲ ਕੇ ਬਿਨਤੀ ਕਰੈ ਲਿਆਵੈ ਬਾਹਰਵਾਰੁ ॥੧੫॥
॥ ਚੌਪਈ ॥
ਮਿਲ ਮਾਈ ਸਭ ਚਰਨਨ ਪਰੇ ॥ ਹਾਥ ਜੋਰ ਸਭ ਬਿਨਤੀ ਕਰੇ ॥
ਹੇ ਦਿਆਲ ਅਬ ਬਾਹਰ ਆਈਐ ॥ ਬੈਠ ਸਿੰਘਾਸਨ ਦਰਸ ਦਿਖਾਈਐ ॥੧੬॥
ਬਿਨੇ ਬਚਨ ਸਭ ਕੇ ਮਨ ਭਾਏ ॥ ਤਬ ਗੁਰੂ ਅੰਗਤ ਬਾਹਰ ਆਏ ॥
ਦੇਖ ਦਰਸ ਸਗਲੇ ਮਗਨਾਨੇ ॥ ਗੁਰੂ ਅੰਗਤ ਬਾਬਾ ਪਹਚਾਨੇ ॥੧੭॥
ਬਲਵੰਡ ਆਨ ਚਰਨਨ ਪਰ ਪਰਾ ॥ ਅਤ ਬਿਓਗ ਮਨ[1] ਦਰਸਨ ਕਰਾ ॥
ਗੁਰੂ ਅੰਗਤ ਜੀ ਦੀਓ ਦਿਲਾਸਾ ॥ ਕਰੋ ਭਜਨ ਹੋਇ ਪਰਮ ਬਿਲਾਸਾ ॥੧੮॥
ਪੁਨ ਅਪਨੇ ਅਸਥਾਨ ਪਰ ਆਏ ॥ ਸਿੰਘਾਸਨ ਸਤਿਗੁਰ ਤਹਾ ਬਿਛਾਏ ॥
173/ਅ ਤਾ ਪਰ ਬੈਠੇ ਸਤਿਗੁਰ ਆਇ ॥ ਪਏ ਨਿਹਾਲ ਦਰਸਨ ਸਭ ਪਾਇ ॥੧੯/॥
॥ ਦੋਹਰਾ ॥
ਜੋ ਸਤਿਗੁਰ ਕੀ ਲੀਲਾ ਸੁਨੇਅਉ ਮਨ ਧਰੇ ਧਿਨ[2] ॥
ਮੁਕਤ ਜੁਗਤ ਤਾ ਕੋ ਮਿਲੇ ਪਾਵੈ ਪਦ ਨਿਰਬਾਨ ॥੨੦॥
॥ ਦੋਹਰਾ ॥
ਗੁਰੂ ਬਾਬੇ ਜੀ ਕੀ ਕਥਾ ਕਾ ਅੰਤ ਨ ਪਾਰਾਵਾਰੁ ॥
ਦੇਵੀ ਦੇਵ ਜਾਨੇ ਨਹੀ ਕਿਆ ਮਾਨੁਖ ਕਰੇ ਬਿਚਾਰ ॥੨੧॥
॥ ਦੋਹਰਾ ॥
ਮਹਿਮਾ ਅਮਿਤ ਅਪਾਰ ਗਤ ਕਿਆ ਕੋ ਕਰੇ ਬਿਖਾਨ ॥
ਤਨਕ ਬਿਭੂਤ ਬਰਨਨ ਕਰੀ ਸਾਗਰ ਬੂੰਦ ਪ੍ਰਮਾਨ[3] ॥੨੨॥
॥ ਅੜਲ ॥
ਮਹਮਾ ਸੁਧਾ ਸਮੰਦ੍ਰ ਭਗਤ ਪ੍ਰੇਮਹਿ ਭਰੀ ॥
ਜਿਮ ਗੁਰ ਕੁਲ ਪੁਰਖਨ ਸਿਖ ਸੰਤ ਮੁਖ ਉਚਰੀ ॥
ਮਮ ਹਿਰਦੇ ਧਾਰ ਬਿਚਾਰ ਤਨ ਸਾਖੀ ਚੁਨੀ ॥
ਮਨ ਸਤਿਗੁਰ ਆਗਿਆ ਪਾਇ ਕਰੀ ਭਾਖਾ ਗਨੀ ॥੨੩॥
ਜੋ ਸੁਨੇ ਪੜੇ ਇਕ ਮਨ ਚਿਤ ਬਿਚਾਰਈ ॥
ਨਿਜ ਪਦ ਪ੍ਰਾਪਤ ਹੋਇ ਸਕਲ ਕੁਲ ਤਾਰਈ ॥
ਹੇ ਸਤਗੁਰ ਤਾਰਨ ਤਰਨ ਸਦਾ ਤੁਮਰੀ ਸਰਨ ॥
ਅਬ ਬਿਰਦ ਲਾਜ ਪ੍ਰਭ ਰਾਖ ਸਰਬ ਭੈ ਦੁਖ ਹਰਨ ॥੨੪॥
॥ ਦੋਹਰਾ ॥
ਕ੍ਰਿਪਾ ਸਿੰਧ ਕ੍ਰਿਪਾ ਕਰਨ ਸਭ ਬਿਧ ਪੂਰਨ ਆਸ ॥
ਸਬਦੁ ਸੁਰਤ ਮਨ ਦ੍ਰਿੜ ਕਰੋ ਹੇ ਪ੍ਰਭ ਸਰੂਪ ਤੁਮ ਦਾਸ ॥੨੫॥

[1] ਇੱਥੇ ਸ਼ਬਦ 'ਮਨ' ਨਹੀਂ ਹੈ (ਸ)
[2] ਧਿਆਨ (ਅ,ੲ,ਸ)
[3] ਸਮਾਨ (ਅ)

ਇਤ ਸ੍ਰੀ ਸਤਗੁਰ ਪ੍ਰਥਮ ਪਾਤਸਾਹੀ ਜੀ ਕੀ ਮਹਿਮਾ ਰਤਨ ਚਰਿਤ੍ਰ ਸਾਖੀ ਸਕਲ ਦੁਖ ਹਰਨ ਆਨੰਦ ਕਰਨ ਵੈਰਾਗ ਭਗਤ ਜੋਗ ਗਿਆਨ ਭੂਮ ਸਾਰ ਸੁਧਾ ਸਮੁੰਦ੍ਰ ਪ੍ਰੇਮ ਪ੍ਰਬਲ ਧਾਰ ਅਤ ਆਗਾਧ ਮਹਿਮਾ ਬਿਸਥਾਰ ਲੀਲਾ ਪ੍ਰਥਮ ਮਹਲ ਸਤਗੁਰ ਜੀ ਕੀ ਸੰਪੂਰਨੰ॥

॥ਦੋਹਰਾ॥

ਦਸ ਅਸਟ ਸਹਸ੍ਰ ਬਿਕ੍ਰਮ ਸੰਮਤ ਅਵਰੁ ਅਧਕ ਤੇਤੀਸ॥
ਸਰੂਪ ਦਾਸ ਸਤਗੁਰ ਕਰੀ ਮਹਿਮਾ ਪ੍ਰਕਾਸ ਬਖਸੀਸ॥**੩**੬॥

॥ਸਾਖੀ ਪੂਰਨ ਹੋਈ॥

174/ੳ ਸ੍ਰੀ ਵਾਹਿਗੁਰੂ ਮੁਖ ਕਰੋ ਉਚਾ/ਰ॥ਹੋਇ ਦਿਆਲ ਕਰ ਲਏ ਉਧਾਰ॥੬੬॥

॥ੴ ਸਤਿਗੁਰ ਪ੍ਰਸਾਦਿ॥
॥ਸਾਖੀ ਮਹਲੇ ਦੂਜੇ ਕੀ॥

॥ਸੋਰਠਾ॥

ਹਰਿ ਅਲਖ ਨਿਰੰਜਨ ਦਿਆਲ ਜਗ ਧਰ ਸਰੂਪ ਹਰਿ ਭਗਤ ਕੋ॥
ਧਰ ਲੀਲਾ ਅਮਿਤ ਬਿਸਾਲ ਭਗਤ ਜਗਤ ਪਰਗਟ ਕਰੀ॥੧॥

॥ਚੌਪਈ॥

ਗੁਰ ਨਾਨਕ ਰੂਪ ਧਰਿਓ ਬਨਵਾਰੀ॥ਜਗ ਭਗਤ ਨੀਵ ਧਰ ਕੀਓ ਪਸਾਰੀ॥
ਗੁਰ ਅੰਗਤ ਰੂਪ ਧਰਿ ਕੀਓ ਹੁਲਾਸਾ॥ਜਿਮ ਦੀਪਕ ਸੌ ਦੀਪ ਪ੍ਰਕਾਸਾ॥੨॥
ਜਗ ਤਾਰਨ ਕਾਰਨ ਬਪੁ ਧਰਾ॥ਨਿਰਬਿਲੰਬ ਜੁਗਤ ਅਨਸਰਾ॥
ਸਦਾ ਏਕ ਲਿਵ ਭਗਤ ਪ੍ਰਕਾਸੇ॥ਜਿਹ ਦਰਸਨ ਪਰਸਨ ਅਘ ਸਭ ਨਾਸੇ॥੩॥

॥ਦੋਹਰਾ॥

ਆਦਿ ਪੁਰਖ ਸਤ ਰੂਪ ਧਰ ਸਤ ਕਾ ਕੀਆ ਉਚਾਰ॥
ਸਤ ਸਭਾ ਸਤਗੁਰ ਰਚੀ ਤਹ ਸੁਭ ਸਤ ਬੀਚਾਰ॥੪॥

॥ਚੌਪਈ॥

ਸਤਿ ਸਿੰਘਾਸਨ ਸਤਗੁਰ ਛਾਜੈ॥ਸਤ ਰੂਪ ਗੁਰ ਤਹਾਂ ਬਿਰਾਜੈ॥
ਸਤ੍ਰ ਛਤ੍ਰ ਸਤ ਜੋਤ ਪ੍ਰਕਾਸਾ॥ਸਤ ਸਭਾ ਤਹਾ ਸਤ ਨਿਵਾਸਾ॥੫॥
ਮਸਤਕ ਤਿਲਕ ਸਤ ਉਜਿਆਰਾ॥ਸਤ ਪ੍ਰਕਾਸ ਮੁਕਟ ਸਿਰ ਧਾਰਾ॥
ਸਤ ਹੁਕਮ ਸਤਗੁਰ ਸਤ ਬਾਨੀ॥ਜਿਨ ਸਤ ਭਗ ਤਿਨ ਰਿਦੈ ਸਮਾਨੀ॥੬॥

॥ਦੋਹਰਾ॥

ਅਬਗਤ ਭਗਤ ਸਰੂਪ ਧਰ ਨਿਰਬਿਕਲਪ ਵਿਵਹਾਰ॥
ਤੁਰੀ ਅਤੀਤ ਜਾ ਕੋ ਕਹੈ ਨਿਰਾਲੰਭ ਸੁਖਸਾਰ॥੭॥

॥ਛਪੈਯਾ॥[1]

ਦ੍ਰਿਸਟ ਕਰੇ ਤਮ ਹਰੇ ਹੋਤ ਪ੍ਰਕਾਸ ਰਿਦ ਅੰਤਰਿ॥
174/ਅ ਅਨਹਦ ਧੁਨਿ ਝੁਨਕਾਰ ਸਦਾ ਬਾ/ਜੈ ਉਰ ਅੰਤਰਿ॥
ਤਹਾ ਧੁਨ ਰਬਾਬ ਬਿਸਤਾਰ ਸੰਖ ਧੁਨਿ ਮਨ ਮੰਦਰ॥
ਉਠਤ ਠੰਕੋਰ ਗੰਭੀਰ ਜੋਤ ਜਗ ਮਗ ਉਰ ਅੰਤਰ॥
ਮਹਮਾ ਅਪਾਰ ਸੁਖ ਅਮਿਤ ਗਤਿ ਕੋ ਬਰਨਨ ਤਾ ਕੋ ਕਰੇ॥
ਮਹਾ ਨਾਦ ਆਨੰਦ ਨਿਧ ਜਹ ਗੁਰ ਕਟਾਛ ਤਾ ਕੋ ਫੁਰੈ॥੮॥

॥ਦੋਹਰਾ॥

ਸਤਿਗੁਰ ਨਾਨਕ ਜੀ ਕਹਿਓ ਸੁਨ ਸਤ ਪੁਰਖ ਮਤ ਸਾਰ॥
ਗੁਰਮੁਖ ਪੰਥ ਹਰ ਕੋ ਰਚੋ ਗੁਰਮਤ ਮੰਤ੍ਰ ਉਚਾਰ॥੯॥

॥ਚੌਪਈ॥

ਸਤ ਬਚਨ ਸਤਗੁਰ ਮਨ ਧਾਰ॥ਤਬ ਗੁਰਮੁਖ ਅਛਰ ਲਿਖੇ **ਸੁਚਾਰ**॥
ਗੁਰਮੁਖ ਵਚਨ ਲਿਖ ਪੋਥੀ ਕਰਾ॥ਜੈ ਜੈ ਗੁਰਮੁਖ ਪੰਥ[2] ਜਗ ਧਰਾ॥੧੦॥
ਗੁਰ ਦਰਸਨ ਦੇਖ ਅਘ ਪਾਪ ਪ੍ਰਨਾਸੇ॥ਗੁਰ ਬਚਨ ਸੁਨਤ ਰਿਦੇ ਭਗਤ ਪ੍ਰਕਾਸੇ॥
ਗੁਰ ਸੇਵਾ ਸੁਖ ਪਰਮ ਨਿਧਾਨ॥ਹੋਇ ਸਤਗੁਰ ਦਿਆਲ ਮੁਕਤ ਨਿਰਬਾਨ॥੧੧॥
ਸ੍ਰੀ ਗੁਰੂ ਨਾਨਕ ਕੀਆ ਪਸਾਰਾ॥ਤਬ ਨਿਜ ਸਰੂਪ ਅੰਗਤ ਬਪੁ ਧਾਰਾ॥
ਧਰ ਪਰਮ ਰੂਪ ਜਗ ਭਗਤ ਪ੍ਰਕਾਸੀ॥ਜੈ ਜੈ ਜੈ ਸਤਗੁਰ ਅਬਨਾਸੀ॥੧੨॥

॥ਦੋਹਰਾ॥

ਕੋ ਮਹਿਮਾ ਸਤਿਗੁਰ ਕੀ ਰਚੇ ਕਿਆ ਸੋਭਾ ਕਰੇ ਬਿਚਾਰ॥
ਅਮਿਤ ਪ੍ਰਕਾਸ ਅਮਿਤ ਗਤ ਜੁਗਤ ਅਮਿਤ ਅਪਾਰ॥੧੩॥

---

[1] ਛਪੈ (ਅ,ਸ), ਸਵੈਯਾ (ੲ)
[2] ਇੱਥੇ ਸ਼ਬਦ 'ਪੰਥ' ਨਹੀਂ ਹੈ (ਸ)

॥ ਚੌਪਈ॥

ਪ੍ਰੇਮ ਪ੍ਰਤੀਤ ਸਤਗੁਰ ਮਨ ਰਾਖੀ॥ ਭਾਈ ਬੂਢੇ ਸਿਉ ਇਮ ਭਾਖੀ॥
ਜੋ ਦੇਸੰਤਰ ਪ੍ਰਭ ਸੰਗ ਰਹਿਉ॥ ਅਉ ਪ੍ਰੇਮੀ ਸੋ ਉਪਦੇਸ ਕਹਉ॥੧੪॥
ਜੋ ਲੀਲਾ ਚਲਿਤ ਬਾਬੇ ਜੀ ਕੀਨੇ॥ ਸਾਖੀ ਸੰਗ ਤਨ ਮਨ ਮੈ ਚੀਨੇ॥
ਤਾ ਸੋ ਪੂਛ ਪੋਥੀ ਲਿਖ ਲੀਜੈ॥ ਜੋ ਪੜੇ ਗੁਨੇ ਤਾ ਕੋ ਮਨ ਭੀਜੈ॥੧੫॥
ਪਹੁਚਿਓ ਆਇ ਤਹਾ ਬਾਲਾ ਸੰਧੂ॥ ਫਿਰਿਓ ਸੰਗ ਦਿਸੰਤਰ ਪ੍ਰੇਮੀ ਬੰਧੂ॥
175/ੳ ਮਸਤਕ ਟੇਕ ਤਿ/ਨ ਬਿਨਤੀ ਕਰੀ॥ ਮੈ ਸਦ ਬਲਿਹਾਰ ਜਾਉ ਇਹ ਘਰੀ॥੧੬॥
ਗੁਰੂ ਬਾਬੇ ਜੀ ਮੋਹ ਬਚਨ ਬਰ ਦੀਨਾ॥ ਸਦਾ ਦਰਸ ਤੁਹ ਦੇਹ ਪ੍ਰਬੀਨਾ॥
ਜਬ ਤੇ ਪ੍ਰਭ ਭਏ ਅੰਤਰਿ ਧਿਆਨ॥ ਦਰਸਨ ਖੋਜਤ ਭਇਓ ਹੈਰਾਨ॥੧੭॥

॥ ਦੋਹਰਾ॥

ਮਨ ਮੋ ਯਹ ਮਤ ਦਿੜ ਕਰੀ ਤਲਵੰਡੀ ਮੋ ਜਾਇ॥
ਲਾਲੋ ਜੀ ਸੋ ਹਉ ਮਿਲੋ ਕਛੁ ਦੇਵੋ ਉਕਤ ਬਨਾਇ॥੧੮॥

॥ ਚੌਪਈ॥ [1]

ਖੋਜਤ ਖੋਜਤ ਗਇਓ ਤਲਵੰਡੀ॥ ਲਾਲੋ ਜੀ ਮਿਲੇ ਬਿਓਗ ਬੁਧ ਖੰਡੀ॥
ਗੁਰੂ ਬਾਬੇ ਜੀ ਕਾ ਚਾਚਾ ਲਾਲੋ॥ ਸਤਗੁਰ ਭਗਤ ਤਿਸ ਪ੍ਰੇਮ ਬਿਸਾਲੋ॥੧੯॥
ਤਿਨ ਮੋ ਕੋ ਦਿੜ ਕੀਓ ਗਿਆਨੋ॥ ਗੁਰੂ ਅੰਗਤ ਨਿਜ ਸਰੂਪ ਗੁਰੂ ਜਾਨੋ॥
ਨਲਯੇਰ ਪੰਜ ਪੈਸੇ ਮੁਹਿ ਦੀਏ॥ ਰਹਰਾਸ ਭੇਟ ਪ੍ਰਭ ਤੁਮ ਕੋ ਕੀਏ॥੨੦॥
ਕਾਢ ਭੇਟ ਆਗੇ ਗੁਰ ਰਾਖੀ॥ ਪੁਨਿ ਕਹਿਓ ਜੁ ਲਾਲੋ ਬਿਨਤੀ ਆਖੀ॥
ਬਾਬੇ ਅਰੁ ਤੁਮ ਸੋ ਨਹੀ ਭੇਦ॥ ਇਹ ਪ੍ਰੀਤ ਚਰਨ ਭਗਤ ਅਭੇਦ॥੨੧॥
ਸੁਨਤ ਬਚਨ ਗੁਰ ਭਇਓ ਪ੍ਰਸੰਨ॥ ਹੇ ਭਾਈ ਬਾਲਾ ਤੂੰ ਜਗ ਧੰਨ॥
ਮੈ ਤੋ ਕੋ ਚਿਤਵਨ ਥਾ ਕੀਨਾ॥ ਤੁਮ ਦੀਓ ਦਰਸ ਅਤ ਪ੍ਰੇਮ ਰਸੀਨਾ॥੨੨॥

॥ ਦੋਹਰਾ॥

ਲਾਲੋ ਕੋ ਸਤਗੁਰ ਦਈ ਹਰਿ ਕੀ ਭਗਤ ਹੋਇ ਦਿਆਲ॥
ਜੋ ਹਰਿ ਭਗਤਨ ਕੋ ਮਿਲੇ ਸੋ ਜਗ ਹੋਇ ਨਿਹਾਲ॥੨੩॥

॥ ਚੌਪਈ॥

ਜਬ ਸਤਗੁਰ ਦੇਸ ਦਿਸੰਤਰ ਫਿਰੇ॥ ਅਉ ਬਚਨ ਬਿਲਾਸ ਸੰਤਨ ਸੋ ਕਰੇ॥
ਤੁਮ ਸੰਗ ਫਿਰੇ ਲੀਲਾ ਸਭ ਦੇਖੀ॥ ਸੋ ਸਾਖੀ ਸਬਦੁ ਲਿਖਾਉ ਬਸੇਖੀ॥੨੪॥
ਸੁਨ ਬਚਨ ਗੁਰੂ ਬਾਲਾ ਮਨ ਹਰਖਾ॥ ਗੁਰ ਉਸਤਤ ਮੁਖ ਕੀਨੀ ਬਰਖਾ॥
ਪੁਨ ਸਾਖੀ ਸਬਦ ਸਭ ਦੀਏ ਲਿਖਾਇ॥ ਜੋ ਸੰਤਨ ਸੌ ਕਰੀ ਲੀਲਾ ਜਾਇ॥੨੫॥
175/ਅ ਅਤ ਹਰਖ ਮਾਨ ਭਏ ਸਤਗੁਰ ਅੰਗਤ/॥ ਸਬ ਸਾਖੀ ਪੜੇ ਪ੍ਰੇਮ ਕਰ ਸੰਗਤ॥
ਸਭ ਭਏ ਇਕਤ੍ਰ ਬਾਬੇ ਕੇ ਮੀਤ॥ ਸਭ ਕੇ ਹਿਰਦੇ ਪ੍ਰੇਮ ਪਰਤੀਤ॥੨੬॥
ਸੇਵਾ ਕਰੇ ਦ੍ਰਿੜ ਭਗਤ ਪ੍ਰਮਾਨਾ॥ ਗੁਰੂ ਅੰਗਤ ਬਾਬਾ ਜੀ ਕਰ ਜਾਨਾ॥
ਸਦਾ ਪ੍ਰੇਮ ਰੰਗ ਦਰਸਨ ਕਰੇ॥ ਕਰ ਸੰਗਤ ਹਰਿ ਜਸੁ ਬਿਸਥਰੇ॥੨੭॥

॥ ਦੋਹਰਾ॥

ਮਿਲੇ ਮਿਲਾਪੀ ਭਗਤ ਜੁਤ ਹੋਇ ਨਿਤ ਪ੍ਰਤ ਪ੍ਰੇਮ ਬਿਹਾਰ॥
ਸਦ ਦਰਸਨ ਸਤਗੁਰ ਕਰੇ ਖੁਲੇ ਭਗਤ ਭੰਡਾਰ॥੨੮॥੧॥

॥ ਸਾਖੀ ਪੂਰਨ ਹੋਈ॥੬੭॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[1] ਇੱਥੇ ਸਿਰਲੇਖ '॥ਦੋਹਰਾ॥' ਹੈ (ਅ)

[ਸਾਖੀ ਸਤਿਗੁਰ ਅੰਗਤ ਦੇਵ ਜੀ ਦਾ ਨਿਤ ਕਰਮ ਬਿਵਹਾਰ ਕਰਨਾ][1]

॥ਦੋਹਰਾ॥

ਨਿਤ ਕਰਮ ਮਹਮਾ ਸੁਨੋ ਸਤਗੁਰ ਦੀਨ ਦਿਆਲ॥
ਸੁਨਤ ਬਿਚਾਰਤ ਸਿਖ ਕੋ ਉਪਜੇ ਭਗਤ ਬਿਸਾਲ॥੧॥

॥ਚੌਪਈ॥

ਰਹੇ ਪਹਰ ਰਾਤ੍ਰ ਅੰਮ੍ਰਿਤ ਸੁਭ ਕਾਲ॥ਸਿਹਜਾ ਸੈਨ ਤੇ ਉਠੇ ਦਿਆਲ॥
ਕਰ ਸੋਚਾਚਾਰ ਪੁਨ ਕਰੇ ਦਤੌਨ[2]॥ਮੁਖਾਰਬਿੰਦ ਧੋਏ ਪੁਨ ਚਰਨ[3]॥੨॥
ਅੰਮ੍ਰਿਤ ਸਨਾਨ ਕਰ ਆਸਨ ਬਹੇ॥ਨਿਜ ਆਨੰਦ ਸਦ ਨਿਹਚਲ ਰਹੈ॥
ਹੋਰ ਨਿਰਬਿਕਲਪ ਸੁਖ ਸਹਜ ਸਮਾਧ॥ਜਹਾ ਪਾਪ ਪੁੰਨ ਨਹੀ ਆਧ ਬਿਆਧ॥੩॥
ਜਬ ਹੋਇ ਉਜਿਆਰਾ ਪ੍ਰਾਤਹਕਾਲ॥ਅੰਮ੍ਰਿਤ ਦ੍ਰਿਸਟ ਤਬ ਦੇਖੈ ਦਿਆਲ॥
ਰੋਗੀ ਦੁਖੀ ਸਭ ਦਰਸਨ ਕਰੇ॥ਪਰਤ ਦ੍ਰਿਸਟਿ ਕਿਲਬਿਖ ਦੁਖ ਹਰੇ॥੪॥
ਪੁਨ ਰਾਇ ਬਲਵੰਡ ਰਬਾਬੀ ਆਵੈ॥ਧੁਨ ਰਾਗ ਸੁਧਾਰ ਗੁਰਬਾਨੀ ਗਾਵੈ॥
ਨਿਰਬਾਨ ਕੀਰਤਨ ਮਹਾ ਬਿਲਾਸ॥ਜਿਸ ਦਰਸ ਪਰਸ ਤਿਸ ਪੂਰਨ ਆਸ॥੫॥

॥ਸੋਰਠਾ॥

176/ੳ ਸਤਗੁਰ ਕਿਰਪਾ ਨਿਧਾਨ ਆਇ ਸਿੰਘਾਸਨ ਪ/ਰ ਬਹੇ॥
ਤਬ ਆਵੈ ਸਿਖ ਸੁਜਾਨ ਕਰ ਦਰਸ ਪਰਸ ਅਤ ਸੁਖ ਅਮਿਤ॥੬॥

॥ਚੌਪਈ॥

ਗੁਰੂ ਬਾਬੇ ਜੀ ਕੀ ਚਰਚਾ ਕਰੇਂ॥ਅਤ ਪ੍ਰੇਮ ਧਾਰ ਲੀਲਾ ਬਿਸਥਰੇ॥
ਆਨ ਚਰਚ ਤਹਾ ਹੋਨ ਨ ਪਾਵੈ॥ਬਿਨ ਆਗਿਆ ਕੋਊ ਤਹਾਂ ਨਾ ਆਵੈ॥੭॥
ਪੁਨ ਪ੍ਰਸਾਦਿ ਤਿਆਰ ਜਬ ਹੋਈ॥ਸਭ ਰਸ ਹੋਵੈ ਪਾਕ ਰਸੋਈ॥
ਸਤਗੁਰ ਲੰਗਰ ਦਿਆਲ ਜਬ ਆਵੈ॥ਸਭ ਸੰਗੀ ਸਖਾ ਸੰਗ ਲੇ ਜਾਵੈ॥੮॥
ਚਾਰ ਬਰਨ ਊਹਾ ਸਮਸਰੇ॥ਮਾਟੀ ਕੇ ਬਰਤਨ ਭੋਜਨ ਕਰੇ॥
ਬਿਧ ਨਿਖੇਧ ਜਾ ਕੇ ਮਨ ਹੋਈ॥ਐਸੋ ਤਹਾ ਨ ਜਾਵੈ ਕੋਈ॥੯॥
ਸਤਗੁਰ ਮਹਾ ਪਰਸਾਦਿ ਜਬ ਕਰੇਂ॥ਸੀਤ ਪਰਸਾਦਿ ਸਭ ਲੇ ਨਿਸਤਰੇ॥
ਬਰਨ ਆਸ੍ਰਮ ਬਿਧ ਜੋ ਮਨ ਧਰੇ॥ਤਾ ਕਾ ਕਾਜ ਊਹਾ ਨਹੀ ਸਰੇ॥੧੦॥

॥ਦੋਹਰਾ॥

ਤਜ ਬਿਧ ਨਖੇਧ ਨਿਰਦੋਖ ਤਹਾ ਪਰਮ ਸਿਧ ਆਚਾਰ॥
ਨਿਰਬਿਕਲਪ ਕਾਰਜ ਸਰੇ ਨਿਰਾਲੰਭ ਸੁਖ ਸਾਰ॥੧੧॥

॥ਚੌਪਈ॥

ਪੁਨਿ ਦਿਆਲ ਇਹ ਕ੍ਰੀੜਾ ਕਰੇ॥ਬਾਲਕ ਬੁਲਾਇ ਖੇਲ ਬਿਸਥਰੇ॥
ਜੋ ਹਰਖ ਸੋਗ ਬਾਲਕ ਨਹੀ ਜਾਨੇ॥ਤਾ ਸੋ ਘਨ ਚਾਲ ਖੇਲ ਪ੍ਰਭ ਠਾਨੇ॥੧੨॥
ਪੁਨ ਗੁਰ ਜਬ ਕਬ ਆਗਿਆ ਕਰੇ॥ਪਹਲਵਾਨ ਬੁਲਾਇ ਅਖਾਰਾ ਪਰੇ॥
ਸਤਗੁਰ ਪ੍ਰਸੰਨ ਹੋਇ ਤਿਹ ਦੇਖੇਂ॥ਜੀਤ ਹਾਰ ਸਮਸਰ ਕਰ ਲੇਖੇਂ॥੧੩॥
ਪਹਰ ਦਿਵਸ ਜਬ ਬਾਕੀ ਰਹੇ॥ਤਬ ਸਤਗੁਰ ਆਨ ਸਿੰਘਾਸਨ ਬਹੇ॥
ਬਲਵੰਡ ਸਬਦ ਕੀ ਚੌਕੀ ਕਰੇ॥ਸਭ ਸੁਨੇ ਭਜਨ ਲੇ ਮਨ ਮੋ ਧਰੇ॥੧੪॥
ਪੁਨ ਸੰਧਿਆ ਸਮੇ ਪ੍ਰਭ ਬਹੇ ਇਕੰਤ॥ਜਿਹ ਬਿਧ ਰਹੇ ਜਗਤ ਮੋ ਸੰਤ॥
ਏਕ ਪਹਰ ਰੈਨ ਜਬ ਬੀਤੇ॥ਤਬ ਸੈਨ ਕਰੇ ਗੁਰ ਪਰਮ ਪਰੀਤੇ॥੧੫॥

॥ਸੋਰਠਾ॥

176/ਅ ਯਹ[4] ਬਿਧ ਕਰ ਬਿਵਹਾਰ ਦਿ/ਨ ਰੈਨ ਬਿਹਾਵੈ ਦਿਆਲ ਪ੍ਰਭ॥
ਸਦਾ ਅਨੰਦ ਸੁਖਸਾਰ ਸੁਹਜਾਨੰਦ ਮਗ ਭਗਤ ਧਰ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[2] ਦਤੌਨਾ (ਅ,ੲ)

[3] ਚਰੌਨਾ (ਅ,ੲ)

[4] ਇਹ (ਅ)

ਇਹੁ ਸਤਗੁਰ ਸਤ ਬਿਵਹਾਰ ਜੋ ਪੜੇ ਸੁਨੇ ਮਨ ਮੋ ਦਿੜੇ[1]॥
ਪਾਵੇ ਮੋਖ ਦੁਆਰ ਜਹ ਪਰ ਦਿਆਲ ਕ੍ਰਿਪਾ ਕਰੇ॥੧੭॥

॥ਸਾਖੀ ਪੂਰਨ ਹੋਈ॥੬੮॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਧਰੇ (ਅ)

[ਸਾਖੀ ਸਰਬ ਸਿਧਾਂ ਰਾਹੀਂ ਸਤਗੁਰ ਜੀ ਦੀ ਸਤ ਪਰਤਗਿਆ ਲੈਣਾ][1]

॥ ਸੋਰਠਾ ॥

ਮਿਲ ਸਭ ਸਿਧ ਮਹਾਨ ਸਤਗੁਰ ਪਰਤਗਿਆ ਲੇਨ ਕੋ ॥
ਤੇਜ ਪ੍ਰਕਾਸ ਜਿਮ ਭਾਨ ਪ੍ਰਭ ਦਰਸ ਪ੍ਰਸ ਸੀਤਲ ਭਏ ॥੧॥

॥ ਚੌਪਈ ॥

ਸ੍ਰੀ ਗੋਰਖ ਜੀ ਪੂਰਨ ਮਤ ਗਿਆਨ ॥ ਸੰਗ ਭਰਥਰ ਚਰਪਟ ਪਰਮ ਸੁਜਾਨ ॥
ਈਸ੍ਰ ਨਾਥ ਔ ਗੋਪੀਚੰਦ ॥ ਸਗਲ ਸਿਧ ਪੂਰਨ ਆਨੰਦ ॥੨॥
ਆਏ ਸਤਗੁਰ ਲੇਨ ਪਰਤਗਿਆ ॥ ਪਾਇ ਪਰਤੀਤ ਭਰਮ ਸਭ ਭੱਗਆ ॥
ਜਬ ਸਤਗੁਰ ਜੀ ਬੈਠੇ ਸਿੰਘਾਸਨ ॥ ਆਇ ਆਦੇਸ ਕਰ ਕੀਨੇ ਆਸਨ ॥੩॥
ਪ੍ਰਭ ਦਿਆਲ ਜਾਨੇ ਸਭ ਰੀਤ ॥ ਕਹਿਓ ਸਾਦਰ ਬਾਨੀ ਪਰਮ ਬਿਨੀਤ ॥
ਕਰ ਮਿਸਟ ਬਚਨ ਸਭਹਨ ਮਨ ਤੋਖਾ ॥ ਪ੍ਰਗਟੀ ਸੁਮਤਿ ਮਿਟੀ ਬੁਧ ਪ੍ਰੋਖਾ ॥੪॥
ਅਸਟਾਂਗ ਜੋਗ ਕੋ ਕੀਨ ਮਹਾਤਮ ॥ ਬਿਨਾ ਜੋਗ ਨਹੀ ਨਿਰਮਲ ਆਤਮ ॥
ਪ੍ਰਥਮੇ ਸੰਤ ਜੋਗ ਸਭ ਕਰੇ ॥ ਜੋਗ ਤੇ ਗਿਆਨ ਪਾਇ ਭਵ ਤਰੇ ॥੫॥

॥ ਦੋਹਰਾ ॥

॥ ਗੋਰਖ ਜੀ ਬਾਚ ॥

ਨਾਨਕ ਜੀ ਤੁਮ ਕੋ ਦਈ ਸਭ ਗੁਰਆਈ ਲੋਗ ॥
ਕਲਜੁਗ ਭਗਤ ਅਵਤਾਰ ਤੁਮ ਸਗਲ ਉਧਾਰਨ ਜੋਗ ॥੬॥

॥ ਚੌਪਈ ॥

177/ੳ ਜੋਗ ਜੁਗਤ ਤੁਮਰੇ/ਨਹੀ ਦੇਖੌ ॥ ਬਿਨਾ ਜੋਗ ਸਿਧ ਨਹੀ ਲੇਖੌ ॥
ਬਿਨਾ ਜੋਗ ਨਹੀ ਪ੍ਰਗਟੇ ਗਿਆਨ ॥ ਸੁਤ ਸੰਤਨ ਕੀਓ ਜੋਗ ਪ੍ਰਮਾਨ ॥੭॥

॥ ਸਤਗੁਰ ਬਾਚ ॥

ਸੁਨੋ ਨਾਥ ਇਕ ਆਤਮ ਜੋਗ ॥ ਜੋਗ ਅਨਆਤਮ ਪਰਮ ਬਿਓਗ ॥
ਆਤਮ ਜੋਗੀ ਬ੍ਰਹਮ ਸੰਜੋਗੀ[2] ॥
ਅਨਆਤਮ ਕ੍ਰਿਆ ਦੇਹ ਅਧੀਨਾ ॥ ਆਤਮ ਅਕ੍ਰਤ ਗਿਆਨ ਰਸੀਨਾ ॥੮॥
ਪ੍ਰਮਾਤਮ ਸਿਧ ਹੈ ਆਤਮ ਜੋਗ ॥ ਅਸਟਾਂਗ ਅਨਿਆਤਮ ਮਾਇਆ ਭੋਗ ॥੯॥

॥ ਦੋਹਰਾ ॥

ਤਾ ਤੇ ਆਤਮ ਜੋਗ ਮਤ ਸ੍ਰਤ ਸੰਤਨ ਕੀਆ ਪ੍ਰਮਾਨ ॥
ਅਸਟਾਂਗ ਅਨਾਤਮ[3] ਦੇਹ ਕ੍ਰਿਤ ਜਾਨੋ ਨਾਥ ਸੁਜਾਨ ॥੧੦॥

॥ ਸ੍ਰੀ ਗੋਰਖ ਵਾਚ ॥

॥ ਚੌਪਈ ॥

ਤੁਮ ਜੋਗ ਅਸਟਾਂਗ ਅਨਾਤਮ ਕੀਨਾ ॥ ਆਤਮ ਜੋਗ ਕਵਨ ਬਿਧ ਚੀਨਾ ॥
ਪ੍ਰਗਟ ਜੁਗਤ ਕਰ ਕਹੋ ਉਚਾਰ ॥ ਕਰੋ ਨਿਰੂਪਨ ਨਿਜ ਮਤ ਸਾਰ ॥੧੧॥
ਤਬ ਦਿਆਲ ਇਹ ਸਬਦੁ ਉਚਾਰਾ ॥ ਅਨਿਆਤਮ ਆਤਮ ਆਚਾਰ[4] ॥
ਸੁਨੇ ਜਗਿਆਸੀ ਇਹ ਮਤ ਸਾਰ ॥ ਬਿਨਾ ਪ੍ਰਿਆਸ ਭਵ ਉਤਰੇ ਪਾਰ ॥੧੨॥

॥ ਸਬਦੁ ਸ੍ਰੀ ਮੁਖਵਾਕ[5] ॥

ਜੋਗ ਨ ਖਿੰਥਾ ਜੋਗ ਨ ਡੰਡੇ ਜੋਗੁ ਨ ਭਸਮ ਚੜਾਈਐ ॥
ਜੋਗ ਨ ਮੁੰਦ੍ਰੀ ਮੂੰਡ ਮੁਡਾਏ ਜੋਗ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥
ਗਲੀ ਜੋਗ ਨ ਹੋਈ ॥ ਏਕ ਦ੍ਰਿਸਟਿ ਜੇ ਸਮਸਰਿ ਜਾਨੇ ਜੋਗੀ ਕਹੀਐ ਸੋਈ ॥੧॥ ਰਹਾਉ ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਆਤਮ ਜੋਗੀ ਬ੍ਰਹਮ ਜੋਗੀ ॥ ਅਨਾਤਮ ਜੋਗੀ ਮਾਇਆ ਭੋਗੀ ॥ (ਅ,ੲ)
[3] ਇੱਥੇ ਪਾਠ 'ਮਾਇਆ ਭੋਗ...ਅਸਟਾਂਗ ਅਨਾਤਮ ॥' ਨਹੀਂ ਹੈ (ਅ)
[4] ਆਚਾਰਾ (ਅ,ੲ,ਸ)
[5] ਇੱਥੇ ਸਿਰਲੇਖ '॥ ਮੁਖਵਾਚ ॥' ਹੈ (ਅ), ਇੱਥੇ ਸਿਰਲੇਖ '॥ ਸਬਦੁ ਸ੍ਰੀ ਮੁਖਵਾਕ ॥ ਸੂਹੀ ਮਹਲਾ ੧ ਘਰੁ ੭ ॥' ਹੈ (ਸ)

॥ਪਉੜੀ ਦੂਸਰੀ ਕਹੀ॥[1]

ਜੋਗੁ ਨ ਬਾਹਰ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
ਜੋਗ ਨ ਦੇਸ ਦਿਸੰਤ੍ਰ ਭਵਿਏ ਜੋਗ ਨ ਤੀਰਥ ਨਾਈਐ॥
ਅੰਜਨ ਮਾਹਿ ਨਿਰੰਜਨ ਰਹੀਏ ਜੋਗ ਜੁਗਤ ਇਵ ਪਾਈਐ॥੨॥

॥ਪਉੜੀ ਤੀਸਰੀ ਕਹੀ॥[2]

177/ਅ ਸਤਗੁਰ ਭੇਟੈ ਸਹਸਾ ਚੂਕੈ ਧਾਵ/ਤ ਵਰਜ ਰਹਾਈਐ॥
ਨਿਝਰ ਝਰੈ ਸਹਜ ਧੁਨਿ ਲਾਗੇ ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਉ ਪਾਈਐ॥੩॥

॥ਪਉੜੀ ਚਉਥੀ ਕਹੀ॥[3]

ਨਾਨਕ ਜੀਵਤਿਆ ਮਰ ਰਹੀਐ ਐਸਾ ਜੋਗ ਕਮਾਈਐ॥
ਵਾਜਾਏ ਬਾਝਹੁ ਸਿੰਙੀ ਵਾਜੈ ਤੌਂ ਨਿਰਭਉ ਪਦ ਪਾਈਐ॥
ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ॥੪॥

॥ਚੌਪਈ॥

ਸੁਨੋ ਨਾਥ ਇਹ ਆਤਮ ਜੋਗ॥ਪਾਇ ਪਰਮਾਤਮ ਜਾਇ ਬਿਓਗ॥
ਯਹ ਸਹਜ ਜੋਗ ਸੰਤਨ ਮਤ ਮੂਲ॥ਯਾ ਮੋ ਸੰਸਾ ਭੇਦ ਨ ਭੂਲ॥੧੩॥
ਸੁਨਤ ਬਚਨ ਨਾਥ ਮਗਨਾਨੇ॥ਗੁਰੂ ਨਾਨਕ ਅੰਗਤ ਕਰ ਜਾਨੇ॥
ਧੰਨ ਧੰਨ ਮੁਖ ਕੀਓ ਬਖਾਨ॥ਧਨ ਸਤਿਗੁਰ ਗਿਆਨ ਪਰਮ ਸੁਜਾਨ॥੧੪॥

॥ਸੋਰਠਾ॥

ਨਾਥ ਪ੍ਰਤਗਿਆ ਪਾਇ ਮਗਨਾਨੇ ਪ੍ਰਸੰਨ ਅਤ॥
ਦੇਖ ਦਰਸਨ ਰਹੇ ਅਘਾਇ ਪੁਨ ਭਏ ਅਗੋਚਰ ਦਿਸਟ ਸੌ॥

॥ਸਾਖੀ ਪੂਰਨ ਹੋਈ॥੬੯॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ਪਉੜੀ॥' ਹੈ (ਅ)
[2] ਇੱਥੇ ਸਿਰਲੇਖ '॥ਪਉੜੀ॥' ਹੈ (ਅ)
[3] ਇੱਥੇ ਸਿਰਲੇਖ '॥ਪਉੜੀ॥' ਹੈ (ਅ)

[ਸਾਖੀ ਹੁਮਾਯੋ ਬਾਦਸਾਹ ਦਾ ਗੁਰੂ ਅੰਗਦ ਦੇਵ ਜੀ ਦੇ ਕੋਲ ਆਉਣਾ][1]

॥ਸੋਰਠਾ॥

ਵੈਰਾਗ ਰੂਪ ਧਰ ਦਿਆਲ ਕਾਹੂ ਸੋ ਰਚ ਕਰੇ॥
ਨਿਰਾਲੰਭ ਸੁਖਸਾਰ ਸਿਧ ਬਾਲਕ ਸੌ ਲੀਲਾ ਕਰੇ॥

॥ਚੌਪਈ॥

ਦਿਵਸ ਏਕ ਪ੍ਰਭ ਦੀਨ ਦਿਆਲ॥ਲੜਕਨ ਸੋ ਖੇਲਤ ਘਨ ਚਾਲ॥
ਤਬ ਸਾਹ ਹੁਮਾਯੌ ਆਵਤ ਭਏ॥ਆਇ ਸਨਮੁਖ ਗੁਰ ਠਾਢੇ ਰਹੇ॥੨॥
ਤਾ ਕੀ ਕਥਾ ਕਹੌ ਸੰਛੇਪ॥ਮੌਲਾ ਭਇਆ ਤਾਹਿ ਪਰ ਕੋਪ॥
178/ੳ /ਸੇਰਸਾਹ ਇਕ ਰਹੇ ਪਠਾਨ॥ਵੈ ਮਾਨੇ ਸਦਾ ਫਕੀਰ ਕੀ ਆਨ॥੩॥
ਤਾ ਕੋ ਫਕਰ ਦੀਨ ਪਤਿਸਾਹੀ॥ਤਿਨ ਬੈਠ ਤਖਤ ਪਰ ਜਰਬ ਲਗਾਈ॥
ਸੁਨਤ ਹੁਮਾਯੌ ਤਾ ਪਰ ਧਾਏ॥ਮਾਰਗ ਮੋ ਇਹ ਪਰਤਗਿਆ ਪਾਏ॥੪॥
ਦਸ ਅਸਵਾਰ ਉਤਰੇ ਆਕਾਸ॥ਭੇਜਆ ਪੈਕ ਸਾਹ ਤਿਹ ਪਾਸ॥
ਪੂਛੀ ਪੈਕ ਕਹਾ ਤੇ ਆਏ॥ਕਵਨ ਕਾਜ ਕਿਹ ਤੁਮੇ ਪਠਾਏ॥੫॥

॥ਸੋਰਠਾ॥

ਕਹੀ ਬਾਤ ਤਿਨ ਤਾਹ ਸੇਰਸਾਹ ਕੀ ਮਦਤ ਹਮ॥
ਹੋਇਆ ਹੁਕਮ ਅਲਾਹ ਬਾਦਸਾਹੀ ਤਾ ਕੋ ਮਿਲੀ॥੬॥

॥ਚੌਪਈ॥

ਜਬੀ ਹੁਮਾਓ ਸੁਨੀ ਇਹ ਬਾਤ॥ਗਈ ਸਕਤ ਸੁਸਤ ਭਏ ਗਾਤ॥
ਬੀ ਵਲਾਇਤ ਕੋ ਮਗ ਲੀਨਾ॥ਮਗ ਮੋ ਵਜੀਰ ਸੋ ਪੂਛਨ ਕੀਨਾ॥੭॥
ਕੋਊ ਨਾਨਕ ਸਾਹ ਕਾ ਕਾਮਲ ਚੇਲਾ॥ਤਾ ਪਰ ਜਾਹਿ ਕਰਹਿ ਹਮ ਮੇਲਾ॥
ਤਾਹ ਬਖਸ ਬਾਬਰ ਕੋ ਕੀਨਾ॥ਰਾਜ ਤਖਤ ਹਿੰਦ ਕਾ ਦੀਨਾ॥੮॥
ਤਾਹਿ ਵਜੀਰ ਐਸੀ ਮਤ ਕਹੇ॥ਤਾ ਕੇ ਪਾਛੇ ਗੁਰੂ ਅੰਗਤ ਅਹੇ॥
ਆਰਫ ਕਾਮਲ ਵਲੀ ਵਿਲਾਇਤ॥ਮਿਲੇ ਮਕਸੂਦ ਚਲੋ ਇਹ ਸਾਇਤ॥੯॥
ਤਬ ਸਾਹ ਹੁਮਾਓ ਤਹਾ ਚਲ ਗਏ॥ਜਹ ਖੇਲੇ ਦਿਆਲ ਤਹਾ ਠਾਢੇ ਭਏ॥
ਗੁਜਰੀ ਦੋਇ ਘੜੀ ਸਤਗੁਰ ਨਹੀ ਦੇਖਾ॥ਕੀਆ ਬਾਦਸਾਹ ਮਨ ਕੋਪ ਬਿਸੇਖਾ॥੧੦॥

॥ਦੋਹਰਾ॥

ਹੁਮਾਯੋ ਮਨ ਅਹੰਕਾਰ ਕਰ ਧਰਿਓ ਮੂਠ ਖੜਗ ਪਰ ਹਾਥ॥
ਪੁਨ ਅਫਸੋਸ ਮਨ ਮੋ ਕਰੇ ਧੁਨ ਧੁਨ ਅਪਨਾ ਮਾਥ॥੧੧॥

॥ਚੌਪਈ॥

ਤਬ ਹਾਥ ਤਲਵਾਰ ਮੂਠ ਪਰ ਰਾਖਾ॥ਬਝ ਗਯੋ[2] ਹਾਥ ਤਬ ਦੇਖਾ ਪ੍ਰਭ ਭਾਖਾ॥
ਸੇਰਸਾਹ ਸੋ ਕਛੁ ਨਹੀ ਕੀਨਾ॥ਈਹਾ ਤਲਵਾਰ ਮੂਠ ਗਹਿ ਲੀਨਾ॥੧੨॥
178/ਅ ਬਿਨਤੀ ਧਾਰ ਹੁਮਾਓ ਕਹਿ/ਓ॥ਬਡੀ ਚੂਕ ਹਮ ਤੌ ਇਹ ਭਇਓ॥
ਅਬ ਮਾਫ ਤਕਸੀਰ ਹੋਇ ਕਾਮਲ ਵਲੀ॥ਬਖਸ ਨਾਨਕ ਕੈ ਸਕੇ ਟਲੀ॥੧੩॥
ਤਬ ਦਿਆਲ ਤਾਹਿ ਸੋ ਕਹਿਓ॥ਕਛੁ ਅਦਲ ਮਾਹਿ ਬਿਅਦਲੀ ਭਇਓ॥
ਜੌ ਅਬ ਤਲਵਾਰ ਪਰ ਹਾਥ ਨ ਧਰਤੇ॥ਤੌ ਅਬ ਹੀ ਤੁਮ ਬਾਦਸਾਹੀ ਕਰਤੇ॥੧੪॥
ਜਾਇ ਵਲਾਇਤ ਫਿਰ ਤੁਮ ਆਵੋਂ॥ਛਤ੍ਰ ਤਖਤ ਦਿਲੀ ਕਾ ਪਾਵੋ॥
ਕਰ ਤਸਲੀਮਾਤ ਵਿਲਾਇਤ ਗਇਆ॥ਪੁਨ ਆਇ ਤਖਤ ਦਿਲੀ ਕਾ ਲਇਆ॥੧੫॥

॥ਸੋਰਠਾ॥

ਸਤਗੁਰ ਬੇ ਪਰਵਾਹ ਕਛੁ ਕਾਹੂ ਸੋ ਕੋ[3] ਕਾਜ ਨਹ॥
ਜੋ ਇਛੇ ਸੋ ਪਾਇ ਹਰਖ ਸੋਗ ਪ੍ਰਭ ਕੇ ਨਹੀ॥੧੬॥

॥ਸਾਖੀ ਪੂਰਨ ਹੋਈ॥੭੦॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਬਝਿਓ (ਅ)
[3] ਇੱਥੇ ਸ਼ਬਦ 'ਕੋ' ਨਹੀਂ ਹੈ (ਸ)

[ਸਾਖੀ ਏਕ ਟਹਲੀਆ ਦਾ ਗੁਰੂ ਅੰਗਦ ਦੇਵ ਜੀ ਦਾ ਹੀ ਹੁਕਮ ਮੰਨਣਾ][1]

॥ਸੋਰਠਾ॥

ਸਤਿਗੁਰ ਕ੍ਰਿਪਾ ਨਿਧਾਨ ਸਦਾ ਸਹਜ ਆਨੰਦ ਜੁਤ॥
ਕੋ ਬੂਝੈ ਸਿਖ ਸੁਜਾਨ ਅਕ੍ਰੇ ਅਚਲ ਅਡੋਲ ਮਤ॥੧॥

॥ਚੌਪਈ॥

ਪਰਮ ਅਵਧੂਤ ਜੁਗਤ ਅਪਾਰ॥ਨਿਰਾਲੰਭ ਪਰਮ ਸੁਖਸਾਰ॥
ਨਹੀ ਉਦੇ ਅਸਤ ਹਰਖ ਨਹੀ ਸੋਗ॥ਨਹੀ ਭਾਉ ਅਭਾਉ ਨ ਜੋਗ ਵਿਜੋਗ॥੨॥
ਨਿਜ ਇਛਾ ਜੋ ਸੇਵਾ ਕਰੇ॥ਸਹਜੇ ਸਕਲ ਕਾਜ ਅਨਸਰੇ॥
ਕਾਹੂ ਕਾ ਕਛੁ ਗ੍ਰਹਨ ਨ ਹੋਇ॥ਜੋ ਲੇ ਖਾਵੈ ਆਵੈ ਸੋਇ॥੩॥
ਏਕ ਟਹਲੂਆ ਊਹਾ ਰਹੇ॥ਕਛੁ ਕਰੇ ਨਹੀ ਜੁ ਤਿਸ ਕੋਊ ਕਹੇ॥
179/ੳ ਬਹੁਤ ਕਾਲ ਇਮ ਭਇਓ ਬਿਤੀਤ॥ਬੁਢੇ ਤਾਹਿ ਕਹੀ ਸੁਨ ਮੀਤ॥/੪॥
ਸਤਗੁਰ ਸੰਗਤ ਮੋ ਜੇ ਰਹੀਏ॥ਭਜਨ ਟਹਲ ਕਰ ਕਾਲ ਬਿਤਈਏ॥
ਬੁਢੇ ਸੌ ਐਸੇ ਤਿਨ ਭਾਖੀ॥ਮੈ ਇਹ ਮਨ ਮੌ ਦ੍ਰਿੜ ਕਰ ਰਾਖੀ॥੫॥

॥ਦੋਹਰਾ॥

ਜੋ ਟਹਲ ਸਤਗੁਰ ਨਿਜ ਮੁਖ ਕਹੇ ਸੋ ਮੈ ਕਰੋ ਸੁਜਾਨ॥
ਕਾਹੂ ਕੀ ਮਾਨੇ ਨਹੀ ਮੇਰੇ ਯਹ ਪਰਮਾਨ॥੬॥

॥ਚੌਪਈ॥

ਦਿਵਸ ਬਹੁਤ ਬਤੀਤ ਇਮ ਭਇਓ॥ਨਿਜ ਮੁਖ ਕਛੁ ਸੇਵਾ ਨਹੀ ਕਹੀਓ॥
ਤਬ ਤਿਨ ਗੁਰ ਪਹਿ ਬਿਨਤੀ ਕੀਨੀ॥ਕਛੁ ਸੇਵਾ ਕਹੋ ਸਤਗੁਰ ਪ੍ਰਬੀਨੀ॥੭॥
ਤਬ ਸਹਜ ਰੰਗ ਸਤਿਗੁਰ ਕਹਿਓ ਤਾਹ॥ਤੁਮ ਅਗਨ ਜਲੋ ਇਹ ਸੇਵਾ ਆਹ॥
ਸੋ ਸੁਨ[2] ਬਚਨ ਉਠ ਬਨ ਮੋ ਗਇਓ॥ਲਕਰੀ ਬਟੋਰ[3] ਅਗਨ ਤਿਨ ਦਇਓ॥੮॥
ਦੇਖ ਪਰਜੁਲਤ ਜਲਿਓ ਨਹੀ ਜਾਇ॥ਸਤਗੁਰ ਬਚਨਨ ਮਨ ਠਹਰਾਇ॥
ਇਕ ਚੋਰ ਚੋਰੀ ਕਰ ਮਾਲ ਬਹੁ ਪਾਇਆ[4]॥ਵੈ ਲੀਏ ਸੰਗ ਮਾਲ ਤਹਾ ਆਇਆ॥੯॥
ਤਿਨ ਇਹ ਚਲਤ ਬਨ ਮੋ ਜਬ ਦੇਖਾ॥ਪੂਛਾ ਤਾ ਸੋ ਬਾਤ ਬਸੇਖਾ॥
ਕਵਨ ਕਰਮ ਮੀਤ ਤੁਮ ਕਰੋ॥ਕਾਹੇ ਕੋ ਤੁਮ ਅਗਨੀ ਜਰੋ॥੧੦॥

॥ਦੋਹਰਾ॥

॥ਟਹਲੀਆ ਬਾਚ॥

ਸਤਿਗੁਰ ਮੁਹਿ ਆਗਿਆ ਕਰੀ ਤੁਮ ਜਰੋ ਅਗਨ ਮੋ ਜਾਇ॥
ਦੇਖ ਅਗਨਿ ਨਹੀ ਜਰ ਸਕੋ ਅਬਿ ਕਿਆ ਕਰੋ ਉਪਾਇ॥੧੧॥

॥ਤੋਮਰ ਛੰਦ॥

ਸੁਨ ਚੋਰ ਕੀਓ ਬਿਚਾਰ॥ਮਮ ਕੀਏ ਪਾਪ ਅਪਾਰ॥
ਯਹ ਮਾਲ ਇਸ ਕੋ ਦੇਉ॥ਯਹ ਬਚਨ ਮੋਲ ਸੁ ਲੇਉ॥੧੨॥
ਕਹੀ ਚੋਰ ਸੁਨ ਮਮ ਮੀਤ॥ਕਿਉ ਪਰੋ ਤੁਮ ਭੈ ਭੀਤ॥
ਯਹ ਬਚਨ ਗੁਰ ਮੁਹਿ ਦੇਹੁ॥ਸਭ ਮਾਲ ਮੋ ਸੋ ਲੇਹੁ॥੧੩॥
ਧਨ ਲੇਹੁ ਤੁਮ ਗ੍ਰਹ ਜਾਹੁ॥ਮੈ ਜਰੋ ਅਗਨੀ ਮਾਹ॥
179/ਅ ਭਇਓ ਲੋਭ ਚਿਤ ਅਧੀਨ॥ਦੇ/ਬਚਨ ਧਨ ਸਭ ਲੀਨ॥੧੪॥
ਤਿਨ ਚੋਰ ਅਗਨਿ ਮੋ ਜਾਇ॥ਦੀਨਾ ਸਰੀਰ ਜਲਾਇ॥
ਬੇਬਾਨ ਉਤਰਿਓ ਤਾਹ॥ਚੜ ਗਇਓ ਸ੍ਵਰਗਨ ਮਾਹ॥੧੫॥
ਜੈ ਜੈ ਕੀਓ ਸਭ ਲੋਗ॥ਗੁਰ ਬਚਨ ਕੋ ਇਹ ਭੋਗ॥
ਦੇ ਬਚਨ ਲੀਓ ਜਿਨ ਮਾਲ॥ਅਬ ਸੁਨੋ ਤੋ ਕੋ ਹਾਲ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[2] ਸੋ ਸੁਨਤ (ਅ)

[3] ਬਟੋਨ (ਸ)

[4] ਖਾਇਆ (ਅ)

ਲੇ ਚਲਿਓ ਗ੍ਰਿਹ ਕੋ ਮਾਲ॥ ਹੁਇ ਮੁਦਤ ਮਨਹਿ ਖੁਸਹਾਲ॥
ਜਬ ਗਇਓ ਨਗਰੀ ਮਾਹ॥ ਕੁਟਵਾਲ ਪਕੜਿਓ ਤਾਹ॥੧੭॥

॥ਦੋਹਰਾ॥

ਕੋਟਵਾਲ ਤਾ ਸੌ ਕਹੀ ਤੁਮ ਚੋਰੀ ਕੀਨੀ ਕਾਹ॥
ਛੀਨ ਮਾਲ ਮਾਲਕ ਦੀਆ ਫਾਸੀ ਦੀ ਤਾਹ॥੧੮॥

॥ਦੋਹਰਾ॥

ਗੁਰ ਬਚਨਨ ਪਰਤੀਤ ਜਿਹ ਤਾ ਕੋ ਪਦਵੀ ਊਚ॥
ਜੋ ਤਜਹ ਬਚਨ ਗੁਰ ਲੋਭ ਕਰਿ ਨਰਕ ਘੋਰ ਦੁਖ ਮੂਚ॥੧੯॥
ਸਤਗੁਰ ਸੰਤ ਸੋ ਲਾਭ ਤਿਹ ਜੋ ਗੁਰਮੁਖ ਦ੍ਰਿੜ ਮਤ ਹੋਇ॥
ਮਨਮੁਖ ਚੰਚਲ ਜੋ ਕਰੇ ਸਿਖੀ ਉਲਟੀ ਸੋਇ॥੨੦॥
ਮਹਮਾ ਸਤਗੁਰ ਬਚਨ ਕੀ ਦੇਖੋ ਪੁੰਨ ਪ੍ਰਮਾਨ॥
ਸਿਖ ਸੰਗਤ ਫਾਸੀ ਮਿਲੇ[1] ਚੜ ਗਇਓ ਚੋਰ ਬਿਬਾਨ॥੨੧॥

॥ਸਾਖੀ ਪੂਰਨ ਹੋਈ॥੭੧॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---
[1] ਪਰੇ (ਅ)

[ਸਾਖੀ ਰਾਇ ਬਲਵੰਡ ਰਬਾਬੀ ਦਾ ਹੰਕਾਰ ਦੂਰ ਕਰਨਾ][1]

॥ਸੋਰਠਾ॥

ਸਤਿਗੁਰ ਸਦਾ ਦਿਆਲ ਬੈਰ ਭਾਵ ਜਾ ਕੇ ਨਹੀ॥
ਹੋਇ ਦੁਖੀ ਤਤਕਾਲ ਜਬ ਹੋਇ ਅਭਾਵ ਗੁਰਸਿਖ ਕੋ॥੧॥

॥ਅੜਲ॥

ਬਲਵੰਡ ਰਬਾਬੀ ਸਤਗੁਰ ਕੇ ਸਨਮੁਖ ਬਹੇ॥
ਚੌਕੀ ਸਬਦ ਸੁਨਾਇ ਸਦਾ ਸੁਖ ਮੋ ਰਹੇ॥
ਗੁਰੂ ਬਾਬੇ ਕਹੀ ਸੁ ਪਾਸ ਇਸੇ ਇਮ ਰਾਖੀਏ॥
180/ੳ ਹੋ ਜਿਮ ਦਾਤਨ/ਮੋ ਜੀਭ ਵਚਨ ਸੁਭ ਭਾਖੀਏ॥੨॥
ਦਿਵਸ ਏਕ ਬਸ ਪ੍ਰੇਮ ਹੋਇ ਬੁਢੇ ਕਹੀ॥
ਹੇ ਬਲਵੰਡ ਸਬਦ ਸੁਨਾਇ ਮੇਰੇ ਮਨ ਰੁਚ ਭਈ॥
ਉਹ ਬੋਲਿਓ ਬਚਨ ਕਠੋਰ ਨ ਸਬਦ ਸੁਨਾਇਆ॥
ਹੋ ਅੰਤਰਿਜਾਮੀ ਸਤਗੁਰ ਨ ਭਲਾ ਭਾਇਆ॥੩॥
ਇਹ ਪ੍ਰੇਮ ਅਭਾਉ ਦਿਆਲ ਗੁਰੂ ਮਨ ਮੋ ਧਰਾ॥
ਇਹ ਢਾਢੀ ਪ੍ਰੇਮ ਬਿਹੀਨ ਅਹੰ ਮਨ ਮੋ ਕਰਾ॥
ਭਜਨ ਸਮਾ ਜਬ ਭਇਆ ਆਇ ਕੀਰਤਨ ਕਰਿਓ॥
ਹੋ ਸਤਗੁਰ ਮੁਖ ਲੀਓ ਫੇਰ ਪੀਠ ਤਾ ਢਿਗ ਧਰਿਓ॥੪॥
ਪੁਨ ਲੇ ਬਲਵੰਡ ਰਬਾਬ ਜਾਇ ਸਨਮੁਖ ਖਰਾ॥
ਤਬ ਫਿਰ ਬੈਠੇ ਗੁਰ ਦਿਆਲ ਨ ਸਨਮੁਖ ਮੁਖ ਕਰਾ॥
ਤਬ ਪੂਛਾ ਤਿਨ ਕਰ ਜੋੜ ਕਿਆ ਅਵਗੁਨ ਮੈ ਕਰਿਓ॥
ਹੋ ਪ੍ਰਭ ਸਬਦ ਨ ਸੁਨੋ ਨ ਮੋਹਿ ਢਿਗ ਮੁਖ ਧਰੋ॥੫॥

॥ਦੋਹਰਾ॥

ਤਬ ਤਾ ਸਤਿਗੁਰ ਕਹਿਓ ਅਬ ਸਮਾ ਸੁਨਨ ਕੋ ਨਾਹ॥
ਜਬ ਪ੍ਰੇਮ ਜੁਗਤ ਤੋ ਸੋ ਕਹਿਓ ਤਬ ਨ ਸੁਨਾਇਓ ਕਾਹ॥੬॥

॥ਚੌਪਈ॥

ਜਬ ਬੁਢੇ ਸਬਦ ਸੁਨਨ ਤੁਮ ਕਹਾ॥ਹੋਇ ਪ੍ਰੇਮ ਰੂਪ ਤਿਸ ਘਟ ਮੈ ਆਹ॥
ਤਮ ਬਚਨ ਕਠੋਰ ਕਹਿ ਕੀਓ ਅਭਾਉ॥ਅਬ ਨਾ ਸੁਨੋ ਮੋ ਮਨ ਨਹੀ ਚਾਉ॥
ਤਬ ਤਾ ਕੋ ਹਉਮੈ ਬੁਧ ਆਈ॥ਮੈ ਗੁਰੂ ਬਾਬੇ ਕੀ ਸੇਵ ਕਮਾਈ॥
ਹਉ ਜਾਟ ਬੂਟ ਅਗੇ ਨਹੀ ਗਾਉ॥ਗੁਰੂ ਬਾਬੇ ਸੁਨਿਓ ਅਬ ਤੁਮੇ ਸੁਨਾਉ॥੮॥
ਇਮ ਕਹ ਕੇ ਉਠਿ ਚਲਾ ਰਿਸਾਇ॥ਜੋ ਮੋ ਪੈ ਸਬਦ ਕਮੀ ਮੋਹ ਕਾਇ॥
ਜਹਾ ਬਾਬੇ ਜੀ ਕੀ ਬਾਨੀ ਗਾਵੌਂ॥ਖਾਂਨ ਪਾਂਨ ਬਸਤ੍ਰ ਧਨ ਪਾਵੌਂ॥੯॥
ਲੇ ਰਬਾਬ ਉਠਿ ਗਇਓ ਰਿਸਾਇ॥ਜਹਾਂ ਗਾਵੇ ਤਹਾਂ ਭੀਖ ਨ ਪਾਇ॥
ਕਾਹੂ ਤਾਹ ਪਛਾਨਾ ਨਾਹ॥ਖਾਨ ਪਾਨ ਕੋਊ ਪੂਛੇ ਨਾਹ॥੧੦॥

180/ਅ **॥ਦੋ/ਹਰਾ॥**

ਪਾਚ ਦਿਵਸ ਤਾ ਕੋ ਭਏ ਮਿਲਿਓ ਨ ਪਾਨੀ ਅੰਨ॥
ਗੁਰ ਬਿਮੁਖ ਸਭ ਜਗ ਬਿਮੁਖ ਗੁਰ ਸਨਮੁਖ ਧੰਨ ਧੰਨ॥੧੧॥

॥ਤੋਮਰ ਛੰਦ॥

ਤਬ ਭਇਓ ਤਾਹ ਗਿਆਨ॥ਮੈ ਨੀਚ ਜਨਮ ਅਜਾਨ॥
ਸਤਗੁਰ ਨ ਜਾਨਿਆ ਮੋਹ॥ਸਭ ਜਗ ਕਰੇ ਮਮ[2] ਦ੍ਰੋਹ॥੧੨॥
ਅਬ ਸਰਨ ਤਾ ਕੀ ਜਾਉ॥ਜੇ ਦਰਸ ਸੰਤ ਗੁਰ ਪਾਉ॥
ਕਰ ਬਿਨੇ ਹੋਇ ਅਧੀਨ॥ਗੁਰ ਬਖਸ ਲੇਹ ਪ੍ਰਬੀਨ॥੧੩॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਮਨ (ਅ)

ਕੀਓ ਪਿਆਸ ਭੂਖ ਬਿਹਾਲ॥ ਮਨ ਚਿਤਵਿਓ ਗੁਰ ਦਿਆਲ॥
ਆਇ ਗਿਰਦ ਦੁਆਰੇ ਫਿਰਿਓ॥ ਕਰ ਰੁਦਨ ਬਿਨੇ ਉਚਰਿਓ॥੧੪॥
ਇਕ ਸਿਖ ਬਿਨਤੀ ਕੀਨ॥ ਬਲਵੰਡ ਖਰਾ ਅਧੀਨ॥
ਤਬ ਸੁਨਿਓ ਦੀਨ ਸੁਭਾਇ॥ ਲੀਨ ਦਿਆਲ ਬੁਲਾਇ॥੧੫॥
ਸਿਰ ਜਾਇ ਚਰਨਨ ਦੀਨ॥ ਬੋਲਿਓ ਤਬਹਿ ਅਧੀਨ॥
ਬਹੁ ਬਿਨੇ ਬਚਨ ਸੁਨਾਇ॥ ਸਤਗੁਰੂ ਦਯਾ ਜਨਾਇ॥੧੬॥

॥ਦੋਹਰਾ॥

ਤਬ ਹਸੇ ਦਿਆਲ ਤਿਹ ਦੇਖ ਕੈ ਭਾਖਿਓ ਸਹਜ ਸੁਭਾਇ॥
ਕਛੁ ਉਸਤਤ ਮੁਖ ਤੇ ਕਰੋ ਭੂਲ ਤੁਮਾਰੀ ਜਾਇ॥੧੭॥

॥ਚੌਪਈ॥

ਬਲਵੰਡ ਕਹੇ ਹੇ ਪ੍ਰਭ ਕਿਆ ਭਇਓ॥ ਸਭ ਬਾਨੀ ਬਾਕ ਮੋ ਤੇ ਚਲ ਗਇਓ॥
ਪ੍ਰਭ ਦਿਆਲ ਕਹੀ ਸਹਜ ਸੁਭਾਇ॥ ਮਮ ਵਚਨ ਵਾਕ ਬਾਨੀ ਫਿਰ ਪਾਇ॥੧੮॥
ਤਬ ਬਲਵੰਡ ਉਸਤਤ ਕਰੀ॥ ਟਿਕੇ ਕੀ ਵਾਰ ਕਰ ਨਾਦ ਉਚਰੀ॥
ਠਾਢੇ ਹੋਇ ਸਨਮੁਖ ਗੁਰ ਗਾਈ॥ ਸ੍ਰੀ ਸਤਗੁਰ ਜੀ ਕੇ ਮਨ ਭਾਈ॥੧੯॥

॥ੴ ਸਤਿਗੁਰ ਪ੍ਰਸਾਦਿ॥

॥ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੇ ਡੂਮ ਆਖੀ॥

181/ਓ ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋ/ਵੈ ਜੋਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤ ਦਾਨੁ ਪੜੀਵਦੈ॥
ਨਾਨਕ ਰਾਜੁ ਚਲਾਇਆ ਸਚੁ ਕੋਟਿ ਸਤਾਣੀ ਨੀਵਦੈ॥
ਲਹਿਣੇ ਧਰਿਅਨੁ[1] ਛਤੁ ਸਿਰ ਕਰ ਸਿਫਤੀ ਅੰਮ੍ਰਿਤ ਪੀਵਦੈ॥
ਮਤਿ ਗੁਰ ਆਤਮਦੇਵ ਦੀ ਖੜਗ ਜੋਗਿ ਪਰਾਕੁਇ ਜੀਵਦੈ॥
ਗੁਰ ਚੇਲੇ ਰਹਿਰਾਸ ਕੀਈ ਨਾਨਕ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥੧॥

॥ਪਉੜੀ ਦੂਸਰੀ ਚਲੀ॥[2]

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਰ ਓਹਾ ਜੁਗਤ ਸਾਇ ਸਹ ਕਾਇਆ ਫੇਰਿ ਪਲਟੀਐ॥
ਝੁਲੈ ਸਿਰ ਛਤੁ ਨਿਰੰਜਨੀ ਮਲੁ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗ ਅਲੂਣੀ ਚਟੀਐ॥
ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੈ ਖਟੀਐ॥
ਖਰਚੇ ਦਾਤ ਖਸੰਮ ਦੀ ਆਪ ਖਹਦੀ ਖੈਰ ਦਬਟੀਐ॥
ਹੋਵੈ ਸਿਫਤ ਖਸੰਮ ਦੀ ਨੂਰ ਅਰਸਹੁ ਕੁਰਸਹੁ ਝਟੀਐ॥
ਤੁਧ ਡਿਠੇ ਸਾਚੇ ਪਾਤਿਸਾਹ ਮਲ ਜਨਮ ਜਨਮ ਦੀ ਕਟੀਐ॥
ਸਚੁ ਜਿ ਗੁਰ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥
ਪੁਤ੍ਰੀ ਕਉਲ ਨ ਪਾਲਿਓ ਕਰ ਪੀਰਹੁ ਕੰਨ ਮੁਰਟੀਐ॥
ਦਿਲ ਖੋਟੈ ਆਕੀ ਫਿਰਹਿ ਬੰਨ ਭਾਰ ਉਠਾਇਨ ਛਟੀਐ॥
ਜਿਨ ਆਖੀ ਸੋਈ ਕਰੈ ਜਿਨ ਕੀਤੀ ਤਿਨੈ ਥਟੀਐ॥
ਕਵਣੁ ਹਾਰੇ ਕਿਨ ਉਵਟੀਐ॥੨॥

॥ਪਉੜੀ ਤੀਸਰੀ॥[3]

ਜਿਨ ਕੀਤੀ ਸੋ ਮੰਨਣਾ ਕੋ ਸਾਲ ਜਿਵਾਹੇ ਸਾਲੀ॥
ਧਰਮਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ॥
ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ॥
ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧ ਬਹਾਲੀ॥

---

[1] ਧਰਿਓ ਜੋ (ਅ)
[2] ਇੱਥੇ ਸਿਰਲੇਖ '॥ਪਉੜੀ॥' ਹੈ (ਅ), ਇੱਥੇ ਸਿਰਲੇਖ ਨਹੀਂ ਹੈ (ਸ)
[3] ਇੱਥੇ ਸਿਰਲੇਖ '॥ਪਉੜੀ॥' ਹੈ (ਅ), ਇੱਥੇ ਸਿਰਲੇਖ ਨਹੀਂ ਹੈ (ਸ)

181/ਅ /ਨਾਨਕੁ ਕਾਇਆ ਪਲਟ ਕਰ ਮਲ ਤਖਤ ਬੈਠਾ ਸੈ ਡਾਲੀ॥
ਦਰ ਸੇਵੇ ਉਮਤ ਖੜੀ ਮਸਕਲ ਹੋਵੈ ਜੰਗਾਲੀ॥
ਦਰ ਦਰਵੇਸ ਖਸੰਮ ਦੈ ਨਾਇ ਸਚੈ ਬਾਣੀ ਲਾਲੀ॥
ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਵ ਪਤਰਾਲੀ॥
ਲੰਗਰ ਦਉਲਤ ਵੰਡੀਐ ਰਸ ਅੰਮ੍ਰਿਤ ਖੀਰ ਘਿਆਲੀ॥
ਗੁਰਸਿਖਾ ਕੇ ਮੁਖ ਉਲੇ[1] ਮਨਮੁਖ ਥੀਏ ਪਰਾਲੀ॥
ਪਏ ਕਬੂਲ ਖਸਮ ਨਾਲਿ ਜਾ ਘਾਲਿ ਮਰਦੀ ਘਾਲੀ॥
ਮਾਤਾ ਖੀਵੀ ਸਹੁ ਸੋਇ ਜਿਨ ਗੋਇ ਉਠਾਲੀ॥੩॥

॥ਪਾਉੜੀ ਚੌਥੀ॥[2]

ਹੋਰਿਓ ਗੰਗ ਵਹਾਈਐ ਦੁਨਆਈ ਆਖੈ ਕਿ ਕਿਓਨੁ॥
ਨਾਨਕ ਈਸਰ ਜਗੰਨਾਥ ਉਚਹੁਹਦੀ ਵੈਣੁ ਵਿਰਿਕਿਓਨੁ॥
ਮਾਧਾਣਾ ਪਰਬਤੁ ਕਰ ਨੇਤ੍ਰ ਬਾਸਕੁ ਸਬਦ ਰਿੜਕਓਨੁ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣ ਚਿਲਿਕਿਓਨੁ॥
ਕੁਦਰਤਿ ਅਹਿ ਵੇਖਾਲੀਅਨੁ ਜਿਣ ਏਵਡ ਪਿੰਡ ਠਿਣਕਿਓਨੁ॥
ਲਹਣੇ ਧਰਿਓਨੁ ਛਤ੍ਰ ਸਿਰਿ ਅਸਮਾਨ ਕਿਆੜਾ ਛਿਕਿਓਨੁ॥
ਜੋਤ ਸਮਾਣੀ ਜੋਤ ਮਾਹਿ ਆਪ ਆਪੇ ਸੇਤੀ ਮਿਕਿਓਨੁ॥
ਸਿਖਾ ਪੁਤ੍ਰਾ ਘੋਖਿ ਕੈ ਸਭ ਉਮਤ ਵੇਖੈ ਜਿਕਿਓਨੁ॥
ਜਾ ਸੋਧਸ ਤਾ ਲਹਣਾ ਟਿਕਿਓਨੁ॥੪॥

॥ਚੌਪਈ॥

ਹੋਇ ਸਤਗੁਰ ਦਿਆਲ ਕਹਿਓ ਸਮਝਾਇ॥ਪੁਨ ਸਿਖ ਮਨ ਭੰਗ ਨ ਕਰਨਾ ਤਾਇ॥
ਸਿਖਨ ਕੇ ਮਨ ਮੋ ਮੈ ਰਹੋ॥ਯਹ ਨਿਜ ਮਤ ਮੈ ਤੋ ਕੋ ਕਹੋ॥੨੦॥
ਗੁਰਮੁਖ ਸਿਖ ਰੂਪ ਮਮ ਜਾਨੋ॥ਯਾ ਮੋ ਰੰਚਕ ਭੇਦ ਨ ਆਨੋ॥
ਜੋ ਮੇਰੋ ਪ੍ਰੇਮ ਧਰੇ ਮਨ ਮਾਹੀ॥ਮੈ ਤਾ ਕੋ ਸਦ ਨਿਰਖਤ ਆਹੀ॥੨੧॥
ਸਿਖ ਸੋਇ ਜੋ ਗੁਰ ਹਿਤ ਲਾਗੈ॥ਦਿੜ ਵਚਨ ਗੁਰੂ ਸਦ ਹਿਰਦੈ ਜਾਗੈ॥
182/ੳ ਕਰੇ ਭਗਤ ਗੁਰ ਅਰਪਨ ਕਰੇ॥ਵੇ ਜੀਵ ਮੁਕ/ਤ ਜਗ ਮਾਹਿ ਬਿਚਰੇ॥੨੨॥

॥ਦੋਹਰਾ॥

ਯਹ ਸਤਗੁਰ ਸ੍ਰੀ ਮੁਖ ਕਹਿਓ ਸਿਖ ਗੁਰੂ ਨਹੀ ਭੇਦ॥
ਜੋ ਸਿਖ ਸਦਾ ਸਤਗਰ ਭਜੈ ਪਰਮਾਤਮ ਆਭੇਦ॥੨੩॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਉਜਲੇ (ਅ,ੲ,ਸ)
[2] ਇੱਥੇ ਸਿਰਲੇਖ '॥ਪਉੜੀ॥' ਹੈ (ਅ), ਇੱਥੇ ਸਿਰਲੇਖ ਨਹੀਂ ਹੈ (ਸ)

[ਸਾਖੀ ਖਡੂਰ ਕੇ ਰਾਇ ਦੁਰਗਤ ਨੂੰ ਪ੍ਰਾਪਤ ਹੋਣਾ][1]

॥ ਸੋਰਠਾ ॥

ਸਤਗੁਰ ਬੇਪਰਵਾਹ ਸਦਾ ਅਲਪਤ ਜਗ ਮੋ ਰਹੇ ॥
ਕਿਉ ਕਮਲ ਰਹੇ ਜਲ ਮਾਹਿ ਰਹੇ ਅਪਰਸ ਜਗ ਮੋ ਸਦਾ ॥੧॥

॥ ਚੌਪਈ ॥

ਤਹਾਂ ਐਸੀ ਜੁਗਤ ਦਿਆਲ ਗੁਰ ਰਹੇ ॥ ਭਲੀ ਬੁਰੀ ਜਗ ਸੁਨੇ ਨ ਕਹੇ ॥
ਜੇ ਕੋ ਬਰਨ ਆਸ੍ਰਮ ਮਨ ਧਰੇ ॥ ਸਤਗੁਰ ਸੰਗਤ ਕਬਹੂੰ ਨ ਕਰੇ ॥੨॥
ਚਾਰ ਬਰਨ ਤਹਾ ਏਕ ਸਮਾਨਾ ॥ ਨਹੀ ਬਿਧ ਨਿਖੇਧ ਪੂਰਨ ਮਤ ਗਿਆਨਾ[2] ॥
ਤਾਂ ਤੇ ਕੋਊ ਸਮੀਪ ਨ ਪਾਵੈ ॥ ਮਸਤਕੁ ਟੇਕ ਦੂਰ ਤੇ ਜਾਵੈ ॥੩॥
ਜੋ ਲੋਕ ਬੇਦ ਕੁਲ ਭੈ ਨਹੀ ਧਰੇ ॥ ਹਰਿ ਕੀ ਪ੍ਰੇਮ ਭਗਤ ਮਨ ਕਰੇ ॥
ਸੋ ਸਤਗੁਰ ਕੀ ਸੰਗਤ ਆਵੈ ॥ ਦਰਸ ਪਰਸ ਪਰਮਾਰਥ ਪਾਵੈ ॥੪॥
ਤਿਸ ਗਾਉ ਏਕ ਚਉਧਰੀ ਆਹ ॥ ਕਛੁ ਭਗਤ ਧਰਮ ਕੀ ਲੇਸ ਨ ਤਾਹ ॥
ਮਦ ਪਾਨ ਕਰੇ ਅਰੁ ਬਕਤਾ ਰਹੇ ॥ ਮਿਰਗੀ ਰੋਗ ਨਿਤ ਪ੍ਰਤ ਤਿਸ ਦਹੇ ॥੫॥

॥ ਦੋਹਰਾ ॥

ਦਿਵਸ ਏਕ ਪ੍ਰਭ ਪੈ ਗਇਓ ਕਹੀ ਬ੍ਰਿਥਾ ਦੂਖ ਸਭ ਜਾਇ ॥
ਹੇ ਤਪਾ ਦਿਆਲ ਸਭ ਦੁਖ ਹਰੋ ਮਮ ਮ੍ਰਿਗੀ ਦੇਹੁ ਛੁਡਾਇ ॥੬॥

॥ ਚੌਪਈ ॥

182/ਅ ਤਬ ਹਸੇ ਦਿਲ ਕਹਿਓ ਤੂੰ ਮਦ ਤਿਆਗ ॥ ਮਿਰਗੀ ਤੁਮ/ਰੀ ਬਾਧੇ ਤਾਗੁ ॥
ਜਬ ਤੂੰ ਕਰੇ ਬਹੁਰ ਮਦ ਪਾਨ ॥ ਤਬ ਮ੍ਰਿਗੀ ਛੁਟ ਤੁਹ ਲਗੇ ਨਿਦਾਨ ॥੭॥
ਤਬ ਮਦ ਪਾਨ ਤਿਗ ਤਿਨ ਕੀਆ ॥ ਮ੍ਰਿਗੀ ਰੋਗ ਛੁਟਕ ਤਬ ਗਇਆ ॥
ਬਹੁਤ ਕਾਲ ਤਾ ਕੋ ਸੁਖ ਬੀਤਾ ॥ ਪੁਨਿ ਤਾ ਕੇ ਮਨ ਭਈ ਅਨੀਤਾ ॥੮॥
ਦਿਵਸ ਏਕ ਘਟਾ ਸਿਆਮ ਸੁਹਾਇ ॥ ਪੁਨ ਮਦਰਾ ਤਿਨ ਲੀਓ ਮੰਗਾਇ ॥
ਪੀਓ ਮਤਵਾਰਾ ਚੜਿਓ ਅਟਾਰੀ ॥ ਮਦ ਪੀਓ ਤਪਾ ਹਮ ਕਹਿਓ ਪੁਕਾਰੀ ॥੯॥
ਸੁਨ ਹਸੇ ਦਿਆਲ ਕਹਿਓ ਬਚਨ ਬਿਲਾਸ ॥ ਅਬ ਮ੍ਰਿਗੀ ਛੁਟ ਆਈ ਤੁਮ ਪਾਸ ॥
ਲਗਤ ਮ੍ਰਿਗੀ ਤਹਾ ਤੇ ਵੇ ਗਿਰਿਓ ॥ ਪਰਿਓ ਭੂਮ ਸੀਸ ਫੁਟ ਮਰਿਓ ॥੧੦॥

॥ ਸੋਰਠਾ ॥

ਸੰਤਨ ਸੌ ਉਪਹਾਸ ਕਰੇ[3] ਜੁ ਮੂਰਖ ਅੰਧ ਮਤ ॥
ਤਾ ਕੋ ਹੋਵੈ ਨਾਸ ਨਰਕ ਘੋਰ ਅਵਗਤ ਮਰਤ ॥੧੧॥

॥ ਦੋਹਰਾ ॥

ਜੋ ਮਨਮੁਖ ਮਤ ਅਗਿਆਨ ਤਿਨ ਸੰਤ ਸੰਗ ਨਹੀ ਫਲ ਲਗੇ ॥
ਸੋ ਗੁਰਮੁਖ ਪੁਰਖ ਸੁਜਾਨ ਹੋਇ ਸੇਵਕ ਭਾਇ ਸਭ ਪਦ ਲਹੇ ॥੧੨॥

॥ ਸਾਖੀ ਪੂਰਨ ਹੋਈ ॥੭੩॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਧਿਆਨਾ (ਸ)
[3] ਕਰੇ ਨਹੀਂ ਹੈ

[ਸਾਖੀ ਬਾਬਾ ਅਮਰਦਾਸ ਜੀ ਸ੍ਰੀ ਸਤਗੁਰੂ ਅੰਗਤ ਜੀ ਨਾਲ ਮਿਲਾਪ][1]

॥ਦੋਹਰਾ॥

ਜਿਮ ਭਗਤ ਰੂਪ ਧਰਿ ਪ੍ਰਗਟਿਓ ਪ੍ਰਭ ਬਾਸਰਕੀ ਗਾਵ॥
ਤੈਸੇ ਮੈ ਬਰਨਨ ਕਰੋ ਸੁਨੋ ਸਿਖ ਧਰੋ ਮਨ ਭਾਵ॥੧॥

॥ਚੌਪਈ॥

ਪ੍ਰਗਟ ਗਾਉ ਬਾਸਰਕੀ ਆਹ॥ਬਾਬੇ ਤੇਜੋ ਰਹੈ ਤਿਹ ਮਾਹ॥
183/ੳ /ਭਲੇ ਬੰਸ ਬਡੇ ਵੈ ਸਿਧ॥ਸੁਤਹਸਿਧ ਧੀਰਜ ਸਤ ਬੁਧ॥੨॥
ਆਗਿਆਕਾਰੀ ਤਿਨ ਸੁਤ ਚਾਰ॥ਗ੍ਰਿਹ ਕਿਰਖੀ ਸਾਧੈ ਸਭ ਬਿਵਹਾਰ॥
ਵੇ ਬੈਠੇ ਰਹੈ ਭਜਨ ਸਦ ਕਰੇ॥ਕਛੁ ਕਾਰਜ ਕਰੇ ਨ ਮਨ ਮੋ ਧਰੇ॥੩॥
ਸ੍ਰੀ ਅਮਰਦਾਸ ਜੇਠੇ ਸੁਤ ਤਾਹਿ॥ਗ੍ਰਿਹਸਤ ਜੁਗਤ ਹਰਿ ਭਗਤ ਕਮਾਹਿ॥
ਦਿਵਸ ਏਕ ਮਨ ਕੀਆ ਬਿਚਾਰ॥ਕਿਛੁ ਤਪਸਾ ਕਰੇ ਤੀਰਥ ਆਚਾਰ॥੪॥
ਗੰਗਾ ਸੇਵਨ ਬ੍ਰਤ ਮਨ ਕਰਾ॥ਬਰਖ ਮਾਹ ਜਾਤ੍ਰਾ ਦੁਇ ਧਰਾ॥
ਨਿਹਕਾਮ ਚਰਨ ਚਲ ਗੰਗਾ ਜਾਵੈ॥ਕਰੇ ਸਨਾਨ ਪਰਮ ਸੁਖ ਪਾਵੈ॥੫॥

॥ਦੋਹਰਾ॥

ਗੰਗਾ ਕਾ ਸੇਵਨ ਕੀਆ ਨਿਹਕਾਮ ਭਗਤ ਮਨ ਧਾਰ॥
ਅਤ ਸੁਚ ਪਵਿਤ੍ਰ ਜਾਤ੍ਰਾ ਕਰੋਂ ਨਿਰਾਲੰਭ ਸੁਖ ਸਾਰ॥੬॥

॥ਚੌਪਈ॥

ਅਬ ਗ੍ਰਹ ਆਸ੍ਰਮ ਬਿਧ ਸੁਨੋ ਜੁ ਅਹੀ॥ਦੁਇ ਕੰਨਿਆ ਸਾਹਿਬ ਗ੍ਰਿਹ ਭਈ॥
ਤਾ ਕਾ ਕੁਟੰਬ ਕਾਜ ਸਭ ਕੀਨਾ॥ਬਿਧ ਸੰਜੋਗ ਬਿਆਹੁ ਦਰ ਦੀਨਾ॥੭॥
ਸੂੜੀ ਕੁਲ ਰਾਮਾ ਤਿਹ ਨਾਮੁ॥ਤਿਨ ਸੁਤਾ ਬਡੀ ਬਿਆਹੀ ਸੁਭ ਕਾਮ॥
ਹਰਿਦਾਸ ਤਨੇ ਸੋਢੀ ਕੁਲ ਚਾਰ॥ਜੇਠਾ ਨਾਮ ਭਗਤ ਅਵਤਾਰ॥੮॥
ਭਾਨੀ ਸੁਤਾ ਪੂਰਬਜ ਬਿਧ ਜਾਗੀ[2]॥ਤਾ ਕੋ ਬਿਆਹੀ ਅਤ ਬਡਭਾਗੀ॥
ਪੂਰਬ ਸੰਯੋਗ ਸਫਲ ਸਭ ਭਇਆ॥ਤਬ ਸਾਹਿਬ ਇਹ ਮਨ ਠਹਰਇਆ॥੯॥
ਅਬ ਬੈਠ ਇਕੰਤ ਹਰਿ ਕੋ ਜਪੁ ਜਾਪੈ॥ਚਰਨਨ ਚਲ ਗੰਗਾ ਤਪੁ ਤਾਪੈ॥
ਜੋ ਹੋਇ ਸਹਜ ਬਿਧ ਸੋਈ ਸਾਰੇ॥ਹਰਿ ਹੋਇ ਦਿਆਲ ਭਵ ਸਾਗਰ ਤਾਰੇ॥੧੦॥

॥ਦੋਹਰਾ॥

ਊਚਾ ਚਉਬਾਰਾ ਗ੍ਰਿਹ ਬਿਖੇ ਅਤ ਇਕੰਤ ਸੁਭ ਥਾਨ॥
183/ਅ ਤਹ ਬੈਠੇ ਹਰਿ/ਹਰਿ ਜਪੈ ਮਨ ਧਰੇ ਪ੍ਰੀਤ ਗੰਗ ਅਭਿਰਾਮ॥੧੧॥

॥ਚੌਪਈ॥

ਹੋਇ ਬ੍ਰਹਮਚਰਜ ਗੰਗਾ ਕੌ ਜਜੈ॥ਹਰ ਮਨ ਧਰੇ ਹਰ ਹੀ ਕੋ ਭਜੈ॥
ਬਹੁਤ ਕਾਲ ਇਹ ਬਿਧ ਸੌ ਬੀਤਾ॥ਉਨੀਸ ਬਾਰ ਗੰਗਾ ਬ੍ਰਤ ਕੀਤਾ॥੧੨॥
ਬਹੁੜੋ ਬਾਰ ਬੀਸਵੀ ਗਏ॥ਸੁਧ ਸਨਾਨ ਕਰ ਆਵਤ ਭਏ॥
ਮਾਰਗ ਮਾਹਿ ਮਿਹੜਾ ਇਕ ਗਾਉ॥ਤਹਾ ਰਹੇ ਬ੍ਰਹਮਨ ਦਰਗੋ ਨਾਓ॥੧੩॥
ਸਾਰਸੁਤ ਭੰਭੀ ਜਾਤ ਕਹਾਵੈ॥ਜਾਤ੍ਰੀ ਆਇ ਤਹਾ ਸੁਖ ਪਾਵੈ॥
ਸਾਹਿਬ ਤਾ ਕੇ ਗ੍ਰਿਹ ਮੋ ਆਇ॥ਸੈਨ ਕੀਓ ਦੁਪਹਰਿ ਬਿਤਾਇ॥੧੪॥
ਵੈ ਬ੍ਰਹਮਨ ਬਿਦਿਆ ਪੜਿਓ ਬਸੇਖਾ॥ਸਾਹਿਬ ਕੇ ਚਰਨਨ ਢਿਗ ਦੇਖਾ॥
ਨਿਰਖਿਓ ਚਰਨ ਪਦਮ ਆਕਾਰ॥ਤਬ ਤਿਨ ਮਨ ਮੋ ਕੀਓ ਬਿਚਾਰ॥੧੫॥

॥ਦੋਹਰਾ॥[3]

ਇਹ ਕੋਊ ਅਵਤਾਰ ਅਥਵਾ ਹੋਵੈ ਰਾਜਾ ਚਕ੍ਰਵਤ॥
ਹੈ ਛਤ੍ਰੀ ਕੁਲ ਸੁਭਚਾਰ ਤਾ ਸੋ ਲੇਵੋ ਬਚਨ ਅਬ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਜਾਗਾਤੀ (ਸ)
[3] ਇੱਥੇ ਸਿਰਲੇਖ '॥ਸੋਰਠਾ॥' ਹੈ (ਅ,ੲ,ਸ)

॥ਚੌਪਈ॥[1]

ਪੁਨ ਮਾਰਗ ਚਲੇ ਸੋਏ ਜਬ ਜਾਗੇ॥ ਬ੍ਰਹਮਨ ਕੋ ਕਛੁ ਦੇਵਨ ਲਾਗੇ॥
ਅਬ ਨਹੀ ਕਛੁ ਲੇਹੁ ਬਚਨ ਮੁਹਿ ਦੇਵੋ॥ ਜਬ ਬਿਭੋ[2] ਹੋਇ ਮਾਗੋ ਸੋ ਲੇਵੌ॥੧੭॥
ਤਾ ਕੋ ਦਿਆਲ ਬਚਨ ਯਹ ਦੀਆ॥ ਮਾਰਗ ਚਲੇ ਪਿਆਨਾ ਕੀਆ॥
ਬ੍ਰਹਮਚਾਰੀ ਇਕ ਪਥ ਮੋ ਮਿਲਾ॥ ਹਰਿ ਚਰਚਾ ਕਰੇ ਮਗ ਮੋ ਅਤ ਭਲਾ॥੧੮॥
ਲਗਾ ਸਾਹਿਬ ਸੌ ਗ੍ਰਿਹ ਲੌ ਗਇਆ॥ ਖਾਨ ਪਾਨ ਸਭ ਸੇਵਕ ਕਰਾਇਆ॥
ਪਾਇ ਪਰਸਾਦ ਕੋਠੇ ਪਰ ਗਏ॥ ਬ੍ਰਮਚਾਰੀ ਤਬ ਪੂਛਤ ਭਏ॥੧੯॥
ਤੁਮ ਕਿਸੁ ਗੁਰ ਗ੍ਰਿਹ ਕੇ ਸੇਵਕ ਅਹੋ॥ ਯਹ ਬ੍ਰਿਤੰਤ ਦਿਆਲ ਮੁਹਿ ਕਹੋ॥
ਯਹ ਬਚਨ ਦਿਆਲ ਤਾਹ ਸੋ ਕਹਾ॥ ਮੈ ਅਬ ਲਗ ਗੁਰ ਖੋਜਤ ਰਹਾ॥੨੦॥

॥ਦੋਹਰਾ॥

184/ੳ ਬ੍ਰਹਮਚਾਰੀ ਇਹੁ/ਬਚਨ ਸੁਨ ਅਤ ਮਨ ਤਨ ਦੁਖ ਮਾਨ॥
ਮਮ ਤੀਰਥ ਬ੍ਰਤ ਬ੍ਰਿਥਾ ਭਏ ਕੀਓ ਜੁ ਤੁਮ ਸੌ ਖਾਨ॥੨੧॥

॥ਚੌਪਈ॥

ਬਹੁਤ ਕਲਪਨਾ ਤਿਨ ਤਬ ਕੀਆ॥ ਤੁਮ ਬਿਨ ਗੁਰ ਬ੍ਰਿਥਾ ਸੰਗ ਤੁਮ ਦੀਆ॥
ਮਮ ਬਰਤ ਨੇਮ ਬ੍ਰਿਥਾ ਸਭ ਭਏ॥ ਯਹ ਚਰਚਾ ਕਰ ਤਹ ਤੇ ਉਠ ਗਏ॥੨੨॥
ਤਬ ਸਾਹਿਬ ਮਨ ਚਿੰਤਾ ਭਈ॥ ਤਨ ਮਨ ਕੀ ਕਛੁ ਸੁਧ ਨਹੀ ਰਹੀ॥
ਗੁਰੂ ਨਾਮ ਕੀ ਜਕ ਮਨ ਲਾਗੀ॥ ਕ੍ਰਿਆ ਕਰਮ ਕੀ ਸਭ ਸੁਧ ਭਾਗੀ॥੨੩॥
ਨਿਮਖ ਏਕ ਕਲਪ ਸਮ ਬੀਤੇ॥ ਕਬ ਪਾਵੋ ਗੁਰ ਪਰਮ ਪ੍ਰੀਤੇ॥
ਅਬ ਕਵਨ ਜੁਗਤ ਗਿਆਨੀ ਗੁਰ ਪਾਵੋ॥ ਤਨ ਮਨ ਕੀ ਸਭ ਤ੍ਰਿਖਾ ਮਿਟਾਵੋ॥੨੪॥
ਹੇ ਦੀਨ ਬੰਧ ਹਰਿ ਕਰੋ ਸਹਾਇ॥ ਤੁਮ ਕਾਰਨ ਗੰਗਾ ਸੇਵਨ ਆਹ॥
ਤੁਮ ਚਰਨ ਕਮਲ ਤੇ ਗੰਗਾ ਭਈ॥ ਤੁਮ ਕਾਰਨ ਸੇਵਤ ਅਉਧ ਬਿਤਈ॥੨੫॥

॥ਦੋਹਰਾ॥

ਅਤ ਪ੍ਰੇਮ ਸਹਤ ਬਿਨਤੀ ਕਰੇ ਹੇ ਪ੍ਰਭ ਦੀਨ ਦਿਆਲ॥
ਪੂਰਾ ਗੁਰ ਗਿਆਨੀ ਮਿਲੇ ਮਨ ਤਨ ਹੋਇ ਨਿਹਾਲ॥੨੬॥

॥ਚੌਪਈ॥

ਹੇ ਗੰਗਾ ਤੂੰ ਸੁਰ ਮੁਨ ਪਿਆਰੀ ਤੁਹ ਸੇਵੇ ਹਰ ਪਦੁ ਅਧਿਕਾਰੀ॥
ਮਮ ਨਿਹਾਕਾਮ ਸੇਵਨ ਤੁਹ ਕੀਨਾ॥ ਤੁਮ ਜਾਨਤ ਹੋ ਗੰਗ ਪ੍ਰਬੀਨਾ॥੨੭॥
ਅਬ ਕਰੋ ਦਇਆ ਸਤਗੁਰ ਮੁਹ ਮਿਲੇ॥ ਤੁਮਰੀ ਸੇਵ ਸਫਲ ਹੋਇ ਫਲੇ॥
ਇਮ ਬਿਨੇ ਬਚਨ ਗੰਗਾ ਹਰਿ ਕਹੇ॥ ਪੁਨ ਲਿਵ ਲੀਨ ਹੋਇ ਮਨ ਰਹੇ॥੨੮॥
ਅਰਧ ਰੈਨ ਬੀਤਤ ਜਬ ਭਈ॥ ਮਨ ਤਨ ਕੀ ਸੁਧ ਕਛੂ ਨ ਰਹੀ॥
ਪੁਨ ਸਤਿਗੁਰ ਕੀ ਉਸਤਤ ਕਰੇਂ॥ ਨਾਮ ਰੂਪ ਕਛੁ ਮਨ ਨਹੀ ਧਰੇਂ॥੨੯॥
ਸਰਬੰ ਸਤਗੁਰ ਪੂਰਨ ਆਹੀ॥ ਕਹੂ ਕਵਨ ਕਾਲ ਮੇ ਸਤਵਾਰ ਨਹੀ॥
184/ਅ ਜੋ ਹਰਿ ਰੂਪ ਨਿਰੰਜਨ ਦੇਖੇ॥ ਨਿਜ ਹਰਿ ਮੂਰਤ ਸਤਗੁ/ਰ ਲੇਖੇ॥੩੦॥

॥ਦੋਹਰਾ॥

ਹਰਿ ਗੁਰ ਚਿਤਵਨ ਮਨ ਧਰੀ ਭਏ ਪ੍ਰੇਮ ਲਿਵ ਲੀਨ॥
ਤੀਨ ਪਹਰ ਬੀਤਤ ਭਏ ਤਬ ਹਰਿ ਗੁਰ ਬਿਧ ਯਹ ਕੀਨ॥੩੧॥

॥ਦੋਹਰਾ॥[3]

ਸ੍ਰੀ[4] ਅਗਤ ਜੀ ਕੀ ਸੁਤਾ ਬੀਬੀ ਅਮਰੋ ਨਾਮ॥
ਹਰਿ ਨਿਜ ਭਗਤੀ ਬਪੁ ਧਰਿਓ ਉਤਰੀ ਸਤਿਗੁਰ ਧਾਮ॥੩੨॥
ਸ੍ਰੀ ਅਮ੍ਰ ਸਾਹਿਬ ਕੋ ਭ੍ਰਾਤ ਸੁਤ ਅਤ ਬਡਭਾਗੀ ਆਹ॥
ਪੁਰਾਤਨ ਕੁਟੰਬ ਸੰਜੋਗ ਬਿਧ ਤਾਂ ਸੋ ਭਇਓ ਵਿਆਹ॥੩੩॥

---

[1] ਇੱਥੇ ਸਿਰਲੇਖ '॥ਚੌਪਈ॥' ਨਹੀਂ ਹੈ (ੲ)
[2] ਬਿਧ (ਅ)
[3] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ਸ)
[4] ਸ੍ਰੀ ਗੁਰ (ਅ)

॥ਦੋਹਰਾ॥[1]

ਜਬ ਬਿਵਹਾਰ ਕੁਲ ਰੀਤ ਕਰ ਦਈ ਸੁਸਰਾਰ ਪਠਾਇ॥
ਬਹੁ ਦਿਨ ਸੌ ਗ੍ਰਹ ਮੋ ਬਸੇ ਕੋਊ ਮਹਮਾ ਲਖੇ ਨ ਤਾਹ॥੩੪॥

॥ਦੋਹਰਾ॥

ਗ੍ਰਿਹ ਧੰਧਾ ਸਭ ਸਿਧ ਕਰੇ ਪਿਛਲੀ ਰਾਤ੍ਰ ਜਬ ਹੋਇ॥
ਸਤਗੁਰ ਬਾਨੀ ਮੁਖ ਪੜੇ ਕਰ ਸੌ ਦਹੀ ਬਿਲੋਇ॥੩੫॥

॥ਚੌਪਈ॥

ਸਗਲ ਰੈਨ ਰਹੇ ਸਾਹਿਬ ਜਾਗੇ॥ਗੁਰ ਦਰਸਨ ਪ੍ਰੇਮ ਚਿਤਵਨ ਮਨ ਪਾਗੇ॥
ਪਹਰ ਰਾਤ੍ਰ ਪਿਛਲੀ ਜਬ ਰਹੀ॥ਹਰਿ ਭਏ ਦਿਆਲ ਇਹ ਬਿਧ ਪ੍ਰਗਟਈ॥੩੬॥
ਬੀਬੀ ਅਮਰੋ ਜੀ ਤਬ ਜਾਗੀ॥ਮੁਖ ਕਰ ਪਦ ਧੋਇ ਭਜਨ ਅਨਰਾਗੀ॥
ਯਹ ਜੁਗਤ ਅਮਰ ਸਾਹਿਬ ਜਬ ਦੇਖੀ॥ਜਾਨੀ ਬੀਬੀ ਭਗਤ ਬਿਸੇਖੀ॥੩੭॥
ਗੁਰਬਾਨੀ ਬੀਬੀ ਪਾਠ ਮੁਖ ਕਰੀ॥ਸੁਨੀ ਸਾਹਿਬ ਹਿਰਦੇ ਸਭ ਧਰੀ॥
ਪੁਲਕਿਓ ਤਨ ਗਦ ਗਦ ਮਨ ਭਇਆ॥ਜਿਮ ਲਛਮਨ ਮੁਖ ਅੰਮ੍ਰਿਤ ਪਇਆ॥੩੮॥
ਚਿਤਵਨ ਮਿਟੀ ਭਈ ਮਨ ਆਸਾ॥ਲੇ ਸੁਆਤ ਬੂੰਦ ਚਾਤ੍ਰਕ ਗਈ ਪਿਆਸਾ॥
ਇਹ ਸਬਦੁ ਸੰਪੂਰਨ ਬੀਬੀ ਪੜਾ॥ਸਾਹਿਬ ਸੁਨੇ ਓਲੇ ਹੋਇ ਖੜਾ॥੩੯॥

॥ਦੋਹਰਾ॥

ਗੁਰੂ ਬਾਬੇ ਜੀ ਕਾ ਸਬਦੁ ਇਹੁ ਮੁਖ ਬੀਬੀ ਕੀਓ ਉਚਾਰ॥
185/ੳ ਵੈਰਾਗ ਭ/ਗਤ ਪੂਰਨ ਤਹਾ ਮੁਕਤ ਦੁਆਰ ਸੁਖ[2] ਸਾਰ॥੪੦॥

॥ਸਬਦ ਸ੍ਰੀ ਮੁਖਵਾਕ॥

॥ਰਾਗ ਮਾਰੂ ਮਹਲਾ ੧॥

ਕਰਣੀ ਕਾਗਦੁ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤ ਹਰੇ॥
ਚਿਤ ਚੇਤਸ ਕੀ ਨਹੀ ਬਾਵਰਿਆ॥ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥

॥ਪਉੜੀ ਦੂਸਰੀ॥[3]

ਜਾਲੀ ਰੈਨ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥੨॥

॥ਪਉੜੀ ਤੀਸਰੀ॥[4]

ਕਾਇਆ ਆਰਣਿ ਮਨੁ ਵਿਚਿ ਲੋਹਾ ਪੰਚ ਅਗਨਿ ਤਿਤ ਲਾਗ ਰਹੀ॥
ਕੋਇਲੇ ਪਾਪ ਪੜੇ ਤਿਸ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ॥੩॥

॥ਪਉੜੀ ਚਉਥੀ॥[5]

ਭਇਆ ਮਨੂਰ ਕੰਚਨ ਫਿਰ ਹੋਵੈ ਜੇ ਗੁਰੁ ਮਿਲੇ ਤਿਨੇਹਾ॥
ਏਕ ਨਾਮ ਅੰਮ੍ਰਿਤ ਓਹ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥
[6]ਜਬ ਇਹ ਸਬਦੁ ਸ੍ਰਵਨ ਮਨ ਸੁਨਾ॥ਸਤਗੁਰ ਪਦ ਲਾਭ ਸਤ ਮਨ ਗਿਨਾ॥
ਹਰਖ ਰੋਮ ਹੀਏ ਪ੍ਰੇਮ ਹੁਲਾਸਾ॥ਮਨ ਸਰਬ ਜੁਗਤ ਦ੍ਰਿੜ ਗਿਆਨ ਪ੍ਰਕਾਸਾ॥੪੧॥
ਤਿਸੀ ਸਮੇ ਤਹ ਆਇ ਭਏ ਖੜੇ॥ਹੇ ਸੁਤ ਤੂੰ ਜਿ ਬਿਸਨ ਪਦੁ ਪੜੇ॥
ਇਹ ਕਿਸ ਕਾ ਬਚਨ ਕਾਹ ਤੇ ਸੁਨਾ ਤੁਝ ਮੁਖ ਸੁਨਿ ਨਿਜ ਭਾਗ ਮਮ ਗਿਨਾ॥੪੨॥
ਤਬ ਬੀਬੀ ਅਮਰੋ ਕਹਿਓ ਸੁਨਾਇ॥ਗੁਰੂ ਨਾਨਕ ਜੀ ਕਾ ਬਿਸਨ ਪਦ ਆਇ॥
ਮਮ ਪਿਤਾ ਅਗ੍ਰ ਬਲਵੰਡ ਨਿਤ ਗਾਇਆ॥ਮੈ ਸੁਨਿਓ ਤਹਾ ਤੇ ਹੀਏ ਬਸਾਇਆ॥੪੩॥
185/ਅ ਤਬ ਸਾਹਿਬ ਬਿਨੇ ਬਚਨ ਮੁਖ ਕਹਾ॥ਹੇ ਪੁਤ੍ਰੀ ਮੋਹਿ ਲੇ ਚਾ/ਲੋ ਤਹਾ॥

---

[1] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ਸ)
[2] ਮੁਖ (ਅ,ਇ,ਸ)
[3] ਇੱਥੇ ਸਿਰਲੇਖ '॥ਪਉੜੀ॥' ਹੈ (ਅ), ਇੱਥੇ ਸਿਰਲੇਖ '॥ਪਉੜੀ ਦੂਸਰੀ॥' ਨਹੀਂ ਹੈ (ਸ)
[4] ਇੱਥੇ ਸਿਰਲੇਖ '॥ਪਉੜੀ॥' ਹੈ (ਅ), ਇੱਥੇ ਸਿਰਲੇਖ '॥ਪਉੜੀ ਤੀਸਰੀ॥' ਨਹੀਂ ਹੈ (ਸ)
[5] ਇੱਥੇ ਸਿਰਲੇਖ '॥ਪਉੜੀ॥' ਹੈ (ਅ), ਇੱਥੇ ਸਿਰਲੇਖ '॥ਪਉੜੀ ਚਉਥੀ॥' ਨਹੀਂ ਹੈ (ਸ)
[6] ਇੱਥੇ ਸਿਰਲੇਖ '॥ਚੌਪਈ॥' ਹੈ (ਅ,ਸ)

ਉਨ ਦਰਸਨ ਕੀ ਮਨ ਧਰੋ ਪਿਆਸ[1]॥੪੪॥

॥ਦੋਹਰਾ॥

ਬੀਬੀ ਅਮਰੋ ਜੀ ਕਹਾ ਮੈ ਸਤਗੁਰ ਸੋ ਡਰ ਪਾਉ॥
ਬਿਨ ਆਗਿਆ ਜਾਨਾ ਨਹੀ ਬਿਨ ਬਿਦਾ ਕੀਏ ਨਹੀ ਆਉ॥੪੫॥

॥ਦੋਹਰਾ॥[2]

ਹੇ ਪੁਤ੍ਰੀ ਮਤ ਚਿੰਤਾ ਕਰੋ ਲੇ ਚਾਲੋ ਮੁਹਿ ਸੰਗ॥
ਅੰਤਰਜਾਮੀ ਦਿਆਲ ਹੈ ਮਤ ਸੰਕ ਕਰੋ ਮਨ ਭੰਗ॥੪੬॥

॥ਚੌਪਈ॥

ਤਬ ਬੀਬੀ ਚਲੀ ਸਾਹਿਬ ਸੰਗ ਚਲੇ॥ਜਿਮ ਗੰਗਾ ਸਾਗਰ ਢੁਲ ਮਿਲੇ॥
ਪਹੁਚੇ ਜਾਇ ਸਤਗੁਰ ਕੇ ਦੁਆਰ॥ਮਿਲ ਸਾਗਰ ਗੰਗਾ ਛੇਤ੍ਰ ਸੁਚਾਰ॥੪੭॥
ਜੋ ਤਿਸ ਸੰਗਮ ਕਰੇ ਸਨਾਨ॥ਹੋਇ ਮੁਕਤ ਨਹੀ ਆਵਨ ਜਾਨ॥
ਜਿਮ ਆਤਮ ਜਾਇ ਮਿਲੇ ਪਰਮਾਤਮ॥ਯੇਹੀ ਪਰਮ ਪਦ ਮੁਕਤੁ ਮਹਾਤਮ॥੪੮॥
ਤਬ ਬੀਬੀ ਜੀ ਸਾਹਿਬ ਸੌ ਕਹਿਓ॥ਮੈ ਜਾਉ ਆਗੇ ਤੁਮ ਈਹਾ ਰਹੋ॥
ਸਤਗੁਰ ਸੌ ਆਗਿਆ ਲੇ ਆਵੋ॥ਪੁਨ ਤੁਮ ਕੋ ਉਹਾ ਲੇ ਜਾਵੌ॥੪੯॥
ਅੰਦਰ ਜਾਇ ਦਰਸਨ ਜਬ ਕਰਾ॥ਪ੍ਰਭ ਅੰਤਰਜਾਮੀ ਪੂਛਨ ਕਰਾ॥
ਬਿਨਾ ਬੁਲਾਏ ਕਿਉ ਤੁਮ ਆਏ॥ਜਿਨ ਸੰਗ ਹੁਇ ਆਏ ਤਿਨ ਕਿਉ ਨ ਲਿਆਏ॥੫੦॥

॥ਦੋਹਰਾ॥

ਬੀਬੀ ਅਮਰੋ ਆਇ ਕੇ ਲੇ ਗਈ ਸਾਹਿਬ ਸੰਗ॥
ਜਾਇ ਸਤਗੁਰ ਦਰਸਨ ਕੀਆ ਸੋਭਾ ਅਮਿਤ ਅਭੰਗ॥੫੧॥

॥ਚੌਪਈ॥

ਸਤਗੁਰ ਗਲ ਮਿਲਨੇ ਕੋ ਕਰਾ॥ਸਾਹਿਬ ਸਿਰ ਚਰਨਨ ਪਰ ਧਰਾ॥
ਸਤਿਗੁਰ ਦਿਆਲ ਬੂਝੇ ਇਹੁ ਬਾਤ॥ਇਹ ਅਕਥ ਕਥਾ ਕਛੁ ਕਹੀ ਨ ਜਾਤ॥੫੨॥
ਕਰ ਆਦਰ ਪ੍ਰਭ ਨਿਕਟ ਬੈਠਾਏ॥ਬੂਝਾ ਪ੍ਰੇਮ ਧਨੀ ਮਮ ਆਏ॥
ਸਤਿਗੁਰ ਸਿਖ ਕਾ ਤਹਾ ਮਿਲਾਪੁ॥ਜਹਾ ਸੁਖ ਦੁਖ ਨਾਹ ਪੁੰਨ ਅਰ ਪਾਪੁ॥੫੩॥
186/ੳ /ਪੂਛਤ ਮਗ ਕੁਸਲ ਛੇਮ ਸੰਬਾਦ॥ਤਬ ਲਗ ਭਇਓ ਸਿਧ ਪ੍ਰਸਾਦ॥
ਲੇ ਚਲੇ ਸਾਥ ਲੰਗਰ ਕੇ ਮਾਹਿ॥ਸੰਗੀ ਸਗਲ ਬੁਲਾਏ ਤਾਹਿ॥੫੪॥
ਅਜਾ[3] ਮਾਸ ਭਇਓ ਸਿਧ ਰਸੋਈ॥ਅਵਰ ਦਾਲ ਭਾਤ ਭੀ ਹੋਈ॥
ਦੇਖ ਮਾਸ ਕੀਨਾ ਬਿਸਵਾਸ॥ਜੋ ਸਤਗੁਰ ਦਿਆਲ ਨ ਦੇਵੈ ਮਾਸ॥੫੫॥

॥ਸੋਰਠਾ॥

ਗੁਰ ਅੰਤਰਿਜਾਮੀ ਦਿਆਲ ਬੂਝੀ ਬਿਰਤ ਮਨ ਕੀ ਕਹਿਓ॥
ਇਸ ਪੁਰਖੁ ਪਰੋਸੋ ਦਾਲ ਮਾਸ ਭੋਜਨ ਦੇਨਾ ਨਹੀ॥੫੬॥

॥ਚੌਪਈ॥

ਆਗਿਆ ਮਾਨ ਰਸੋਈਐ ਕੀਨਾ॥ਸਭ ਕੋ ਮਾਸ ਦਾਲ ਈਹਾ ਦੀਨਾ॥
ਸਤਿਗੁਰ ਕੇ ਥਾਲ ਪਰੋਸਾ ਮਾਸ॥ਪੁਨ ਦੇਖ ਮਾਸੁ ਮਨ ਕਰਿਓ ਬਿਸਾਸ॥੫੭॥
ਸਤਿਗੁਰ ਦਿਆਲ ਜੋ ਭੋਜਨ ਕਰੇ॥ਹਮ ਤਾ ਤੇ ਮਨ ਸੰਕਾ ਧਰੇ॥
ਜੌ ਯਹ ਬਿਧ ਨਿਖੇਧ ਹਮ ਕਰਾ॥ਅੰਤਰਾਲ ਸਤਗੁਰ ਸੌ ਪਰਾ॥੫੮॥
ਜਬ ਸਿਖ ਸਤਗੁਰ ਸੋ ਅੰਤਰਿ ਕਰੇ॥ਤਾ ਕਾ ਕਾਜ ਨ ਕਬਹੂੰ ਸਰੇ॥
ਜੌ ਅੰਤਰਜਾਮੀ ਸਤਿਗੁਰ ਦਿਆਲ॥ਦੈਹੈ ਪ੍ਰਸਾਦਿ ਮੋਹਿ ਨਿਜ ਥਾਲ॥੫੯॥
ਕ੍ਰਿਪਾ ਸਿੰਧ ਸਤਗੁਰ ਮਨ ਜਾਨੀ॥ਇਹ ਤੌ ਮਹਾ ਪੁਰਖ ਦ੍ਰਿੜ ਗਿਆਨੀ॥
ਅਬ ਸੰਕਾ ਸਗਲੀ ਭਈ ਨਿਵਰਤ॥ਦੇਹ ਪ੍ਰਸਾਦਿ ਸੁਧ ਭਈ ਬਿਰਤ॥੬੦॥

---

[1] ਉਨ ਦਰਸਨ ਕੀ ਮਨ ਧਰੋ ਪਿਆਸ॥ਕਰੋ ਦਰਸ ਪੂਰਨ ਹੋਇ ਆਸ॥ (ਅ,ਏ)
[2] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ੲ,ਸ)
[3] ਇੱਥੇ ਸ਼ਬਦ 'ਅਜਾ' ਨਹੀਂ ਹੈ (ਸ)

॥ ਸੋਰਠਾ ॥

ਸਤਿਗੁਰ ਦੀਨ ਦਿਆਲ ਦੁਇ ਗਿਰਾਸ ਭੋਜਨ ਕੀਓ ॥
ਧਰ ਦੀਨੋ ਆਗੇ ਥਾਲ ਲਿਓ ਮਹਾਂ ਪੁਰਖੁ ਭੋਜਨੁ ਕਰੋ ॥ ੬੧ ॥

॥ ਚੌਪਈ ॥

ਜਬ ਮਹਾ ਪ੍ਰਸਾਦਿ ਸਤਿਗੁਰ ਕਾ ਖਾਇਆ ॥ ਮਹਾਂ ਆਨੰਦ ਪ੍ਰਕਾਸ ਹੋਇ ਆਇਆ ॥
ਸਤਿਗੁਰ ਪ੍ਰਸਾਦਿ ਮਹਿਮਾ ਕਿਆ ਕਹੈ ॥ ਜੋ ਪਾਵੈ ਸੋਈ ਸੁਖ ਲਹੈ ॥ ੬੨ ॥
186/ਅ ਪਾਇ ਪ੍ਰਸਾਦਿ ਬਾਹਰਿ ਪੁਨਿ ਆਏ ॥ ਜਾਇ ਇਕੰਤ ਬੈਠ ਸੁਖ ਪਾ/ਏ ॥
ਸਤਿਗੁਰ ਬਹੁਰ ਨ ਪੂਛੈ ਕਹੈ ॥ ਦਿੜ ਮਨ ਸਦਾ ਭਜਨ ਸੁਖ ਲਹੈ ॥ ੬੩ ॥
ਬਹੁਤ ਕਾਲ ਐਸੇ ਬੀਤਾਇਓ ॥ ਕੁਲ ਗ੍ਰਿਹ ਬਿਵਹਾਰ ਚੀਤ ਨਹੀ ਆਇਓ ॥
ਕਰ ਉਪਹਾਸ ਸਭ ਕਹਣੇ ਲਾਗੇ ॥ ਅਮਰਦਾਸ ਕੁਲ ਗ੍ਰਿਹ ਕੀਓ ਤਿਆਗੇ ॥ ੬੪ ॥
ਤਬ ਸਾਹਿਬ ਮਨ ਕੀਆ ਬੀਚਾਰ ॥ ਕਛੁ ਟਹਲ ਕਰੈਂ ਸਤਗੁਰ ਦਰਬਾਰ ॥
ਜੱਦਪ ਸਤਗੁਰ ਹੈ ਬੇਪਰਵਾਹੁ ॥ ਤਦਪ ਸਿਖ ਰਹੇਂ ਸੇਵਾ ਭਾਉ ॥ ੬੫ ॥

॥ ਦੋਹਰਾ ॥

ਪ੍ਰਮਾਰਥ ਗੁਰ ਸੇਵ ਹੈ ਜਾ ਕੋ ਪ੍ਰਾਪਤ ਹੋਇ ॥
ਸੇਵ ਸੇਵਕ ਸੁਆਮੀ ਮਿਲੈ ਮੁਕਤ ਪਰਮ ਪਦ ਸੋਇ ॥ ੬੬ ॥

॥ ਚੌਪਈ ॥

ਜਬ ਸੇਵਾ ਸਾਹਿਬ ਦਿੜ ਕੀਨਾ ॥ ਜੋ ਚਾਹੈ ਤਾਹੂ ਭਰ ਦੀਨਾ ॥
ਰਹੇ ਪਹਰ ਰਾਤ੍ਰ ਤਬ ਜਲ ਭਰ ਲਿਆਵੈ ॥ ਸਤਗੁਰ ਕੋ ਇਸਨਾਨ ਕਰਾਵੈ ॥ ੬੭ ॥
ਇਸਨਾਨ ਕਰਾਇ ਇਕੰਤ ਬਹ ਰਹੇ ॥ ਕਾਹੂ ਸੋ ਕਛੁ ਸੁਨੇ ਨ ਕਹੇ ॥
ਸਤਿਗੁਰ ਮੂਰਤਿ ਹਿਰਦੈ ਧਰੈ ॥ ਖਾਨ ਪਾਨ ਕਛੁ ਸੁਧ ਨਹੀ ਕਰ ॥
ਸਹਜਿ ਸੁਭਾਇ ਹੋਇ ਸੋ ਹੋਇ ॥ ਸਰੀਰ ਕ੍ਰਿਆ ਪੁਨ ਰਹਿਓ ਨ ਕੋਇ ॥
ਸਤਗੁਰ ਬਹੁੜ ਨ ਪੂਛੀ ਬਾਤ ॥ ਅਚਰਜ ਗਤ ਕਛੁ ਲਖੀ ਨ ਜਾਤ ॥ ੬੯ ॥
ਇਹ ਬਿਧ ਦੁਆਦਸ ਬਰਖ ਬਿਤਾਏ ॥ ਤਨ ਵਹੀ ਬਸਤ੍ਰ ਜੋ ਪਹਰੇ ਆਏ[1] ॥
ਦੇਹ ਬਿਵਹਾਰ ਕੀ ਸੁਧ ਨਹੀ ਰਹੀ ॥ ਗੁਰ ਮੂਰਤਿ ਹਿਰਦੇ ਦ੍ਰਿੜ ਭਈ ॥ ੭੦ ॥

॥ ਦੋਹਰਾ ॥

ਜਿਹ ਮਨ ਮਹਿ ਸਤਗੁਰ ਬਸੇ ਤੇ ਪਰਮਾਤਮ ਰੂਪ ॥
ਕੋ ਮਹਿਮਾ ਤਾ ਕੀ ਕਹੈ ਸੋਭਾ ਅਮਿਤ ਅਨੂਪ ॥ ੭੧ ॥

॥ ਚੌਪਈ ॥

ਪੁੰਨ ਰੂਪ ਇਕ ਰਾਤ੍ਰ ਸੁਹਾਈ ॥ ਸਿਆਮ ਘਟਾ ਬਰਖਾ ਬਰਖਾਈ ॥
ਇਸਨਾਨ ਸਮਾ ਸਤਗੁਰ ਕਾ ਜਾਨ ॥ ਜਲ ਕੌ ਚਲੇ ਪ੍ਰੇਮ ਮਨ ਮਾਨ ॥ ੭੨ ॥
187/ੳ ਲੇ ਜਲ ਧਰਮਸਾਲ ਕੋ ਆਏ ॥ ਬਸੇ ਜੁਲਾਹਾ ਇਕ ਮਗ/ਮਾਹੇ ॥
ਤਿਹ ਘਰ ਮੋ ਮਾਰਗ ਥਾ ਬਨਾ ॥ ਅੰਗਨ ਮੋ ਚਹਲਾ ਥਾ ਘਨਾ ॥
ਲੈ ਜਲ ਤਿਸ ਮਗ ਆਵਤ ਭਏ ॥ ਬਿਛਲਿਓ[2] ਪਗ ਕੁੰਭਲ ਮੋ ਪਏ ॥
ਸੁਨਿ ਇਹ ਖੜਕ ਜੁਲਾਹੈ ਕਹਾ ॥ ਪੂਛੈ ਜੋਰੋ ਇਹ ਕਿਆ ਭਇਆ ॥
ਜੋਰੋ ਕਹੈ ਤਾ ਕੋ ਸਮਝਾਵੈ ॥ ਨਿਤ ਅਮਰਦਾਸ ਜਲ ਲੇਨੇ ਆਵੈ ॥
ਵਹੀ ਨਿਥਾਵਾ ਬਿਛਲਿਓ ਆਹ ॥ ਇਉ ਖੜਕ ਭਇਆ ਅੰਗਨ ਕੇ ਮਾਹਿ ॥ ੭੫ ॥

॥ ਜੁਲਾਹੀ ਬਾਚ ॥

॥ ਦੋਹਰਾ ॥

ਨਿਥਾਵਾ ਹੋਇ ਈਹਾਂ ਰਹਾ ਕੁਲ ਗ੍ਰਿਹ ਦੀਆ ਤਿਆਗ ॥
ਜਗ ਉਪਹਾਸ ਜਾਨੇ ਨਹੀ ਰਹਿਓ ਤਪੇ ਢਿਗ ਲਾਗ ॥ ੭੬ ॥

---

[1] ਪਹਰਾਇ (ਅ)
[2] ਬਿਜਲਿਓ (ਸ)

॥ਸਾਹਿਬ ਬਾਚ॥

॥ਦੋਹਰਾ॥

ਜੁਲਾਹੀ ਤੂੰ ਕਮਲੀ ਭਈ ਤੋ ਕੋ ਬੁਧ ਨ ਆਹਿ॥
ਮੈ ਐਸਾ ਸਤਗੁਰ ਸੇਵਿਆ ਕਹੈ ਨਿਥਾਵਾ ਕਾਹਿ॥੭੭॥

॥ਚੌਪਈ॥

ਕਲਸ ਬਚਾਇ ਧਰਿ ਸਿਰ ਲੇ ਗਏ॥ਸਤਗੁਰ ਇਸਨਾਨ ਕਰਾਵਤ ਭਏ॥
ਈਹਾ ਜੁਲਾਹੀ ਗਈ ਬਉਰਾਇ॥ਦਾਤਨ ਕਾਟੈ ਮੁਖ ਬਕੇ ਬਕਾਇ॥੭੮॥
ਬੀਤੀ ਰੈਨ ਭਇਓ ਪ੍ਰਾਤਹਿਕਾਲ॥ਸਭ ਜਾਨੀ ਸਤਗੁਰ ਦੀਨ ਦਿਆਲ॥
ਅਮਰਦਾਸ ਜੀ ਲੀਏ ਬੁਲਾਇ॥ਗੁਰ ਚਰਨ ਕਮਲ ਸਿਰ ਰਾਖਿਓ ਆਇ॥੭੯॥
ਸਤਗੁਰ ਕਹਿਓ ਬਚਨ ਅਨਕੂਲ॥ਹੇ ਸਤ ਪੁਰਖ ਹਮ ਕਉ ਗਇਓ ਭੂਲ॥
ਜੋ ਆਜ ਰਾਤ ਤੁਮ ਕਹਿਓ ਜੁਲਾਹੀ॥ਸੋ ਮੋਹਿ ਸੁਨਾਵੋ ਮੁਖਹੁ ਬਤਾਈ॥੮੦॥
ਹਾਥ ਜੋੜ ਮੁਖ ਬਿਨੌ ਬਖਾਨੇ॥ਤੁਮ ਅੰਤਰਜਾਮੀ ਸਭੁ ਕਛੁ ਜਾਨੈ॥
ਸਤਗੁਰ ਸਿਉ ਕਛੁ ਨਹੀ ਦੁਰਾਉ॥ਡਰਪੋ ਮਤ ਬਚਨ ਭੂਲ ਹੋਇ ਜਾਉ॥੮੧॥

॥ਸੋਰਠਾ॥

187/ਅ ਜੁਲਾਹੇ ਲੀਓ ਬੁਲਾਇ ਦੀਨ ਦਿਆਲ ਕਾ/ਰਨ ਕਰਨ॥
ਸੰਗ ਲੀਏ ਜੁਲਾਹੀ ਆਇ ਪ੍ਰਭ ਦਰਸ ਦੇਖ ਸਭ ਸੁਧ ਭਈ॥੮੨॥

॥ਸਤਿਗੁਰ ਬਾਚ॥

॥ਛੰਤ॥[1]

ਬੋਲੇ ਸੁ ਦੀਨ ਦਿਆਲ॥ਮੈ ਕਹੋ ਤੁਮ ਇਹ ਕਾਲ॥
ਜੋ ਨਿਸ ਕਹਿਓ ਤੁਮ ਆਹਿ॥ਅਬ ਦੇਹਿ ਮੋਹਿ ਸੁਨਾਇ॥੮੩॥
ਜੌ ਕਰੋ ਬਚਨ ਦੁਰਾਇ॥ਦੇਉ ਦੀਨ ਦੁਨੀ ਗਵਾਇ॥
ਮਨ ਭੈ ਜੁਲਾਹੇ ਕੀਨ॥ਨਿਸ ਕਹਿਓ ਸੋ ਕਹਿ ਦੀਨ॥੮੪॥
ਪੂਛੀ ਜੁਲਾਹੀ ਮੋਹਿ॥ਬਾਹਰਿ ਖੜਕ ਕਿਆ ਹੋਇ॥
ਤਿਨ ਕਹਿਓ ਸਹਜ ਸੁਭਾਇ॥ਅਮਰੋ ਨਿਥਾਵਾ ਆਹਿ॥੮੫॥
ਪੁਨ ਅਮਰ ਜੀ ਕਹਾ ਤਾਹ॥ਕਮਲੀ ਜੁਲਾਹੀ ਆਹਿ॥
ਤਤਕਾਲ ਬਵਰੀ ਭਈ॥ਦਰਸਨਿ ਕੀਓ ਸੁਧ ਪਈ॥੮੬॥

॥ਦੋਹਰਾ॥

ਏਹੁ ਬਚਨ ਸੁਨਤ ਸਤਗੁਰ ਦ੍ਵੇ ਕਹੀ ਰਿਦੇ ਹੋਇ ਅਨਕੂਲ॥
ਸਤ ਪੁਰਖ ਤੁਮ ਧੰਨ ਹੌ ਰਾਤੇ ਰੰਗ ਚਲੂਲ॥੮੭॥

॥ਬਰ ਬਚਨ ਸਤਗੁਰ ਬਾਚ॥

॥ਤੋਮਰ ਛੰਦ॥

ਤੁਮ ਹੋ ਨਿਥਾਵੈ ਥਾਉ॥ਦੇਹੋ ਨਿਮਾਨੇ ਮਾਨ॥
ਨਿਹ ਓਟ ਓਟ ਤੁਮਾਰ॥ਨਿਧਰਿਆ ਧਿਰ ਸੁਖ ਸਾਰ॥੮੮॥
ਤੁਮ ਦਿਆਲ ਗਈ ਬਹੋੜ॥ਸਭ ਜਗਤ ਬੰਦੀ ਛੋੜ॥
ਭੰਨਨ ਘੜਨ ਸਮਰਥ॥ਜਗ ਰਿਜਕ ਤੁਮਰੇ ਹਥ॥੮੯॥
[2]ਬਰ ਅਸਟ ਦੀਏ ਦਿਆਲ॥ਕੀਨਾ ਬਚਨ ਤਤਕਾਲ॥
ਲਿਆਉ ਬਸਤ੍ਰ ਨਵੀਨ॥ਕੇਸੀ ਸਨਾਨ ਪੁਨ ਕੀਨ॥੯੦॥[3]

॥ਸੋਰਠਾ॥[4]

ਅਮ੍ਰਿਤ ਇਸਨਾਨ ਕਰਾਇ ਕੇ ਪਹਿਰਾਏ ਬਸਤ੍ਰ ਨਵੀਨ॥
ਗੁਰਿਆਈ ਜਗ ਕੀ ਦਈ ਸਤਿਗੁਰ ਪੁਰਖ ਪ੍ਰਬੀਨ॥੯੧॥

---

[1] ਇੱਥੇ ਸਿਰਲੇਖ '॥ਸਤਿਗੁਰ ਬਾਚ॥ਜੁਲਾਹੀ ਪ੍ਰਿਤ॥ਛੰਦ॥' ਹੈ (ਅ,ੲ)
[2] ਇੱਥੇ '॥ਲੈ ਆਓ ਬਸਤਰ ਨਵੀਨ॥ਆਗਿਆ ਹਜਾਮਤ ਕੀਨ॥' ਪੰਕਤੀ ਹੈ (ਅ)
[3] ਇੱਥੇ 'ਲਿਆਉ ਬਸਤ੍ਰ ਨਵੀਨ॥ਕੇਸੀ ਸਨਾਨ ਪੁਨ ਕੀਨ॥' ਦੀ ਜਗ੍ਹਾ 'ਸਿਰ ਸੋ ਜੁ ਉਤਰੇ ਬਾਲ॥ਲਿਜ ਹਾਥ ਲੀਏ ਦਿਆਲ॥ਧਰਤੀ ਪੜੈ ਤਪਵਾਲ॥ਧਸਿ ਜਾਇ ਪੁਹਮ ਪਾਤਾਲ॥' ਪੰਕਤੀਆਂ ਹਨ (ਅ)
[4] ਇੱਥੇ ਸਿਰਲੇਖ '॥ਦੋਹਰਾ॥' ਹੈ (ਅ,ਸ)

॥ ਚੌਪਈ॥

188/ੳ ਰਾਜ ਜੋਗ ਸਿੰਘਾਸਨ ਦੀਨਾ॥ ਨਿਜ ਹਾਥ ਤਿਲਕ ਮਸਤਕ ਗੁਰ ਕੀ/ਨਾ॥
ਵਾਹਿਗੁਰੂ ਮੁਖ ਜਾਪੁ ਜਪਾਵੋ[1]॥ ਤਾਰਿਕ ਮੰਤ੍ਰ ਸਕਲ ਜਗੁ ਛਾਇਆ॥੯੨॥
ਵੈਰਾਗ ਭਗਤ ਜੋਗ ਤਤ ਗਿਆਨ॥ ਯਹ ਚਾਰੋ ਆਯੁਧ ਪਰਮ ਨਿਧਾਨ॥
ਅਉਰ ਰਿਧ ਸਿਧ ਸਤਗੁਰ ਸਭ ਦੀਨ॥ ਠਾਢੀ ਸਨਮੁਖ ਸਗਲ ਅਧੀਨ॥੯੩॥
ਨਾਇਕ ਬ੍ਰਹਮੰਡ ਸਕਲ ਜੁਰਿ ਆਏ॥ ਸੁਰ ਨਰ ਦੇਵੀ ਦੇਵ ਸਬਾਏ॥
ਦਰਸਨ ਕਰ ਉਸਤਤ ਗੁਰ ਕਰੈ॥ ਜੈ ਜੈਕਾਰ ਸਬਦ ਉਚਰੈ॥੯੪॥
ਹਾਥ ਜੋਰ ਸਭ ਬਿਨੇ ਉਚਾਰੇ॥ ਜੋ ਆਗਿਆ ਹੋਇ ਸੋਈ ਬਿਧ ਸਾਰੇ॥
ਤੁਮ ਸਤਗੁਰ ਦਿਆਲ ਪਰਮ ਪਰਬੀਨਾ॥ ਹਮ ਸੇਵਕ ਤੁਮਰੇ ਆਧੀਨਾ॥੯੫॥

॥ ਦੋਹਰਾ॥

ਸਭ[2] ਦੇਵੀ ਦੇਵ ਸਨਮੁਖ ਖਰੇ ਰਿਧਿ ਸਿਧ ਬਿਉਹਾਰ॥
ਆਗਿਆਕਾਰੀ ਸਭ ਖੜੇ ਸਤਗੁਰ ਕੇ ਦਰਬਾਰ॥੯੬॥

॥ ਚੌਪਈ॥

ਯਹ ਸਭ ਅਧੀਨ ਅਮਰ ਗੁਰ ਦੇਖੇ॥ ਗੁਰੂ ਅੰਗਤ ਜੀ ਤਬ ਕਹੀ ਬਸੇਖੇ॥
ਨਾਇਕ ਬ੍ਰਹਮੰਡ ਪੁਰਖ ਕਿਆ ਕਹੈ॥ ਸਭ ਆਗਿਆ ਤੁਮਰੀ ਮੈ ਅਹੈ॥੯੭॥
ਤਬ ਸਤਗੁਰ ਅਮਰ ਕਰੀ ਅਰਦਾਸ॥ ਹੇ ਸਤਗੁਰ ਸਭ ਕਛੁ ਤੁਮ ਪਾਸ॥
ਹਮ ਇਨ ਸੋ ਕਛੁ ਨਾਹੀ ਕਾਮ॥ ਮਨ ਸਤਗੁਰ ਚਰਨ ਕਮਲ ਅਭਿਰਾਮ॥੯੮॥
ਸਤਗੁਰ ਹੋਇ ਦਿਆਲ ਇਮ ਕਹੀ॥ ਤੁਮਰੇ ਇਛਾ ਕਛੂ ਨ ਰਹੀ॥
ਏਹ ਬਿਨ ਇਛਾ ਤੁਮਰੇ ਢਿਗ ਰਹੈ॥ ਕਰੈ ਸੋਈ ਗੁਰ ਅਮਰ ਜੋ ਚਹੈ॥੯੯॥
ਕੀਆ ਜਗਤ ਗੁਰੂ ਤੁਮ ਕੋ ਕਰਤਾਰ॥ ਦੇ ਮੰਤ੍ਰ ਜਾਪ ਸਭ ਕਰੋ ਉਧਾਰ॥
ਜਗਿ ਪਰਮ ਪੁਰਖ ਤੁਮ ਕੋ ਹਮ ਜਾਨਾ॥ ਅਬ ਜੋਊ ਦੇਹ ਸੋਈ ਹਮ ਖਾਨਾ॥੧੦੦॥

॥ ਦੋਹਰਾ॥

॥ ਸਤਗੁਰ ਬਾਚ॥

188/ਅ ਤੁਮ[3] ਪ੍ਰੇਮ ਭਗਤ ਹਮ ਸੌ ਕਰੀ/ਹਮ ਤੁਮਰੇ ਆਧੀਨ॥
ਸਭ ਜਗਤ ਉਧਾਰਨ ਤੁਮ ਬਨੇ ਅਮ੍ਰ ਗੁਰੂ ਪ੍ਰਬੀਨ॥੧੦੧॥

॥ ਚੌਪਈ॥

ਜੋ ਗੁਰੂ ਬਾਬੇ ਜੀ ਹਮ ਸੋ ਕਹੀ॥ ਸੋ ਹਮਰੇ ਚਿਤ ਮੋ ਦ੍ਰਿੜ ਰਹੀ॥
ਵਹੀ ਬਚਨ ਤੁਮ ਸੋ ਅਬ ਭਾਖੋ॥ ਧਰ ਗੁਰਮੁਖ ਪੰਥ ਨੀਵ ਸਚੁ ਰਾਖੋ॥੧੦੨॥
ਗੁਰਮੁਖ ਤਿਲਕ ਮੰਤ੍ਰ ਅਰ ਜਾਪ॥ ਨਿਜ ਮੁਖ ਸਿਉ ਤੁਮ ਜਾਪਹੁ ਆਪ॥
ਕਿਛੁਕ ਮਿਰਜਾਦਾ ਜਗਤ ਰਖ ਲੀਜੈ॥ ਕਰ ਕਿਰਪਾ ਭਗਤ ਮੁਕਤ ਜਗ ਦੀਜੈ॥੧੦੩॥
ਜੁਗ ਛਤੀਸ ਬਾਬੇ ਜਪੁ ਜਾਪ॥ ਪੁਨ ਮਮ ਹਿਰਦੇ ਰਾਖਿਓ ਥਾਪਿ॥
ਹਮਰੇ ਮਨ ਅਬ ਦਿੜ ਬਿਸ੍ਵਾਸ॥ ਤੁਮ ਮੁਖ ਤੇ ਹੋਇ ਜਗਤ ਪਰਕਾਸ॥੧੦੪॥
ਸੁਨਿ ਗੁਰ ਬਚਨ ਹਿਰਦੇ ਧਰ ਲੀਨੇ॥ ਸਨਮੁਖ ਖੜੇ ਏਕ ਰੰਗਿ ਭੀਨੇ॥
ਪੰਜ ਪੈਸੇ ਨਲਏਰ ਮੰਗਾਇਆ॥ ਸਤਿਗੁਰ ਦਿਆਲ ਲੇ ਪਲੇ ਪਾਇਆ॥੧੦੫॥

॥ ਦੋਹਰਾ॥

ਗੁਰਆਈ ਸਭ ਜਗਤ ਕੀ ਮਿਲੀ ਰਿਧ ਸਭ[4] ਸਿਧ॥
ਜੋਤਿ ਜੋਤਿ ਮਿਲੀ ਓਤ ਪੋਤ ਪੂਰਣ ਹੋਇ ਬ੍ਰਿਧ॥੧੦੬॥

॥ ਸੋਰਠਾ॥

ਸਤਗੁਰ ਅਮਰ[5] ਧਰ ਸਰੂਪ ਜਗ ਭਗਤ ਕੋ॥
ਮਹਿਮਾ ਅਮਿਤ ਬਿਲਾਸ ਜਗ ਤਾਰਣ ਕਾਰਣਿ ਰਚਿਓ॥੧੦੭॥

॥ ਸਾਖੀ ਪੂਰਨ ਹੋਈ॥੭੪॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਜਪਾਇਆ (ਅ,ੲ)
[2] ਜੋ (ਅ)
[3] ਇੱਥੇ ਸ਼ਬਦ 'ਤੁਮ' ਨਹੀਂ ਹੈ (ਅ)
[4] ਅਰੁ (ਅ)
[5] ਅਮਰ ਦਿਆਲ (ਅ)

[ਸਾਖੀ ਬਾਬਾ ਅਮਰਦਾਸ ਜੀ ਦਾ ਬਾਸਰਕੀ ਜਾਨਾ][1]

॥ਦੋਹਰਾ॥

ਪ੍ਰਾਤਕਾਲ ਆਗਿਆ ਕਰੀ ਸਤਿਗੁਰ ਦੀਨ ਦਿਆਲ॥
ਹੇ ਪਰਮ ਪੁਰਖ ਗ੍ਰਿਹ ਜਾਉ ਤੁਮ ਬੀਤੇ ਹੈ ਬਹੁ ਕਾਲ॥੧॥

॥ਚੌਪਈ॥

189/ੳ ਸ੍ਰੀ/ਗੁਰੂ ਅਮਰ ਕਰਨਾ ਕਰ ਰਹਾ॥ਕਉਨ ਕਾਜ ਕਰਨ ਤਹਾ ਰਹਾ॥
ਬਿਨ ਦਰਸਨ ਉਹਾ ਕਿਆ ਕਰੈ॥ਚਰਨਾਰਬਿੰਦ ਬਿਨੁ ਕੈਸੇ ਸਰੈ॥੨॥
ਪੁਨ ਸਤ ਕਹਿਓ ਪਰਮ ਬੀਚਾਰਾ॥ਗੁਰੂ ਬਾਬੇ ਜੀ ਗ੍ਰਿਹ ਆਸ੍ਰਮੁ ਧਾਰਾ॥
ਪੁਨਿ ਹਮ ਕੌ ਪ੍ਰਭ ਆਗਿਆ ਕਰੀ॥ਸਤਗੁਰ ਆਗਿਆ ਲੇ ਸਿਰ ਧਰੀ॥੩॥
ਇਸੀ ਭਾਂਤ ਅਬ ਤੁਮ ਬਿਦ ਸਾਰੋ॥ਗ੍ਰਿਹ ਭਗਤਿ ਉਪਦੇਸਿ ਸਭ ਜਗਤ ਉਧਾਰੋ॥
ਤੁਮ ਆਏ ਬਹੁ ਬੀਤੇ ਕਾਲ॥ਦੇ ਦਰਸਨ ਸਭ ਕੁਲ ਕਰੋ ਨਿਹਾਲ॥੪॥
ਹਮ ਬਿਨੁ ਰਹਨਾ ਤੁਮ ਜੋ ਕਹਾ॥ਹਮ ਤੁਮ ਸੋ ਕਛੁ ਭੇਦੁ ਨ ਰਹਾ॥
ਮੈ ਸਦਾ ਤੁਮਾਰੇ ਹਿਰਦੇ ਰਹੋ॥ਬਿਨ ਤੁਮ ਔਰ ਨ ਮਨ ਕਛੁ ਚਾਹੌ॥੫॥

॥ਸੋਰਠਾ॥[2]

ਸਤਗੁਰ ਹੋਇ ਦਿਆਲ ਗ੍ਰਿਹ ਜਾਨੇ ਕੀ ਆਗਿਆ ਕਰੀ॥
ਬਾਨੀ ਪ੍ਰੇਮ ਬਿਸਾਲ ਏਹ ਸਲੋਕ ਸ੍ਰੀ ਮੁਖ ਕਹਿਓ॥੬॥

॥ਸਤਿਗੁਰ ਬਾਚ॥

॥ਸਲੋਕ॥[3]

ਧਨ ਪਿਰ ਏਹੁ ਨ ਆਖੀਅਨ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥੭॥

॥ਚੌਪਈ॥

ਮਨ ਪ੍ਰਸੰਨਿ ਬਾਸਰਕੀ ਗਏ॥ਤਾਤਕਾਲ ਜਾਇ ਪ੍ਰਾਪਤ ਭਏ॥
ਸਕਲ ਲੋਕ ਮਿਲ ਦਰਸਨ ਆਏ॥ਅਤ ਮੰਗਲ ਗ੍ਰਿਹ ਆਨੰਦ ਛਾਏ॥੮॥
ਇਕੁ ਨਿਜ ਪੋਖਰੁ ਤਹਾ ਪੀਪਲ ਰਹੇ॥ਸਤਗੁਰ ਤਿਹ ਛਾਹੀ ਨਿਤ ਬਹੇ॥
ਰਮਣੀਕੁ ਅਸਥਾਨ ਅਧਕ ਸੁਖ ਸੁਆਉ॥ਗੁਰੂਆਨਾ ਰਾਖਾ ਜਗ ਨਾਉ॥੯॥
ਕੇਤਕ ਕਾਲ ਦਿਆਲ ਤਹਾ ਰਹਿਓ॥ਪੁਨਿ ਗੁਰੂ ਅੰਗਤ ਜੀ ਚਿਤ ਚਹਿਓ॥
ਦਰਸਿ ਪਿਆਸ ਉਮਗਿਓ ਚਿਤੁ ਚਾਏ॥ਤਬ ਦਿਆਲ ਸਤਗੁਰ ਪਹਿ ਆਏ॥੧੦॥
ਆਇ ਸਤਗੁਰ ਕੈ ਦਰਸਨਿ ਲਾਗੇ ਪ੍ਰੇਮ ਪਰਸਿ ਪਰ ਆਨੰਦ ਪਾਗੇ॥
189/ਅ ਹੋਇ ਦਿਅਲ ਗੁਰ ਬਚਨ ਸੁਨਾਇਆ॥ਭਲਾ/ਭਇਆ ਪੁਰਖਾ ਤੂੰ ਆਇਆ॥

॥ਦੋਹਰਾ॥

ਮੈ ਮਨ ਮੈ ਚਿਤਵਨ ਕਰੀ ਬੀਤ ਗਯੋ ਬਹੁ ਕਾਲੁ॥
ਪੂਰਨਿ ਪ੍ਰੇਮ ਤੁਮਰੇ ਸਦਾ ਦੀਆ ਦਰਸ ਤਤਕਾਲ॥੧੧॥

॥ਚੌਪਈ॥

ਤਿਸੀ ਸਮੇ ਗੋਇੰਦ ਤਹਾ ਆਇਆ॥ਗੋਇੰਦਵਾਲ ਤਿਨ ਨਗਰ ਬਸਾਇਆ॥
ਆਇ ਸਤਗੁਰ ਕੀ ਚਰਨੀ ਪੜਾ॥ਪੁਨਿ ਹਾਥ ਜੋੜ ਯਹ ਬਿਨਤੀ ਕਰਾ॥੧੨॥
ਮੈ ਨਹੀ ਵਸਤੀ ਕੀਨੀ ਇਹ ਕਾਲ॥ਤਹਾ ਕੀਜੈ ਬਾਸਾ ਦੀਨ ਦਿਆਲ॥
ਸਤਿਗੁਰ ਕੇ ਚਰਨਨ ਪਰਤਾਤ॥ਊਹਾ ਨ ਬਿਆਪੈ ਸੋਗ ਸੰਤਾਪੁ॥੧੩॥
ਹੋਇ ਪ੍ਰਸੰਨ ਸਤਗੁਰ ਤਬ ਕਹਿਓ॥ਹੇ ਪੁਰਖਾ ਜੀ ਤੁਮ ਊਹਾ ਰਹੋ॥
ਇਹ ਠੌਰ ਨਿਕਟ ਕੀਜੈ ਬਸੁ ਬਾਸ॥ਭਲੀ ਬਨੀ ਇਹ ਪਰਮ ਬਿਲਾਸ॥੧੪॥
ਸ੍ਰੀ ਗੁਰੂ ਅਮਰ ਕਰੀ ਅਰਦਾਸ॥ਵੈ ਸਖਤ ਠੌਰ ਤਹਾਂ ਭਲਾ ਨ ਬਾਸ॥
ਗੁਰੂ ਅੰਗਤਿ ਹਸਿ ਕਹਿਓ ਤਹ ਚਿੰਤ ਨ ਕੋਇ॥ਤੁਮ ਚਰਨ ਪ੍ਰਤਾਪ ਅਸੁਭ ਸੁਭ ਹੋਇ॥੧੫॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਇੱਥੇ ਸਿਰਲੇਖ '॥ਦੋਹਰਾ॥' ਹੈ (ਏ)
[3] ਇੱਥੇ ਸਿਰਲੇਖ '॥ਸਲੋਕ ਮ: ੩॥' ਹੈ (ਸ)

॥ ਦੋਹਰਾ ॥

ਪੂਰਬ ਦਿਸ ਗਹਿਰੀ ਜਿਮੀ ਲੀਜੈ ਤਿਸੈ ਪਟਾਇ॥
ਤਿਸ ਊਪਰਿ ਜਾਗਾ ਬਨੈ ਕਰੋ ਬਾਸ ਤਹ ਜਾਇ॥੧੬॥

॥ ਚੌਪਈ ॥

ਪ੍ਰੇਮੀ ਪਿਆਰੇ ਸਿਖ ਜੋ ਰਹੇ॥ ਤਿਸੀ ਸਮੇ ਲੇ ਆਗਿਆ ਗਏ॥
ਤਿਨੋ ਬਨਾਇਆ ਸੁੰਦਰ ਬਾਸ॥ ਭਈ ਠੌਰ ਤਿਯਾਰ ਤਿਨ ਕੀਨ ਅਰਦਾਸ॥੧੭॥
ਤਬ ਸ੍ਰੀ ਗੁਰੂ ਅੰਗਤ ਜੀ ਮੁਖ ਕਹਿਓ॥ ਗ੍ਰਿਹ ਲੋਕ ਬੁਲਾਇ ਪੁਰਖਾ ਤਹ ਰਹੋ॥
ਬਾਸਰਕੀ ਸੋ ਸਭ ਚਲਿ ਆਏ॥ ਪ੍ਰਥਕ ਸਤਗੁਰ ਕੇ ਦਰਸਨ ਪਾਏ॥੧੮॥
ਹੋਇ ਦਿਆਲ ਪ੍ਰਭ ਪੂਛਤ ਭਏ॥ ਤੁਮਰੇ ਸੰਤਾਨ ਪੁਰਖਾ ਕਿਆ ਅਹੇ॥
ਗੁਰ ਅਮਰ ਸਾਹਿਬ ਸਭ ਕਥਾ ਸੁਨਾਈ॥ ਦੁਇ ਕੰਨਿਆ ਥੀ ਸੋ ਦੋਊ ਬਿਆਹੀ॥੧੯॥
190/ੳ ਅਵਰ ਸੰਤਾਨ ਹਮਰੇ ਨਹੀ ਕਾਮ॥ ਮਨ ਪ੍ਰੀ/ਤ ਚਰਨ ਸਤਗੁਰ ਅਭਰਾਮ॥
ਸੁਨ ਸਤਿਗੁਰੂ ਤਬ ਭਏ ਪ੍ਰਸੰਨ॥ ਧੰਨਿ ਧੰਨਿ ਪੁਰਖਾ ਤੂੰ ਧੰਨ[1]॥੨੦॥

॥ ਦੋਹਰਾ ॥

ਬਾਬੇ ਜੀ ਗ੍ਰਿਹ ਦੁਇ ਪੁਤ੍ਰ ਕਰਿ ਬਚਨ ਦੀਏ ਹਮ ਦੋਇ॥
ਅਬ ਦੁਇ ਪੁਤ੍ਰ ਤੁਮਰੇ ਹੋਵੈ ਬਚਨ ਸੁਫਲ ਮਮ ਹੋਇ॥੨੧॥

॥ ਚੌਪਈ ॥

ਹੇ ਗੁਰ ਸੁਫਲ ਬਚਨ ਬਚਨ ਪ੍ਰਭ ਕੇਰਾ॥ ਸੂਕੀ ਇਹ ਲਕਰੀ ਸਮ ਤਨ ਮੇਰਾ॥
ਸਤਗੁਰ ਦਿਆਲ ਬਚਨ ਤਬ ਕਰਾ॥ ਤੁਮ ਸਰੀਰ ਕਰੀਰ ਹਰਾ ਫਲ ਭਰਾ॥੨੨॥
ਲੇ ਆਗਿਆ ਗਏ ਗੋਇੰਦਵਾਲ॥ ਬਨੀ ਠੌਰ ਸੁੰਦਰ ਸੁਖਸਾਲ॥
ਦੇਖ ਬਚਨ ਕੀਓ ਸਹਜ ਸੁਭਾਇ॥ ਲਗੇ ਆਗਿ ਏਹ ਜਲ ਬਲਿ ਜਾਇ॥੨੩॥
ਬਚਨ ਆਗਿ ਲਾਗੀ ਸਭ ਜਰੀ॥ ਤਬ ਸਿਖਨ ਇਹ ਬਿਨਤੀ ਕਰੀ॥
ਪ੍ਰੇਮ ਹਮਾਰਾ ਥਾਇ ਨ ਪਰਾ॥ ਸਤਗੁਰ ਚਰਨ ਨਹੀ ਤਹਾ[2] ਧਰਾ॥੨੪॥
ਸੁਨੀ ਦਿਆਲ ਕਹਿਓ ਬਚਨ ਸੁਨਾਇ॥ ਏਹ ਅਗਨ ਬੁਝਾਇ ਪੁਨ ਲੇਹੁ ਬਨਾਇ॥
ਸਰਗੁਨ ਠੌਰ ਹਮ ਕੌ ਨਹੀ ਭਾਈ॥ ਅਬ ਨਿਰਗੁਨ ਬਨੇ ਬਸੈ ਹਮ ਆਈ॥੨੫॥

॥ ਦੋਹਰਾ ॥

ਵਹੀ ਛੋਪ ਛਾਇ ਜਾਗਾ ਬਨੀ ਚਉਬਾਰਾ ਭਇਆ ਤਿਆਰ॥
ਤਾ ਮੋ ਪ੍ਰਭ ਬਾਸਾ ਕੀਆ ਸਭ ਬਸੈ ਲੋਕ ਪਰਵਾਰੁ॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਤੂੰ ਧੰਨ ਧੰਨ (ਸ)
[2] ਤਨ (ਅ)

[ਸਾਖੀ ਗੁਰੂ ਅੰਗਤ ਦੇਵ ਜੀ ਦਾ ਗੁਰ ਅਮਰਦਾਸ ਜੀ ਨਾਲ ਬਚਨ ਬਿਲਾਸ][1]

॥ਦੋਹਰਾ॥

ਮਨ ਪ੍ਰੇਮ ਰੀਤ ਧਰ ਗੁਰ ਕ੍ਰਿਪਾਲ ਆਏ ਗੋਬਿੰਦਵਾਲ॥
190/ਅ ਨਿਜ ਹੀਏ ਸਮਝ ਸ੍ਰੀ ਅਮਰ ਗੁਰੂ ਹੋਇ ਆਗੇ ਮਿ/ਲੇ ਦਿਆਲ॥੧॥

॥ਚੋਪਈ॥[2]

ਸਤਿਗੁਰ ਦਿਆਲ ਹੋਇ ਆਵਨ ਕੀਨਾ॥ਮਿਲੇ ਆਗੇ ਜਾਇ ਗੁਰ ਪਰਮ ਅਧੀਨਾ॥
ਗੁਰੂ ਅੰਗਤ ਜੀ ਦੇਖ ਨੈਨ ਸੰਤੋਖੇ॥ਗੁਰੂ ਅਮਰ ਚਰਨ ਰਜਿ ਪਾਇ ਮਨ ਤੋਖੇ॥੨॥
ਗੁਰੂ ਅਮਰ ਮਸਤਕਿ ਚਰਨਨ ਪਰ ਧਰਾ॥ਨਿਰਖ ਸਤਿਗੁਰੂ ਕ੍ਰਿਪਾ ਰਸ ਭਰਾ॥
ਦੇ ਅੰਕਮਾਲ ਪਰਸੰਸਤ ਕੀਨਾ॥ਧੰਨ ਪੁਰਖ ਜਗੁ ਜਨਮ ਤੁਮ ਲੀਨਾ॥੩॥
ਹਮ ਤੁਮ ਕਾਰਣ ਆਏ ਇਹ ਠੌਰ॥ਕੀਆ ਪ੍ਰੇਮ ਮਨ ਮਾਹਿ ਚਕੋਰ[3]॥
ਸਤਗੁਰ ਦਿਆਲ ਹਾਥਿ ਗਹਿ ਲੀਨਾ॥ਨਦੀ ਤੀਰ ਜਾਇ ਭਏ ਅਸੀਨਾ॥੪॥
ਤਹਾ ਬਰਨ ਰੂਪ ਧਰ ਮਿਲਨੇ ਆਏ॥ਏਕ ਮਛਲੀ ਬਡੀ ਸੰਗ ਲੇ ਆਏ॥
ਚਰਨਿ ਚੂਮਿ ਪੁਨਿ ਭੇਟਿ ਚੜਾਈ॥ਪ੍ਰਭ ਨਿਜ ਸੰਕਲਪ ਜਾਨ ਰਖਵਾਈ॥੫॥

॥ਦੋਹਰਾ॥

ਬਰਣਿ ਦੇਵ ਪਰ ਕ੍ਰਿਪਾ ਕਰਿ ਕਹਿਓ ਬਚਨ ਮੁਖ ਏਹ॥
ਪਰਸਾਇ ਕੜਾਹੀ ਜਬ ਬਟੇ ਪ੍ਰਿਥਮ ਬਰਣਿ ਕੋ ਦੇਹੁ॥੬॥

॥ਚੋਪਈ॥

ਹੇ ਪੁਰਖਾ ਜੀ ਜਬ ਬਟੇ ਪ੍ਰਸਾਦਿ॥ਗੁਰ ਦਰੀਆਉ ਮੋ ਦੇਨਾ ਆਦਿ॥
ਪੁਨਿ ਤਾ ਦਿਨ ਤੇ ਜੋ ਵਰਤੈ ਪ੍ਰਸਾਦਿ॥ਗੁਰ ਦਰੀਆਉ ਮੋ ਦੇਵੈ ਆਪ॥੭॥
ਬਰਨ ਦੇਵ ਬਿਦਾ ਹੋਇ ਗਇਆ॥ਬਚਨ ਗੁਰ ਅਮਰ ਸਾਹਿਬ ਕੋ ਭਇਆ॥
ਜੇ ਮਛਲੀ ਤੁਰਤ ਤਿਆਰ ਹੋਇ ਪਰੈ॥ਤਬ ਵਾ ਕੋ ਪ੍ਰਸਾਦਿ ਹਮ ਕਰੈ॥੮॥
ਗਾਂਵ ਤੇ ਸਿਖ ਕੋਊ ਊਹਾ ਆਇਆ॥ਆਗਿਆ ਭਈ ਮਛਲੀ ਤਲਿ ਲਿਆਇਆ॥
ਸਤਗੁਰ ਤਹਾਂ ਕੀਨ ਪ੍ਰਸਾਦਿ॥ਦਿਆਲ ਹੋਇ ਕਹਿਓ ਭਲੋ ਸੁਆਦਿ॥੯॥

॥ਦੋਹਰਾ॥

ਗੁਰੂ ਅਮਰ ਸਾਹਿਬ ਕੋ ਸੰਗ ਲੇ ਚਲੇ ਸਤਗੁਰ ਗਡੂਰ[4]॥
ਜਹਾਂ ਪ੍ਰੇਮ ਭਗਤ ਅਉ ਤਤੁ ਗਿਆਨ ਰਹੈ ਮੂਰਤਿਵੰਤ ਹਜੂਰ॥੧੦॥

॥ਚੌਪਈ॥

191/ੳ ਕੇ/ਤਕ ਦਿਨ ਖਡੂਰ ਮੋ ਰਹੇ॥ਆਗਿਆ ਭਈ ਪੁਨ ਆਵਤ ਭਏ॥
ਨਿਤਪ੍ਰਤ ਖਡੂਰ ਦਰਸਨ ਕੋ ਜਾਨਾ॥ਸ੍ਰੀ ਗੁਰ ਅਮਰ ਹੀਏ ਪਰਨ ਠਾਨਾ॥੧੧॥
ਗੁਰ ਦਰਸਨ ਕਰੈ ਪ੍ਰਸਾਦਿ ਖੁਲਾਵੈ॥ਗੋਇੰਦਵਾਲ ਨਿਸ ਆਨ ਬਿਤਾਵੈ॥
ਇਸੀ ਭਾਂਤ ਕੇਤਕ ਦਿਨ ਬੀਤੇ[5]॥੧੨॥
ਸਤਿਗੁਰ ਦਿਆਲ ਦੋਇ ਸੁਤ ਬਰ ਦੀਆ॥ਸੋ ਪਾਇ ਸਮਾ ਪ੍ਰਫੁਲਤ ਥੀਆ॥
ਦੁਇ ਸੁਤ ਜਨਮੇ ਪਰਮ ਉਦਾਰ॥ਆਏ ਭਗਤ ਗਿਆਨ ਬਪੁ ਧਾਰ॥੧੩॥
ਦੁਹੂੰ ਪ੍ਰਕਾਸ ਏਕ ਦਿਨ ਕੀਆ॥ਪਰਮਾਨੰਦ ਮੰਗਲ ਗ੍ਰਿਹ ਥੀਆ॥
ਪ੍ਰਿਥਮੇ ਜਨਮੁ ਮੋਹਰੀ ਦਾਸ॥ਭਗਤ ਭਾਨ ਭਇਓ ਕੁਲ ਪ੍ਰਕਾਸ॥੧੪॥
ਪੁਨ ਜਨਮੇ ਮੋਹਣ ਪਰਮ ਅਵਧੂਤ॥ਤਤ ਗਿਆਨ ਆਏ ਧਰ ਰੂਪ॥
ਮਹਾ ਅਨੰਦ ਮੰਗਲ ਸੁਖ ਭਇਆ॥ਸਤਗੁਰ ਬਚਨ ਪ੍ਰਗਟ ਥਿਰ ਥਇਆ॥੧੫॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਇੱਥੇ ਸਿਰਲੇਖ ' ॥ਦੋਹਰਾ॥ ' ਹੈ (ਅ)
[3] ਝਕੋਰ (ੲ)
[4] ਖਡੂਰ (ਅ)
[5] ਇਸੀ ਭਾਂਤ ਕੇਤਕ ਦਿਨ ਬੀਤੇ॥ਭਏ ਪ੍ਰਸੰਨ ਗੁਰ ਪ੍ਰੇਮ ਪ੍ਰਤੀਤੇ॥ (ਅ,ੲ)

॥ਦੋਹਰਾ॥

ਮੋਹਰੀ ਮੋਹਣ ਜਨਮ ਤੇ ਭਇਓ ਆਨੰਦ ਬਿਲਾਸ॥
ਭਗਤਿ ਗਿਆਨ ਨਿਜ ਰੂਪ ਧਰ ਆਏ ਸਤਗੁਰ ਪਾਸ॥੧੯॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਮੋਹਰੀ ਮੋਹਣ ਦਾ ਸਾਹਿਬ ਗੁਰੂ ਅੰਗਤ ਜੀ ਦੇ ਦਰਸਨ ਕਰਨਾ][1]

॥ਦੋਹਰਾ॥

ਮੋਹਰੀ ਮੋਹਣ ਸੰਗ ਲੈ ਗਏ ਸਤਗੁਰ ਅਮਰ ਖਡੂਰ॥
ਦਰਸ ਪਰਸ ਸਤਗੁਰ ਭੈਇਆ ਕਰੀ ਕ੍ਰਿਪਾ ਅਤ ਭੂਰ॥੧॥

॥ਮਧੁਭਾਰ ਛੰਦ॥

ਲੈ ਗਏ ਖਡੂਰ॥ਸਤਗੁਰ ਹਜੂਰਿ॥ਧਰਿਓ ਚਰਨ ਸੀਸ॥ਦੀਓ ਗੁਰ ਅਸੀਸ॥
191/ਅ ਦੁਹੂੰ ਨਿਰਖਿਓ ਦਿਆਲ॥ਭਏ ਅਤਿ ਖੁਸਾਲ॥ਲਗੇ/ਪਰਮ ਪੁਰਖ॥ਮਮ ਬਚਨ ਬਿਰਖ॥੩॥
ਸੁਫਲੇ ਫਲਾਹਿ॥ਹਰਿ ਭਗਤ ਪਾਹਿ॥ਰਹੇ ਬਚਨ ਅਧੀਨ[2]॥੪॥
ਪੁਨਿ ਕੀਨ ਬਚਨ॥ਸੁਨ ਪੁਰਖ ਸਜਨ॥ਦਾਤਾ ਅਉ ਦਾਸ॥ਰਹੇ ਤੁਮਰੇ ਪਾਸ॥੫॥

॥ਦੋਹਰਾ॥

ਦਾਸ ਦਾਤਾ ਅਰੁ ਲੋਕ ਗ੍ਰਹ ਸਭ ਬਸੇ ਤੁਮਾਰੇ ਪਾਸ॥
ਕਛੁ ਤਰਕ ਬਿਤਰਕ ਨ ਮਨ ਧਰੋ ਮੈ ਤੁਮਰੀ ਕਰੋ ਸੁਪਾਸ॥੬॥

॥ਚੌਪਈ॥

ਹੇ ਪ੍ਰਭ ਮੈ ਯਹ ਕਰੌ ਅਰਦਾਸ॥ਏਹੁ ਤੇਜ ਅੰਸੀ ਕਿਉ ਰਹੈ ਮਮ ਪਾਸ॥
ਤਬ ਹਸਿ ਕੇ ਦਿਆਲ ਬਚਨ ਯੌ ਕਹੈ॥ਮੈ ਆਸਿਖ ਦੇਊ ਅਧੀਨ ਤੁਮ ਰਹੈ॥੭॥
ਦੁਇ ਮੇਰੋ ਅਉ ਦੁਇ ਸੁਤ ਤੇਰੋ॥ਇਨ ਕੌ ਕ੍ਰਿਪਾ ਦ੍ਰਿਸਟਿ ਕਰਿ ਹੇਰੋ॥
ਜੋ ਕਛੁ ਬਿਘਨ ਚਹੈਂ ਮਨ ਧਾਰ॥ਮੈ ਸਦ ਰਛਿਆ ਕਰੋ ਤੁਹਾਰ[3]॥੮॥
ਸਤਗੁਰ ਬਚਨ ਸਫਲ ਫਲ ਚਲੇ॥ਭਏ ਬਿਦਾ ਸੰਗ ਸਭ ਕੋ ਚਲੇ॥
ਆਇ ਸੁ ਪ੍ਰਸੰਨ ਭਏ ਗੋਇੰਦਵਾਲ॥ਜਿਨ ਕੀਓ ਦਰਸ ਸਭ ਭਏ ਨਿਹਾਲ॥੯॥
ਸੁਭ ਗ੍ਰਿਹ ਬਨੇ ਤਾ ਮੋ ਕੀਓ ਬਾਸੁ॥ਮਨ ਭਏ ਪ੍ਰਸੰਨ ਦਾਤਾ ਅਉ ਦਾਸੁ॥
ਸੇਵਾ ਟਹਲ ਸਭ ਕੋਈ ਕਰੇ॥ਗੁਰ ਅੰਸ ਜਾਨ ਸਿਰ ਚਰਨਨ ਧਰੇ॥੧੦॥

॥ਦੋਹਰਾ॥

ਰਹੇ ਤਹਾ ਸਭ ਮੁਦਤਿ ਮਨ ਜਹਾ ਸਤਗੁਰ ਕੀਨੋ ਬਾਸ॥
ਰਿਧਿ ਸਿਧਿ ਦੁਆਰੇ ਖੜੀ ਸਦਾ ਅਨੰਦ ਬਿਲਾਸੁ॥੧੧॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[2] ਸੁਫਲੇ ਫਲਾਹਿ॥ਹਰਿ ਭਗਤ ਪਾਹਿ॥ਰਹੇ ਬਚਨ ਅਧੀਨ॥ਅਸੀਸ ਦੀਨ॥ (ਅ,ੲ)

[3] ਤੁਹਾਰਾ (ਸ)

192/ੳ **[ਸਾਖੀ ਖਡੂਰ ਦੇ ਜੋਗੀ ਪੀਰ ਦਾ ਗੁਰੂ ਜੀ ਨਾਲ ਦੁਰਬਾਦ/][1]**

॥ਸੋਰਠਾ॥

ਸਤਗੁਰ ਪਰਮ ਸੁਜਾਨ ਬੈਰ ਭਾਉ ਜਾ ਕੇ ਨਹੀ॥
ਨਾਹੀ ਮਾਨ ਅਪਮਾਨ[2] ਸਹਜ ਬਨੇ ਤਾ ਸੋ ਰਚੇ॥੧॥

॥ਚੌਪਈ॥

ਧਰ ਭਗਤ ਰੂਪ ਰਹੇ ਸਤਿਗੁਰ ਗਿਆਨੀ॥ਨਿਰਕਲਪ[3] ਜਗਤ ਨਿਰਲੰਭ ਬਿਧ ਠਾਨੀ[4]॥
ਨਹੀ ਹਰਖ ਸੋਕ ਮਾਨ ਅਪਮਾਨ॥ਸਹਜਿ ਅਨੰਦ ਪੂਰਨ ਭਗਵਾਨ॥੨॥
ਏਕ ਦਿਵਸ ਜੋਗੀ ਤਹਾ ਆਇਆ॥ਦੇਖ ਸਤਗੁਰ ਤਿਨ ਰੋਸ ਬਢਾਇਆ॥
ਮਮ ਅਸਥਾਨ ਗੁਰੂ ਕਿਉ ਰਹੇ॥ਹਮ ਜੀਵਤ ਆਸਨ ਹਮ ਬਹੇ॥੩॥
[5]ਮਮ ਆਸਨ ਤੇ ਤਿਸਹਿ ਉਠਾਵੋ॥੪॥
ਮਿਲ ਤਿਨ ਸਭਹਨ ਕੀਆ ਬਿਚਾਰਾ॥ਅਰੁ ਜੋਗੀ ਪੀਰ ਤਿਨ ਬੁਧ ਸਿਖਾਰਾ॥
ਅਨਬਿਸਟ ਭਈ ਬਰਖਾ ਨਹੀ ਪਰੀ॥ਸੋ ਹਮਰਾ ਗੁਰੂ ਜੋ ਬਰਖਾ ਕਰੀ॥੫॥

॥ਦੋਹਰਾ॥

ਸਭ ਮਿਲ ਸਤਗੁਰ ਪੈ ਗਏ ਸੁਨੀਐ ਤਪਾ ਸੁਜਾਨ॥
ਜੋਗੀ ਪੀਰ ਮਮ ਆਇਆ ਜਾ ਕਾ ਇਹ ਅਸਥਾਨ॥੬॥

॥ਚੌਪਈ॥

ਪੀਰ ਕਹੇ ਮਮ ਠੌਰ ਪਰਹਰੋ॥ਅਵਰ ਠਵਰ ਤੁਮ ਬਾਸਾ ਕਰੋ॥
ਨਹੀ ਅਨਬਿਸਟ ਮੋ ਜਲੁ ਬਰਖਾਵੋ॥ਨਹੀ ਤਿਆਗ ਅਸਥਾਨ ਮਮ ਊਠ ਸਿਧਾਵੋ॥੭॥
ਜੋ ਬਰਖਾ ਕਰੇ ਸੋਈ ਈਹਾਂ ਰਹੇ॥ਸਗਲ ਲੋਕ ਪੀਰ ਤਿਸ ਕਹੇ॥
ਇਹ ਬਾਤ ਸੁਨੀ ਸਤਗੁਰ ਤਬ ਹਸੇ॥ਕਹਿਉ ਹਮਰੇ ਕਹੇ ਨ ਬਰਖਾ ਬਸੇ॥੮॥
ਇਹ ਅਸਥਾਨ ਹਮ ਨਾਹੀ ਰਹੈਂ॥ਜੋਗੀ ਪੀਰ ਨਿਜ ਆਸਨ ਬਹੇ॥
ਬੁਢੇ ਕੋ ਕਹਿਉ ਪ੍ਰਭ ਸਮਝਾਇ॥ਮਮ ਆਸਨ ਪਲੰਘ ਤੁਮ ਲੇਹੁ ਉਠਾਇ॥੯॥
ਜੰਗਲ ਮਾਹਿ ਇਕ ਡੀਹ ਪੁਰਾਨੀ॥ਖਾਨ ਰਜਾਦਾ ਤਿਸ ਨਾਮ ਬਖਾਨੀ॥
192/ਅ ਚਲੋ ਤਹਾ ਹਮ ਰਹੈ ਇਕੰਤ॥ਸਦਾ ਇਕੰਤ ਸੋਹਤ ਹੈ ਸੰ/ਤ॥੧੦॥

॥ਸੋਰਠਾ॥

ਸਤਗੁਰ ਤਿਆਗ ਖਡੂਰ ਖਾਨ ਰਜਾਦਾ ਕੋ ਗਏ॥
ਜੰਗਲ ਮੰਗਲ ਭੂਰ ਸਤਗੁਰ ਸੰਤ ਜਹਾ ਪਗ ਧਰੇ॥੧੧॥

॥ਚੌਪਈ॥

ਗੋਬਿੰਦਵਾਲ ਗੁਰੂ ਅਮਰ ਜੀ ਆਹੇ॥ਉਪਜੀ ਗੁਰ ਦਰਸਨ ਕੀ ਚਾਹੇ॥
ਉਠੇ ਦਿਆਲ ਖਡੂਰ ਮਗ ਲੀਆ॥ਪਹੁਚੇ ਆਨ ਚਲਤ ਇਹ ਥੀਆ॥੧੨॥
ਸਤਿਗੁਰ ਦਿਆਲ ਤਹਾ ਨਹੀ ਦੇਖੇ॥ਮਨ ਛੜਪਟਾਇ ਪੁਨ ਪੁਛੀ ਬਸੇਖੇ॥
ਸਭਹਨ ਮਿਲ ਬ੍ਰਿਤੰਤ ਇਹ ਕਹਿਓ॥ਜੋਗੀ ਸੋ ਸੰਬਾਦ ਇਮ ਭਇਓ॥੧੩॥
ਇਹ ਬਿਧ ਖਡੂਰ ਤਿਆਗਤ ਪ੍ਰਭ ਭਏ॥ਖਾਨ ਰਜਾਦਾ ਕੋ ਉਠ ਗਏ॥
ਸਤਗੁਰ ਅਮਰ ਸੁਨੀ ਇਹ ਕਥਾ॥ਤਬ ਕੀਆ ਉਪਚਾਰ ਚਾਹੀਐ ਜਥਾ॥੧੪॥
ਗੁਰੂ ਅਮਰ ਪੁਰਖ ਤਬ ਨੀਤ ਬਿਚਾਰਾ॥ਜੋਗੀ ਕੀਨ ਪਾਪ ਅਧਕਾਰਾ॥
ਮੇਰਾ ਸਤਗੁਰ ਜਿਨੇ ਦੁਖਾਇਆ॥ਸੋ ਤੋ ਫਲੁ ਚਾਹੇ ਅਬ ਪਾਇਆ॥੧੫॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਅਭਿਰਾਮ (ਅ)
[3] ਨਿਰਬਿਕਲਪ (ਅ,ੲ)
[4] ਬਿਧਰਾਨੀ (ਸ)
[5] ਇੱਥੇ 'ਤਿਨ ਅਪਨੇ ਸਿਖ ਲੀਏ ਬੋਲਾਇ॥ਦੁਰਮਤ ਸਿਖਨ ਤਿਨ ਦੀਨੀ ਸਿਖਾਇ॥ਤੁਮ ਹੋਇ ਇਕਤ੍ਰ ਤਪੇ ਪਰ ਜਾਵੋ॥' ਪਾਠ ਹੈ (ਅ,ੲ,ਸ)

॥ ਸੋਰਠਾ ॥

ਸਤਗੁਰ ਅਮਰ ਦਿਆਲ ਲੀਨੇ ਲੋਕ ਬੁਲਾਇ ਸਭ ॥
ਜੁਰ ਆਏ ਤਤਕਾਲ ਤਾ ਸੋ ਗੁਰ ਐਸੇ ਕਹੀ ॥੧੬॥

॥ ਚੌਪਈ ॥

ਜੋਗੀ ਤੁਮ ਬਰਖਾ ਨਹੀ ਦੀਨਾ ॥ ਸਤਗੁਰ ਤੁਮ ਉਦਾਸ ਕਿਉ ਕੀਨਾ ॥
ਜਾ ਕਹੋ ਪੀਰ ਕੋ ਬਰਖਾ ਕਰੇ ॥ ਜਾ ਤੇ ਕਾਜ ਤੁਮਾਰਾ ਸਰੇ ॥੧੭॥
ਜੇ ਜੋਗੀ ਸੋ ਕਾਜ ਨ ਸਰੇ ॥ ਤਬ ਅਬ ਹੀ ਬਰਖਾ ਹਮ ਕਰੇ ॥
ਸਗਲੇ ਮਿਲ ਜੋਗੀ ਪਹਿ ਆਇ ॥ ਕਹੇ ਪੀਰ ਬਰਖਾ ਬਰਖਾਇ ॥੧੮॥
ਜੋਗੀ ਪੀਰ ਤਾ ਸੋ ਇਮ ਭਾਖੀ ॥ ਮੂਠੀ ਮੋ ਬਰਖਾ ਨਹੀ ਰਾਖੀ ॥
ਮੰਤ੍ਰ ਜੰਤ੍ਰ ਕਰ ਜੁਗਤ ਬਨਾਵੋ ॥ ਤਿਸੀ ਕਾਲ ਬਰਖਾ ਬਰਖਾਵੋ ॥੧੯॥
ਮਿਲ ਆਏ ਸਭ ਸਤਗੁਰ ਪਾਸ ॥ ਕਹੇਂ ਪੀਰ ਕਾ ਨਹੀ ਬਿਸ੍ਵਾਸ ॥
ਜੋ ਅਬ ਦਿਆਲ ਬਰਖਾ ਬਰਖਾਵੇਂ[1] ॥੨੦॥

॥ ਸੋਰਠਾ ॥

193/ੳ ਸਤਗੁਰ ਬਚਨ ਬਿਲਾ/ਸ ਸਹਜ ਭਾਇ ਤਾਂ ਸੌ ਕਹਿਓ ॥
ਜੋਗੀ ਪਗ ਰਸਾ ਪਾਇ ਜਹਾਂ ਖੈਚੋ ਬਰਖਾ ਤਹਾਂ ॥੨੧॥

॥ ਛੰਤ ॥

ਤਿਨ ਮਾਨ ਲੀਨੀ ਬਾਤ ॥ ਰਸਾ ਲੀਆ ਜਬ ਹਾਥ ॥
ਗਰਜੀ ਘਾਟਾ ਅਕਾਸ ॥ ਸਭਹਨ ਕੀਓ ਬਿਸਵਾਸ ॥੨੨॥
ਲੀਏ ਬਾਂਧ ਜੋਗੀ ਪਾਇ ॥ ਖੈਂਚਤ ਸੁ ਘਨ ਬਰਖਾਇ ॥
ਬਰਖਾ ਅਮਿਤ ਤਬ ਭਈ ॥ ਕਿਛੁ ਮਿਤ ਨ ਜਾਏ ਕਹੀ ॥੨੩॥
ਸਭ ਜੁਰੇ ਲੋਕ ਅਪਾਰ ॥ ਯਹ ਜਗਤ ਕਰੀ ਬਿਚਾਰ ॥
ਸਭ ਅੰਗ ਜੋਗੀ ਕਾਟ ॥ ਲੇ ਗਏ ਸਗਲੇ ਬਾਂਟ ॥੨੪॥
ਨਿਜ ਗਾਂਵ ਗਾਂਵ ਲੇ ਜਾਇ ॥ ਘੀਸਤ ਸੁਰਸੁੜੀ ਪਾਇ ॥
ਜਿਸ ਠੌਰ ਲੇ ਲੇ ਜਾਇ ॥ ਬਰਖਾ ਤਹਾ ਬਰਖਾਇ ॥੨੫॥

॥ ਦੋਹਰਾ ॥

ਇਹੁ ਜੁਗਤ ਜੋਗੀ ਕੀ ਭਈ ਵਿਰੋਧਿਓ ਸਤਗੁਰ ਦਿਆਲ ॥
ਜੋ ਜੋ ਸੰਤ ਬਿਰੋਧਈ ਤਾ ਕੋ ਇਹੀ ਹਵਾਲ ॥੨੬॥

॥ ਚੌਪਈ ॥

ਮਿਲ ਸਗਲੇ ਸਤਗੁਰ ਪਹ ਆਏ ॥ ਜੋੜ ਹਾਥ ਬਰਨਨ ਸਿਰ ਨਿਆਏ ॥
ਹਮ ਸਤਗੁਰ ਕੀ ਮਿਤ ਨਹੀ ਪਾਈ ॥ ਜੋਗੀ ਹਮ ਕੋ ਦੀਓ ਭੁਲਾਈ ॥੨੭॥
ਅਬ ਕਿਸੀ ਭਾਤ ਗੁਰੂ[2] ਜੀ ਆਵੇ ॥ ਪੁਨ ਹਮ ਸਤਗੁਰ ਦਰਸਨ ਪਾਵੈ ॥
ਅਮਰ ਗੁਰੂ ਸਤਗੁਰ ਪਹਿ ਚਲੇ ॥ ਚਲੇ ਸੰਗ ਲੋਕ ਸਭ ਮਿਲੇ ॥੨੮॥
ਤਹਾ ਜਾਇ ਦਿਆਲ ਕਾ ਦਰਸਨ ਕੀਨਾ ॥ ਸਭ ਜਾਨ ਲਈ ਸਤਗੁਰ ਪ੍ਰਬੀਨਾ ॥
ਗੁਰੂ ਅਮਰ ਚਰਨ ਬੰਦਨਾ ਕਰੀ ॥ ਗੁਰੂ ਅੰਗਤ ਮੁਖ ਫੇਰ ਪੀਠ ਕਰ ਧਰੀ ॥੨੯॥
ਪੁਨ ਸਨਮੁਖ ਗੁਰੂ ਅਮਰ ਭਏ ਖਰੇ[3] ॥ ਸਤਗੁਰ ਪੀਠ ਤਹ ਢਿਗ ਧਰੇ ॥
ਤਬ ਹਾਥ ਜੋੜ ਬਿਨਤੀ ਇਹ ਕੀਨੀ ॥ ਪ੍ਰਭ ਕਵਨ ਅਵਗਿਆ ਹਮਰੀ ਚੀਨੀ ॥੩੦॥

॥ ਦੋਹਰਾ ॥

ਹਮ ਪ੍ਰਭ ਕਛੂ ਨ ਕੀਓ ਤੁਮ ਅੰਤਰਜਾਮੀ ਦੇਵ ॥
193/ਅ ਸੋ ਤੈਸੋ ਫਲ/ਪਾਵਈ ਕਰੈ ਜੁ ਜੈਸੀ ਸੇਵ ॥੩੧॥

॥ ਚੌਪਈ ॥

ਤਬ ਹਸੇ ਦਿਆਲ ਮੁਖ ਤੇ ਇਮ ਕਹੀ ॥ ਜੋਗੀ ਕੀ ਦੁਰਗਤ ਕਿਮ ਭਈ ॥
ਤਬ ਗੁਰ ਅਮਰ ਜੀ ਕੀਓ ਬਖਾਨ ॥ ਤਿਸ ਸਤਗੁਰ ਸੰਤ ਕੋ ਕੀਓ ਅਪਮਾਨ ॥੩੨॥

---

[1] ਜੋ ਅਬ ਦਿਆਲ ਬਰਖਾ ਬਰਖਾਵੇਂ ॥ ਤੁਮ ਸਤਿਗੁਰ ਹਸ ਸਿਖ ਕਹਾਵੇ ॥ (ੲ)

[2] ਸਤਿਗੁਰੂ (ਅ,ੲ)

[3] ਖਲੇ (ਅ)

ਸੰਤ ਦੋਖ ਨਾਰਾਇਨ ਦੁਖੀ॥ ਸੰਤ ਦੋਖੀ ਕਿਮ ਹੋਵੈ ਸੁਖੀ॥
ਪ੍ਰਭ ਨਿਜ ਮੁਖ ਆਗਿਆ ਪੰਥ ਕੀ ਕਰੀ॥ ਬਿਨ ਦੇਖ ਪ੍ਰਭਾਵ ਪੰਥ ਕਿਮ ਧਰੀ॥੩੩॥
ਜੋਗੀ ਗੁਰ ਕੋ ਦੀਆ ਉਠਾਇ॥ ਕਿਮ ਕਰ ਪੰਥ ਧਰੇ ਸਿਖ ਆਇ॥
ਹਮ ਤੇ ਪੰਥ ਧਰਨ ਨਹੀ ਮਾਨਾ॥ ਸਤਗੁਰ ਬਚਨ ਕੀਨ ਪ੍ਰਮਾਨਾ॥੩੪॥
ਪੁਨ ਹਸੇ ਦਿਆਲ ਕਹਿਓ ਬਚਨ ਸੁਨਾਇ॥ ਸੁਨ ਪੁਰਖਾ ਜੋ ਮਮ ਚਿਤ ਭਾਇ॥
ਜੋ ਦਿਸਟਮਾਨ ਸੋਹੰ ਨਿਜ ਰੂਪ[1]॥੩੫॥

॥ਸੋਰਠਾ॥

ਸਭ ਜਗ ਮਿਖਿਆ ਰੂਪ ਵੈਰ ਭਾਵ ਕਿਸ ਸੋ ਕਰੈ॥
ਸੁਧ ਮਤ ਗਿਆਨ ਅਨੂਪ ਏਕ ਜੋਤ ਪੂਰਨ ਪਰਗਟ॥੩੬॥

॥ਚੌਪਈ॥

ਮਿਖਿਆ ਹਰਖ ਸੋਕ ਅਰੁ ਮਾਨ॥ ਮਿਖਿਆ ਮੈ ਤੂੰ ਅਰੁ ਅਪਮਾਨ॥
ਗਿਆਨੀ ਮਨ ਮਿਖਿਆ ਨਹੀ ਰੁਚੇ॥ ਸੁਧ ਰੂਪ ਪਰਮਾਤਮ ਸੁਚੇ॥੩੭॥
ਦੁਬਧਾ ਜਾਨ ਖਡੂਰ ਹਮ ਤਿਆਗਾ॥ ਈਹਾ ਸਹਜਿ ਅਨੰਦ ਸੁਭਾਗਾ॥
ਜੋ ਅਬ ਕਹੋ ਸੋਈ ਹਮ ਕਰਨਾ॥ ਤੁਮਰਾ ਪ੍ਰੀਤ ਬਚਨ ਅਨੁਸਰਨਾ॥੩੮॥
ਤਬ ਗੁਰ ਅਮਰ ਚਰਨ ਪਰ ਪਰੇ ਪ੍ਰੇਮ ਭਾਇ ਮੁਖ ਬਿਨੇ ਉਚਰੇ॥
ਇਹ ਲੋਕ ਖਡੂਰ ਸਰਨ ਪ੍ਰਭ ਆਏ॥ ਜੋਗੀ ਦਿਨ ਮਤ ਦੀਓ ਭ੍ਰਮਾਏ॥੩੯॥
ਸੁਨ ਬਿਨੇ ਦਿਆਲ ਇਹ ਬਚਨ ਉਚਾਰਾ॥ ਅਉ ਕ੍ਰਿਪਾ ਕਟਾਛ ਸਭਨ ਪ੍ਰ ਧਾਰਾ॥
ਹਮਰੇ ਬਿਧ ਨਖੇਧ ਕਛੁ ਨਾਹੀ॥ ਜੋ ਸਹਜਿ ਬਨੇ ਸੋਈ ਭਲ ਆਹੀ॥੪੦॥

॥ਦੋਹਰਾ॥

194/ੳ ਸ੍ਰੀ ਅਮਰ ਗੁਰੂ/ਸਨਮੁਖ ਖਰੇ ਉਸਤਤ ਕਰੀ ਉਚਾਰ॥
ਕ੍ਰਿਪਾ ਸਿੰਧ ਕ੍ਰਿਪਾ ਕਰੀ ਲੀਨਾ ਬਿਰਦ ਸਮਾਰ॥੪੧॥

॥ਅਸਤੋਤਰ॥

ਪ੍ਰਕਾਸ ਭਗਤ ਕਾਰਨੰ॥ ਕਲੂ ਅਧਮ ਉਧਾਰਨੰ॥
ਸੁਧਾ ਸੁ ਦ੍ਰਿਸਟਿ ਲੋਚਨੰ॥ ਬਿਖੇ ਬਿਖਾਦ ਮੋਚਨੰ॥੪੨॥
ਸਮਸਤ ਗਿਆਨ ਪੂਰਨੰ॥ ਅਗਿਆਨ ਕੁਲਸ ਚੂਰਨੰ॥
ਜੈ ਜੈ ਦਿਆਲ ਤਾਰਨੰ॥ ਜੈ ਜੈ ਜਗਤ ਉਧਾਰਨੰ॥੪੩॥

॥ਚੌਪਈ॥

ਸੁਨ ਪ੍ਰੇਮ ਬਚਨ ਸਤਗੁਰ ਹਰਖਾਨੇ॥ ਕਰ ਜੋਰ ਅਮਰ ਗੁਰ ਬਿਨੇ ਬਖਾਨੇ॥
ਅਬ ਖਡੂਰ ਚਲੀਏ ਪ੍ਰਭ ਦਿਆਲ॥ ਦਰਸਨ ਕਰ ਸਭ ਹੋਇ ਨਿਹਾਲ॥੪੪॥
ਪ੍ਰਭ ਚਲੇ ਖਡੂਰ ਚਰਨ ਮਗ ਦੀਆ॥ ਸਿਖਨ ਸੀਸ ਸਿੰਘਾਸਨ ਦੀਆ[2]॥
ਗੁਰ ਅਮਰ ਸੰਗ ਹੋਇ ਬਚਨ ਬਿਲਾਸ॥ ਪਰਮ ਗਿਆਨ ਆਤਮ ਇਤਹਾਸ॥੪੫॥

॥ਦੋਹਰਾ॥

ਇਕ ਮਗ ਭੈਰੋਪੁਰ ਗਾਉ ਖੀਓ ਭੱਲਾ ਤਿਹ ਰਰੇ॥
ਤਾ ਕੋ ਭਗਤ ਸੁਆਉ ਸਤਗੁਰ ਸੌ ਭੇਟਾ ਕਰੀ॥੪੬॥

॥ਚੌਪਈ॥

ਤਿਨ ਤੁਰਤ ਪ੍ਰਸਾਦ ਤਯਾਰਿ ਕਰ ਲੀਆ॥ ਅਰਦਾਸ ਆਇ ਸਤਗੁਰ ਸੋ ਕੀਆ॥
ਬਡਭਾਗੀ ਤਿਸ ਘਰ ਪ੍ਰਭ ਆਏ॥ ਤਿਨ[3] ਖੀਰ ਖੰਡ ਘੀਉ ਥਾਲ ਪੁਰਾਏ॥੪੭॥
ਆਗੇ ਗੁਰ ਤਿਨ ਝੋਲ ਪਰੋਸਾ॥ ਪਾਇਆ ਬਰ ਦੋਨੋ ਜਗ ਤੋਸਾ॥
ਸਤਗੁਰੂ ਅਮਰ ਤਾ ਕੋ ਬਰ ਦੀਆ॥ ਸੰਤਾਨ ਪ੍ਰਜੰਤ ਸੁਖੀ ਤਿਸ ਕੀਆ॥੪੮॥
ਤਹਾ ਤੇ ਸਤਗੁਰ ਗਏ ਖਡੂਰ॥ ਜਪ ਤਪ ਸੰਜਮ ਲੇ ਭਰਪੂਰ॥
ਨਿਜ ਆਸਨ ਪ੍ਰਭ ਭਏ ਅਸੀਨ॥ ਸਭ ਆਇ ਮਿਲੇ ਦਰਸਨ ਗੁਰ ਕੀਨ॥੪੯॥
194/ਅ ਬਡਾ ਅੰਨਦ ਭਇਆ ਮੰਗਲਚਾਰਾ॥ ਸਤਗੁਰ ਚ/ਰਨ ਖਡੂਰ ਜਬ ਧਾਰਾ॥
ਆਨੰਦ ਪੁਨ ਬਲਵੰਡ ਤਬ ਕਰੀ॥ ਉਸਤਤ ਸਤਗੁਰ ਕੀ ਉਚਰੀ॥੫੦॥

---

[1] ਜੋ ਦਿਸਟਮਾਨ ਸੋਹੰ ਨਿਜ ਰੂਪ॥ ਦੇਖਤ ਬੂਝਤ ਸਗਲ ਅਨੂਪ॥ (ਅ,ੲ)
[2] ਲੀਆ (ਅ)
[3] ਉਨ (ਅ)

॥ ਦੋਹਰਾ ॥

ਪੌੜੀ ਕਰੀ ਬਲਵੰਡ ਇਹ ਟਿਕੇ ਕੀ ਵਾਰ ਮਿਲਾਇ ॥
ਸੋਹਤ ਸ੍ਰੀ ਗਰੰਥ ਮੋ ਸਭ ਕੋ ਗਾਵਤ ਤਾਹ ॥੫੧॥
ਸੁਨ ਬਾਕ ਬਿਲਾਸ ਬਲਵੰਡ ਕੇ ਸਤਗੁਰ ਭਏ ਪ੍ਰਸੰਨ ॥
ਪਉੜੀ ਸੁਨ ਕਰ ਵਾਰ ਕੀ ਸਭ ਲੋਕ ਕਰੇ ਧਨ ਧੰਨ ॥੫੨॥

॥ ਦੋਹਰਾ ॥[1]

ਗੁਰੂ ਅੰਗਤ ਜੀ ਆਗਿਆ ਕਰੀ ਅਬ ਜਾਵੋ ਗੋਬਿੰਦਵਾਲ ॥
ਕਰ ਪ੍ਰਨਾਮ ਜਾਤ੍ਰਾ ਕਰੀ ਸਤਗੁਰ ਅਮਰ ਦਿਆਲ ॥੫੩॥

॥ ਇਹ ਪਉੜੀ ਕਹੀ ॥[2]

ਫੇਰ ਵਸਾਇਆ ਫੇਰਆਣਿ ਸਤਿਗੁਰ ਖਾਡੂਰ ॥ ਜਪ ਤਪ ਸੰਜਮੁ ਨਾਲ ਤੁਧ ਹੋਰੁ ਮੁਚ ਗਰੂਰ ॥
ਲਬੁ ਵਿਣਾਏ ਮਾਣਸਾ ਜਿਉ ਪਾਣੀ ਬੂਰੁ ॥ ਵਰਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥
ਜਿਤੁ ਸ ਹਾਥਿ ਨ ਲਭਈ ਤੂੰ ਓ ਠਰੂਰ ॥ ਨਉ ਨਿਧ ਨਾਮ ਨਿਧਾਨ ਹੈ ਤੁਧ ਵਿਚ ਭਰਪੂਰ ॥
ਨਿੰਦਾ ਤੇਰੀ ਜੋ ਕਰੇ ਸੋ ਵੰਞੇ ਚੂਰੁ ॥ ਨੇੜੈ ਦਿਸੈ ਮਾਤ ਲੋਕ ਤੁਧ ਸੁਝੈ ਦੂਰੁ ॥
ਫੇਰ ਵਸਾਇਆ ਫੇਰਆਣਿ ਸਤਿਗੁਰ ਖਡੂਰ ॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥੭੮॥

[1] ਇੱਥੇ ਸਿਰਲੇਖ '॥ ਦੋਹਰਾ ॥' ਹੈ ਨਹੀਂ ਹੈ (ਸ)
[2] ਇੱਥੇ ਸਿਰਲੇਖ '॥ ਪਉੜੀ ॥' ਹੈ (ਅ)

[ਸਾਖੀ ਗੁਰੂ ਅਮਰਦਾਸ ਦੁਆਰਾ ਮਿਰਤਕ ਨੂੰ ਜਿਉਂਦਾ ਕਰਨਾ][1]

ਏਕ ਸਮੇ ਸ੍ਰੀ ਅਮਰ ਗੁਰ ਮਨ ਅਤ ਪ੍ਰੇਮ ਬਿਸਾਲ॥
ਸਤਗੁਰ ਕੇ ਦਰਸਨ ਚਲੇ ਗੁਰਮੁਖ ਸਿਖ ਲੇ ਨਾਲ॥੧॥

॥ਚੌਪਈ॥

ਚਲੇ ਖਡੂਰ ਗੁਰ ਅਮਰ ਦਿਆਲ॥ਭਜਨ ਕਰਨ ਸੰਗਤ ਸਿਖ ਨਾਲ॥
ਅਚਰਜ ਚਲਿਤ੍ਰ ਮਾਰਗ ਮੋ ਭਇਆ॥ਐਸਾ ਦੇਖਾ ਸੁਨਾ ਨ ਗਇਆ॥੨॥
ਮਗ ਪੜਾ ਹਾਡ ਮਿਰਤਕ ਕੋ ਅਹਾ॥ਸਹਜਿ ਭਾਇ ਸਤਿਗੁਰ ਪਗੁ ਛੁਹਾ॥
195/ੳ ਛੁਹਤ ਚਰਨ ਮਾਨੁਖ ਉ/ਠ ਭਇਆ॥ਸਭ ਦੇਖਤ ਗ੍ਰਿਹ ਅਪਨੇ ਗਇਆ॥੩॥
ਬਿਸਮਾਦ ਹੋਇ ਸੰਗੀ ਸਭ ਰਹੇ॥ਅਚਰਜ ਲੀਲਾ ਜਾਤ ਨ ਕਹੇ॥
ਪ੍ਰਭ ਗਏ ਖਡੂਰ ਸਤਗੁਰ ਕੇ ਪਾਸ॥ਦਰਸ ਪਾਇ ਮਨ ਭਇਓ ਬਿਲਾਸ॥੪॥
ਗੁਰੂ ਅੰਗਦ ਜੀ ਪਹਿ ਕਿਸੀ ਬਖਾਨਾ॥ਚਰਨ ਪਦਮ ਬਿਧ ਸਤਗਰ ਜਾਨਾ॥
ਸਤਗੁਰ ਅਮਰ ਗੁਰ ਲੀਏ ਬੁਲਾਇ॥ਗੁਹਜ ਬਾਤ ਕਹੀ ਪ੍ਰਗਟ ਜਨਾਇ॥੫॥

॥ਦੋਹਰਾ॥

ਚਰਨ ਤੁਮਾਰੇ ਪਦਮ ਹੈ ਜਾਨਤ ਨਾਹੀ ਕੋਇ॥
ਛੁਹਤ ਚਰਨ ਮਿਰਤਕ ਜੀਵੇ ਅਕਥ ਕਥਾ ਜਗ ਹੋਇ॥੬॥

॥ਚੌਪਈ॥

ਤਾ ਤੇ ਤੁਮ ਕੋ ਜੁਗਤ ਸਹ ਕਹੈਂ॥ਪ੍ਰਗਟ ਪ੍ਰਸਿਧ ਜਗ ਸੰਤਨ ਰਹੈ[2]॥
ਤੁਮਰੇ ਮਨ ਨਾਹੀ ਕਛੁ ਭਾਉ॥ਚਰਨ ਪਦਮ ਕੋ ਸਹਜਿ ਸੁਭਾਉ॥੭॥
ਨਿਤ ਪ੍ਰਤ ਆਵਨ ਤੁਮ ਈਹਾ ਕਰਨਾ॥ਪ੍ਰਗਟ ਹੋਇ ਆਚਰਜ ਆਚਰਨਾ॥
ਤਾ ਤੇ ਮੈ ਜੋ ਤੁਮ ਸੋ ਭਾਖੋ॥ਯਹ ਭਲੀ ਜੁਗਤ ਮਨ ਦ੍ਰਿੜ ਕਰ ਰਾਖੋ॥੮॥
ਜਬ ਦਰਸਨ ਪ੍ਰਗਟ ਮਨ ਕਰੋ ਪਿਆਸ॥ਤਬ ਹਮ ਆਵੈ ਤੁਮਰੇ ਪਾਸ॥
ਤਬ ਸਿਧ ਪ੍ਰਗਟ ਜਗ ਹੋਨ ਨ ਪਾਵੈ॥ਯਹ ਸੁ ਬਿਧ ਹਮਰੇ ਮਨ ਭਾਵੈ॥੯॥[3]
ਤਬ ਅਮਰ ਗੁਰੂ ਚਰਨਨ ਸਿਰ ਰਾਖਾ॥ਇਹ ਸੰਤ ਮਤੰਤ ਸੋ ਪ੍ਰਭ ਮੁਖ ਭਾਖਾ॥
ਸਤਗੁਰ ਭਾਵੈ ਸੋਈ ਕਰਨਾ॥ਹਮਰੇ ਅਵਰੁ ਨਾਹ ਆਰਚਨਾ॥੧੦॥

॥ਦੋਹਰਾ॥

ਜੋ ਸਤਿਗੁਰ ਆਗਿਆ ਕਰੀ ਦਿੜ ਠਾਨੀ ਅਮਰ ਦਿਆਲ॥
ਕਰ ਭਜਨ ਪ੍ਰਸਾਦਿ ਬਿਦਾ ਭਏ ਆਏ ਗੋਬਿੰਦਵਾਲ॥੧੧॥

॥ਸਾਖੀ ਪੂਰਨ ਹੋਈ॥

195/ਅ ਸ੍ਰੀ ਵਾਹਰੂ[4] ਮੁਖ ਕਰੋ ਉਚਾਰ॥ਹੋਇ ਦਿ/ਆਲ ਕਰ ਲਏ ਉਧਾਰ॥

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਚਹੈ (ੲ)
[3] ਇੱਥੇ 'ਤਬ ਸਿਧ ਪ੍ਰਗਟ.....ਮਨ ਭਾਵੈ॥' ਵਾਲੀ ਪੰਕਤੀ 'ਤਬ ਅਮਰ ਗੁਰੂ....ਮੁਖ ਭਾਖਾ॥' ਵਾਲੀ ਪੰਕਤੀ ਤੋਂ ਬਾਅਦ ਵਿਚ ਹੈ (ਅ)
[4] ਵਾਹਗੁਰੂ (ਅ,ੲ,ਸ)

[ਸਾਖੀ ਗੁਰੂ ਅੰਗਦ ਦੇਵ ਜੀ ਦਾ ਗੋਇੰਦਵਾਲ ਵਿਚ ਆਗਮਨ][1]

॥ਦੋਹਰਾ॥

ਦਿਵਸ ਏਕ ਸ੍ਰੀ ਅਮ੍ਰ ਗੁਰ ਮਨ ਕੀਓ ਪ੍ਰੇਮ ਅਨਮਾਨ॥
ਨੇਤ੍ਰ ਦਰਸ ਪਿਆਸ ਬਢੀ ਕੀਆ ਸਤਗੁਰ ਚਰਨ ਧਿਆਨ॥੧॥

॥ਚੌਪਈ॥

ਭਇਓ ਨੈਨ ਪਿਆਸ ਅੰਤਰ ਅਧਕਾਈ॥ਪ੍ਰਭ ਬਚਨ ਸਮਝ ਮਨ ਆਸ ਬਢਾਈ॥
ਅੰਤਰਜਾਮੀ ਸਤਗੁਰ ਦਿਆਲ॥ਬੂਝ ਪ੍ਰੇਮ ਕੀਓ ਬਚਨ ਸਮਾਲ॥੨॥
ਬਿਰਦ ਸਮਾਲ ਚਲੇ ਉਠ ਦਿਆਲ॥ਬਸ ਪ੍ਰੇਮ ਹੋਇ ਮਗ ਗੋਬਿੰਦਵਾਲ॥
ਅਮਰ ਗੁਰੂ ਜਾਨਾ ਪ੍ਰਭ ਆਏ॥ਆਗੇ ਲੈਨੇ ਕੌ ਉਠ ਧਾਏ॥੩॥
ਦੇਖ ਦਰਸ ਨੈਨਨ ਸੁਖ ਪਾਇਆ॥ਚਰਨ ਪਰਸ ਮਨ ਸਾਂਤ ਬੁਝਾਇਆ॥
ਹਾਥ ਪਕਰ ਗੁਰੂ ਅੰਗਤ ਲੀਨਾ॥ਮੈ ਤੁਮਰੇ ਬਸ ਪ੍ਰੇਮ ਅਧੀਨਾ॥੪॥
ਨਦੀ ਕੰਠ ਕਾ ਮਾਰਗ ਲੀਆ॥ਰੋੜੀ ਪਰ ਜਾਇ ਆਸਨ ਕੋ ਕੀਆ॥
ਕੀਏ ਅੰਮ੍ਰਿਤ ਬਚਨ ਗਿਆਨ ਰਸ ਭਰੇ॥ਸਤਗੁਰ ਮਹਮਾ ਲਖੀ ਨ ਪਰੇ॥੫॥

॥ਦੋਹਰਾ॥

ਹੇ ਪੁਰਖਾ ਤੁਮ ਮਮ ਭੇਦ ਨਹ ਤੂੰ ਮੇਰੋ ਨਿਜ ਰੂਪ॥
ਤੁਮ ਮੇਰੇ ਹੀਅਰੇ ਬਸੋ ਅਦਭੁਤ ਕਥਾ ਅਨੂਪ॥੬॥

॥ਚੌਪਈ॥[2]

ਅਦਵੈਤ ਨਿਰੂਪਨ ਪ੍ਰਭ ਕੀਓ ਪੁਨ ਚਲੇ ਖਡੂਰ ਦਿਆਲ॥
ਹਾਥ ਰਹਿਓ ਪ੍ਰਭ ਹਾਥ ਮੋ ਸੋਹਤ ਪਾਤ ਮਰਾਲ॥੭॥

॥ਅੜਲ॥

ਸੋਹਤ ਪਾਤ ਮਰਾਲ ਹਾਥ ਰਹਿਓ ਹਾਥ ਮੋ॥
ਗੁਰੂ ਦਰਸ ਮਗਨ ਗੁਰ ਅਮਰ ਸੋਹਤ ਪ੍ਰਭ ਸਾਥ ਮੋ॥
196/ੳ ਮਗ ਚ/ਲਤੇ ਭੁਜ ਥਾਮ ਡੋਲ ਆਗੇ ਭਈ॥
ਦੇਖ ਅਮਰ ਗੁਰ ਸੁਕਚ ਲਾਇ ਛਾਤੀ ਲਈ॥੮॥
ਮੇਰੇ ਸਤਗੁਰ ਅਗ੍ਰ ਮੋੜ ਕਾਹੇ ਭਈ॥
ਅਵਗੁਨ ਧਰ ਭੁਜ ਥਾਮ ਐਠ ਛਾਤੀ ਧਰੀ[3]॥
ਆਰਬਲਾ ਪਰਜੰਤ ਨ ਕਛੁ ਤਾ ਸੌ ਕੀਆ॥
ਹੋ ਏਕ ਹਾਥ ਸੋ ਕਾਂਮ ਸਗਲ ਤਨ ਕੋ ਥੀਆ॥੯॥
ਸਤਗੁਰ ਭਗਤ ਦਿਆਲ ਅਮਰ ਕੈਸੇ ਕਰੀ॥
ਅੰਗ ਅੰਗ ਮੋ ਭਗਤ ਭਾਵ ਗੁਰ ਕੀ ਧਰੀ॥
ਜੋ ਸਤਗੁਰ ਸੋ ਕੋਊ ਸਿਖ ਭਾਉ ਇਹ ਬਿਧ ਕਰੇ॥
ਜੁਗਤ ਮੁਕਤ ਕੋ ਪਾਇ ਮਹਾ ਭਉਜਲ ਤਰੇ॥੧੦॥
ਗੁਰ ਅੰਗਤ ਸਤਗੁਰ ਦਿਆਲ ਦੇਖ ਅਤ ਸੁਖ ਭਰੇ॥
ਇਨ ਕੇ ਭਗਤ ਉਪਦੇਸ ਜਗਤ ਸਭ ਉਧਰੇ॥
ਪੁਨ ਗਏ ਖਡੂਰ ਦਿਆਲ ਅਮਰ ਪ੍ਰਭ ਬਿਦਾ ਕਰ॥
ਹੋ ਪ੍ਰਭ ਆਏ ਗੋਬਿੰਦਵਾਲ ਚਰਨ ਗੁਰ ਰਿਦੇ ਧਰ॥੧੧॥

॥ਸੋਰਠਾ॥

ਮਾਰਗ ਚਲਤ ਖਡੂਰ ਸੀਹਾਂ ਉਪਲ ਮਗ ਮਿਲਿਓ॥
ਤਾ ਕੋ ਕਾਜੁ ਜਰੂਰ ਮੂੰਡਨ ਕਰਨਾ ਪੁਤ੍ਰ ਕੋ॥੧੨॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਇੱਥੇ ਸਿਰਲੇਖ '॥ਚੌਪਈ॥' ਨਹੀਂ ਹੈ (ਅ,ੲ)
[3] ਦਈ (ਅ)

॥ ਛੰਦ ॥
ਗੁਰ ਦਰਸ ਤਿਨ ਜਬ ਕੀਨ ॥ ਮਨ ਭਇਓ ਸੁਧ ਮਲੀਨ ॥
ਸੌ ਆਜਾ ਤਿਸ ਸੰਗ ਆਹ ॥ ਬਲ ਕਰਨ ਕੋ ਲੀਓ ਤਾਹ ॥੧੩ ॥
ਪ੍ਰਭ ਪੂਛਨਾ ਤਿਨ ਕੀਨ ॥ ਕਾਹੇ ਆਜਾ ਸੰਗ ਲੀਨ ॥
ਤਿਨ ਕਹਾ ਸਭ ਬਿਵਹਾਰ ॥ ਮਮ ਜੁਰੇ ਕੁਲ ਪਰਵਾਰ ॥੧੪ ॥
ਬਲੁ ਕਰੇ ਇਨ ਕੋ ਆਜੁ ॥ ਤਬ ਹੋਇ ਮੂੰਡਨ ਕਾਜ ॥
ਭੋਜਨ ਕਰੇ ਮਿਲ ਮੀਤ ॥ ਮਮ ਕੁਲ ਜਠੇਰਨ ਰੀਤ ॥੧੫ ॥
ਸੁਨ ਹਸੇ ਪ੍ਰਭੂ ਦਿਆਲ ॥ ਅਤ ਬਡੋ ਪਾਪ ਬਿਸਾਲ ॥
ਕਰ ਹਿੰਸ ਕਰਮ ਅਨੀਤ ॥ ਅੰਤੇ ਲਹੋ ਦੁਖ ਮੀਤ ॥੧੬ ॥
ਭੈ ਕਰ ਪੁਛਾ ਤਿਨ ਫੇਰ ॥ ਅਤ ਕਠਨ ਮੋਰ ਜਿਠੇਰ ॥
ਸਤਿਗੁਰ ਛੁਡਾਵੋ ਮੋਹ ॥ ਸਭ ਸਕਤ ਪੂਰਨ ਤੋਹ ॥੧੭ ॥

॥ ਦੋਹਰਾ ॥
ਸੁਹਿਰਦ ਦੇਖ ਪ੍ਰਭ ਦਇਆ ਕਰ ਤਾਹ ਕਹੀ ਸਮਝਾਇ ॥
196/ਅ /ਮਮ ਦੁਆਰੇ ਸਿਖ ਕੋ ਕਰੋ ਬਿਘਨ ਨ ਹੋਵੈ ਕਾਇ ॥੧੮ ॥

॥ ਦੋਹਰਾ ॥[1]
ਬਚਨ ਮਾਨ ਪ੍ਰਭ ਕੋਹ ਲੀਓ ਕੀਨੇ ਅਜਾ ਖਲਾਸ ॥
ਸਤਗੁਰ ਦੁਆਰ ਸਿਖ ਕੋ ਕੀਓ ਕਾਰਜ ਹੋਏ ਰਾਸ ॥੧੯ ॥

॥ ਦੋਹਰਾ ॥[2]
ਭਇਓ ਸਿਖ ਸਤਗੁਰੂ ਕੋ ਸਾਹਿਬ ਭਏ ਦਿਆਲ ॥
ਬਚਨ ਗੁਰੂ ਜੋ ਮਨ ਧਰੇ ਸਤਗੁਰ ਭਏ ਨਿਹਾਲ ॥੨੦ ॥

॥ ਸੋਰਠਾ ॥[3]
ਬਹੁਤ ਬਾਰ ਦਿਆਲ ਗੋਬਿੰਦਵਾਲ ਆਵਨ ਕੀਓ ॥
ਬਚਨ ਕਰਿਓ ਪ੍ਰਤਪਾਲ ਕਵਨ ਕਵਨ ਲੀਲਾ ਕਥੌਂ ॥੨੧ ॥

॥ ਸੋਰਠਾ ॥
ਗੁਰ ਸਾਖੀ ਅਮਿਤ ਅਪਾਰ ਸਭ ਕੋ ਬਰਨਤ ਪ੍ਰਗਟ ਜਗ ॥
ਜੋ ਰਹੀ ਗੁਹਜ ਤਤੁ ਸਾਰ ਗੁਰ ਕੁਲ ਪੁਰਖਨ ਤੇ ਸੁਨ ਲਈ[4] ॥੨੨ ॥

॥ ਦੋਹਰਾ ॥
ਸਤਿਗੁਰ ਲੀਲਾ ਪ੍ਰੀਤ ਸੌ ਜੋ ਸਿਖ ਪੜੇ ਸੁਨਾਇ ॥
ਭੰਡਾਰ ਭਗਤ ਹਰ ਨਾਮ ਕੋ ਤਾ ਕੇ ਪਲੇ ਪਾਇ ॥੨੩ ॥

॥ ਸੋਰਠਾ ॥
ਇਹ ਅਦਭੁਤ ਕਥਾ ਅਨੂਪ ਭਗਤ ਭਾਉ ਗੁਰ ਕੀ ਲਿਖੀ ॥
ਜੋ ਸਿਖ ਭਗਤ ਸਰੂਪ ਤਾ ਕੇ ਮਨ ਅਤ ਪ੍ਰੇਇ[5] ਲਗੇ ॥੨੪ ॥

॥ ਸਾਖੀ ਪੂਰਨ ਹੋਈ ॥
ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

---
[1] ਇੱਥੇ ਸਿਰਲੇਖ ' ॥ ਦੋਹਰਾ ॥ ' ਨਹੀਂ ਹੈ (ਅ,ਸ)
[2] ਇੱਥੇ ਸਿਰਲੇਖ ' ॥ ਦੋਹਰਾ ॥ ' ਨਹੀਂ ਹੈ (ਅ,ਸ)
[3] ਇੱਥੇ ਸਿਰਲੇਖ ' ॥ ਸੋਰਠਾ ॥ ' ਨਹੀਂ ਹੈ (ਅ,ਸ)
[4] ਲਖੀ (ਅ,ੲ)
[5] ਪਿਆਰਾ (ਅ), ਪ੍ਰੇਮ (ੲ)

[ਸਾਖੀ ਸ੍ਰੀ ਗੁਰੂ ਅੰਗਤ ਦੇਵ ਜੀ ਦਾ ਜੋਤੀ ਜੋਤ ਸਮਾਉਣਾ][1]

॥ਦੋਹਰਾ॥

ਸਭ ਸੰਗਤ ਕੋ ਆਗਿਆ ਭਈ ਸਤਗੁਰ ਦੀਨ ਦਿਆਲ॥
ਗੁਰ ਪਰਮ ਧਾਂਮ ਪਿਆਨਾ ਕਰੇ ਸਭ ਆਏ ਤਤਕਾਲ॥੧॥

॥ਚੌਪਈ॥

ਸ੍ਰੀ ਅਮਰ ਗੁਰੂ ਜੀ ਲੀਏ ਬੁਲਾਇ॥ਆਇ ਦਰਸ ਕੀਨਾ ਸਤ ਭਾਇ॥
ਅਨੰਦ ਪਰਸਪਰ ਕਹਿਓ ਨ ਜਾਈ॥ਜਿਉ ਜੋਗੀ ਪਦੁ ਤੁਰੀ ਸਮਾਈ॥੨॥
197/ੳ /ਸੁਨ ਪੁਰਖਾ ਪੂਰਨ ਨਿਜ ਗਿਆਨ॥ਅਬ ਪਰਮ ਧਾਮ ਮੈ ਕਰੋ ਪਿਆਨ॥
ਤੁਮ ਜਾਨਤ ਸਭ ਜਗ ਬਿਵਹਾਰ॥ਮਿਰਤ ਲੋਕ ਕਾ ਯਹੀ ਅਚਾਰ॥੩॥
ਹਰਖ ਸੋਗ ਦੇਹੀ ਮਮ ਨਾਹ॥ਤੂੰ ਪਰਤਖ ਰੂਪ ਮਮ ਆਹਿ॥
ਦੇਹ ਅਛਿਤ ਗਿਆਨੀ ਜਗ ਐਸੇ॥ਜਿਉ[2] ਭਰਿਓ ਕੁੰਭ ਸਿੰਧ ਮੋ ਜੈਸੇ॥੪॥
ਛੂਟੇ[3] ਕੁੰਭ ਤਬ ਸਿੰਧ ਕਹਾਇ॥ਛੁਟੇ ਦੇਹ ਗਿਆਨੀ ਸੁਖ ਪਾਇ॥
ਮੈ ਆਵੋ ਨਾਹੀ ਕਹੂੰ ਜਾਵੌਂ॥ਪਰਮਾਤਮ ਨਿਜ ਸਰੂਪ ਸਮਾਵੌਂ॥੫॥

॥ਦੋਹਰਾ॥

ਇਹ ਬਚਨ ਸੁਨਤ ਸ੍ਰੀ ਅਮਰ ਗੁਰ ਕਰ ਉਸਤਤ ਬਹੁ ਭਾਂਤ॥
ਸੁ ਇਛ ਦਿਆਲ ਅਮਿਤ ਗਤ ਲੀਲਾ ਸਗਲ ਸੁਹਾਤ॥੬॥

॥ਚੌਪਈ॥

ਪੁਨ ਸਤਗੁਰ ਇਹ ਆਗਿਆ ਕਰੀ॥ਹੋਇ ਪ੍ਰਸਾਦਿ ਤਯਾਰ ਇਹ ਘਰੀ॥
ਸਭ ਸੰਗਤ ਕੋ ਪ੍ਰਸਾਦਿ ਖਿਲਾਵੋ॥ਪੁਨ ਭਜਨ ਹੋਇ ਹਰ ਜਸ ਮੁਖ ਗਾਵੋ॥੭॥
ਲੰਗਰ ਮਾਹਿ ਅਮਰ ਗੁਰ ਗਏ॥ਪਰਸਾਦ ਤਿਆਰ ਹੋਤ ਸਭ ਭਏ॥
ਸਤਗੁਰ ਦਿਆਲ ਪ੍ਰਸਾਦ ਸੁ ਪਾਵਾ॥ਸੰਗਤ ਗੁਰ ਸੰਗੀ ਸਭ ਖਾਵਾ॥੮॥
ਪੁਨ ਕੀਆ ਸੰਘਾਸਨ ਪ੍ਰਭੂ ਨਿਵਾਸ॥ਸਭ ਭਏ ਇਕਤ੍ਰ ਸਤਗੁਰ ਕੇ ਪਾਸ॥
ਗੁਰ ਸਭਾ ਮਾਹਿ ਚਰਚਾ ਯਹ ਕਰੀ॥ਸੁਨ ਪ੍ਰਭ ਦਿਆਲ ਚਿਤ ਮੋ ਯਹ ਧਰੀ॥੯॥
ਨਾਮਦੇਵ ਕੰਬੀਰ ਜੁ ਭਏ॥ਸਨ ਦੇਹੀ ਹਰ ਪੁਰ ਕੋ ਗਏ॥
ਅਰੁ ਕੇਤਕ ਅਵਰ ਭਗਤ ਤਹ ਗਨੇ॥ਭਏ ਅਲੋਪ ਵੈ ਦੇਹੀ ਸਨੇ॥੧੦॥
ਸੁਨੀ ਦਿਆਲ ਗੁਰ ਮਨ ਇਹ ਜਾਨਾ॥ਇਨ ਕੇ ਮਨ ਸੰਕਾ ਅਨਮਾਨਾ॥
ਦੇਹ ਬਿਸਵਾਸ ਸੰਤਨ ਮਨ ਨਾਹੀ॥ਇਹ ਸੂਛਮ ਗਤ ਜਾਨਤ ਨਾਹੀ॥੧੧॥

॥ਦੋਹਰਾ॥

ਇਨ ਕੇ ਮਨ ਸੰਕਾ ਪਰੀ ਜੌ ਨਿਵਰਤ ਨਹੀ ਹੋਇ॥
197/ਅ ਇਨ/ਮੋਰੀ ਸੰਗਤ ਕਾ ਬ੍ਰਿਥਾ ਪੁਨ ਸਭ ਖੋਇ॥੧੨॥

॥ਚੌਪਈ॥

ਸਿੰਘਾਸਨ ਪਰ ਗੁਰ ਭਏ ਅਲੋਪ॥ਜਿਮ ਛੀਰ ਸਮੁੰਦਰ ਰਹੇ ਪ੍ਰਭ ਗੋਪ॥
ਦੇਖ ਚਰਿਤ੍ਰ ਬਿਸਮ ਸਭ ਭਏ॥ਅਦਭੁਤ ਲੀਲਾ ਜਾਤ ਨ ਕਹੇ॥੧੩॥
ਲੰਗਰ ਮਾਹਿ ਅਮਰ ਗੁਰ ਸੁਨਾ॥ਚਲ ਆਏ ਦੇਖਤ ਮਨ ਗਿਨਾ॥
ਐਸੀ ਜੁਗਤ ਨ ਸਤਗੁਰ ਜੋਗ॥ਕਵਨ ਅਰਥ ਯਹ ਕੀਓ ਸੰਜੋਗ॥੧੪॥
ਪ੍ਰੇਮ ਬਢਾਇ ਧਰਿਓ ਗੁਰ ਧਿਆਨ॥ਬਿਰਦ ਸਮਾਲ ਰਖੀ ਨਿਜ ਆਨ॥
ਪੁਨਿ ਕੀਆ ਸਿੰਘਾਸਨ ਪ੍ਰਗਟ ਨਿਵਾਸ॥ਜਿਮ ਭਗਤਾ ਚਲ ਰਵਿ ਗਿਆਨ ਪ੍ਰਕਾਸ॥੧੫॥
ਪੁਨ ਹਸੇ ਦਿਆਲ ਇਹ ਬਾਤ ਬਖਾਨੀ॥ਸੁਨ ਪੁਰਖਾ ਤੂੰ ਪੂਰਨ ਗਿਆਨੀ॥
ਸਭ ਕਾ ਮਨ ਸੰਕਾ ਮਲ ਭਰਾ॥ਮੈ ਧੋਇ ਪਵਿਤ੍ਰ ਜੁਗਤ ਯਹ ਕਰਾ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਜਲ (ਅ)
[3] ਫੁਟੇ (ੲ)

॥ ਦੋਹਰਾ ॥
ਅਬ ਇਨ ਮਨ ਸੰਕਾ ਹਰੀ ਕਰਿਓ ਭਗਤ ਅਨਮਾਨ ॥
ਮੈ ਚਲਤ ਕਰਿਓ ਇਨ ਕੇ ਨਮਿਤ ਤੁਮ ਜਾਨਤ ਪਰਮ ਸੁਜਾਨ ॥ ੧੭ ॥
॥ ਚੌਪਈ ॥
ਅਬ ਮੈ ਤੁਮ ਕੋ ਭਾਖ ਸੁਨਾਵੋ ॥ ਪਰਮਾਨੰਦ ਨਿਜ ਰੂਪ ਸਮਾਵੌਂ ॥
ਚਲੋ ਜਾਇ ਜਗ ਕੋ ਪਰਵਾਹ ॥ ਨਹੀ ਆਦ ਅੰਤ ਕਛੁ ਤਾ ਕੋ ਥਾਹੁ ॥ ੧੮ ॥
ਜਿਉ ਜਲ ਤਰੰਗ ਜਲ ਉਪਜ ਸਮਾਵੈ ॥ ਹੈ ਜਲ ਜਲ ਸੌ ਭਿੰਨ ਦਿਖਾਵੈ ॥
ਤਾ ਤੇ ਸੰਤ ਦੁਵੈਤ ਨਹੀ ਜਾਨੇ ॥ ਆਤਮ ਪ੍ਰਮਾਤਮ ਇਕ ਮਾਨੇ ॥ ੧੯ ॥
ਮਮ ਕਾਰਜ ਮੰਗਲ ਤੁਮ ਕਰਨਾ ॥ ਸੋਕ ਮੋਹ ਤਾ ਮੋ ਨਹੀ ਧਰਨਾ ॥
ਜਬ ਸਤਗੁਰ ਇਮ ਬਚਨ ਸੁਨਾਏ ॥ ਪੁਤ੍ਰ ਮਿਤ੍ਰ ਸਿਖ ਜੁਰ ਆਏ ॥ ੨੦ ॥
॥ ਦੋਹਰਾ ॥
ਦਾਸ ਦਾਤਾ[1] ਜੀ ਸੁਨਤ ਹੀ ਆਏ ਤਹ ਤਤਕਾਲ ॥
ਹਾਥ ਪਕਰ ਗੁਰੂ ਅਮਰ ਸੋ ਸੋਪਿਓ ਸਤਗੁਰ ਦਿਆਲ ॥ ੨੧ ॥
॥ ਚੌਪਈ ॥
198/ੳ ਦਾਸ ਦਾਤਾ[2] ਜੀ ਚਰਨਨ ਪਰੇ ॥ ਦੀਨ ਦਿਆ/ਲ ਦਇਆ ਬਹੁ ਕਰੇ ॥
ਤਿਨ ਪੂਛਾ ਕ੍ਰਿਆ ਕਰਮ ਬਿਵਹਾਰ ॥ ਜਗ ਰੀਤ ਅਉ ਕੁਲ ਆਚਾਰ ॥ ੨੨ ॥
ਤਬ ਸ੍ਰੀ ਮੁਖ ਗੁਰ ਬਚਨ ਉਚਾਰਾ ॥ ਕ੍ਰਿਆ ਕਰਮ ਅਉ ਕੁਲ ਅਚਾਰਾ ॥
ਹਮਰੇ ਕਾਜ ਕਛੂ ਨਹੀ ਕਰਨਾ ॥ ਨਹੀ ਕਰਨਾ ਕੋਊ ਜਗ ਆਚਰਨਾ ॥ ੨੩ ॥
ਹਰ ਭਜਨ ਕਰੇ ਪੀਛੇ ਮਮ ਪਿਆਰੇ ॥ ਕਰੇ ਅਨੰਦ ਮੰਗਲ ਸੁਖ ਸਾਰੇ ॥
ਦੇਹ ਸਿਸਕਾਰ ਅਗਨ ਮੋ ਕਰਨਾ ॥ ਕੀਰਤਨ ਭਜਨ ਤੋਖ ਚਿਤ ਧਰਨਾ ॥ ੨੪ ॥
ਕਹਿਓ ਦਿਆਲ ਸੰਗਤ[3] ਸਮਝਾਇ ॥ ਸਤ ਉਪਦੇਸ ਦਿੜੋ ਸਤ ਭਾਇ ॥
ਪ੍ਰਗਟ ਰੂਪ ਗੁਰ ਅਮਰ ਮਮ ਜਾਨੋ ॥ ਸੰਸਾ ਭੇਦ ਨ ਮਨ ਮੋ ਆਨੋ ॥ ੨੫ ॥
॥ ਦੋਹਰਾ ॥
ਅਮਰ ਗੁਰੂ ਨਿਜ ਰੂਪ ਮਮ ਯਾ ਮੋ ਨਾਹੀ ਭੇਦ ॥
ਜੋ ਅਭੇਦ ਜਾਨੇ ਗੁਰੂ ਨਹੀ ਜਨਮ ਮਰਨ ਤਿਹ ਖੇਦ ॥ ੨੬ ॥
॥ ਚੌਪਈ ॥
ਇਨ ਕੇ ਹਾਥ ਮੁਕਤ ਕੋ ਦੁਆਰ ॥ ਕੀਆ ਚਹੇ ਸਭ ਜਗਤ ਉਧਾਰ ॥
ਸਰਨ ਪਰੇ ਸੋਈ ਜਗ ਤਰੇ ॥ ਭਵ ਸਾਗਰ ਸੁਖ ਪਾਰ ਉਤਰੇ ॥ ੨੭ ॥
ਪੁਨਿ ਸੈਨ ਸਿੰਘਾਸਨ ਸਤਗੁਰ ਕੀਨਾ ॥ ਵਸਤ੍ਰ ਓਢ ਦੇਹ ਪਰ ਲੀਨਾ ॥
ਜੋਤ ਮਾਹਿ ਰਹੀ ਜੋਤ ਸਮਾਇ ॥ ਜਿਮ ਜਲ ਮੋ ਢੁਲ ਜਲ ਮਿਲ ਜਾਇ ॥ ੨੮ ॥
ਸੁੰਨ ਮਾਹਿ ਜਿਮ ਸੁੰਨ ਸਮਾਈ ॥ ਅਕਥ ਕਥਾ ਗੁਰ ਲਖੀ ਨ ਜਾਈ ॥
ਇਹ ਬਿਧ ਚਲਤ ਸਮਾਵਨ ਥੀਆ ॥ ਜੈ ਜੈ ਜੈ ਸੁਰਪੁਰ ਸੁਰ ਕੀਆ ॥ ੨੯ ॥
ਅਖੰਡ ਕੀਰਤਨ ਸਭ[4] ਮਿਲ ਕੀਓ[5] ॥
ਪਰਮ ਪਵਿਤ੍ਰ ਬਿਬਾਨ ਬਨਾਇਆ ॥ ਨਿਰਮਲ ਦੇਹ ਸਨਾਨ ਕਰਾਇਆ ॥ ੩੦ ॥
॥ ਦੋਹਰਾ ॥
ਨਿਰਮਲ ਸਤਗੁਰ ਦੇਹ ਕੋ ਪੁਨ ਰਾਖ ਪੁਨੀਤ ਬਿਬਾਨ ॥
ਸਿਸਕਾਰਨ ਸਿਖ ਲੇ ਚਲੇ ਪਰਮ ਪਵਿਤ੍ਰ ਸਥਾਨ ॥ ੩੧ ॥
॥ ਚੌਪਈ ॥
ਉਸੀ ਠੌਰ ਹੋਆ ਸਿਸਕਾਰ ॥ ਮਹਾ ਅਨੰਦ ਭਜਨ ਸੁਖ ਸਾਰ ॥

---

[1] ਇੱਥੇ ਸ਼ਬਦ 'ਦਾਸੂ ਦਾਤੂ' ਹੈ (ਅ,ੲ)
[2] ਇੱਥੇ ਸ਼ਬਦ 'ਦਾਸੂ ਦਾਤੂ' ਹੈ (ਅ,ੲ)
[3] ਮੰਗਤ (ਸ)
[4] ਸਭਨ (ਅ)
[5] ਅਖੰਡ ਕੀਰਤਨ ਸਭ ਮਿਲ ਕੀਓ ॥ ਜੈ ਜੈਕਾਰ ਜਗਤ ਮੋ ਭਇਓ ॥ (ਅ,ੲ,ਸ)

198/ਅ ਪੁਨ ਬੁਢੇ ਆਦ ਜੋ ਸਿਖ ਪ੍ਰਮਾਨਾ॥/ਤਿਨ ਨਾਨਕ ਅੰਗਤ ਅਮਰ ਗੁਰ ਜਾਨਾ॥੩੨॥
ਸਤ ਸੰਗਤ ਗੁਰਪਰਬ ਤਹ ਕੀਆ॥ਪਰਮਾਨੰਦ ਮਹਾ ਸੁਖ ਥੀਆ॥
ਲੇ ਅਰ[1] ਗੁਰੂ ਸੰਗਤ ਸੰਗ ਆਏ॥ਗੋਬਿੰਦਵਾਲ ਸਤਗੁਰ ਗੁਨ ਗਾਏ॥੩੩॥

॥ਦੋਹਰਾ॥

ਇਹ ਜੋਤ ਸਮਾਵਨ ਕੀ ਕਥਾ ਜੋ ਪੜੇ ਸੁਨੇ ਚਿਤ ਲਾਇ॥
ਸਿਖੀ ਪਦ ਤਾ ਕੋ ਮਿਲੇ ਪੁਨ ਸਤਿਗੁਰ ਚਰਨ ਸਮਾਇ॥੩੪॥

॥ਸੋਰਠਾ॥[2]

ਮਹਮਾ ਸਿੰਧ ਅਪਾਰ ਕਿਤ ਬਿਧ ਕੋ ਬਰਨਨ ਕਰੇ॥
ਜਿਮ ਤਾ ਕੋ ਪਨਿਹਾਰ ਕੈਸੇ ਪਾਵੇ ਥਾਹ ਕੋ॥੩੫॥

॥ਸੋਰਠਾ॥

ਲੀਓ ਕਲਸ ਭਰ ਜਾਹ ਉਨ ਤਾ ਕੀ ਮਹਮਾ ਕਥੀ॥
ਬਾਕੀ ਅਗਮ ਅਥਾਹ ਮੈ ਤੈਸੇ ਬਰਨਨ ਕਰਿਓ॥੩੬॥

॥ਦੋਹਰਾ॥

ਸੋਲਹ ਸਹਸ ਅਰੁ ਨੌ ਸੰਮਤ ਬਿਕ੍ਰਮ ਨਿਰਪਤ ਕੋ॥
ਚੌਥ ਸੁਦੀ ਚੇਤ ਮੋ ਗੁਰ ਪਰਮ ਧਾਮ ਪਿਆਨਾ ਕੀਓ॥੩੭॥

॥ਸੋਰਠਾ॥[3]

ਹੇ ਸਤਗੁਰ ਸਦਾ ਕ੍ਰਿਪਾਲ ਰਾਖ ਲਾਜ ਨਿਜ ਬਿਰਦ ਕੀ॥
ਸਰੂਪ ਦਾਸ ਹੋਇ ਦਿਆਲ ਸਦਾ ਚਰਨ ਹਿਰਦੇ ਬਸੈ॥੩੮॥

॥ਦੋਹਰਾ॥

ਤਿਹਨੁ ਕੁਲ ਫੇਰੂ ਪਿਤਾ ਸਭਰਾਈ ਜੀ ਮਾਤ॥
ਗੁਰ ਅੰਗਤ ਖੀਵੀ ਪਤੈ ਦਾਸੂ ਦਾਤਾ ਤਾਤ॥੧੨॥
ਬਰਸ ੬ ਮਹੀਨੇ ੯ ਦਿਨ ਗੁਰਆਈ ਵਿਚ ਸਰੀਰ ਰਖਿਆ॥[4]

॥ਸਾਖੀ ਪੂਰਨ ਸੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਅਮਰ (ਅ,ੲ)
[2] ਇੱਥੇ ਸਿਰਲੇਖ '॥ਸੋਰਠਾ॥' ਨਹੀਂ ਹੈ (ਅ)
[3] ਇੱਥੇ ਸਿਰਲੇਖ '॥ਦੋਹਰਾ॥' ਹੈ (ਅ)
[4] ਇੱਥੇ '॥ਦੋਹਰਾ॥ਤਿਹਨੁ ਕੁਲ....ਵਿਚ ਸਰੀਰ ਰਖਿਆ॥' ਵਾਲਾ ਪਾਠ ਨਹੀਂ ਹੈ (ਅ)

॥ੴ ਸਤਿਗੁਰ ਪ੍ਰਸਾਦਿ॥

[ਆਗੇ ਮਹਿਮਾ ਮਹਲੇ ਤੀਜੇ ਕੀ]

॥ਸੋਰਠਾ॥

ਪ੍ਰਭ ਸਤਿਗੁਰ ਕਿਰਪਾ ਧਾਰ ਕਰ ਪਰਕਾਸ ਤੀਜੋ ਜਗਤ॥
199/ੳ ਲੀ/ਲਾ ਰਚੀ ਅਪਾਰ ਅਨਿਕ ਰੂਪ ਹਰਿ ਭਗਤ ਧਰ[1]॥੧॥

॥ਸੋਰਠਾ॥[2]

ਅਮਿਤ ਸਭਾ ਪਰਤਾਪ ਸੰਤ ਸਿਖ ਗੁਰਮੁਖ ਸੁਮਤ॥
ਪਰਗਟ ਕਰੀ ਜਗ ਛਾਪ ਸਤਨਾਮ ਕਰਤਾ ਪੁਰਖ॥੨॥

॥ਅੜਲ॥

ਅਨਿਨ ਭਗਤ ਸਿੰਘਾਸਨ ਸਤਗੁਰ ਕੋ ਸਜੇ॥
ਵੈਰਾਗ ਜੋਗ ਤਤ ਗਿਆਨ ਰਤਨ ਸੁੰਦਰ ਖਚੇ॥
ਅਭੇਦ ਤਤ ਵੀਚਾਰ ਛਤ੍ਰ ਤਾ ਪਰ ਢੁਲੇ॥
ਹੋ ਸਰਬ ਦਿਆ ਦਿਆਲ ਚਮਰ ਸੁੰਦਰ ਝੁਲੇ॥੩॥
ਬਿਗਿਆਨ ਰੂਪ ਸਿਰ ਮੁਕਟਿ ਬਿਰਾਜੇ ਗੁਰ ਧਨੀ॥
ਮਸਤਕ ਤਿਲਕ ਬਿਸਾਲ ਦਿਆਲ ਗੁਰ ਉਨਮਨੀ॥
ਤਹ ਅਨਹਦ ਧੁਨਿ ਝੁਨਕਾਰ ਸਦਾ ਬਾਜਾ ਬਜੈ॥
ਆਰੂੜਤ ਪਰਮਾਨੰਦ ਗੁਰੂ ਸਭ ਜਗੁ ਜਜੈ॥੪॥

॥ਦੋਹਰਾ॥

ਸਤ ਸਭਾ ਸਤਗੁਰ ਸਜੀ ਸਤ ਕੋ ਧਰਿਓ ਸਮਾਜ॥
ਸਤ ਸਰੂਪ ਸੋਭਾ ਅਮਿਤ ਸਤ ਸਜਿਓ ਸਭ ਸਾਜ॥੫॥

॥ਚੌਪਈ॥

ਦਾਹਨੇ ਚਰਨ ਗੁਰ ਪਦਮ ਸੁਹਾਇ॥ ਮਿਰਤਕ ਛੁਹਿ ਜੀਵ ਤਨ ਪਾਇ॥
ਬਾਏ ਚਰਨ ਸਭ ਸਿਧ ਬਿਰਾਜੇ॥ ਸੇਵਤ ਰੰਕ ਰਾਜ ਪਦ ਛਾਜੈ[3]॥੬॥
ਪ੍ਰਭ ਹਸਤ ਕਮਲ ਮਸਤਕ ਜਿਹ ਧਰੇ॥ ਮਿਟੇ ਅਗਿਆਨ ਗਿਆਨ ਸੰਚਰੇ॥
ਜਿਹ ਸ੍ਰੀ ਮੁਖ ਸਤਨਾਮ ਦਾ ਜਾਪੁ॥ ਵਰ[4] ਮੁਕਤ ਸਰੂਪ ਮੇਟ ਅਹੰ ਤਾਪ॥੭॥
ਕ੍ਰਿਪਾ ਕਟਾਛ ਦ੍ਰਿਸਟਿ ਜਿਹ ਦੇਖੇ॥ ਹਰਿ ਕੀ ਭਗਤ ਹਿਰਦੇ ਤਿਹ ਲੇਖੇ॥
ਜਿਹ ਪ੍ਰਸੰਨ ਬਚਨ ਬਰ ਕਰੇਂ[5]॥ ਵੈ ਮੁਕਤ ਹੋਇ ਪੁਨ ਦੇਹ ਨ ਧਰੇ॥੮॥

॥ਦੋਹਰਾ॥

ਜੋ ਸਤਿਗੁਰ ਨਾਨਕ ਜੀ ਕਹਿਓ ਗੁਰੂ ਅੰਗਤ ਜੀ ਉਰਧਾਰ॥
ਵਹੀ ਬਚਨ ਸ੍ਰੀ ਅਮਰ ਗੁਰ ਸੰਗਤ ਕਹਿਓ ਉਚਾਰ॥੯॥

॥ਚੌਪਈ॥

ਚਰਨੋਦਕ ਦੇ ਜਗ ਪਾਵਨ ਕੀਨਾ[6]॥
ਵਾਹਿਗੁਰੂ ਮੁਖ ਜਾਪ ਜਪਾਇਆ॥ ਜਗ ਤਾਰਨ ਪਾਵਨ ਪੰਥ ਬਨਾਇਆ॥੧੦॥
199/ਅ ਗੁਰਮੁਖ ਪੰਥ ਜ/ਵਨ ਜਗ ਆਏ॥ ਦ੍ਰਿੜ ਪ੍ਰੇਮ ਜੁਗਤ ਬਾਨੀ ਗੁਰ ਗਾਏ॥
ਸਤਗੁਰ ਭਗਤ ਦ੍ਰਿੜ ਹੋਇ ਪੁਨੀਤ॥ ਗੁਰ ਚਰਨ ਸਰਨ ਗ੍ਰਿਹ ਮਾਹ ਅਤੀਤ॥੧੧॥

॥ਦੋਹਰਾ॥

ਸੋਭਾ ਸਤਗੁਰ ਦਿਆਲ ਕੀ ਕਿਆ ਮੁਖ ਕਹੇ ਬਖਾਨ॥

---

[1] ਕਰਿ (ਅ)
[2] ਇਥੇ ਸਿਰਲੇਖ '॥ਸੋਰਠਾ॥' ਨਹੀਂ ਹੈ (ਅ,ੲ,ਸ)
[3] ਸਾਜੈ (ੳ,ਅ,ੲ)
[4] ਵਹ (ੳ,ਅ,ੲ,ਸ)
[5] ਜਿਹ ਹੋਇ ਪ੍ਰਸੰਨ ਬਰ ਬਚਨ ਕਰੇਂ॥ (ਅ)
[6] ਸਤਿਨਾਮ ਮੰਤ੍ਰ ਮੁਖ ਦੀਨਾ॥ ਚਰਨੋਦਕ ਦੇ ਜਗ ਪਾਵਨ ਕੀਨਾ॥ (ੳ,ਅ,ੲ,ਸ)

ਇੰਦ੍ਰੀ ਗੋਚਰ ਨਾਹ ਵਹ ਜਾਨਤ ਸੰਤ ਸੁਜਾਨ॥੧੨॥

॥ਚੌਪਈ॥

ਸਤਿਗੁਰ ਦਿਆਲ ਖਡੂਰ ਤੇ ਆਇ॥ਚੌਬਾਰੇ ਭੀਤਰ ਬੈਠੇ ਜਾਇ॥
ਸਾਤ ਦਿਵਸ ਇਹ ਭਾਤ ਬਿਤਾਏ॥ਸਤਗੁਰ ਜੀ ਬਾਹਰ ਨਹੀ ਆਏ॥੧੩॥
ਸਭਹਨ ਕੇ ਮਨ ਦਰਸ ਪਿਆਸ॥ਕੋਊ ਕਰ ਨ ਸਕੇ ਅਰਦਾਸ॥
ਬਲੋ ਨਾਊ ਟਹਲ ਕਮਾਵੈ॥ਵਾ ਕੀ ਸੇਵ ਸਤਗੁਰ ਮਨ ਭਾਵੈ॥੧੪॥
ਸਦਾ ਸਨਮੁਖ ਪ੍ਰਭ ਠਾਢਾ ਰਹੇ॥ਸੋ ਮਾਨੇ ਸਤਗੁਰ ਜੋ ਕਹੇ॥
ਤਾ ਸੋ ਸਭਹਨ ਬਿਨੇ ਬਖਾਨਾ॥ਹਮ ਗੁਰ ਦਰਸਨ ਕੋ ਹੈਰਾਨਾ॥੧੫॥
ਤਾ ਕੋ ਲੇ ਸਤਗੁਰ ਦਰ ਆਏ॥ਪ੍ਰੇਮ ਬਢਾਇ ਸਭ ਬਿਨੈ ਸੁਨਾਏ॥
ਸੁਨ ਅਰਦਾਸ ਗੁਰ ਦੀਨ ਦਿਆਲ॥ਪ੍ਰੇਮ ਜਾਨ ਨਿਜ ਬਿਰਦ ਸਮਾਲ॥੧੬॥

॥ਦੋਹਰਾ॥

ਸਤਿਗੁਰ ਦਿਆਲ ਜਾਨਾ ਸਭਨ ਲੀਆ ਚੰਦੋਆ ਤਾਨ॥
ਤਹਾ ਸਿੰਘਾਸਨ ਪਰ ਪ੍ਰਭੂ ਆਇ ਬੈਠੇ ਗੁਰੂ ਸੁਜਾਨ॥੧੭॥

॥ਚੌਪਈ॥

ਮਹਾ ਅਨੰਦ ਦਰਸਨ ਪ੍ਰਭ ਭਾਵਾ[1]॥ਮਿਲ ਸੰਤ ਸਿਖ ਸਤਗੁਰ ਗੁਨ ਗਾਵਾ॥
ਗੁਰ ਦਰਸਨ ਰਵਿ ਗਿਆਨ ਪ੍ਰਕਾਸਾ॥ਅਗਿਆਨ ਤਿਮਰ ਤਹ ਭਇਆ ਬਿਨਾਸਾ॥੧੮॥
ਭਾਈ ਬੁਢੇ ਆਦਿ ਸਿਖ ਪਿਆਰੇ॥ਗੁਰ ਚਰਨਨ ਮਸਤਕ ਸਭ ਧਾਰੇ॥
ਪਰਸਤ ਚਰਨ ਮਨ ਭਇਓ ਬਿਗਾਸਾ॥ਸਤਗੁਰ ਦਰਸ ਜਗ ਪਰਮ ਬਿਲਾਸਾ॥੧੯॥
200/ੳ ਬਲਵੰਡ ਰਬਾਬੀ ਸਤਾ ਆਏ॥ਅਤਭੁਤ ਦਰਸਨ/ਸਤਗੁਰ ਪਾਏ॥
ਤਿਨ ਧੁਨ ਰਬਾਬ ਕਰ ਉਸਤਤ ਕਰੀ॥ਟਿਕੇ ਕੀ ਵਾਰ ਕੀ ਪਉੜੀ ਕਰੀ॥੨੦॥

॥ਪਉੜੀ॥

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥
ਜਿਨ ਬਾਸਕ ਨੇਤ੍ਰੇ ਘਤਿਆ ਕਰਨੇ ਹੀ ਤਾਣੁ॥ਜਿਨ ਸਮੁੰਦੁ ਵਿਰੋਲਿਆ ਕਰ ਮੇਰ ਮਧਾਣੁ॥
ਚੌਦਹ ਰਤਨ ਨਿਕਾਲਿਅਨੁ ਕੀਤੋਨੁ ਚਨਾਣੁ॥ਘੋੜਾ ਕੀਤੋ ਸਹਜ ਦਾ ਜਤ ਕੀਓ ਪਲਾਣੁ॥
ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ॥ਕਲ ਵਿਚ ਧੂ ਅੰਧਾਰੁ ਸਾ ਚੜਿਆ ਰੈਭਾਣੁ॥
ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ॥ਨਿਤ ਰਸੋਈ ਤੇਰੀਐ ਘਿਓ ਮੈਦਾ ਖਾਣੁ॥
ਚਾਰੇ ਕੁੰਡਾ ਸੁਝਿਓਨ[2] ਮਨ ਮਹਿ ਸਬਦੁ[3] ਪਰਵਾਣੁ॥[4]
ਆਵਾਗਉਣੁ ਨਿਵਾਰਿਓ ਕਰ ਨਦਰਿ ਨੀਸਾਣੁ॥
ਉਤਰਿਆ ਉਤਾਰੁ[5] ਲੈ ਸੋ ਪੁਰਖੁ ਸੁਜਾਣੁ॥ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥
ਜਾਣੈ ਬਿਰਥਾ ਜੀਅ ਕੀ ਜਾਣੀ ਹੂੰ ਜਾਣੁ॥
ਕਿਆ ਸਲਾਹੀ ਸਚੇ ਪਾਤਿਸਾਹ ਜਾ ਤੂੰ ਸੁਘੜੁ ਸੁਜਾਣੁ॥
ਦਾਨੁ ਜਿ ਸਤਗੁਰ ਭਾਵਸੀ ਸੋ ਸਤੇ ਦਾਣੁ॥ਨਾਨਕ ਹੰਦਾ ਛਤ੍ਰ ਸਿਰਿ ਉਮਤ ਹੈਰਾਣੁ॥
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥ਪਿਯੂ ਦਾਦੇ ਜਿਵੇਹਾ ਪੋਤ੍ਰਾ ਪਰਵਾਣ॥੧॥
ਸੁਨਤ ਦਿਆਲ ਕਿਰਪਾ ਬਹੁ ਕਰੀ॥ਟਿਕੇ ਕੀ ਵਾਰ ਮਾਹਿ ਲਿਖ ਧਰੀ॥
ਸਭ ਸੰਗਤ ਦਰਸਨ ਕੋ ਆਏ॥ਸਤਗੁਰ ਦਰਸਨ ਕਰ ਫਲੁ ਪਾਏ॥੨੧॥

॥ਦੋਹਰਾ॥

ਦਰਸਨ ਸਤਿਗੁਰ ਦਿਆਲ ਕੀ ਮਹਿਮਾ ਕਹੀ ਨਾ ਜਾਇ॥
ਸੁਰ ਨਰ ਮੁਨ ਜਨ ਕੋ ਚਹੇ ਕਲ ਸਿਖਨ ਪਰਗਟ ਦਿਖਾਇ॥੨੨॥

॥ਸਾਖੀ ਪੂਰਨ ਹੋਈ॥੮੨॥

200/ਅ ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿ/ਆਲ ਕਰ ਲਏ ਉਧਾਰ॥

---

[1] ਪਾਵਾ (ਅ,ੲ)
[2] ਸੁਝਿਓਸ (ਸ)
[3] ਬਬਦੁ (ੲ)
[4] ਇੱਥੇ 'ਚਾਰੇ ਕੁੰਡਾ ਸੁਝਿਓਨ ਮਨ ਮਹਿ ਸਬਦੁ ਪਰਵਾਣੁ॥' ਵਾਲੀ ਪੰਕਤੀ ਨਹੀਂ ਹੈ (ੳ)
[5] ਅਉਤਰਿਆ ਉਤਾਰ (ਅ,ਸ), ਉਤਰਿਆ ਅਉਤਾਰ (ੲ)

[ਸਾਖੀ ਗੁਰੂ ਅਮਰਦਾਸ ਦੀ ਨਿਤ ਕਰਮ ਰਹਨੀ ਬਿਉਹਾਰ][1]

॥ਸੋਰਠਾ॥

ਪਰਮਾਤਮਾ ਰੂਪ ਦਿਆਲ ਸਤਗੁਰ ਕੀ ਲੀਲਾ ਸੁਨੋ॥
ਸੁਨ ਮਨ ਧਰ ਹੋਇ ਨਿਹਾਲ ਰਹਨੀ ਪਰਮ ਪਵਿਤ੍ਰ ਇਹ॥੧॥

॥ਤ੍ਰਿਭੰਗੀ ਛੰਦ॥

ਕਲਿ ਕਿਰਪਾ ਕਾਰਨ ਅਧਮ ਉਧਾਰਨ ਜਮ ਭੈ ਹਾਰਨ[2] ਬਿਰਦ ਬਰੰ॥
ਅਘ ਓਘ ਬਿਨਾਸਨ ਭਗਤ ਪ੍ਰਕਾਸਨ ਸਤ ਨਿਵਾਸਨ ਜਗਤ ਗੁਰੰ॥
ਸਿਖਨ ਸੁਖਦਾਤਾ ਪੁਰਖ ਬਿਧਾਤਾ ਅਨਭੈ ਰਾਤਾ ਸਤ ਸਰੰ॥
ਜੈ ਜੈ ਗੁਰਦੇਵਾ ਅਲਖ ਅਭੇਵਾ ਸੁਰ ਨਰ ਸੇਵਾ ਦੇਵ ਹਰੰ॥੨॥

॥ਚੌਪਈ॥

ਜਬ ਪਹਰ ਰਾਤ ਰਹੇ ਅੰਮ੍ਰਿਤ ਵੇਲਾ॥ਗੁਰ ਕਰੇ ਬਿਵਸਥਾ ਜਾਗ੍ਰਿਤ ਕੇਲਾ॥
ਆਗਿਆ ਲੇ ਬਲੂ ਜਲ ਲਿਆਵੈ॥ਸਤਿਗੁਰ ਜੀ ਇਸਨਾਨੁ ਕਰਾਵੈ॥੩॥
ਦਹੀ ਕੇਸ ਮੋ ਨਿਤ ਪ੍ਰਤਪਾਰੇ॥ਬਲੂ ਉਪਰਨ ਮਰਦਨੁ ਕਰੇ॥
ਪ੍ਰਭ ਬਸਤ੍ਰ ਇਸਨਾਨ ਕਰ ਤਨ ਧਰੇ॥ਮਸਤਕ ਤਿਲਕੁ ਗੁਰਮੁਖੀ ਕਰੇ॥੪॥
ਨਿਜ ਭਗਤ ਸਿੰਘਾਸਨ ਹੋਇ ਅਸੀਨ॥ਸਹਜ ਸਮਾਧ ਨਿਜ ਸੁਖ ਮੋ ਲੀਨ॥
ਇਸੀ ਜੁਗਤ ਹੋਇ ਪ੍ਰਾਤਹਕਾਲ॥ਪੁਨ ਸਤਾ ਸਬਦ ਧੁਨਿ ਕਰੇ ਬਿਸਾਲ॥੫॥

॥ਦੋਹਰਾ॥

ਅੰਮ੍ਰਿਤਬਾਨੀ ਰਾਗ ਧਰ ਕਰੋ ਅੰਮ੍ਰਿਤ ਸਮੇ ਉਚਾਰ॥
ਬਾਜੇ ਤਾਰ ਰਬਾਬ ਕੀ ਪ੍ਰਗਟ ਧੁਨੀ ਓਅੰਕਾਰ॥੬॥

॥ਤੋਮਰ ਛੰਦ॥

ਸੁਨ ਮੁਦਤ ਸਤਗੁਰ ਦਿਆਲ॥ਅੰਮ੍ਰਿਤ ਸ੍ਰਵਤ ਤਤਕਾਲ॥
ਬਡਭਾਗ ਮਸਤਕ ਜਾਹਿ॥ਤਿਹ ਕਾਲ ਦਰਸਨ ਪਾਹਿ॥੭॥
ਪੁਨ ਹੋਇ ਦਿਨ ਪਰਕਾਸ॥ਹੋਇ ਮਹਾਂ ਅਨੰਦ ਬਿਲਾਸ॥
201/ੳ ਸੰਗ/ਤ ਜੁਰੈ ਸਭ ਆਇ॥ਦਰਸਨ ਪੁਨੀਤਮ[3] ਪਾਇ॥੮॥
ਹੋਇ ਸਫਲ ਦੋਨੋ ਲੋਕ॥ਗਏ ਮਰਨ ਜਨਮੰ ਸੋਕ॥
ਹਰਿ ਕੋ ਜਗਿਆਸੀ ਜਾਇ॥ਤਤਕਾਲ ਹਰਿ ਕੋ ਪਾਇ॥੯॥
ਅਰਥੀ ਜੁ ਦਰਸਨ ਜਾਇ॥ਤ੍ਰਿਪਤੇ ਮਨੋਰਥ ਪਾਇ॥
ਸਤਗੁਰ ਨ ਤਾ ਸੋ ਰਚੇ॥ਬਹੁ ਮਿਲੇ ਐਸੇ ਸੁਚੇ[4]॥੧੦॥

॥ਸੋਰਠਾ॥

ਸਤਗੁਰ ਸਰਬੰ ਦਿਆਲ ਸੋ ਅਤ ਪਿਆਰੋ ਜਿਹ ਪ੍ਰੀਤ ਹਰਿ॥
ਜਾ ਕੇ ਹਿਤ ਧਨ ਮਾਲ ਤਾ ਸੋ ਰੁਚ ਗੁਰ ਨ ਕਰੇ॥੧੧॥

॥ਚੌਪਈ॥

ਮੱਧਿਆਨ ਸਮੇ ਪ੍ਰਸਾਦਿ ਪ੍ਰਭ ਪਾਵੈ॥ਲੇ ਸਤਗੁਰ ਸੰਗਤ ਲੰਗਰ ਮੋ ਆਵੈ॥
ਪਵਿਤ੍ਰ ਚੌਕੇ ਹੋਵੈ ਪ੍ਰਸਾਦਿ॥ਤਹਾ ਬਰਨ ਆਸ੍ਰਮ ਕਾ ਨਾਹ ਬਿਬਾਦ॥
ਗੁਰਭਾਈ ਹੰਸਨ ਕੀ ਪਾਤ॥ਇਕ ਆਸਨ ਬੈਠ ਖਾਇ ਸੁਖ ਸਾਂਤ॥
ਸਤਗੁਰ ਸਿਖਨ ਮੋ ਸੋਹੇ ਐਸੇ॥ਸ੍ਰੀ ਰਾਮ ਚੰਦ੍ਰ ਮੁਨ ਰਿਖ[5] ਮੋ ਜੈਸੇ॥੧੩॥
ਓਗ੍ਰਾ ਅਲੂਨਾ ਸਤਗੁਰ ਪਾਵੈ॥ਸਭ ਰਸ ਸੰਗਤ ਕੌ ਭੋਗਾਵੈ॥
ਪੁਨ ਪਾਇ ਪ੍ਰਸਾਦਿ ਚੌਬਾਰੇ ਆਵੈ॥ਲਗੇ ਪਾਟ ਸੁਖ ਸੈਨ ਕਰਾਵੈ॥੧੪॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਟਾਰਨ (ੳ)
[3] ਪੁਨੀਤਨ (ਅ)
[4] ਮੁਚੇ (ਅ,ੲ)
[5] ਨਾਰਦ (ਅ)

ਲੰਗਰ ਮੋ ਪ੍ਰਸਾਦ ਜੁ ਪਾਵੇ॥ ਤਾ ਕੋ ਦਿਆਲ ਨਿਜ ਦਰਸ ਦਿਖਾਵੇ॥
ਜੋ ਬਰਨ ਬਿਭੇਦ ਪ੍ਰਸਾਦਿ ਨ ਖਾਇ॥ ਸਤਗੁਰ ਕੋ ਦਰਸਨ ਨਹੀਂ ਪਾਇ[1]॥੧੫॥

॥ਦੋਹਰਾ॥

ਜੋ ਖਾਇ ਪ੍ਰਸਾਦ ਦਰਸਨ ਕਰੇ ਧਰੀ ਪ੍ਰਤਗਿਆ ਦਿਆਲ॥
ਬਿਨੁ ਪ੍ਰਸਾਦਿ ਪਾਇ ਦਰਸ ਹੋਇ ਨ ਕਿਤਹੂੰ ਕਾਲ॥੧੬॥

॥ਮਧਭਾਰ ਛੰਦ॥

ਦਿਨ ਤੀਨ ਜਾਮ ਬੀਤਾਇ॥ ਤਬ ਸਮਾ ਕਥਾ ਸੁਹਾਇ[2]॥
ਪੰਡਿਤ ਕਥੰਤ ਪੁਰਾਨ॥ ਕੇਸੋ ਗੁਪਾਲ ਮਹਾਨ॥੧੭॥
ਸੁਨਿ ਦਿਆਲ ਗੁਰ ਅਨਕੂਲ॥ ਬਰਖੇ ਸਭਾ ਗੁਨ ਫੂਲ॥
201/ਅ ਧੁਨ ਹੋਇ ਭਜਨ/ਅਖੰਡ॥ ਸਤਾ ਕਰੇ ਬਲਵੰਡ॥੧੮॥
ਇਮ ਕਥਾ ਕੀਰਤਨ ਨੀਤ॥ ਹੋਇ ਪਹਰ ਰਾਤ ਬਿਤੀਤ॥
ਪੁਨ ਸੈਨ ਸਿਹਜਾ ਹੋਇ॥ ਗਤ ਅਲਖ ਲਖੇ ਨ ਕੋਇ॥੧੯॥
ਧਾਰੇ ਸੁ ਬਸਤ੍ਰ ਸੁਏਤ॥ ਦੂਜੇ ਨ ਰਖੇ ਨਕੇਤ॥
ਪਹਰੈ ਜੁ ਫੇਰ ਨਵੀਨ॥ ਯਹ ਬਖਸ ਸਿਖਨ ਕੀਨ॥੨੦॥

॥ਦੋਹਰਾ॥[3]

ਕਲ ਸੌ ਮੋ ਜਲੁ ਨਾ ਰਹੇ ਅਨ ਧਨ ਗ੍ਰਿਹ ਨ ਰਹਾਇ॥
ਨਿਰਬਾਨ ਜੁਗਤ ਨਿਰਲੰਭ ਗਤ ਸਤਗੁਰ ਕੋ ਸੋਹਾਇ॥੨੧॥[4]
ਸਿਖ ਵਾਹਗੁਰੂ ਮੁਖ ਜਪ ਜਪੈ ਕਰੈ ਪੈਰੀ ਪਵਨ ਮਿਲਾਪੁ॥
ਵੈ ਆਗੇ ਸਤਗੁਰ ਕੋ ਕਹੈ ਯਹ ਪੰਥ ਰੀਤ ਧਰੀ ਥਾਪ॥੨੨॥

॥ਦੋਹਰਾ॥

ਅਚਰਜ ਪੰਥ ਗੁਰਮੁਖ ਰਚਿਓ ਦੇਖਤ ਜਗਤ ਰਿਸਾਇ॥
ਮੁਕਤ ਮਾਰਗ ਸੀੜੀ ਬਨੀ ਕਲ ਹਰਿ ਹਰਿ[5] ਨਾਮੁ ਜਪਾਇ॥੨੩॥
ਯਹ ਅੰਮ੍ਰਿਤ ਰਹਨੀ ਦਿਆਲ ਕੀ ਸਮਝ ਦਿੜੇ ਮਨ ਕੋਇ॥
ਜਨਮ ਮਤ੍ਰ ਕੋ ਦੁਖ ਮਿਟੇ ਮੁਕਤ ਪਰਾਇਨ ਹੋਇ॥੨੪॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥੮੩॥

---

[1] ਤਾਹ (ੳ)
[2] ਇੱਥੇ 'ਤਬ ਸਮਾ ਕਥਾ ਸੁਹਾਇ॥' ਪੰਕਤੀ ਨਹੀਂ ਹੈ (ਅ)
[3] ਇੱਥੇ ਸਿਰਲੇਖ '॥ਸੋਰਠਾ॥' ਹੈ (ਅ)
[4] ਅਨ ਧਨ ਗ੍ਰਿਹ ਨ ਰਹਾਇ ਕਲ ਸੌ ਮੋ ਜਲੁ ਨਾ ਰਹੇ॥ ਸਤਗੁਰ ਕੋ ਸੋਹਾਇ ਨਿਰਬਾਨ ਜੁਗਤ ਨਿਰਲੰਭ ਗਤ॥, (ਅ)
[5] ਇੱਥੇ ਸ਼ਬਦ 'ਹਰਿ' ਨਹੀਂ ਹੈ (ਸ)

[ਸਾਖੀ ਸਾਵਣ ਮਲ ਨੂੰ ਹਵੇਲੀਆ ਬਣਾਉਣ ਲਈ ਹਰੀਪੁਰ ਭੇਜਣਾ][1]

॥ ਸੋਰਠਾ ॥

ਕ੍ਰਿਪਾ ਸਿੰਧ ਕਰਤਾਰ ਉਦੇ ਕਰਨ ਕੀਓ ਹਰਿ ਭਗਤ ॥
ਆਨੰਦ ਬਿੰਦ ਸੁਖ ਸਾਰ ਜਿਹ ਕ੍ਰਿਪਾ ਦ੍ਰਿਸਟਿ ਹੋਇ ਮੇਰ ਤ੍ਰਿਨ ॥ ੧ ॥

॥ ਚੌਪਈ ॥

ਕਰ ਜੋਰ ਬੱਲੂ ਕੀਨੀ ਅਰਦਾਸ ॥ ਸਚੇ ਪਤਸਾਹ ਪੁਰਨ ਸਭ ਆਸ ॥
ਯਹ ਲੋਕ ਕੀਨਾ ਬਸੋ ਬਾਸ ॥ ਸਤਗੁਰ ਚਰਨ ਮਨ ਧਰ ਬਿਸਵਾਸ ॥ ੨ ॥
202/ੳ ਬਿਨ ਗ੍ਰਿਹ ਮੰਦਰ ਸੁਖ ਨ/ਹੀ ਪਾਵੈ ॥ ਸਤਗੁਰ ਭਾਵੈ ਸਭ ਬਨਿ ਆਵੈ ॥
ਸੁਨ ਭਏ ਪ੍ਰਸੰਨ ਬਚਨ ਯਹ ਕਹਾ ॥ ਸੁਖ ਬਸੋ ਬਾਸ ਹੋਵਤ ਅਬ ਚਹਾ ॥ ੩ ॥
ਏਕ ਸਮੇ ਪ੍ਰਭ ਦੀਨ ਦਿਆਲ ॥ ਸਾਵਨ ਮਲ ਕੋ ਲੀਆ ਹਕਾਰ ॥
ਰਾਜ ਹਰੀਪੁਰ ਕੋ ਤੁਮ ਜਾਵੋ ॥ ਨਦੀ ਮਾਰਗ ਲਕੜੀ ਤੁਮ ਲਿਆਵੋ ॥ ੪ ॥
ਤਿਨ ਹਾਥ ਜੋੜ ਇਹ ਬਿਨਤੀ ਕਰੀ ॥ ਪ੍ਰਭ ਲਕੜੀ ਕੀ ਆਗਿਆ ਕਰੀ ॥
ਬਿਨ ਧਨ ਲਕੜੀ ਕੈਸੇ ਆਵੈ ॥ ਰਾਜਾ ਚਾਹੇ ਤੋ ਤੁਰਤ ਪਠਾਵੈ ॥ ੫ ॥

॥ ਦੋਹਰਾ ॥

ਸਤਗੁਰ ਕੋ ਜਾਨੇ ਨਹੀ ਰਾਜਾ ਪਰਬਤ ਬਾਸ ॥
ਜੋ ਕ੍ਰਿਪਾ ਕਟਾਛ ਸਤਗੁਰ ਕਰੇ ਕਾਰਜ ਆਵੈ ਰਾਸ ॥ ੬ ॥

॥ ਤੋਮਰ ਛੰਦ ॥

ਮਨ ਮੁਦਤ ਕਹਿਓ ਦਿਆਲ ॥ ਤੁਮ ਜਾਉ[2] ਤਹਾ ਤਤਕਾਲ ॥
ਜੋ ਕਰੇ ਤੁਮਰੇ ਦਰਸੁ ॥ ਪੂਜੇ ਤੁਮੇ ਪਗ ਪਰਸੁ ॥
ਭਇਓ ਬਖਸ ਸਾਵਨ ਦਾਸ ॥ ਮਿਲਿਓ ਰਿਧ ਸਿਧ ਬਿਲਾਸ ॥
ਹੋਇ ਮੁਦਤ ਚਰਨਨ ਪਾਇ ॥ ਭਇਓ ਅਗਮ ਨਿਗਮ ਲਖਾਇ ॥
ਇਹ ਸੁਨੀ ਬਿਧ ਤਿਸ ਮਾਤ ॥ ਆਹੀ ਸੁਕੰਪਤ ਗਾਤ ॥
ਪ੍ਰਭ ਸੋ ਕਰੀ ਅਰਦਾਸ ॥ ਮਮ ਏਕ ਸੁਤ ਜਗ ਆਸ ॥ ੮ ॥
ਸੋ ਹਰੀਪੁਰ ਕੋ ਜਾਇ ॥ ਤਹਾ ਬਹੁਤ ਡਾਇਨ ਆਹ ॥
ਅਤੁ ਲੇਹ ਮਮ ਸੁਤ ਭਖ ॥ ਕਰ ਦਇਆ ਸਤਗੁਰ ਰਖ ॥ ੧੦ ॥

॥ ਦੋਹਰਾ ॥

ਸੁਨ ਹਸੇ ਦਿਆਲ ਤਾ ਸੋ ਕਹੀ ਤੁਮਰੇ ਸੁਤ ਭੈ ਨਾਹ ॥
ਡਾਇਨ ਭੂਤ ਪ੍ਰੇਤ ਸਭ ਅਬ ਤਾ ਕੇ ਚਰਨਨ ਪਾਹਿ ॥ ੧੧ ॥

॥ ਮਧੁਭਾਰ ਛੰਦ ॥

ਗੁਰ ਅਮਰ ਦਿਆਲ ॥ ਬਖਸਿਓ ਰੁਮਾਲ ॥ ਲੇ ਧਰਤ ਸੀਸ ॥ ਭਲਿਓ ਜੀਵ ਈਸ ॥ ੧੨ ॥
ਚਲਿਓ ਬਚਨ ਮਾਨ ॥ ਸਾਵਨ ਸੁਜਾਨ ॥ ਪਹੁਚਿਓ ਸੁ ਜਾਇ ॥ ਪ੍ਰਗਟਿਓ ਪ੍ਰਭਾਉ[3] ॥ ੧੩ ॥
202/ਅ ਸਭ ਰਾਜ ਸੋਕ ॥ ਰੋਵੈ ਸੁ ਲੋਕ ॥ ਮੂਓ ਰਾਜ ਕਉਰ ॥ ਸਭ ਡ/ਵਰ ਭਵਰ ॥ ੧੪ ॥
ਕੀਏ ਜੰਤ੍ਰ ਮੰਤ੍ਰ ॥ ਨਹੀ ਮਿਲਿਓ ਤੰਤ੍ਰ ॥ ਰਾਨੀ ਵ ਰਾਜ ॥ ਅਤ ਦੁਖ ਸਮਾਜ ॥ ੧੫ ॥

॥ ਦੋਹਰਾ ॥

ਸਾਵਨ ਮਲ ਯਹ ਦੇਖ ਦੁਖ ਰਾਜੇ ਕਹਿਓ ਪਠਾਇ ॥
ਤੁਮ ਲੇ ਆਵੋ ਮਿਰਤਕ ਕੁਵਰ ਦੇਵੋ ਤਿਸੇ ਜੀਵਾਇ[4] ॥ ੧੬ ॥

॥ ਸੋਰਠਾ ॥

ਸੁਨ ਰਾਜਾ ਯਹ ਬਾਤ ਲੇ ਆਇਓ ਮਿਰਤਕ ਕੁਵਰ ॥
ਭਈ ਸਾਂਤ ਸਭ ਗਾਤ ਕਰ ਦਰਸਨ ਸਾਵਨ ਦਾਸ ਕੋ ॥ ੧੭ ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[2] ਨਾਉ (ਸ)

[3] ਪ੍ਰਵਾਇ (ਸ)

[4] ਜਿਲਾਇ (ੳ)

॥ ਚੌਪਈ ॥

ਮਿਰਤਕ ਮੁਖ ਪਰਦਾ ਦੂਰ ਕਰਾਇਆ ॥ ਸਤਗੁਰ ਕੋ ਰੁਮਾਲ ਮਸਤਕ ਸੁਹਾਇਆ ॥
ਛੁਹਤ ਰੁਮਾਲ ਕੁਵਰ ਉਠ ਬੈਠਾ ॥ ਜਿਉ ਲਛਮਨ ਮੁਖ ਅੰਮ੍ਰਿਤ ਪੈਠਾ ॥ ੧੮ ॥
ਦੇਖ ਆਨੰਦ ਭਇਓ ਰਾਨੀ ਰਾਜਾ ॥ ਮੰਗਲ ਗਾਵੇਂ ਰਾਜ ਸਮਾਜਾ ॥
ਸਾਵਨ ਮਲ ਸੌ ਬਿਨਤੀ ਸਾਰੇ ॥ ਤੁਮ ਸਤਗੁਰ ਹਮ ਸੇਵਕ ਥਾਰੇ ॥ ੧੯ ॥
ਤਬ ਸਾਵਨ ਮਲ ਭਾਖਿਓ ਤਾਹ ॥ ਮੈ ਸਤਗੁਰ ਕੋ ਸੇਵਕ ਆਹ ॥
ਲਕੜੀ ਕਾਰਨ ਮੋਹਿ ਪਠਾਇਆ ॥ ਸਤਗੁਰ ਆਗਿਆ ਸੋ ਮੈ ਆਇਆ ॥ ੨੦ ॥
ਤਬ ਰਾਜੇ ਲਕਰੀ ਬਹੁ ਭਾਤ ਬਟੋਰਾ ॥ ਬੇੜਾ ਬਾਂਧਿ ਨਦੀ ਮੋ ਜੋੜਾ ॥
ਗੋਬਿੰਦਵਾਲ ਕੋ ਦਈ ਪਠਾਇ[1] ॥ ੨੧ ॥

॥ ਦੋਹਰਾ ॥

ਆਈ ਲਕਰੀ ਅਤ ਅਮੋਘ ਸਤਗੁਰ ਦਈ ਬਟਾਇ ॥
ਭੂਮ ਬਾਂਟ ਸਭ ਕੋ ਦਈ ਜਿਤਨੀ ਜਾ ਕੋ ਚਾਹ ॥ ੨੨ ॥

॥ ਚੌਪਈ ॥

ਗੁਰ ਕੁਲ ਅਉ ਨਿਜ ਕੁਲ ਜਨ ਦੀਨੀ ॥ ਬਿਪ੍ਰਨ ਅਉ ਸਿਖਨ ਸਭ ਲੀਨੀ ॥
ਬਾਈ ਜਾਤ ਖਤ੍ਰੀ ਕੁਲ ਬਸੇ ॥ ਗੋਬਿੰਦਵਾਲ ਅਨੰਦ ਰੰਗ ਰਸੇ ॥ ੨੩ ॥
ਸੁੰਦ੍ਰ ਬਿਪਾਸ ਗੰਗਾ ਸੁਭ ਨੀਰ ॥ ਪਾਪ ਬਿਨਾਸਨ ਅੰਮ੍ਰਿਤ ਨੀਰ ॥
ਪਰਮ ਪੁੰਨ ਵਾ ਕੋ ਜਲ ਪਰਸਨ ॥ ਤਾਤਕਾਲ ਫਲੁ ਸਤਗੁਰ ਦਰਸਨ ॥ ੨੪ ॥
203/ੳ ਪ੍ਰਭ ਪ੍ਰਸਾਦਿ ਲੰਗ/ਰ ਮੋ ਪਾਵੈ ॥ ਅਉ ਸਕਲ ਦਿਵਸ ਜੋ ਕੋਈ ਆਵੈ ॥
ਤਾ ਤੇ ਜੋ ਬਚਿ ਰਹੇ ਅਧਕਾਈ ॥ ਸਭ ਗਊਅਨ ਦੇਇ ਖੁਲਾਈ ॥ ੨੫ ॥
ਤਾ ਤੇ ਅਧਿਕ ਜੋ ਬਚਬੋ ਕਰੇ ॥ ਸੋ ਬਿਪਾਸ ਗੰਗਾ ਮੋ ਪਰੇ ॥
ਕਛੁ ਅੰਨ ਧੰਨ ਰਾਤ੍ਰ ਨ ਰਹਨਾ ਪਾਵੈ ॥ ਨਿਰਬਾਨ ਜੁਗਤ ਸਤਗੁਰ ਮਨ ਭਾਵੈ ॥ ੨੬ ॥

॥ ਦੋਹਰਾ ॥

ਅਤ ਸੁੰਦਰ ਨਗਰੀ ਬਸੀ ਜਹਾ ਸਤਗੁਰ ਲੀਨਾ ਬਾਸ ॥
ਜੋ ਸਰਧਾ ਕਰ ਆਵੈ ਤਾਹ ਸਤਗੁਰ ਪੂਰੇ ਆਸ ॥ ੨੭ ॥

॥ ਸਾਖੀ ਸੰਪੂਰਨ ਹੋਈ ॥ ੮੪ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[1] ਗੋਬਿੰਦਵਾਲ ਕੋ ਦਈ ਪਠਾਇ ॥ ਤਾਤਕਾਲ ਪਹੁਚੀ ਸਭ ਆਇ ॥ (ੳ,ਅ,ੲ,ਸ)

[ਸਾਖੀ ਸਾਵਨ ਮਲ ਨੂੰ ਸਿਧੀ ਦਾ ਮੋਹ ਹੋਣਾ][1]

॥ਸੋਰਠਾ॥

ਅੰਤਰਜਾਮੀ ਦਿਆਲ ਸਭ ਘਟ ਕੀ ਜਾਨੇ ਪ੍ਰਭੂ॥
ਸਮਦਰਸੀ ਤ੍ਰੈ ਕਾਲ ਦਇਆ ਸਿੰਧ ਕ੍ਰਿਪਾ ਕਰਨ॥੧॥

॥ਚੌਪਈ॥

ਹਰੀਪੁਰ ਮੋ ਸਾਵਨ ਮਲ ਰਹੇ॥ਸਤਗੁਰ ਪਹਿ ਆਵਨ ਨਹੀ ਚਹੇ॥
ਪ੍ਰਗਟ ਸਿਧ ਸਭ ਕੋ ਤਿਨ ਜਾਨੇ॥ਰਾਜਾ ਰਾਨੀ ਅਤ ਭੈ ਮਾਨੇ॥੨॥
ਯਹ ਚਿੰਤਾ ਮਨ ਮੋ ਤਿਨ ਕੀਨੀ॥ਪਾਹਿ ਸਿਧ ਦੁਰਲਭ ਕਰ ਚੀਨੀ॥
ਯਹ ਸੰਕਾ ਬਿਆਪੀ ਤਿਹ ਕਾਲ॥ਮਤ ਫੇਰ ਲੇਵਹ ਸਤਗੁਰੂ ਰੁਮਾਲ॥੩॥
ਬਿਨ ਗਿਆਨੀ ਸਿਧ ਕਿਹ ਕਾਮ॥ਪਾਇ[2] ਸਿਧ ਗਿਆਨੀ ਨਿਹਕਾਮ॥
ਪੂਰਨ ਪ੍ਰਤਾਪ ਸਤਗੁਰ ਨਹੀ ਜਾਨਾ॥ਦਈ ਸਿਧ ਤਾ ਸੌ ਮਨ ਮਾਨਾ॥
ਬੂਝੀ ਦਿਆਲ ਪੁਨ ਦਇਆ ਜਨਾਈ॥ਹੁਕਮਨਾਮਾ ਤਿਹ ਦੀਆ ਪਠਾਈ॥
203/ਅ ਸਾ/ਵਨ ਮਲ ਆਵੈ ਤਤਕਾਲ॥ਲੇ ਰਾਜਾ ਰਾਨੀ ਸੰਗਤ ਨਾਲ॥੫॥

॥ਦੋਹਰਾ॥

ਦੇਖਤ ਹੁਕਮ ਦੁਰਮਤ ਗਈ ਉਪਜਿਓ ਮਨ ਪ੍ਰੇਮ ਬਿਸਾਲ॥
ਲੇ ਰਾਜਾ ਰਾਨੀ ਸੰਗਤ ਸਭ ਆਏ ਗੋਬਿੰਦਵਾਲ॥੬॥

॥ਚੌਪਈ॥

ਆਇ ਸਤਿਗੁਰ ਕਾ ਦਰਸਨ ਕੀਨਾ॥ਪਰਿਓ ਚਰਨ ਭਗਤ ਰਸ ਭੀਨਾ॥
ਦੇਖਿ ਪ੍ਰਸੰਨ ਹੋਇ ਹਸੇ ਦਿਆਲ॥ਪੁਨ ਲੀਆ ਮਾਂਗ ਪ੍ਰਭ ਵਹੀ ਰੁਮਾਲ॥੭॥
ਸਾਵਨ ਮਲ ਕੋ ਸਤਗੁਰ ਕਹੀ॥ਮੈ ਹਰੀਪੁਰ ਕੀ ਸੰਗਤ ਤੁਮ ਦਈ॥
ਮੇਰੀ ਦਾਤ ਨ ਫਿਰਨੇ ਜੋਗ॥ਬਹੁਤ ਕਾਲ ਭੋਗੋ ਸੁਖ ਭੋਗ॥੮॥
ਇਹ ਕਾਰਨ ਰੁਮਾਲ ਪੁਨ ਲੀਨਾ॥ਤੁਮਰੋ ਮਨ ਭਇਓ ਸਿਧ ਅਧੀਨਾ॥
ਸਿਧ ਪਾਇ ਮਨ ਹੋਇ ਅਹੰਕਾਰ॥ਦ੍ਰਵੈ ਭਗਤ ਮਨ ਦ੍ਰਿੜੇ ਬਿਕਾਰ॥੯॥
ਤੁਮ ਤੋ ਮੇਰੀ ਸੇਵਾ ਕਰੀ॥ਤਾ ਤੇ ਮੈ ਰਛਿਆ ਤੁਮ ਕਰੀ[3]॥
ਪੁਨਿ ਰੁਮਾਲ ਸਾਵਨ ਕੋ ਦੀਨਾ॥ਕਰੀ ਬਖਸ ਸਤਗੁਰ ਰੰਗ ਦੀਨਾ॥
ਜੋ ਮੋਹ ਮਾਨੇ ਸੋ ਤੁਮ ਜਾਨੇ॥ਸਭ ਭੂ ਬੈਤਾਲ ਮਾਨੇ ਤੇਰੀ ਆਨੇ॥੧੦॥

॥ਦੋਹਰਾ॥

ਡਾਕਨ ਭੂਕਨ ਪ੍ਰੇਤ ਸਭ ਆਗਿਆ ਤੁਮਾਰੀ ਮਾਹ॥
ਮੇਰੀ ਬਖਸ ਤੇ ਗੁਪਤ ਸਭ ਤੁਮਰੀ ਸੇਵ ਕਮਾਹਿ॥੧੧॥

॥ਚੌਪਈ॥

ਪੁਨਿ ਸਾਵਨ ਮਲ ਇਹ ਬਿਨੇ ਬਖਾਨੀ॥ਪ੍ਰਭ ਮੋ ਸੰਗ ਆਏ ਰਾਜਾ ਰਾਨੀ॥
ਦਰਸਨ ਕੀ ਆਗਿਆ ਤਿਨ ਹੋਇ॥ਗੁਰ ਦਰਸਨ ਪਾਇ ਪੁਨੀਤ ਹੋਇ ਸੋਇ॥੧੨॥
ਸਤਗੁਰ ਦਿਆਲ ਆਗਿਆ ਇਮ ਕਰੀ॥ਸਭ ਪਾਇ ਪ੍ਰਸਾਦਿ ਆਵੈਂ ਇਹ ਘਰੀ॥
ਸਭ ਸੰਗੀ ਲੇ ਰਾਜਾ ਆਵੈ॥ਇਸਤ੍ਰੀ ਰੂਪ ਨ ਸੰਗ ਲਿਆਵੈ॥੧੩॥
ਤਬ ਸਾਵਨ ਮਲ ਕਰੀ ਅਰਦਾਸ॥ਸਭ ਰਾਨੀ ਆਈ ਦਰਸਨ ਆਸ॥
204/ੳ ਸਤਗੁਰ ਬਿਰਦ ਲਾਜ ਮਨ ਧਰੇ॥ਸਭ ਕੀ ਆਸਾ ਪੂਰਨ ਕਰੇ॥੧੪/॥
ਹੋਇ ਦਿਆਲ ਪ੍ਰਭ ਆਗਿਆ ਕਰੀ॥ਆਵੈਂ ਦਰਸਨ ਬਿਧ ਇਹ ਕਰੀ॥
ਧਰ ਬਸਤ੍ਰ ਸੁਏਤ ਖੁਲੇ ਮੁਖ ਆਵੈਂ॥ਕਛੁ ਸੰਕਾ ਲਾਜ ਨ ਮਨ ਮੋ ਲਿਆਵੈਂ॥੧੫॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਧਾਇ (ਅ,ਸ)
[3] ਧਰੀ (ਅ)

॥ ਦੋਹਰਾ ॥
ਰਾਜਾ ਰਾਨੀ ਲੇ ਸਕਲ ਸੁਏਤ ਬਸਤ੍ਰ ਤਨ ਧਾਰ ॥
ਉਦੇ ਭਾਗ ਮਨ ਭਗਤ ਜੁਤ ਆਏ ਗੁਰ ਦਰਬਾਰ ॥੧੬॥
॥ ਤੋਮਰ ਛੰਦ ॥
ਕੀਆ ਦਰਸ ਸਤਗੁਰ ਦਿਆਲ ॥ ਭਇਓ ਸਫਲ ਜਨਮ ਨਿਹਾਲ ॥
ਮਨ ਚਿਤ ਭਇਆ ਗਲਤਾਨ ॥ ਜਾਨਿਓ ਸੁ ਗੁਰ ਭਗਵਾਨ[1] ॥੧੭॥
ਰਾਨੀ ਕਰਿਓ ਸਭ ਦਰਸ ॥ ਬਡ ਭਾਗ ਸਤਗੁਰ ਪਰਸ ॥
ਤਿਨ ਮਾਹ ਰਾਨੀ ਏਕ[2] ॥੧੮॥
ਮੁਖ ਢਾਪ ਸੰਕਾ ਧਾਰ ॥ ਆਈ ਸੁ ਗੁਰ ਦਰਬਾਰ ॥
ਤਿਸ ਬਚਨ ਸਤਗੁਰ ਕੀਨ ॥ ਇਹ ਬਾਵਰੀ ਮਤ ਹੀਨ ॥੧੯॥
ਤਤਕਾਲ ਬਵਰੀ ਭਈ ॥ ਤਿਸ ਦੇਹ ਕੀ ਸੁਧ ਗਈ ॥
ਰਾਜਾ ਦਈ ਵਹੁ ਤਿਆਗ ॥ ਓਹ ਗਈ ਬਨ ਮੋ ਭਾਗ ॥੨੦॥
॥ ਦੋਹਰਾ ॥
ਰਾਜਾ ਕੋ ਗੁਰ ਬਿਦਾ ਕਰ ਦੀਨਾ ਦੇਸ ਪਠਾਇ ॥
ਬਡਭਾਗੀ ਰਾਜਾ ਭਇਆ ਸਤਗੁਰ ਦਰਸਨ ਪਾਇ ॥੨੧॥
॥ ਦੋਹਰਾ ॥
ਸਾਵਨ ਮਲ ਕੋ ਬਖਸ ਯਹ ਕੀਨਾ ਸਤਗੁਰ ਦਿਆਲ ॥
ਤੁਮਰੀ ਆਗਿਆ ਮੌ ਰਹੇਂ ਸਭ ਭੂਤ ਪ੍ਰੇਤ ਬੈਤਾਲ ॥੨੨॥
॥ ਸਾਖੀ ਪੂਰਨ ਹੋਈ ॥੮੫॥
ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

---
[1] ਚਗਵਾਨ (ਸ)
[2] ਤਿਨ ਮਾਹ ਰਾਨੀ ਏਕ ॥ ਬੁਧ ਹੀਨ ਬਿਬੇਕ ॥ (ੳ,ਅ,ੲ,ਸ)

[ਸਾਖੀ ਏਕ ਟਹਲੀਏ ਨੂੰ ਲੰਗਰ ਸੇਵਾ ਕਾਰਣ ਉੱਚੀ ਪਦਵੀ ਦੇਣਾ][1]

॥ਸੋਰਠਾ॥

ਪਤਤ ਉਧਾਰੇ ਮੂਚ ਮਾਨ ਨਿਮਾਨਿਆ ਅਮਰ ਗੁਰ॥
ਮਿਲਿਓ ਨੀਚਨ ਪਦ ਊਚ ਕਰਿਓ ਕ੍ਰਿਪਾ ਕਰ ਮੇਰ ਤ੍ਰਿਨ॥੧॥

॥ਚੌਪਈ॥

204/ਅ ਇਕ ਕਰੇ ਟਹਲੀਆ ਲੰਗਰ ਕਾਰ॥/ਪ੍ਰੀਤ ਚਰਨ ਸਤਗੁਰ ਮਨ ਧਾਰ॥
ਲੰਗਰ ਕੀ ਲਕੜੀ ਨਿਤ ਲਿਆਵੈ॥ਤਿਸ ਬਿਨ ਗੁਰ ਦਰਸਨ ਅਵਰ ਨ ਭਾਵੈ॥੨॥
ਵੈ ਮੰਤ੍ਰ ਜਾਪ ਕਛੁ ਕ੍ਰਿਆ ਨ ਜਾਨੇ॥ਬਿਨ ਹਾਰ ਅਚਾਰ ਨ ਜੁਗਤ ਪਛਾਨੇ॥
ਸਚਨ ਸਚੁ ਯਹੀ ਮੁਖ ਜਪੈ॥ਮਨ ਸਤਗੁਰ ਪ੍ਰੀਤ ਬਚਨ ਯਹ ਬਕੇ॥੩॥
ਸਭ ਸੰਗਤ ਸਿਖ ਕਰ ਬਚਨ ਬਿਲਾਸ॥ਕਰ ਸਚਨ ਸਚੁ ਪੁਕਾਰੇ ਤਾਸ॥
ਸਚਨ ਸਚੁ ਨਾਮੁ ਤਿਸੁ ਭਇਆ॥ਸਭ ਸੰਗਤ ਕੀ ਤਾ ਪਰ ਦਇਆ॥੪॥
ਜਿਹ ਪਰ ਸਿਖ ਦਿਆਲ ਗੁਰ ਦਿਆਲ॥ਉਪਜੇ ਤਿਨ ਮਨ ਭਗਤ ਬਿਸਾਲ॥
ਇਕ ਕੰਬਲ ਤਨ ਪਰ ਸਦਾ ਧਾਰੇ॥ਕਰ ਭੂਰੇ ਵਾਲਾ ਤਿਸਹਿ ਪੁਕਾਰੇ॥੫॥

॥ਦੋਹਰਾ॥

ਇਕ ਰਾਨੀ ਗੁਰ ਦਰਸਨ ਗਈ ਤਿਨ ਕਰੀ ਸੰਕ ਮਨ ਮਾਹਿ॥
ਗੁਰ ਬਚਨ ਪਾਇ ਬਵਰੀ ਭਈ ਵੈ ਬਨ ਮੋ ਸਦ ਭਰਮਾਇ॥੩॥

॥ਚੌਪਈ॥

ਇਕ ਦਿਨ ਲਕਰੀ ਕੋ ਬਨ ਗਇਆ॥ਤਿਸ ਬਵਰੀ ਸੋ ਬਨ ਭੇਟਾ ਭਇਆ॥
ਵੇ ਨਗਨ ਅੰਗ ਦੇਖਤ ਤਿਸੁ ਧਾਈ॥ਲਪਟ ਗਈ ਨਖ ਦਾਂਤ ਕਟਾਈ॥੭॥
ਜਤਨ ਕਰ ਤਾ ਸੋ ਕਰੀ ਛੁਟਾਨੀ॥ਲੇ ਲਕਰੀ ਲੰਗਰ ਮੋ ਆਨੀ॥
ਸਤਗੁਰ ਸੌ ਬਿਰਤੰਤ ਸੁਨਾਇਆ॥ਨਖ ਦਾਤਨ ਘਾਉ ਅੰਗ ਦਿਖਲਾਇਆ॥੮॥
ਸਤਗੁਰ ਦਿਆਲ ਕ੍ਰਿਪਾ ਤਿਸ ਕੀਨੀ॥ਕੌਸ ਏਕ ਪਾਉ ਕੀ ਦੀਨੀ॥
ਬਨ ਮੋ ਜਾਇ ਤਿਸ ਸੀਸ ਛੁਹਾਉ॥ਚੇਤਨ ਹੋਇ ਤੋ ਈਹਾ ਲਿਆਉ॥੯॥
ਸਤਗੁਰ ਕੀ ਆਗਿਆ ਸੋ ਵੈ ਗਇਆ॥ਸਿਰ ਕੌ ਸਮਾਰ ਤਿਸ ਚੇਤਨ ਕੀਆ॥
ਛਹਤ ਕੌਸ ਦੇਹ ਸੁਧ ਭਈ॥ਅਤ ਲਜਾ ਬਸ ਹੋਇ ਤਾ ਸੋ ਕਹੀ॥੧੦॥

॥ਦੋਹਰਾ॥

ਹੇ ਗੁਰਸਿਖ ਮੁਹਿ ਬਸਤ੍ਰ ਦੇਹ ਤਨ ਓਢ ਸਤਗੁਰ ਪਹਿ[2] ਜਾਉ॥
205/ੳ /ਕਰ ਆਗਿਆ ਭੰਗ ਇਹ ਫਲ ਲਹਾ ਕਰ ਦੂਸਨ ਬਖਸਾਉ॥੧੧॥

॥ਚੌਪਈ॥

ਤਿਨ ਸਿਖ ਨਿਜ ਕੰਬਲ ਕੋ ਦੀਆ॥ਢਾਪ ਦੇਹ ਸੰਗ ਤਿਸੁ ਲੀਆ॥
ਆਇ ਦੋਊ ਗੁਰ ਦਰਸਨ ਲਾਗੇ॥ਪੂਰਬ ਭਾਗ ਮਸਤਕ ਤਿਨ ਜਾਗੇ॥੧੨॥
ਤਾ ਕੋ ਦੇਖ ਬਿਗਸੇ ਗੁਰ ਦਿਆਲ॥ਤਿਨ ਪਰ ਕਿਰਪਾ ਕਰੀ ਬਿਸਾਲ॥
ਸੁਨੋ ਸਿਖ ਯਹ ਆਗਿਆ ਮੇਰੀ॥ਅਬ ਤੂੰ ਭਰਤਾ ਇਹ ਇਸਤ੍ਰੀ ਤੇਰੀ॥੧੩॥
ਤੁਮਰੀ ਘਾਲ ਪਰੀ ਸਭ ਥਾਇ॥ਮੇਰੋ ਧਿਆਨ ਕਰੋ ਘਰ ਜਾਇ॥
ਮੇਰੋ ਮੰਤ੍ਰ ਸਦਾ ਮਨ ਧਿਆਵੋ॥ਜੋ ਤੁਮ ਕੋ ਮਿਲੇ ਤਿਸ ਜਾਪ ਜਪਾਵੋ॥੧੪॥
ਪ੍ਰਭ ਕੌਸ ਪਾਵ ਦੂਜੇ ਕੀ ਦੀਆ॥ਮੈ ਦੋਨੋ ਕੌਸ ਬਖਸ ਤੁਮ ਕੀਆ॥
ਤਨ ਬਿਆਧ ਉਪਾਧ ਕਿਸੂ ਕੇ ਹੋਇ॥ਛੁਹਤ ਕੌਸ ਦੁਖ ਰਹੇ ਨ ਕੋਇ॥੧੫॥

॥ਦੋਹਰਾ॥

ਕ੍ਰਿਪਾ ਦ੍ਰਿਸਟਿ ਸਤਗੁਰ ਕਰੀ ਤਿਨ ਮਨ ਭਇਆ ਪ੍ਰਕਾਸ॥
ਸਦਾ ਅਨੰਦ ਸੁਖ ਤਿਸ ਭਇਆ ਪੂਰੀ ਮਨ ਕੀ ਆਸ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਤਹਿ (ਸ)

॥ ਚੌਪਈ ॥

ਅਬ ਤੁਮਰਾ ਬਚਨ ਜਗਤ ਮੋ ਫੁਰੋ ॥ ਜੋ ਬਰ ਸਰਾਪ ਤੁਮ ਮੁਖ ਸੋ ਕਰੋ ॥
ਅਬ ਜਾਵੋ ਨਿਜ ਗ੍ਰਿਹ ਕਰੋ ਬਿਲਾਸ ॥ ਗੁਰਮੁਖ ਪੰਥ ਕਾ ਕਰੋ ਪ੍ਰਕਾਸ ॥ ੧੭ ॥
ਕ੍ਰਿਪਾ ਦ੍ਰਿਸਟਿ ਸ੍ਰੀ ਸਤਿਗੁਰ ਹੇਰ ॥ ਬੂੰਦ ਸਿੰਧ ਰਾਈ ਕੀਓ ਮੇਰ ॥
ਬਿਦਾ ਕੀਏ ਸਤਗੁਰ ਗ੍ਰਿਹ ਗਏ ॥ ਊਚੇ ਪਦ ਕੋ ਪ੍ਰਾਪਤ ਭਏ ॥ ੧੮ ॥
ਸਗਲ ਲੋਕ ਤਿਨ ਪੂਜ[1] ਪੁਜਾਵੈ[2] ॥ ਦੁਖੀ ਜਾਇ ਤਨ ਰੋਗ ਮਿਟਾਵੈ ॥
ਸਚਨ ਸਚ ਕੇਤਾ ਕੋ ਕਹੈ ॥ ਸੇਖੋਪੁਰ ਪ੍ਰਸਿੱਧ ਵੇ ਅਹੇਂ ॥ ੧੯ ॥
ਪ੍ਰਗਟ ਸਿਧ ਕੌਸ ਤਿਨ ਪਾਸ ॥ ਛੁਹਤ ਅਨਕ ਰੋਗ ਦੁਖ ਨਾਸ ॥
ਕ੍ਰਿਪਾ ਸਿੰਧ ਕਿਰਪਾ ਜਿਹ ਕਰੀ ॥ ਤਾ ਕੀ ਜਗ ਮੋ ਪੂਰੀ ਪਰੀ ॥ ੨੦ ॥

॥ ਦੋਹਰਾ ॥

205/ਅ ਇਹ ਸਚਨ ਸਚ ਕੇ/ਬਖਸ ਕੀ ਕਥਾ ਸੁਨੋ ਗੁਰਸਿਖ ॥
ਜੋ ਸਤਗੁਰ ਚਰਨਨ ਮਨ ਧਰੇ ਬਹੁੜ ਭਵੈ ਨਹੀ ਭਿਖ ॥ ੨੧ ॥

॥ ਸਾਖੀ ਪੂਰਨ ਹੋਈ ॥ ੯੬ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

---
[1] ਧੂਜ (ਸ)
[2] ਕਰਾਵੈ (ੳ)

[ਸਾਖੀ ਗੁਰੂ ਅਮਰਦਾਸ ਜੀ ਦਾ ਬਡੇ ਪੂਰਬਜ ਭਗਤ ਸਿਖਾਂ ਨਾਲ ਮਿਲਾਪ][1]

॥ਸੋਰਠਾ॥

ਬਾਵਨ ਸੰਤ ਸੁਭਾਵ[2] ਜਿਹ ਬਨਪੁਰ ਬਾਸਾ ਕਰੇ॥
ਚੰਦਨ ਹੋਇ ਬਨਰਾਇ ਤਿਉ ਲੇ ਸੁਬਾਸ ਪੂਰਨ ਭਗਤ॥੧॥

॥ਚੌਪਈ॥

ਜਿਹ ਬਨ ਪੁਰ ਬਾਵਨ ਸੰਤ ਰਹਾਈ॥ਤਰ ਧਰ ਸੁਬਾਸ ਚੰਦਨ ਮਹਿਖਾਈ[3]॥
ਸੰਤ ਸੰਗ ਦਰਸਨ ਜੋ ਕਰੇ॥ਸੰਗ ਪ੍ਰਤਾਪ ਭਗਤ ਸੰਚਰੇ॥੨॥
ਗੋਬਿੰਦਵਾਲ ਪ੍ਰਭ ਕੀਆ ਨਿਵਾਸੁ॥ਦਹ ਦਿਸ ਪ੍ਰਗਟੀ ਭਗਤ ਸੁਬਾਸ॥
ਹਰਿ ਭਗਤ ਜਗਿਆਸੀ ਸੁਨ ਚਲ ਆਏ॥ਕਰ ਦਰਸਨ ਗੁਰਮੁਖ ਪਦ ਪਾਏ॥੩॥
ਪਾਰੋ ਜੁਲਗ[4] ਡਲੇ ਮਾਹ॥ਹਰਿ ਕੀ ਪ੍ਰੀਤ ਰਹੇ ਮਨ ਮਾਹ[5]॥
ਸਤਗੁਰ ਕੀ ਮਹਿਮਾ ਤਿਨ ਸੁਨੀ॥ਗੁਰਬਾਨੀ ਬਚਨ ਬਿਚਾਰ ਮਨ ਗੁਨੀ॥੪॥
ਤਾ ਕੇ ਮਨ ਗੁਰ ਪ੍ਰੇਮ ਪ੍ਰਕਾਸ[6]॥ਨਿਸ ਦਿਨ ਤਿਸ ਮਨ ਦਰਸ ਪਿਆਸ[7]॥
ਬਢਿਓ ਪ੍ਰੇਮ ਸਤਗੁਰ ਪਹਿ ਆਇਆ॥ਉਦੇ ਭਾਗ ਦਰਸਨ ਪ੍ਰਭ ਪਾਇਆ॥੫॥

॥ਦੋਹਰਾ॥

ਅੰਤਰਜਾਮੀ[8] ਦਿਆਲ ਪ੍ਰੇਮ ਭਾਉ ਤਾ ਕਾ ਲਖਾ॥
ਨਜਰੀ ਨਜਰ[9] ਨਿਹਾਲ ਪਰਮਹੰਸ ਗੁਰਮੁਖ ਭਇਆ॥੬॥

॥ਚੌਪਈ॥

ਪੂਰਨ ਗਿਆਨ ਤਿਸ ਮਨ ਪ੍ਰਗਾਸਾ॥ਜਨਮ ਜਨਮ ਕੀ ਪੂਰੀ ਆਸਾ॥
206/ੳ ਪਰਮਹੰਤ ਸਤਗੁਰ ਮੁਖ ਕਹਾ॥ਦ੍ਰਿੜ ਨਿਜ ਸ/ਰੂਪ ਬ੍ਰਹਮ ਸੁਖ ਲਹਾ॥੭॥
ਜੋਗ ਵੈਰਾਗ ਭਗਤ ਅਰੁ ਗਿਆਨ॥ਇਹ ਚਾਰੇ ਪੂਰਨ ਪ੍ਰਮਾਨ॥
ਰਿਧ ਸਿਧ ਸਤਗੁਰ ਤੇ ਪਾਈ॥ਭਏ ਦਿਆਲ ਤਿਸੁ ਸਤਿਗੁਰ ਸਾਂਈ॥੮॥
ਕੁਲਾਚਾਰ ਬਿਵਹਾਰ ਜਗ ਕਰੇਂ॥ਮਨ ਸਤਗੁਰ ਚਰਨਨ ਮੋ ਧਰੇ॥
ਗ੍ਰਿਹ ਭੀਤਰ ਸਦ ਰਹੇ ਉਦਾਸ॥ਤਾ ਕਾ ਸੰਛੇਪ ਕਹੌ ਇਤਹਾਸ॥੯॥

॥ਦੋਹਰਾ॥

ਕਰੇ ਕਿਰਤ ਸਭ ਧਰਮ ਕੀ ਜਗ ਤੇ ਰਹੇ ਉਦਾਸ॥
ਦੁਇ ਦਿਨ ਅੰਤਰਿ ਪਾਇ ਕੇ ਸਦ ਆਵੈ ਸਤਗੁਰ ਪਾਸ॥੧੦॥

॥ਚੌਪਈ॥

ਇਕ ਦਿਨ ਪਾਰੋ ਮਨ ਦਰਸ ਪਿਆਸ॥ਘੋੜੀ ਚੜ ਚਲੇ ਸਤਗੁਰ ਪਾਸ॥
ਘੋੜੀ ਪਾਉ ਨ ਧਰ ਪਰ ਧਰੇ॥ਚਲੇ ਅਧਰ ਜਿਮ ਪੰਛੀ ਚਰੇ॥੧੧॥
ਕੋਊ ਨਬਾਬ ਦਿਲੀ ਤੇ ਆਇਆ॥ਹਾਥੀ ਸਵਾਰ ਸੰਗ ਸੈਨ ਸੁਹਾਇਆ॥
ਤਿਨ ਭਾਈ ਪਾਰੋ ਕੋ ਇਉ ਦੇਖਾ॥ਦੇਖ ਚਰਿਤ੍ਰ ਅਦਭੁਤ ਮਨ ਲੇਖਾ॥੧੨॥
ਚਲਾ ਜਲਦ ਤਿਨ ਆਗਾ ਲੀਨਾ॥ਜਾਇ ਪਾਰੋ ਜੀ ਕਾ ਦਰਸਨ ਕੀਨਾ॥
ਤਜ ਹਾਥੀ ਚਰਨਨ ਪਰ ਪਰਾ॥ਕ੍ਰਿਪਾ ਦ੍ਰਿਸਟਿ ਪਾਰੋ ਤਿਸੁ ਕਰਾ॥੧੩॥
ਬਦਲੀ ਅਕਲ ਪ੍ਰੇਮ ਪ੍ਰਕਾਸਾ॥ਹਿਰਸ ਮਿਟੀ ਪੂਰਨ ਮਨ ਆਸਾ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਸੁਭਾਇ (ੳ,ਅ,ੲ)
[3] ਮਹਿਕਾਈ (ੳ,ੲ)
[4] ਜੁਲਕਾ (ੳ,ਅ,ੲ,ਸ)
[5] ਤਾਹ (ਅ,ੲ)
[6] ਪ੍ਰਕਾਸਾ (ੳ,ਅ,ੲ)
[7] ਪਿਆਸਾ (ੳ,ਅ,ੲ)
[8] ਗੁਰ ਅੰਤਰਜਾਮੀ (ੳ,ਅ)
[9] ਨਦਰੀ ਨਦਰ (ਸ)

ਹਾਥ ਜੋੜ ਤਿਨ ਬਚਨ ਉਚਾਰਾ॥ ਕਿਆ ਨਾਮ ਤੁਮਾਰਾ ਵਲੀ ਸਵਾਰਾ॥੧੪॥

॥ਦੋਹਰਾ॥

ਤਿਨ ਨਬਾਬ ਪੂਛਨ ਕੀਆ ਕਹਾ ਜਾਵੋ ਵਲੀ ਖੁਦਾਇ॥
ਮੋਹਿ ਨਿਜ ਖਾਦਮ ਬੂਝ ਕੇ ਕਹੋ ਬਰਾਇ ਖੁਦਾਇ॥੧੫॥

॥ਚੌਪਈ॥

ਤਬ ਭਾਈ ਪਾਰੋ ਤਾ ਸੌ ਕਹੇ॥ ਪਾਰੋ ਨਾਮ ਹਮ ਗੁਰਸਿਖ ਅਹੇ॥
206/ਅ ਸਤਗੁਰ ਕੇ ਦਰਸਨ ਕੋ ਜਾਵੇ॥ ਬਡੇ ਭਾਗ ਗੁਰ ਦਰਸਨ ਪਾ/ਵੇ॥੧੬॥
ਯਹ ਸੁਨ ਸਿਦਕ ਕਰ ਧਰਮ ਮਨ ਧੀਰ॥ ਕਹਾ ਧੰਨੁ ਵਲੀ ਜੋ ਤੁਮਰਾ ਪੀਰ॥
ਤੁਮ ਸੰਗ ਹਮ ਭੀ ਕਰਹਿ ਦੀਦਾਰ॥ ਵਲੀ ਦੀਦਾਰ ਨਫਾ ਬਿਸਿਆਰ॥੧੭॥
ਪਾਰੋ ਜੀ ਕਹਿਆ ਸਮਝਾਇ॥ ਇਹ ਲਸਕਰ ਸੰਗ ਲੀਏ ਕਿਮ ਜਾਇ॥
ਜੋ[1] ਸਭ ਬਿਭੂਤ ਤਜ ਦੇਹ ਪਵਾਰ॥ ਤਬ ਹਮ ਸੰਗ ਚਲੋ ਕਰੋ ਦੀਦਾਰ॥੧੮॥
ਮਨ ਬਢਿਓ ਸੌਕ ਤਿਸ ਪੁਤ੍ਰ ਬੁਲਾਇਆ॥ ਖਿਜਮਤ ਬਿਭੂਤ ਤਾ ਕੋ ਸੌਪਾਇਆ॥
ਤੁਮ ਖਿਜਮਤ ਬਾਦਸਾਹ ਕੀ ਕਰੋ॥ ਹਮਰੋ ਖਿਆਲ ਨ ਕਛੁ ਮਨ ਧਰੋ॥੧੯॥

॥ਦੋਹਰਾ॥

ਕਰ ਸਿਦਕ ਮੁਹੱਬਤ ਜੋ ਕਰੇ ਮਿਲੇ ਰਬ ਤਿਸ ਆਇ॥
ਤਿਨ ਫਰਜੰਦ ਬਿਦਾ ਕੀਆ ਲੀਨੀ ਪਨਹਿ ਖੁਦਾਇ॥੨੦॥

॥ਚੌਪਈ॥

ਪਾਰੋ ਸੰਗ ਤਿਨ ਦਰਸਨ ਕੀਨਾ॥ ਮੌਲਾ ਸੋ ਤਾ ਕਾ ਮਨ ਭੀਨਾ॥
ਤਾਹ ਦੇਖ ਗੁਰ ਭਏ ਪ੍ਰਸੰਨ॥ ਧਨ ਧਨ ਪਾਰੋ ਤੂੰ ਧੰਨੁ[2]॥੨੧॥
ਪਾਰੋ ਸਗਲ ਕਥਾ ਗੁਰ ਕਹੀ॥ ਸੁਨੀ ਦਿਆਲ ਕ੍ਰਿਪਾ ਤਿਸ ਭਈ॥
ਦਰਸ ਪ੍ਰਤਾਪ ਅੰਤਰ ਭਇਓ ਲੀਨ॥ ਸਤਗੁਰ ਤਾਹ ਪਰਮ ਪਦ ਦੀਨ॥੨੨॥
ਹੋਇ ਬਿਦਾ ਪਾਰੋ ਸੰਗ ਗਏ॥ ਪਰਮਾਨੰਦ ਲਇਓ ਥਿਰ ਥਏ॥
ਸਤਸੰਗ ਭਇਆ ਹੇ ਮਮ ਨੂਰ॥ ਤਾ ਕੇ ਮਨ ਭਇਓ ਨੂਰ ਜਹੂਰ॥੨੩॥
ਡਲੇ ਰਹੇ ਲਾਲੂ ਬੁਧਵਾਰ॥ ਬਡਾ ਸੁਹਿਰਦ ਧਰਮ ਆਚਾਰ॥
ਪਾਰੋ ਜੀ ਸੋ ਤਿਸੇ ਮਿਲਾਪ॥ ਸਦਾ ਜਪੇ ਸਤਗੁਰ ਕਾ ਜਾਪ॥੨੪॥

॥ਸੋਰਠਾ॥

ਗੁਰ ਮੂਰਤ ਮਨ ਧਾਰ ਸਦਾ ਧਿਆਨ ਤਾ ਕੋ ਕਰੇ॥
ਸਭ ਮਨ ਅਰਥ ਪਵਾਰ ਗੁਰ ਪ੍ਰੇਮ ਰੰਗ ਭੀਨਾ ਰਹੇ॥੨੫॥

॥ਚੌਪਈ॥

ਇਕ ਦਿਨ ਪਾਰੋ ਗੁਰ ਦਰਸਨ ਆਏ॥ ਲਾਲੂ ਤਿਨ ਚਰਨਲ ਲਪਟਾਏ॥
207/ੳ ਹਮ ਭੀ ਸਤਗੁਰ ਦਰਸਨ ਕਰੇਂ॥ ਤੁਮਰੀ ਕਿਰਪਾ/ਸੌ ਭਵ ਸਾਗਰ ਤਰੇ॥੨੬॥
ਤੁਮ ਬਡੇ ਸਿਖ ਅਉ ਪਰਉਪਕਾਰੀ॥ ਤੁਮ ਪਰ ਸਤਗੁਰ ਕਿਰਪਾਧਾਰੀ॥
ਹਮ ਕੋ ਸਤਿਗੁਰ ਚਰਨ ਲਗਾਵੋ॥ ਲੇ ਸੰਗ ਮੋਹ ਪ੍ਰਭ ਪਹ ਪਹੁਚਾਵੋ॥੨੭॥
ਦੇਖ ਪ੍ਰੇਮ ਲਾਲੂ ਅਧਕਾਈ॥ ਪੁਲਕ ਅੰਗ ਨੈਨਨ ਜਲ ਛਾਈ॥
ਬਾਰ ਬਾਰ ਚਰਨਨ ਪਰ ਪਰੇ॥ ਬਢਿਓ ਪ੍ਰੇਮ ਧੀਰ ਨਹੀ ਧਰੇ॥੨੮॥
ਪਾਰੋ ਜੀ ਤਾ ਕੌ ਸੰਗ ਲੀਨਾ॥ ਗੋਬਿੰਦਵਾਲ ਪਿਆਨਾ ਕੀਨਾ॥
ਪਹੁਚੇ ਜਾਇ ਸਤਗੁਰ ਕੇ ਦੁਆਰ॥ ਧਰ ਚਰਨ ਰੇਨ ਸਿਰ ਕਰੀ ਜੁਹਾਰ॥੨੯॥

॥ਦੋਹਰਾ॥

ਸਤਗੁਰ ਕੋ ਪ੍ਰਨ ਸਮਝੇ ਗੁਰ ਪਾਕਸਾਲ ਮੋ ਜਾਇ॥
ਪਾਇ ਪ੍ਰਸਾਦਿ ਪਵਿਤ੍ਰ ਹੋਇ ਦਰਸਨ ਲਾਗੇ ਆਇ॥੩੦॥

॥ਚੌਪਈ॥

ਪਾਇ ਪ੍ਰਸਾਦਿ ਦਰਸਨ ਗੁਰ ਕਰਾ॥ ਦੇਖਾ ਦਿਆਲ ਪ੍ਰੇਮ ਰੰਗ ਭਰਾ॥

---

[1] ਜਿਹ (ਅ)
[2] ਧੰਮ (ਸ)

ਸਹਜ ਸੁਭਾਇ ਬਚਨ ਗੁਰ ਭਇਆ॥ ਹਰਿ ਰੰਗਨ ਲਾਲੂ ਰੰਗਿਆ ਗਇਆ॥੩੧॥
ਪੁਨ ਪਾਰੋ ਸੋ ਪ੍ਰਭ ਚਰਚਾ ਕਰੀ॥ ਲਾਲ ਭਏ ਲਾਲੂ ਇਹ ਘਰੀ॥
ਤਬ ਲਾਲੂ ਸਤਗੁਰ ਚਰਨਨ ਪਰਾ[1]॥੩੨॥
ਜੋਤ ਸਬਦ ਘਟ ਗਿਆਨ ਪ੍ਰਕਾਸਾ॥ ਨਿਜ ਸਰੂਪ ਲਾਲੂ ਮਨ ਭਾਸਾ॥
ਦੇਖ ਦਿਸਾ ਗੁਰ ਬਚਨ ਉਚਾਰਾ॥ ਲਾਲ ਭਇਆ ਲਾਲੂ ਕੋ ਪਿਆਰਾ॥੩੩॥
ਜੋ ਗੁਪਤ ਲੋਕ ਦਿਸਟੀ ਆਵੈ॥ ਤੇ ਸਭ ਲਾਲੂ ਕੋ ਪੂਜ ਪੁਜਾਵੈ॥
ਲਾਲੂ ਗੁਪਤਨ ਕਾ ਗੁਰ ਕੀਨਾ॥ ਗੁਰਮੰਤ੍ਰ ਜਾਪ ਤਾ ਕੇ ਮੁਖ ਦੀਨਾ॥੩੪॥

॥ਦੋਹਰਾ॥

ਲਾਲੂ ਕੋ ਗੁਰ ਕ੍ਰਿਪਾ ਕਰ ਗੁਪਤਨ ਕਾ ਗੁਰ ਕੀਨ॥
ਜੋ ਲੋਕ ਦਿਸਟਿ ਨਹੀ ਆਵਈ ਸਭ ਲਾਲੂ ਚਰਨ ਅਧੀਨ॥੩੫॥

॥ਚੌਪਈ॥

ਕਛੁਕ ਪ੍ਰਭਾਵ ਲਾਲੂ ਕਾ ਆਖੌ॥ ਸੰਛੇਪ ਕਥਾ ਮਹਿਮਾ ਤਿਸ ਭਾਖੌ॥
207/ਅ ਇਕੁ ਪਠਾਨੁ ਸੌਦਾਗਰੀ ਕਰੇ॥ ਭਰ/ਮਾਲੁ ਜਹਾਜੁ ਸਮੁੰਦ੍ਰ ਮਗ ਫਿਰੇ॥੩੬॥
ਸੋ ਲਾਲੂ ਸੌ ਪ੍ਰੀਤ ਮਨ ਧਰੇ॥ ਕਰ ਪ੍ਰੇਮ ਮਿਲੇ ਆਗਿਆ ਅਨਸਰੇ॥
ਵੇ ਭਰ ਜਹਾਜ ਸਮੁੰਦ੍ਰ ਮਗ ਗਇਆ॥ ਤਾ ਕੋ ਜਹਾਜੁ ਤਬਾਹੀ ਪਇਆ॥੩੭॥
ਫੂਟਾ ਜਹਾਜੁ ਆਂਧੀ ਤਿਸ ਐਠਾ॥ ਏਕ ਤਖਤੇ ਪਰ ਰਹਾ ਵੈ ਬੈਠਾ॥
ਚਲਾ ਚਲਾ ਕਹੂੰ ਕੰਠੇ ਆਇਆ॥ ਬਸਤੀ ਨਗਰ ਦੇਖਨ ਤਹਾਂ ਪਾਇਆ॥੩੮॥
ਬਾਹਰ ਨਿਕਸ ਪੂਛਾ ਤਿਨ ਨਾਉ॥ ਕਵਨ ਦੇਸ ਕਵਨ ਇਹੁ ਗਾਉ॥
ਸਗਲੇ ਗੁਪਤ ਲੋਕ ਤਹਾਂ ਬਸੇ॥ ਦੇਖ ਮਨੁਖ ਸਗਲ ਵੈ ਹਸੇ॥੩੯॥

॥ਦੋਹਰਾ॥

ਤਿਨ ਉਤ੍ਰ ਤਾ ਕੋ ਦੀਆ ਹਮ ਗੁਪਤ ਬਸੇਂ ਇਹ ਠਾਉ॥
ਤੂੰ ਮਾਨਸ ਕਹਾਂ ਤੇ ਆਇਆ ਕਹਾ ਦੇਸ ਤੁਇ ਨਾਉ॥੪੦॥

॥ਚੌਪਈ॥

ਤਬ ਪਠਾਨ ਤਾ ਸੌ ਇਮ ਕਹੇ॥ ਦੇਸ ਪੰਜਾਬ ਦੂਰ ਹਮ ਰਹੇ॥
ਫੂਟਾ ਜਹਾਜੁ ਹਮ ਈਹਾ ਆਏ॥ ਤਬ ਰਜਾਇ ਕਛੁ ਲਖੀ ਨ ਜਾਏ॥੪੧॥
ਤਬ ਗੁਪਤਨ ਤਾ ਸੌ ਕੀਆ ਬਖਾਨੌ॥ ਭਾਈ ਲਾਲੋ ਕੋ ਤੁਮ ਜਾਨੋ॥
ਇਹ ਸੁਨ ਪਠਾਨ ਮਨ ਕੀਆ ਹੁਲਾਸ॥ ਹਮ ਰਹੇਂ ਭਾਈ ਲਾਲੂ ਕੇ ਪਾਸ॥੪੨॥
ਤਬ ਤਿਨ ਤਾ ਕੋ ਆਦਰ ਕੀਨਾ॥ ਸਭਾ ਪਤਾ ਨਗ੍ਰ ਦੇਸ ਦਾ ਦੀਨਾ॥
ਸੁਨ ਪਤਾ ਲਾਲੂ ਤਿਸੁ ਗ੍ਰਿਹ ਚਿਤ ਆਇਆ॥ ਲੀਆ ਉਸਾਸ ਨੈਨ ਜਲ ਛਾਇਆ॥੪੩॥
ਤਬ ਤਿਨ ਤਾ ਸੌ ਦਇਆ ਜਨਾਈ॥ ਕਾਹੇ ਕੋ ਰੋਵੋ ਤੁਮ ਭਾਈ॥
ਜੋ ਤੁਮ ਧਨ ਚਾਹੋ ਸੋ ਲੀਜੈ॥ ਕਛੁ ਚਿੰਤਾ ਮਨ ਮੋ ਨਹੀ ਕੀਜੈ॥੪੪॥

॥ਦੋਹਰਾ॥

ਹਮ ਲਾਲੂ ਕੇ ਸਿਖ ਹੈ ਇਹ ਲਾਲ ਦੁਇ ਹਮ ਤੇ ਲੇਉ॥
ਲਾਲੂ ਜੀ ਪਹਿ ਜਾਇ ਕੇ ਪੂਜਾ ਹਮਰੀ ਦੇਉ॥੪੫॥

॥ਚੌਪਈ॥

208/ੳ ਤਿਨ ਸੋ ਪਠਾਨ ਲਾਲ ਦੁਇ ਲੀਨਾ॥ ਅਵਰ ਰਤਨ ਲੇ ਗਾਂ/ਠ ਨਿਜ ਕੀਨਾ॥
ਤਬ ਗੁਪਤਨ ਤਿਸ ਆਂਖ ਢਪਾਈ॥ ਦੇਸ ਪੰਜਾਬ ਦੀਆ ਪਹੁਚਾਈ॥੪੬॥
ਦੇਖਾ ਦੇਸ ਨਿਜ ਗ੍ਰਹ ਮੋ ਆਇਆ॥ ਅਦਭੁਤ ਚਰਿਤ੍ਰ ਸਭ ਲੋਕ ਸੁਨਾਇਆ॥
ਵੈ ਦੋਇ ਲਾਲ ਲਾਲੂ ਪਹ ਲਿਆਇਆ॥ ਧਰ ਚਰਨਨ ਪਰ ਸੀਸ ਨਿਵਾਇਆ॥੪੭॥
ਤਾ ਸੋ ਲਾਲੂ ਲਾਲ ਦੁਇ ਲੀਏ॥ ਸਤਿਗੁਰ ਪਹਿ ਜਾਇ ਆਗੇ ਧਰ ਦੀਏ॥
ਤਬ ਦਿਆਲ ਲਾਲੂ ਸੋ ਭਾਖਾ॥ ਮੈ ਨਾਮੁ ਰਤਨੁ ਤੁਹਿ ਹਿਰਦੇ ਰਾਖਾ॥੪੮॥
ਨਹੀ ਸੰਤਨ ਕੇ ਇਨ ਕਾ ਬਿਵਹਾਰ॥ ਇਕ[2] ਕੋ ਦੇਹੁ ਨਦੀ ਮੋ ਡਾਰ॥
ਸੁਨ ਬਚਨ ਦਿਆਲ ਮਨ ਕੀਆ ਬਿਚਾਰ॥ ਨਦੀ ਮਾਹਿ ਦੀਨੇ ਵੈ ਡਾਰ॥੪੯॥

---

[1] ਤਬ ਲਾਲੂ ਸਤਗੁਰ ਚਰਨਨ ਪਰਾ॥ ਕਰ ਕ੍ਰਿਪਾ ਹਾਥ ਮਸਤਕ ਗੁਰ ਧਰਾ॥ (ੳ,ੲ)

[2] ਇਨ (ੳ,ਅ,ੲ)

॥ ਦੋਹਰਾ ॥
ਗੁਰ ਸਿਖਨ ਕੀ ਮਹਿਮਾ ਅਮਿਤ ਅੰਤ ਨ ਪਾਰਾਵਾਰ ॥
ਧੰਨ ਗੁਰੂ ਧੰਨ ਸਿਖ ਗੁਰ ਜਗ ਧਰਾ ਸਫਲ ਅਉਤਾਰ ॥੫੦॥
॥ ਚੌਪਈ ॥
ਖਾਨਾ ਛੁਰਾ ਡਲੇ ਮੋ ਰਹੇ ॥ ਗੁਰਸਿਖ ਬਡੇ ਮਹਿਮਾ[1] ਕਿਆ ਕਹੇ ॥
ਦੀਪਾ ਮਾਲੂਸਾਹੀ ਸਿਖ ॥ ਭਾਈ ਕਿਦਾਰੇ ਕੀ ਕਥਾ ਅਲਖ ॥੫੧॥
ਸਿਖ ਬਹਤ੍ਰ ਡਲੇ ਮੋ ਭਏ ॥ ਕਛੁ ਮਹਿਮਾ ਤਾ ਕੀ ਜਾਤ ਨਾ ਕਹੇ ॥
ਸੁਲਤਾਨਪੁਰ ਮਾਹਿ ਮਹੇਸਾ ਧੀਰ ॥ ਬਡਾ ਧਨਾਢ ਬਹੁ ਬਾਹੀ ਬੀਰ ॥੫੨॥
ਸਤਗੁਰ ਕੀ ਮਹਿਮਾ ਸੁਨ ਪਾਈ ॥ ਬਢਾ ਪ੍ਰੇਮ ਮਨ ਮੋ ਅਧਕਾਈ ॥
ਨਿਸ ਦਿਨ ਮਨ ਮੋ ਧਰੇ ਧਿਆਨ ॥ ਪ੍ਰੇਮ ਭਗਤ ਦ੍ਰਿੜ ਮਨ ਅਨਮਾਨ[2] ॥੫੩॥
ਗੋਬਿੰਦਵਾਲ ਗੁਰ ਮਾਰਗ ਲੀਨਾ ॥ ਪਹੁਚਾ ਤਾਹ ਪ੍ਰੇਮ ਰੰਗ ਭੀਨਾ ॥
ਪਾਇ ਪ੍ਰਸਾਦਿ ਦਰਸਨ ਗੁਰ ਲਾਗਾ ॥ ਮਸਤਕ ਜਾਗਾ ਭਾਗ ਸਭਾਗਾ ॥੫੪॥
॥ ਦੋਹਰਾ ॥
ਬਡੇ ਭਾਗ ਤੇ ਪਾਇਆ ਦਰਸਨ ਸਤਗੁਰ ਦਿਆਲ ॥
208/ਅ ਮਗਨ ਭਇ/ਆ ਨਿਸਚੇ ਬਢੀ ਤਨ ਮਨ ਭਇਆ ਨਿਹਾਲ ॥੫੫॥
॥ ਚੌਪਈ ॥
ਪ੍ਰਭ ਪੂਛਾ ਕਵਨ ਅਰਥ ਤੂੰ ਆਇਆ ॥ ਤਿਨ ਪ੍ਰੇਮ ਭਾਉ ਸਭ ਆਖ ਸੁਨਾਇਆ ॥
ਚਰਨ ਸਰਨ ਕੀ ਆਸਾ ਧਰੋ[3] ॥੫੬॥
ਸਤਗੁਰ ਤਾ ਕੋ ਕਹਿਆ ਸੁਨਾਇ ॥ ਤੋਹ ਕਠਨ ਹਮਰੀ ਸਰਨਾਇ ॥
ਜੋ ਹਮਰਾ ਸਿਖ ਹੂਆ ਤੂੰ ਚਹੇ ॥ ਤੋ ਸੰਪਤ ਧਨ ਤੇਰੋ ਨਹੀ ਰਹੇ ॥੫੭॥
ਉਪਹਾਸ ਕਰੇ ਜਗ ਅਤ ਦੁਖ ਪਾਵੈ ॥ ਦੁਖੀ ਹੋਇ ਬਹੁੜਿ ਪਛੁਤਾਵੈ ॥
ਕਹਾ ਮਹੇਸੇ ਹੇ ਪ੍ਰਭ ਪਿਆਰੇ ॥ ਤਨ ਮਨ ਧਨ ਤੁਮਰੇ ਬਲਿਹਾਰੇ ॥੫੮॥
ਅਬ ਹਮ ਕੋ ਨਹੀ ਧਨ ਕੀ ਆਸਾ ॥ ਕਰ ਕਿਰਪਾ ਦੀਜੈ ਚਰਨ ਨਿਵਾਸਾ ॥
ਸਤਗੁਰ ਦਿਆਲ ਦਇਆ ਤਬ ਕੀਨਾ ॥ ਧਰ ਮਸਤਕ ਹਾਥ ਨਾਮ ਮੁਖ ਦੀਨਾ ॥੫੯॥
॥ ਸੋਰਠਾ ॥
ਸਤਿਗੁਰ ਦੀਨ ਦਿਆਲ ਧਰੀ ਕਸੌਟੀ ਸਿਖ ਕੌ ॥
ਅੰਤਹ ਹੋਇ ਨਿਹਾਲ[4] ਸਹਿਕ ਸੀਸ ਕੰਚਨ ਭਇਆ ॥੬੦॥
॥ ਚੌਪਈ ॥
ਹੋਇ ਬਿਦਾ ਪੁਨ ਗ੍ਰਿਹ ਕੋ ਆਇਆ ॥ ਨਿਸ ਦਿਨ ਗੁਰ ਚਰਨਨ ਚਿਤ ਲਾਇਆ ॥
ਜੋ ਪਰਤਗਿਆ ਸਤਗੁਰ ਧਰੀ ॥ ਤਾਤਕਾਲ ਪ੍ਰਗਟੀ ਤਿਹ ਘਰੀ ॥੬੧॥
ਸਭ ਸੰਪਤ ਤਾ ਕੀ ਗਈ ਬਿਲਾਇ ॥ ਕੁਲ ਨਗਰ ਲੋਕ ਤਿਸ ਆਖੇ ਆਇ ॥
ਤੁਮ ਸਿਖ ਹੋਇ ਕਹੁ ਕਿਆ ਲੀਨਾ ॥ ਧਨ ਸੰਪਤ ਤੇ ਭਇਆ ਬਿਹੀਨਾ ॥੬੨॥
ਕਹੇ ਮਹੇਸਾ ਸੁਨ ਮਮ ਭਾਈ ॥ ਇਹ ਮਿਥਿਆ ਸੰਪਤ ਸ੍ਰਮਦਾਈ ॥
ਜੋ ਸਤਗੁਰ ਚਰਨਨ ਮਨ ਲਾਗੇ ॥ ਤਬ ਧਰਮ ਆਨੰਦ ਸਗਲ ਦੁਖ ਭਾਗੇ ॥੬੩॥
ਕਰੇ ਉਪਹਾਸ ਤਿਸ ਸਗਲੇ ਲੋਗ ॥ ਤਿਸ ਮਨ ਨਾਹਿ ਹਰਖ ਅਉ ਸੋਗ ॥
209/ੳ ਸਹਜਿ ਭਾਇ ਦਰਸਨ ਗੁਰ ਆਇਆ ॥ ਦੇ/ਖ ਦਿਆਲ ਮਨ ਉਪਜੀ ਦਾਇਆ ॥੬੪॥
॥ ਦੋਹਰਾ ॥
ਇਹ ਤੋ ਮੇਰੇ ਸਿਖ ਹੈ ਸਹਾ ਕਸੌਟੀ ਤਾਉ ॥
ਅਬ ਬਾਰਹ ਬਾਨੀ ਸੁਧ ਭਇਆ ਦੇਹੌ ਭਗਤ ਪ੍ਰਭਾਉ ॥੬੫॥

---

[1] ਮਹਾਤਮ (ਅ)
[2] ਅਭਮਾਨ ਉਹੀ
[3] ਚਰਨ ਸਰਨ ਕੀ ਆਸਾ ਧਰੋ ॥ ਮਿਟੇ ਸੁਕ ਭਵਸਾਗਰ ਤਰੋ ॥ (ੳ,ਅ,ੲ,ਸ)
[4] ਠਿਹਾਲ (ਸ)

॥ **ਚੌਪਈ** ॥

ਇਹ ਤੋ ਮੇਰਾ ਪੂਰਾ[1] ਸਿਖ॥ ਇਸ ਕੇ ਮਨ ਨਹੀ ਮਾਇਆ ਵਿਖ॥
ਸਹੀ ਕਸੌਟੀ ਦ੍ਰਿੜ ਮਨ ਭਇਆ॥ ਹੋਇ ਦਿਆਲ ਕਰੀ ਮਨ ਦਇਆ॥
ਧਨੁ ਸੰਪਤ ਤਾ ਕੇ ਗ੍ਰਿ ਆਈ॥ ਭਏ ਮਗਨ ਗੁਰ ਦੈਆ ਕਰਾਈ॥
ਤਿਸ ਹੋਇ ਪ੍ਰਸੰਨ ਸਤਗੁਰ ਬਰ ਦੀਨਾ॥ ਲੋਕ ਪ੍ਰਲੋਕ ਸਫਲ ਤਿਨ ਕੀਨਾ॥
ਭੀਖਾ ਭਾਟ ਸੁਲਤਾਨਪੁਰ ਬਾਸੀ॥ ਉਪਜੀ ਭਗਤ ਫਿਰੈ ਜਗਿਆਸੀ॥
ਜਹਾ ਜਹਾ ਸੰਤ ਸਾਧ ਸੁਨ ਪਾਵੈ॥ ਜਾਇ ਤਹਾ ਤਿਨ ਸੇਵ ਕਰਾਵੈ॥ ੬੮॥
ਬਹੁਤ ਕਾਲ ਜਗਿਆਸਾ ਕਰੀ॥ ਨਹੀ ਭਾਈ ਸਾਂਤ ਮਨ ਬਿਰਤ ਨ ਫਿਰੀ॥
ਅਤਿ ਵਿਆਕਲ ਹੀਅਰਾ ਉਕਲਾਨਾ॥ ਤਿਨ ਸਤਿਗੁਰ ਸੁਨਿ ਮਨ ਧਰਿਓ ਧਿਆਨਾ॥ ੬੯॥

॥ **ਦੋਹਰਾ** ॥

ਪ੍ਰੇਮ ਪ੍ਰਵਾਹਿ ਘਟਿ ਮੋ ਚਲਿਓ ਹਿਰਦੇ ਧਰਤ ਧਿਆਨ॥
ਇੱਛਿਆ ਕਾਈ ਬਹਿ ਗਈ ਮਨ ਨਿਰਮਲ ਭਇਓ ਗਿਆਨ॥ ੭੦॥

॥ **ਚੌਪਈ** ॥

ਖੁਲੇ ਨੇਤ੍ਰ ਮਨ ਕੀਓ ਬਿਚਾਰ[2]॥ ਗੋਬਿੰਦਵਾਲ ਬਸੇ ਸਤਗੁਰ ਪਿਆਰਾ॥
ਅਉ ਹਿਰਦੇ ਮਾਹਿ ਮੁਹਿ ਦਰਸਨ ਦੀਨਾ॥ ਪਰਸੋ ਚਰਨ ਪ੍ਰਭੂ ਪਰਬੀਨਾ॥ ੭੧॥
ਮਨ ਪਰਤੀਤ ਪ੍ਰੇਮ ਪਗ ਚਲਾ॥ ਅਨਿਨ ਭਗਤ ਉਪਜੀ ਮਨ ਕਲਾ॥
ਪਹੁਚਾ ਜਾਇ ਸਤਗੁਰ ਕੇ ਦੁਆਰੇ॥ ਲੇ ਚਰਨ ਰੇਨ ਮਸਤਕ ਨਿਜ ਧਾਰੇ॥ ੭੨॥
ਅੰਤਰ ਜਾਇ ਦਰਸ ਗੁਰ ਲਾਗਾ॥ ਜਾਗਾ ਮਸਤਕ ਭਾਗ ਸਭਾਗਾ॥
209/ਅ ਕ੍ਰਿਪਾ ਕਟਾ/ਛ ਦਿਆਲ ਤਿਸ ਧਾਰਾ॥ ਮਿਟਿਓ ਤਿਮਰ ਮਨ ਭਇਓ ਉਜਿਆਰਾ॥ ੭੩॥
ਪਾਰਬ੍ਰਹਮ ਸਤਗੁਰ ਕਰ ਮਾਨਾ॥ ਭਇਓ ਕ੍ਰਿਪਾ ਕਟਾਛ ਉਪਜਿਓ ਮਨ ਗਿਆਨਾ॥
ਸੁਰਤ ਸਬਦ ਸਾਖੀ ਘਟ ਜਾਗੀ॥ ਭਈ ਦ੍ਰਿੜ ਸਮਾਧ ਅਨਹਦ ਅਨਰਾਗੀ॥ ੭੪॥

॥ **ਦੋਹਰਾ** ॥

ਅੰਮ੍ਰਿਤਸਰ ਟੁਬਕੀ ਲਈ ਪਾਇ ਰਤਨ ਨਿਜ ਰੂਪ॥
ਪੁਨਿ ਖੁਲੇ ਨੈਨ ਸਤਗੁਰ ਨਿਰਖ ਉਸਤਤ ਕਰੀ ਅਨੂਪ॥ ੭੫॥

॥ **ਸਤਗੁਰ ਉਸਤਤ ਭੀਖਾ ਬਾਚ** ॥

॥ **ਸ੍ਵੈਯਾ** ॥

ਗੁਰੂ ਗਿਆਨ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥
ਕਾਮ ਕ੍ਰੋਧ ਵਸਿ ਕਰੈ ਪਵਨ ਉਡੰਤ ਨ ਧਾਵੈ॥
ਨਿਰੰਕਾਰ ਕੇ ਵਸੈ ਦੇਸ ਹੁਕਮੁ ਬੁਝ ਬੀਚਾਰ ਪਾਵੈ॥
ਕਲ ਮਾਹਿ ਰੂਪ ਕਰਤਾ ਪੁਰਖੁ ਸੋ ਜਾਨੈ ਜਿਨਿ ਕਛੁ ਕੀਅਓ॥
ਗੁਰ ਮਿਲਿਓ ਸੋਇ ਭਿਖਾ ਕਹੈ ਸਹਜਿ ਰੰਗ ਦਰਸਨ ਦੀਅਉ॥ ੧॥

॥ **ਸਵੈਯਾ** ॥[3]

ਰਹਿਓ ਸੰਤ ਹਉ ਟੋਲ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹੁ ਮੁਖਹੁ ਇਹ ਪੰਡਿਤ ਮਿਠੇ॥
ਬਰਸ ਏਕ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹੀਆ[4] ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿਨਾਮ ਛੋਡ ਦੂਜੇ ਲਗੇ ਤਿਨ ਕੇ ਗੁਨ ਹਉ ਕਿਆ ਕਹਉ॥
ਗੁਰ ਦਯਿ ਮਿਲਾਯਉ ਭਿਖਿਆ ਜਿਉ ਤੂੰ ਰਖਹਿ ਤਿਉ ਰਹਉ॥ ੨॥
ਦੁਇ ਸਵੈਯਾ ਉਸਤਤ ਕੀਆ॥

---

[1] ਪੂਰਨ (ਅ)
[2] ਬਿਚਾਰਾ (ੳ,ਅ,ੲ)
[3] ਇੱਥੇ ਸਿਰਲੇਖ '॥ਸਵੈਯਾ॥' ਨਹੀਂ ਹੈ (ਅ)
[4] ਕਹਤੀਆ, (ੳ,ਅ,ੲ)

॥ ਚੌਪਈ ॥[1]

ਜਬ ਭੀਖਾ ਉਸਤਤਿ ਗੁਰ ਕਰੀ ॥ ਸੁਨ ਭਏ ਪ੍ਰਸਨ ਬਹੁ ਕਿਰਪਾ ਕਰੀ ॥
ਮਸਤਕ ਹਾਥ ਧਰ ਚਰਨ ਲਗਾਇਆ ॥ ਭਇਆ ਕ੍ਰਿਤਾਰਥ ਸਤਗੁਰ ਪਾਇਆ ॥ ੮੬ ॥
210/ੳ ਹੋਇ ਬਿਦਾ ਸੁਲ/ਤਾਨਪੁਰ ਗਇਆ ॥ ਨਿਜ ਸਰੂਪ ਦ੍ਰਿੜ ਇਸਥਿਤ ਭਇਆ ॥
ਪਰਮ ਭਗਤ ਪਦ ਸਤਗੁਰ ਦੀਨਾ ॥ ਗੁਰਮੁਖ ਸਿਖਨ ਮੌ ਲਿਖ ਲੀਨਾ ॥ ੮੭ ॥
ਸੁਲਤਾਨਪੁਰ ਬਹੁਤ ਸਿਖ ਪ੍ਰਭ ਤਾਰਾ ॥ ਸ੍ਰੀ ਮੁਖ ਕਹਿਓ ਭਗਤ ਭੰਡਾਰਾ ॥
ਅਰ ਡਲਾ ਸ੍ਰੀ ਮੁਖ ਕਹਿਓ ਬਖਾਨ ॥ ਕਹਾ ਸਤਗੁਰ ਰਤਨਨ ਕੀ ਖਾਨ ॥ ੮੮ ॥
ਅਨਕ ਸਿਖ ਗੁਰਮੁਖ ਤਹਾ ਭਏ ॥ ਗੁਰਮੁਖ ਨਾਮੇ ਮੋ ਲਿਖ ਲਏ ॥
ਭਾਈ ਗੁਰਦਾਸ ਜੀ ਕੀਆ ਉਚਾਰ ॥ ਪੜੇ ਸਿਖ ਉਤਰੇ ਭਵ ਪਾਰ ॥ ੮੯ ॥

॥ ਦੋਹਰਾ ॥

ਗੁਰਮੁਖ ਸਿਖਨ ਕੀ ਕਥਾ ਕਿਤ ਮੁਖ ਕਹੌ ਵਿਥਾਰ ॥
ਸੰਤ ਸੋਭਾ ਅਤਭੁਤ ਅਮਿਤ ਅੰਤ ਨ ਪਾਰਾਵਾਰ ॥ ੯੦ ॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[1] ਇੱਥੇ ਸਿਰਲੇਖ '॥ ਸਵੈਯਾ ॥' ਹੈ (ਸ)

[ਸਾਖੀ ਪਾਰੋ ਦੀ][1]

॥ਦੋਹਰਾ॥

ਭਾਈ ਪਾਰੋ ਆਦਿ ਲੇ ਮਿਲ ਬਹੁ ਸਿਖਨ ਸਤਗੁਰ ਪਾਸ॥
ਗੁਰਸਿਖਨ ਮਿਲਨੇ ਕੇ ਨਿਮਿਤ ਕਰੀ ਹਾਥ ਜੋੜ ਅਰਦਾਸ॥੧॥

॥ਚੌਪਈ॥

ਹੇ ਦੀਨ ਦਿਆਲ ਜੋ ਦਰਸਨ ਆਵੈਂ॥ਗੁਰ ਦਰਸ ਪਿਆਸ ਭਵ ਪਾਰ ਪਰਾਵੈਂ॥੨॥
ਅਰੁ ਸਿਖ ਸਿਖੁ ਗੁਰ ਧਾਰੇ ਪ੍ਰੇਮ॥ਬਢੇ ਭਗਤ ਹੋਇ ਪੂਰਨ ਨੇਮ॥
ਯਹ ਸੁਨ ਦਿਆਲ ਅਤ ਭਏ ਪ੍ਰਸੰਨ॥ਕਹਾ ਪਰਉਪਕਾਰੀ ਜਗ ਮੋ ਧੰਨ॥੩॥
ਜੋ ਤੁਮ ਚਿਤਵੀ ਮਮ ਚਿਤ ਸੋਈ॥ਬਿਸੋਏ ਕੇ ਦਿਨ ਆਵੈ ਸਭ ਕੋਈ॥
210/ਅ ਸਭ ਸਿਖਨ ਲਿਖ/ਦੇਹੁ ਪਠਾਹਿ॥ਸੁਨ ਸਭ ਆਵੈ ਪ੍ਰੇਮ ਬਢਾਇ॥੪॥
ਲਿਖ ਪਾਰੋ ਸਭ ਦੇਸ ਪਠਾਇਆ॥ਸੁਨ ਸਭ ਸੰਗਤ ਅਤ ਸੁਖ ਪਾਇਆ॥
ਸਭਹਨ ਬਿਸੋਆ ਦਿਨ ਮਨ ਸਰਸਨ॥ਬਾਡੇ ਭਾਗ ਪਾਵੈ ਗੁਰ ਦਰਸਨ॥੫॥

॥ਦੋਹਰਾ॥

ਗੋਬਿੰਦਵਾਲ ਗੋਇੰਦ ਰਚਿਓ ਤਬ ਕਰੀ ਗੁਰ ਪਹਿ ਅਰਦਾਸ॥
ਹੋਇ ਨਿਮ੍ਰਭੂਤ ਬਿਨਤੀ ਕਰੀ ਤਬ ਸਤਗੁਰ ਕੀਨਾ ਬਾਸ॥੬॥

॥ਚੌਪਈ॥

ਤਾ ਕੇ ਸੁਤ ਪੀਛੇ ਜੋ ਰਹੇ॥ਸਤਗੁਰ ਮਹਮਾ ਕੋ ਨਹੀ ਚਹੇ॥
ਮਤ ਮਲੀਨ ਮਿਥਿਆ ਅਭਮਾਨੀ॥ਸਤਗੁਰ ਸੋ ਇਹ ਭਾਂਤ ਬਖਾਨੀ॥੭॥
ਜੋ ਨਗਰ ਹਮਾਰੇ ਬਾਸਾ ਕੀਜੇ॥ਕਛੁ ਸਿਰਦਾਰੀ ਹਮ ਕੌ ਦੀਜੇ॥
ਤਿਨ ਕਹਿਓ ਦਿਆਲ ਲੰਗਰ ਮੋ ਜਾਵੋ॥ਜੋ ਅਨ ਚਹੋ ਊਹਾ ਤੇ ਲੇ ਜਾਵੋ[2]॥੮॥
ਪੁਨ ਕਹੇ ਮਤਮੰਦ ਮਾਇਆ ਹਮ ਦੀਜੈ॥ਜਾ ਤੇ ਹਮ ਕੋ ਸਾਂਤ ਪਤੀਜੈ॥
ਪੁਨਿ ਕਹੀ ਦਿਆਲ ਤਿਨ ਦੇਖ ਕੁਚਾਲ॥ਅਠਵੇ ਦਿਨ ਧਨੁ ਲੇਹੁ ਬਿਸਾਲ॥੯॥
ਦਈਵ ਸੰਜੋਗ ਨਬਾਬ ਕੋਊ ਆਇਆ॥ਗੋਇੰਦਵਾਲ ਤਿਨ ਡੇਰਾ ਪਾਇਆ॥
ਡੇਰੇ ਮੋ ਨਿਸ ਚੋਰੀ ਭਈ॥ਲਦੀ ਖਚਰ ਮਾਇਆ ਕੀ ਗਈ॥੧੦॥

॥ਦੋਹਰਾ॥

ਤਬ[3] ਸੁਨ ਨਬਾਬ ਐਸੇ ਕਹਿਓ ਚੌਧਰੀ ਲੇਹੁ ਬੁਲਾਇ॥
ਜੋ ਧਨ ਚੋਰੀ ਨਿਕਸੇ ਨਹੀ ਫਾਸੀ ਦੇਵੋ ਤਾਹਿ॥੧੧॥

॥ਚੌਪਈ॥

ਤਬ ਗਏ ਪਿਆਦੇ ਤਿਨਹਿ ਬੁਲਾਵੈਂ॥ਜਾਨਾ ਤਿਨ ਖਿਲਕਤ ਹਮ ਪਾਵੈਂ॥
ਪਹਰ ਬਸਤ੍ਰ ਸਭ ਹੋਇ ਇਕਤ੍ਰ॥ਅਤ ਸੁਖ ਮਾਨ ਚਲੇ ਗੁਰ ਸਤ੍ਰ॥੧੨॥
ਸਨਮੁਖ ਜਾਇ ਮੁਜਰਾ ਸਭ ਕੀਨਾ॥ਕਹੇ ਨਬਾਬ ਮਮ ਧਨ ਤੁਮ ਲੀਨਾ॥
ਜੋ ਅਬ ਹਮ ਕੋ ਧਨ ਦੇਵੋ ਨਾਹੀ॥ਤੁਮ ਫਾਸੀ ਦੇਹ ਹਮ ਕੂਚ ਕਰਾਹੀ॥੧੩॥
211/ੳ ਬਹੁਤ ਕਹਾ ਧਨ ਨਿਕਸਿਓ ਨਾਹ॥ਤਿਨ ਕੀਓ ਕੂਚ ਦੇ ਫਾਸੀ ਤਾ/ਹਿ॥
ਗੋਇੰਦ ਕੀ ਇਸਤ੍ਰੀ ਤਬ ਜਾਨਾ॥ਇਸ ਸਤਗੁਰ ਸੌ ਕੀਨਾ ਅਭਮਾਨਾ॥੧੪॥
ਤਾ ਤੇ ਕੁਲ ਮਮ ਨਾਸ ਅਬ ਭਇਆ॥ਇਕ ਲੜਕਾ ਬਾਕੀ ਰਹਿ ਗਇਆ॥
ਵੈ ਕਰ ਬਿਚਾਰ ਸਤਗੁਰ ਪਹਿ ਗਈ॥ਲੇ ਲੜਕਾ ਚਰਨਨ ਪਰ ਪਈ॥੧੫॥

॥ਦੋਹਰਾ॥

ਤਿਨ ਅਤ ਅਧੀਨ ਬਿਨਤੀ ਕਰੀ ਹੇ ਗੁਰ ਸਦਾ ਕ੍ਰਿਪਾਲ॥
ਵੇ ਨਸਟ ਭਏ ਹਤਿਆ ਕਰੀ ਇਸੁ ਰਾਖੋ ਦੀਨ ਦਿਆਲ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਖਾਵੋ (ਅ)
[3] ਤਿਨ (ੳ,ਅ)

॥ ਚੌਪਈ॥

ਤਿਸ ਦੇਖ ਦਿਆਲ ਮਨ ਦਿਆ ਜਨਾਈ॥ ਸੰਤ ਸਦਾ ਸਭ ਕੇ ਸੁਖਦਾਈ॥
ਹੋਇ ਦਿਆਲ ਯਹ ਬਚਨ ਬਖਾਨਾ॥ ਇਸ ਏ[1] ਸੋ ਹੋਇ ਪੁਨ ਕੁਲ ਪਰਮਾਨਾ॥੧੭॥
ਵੇ ਲੇ ਅਸੀਸ ਨਿਜ ਗ੍ਰਿਹ ਕੋ ਗਈ॥ ਜਿਮ ਸੂਕੇ ਖੇਤ ਮੋ ਮੇਘ ਬਰਖਈ॥
ਸੰਤਨ ਕੇ ਸਦ ਪਰਉਪਰਕਾਰਾ॥ ਜਿਮ ਬਰਖਾ ਸਮ ਬਰਖਨਹਾਰਾ॥੧੮॥
ਮਨ ਤਨ ਕੀ ਸਭ ਅਗਨ ਬੁਝਾਈ॥ ਸਤਗੁਰ ਕੋ ਪਰਸੰਸਤ ਭਈ॥[2]
ਜੋ ਨਗ੍ਰ ਮਾਹ ਮਤਮੰਦ ਅਗਿਆਨੀ॥ ਤਾ ਕੇ ਮਨ ਇਹ ਭਲੀ ਨ ਮਾਨੀ॥੧੯॥
ਤਬ ਲਗ ਬਿਸੋਏ ਕਾ ਦਿਨ ਆਵਾ॥ ਸਭ ਸਿਖਨ ਮਨ ਭਇਆ ਬਧਾਵਾ॥
ਦੇਸ ਦੇਸ ਮਿਲ ਹੋਇ ਇਕਤ੍ਰ॥ ਮਿਲ ਦਰਸਨ ਆਏ ਸਤਗੁਰ ਮਿਤ੍ਰ॥੨੦॥
ਮਹਾ ਅਨੰਦ ਗੁਰ ਦਰਸਨ ਪਾਵਾ॥ ਪੁਨਿ ਸਿਖ ਪਰਸਪਰ ਭਇਆ ਮਿਲਾਵਾ॥
ਮਿਲ ਸਤਗੁਰ ਕੀ ਮਹਮਾ ਕਰੇਂ॥ ਕਰ ਭਗਤ ਪਰਸਪਰ ਪ੍ਰੇਮ ਸੰਚਰੇ॥੨੧॥

॥ ਦੋਹਰਾ॥

ਸ੍ਰੀ ਗੁਰੂ ਰਾਮਦਾਸ ਜੀ ਤਹ ਰਹੇਂ ਤਬ ਜੇਠਾ ਜੀ ਕਹੇਂ ਨਾਮੁ॥
ਸਹਜ ਪ੍ਰੀਤ ਗੁਰ ਸੌ ਸਦਾ ਸਭ ਜਗ ਕੇ ਅਭਰਾਮ॥੨੨॥

॥ ਚੌਪਈ॥

ਪੂਛੈ ਦਿਆਲ ਜੇਠਾ ਜੀ ਕਹਾਂ॥ ਬਲੂ ਕਹੈ ਸਭ ਸੰਗਤ ਜਹਾਂ॥
211/ਅ /ਸਭ ਸੰਗਤ ਕੀ ਸੇਵਨ ਕਰੇ॥ ਜੋ ਚਲੇ ਸੋ ਬਿਧ ਅਨਸਰੇ॥੨੩॥
ਅਰੁ ਸੰਗਤ ਕੋ ਸਭ ਭੋਗ ਭੁਗਾਵੈ॥ ਸੀਤਲ ਜਲ ਨਿਜ ਕਰ ਅਚਵਾਵੈ॥
ਹੋਇ ਉਸਨ ਤਬ ਪਖਾ ਕਰੇ॥ ਪ੍ਰਭ ਨਮਿਤ ਸੇਵਾ ਅਨਸਰੇ॥
ਯਹ ਸੁਨ ਦਿਆਲ ਅਤ ਭਏ ਪ੍ਰਸੰਨ॥ ਹੇ ਬਲੂ ਜੇਠਾ ਜਗ ਧੰਨ॥
ਸੰਤਾਨ ਪ੍ਰਜੰਤ ਜਗੁ ਤਿਸੇ ਪੁਜੈ ਹੈ॥ ਦੇ ਸਰਬ ਪਦਾਰਥ ਤਨ ਮਨ ਦੈ ਹੈਂ॥
ਜੋ ਜਗ ਮੋ ਮਮ ਸਿਖਨ ਸੇਵੈ॥ ਲੋਕ ਪਰਲੋਕ ਸਰਬ ਫਲੁ ਲੇਵੈ॥
ਜੇਠਾ ਜੀ ਮਮ ਸੇਵਾ ਗਤ ਜਾਨੇ[3]॥ ਨਹੀ ਕੋਊ ਜਗ ਮੋਹ ਤਿਨੇ ਸਮਾਨੇ॥੨੫॥

॥ ਦੋਹਰਾ॥

ਸੁਤਹ ਸਿਧ ਜਗ ਜਨਮ ਧਰ ਜੇਠਾ ਪ੍ਰਗਟੇ ਆਇ॥
ਜਬ ਪ੍ਰਗਟ ਪ੍ਰਕਾਸ ਜਗ ਮੈ ਕਰੈ ਤਬ ਹੋਇ ਭਗਤ ਪ੍ਰਭਾਉ॥੨੬॥

॥ ਚੌਪਈ॥

ਬਹੁਤ ਸੰਗਤ ਤਹਾ ਭਈ ਇਕਤ੍ਰ॥ ਗੁਰ ਭਾਈ ਪ੍ਰੇਮੀ ਬਡ ਮਿਤ੍ਰ॥
ਸਿਖ ਸਿਖ ਕੌ ਗੁਰੂ ਰੂਪ ਕਰ ਸੇਵੈਂ॥ ਚਰਨ ਧੋਇ ਚਰਨਾਮ੍ਰਤ ਲੇਵੈਂ॥੨੭॥
ਸਗਲ ਨਗ੍ਰ ਕੀਰਤਨ ਧੁਨ ਹੋਇ॥ ਵਾਹਗੁਰੂ ਜਪ ਜਪੈ ਸਭ ਕੋਇ॥
ਦੇਖ ਪ੍ਰਭਾਵ ਸਤਗੁਰ ਬਡਿਆਈ॥ ਦੁਸਟ ਨਿੰਦਕ ਬਿਨ ਅਗਨ ਜਰਾਈ॥੨੮॥
ਖਤ੍ਰੀ ਬ੍ਰਹਮਨ ਜੋ ਅਗਿਆਨੀ॥ ਪਰਮ ਅਭਗਤ ਮਿਥਿਆ ਅਭਿਮਾਨੀ॥
ਤਿਨ ਬੈਠ ਸਕਲ ਮਿਲ ਮਸਲਤ ਕਰੀ॥ ਅਬ ਬਿਪ੍ਰਨ ਪਗ ਕੈਸੇ ਕੋਊ ਪਰੀ॥੨੯॥
ਖਤ੍ਰੀ ਧਰਮੁ ਨਸਟ ਸਭ ਕੀਨਾ॥ ਵਾਹਿਗੁਰੂ ਜਪੁ ਸਭ ਕੋ ਦੀਨਾ॥
ਚਾਰ ਵਰਨ ਕੋ ਇਕ ਮਤ ਕਰਾ॥ ਸਭ ਮਿਲ ਖਾਹਿ ਭ੍ਰਿਸਟਿ ਜਗ ਕਰਾ॥੩੦॥

॥ ਦੋਹਰਾ॥

ਚਾਰ ਬਰਨ ਮੇਲਾ ਭਇਆ ਭੋਜਨ ਕਰੇ ਇਕਤ੍ਰ॥
ਬਰਨ ਸੰਕਰ ਪਰਜਾ ਭਈ ਗਏ ਦੇਵ ਅਰੁ ਪਿਤ੍ਰ॥੩੧॥

॥ ਚੌਪਈ॥

212/ੳ ਮਿਲ ਖਤ੍ਰੀ ਬ੍ਰਹਮਨ ਮਸਲਤ ਸਾਧੀ॥ ਬਾਦ/ਸਾਹਿ ਪਹਿ ਗਏ ਫਿਰਾਦੀ॥
ਯਹ ਬਡੀ ਅਨੀਤ ਜਗਤ ਮੋ ਚਲੀ॥ ਮਿਰਜਾਦਾ ਚਾਰ ਬਰਨ ਕੀ ਟਲੀ॥੩੨॥
ਗਾਇਤ੍ਰੀ ਮੰਤ੍ਰ ਰਾਮ ਨਹੀ ਜਪੈ॥ ਵਾਹਿਗੁਰੂ ਕਾ ਥਾਪਨ ਥਪੈ॥

---

[1] ਏਕ (ੳ,ਅ,ੲ)
[2] ਇੱਥੇ 'ਸੰਤਨ ਕੇ ਸਦ..... ਪਰਸੰਸਤ ਭਈ॥' ਵਾਲੀ ਪੰਕਤੀ ਨਹੀਂ ਹੈ (ੳ)
[3] ਸਾਨੇ (ਸ)

ਜੁਗ ਚਾਰੇ ਐਸਾ ਨਹੀ ਭਇਆ॥ ਸੁਰਤ ਸਿੰਮ੍ਰਤ ਤਜ ਅਪਨਾ ਪੰਥ ਕੀਆ॥੩੩॥
ਹੇ ਬਾਦਸਾਹ ਅਕਬਰ ਸੁਲਤਾਨ॥ ਆਪੋ ਅਪਨਾ ਧਰਮੁ ਪਰਮਾਨ॥
ਕਰੋ ਅਦਾਲਤ ਹਮਰੀ ਆਜੁ॥ ਬਢੇ ਧਰਮ ਦ੍ਰਿੜ ਹੋਇ ਸੁ ਰਾਜ॥
ਸੁਨ ਬਾਦ ਤਿਨ ਕੀਆ ਦਿਲਾਸਾ॥ ਸਭ ਤੁਮ ਰਹੋ ਹਮਾਰੇ ਪਾਸਾ॥
ਮੈ ਭੇਜੋ ਲਿਖ ਫਕੀਰ ਇਹ ਬਾਤ॥ ਆਵੈ ਫਕਰ ਰਬ ਕੀ ਜਾਤ॥

॥ ਦੋਹਰਾ॥

ਤੁਮ ਤਾ ਸੌ ਸੰਬਾਦ ਕਰ ਜਬ ਪਾਵੋ ਮਨ ਪਰਤੀਤ॥
ਤਬ ਲਗ ਮੈ ਛੋਡੋ ਨਹੀ ਬਿਨ ਕੀਨੇ ਅਦਲ ਬਿਨੀਤ॥੩੬॥

॥ ਚੌਪਈ॥

ਤਬ ਬਾਦਸ਼ਾਹਿ ਲਿਖ ਪੈਕ ਪਠਾਇਆ॥ ਤਾਤਕਾਲ ਸਤਗੁਰ ਪਹਿ ਆਇਆ॥
ਜੋ ਲਿਖੀ ਕਥਾ ਸਤਗੁਰ ਪਹਿ ਸੁਨੀ॥ ਭਏ ਪ੍ਰਸਨ ਦਿਆਲ ਇਮ ਗੁਨੀ॥੩੭॥
ਤਬ ਜੇਠਾ ਜੀ ਪ੍ਰਭ ਲੀਆ ਬੁਲਾਇ॥ ਹੇ ਸੁਤ ਬਾਦਸਾਹ ਪੈ ਜਾਇ॥
ਖਤ੍ਰੀ ਬ੍ਰਹਮਨ ਭਏ ਫਿਰਆਦੀ॥ ਵਹਿ ਅਗਿਆਨੀ ਮਿਥਿਆ ਅਪਵਾਦੀ॥੩੮॥
ਤੁਮ ਜਾਇ ਕਰੋ ਤਾ ਸੌ ਸੰਬਾਦ॥ ਜੋ ਪੂਛੈ ਤਿਸੁ ਦੇਹੁ ਜਬਾਬੁ॥
ਤਬ ਜੇਠਾ ਜੀ ਚਰਨਨ ਗੁਰ[1] ਪਰੇ॥ ਪੂਨ ਮਾਥਾ ਟੇਕ ਹੋਇ ਸਨਮੁਖ ਖੜੇ[2]॥੩੯॥
ਹੇ ਸਤਿਗੁਰ ਦਿਆਲ ਹਮ ਕਛੂ ਨ ਜਾਨੈ॥ ਬਿਨ ਚਰਨ ਕਵਲ ਕਛੁ ਮਨ ਨਹੀ ਮਾਨੈ॥
ਗਾਇਤ੍ਰੀ ਮੰਤ੍ਰ ਸੰਧਿਆ ਸੁਭ ਕਰਮਾ॥ ਬਿਨੁ ਦਰਸਨ ਦਿਆਲ ਨ ਜਾਨੋ ਧਰਮਾ॥੪੦॥

॥ ਦੋਹਰਾ॥

ਜੋ ਆਗਿਆ ਸਤਿਗੁਰ ਕਰੈ ਕਹੋ ਤਹਾ ਸੋ ਜਾਇ॥
212/ਅ /ਸਭ ਬਿਧ ਪੂਰਨ ਸਤਗੁਰੂ ਰਾਖੋ ਭਗਤ ਪ੍ਰਭਾਇ॥੪੧॥

॥ ਚੌਪਈ॥

ਸੁਨ ਸੁਤ ਤੁਮੈ ਕਹੌ ਸਮਝਾਇ॥ ਜੋ ਕਹੋ ਕਰੋ ਸੋ ਊਹਾ ਜਾਇ॥
ਕਾਹੂ ਕੋ ਮਨ ਭੈ ਨਹੀ ਕਰਨਾ॥ ਜੋ ਪੂਛੈ ਉਤ੍ਰ ਦੇ ਮਨੁ ਭਰਨਾ॥੪੨॥
ਦਾਹਨੀ ਭੁਜਾ ਦੇਖ ਤੂ ਅਪਨੀ॥ ਮੈ ਸਭ ਬਿਦਿਆ ਤਾਂ ਪਰ ਥਪ ਥਪਨੀ॥
ਕੋਊ ਪ੍ਰਸਨ ਜੋ ਤੁਮ ਸੌ ਕਰੇ॥ ਵੈ ਪਾਇ ਪਰਤੀਤ ਚਰਨ ਤੁਮ ਪਰੇ॥੪੩॥
ਪਭ ਕੀਏ ਬਿਦਾ ਲਹੌਰ ਕੋ ਗਏ॥ ਨਿਜ ਗ੍ਰਿਹ ਜਾਇ ਪ੍ਰਾਪਤ ਭਏ॥
ਬਾਦਸਾਹ ਸਭ ਲੋਕ ਬੁਲਾਏ॥ ਖਤ੍ਰੀ ਬ੍ਰਹਮਨ ਸਭ ਮਿਲ ਆਏ॥੪੪॥
ਤਬ ਅਕਬਰ ਸਾਹ ਅਦਾਲਤ ਮੋ ਬੈਠੇ॥ ਤਬ ਖਤ੍ਰੀ ਬ੍ਰਹਮਨ ਆਏ ਐਠੇ॥
ਜੇਠਾ ਜੀ ਆਏ ਤਬ ਤਹਾਂ॥ ਅਦਾਲਤ ਮੋ ਬੈਠੇ ਸਭ ਜਹਾਂ॥੪੫॥

॥ ਦੋਹਰਾ॥

ਬਾਦਸਾਹ ਐਸੇ ਕਹੀ ਤੁਮ ਕਰੋ ਸਗਲ ਸੰਬਾਦ॥
ਬੂਝ ਧਰਮ ਨਿਜ ਦ੍ਰਿੜ ਕਰੋ ਮੇਟੋ ਬਾਦ ਬਿਬਾਦ॥੪੬॥

॥ ਚੌਪਈ॥

ਤਬ ਗਿਨ ਸਭ ਲੋਗਨ ਕੀਆ ਬਿਚਾਰਾ॥ ਅਕਬਰ ਆਗੇ ਕਰੀ ਪੁਕਾਰਾ॥
ਯਹ ਗੰਗਾ ਗਾਇਤ੍ਰੀ ਨਹੀ ਜਾਨੇ॥ ਅਪਨਾ ਕੀਆ ਆਪ ਹੀ ਮਾਨੇ॥੪੭॥
ਤਬ ਬਾਦਸਾਹ ਦੀਨਾ ਫੁਰਮਾਇ॥ ਹੇ ਜੇਠਾ ਗਾਇਤ੍ਰੀ ਪੜੋ ਸੁਨਾਇ॥
ਜੋ ਤੁਮ ਗਾਇਤ੍ਰੀ ਮੰਤ ਨ ਜਾਨੋ॥ ਤਬ ਧਰਮ ਡੰਡ ਅਪਨੇ ਪਰ ਮਾਨੋ॥੪੮॥
ਤਬ ਜੇਠਾ ਜੀ ਗੁਰ ਬਚਨ ਸਮਾਰਾ॥ ਭੁਜ ਦਾਹਿਨੀ ਨਿਜ ਨੈਨ ਨਿਹਾਰਾ॥
ਬੇਦ ਪੁਰਾਨ ਬਿਦਆ ਸਭ ਪਾਈ॥ ਗੁਰ ਬਚਨ ਮਹਾਤਮ ਕਹਿਓ ਨ ਜਾਈ॥
ਪੁਨਿ ਜੇਠਾ ਜੀ ਕਹਿਓ ਸੁਨਾਇ॥ ਸੁਨੀਏ ਆਦਲ ਅਕਬਰ ਸਾਹ॥
ਹਮ ਗਾਇਤ੍ਰੀ ਮੰਤ੍ਰ ਸਨਮੁਖ ਤੁਮ ਪੜੇ॥ ਯਹ ਪਾਪ ਪੁੰਨ ਇਨ ਕੇ ਸਿਰ ਚੜੇ॥੫੦॥

---

[1] ਪਰ (ਅ)
[2] ਖਰੇ (ੳ,ਅ)

॥ ਦੋਹਰਾ ॥

213/ੳ ਸਤਗੁਰ/ਮੂਰਤ ਹਿਰਦੇ ਧਰ ਜੇਠਾ ਜੀ ਕੀਆ ਉਚਾਰ ॥
ਮਾਨੋ ਬਿਰੰਚ ਨਿਜ ਮੁਖ ਪੜੇ ਪਰਮ ਛੰਤ ਸੁਖ ਸਾਰ ॥ ੫੧ ॥

॥ ਤੋਮਰ ਛੰਦ ॥

ਜਬ ਕੀਓ ਛੰਤ ਉਚਾਰ ॥ ਪ੍ਰਗਟੀ ਸੁ ਧੁਨ ਓਅੰਕਾਰ ॥
ਸੁਨ ਲੋਕ ਬਿਸਮੇ ਭਏ ॥ ਅਕਬਰ ਮਗਨ ਸੁਖ ਭਏ ॥ ੫੨ ॥
ਜਲ ਚਲਨ ਤੇ ਭਰਿਓ ਬੰਦ ॥ ਭਈ ਪਵਨ ਕੀ ਗਤ ਮੰਦ ॥
ਸੂਰਜ ਰਹਿਓ ਠਹਰਾਇ ॥ ਲੀਲਾ ਲਖੀ ਨਹੀ ਜਾਇ ॥ ੫੩ ॥
ਭਏ ਲੋਕ ਸੀਤਲ ਗਾਤ ॥ ਕਹਨੀ ਨ ਆਵੈ ਬਾਤ ॥
ਤਬ ਕਹਿਓ ਅਕਬਰ ਸਾਹੁ ॥ ਸਭ ਲੋਕ ਨਿਜ ਗ੍ਰਿਹ ਜਾਉ ॥ ੫੪ ॥
ਯਹ ਫਕਰ ਮੌਲਾ ਜਾਤ ॥ ਨਹੀ ਚਲੇ ਇਨ ਸੌ ਬਾਤ ॥
ਮੋਲਾ ਵਲੀ ਨਹੀ ਭੇਦ ॥ ਕਿਆ ਹੋਇ ਪੜਿਐ ਬੇਦ ॥ ੫੫ ॥

॥ ਦੋਹਰਾ ॥

ਸਗਲ ਲੋਗ ਝੂਠੇ ਭਏ ਅਕਬਰ ਦੇਖਿਆ ਤਾਹ ॥
ਤਿਨ ਪ੍ਰਬੋਧ ਕਾਰਨ ਕਹਿਓ ਨਿਜ ਮੁਖ ਏਕ ਉਪਾਇ ॥ ੫੬ ॥

॥ ਚੌਪਈ ॥

ਤਬ ਜੇਠਾ ਜੀ ਸੋ ਕਹਿਓ ਸੁਲਤਾਨ ॥ ਯਹ ਮੇਰਾ ਕਹਿਆ ਲੇਹੁ ਤੁਮ ਮਾਨ ॥
ਗੁਰੂ ਜੀ ਸੋ ਕਹ ਪ੍ਰੀਤ ਪ੍ਰਤੀਤ ॥ ਮੈ ਕਹੋ ਕਾਮੁ ਇਕ ਪਰਮ ਬਿਨੀਤ ॥ ੫੭ ॥
ਤੁਮਰਾ ਗੰਗਾ ਸੋ ਅਤ ਪ੍ਰੇਮ ॥ ਪ੍ਰੇਮ ਨੇਮ ਤੁਮਰੇ ਸਦ ਛੇਮ ॥
ਏਕ ਬਾਰ ਗੰਗਾ ਤੁਮ ਜਾਈਐ ॥ ਮੂਰਖ ਲੋਗਨ ਭਰਮ ਮਿਟਾਈਐ ॥ ੫੮ ॥
ਤੁਮ ਬਡੇ ਵਲੀ ਹੋ ਜਗ ਸੌ ਨਿਆਰੇ ॥ ਸੁਖਦਾਈ ਸਭ ਜਗ ਕੇ ਪਿਆਰੇ ॥
ਯਹ ਮੂਰਖ ਮਹਮਾ ਨਹੀ ਜਾਨੇ ॥ ਮੌਲਾ ਆਪ ਫਕਰ ਕੋ ਮਾਨੇ ॥ ੫੯ ॥
ਜੇਠਾ ਜੀ ਕੀਆ ਬਿਦਾ ਸੁਲਤਾਨ ॥ ਨਿਜ ਗ੍ਰਹ ਗਏ ਪੁਨ ਪਰਮ ਸੁਜਾਨ ॥
ਤਹਾ ਤੇ ਗੋਬਿੰਦਵਾਲ ਮਗ ਲੀਨਾ ॥ ਮਗ ਮੋ ਪ੍ਰੇਮ ਚਰਤ ਇਹ ਕੀਨਾ ॥ ੬੦ ॥

॥ ਦੋਹਰਾ ॥

213/ਅ /ਦੇਖ ਬਜਾਰ ਸੁੰਦਰ ਸੁਭਗ ਬਸਤ੍ਰ ਅਨੂਪ ਬਿਕਾਤ ॥
ਤਿਹ ਦੇਖ ਧਿਆਨ ਸਤਗੁਰ ਕਰਾ ਬਿਨ ਧਨ ਲੀਏ ਨ ਜਾਤ ॥ ੬੧ ॥

॥ ਚੌਪਈ ॥

ਤਹਾਂ ਜੇਠਾ ਜੀ ਧਿਆਨ ਗੁਰ ਧਰੇਂ ॥ ਬਸਤ੍ਰ ਭਾਵ ਗੁਰ ਅਰਪਨ ਕਰੇਂ ॥
ਲੇਹਿ ਬਸਤ੍ਰ ਸਤਗੁਰ ਪਹਰਾਵੈ ॥ ਜੋ ਧਨ ਹੋ ਤੋ ਖਰੀਦ ਲੇ ਜਾਵੈ ॥ ੬੨ ॥
ਬਸਤ੍ਰ ਦੇਖ ਪ੍ਰੇਮ ਬਹੁ ਕਰਾ ॥ ਵਹੀ ਪ੍ਰੇਮ ਸਤਗੁਰ ਮਨ ਫੁਰਾ ॥
ਜੋ ਗੁਹਜ ਪ੍ਰੇਮ ਜੇਠਾ ਜੀ ਕਰਾ ॥ ਸੋ ਪ੍ਰਗਟ ਸਭਾ ਸਤਗੁਰ ਬਿਸਥਰਾ ॥ ੬੩ ॥
ਪ੍ਰੇਮ ਬਸਤ੍ਰ ਜੇਠਾ ਪਹਰਾਵੈ ॥ ਸਭ ਅੰਗ ਪ੍ਰਭਾਉ ਸਤਗੁਰ ਦਿਖਲਾਵੈ ॥
ਸਭ ਦੇਖ ਸਿਖ ਅਚਰਜ ਮਨ ਕਰੈ ॥ ਕਿਉ ਨਿਜ ਅੰਗ ਹਾਥ ਪ੍ਰਭ ਧਰੈ ॥ ੬੪ ॥
ਹਾਥ ਜੋੜ ਸਿਖ ਸਭ ਪੂਛੈ ॥ ਕਿਹ ਭਾਉ ਬਸਤ੍ਰ ਪਹਰਨ ਕਰੈਂ ਛੂਛੈ ॥
ਪ੍ਰਭ ਗੁਹਜ ਪ੍ਰੇਮ ਕਰ ਪ੍ਰਗਟ ਸੁਨਾਵੈ ॥ ਮੋਹ ਪ੍ਰੇਮ ਬਸਤ੍ਰ ਜੇਠਾ ਪਹਰਾਵੈ ॥ ੬੫ ॥
ਵਹੀ ਭਾਵ ਬਸਤ੍ਰ ਤਨ ਕੋ ਪਹਰਾਵੇ ॥ ਬਸ ਪ੍ਰੇਮ ਹੋਇ ਕਰ ਭਾਉ ਦਿਖਾਵੇ ॥
ਜੇਠਾ ਜੀ ਮਮ ਪ੍ਰੇਮ ਰੰਗ ਰਸੇ ॥ ਤਾ ਤੇ ਸਦ ਹਿਰਦੇ ਮਮ ਬਸੇ ॥ ੬੬ ॥

॥ ਦੋਹਰਾ ॥

ਪੁਨਿ ਜੇਠਾ ਜੀ ਤਹਾ ਤੇ ਚੌਕ ਨਿਖਾਸ ਮੋ ਆਇ ॥
ਦੇਖਿਓ ਦੁਕਾਨ ਪਰ ਆਬ ਇਕ ਬੇ ਰੁਤ ਮੋਲ ਬਿਕਾਇ ॥ ੬੭ ॥

॥ ਤੋਮਰ ਛੰਦ ॥

ਵਹ[1] ਦੇਖ ਆਬ ਦੁਕਾਨ ॥ ਤਬ ਧਰਿਓ ਸਤਗੁਰ ਧਿਆਨ ॥
ਕਿਮ ਬਨੇ ਸੰਜੋਗ ॥ ਸਤਗੁਰ ਲਗੇ ਯਹ ਭੋਗ ॥ ੬੮ ॥
ਤਬ ਮੋਲ ਪੂਛਿਓ ਯਾਹ ॥ ਮਾਂਗਿਓ ਰੁਪਯਾ ਤਾਹ ॥
ਦੇ ਮੋਲ ਲੀਨਾ ਆਂਬ ॥ ਪੂਰਨ ਭਏ ਮਨ ਕਾਮ ॥ ੬੯ ॥
ਲੇ ਹਾਥ ਸੀਘਰ ਚਲੇ ॥ ਕੌਨੇ ਸਮੇ ਗੁਰ ਮਿਲੇਂ ॥
ਮਗ ਮਾਹ ਆਈ ਰਾਤ ॥ ਗੁਦਰੀ ਭਈ ਪ੍ਰਭਾਤ ॥ ੭੦ ॥
ਧਰ ਧਿਆਨ ਪ੍ਰਭ ਪੁਨ ਚਲੇ ॥ ਭੈਰੋਵਾਲ ਮੋ ਭਏ ਖਲੇ ॥
214/ੳ /ਨਿਕਟਾਇ ਗੋਬਿੰਦਵਾਲ ॥ ਜਿਹ ਬਸੇਂ ਦੀਨ ਦਿਆਲ ॥ ੭੧ ॥

॥ ਦੋਹਰਾ ॥

ਬਹੁਤ ਕਾਲ ਕਰ ਮੋ ਰਹਿਓ ਗਰਮੀ ਪਹੁਚੀ ਤਾਹ ॥
ਜਬ ਫੂਟ ਆਂਬ ਰਸ ਬਹਿ ਚਲਿਓ ਕਰ ਧਿਆਨ ਲੀਓ ਮੁਖ ਪਾਇ ॥ ੭੨ ॥

॥ ਚੌਪਈ ॥

ਜਬ ਫੂਟ ਆਂਬ ਕਰ ਸੌ ਬਹਿ ਚਲਾ ॥ ਤਬ ਉਲਟ ਪ੍ਰੇਮ ਏਕਤਾ ਮਿਲਾ ॥
ਲੀਆ ਆਂਬ ਨਿਜ ਮੁਖ ਤਬ ਪਾਇ ॥ ਆ ਸੰਕ ਮਿਟਾਇ[2] ॥ ੭੩ ॥
ਸਤਗੁਰ ਪ੍ਰੀਤ ਕਰ ਪ੍ਰਗਟ ਦਿਖਾਲੀ ॥ ਮੁਖ ਸੋ ਗੁਠਲੀ ਈਹਾਂ ਨਿਕਾਲੀ ॥
ਬਲੂ ਸ੍ਰੀ ਸਤਗੁਰ ਸੋ ਲੀਨੀ ॥ ਤਾਕ ਮਾਹਿ ਰਾਖ ਵਹ ਦੀਨੀ ॥ ੭੪ ॥
ਤਾਤਕਾਲ ਜੇਠਾ ਜੀ ਆਏ ॥ ਚਰਨਨ ਪਰੇ ਸਤਗੁਰ ਉਰਲਾਏ ॥
ਸਗਲ ਬਿਰਤੰਤ ਸਤਗੁਰ ਸੌ ਕਹਾ ॥ ਦੀਨ ਬੰਧ ਸੁਨ ਆਨੰਦ ਲਹਾ ॥ ੭੫ ॥
ਪ੍ਰਭ ਦੀਨ ਦਿਆਲ ਸਭ ਪੂਛ ਪੁਛਾਇਆ ॥ ਕਹੁ ਜੇਠਾ ਮੋ ਕੋ ਕਿਆ ਲਿਆਇਆ ॥
ਤਬ ਹਾਥ ਜੋੜ ਕਰ ਬਿਨੇ ਬਸੇਖੇ ॥ ਬਜਾਰ ਬਿਕਾਵਤ ਦੇਖੇ ॥ ੭੬ ॥
ਬਿਨ ਧਨ ਨ ਮਿਲੇ ਸੰਤੋਖ ਤਬ ਕੀਨਾ ॥ ਇਕ ਬੇ ਰੁਤ ਆਂਬ ਦੇਖਿਆ ਮੁਲ ਲੀਨਾ ॥
ਭੈਰੋਵਾਲ ਜਬ ਪਹੁਚਿਓ ਆਨ ॥ ਗਲਾ ਫੂਟਿਓ ਰਸੁ ਬਹਿਓ ਨਿਦਾਨ ॥ ੭੭ ॥

॥ ਦੋਹਰਾ ॥

ਜਬ ਫੂਟਾ ਫਲ ਆਂਬ ਕੋ ਤਬ ਉਪਜਿਆ ਅਬ ਗਿਆਨ ॥
ਨਿਜ ਮੁਖ ਮੈ ਡਾਰਿਓ ਤਬੀ ਕਰ ਸਰਬਗ ਸਤਗੁਰ ਧਿਆਨ ॥ ੭੮ ॥

॥ ਚੌਪਈ ॥

ਤਬ ਮੈ ਸਤਗੁਰ ਧਿਆਨ ਮਨ ਧਰਾ ॥ ਨਿਜ ਮੁਖ ਪਾਇਆ ਸੰਕ ਨ ਕਰਾ[3] ॥
ਸਭ ਘਟ ਪੂਰਨ ਸਤਗੁਰ ਦਿਆਲ ॥ ਸਰਧਾ ਰਾਖਨਹਾਰ ਕ੍ਰਿਪਾਲ ॥ ੭੯ ॥
ਪ੍ਰਭ ਸਦਾ ਲਗੇ ਸਤਗੁਰ ਸਭ ਭੋਗ ॥ ਕੌਨ ਬਸਤ ਅਚਰਜ ਜੋ ਸਤਗੁਰ ਜੋਗ ॥
214/ਅ ਤਬ ਪ੍ਰੇਮ ਮਗਨ ਪ੍ਰਭ ਬਚ/ਨ ਸੁਨਾਇਆ ॥ ਕਰ ਪ੍ਰੀਤ ਆਂਬ ਮੋ ਕੌ ਜੋ ਲਿਆਇਆ ॥ ੮੦ ॥
ਸੋ ਮੈ ਖਾਇ ਗੁਠਲੀ ਧਰ ਰਾਖੀ ॥ ਤਬ ਬਲੂ ਆਨ ਦਿਖਾਈ ਆਖੀ ॥
ਯਹ ਪ੍ਰੇਮ ਚਰਿਤ੍ਰ ਦੇਖ ਮਗਨਾਨੇ ॥ ਪੂਰਨ ਪਾਰਬ੍ਰਹਮ ਗੁਰ ਜਾਨੇ ॥ ੮੧ ॥
ਹਾਥ ਜੋੜ ਚਰਨਨ ਸਿਰ ਧਰੇ ॥ ਸਤਗੁਰ ਲੀਲਾ ਲਖੀ ਨ ਪਰੇ ॥
ਜੋ ਪ੍ਰੇਮ ਖੇਲ ਸਤਗੁਰ ਸੌ ਖੇਲੈ ॥ ਤਾ ਕੋ ਨਿਜ ਪਦ ਸਤਗੁਰ ਮੇਲੈ[4] ॥ ੮੨ ॥

॥ ਦੋਹਰਾ ॥

ਯਹ ਪ੍ਰੇਮ ਪ੍ਰਕਾਸ ਸਤਗੁਰ ਕਰਾ ਧਰ ਜਗ ਸੁੰਦਰ ਭਾਇ ॥
ਜੋ ਪੜੇ ਸੁਨੇ ਗੁਰਸਿਖ ਮਨ ਧਰੇ ਸਤਗੁਰ ਮਾਹਿ ਸਮਾਇ ॥ ੮੩ ॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

---

[1] ਉਹੀ (ਅ)
[2] ਲੀਆ ਆਂਬ ਨਿਜ ਮੁਖ ਤਬ ਪਾਇ ॥ ਗੁਰ ਭੋਗ ਲਗਾਇਆ ਸੰਕ ਮਿਟਾਇ ॥ (ੳ,ਅ,ੲ,ਸ)
[3] ਧਰਾ (ਅ)
[4] ਸਤਗੁਰ ਤਾ ਕੋ ਨਿਜ ਪਦ ਮੇਲੈ ॥ (ਅ)

[ਸਾਖੀ ਸਤਗੁਰੂ ਜੀ ਦੁਆਰਾ ਸੰਸਾਰ ਉਧਾਰਨ ਲਈ ਤੀਰਥ ਜਾਤ੍ਰਾ ਕਰਨਾ][1]

॥ਸੋਰਠਾ॥

ਗੁਰ ਦਰਸਨ ਪਰਬੁ ਅਭੀਚ ਪੁੰਨਿ ਰੂਪ ਤੀਰਥ ਜਗਤ॥
ਤਾ ਕੋ ਜਨਮ ਨ ਮੀਚ ਜਿਨ ਸਤਗੁਰ ਦਰਸਨ ਪਰਸਿ॥੧॥

॥ਚੌਪਈ॥

ਸਤਗੁਰ ਤੀਰਥ ਅਪਰ ਅਪਾਰਾ॥ਚਲੇ ਪ੍ਰਵਾਹੁ ਗਿਆਨ ਤਿਤ ਬਾਰਾ॥
ਭਗਤ ਮੁਕਤ ਸੋਹੈ ਆਚਾਰੇ॥ਗੁਰ ਬਚਨ ਨਾਵ ਚੜਿ ਸਿਖ ਹੋਇ ਪਾਰੇ॥੨॥
ਪ੍ਰੇਮ ਰੂਪ ਖੇਵਟ ਤਿਸ ਖੇਵੈ॥ਵੇ ਤਨ ਮਨ ਤਹਾਂ ਮਜੂਰੀ ਲੇਵੈ॥
ਹਰਿ ਕੀਰਤਨ ਜਬ ਚਲੇ ਬਿਆਰ॥ਬਿਨੁ ਪ੍ਰਿਆਸ ਨਾਵ ਹੋਇ ਪਾਰ॥੩॥
ਮੁਕਤ ਘਾਟ ਨਾਵ ਜਬ ਲਾਗੀ॥ਪਾਪ ਪੁੰਨ ਕੀ ਇਛਿਆ ਭਾਗੀ॥
ਤਹਾ ਧਰਮ ਅਧਰਮ ਜਗਾਤੀ ਨਾਹੀ॥/ਉਹਾ ਰਾਮ ਰਾਜੁ ਸਹਜਿ ਸੁਖ ਆਹੀ॥੪॥
215/ੳ ਜੋ ਸਤਿਗੁਰ ਤੀਰਥ ਕਰੇ ਸਨਾਨ॥ਦਿੜ ਭਗਤ ਕਰੈ ਪਾਵੈ ਨਿਰਬਾਨ॥
ਗੁਰ ਸਰ ਮਹਮਾ ਨਹੀ ਜਾਤ ਬਖਾਨੀ॥ਜਿਸ ਹੋਇ ਪ੍ਰਾਪਤ ਸੋਈ ਜਾਨੀ॥

॥ਸੋਰਠਾ॥[2]

ਗੁਰ ਭਗਤ ਅਰਾਰੇ ਘਾਟ ਤੇ ਚੜ ਬਚਨ ਨਾਉ ਹੋ[3] ਪਾਰ॥
ਖੇਵਟ ਪ੍ਰੇਮ ਹਰ ਜਸੁ ਬਿਆਰ ਲਗ ਪਹੁਚੇ ਮੁਕਤ ਕਿਨਾਰ॥੬॥

॥ਚੌਪਈ॥

ਸਤਗੁਰ ਧਰ ਮਨ ਪਰਉਪਕਾਰ॥ਤੀਰਥ ਜਾਤ੍ਰਾ ਕੀਆ ਬਿਚਾਰ॥
ਸੁਨ ਸੰਗਤ ਸਿਖ ਸਗਲ ਜੁਰ ਆਏ॥ਆਇ ਹਜੂਰ ਗੁਰ ਦਰਸਨ ਪਾਏ॥੭॥
ਗ੍ਰਹ ਲੋਕ ਸੰਗ ਸਭ ਭਏ ਤਿਆਰ॥ਮਹਾ ਪਰਬੁ ਹੂਆ ਸੁਖਸਾਰ॥
ਪ੍ਰਿਥਮ ਕੁਰਖੇਤ੍ਰ ਕੋ ਸਤਗੁਰ ਚਲੇ॥ਸਭ ਭਜਨ ਕਰਤ ਸੰਗਤ ਮਗ ਢੁਲੇ॥੮॥
ਜੋ ਮਗ ਮੋ ਮਿਲੇ ਗੁਰ ਦਰਸਨ ਕਰੇ॥ਤਜੇ ਦੋਖ ਭਗਤ ਸੰਚਰੇ॥
ਕ੍ਰਿਪਾਸਿੰਧ ਪਹੁਚੇ ਕੁਰਖੇਤ॥ਵੈ ਤੀਰਥ ਬਡਾ ਧਰਮ ਕੋ ਸੇਤ॥੯॥
ਲੇ ਸੰਗਤ ਸਭ ਪ੍ਰਭ ਕੀਆ ਸਨਾਨ॥ਪੁਨ ਦਰਸਨ ਦੀਆ ਸਭ ਕੋ ਦਾਨ॥
ਅਤ ਸੁੰਦਰ ਦਰਸਨ ਸੁਖਸਾਰ॥ਗੁਰ ਦਰਸਨ ਭਵ ਉਤਰੇ ਪਾਰ॥੧੦॥

॥ਦੋਹਰਾ॥

ਸੁਨ ਜਾਤ੍ਰੀ ਸੰਤ ਮਹੰਤ ਸਭ ਪੰਡਿਤ ਬਿਦਿਆਚਾਰ॥
ਪ੍ਰਭ ਦਰਸਨ ਕਰ ਮਗਨ ਹੋਇ ਭਈ ਚਰਚਾ ਗਿਆਨ ਵਿਚਾਰ॥੧੧॥

॥ਚੌਪਈ॥

ਦਿਵ ਰੂਪ ਸੁੰਦਰ ਗੁਰ ਦੇਖਾ॥ਪਾਰਬ੍ਰਹਮ ਸਤਗੁਰ ਕਰ ਦੇਖਾ॥
ਜੋਗੀ ਬਡੇ ਦਿਗੰਬਰ ਜੇਤੇ॥ਪੰਡਿਤ ਬਿਦਿਆਚਾਰੀ ਕੇਤੇ॥੧੨॥
ਅਰੁ ਜੋ ਗੁਪਤ ਸੁਰ ਮੁਨ ਜਨ ਆਏ॥ਤਿਨ ਪਰਸਾਰਥ[4] ਗੁਰ ਦਰਸਨ ਪਾਏ॥
215/ਅ ਤਹਾ ਬਹੁਤ ਭਾਂਤ ਕੀ ਚਰਚਾ ਭਈ॥ਤਿਨ ਪਾਇ ਪ੍ਰਤਗਿਆ/ਨਿਸਚੇ ਲਈ॥੧੩॥
ਅਤ ਪ੍ਰਸੰਨ ਲੋਕ ਸਭ ਭਏ॥ਗੁਰ ਸਰੂਪ ਹਿਰਦੇ ਧਰ ਲਏ॥
ਸੋਭਾ ਅਮਿਤ ਲਿਖੀ ਨਹੀ ਜਾਇ॥ਬੇਦ ਕਤੇਬ ਅੰਤ ਨਹੀ ਪਾਇ॥੧੪॥
ਜਾਤ੍ਰਾ ਕੁਰਛੇਤ੍ਰ ਸਫਲੁ ਗੁਰ ਕਰਾ॥ਤਾ ਤੇ ਆਗੇ ਕਉ ਚਿਤ ਧਰਾ॥
ਚਲੇ ਸਿਖ ਸੰਗਤ ਸਭ ਨਾਲ॥ਹਰਿ ਕੀਰਤਨ ਧੁਨ ਹੋਤ ਬਿਸਾਲ॥੧੫॥

॥ਦੋਹਰਾ॥

ਆਗੇ ਕੋ ਸਤਗੁਰ ਚਲੇ ਜਮੁਨਾ ਕੋ ਮਗੁ ਲੀਨ॥
ਅਤ ਪਾਵਨ ਰਵ ਕੀ ਸੁਤਾ ਹਰਿ ਪ੍ਰਿਆ ਪਿਆਰੀ ਕੀਨ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਇੱਥੇ ਸਿਰਲੇਖ '॥ਦੋਹਰਾ॥' ਹੈ (ੳ,ਅ,ੲ,ਸ)
[3] ਹੋਇ (ੳ,ਅ,ੲ,ਸ)
[4] ਇੱਥੇ ਸਿਰਲੇਖ '॥ਪਰਮਾਰਥ॥' ਹੈ (ਅ)

॥ ਚੌਪਈ ॥

ਕਾਲਿੰਦ੍ਰੀ ਤਟ ਗਏ ਸਤਗੁਰ ਦਿਆਲ ॥ ਹਰਿ ਹਰਿ ਧੁਨ ਭਇਆ ਭਜਨ ਬਿਲਾਸ ॥
ਸਤਗੁਰ ਸੰਗ ਮਜਨ ਸਭ ਕਰੇ ॥ ਜਨਮ ਜਨਮ ਕੇ ਕਿਲਵਿਖ ਹਰੇ ॥੧੭॥
ਸੁਨੀ ਜਗਾਤੀ ਗੁਰ ਪਹਿ ਆਏ ॥ ਦਰਸਨ ਕੀਆ ਪੁਨਿ ਕਛੁ ਨ ਬਸਾਏ ॥
ਦੇਖ ਦਰਸ ਸਭ ਬਿਧ ਭੁਲ ਗਈ ॥ ਸਭ ਸੰਗਤ ਗੁਰ ਪਾਛੇ ਪਈ ॥੧੮॥
ਏਕ ਦਾਮ ਗੋਲਕ ਨਹੀ ਪਾਇਆ ॥ ਗੁਰ ਦਰਸਨ ਕਰ ਮਨ ਉਪਜੀ ਦਇਆ ॥
ਜੋ ਕੋਈ ਗੁਰ ਮਾਰਗ ਚਾਲੇ ॥ ਜਮ ਜਾਗਾਤੀ ਤਿਸੇ ਨ ਘਾਲੇ ॥੧੯॥

॥ ਦੋਹਰਾ ॥

ਜਿਨ ਜਿਨ ਗੁਰ ਦਰਸਨ ਕਰਾ ਪਾਇਆ ਪੁਨ ਪ੍ਰਮਾਨ ॥
ਜਗ ਤਾਰਨ ਕਾਰਨ ਰਚਿਓ ਸਤਿਗੁਰ ਕ੍ਰਿਪਾ ਨਿਧਾਨ ॥੨੦॥

॥ ਚੌਪਈ ॥

ਤਹਾ ਤੇ ਸਤਗੁਰ ਗੰਗਾ ਚਲੇ ॥ ਜਿਹ ਪਰਸਤ ਅਘ ਸਗ ਸਗਲੇ ਟਲੇ ॥
ਜਬ ਹਰਿ ਬਾਵਨ ਬਪੁ ਜਗ ਧਰਾ ॥ ਧਰਤੀ ਅਕਾਸ ਕੋ ਦੋਇ ਪਗ ਕਰਾ ॥੨੧॥
ਸਭ ਦੇਵਨ ਮਿਲ ਹਰਿ ਚਰਨ ਪਖਾਰਾ ॥ ਸੋ ਜਲੁ ਭਇਆ ਸੁਰਰੀ[1] ਧਾਰਾ ॥
ਹਰਿ ਚਰਨੋਦਕ ਗੰਗਾ ਭਈ ॥ ਲੇ ਬ੍ਰਹਮ ਕਮੰਡਲ ਮੋ ਧਰ ਦਈ ॥੨੨॥
216/ੳ /ਸਗੜ ਕੁਲ ਭਇਆ ਭਗੀਰਥ ਰਾਜਾ ॥ ਤਿਨ ਪਿਤ੍ਰ ਉਧਾਰਨ ਕੋ ਕੀਆ ਸਮਾਜਾ ॥
ਗੰਗਾ ਨਿਮਿਤ ਬਿਰੰਚ ਤਪ ਕਰਾ ॥ ਹੋਇ ਬਿਧ ਪ੍ਰਸੰਨ ਬਰ ਬਚਨ ਉਚਰਾ ॥੨੩॥
ਮੈ ਗੰਗਾ ਤੋ ਕੋ ਅਬ ਦੇਵੋ ॥ ਅਤ ਪ੍ਰਬਲ ਪ੍ਰਵਾਹ ਕੈਸੇ ਤੁਮ ਲੇਵੋ ॥
ਏਹੁ ਪ੍ਰਬਲ ਪ੍ਰਵਾਹ ਸੰਕਰ ਜੀ ਲੇਵੈ ॥ ਜੌ ਲੀਆ ਚਾਹੈ ਤੌ ਸੰਕਰ ਸੇਵੈ ॥੨੪॥
ਭਗੀਰਥ ਸੇਵਨ ਸਿਵ ਕਰਾ ॥ ਸਿਵ ਹੋਇ ਪ੍ਰਸੰਨ ਬਰ ਬਚਨ ਉਚਰਾ ॥
ਹੇ ਸੁਤ ਜਾਹੁ ਸੁਰਸਰੀ ਲੇ ਆਵੋ ॥ ਮੈ ਲੇਵੋ ਤਿਸ ਤੁਮ ਅਰਥ ਪੁਜਾਵੋ ॥੨੫॥

॥ ਦੋਹਰਾ ॥

ਭਾਗੀਰਥ ਬ੍ਰਹਮਾ ਪੈ ਗਇਓ ਉਸਤਤ ਕਰੀ ਬਹੁ ਭਾਂਤ ॥
ਕਮੰਡਲ ਸੌ ਗੰਗਾ ਦਈ ਚਲੀ ਤੇਜ ਰਵਿ ਕ੍ਰਾਂਤ ॥੨੬॥

॥ ਚੌਪਈ ॥

ਭਾਗੀਰਥ ਬ੍ਰਹਮਾ ਸੋ ਲਿਆਏ ॥ ਲੇ ਜਟਾ ਮਾਹਿ ਸਿਵ ਮੂੰਦ[2] ਰਖਾਏ ॥
ਭਇਆ ਅਨੰਦ ਸਿਵ ਨੈਨ[3] ਖੋਲੇ ॥ ਪੁਨ ਬਹੁ ਤਪੁ ਕਰਾ ਦਿਆਲ ਹੋਇ ਬੋਲੇ ॥੨੭॥
ਸਿਵ ਦੀਆ ਗੰਗਾ ਧਾਰਾ ਹੋਇ ਚਲੀ ॥ ਭਈ ਮਾਤ ਲੋਕ ਬਿਧ ਤਾਰਨ ਭਲੀ ॥
ਆਗੇ ਭਾਗੀਰਥ ਪਾਛੇ ਗੰਗਾ ॥ ਆਇ ਬ੍ਰਹਮ ਕੁੰਡ ਭਇਆ ਚਲਤ ਅਭੰਗਾ ॥੨੮॥
ਇਕ ਮੁਨੀ ਤਹਾਂ ਸੋਏ ਥੇ ਪਰੇ ॥ ਤਿਨ ਸਭ ਗੰਗਾ ਆਚਮਨ ਕਰੇ ॥
ਭਾਗੀਰਥ ਪੁਨ ਤਿਸ ਉਸਤਤ ਕੀਨਾ ॥ ਤਿਨ ਹੋਇ ਦਿਆਲ ਸੁਰਸਰੀ ਦੀਨਾ ॥੨੯॥
ਜਾਨੂ ਫੋੜ ਪ੍ਰਗਟ ਤਿਨ ਕਰੀ ॥ ਜਾਨਵੀ ਸੰਙਿਆ ਤਹਾਂ ਤੇ ਪਰੀ ॥
ਲੇ ਗੰਗਾ ਤਹਾ ਭਗੀਰਥ ਗਏ ॥ ਜਹਾ ਅਵਗਤ ਭਸਮ ਹੋਇ ਪਏ ॥੩੦॥

॥ ਦੋਹਰਾ ॥

ਸਭ ਪਿਤ੍ਰਨ ਕੀ ਗਤ ਕਰੀ ਭਇਆ ਤੀਨ ਲੋਕ ਜੈਕਾਰ ॥
ਮਾਤ ਲੋਕ ਪਾਵਨ ਕਰਿਓ ਇਹ ਗੰਗ ਮਹਾਤਮ ਸਾਰ ॥੩੧॥

216/ਅ /॥ ਚੌਪਈ ॥

ਸੋ ਗੰਗਾ ਸਤਗੁਰ ਕੋ ਪਿਆਰੀ ॥ ਤੀਨ ਲੋਕ ਤਾਕੇ ਅਧਿਕਾਰੀ ॥
ਬਹੁਤੇ ਲੋਕ ਚਲੇ ਗੁਰ ਸੰਗਾ[4] ॥ ਮਗ ਮੋ ਧੁਨ ਹੋਤ ਅਭੰਗਾ[5] ॥੩੨॥
ਪਹੁਚੇ ਪ੍ਰਭ ਗੰਗਾ ਕੇ ਤੀਰ ॥ ਪਾਵਨ ਤੀਰਥ ਅੰਮ੍ਰਿਤ ਨੀਰ ॥

---

[1] ਸੁਰਸਰੀ (ਅ)
[2] ਮੂੰਡ (ਅ)
[3] ਨੈਨਨ (ੳ,ੲ,ਸ)
[4] ਸੰਗ (ੳ,ਹ), ਸੰਗੀ (ਅ)
[5] ਅਭੰਗ (ੳ,ੲ), ਅਭੰਗੀ (ਅ)

ਅਤਭੁਤ ਸਰੂਪ ਨਿਰਖ ਗੁਰ ਦਿਆਲ॥ ਦੇਖ ਲੋਕ ਸਭ ਭਏ ਨਿਹਾਲ॥੩੩॥
ਜਾਗਾਤੀ ਸਭ ਦਰਸਨ ਆਏ॥ ਦਰਸ ਦੇਖ ਮਨ ਪ੍ਰੇਮ ਬਢਾਏ॥
ਕਾਹੂ ਸੋ ਜਾਗਾਤ ਨਹੀ ਲੀਨੀ॥ ਪ੍ਰਭ ਦਰਸਨ ਕਰ ਭਏ ਅਧੀਨੀ॥੩੪॥
ਗੁਰ ਮੋਹਨ ਰੂਪ ਸ੍ਰਿਸਟਿ ਸਭ ਮੋਹੀ॥ ਬਿਨ ਦਰਸਨ ਸਤਗੁਰ ਕਛੂ ਨ ਸੋਹੀ॥
ਮਿਲ ਪ੍ਰਭ ਸੰਗ ਸਨਾਨ ਸਭ ਕੀਨਾ॥ ਵਾਹਗੁਰੂ ਜਪੁ ਮੁਖ ਜਪੁ ਲੀਨਾ॥੩੫॥

॥ ਦੋਹਰਾ ॥

ਗੁਰ ਦੀਨ ਦਿਆਲ ਮੱਜਨ ਕਰਿਓ ਸਭ ਸੰਗਤ ਲੇ ਸੰਗ॥
ਸ੍ਰੀ ਮੁਖ ਹਰਿ ਜਪ ਕਰਿਓ ਲੀਲਾ ਅਮਿਤ ਅਭੰਗ॥੩੬॥

॥ ਚੌਪਈ ॥

ਨਗ੍ਰ ਸਗਲ ਸੁਨ ਦਰਸਨ ਆਏ॥ ਸੰਤ ਮਹੰਤ ਅਤੀਤ ਸਬਾਏ॥
ਰਿਖ ਮੁਨ ਪੰਡਿਤ ਤੀਰਥ ਬਾਸੀ॥ ਸਭ ਆਏ ਗੁਰ ਦਸਨ ਜਗਿਆਸੀ॥੩੭॥
ਦਰਸਨ ਦੇਖ ਗੁਰ ਭਏ ਪ੍ਰਸੰਨ॥ ਕਹੇਂ ਧੰਨ ਧੰਨ ਸਤਗੁਰ ਧਨ ਧੰਨ॥
ਪੁਨ ਤਿਨ ਪ੍ਰਸਨ ਦਿਆਲ ਸੌ ਕਰਾ॥ ਤੁਮ ਸਤਗੁਰ ਸੰਙਿਆ ਜਗ ਮੋ ਧਰਾ॥੩੮॥
ਚਾਰ ਵਰਨ ਕੋ ਪੂਜ ਪੁਜਾਵੋ॥ ਕਾਹੂ ਕੋ ਮਸਤਕ ਨਹੀ ਨਿਆਵੋ॥
ਇਹ ਸੰਕਾ ਹਮਰੇ ਮਨ ਆਈ॥ ਕਰ ਦਇਆ ਬੁਝਾਵੋ ਸੰਕ ਮਿਟਾਈ॥੩੯॥
ਸੁਨ ਦਿਆਲ ਯਹ ਬਚਨ ਉਚਾਰਾ॥ ਤੁਮ ਪੰਡਤ ਬਿਦਿਆ ਕੇ ਆਧਾਰਾ॥
ਗੁਰ ਮਹਮਾ ਤੁਮ ਜਾਨੋ ਨਾਹੀ॥ ਸੋ ਜਾਨੇ ਜੋ ਗੁਰ ਭਗਤ ਕਮਾਹੀ॥੪੦॥

॥ ਦੋਹਰਾ ॥

217/ੳ ਸੁਕ ਪ੍ਰਹਲਾਦ ਸ੍ਰੀ ਰਾਮ/ ਜੀ ਜਾਨੇ ਸਤਗੁਰ ਭਾਉ॥
ਤੁਮ ਬਿਨ ਪੁਰਾਨ ਮਾਨੋ ਨਹੀ ਤੁਮਰੋ ਯਹੀ ਸੁਭਾਉ॥੪੧॥

॥ ਸਤਗੁਰ ਬਾਚ ॥

॥ ਮਧੁਭਾਰ ਛੰਦ ॥

ਸਿੰਬ੍ਰਤ ਲਿਆਉ॥ ਜਿਸ ਅਮਕ ਨਾਉ॥ ਮੈ ਕਹੋ ਭੇਦ॥ ਪੜ ਬੁਝੋ ਬੇਦ॥੪੨॥
ਧਰ ਭਈ ਭਾਰ॥ ਪਾਪਨ ਬਿਚਾਰ॥ ਮੁਨ ਰਿਖ ਬਿਲੋਕ॥ ਮਨ ਕੀਆ ਸੋਕ॥੪੩॥
ਗਏ ਹਰਿ ਕੀ ਸਾਮ॥ ਬੈਕੁੰਠ ਧਾਂਮ॥ ਕੀਨੀ ਪੁਕਾਰ॥ ਸੁਨ ਹਰਿ ਉਦਾਰ॥੪੪॥
ਤਿਨ ਦਈ ਧੀਰ॥ ਅਬ ਮਿਟੇ ਪੀਰ॥ ਧਰਹੌ ਉਤਾਰ॥ ਬਪ ਭਗਤ ਧਾਰ॥੪੫॥

॥ ਦੋਹਰਾ ॥

ਪ੍ਰਿਥਮ ਚਰਨ ਕਲਜੁਗ ਬਿਖੇ ਪੰਚ ਸਹੰਸ੍ਰ ਕੇ ਅੰਤ॥
ਧਰ ਸਤਗੁਰ[1] ਰੂਪ ਮੈਂ ਅਵਤਰੌ ਸਤਨਾਮ ਦੇ ਮੰਤ॥੪੬॥

॥ ਚੌਪਈ ॥

ਤਬ ਪੰਡਤ ਸਿੰਮ੍ਰਤ ਲੇ ਆਏ॥ ਸਤਗੁਰ ਤਾ ਕੋ ਭੇਦ ਦਿਖਾਏ॥
ਪੜ ਸਿੰਮ੍ਰਿਤ ਤਿਨ ਬੂਝਾ ਭੇਵ॥ ਸਤਿਗੁਰ ਆਦਿ ਨਿਰੰਜਨ ਦੇਵ॥੪੭॥
ਸਰਬ ਲੋਕ ਚਰਨਨ ਪਰ ਪਰੇਂ॥ ਬਿਧਵਤ ਪੂਜ ਪਰਸੰਸਤ ਕਰੇ॥
ਜੈ ਜੈਕਾਰ ਸਗਲ ਜਗ ਭਇਆ॥ ਪਾਰਬ੍ਰਹਮ ਸਤਿਗੁਰ ਨਿਰਮਇਆ॥੪੮॥
ਸਰਬ ਸੰਤ ਮਹੰਤ ਪੰਡਤ ਮਿਲ ਅਸਤੋਤਰ ਕਰਨੇ ਲਾਗੇ॥

॥ ਮਕਰਾ ਛੰਤ ॥

ਗੁਰ ਸੰਤ ਬਪੁ ਕ੍ਰਿਪਾਲੰ॥ ਧਰ ਭਗਤ ਸਕਤ ਪਾਲੰ॥
ਦੇ ਸਤਨਾਮ ਮੰਤ੍ਰ ਕਲਜੁਗ ਕੀਆ ਉਜਾਰਾ॥੪੯॥
ਜੈ ਜੈ ਪੁਰਾਨ ਗਾਵੈ॥ ਰਿਖ ਮੁਨ ਗੁਰੂ ਧਿਆਵੈ॥
ਗੁਰ ਵਚਨ ਦ੍ਰਿੜ ਸਮਾਧੰ ਓਅੰ ਸਬਦ ਉਚਾਰਾ॥੫੦॥
ਸ੍ਰਬੰ ਦਿਆਲ ਪੂਰਨ॥ ਦਸ ਪੰਚ ਦੋਖ ਚੂਰਨ॥
ਦੇ ਸਬਦ ਸੁਰਤ ਹਿਰਦੇ ਭਵ ਸਿੰਧ ਪਾਰ ਉਤਾਰਾ॥੫੧॥
ਦੀਜੈ ਸਰਨ ਦਿਆਲਾ॥ ਦੁਖ ਹਰਨ ਜਨਮ ਕਾਲਾ॥

---

[1] ਮਤਗੁਰ (ਸ)

217/ਅ ਪ੍ਰਭ ਬ੍ਰਿਦ ਪਤਿਤ ਤਾਰਨ ਜਗ/ਸਿਧ ਰੂਪ ਧਾਰਾ॥੫੨॥

॥ਦੋਹਰਾ॥

ਸਕਲ ਲੋਕ ਉਸਤਤ ਕਰੀ ਸਤਗੁਰ ਭਏ ਦਿਆਲ॥
ਤਿਨ ਕੋ ਪ੍ਰੀਤ ਪ੍ਰਤੀਤ ਦੇ ਸਭ ਦੀਆ ਪ੍ਰਤਛ ਦਿਖਾਲ॥੫੩॥

॥ਚੌਪਈ॥

ਪ੍ਰੀਤ ਸਨਾਤਨ ਪ੍ਰਭ ਦ੍ਰਿੜ ਚਿਤ ਧਾਰ॥ਰਾਖਾ ਗੰਗਾ ਕਾ ਅਧਕਾਰ[1]॥
ਤਬ ਗੰਗ ਪ੍ਰਵਾਹ ਸੰ ਗੁਰ ਲੀਨਾ॥ਜਗ ਸੌ ਅਲੋਪ ਸੂਛਮ ਤਿਸ ਕੀਨਾ॥੫੪॥
ਤਬ ਬਲੂ ਸੌ ਪ੍ਰਭ ਕਹਾ ਉਚਾਰ[2]॥ਮੈ ਤੀਰਥ ਕਰਨਾ ਪ੍ਰਗਟ ਸੰਸਾਰ॥
ਬਾਵਲੀ ਤੀਰਥ ਪ੍ਰਗਟ ਜਬ ਕਰੌ॥ਇਹ ਪ੍ਰਵਾਹ ਗੰਗਾ ਕਾ ਤਾ ਮੋ ਧਰੌ॥੫੫॥
ਪੁਨ ਦੀਨ ਦਿਆਲ ਗੰਗਾ ਸੋ ਚਲੇ॥ਸਭ ਜਗ ਕੇ ਜੋਗੀ ਸਿਧ ਮਿਲੇ॥
ਗੁਰ ਦਰਸਨ ਭਈ ਪ੍ਰੇਮ ਪ੍ਰਤੀਤ॥ਤਜ ਅਭਿਮਾਨ ਭਈ ਭਗਤ ਬਿਨੀਤ॥੫੬॥
ਸਭ ਤੀਰਥ ਪਾਵਨ ਗੁਰ ਕੀਨੇ॥ਪ੍ਰਭ ਦਿਆਲ ਦਰਸਨ ਸਭ ਦੀਨੇ॥
ਭਗਤ ਬੀਜ ਸਭ ਕੇ ਮਨ ਬੋਇਆ॥ਕਰਾ ਪ੍ਰਕਾਸ ਤਿਮਰ ਜਗ ਖੋਇਆ॥੫੭॥

॥ਸੋਰਠਾ॥

ਆਏ ਗੋਬਿੰਦਵਾਲ ਤੀਰਥ ਜਾਤ੍ਰਾ ਕਰ ਪ੍ਰਭੂ॥
ਸਭ ਜਗ ਭਇਆ ਨਿਹਾਲ ਜਿਨ ਦਰਸਨ ਸਤਗੁਰ ਕਰਾ॥੫੮॥

॥ਦੋਹਰਾ॥

ਇਸੀ ਪ੍ਰਥਾਇ ਚੌਥੇ ਮਹਲ ਸ੍ਰੀ ਮੁਖ ਛੰਤ ਉਚਾਰ॥
ਸ੍ਰੀ ਗ੍ਰਿੰਥ ਜੀ ਮੋ ਲਿਖਓ ਰਾਗ ਤੁਖਾਰੀ ਧਾਰ॥੯॥

॥ਰਾਗ ਤੁਖਾਰੀ ਮਹਲਾ ੪॥[3]

॥ਛੰਤ ਸ੍ਰੀ ਮੁਖਵਾਕ॥

ਨਾਵਣ ਪੁਰਬ ਅਭੀਚ ਸਤਗੁਰ ਦਰਸ ਭਇਆ॥
ਦੁਰਮਤ ਮੈਲ ਗਈ ਅਗਿਆਨ ਅਧੇਰੁ ਗਇਆ॥
ਗੁਰ ਦਰਸ ਪਾਇਆ ਅਗਿਆਨੁ ਗਵਾਇਆ ਅੰਤਰ ਜੋਤਿ ਪ੍ਰਗਾਸੀ॥
218/ੳ ਜਨਮ ਮਰਨ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਅ/ਬਿਨਾਸੀ॥
ਹਰਿ ਆਪਿ ਕਰਤੇ ਪੁਰਬ ਕੀਆ ਸਤਿਗੁਰ ਕੁਲਖੇਤ ਨਾਵਣ ਗਇਆ॥
ਨਾਵਣ ਪੁਰਬੁ ਅਭੀਚ ਸਤਿਗੁਰ ਦਰਸ ਭਇਆ॥੧॥
ਮਾਰਗ ਪੰਥ ਚਲੇ ਗੁਰ ਸਤਿਗੁਰ ਸੰਗ ਸਿਖਾ॥
ਅਨਦਿਨ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ॥
ਹਰਿ ਹਰਿ ਭਗਤ ਬਣੀ ਪ੍ਰਭ[4] ਕੇਰੀ ਸਭ ਲੋਕ ਵੇਖਣ ਆਇਆ॥
ਜਿਨ ਦਰਸ ਸਤਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ॥
ਤੀਰਥ ਉਦਮ ਸਤਿਗੁਰੂ ਕੀਆ ਸਭੁ ਲੋਕੁ ਉਧਰਣ ਅਰਥਾ॥
ਮਾਰਗ ਪੰਥ ਚਲੇ ਗੁਰ ਸਤਗੁਰ ਸੰਗ ਸਿਖਾ॥੨॥
ਪ੍ਰਥਮ ਆਏ ਕੁਰਖੇਤ ਗੁਰ ਸਤਗੁਰ ਪੁਰਬ ਹੋਆ॥
ਖਬਰ ਭਈ ਸੰਸਾਰ ਆਏ ਤ੍ਰਈ ਲੋਆ॥
ਦੇਖਣ ਆਏ ਤੀਨ ਲੋਕ ਸੁਰ ਨਰ ਮੁਨ ਜਨ ਸਭਿ ਆਇਆ॥
ਜਿਨ ਪਰਸਿਆ ਗੁਰ ਸਤਗੁਰ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ॥
ਜੋਗੀ ਦਿਗੰਬਰ ਸੰਨਿਆਸੀ ਖਟ ਦਰਸਨ ਕਰਿ ਗੋਸਟਿ ਢੋਆ॥
ਪ੍ਰਥਮ ਆਏ ਕੁਰਖੇਤ ਗੁਰ ਸਤਗੁਰ ਪੁਰਬੁ ਹੋਇਆ॥੩॥
ਦੁਤੀ[5] ਜਮੁਨ ਗਏ ਗੁਰ ਹਰਿ ਹਰਿ ਜਮੁ ਕੀਆ॥

---

[1] ਪ੍ਰਭ ਪ੍ਰੀਤ ਸਨਾਤਨ ਦ੍ਰਿੜ ਚਿਤ ਧਾਰਾ॥ਰਾਖਾ ਗੰਗਾ ਕਾ ਅਧਕਾਰਾ॥ (ੳ,ਅ)
[2] ਬਿਚਾਰ (ੳ,ਅ)
[3] ਇੱਥੇ ਸਿਰਲੇਖ '॥ਰਾਗ ਤੁਖਾਰੀ ਮਹਲਾ ੪॥' ਨਹੀਂ ਹੈ (ਅ,ੲ)
[4] ਪ੍ਰਫ (ਸ)
[5] ਦੁਤੀਆ (ੳ)

ਜਗਾਤੀ ਮਿਲੇ ਦੇ ਭੇਟ ਗੁਰ ਪਿਛੇ ਲੰਘਾਇ ਦੀਆ॥
ਸਭ ਛੁਟੀ[1] ਸਤਿਗੁਰ ਪਿਛੈ ਜਿਨ ਹਰਿ ਹਰਿ ਨਾਮ ਧਿਆਇਆ॥
ਗੁਰ ਬਚਨ ਮਾਰਗ ਜੋ ਪੰਥ ਚਾਲੇ ਤਿਨ ਜਮੁ ਜਗਾਤੀ ਨੇੜ ਨ ਆਇਆ॥
ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭ ਛੁਟਕਿ ਗਇਆ॥
ਦੁਤੀਆ ਜਮੁਨ ਗਏ ਗੁਰ ਹਰਿ ਹਰਿ ਜਪਨੁ ਕੀਆ॥
ਤ੍ਰਿਤੀਆ ਆਏ ਸੁਰਸਰੀ ਤਹਿ ਕਉਤਕ ਚਲਤੁ ਭਇਆ॥
218/ਅ ਸਭ ਮੋਹੀ ਦੇਖ ਦਰਸਨੁ ਗੁਰ ਸੰਤ ਕਿ/ਨੈ ਆਢ ਨ ਦਾਮ ਨ ਲਇਆ॥
ਆਢ ਦਾਮ ਕਛੁ ਪਇਆ ਨ ਬੋਲਕ ਜਾਗਾਤੀ ਮੋਹਣ ਮੁੰਦਨ ਪਈ॥
ਭਾਈ ਹਮ ਕਰਹਿ ਕਿਆ ਕਿਸ ਪਾਸ ਮਾਗਹਿ ਸਭ ਭਜ ਸਤਗੁਰ ਪਿਛੈ ਪਈ॥
ਜਗਾਤੀਆ ਉਪਾਇ ਸਿਆਣਪ ਕਰਿ ਵੀਚਾਰ ਡਿਠਾ ਭੰਨ ਬੋਲਕ ਸਭ ਉਠ ਗਇਆ॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕ ਭਇਆ॥ [2]

॥ਦੋਹਰਾ॥

ਅਤ ਪਾਵਨ ਸਾਖੀ ਸੁਨੇ ਤੀਰਥ ਜਾਤ੍ਰਾ ਦਿਆਲ॥
ਮਹਮਾ ਅਮਿਤ ਪਾਵਨ ਸੁ ਜਸੁ ਹੋਵੇ ਸਿਖ ਨਿਹਾਲ॥੬॥

॥ਸਾਖੀ ਪੂਰਨ ਹੋਈ॥੮੯॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੈਏ ਉਧਾਰ॥

---

[1] ਸਭ ਛੁਟੀ ਹਰਿ ਹਰਿ (ਅ)

[2] ਇੱਥੇ 'ਸਭ ਮੋਹੀ ਦੇਖ.... ਤਹ ਕਉਤਕ ਭਇਆ॥' ਦੀ ਜਗ੍ਹਾ ਤੇ 'ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਉਟ ਗਹੀ॥ਗੁਰ ਸਤਿਗੁਰ ਗੁਰ ਗੋਵਿੰਦ ਸਿਮ੍ਰਿਤ ਸਾਸਤ੍ਰ ਸਭਨੀ ਸਹੀ॥ਕੀਤਾ ਸੁਕਿ ਪ੍ਰਹਿਲਾਦ ਸ੍ਰੀ ਰਾਮ ਕਰਿ ਗੁਰ ਗੋਵਿੰਦ ਧਿਆਇ॥ਦੇਹੀ ਨਗਰ ਕੋਟ ਪੰਚ ਚੋਰ ਬਟਿਵਾਰੇ ਤਿਨਕਾ ਥਾਉ ਥੇਹੁ ਗਵਾਇਆ॥ਕੀਰਤਨ ਪੁਰਾਨ ਨਿਤ ਪੁੰਨ ਹੋਵਹਿ ਗੁਰ ਬਚਨ ਨਾਨਕ ਭਗਤਿ ਲਹੀ॥ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਉਟ ਗਹੀ॥' ਪਾਠ ਹੈ (ੳ 383/ੳ)

[ਸਾਖੀ ਬਾਵਲੀ ਤੀਰਥ ਪ੍ਰਗਟ ਕਰਨਾ][1]

॥ਦੋਹਰਾ॥

ਧਰਮ ਧੁਰੰਤਰ ਸਤਗੁਰੂ ਕੀਨਾ ਪਰਉਪਕਾਰ॥
ਬਾਵਲੀ ਤੀਰਥ ਪ੍ਰਗਟ ਕਰ ਕੀਨਾ ਸਗਲ ਉਧਾਰ॥੧॥

॥ਚੌਪਈ॥

ਦੀਨ ਦਿਆਲ ਗੁਰ ਪਰਉਪਕਾਰੀ॥ਸੁਭ ਦਿਵਸ ਏਕ ਯਹ ਕੀਆ ਬਿਚਾਰੀ॥
ਮੈ ਤੀਰਥ ਕਰੋ ਪ੍ਰਗਟ ਇਹ ਲੋਕ॥ਬਢੇ ਸੁਖ ਪੁਨ ਮਿਟੇ ਅਘ ਸੋਕ॥੨॥
ਤਬ ਕ੍ਰਿਪਾ ਸਿੰਧ ਸਭ ਸਿਖ ਬੁਲਾਏ॥ਤੀਰਥ ਠੌਰ ਪੁਨ ਦੀਆ ਬਤਾਏ॥
ਖੋਦਨ ਲਗੇ ਬਾਵਲੀ ਕੂਪ॥ਧਰਮ ਛੇਤ੍ਰ ਤੀਰਥ ਆਨੂਪ॥੩॥
ਸਭ ਸੰਗਤ ਤਹਾ ਕਾਰ ਕਮਾਵੈ॥ਮਟੀ ਖੋਦੈ ਸੀਸ ਉਠਾਵੈ॥
219/ੳ ਸਤਗੁਰ ਬਚਨ ਹਿਰਦੇ ਧਰ ਸੇਵੈ॥ਲੋਕ ਪਰਲੋਕ ਸਫਲੁ ਫ/ਲੇਵੈ[2]॥੪॥
ਜੋ ਜਨ ਭਗਤ ਬਚਨ ਗੁਰ ਮਾਨੇ॥ਅੰਤਰਿਜਾਮੀ ਸਤਗੁਰ ਜਾਨੇ॥
ਤਿਨ ਬਰ ਬਚਨ ਸਤਗੁਰ ਮੁਖ ਕਹੇ॥ਹਰਿ ਕੀ ਭਗਤ ਸਿਧ ਪਦ ਲਹੇ॥੫॥

॥ਦੋਹਰਾ॥

ਨਿਤ ਨਿਤ ਨਏ ਚਰਿਤ੍ਰ ਹੋਇ ਮਹਿਮਾ ਕਹੀ ਨ ਜਾਇ॥
ਬਡਭਾਗੀ ਸਭ ਲੋਕ ਤਹਾ ਭਏ ਏਕਠੇ ਆਇ॥੬॥

॥ਚੌਪਈ॥

ਪ੍ਰਿਥਮ ਕਥਾ ਕਹੌ ਪ੍ਰੇਮ ਸੁਹਾਈ॥ਸ੍ਰੀ ਗੁਰੂ ਰਾਮਦਾਸ ਜੀ ਕਾਰ ਕਮਾਈ॥
ਤਬ ਪ੍ਰਭ ਜੇਠਾ ਨਾਮੁ ਬਖਾਨੇ॥ਭਗਤ ਰੂਪ ਹਰਿ ਬਪੁ ਠਾਨੇ॥੭॥
ਜੇਠਾ ਜੀ ਗੁਰ ਬਚਨ ਮਨ ਧਾਰਾ॥ਜਗ ਕੁਲ ਲਾਜ ਸਭ ਸੰਕ ਨਿਵਾਰਾ॥
ਪਰਮ ਧਰਮ ਸਤਗੁਰ ਕੀ ਭਗਤ॥ਮਨ ਬਚ ਕਰਮ ਤਾ ਸੋ ਆਸਕਤ॥੮॥
ਪਰਮ ਪ੍ਰੀਤ ਸੋ ਕਾਰ ਕਮਾਵੈ॥ਮਾਟੀ ਖੋਦ ਨਿਜ ਸੀਸ ਉਠਾਵੈ॥
ਅਤ ਪ੍ਰਸੰਨ ਬੂਝ ਬਡਭਾਗ॥ਮਨ ਤਨ ਸਤਗੁਰ ਦ੍ਰਿੜ ਅਨਰਾਗ॥੯॥
ਸਤਗੁਰ ਕੋ ਅੰਤਰਜਾਮੀ ਜਾਨੇ॥ਅਰੁ ਸਰਬਗ ਅਦ੍ਵੈਤ ਪਛਾਨੇ॥
ਜੋ ਸਤਗੁਰ ਨਾਮ ਭਜਨ ਮੁਖ ਕਰੈ॥ਮਨ ਬਚ ਕਰਮ ਪ੍ਰੀਤ ਤਿਸ ਧਰੈ॥੧੦॥

॥ਦੋਹਰਾ॥

ਜੇਠਾ ਜੀ ਕੇ ਕੁਲ ਪੁਰਖ ਅਰੁ ਭ੍ਰਾਤ ਸਖਾ ਕੁਲ ਅੰਗ॥
ਈਹਾ ਆਇ ਪਹੁਚੇ ਅਬੀ ਨਾਵਣ ਚਾਲੇ ਗੰਗ॥੧੧॥

॥ਚੌਪਈ॥

ਸਭ ਮਿਲ ਜੇਠਾ ਜੀ ਪਹਿ ਆਏ॥ਦੇਖ ਕ੍ਰਿਪਾ ਮਨ ਰੋਸ ਬਢਾਏ॥
ਕਹੇ ਕੁਲ ਲਜਾ ਪਤਿ ਤੁਮ ਖੋਈ॥ਸੁਸਰਾਰ ਰਹੋ ਸਿਰ ਮਾਟੀ ਢੋਈ॥੧੨॥
ਸੁਨ ਜੇਠਾ ਜੀ ਹਸ ਮੁਖ ਬੋਲੇ॥ਅੰਮ੍ਰਿਤ ਬਚਨ ਮੁਖ ਪ੍ਰੇਮ ਕਲੋਲੇ॥
ਤੁਮ ਗੁਰ ਸੇਵਕ ਮਹਮਾ ਜਾਨੋ॥ਮਿਥਿਆ ਹੰਕਾਰ ਪਤਿਸਟਾ ਮਾਨੋ॥੧੩॥
ਸਭ ਮਿਲ ਸਤਗੁਰ ਦਰਸਨ ਗਏ॥ਕਰ ਅਹੰਕਾਰ ਚਰਨਨ[3] ਪਏ॥
219/ਅ ਸਭ ਮਿਰਜਾਦਾ ਰਾਖੇ ਦਿਆਲ॥ਤਾ ਕੋ ਆਦਰ/ਕੀਆ ਸੰਭਾਲ॥੧੪॥
ਪੁਨ ਸਭਹਨ ਮਿਲ ਬਾਤ ਬਖਾਨੀ॥ਤੁਮ ਜਗਤ ਗੁਰੂ ਸਗਲੋ ਜਗੁ ਜਾਨੀ॥
ਕੁਟੰਬ ਲਾਜ ਸਭ ਕੋ ਜਗ ਮਾਹੀ॥ਤੁਮ ਜਗਤ ਗੁਰੂ ਤੁਮ ਕੇ ਕਛੁ ਨਾਹੀ॥੧੫॥

॥ਦੋਹਰਾ॥

ਯਹ ਬਚਨ ਬਿਖਾਦ ਸਗਲ ਕਰੇ ਜੇਠਾ ਜੀ ਪਹੁਚੇ ਆਇ॥
ਅਤ ਪ੍ਰਸਨ ਗੁਰ ਦਰਸਨ ਕਰ ਰਵ ਦੇਖ ਕਮਲ ਬਿਗਸਾਇ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਫਲ ਲੇਵੈ (ੳ,ਅ,ੲ)
[3] ਇੱਥੇ ਸ਼ਬਦ 'ਚਰਨਨ' ਨਹੀਂ ਹੈ (ਅ)

॥ਚੌਪਈ॥

ਪੁਨ ਜੇਠਾ ਜੀ ਕੋ ਦੇਖ ਤਿਨ ਕਹਾ॥ ਹਮਰੇ ਕੁ[1] ਏਹੀ ਇਕ ਭਇਆ॥
ਪਿਤਾ ਗ੍ਰਿਹ ਤਿਆਗ ਸਾਹੁਰੈ ਬਸੈ॥ ਸਿਰ ਮਾਟੀ ਢੋਵੈ ਸਭ ਜਗ ਹਸੈ॥੧੭॥
ਤੁਮ ਕੋ ਉਚਤ ਗੁਰੂ ਜੀ ਨਾਹੀ॥ ਜੋ ਇਨ ਕੁਲ ਤਜਿ ਸਿਰ ਮਾਟੀ ਖਾਈ॥
ਤਦਪ ਲਾਜ ਕੁਟੰਬ ਤੁਮ ਕੀਜੈ॥ ਅਵਰੁ ਟਹਲ ਇਨ ਕੋਊ ਦੀਜੈ॥੧੮॥
ਤਬ ਜੇਠਾ ਜੀ ਢਿਗ ਸਤਗੁਰ ਦੇਖਾ॥ ਅਤ ਪ੍ਰਸੰਨ ਦ੍ਰਿੜ ਪ੍ਰੇਮ ਬਸੇਖਾ॥
ਦੇਖ ਦਿਸਾ ਸਤਗੁਰ ਛਕ ਰਹੇ॥ ਮਮ ਪ੍ਰੇਮ ਮਹੋਦਧ ਇਨ ਘਟ ਬਹੇ॥੧੯॥
ਕੁਲ ਬੇਦੀ ਰੀਤ ਅਉ ਲੋਕਾਚਾਰ॥ ਜਿਉ ਤ੍ਰਿਨ ਬਹਿਓ ਪ੍ਰੇਮ ਜਲ[2] ਧਾਰ॥
ਮੇਰੀ ਪ੍ਰੇਮ ਭਗਤ ਰੰਗ ਰਾਤੇ॥ ਬਿਨੁ ਮਮ ਅਵਰ ਜਾਤ ਨਹੀ ਪਾਤੇ॥੨੦॥

॥ਦੋਹਰਾ॥

ਤਬ ਸਤਗੁਰ ਦੇਖ ਢਿਗ ਪੰਚ ਕੇ ਬੋਲੇ ਸਹਜ ਸੁਭਾਇ॥
ਮੈ ਜਗਤ ਛਤ੍ਰ ਇਨ ਸਿਰ ਦੀਆ ਤੁਮ ਸਿਰ ਮਾਟੀ ਪਾਇ॥੨੧॥

॥ਚੌਪਈ॥

ਤੁਮ ਬਡੇ ਸਭਗਤ[3] ਪ੍ਰੇਮ ਨਹੀ ਜਾਨੋ॥ ਦਿੜ ਭੇਡਚਾਲ ਨਹੀ ਭਗਤ ਪਛਾਨੋ॥
ਜੋ ਜੇਠਾ ਤੁਮ ਕੁਲ ਜਨਮ ਨ ਧਰਤੇ॥ ਕੁਲ ਪਿਤ੍ਰ ਸਗਲ ਤੁਮ ਨਰਕਹ ਪਰਤੇ॥੨੨॥
ਕਰ ਜੋਰ ਜੇਠਾ ਜੀ ਬਿਨੇ ਉਚਾਰਾ॥ ਪ੍ਰਭ ਪਤਤ ਉਧਾਰਨ ਬਿਰਦੁ ਤੁਮਾਰਾ॥
220/ੳ ਤੁਮਰੇ ਪ੍ਰੇਮ ਰੰਗ ਨਹੀ ਰਾਤੇ॥ ਪ੍ਰਭ ਦਰਸ/ਨ ਕਰ ਮੂਰਖ ਹੋਇ ਗਿਆਤੇ॥੨੩॥
ਤਬ[4] ਹਸੇ ਦਿਆਲ ਸੁਨ ਭਏ ਪ੍ਰਸੰਨ॥ ਧੰਨ ਧੰਨ ਜੇਠਾ ਤੁਮ ਧੰਨ॥
ਤੁਮ ਬਿਨ ਕੋਊ ਨ ਮੋ ਕੋ ਬੂਝੈ[5]॥
ਯਹ ਸੁਨੋ ਸਿਖ ਸਤਗੁਰ ਕਾ ਪ੍ਰੇਮ॥ ਯਹ ਪ੍ਰੇਮ ਸਦਾ ਦਾਤਾ ਸੁਖ ਛੇਮ॥੨੫॥

॥ਦੋਹਰਾ॥

[6]ਯਹ ਪ੍ਰੇਮ ਕਥਾ ਗੁਰ ਕੀ ਸੁਨੈ ਅਰੁ ਤੀਰਥ ਕੋ ਪ੍ਰਭਾਉ॥
ਸਿਖੀ ਪਦੁ ਤਾ ਕੋ ਮਿਲੇ ਸਤਗੁਰ ਮਾਹਿ ਸਮਾਇ॥੨੬॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਕੁਲ (ੳ,ਅ,ੲ)
[2] ਇੱਥੇ ਸ਼ਬਦ 'ਜਲ' ਦੀ ਜਗ੍ਹਾ ਤੇ 'ਕੀ' ਹੈ (ਅ)
[3] ਅਭਗਤ (ੳ,ਅ,ੲ)
[4] ਇੱਥੇ ਸ਼ਬਦ 'ਤਬ' ਦੀ ਜਗ੍ਹਾ ਤੇ 'ਬਹੁ' ਹੈ (ਅ)
[5] ਤੁਮ ਬਿਨ ਕੋਊ ਨ ਮੋ ਕੋ ਬੂਝੈ॥ ਮੈ ਤੋ ਕੋ ਤੂ ਮੋ ਕੋ ਸੂਝੈ॥ (ੳ,ਅ,ੲ,ਸ)
[6] ਸਭ ਲੋਕ ਬਿਦਾ ਹੋਇ ਗੰਗਾ ਗਏ॥ ਸ੍ਰੀ ਜੇਠਾ ਜੀ ਪ੍ਰਭ ਚਰਨਨ ਪਏ॥ (ੳ,ਅ)

[ਸਾਖੀ ਮਾਈਦਾਸ ਬੈਸਨੋ ਨੂੰ ਬਖ਼ਸ਼ਿਸ਼ ਕਰਨਾ][1]

॥ਦੋਹਰਾ॥

ਅਤ ਆਚਾਰੀ ਬੈਸਨੋ ਮਾਈ ਦਾਸ ਤਿਸੁ ਨਾਮੁ॥
ਕਰੇ ਧਿਆਨ ਸ੍ਰੀ ਕ੍ਰਿਸਨ ਕੋ ਹਿਰਦੇ ਭਗਤ ਨਿਹਕਾਂਮ॥੧॥

॥ਚੌਪਈ॥

ਆਚਾਰੀ ਭਗਤ ਸਦਾ ਨਿਹਕਾਮ॥ਮਨ ਦ੍ਰਿੜ ਭਗਤ ਬਿਸਨ ਨਿਭਰਾਮ॥
ਸਦਾ ਸੰਤਨ ਕੀ ਸੰਗਤ ਕਰੇ॥ਨਿਸ ਦਿਨ ਧਿਆਨ ਕ੍ਰਿਸਨ ਮਨ ਧਰੇ॥੨॥
ਦਿਵਸ ਏਕ ਤਾ ਕੇ ਮਨ ਫੁਰਿਓ॥ਸੁਨ ਮਹਿਮਾ ਸਤਗੁਰ ਮਨ ਧਰਿਓ॥
ਸਮਾ ਪਾਇ ਗੁਰ ਦਰਸਨ ਆਇਆ॥ਸਤਗੁਰ ਦੁਆਰ ਰਜ ਮਸਤਕ ਲਾਇ[2]॥੩॥
ਸੁਨੀ ਦਿਆਲ ਤਿਸ ਕਹਿਓ ਪਠਾਇ॥ਲੰਗਰ ਪ੍ਰਸਾਦ ਕਰ ਦਰਸਨ ਆਇ॥
ਬਿਨ ਸੰਜਮ ਪ੍ਰਸਾਦਿ ਨ ਪਾਵੈ॥ਪ੍ਰਭ ਬਿਨ ਖਾਏ ਦਰਸਨ ਨ ਦਿਖਾਵੈ॥੪॥
ਤਿਨ ਮਨ ਮੋ ਕੀਨ ਬੀਚਾਰ॥ਛਾਡ ਨ ਸਾਕੌ ਕ੍ਰਿਆ ਅਚਾਰ॥
ਬਿਨੁ ਦਰਸਨ ਨਿਜ ਗ੍ਰਿਹ ਫਿਰ ਗਇਆ॥ਨਿਸਦਿਨ ਮਨ ਤਿਸੁ ਸੰਸਾ ਭਇਆ॥੫॥

॥ਦੋਹਰਾ॥

220/ਅ ਮੈ ਸੰਤ ਦਰਸਨ/ਨਹੀ ਪਾਇਆ ਮਨ ਸੰਸਾ ਕੀਆ ਅਪਾਰ॥
ਪੁਨ ਬਿਚਾਰ ਮਨ ਮੋ ਕਰਾ ਅਬ ਚਲੋ ਦੁਆਰਕਾ ਦੁਆਰ॥੬॥

॥ਚੌਪਈ॥

ਕਰ ਬਿਚਾਰ ਦੁਆਰਕਾ ਆਇਆ॥ਮਨ ਮੋ ਯਹ ਮਤ ਦ੍ਰਿੜ ਠਹਰਾਇਆ॥
ਦੁਆਰਕਾ ਮਾਹਿ ਬਸੇ ਹਰਿ ਰਾਈ॥ਹੋਇ ਦਿਆਲ ਮੋਹਿ ਦਰਸ ਦਿਖਾਈ॥੭॥
ਅਤ ਪ੍ਰੇਮ ਭਰਾ ਮਗ ਮੋ ਸੋ ਚਲੇ॥ਬਿਨ ਕ੍ਰਿਸਨ ਭਜਨ ਇਕ ਨਿਸਖ ਨ ਟਲੇ॥
ਅਵਰ ਇਛਾ ਕਛੁ ਮਨ ਨਹੀ ਆਨੈ॥ਰਟੈ ਕ੍ਰਿਸਨ ਦਰਸਨ ਮਨ ਮਾਨੈ॥੮॥
ਦੁਆਰਾਵਤੀ ਜਬੀ ਨਿਕਟਾਈ॥ਇਕ ਬਨ ਮੋ ਚਲਤੇ ਪਹੁਚੇ ਆਈ॥
ਤਹ ਚਲੀ ਬਿਆਰ ਘਟਾ ਘਨ ਛਾਇਆ॥ਦਮਕੇ ਦਾਮਨ ਜਲ ਬਰਖਾਇਆ॥੯॥
ਤਿਨ ਬਰਤ ਇਕਾਦਸੀ ਬਿਨ ਫਲੁਹਾਰ॥ਕਾਂਪੇ ਤਨ ਜਾਡਾ ਅਤ ਬਿਆਰ॥
ਢੂਢ ਰਹੇ ਕਹੂ ਠੌਰ ਨਾ ਪਾਈ॥ਬਿਰਖ ਖੋੜ ਮੋ ਨਿਸ ਬੀਤਾਈ॥੧੦॥

॥ਦੋਹਰਾ॥

ਨਿਸ ਸਾਰੀ ਜਾਗਤ ਰਹੇ ਰਟਤ ਕ੍ਰਿਸਨ ਕੋ ਨਾਮ॥
ਪ੍ਰਾਤ ਉਪਾਰਨ ਦੁਆਦਸੀ ਕੋ ਬਿਨ ਹਰ ਪੂਰਨ ਕਾਮ॥੧੧॥

॥ਚੌਪਈ॥

ਭਈ ਪ੍ਰਭਾਤ ਦੁਆਦਸੀ ਗਨੀ॥ਉਪਾਰਨ ਕਰਨ ਕੀ ਬਿਧ ਨਹੀ ਬਨੀ॥
ਮਾਈਦਾਸ ਸ੍ਰੀ ਕ੍ਰਿਸਨ ਧਿਆਇਆ॥ਬੂਝਾ ਪ੍ਰੇਮ ਤਹਾ ਪ੍ਰਭ ਆਇਆ॥੧੨॥
ਪ੍ਰਭ ਥਾਲ ਪਰੋਸ ਤਿਸ ਆਗੇ ਰਾਖਾ॥ਦਰਸਨ ਦੀਨਾ ਮੁਖੋ ਨ ਭਾਖਾ॥
ਮਾਈਦਾਸ ਦੇਖਾ ਜਬ ਥਾਲੁ॥ਸਿਧ ਰਸੋਈ ਭਾਤ ਅਉ ਦਾਲ॥੧੩॥
ਆਚਾਰੀ ਮਨ ਸੰਕਾ ਆਈ॥ਪ੍ਰੇਮ ਨੇਮ ਕਹੂ ਬਨੇ ਨ ਭਾਈ॥
ਉਪਜੀ ਮਨ ਪਕਵਾਨ ਜਿ ਪਾਵੌ॥ਕਰੌ ਉਪਾਰਨ[3] ਭੋਗ ਲਗਾਵੌ॥੧੪॥
221/ੳ ਤਬ ਦੀਨ ਦਿਆਲ ਪਕਵਾਨ ਤਹ ਧਰਾ॥ਲੇ ਮਾ/ਈਦਾਸ ਬਿਚਾਰ ਮਨ ਕਰਾ॥
ਇਸ ਬਨ ਮੋ ਕੌਨ ਭਰ ਥਾਲ ਮੁਹਿ ਲਿਆਇਆ॥ਚਿਤਵਿਓ ਪਕਵਾਨ ਸੋਊ ਪੁਨ ਪਾਇਆ॥੧੫॥

॥ਦੋਹਰਾ॥

ਬੂਝਿਓ ਮਨ ਮੋ ਚਲਤੁ ਹਰਿ ਖੋਜਿਓ ਦਹਿ ਦਿਸ ਜਾਇ॥
ਕਛੂ ਕਹੂੰ ਦ੍ਰਿਸਟ ਆਵਈ[4] ਤਬ ਕਰੀ ਪ੍ਰੇਮ ਅਧਕਾਇ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[2] ਲਾਇਆ (ੳ,ਅ,ੲ)

[3] ਤਜੋ ਪ੍ਰਾਨਨ (ਅ)

[4] ਦ੍ਰਿਸਟ ਨਹੀ ਆਵਈ (ੳ,ਅ), ਦ੍ਰਿਸਟ ਨ ਆਵਈ (ੲ)

॥ ਚੌਪਈ॥

ਵਹੁ ਥਾਲ ਪਕਵਾਨ ਪੜਾ ਕਹੂੰ ਰਹਾ॥ ਬਰਤੁ ਨੇਮ ਪ੍ਰੇਮ ਸੋ ਬਹਾ॥
ਉਮਗਿਓ ਪ੍ਰੇਮ ਸਿੰਧ ਪ੍ਰਵਾਹ॥ ਮਾਈਦਾਸ ਨ ਪਾਵੈ ਥਾਹ॥੧੭॥
ਰੁਦਨ ਕਰੇ ਅਉ ਅਤ ਬਿਲਲਾਈ॥ ਹੇ ਕ੍ਰਿਸਨ ਪਤਤ ਤਾਰਨ ਬਿਰਦਾਈ॥
ਹੋਹੁ ਦਿਆਲੁ ਦਰਸਨ ਮੋਹਿ ਦੀਜੈ॥ ਪਾਵੌ ਦਰਸ ਮਨ ਸਾਂਤ ਪਤੀਜੈ॥੧੮॥
ਤਬ ਦੀਨ ਦਿਆਲ ਤਿਸ ਪ੍ਰੇਮ ਪਛਾਨਾ॥ ਨਹੀ ਦਰਸਨ ਦੀਨਾ ਬਚਨ ਬਖਾਨਾ॥
ਹੇ ਮਾਈਦਾਸ ਤੂੰ ਮੇਰਾ ਭਗਤ॥ ਮਮ ਪ੍ਰੇਮ ਭਗਤ ਅਉ ਪਰਮ ਵਿਰਕਤ॥੧੯॥
ਜਹਾ ਪ੍ਰੇਮ ਤਹਾ ਨੇਮੁ ਨ ਫੁਰੇ॥ ਜਹਾ ਨੇਮੁ ਪ੍ਰੇਮ ਤਬ ਦੁਰੇ॥
ਤੈ ਸਤਗੁਰ ਦੁਆਰੇ ਸੰਕਾ ਕਰਾ॥ ਰਾਖਾ ਨੇਮੁ ਪ੍ਰੇਮ ਪਰਹਰਾ॥੨੦॥

॥ ਦੋਹਰਾ॥

ਊਹਾ ਜਾਇ ਦਰਸਨ ਕਰੋ ਯਹ ਕਹੋ ਸਤ ਮੈ ਤੋਹਿ॥੨੧॥

॥ ਚੌਪਈ॥

ਮਮ ਨਿਜ ਸਰੂਪ ਤਹਾ ਭੇਦ ਨ ਕੋਇ॥ ਜਗ ਤਾਰਨ ਕਾਰਨ ਬਪੁ ਸੋਇ॥
ਜਾਉ ਤਹਾਂ ਦਰਸਨ ਅਬ ਕਰੋ॥ ਮੈ ਤਹਾ ਸਦਾ ਅਬ ਸੰਕਾ ਹਰੋ॥੨੨॥
ਮਾਈਦਾਸ ਸੁਨ ਬਚਨ ਮਗ ਠਾਨੇ॥ ਤਬ ਸਤਗੁਰ ਪਾਰਬ੍ਰਹਮ ਕਰ ਜਾਨੇ॥
ਗੋਬਿੰਦਵਾਲ ਕੋ ਮਗ ਪੁਨ ਲੀਨਾ॥ ਮਾਰਗ ਚਲੇ ਪ੍ਰੇਮ ਰਸ ਭੀਨਾ॥੨੩॥
ਗੋਬਿੰਦਵਾਲ ਮੋ ਪਹੁਚੇ ਜਾਇ॥ ਪ੍ਰਥਮ ਪ੍ਰਸਾਦਿ ਲੰਗਰ ਸੋ ਪਾਇ॥
ਪੁਨ ਸਤਗੁਰ ਕੇ ਦਰਸਨ ਲਾਗੇ॥ ਪ੍ਰਮ ਭਗਤ ਪ੍ਰੇਮ ਰਸ ਪਾਗੇ॥੨੪॥
221/ਅ ਰੂਪ ਸਨਾਤਨ ਦਰਸਨ ਕ/ਰਾ॥ ਮਾਤਾ ਪ੍ਰੇਮ ਸਤਗੁਰ ਰਹਾ ਖਰਾ॥
ਜੋ ਰੂਪ ਸਨਾਤਨ ਬੇਦਨ ਗਾਇਆ॥ ਗੁਰ ਅੰਤਰ ਬਾਹਰ ਵਹੀ ਦਿਖਾਇਆ॥੨੫॥

॥ ਦੋਹਰਾ॥

ਸੰਖ ਚਕ੍ਰ ਅਰੁ ਗਦਾ ਪਦਮ ਉਰ ਬਨਮਾਲ ਸੁਹਾਇ॥
ਆਦਿ ਰੂਪ ਸ੍ਰੀ ਅਮਰ ਗੁਰ ਧਰ ਦੀਨਾ ਸੰਤ ਦਿਖਾਇ॥੨੬॥

॥ ਚੌਪਈ॥

ਮੋਰ ਮੁਕਟ ਪੀਤੰਬਰ ਸੋਹੇ॥ ਸਿਆਮ ਘਟਾ ਦਾਮਨ ਦੁਤ ਮੋਹੇ॥
ਕਰਨ ਕੁੰਡਲ ਮੁਕਤਾਹਲ ਮਾਲਾ॥ ਜਿਮ ਨਿਸ ਸਿਆਮ ਤਰੰਗਨ ਜਾਲਾ॥੨੭॥
ਕਮਲ ਨੈਨ ਸੁੰਦਰ ਉਜਿਆਰੇ॥ ਕ੍ਰਿਪਾ ਦ੍ਰਿਸਟਿ ਸੰਤਨ ਢਿਗ ਧਾਰੇ॥
ਸਿਆਮ ਅੰਗ ਸੁਠਿ ਭੁਜਾ ਬਿਸਾਲਾ॥ ਆਦ ਜੁਗਾਦ ਸੰਤ ਰਛ ਪਾਲਾ॥੨੮॥
ਸੁੰਦਰ ਮੁਖ ਅਧਰ ਮੰਦ ਮੁਸਕਾਤ॥ ਦਾਤਨ ਛਬ ਮਕਤਾਹਲ ਪਾਤ॥
ਕੋਮਲ ਚਰਨ ਪਾਵੜੀ ਸੋਹੈ॥ ਮਹਾ ਪ੍ਰਕਾਸ ਰਵਿ ਕੀ ਦੁਤ ਮੋਹੈ॥੨੯॥
ਜਬ ਮਾਈਦਾਸ ਇਹ ਦਰਸਨ ਪਾਵਾ॥ ਤਨ ਮਨ ਕੀ ਸਭ ਸੁਧ ਬਿਸਰਾਵਾ॥
ਮੂੰਦ ਨੇਤ੍ਰ ਅੰਤਰਗਤ ਦੇਖਾ॥ ਵਹੀ ਰੂਪ ਨਿਜ ਹਿਰਦੇ ਪੇਖਾ॥੩੦॥

॥ ਦੋਹਰਾ॥

ਯਹ ਰੂਪ ਦਿਖਾਇ ਮਾਈਦਾਸ ਕੋ ਪੁਨਿ ਸੰਕੋਚਿ ਸਮਾਇ॥
ਧਰ ਵਹੀ ਰੂਪ ਸਤਗੁਰ ਦਿਆਲ ਲੀਨਾ ਨਿਕਟਿ ਬੁਲਾਇ॥੩੧॥

॥ ਚੌਪਈ॥

ਦੇਖ ਦਰਸ ਚਰਨਨ ਪਰ ਪਰਾ॥ ਗੁਰ ਦੀਨ ਦਿਆਲ ਮਸਤਕ ਕਰ ਧਰਾ॥
ਗੁਰ ਉਸਤਤ ਮੁਖ ਕਰਨੇ ਲਾਗਾ॥ ਜਾਗਾ ਮਸਤਕ ਭਾਗ ਸਭਾਗਾ॥੩੨॥
ਤਬ ਕਰੀ ਬਿਨਤੀ ਹੇ ਪ੍ਰਭ ਦਿਆਲ॥ ਮੋਹਿ ਦੇ ਸਰੂਪ ਰਖ ਚਰਨਨ ਨਾਲ॥
ਤਬ ਸਤਿਗੁਰ ਤਾ ਕੋ ਬਚਨ ਸੁਨਾਇਆ॥ ਤੁਮ ਹਰਿ ਦਰਸਨ ਈਹਾ ਪਾਇਆ॥੩੩॥
222/ੳ ਆਠ ਦਿਵਸ ਜਬ ਹੋਇ ਬਿਤੀਤ॥ /ਪ੍ਰਗਟ ਕਰੋ ਤੁਮਰੋ ਗੁਰ ਮੀਤ॥
ਅਬ ਕਰੋ ਅਨੰਦ ਰਹੋ ਮਮ ਪਾਸ॥ ਮੈ ਪੂਰਨ ਕਰੌ ਤੁਮਰੀ ਯਹ ਆਸ॥੩੪॥
ਮਾਈਦਾਸ ਅਨੰਦ ਮਨ ਭਰੇ॥ ਰਹੇ ਤਹਾ ਦਰਸਨ ਗੁਰ ਕਰੇ॥
ਅੰਤਰ ਬਾਹਰ ਭਇਆ ਪ੍ਰਕਾਸ॥ ਦੀਨਬੰਧ ਪ੍ਰਭ ਤਿਸ ਕਰੀ ਸੁਪਾਸ॥੩੫॥

॥ਦੋਹਰਾ॥

ਯਹ ਮਾਈਦਾਸ ਕੇ ਪ੍ਰੇਮ ਕੀ ਸੁਨੇ ਕਥਾ ਚਿਤ ਲਾਇ॥
ਪ੍ਰੇਮ ਭਗਤ ਉਰ ਮੋ ਬਸੇ ਸਤਗੁਰ ਕਰੇ ਸਹਾਇ॥੩੬॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਬਾਵਲੀ ਤੀਰਥ ਵਿਚ ਜਲ ਪ੍ਰਕਾਸ ਹੋਣਾ][1]

॥ਸੋਰਠਾ॥

ਜਿਨ ਕਰੀ ਬਾਵਲੀ ਕਾਰ ਬਹੁ ਸਿਖਨ ਮਿਲਿਓ ਸਿਧ ਪਦ॥
ਕਹਿ ਨ ਸਕੌ ਬਿਸਥਾਰ ਕਾਰਨ ਭਗਤ ਲੀਲਾ ਰਚੀ॥੧॥

॥ਚੌਪਈ॥

ਖੋਦੈ ਸਿਖ ਬਾਵਲੀ ਕੂਪ॥ਪਾਵਨ ਤੀਰਥ ਪਰਮ ਅਨੂਪ॥
ਕਾਰਨ[2] ਭਗਤ ਪ੍ਰਤਗਿਆ ਧਰੀ॥ਗੁਰ ਅਮਰ ਦਿਆਲ ਦਇਆ ਜਗ ਕਰੀ॥੨॥
ਬਹੁਤ ਸਿਖ ਤਹਾ ਕਾਰ ਕਮਾਈ॥ਮਾਟੀ ਖੋਦੀ ਸੀਸ ਉਠਾਈ॥
ਪ੍ਰੇਮ ਪ੍ਰਤਗਿਆ ਦੇਖ ਦਿਆਲ॥ਦਇਆ ਸਿੰਧ ਨਿਜ ਬਿਰਦੁ ਸਮਾਲ॥੩॥
ਗੁਰੂ ਰਾਮਦਾਸ ਜੀ ਕਾਰ ਕਮਾਈ॥ਪਾਰੋ ਜੀ ਆਦਿ ਸਿਖ ਗੁਰ ਭਾਈ॥
ਖੋਦਤ ਖੋਦਤ ਜਲ ਲਗ ਗਇਆ॥ਕੰਕਰ ਚਟਾਨ ਪ੍ਰਗਟ ਤਹ ਭਇਆ॥੪॥
ਤਿਸ ਤੋੜੇ ਸਿਖ ਬਹੁ ਜਤਨ ਕਰਾਹੀ॥ਤਿਸੁ ਤੋੜੇ ਬਿਨੁ ਜਲ ਨਿਕਸਤ ਨਾਹੀ॥
222/ਅ ਕੰਕਰ ਤੋੜ ਕੋਊ ਨਹੀ ਸਾਕੈ॥ਕਰ ਕਰ ਜਤਨ ਅਨਕ ਥਕ ਥਾ/ਕੇ॥੫॥

॥ਸੋਰਠਾ॥

ਕੰਕਰ ਤੂਟਿਓ ਨਾਹਿ ਤਬ ਸਭ ਮਿਲ ਸਤਿਗੁਰ ਪਹਿ ਗਏ॥
ਸਭ ਦੀਨੀ ਬ੍ਰਿਥਾ ਸੁਨਾਇ ਤਬ ਕ੍ਰਿਪਾ ਸਿੰਧ ਆਗਿਆ ਕਰੀ॥੬॥

॥ਚੌਪਈ॥

ਮਾਨਕ ਚੰਦ ਪਥਰੀਆ ਜਾਤ॥ਖਤ੍ਰੀ ਕੁਲ ਸੁੰਦਰ ਦ੍ਰਿੜ ਗਾਤ॥
ਮਨ ਤਨ ਪ੍ਰੇਮ ਸਤਗੁਰ ਕੀ ਪ੍ਰੀਤ॥ਦੇਖ ਦਿਆਲ ਤਿਸ ਆਗਿਆ ਕੀਤ॥੭॥
ਹੇ ਮਾਨਕ ਚੰਦ ਹਥ ਲੇਹ ਵਿਦਾਨ॥ਕੰਕਰ ਪਰ ਮਾਰੋ ਬਲ ਤਾਨ॥
ਸੁਨਤ ਬਚਨ ਚਰਨਨ ਪਰ ਪਰਾ॥ਗੁਰ ਹੋਇ ਦਿਆਲ ਪੀਠ ਕਰ ਧਰਾ॥੮॥
ਲੇ ਹਾਥ ਵਿਦਾਨ ਬਾਵਲੀ ਗਇਆ॥ਬਲ ਤਾਂਨ ਕੰਕਰ ਪਰ ਮਾਰਤ ਭਇਆ॥
ਫੂਟਿਓ ਕੰਕਰ ਉਮਗਿਓ ਜਲ ਤਾਹ॥ਬੂਡ ਗਏ ਮਾਨਕ ਜਲ ਮਾਹਿ॥੯॥
ਤਿਸ ਮਿਰਤਕ ਤਨੁ ਜਲ ਪਰ ਤਰ ਆਇਆ॥ਯਹ ਬਿਰਤੰਤ ਸਤਗੁਰੂ ਸੁਨਾਇਆ॥
ਪ੍ਰਭ ਕੀਆ ਬਚਨ ਮਾਨਕ ਨਹੀ ਮਰੇ॥ਲੇ ਆਵੈ ਸਨਮੁਖ ਮਮ ਧਰੇ॥੧੦॥

॥ਦੋਹਰਾ॥

ਮਿਰਤਕ ਮਾਨਕ ਚੰਦ ਕੋ ਲੇ ਆਏ ਤਤਕਾਲ॥
ਸਤਗੁਰ ਕੇ ਆਗੇ ਧਰਾ ਦੇਖਾ ਦੀਨ ਦਿਆਲ॥੧੧॥

॥ਚੌਪਈ॥

ਦੇਖ ਦਿਆਲ ਦਇਆ ਮਨ ਕਰਾ॥ਪ੍ਰਭ ਦਾਹਨ ਚਰਨ ਮਸਤਕ ਤਿਸ ਧਰਾ॥
ਮਾਥੇ ਪ੍ਰਗਟਿਓ ਪੂਰਨ ਭਾਗ॥ਉਠ ਬੈਠਾ ਜਨੁ ਸੋਇਆ ਜਾਗਾ[3]॥੧੨॥
ਤਬ ਦਿਆਲ ਹਾਥ ਸਿਰ ਫੇਰਾ॥ਘਟ ਭਇਆ ਪ੍ਰਕਾਸ ਗਇਆ ਭਰਮ ਅੰਧੇਰਾ॥
ਅਰਜ ਦਿਸਾ ਤਾ ਕੀ ਤਬ ਭਈ॥ਸਤਗੁਰ ਲੀਲਾ ਜਾਤ ਨ ਕਹੀ॥੧੩॥
ਰਿਧ ਸਿਧ ਬਖਸ ਤਿਸ ਕਰਾ॥ਮਾਨਕ ਜੀਵੜਾ ਨਾਮੁ ਤਿਸ ਧਰਾ॥
223/ੳ ਪ੍ਰਭ ਮਾਈਦਾਸ/ਕੋ ਲੀਆ ਬੁਲਾਇ॥ਦੀਆ ਮਾਨਕ ਕੇ ਚਰਨਨ ਪਾਇ॥੧੪॥
ਹੇ ਮਾਈਦਾਸ ਤੁਮਰਾ ਗੁਰ ਏਹ॥ਇਨ ਸੋ ਸਦਾ ਧਰੋ ਮਨ ਨੇਹ॥
ਅਰੁ ਮੰਤ੍ਰ ਸਰੂਪ ਤੁਮ ਦੇਹੁ ਬਤਾਇ॥ਗੁਰਮੁਖੀ ਤਿਲਕ ਮਸਤਕ ਤੁਮ ਲਾਇ॥੧੫॥

॥ਦੋਹਰਾ॥

ਸੇਲੀ ਤਿਲਕ ਜਗ ਰੂਪ ਧਰ ਸਤਿਨਾਮ ਜਪੁ ਜਾਪੁ॥
ਭਗਤਿ ਸੰਞਿਆ ਤੁਮ ਕੋ ਦਈ ਮੇਟੋ ਜਗ ਸੰਤਾਪ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[2] ਕਰਨ (ਅ)

[3] ਜਾਗ (ੳ,ਅ,ੲ,ਸ)

॥ ਚੌਪਈ ॥

ਅਬ ਤੁਮ ਅਪਨੇ ਗ੍ਰਿਹ ਕੋ ਜਾਵੋ ॥ ਹਰਿ ਹਰਿ ਜਪੋ ਸਭ ਲੋਕ ਜਪਾਵੋ ॥
ਗੁਰਮੁਖ ਪੰਥ ਜਗ ਕਰੋ ਪ੍ਰਕਾਸ ॥ ਸਭ ਘਟ ਹੋਵੇ ਭਗਤ ਨਿਵਾਸ ॥ ੧੭ ॥
ਮਿਲ ਦੋਨੋ ਨਿਜ ਗ੍ਰਿਹ ਕੋ ਗਏ ॥ ਮੁਕਤ ਭੁਗਤ ਪਾਇ ਸੁਖ ਲਹੇ ॥
ਸਤਗੁਰ ਰੂਪ ਹਿਰਦੇ ਸਦ ਰਹੇ ॥ ਸਤਿਨਾਮ ਉਪਦੇਸ ਜਗ ਕਰੇ ॥ ੧੮ ॥
ਜੋ ਕਰੇ ਬਚਨ ਸੋਈ ਜਗ ਫੁਰੇ ॥ ਜੋ ਪਾਇ ਮਨੋਰਥ ਚਰਨਨ ਪਰੇ ॥
ਤਾ ਕੋ ਹਰਿ ਕੀ ਭਗਤ ਦ੍ਰਿੜਾਵੈ ॥ ਗੁਰਮਖ ਕਰ ਹਰਿ ਮਾਰਗ ਲਾਵੈ ॥ ੧੯ ॥
ਬਸੋਏ ਕੇ ਦਿਲ ਮੇਲੇ ਸੰਗਤ ॥ ਭਜਨ ਕਰਤ ਆਵੈ ਮਿਲ ਪੰਗਤ ॥
ਗੁਰ ਅਮਰ ਦਿਆਲ ਪੰਥ ਪ੍ਰਸਿਧ ਕਰਨੇ ਨਮਿਤ ॥ ਹੋਵੈ ਸਿਖ ਨਿਹਾਲ ਪਾਰਬ੍ਰਹਮ ਗੁਰ ਦਰਸ ਕਰ ॥ ੨੧ ॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[ਸਾਖੀ ਅਕਬਰ ਬਾਦਸਾਹ ਦਾ ਗੁਰੂ ਜੀ ਨਾਲ ਮਿਲਾਪ][1]

॥ਦੋਹਰਾ॥

ਬਾਦਸਾਹ ਦਿਲੀ ਬਡਾ ਅਕਬਰ ਬਡ ਸੁਲਤਾਨ॥
ਚੜਿਓ ਦੇਸ ਦਖਨ ਦਿਸਾ ਜੀਤਿਓ ਮੁਲਕ ਨਿਦਾਨ॥੧॥

॥ਚੌਪਈ॥

223/ਅ ਦ/ਖਣ ਦੇਸ ਚੜੇ ਸੁਲਤਾਨ॥ਕੀਨੇ ਜੁਧ ਬਡੇ ਪਰਮਾਨ॥
ਸਗਲ ਨਰੇਸ[2] ਜੀਤਬੋ ਕਰਾ॥ਪੁਨ ਗੜ ਚਿਤੌੜ ਕੌ ਪਿਆਨਾ ਕਰਾ॥੨॥
ਗੜ ਚਿਤੌੜ ਲਾਗਾ ਸੁਲਤਾਨ॥ਲੜੇ ਬਰਖ ਦੁਆਦਸ ਪ੍ਰਮਾਨ॥
ਨਹੀ ਛੂਟੇ ਗੜ ਬਹੁ ਜਤਨ ਕਰਾਏ॥ਬਾਗ ਲਗਾਇ ਆਂਬ ਫਲੁ ਖਾਏ॥੩॥
ਪੀਰ ਫਕੀਰ ਤਿਨ ਬਹੁਤ ਮਨਾਏ॥ਕਿਨਹੂ ਗੜ ਨਹੀ ਦੀਆ ਛਡਾਏ॥
ਅਤ ਦੁਖ ਲਾਗ ਚਿੰਤਾ ਮਨ ਧਰਾ॥ਗੁਰੂ ਅਮਰ ਦਿਆਲ ਕੋ ਚਿਤਵਨ ਕਰਾ॥੪॥
ਤਾ ਕੇ ਮਨ ਬੁਧ ਐਸੀ ਆਈ॥ਲਿਖੀ ਬੇਨਤੀ ਤੁਰਤ ਪਠਾਈ॥
ਅਹਿਦੀ ਕੌ ਤਿਨ ਦੀਆ ਸਿਖਾਇ॥ਕਰ ਅਦਬ ਬੰਦਗੀ ਦੇਵੋ ਜਾਇ॥੫॥

॥ਦੋਹਰਾ॥

ਆਇ ਅਹਿਦੀ ਲਿਖਆ ਦੀਆ ਸਤਗੁਰ ਤਿਨੇ[3] ਪੜਾਇ॥
ਮਿਹਰ ਕਰੋ ਗੜ ਫਤੇ ਹੋਇ ਦੀਦਾਰ ਕਰੌ ਤਬ ਆਇ॥੬॥

॥ਚੌਪਈ॥

ਅਹਿਦੀ ਕੋ ਇਹ ਬਚਨ ਗੁਰ ਕੀਆ॥ਆਨ ਠੌਰ ਕਹੁ ਬਾਸਾ ਕੀਆ॥
ਜਬ ਛੂਟੇ ਗੜ ਫਤਹ ਹੋਇ ਜਾਇ॥ਤਬ ਤੁਮ ਬੁਲਾਇ ਲਿਖ ਦੇਹੁ ਪਠਾਇ॥੭॥
ਆਨ ਠੌਰ ਅਹਦੀ ਜਾ ਰਹਾ॥ਕੇਤਕ ਦਿਨ ਬੀਤਤ ਜਬ ਭਇਆ॥
ਬਾਵਲੀ ਮੋ ਕੰਕਰ ਜਬ ਫੂਟਾ॥ਉਸੀ ਸਮੇ ਚਿਤੌੜ ਗੜ ਟੂਟਾ॥੮॥
ਅਹਿਦੀ ਕੋ ਪ੍ਰਭ ਲੀਆ ਬੁਲਾਇ॥ਗੜ ਫਤਹ ਮਹੂਰਤ ਦੀਆ ਲਿਖਾਇ॥
ਕੁਰਨਸ ਕਰ ਅਹਿਦੀ ਤਬ ਚਲਾ॥ਤੁਰਤ ਜਾਇ ਅਕਬਰ ਸੌ ਮਿਲਾ॥੯॥
ਜੋ ਲਿਖਾ ਸਮਾ ਸੋਈ ਪੜ ਦੇਖਾ॥ਅਕਬਰ ਮਨ ਭਈ ਪ੍ਰੀਤ ਬਸੇਖਾ॥
ਸਤਗੁਰ ਕੀ ਪਰਤਗਿਆ ਲੀਨੀ॥ਆਂਮ ਖਾਸ ਬਹੁ ਉਸਤਤ ਕੀਨੀ॥੧੦॥

॥ਦੋਹਰਾ॥

ਵੈ ਮੌਲਾ ਕੀ ਜਾਤ ਹੈ ਭੇਦ ਭਰਮ ਕਛੁ ਨਾਹ॥
224/ੳ /ਜੋ ਕੋਈ ਰੀਸ ਤਾ ਕੀ ਕਰੇ ਤਾ ਪਰ ਬਡਾ ਗੁਨਾਹ॥੧੧॥

॥ਚੌਪਈ॥

ਆਰਫ ਕਾਮਲ ਵਲੀ ਅਲਾਹ॥ਨਾਨਕ ਸਮਾਨ ਦੂਜਾ ਘਰ ਨਾਹ॥
ਹਿੰਦੂ ਮੁਸਲਮਾਨ ਸੋ ਨਿਆਰੇ॥ਤਾਰਕ ਦੁਨੀ ਰਬ ਤਿਨ ਪਿਆਰੇ॥੧੨॥
ਫਜਲ ਕਰੇ ਜਬ ਪਾਕ ਖੁਦਾਇ॥ਕਰੌ ਦੀਦਾਰ ਉਹਾ ਤਬ ਜਾਇ॥
ਅਕਬਰ ਕੇ ਮਨ ਮੋ ਯਹ ਬਸੀ॥ਸਤਿਗੁਰ ਪ੍ਰੀਤ ਚਿਤ ਮੋ ਰਸੀ॥੧੩॥

॥ਦੋਹਰਾ॥

ਯਹ ਲੀਲਾ ਸਤਗੁਰ ਦਿਆਲ ਕੀ ਸੁਨ ਮਨ ਮੋ ਰਾਖੇ ਭਾਉ॥
ਨਿਸਚੇ ਬਢੇ ਮਨ ਪ੍ਰੀਤ ਹੋਇ ਸਤਗੁਰ ਕਰੇ ਸਹਾਇ॥੧੪॥

॥ਪ੍ਰਸੰਗ ਪੂਰਨ ਭਇਆ[4]॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਸਕਲ ਦੇਸ (ਅ)
[3] ਤਿਸੈ (ੳ,ਅ,ੲ)
[4] ਸਾਖੀ ਪੂਰਨ ਭਈ, (ਅ)

[ਸਾਖੀ ਗੰਗੂ ਸਾਹ ਨੂੰ ਬਖ਼ਸ਼ਿਸ਼ ਕਰਨਾ][1]

॥ਦੋਹਰਾ॥
ਗੰਗੋ ਬਸੀ ਖਤ੍ਰੀ ਕਰੇ ਧਨ ਬਿਵਹਾਰ ਅਚਾਰ॥
ਬਿਗੜ ਕਾਮ ਸਭ ਧਨ ਗਇਆ ਤਿਨ ਕੀਨਾ ਮਨ ਬੀਚਾਰ॥੧॥
॥ਚੌਪਈ॥
ਬਿਗੜਿਓ ਧਨ ਬਿਵਹਾਰ ਸਭ ਤਾ ਕਾ॥ਕੋਈ ਸਹਾਇ ਤਿਸ ਕਰਿ ਨਹੀ ਸਾਕਾ॥
ਜਿਨ ਧਨ ਲੀਆ ਸੋ ਫੇਰ ਨ ਦੇਵੈ॥ਜਿਨ ਧਰੀ ਅਮਾਨ ਤਿਨ ਕੋ ਕਿਆ ਦੇਵੈ॥
ਬਨਾ ਕਸਟ ਪਾਉ ਨਹੀ ਲਾਗਾ॥ਮਨ ਕਰ ਬਿਚਾਰ ਛਾਡ ਸਭ ਭਾਗਾ॥
ਤਿਨ ਸਤਿਗੁਰ ਕੀ ਮਹਿਮਾ ਸੁਨੀ॥ਅਰੁ ਕਰ ਬਿਚਾਰ ਐਸੀ ਮਨ ਗੁਨੀ॥੩॥
ਅਬ ਚਲੌਂ ਤਹਾਂ ਗੁਰ ਦਰਸਨ ਕਰੌਂ॥ਸੰਤ ਦਰਸ ਕਰ ਕਿਲਬਿਖ ਹਰੌਂ॥
ਮਨ ਦ੍ਰਿੜ ਪ੍ਰਤੀਤ ਧਰ ਦਰਸਨ ਆਇਆ॥ਲੰਗਰ ਮਾਹਿ ਪ੍ਰਸਾਦ ਗੁਰ ਪਾਇਆ॥੪॥
ਪੁਨ ਦਿਆਲ ਕੇ ਦਰਸਨ ਲਾਗਾ॥ਪਰਸਤ ਚਰਨ ਦੁਖ ਸਭ ਭਾਗਾ॥
ਸਤਗੁਰ ਦਿਆਲ ਪੂਛੀ ਸਭ ਬਾਤ॥ਗੰਗੋ ਮਨ ਉਪਜੀ ਅਤ ਸਾਂਤ॥੫॥
224/ਅ ॥ਦੋ/ਹਰਾ॥
ਸਤਗੁਰ ਅਮਰ ਤਾ ਕੋ ਕਹਾ ਅਬ ਦਿਲੀ ਤੁਮ ਜਾਉ॥
ਜਾਇ ਤਹਾ ਕੋਠੀ ਕਰੋ ਸਭ ਸੁਭ ਬਨੇ ਉਪਾਉ॥੬॥
॥ਚੌਪਈ॥
ਲੇ ਬਚਨ ਗੰਗੋ ਚਰਨਨ ਪਰ ਪਇਆ॥ਆਗਿਆ ਲੇ ਦਿਲੀ ਮਗੁ ਲਇਆ॥
ਜਾਇ ਤਹਾ ਤਿਨ ਕੋਠੀ ਕਰੀ॥ਸਤਗੁਰ ਆਗਿਆ ਹਿਰਦੇ ਧਰੀ॥੭॥
ਦਈਵ ਸੰਜੋਗ ਮੁਗਲ ਇਆਇਆ॥ਮੁਹਰ ਲਾਖ ਨਿਜ ਸੰਗ ਲਿਆਇਆ॥
ਏਕ ਫਰਦ ਹੁੰਡੀ ਵੈ ਚਾਹੇ॥ਸਭ ਕੋਠੀ ਤਿਨ ਪੂਛ ਢੋਢਾਏ[2]॥੮॥
ਏਕ ਹੁੰਡੀ ਕੋਈ ਨਹੀ ਕਰੇ॥ਬਡਾ ਮਾਮਲਾ ਦੇਖਤ ਡਰੇ॥
ਤਬ ਗੰਗਦਾਸ ਕੀ ਕੋਠੀ ਆਇਆ॥ਏਕ ਹੁੰਡੀ ਮੈ ਚਹੋ ਕਰਾਇਆ॥੯॥
ਗੰਗੋ ਮਨ ਪ੍ਰਭ ਬਚਨ ਬਿਚਾਰਾ॥ਮੈ ਕਰੌਂ ਹੁੰਡੀ ਯਹ ਮੁਖੋ ਉਚਾਰਾ॥
ਮੁਗਲ ਲਾਖ ਮੁਹਰ ਤਿਸ ਦੀਨੀ॥ਲਿਖਾਹਿ ਦਰਸਨੀ ਹੁੰਡੀ ਲੀਨੀ॥੧੦॥
॥ਦੋਹਰਾ॥
ਗੰਗੋ ਹੁੰਡੀ ਲਿਖ ਦਈ ਪੁਨ ਰੋਕੜ ਦਈ ਚਲਾਇ॥
ਮੁਗਲ ਚਲਾ ਲਹੋਰ ਕੋ ਰੋਕੜ ਪਹੁਚੀ ਜਾਇ॥੧੧॥
॥ਚੌਪਈ॥
ਮੁਗਲ ਲਹੋਰ ਮਾਹਿ ਜਬ ਗਇਆ॥ਦੁਕਾਨ ਸਰਾਫ ਪੂਛ ਤਿਨ ਲੀਆ॥
ਦਰਸਨੀ ਹੁੰਡੀ ਕਾਢਿ ਦਿਖਾਈ॥ਕਹੇ ਸਰਾਫ ਮੁਹਰਿ ਲੇਹੁ ਭਾਈ॥੧੨॥
ਲੀਨੀ ਮੁਹਰ ਮੁਗਲ ਘਰ ਗਇਆ॥ਬਡਾ ਸਾਹੁ ਗੰਗੋ ਪੁਨ ਭਇਆ॥
ਕੇਤਕ ਦਿਨ ਜਬ ਭਇਆ ਬਤੀਤ॥ਭਇਆ ਜਗ ਕਾਮ ਜਗ ਬਢੀ ਪਰਤੀਤ॥੧੩॥
ਸਤਗੁਰ ਪਾਸ ਬ੍ਰਹਮਨ ਕੋਊ ਆਇਆ॥ਕੰਨਿਆ ਬਿਆਹੁ ਕੋ ਅਰਥ ਸੁਨਾਇਆ॥
ਪਚਾਸ ਰੁਪਯਾ ਆਗਿਆ ਭਈ[3]॥ਗੰਗੋ ਪਰ ਹੁੰਡੀ ਲਿਖ ਦਈ॥੧੪॥
ਗੰਗੋ ਕੋ ਜਾਇ[4] ਬ੍ਰਹਮਨ ਦਿਖਲਾਈ॥ਮੁਹਿ ਤੁਰਤ ਰੁਪਈਐ ਦੇਵੋ ਭਾਈ॥
225/ੳ ਦੇਖ ਗੰਗੋ ਬਿਸਮੇ ਹੋਇ ਗਇ/ਆ॥ਨਹ ਦੀਆ ਰੁਪਯਾ ਚੁਪ ਕਰ ਰਹਾ॥੧੫॥
॥ਦੋਹਰਾ॥
ਬ੍ਰਹਮਨ ਕਛੁ ਪਾਇਓ ਨਹੀ ਉਠਿ ਆਇਆ ਸਤਗੁਰ ਪਾਸ॥
ਅੰਤਰਜਾਮੀ ਸਭ ਲਖਾ ਪੁਨ ਬ੍ਰਹਮਨ ਕਰੀ ਸੁਪਾਸ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓਂ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਢੂਢਾਏ (ੳ) ਛੁਡਾਏ, (ਅ)
[3] ਫਈ (ਸ)
[4] ਜਬ (ੳ), ਇੱਥੇ ਸ਼ਬਦ 'ਜਾਇ' ਨਹੀਂ ਹੈ (ਅ)

॥ ਚੌਪਈ ॥

ਸਤਗੁਰ ਜੀ ਇਹ ਬਾਤ ਬਿਚਾਰੀ ॥ ਧਨ ਪਾਇਆ ਗੰਗੋ ਸੁਰਤ ਬਿਸਾਰੀ ॥
ਇਸ ਧਨ ਕਾ ਹੈ ਯਹੀ ਸੁਭਾਇ ॥ ਜਾ ਕੇ ਹੋਇ ਤਿਸ ਕੌ ਬੌਰਾਇ ॥੧੭॥
ਤਾਤਕਾਲ ਐਸੀ ਬਿਧ ਭਈ ॥ ਬਨੀ ਬਾਤ ਉਲਟੀ ਹੋਇ ਗਈ ॥
ਧਨ ਅਲੋਪ ਸਕਲ ਹੋਇ ਗਇਆ ॥ ਤਬ ਗੰਗੋ ਮਨ ਜਾਨਤ ਭਇਆ ॥੧੮॥
ਸਤਗੁਰ ਸੋ ਬੇਮੁਖ ਹਮ ਭਏ ॥ ਹਰੀ ਪਤਿਸਟਾ ਸਭ ਗਏ[1] ॥
ਅਬ ਮੋ ਕੋ ਕੋਈ ਬਿਨ[2] ਨਾਹੀ ॥ ਸੰਤ ਬੇਮੁਖ ਕੋ ਕਰੇ ਸਹਾਈ ॥੧੯॥
ਅਬ ਜਾਇ ਤਹਾ ਸੇਵਨ ਦਰ ਕਰੌ ॥ ਝਾੜੂ ਕਰੌ ਸੀਸ ਜਲ ਭਰੌ ॥
ਗੰਗੋ ਭਾਗ ਊਹਾ ਤੇ ਆਏ ॥ ਆਨ ਬਾਵਲੀ ਕਾਰ ਕਮਾਏ ॥੨੦॥

॥ ਸੋਰਠਾ ॥

ਪ੍ਰਭ ਅੰਤਰਜਾਮੀ ਜਾਨ ਗੰਗੋ ਕੋ ਕਛੁ ਨ ਕਹਾ ॥
ਮਾਥੇ ਲੀਆ ਪਛਾਨ ਨਾਮ ਲੇਖ ਤਾ ਕੇ ਲਿਖਾ ॥੨੧॥

॥ ਤੋਮਰ ਛੰਦ ॥

ਇਮ ਕਰੋ ਗੰਗੇ ਕਾਰ ॥ ਗੁਰ ਰੂਪ ਮਨ ਮੋ ਧਾਰ ॥
ਬਾਧੇ ਦੁਸਾਲੇ ਈਟ ॥ ਧਰ ਢੋਇ ਅਪਨੀ ਪੀਠ ॥੨੨॥
ਤਜ ਲੋਕ ਕੁਲ ਕੀ ਰੀਤ ॥ ਨਹੀ ਖਾਨ ਪਾਨ ਸੁਚੀਤ ॥
ਭੂਲਾ ਸੁਧ ਨ ਬਿਵਹਾਰ ॥ ਕਰੇ ਸਕਲ[3] ਦਿਨ ਇਮ ਕਾਰ ॥੨੩॥
ਇਹ ਤਪੁ ਕੀਆ ਜਬ ਤਾਹ ॥ ਮਨ ਮੋ ਭਇਆ ਉਤਸਾਹ ॥
ਚਿੰਤਾ ਸਗਲ ਮਿਟ ਗਈ ॥ ਅੰਤਰ ਬ੍ਰਿਤ ਠਹਰਈ ॥੨੪॥
ਕਬੂ ਕਰੇ ਪ੍ਰੇਮ ਪ੍ਰਵਾਹੁ ॥ ਬੂਡੇ[4] ਨ ਪਾਵੈ ਥਾਹੁ ॥
ਜੋ ਹਰਿ ਰਹੇ ਸਦ ਸਾਥ ॥ ਬਿਨ ਗੁਰ ਨ ਆਵੈ ਹਾਥ ॥੨੫॥
ਕਰੇ ਟਹਲ ਪ੍ਰੇਮ ਪ੍ਰਤੀਤ ॥ ਭਈ ਬੁਧ ਅਰੁ ਥਿਰੁ ਚੀਤ ॥
225/ਅ ਨਿਰਲੰਭ ਬਿਧ ਬਿ/ਵਹਾਰ ॥ ਧਨ ਧੰਨ ਸਤਗੁਰ ਕਾਰ ॥੨੬॥
ਜਬ ਕੀਆ ਤਪਹ ਅਭੰਗ ॥ ਦ੍ਰਿੜ ਭਇਆ ਸਤਗੁਰ ਸੰਗ ॥
ਜਾਨਾ ਸੋ ਸਤਿਗੁਰ ਮੀਤ ॥ ਅਬ ਭਇਆ ਨਿਰਮਲ ਚੀਤ ॥੨੭॥

॥ ਦੋਹਰਾ[5] ॥

ਦੀਨ ਦਿਆਲ ਤਬ ਦਇਆ ਕਰ ਗੰਗੋ ਲੀਆ ਬੁਲਾਇ ॥
ਬਡੀ ਕ੍ਰਿਪਾ ਸਤਗੁਰ ਕਰੀ ਲੀਨਾ ਚਰਨ ਲਗਾਇ ॥੨੮॥

॥ ਚੌਪਈ ॥

ਪੁਨ ਗੰਗ ਦਾਸ ਸਨਮੁਖ ਪ੍ਰਭ ਖੜਾ ॥ ਹਾਥ ਜੋੜ ਇਮ ਬਿਨਤੀ ਕਰਾ ॥
ਮੈ ਮਾਇਆ ਮੋ ਬੂਡਾ ਆਹ ॥ ਗੁਰ ਬੇਮੁਖ ਜਾਨਤ ਕਛੁ ਨਾਹ ॥੨੯॥
ਗੁਰ ਪਤਿਤ ਉਧਾਰਨ ਬਿਰਦ ਸਮਾਲ ॥ ਕਾਢ ਲੀਆ ਗਹ ਭੁਜਾ ਬਿਸਾਲ ॥
ਸਤਗੁਰ ਚਰਨਨ ਮੋ ਸਦ ਰਾਖੋ ॥ ਨਿਜ ਮੁਖ ਸੇਵਕ ਕਰ ਮੋਹਿ ਭਾਖੋ ॥੩੦॥
ਗੁਰ ਦੀਨ ਦਿਆਲ ਕ੍ਰਿਪਾ ਧਰ ਆਏ ॥ ਬਸਤ੍ਰ ਸੁਏਤ ਤਤਕਾਲ ਪਹਿਰਾਏ ॥
ਤਾ ਕੇ ਮਸਤਕ ਹਾਥ ਗੁਰ ਧਰਾ ॥ ਸਤਿਨਾਮ ਮੁਖ ਮੰਤ੍ਰ ਉਚਰਾ ॥੩੧॥
ਗੰਗ ਸਾਹ ਨਾਮ ਤਿਸ ਰਾਖਾ ॥ ਅਮਰ ਸ੍ਰੀ ਗੁਰੂ ਮੁਖ ਸੋ ਭਾਖਾ ॥
ਮੁਕਤ ਭੁਗਤ ਰਿਧ ਸਿਧ ਦੀਨੀ ॥ ਸਤਗੁਰ ਅਮਰ ਦਇਆ ਤਿਸ ਕੀਨੀ ॥੩੨॥

॥ ਦੋਹਰਾ ॥

ਸਤਗੁਰ ਤਿਹ ਕ੍ਰਿਪਾ[6] ਕਰੀ ਹੇ ਗੰਗਸਾਹ ਘਰ ਜਾਉ ॥

---

[1] ਹਰੀ ਪਤਿਸਟਾ ਧਨ ਸਭ ਗਏ (ੳ,ਅ,ੲ,ਸ)
[2] ਬਿਧਿ (ੳ,ਅ,ੲ)
[3] ਸਗਲ (ਅ)
[4] ਡੂਬੇ (ੳ)
[5] ਇੱਥੇ ਸਿਰਲੇਖ ' ॥ ਦੋਹਰਾ ॥ ' ਨਹੀਂ ਹੈ (ੲ)
[6] ਆਗਿਆ (ਅ,ੲ)

ਸਤਨਾਮ ਹਿਰਦੇ ਜਪੋ ਅਰੁ ਸੰਗਤ ਨਾਮ ਜਪਾਉ॥੩੩॥

॥ਦੋਹਰਾ॥

ਕਰ ਉਸਤਤ ਤਬ ਗੰਗਸਾਹ ਲੀਨਾ ਬਚਨ ਗੁਰ ਮਾਨ॥
ਪ੍ਰਭ ਸਰੂਪ ਹਿਰਦੇ ਧਰਾ ਗ੍ਰਹ ਪੁਨ ਗਇਆ ਸੁਜਾਨ॥੩੪॥

॥ਅਸਤੋਤਰ॥

॥ਤੋਟਕ ਛੰਦ॥[1]

226/ੳ ਗੁਰ ਪਤਤ ਉਧਾਰਨ ਬਿਰਦ ਧਰਾ॥ਕਲ ਮੋ ਖਲ/ਮੁਗਧ ਉਧਾਰ ਕਰਾ॥
ਅਘ ਬਖਸਨਹਾਰ ਦਿਆਲ ਪ੍ਰਭੰ॥ਗੁਰਵਾਕ ਸੇਤ ਭਵ ਸਿੰਧ ਤਰੰ॥੩੫॥
ਗੁਰ ਅਮਰ ਦਿਆਲ ਕ੍ਰਿਪਾ ਕਰੀਏ॥ਚਰਨਾਰਬਿੰਦ ਮਮ ਉਰ ਧਰੀਏ॥
ਹੋਇ ਦਿਆਲ ਗੁਰੂ ਇਹ ਤਪਤ ਹਰੋ॥ਜਨਮ ਜਨਮ ਮਮ ਸੋਕ ਹਰੋ॥੩੬॥
ਹੇ ਜਗਤ ਉਧਾਰਨ ਨਾਥ ਨਰੰ॥ਪ੍ਰਭ ਜੂ ਤੁਮ ਅਗਮ ਅਗਾਧ ਹਰੰ॥
ਹੇ ਪਤਤ ਉਧਾਰਨ ਕਰੋ ਦਇਆ॥ਮਮ ਮਸਤਕ ਚਰਨਨ ਤੋਅ ਰਹੈ ਸਦਾ॥੩੭॥

॥ਦੋਹਰਾ॥

ਗੰਗਸਾਹ ਕੇ ਬਖਸ ਕੋ ਸੁਨੇ ਸਿਖ ਕਰ ਪ੍ਰੀਤ[2]॥
ਗੁਰ ਨਿਸਚੈ ਮਨ ਮੋ ਬਢੇ ਅਰ ਨਿਰਮਲ ਹੋਇ ਚੀਤ॥੩੮॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ਤੋਟਕ ਛੰਦ॥' ਨਹੀਂ ਹੈ (ੲ)
[2] ਸਿਖ ਮਨ ਪ੍ਰੀਤ (ਅ)

[ਸਾਖੀ ਇਕ ਮਾਈ ਦੁਆਰਾ ਬਾਵਲੀ ਕਾਰ ਕਰਨੀ][1]

॥ਦੋਹਰਾ॥

ਮਾਈ ਏਕ ਕਾਬਲ ਰਹੇ ਸ੍ਰੀ ਸਤਗੁਰ[2] ਕੀ ਸਿਖ॥
ਦਿਵਸ ਬਾਵਲੀ ਕਾਰ ਨਿਸ ਹੋਇ ਅਲੋਪ ਨ ਦਿਖ[3]॥੧॥

॥ਚੌਪਈ॥

ਇਕ ਮਾਈ ਬਾਵਲੀ ਕਾਰ ਕਮਾਵੈ॥ਕਰੇ ਟਹਲ ਦਿਨ ਸਕਲ ਬਿਤਾਵੈ॥
ਜਬ ਪਰੇ ਰਾਤ ਤਬ ਹੋਇ ਅਲੋਪ[4]॥ਕੋਊ ਜਾਨੇ ਨਾਹਿ ਕਥਾ ਯਹ ਗੋਪ॥੨॥
ਨਿਤਪ੍ਰਤ ਇਹ ਬਿਧ ਕਾਰ ਕਮਾਵੈ॥ਸਭ ਕੇ ਮਨ ਮੋ ਗਨਤੀ ਆਵੈ॥
ਕਰੇ ਟਹਲ ਅਤ ਪ੍ਰੇਮ ਸੰਜੁਗਤ॥ਸੁਰਤ ਇਕਾਗ੍ਰ ਅੰਤਰ ਬਿਰਤ॥੩॥
226/ਅ ਸਤਗੁਰ ਮੂਰਤ/ਸਦ ਮਨ ਧਾਰੈ॥ਟਹਲ ਕਰਤ ਇਕ ਹਾਥ ਪਸਾਰੈ॥
ਜਿਮ ਕੋਊ ਪਲਨਾ ਝੁਲਾਵੈ॥ਤਿਉ ਮਾਈ ਇਕ ਹਾਥ ਚਲਾਵੈ॥੪॥
ਦੇਖੇ ਸਭ ਮਿਲ ਚਰਚਾ ਕਰੇ॥ਕਹੂੰ ਕੋ ਕੁਛ ਸਮਝ ਨ ਪਰੇ॥
ਬਹੁਤ ਦਿਵਸ ਇਹ ਭਾਂਤ ਬਿਤਾਵੇ॥ਸਭ ਕੇ ਮਨ ਮੋ ਅਚਰਜ ਆਵੈ॥੫॥

॥ਦੋਹਰਾ॥

ਦਿਵਸ ਏਕ ਸਭ ਸਿਖ ਮਿਲ ਸਤਗੁਰ ਸੋ ਕਹੀ ਜਾਇ॥
ਕਰੇ ਟਹਲ ਇਕ ਸਿਖਨੀ ਨਿਸ ਅਲੋਪ ਹੋਇ ਜਾਇ॥੬॥

॥ਚੌਪਈ॥

ਹੇ ਸਤਗੁਰ ਏਹ ਕੋ ਹੈ ਮਾਈ॥ਨਿਸ ਅਲੋਪ ਹੋਇ ਕਹਾ ਕਰਾਈ[5]॥
ਹਾਥ ਚਲਾਇ ਪਲਨਾ ਝੂਲਾਵੈ॥ਨਹੀ ਦੀਸੈ ਪਲਨਾ ਅਚਰਜ ਆਵੇ॥੭॥
ਕਰ ਕਿਰਪਾ ਯਹ ਬ੍ਰਿਤੰਤ ਪ੍ਰਭ ਕਹੀਐ॥ਸਭ ਸਿਖਨ ਕੋ ਭਰਮ ਮਿਟਈਐ॥
ਤਬ ਬੋਲੇ ਗੁਰ ਦੀਨ ਦਿਆਲ॥ਇਹ ਪਤ ਸੇਵਕ ਅਰੁ ਭਗਤ ਬਿਸਾਲ॥੮॥
ਭਰਤਾ ਕੋ ਪਰਮੇਸਰ ਜਾਨੇ॥ਵਹ ਮੇਰਾ ਸਿਖ ਹਿਰਦੇ ਮੁਹਿ ਠਾਨੇ॥
ਮਨ ਮੋ ਸਿਖ ਭਜਨ ਮਮ ਕਰੇ॥ਗੁਰ ਮਹਿਮਾ ਇਸਤ੍ਰੀ ਸੌ ਬਿਸਥਰੇ॥
ਯਹ ਭਈ ਹਿਰਦੇ ਮਮ ਮੂਰਤ ਧਿਆਨੀ॥ਪਾਇ ਭਗਤ ਭਈ ਇਛਆਗਾਮੀ॥
ਅਬ ਪ੍ਰੀਤ ਜੁਗਤ ਈਹਾ ਸੇਵ ਕਮਾਵੈ॥ਪੜੇ ਰਾਤ ਕਾਬਲ ਘਰ ਜਾਵੈ॥੧੦॥

॥ਦੋਹਰਾ॥

ਬਡੀ ਸਿਧ ਤਾ ਕੋ ਭਈ ਜਹ ਚਾਹੇ ਤਹ ਜਾਇ॥
ਪੁਤ੍ਰ ਪਾਲਨੇ ਡਾਰ ਕੇ ਕਰੇ ਟਹਲ ਈਹਾ ਆਇ॥੧੧॥

॥ਚੌਪਈ॥

ਇਹ ਜਬ ਕਬ ਐਸੇ ਹਾਥ ਚਲਾਵੈ॥ਨਿਜ ਸਕਤ ਪਾਲਨਾ ਪੁਤ੍ਰ ਲੁਡਾਵੈ॥
ਈਹਾ ਸੋ ਸੁਤ ਕੋ ਪ੍ਰਿਤਪਾਲੈ॥ਨਿਸ[6] ਗ੍ਰਹ ਜਾਇ ਪਤ ਸੁਤਹਿ ਸੰਭਾਲੇ॥੧੨॥
227/ੳ ਏਹ ਬਡੀ ਭਗਤ ਇ/ਸ ਸਮ ਕੋਈ ਨਾਹਿ॥ਭਰਤਾ ਕੋ ਹਰਿ ਜਾਨਤ ਆਹਿ॥
ਭਰਤਾ ਸੰਗ ਮਮ ਭਗਤ ਪਛਾਨੀ॥ਗੁਰ ਪਾਰਬ੍ਰਹਮ ਕਰ ਮੋ ਕੋ ਜਾਨੀ॥੧੩॥
ਤਾ ਤੇ ਸਿਧ ਅਵਸਥਾ ਪਾਈ॥ਗ੍ਰਿਹਸਤ ਮਾਹਿ ਦ੍ਰਿੜ ਭਗਤ ਕਮਾਈ॥
ਇਸ[7] ਸਮਾਨ ਪਤ ਬ੍ਰਤੀ ਨ ਕੋਇ॥ਗੁਰ ਧਿਆਨੀ ਭਗਤੀ ਬਪੁ ਸੋਇ॥੧੪॥
ਸੁਨ ਕਥਾ ਗੁਰਮੁਖ ਸਿਖ ਮਗਨਾਨੇ॥ਧੰਨ ਧੰਨ ਸਤਗੁਰ ਮਨ ਮਾਨੇ॥
ਸਰਬ ਸਕਤ ਦਾਤਾ ਗੁਰ ਦਿਆਲ॥ਜਿਉ ਚਾਹੇ ਤਿਉ ਕਰੇ ਨਿਹਾਲ॥੧੫॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਸਤਗੁਰ ਜੀ (ਅ)
[3] ਦਿਸ (ਅ,ੲ)
[4] ਲੋਫ (ਸ)
[5] ਰਹਾਈ (ੳ,ੲ)
[6] ਨਿਜ (ਅ)
[7] ਇਹ (ਅ)

॥ ਸੋਰਠਾ ॥

ਜਿਨ ਮਨ ਸਤਗੁਰ ਭਾਉ ਤਾ ਕੀ ਸੋਭਾ ਕਿਆ ਕਹੌਂ ॥
ਕਛੁ ਤਾ ਸੌ ਨਹੀ ਦੁਰਾਉ ਜਿਨ ਗੁਰ ਮੂਰਤ ਹਿਰਦੇ ਧਰੀ ॥੧੯॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[ਸਾਖੀ ਸਤਿਗੁਰੂ ਜੀ ਦੇ ਪਰਮਹੰਸ ਸਿੱਖਾਂ ਦੀ][1]

॥ਦੋਹਰਾ॥

ਸ੍ਰੀ ਸਤਗੁਰ ਦਿਆਲ ਤੀਰਥ ਰਚਾ ਪੂਰਨ ਪੁੰਨ ਪ੍ਰਮਾਨ॥
ਤਿਸ ਅਠਸਠ ਤੀਰਥ ਨ ਪੁਜੇ ਯਹ ਦਾਤਾ ਸਰਬ ਨਿਧਾਨ॥੧॥

॥ਚੌਪਈ॥

ਸਤਗੁਰ ਤੀਰਥ ਮੁਕਤ ਦੁਆਰ॥ਸਤਗੁਰ ਬਚਨ ਸਿੰਧ ਭਵ ਪਾਰ॥
ਦਾਤਾ ਭਗਤ ਦਿਆਲ ਗੁਰ ਦਰਸਨ॥ਨਾਮ ਭੰਡਾਰੁ ਚਰਨ ਗੁਰ ਪ੍ਰਸਨ॥੨॥
ਬਾਵਲੀ ਤੀਰਥ ਰਚਾ[2]॥ਛੇਤ੍ਰ ਧਰਮ ਭਗਤ ਕੋ ਸਚਾ॥
ਬਹੁ ਗੁਰਸਿਖ ਕਰੈ ਤਹਾ ਕਾਰ॥ਨਿਸਦਿਨ ਖੂਲੇ ਭਗਤ ਭੰਡਾਰ॥੩॥
227/ਅ ਪ੍ਰੇਮ ਪ੍ਰਤੀਤ ਜਿਨ ਕਾਰ ਕਮਾਈ॥ਮੁਕਤ ਅਉ/ਭੁਗਤ ਮਜੂਰੀ ਪਾਈ॥
ਤਿਨ ਕੀ ਸੰਖਿਆ ਕਹਿ ਨਹੀ ਸਾਕੌ॥ਗੁਰ ਮਹਿਮਾ ਤਨਕ ਪ੍ਰੇਮ ਕਰ ਭਾਖੌ॥੪॥
ਦਿਵਸ ਏਕ ਸਭ ਸਿਖ ਪਿਆਰੇ॥ਸਤਗੁਰ ਸੌ ਇਹ ਬਿਨਤੀ ਧਾਰੇ॥
ਹਮਰੇ ਮਨ ਬਿਖਾਦ ਇਹ ਰਹੇ॥ਤਬੀ ਮਿਟੇ ਸਤਗੁਰ ਮਿਤ ਕਹੇ॥੫॥[3]

॥ਦੋਹਰਾ॥

ਰਾਮਾ ਅਰੁ ਜੇਠਾ ਦੋਊ ਸਤਗੁਰ ਕੇ ਬਡ ਸਾਕ॥
ਭਜਨ ਗੁਰੂ ਦੋਨੋ ਕਰੇ ਮਨ ਮੋ ਪ੍ਰੇਮ ਤਪਾਕ॥੬॥

॥ਚੌਪਈ॥

ਰਾਮਾ ਜੀ ਭਗਤ ਸਦਾ ਗੁਰ ਕਰੇ॥ਸੋਏ ਸਾਸ ਨਾਮ ਉਚਰੇ॥
ਗੁਰ ਤੀਰਥ ਨਿਤ ਕਾਰ ਕਮਾਵੈ॥ਕਰ ਪ੍ਰੀਤ ਦਿਆਲ ਤਾ ਕੋ ਨ ਬੁਲਾਵੈ॥੭॥
ਜੇਠਾ ਜੀ ਸੇਵ ਸੇਵਿ ਸਿਖਨ ਕੀ ਕਰੈ॥ਸਤਗੁਰ ਕੀ ਆਗਿਆ ਅਨਸਰੇ॥
ਨਿਸਦਿਨ ਬਾਵਲੀ ਕਾਰ ਕਮਾਵੈ॥ਸਤਗੁਰ ਕੇ ਮਨ ਤਨ ਰੁਚ ਭਾਵੈ॥੮॥
ਸਤਗੁਰ ਪੂਰਨ ਸਰਬ ਸਮਾਨ॥ਏਕ ਦ੍ਰਿਸਟ ਕੇਵਲ ਤਤ ਗਿਆਨ॥
ਸਦਾ ਦਿਆਲ ਜੇਠਾ ਜੀ ਹੇਰੇ॥ਰਾਮਾ ਕੋ ਕਰ ਪ੍ਰੀਤ ਨ ਟੇਰੇ[4]॥੯॥
ਯਹ ਬਿਖਾਦ ਹਮਰੇ ਮਨ ਬਸੇ॥ਸਤਗੁਰ ਮਿਤ ਕਹੇ ਤਬੀ ਇਹ ਨਸੇ॥
ਸਤਗੁਰ ਕੋ ਦੋਨੋ ਸਮ ਏਕ॥ਮਿਟੇ ਬਿਖਾਦ ਜਬ ਹੋਇ ਬਿਬੇਕ॥੧੦॥

॥ਦੋਹਰਾ॥

ਸਤਗੁਰ ਇਹ ਉਤ੍ਰ ਦੀਆ ਸੁਨੋ ਸਿਖ ਮਮ ਮੀਤ॥
ਪ੍ਰੇਮੀ ਹਰਿ ਕੋ ਬਸ ਕਰੇ ਨੇਮੀ ਧਾਰੇ ਰੀਤ॥੧੧॥

॥ਤੋਮਰ ਛੰਦ॥

ਤਬ ਕਹਿਓ ਕ੍ਰਿਪਾ ਨਿਧਾਨ॥ਸੁਨੋ ਸਿਖ ਸਖਾ ਸੁਜਾਨ॥
ਤੁਮ ਮਾਨ ਲੇਵਹੁ ਸਾਖ॥ਨਹੀ ਦੇਖ ਲੀਜੇ ਆਖ॥੧੨॥
ਬਿਨ ਪ੍ਰੇਮ ਜਪੇ ਜੋ ਨਾਉ॥ਸੂਤਾ ਬਕੇ ਸੁ ਬਕਾਉ॥
ਬਿਨ ਪ੍ਰੀਤ ਭਜਨ ਜੋ ਕੋਇ॥ਅਬ ਦੇਖ ਲੀਜੈ ਸੋਇ॥੧੩॥
228/ੳ ਲੀਏ/ਦਿਆਲ ਦੋਊ ਬੁਲਾਇ॥ਸਨਮੁਖ ਚਲੇ ਪ੍ਰਭ ਆਇ॥
ਸਤਗੁਰ ਕਹੀ ਇਹ ਟਹਲਿ॥ਜਾ ਤੇ ਮਿਲੇ ਹਰਿ ਮਹਲ॥੧੪॥
ਇਕ ਈਹਾ ਇਕ ਊਹਾ ਜਾਉ॥ਦੁਇ ਦੋਊ ਥੜੀ ਬਨਾਉ॥
ਮਮ ਬੈਠਨੇ ਕੀ ਠੌਰ॥ਈਹਾ ਇਸ ਸਮੇ ਊਹਾ ਭੋਰ॥੧੫॥

॥ਦੋਹਰਾ॥

ਦੋਨੋ ਹੁਇ ਜੁਦਾ ਜੁਦਾ ਲਾਗੇ ਥੜੀ ਬਨਾਨ॥
ਜਬ ਤਿਆਰ ਦੋਨੋ ਭਈ ਤਬ ਆਏ ਕ੍ਰਿਪਾ ਨਿਧਾਨ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਬਾਵਲੀ ਤੀਰਥ ਸਤਿਗੁਰ ਰਚਾ॥ (ੳ,ਅ,ੲ,ਸ)
[3] ਇੱਥੇ 'ਦਿਵਸ ਏਕ ਸਭ ਸਿਖ.....ਸਤਗੁਰ ਮਿਤ ਕਹੇ॥' ਵਾਲਾ ਪਾਠ ਨਹੀਂ ਹੈ (ਅ)
[4] ਫੇਰੇ (ਅ)

॥ਚੌਪਈ॥

ਤਬ ਦੀਨ ਦਿਆਲ ਬਾਵਲੀ ਆਏ॥ ਦੇਖੀ ਦੋਨੋ ਥੜੀ ਬਨਾਏ॥
ਪ੍ਰਥਮ ਦਿਆਲ ਰਾਮੇ ਢਿਗ ਆਏ॥ ਦੇਖਤ ਪਰਾ ਸਤਗੁਰ ਪਗ ਧਾਏ॥੧੭॥
ਤਬ ਭਾਖਿਓ ਦਿਆਲ ਸੁਨੋ ਸੁਤ ਰਾਮਾ॥ ਤੁਮ ਕਰਾ ਖੇਦ ਨਹੀ ਹੂਆ ਕਾਮਾ॥
ਤੁਮ ਯਹ ਟੇਢੀ ਥੜੀ ਬਨਾਈ॥ ਯਾ ਪਰ ਬੈਠ ਨ ਚਿਤ ਭਾਈ[1]॥੧੮॥
ਇਸੇ ਢਾਹਿ ਕਰ ਅਉਰ ਉਸਾਰੋ॥ ਜਿਉ ਮਮ ਕਹੋ ਤਿਵੇ ਤੁਮ ਸਾਰੋ॥
ਹਾਥ ਜੋੜ ਰਾਮਾ ਜੀ ਕਹੇ॥ ਯਹ ਸੀਧੀ ਥੜੀ ਟੇਡੀ ਨਹੀ ਅਹੇ॥੧੯॥
ਮੈ ਜਤਨ ਬਹੁਤ ਕਰ ਹਾਥ ਬਨਾਈ॥ ਬਨੀ ਭਲੀ ਸਤਗੁਰ ਨਹੀ ਭਾਈ॥
ਬਾਰੰ ਬਾਰ ਗੁਰ ਬਾਤ ਬਿਚਾਰੀ॥ ਰਾਮੇ ਢਾਹਿ ਨ ਅਉਰ ਉਸਾਰੀ॥੨੦॥

॥ਦੋਹਰਾ॥

ਸਤਗੁਰ ਦਿਆਲ ਤਬ ਬੂਝਿਆ ਇਸ ਕੀ ਮਤ ਹੈ ਖਾਰ॥
ਪ੍ਰੇਮ ਭਗਤ ਤਾ ਕੇ ਨਹੀ ਕਿਉ ਮਾਨੇ ਬਚਨ ਹਮਾਰ॥੨੧॥

॥ਚੌਪਈ॥

ਸਤਗੁਰ ਬਚਨ ਸਤ ਨਹੀ ਕਰਾ॥ ਤਬ ਚਲੇ ਦਿਆਲ ਆਗੇ ਪਗ ਧਰਾ॥
ਜਹਾ ਜੇਠਾ ਜੀ ਥੜੀ ਬਨਾਈ॥ ਤਹਾ ਦਿਆਲ ਠਾਢੇ ਭਏ ਆਈ॥੨੨॥
ਦੇਖ ਪ੍ਰਭੂ ਇਮ ਬਚਨ ਉਚਾਰਾ॥ ਹੇ ਜੇਠਾ ਤੁਮ ਥੜੀ ਉਸਾਰਾ॥
ਨਹੀ ਭਲੀ ਬਨੀ ਇਸ ਦੇਹੁ ਗਿਰਾਈ॥ ਕਰੋ ਸੁਰਤ ਪੁਨ ਲੇਹੁ ਬਨਾਈ॥੨੩॥
228/ਅ /ਤਾਤਕਾਲ ਤਿਸੁ ਦੀਆ ਗਿਰਾਈ॥ ਗੁਰ ਬਚਨ ਮਾਨ ਪੁਨ ਅਉਰ ਬਨਾਈ॥
ਬਹੁਰਿ ਦਿਆਲ ਕਹੋ ਇਸੇ ਗਿਰਾਵੋ॥ ਮੋਹਿ ਨ ਭਾਵੇ ਅਉਰ ਬਨਾਵੋ॥੨੪॥
ਤਬ ਜੇਠਾ ਜੀ ਤਿਸੇ ਗਿਰਾਵਾ॥ ਔਰ ਬਨਾਵਨ ਕੋ ਚਿਤ ਚਾਵਾ॥
ਤਬ ਕਹਿਓ ਦਿਆਲ ਅਬ ਕਰੋ ਮੌਕੂਫ॥ ਨਹੀ ਥੜੀ ਬਨਾਵਨ ਤੁਮੈ ਵਕੂਫ[2]॥੨੫॥

॥ਜੇਠਾ ਜੀ ਵਾਚ॥

॥ਦੋਹਰਾ॥

ਜੇਠਾ ਜੀ ਚਰਨ ਪਰੇ ਸਤਗੁਰ ਦੀਨ ਦਿਆਲ॥
ਹਮ ਮੂਰਖ ਮੁਗਧ ਸਰਨਾਗਤੀ ਰਾਖੋ ਬਿਰਦ ਸਮਾਲ॥੨੬॥

॥ਚੌਪਈ॥

ਕਰ ਬਿਨੇ ਬੇਨਤੀ ਜੇਠਾ ਕਰੇ॥ ਹੇ ਸਤਗੁਰ ਹਮਰੇ ਬੁਧ ਨ ਅਹੇ॥
ਹਮ ਜਨਮ ਜਨਮ ਕੇ ਭੂਲਨਹਾਰ॥ ਗੁਰ ਪਤਤ ਉਧਾਰ ਲੇਹੁ ਸੁਧਾਰ[3]॥੨੭॥
ਤਬ ਹਸੇ ਦਿਆਲ ਸਿਖਨ ਸਮਝਾਇਆ॥ ਦੋਨੋ ਕਾ ਪ੍ਰੇਮ ਤੁਮੇ ਦਿਖਲਾਇਆ॥
ਇਹ ਕਾਰਨ ਜੇਠਾ ਮੈ ਪਿਆਰਾ॥ ਸਦਾ ਹਮਾਰੇ ਪ੍ਰਾਨ ਅਧਾਰਾ॥੨੮॥
ਅੰਤਰਗਤ ਸੋ ਕੋਇ ਨ ਜਾਨਾ॥ ਯਹੀ ਭਗਤ ਤ੍ਰੈ ਲੋਕ ਪ੍ਰਧਾਨਾ॥
ਯਹ ਪੂਰਨ ਪੁਰਖ ਭਗਤ ਤਨੁ ਧਰਾ॥ ਇਨ ਪੀਛੇ ਚਾਹੇ ਜਗ ਤਰਾ॥੨੯॥
ਯਹ ਦੇਖ ਚਰਿਤ੍ਰ ਸਿਖ ਮਗਨਾਨੇ॥ ਸਤਗੁਰ ਰੂਪ ਜੇਠਾ ਜੀ ਜਾਨੇ॥
ਸਭ ਮਿਲ ਸਤਗੁਰ ਚਰਨੀ ਪਰੇ॥ ਗੁਰ ਭਾਵੈ ਸੋਈ ਬਿਧ ਕਰੇ॥੩੦॥

॥ਦੋਹਰਾ॥

ਇਹ ਲੀਲਾ ਪ੍ਰੇਮ ਦਿਆਲ ਕੀ ਸੁਨੇ ਸਿਖ ਚਿਤ ਲਾਇ॥
ਗੁਰ ਬਚਨ ਪ੍ਰਭਾਉ ਹਿਰਦੇ ਧਰੇ ਜਨਮ ਮਰਨ ਦੁਖੁ ਜਾਇ॥੩੧॥

॥ਸਾਖੀ ਪੂਰਨ ਹੋਈ॥

229/ੳ ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾ/ਰ॥

---

[1] ਚਿਤ ਨ ਭਾਈ (ੳ), ਚਿੰਤ ਨ ਭਾਈ (ਅ,ੲ)
[2] ਵਕੂਰ (ਸ)
[3] ਸਮਾਰ (ਅ)

[ਸਾਖੀ ਬਾਵਲੀ ਦੀ ਮਹਿਮਾ][1]

॥ਦੋਹਰਾ॥

ਧਰਮ ਅਰਥ ਅਰੁ ਕਾਮ ਮੋਖ ਸਦਾ ਰਹੇ ਤਿਹ ਦੁਆਰ॥
ਪਰਮ ਧਰਮ ਤੀਰਥ ਰਚਾ ਖੂਲੇ ਭਗਤ ਭੰਡਾਰ॥੧॥

॥ਚੌਪਈ॥

ਸੁੰਦਰ ਸੁਭਗ ਬਾਵਲੀ ਬਨੀ॥ਏਕ ਜੀਹ ਕਿਆ ਸੋਭਾ ਗਨੀ॥
ਸਤਗੁਰ ਰਚੀ ਰੂਪ ਪਰਮਾਰਥ॥ਭਏ ਸੇਵਾ ਕਰ ਬਹੁ ਸਿਖ ਕ੍ਰਿਤਾਰਥ॥੨॥
ਸੁਧਾ ਸੀਤਲ ਜਲ ਪੂਰਨ ਭਰਾ॥ਗੰਗਾ ਪ੍ਰਵਾਹ ਤਾ ਮੋ ਪ੍ਰਭ ਧਰਾ॥
ਦਖਨ ਦਿਸਾ ਝਰਨਾ ਇਕ ਝਰੇ॥ਪ੍ਰਗਟ ਪ੍ਰਵਾਹੁ ਗੰਗਾ ਕਾ ਕਰੇ॥
ਚੌਰਾਸੀ ਸੀਹੜੀ ਧਰੀ ਸਵਾਰ॥ਤਿਸ ਦੇਖ ਦਿਆਲ ਬਰ ਦੀਆ ਅਪਾਰ॥
ਕਰ ਭਗਤ ਪ੍ਰੀਤ ਜੋ ਪਰਸਨ ਆਵੈ॥ਉਤਰ ਚੌਰਾਸੀ ਜਲ ਮੁਖ ਪਾਵੈ॥੪॥
ਚੌਰਾਸੀ ਮਾਹ ਮੂਲ ਨਹੀ ਪਰੇ॥ਜਿਉ ਕਿਉ ਪਾਇ ਭਗਤ ਨਿਸਤਰੇ॥
ਜੋ ਸਰਧਾ ਕਰ ਸੇਵ ਕਮਾਵੈ॥ਤਾਤਕਾਲ ਪੁਨ ਫਲ ਕੋ ਪਾਵੈ॥੫॥

॥ਦੋਹਰਾ॥

ਮਹਿਮਾ ਤੀਰਥ ਕਿਆ ਕਹੌ ਜਹਾ ਸ੍ਰੀ ਗੁਰ ਬਰ ਕੋ ਦੀਨ॥
ਗੰਗਾ ਜੀ ਤਾ ਮੋ ਧਰੀ ਭਗਤ ਛੇਤ੍ਰ ਪ੍ਰਭ ਕੀਨ॥੬॥

॥ਸਵੈਯਾ॥

ਪਰਮਾਰਥ[2] ਰੂਪ ਸੁਛੇਤ੍ਰ ਬਨਾ ਕਲ ਜੀਉ ਸਮੂਹ ਉਧਾਰਨ ਕੋ॥
ਗੰਗਿ ਸ੍ਰਵੈ ਝਰਨਾ ਮ੍ਰਿਤ ਸੀਤਲ ਪਾਪ ਉਤਾਰਨ ਕੋ॥
ਸੁਖ ਸੀੜੀ ਭਗਤ ਦਿਆਲ ਰਚੀ ਚੌਰਾਸੀ ਭੋਗ ਨਿਵਾਰਨ ਕੋ॥
ਕੀਆ ਪਰਉਪਕਾਰ ਬਿਚਾਰ ਦੈਆਨਿਧ ਬਾਵਲੀ ਤੀਰਥ ਤਾਰਨ ਕੋ॥੭॥
ਲੀਲਾ ਵਤ ਪੂਰਨ ਨੀਰ ਸੁਧ ਸੰਤੁਸਟ ਹਿਰਦਾ ਜਿਮ ਸੰਤ ਰਹੈ॥
229/ਅ ਅੰਮ੍ਰਿਤ ਜਲ/ਅਚਵਤ ਤਪਤ ਹਰੇ ਸੁਖ[3] ਪਾਵੇ ਜਿਮ ਸਤਸੰਗ ਬਹੇ॥
ਯਹ ਪੂਰਨ ਪੁੰਨ ਪ੍ਰਮਾਨ ਸੁ ਤੀਰਥ ਮੁਖ ਉਪਮਾ ਪੁਨ ਕੌਨ ਕਹੇ॥
ਬਰ ਦੀਨਾ ਅਮਰ ਦਿਆਲ ਗੁਰੂ ਫਲ ਪਾਵਤ ਜੋ ਤਿਸ ਸੇਵਤ ਹੈ॥੮॥
ਅੰਮ੍ਰਿਤ ਕੋ ਯਹ ਸਰ ਹੈ ਪੂਰਨ ਅੰਮ੍ਰਿਤ ਲਹਰ ਉਠੇ ਅਘ ਨਾਸੀ॥
ਮਜਨ ਤਾਹਿ ਕੀਏ ਭ੍ਰਮ ਨਾਸਤ ਜਿਉ ਅਘ ਨਾਸਤ ਗੰਗ ਨਿਵਾਸੀ॥
ਸੇਵਾ ਦਾਨ ਤਹਾ ਤਤਫੁਰ ਜਿਮ ਭਗਤ ਛੇਤ੍ਰ ਫਲੁ ਗਿਆਨ ਪ੍ਰਕਾਸੀ॥
ਸ੍ਰੀ ਅਮਰ ਗੁਰੂ ਯਹ ਬਾਸ ਰਚਿਓ ਪੁਨਿ ਬਾਵਲੀ ਤੀਰਥ ਹੈ ਅਘ ਨਾਸੀ॥੯॥
ਗੁਰ ਦੀਨ ਦਿਆਲ ਸੋ ਛੇਤ੍ਰ ਰਚਾ ਸਭ ਤੀਰਥ ਕੀਨ ਤਹਾ ਬਾਸਾ॥
ਯਹ ਦੇਖਤ ਪਾਪ ਬਿਨਾਸਤ ਹੈ ਹਰਿ ਭਗਤ ਬਸੇ ਉਰ ਸੁਖ ਰਾਸਾ॥
ਮਿਲ ਤੀਰਥ ਪੁੰਨ ਸੋ ਤੇਜ ਘਟੇ ਅਘ ਜੌਨ ਚੌਰਾਸੀ ਕੀ ਫਾਸਾ॥
ਪਰਮਾਰਥ ਰੂਪ ਦਿਆਲ ਗੁਰੂ ਸ੍ਰੀ ਬਾਵਲੀ ਤੀਰਥ ਪਰਕਾਸਾ॥੧੦॥

॥ਦੋਹਰਾ॥

ਜਗ ਤਾਰਨ ਕਾਰਨ ਬਨਾ ਤੀਰਥ ਪੁੰਨ ਸਰੂਪ॥
ਕੋ ਕਿਆ ਮਹਿਮਾ ਤਾ ਕੋ ਕਹੇ ਪਰਮਾਰਥ ਛੇਤ੍ਰ ਅਨੂਪ॥੧੧॥

॥ਚੌਪਈ॥

ਏਕ ਲੁਹਾਰ ਕਾਰ ਤਹ ਕਰੀ॥ਕਾਠ ਕੀ ਸੀੜੀ ਤਿਨ ਸਭ ਘੜੀ[4]॥
ਸਾਤ ਸੀੜੀ ਜਲ ਮੋ ਤਿਨ ਕੀਨੀ॥ਠੋਕ ਮੇਖ ਮੁਹਕਮ ਕਰ ਦੀਨੀ॥੧੨॥
ਸੀਢੀ ਬਨੀ ਸੁੰਦਰ ਜਲ ਮਾਹਿ॥ਅਤ ਸੁਖੇਨ ਜਲ ਲੀਜੈ ਤਾਹ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਪਰਮਾਤਮ (ਅ)
[3] ਹੁਖ (ਸ)
[4] ਘਰੀ (ਸ)

ਕਰੀ ਟਹਲ ਮਨ ਪ੍ਰੀਤ ਬਿਲਾਸ[1]॥ਸਤਗੁਰ ਤਾ ਪ੍ਰ ਭਏ ਦਿਆਲ॥੧੩॥
ਕ੍ਰਿਪਾ ਸਿੰਧ ਤਿਸ ਲੀਆ ਬੁਲਾਇ॥ਬਡਭਾਗੀ ਪਾਇਆ ਚਰਨਨ ਆਇ॥
230/ੳ ਗੁਰ ਹੋ ਦਿਆਲ ਮਸਤਕ ਕਰ/ਧਰਾ॥ਸਤਨਾਮ ਮੰਤ੍ਰ ਉਚਾਰਾ॥੧੪॥
ਪ੍ਰਭ ਸੰਤ ਸਧਾਰਨ ਨਾਮ ਤਿਸ ਰਾਖਾ॥ਪ੍ਰਕਾਸ ਭਇਆ ਪੂਰਨ ਅਭਲਾਖਾ॥
ਤੁਮਰੀ ਟਹਲ ਪਰੀ ਸਭ ਥਾਇ॥ਕਰੋ ਭਜਨ ਗ੍ਰਿਹ ਮੋ ਅਬ ਜਾਇ॥੧੫॥

॥ਦੋਹਰਾ॥

ਸੰਤ ਸਧਾਰਨ ਗ੍ਰਹ ਚਲੇ ਸਤਗੁਰ ਚਰਨਨ ਪਾਇ॥
ਪਰਮਾਨੰਦ ਸੁਖ ਸਿੰਧ ਮੋ ਟੁਬਕੀ ਲੀਨੀ ਤਾਹ॥੧੬॥

॥ਚੌਪਈ॥

ਗੰਗਾ ਸਨਾਨ ਬਹੁ ਲੋਕ ਸਿਧਾਰੇ॥ਚਲਤ ਪੰਥ ਇਹ ਮਾਰਗ ਆਏ॥
ਤਬ ਥੇ ਦਿਆਲ ਬਾਵਲੀ ਖਲੇ॥ਗੁਰ ਦਰਸਨ ਕੋ ਆਏ ਸਭ ਚਲੇ॥੧੭॥
ਕਰ ਦਰਸਨ ਸਭ ਭਏ ਪਵਿਤ੍ਰ॥ਤਾ ਮੋ ਏਕ ਸਾਧ ਗੁਰ ਮਿਤ੍ਰ॥
ਕਰ ਦਇਆ ਦਿਆਲ ਤਿਸੁ ਬਚਨ ਉਚਾਰਾ॥ਤੁਮ ਕਸਟ ਕਰੋ ਕਾਹੇ ਮਮ ਪਿਆਰਾ॥੧੮॥
ਬਾਵਲੀ ਮੋ ਗੰਗਾ ਮੈ ਆਨੀ॥ਈਹਾ ਕਰੋ ਸਨਾਨ ਬਚਨ ਮਮ ਮਾਨੀ॥
ਤੁਮ ਮਨ ਮੋ ਸੰਕਾ ਮਤ ਕਰੋ॥ਪਾਵੋ ਫਲ ਜੋ ਮਨ ਮੋ ਧਾਰੋ[2]॥੧੯॥
ਤਿਨ ਬਚਨ ਮਾਨ ਇਸਨਾਨ ਤਹ ਕਰਾ॥ਅੰਤਰ ਮਨ ਮੋ ਸੰਕਾ ਧਰਾ॥
ਪੁਨ ਹਾਥ ਜੋੜ ਬਿਨਤੀ ਯਹ ਕਰੀ॥ਮੈ ਹਰ ਦੁਆਰ ਆਸਾ ਮਨ ਧਰੀ॥੨੦॥

॥ਦੋਹਰਾ॥

ਪਿਤ੍ਰ ਕਾਜ ਊਹਾ ਕਰੌ ਪੁਨ ਦਰਸਨ ਲਾਗੋ ਆਇ॥
ਬਿਦਾ ਦਈ ਸਤਗੁਰ ਤਿਸੇ ਯਹ[3] ਭਾਖਿਆ ਸਹਜ ਸੁਭਾਇ॥੨੧॥

॥ਚੌਪਈ॥

ਜੋ ਤੁਮ ਹਰਦੁਆਰ ਕੋ ਜਾਵੋ॥ਹਮ ਕੋ ਗੰਗਾ ਜਲ ਭਰ ਲਿਆਵੋ॥
ਵੇ ਲੇ ਆਗਿਆ ਗੰਗਾ ਕੋ ਗਇਆ॥ਹਰਦੁਆਰ ਮੋ ਪ੍ਰਾਪਤ ਭਇਆ॥
ਕਰ ਇਸਨਾਨ ਤਿਨ ਲੋਟਾ ਲੀਨਾ॥ਜਲ ਭਰਨੇ ਲਾਗਾ ਪਰਬੀਨਾ॥੨੨॥
230/ਅ ਛੂਟ ਹਾਥ ਲੋਟਾ ਬਹਿ ਗਇਆ ਸਭ ਲੋਕ ਕੂਚ ਕਰਤ ਤ/ਬ ਭਇਆ॥
ਢੂਢ ਰਹਾ ਲੋਟਾ ਨਹੀ ਮਿਲਾ॥ਤਬ ਵੇ ਸੰਗ ਸਾਥ ਮਿਲ ਚਲਾ॥੨੩॥
ਆਇ ਪਹੁਚੇ ਸਤਗੁਰ ਕੇ ਪਾਸ॥ਤਿਨ ਮਥਾ ਟੇਕ ਕਰੀ ਅਰਦਾਸ॥
ਮੈ ਲੈ ਲੋਟਾ ਜਲ ਭਰਨੇ ਗਇਆ॥ਵੇ ਹਾਥ ਤੇ ਛੂਟ ਗੰਗਾ ਬਹਿ ਗਇਆ॥੨੪॥
ਅਬ ਛੂਛੇ ਹਾਥ ਦਰਸਨ ਮੈ ਲਾਗਾ॥ਨਹੀ ਭਇਆ ਕਾਮ ਮੈ ਪਰਮ ਅਭਾਗਾ॥
ਹਸ ਕਹਾ ਦਿਆਲ ਤੁਮ ਚਿੰਤਾ ਕਾਇ॥ਤੁਮਰਾ ਲੋਟਾ ਪਹੁਚਾ ਆਇ॥੨੫॥

॥ਦੋਹਰਾ॥

ਜਾਉ ਬਾਵਲੀ ਢੂਢ ਲੇਹੁ ਜਹਾ ਪਰੇ ਗੰਗ ਪਰਵਾਹ[4]॥
ਦਖਨ ਦਿਸਾ ਝਰਨਾ ਝਰੇ ਤਹਾ ਲੋਟਾ ਲੀਜੈ ਜਾਇ॥੨੬॥

॥ਚੌਪਈ॥

ਵੇ ਬਚਨ ਸੁਨਤ ਬਾਵਲੀ ਆਇਆ॥ਤਿਨ ਢੂਢਤ ਵਹੀ ਲੋਟਾ ਪਾਇਆ॥
ਦੇਖ ਚਰਿਤ੍ਰ ਬਿਸਮੋ ਹੋਇ ਗਇਆ॥ਜਾਇ ਸਤਗੁਰ ਕੇ ਚਰਨਨ ਪਇਆ॥੨੭॥
ਮੈ ਅਜਾਨ ਮਹਮਾ ਨਹੀ ਜਾਨੀ॥ਬਾਵਲੀ ਮਾਹਿ ਗੰਗ ਪਰਮਾਨੀ॥
ਮੈ ਸਤਗੁਰ ਕਾ ਬਚਨ ਨ ਮਾਨਾ॥ਅਬ ਬਖਸ ਲੇਹੁ ਸਤਗੁਰ ਭਗਵਾਨਾ॥੨੮॥
ਪ੍ਰਭ ਦੀਨ ਦਿਆਲ ਕ੍ਰਿਪਾ ਤਿਸ ਕਰੀ॥ਤਿਨ ਦੇਖ ਪਰਤਗਿਆ ਨਿਸਚੇ ਕਰੀ॥
ਸਤਗੁਰ ਬਚਨ ਤੀਰਥ ਸੁਚ ਚਾਰ॥ਕੋਟਿ ਤੀਰਥ ਗੁਰ ਚਰਨ ਅਧਾਰ॥੨੯॥
ਅਮਰ ਗੁਰੂ ਕਰਨਾ ਕੀ ਖਾਨ॥ਤੀਰਥ ਕੀਓ ਮਹਾ ਅਭਿਰਾਮ॥

---

[1] ਬਿਸਾਲ (ੳ,ਅ,ੲ,ਸ)
[2] ਧਰੋ (ੳ,ਅ,ੲ,ਸ)
[3] ਇੱਥੇ ਸ਼ਬਦ 'ਯਹ' ਦੀ ਜਗ੍ਹਾ ਤੇ 'ਇਮ' ਹੈ (ਅ)
[4] ਪਰਵਾਰ (ਅ)

ਤਾ ਕੀ ਮਹਿਮਾ ਕਹੀ ਨ ਜਾਇ॥ ਜਗਤ ਉਧਾਰਨ ਕੋ ਪੁਲ ਆਹਿ॥੩੦॥

॥ਦੋਹਰਾ॥

ਗੁਰ ਤੀਰਥ ਮਹਮਾ ਸੁਨੇ ਜੋ ਸਿਖ ਹਿਤ ਚਿਤ ਲਾਇ॥
ਪਾਪ ਤਾਪ ਸਗਲੇ ਨਸੇ ਹਰਿ ਭਗਤ ਬਸੇ ਉਰ ਆਇ॥੩੧॥

॥ਸਾਖੀ ਪੂਰਨ ਹੋਈ॥੯੭॥

231/ੳ /ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾ/ਰ॥

[ਸਾਖੀ ਮੋਹਰੀ ਜੀ ਦੇ ਘਰ ਪੁੱਤਰ ਸ੍ਰੀ ਅਨੰਦ ਭਗਤ ਜੀ ਦਾ ਜਨਮ ਹੋਣਾ][1]

॥ ਦੋਹਰਾ ॥

ਸ੍ਰੀ ਸਤਿਗੁਰੂ ਕੇ ਕੁਲ ਬਿਖੇ ਧਰਾ ਸੰਤ ਅਵਤਾਰ ॥
ਪ੍ਰਗਟ ਕਥਾ ਤਾ ਕੀ ਕਰੋ ਸ੍ਰੀ ਸਤਗੁਰ ਕਹੀ ਉਚਾਰ ॥

॥ ਚੌਪਈ ॥

ਕੋਊ ਸਿਧ ਪੁਰਾਤਨ ਗੁਰ ਪਹਿ ਆਇਆ ॥ ਤਿਨ ਦਰਸਨ ਕਰ ਇਹ ਬਿਨੇ ਸੁਨਾਇਆ ॥
ਜਬ ਜਗ ਸਤਗੁਰ ਰੂਪ ਤੁਮ ਧਰਾ ॥ ਮੈ ਤਬ ਤੇ ਮਨ ਮੌ ਸਰਧਾ ਕਰਾ ॥ ੨ ॥
ਅਬ ਬਡੇ ਭਾਗ ਤੇ ਦਰਸਨ ਪਾਇਆ ॥ ਦਰਸ ਪ੍ਰਤਾਪ ਤੇ ਅਤ ਸੁਖ ਪਾਇਆ ॥
ਮੈ ਬਹੁਤ ਕਾਲ ਜੋਗ ਤਪੁ ਕੀਨਾ ॥ ਪਾਇ ਸਿਧ ਭਏ ਲੋਕ ਅਧੀਨਾ ॥ ੩ ॥
ਤਬ ਮਨ ਮੋ ਮੈ ਕੀਆ ਬਿਚਾਰ ॥ ਯਹ ਸਭ ਸਿਧ ਜਗਤ ਬਿਵਹਾਰ ॥
ਅਤ ਕੀਓ ਕਸਟ ਜੋਗ ਤਪ ਤਾਪਤ ॥ ਨਹੀ ਭਇਆ ਅਨੰਦ ਪਦ ਮੋਹਿ ਪਰਾਪਤ ॥ ੪ ॥
ਅਬ ਚਰਨ ਸਰਨ ਰਾਖੋ ਗੁਰ ਦਿਆਲ ॥ ਦੇਹੁ ਅਨੰਦ ਪਦ ਕਰੋ ਨਿਹਾਲ ॥
ਤੁਮ ਜਗਤ ਉਧਾਰਨ ਕੋ ਬਪੁ ਧਰਾ ॥ ਮੈ ਬਹੁਤ ਕਾਲ ਤੇ ਆਸਾ ਕਰਾ ॥ ੫ ॥

॥ ਦੋਹਰਾ ॥

ਤਿਨ ਭਗਤ ਨੀਤ ਬਰਨਨ ਕਰੀ ਧਰ ਮਨ ਪ੍ਰੇਮ ਬਿਸਾਲ ॥
ਜਾਨਾ ਭਗਤ ਜੋਗੀ ਬਡਾ ਸਤਗੁਰ ਭਏ ਦਿਆਲ ॥ ੬ ॥

॥ ਤੋਮਰ ਛੰਦ ॥

ਜਾਨਾ ਸੁ ਸਤਿਗੁਰ ਤਾਹਿ ॥ ਬਡ ਭਗਤ ਜੋਗੀ ਆਹ ॥
ਤਿਸ ਕਹਾ ਸਤਗੁਰ ਮੀਤ ॥ ਮਮ ਬਚਨ ਧਾਰੋ ਚੀਤ ॥ ੭ ॥
ਆਨੰਦ ਪਦ ਤਬ ਹੋਇ ॥ ਮੈ ਕਹੌ ਜੋ ਕਰ ਸੋਇ ॥
231/ਅ ਯਹ ਦੇਹ ਕਰੋ ਤਿਆਗ ॥ ਤਨ/ਅਵਰ ਧਰੋ ਸੁਜਾਗ ॥ ੮ ॥
ਪੁਨ ਆਉ ਹਮਰੇ ਪਾਸ ॥ ਪਾਵੋ ਆਨੰਦ ਬਿਲਾਸ ॥
ਸੁਨ ਬਚਨ ਬਨ ਮੋ ਗਇਆ ॥ ਨਿਜ ਇਛ ਤਨ ਤਜ ਦਇਆ ॥
ਲੀਆ ਜਨਮ ਗੁਰ ਕੁਲ ਆਇ ॥ ਆਨੰਦ ਪਦਵੀ ਪਾਇ ॥
ਤਾ ਕੀ ਕਥਾ ਕਹੌ ਮੀਤ ॥ ਸੁਨ ਲੇਹੁ ਮਨ ਧਰ ਚੀਤ ॥ ੧੦ ॥

॥ ਦੋਹਰਾ ॥

ਮੋਹਰੀ ਮੋਹਨ ਪੁਤ੍ਰ ਗੁਰ ਸੁਤਹਿ ਸਿਧ ਬਡ ਭਗਤ ॥
ਤਿਨ ਗ੍ਰਿਹ ਸੁਤ ਉਪਜਤ ਭਏ ਪੂਰਬ ਭਗਤ ਵਿਰਕਤ ॥ ੧੧ ॥

॥ ਚੌਪਈ ॥

ਪ੍ਰਿਥਮ ਪੁਤ੍ਰ ਜਨਮ ਜਬ ਕਰਾ ॥ ਅਰਥ ਮਲ ਨਾਮ ਤਿਸ ਧਰਾ ॥
ਬਡੇ ਭਗਤ ਅਉ ਪਰਮ ਤਿਆਗੀ ॥ ਸਤਗੁਰ ਕੁਲ ਜਨਮ ਧਰਾ ਬਡਭਾਗੀ ॥ ੧੨ ॥
ਪੁਨ ਜਨਮ ਅਨੰਦ ਭਗਤ ਜੀ ਲੀਨਾ ॥ ਸੋ ਕਥਾ ਕਹੀ ਸਤਗੁਰ ਪ੍ਰਬੀਨਾ ॥
ਬਡੇ ਭਗਤ ਜਨਮ ਕੁਲ ਧਰਾ ॥ ਸੁਨ ਸਤਗੁਰ ਅਨੰਦ ਮਨ ਭਰਾ ॥ ੧੩ ॥
ਬਲੂ ਕੋ ਤਬ ਕਹਾ ਦਿਆਲ ॥ ਜੋ ਜਨਮਾ ਸੁਤ ਲਿਆਵੋ ਤਤਕਾਲ ॥
ਮੈ ਤਾਂ ਕੋ ਦਰਸਨ ਅਬ ਕਰੌ ॥ ਕਰ ਰੂੰਈ ਮੋ ਆਗੇ ਮਮ ਧਰੋ ॥ ੧੪ ॥
ਗੁਰ ਬਚਨ ਮਾਨ ਬਲੂ ਤਹਾ ਗਇਆ ॥ ਰੂਈ ਲਪੇਟ ਸੁਤ ਲਿਆਵਤ ਭਇਆ ॥
ਸਤਗੁਰ ਦਿਆਲ ਗੋਦ ਮੋ ਲੀਨਾ ॥ ਪ੍ਰਭ ਦੇਖਾ ਭਗਤ ਮੰਗਲ ਮਨ ਕੀਨਾ ॥ ੧੫ ॥

॥ ਦੋਹਰਾ ॥

ਬਲੂ ਕੋ ਸਤਗੁਰ ਕਹਾ ਕੁਲ ਲੀਆ ਸੰਤ ਅਉਤਾਰ ॥
ਅਨੰਦ ਰੂਪ ਬਾਨੀ ਕਰੌ ਇਸ ਕੀ ਭੇਟ ਉਚਾਰ ॥ ੧੬ ॥

॥ ਚੌਪਈ ॥

ਬਾਨੀ ਅਨੰਦ ਗੁਰ ਕੀਆ ਉਚਾਰ ॥ ਪਉੜੀ ਅਠਤੀਸ ਬਾਨੀ ਸੁਖਸਾਰੀ ॥

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

ਭਗਤ ਜੋਗ ਵੈਰਾਗ ਗਿਆਨ॥ਮੰਗਲ ਵਾਕ ਜਗ ਮੋ ਪਰਧਾਨ॥੧੭॥
ਬਾਲ ਸੰਤ ਕੀ ਭੇਟ ਯਹ ਕਰਾ॥ਆਨੰਦ ਪੁਰਖ ਨਾਮ ਤਿਸ ਧਰਾ॥
232/ੳ ਹੋਇ/ਪ੍ਰਸੰਨ ਪੁਨ ਦੀਆ ਪਠਾਇ॥ਮਾਤਾ ਕੀ ਗੋਦ ਦੇਵੋ ਇਸ ਜਾਇ॥੧੮॥
ਦੇ ਮਾਤਾ ਕੋ ਬਲੂ ਆਇਆ॥ਸਤਗੁਰ ਤਿਸ ਯਹ ਬਚਨ ਸੁਨਾਇਆ॥
ਯਹ ਅਨੰਦ ਬਾਨੀ ਮੈ ਕੀਆ॥ਮੰਗਲ ਮੂਲ ਵਾਕ ਪ੍ਰਗਟੀਆ॥੧੯॥
ਤੁਮ ਕੋਠੇ ਪਰ ਚੜ ਗਾਵੋਂ ਤਾਹਿ॥ਅਰੁ ਲੇ ਢੋਲਕ ਸੰਗ ਬਜਾਇ॥
ਜੋ ਕੋਈ ਅਬ ਯਹ ਧੁਨ ਸੁਨੇ॥ਹੋਇ ਪਾਰੰਗਦ ਕਿਲਬਿਖ ਹਨੇ॥੨੦॥

॥ਦੋਹਰਾ॥

ਸਭ ਕਾਰਜ ਯਾ ਤੇ ਸਿਧ ਹੋਇ ਜੋ ਪੜੇ ਕਰ ਪ੍ਰੇਮ ਪ੍ਰਤੀਤ॥
ਮੰਗਲ ਮੂਲ ਬਾਨੀ ਬਨੀ ਸੁਖਦਾਇਕ ਭਗਤ ਬਿਨੀਤ॥੨੧॥

॥ਚੌਪਈ॥

ਬਲੂ ਚੜ ਕੋਠੇ ਪਰ ਗਾਇਆ॥ਢੋਲਕ ਬਜਾਇ ਸੰਗ ਸਬਦੁ ਸੁਹਾਇਆ॥
ਤਿਸ ਸਮੇ ਸੁਨਾ ਜਿਨ ਆਨੰਦ ਬਾਣੀ॥ਪਾਇ ਭਗਤਿ ਤਿਨ ਪਦ ਨਿਰਬਾਣੀ॥੨੨॥
ਆਨੰਦ ਮੂਲ ਬਾਨੀ ਗੁਰ ਕਰੀ॥ਇਕ ਪੌੜੀ ਚੌਥੇ ਮਹਲ ਤਹਾ ਧਰੀ॥
ਆਨੰਦ ਮਹਾਤਮ ਉਸਤਤ ਕੀ ਪੌੜੀ॥ਸ੍ਰੀ ਸਤਿਗੁਰ ਮਹਲ ਪੰਜਵੇ ਜੋੜੀ॥੨੩॥
ਪੂਰਨ ਭਈ ਪਉੜੀ ਚਾਲੀਸ॥ਗੁਰ ਆਨੰਦ ਕੀਆ ਜਗਤ ਬਖਸੀਸ॥
ਅੰਮ੍ਰਿਤ ਸਮੇ ਪੜੇ ਆਨੰ॥ਪਾਇ ਭਗਤ ਭੇਟੈ ਗੋਬਿੰਦ॥੨੪॥
ਕਾਮਨਾ ਸਹਤ ਜੋ ਆਨੰਦ ਪੜੇ॥ਕਲੇਸੁ ਮਿਟੇ ਸੁਖ ਸੀੜੀ ਚੜੇ॥
ਬਰ ਦਾਤਾ ਸਤਗੁਰ ਕੀ ਬਾਨੀ॥ਗੁਰਮੁਖ ਕੇ ਘਨ[1] ਮਾਹ ਸਮਾਨੀ॥੨੫॥

॥ਦੋਹਰਾ॥

ਸ੍ਰੀ ਮੋਹਰੀ ਜੀ ਕੇ ਗ੍ਰਿਹ ਬਿਖੇ ਜਨਮਿਓ ਸੁਤ ਹਰਿ ਭਗਤ॥
ਅਰਜਾਨੀ ਨਾਮ ਸਤਗੁਰ ਧਰਾ ਪੂਰਬ ਭਗਤ ਵਿਰਕਤ॥੨੬॥

॥ਤੋਮਰ ਛੰਦ॥

232/ਅ ਜਨਮਿਓ ਸੁ ਸੁਤ ਬਡ ਭਾਗ॥ਜਨਮ/ਤ ਕੀਆ ਤਨ ਤਿਆਗ॥
ਤਿਸ ਮਾਤ ਗੁਰ ਪਹਿ ਜਾਇ॥ਸੁਤ ਮੂਆ ਚਰਨ ਛੁਹਾਇ॥੨੭॥
ਪੁਨਿ ਜਿੰਦੁ ਤਾ ਮੋ ਪਈ॥ਲੇ ਗ੍ਰਿਹ ਬਿਖੈ ਤਿਸ ਗਈ॥
ਪੁਨਿ ਜਾਤ ਹੀ ਮਰ ਗਇਆ॥ਬਡ ਸੋਕ ਮਾਤਾ ਭਇਆ॥੨੮॥
ਲੇ ਆਇ ਸਤਗੁਰ ਪਾਸ॥ਰੋਵਤ ਕਰੀ ਅਰਦਾਸ॥
ਸਭ ਜਗਤ ਕਰੋ ਸਹਾਇ॥ਮੇਰੋ ਪੁਤ੍ਰ ਦੇਹੁ ਜੀਆਇ॥੨੯॥
ਤਬ ਦਇਆ ਕਰੀ ਦਿਆਲ॥ਸੁਤ ਮੂਆ ਦੀਆ ਜੀਵਾਲਿ॥
ਅਰਜਾਨੀ ਧਰਾ ਤਿਸੁ ਨਾਮੁ॥ਲੇ ਗਈ ਮਾਤਾ ਧਾਮ॥੩੦॥

॥ਦੋਹਰਾ॥

ਯਹ ਨਾਤੀ ਤੀਨ ਗੁਰ ਕੇ ਭਏ ਪੂਰਬ ਭਗਤ ਬਡ ਸਿਧ॥
ਸਤਗੁਰ ਤਾ ਕੋ ਬਰ ਦੀਆ ਦਿਨ ਦਿਨ ਕੁਲ ਕੀ ਬ੍ਰਿਧ॥੩੧॥

॥ਦੋਹਰਾ॥

ਅਨੰਦ ਮਹਾਤਮ ਕੀ ਕਥਾ ਜੋ ਸੁਨੇ ਪੜੇ ਕਰ ਭਾਉ॥
ਸਦ ਅਨੰਦ ਮਨ ਮੋ ਬਸੇ ਕਲ ਕਲੇਸ ਮਿਟ ਜਾਇ॥੩੨॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਘਟ (ੳ,ਅ,ੲ)

[ਸਾਖੀ ਸ੍ਰੀ ਮੋਹਨ ਜੀ ਦੇ ਪਰਮ ਅਉਧੂ ਦੀ ਅਵਸਥਾ][1]

॥ਸੋਰਠਾ॥

ਸ੍ਰੀ ਮੋਹਨ ਪਰਮ ਅਵਧੂਤ ਦੇਹ ਬੁਧ ਜਾ ਕੇ ਨਹੀ॥
ਪੂਰਨ ਪੁਰਖ ਸਪੂਤ ਹਰਖ ਸੋਕ ਜਾ ਕੇ ਨਹੀ ਬਿਧ ਨਖੇਧ॥੧॥

॥ਚੌਪਈ॥

ਮੋਹਨ ਜੀ ਪਰਮ ਭਗਤ ਦ੍ਰਿੜ ਗਿਆਨ॥ਗੁਰ ਬਚਨ ਕੀਆ ਮੋਹਨ ਮਸਤਾਨ॥
ਤਾ ਦਿਨ ਤੇ ਭਏ ਪਰਮ ਅਉਧੂਤ॥ਤੁਰੀ ਅਤੀਤ ਪਰਮ ਸੁਖ ਸੂਤ॥੨॥
ਦੇਹ ਬੁਧ ਤਾ ਕੇ ਨਹੀ ਰਹੀ॥ਅਦ੍ਵੈਤ ਅਵਸਥਾ ਮੋਹਨ ਗਹੀ॥
ਅਛਿਤ ਦੇਹ ਦੇਹ ਨਹੀ ਜਾਨੇ॥ਪਰਮਾਤਮ ਰੂਪ ਸੁਖ ਸਹਜਿ ਸਮਾਨੇ॥੩॥
233/ੳ ਸਦ ਇ/ਕੰਤ ਕੋਠੜੀ ਬਹੈ॥ਬਾਹਰ ਦੀਏ ਕਿਵਾੜੇ ਰਹੈ॥
ਸਹਕਾਮੀ ਅਰਥੀ ਦੁਆਰੇ ਸੇਵੈ॥ਸਹਜ ਬਰਨ ਪਾਇ ਫਲ ਲੇਵੈ॥੪॥
ਦੀਏ ਕਿਵਾੜੇ ਕੋਠੜੀ ਰਹੈ॥ਮੋਹਨ ਜੀ ਬਾਹਰ ਨਿਕਸ ਸਿਧਾਏ॥
ਕਰੇ ਆਗਿਆ ਪ੍ਰਭ ਸਿਖ ਪਠਾਇ॥ਮੋਹਨ ਕੋਠੜੀ ਦੇਹੁ ਬੈਠਾਇ॥੫॥

॥ਦੋਹਰਾ॥

ਗੁਰ ਆਗਿਆ ਸੋ ਸਿਖ ਲੈਨ ਜਾਹ ਦੇਖਤ ਹੋਇ ਅਲੋਪ॥
ਪੁਨਿ ਹੋਇ ਕੋਠੜੀ ਮੋ ਪ੍ਰਗਟ ਕੋ ਜਾਨੇ ਲੀਨਾ ਗੋਪ॥੬॥

॥ਚੌਪਈ॥

ਦਿਵਸ ਏਕ ਇਹ ਕਰੀ ਅਰਦਾਸ॥ਸ੍ਰੀ ਮਾਤਾ ਜੀ ਸਤਗੁਰ ਕੇ ਪਾਸ॥
ਤੁਮ ਕਰੋ ਦਿਸਟਿ ਮੁਘਧ ਹੋਇ ਸਿਆਨੇ॥ਮੋਹਨ ਜੀ ਕਾਹੇ ਬਉਰਾਨੇ॥
ਜੋ ਪ੍ਰਭ ਜਾਨਤ ਥੇ ਇਹੀ ਸੁਭਾਉ॥ਤੌ ਕਾਹੇ ਕੋ ਕੀਨਾ ਬਿਆਹੁ॥
ਮੋਹਨ ਇਸਤ੍ਰੀ ਪੁਰਖ ਨ ਬੂਝੇ॥ਬਹੂ ਅਨਾਥ ਬੈਠੀ ਮੋਹ ਸੂਝੇ॥੮॥
ਸੁਨ ਹਸੇ ਦਿਆਲ ਯਹ ਬਚਨ ਉਚਾਰਾ॥ਮੋਹਨ ਰਚੇ ਪਰਮ ਸੁਖਸਾਰਾ॥
ਮੋਹਨ ਮੋ ਸੋ ਨਹੀ ਭੇਦ॥ਅਜਰ ਅਮਰ ਮੋਹਨ ਅਛੇਦ॥੯॥
ਯਹ ਗੁਹਜ ਕਥਾ ਤੁਮ ਬੂਝੋ ਨਾਹਿ॥ਮੋਹਨ ਸਭ ਬਿਧ ਪੂਰਨ ਆਹ॥
ਅਰੁ ਜੋ ਕਹਾ ਮਮ ਬਹੂ ਅਨਾਥ॥ਤਿਸ ਬਸਤ੍ਰ ਪਹਰਾਇ ਨਿਜ ਲੇਵਹੁ ਸਾਥ॥੧੦॥

॥ਦੋਹਰਾ॥

ਮੋਹਨ ਜੀ ਪਹ ਜਾਇ ਕਰ ਚਰਨਨ ਪਰ ਦੇਹੁ ਡਾਰ॥
ਕਰੇ ਦ੍ਰਿਸਟ ਜਬੀ ਹੋਇ ਸੁਤ ਪਰਮ ਉਦਾਰ॥੧੧॥

॥ਚੌਪਈ॥

ਇਸੀ ਭਾਂਤ ਮਾਤਾ ਜੀ ਕੀਆ॥ਦਇਆ ਦ੍ਰਿਸਟ ਮੋਹਨ ਜੀ ਥੀਆ॥
ਜਨਮੇ ਪੁਤ੍ਰ ਸੁੰਦਰ ਸੁਖ ਧਾਮ॥ਸੰਸ ਰਾਮ ਰਾਖਾ ਗੁਰ ਨਾਮ॥੧੨॥
ਪੂਰਬ ਜਨਮ ਤੇ ਬਡੇ ਮਹਾਨ॥ਇੰਦ੍ਰੀ ਜਿਤ ਜੋਗੀ ਨਿਹਕਾਮ॥
233/ਅ ਤਿਨ ਬਾਲ ਸਮੇ ਮਾਤਾ ਤਨ ਤਿਆ/ਗ[2]॥ਦੇਖ ਗੁਰ ਦਿਆਲ ਦਇਆ ਰਸ ਪਾਗ[3]॥੧੩॥
ਪ੍ਰਿਤਪਾਲ ਦਿਆਲ ਗੁਰ ਕੀਨਾ॥ਭੋਜਨ ਖਾਨ ਪਾਨ ਸੰਗ ਲੀਨਾ॥
ਭਏ ਕੁਮਾਰ ਸਤਗੁਰ ਕੇ ਸੰਗ॥ਤੇਜ ਬੰਸੀ ਨਿਜ ਬ੍ਰਤ ਅਭੰਗ॥੧੪॥
ਸਤਗੁਰ ਕੀ ਬਾਨੀ ਸੋ ਲਿਖੇ॥ਜਿਨ ਸਰਧਾ ਹੋਇ ਸੋ ਇਨ ਸੋ ਸਿਖੇ॥
ਥਾਲੀ ਏਕ ਸਤਗੁਰ ਸੰਗ ਖਾਏ॥ਸਰਬ ਸਿਧ ਬਿਧ ਤਾ ਤੇ ਪਾਏ॥੧੫॥

॥ਦੋਹਰਾ॥

ਮੋਹਨ ਅਉਧੂਤ ਨਿਰਬਾਨ ਕੀ ਸਾਖੀ ਸੁਨੇ ਜੇ ਕੋਇ॥
ਸੰਤਾਨ ਸਹਤ ਸੰਪਤ ਮਿਲੇ ਹਰਿ ਪ੍ਰੇਮ ਭਗਤ ਉਰ ਹੋਇ॥੧੬॥

॥ਸਾਖੀ ਪੂਰਨ ਹੋਈ॥੯੯॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੳ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਤਿਆਗਾ (ੳ,ਅ,ੲ,ਸ)
[3] ਪਾਗਾ (ੳ,ਅ,ੲ,ਸ)

[ਸਾਖੀ ਮਥੋ ਮੁਰਾਰੀ ਨੂੰ ਬਖ਼ਸ਼ਿਸ਼][1]

॥ਦੋਹਰਾ॥

ਨਾਥਾ ਅਨਾਥਾ ਬਾਣ ਪ੍ਰਭ ਪਤਿਤ ਉਧਾਰਨਹਾਰ॥
ਸੁਨ ਮਹਮਾ ਸਤਗੁਰ ਦਿਆਲ ਕੀ ਲੀਜੇ ਮਨ ਮੋ ਧਾਰ॥੧॥

॥ਚੌਪਈ॥

ਇਕ ਪ੍ਰੇਮ ਨਾਮ ਖਤ੍ਰੀ ਕੁਲ ਆਹਾ॥ ਤਿਸ ਮਾਤ ਪਿਤਾ ਭਾਈ ਨਹੀ ਰਹਾ॥
ਦਾਲਿਦ੍ਰ ਰੂਪ ਅਤ ਆਸੁਭ ਬੇਖ[2]॥ ਦੇਹੀ ਕੁਸਟ ਅਮੰਗਲ ਭੇਖ॥੨॥
ਹਾਥ ਪਾਉ ਤਾ ਕੇ ਗਿੜ ਪੜੇ॥ ਕੋਊ ਹੋਨ ਨ ਦੇਇ ਪਾਸ ਤਿਹ ਖੜੇ॥
ਮਾਟੀ ਪਾਤ੍ਰ ਗਲ ਮੋ ਲਟਕਾਏ॥ ਕੋਊ ਟੁਕੜਾ ਦੇਇ ਸੁ ਤਾ ਮੋ ਪਾਏ॥੩॥
ਚੂਤੜ ਘੀਸਤ ਦਰ ਦਰ ਫਿਰੇ॥ ਕਾਲ ਛੋਪ ਯਹ ਬਿਧ ਸੋ ਕਰੇ॥
ਤਿਨ ਸਤਗੁਰ ਦਿਆਲ ਕੀ ਮਹਮਾ ਸੁਨੀ॥ ਭਲੀ ਭਾਂਤ ਸੋ ਮਨ ਮੋ ਗੁਨੀ॥੪॥
234/ੳ ਸੁਨ ਸਤਗੁਰ ਰੂਪ ਮਨ ਧਿਆਨ ਲਗਾਵੈ॥ /ਜਬ ਬਢੇ ਪ੍ਰੇਮ ਗੀਤ ਮੁਖ ਗਾਵੈ॥
ਕਛੁ ਰਾਗ ਕਬਿਤ ਨ ਬਾਨੀ ਜਾਨੈ॥ ਗੁਰ ਪ੍ਰੇਮ ਮਹਮਾ ਇਹ ਮੁਖੋ ਬਖਾਨੇ॥੫॥

॥ਦੋਹਰਾ॥

ਸਤਗੁਰ ਰੂਪ ਮਨ ਮੋ ਧਰੇ ਕਹੈ ਦ੍ਰਿਸਟਾਤ ਪੁਕਾਰ॥
ਮੈ ਗਿਆ ਕਛੋਟਾ ਲਧਾ ਹੈ ਤੁਮ ਸਨੋ ਸਕਲ ਸੰਸਾਰ॥੬॥

॥ਚੌਪਈ॥

ਜਬ ਕਬ ਪ੍ਰੇਮ ਅਧਿਕ ਹੋਇ ਆਵੈ॥ ਮਗਨ ਹੋਇ ਜਾਇ ਕਛੋਟਾ ਗਾਵੈ॥
ਸਭ ਸੁਨੇ ਲੋਕ ਹਸ ਹੋਇ ਪ੍ਰਸੰਨ॥ ਤਾਹ ਖਵਾਲੇ ਪਾਨੀ ਅੰਨ॥੭॥
ਸਤਗੁਰ ਨਾਮ ਜਾਪ ਤਿਸ ਜਪਾ॥ ਉਪਜੀ ਭਗਤ ਮਨ ਮੋ ਇਹ ਥਪਾ॥
ਅਬ ਚਲੌ ਸਤਗੁਰ ਕਾ ਦਰਸਨ ਕਰੌ॥ ਪਾਇ ਸਰਬ ਫਲ ਦੁਖ ਪਰਹਰੌ॥੮॥
ਚੂਤੜ ਘੀਸਤ ਚਲੇ ਸੁ ਰਾਹ॥ ਗੁਰ ਦਰਸਨ ਪ੍ਰੇਮ ਮਨ ਮੋ ਉਤਸਾਹ॥
ਸਤਗੁਰ ਮਾਰਗ ਜੇ ਕੋ ਚਲੇ॥ ਮੁਕਤ ਭੁਗਤ ਤਨ ਤਰ ਫਲ ਫਲੇ॥੯॥
ਪਹੁਚੇ ਆਇ ਸਤਗੁਰ ਕੇ ਦੁਆਰ॥ ਭਇਆ ਪ੍ਰਸੰਨ ਲਹਿਓ ਸੁਖ ਸਾਰ॥
ਚਰਨ ਰਜ ਦੁਆਰੇ ਕੀ ਮੁਖ ਮਲੀ॥ ਮਹਾ ਅਨੰਦ ਫੂਲਿਓ ਮਨ ਕਲੀ॥੧੦॥

॥ਦੋਹਰਾ॥

ਸਭ ਸਿਖਨ ਤਾ ਕੋ ਕਹਾ ਕੁਸਟੀ ਗੁਰ ਦਰਸਨ ਨਾਹਿ॥
ਤਬ ਦਰਸਨ ਤੁਮ ਕੋ ਮਿਲੇ ਜਬ ਚਾਹੇ ਬਿਪਰਵਾਹ॥੧੧॥

॥ਚੌਪਈ॥

ਸੁਨ ਸਿਖ ਬਚਨ ਦ੍ਰਿੜ ਕੀਆ ਬਿਚਾਰ॥ ਬੈਠਾ ਸਨਮੁਖ ਗੁਰ ਕੇ ਦੁਆਰ॥
ਗੁਰ ਦਰਸਨ ਪ੍ਰੇਮ ਸਦਾ ਮਨ ਧਰੇ॥ ਜੁ ਕਛੁ ਕੋਊ ਦੇਇ ਸੁ ਭੋਜਨ ਕਰੇ॥੧੨॥
ਬਹੁ ਹੋਇ ਇਕਤ੍ਰ ਸਿਖ ਤਿਸ ਪਾਸ॥ ਵੈ ਪ੍ਰੇਮ ਮਗਨ ਗਾਵੇ ਹੋਇ ਹਾਸ॥
ਮਗਨ ਹੋਇ ਗੀਤ ਕਛੋਟਾ ਗਾਵੈ॥ ਸਤਗੁਰ ਕੌ ਊਚੇ ਟੇਰ ਸੁਨਾਵੈ॥੧੩॥
234/ਅ ਨਿਸਦਿਨ ਪ੍ਰੇਮ/ਮਗਨ ਤਿਸ ਬੀਤੇ॥ ਮਨ ਆਸ ਦਰਸ ਗੁਰ ਪਰਮ ਪ੍ਰੀਤੇ॥
ਜਬ ਕਬ ਪ੍ਰੇਮ ਅਧਕਾਈ ਕਰੈ॥ ਵਿਆਕਲ ਹੋਇ ਧਰਨ ਪਰ ਪਰੈ॥੧੪॥
ਤਿਸ ਦੇਖ ਅਵਸਥਾ ਗੁਰਸਿਖ ਪਿਆਰੇ॥ ਸਤਗੁਰ ਸੌ ਮਿਲ ਬਿਨਤੀ ਧਾਰੇ॥
ਕੋਊ ਕੁਸਟੀ ਦੁਆਰੇ ਪ੍ਰਭ ਕੇ ਪਰਾ॥ ਗਾਵੇ ਗੀਤ ਕੁਲਾਹਲ ਕਰਾ॥੧੫॥

॥ਦੋਹਰਾ॥

ਸੁਨ ਸਤਗੁਰ ਦਿਆਲ ਐਸੇ ਕਹਾ ਵੈ ਪ੍ਰੇਮੀ ਮਮ ਆਹ॥
ਗਿਆ ਕਛੋਟਾ ਤਿਸ ਮਿਲਾ ਮੋ ਕੋ ਪਾਇਆ ਤਾਹ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਭੇਖ (ੳ)

॥ ਚੌਪਈ ॥
ਵੈ ਗੈਆ ਕਛੋਟਾ ਲਧਾ ਗਾਵੈ ॥ ਊਚੇ ਟੇਰੇ ਮੁਝਹਿ ਸੁਨਾਵੈ ॥
ਮੈ ਜਾਨਤ ਹੌ ਤਾ ਕਾ ਪ੍ਰੇਮ ॥ ਜੋ ਕਰੇ ਪ੍ਰੇਮ ਤਿਸ ਆਨੰਦ ਛੇਮ ॥ ੧੭ ॥
ਦਿਵਸ ਏਕ ਗੁਰੁ ਅਮਰ ਦਿਆਲ ॥ ਕਹਾ ਤਾਹਿ ਲਿਆਵੋ ਤਤਕਾਲ ॥
ਮੈ ਕਰੋ ਸਨਾਨ ਪੁਨ ਜਲ ਜਹਾ ਢਰੈ ॥ ਹੋਇ ਇਕਤ੍ਰ ਕੁੰਡ ਮੋ ਪਰੈ ॥ ੧੮ ॥
ਤਹਾਂ ਇਸੇ ਇਸਨਾਨੁ ਕਰਾਵੋ ॥ ਬਸਤ੍ਰ ਮਜੀਠ ਉਢਾਇ ਲਿਆਵੋ ॥
ਸਤਗੁਰ ਬਚਨ ਤਾ ਕੋ ਸਿਖ ਲਿਆਏ ॥ ਤਿਸ ਕੁੰਡ ਮਾਹ ਸਨਾਨ ਕਰਾਏ ॥ ੧੯ ॥
ਪੁਨ ਢਾਪਿਆ ਨਖ ਸਿਖ ਬਸਤ੍ਰ ਮਜੀਠ ॥ ਲੇ ਆਏ ਜਹਾ ਸਤਗੁਰ ਈਠ ॥
ਦਿਆ ਦਿਆਲ ਕੀ ਕਹੀ ਨ ਜਾਇ ॥ ਜਿਸ ਦ੍ਰਿਸਟ ਕਰੇ ਸਭ ਇਛ ਪੁਜਾਇ ॥ ੨੦ ॥
॥ ਦੋਹਰਾ ॥
ਦੀਨ ਦਇਆਲ ਨਿਜ ਹਾਥ ਸੌ ਮੁਖ ਪੜਦਾ ਦੀਆ ਉਠਾਇ ॥
ਕ੍ਰਿਪਾ ਦ੍ਰਿਸਟਿ ਤਾ ਪਰ ਕਰੀ ਕਛੁ ਸੋਭਾ ਕਹੀ ਨ ਜਾਇ ॥ ੨੧ ॥
॥ ਮਧੁਭਾਰ ਛੰਤ ॥
ਗੁਰ ਭਏ ਦਿਆਲ ॥ ਹੂਆ ਨਿਹਾਲ ॥ ਸੁੰਦਰ ਸਰੂਪ ॥ ਪਾਇਅਉ ਅਨੂਪ ॥ ੨੨ ॥
235/ੳ ਬਸਤ੍ਰ ਨਵੀਨ ॥ ਪਹਰਾਇ ਦੀਨ ॥ ਭਇਆ ਤਿ/ਲਕ ਭਾਲ ॥ ਸੋਭਾ ਬਿਸਾਲ ॥ ੨੩ ॥
ਸਤਨਾਮ ਮੰਤ੍ਰ ॥ ਗੁਰ ਦੀਆ ਅੰਤ੍ਰ ॥ ਦੀਆ ਸਿਧ ਸਮਾਜ ॥ ਪੂਰੇ ਸੁ ਕਾਜ ॥ ੨੪ ॥
ਗੁਰ ਦਿਆਲ ਦੀਨ ॥ ਤ੍ਰਿਨ ਮੇਰ ਕੀਨ ॥ ਧਰ ਬਿਰਦ ਲਾਜ ॥ ਕੀਆ ਰੰਕ ਰਾਜ ॥ ੨੫ ॥
॥ ਦੋਹਰਾ ॥
ਮੁਰਾਰੀ ਨਾਮ ਤਾ ਕਾ ਧਰਾ ਦੀਨਾ ਰੂਪ ਅਪਾਰ ॥
ਭਗਤ ਮੁਕਤ ਦੋਨੋ ਦਈ ਅਮਰ ਗੁਰੂ ਕਰਤਾਰ ॥ ੨੬ ॥
॥ ਚੌਪਈ ॥
ਪੁਨ ਸਤਗੁਰ ਸਿਖਨ ਕਹਾ ਸੁਨਾਇ ॥ ਆਗਿਆਕਾਰੀ ਕੋਊ ਸਿਖ ਮਮ ਆਹ ॥
ਅਪਨੀ ਸੁਤਾ ਬਿਆਹ ਇਸ ਦੇਵੈ ॥ ਦੂਹੂੰ ਲੋਕ ਕੀਰਤ ਫਲ ਲੇਵ ॥
ਸੀਹਾ ਉਪਲ ਬਢ ਸਿਖ ਕੁਲੀਨ ॥ ਹਾਥ ਜੋੜ ਤਿਨ ਬਿਨਤੀ ਕੀਨ ॥
ਬਰ ਪ੍ਰਾਪਤ ਕੰਨਿਆ ਮਮ ਆਹ ॥ ਹੇ ਪ੍ਰਭ ਇਸ ਕੋ ਦੇਵੋ ਬਿਆਹ ॥ ੨੮ ॥
ਤਿਸ ਇਸਤ੍ਰੀ ਥੀ ਕਠਨ ਕਠੋਰ ॥ ਤਿਨ ਕੀਆ ਕਾਮ ਨਿਜ ਬੁਧ ਬਟੋਰ ॥
ਤਿਸ ਘਰ ਜਾਇ ਇਸਤ੍ਰੀ ਸੋ ਕਹਿਆ ॥ ਲੰਗਰ ਟਹਲ ਬਚਨ ਗੁਰ ਭਇਆ ॥ ੨੯ ॥
ਸੁਨ ਭਰਤਾ ਬਚਨ ਟਹਲ ਮੋ ਗਈ ॥ ਗੁਰ ਬਚਨ ਭਗਤ ਸੀਹੇ ਦ੍ਰਿੜ ਭਈ ॥
ਲੇ ਸੁਤਾ ਸੰਗ ਗੁਰ ਚਰਨਨ ਪਰਾ ॥ ਮੁਰਾਰੀ ਸੰਗ ਬਿਆਹੁ ਤਿਸ ਕਰਾ ॥ ੩੦ ॥
॥ ਦੋਹਰਾ ॥
ਸੁੰਦ੍ਰ ਕੁਮਾਰ ਕੁਸਟੀ ਕੀਆ ਧਰਾ ਮੁਰਾਰੀ ਨਾਮ ॥
ਮੁਕਤ ਭੁਗਤ ਤਾ ਕੋ ਦਈ ਅਤਭਤ ਚਰਿਤ੍ਰ ਅਭਿਰਾਮ ॥ ੩੧ ॥
॥ ਚੌਪਈ ॥
ਜੋ ਦੇਖੇ ਸੁਨੇ ਬਿਸਮ ਹੋਇ ਜਾਇ ॥ ਅਤਭੁਤ ਚਰਿਤ੍ਰ ਕਛ ਲਖਿਓ ਨ ਪਾਇ ॥
ਕੁਸਟੀ ਤਨ ਭਇਆ ਸੁੰਦਰ ਆਜ ॥ ਭੁਗਤ ਮੁਕਤ ਗੁਰ ਦੀਆ ਸਮਾਜ ॥ ੩੨ ॥
235/ਅ ਪੁਨ ਸੀਹੇਂ ਸੁਤਾ ਬਿਆਹ ਤਿਸ ਦਸੀ ॥ ਏਕ ਘ/ੜੀ ਮੋ ਸਭ ਬਿਧ ਭਈ ॥
ਲੰਗਰ ਮੋ ਸਿਖਸੀ[1] ਤਬ ਸੁਨਾ ॥ ਬੇਟੀ ਬਿਆਹੀ ਸੁਨ ਸਿਰ ਧੁਨਾ ॥ ੩੩ ॥
ਰੁਦਨ ਕਰਤ ਆਹੀ ਪ੍ਰਭ ਪਾਸ ॥ ਹੇ ਸਤਗੁਰ ਪੂਰਨ ਜਗ ਆਸ ॥
ਕਾਹੇ ਮਮ ਸੁਤਾ ਨਿਨਾਵੇ ਬਿਆਹੀ ॥ ਤਿਸ ਮਾਤ ਪਿਤਾ ਕੁਲ ਲਖਿਆ ਨਾ ਜਾਹੀ ॥ ੩੪ ॥
ਤਿਸ ਬਿਨੇ ਸੁਨਤ ਦਿਆਲ ਗੁਰ ਹਸੇ ॥ ਕਰ ਬਰ ਬਚਨ ਦਇਆ ਰੰਗ ਰਸੇ ॥
ਮੁਰਾਰੀ ਸਿਖ ਪੁਤ੍ਰ ਮਮ ਆਹ ॥ ਤੁਮ ਸੁਤਾ ਸੰਗ ਇਸ ਭਇਆ ਬਿਆਹਿ ॥ ੩੫ ॥

[1] ਸਿਖਨੀ (ੳ,ਅ,ੲ,ਸ)

॥ ਦੋਹਰਾ ॥[1]

ਮਥੋ ਨਾਮ ਤੁਮਰੀ ਸੁਤਾ ਇਸੁ ਧਰਾ ਮੁਰਾਰੀ ਨਾਮ ॥
ਅਬ ਮਥੋ ਮੁਰਾਰੀ ਜਗ ਸੁਨੇ ਪੂਰਨ ਹੋਏ ਕਾਮ ॥ ੩੬ ॥

॥ ਚੌਪਈ ॥

ਪਥਮੇ ਤੁਮਰੀ ਸੁਤਾ ਕੋ ਨਾਮ ॥ ਪਿਛੇ ਮੁਰਾਰੀ ਪੂਰਨ ਕਾਮ ॥
ਮਥੋ ਮੁਰਾਰੀ ਜਜ ਹੈਂ ਲੋਗ ॥ ਇਸ ਬਡਭਾਗੀ ਤੂੰ ਪਰਹਰ ਸੋਗ ॥ ੩੭ ॥
ਮੁਰਾਰੀ ਕੋ ਪ੍ਰਭ ਆਗਿਆ ਕਰੀ ॥ ਮਮ ਪ੍ਰੇਮ ਭਗਤ ਤੁਮ ਪੂਰੀ ਪਰੀ ॥
ਅਬ ਗ੍ਰਹ ਮੋ ਜਾਵੋ ਆਨੰਦ ਕਰੋ ॥ ਪੰਥ ਬ੍ਰਿਧ ਕੀ ਬ੍ਰਿਧ ਮਨ ਧਰੋ ॥ ੩੮ ॥
ਸਤਨਾਮ ਉਪਦੇਸ ਜਗ ਕਰਨਾ ॥ ਕਰੋ ਪ੍ਰਸਿਧ ਪੰਥ ਆਚਰਨਾ ॥
ਜੋ ਕਰੋ ਬਚਨ ਜਗ ਮੋ ਸੋ ਫੁਰੇ ॥ ਤੁਮ ਸੰਗ ਮਿਲੇ ਸੁ ਭਵਨਿਧ ਤਰੇ ॥ ੩੯ ॥
ਸਤਿਗੁਰ ਦਿਆਲ ਬਿਦਾ ਤਿਸੁ ਕੀਨਾ ॥ ਮੁਕਤ ਭੁਗਤ ਨਵਤਨ ਤਿਸ ਦੀਨਾ ॥
ਗੁਰ ਬਚਨ ਪਾਇ ਨਿਜ ਗ੍ਰਹ ਕੋ ਗਇਆ ॥ ਕਾਰਨ ਪੰਥ ਬਖਸ ਯਹ ਭਇਆ ॥ ੪੦ ॥

॥ ਦੋਹਰਾ ॥

ਅਚਰਜ ਲੀਲਾ ਦਿਆਲ ਕੀ ਦੀਨਨ ਕੇ ਦਾਤਾਰ ॥
ਮਨ ਪ੍ਰੇਮ ਧਾਰ ਸਤਗੁਰ ਮਿਲੇ ਬਖਸੇ ਭਗਤ ਭੰਡਾਰ ॥ ੪੧ ॥

॥ ਦੋਹਰਾ ॥

ਮਥੋ ਮੁਰਾਰੀ ਕੀ ਕਥਾ ਸੁਨ ਮਨ ਪ੍ਰੇਮ ਬਢਾਇ ॥
236/ੳ ਸਤਗੁਰ ਧਿਆਨ ਹਿਰਦੇ ਧਰੇ ਸਕ/ਲ ਪਦਾਰਥ ਪਾਇ ॥ ੪੨ ॥

॥ ਸਾਖੀ ਪੂਰਨ ਹੋਈ ॥ ੧੦੦ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[1] ਇੱਥੇ ਸਿਰਲੇਖ ' ॥ ਦੋਹਰਾ ॥ ' ਨਹੀਂ ਹੈ (ਅ)

[ਸਾਖੀ ਖੇਡਾ ਬ੍ਰਹਮਨ ਦੇਵੀ ਦੇ ਉਪਾਸਕ ਨੂੰ ਬਖ਼ਸ਼ਿਸ਼][1]

॥ਦੋਹਰਾ॥

ਜਗ[2] ਤਾਰਨ ਕਾਰਨ ਰਚਾ ਧਰ ਭਗਤ ਰੂਪ ਅਵਤਾਰ॥
ਦੇਵੀ ਦੇਵ ਸਗਲੇ ਜਜੇ ਸਭ ਸਿਰ ਗੁਰ ਕਰਤਾਰ॥੧॥

॥ਚੌਪਈ॥

ਖੇਡਾ ਸੋਇਰੀ ਬ੍ਰਹਮਨ ਅਹਾ॥ਬਡਾ ਭਗਤੁ ਦੁਰਗਾ ਕਾ ਰਹਾ॥
ਦੇਵੀ ਕੀ ਪੂਜਾ ਨਿਤ ਕਰੇ॥ਨਿਸ ਦਿਨ ਧਿਆਨ ਰਿਦੇ ਮੋ ਧਰੇ॥੨॥
ਬਹੁਤ ਲੋਕ ਤਿਸ ਸਿਖ ਕਹਾਵੈ॥ਮਿਲ ਸੰਗ ਦੁਰਗਾ ਦਰਸਨ ਜਾਵੈ॥
ਬਰਖ ਮਾਹ ਦੁਇ ਜਾਤ੍ਰਾ ਕਰੇ॥ਨਿਰਜਲ ਨਿਰਾਹਾਰ ਬ੍ਰਤ ਧਰੇ॥੩॥
ਦੇਵੀ ਕੀ ਜਾਤ੍ਰਾ ਕੋ ਚਲਾ॥ਬਹੁਤ ਲੋਕ ਸੰਗ ਤਿਸ ਮਿਲਾ॥
ਸਤਗੁਰ ਕੇ ਦਰਸਨ ਕੋ ਆਇਆ॥ਲੰਗਰ ਮੋ ਪ੍ਰਸਾਦਿ ਨਹੀ ਪਾਇਆ॥੪॥
ਸੁਨਾ ਦਿਆਲ ਯਹ ਆਗਿਆ ਕਰੀ॥ਪਾਇ ਪ੍ਰਸਾਦਿ ਦਰਸਨ ਇਹ ਘਰੀ॥
ਤਬ ਖੇਡੇ ਮਨ ਕੀਆ ਬਿਚਾਰ॥ਨਿਜ ਪ੍ਰਣ ਬ੍ਰਤ ਨ ਸਕਿਓ ਨਿਵਾਰ॥੫॥

॥ਦੋਹਰਾ॥

ਕੁਲ ਬਰਨ ਆਸਰਮ ਅਰ ਨੇਮ ਬ੍ਰਿਤ ਅਵਰ ਸਕਲ ਬਿਵਹਾਰ॥
ਗੁਰ ਮਿਲਾਪ ਮੋ ਅਟਕ ਯਹ ਕੋ ਪ੍ਰੇਮੀ ਮਿਲੇ ਨਿਵਾਰ॥੬॥

॥ਚੌਪਈ॥

ਤਹਾ ਤੇ ਫਿਰੇ ਦੁਰਗਾ ਪਥੁ ਲੀਨਾ॥ਬਰਨ ਆਸ੍ਰਮ ਪ੍ਰਣ ਦੁਰਲਭ ਚੀਨਾ॥
ਦੁਇ ਕੋਸ ਪ੍ਰਮਾਨ ਮਾਰਗ ਜਬ ਗਇਆ॥ਤਹਾ ਆਵਤ ਦੁਰਗਾ ਦਰਸਨ ਭਇਆ॥੭॥
ਅਤ ਭਇਆਨਕ ਰੂਪ ਦੇਖ ਡਰਪਾਨਾ॥ਸੁਆਮੀ ਭਗਤ ਬੂਝੀ ਠਹਰਾਨਾ॥
236/ਅ ਅਨਕ ਰੂਪ ਦੇਵੀ ਲੀਏ ਸੰਗਾ॥/ਅਤ ਪ੍ਰਤਾਪ ਸੋਭਾ ਆਭੰਗਾ॥੮॥
ਕਰ ਜੋੜੇ ਖੇਡੇ ਉਸਤਤ ਬਹੁ ਕਰੀ॥ਹੇ ਮਾਤਾ ਕਹਾ ਜਾਉ ਇਹ ਘਰੀ॥
ਜਗ ਮਾਤ ਤਿਸੁ ਕਹਾ ਸਮਝਾਈ॥ਮੈ ਸਤਗੁਰ ਸੇਵਾ ਕੋ ਆਈ॥੯॥
ਸੁਨ ਖੇਡਾ ਹਰ ਕੋ ਅਵਤਾਰ॥ਧਰ ਭਗਤ ਰੂਪ ਜਗੁ ਤਾਰਨਹਾਰ॥
ਤੂੰ ਬੇਮੁਖ ਦਰਸਨ ਤੇ ਹੋਇ ਆਇਆ॥ਤਬ ਮੈ ਭਿਆਨਕ ਰੂਪ ਦਿਖਾਇਆ॥੧੦॥

॥ਦੋਹਰਾ॥

ਗੁਰ ਦਰਸਨ ਉਪਦੇਸ ਦੇਵੀ ਕੀਆ ਹੁਇ ਗਈ ਅੰਤਰ ਧਿਆਨ॥
ਤਬ ਖੇਡੇ ਨਿਸਚਾ ਭਈ ਉਪਜਿਆ ਮਨ ਮੋ ਗਿਆਨ॥੧੧॥

॥ਤੋਮਰ ਛੰਦ॥

ਖੇਡਾ ਤਹਾ ਤੇ ਫਿਰਿਓ॥ਪ੍ਰਸਾਦ ਲੰਗਰ ਕਰਿਓ॥
ਮਨ ਪ੍ਰੇਮ ਰੰਗ ਸੁਹਾਇ॥ਦਰਸਨ ਕਰਿਓ ਗੁਰ ਜਾਇ॥੧੨॥
ਪ੍ਰਭ ਦੇਖ ਕ੍ਰਿਪਾ ਕੀਨ॥ਪਰਾ ਚਰਨ ਪ੍ਰੇਮ ਅਧੀਨ॥
ਭਏ ਦਿਆਲ ਸਤਗੁਰ ਤਾਤ॥ਬਲੂ ਕਹੀ ਇਹ ਬਾਤ॥੧੩॥
ਅੰਤਰ ਇਸੇ ਲੈ ਜਾਉ॥ਜਗ ਮਾਤ ਦਰਸ ਦਿਖਾਉ॥
ਯਹ ਭਗਤ ਦੇਵੀ ਆਹ॥ਇਛਾ ਪੂਜਾਵੋ ਤਾਹ॥੧੪॥
ਅੰਤਰ ਚਉਬਾਰੇ ਜਾਤ॥ਦੇਖਾ ਦਰਸ ਜਗ ਮਾਤ॥
ਅਤਿ ਤੇਜ ਰਵਿ ਕੀ ਕ੍ਰਾਤ॥ਆਇਧ ਸੁਹਤ ਬਹੁ ਭਾਂਤ॥੧੫॥

॥ਦੋਹਰਾ॥

ਅਸਟਭੁਜੀ ਦਰਸਨ ਭਇਆ ਪ੍ਰਗਟ ਤੇਜ ਜਿਮ ਭਾਨ॥
ਅਸਤ੍ਰ ਸਸਤ੍ਰ ਸੋਭਾ ਅਮਿਤ ਦੇਖਤ ਸੁਧ ਬਿਸਰਾਨ[3]॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਜਗਤ (ਸ)
[3] ਬਿਸਰਾਤ (ੳ,ਅ,ੲ)

॥ ਚੌਪਈ॥

ਜਬ ਯਹ ਦਰਸਨ ਖੇਡੇ ਪਾਵਾ॥ ਦੇਖ ਤੇਜ ਸਭ ਸੁਧ ਬਿਸਰਾਵਾ॥
ਵਿਆਕੁਲ ਹੋਇ ਧਰਨ ਪਰ ਪਰਾ॥ ਤਬ ਸਤਗੁਰ ਆਗਿਆ ਇਮ ਕਰਾ॥੧੭॥
ਗੁਰ ਆਗਿਆ ਤਿਸੇ ਉਠਾਇ ਲੇ ਆਏ॥ ਆਨ ਦਿਆਲ ਕੇ ਚਰਨਨ ਪਾਏ॥
237/ੳ ਤਿਸੁ ਸਤਗੁਰ ਠੋਡੀ ਪਕੜ ਉਠਾਇਆ॥ ਜਿਮ ਮੂਆ ਸੋਹਿਆ ਜੀਵਾਇਆ॥੧੮/॥
ਖੁਲੇ ਨੇਤ੍ਰ ਦਰਸਨ ਗੁਰ ਕਰਾ॥ ਦੇਖ ਪ੍ਰਭਾਉ ਚਰਨਨ ਪਰ ਪਰਾ॥
ਹੇ ਸਤਗੁਰ ਦਿਆਲ ਸਰਨ ਅਬ ਦੀਜੈ॥ ਮੋਹ ਕਰੋ ਦਾਸ ਕਿਰਤਾਰਥ ਕੀਜੈ॥੧੯॥
ਤਬ ਬਿਗਸੇ ਪ੍ਰਭ ਯਹ ਬਚਨ ਉਚਾਰਾ॥ ਸੁਨ ਖੇਡਾ ਤੂੰ ਮੋਹਿ ਪਿਆਰਾ॥
ਤੁਮ ਸਦਾ ਦੇਵੀ ਕੀ ਸੇਵਾ ਕਰੋ॥ ਸਤਨਾਮ ਮੰਤ੍ਰ ਉਰ ਧਰੋ॥੨੦॥

॥ ਦੋਹਰਾ॥

ਸਤਨਾਮ ਮੰਤ੍ਰ ਜਪੋ ਧਰ ਤਿਲਕ ਗੁਰਮੁਖੀ ਭਾਲ॥
ਮਾਤਾ ਕੀ ਪੂਜਾ ਕਰੋ ਅਬ ਤੁਮ ਭਏ ਨਿਹਾਲ॥੨੧॥
ਜੋ ਕੋਈ ਤੁਮ ਕੋ ਮਿਲੇ ਸਤਨਾਮ ਦੇਹੁ ਮੰਤੁ॥
ਹਰਿ ਭਗਤ ਭਾਉ ਉਪਦੇਸ ਕਰ ਬਿਸਥਰੋ ਗੁਰਮੁਖੀ ਪੰਥ॥੨੨॥
ਸਤਗੁਰ ਬਖਸੁ ਖੇਡੇ ਕੀਆ ਲਾਗਾ ਰਿਦੇ ਹਰਿ ਰੰਗ॥
ਸਭ ਸੰਗੀ ਗੁਰਮੁਖ ਭਏ ਮਹਮਾ ਸੰਤ ਪ੍ਰਸੰਗ॥੨੩॥
ਪ੍ਰਭ ਬਿਦਾ ਕਰਾ ਗ੍ਰਿਹ ਕੋ ਚਲਾ ਰਾਮ ਨਾਮ ਧਨ ਖਾਟ॥
ਮੁਕਤ ਭੁਗਤ ਤਾ ਕੋ ਮਿਲੀ ਛੂਟੀ ਜਮ ਕੀ ਬਾਟ[1]॥੨੪॥
ਖੇਡੇ ਕੀ ਸਾਖੀ ਸੁਨੇ ਗੁਰ ਸਿਖ ਨਿਸਚੇ ਧਾਰ॥
ਸਤਗੁਰ ਭਗਤ ਮਨ ਮੋ ਬਸੇ ਭਵਨਿਧ ਉਤਰੇ ਪਾਰ॥੨੫॥

॥ ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਬਾਤ (ੳ)

[ਸਾਖੀ ਹੰਦਾਲ ਨੂੰ ਬਖ਼ਸ਼ਿਸ਼][1]

॥ਦੋਹਰਾ॥

ਨਿਧਰਿਆ ਧਿਰ ਅਮਰ ਗੁਰ ਦੇਇ ਨਿਮਾਨੇ ਮਾਨੁ॥
ਅੰਤਰਜਾਮੀ ਭਗਤ ਬਸ ਪ੍ਰਣ ਪਾਲਨ ਬਿਰਦ ਸੁਜਾਨ॥੧॥

॥ਚੌਪਈ॥

ਹੰਦਾਲ ਨਾਮ ਸਿਖ ਇਕ ਰਹਾ॥ਸਤਗੁਰ ਕੀ ਸੇਵਾ ਤਿਨ ਗਹਾ॥
ਸਚੁ ਨਾਮ ਕਰਤਾਰ ਉਚਾਰੇ॥ਯਹੀ ਜਾਪ ਨਿਸ ਦਿਨ ਮੁਖ ਧਾਰੇ॥੨॥
ਸਤਗੁਰ ਪ੍ਰੇਮ ਭਗਤ ਮਨ ਗੁਨੇ॥ਕਾਹੂ ਕੋ ਕਛੁ ਕਹੇ ਨ ਸੁਨੇ[2]॥
237/ਅ ਲੰਗਰ ਮੋ ਆਟਾ ਨਿਤ ਛਾਨੇ॥ਇਕ ਅੰਗੀ ਬਿਨੁ/ਗੁਰ ਅਵਰ ਨਾ ਜਾਨੇ॥੩॥
ਨਿਰਾਲੰਬ ਲੋਭੀ ਰਾਤ ਰਹੇ॥ਸਭ ਕੋ ਸਾਧ ਸਾਧ ਤਿਸ ਕਹੇ॥
ਹਰਖ ਸੋਗ ਮਨ ਮੋ ਨਹੀ ਆਨੇ॥ਸਤਗੁਰੁ ਮੂਰਤ ਹਿਰਦੇ ਠਾਨੇ॥੪॥
ਤਾ ਸੋ ਪ੍ਰੇਮ ਸਿਖ ਸਭ ਕਰੇ॥ਵੇ ਕਾਹੂ ਸੋ ਚਿਤ ਨ ਧਰੇ॥
ਖਾਨ ਪਾਨ ਸਹਜੇ ਹੀ ਹੋਇ॥ਗੁਰ ਪ੍ਰੇਮ ਰੰਗ ਮਗਨ ਸਦ ਸੋਇ॥੫॥

॥ਦੋਹਰਾ॥

ਨਿਹਕਾਮੀ ਪ੍ਰੇਮ ਸਹਨ ਕਰੇ ਭਗਤ ਨਿਰਧਾਰ॥
ਅੰਤਰਜਾਮੀ ਦਿਆਲ ਗੁਰ ਕੀਨਾ ਤਿਸੇ ਉਧਾਰ॥੬॥

॥ਚੌਪਈ॥

ਦਿਵਸ ਏਕ ਪ੍ਰਭ ਨਦੀ ਸਿਧਾਏ॥ਕਰ ਸਨਾਨ ਲੰਗਰ ਮੋ ਆਏ॥
ਸਭ ਕੋ ਦੇਖਾ ਦੀਨ ਦਿਆਲ॥ਸਾਨਤ ਆਟਾ ਤਹ ਹੰਦਾਲ॥੭॥
ਦੇਖ ਦਰਸ ਮਨ ਭਇਆ ਪ੍ਰਸੰਨ॥ਬਡੇ ਭਾਗ ਆਜ ਮੈ ਧੰਨ॥
ਹਾਥ ਦੇਊ ਆਟੇ ਸੋ ਭਰੇ॥ਕਰ ਪੀਠ ਪੀਛੇ ਗੁਰ ਚਰਨਨ ਪਰੇ॥੮॥
ਗੁਰ ਜਾਨਾ ਪ੍ਰੇਮੀ ਭੋਲੇ ਭਾਇ॥ਪ੍ਰਭ ਬਿਗਸ ਬਚਨ ਕੀਆ ਸਹਜ ਸੁਭਾਇ॥
ਤੁਮਰਾ ਪ੍ਰੇਮ ਮੇਰੇ ਮਨ ਭਾਇਆ॥ਯਹੀ ਨਈ ਭਾਂਤ ਤੈ ਪੰਥ ਚਲਾਇਆ॥੯॥
ਅਬ ਮੈ ਤੁਮ ਪਰ ਭਇਆ ਦਿਆਲ॥ਜੋ ਚਾਹੋ ਲੇਵੋ ਹੰਦਾਲ॥
ਤੁਮਰੀ ਸੇਵਾ ਪੂਰਨ ਹੋਈ॥ਤੁਮ ਭਏ ਸਿਧ ਬੰਧਨ ਨਹੀ ਕੋਈ॥੧੦॥

॥ਦੋਹਰਾ॥

ਸਿਧ ਅਵਸਥਾ ਗੁਰ ਦਈ ਭਏ ਹੰਦਾਲ ਨਿਹਾਲ॥
ਜਿਮ ਹੋਇ ਰੰਕ ਚਕ੍ਰਾਵਤੀ ਧਨ ਮਿਲਾ ਕੁਮੇਰ ਕੰਗਾਲ॥੧੧॥

॥ਤੋਮਰ ਛੰਦ॥

ਰਹਿਓ ਸੀਸ ਚਰਨਨ ਡਾਲ॥ਭਇਆ ਚਰਨ ਲੀਨ ਹੰਦਾਲ॥
ਕਰ ਦਿਆਲ ਸੀਸ ਉਠਾਇ॥ਸੂਦਨਾ ਬਖਸਿਓ ਤਾਹ॥੧੨॥
ਜਬ ਧਰਿਓ ਲੇ ਤਿਨ ਸੀਸ॥ਭਇਆ ਜੀਵ ਤੇ ਤਬ ਈਸ॥
ਜਗਮਗ ਜਗੀ ਘਟ ਜੋਤ॥ਝਨਕਾਰ ਅਨਹਦ ਹੋਤ॥੧੩॥
ਸਭ ਲੋਕਗਾਮੀ ਭਇਆ॥ਅਤ ਊਚ ਪਦ ਪ੍ਰਭ ਦਇਆ॥
238/ੳ /ਨਿਜ ਸੂਦਨਾ ਗੁਰ[3] ਦੀਨ॥ਬਡਭਾਗ ਸਿਰ ਧਰ ਲੀਨ॥੧੪॥
ਜਿਸ ਦਿਆਲ ਸਤਗੁਰ ਅਮਰ॥ਜੀਤਾ ਜਗਤ ਤਿਨ ਸਮਰ॥
ਅਤਭੁਤ ਚਰਿਤ੍ਰ ਦਿਆਲ॥ਲੀਲਾ ਅਮਿਤ ਬਿਸਾਲ॥੧੫॥

॥ਦੋਹਰਾ॥

ਹੰਦਾਲ ਬਖਸ ਸਤਗੁਰ ਕਰਾ ਨਿਜ ਪ੍ਰਣ ਬਿਰਦ ਸਮਾਲ॥
ਹਾਥ ਜੋੜ ਸਨਮੁਖ ਖੜਾ ਮਨ ਤਨ ਭਇਆ ਨਿਹਾਲ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਕਾਹੂ ਕੋ ਕਛੁ ਕਹੇ ਨ ਸੁਨੇ॥ਸਤਗੁਰ ਪ੍ਰੇਮ ਭਗਤ ਮਨ ਗੁਨੇ॥ (ੳ,ਅ,ੲ,ਸ)
[3] ਪ੍ਰਭ (ਅ)

ਖੁਲੇ ਭੰਡਾਰੇ ਨਾਮ ਕੇ ਸਤਗੁਰ ਕਰੇ ਬਖਸੀਸ॥
ਹੰਦਾਲ ਜਟੇਟੇ ਜਗ ਜਿਤਾ ਭਇਆ ਜੀਵ ਤੇ ਈਸ॥੧੭॥
ਜੋ ਸੁਨੇ ਕਥਾ ਹੰਦਾਲ ਕੀ ਮਨ ਪ੍ਰੀਤ ਪ੍ਰਤੀਤ ਬਢਾਇ॥
ਸਤਗੁਰ ਮਹਮਾ ਮਨ ਧਰੇ ਸਰਬ ਪਦਾਰਥ ਪਾਇ॥੧੮॥

॥ਸੋਰਠਾ॥

ਬਿਦਾ ਕੀਨ ਗੁਰ ਦਿਆਲ ਜਾਵੋ ਗ੍ਰਿਹ ਹਰਿ ਹਰਿ ਜਪੋ॥
ਦੇਹੁ ਮੰਤ੍ਰ ਹੰਦਾਲ ਸਤਨਾਮ ਉਪਦੇਸ ਜਗ॥੧੯॥

॥ਸਾਖੀ ਪੂਰਨ ਹੋਈ॥੧੦੨॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਬੇਨੀ ਪੰਡਤ ਨਾਲ ਸੰਬਾਦ][1]

॥ਦੋਹਰਾ॥

ਬੇਨੀ ਪੰਡਤ ਜਗ ਫਿਰੇ ਲੀਏ ਪੁਸਤਕ ਨੌ ਭਾਰ॥
ਚਾਰ ਬੇਦ ਦਸ ਅਸਟ ਖਟ ਮੁਖਾਗਰ ਕਰੇ ਉਚਾਰ॥੧॥

॥ਚੌਪਈ॥

ਬੇਨੀ ਪੰਡਿਤ ਬਡੇ ਮਹਾਂਨ॥ਬਿਦਿਆ ਸੋ ਪੂਰਨ ਪ੍ਰਮਾਨ॥
ਜਹਾਂ ਪੰਡਤ ਹੋਇ ਗੁਨੀ ਤਹਾ ਜਾਵੈ॥ਜੀਤ ਸੰਬਾਦ ਪੁਸਤਕ ਛੀਨਾਵੈ॥੨॥
ਸਭ ਪੰਡਿਤ ਗੁਨੀ ਜੀਤ ਤਿਨ ਲੀਏ॥ਪੁਸਤਕ ਛੀਨ ਨੌ ਭਾਰ ਤਿਨ ਕੀਏ॥
ਚਲਾ ਚਲਾ ਸਤਗੁਰ ਪਹਿ ਆਇਆ॥ਮਨ ਬਿਜੇ ਬਿਦਿਆ ਹੰਕਾਰ ਬਢਾਇਆ॥੩॥
238/ਅ ਗੁਰ ਦੀਨ ਦਿਆਲ/ਸਾਦਰ ਬੈਠਾਇ॥ਪੁਨ ਕੁਸਲ ਛੇਮ ਬਿਧ ਸਭ ਪੂਛਾਇ॥
ਗੁਰ ਸਭਾ ਮਾਹਿ ਤਿਨ ਚਰਚਾ ਕਰੀ॥ਬਿਧ ਤੀਰਥ ਬਰਤ ਖਟ ਕਰਮ ਉਚਰੀ॥੪॥
ਹੇ ਗੁਰ ਜੀ ਸਿਖ ਜੁ ਆਹਿ॥ਨਹ ਤੀਰਥ ਬਰਤ ਖਟ ਕਰਮ ਕਮਾਹਿ॥
ਕਵਨ ਭਾਂਤ ਇਨ ਕੀ ਗਤਿ ਹੋਇ॥ਯਹ ਬਿਧ ਪਰਗਟ ਸਮਝਾਵੋ ਮੋਹਿ॥੫॥

॥ਦੋਹਰਾ॥

ਗੁਰ ਦੀਨ ਦਿਆਲ ਸ੍ਰੀ ਮੁਖ ਕਹਾ ਹੇ ਪੰਡਤ ਚਤੁਰ ਸੁਜਾਨ॥
ਤੀਨ ਜੁਗ ਕਾ ਧਰਮ ਤੁਮ ਪੜ ਵਾਚੋ ਬੇਦ ਪੁਰਾਨ॥੬॥

॥ਚੌਪਈ॥

ਚੌ[2] ਜੁਗ ਕਲਜੁਗ ਕੇ ਕਰਮ॥ਜਾ ਕਾ ਰਾਜ ਤਿਸੀ ਕਾ ਧਰਮ॥
ਬੇਦ ਅਥਰਬਨ ਕਹੇ ਪੁਕਾਰ॥ਕਰ ਦੀਪਕ ਲੀਏ ਤੁਮ ਕੋ ਅੰਧਿਆਰ॥੭॥
ਤੁਮ ਪਿਛਲੇ ਜੁਗ ਕਾ ਧਰਮ ਬਖਾਨਾ॥ਕਲਜੁਗ ਕੀ ਮਹਿਮਾ ਨਹੀ ਜਾਨਾ॥
ਆਨਿੰਨ ਭਗਤ ਕਲਜੁਗ ਕਾ ਧਰਮ॥ਗੁਰ ਸੇਵਾ ਕਰਮਨ ਸਿਰ ਕਰਮ॥੮॥
ਬਿਨ ਕਲੂ ਧਰਮ ਮੁਕਤ ਨਹੀ ਹੋਇ॥ਕੋਟਕ ਕਰਮ ਕਰੇ ਜੋ ਕੋਇ॥
ਬਿਨਾ ਭਗਤ ਕਰਮ ਸਭ ਛੂਛੇ॥ਮੁਕਤ ਨ ਹੋਇ ਅਥਰਬਨ ਪੂਛੇ॥੯॥
ਸੁਨ ਪੰਡਤ ਬਿਦਿਆ ਅਹੰਕਾਰੀ॥ਕਰਮ ਧਰਮ ਜਿਉ ਚਉਪੜ ਸਾਰੀ॥
ਤੀਰਥ ਬਰਤ ਨਹੀ ਕਲ ਕਾ ਧਰਮੁ॥ਤੁਮ ਪੜ ਬਿਦਿਆ ਦਿੜ ਕੀਨਾ ਭਰਮੁ॥੧੦॥

॥ਦੋਹਰਾ॥

ਪੰਡਤ ਸਤਗੁਰ ਬਚਨ ਸੁਨ ਮਨ ਮੋ ਕੀਆ ਬਿਚਾਰ॥
ਗੁਰ ਬਚਨ ਨਾਵ ਨਜਰੀ ਪਰੀ ਬੂਡੇ ਥੇ ਬਿਦਆਧਾਰ॥੧੧॥

॥ਚੌਪਈ॥

ਗੁਰ ਦਰਸਨ ਫਲ ਪੰਡਤ ਲਾਗਾ॥ਮਸਤਕ ਜਾਗਾ ਭਾਗ ਸਭਾਗਾ॥
ਕਰ ਬਬੇਕ ਮਨ ਮੋ ਯਹ ਬੂਝਾ॥ਗੁਰ ਬਚਨ ਬਿਚਾਰ ਭਗਤ ਸੂਝਾ[3]॥੧੨॥
239/ੳ ਹਾਥ ਜੋੜ ਪੁਨ ਬਿਨਤੀ ਕਰੀ॥ਮੋਹ ਬਿਦਿਆ ਬਾਦ ਮੋ ਸੁਧ/ਨਹੀ ਪਰੀ॥
ਤੀਰਥ ਬਰਤ ਸਾ ਧਨ ਮੈ ਕਰਾ॥ਬਿਦਿਆ ਹੰਕਾਰ ਮਨ ਮੋ ਮੈ ਧਰਾ॥੧੩॥
ਤਾ ਤੇ ਹਰਿ ਕੀ ਭਗਤ ਨ ਜਾਨੀ॥ਪੜ ਭਇਆ ਜਾਨ ਮਿਥਿਆ ਅਭਿਮਾਨੀ॥
ਤੁਮਰੇ ਬਚਨ ਪ੍ਰਤਾਪ ਮੈ ਜਾਨਾ॥ਅਬ ਮੋ ਕੋ ਦੀਜੈ ਗੁਰ ਗਿਆਨਾ॥੧੪॥
ਮੈ ਅਤ ਅਜਾਨ ਹਰਿ ਭਗਤ ਨ ਜਾਨੀ॥ਅਬ ਪਾਇਓ ਮੈ ਸਤਗੁਰ ਗਿਆਨੀ॥
ਮੋਹ ਉਪਦੇਸ ਕੀਜੈ ਪ੍ਰਭ ਦਿਆਲ॥ਮੇਟ ਭਰਮ ਮੋਹਿ ਕਰੋ ਨਿਹਾਲ॥੧੫॥

॥ਦੋਹਰਾ॥

ਬੇਨੀ ਕੀ ਸੁਨ ਬੇਨਤੀ ਸਤਗੁਰ ਭਏ ਦਿਆਲ॥
ਯਹ ਸਬਦ ਉਚਾਰ ਸਤਗੁਰ ਕਰਾ ਪੂਰਨ ਗਿਆਨ ਬਿਸਾਲ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਚੌਥੇ (ੳ)
[3] ਭਗਤ ਪਦ ਸੂਝਾ (ੳ,ਅ,ੲ), ਭਗਤ ਪਥ ਸੂਝਾ (ਸ)

॥ਸਬਦ ਸ੍ਰੀ ਮੁਖਵਾਕ ਪੰਡਤ ਕੇ ਪਰਥਾਇ ਉਪਦੇਸੁ ਉਚਾਰ ਹੂਆ॥
॥ਰਾਗੁ ਮਲਾਰ ਮਹਲਾ ੩ ਘਰੁ ੨॥

ਇਹੁ ਮਨੁ ਗ੍ਰਿਹੀ ਕਿ ਮਨੁ ਉਦਾਸੀ॥[1]

॥ਚੌਪਈ॥

ਗੁਰ ਉਪਦੇਸ ਪੰਡਤ ਜਬ ਸੁਨਾ॥ਗਦ ਗਦ ਭਇਆ ਉਸਤਤਿ ਮੁਖ ਭਨਾ॥
ਸਤਗੁਰ ਬਚਨ ਪ੍ਰਤੀਤ ਤਿਸ ਭਈ॥ਅੰਤਰ ਸਮਾਧ ਦ੍ਰਿੜ ਲਾਗਤ ਭਈ॥੧੭॥
ਨਿਜ ਸਰੂਪ ਆਤਮ ਰਸ ਪਾਗਾ॥ਜਨਮ ਜਨਮ ਕਾ ਸੋਇਆ ਜਾਗਾ॥
ਸਹਜੇ ਸੇਜ ਸੈਨ ਤਿਨ ਕੀਆ॥ਧੁਨ ਅਨਹਦ ਸਬਦ ਪਿਆਲਾ ਪੀਆ॥੧੮॥
ਗੁਰ ਦੇਖ ਅਵਸਤਾ ਭਏ ਪ੍ਰਸੰਨ॥ਜੀਤ ਜਨਮ ਪੰਡਤ ਭਏ ਧੰਨ॥
ਪੁਨ ਛੁਟੀ ਸਮਾਧ ਨੇਤ੍ਰ ਜਬ ਖੋਲਾ॥ਗੁਰ ਦਰਸਨ ਕਰ ਉਸਤਤ ਬੋਲਾ॥੧੯॥
ਧਨੁ ਧਨੁ ਸਤਗੁਰ ਪ੍ਰਭ ਦਿਆਲ॥ਪਤਿਤ ਉਧਾਰਣ ਨਿਜ ਪ੍ਰ[2] ਪਾਲ॥
ਭਗਤ ਹੇਤ ਸਤਗੁਰ ਤਨ ਧਰਾ॥ਮੁਗਧ ਮਲੀਨ ਮਮ ਪਾਵਨ ਕਰਾ॥੨੦॥

॥ਦੋਹਰਾ॥

239/ਅ ਗੁਰ ਉਸਤਤ ਬੇਨੀ ਕਰੀ/ਸਭ ਜਾਨਾ ਮਿਥਿਆ ਭਾਇ॥
ਨੌ ਭਾਰ ਉਸਟ ਪੁਸਤਕ ਭਰੇ ਦੀਨੇ ਨਦੀ ਬਹਾਇ॥੨੧॥
ਸੰਤ ਸੰਗ ਰਾਤਾ ਸਦਾ ਗਇਆ ਅਸਤ ਬਿਲਾਇ॥
ਬਿਦਾ ਭਇਆ ਹੀਏ ਚਰਨ ਧਰ ਬਿਚਰਤ ਸਹਜ ਸੁਭਾਇ॥੨੨॥
ਬੇਨੀ ਪੰਡਤ ਕੀ ਕਥਾ ਸੁਨੇ ਸਿਖ ਮਨ ਲਾਇ॥
ਗੁਰ ਮਹਿਮਾ ਹਿਰਦੇ ਧਰੇ ਬਸੇ ਭਗਤ ਉਰ ਆਇ॥੨੩॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇਹੁ ਮਨੁ ਗ੍ਰਿਹੀ ਕਿ ਇਹ ਮਨੁ ਉਦਾਸੀ, (ੳ,ਸ), ਇੱਥੇ ਪੂਰਾ ਸਬਦ ਦਿੱਤਾ ਹੈ (ੳ) (0111)
[2] ਪ੍ਰਣ (ੳ,ਅ,ੲ,ਸ)

[ਸਾਖੀ ਫਿਰਿਆ ਕਟਾਰਾ ਦੀ ਬਖ਼ਸ਼ਿਸ਼][1]

॥ਦੋਹਰਾ॥

ਫਿਰਿਆ ਕਟਾਰਾ ਸਿਖ ਦੁਇ ਚਾਲੇ ਸਤਗੁਰ ਭਾਇ॥
ਪ੍ਰਭ ਬਚਨ ਬਿਲਾਸ ਆਗਿਆ ਕਰੀ ਪੰਥ ਬ੍ਰਿਧ ਕਰੋ ਜਾਇ॥੧॥

॥ਅੜਲ॥

ਫਿਰੇ ਕਟਾਰੇ ਦਿਆਲ ਗੁਰੂ ਪੂਛੀ ਕਥਾ॥
ਤੁਮ ਦੇਸ ਕਰੇ ਉਪਦੇਸ ਕੌਨ ਭਾਖੋ ਜਥਾ॥
ਕਰ ਜੋੜ ਦੋਊ ਅਰਦਾਸ ਦਿਆਲ ਗੁਰ ਸੌ ਕਰੇ॥
ਹੋ ਤਹਾ ਜੋਗੀ ਕੋ ਉਪਦੇਸ ਕਾਨ ਮੁਦ੍ਰਾ ਧਰੇ॥੨॥
ਕਰ ਮੰਤ੍ਰ ਜੰਤ੍ਰ ਸਭ ਲੋਕ ਜਗਤ ਪਤਆਵਹੀ॥
ਨਹੀ ਜਪ ਤਪੁ ਹਰਿ ਕੀ ਭਗਤ ਨ ਕੀਰਤਨ ਗਾਵਹੀ॥
ਅਰਥੀ ਮੂੜ ਅਗਿਆਨ ਲੋਕ ਤਾ ਕੋ ਜਜੈ॥
ਬਿਨ ਸਤਗੁਰ ਪੂਰਨ ਗਿਆਨ ਕੈਸੇ ਕੋ ਹਰਿ ਭਜੈ॥੩॥
ਗੋਰਖ ਗੋਰਖ ਜਪੇ ਅਵਰ ਨਹੀ ਜਾਨਹੀ॥
ਬਿਨ ਮੜੀ ਮਸਾਨ ਨ ਦੇਵ ਪਿਤ੍ਰ ਨਹੀ ਮਾਨਹੀ॥
ਭਏ ਭ੍ਰਿਸਟਿ ਤਹਾਂ ਸਭ ਲੋਕ ਕਵਨ ਬਿਧ ਕੋ ਕਰੇ॥
ਬਿਨ ਕਿਰਪਾ ਦੀਨ ਦਿਆਲ ਕਹਾ ਭਵਜਲ ਤਰੇ॥੪॥
ਤਬ ਫਿਰੇ ਕਟਾਰੇ ਦਿਆਲ ਗੁਰੂ ਆਗਿਆ ਕਰੀ॥
240/ੳ ਤੁਮ ਜਾਵੋ ਤਿ/ਸ ਦੇਸ ਬਚਨ ਮਮ ਉਰ ਧਰੀ॥
ਸਤਨਾਮ ਉਪਦੇਸ ਸਕਲ ਲੋਕਨ ਕਰੋ॥
ਗੁਰਮੁਖ ਪੰਥ ਚਲਾਉ ਨ ਮਨ ਮੋ ਭੈ ਧਰੋ॥੫॥

॥ਦੋਹਰਾ॥

ਤਬ ਫਿਰੇ ਕਟਾਰੇ ਬਚਨ ਸੁਨ ਅਰਦਾਸ ਕਰੀ ਕਰ ਜੋਰ[2]॥
ਪ੍ਰਭ ਮੰਤ੍ਰ ਜੰਤ੍ਰ ਜੋਗੀ ਕਰੇ ਬਦੇ ਨ ਕਾਹੂ ਹੋਰ॥੬॥[3]

॥ਚੌਪਈ॥

ਹੇ ਸਤਗੁਰ ਮੰਤ੍ਰ ਜੰਤ੍ਰ ਵੇ ਜਾਨੇ॥ ਬਿਨ ਅਪਨੇ ਕਾਹੂ ਨਹੀ ਠਾਨੇ॥
ਬਿਨ ਗੁਰ ਸਕਤ ਉਹਾਂ ਕਿਮ ਜਾਵੈ॥ ਕਿਮ ਸਤਨਾਮ ਗੁਰ ਮੰਤ੍ਰ ਚਲਾਵੈ॥੭॥
ਹੋਇ ਸੁ ਪ੍ਰਸੰਨ ਗੁਰ ਬਚਨ ਬਖਾਨਾ॥ ਮਮ ਆਗਿਆ ਦ੍ਰਿੜ ਕਰੋ ਪ੍ਰਮਾਨਾ॥
ਜੋ ਤੁਮ ਬਚਨ ਕਰੋ ਸੋ ਫੁਰੇ॥ ਤੁਮ ਦੇਖਤ ਮੰਤ੍ਰ ਜੰਤ੍ਰ ਸਭ ਦੁਰੇ॥੮॥
ਜਹਾ ਜਹਾ ਜੋਗੀ ਮਟ ਹੋਇ॥ ਤਿਸ ਦੇਹੁ ਨਿਕਾਲ ਭੈ ਨਾਹੀ ਕੋਇ॥
ਤੁਮ ਦੇਖਤ ਸਗਲੇ ਉਠ ਭਾਗੇ॥ ਤੁਮ ਦਰਸਨ ਲੋਕ ਸੋਏ ਭਰਮ ਜਾਗੇ॥੯॥
ਜੋਗੀ ਕੀ ਜੁਗਤ ਸਭ ਦੇਹੁ ਉਠਾਇ॥ ਧਰਮਸਾਲ ਕਰ ਥਾਪੋ ਤਾਹਿ॥
ਕੀਰਤਨ ਭਜਨ ਤਹਾ ਤੁਮ ਕਰਨਾ॥ ਦੇਖ ਸ੍ਰਿਸਟ ਪੂਜੇ ਤੁਮ ਚਰਨ॥੧੦॥

॥ਦੋਹਰਾ॥

ਨਾਮੁ ਦਾਨੁ ਇਸਨਾਨ ਕੀ ਸਤ ਮਤ ਕਰ ਉਪਦੇਸ॥
ਸਤਨਾਮ ਮੁਖ ਮੰਤ੍ਰ ਦੇ ਕਰੋ ਪਵਿਤ੍ਰ ਦੇਸ[4]॥੧੧॥

॥ਚੌਪਈ॥

ਸਤਿਗੁਰ ਦਿਆਲ ਬਖਸ ਤਿਹ ਕੀਨਾ॥ ਰਿਧਿ ਸਿਧਿ ਸਮਾਜ ਸੰਗ ਦੀਨਾ॥
ਕਰ ਬਖਸ ਦਾਨੁ ਬਿਦਾ ਤਿਨ ਕੀਨਾ॥ ਤਿਨ ਚਰਨ ਹਿਰਦੇ ਧਰ ਮਾਰਗ ਲੀਨਾ॥੧੨॥
ਗੁਰ ਆਗਿਆ ਲੇ ਪਹੁਚੇ ਨਿਜ ਦੇਸ॥ ਜੋਗੀ ਕੇ ਮਟ ਕੀਆ ਪ੍ਰਵੇਸ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੳੰ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਜੋੜ (ਅ)
[3] ਇੱਥੇ 'ਪ੍ਰਭ ਮੰਤ੍ਰ ਜੰਤ੍ਰ ਜੋਗੀ ਕਰੇ ਬਦੇ ਨ ਕਾਹੂ ਹੋਰ॥੬॥' ਵਾਲੀ ਪੰਕਤੀ ਨਹੀਂ ਹੈ (ਅ)
[4] ਪਵਿਤ੍ਰ ਸਭ ਦੇਸ (ਅ)

ਤਿਹ ਦਰਸ ਦੇਖ ਜੋਗੀ ਉਠ ਭਾਗੇ॥ ਜਿਉ ਮ੍ਰਿਗ ਭਾਗੇ ਦਾੜਾ[1] ਲਾਗੇ॥੧੩॥
ਪੁਨਿ ਤਿਸ ਮਟ ਕੋ ਦੀਆ ਗਿੜਾਇ॥ ਦੇਖਤ ਲੋਕ ਜੁੜੇ ਸਭ ਆਇ॥
240/ਅ ਕਰ ਬਿਚਾਰ ਸਭ ਕਹਨੇ ਲਾ/ਗਾ॥ ਇਨ ਦੇਖਤ ਪੀਰ ਜੋਗੀ ਮਮ ਭਾਗਾ॥੧੪॥
ਇਹ ਮਹਾਂਬਲੀ ਕਹਾ ਤੇ ਆਏ॥ ਚਹੀਐ ਪੂਛਾ ਕਿਨੇ ਪਠਾਏ॥
ਗੁਰ ਗੋਰਖ ਕਾ ਮਟ[2] ਜਿਨ ਤੋੜਾ॥ ਬਡੇ ਬਲੀ ਤਪ ਤੇਜ ਨ ਥੋੜਾ॥੧੫॥

॥ ਦੋਹਰਾ॥

ਕੀਰਤਨ ਭਜਨ ਕਰਨੇ ਲਗੇ ਫਿਰਾ ਕਟਾਰਾ ਆਪ॥
ਸੁਨਤ ਮਗਨ ਸਗਲੇ ਭਏ ਮਿਟ ਗਏ ਸੋਕ ਸੰਤਾਪ॥੧੬॥

॥ ਤੋਮਰ ਛੰਦ॥

ਧੁਨ ਭਜਨ ਸੁਨ ਮਗਨਾਨ॥ ਉਪਜਿਆ ਸੁਨ ਮਨ ਮੋ ਗਿਆਨ॥
ਮਿਲ ਸਰਨ ਸਭ ਹੀ ਲੀਨ॥ ਸਤਨਾਮ ਮੰਤ੍ਰ ਦੀਨ॥੧੭॥
ਗੁਰਮੁਖ ਭਏ ਸਭ ਲੋਕ॥ ਸਭ ਮਿਟੇ ਮਨ ਕੋ ਸੋਕ॥
ਹਰਿ ਭਗਤ ਕਰਨੰ ਲਾਗ॥ ਮਸਤਕ ਜਗੇ ਤਿਨ ਭਾਗ॥੧੮॥
ਮਾਗੇ ਪਦਾਰਥ ਲੋਗ॥ ਪਾਵੈ ਸਫਲ ਫਲ ਭੋਗ॥
ਗੁਰਮੁਖ ਭਇਆ ਸਭ ਦੇਸ॥ ਗਈ ਭਰਮ ਕੀ ਲਵਲੇਸ॥੧੯॥
ਮਟ ਸਕਲ ਦੀਏ ਗਿੜਾਇ॥ ਤਹਾ ਧ੍ਰਮਸਾਲ ਬਨਾਇ॥
ਪ੍ਰਤਾਪ ਸਤਿਗੁਰ ਦਿਆਲ॥ ਕੀਆ ਸਕਲ ਦੇਸ ਨਿਹਾਲ॥੨੦॥

॥ ਦੋਹਰਾ॥

ਮੰਤ੍ਰ ਜੰਤ੍ਰ ਸਗਲੇ ਮਿਟੇ ਭਇਆ ਸਤਨਾਮ ਪ੍ਰਕਾਸ॥
ਹਰ ਭਗਤ ਦੇਸ ਪ੍ਰਗਟ ਭਈ ਦੁਰਮਤ ਸਕਲ ਬਿਨਾਸ॥੨੧॥
ਫਿਰੇ ਕਟਾਰੇ ਕੀ ਕਥਾ ਸੁਨ ਉਪਜੇ ਗੁਰ ਪ੍ਰਤੀਤ॥
ਗੁਰ ਪਰਤਾਪ ਸਦ ਮਨ ਬਸੇ ਪਾਵੈ ਭਗਤ ਬਿਨੀਤ॥੨੨॥

॥ ਸਾਖੀ ਪੂਰਨ ਹੋਈ॥੧੦੪॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---
[1] ਵਾੜਾ (ਅ)
[2] ਮਠ (ਸ)

241/ੳ **[ਸਾਖੀ ਗੁਰੂ ਅਮਰਦਾਸ ਜੀ ਦਾ ਗੋਬਿੰਦਵਾਲ ਨਗਰ ਨੂੰ ਵਰ ਦੇਣਾ/][1]**

॥ਦੋਹਰਾ॥

ਤੀਨ ਲੋਕ ਕੇ ਦੁਖ ਹਰਨ ਦੀਨਾ ਨਾਥ ਦਿਆਲ॥
ਗੋਬਿੰਦਵਾਲ ਪਰ ਦਇਆ ਕਰ ਠਾਕਿਓ ਕਾਲ ਕਰਾਲ॥੧॥

॥ਚੌਪਈ॥

ਗੋਬਿੰਦਵਾਲ ਮੋ ਜੋ ਕੋਈ ਮਰੇ॥ ਮਿਰਤਕ ਲਿਆਇ ਗੁਰ ਸਨਮੁਖ ਧਰੇ॥
ਕਰ ਦਇਆ ਦਿਆਲ ਤਿਸੁ ਚਰਨ ਛੁਹਾਵੈ॥ ਉਠ ਖੜਾ ਹੋਇ ਨਿਜ ਗ੍ਰਿਹ ਕੋ ਜਾਵੈ॥੨॥
ਯਹ ਅਚਰਜ ਲੀਲਾ ਸਤਗੁਰ ਦਿਆਲ॥ ਗੁਰ ਆਗਿਆ ਮੋ ਕਾਲ ਕਰਾਲ॥
ਇਕ ਖਤਰਾਨੀ ਨਗਰੀ ਮਾਹ॥ ਤਾ ਕੇ ਘਰ ਏਕੋ ਸੁਤ ਆਹ॥੩॥
ਮੂਆ ਭਰਤਾ ਦੁਖ ਸੋ ਸੁਤ ਪਾਲਾ॥ ਤਾ ਕੋ ਗ੍ਰਸਿਆ ਕਾਲ ਕਰਾਲਾ॥
ਰੁਦਨ ਕਰਤ ਸਿਰ ਪੀਟਤ ਭਈ॥ ਪਹਰ ਰਾਤ ਪਿਛਲੀ ਜਬ ਰਹੀ॥੪॥
ਤਿਨ ਤਬ ਮਨ ਮੋ ਕੀਆ ਬਿਚਾਰ॥ ਲੇ ਮਿਰਤਕ ਗਈ ਸਤਗੁਰ ਦੁਆਰ॥
ਅੰਮ੍ਰਿਤ ਸਮੇ ਦਿਆਲ ਗੁਰ ਜਾਗੇ॥ ਸੁਨ ਤਿਸ ਰੁਦਨ ਦਇਆ ਰਸ ਪਾਗੇ॥੫॥

॥ਦੋਹਰਾ॥

ਬਲੂ ਕੋ ਗੁਰ ਬਚਨ ਯਹਿ ਜੇ ਕੋ ਦੁਖੀਆ ਹੋਇ॥
ਮੋਹ ਖਬਰ ਕਰਨਾ ਤਿਸੇ ਦੂਖ ਮਿਟਾਵੋ ਸੋਇ॥੬॥

॥ਚੌਪਈ॥

ਬਲੂ ਕੋ ਪੂਛੀ ਗੁਰ ਬਾਤ॥ ਕੋ ਦੁਖੀਆ ਇਸ ਸਮੇ ਰੁਆਤ॥
ਯਹ ਅੰਮ੍ਰਿਤ ਸਮਾ ਖਿਮਾ ਅਬ ਕਰੇ॥ ਪ੍ਰਾਤਕਾਲ ਕਾਜ ਤਿਸ ਸਰੇ॥੭॥
ਬਲੂ ਜਾਇ ਤਾ ਸੋ ਸਮਝਾਇਆ॥ ਦੀਨ ਦਿਆਲ ਸਤਗੁਰ ਫੁਰਮਾਇਆ॥
ਅਬ ਕਰੋ ਖਿਮਾ ਹੋਇ ਪ੍ਰਾਤਹਕਾਲ॥ ਮੂਆ ਸੁਤ ਪ੍ਰਭ ਦੇਇ ਜਿਵਾਲ॥੮॥
ਇਹ ਬਚਨ ਸੁਨਤ ਮੋਹ ਤਿਸ ਬਾਢਾ॥ ਰੁਦਨ ਕਰਨ ਲਾਗੀ ਅਤ ਗਾਢਾ॥
ਤਬ ਦੀਨ ਦਿਆਲ ਸੁਨ ਦਇਆ ਜਨਾਈ॥ ਉਸੀ ਸਮੇ ਸੁਤ ਦੀਆ ਜਿਵਾਈ॥੯॥
ਲੇ ਸੁਤ ਸੰਗ ਗ੍ਰਿਹ ਅਪਨੇ ਗਈ॥ ਮਹਾ ਅਨੰਦ ਸੁਖ ਪਾਵਤ ਭਈ॥
241/ਅ ਬ/ਲੂ ਸੋ ਸਤਗੁਰ ਤਬ ਕਹੀ॥ ਯਹ ਬਿਧ ਪ੍ਰਗਟ ਜਗਤ ਮੋ ਭਈ॥੧੦॥

॥ਦੋਹਰਾ॥

ਬਲੂ ਸੌ ਸਤਗੁਰ ਕਹੀ ਯਹ ਬਿਧ ਪ੍ਰਗਟ ਭਲ ਨਾਹਿ॥
ਤਾ ਤੇ ਗੁਹਜ ਬਿਧ ਅਤ ਭਲੀ ਕੋਊ ਮਰੇ ਨ ਨਗਰੀ ਮਾਹ॥੧੧॥

॥ਚੌਪਈ॥

ਹਮ ਜਬ ਲਗ ਰਹੇ ਈਹਾਂ ਤਨ ਧਰੇ॥ ਨਗਰ ਮਾਹਿ ਕੋਊ ਨਹੀ ਮਰੇ॥
ਸਹਜਿ ਭਾਇ ਗੁਰ ਬਚਨ ਉਚਾਰਾ॥ ਨਹੀ ਕੋਊ ਮੂਆ[2] ਨਗਰ ਮੰਝਾਰਾ॥੧੨॥
ਬਰਖ ਬਾਈਸ ਮੋ ਕੋਇ ਨ ਮੂਆ॥ ਯਹ ਪਰਗਟ ਕਾਲ ਕੋ ਲੋਪਨ ਕੀਆ॥
ਬਾਈਸ ਬਰਖ ਤਹਾ ਗੁਰ ਤਨ ਰਾਖਾ॥ ਨਹੀ ਕੋਊ ਮੂਆ ਨ ਕਾਹੂ ਭਾਖਾ॥੧੩॥
ਅਚਰਜ ਕ੍ਰਿਆ ਚਰਜ ਗੁਰ ਖੇਲ॥ ਜਰੇ ਦੀਪਕ ਬਿਨੁ ਬਾਤੀ ਤੇਲੁ॥
ਜੋ ਚਾਹੇ ਸਾਈ ਬਿਧ ਕਰੇ॥ ਮਨ ਬੁਧ ਚਿਤ ਬੂਝ ਨਹੀ ਪਰੇ॥੧੪॥
ਸਤਗੁਰ ਅਮਰ ਦਿਆ[3] ਕੇ ਸਿੰਧ॥ ਅਨਾਥ ਨਾਥ ਦੀਨ ਕੇ ਬੰਧ॥
ਜਹਾ ਬਿਰਾਜੈ ਸਤਗੁਰ ਸਾਧ॥ ਲਗੇ ਨ ਆਧ ਵਿਆਧ ਉਪਾਧ॥੧੫॥

॥ਦੋਹਰਾ॥

ਯਹ ਲੀਲਾ ਸਤਗੁਰ ਦਿਆਲ ਕੀ ਜਾਨ ਸਕੇ ਨਹੀ ਕੋਇ॥
ਸੋ ਮਹਿਮਾ ਸਤਗੁਰ ਲਖੇ ਜਿਹ ਪਰ ਕਿਰਪਾ ਹੋਇ॥੧੬॥

॥ਸਾਖੀ ਪੂਰਨ ਹੋਈ॥੧੦੫॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਸੂਆ (ਸ)
[3] ਦਇਆ (ੳ,ਅ)

[ਸਾਖੀ ਅਕਬਰ ਬਾਦਸਾਹ ਦਾ ਗੁਰੂ ਅਮਰਦਾਸ ਜੀ ਦੇ ਦਰਸਨ ਕਰਨ ਆਉਣਾ][1]

॥ਦੋਹਰਾ॥

ਸਤਗੁਰ ਸਚਾ ਪਾਤਸਾਹੁ ਜਾ ਕੇ ਸਮ ਸਭ ਕੋਇ॥
ਰਾਉ ਰੰਕ ਤਾ ਕਉ ਜਜੈ ਬਡਭਾਗੀ ਦਰਸਨ ਹੋਇ॥੧॥

॥ਚੌਪਈ॥

ਅਕਬਰ ਪਾਤਸਾਹ ਸੁਲਤਾਨ॥ਦਿਲੀ ਪਤ ਆਦਲ ਪਰਮਾਨ॥
242/ੳ ਤਿਨ ਸਤਗੁਰ ਸੋ/ਪਰਤਗਿਆ ਪਾਇਆ॥ਮਨ ਪਰਤੀਤ ਦਰਸਨ ਕੋ ਆਇਆ॥੨॥
ਨਿਕਟ ਸਹਰ ਕੇ ਪਹੁਚੇ ਆਇ॥ਦੇ ਖਬਰ ਪਾਇਕ ਨਿਜ ਦੀਆ ਪਠਾਇ॥
ਗੁਰ ਦੀਨ ਦਿਆਲ ਬਾਵਲੀ ਆਏ॥ਸਿਖਨ ਮਿਲ ਅਰਦਾਸ ਕਰਾਏ॥੩॥
ਬਾਦਸਾਹ ਪਿਆਦਾ ਚਲ ਆਇਆ॥ਚਹੀਐ ਪਾਵੜੇ ਬਸਤ੍ਰ ਬਿਛਾਇਆ॥
ਪ੍ਰਭ ਆਗਿਆ ਲੇ ਦਰਿਆਈ ਥਾਨ॥ਮਾਰਗ ਮਾਹ ਬਿਛਾਏ ਆਨ॥੪॥
ਅਕਬਰ ਸੁਜਾਨ ਤਹਾ ਪਗ ਨਹੀ ਧਰਾ॥ਨਿਜ ਹਾਥ ਉਠਾਇ ਕਿਨਾਰੇ ਕਰਾ॥
ਪਗ ਪਿਆਦਾ ਚਲ ਆਇਆ ਗੁਰ ਪਾਸ॥ਦੇਖਾ ਦਰਸਨ ਜੋਤ ਪਰਕਾਸ॥੫॥

॥ਸੋਰਠਾ॥

ਅਤ ਸੁੰਦਰ ਰੂਪ ਜਮਾਲ ਜਗਮਗ ਜੋਤ ਪਰਕਾਸ ਤਹਿ॥
ਦੇਖਤ ਤੇਜ ਜਲਾਲ ਕਛੁ ਬਾਤ ਨ ਕਰਨੇ ਆਵਈ॥੬॥

॥ਚੌਪਈ॥

ਦਸਤਬੋਸੀ ਨਿਕਟ ਹੋਇ ਕਰੀ॥ਪ੍ਰੀਤ ਰੀਤ ਮਨ ਮੋ ਦ੍ਰਿੜ ਧਰੀ॥
ਬਿਨ ਪ੍ਰਸਾਦ ਖਾਏ ਗੁਰ ਦੇਖਾ॥ਨਹੀ ਕੋਊ ਕਹੇ ਕਸੇ ਬਾਤ ਬਸੇਖਾ॥੭॥
ਸਤਗੁਰ ਪ੍ਰਣ ਕੈਸੇ ਕੈ ਦੁਰੀ॥ਅਕਬਰ ਕੈ ਮਨ ਮੈ ਯਹ ਫੁਰੀ॥
ਸਤਗੁਰ ਸੌ ਪੂਛੀ ਯਹ ਬਾਤ॥ਕਿਆ ਭੋਜਨ ਸਾਹਿਬ ਹੈ ਖਾਤ॥੮॥
ਓਗਰਾ ਅਲੂਣਾ ਸਤਗੁਰ ਕਹਾ॥ਸੁਣ ਸੁਲਤਾਨ ਬਿਸਮ ਹੋਇ ਰਹਾ॥
ਪੁਨ ਕਹਾ ਸੁਲਤਾਨ ਮਿਹਰ ਅਬ ਕੀਜੈ॥ਵਹੀ ਤਬਰਕ ਹਮ ਕੋ ਅਬ ਦੀਜੈ॥੯॥
ਤਬ ਬਲੂ ਕੌ ਪ੍ਰਭ ਆਗਿਆ ਕਰਾ॥ਭਰ ਥਾਲੀ ਅਕਬਰ ਆਗੇ ਧਰਾ॥
ਕਰ ਰੁਚਿ ਬਾਦਸਾਹਿ ਤਿਸ ਖਾਇਆ॥ਸਭ ਸੁਆਦ ਤਾਹੂ ਮੋ ਪਾਇਆ॥੧੦॥

॥ਦੋਹਰਾ॥

ਓਗਰਾ ਅਲੂਣਾ ਖਾਇ ਕੇ ਪਾਏ ਸਰਬ ਸੁਆਦ॥
242/ਅ ਸਭ ਸਵਾਦ ਤਾ ਮੋ ਮਿਲੇ ਜੋ ਖਾਏ ਜਨਮਾਦ॥/੧੧॥

॥ਚੌਪਈ॥

ਓਗਰਾ ਖਾਇ ਅਕਬਰ ਮਗਨਾਨਾ॥ਸਤਗੁਰ ਕੀ ਤਿਨ ਸਿਫਤ ਬਖਾਨਾ॥
ਸਾਹਬ ਫਕਰ ਹੈ ਵਲੀ ਵਲਾਇਤ॥ਆਰਫ ਕਾਮਲ ਸਭ ਬਿਧ ਲਾਇਕ॥੧੨॥
ਅਬ ਮੇਰਾ ਕਬੂਲ ਕਛੁ ਕੀਜੈ॥ਜਾ ਤੇ ਮੋ ਕੋ ਸਾਂਤ ਪਤੀਜੈ॥
ਤਬ ਮੁਸਕਾਇ ਦਿਆਲ ਗੁਰ ਕਹੀ॥ਕਿਸੂ ਬਸਤ ਕੀ ਖਾਹਸ ਨਹੀ॥੧੩॥
ਬਾਦਸਾਹ ਬਿਨਤੀ ਪੁਨ ਕੀਨੀ॥ਤਬ ਸਤਗੁਰ ਤਿਸੇ ਤਸਲੀ ਦੀਨੀ॥
ਕਛ ਕੁ ਭੂਮ ਬਲੂ ਮੰਗ ਲਈ॥ਲਿਖ ਬਾਦਸਾਹਿ ਆਇਮਾ[2] ਕਰ ਦਈ॥੧੪॥
ਸਤਿਗੁਰ ਕੇ ਸਿਖ ਤਾ ਮੋ ਬਸੇ॥ਕਰੇਂ ਅਨੰਦ ਸਤਗੁਰ ਰੰਗ ਰਸੇ॥
ਅਕਬਰ ਸਾਹ ਬਿਦਾ ਤਬ ਭਇਆ॥ਸਤ ਪ੍ਰੇਮ ਮਨ ਮੋ ਥਿਰ ਥੈਆ॥੧੫॥
[3]ਅਕਬਰ ਗਏ ਲਹੌਰ ਕੋ ਬਿਨੇ ਕਰੀ ਕਰ ਜੋਰ॥
ਸਦਾ ਮਿਹਰ ਹਮ ਕਰੋ ਦੇਖੋ ਬਾਬਰ ਓਰ॥੧੬॥

॥ਸਾਖੀ ਪੂਰਨ ਹੋਈ॥੧੦੬॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਆਇਸਾ (ਸ)
[3] ਇੱਥੇ ਸਿਰਲੇਖ '॥ਦੋਹਰਾ॥' ਹੈ (ੳ)

[ਸਾਖੀ ਗੁਰੂ ਜੀ ਦੁਆਰਾ ਤਲਵੰਡੀ ਨਗਰ ਦੇ ਇਕ ਖਤ੍ਰੀ ਸਿਖ ਨੂੰ ਤਾਰਨਾ][1]

॥ਦੋਹਰਾ॥

ਇਕ ਸਿਖ ਤਲਵੰਡੀ ਮੋ ਰਹੇ ਅਤ ਪ੍ਰੇਮੀ ਗੁਰ ਮੀਤ॥
ਨਿਤ ਸਰਧਾ ਸੌ ਲਿਆਵੈ ਦਹੀ ਸਤਗੁਰ ਨਮਿਤ ਕਰ ਪ੍ਰੀਤ॥੧॥

॥ਚੌਪਈ॥

ਇਕ ਸਿਖ ਲੰਗਰ ਮੋ ਦਹੀ ਲਿਆਵੈ॥ਨਿਤਪ੍ਰਤ ਸਤਗੁਰ ਕੋ ਭੋਗਾਵੈ॥
ਤਿਨ ਬਹੁਤ ਕਾਲ ਪਾਲਨ ਪ੍ਰਣ ਕੀਨਾ॥ਜਾਨਿਓ ਪ੍ਰੇਮ ਸਤਗੁਰ ਪਰਬੀਨਾ॥੨॥
243/ੳ ਜਨਮ ਸੌ ਟਾਂਗ ਲੰਗਰੀ ਤਿਸ ਆਹੀ॥/ਕਰ ਜਤਨ ਕਾਠ ਕੀ ਟਾਂਗ ਬਨਾਈ॥
ਧਰ ਸੀਸ ਦਹੀ ਸਤਗੁਰ ਪਹ ਚਲਾ॥ਤਿਸ ਗਾਉ[2] ਚਉਧਰੀ ਆਗੇ ਮਿਲਾ॥੩॥
ਕਾਠ ਕੀ ਟੰਗੜੀ ਛੀਨ ਤਿਨ ਲੀਨੀ॥ਸਰਦਾਰ ਗਾਂਵ ਕੇ ਹਾਸੀ ਕੀਨੀ॥
ਕਹੇ ਚੌਧਰੀ ਸੁਨ ਮਮ ਬਾਤ॥ਤੂੰ ਲੀਏ ਦਹੀ ਨਿਤ ਗੁਰ ਪਹਿ ਜਾਤ॥੪॥
ਤੁਮਰੀ ਟਾਂਗ ਸਾਬਤ ਨਹੀ ਕਰੇ॥ਤੂੰ ਆਵਤ ਜਾਵਤ ਕਾਹੇ ਮਰੇ॥
ਤਾ ਸੋ ਕਹੀ ਸਿਖ ਸਮਝਾਇ॥ਸਤਗੁਰ ਮੇਰਾ ਬੇਪਰਵਾਹ॥੫॥

॥ਦੋਹਰਾ॥

ਜੋ ਚਾਹੇ ਸੋਈ ਕਰੇ ਸਤਗੁਰ ਸਮਰਥ ਦਿਆਲ॥
ਮਤ ਅਟਕਾਵੋ ਮੋਹਿ ਅਬ ਮੈ ਪਹੁਚੋ ਯਹ ਕਾਲ॥੬॥

॥ਚੌਪਈ॥

ਤਬ ਤਿਨ ਲਕੜੀ ਤਾ ਕੋ ਦੀਆ॥ਦੇ ਓਟ ਟੰਗੜੀ ਮਾਰਗ ਗੁਰ ਲੀਆ॥
ਉਹਾ ਸਤਗੁਰ ਦੀਨ ਦਿਆਲ॥ਲੰਗਰ ਮੋ ਆਏ ਤਤਕਾਲ॥੭॥
ਥਾਲ ਪਰੋਸ ਗੁਰ ਆਗੇ ਧਰਾ॥ਸੰਗਤ ਸਗਲ ਪਰੋਸਨ ਕਰਾ॥
ਗੁਰ ਸਾਹਬ ਪਰਸਾਦ ਨ ਪਾਵੇ॥ਜਬ ਲਗ ਮਮ ਪ੍ਰੇਮੀ ਨਹੀ ਆਵੇ॥੮॥
ਤਬ ਲਗ ਸਿਖੁ ਦਹੀ ਲੇ ਆਇਆ॥ਧਰ ਆਗੇ ਗੁਰ ਸੀਸ ਨਿਵਾਇਆ॥
ਪੁਨ ਲਗਾ ਦਹੀ ਸਤਗੁਰ ਕੋ ਭੋਗ॥ਗੁਰ ਸਰਧਾ ਪੂਰਨ ਕਰਨੇ ਜੋਗ॥੯॥
ਪ੍ਰਭ ਪਾਇ ਪ੍ਰਸਾਦ ਯਹ ਪੂਛ ਪੁਛਾਈ॥ਇਤਨੀ ਬੇਰ ਕਹਾ ਤੁਹਿ ਲਾਈ॥
ਹਾਥ ਜੋੜ ਸਿਖ ਬਿਨਤੀ ਕੀਨੀ॥ਚੌਧਰੀ ਮੋ ਸੋ ਹਾਸੀ ਕੀਨੀ॥੧੦॥

॥ਦੋਹਰਾ॥

ਸਤਗੁਰ ਤੁਮ ਸਮਰਥ ਹੈ ਕਿਉ ਟੰਗ ਨ ਦੇਹ ਬਨਾਇ॥
ਊਟ ਟਾਂਗ ਲਕੜੀ ਹਰੀ ਬੇਰ ਲਗੀ ਇਹ ਭਾਇ॥੧੧॥

॥ਚੌਪਈ॥

ਸੁਨ ਗੁਰ ਦਿਆਲ ਆਗਿਆ ਯਹ ਕਰੀ॥ਮੋ ਕਬਹੂੰ ਯਹ ਬਿਧ ਚਿਤ ਨ ਪਰੀ॥
243/ਅ ਅਬ ਤੁਮ ਸਾਹ ਹੁਸੈਨ ਪਹਿ ਜਾਹਿ॥ਤੁਮਰੀ ਟਾਂ/ਗ ਵਹ ਦੇਇ ਬਨਾਇ॥੧੨॥
ਗੁਰ ਬਚਨ ਸਿਖ ਸੀਸ ਧਰ ਲੀਨਾ[3]॥
ਸਾਹ ਹੁਸੈਨ ਕਾ ਸੁਨੋ ਸੁਭਾਇ॥ਜੋ ਨਿਕਟ ਜਾ ਤਿਸ ਮਾਰ ਭਗਾਇ॥੧੩॥
ਗੁਰ ਆਗਿਆ ਸੋ ਸਿਖ ਤਿਨ ਪਹ ਗਇਆ॥ਤਾ ਕੋ ਸਾਹੁ ਕਛੂ ਨਹੀ ਕਹਿਆ॥
ਪੂਛੀ ਬਾਤ ਕਹਾ ਤੇ ਆਇਆ॥ਤਿਨ ਸੀਸ ਨਿਆਇ ਗੁਰ ਬਚਨ ਸੁਨਾਇਆ॥੧੪॥
ਹਾਥ ਜੋੜ ਸਨਮੁਖ ਹੋਇ ਬੈਠਾ॥ਸਾਹੁ ਹੁਸੈਨ ਦੇਖਾ ਤਿਸ ਐਠਾ॥
ਮਾਰ ਸੋਟਾ ਤਿਸ ਦੀਆ ਉਠਾਈ॥ਵੈ ਉਠ ਭਾਗ ਟੰਗੜੀ ਬਨਿ ਆਈ॥੧੫॥

॥ਸੋਰਠਾ॥

ਟੰਗੜੀ ਭਈ ਸਬੂਤ ਦੇਖ ਜਾਇ ਕਦਮਨ ਪੜਾ॥
ਕਹਿਆ ਸਾਹ ਸੁਨ ਪੂਤ ਕਰਨ ਕਰਾਵਨ ਅਉਰ ਹੈ॥੧੬॥

---

[1] ਇਥੇ ਇਸ ਸਾਖੀ ਦਾ ਆਰੰਭ '੧ੳ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਗਾਂਵ (ੳ), ਗ੍ਰਾਮ (ਅ)
[3] ਗੁਰ ਬਚਨ ਸਿਖ ਸੀਸ ਧਰ ਲੀਨਾ॥ਸਾਹ ਹੁਸੈਨ ਪਹਿ ਜਾਨਾ ਕੀਨਾ॥ (ੳ,ਅ,ੲ)

॥ ਚੌਪਈ ॥

ਸਾਹ ਹੁਸੈਨ ਤਿਨ ਕਹਾ ਸਮਝਾਇ ॥ ਗੁਰੂ ਅਮਰ ਦਿਆਲ[1] ਤੁਮ[2] ਕਰੀ ਸਹਾਇ ॥
ਕਰਨ ਕਰਾਵਨਹਾਰ ਸੁਆਮੀ ॥ ਕਰੇ ਆਪ ਹਮ ਕੋ ਬਦਨਾਮੀ ॥੧੭॥
ਅਬ ਜਾਉ ਤਹਾ ਗੁਰ ਚਰਨੀ ਪਰੋ ॥ ਹਮਰੀ ਚਰਨ ਬੰਦਨਾ ਕਰੌ ॥
ਹਮ ਸਮਾਨ ਕੋਟ ਤਿਨ ਦਾਸ ॥ ਮਨ ਧਰੋ ਸਦਾ ਸਤਗੁਰ ਬਿਸਵਾਸ ॥੧੮॥
ਯਹ ਦੇਖ ਚਰਿਤ੍ਰ ਬਿਸਮ ਸਭ ਭਏ ॥ ਗੁਰ ਲੀਲਾ ਕਛੁ ਜਾਤ ਨ ਕਹੇ ॥
ਗਇਆ ਸਿਖ ਸਤਗੁਰ ਕੇ ਪਾਸ ॥ ਦੇਖ ਹਸੇ ਸਤਗੁਰੂ ਬਿਲਾਸ ॥੧੯॥
ਸੇਵਾ ਫਲੁ ਦਾਤਾ ਦੀਨ ਦਿਆਲ ॥ ਸਿਖ ਪਰ ਕਿਰਪਾ ਕਰੀ ਬਿਸਾਲ ॥
ਹਰਿ ਭਗਤ ਦਾਨ ਸਿਖਨ ਕੋ ਦੀਨਾ ॥ ਤਿਸ ਭਇਆ ਪ੍ਰਕਾਸ ਕ੍ਰਿਤਾਰਥ ਕੀਨਾ ॥੨੦॥

॥ ਦੋਹਰਾ ॥

ਲੀਲਾ ਸਤਿਗੁਰ ਦਿਆਲ ਕੀ ਕੈਸੇ ਕਹੌ ਬਨਾਇ ॥
ਸੇਸ ਗਨੇਸ ਮਹੇਸ ਸਭ ਨੇਤ ਨੇਤ ਗੁਨ ਗਾਇ ॥੨੧॥

॥ ਸਾਖੀ ਪੂਰਨ ਹੋਈ ॥੧੧੭॥

244/ੳ /ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[1] ਦਸ਼ਿਆਲ (ਸ)
[2] ਤੁਹਿ (ੳ)

[ਸਾਖੀ ਸੰਗਤਾਂ ਦਾ ਇਕਤ੍ਰ ਹੋ ਕੇ ਗੁਰੂ ਜੀ ਨੂੰ ਸਿਖੀ ਰਹਨੀ ਦੀ ਬਿਨਤੀ ਕਰਨਾ][1]

॥ਦੋਹਰਾ॥

ਦਇਆ ਸਿੰਧ ਸਤਗੁਰੂ ਹੈ ਰਤਨ ਗਿਆਨ ਭਰਪੂਰ॥
ਗੁਰ ਬਚਨ ਮਾਨ ਟੁਬਕੀ ਲਵੈ ਪਾਵੈ ਮਾਨਕ ਭੂਰ॥੧॥

॥ਚੌਪਈ॥

ਦਿਵਸ ਏਕ ਪ੍ਰਭ ਦੀਨ ਦਿਆਲ॥ਚਿਤ ਬਿਗਾਸ ਨਿਜ ਬਿਰਦ ਸਮਾਲ॥
ਕਰਨਾ ਕਰ ਕੀਆ ਬਚਨ ਬਿਲਾਸ॥ਜਿਮ ਭਗਤਾ ਚਲ ਰਵਿ ਗਿਆਨ ਪ੍ਰਕਾਸ॥੨॥
ਸਭ ਦੇਖ ਕਮਲ ਵਤ ਬਿਗਸੇ ਸਿਖ॥ਜਾ ਕੇ ਮਸਤਕ ਭਗਤ ਭਵਿਖ॥
ਮਨ ਧਰ ਪ੍ਰਸਨ ਸਤਗੁਰ ਪਹ ਕਹੇ॥ਕਵਨ ਜੁਗਤ ਗੁਰ ਸਿਖੁ ਜਗੁ ਰਹੇ॥੩॥
ਸੁਨ ਬਿਨੇ ਸੰਗਤ ਪ੍ਰਭ ਕਰਨਾ ਧਾਰਾ॥ਗੁਰ ਬਚਨ ਦ੍ਰਿੜੇ ਸੋ ਮਮ ਸਿਖ ਪਿਆਰਾ॥
ਪਹਰ ਰਾਤ੍ਰ ਪਿਛਲੀ ਜਬ ਰਹੇ॥ਕਰ ਇਸਨਾਨ ਇਕੰਤ ਹੋਹਿ ਬਹੈ॥੪॥
ਗੁਰ ਸਰੂਪ ਹਿਰਦੇ ਮੋ ਧਾਰੇ॥ਗੁਰਬਾਨੀ ਮਨ ਮਾਹਿ ਬਿਚਾਰੇ॥
ਮਨ ਦ੍ਰਿੜ ਸੁਰਤ ਇਕਾਗਰ ਰਾਖੇ॥ਪਰ ਨਿੰਦਾ ਝੂਠ ਕਬਹੂੰ ਨਹੀ ਭਾਖੇ॥੫॥
ਕਰ ਧਰਮ ਕਿਰਤ ਸੰਤਨ ਕੋ ਸੇਵੈ॥ਪਰ ਤ੍ਰੀਆ ਤਿਆਗ ਪਰ ਧਨ ਨਹੀ ਲੇਵੈ॥
ਛੁਧਾ ਬਿਨਾ ਕਛੁ ਖਾਵੈ ਨਾਹੀ॥ਜਬ ਨੀਦ ਹੋਇ ਤਬ ਸੈਨ ਕਰਾਈ॥੬॥
ਇਨ ਤੇ ਗਫਲਤ ਆਲਸ ਹੋਇ॥ਤਾ ਕੋ ਅਉਧ ਘਟੈ ਦੁਖ ਹੋਇ॥
ਇਸਤ੍ਰੀ ਰੂਪ ਹਰਿ ਭਗਤ ਜੋ ਹੋਇ॥ਮਮ ਸਿਖ ਸੰਗਤ ਕਰੇ ਨ ਕੋਇ॥੭॥
ਜੋ ਕਰੇ ਸੰਗਤ ਲਾਹਾ ਨਹੀ ਪਾਵੈ॥ਘਟੇ ਮੂਲ ਲਾਹਾ ਸਭ ਜਾਵੈ॥
244/ਅ ਤਾ ਤੇ ਸਤ ਪੁਰਖਨ ਸੰਗ ਕਰੈ॥ਮਿਟੈ ਅਗਿਆ/ਨ ਭਗਤ ਸੰਚਰੈ॥੮॥

॥ਦੋਹਰਾ॥

ਜੋ ਸਤਗੁਰ ਰਹਨੀ ਕਹੀ ਲਈ ਗੁਰਸਿਖਨ ਧਾਰ॥
ਧੰਨ ਧੰਨ ਗੁਰ ਪਾਰਬ੍ਰਹਮ ਭਵ ਸਾਗਰ ਤਾਰਨਹਾਰ॥੯॥

॥ਸਾਖੀ ਪੂਰਨ ਹੋਈ॥੧੧੮॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---
[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[ਸਾਖੀ ਗੁਰੂ ਜੀ ਦੀ ਸਮ ਬਿਆਪਕ ਮਹਿਮਾ][1]

॥ਦੋਹਰਾ॥
ਅਬਗਤ ਸਭਗਤ ਅਬਿਗਤ ਕਥਾ ਗਤ ਨਹੀ ਜਾਨੇ ਕੋਇ॥
ਘਟ ਘਟਿ ਬਿਆਪਕ ਰਮ ਰਹੇ ਤਬ ਲਖੈ ਲਖਾਵੈ ਸੋਇ॥੧॥
॥ਚੌਪਈ॥
ਦਿਵਸ ਏਕ ਗੁਰ ਅਮਰ ਦਿਆਲ॥ਗਏ ਲੰਗਰ ਮੋ ਸੰਗਤ ਸਭ ਨਾਲ॥
ਨਿਤ ਬਿਵਹਾਰ ਓਗਰਾ ਪ੍ਰਭ ਖਾਵਾ॥ਸਭ ਰਸ ਸੰਗਤ ਭੋਗ ਭੁਗਾਵਾ॥੨॥
ਜਬ ਪਾਇ ਪ੍ਰਸਾਦ ਚੁਲੀ ਪ੍ਰਭ ਕੀਨੀ॥ਇਹ ਜੁਗਤ ਭੇਦ ਬੁਢੇ ਤਬ ਚੀਨੀ॥
ਕਰ ਜੋੜ ਕਰੀ ਬੁਢੇ ਅਰਦਾਸ॥ਸਭ ਸੰਗਤ ਕੀ ਪੁਰਵੋ[2] ਆਸ॥
ਸਤਗੁਰ ਬਿਨ ਲੋਨ ਓਗਰਾ ਖਾਵੈ॥ਸੰਗਤ ਕੋ ਸਭ ਰਸ ਭੋਗਾਵੈ॥
ਉਚਤਿ ਨਾਹਿ ਸਿਖਨ ਇਹੁ ਰੀਤ॥ਜੋ ਖਾਵੈ ਗੁਰਸਿਖ ਖਾਇ ਬਿਨੀਤ॥੪॥
॥ਸਤਿਗੁਰੂ ਵਾਚ॥
ਹੇ[3] ਭਾਈ ਬੁਢਾ ਤੂੰ ਮਮ ਪਿਆਰਾ॥ਸਦਾ ਪ੍ਰੀਤ ਤੁਮਰੇ ਅਧਕਾਰਾ॥
ਮੋਹਿ ਸੰਗਤਿ ਗੁਰਮੁਖ ਸੋ ਨਹੀ ਭੇਦ॥ਮੈ ਅੰਤਰਗਤ ਸਭ ਸੌ ਅਭੇਦ॥੫॥
॥ਦੋਹਰਾ॥
ਚੁਲੀ ਕਰਤ ਚਰਚਾ ਭਈ ਸਤਗੁਰ ਦੀਆ ਦਿਖਾਇ॥
ਅਤ ਪਰਸੰਨ ਬੁਢਾ ਭਇਆ ਜਾਨਾ ਗੁਰ ਸਮ ਭਾਇ॥੬॥
॥ਮਕਰਾ ਛੰਦ॥
245/ੳ ਸਤਗੁਰ ਚੁਲੀ ਜੋ ਕੀਨੀ॥ਬੁਢੇ ਦਿਖਾ/ਈ ਦੀਨੀ॥
ਸਭ ਅੰਨ ਅੰਸ[4] ਜੇਤਾ ਸਭ ਦਾਂਤ ਸੋ ਨਿਕਾਰਾ॥੭॥
ਸ੍ਰੀ ਮੁਖ ਬਚਨ ਬਿਖਾਨਾ॥ਤੂੰ ਪਰਮ ਹਿਤ ਪੁਰਾਨਾ॥
ਸੰਗਤ ਜੋ ਭੋਗ ਭੋਗੇ ਰਸ ਭੋਗ ਮਹਿ ਅਧਾਰਾ॥੮॥
ਮੋ ਬਿਨ ਅਵਰ ਨ ਜਾਨੋ॥ਸਭ ਘਟ ਮੁਝੇ ਪਛਾਨੋ॥
ਸਭ ਸੁਖ ਸਬੂਹ ਤਾ ਕੋ ਜਿਨ ਗਿਆਨ ਯਹ ਬਿਚਾਰਾ॥੯॥
ਸਨਿ ਪਰਮ ਬਚਨ ਗੁਰ ਕੇ॥ਸੰਗਮ ਸੰਜੋਗੁ ਧੁਰ ਕੇ॥
ਬੁਢੇ ਬਿਗਸਿ ਮਨ ਮੋ ਗੁਰ ਚਰਨ ਸੀਸ ਧਾਰਾ॥੧੦॥
॥ਸੋਰਠਾ॥
ਹੇ ਸਤਗੁਰ ਦੀਨ ਦਿਆਲ ਧੰਨ ਧੰਨਯ[5] ਤੇਰੀ ਕਲਾ॥
ਅਨਭੈ ਅਗਮ ਬਿਸਾਲ ਜਿਸ ਭਾਵੈ ਤਿਸਹਿ ਲਖਾਵਈ॥੧੧॥
॥ਸਾਖੀ ਪੂਰਨ ਹੋਈ॥੧੦੯॥
ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---
[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਪੁਰਵੋ ਪ੍ਰਭ (ੳ,ੲ), ਪ੍ਰਭ ਪੂਰੋ (ਅ)
[3] ਇੱਥੇ ਸ਼ਬਦ 'ਹੇ' ਨਹੀਂ ਹੈ (ਅ)
[4] ਧੰਨ (ਅ)
[5] ਧੰਨ (ੳ,ਅ,ੲ)

[ਸਾਖੀ ਗੁਰੂ ਅਮਰਦਾਸ ਜੀ ਦੀ ਪੁੱਤਰੀ ਬੀਬੀ ਭਾਨੀ ਦੀ ਅਭੇਦ ਭਗਤ][1]

॥ਦੋਹਰਾ॥

ਅਭੇਦ ਭਗਤ ਸਤਿਗੁਰ ਕੀ ਕਰੈ ਜੋ ਮਨ ਤਨ ਭਾਇ॥
ਮੁਕਤਿ ਜੁਗਤਿ ਸੁਖ ਭੁਗਤ ਸਭ ਤਾ ਕੇ ਪਲੇ ਪਾਇ॥੧॥

॥ਚੌਪਈ॥

ਜਬ ਪਹਿਰ ਰਾਤ ਰਹੈ ਅੰਮ੍ਰਿਤ ਵੇਲਾ॥ਗੁਰ ਕਰੈ ਇਸਨਾਨ ਭਗਤ ਸੁਖ ਕੇਲਾ॥
ਤਿਸੀ ਸਮੈ ਬੀਬੀ ਜੀ ਦਰਸਨ ਕਰੈ॥ਗੁਰ ਕੀ ਭਗਤ ਸਤ ਹਿਰਦੇ ਧਰੈ॥੨॥
ਏਕ ਰਾਤ੍ਰ ਐਸੀ ਬਿਧ ਭਈ॥ਇਸਨਾਨ ਸਮੇ ਦਰਸਨ ਗੁਰ ਗਈ॥
ਕਰ ਇਸਨਾਨ ਪ੍ਰਭ ਭਏ ਅਸੀਨ॥ਤਿਸ ਚੌਕੀ ਕਾ ਇਕ ਪਾਵਾ ਹੀਨ॥੩॥
ਪ੍ਰਭ ਤਿਸ ਪਰ ਬੈਠ ਭਏ ਨਿਜ ਪਦੁ ਲੀਨ॥ਇਹ ਜੁਗਤ ਕਰੀ ਬੀਬੀ ਪਰਬੀਨ॥
ਵਹ ਪਾਵਾ ਤਨ ਛੋਟਾ ਮਤ ਝੁਕੈ॥ਗੁਰ ਆਸਨ ਹਲੇ ਸਮਾਧ ਮਤਿ ਛੁਟੇ॥੪॥
ਨਿਜ ਕਰ ਪਾਵੇ ਤਲੇ ਤਬ ਦੀਨਾ॥ਹਲੈ ਨ ਚੌਕੀ ਸਤਗੁਰੂ ਅਸੀਨਾ॥
245/ਅ ਏਕ ਜਾਮ ਐਸੇ ਬੀਤਾਇ/ਆ॥ਜਾਗੇ ਪ੍ਰਭ ਯਹ ਜੁਗਤ ਦਿਖਾਇਆ॥੫॥

॥ਸੋਰਠਾ॥

ਇਹ ਜੁਗਤ ਦੇਖ ਗੁਰ ਦਿਆਲ ਹੋਇ ਪ੍ਰਸੰਨ ਪੂਛਨਿ ਕਰਾ॥
ਹੇ ਸੁਤਾ ਜੋ ਤੁਮ ਏਹੁ ਕਾਲ ਕਉਨ ਅਰਥ ਕਸਟੈ ਸਹਿਓ॥੬॥

॥ਤੋਮਰ ਛੰਦ॥

ਬੀਬੀ ਉਤਰ ਏਹੁ ਦੀਨ॥ਸਤਿਗੁਰ ਸਦਾ ਪਰਬੀਨ॥
ਮਮ ਦੇਖ ਪਾਵਾ ਛੋਟ॥ਕਰ ਦੀਓ ਤਲੇ ਨ ਲੋਟ॥੭॥
ਸਤਗੁਰੂ ਜਾਣੀ ਜਾਣੁ॥ਮੈ ਅਲਪ ਬੁਧ ਅਜਾਨ॥
ਸੁਨ ਭਗਤ ਬਚਨ ਬਿਨੀਤ॥ਪੁਲਕਤਿ ਬਚਨ ਗੁਰ ਕੀਤ॥੮॥
ਹੇ ਸੁਤਾ ਪਰਮ ਸੁਜਾਨ॥ਪਿਤ ਮਾਨ ਤਜਿ ਮੁਹਿ ਜਾਨ॥
ਤੁਮਰੀ ਜੋ ਸੰਤਤ ਆਹਿ॥ਪੁਜੈ ਸਕਲ ਜਗ ਤਾਹ॥੯॥
ਤੁਮ ਕੁਖ ਜੋ ਅਵਤਾਰ॥ਸਭ ਜਗਤ ਤਾਰਣਹਾਰ॥
ਅਭੇਦ ਜਾਨਿਓ ਮੋਹਿ॥ਦੀਓ ਸਫਲ ਬਰ ਮੈ ਤੋਹਿ॥੧੦॥

॥ਦੋਹਰਾ॥

ਸਤਗੁਰ ਭਏ ਦਇਆਲ ਅਭੇਦ ਭਗਤ ਬੀਬੀ ਕਰੀ॥
ਸੁਨ ਗੁਰ ਬਚਨਿ ਨਿਹਾਲ ਮਨ ਤਨ ਪ੍ਰਸੰਨਿ ਹੋਇ ਗ੍ਰਿਹ ਗਈ॥੧੧॥

॥ਸਾਖੀ ਪੂਰਨ ਹੋਈ॥੧੧੦॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[ਸਾਖੀ ਪਾਰੋ ਪਰਮਹੰਸ ਨੂੰ ਬਖ਼ਸ਼ਿਸ਼ ਕਰਨਾ][1]

॥ਦੋਹਰਾ॥

ਭਾਈ ਪਾਰੋ ਪਰਮਹੰਸ ਸਤਗੁਰ ਲੀਆ ਬੁਲਾਇ॥
ਨਿਜ ਮਤੰਤ ਅਪਨੋ ਸਗਲ ਕਹਾ ਤਾਹ ਸਮਝਾਇ॥੧॥

॥ਚੌਪਈ॥

ਪਾਰੋ ਕੋ ਸਤਗੁਰ ਜੀ ਕਹਾ॥ਮੇਰੇ ਮਨ ਮੋ ਯਹ ਮਤ ਚਹਾ॥
ਤੂੰ ਪਰਮਹੰਸ ਮੇਰੋ ਨਿਜ ਰੂਪ॥ਤੂ ਪਰਮ ਪੁਨੀਤ ਹਰ ਭਗਤ ਅਨੂਪ॥੨॥
246/ੳ ਮੈ ਜਗ ਗੁਰਆਈ ਬਖਸ ਤੁਮ ਕਰੋ॥ਤੁਮ ਪ/ਰਮਹੰਸ ਜਗ ਭਗਤ ਬਿਸਥਰੋ॥
ਕਰ ਜੋੜ ਪਾਰੋ ਜੀ ਬਿਨਤੀ ਕਰਾ॥ਕਰ ਤ੍ਰਾਹ ਤ੍ਰਾਹ ਚਰਨਨ ਪਰ ਪਰਾ॥੩॥
ਮੋ ਕੋ ਗੁਰਸਿਖੀ ਮਨ ਭਾਵੈ॥ਗੁਰਆਈ ਸਤਗੁਰਹਿ ਸੁਹਾਵੈ॥
ਇਹ ਕਹਿ ਚਰਨਨ ਪਰ ਗਿੜ ਪਇਆ॥ਮੋਹਿ ਸਿਖ ਰਖੋ ਸਤਗੁਰ ਕਰ ਦਇਆ॥੪॥
ਤਬ ਦਿਆਲ ਤਿਸ ਬਚਨ ਬਖਾਨਾ॥ਜੋ ਤੋ ਕੋ ਸਿਖੀ ਪਰਵਾਨਾ॥
ਜਾਵੋ ਗ੍ਰਹ ਤਨ ਕਰੋ ਤਿਆਗ॥ਤੁਮ ਕੋ ਮਮ ਚਰਨਨ ਅਨਰਾਗ॥੫॥

॥ਦੋਹਰਾ॥

ਪਾਰੋ ਜੀ ਗ੍ਰਿਹ ਕੋ ਗਏ ਸਭ ਧਨ ਦੀਆ ਬਟਾਇ॥
ਜਾ ਕਾ ਜੋ ਅਧਕਾਰ ਥਾ ਤਾ ਕੋ ਦੀਆ ਬੁਲਾਇ॥੬॥

॥ਚੌਪਈ॥

ਘੋੜੀ ਧਨ ਬਸਤ੍ਰ ਸਤਿਗੁਰ ਹਿਤ ਰਾਖਾ॥ਕਰ ਤਕੀਦ ਲੋਕਨ[2] ਸੋ ਭਾਖਾ॥
ਯਹ ਗੁਰ ਨਿਮਿਤ ਕਾ ਜੋ ਹੈ ਭਾਈ॥ਭੇਜੋ ਹਜੂਰ ਸਤਗੁਰ ਪਠਵਾਈ॥੭॥
ਤਬ ਪਾਰੋ ਜੀ ਤਨ ਕੋ ਤਜਾ॥ਅੰਜਨ ਤਿਆਗ ਨਿਰੰਜਨ ਭਜਾ॥
ਇਹ ਖਬਰ ਸੁਨੀ ਜਬ ਸਤਗੁਰ ਦਿਆਲ॥ਮੋਹਰੀ ਜੀ ਭੇਜੇ ਤਤਕਾਲ॥੮॥
ਮਾਤਮ ਪੁਰਸੀ ਪਾਰੋ ਕੀ ਕਰੋ॥ਸੋਕ ਮੋਹ ਕਛ ਮਨ ਨਹੀ ਧਰੋ॥
ਵਾਹ ਵਾਹ ਮੁਖ ਸਬਦ ਉਚਾਰੋ॥ਧੰਨ ਪਰਮਹੰਸ ਭਾਈ ਸਿਖ ਪਾਰੋ॥੯॥
ਮੋਹਰੀ ਸਾਹਿਬ ਡਲੇ ਗਏ॥ਗੁਨ ਗਾਵਤ ਪਾਰੋ ਨਿਸ ਬੀਤਾਏ॥
ਪੁਨ ਬਿਦਾ ਹੋਇ ਸਤਗੁਰ ਪਹ ਆਏ॥ਘੋੜੀ ਧਨ ਬਸਤ੍ਰ ਹਜੂਰ ਲੇ ਆਏ॥੧੦॥

॥ਦੋਹਰਾ॥

ਭੇਟ ਪਾਰੋ ਕੀ ਦੇਖ ਕਰ ਸਤਗੁਰ ਕੀਆ ਬੀਚਾਰ॥
ਜੇਠਾ ਜੀ ਕੋ ਦੀਜੀਏ ਹੋਇ ਤਾ ਕੋ ਅਧਕਾਰ॥੧੧॥

॥ਚੌਪਈ॥

ਸ੍ਰੀ ਸਤਗੁਰ ਜੀ ਜੇਠਾ ਕੋ ਦੀਨਾ॥ਹੇ ਜੇਠਾ ਬਖਸ ਮੈ ਤੁਮ ਕੋ ਕੀਨਾ॥
246/ਅ ਇਸ ਘੋੜੀ ਪਰ ਤੁਮ ਹੀ ਚੜਨਾ॥ਪਰਮਹੰਸ ਕਾ ਸਫਲ ਧਨ ਕਰਨਾ॥/੧੨॥
ਧੰਨ ਧੰਨ ਪਾਰੋ ਗੁਰਸਿਖ॥ਜਾ ਕਾ ਪੂਰਨ ਭਾਗ ਭਵਿਖ॥
ਇਨ ਕੀ ਸਾਖੀ ਸੁਨ ਮਨ ਧਰੇ॥ਹੋਇ ਸਤਿਗੁਰ ਦਿਆਲ ਭਵ ਸਾਗਰ ਤਰੇ॥੧੩॥

॥ਸਾਖੀ ਪੂਰਨ ਹੋਈ॥੧੧੧॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਲੋਗਨ (ਅ,ੲ)

[ਸਾਖੀ ਬਾਬਾ ਮੋਹਰੀ ਜੀ ਨੂੰ ਮਾਇਆ ਨਾਲ ਪਿਆਰ ਤੋ ਵਰਜਣਾ][1]

॥ਦੋਹਰਾ॥

ਇਕ ਦਿਨ ਬੈਠੇ ਮੋਹਰੀ ਸੰਗ ਸਖਾ ਕੁਲ ਭਾਇ॥
ਧਨ ਗਿਨਤੀ ਕੀ ਚਰਚਾ ਚਲੀ ਤਬ ਭਾਖਿਆ ਸਹਜਿ ਸੁਭਾਇ॥੧॥

॥ਚੌਪਈ॥

ਹਮ ਤੌ ਧਨ ਕੋ ਕਬੀ ਨ ਦੇਖਾ॥ਕਬੀ ਲਾਖ ਟਕਾ ਨੈਨ ਨਹੀ ਪੇਖਾ॥
ਸਤਗੁਰ ਕੋ ਮਾਇਆ ਨਹੀ ਭਾਵੈ॥ਹਮ ਕਿਉ ਕਰ ਦੇਖੋ ਕੋ ਦਿਖਲਾਵੈ॥੨॥
ਗੁਰ ਅੰਤਰਜਾਮੀ ਯਹ ਬਿਧ ਪਹਚਾਨੀ॥ਸੰਗ ਸੁਭਾਇ ਸੁਤ ਬਾਤ ਬਖਾਨੀ॥
ਮੈ ਤਾ ਕੀ ਸੰਕਾ ਪਰਹਰਨੀ॥ਅਰੁ ਦਿਖਲਾਵੌ ਧਨ ਕੀ[2] ਕਰਨੀ॥੩॥
ਸਤਿਗੁਰ ਸੰਗਤ ਕਉ ਆਗਿਆ ਕਰੀ॥ਪੰਜ ਪੈਸੇ ਭੇਟ ਲੇ ਆਵੌ ਇਹ ਘਰੀ॥
ਸਭ ਸਿਖਨ ਭੇਟ ਇਕਤ੍ਰ ਕਰਾਇਆ॥ਬਡਾ ਢੇਰ ਪੈਸਿਓ ਕਾ ਲਇਆ॥੪॥
ਤਬ ਸਤਗੁਰ ਮੋਹਰੀ ਲੀਆ ਬੁਲਾਇ॥ਹੇ ਸੁਤ ਇਸ ਧਨ ਕੋ ਗਿਨ ਲੇ ਜਾਉ॥
ਗੁਰ ਬਚਨ ਮਾਨ ਪੈਸਾ ਗਿਨ ਡਾਰਾ॥ਦੁਹੂੰ ਹਾਥ ਰੰਗ ਲਾਗਾ ਕਾਰਾ॥੫॥

॥ਸਤਗੁਰ ਵਾਚ॥

॥ਦੋਹਰਾ॥

ਹੇ ਸੁਤ ਹਾਥ ਕਾਲੇ ਭਏ ਦੇਖੋ ਧਨ ਕੀ ਰੀਤ॥
ਜਿਹ ਛੁਹਤ ਹਾਥ ਕਾਲੇ ਭਏ ਗ੍ਰਿਹ ਸੰਚਤ ਮਹਾ ਅਨੀਤ॥੬॥

॥ਤੋਮਰ ਛੰਦ॥

247/ੳ ਕਰ ਛੁਹ/ਵਤ ਭਏ ਸਿਆਮ॥ਬਿਪ੍ਰੀਤ ਧਨ ਕੋ ਕਾਮ॥
ਜੋ ਰਿਦੈ ਚਿਤਵੈ ਯਾਹਿ॥ਹੋਇ ਈਹਾ ਕਾਲਾ ਤਾਹਿ॥੭॥
ਚਲਤੇ ਨ ਚਾਲਹਿ ਸੰਗ॥ਹਰਿ ਕੀ ਭਗਤ ਕਰੈ ਭੰਗ॥
ਹੈ ਤਿਆਗ ਕਰਨਾ ਮੂਲ॥ਲਾਗੇ ਨ ਦੁਖ ਕੀ ਸੂਲ॥੮॥
ਤੋ ਕੋ ਕਹੋ ਸਮਝਾਇ॥ਹਰਿ ਭਗਤ ਕੀਜੈ ਭਾਇ॥
ਧਨ ਕੋ ਨ ਚਿਤਵੈ ਚਿਤ॥ਹਰਿ ਭਗਤ ਹਰ ਕੀ ਬਿਤ॥੯॥
ਮੋਹਰੀ ਸੁਨਤ ਗੁਰ ਬਚਨ॥ਉਸਤਤ ਕਰੀ ਪ੍ਰਭ ਸਜਨ॥
ਭਇਆ ਸੁਧ ਸਰੂਪ॥ਗੁਰ ਬਚਨ ਸਮਝ ਅਨੂਪ॥੧੦॥

॥ਦੋਹਰਾ॥

ਔਧ ਪਰਜੰਤ ਸ੍ਰੀ[3] ਮੋਹਰੀ ਨਹੀ ਧਨ ਕੌ ਕੀਨਾ ਚਿਤ॥
ਸਤਗੁਰ ਕੀ ਰਹਨੀ ਰਹੈ ਕੀਆ ਭਗਤ ਸੰਚੌਨੀ ਨਿਤ॥੧੧॥

॥ਸਾਖੀ ਪੂਰਨ ਹੋਈ॥੧੧੨॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਨੀ (ੳ)
[3] ਇੱਥੇ ਸ਼ਬਦ 'ਸ੍ਰੀ' ਨਹੀਂ ਹੈ (ਅ)

[ਸਾਖੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ][1]

॥ਸੋਰਠਾ॥

ਸਤਗੁਰ ਅਮਰ ਦਿਆਲ ਹਰਨਿ ਭਰਨ ਕਾਰਨ ਕਰਨ॥
ਹੋਵਤ ਸੋ ਤਤਕਾਲ ਜੋ ਇਛਾ ਸਤਗੁਰ ਕਰੈ॥੧॥

॥ਚੌਪਈ॥

ਦਿਵਸ ਏਕ ਪ੍ਰਭ ਦੀਨ ਦਿਆਲ॥ ਸੁਭ ਚਿਤਵਨ ਕੀਆ ਪ੍ਰਾਤਹਕਾਲ॥
ਬੀਬੀ ਜੀ ਤਬ ਦਰਸਨ ਕੀਨਾ॥ ਇਹੁ ਬਚਨ ਕਹਾ ਸਤਗੁਰ ਪਰਬੀਨਾ॥
ਜੋ ਜੇਠਾ ਤਨ ਕੌ ਪਰਹਰੈ॥ ਕਹੁ ਪੁਤ੍ਰੀ ਤਬ ਤੂੰ ਕਿਆ ਕਰੈ॥
ਇਹ ਬਚਨ ਸੁਨਤ ਨਿਸਚੈ ਹੋਇ ਕਾਰਨ॥ ਤੁਮ ਦੀਨ ਦਿਆਲ ਹੋ ਪਤਤ ਉਧਾਰਨ॥੩॥
247/ਅ ਸਤਿ ਦਿਨ ਆਗੈ ਮੈ ਤਨ ਤਿਆਗੋ॥ ਤਬ ਧਰਮ ਤ੍ਰਿਆ/ਪੂਰਨ ਪ੍ਰਨ ਪਾਗੋ॥੪॥
ਪੁਨ ਬੋਲੇ ਸਤਿਗੁਰ ਬਚਨ ਬਿਨੀਤ॥ ਹੇ ਪੁਤ੍ਰੀ ਤੂੰ ਪਰਮ ਪੁਨੀਤ॥
ਸਾਤ ਦਿਵਸ ਕੋ ਤੁਮ ਤਨ ਤਜੋ॥ ਤੁਮ ਪ੍ਰਨ ਪੂਰਨਿ ਹਰਿ ਹਰਿ ਭਜੋ॥੫॥

॥ਦੋਹਰਾ॥

ਜੇਠੇ ਔਧ ਪੂਰਨ ਭਈ ਨਹੀ ਕਛੁ ਔਰ ਉਪਾਇ॥
ਮੈ ਅਪਨੀ ਅਉਧ ਤਿਸ ਦੇਤ ਹਉ ਐਸਾ ਬਨੋ ਬਨਾਉ॥੬॥

॥ਚੌਪਈ॥

ਪ੍ਰਭ ਜੇਠੇ ਜੀ ਕੌ ਲੀਆ ਬੁਲਾਇ॥ ਹੋਇ ਦਿਆਲ ਗੁਰ ਬਚਨ ਸੁਨਾਇ॥
ਹੇ ਸੁਤ ਆਜ ਤੁਮ ਔਧ ਬਿਹਾਨੀ॥ ਮੈ ਸਭ ਜਾਨੀ ਕਥਾ ਪੁਰਾਨੀ॥੭॥
ਇਕ ਸੌ ਸਾਤ ਬਰਖ ਮਮ ਅਉਧ॥ ਬੀਤਤ ਭਈ ਬਾਕੀ ਕੀ ਆਉਧ॥
ਛੈ ਬਰਸ ਛੈ ਮਾਸ ਬਾਕੀ ਹੈ ਰਹੀ॥ ਸੋ ਅਪਨੀ ਮੈ ਤੁਮ ਕੋ ਦਈ॥੮॥
ਅਰੁ ਤੂ ਮੇਰਾ ਪ੍ਰੇਮੀ ਭਗਤ॥ ਤੁਮਰੇ ਪ੍ਰੇਮ ਮੋ ਮੈ ਆਸਕਤ॥
ਤੋ ਮੈ ਮੋ ਮੈ ਨਾਹੀ ਭੇਦ॥ ਨਿਜ ਬਿਚਾਰ ਤੂੰ ਸਦਾ ਅਭੇਦ॥੯॥
ਤਬ ਬਲੂ ਕੌ ਪ੍ਰਭ ਆਗਿਆ ਕਰੀ॥ ਤਿਲਕ ਨਲਏਰ ਲਿਆਉ ਇਹ ਘਰੀ॥
ਜੇਠੇ ਕੋ ਇਸਨਾਨ ਕਰਾਵੋ॥ ਸਗਲ ਨਵੀਨ ਬਸਤ੍ਰ ਪਹਰਾਵੋ॥੧੦॥

॥ਦੋਹਰਾ॥

ਜੇਠਾ ਜੀ ਇਸਨਾਨ ਕਰ ਪਹਰੇ ਬਸਤ੍ਰ ਨਵੀਨ॥
ਸਤਗੁਰ ਕੀ ਚਰਨੀ ਲਗੇ ਭਈ ਜੋਤ ਜੋਤ ਮੋ ਲੀਨ॥੧੧॥

॥ਚੌਪਈ॥

ਨਿਜ ਹਾਥ ਤਿਲਕ ਮਸਤਕ ਗੁਰ[2] ਲਾਇਆ॥ ਨਲੀਏਰ ਹਾਥ ਕਰ ਪਲੇ ਪਾਇਆ॥
ਜਗ ਤਾਰਨ ਕਾਰਨ ਕਰਨ ਅਵਤਾਰ॥ ਮਹਾ ਪੁਰਖ ਤੁਮ ਮਹਾ ਉਦਾਰ॥
ਰਾਮਦਾਸ ਨਾਮ ਪ੍ਰਭ ਧਰਾ॥ ਤੀਨ ਲੋਕ ਕਾ ਸੁਆਸੀ ਕਰਾ॥
ਤਬ ਸਤਗੁਰ ਮੋਹਰੀ ਪੁਤ੍ਰ ਬੁਲਾਇਆ॥ ਆਇ ਚਰਨ ਪਰ ਮਸਤਕ ਨਿਆਇਆ॥
ਹੇ ਸੁਤ ਤੋ ਸੋ ਸਤ ਬਾਤ ਬਖਾਨੋ[3]॥੧੩॥
ਬਚਨ ਬਿਨੀਤ ਮੋਹਰੀ ਭਾਖਾ॥ ਗੁਰ ਰਾਮਦਾਸ ਨਾਮ ਪ੍ਰਭ ਰਾਖਾ॥
248/ੳ ਗੁਰ ਨਾਨਕ ਅੰਗਤ ਅਮਰ ਸਰੂਪ॥ ਗੁਰ ਰਾਮ/ਦਾਸ ਭਾਸਤ ਇਕ ਰੂਪ॥੧੪॥
ਸੁਨ ਯਹ ਬਚਨ ਪ੍ਰਭ ਭਏ ਪ੍ਰਸੰਨ॥ ਧਨ ਸੁਤ ਸਨਮੁਖਿ ਮੋਹਰੀ ਧੰਨ॥
ਤੁਮ ਮੋ ਕੋ ਅਭੇਦ ਕਰ ਮਾਨਾ॥ ਮੈ ਤੋ ਕੋ ਸਨਮੁਖ ਪੁਤ੍ਰ ਪਛਾਨਾ॥੧੫॥
[4]ਇਕੀਸ ਕੁਲ ਸੰਤਨ ਹੋਤ ਉਧਾਰ॥ ਉਧਰੇ ਕੁਲ ਬਿਆਲੀਸ ਤੁਮਾਰ॥੧੫॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੳ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਪਰ (ੲ)
[3] ਹੇ ਸੁਤ ਤੋ ਸੋ ਸਤ ਬਾਤ ਬਖਾਨੋ॥ ਗੁਰੂ ਰਾਮਦਾਸ ਕਸ ਤੁਮ ਕਿਆ ਜਾਨੋ॥ (ੳ,ਅ,ੲ,ਸ)
[4] ਜਗ ਤਾਰਨ ਕਾਰਨ ਅਉਤਾਰ॥ ਮਹਾ ਪੁਰਖ ਤੂ ਮਹਾ ਉਦਾਰ॥ (ੳ,ਅ)

॥ ਦੋਹਰਾ ॥
॥ ਬਾਬੇ ਮੋਹਰੀ ਵਾਚ ॥
ਸਤਗੁਰ[1] ਲੇਖਾ ਲੇਤ ਹੈ ਧਰਮ ਰਾਇ ਕਰ ਨੀਤ ॥
ਜਬ ਜਮ ਲੇਖੇ ਸਿਉ ਛੂਟੀਐ ਤਬ ਹੋਇ ਉਧਾਰ ਬਿਨੀਤ ॥ ੧੬ ॥
॥ ਚੌਪਈ ॥ [2]
ਦੇਹ ਆਛਤਿ ਲੇਖਾ ਮੈ ਲੇਹੁ ਚੁਕਾਇ ॥ ਧਰਮ ਰਾਇ ਤਕ ਜਾਣ ਨ ਪਾਇ ॥
ਹੋਇ ਪ੍ਰਸੰਨ ਮੈ ਬਰ ਤੁਮ ਦੀਆ ॥ ਬਿਆਲੀਸ ਕੁਲੀ ਉਧਾਰ ਤੁਮ ਕੀਆ ॥ ੧੭ ॥
ਤੂ ਪਰਮ ਪੁਨੀਤ ਸਿਖ ਮਮ ਭਇਆ ॥ ਸਿਖੀ ਪਦ ਤੋ ਕੋ ਮੈ ਦੀਆ ॥
ਸੰਤਾਨ ਪ੍ਰਜੰਤ ਤੁਮ ਮੇਰੇ ਸਿਖ ॥ ਲਿਖਾ ਤੁਮਾਰੇ ਭਾਗ ਭਵਿਖ ॥ ੧੮ ॥
ਤੁਮ ਕੁਲ ਪੂਜਾ ਮੇਰੀ ਕਰਨਾ ॥ ਬਿਨ ਮੇਰੀ ਭਗਤ ਨ ਅਵਰੁ ਅਚਰਨਾ ॥
ਮੈ ਹੀ ਦੇਵ ਅਰੁ ਪਿਤ੍ਰ ਜਠੇਰੇ ॥ ਮੈ ਹੀ ਇਸਟ ਦੇਵ ਕੁਲ ਤੇਰੇ ॥ ੧੯ ॥
ਗੁਰ ਰਾਮਦਾਸ ਜੀ ਸੁਨੀ ਯਹ ਬਾਤ ॥ ਅਰਦਾਸ ਕਰੀ ਪੁਲਕਤ ਤਨ ਗਾਤ ॥
ਹੇ ਪ੍ਰਭ ਮੋਹਿ ਸਿਖੀ ਪਦ ਦੀਜੈ ॥ ਮੋਹਰੀ ਜੀ ਕੌ ਗੁਰ ਜਗ ਕੀਜੈ ॥ ੨੦ ॥
॥ ਦੋਹਰਾ ॥
॥ ਸਤਗੁਰ ਵਾਚ ॥
ਬਰਦਾਨ ਪੁਰਾਤਨ ਤੁਹ ਦੀਆ ਜੋ ਮੁਹਿ ਦੇਣਾ ਆਹਿ ॥
ਜੋ ਉਨ ਕੌ ਦੇਣਾ ਹੁਤੋ ਸੋ ਮੈ ਦੀਨਾ ਤਾਹਿ ॥ ੨੧ ॥
॥ ਚੌਪਈ ॥ [3]
ਇਹ ਅਤ ਗਰੀਬ ਹੈ ਸੰਤਤ ਮੇਰੀ ॥ ਤੁਮ ਸਦਾ ਸੇਵ ਕਰਨੀ ਇਨ ਕੇਰੀ ॥
ਪੁਨ ਬੀਬੀ ਜੀ ਬਿਨਤੀ ਕੀਨਾ ॥ ਨਿਮਰਭੂਤ ਹੋਇ ਮਨ ਆਧੀਨ[4] ॥ ੨੨ ॥
ਹੇ ਸਤਗੁਰ ਕੀਆ ਬਖਸ ਗੁਰਆਈ ॥ ਕੋਈ ਸੇਵਕ ਸੇਵਾ ਕਰੇ ਲੇ ਜਾਈ ॥
ਜੋ ਕੀਆ ਬਖਸ ਸਤਗੁਰ ਗੁਰਆਈ ॥ ਰਹੇ ਮੇਰੇ ਕੁਲ ਕਬਹੂੰ ਨ ਜਾਈ ॥ ੨੩ ॥
248/ਅ ਪੁਨਿ/ਇਹੁ ਬਚਨੁ ਦਿਆਲ ਗੁਰ ਕਹਿਆ ॥ ਸਦਾ ਗੁਰਾਈ ਤੁਮ ਕੁਲ ਰਹੇ ॥
ਪਰਚਲਤਾ ਸਰ ਨਿਰਮਲ ਤੁਮ ਬੰਧ[5] ॥ ਤਾ ਤੇ ਕਛੁ ਹੋਇ ਕਲੇਸ ਕੋ ਧੰਧ[6] ॥
ਗੁਰੂ ਬਾਬੇ ਪਹਿ ਲਛਮੀ ਆਈ ॥ ਦੁਆਦਸ ਕੋਸ ਪਰ ਦਿਆਲ ਰਖਾਈ ॥
ਗੁਰ ਅੰਗਤਿ ਤੀਨ ਕੋਸ ਪਰ ਰਾਖੀ ॥ ਹਮਰੋ ਦੁਆਰ ਬਾਹਰ ਹੈ ਸਾਖੀ ॥ ੨੫ ॥
॥ ਦੋਹਰਾ ॥
ਅਬ ਤੁਮਰੇ ਅੰਤ੍ਰ ਵੜੀ ਇਹੁ ਕਰੈ ਜਹਾ ਪਰ ਵੇਸ ॥
ਬਿਘਨ ਰੂਪ ਮਾਇਆ ਜਗਤ ਕਛ ਲਗੇ ਨ ਤੁਮ ਕੋ ਲੇਸ ॥ ੨੬ ॥
॥ ਚੌਪਈ ॥
ਸਭ ਸੰਗਤ ਸਿਖ ਗੁਰ ਦਿਆਲ ਬੁਲਾਏ ॥ ਹੋਇ ਇਕਤ੍ਰ ਗੁਰ ਚਰਨਨ ਪਾਇ ॥
ਸੁਨੋ ਸਿਖ ਗੁਰਮੁਖ ਮਮ ਪਿਆਰੇ ॥ ਮੈ ਰਾਮਦਾਸ ਜਗਤ ਗੁਰ ਧਾਰੇ ॥ ੨੭ ॥
ਮੇਰਾ ਰੂਪ ਸਤ ਕਰ ਜਾਨੋ ॥ ਯਾ ਮੋ ਰੰਚਕ ਭੇਦ ਮਤ ਮਾਨੋ ॥
ਅਪਨੀ ਅਉਧ ਇਨ ਕੋ ਮੈ ਦੀਨਾ ॥ ਅਟਲ ਗੁਰੂ ਇਨ ਕੌ ਜਗ ਕੀਨਾ ॥ ੨੮ ॥
ਸਭ ਸੰਗਤ ਚਰਨਨ ਪਰ ਡਾਰਾ ॥ ਮੋਹਰੀ ਜੀ ਕੀਨੀ ਨਮਸਕਾਰਾ ॥
ਜੈ ਜੈਕਾਰ ਸੰਗਤ ਸਭ ਕਰਾ ॥ ਸਤਗੁਰ ਬਚਨ ਸਤ ਉਰ ਧਰਾ ॥ ੨੯ ॥
॥ ਦੋਹਰਾ ॥
ਸਿੰਘਾਸਨ ਸਤਗੁਰ ਦੀਆ ਗੁਰਆਈ ਜਗ ਪਰਮਾਨ ॥
ਸਭ ਸੰਗਤ ਕੋ ਆਗਿਆ ਕਰੀ ਮੈ ਹੋਵੋ ਅੰਤਰ ਧਿਆਨ ॥ ੩੦ ॥

---

[1] ਹੇ ਸਤਗੁਰ (ੳ)
[2] ਚੌਪਾਈ (ਸ)
[3] ਚੌਪਾਈ (ਸ)
[4] ਆਧੀਨਾ (ੳ,ਅ,ੲ)
[5] ਬੰਧਾ (ੳ,ਅ,ੲ,ਸ)
[6] ਧੰਧਾ (ੳ,ਅ,ੲ,ਸ)

॥ ਚੌਪਈ ॥

ਭਾਦ੍ਰੋ ਸੁਦੀ ਥਿਤ ਪੂਰਨਮਾਸੀ ॥ ਨਿਰਬਾਨ ਹੋਇ ਸਤਗੁਰ ਅਬਨਾਸੀ ॥
ਸੁਤ ਸੰਗਤ ਕੋ ਆਗਿਆ ਕਰੀ ॥ ਕਰੋ ਬਿਬਾਨ ਤਿਯਾਰ ਇਹ ਘਰੀ ॥ ੩੧ ॥
ਤਬ ਮੋਹਰੀ ਸੁਤ ਕੀਨੀ ਅਰਦਾਸ ॥ ਬਿਧ ਕਰਮ ਕਰਤੂਤ ਕੀ ਸਤਿਗੁਰ ਪਾਸ ॥
ਸ੍ਰੀ ਸਤਿਗੁਰ ਜੀ ਕਹਾ ਬਿਚਾਰ ॥ ਨਹੀ ਮੇਰੇ ਕਰਮ ਕਰਤੂਤ ਅਧਕਾਰ ॥ ੩੨ ॥
249/ੳ ਜਗ ਮਿਰਜਾਦ ਤੁਮ ਰਾਖਾ ਚਹੋ ॥ ਪ੍ਰੇਤ ਬਚਨ ਮੁਖ ਤੇ ਮਤ ਕ/ਹੋ ॥
ਅਸਤਿ ਪਿੰਡ ਗੰਗਾ ਮੋ ਦੀਜੈ ॥ ਜਗ ਪੰਥ ਹੇਤ ਮਿਰਜਾਦ ਰਖੀਜੈ ॥ ੩੩ ॥
ਗੁਰ ਧਰਮ ਗ੍ਰਿਹੀ ਮੋ ਕੋ ਫੁਰਮਾਇਆ ॥ ਇਹੁ ਨਹੀ ਹੋਤ ਸਿਧ ਬਿਨ ਮਾਇਆ ॥
ਕਿਆ ਕਿਰਤ ਕਰੈ ਚਾਲੈ ਬਿਵਹਾਰ ॥ ਜੋ ਬਚਨ ਹੋਇ ਸੁ ਕਰੇ ਅਚਾਰ ॥ ੩੪ ॥

॥ ਦੋਹਰਾ ॥

ਕਿਰਤ ਧਰਮ ਜਗ ਮੋ ਕਰੋ ਸਧੇ ਸਕਲ ਬਿਵਹਾਰ ॥
ਤੁਮਰੇ ਕੁਲ ਸੰਕਟ ਪਰੇ ਮੋਹਿ ਸਿਮਰੇ ਕਰੌ ਉਧਾਰ ॥ ੩੫ ॥

॥ ਚੌਪਈ ॥

ਹੇ ਸੁਤ ਧਰਮ ਕਿਰਤ ਹਰਿ ਭਗਤਿ ਕਹਾਵੈ ॥ ਜੋ ਕਰੈ ਭਗਤ ਸੋਈ ਸੁਖ ਪਾਵੈ ॥
ਹਰਿ ਕੀ ਭਗਤ ਕਹਾਵੈ ਧਰਮਾ[1] ॥ ਬਿਨਾ ਭਗਤ ਕਿਰਤ ਕਰਮ ਅਧਰਮਾ[2] ॥ ੩੬ ॥
ਸਤ ਸੰਗਤ ਕੋ ਗੁਰ ਕਿਰਪਾ ਕਰੀ ॥ ਹਰਿ ਭਗਤ ਉਪਦੇਸ ਕੀਆ ਇਹ ਘਰੀ ॥
ਪ੍ਰਭ ਦਇਆ ਦ੍ਰਿਸਟਿ ਸਭ ਓਰ ਨਿਹਾਰਾ ॥ ਭੈ ਸਾਗਰ ਸੋ ਪਾਰ ਉਤਾਰਾ ॥ ੩੭ ॥
ਤਬ ਭੂਮ ਆਸਨ ਸਤਗੁਰ ਜੀ ਕੀਨਾ ॥ ਰੂਪ ਸਨਾਤਨ ਹੋਵੈ ਲੀਨਾ ॥
ਇਹੁ ਬਚਨ ਦਿਆ ਸ੍ਰੀ ਮੁਖ ਉਚਰੇ ॥ ਮੈ ਪੀਛੇ ਕੋਊ ਸੋਕ ਨ ਕਰੇ ॥ ੩੮ ॥
ਮਮ ਸੁਤ ਪ੍ਰਾਤ[3] ਜੁ ਸਿਖ ਕਹਾਵੈ ॥ ਹਿਰਦੇ ਬਿਗਸੈ ਹਰਿ ਗੁਨ ਗਾਵੈ ॥
ਕਥਾ ਕੀਰਤਨ ਹੋਇ ਅਖੰਡ ॥ ਹਰਿ ਕਾ ਭਜਨ ਮੇਟੇ ਦੁਖ ਡੰਡ ॥ ੩੯ ॥
ਜਿਉ ਆਕਾਸ ਪਵਨ ਹ੍ਵੈ ਲੀਨ ॥ ਐਸਾ ਚਲਤ ਦਿਆਲ ਗੁਰ ਕੀਨ ॥
ਜਿਉ ਗੰਗਾ ਸਾਗਰ ਮਿਲ ਜਾਇ ॥ ਭੇਦ ਭਾਵ ਕਛੂ ਲਖਨ ਨ ਪਾਇ[4] ॥ ੪੦ ॥
ਹਿਤ ਭਗਤ ਪ੍ਰਕਾਸਨ ਬਪੁ ਧਰਿ ਅੰਜਨ ॥ ਤਜਿ ਨਾਮ ਰੂਪ ਗੁਨ ਭਏ ਨਿਰੰਜਨ ॥
ਜੋਤਿ ਮਾਹਿ ਮਿਲ ਜੋਤ ਸਮਾਨੀ ॥ ਅਦਭੁਤ ਚਰਿਤ੍ਰ ਗੁਰ ਅਲਖ ਵਿਡਾਨੀ ॥ ੪੧ ॥
ਜੈ ਜੈਕਾਰ ਸੁਰ ਲੋਕਹਿ ਭਇਆ ॥ ਧਨਿ ਧਨਿ ਜਗਤ ਭਗਤ ਬਿਰਥਇਆ ॥
249/ਅ ਪੁਨਿ ਪਾਵਨ ਦੇਹਿ ਇਸਨਾਨ ਕਰਾਇਆ ॥ ਬਸਨ ਪਹਿਰਾਇ/ਬਿਬਾਨ ਰਖਾਇਆ ॥ ੪੨ ॥
ਅਖੰਡ ਭਜਨ ਕਰਤੇ ਸਿਖ ਪਿਆਰੇ ॥ ਬਿਆਸ ਗੰਗਾ ਪਰ ਕਰ ਸਿਸਕਾਰੇ ॥
ਸਤਗੁਰ ਗੁਨ ਗਾਵੈ ਸਭ ਸਿਖੁ ॥ ਜਾ ਕੇ ਮਸਤਕ ਭਾਗ ਭਵਿਖ ॥ ੪੩ ॥

॥ ਦੋਹਰਾ ॥

ਗੁਰ ਜੋਤ ਸਮਾਵਨ ਕੋ ਚਲਿਤ੍ਰ ਪੜੇ ਸਿਖ ਮਨ ਭਾਇ ॥
ਗੁਨ ਨਿਧ ਸਾਗਰ ਖੋਜਤੇ ਮੁਕਤ ਰਤਨਿ ਕਰ ਪਾਇ ॥ ੪੪ ॥

॥ ਅਸਤੋਤਰ ॥

ਜੈ ਜੈ ਦਿਆਲ ਸੁਆਮੀ ॥ ਤ੍ਰਈ ਲੋਗ ਜਗ ਨਿਮਾਮੀ ॥
ਜੋ ਚਰਨ ਸਰਨ ਆਏ ॥ ਤਿਨ ਅਭੈ ਦਾਨ ਪਾਏ ॥
ਕੁਲ ਜਾਤ ਪਾਤ ਹੀਨੰ ॥ ਤਿਨ ਜਗ ਅਧੀਸ ਕੀਨੰ ॥
ਜਿਨ ਜਿਨ ਦੁਆਰ ਸੇਵਾ ॥ ਪਾਏ ਅਲਖ ਅਭੇਵਾ ॥
ਗੁਰ ਮੰਤ੍ਰ ਹੀਐ ਧਾਰਾ ॥ ਭਵ ਸਿੰਧ ਉਤਰ[5] ਪਾਰਾ ॥
ਨਿਜ ਰੂਪ ਸਰਨ ਤੇਰੀ ॥ ਰਖ ਲਾਜ ਬਿਰਦ ਕੇਰੀ ॥ ੪੫ ॥

---
[1] ਧਰਮ (ਸ)
[2] ਅਧਰਮ (ਸ)
[3] ਭ੍ਰਾਤ (ੳ,ਅ,ੲ)
[4] ਜਾਇ (ਅ)
[5] ਉਤਰੇ (ਅ,ਸ)

॥ਸਾਖੀ ਪੂਰਨ ਹੋਈ॥[1]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

॥ਦੋਹਰਾ[2]॥

ਭੱਲੇ ਕੁਲ ਤੇ ਜੋ ਪਿਤਾ ਮਾਤਾ ਲਖੋ ਮਾਤ॥
ਗੁਰੂ ਅਮਰ ਮਾਲੀਪਤੈ ਮੋਹਰੀ ਮੋਹਨ ਤਾਤ॥[3]

ਸੰਮਤ ੧੬੩੧ ਭਾਦੋ ਸੁਦੀ ਪੂਰਨਮਾਸੀ ਮੰਗਲਵਾਰ॥ਸ੍ਰੀ ਗੁਰੂ ਅਮਰਦਾਸ ਜੀ ਸਮਾਣੇ ਗੋਬਿੰਦਵਾਲ ੨੨ ਬਰਸ ੫ ਮਹੀਨੇ ੧੧ ਯਾਰਾ ਦਿਨ ਗੁਰੂਆਈ ਵਿਚ ਸਰੀਰ ਰਖਿਆ॥[4]

---

[1] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਅੰਤ ਤੇ ਹੈ (ਸ)
[2] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ਅ), ਇੱਥੇ 'ਦੋਹਰਾ॥ਭੱਲੇ.....ਮੋਹਨ ਤਾਤ॥' ਵਾਲਾ ਪਾਠ ਨਹੀਂ ਹੈ (ਏ)
[3] ਇੱਥੇ 'ਭੱਲੇ ਕੁਲ....ਮੋਹਨ ਤਾਤ॥' ਵਾਲੀ ਪੰਕਤੀ 'ਗੁਰੂਆਈ ਵਿਚ ਸਰੀਰ ਰਖਿਆ॥' ਤੋਂ ਬਾਅਦ ਵਿਚ ਹੈ, (ਅ)
[4] ਇੱਥੇ '॥ਦੋਹਰਾ॥ਭੱਲੇ ਕੁਲ ਤੇ..... ਗੁਰੂਆਈ ਵਿਚ ਸਰੀਰ ਰਖਿਆ॥' ਵਾਲਾ ਪਾਠ ਨਹੀਂ ਹੈ (ੳ)

॥ੴ ਸਤਿਗੁਰ ਪ੍ਰਸਾਦਿ॥

[ਸਾਖੀ ਮਹਿਮਾ ਮਹਲੇ ਚੌਥੇ ਕੀ]

250/ੳ **॥/ਸੋਰਠਾ॥**

ਸਤਿਗੁਰ ਕ੍ਰਿਪਾ ਨਿਧਾਨ ਕਛੁ ਹਰਖ ਸੋਗ ਜਾ ਕੇ ਨਹੀ॥
ਪੂਰਨ ਸਿੰਧ ਸਮਾਨ ਪ੍ਰੇਮ ਜਾਹੁਰ ਉਪਜਤ ਸਦਾ॥੧॥
[1]ਕੇਤਕ ਦਿਨ ਪ੍ਰਭ ਦਿਆਲ ਏਕ ਰੰਗ ਇਕ ਟਿਕ ਰਹੇ॥
ਜਬ ਉਪਜੇ ਪ੍ਰੇਮ ਬਿਸਾਲ ਬਾਨੀ ਰੂਪ ਧਰ ਪ੍ਰਗਟ ਹੋਇ॥੨॥

॥ਸੋਰਠਾ॥[2]

ਤਬ ਮੋਹਰੀ ਜੀ ਬਹੁ ਬਾਰ ਬਿਨਤੀ ਕਰੀ ਦਿਆਲ ਸੌ॥
ਲੀਜੈ ਗੁਰ ਬਚਨ ਸੰਭਾਰ ਦੇ ਦਰਸਨ ਪਾਵਨ ਕਰੋ॥੩॥
ਲੇ ਆਏ ਸਤਗੁਰ ਸਿਖ ਜਹਾਂ ਸਿੰਘਾਸਨ ਦਿਆਲ ਕਾ॥
ਬੈਠੇ ਪੁਰਖ ਅਲਖ ਸਤ ਸੰਤਨ ਕੌ ਦਰਸਨ ਦੀਆ॥੪॥

॥ਅੜਲ॥

ਭਗਤ ਸਿੰਘਾਸਨ ਰਾਜਤ ਸਤਗੁਰ ਦਿਆਲ ਕੇ॥
ਗਿਆਨ ਮੁਕਟ ਸਭ ਸਾਜਤ ਬ੍ਰਿਦ ਪ੍ਰਣ ਪਾਲ ਕੇ॥
ਗਿਆਨ[3] ਛਤ੍ਰ ਸੁ ਭਲ ਸਤ ਪ੍ਰਕਾਸਤ ਜੋਤ ਕੋ॥
ਅਦ੍ਵੈਤ[4] ਚਵਰ ਸਿਰ ਢੁਰੇ ਸਦਾ ਗੁਰ ਭਗਤ ਕੋ॥੫॥

॥ਦੋਹਰਾ॥

ਪ੍ਰੇਮ ਰੰਗ ਰਾਤੇ ਸਦਾ ਉਪਜਤ ਬਾਨੀ ਸਾਰ॥
ਗੁਰ ਬਚਨ ਨਾਵ ਗੁਰਮੁਖ ਚੜੇ ਭਵਨਿਧ ਉਤਰੇ ਪਾਰ॥੬॥

॥ਸਵੈਯਾ॥

ਸੁਭ ਤਿਲਕ ਉਨਮਨੀ ਭਾਲ ਦਿਆਲ ਦੀਆ ਦਰਸਨਿ ਸੰਗਤ ਤਾਰਨ ਕਉ॥
ਦ੍ਰਿਗ ਪ੍ਰੇਮ ਭਰੇ ਸਦ ਲਾਲ ਦਿਆਲਿ ਨਿਰਖਤ ਅਘ ਅਉਘ ਨਿਵਾਰਨ ਕਉ॥
ਰਵਿ ਗਿਆਨ ਪਰਕਾਸ ਮੁਖਾਰਬਿੰਦ ਸਤ ਬਾਨੀ ਕਿਰਨ ਉਚਾਰਨ ਕਉ॥
ਸ੍ਰੀ ਰਾਮਦਾਸ ਗੁਰ ਅਮਰ ਥਪਿਓ ਬੋਹਥ ਭਵ ਪਾਰ ਉਤਾਰਨ ਕਉ॥੭॥

॥ਦੋਹਰਾ॥

ਗੁਨ ਸਾਗਰ ਰਤਨਾਗਰੋ ਗਿਆਨ ਰਤਨ ਸੁਖ ਸਾਰ॥
ਕੋਊ ਕਿਆ ਮਹਮਾ ਉਸਤਤ ਕਰੇ ਅਗਮ ਅਗਾਧ ਅਪਾਰ॥੮॥

॥ਚੌਪਈ॥

ਬੈਠੇ ਸਭਾ ਸੰਗਤ ਗੁਰ ਸੋਹੈ॥ਜਿਮ ਰਿਖ ਮੁਨ ਸਭਾ ਰਘਪਤ ਮਨ ਮੋਹੈ॥
250/ਅ ਪ੍ਰਭ ਕਰੇ/ਉਪਦੇਸ ਗਿਆਨ ਰਸ ਭਰੇ॥ਜਿਮ ਲਛਮਨ ਪ੍ਰੀਤ ਰਘਬੰਸ ਮਨ ਕਰੇ॥੯॥
ਗੁਰ ਬਚਨ ਹੀਐ ਗੁਰਮੁਖ ਸਿਖ ਧਾਰੇ॥ਜਿਮ ਰਾਮ ਰਜਾਇ ਹਨੂ ਅਨਸਰੇ॥
ਸਤਗੁਰ ਮੁਖ ਦੇਖ ਸੰਗਤ ਬਿਗਸਾਇ॥ਜਿਮ ਚੰਦ ਚਕੋਰ ਨਿਰਖਤ ਟਕ ਲਾਇ॥੧੦॥
ਗੁਰਸਿਖਨ ਕੇ ਮਨ ਅਨਭੈ ਲੇਖ॥ਜਿਉ ਅਕਰੂਰ ਜਲ ਮੋ ਹਰਿ ਦੇਖਾ॥
ਗੁਰ ਦਰਸਨ ਫਲ ਸੰਗਤ ਕੋ ਭਇਆ॥ਜਿਮ ਦਰਸਨ ਕ੍ਰਿਸਨ ਸੁਦਾਮਾ ਗਿਆ॥੧੧॥
ਕ੍ਰਿਪਾ ਦ੍ਰਿਸਟ ਜਿਹ ਪਰ ਹੁਇ ਪਾਇ॥ਜਿਮ ਰਵ ਦ੍ਰਿਸਟ ਰਤਨ ਪ੍ਰਗਟਾਇ॥
ਗੁਰ ਪਰਸਤ[5] ਚਰਨ ਮਨ ਤਨ ਅਘ ਜਾਤ॥ਜਿਮ ਪਾਰਸ ਛੁਹਤ ਹੇਮ ਹੋਇ ਧਾਤ॥੧੨॥

---

[1] ਇੱਥੇ ਸਿਰਲੇਖ '॥ਅੜਲ॥' ਹੈ (ੳ)
[2] ਇੱਥੇ ਸਿਰਲੇਖ '॥ਸੋਰਠਾ॥' ਨਹੀਂ ਹੈ (ੳ,ਅ,ੲ)
[3] ਬਿਗਿਆਨ (ੳ,ਅ,ੲ,ਸ)
[4] ਅਦਵੈਸ਼ (ਸ)
[5] ਪ੍ਰਕਾਸ (ਸ)

॥ ਦੋਹਰਾ ॥

ਬਾਵਨ ਚੰਦਨ ਸਤਗੁਰੂ ਬਨੁ ਸੰਗਤ ਬਿਰਛ ਆਪਾਰ ॥
ਗੁਰ ਬਚਨ ਸੁ ਬਾਸ ਚਾਲਤ ਸਦਾ ਛੂਹਤ ਚੰਦਨ ਹੋਇ ਸਾਰ ॥੧੩॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[ਸਾਖੀ ਗੁਰੂ ਜੀ ਦੀ ਚੌਰਾਸੀ ਸਿਧਾਂ ਨਾਲ ਚਰਚਾ][1]

॥ਦੋਹਰਾ॥

ਜਹ ਜਹ ਤੀਰਥ ਪਰਗਟ ਹੋਇ ਜਾਤ੍ਰੀ ਆਵੈਂ ਕਰ ਭਾਇ॥
ਜਹਾਂ ਸੰਤ ਪ੍ਰਗਾਸ ਹੋਇ ਤਹਾਂ ਆਵਤ ਸਾਧ ਸੁਭਾਇ॥੧॥

॥ਚੌਪਈ॥

ਸਭ ਸਿਧ ਸਤਗੁਰ ਦੇਖਨ ਆਏ॥ਪਰਤਗਿਆ ਹੇਤ ਮਨ ਮੋ ਠਹਰਾਏ॥
ਸੰਤ ਸਮਾਗਮ ਬਡੋ ਮਹਾਤਮ[2]॥੨॥
ਸਤਗੁਰ ਜੀ ਕੀ ਸਭਾ ਮੋ ਆਏ॥ਪ੍ਰਭ ਕਰ ਆਦਰ ਛੇਮ ਕੁਸਲ ਪੂਛਾਏ॥
ਪਰਮ ਪਵਿਤ੍ਰ ਸੰਤਨ ਕੋ ਬੇਖ[3]॥ਭਏ ਮਗਨ ਗੁਰ ਦਰਸਨ ਦੇਖ[4]॥
251/ੳ ਪ੍ਰਤਗਿਆ ਲੇ/ਨ ਕੋ ਚਰਚਾ ਕਰਾ॥ਅਸਟਾਂਗ ਜੋਗ ਕੋ ਪ੍ਰਸਨ ਉਚਾਰਾ[5]॥
ਹੇ ਗੁਰ ਤੁਮਰੀ ਸੰਗਤ ਦੇਖੀ॥ਕੁਛ ਜੋਗ ਸਾਧਨਾ ਜੁਗਤ ਨ ਪੇਖੀ॥੪॥
ਬਿਨਾ ਜੋਗੀ ਨਹੀ ਮਿਟੇ ਭਰਾਂਤ[6]॥
ਜੋਗ ਤੇ ਹੋਇ ਗਿਆਨ ਪ੍ਰਗਾਸ॥ਪਾਇ ਗਿਆਨ ਮੁਕਤ ਸੁਖ ਰਾਸ॥੫॥

॥ਦੋਹਰਾ॥

ਸਤਿਗੁਰ ਜੀ ਉਤ੍ਰ ਦੀਆ ਸੁਨੀਏ ਸਿਧ ਸੁਜਾਨ॥
ਬਿਨ ਪ੍ਰੇਮ ਭਗਤ ਨਹੀ ਹਰਿ ਮਿਲੇ ਬਿਨ ਹਰਿ ਮੁਕਤ ਨ ਜਾਨ॥੬॥

॥ਚੌਪਈ॥

ਜੋਗ ਤੇ ਗਿਆਨ ਤਬ ਹੋਇ ਪ੍ਰਕਾਸ॥ਜਬ ਸਿਧ ਬਿਲਾਸ ਸੌ ਹੋਇ ਉਦਾਸ॥
ਜੋਗ ਤੇ ਸਿਧ ਪਦ ਪਾਏ ਜੋਗੀ॥ਤਾ ਤੇ ਹੋਇ ਮਾਇਆ ਸੁਖ ਭੋਗੀ॥੭॥
ਸਿਧ ਪਦਾਰਥ ਹੈ ਸਭ ਮਾਇਆ॥ਜਿਨ ਤਜੀ ਸਿਧ ਤਿਨ ਗਿਆਨ ਕੋ ਪਾਇਆ॥
ਬਿਨਾ ਪ੍ਰੇਮ ਜੋ ਗਿਆਨ ਕਹਾਵੈ॥ਵੈ ਬ੍ਰਹਮ ਸੁਖ ਕੀ ਲਿਵ ਲੇਸ ਨ ਪਾਵੈ॥੮॥
ਜੋਗੀ ਸੋ ਜੋ ਹਰਿ ਪਦ ਲੀਨਾ॥ਬਿਨ ਹਰਿ ਪ੍ਰੀਤ ਕਸਟ ਆਧੀਨਾ॥
ਕਸਟ ਕੀਏ ਕਾਇਆ ਮੁਰਝਾਇ॥ਤਬ ਸਬ ਇੰਦ੍ਰੀ ਸਿਥਲ ਹੋਇ ਜਾਇ॥੯॥
ਜਬ ਲਗ ਇਹੁ ਮਨੁ ਬਸ ਨਹੀ ਹੋਇ॥ਤਬ ਲਗ ਜੋਗ ਗਿਆਨ ਕਹਾ ਕੋਇ॥
ਸਭ ਜੁਗਤ ਪ੍ਰਾਇਨ ਮਨ ਬਸ ਕਰਨਾ॥ਮਨ ਬਸ ਹੋਇ ਪ੍ਰੇਮ ਆਚਰਨਾ॥੧੦॥

॥ਦੋਹਰਾ॥

ਜੁਗਤ ਜੋਗ ਅਰੁ ਗਿਆਨ ਧਿਆਨ ਵੈਰਾਗ ਭਗਤ ਅਧਕਾਰ॥
ਬਿਨਾ ਪ੍ਰੇਮ ਮਿਥਿਆ ਜਤਨ ਪ੍ਰੇਮ ਸਹਤ ਸੁਖਸਾਰ॥੧੧॥

॥ਚੌਪਈ॥

ਅਬ ਮੈ ਤਾਤਪਰਜ ਪੁਨ[7] ਕਹੌ॥ਸਗਲ ਬਿਭੇਦ ਕੀ ਸੰਕਾ ਦਹੌ॥
ਸੁਨੋ ਨਾਥ ਜੋਗ ਬੀਚਾਰ॥ਕਰਮ ਜੋਗ ਮੋ ਕਸਟ ਅਪਾਰ॥
ਮਿਲੇ ਸਿਧ ਜੋਗੀ ਸੁਖ ਪਾਵੈ॥ਗਿਆਨੀ ਸਿਧ ਸੋ ਮਨ ਨਹੀ ਲਾਵੈ॥
ਸਰਬ ਸਿਧ ਗਿਆਨੀ ਕੇ ਠਾਢੀ॥ਇਹ ਤਨ ਸੋਹੰ ਪਦ ਅਬਿਨਾਸੀ॥੧੩॥
251/ਅ ਭੇਖ/ਜੋਗ ਕਛੁ ਕਾਮ ਨ ਆਵੈ॥ਬਿਨਾ ਪ੍ਰੇਮ ਭਗਤ ਨਹੀ ਹਰਿ ਪਤਿਆਵੈ॥
ਪਰਮ ਜੋਗ ਅਬ ਤੁਮੇ ਸੁਨਾਵੋ॥ਤੁਮਰੀ ਸੰਕਾ ਸਕਲ ਮਿਟਾਵੋ॥੧੪॥

॥ਸਬਦ ਸ੍ਰੀ ਮੁਖਵਾਕ ਉਚਾਰ ਕੀਆ॥[1]

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਸੰਤ ਸਮਾਗਮ ਬਡੋ ਮਹਾਤਮ॥ਤਿਨ ਸੰਗਤ ਜੀਵ ਪਾਵਤ ਪਦ ਆਤਮ॥ (ੳ,ਅ,ੲ)
[3] ਭੇਖਾ (ਅ)
[4] ਦੇਖਾ (ਅ)
[5] ਉਚਰਾ (ੳ,ਅ,ੲ,ਸ)
[6] ਬਿਨਾ ਜੋਗ ਮਨ ਹੋਇ ਨ ਸਾਤ॥ਬਿਨਾ ਜੋਗੀ ਨਹੀ ਮਿਟੇ ਭਰਾਂਤ॥ (ੳ,ਅ,ਸ), ਬਿਨਾ ਜੋਗੀ ਨਹੀ ਮਿਟੇ ਭਰਾਂਤ॥ਭਰਾਂਤ ਮਿਟੈ ਨਹੀ ਆਵੈ ਸਾਤਿ॥ (ੲ)
[7] ਕੋ (ਅ)

ਹਥ ਕਰ ਤੰਤ ਬਜਾਵੈ ਜੋਗੀ ਥੋਥਰ ਬਾਜੈ ਬੈਨ॥
ਗੁਰਮਤ ਹਰਿ ਗੁਨ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗ ਭੇਨ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸ॥
ਜੁਗ ਜੁਗ ਹਰਿ ਹਰਿ ਏਕੋ ਵਰਤੇ ਤਿਸ ਆਗੇ ਹਮ ਆਦੇਸ॥੧॥ਰਹਾਉ॥
ਗਾਵਹੁ ਰਾਗ ਭਾਂਤ ਬਹੁ ਬੋਲਹੁ ਇਹੁ ਮਨੂਆ ਖੇਲੇ ਖੇਲ॥
ਜੋਵਹਿ ਕੂਪ ਸੰਚਨ ਕੋ ਬਸਧਾ ਉਠ ਬੈਲ ਗਏ ਚਰ ਬੇਲ॥੨॥
ਕਾਇਆ ਨਗਰ ਮੋ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤ॥
ਮਨੂਆ ਅਸਥਿਰ ਬੈਲ ਮਨ ਜੋਵਹੁ ਹਰਿ ਸਿੰਚਹੁ ਗੁਰਮਤ ਜੇਤ॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤ ਚੇਲ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵੋ ਮਨੂਆਂ ਪੇਲ॥੪॥
[2]ਜਬ ਸਿਧਨ ਸਬਦ ਸ੍ਰੀ ਗੁਰਮੁਖ ਸੁਨਾ॥ਨਾਨਕ ਜਾਨ ਉਸਤਤ ਮੁਖ ਭਨਾ॥
ਪਾਇ ਪ੍ਰਤਗਿਆ ਗਨਤੀ ਗਈ॥ਹੋਇ ਪ੍ਰਸੰਨ ਬਿਦਾ ਤਿਨ ਲਈ॥੧੫॥

॥ਦੋਹਰਾ॥

ਦੇਖਤ ਸਿਧ ਸਭ ਸਭਾ ਸੋ ਹੋਇ ਗਏ ਆਲੋਪ॥
ਸਭ ਸੰਗਤ ਦੇਖਿ ਬਿਸਮੇ ਭਈ ਅਚਰਜ ਲੀਲਾ ਗੋਪ॥੧੬॥

॥ਚੌਪਈ॥[3]

ਦੇਖ ਗੁਰ ਚਲਤ ਸਿਖ ਮਗਨਾਨੇ॥ਸਤਗੁਰ ਪਾਰਬ੍ਰਹਮ ਕਰ ਜਾਨੇ॥
ਪੁਨ ਕਰੀ ਅਰਦਾਸ ਸਾਚੇ ਪਾਤਸਾਹ॥ਇਹ ਸੰਤ ਜੋ ਆਏ ਕੋਥੇ ਕਾਹ॥
ਅਰਦਾਸ ਸੁਣੀ ਬੋਲੇ ਗੁਰ ਦਿਆਲ॥ਇਹ ਸਿਧ ਚੌਰਾਸੀ ਸੰਤ ਬਿਸਾਲ[4]॥
ਬ੍ਰਹਮੰਡ ਮਾਹ ਇਹ ਬਡੇ ਮਹਾਨ॥ਲੇਨ ਪ੍ਰਤਗਿਆ ਆਏ ਸੁਜਾਨ॥੧੮॥
252/ੳ ਸਭ ਸੰਗਤ/ਚਰਨਨ ਗੁਰ ਪਾਇ॥ਗੁਰ ਵਾਹਗੁਰੂ ਗਤ ਲਖੀ ਨ ਜਾਏ॥
ਕਰੋ ਕਿਰਪਾ ਪ੍ਰਭ ਦੀਨ ਦਿਆਲ॥ਗੁਰ ਚਰਨ ਬਸੈ ਸਦ ਹਿਰਦੇ ਨਾਲ॥੧੯॥
ਪ੍ਰਭ ਕ੍ਰਿਪਾ ਦ੍ਰਿਸਟਿ ਸੰਗਤ ਪਰ ਕਰੀ॥ਮਰਨ ਜੀਵਨ ਕੀ ਅਪਦਾ ਟਰੀ॥
ਸਿਧ ਸਮਾਗਮ ਕੀ ਇਹ ਕਥਾ॥ਸੁਨ ਦ੍ਰਿੜੇ ਸਿਖ ਮਰਨ ਭੈ ਲਥਾ॥੨੦॥

॥ਦੋਹਰਾ॥

ਮਸਕ ਹਸਤ ਸੋ ਕਿਮ ਪਜੈ ਕਿਵ ਚਿਵਟੀ ਸਿੰਧ ਤਰਾਇ॥
ਪਿੰਗਲ ਪਰਬਤ ਨਹ ਚੜੇ ਗੁਰ ਮਹਿਮਾ ਕਥੀ ਨ ਜਾਇ॥੨੧॥

॥ਸਾਖੀ ਪੂਰਨ ਹੋਈ॥੧੧੫॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ਸਬਦ ਸ੍ਰੀ ਮੁਖਵਾਕ ਉਚਾਰ ਕੀਆ॥ੴ ਸਤਿਗੁਰ ਪ੍ਰਸਾਦਿ॥ਮਹਲਾ ਰਾਗ ਆਸਾ ਘਰ ੬ ਕੇ 3॥' ਹੈ (ਸ)
[2] ਇੱਥੇ ਸਿਰਲੇਖ '॥ਚੌਪਈ॥' ਹੈ (ਅ,ਸ)
[3] ਚੌਪਾਈ (ਸ)
[4] ਕਿਸਾਲ (ਸ)

[ਸਾਖੀ ਇਕ ਤਪੇ ਦਾ ਉਧਾਰ ਕਰਨਾ][1]

॥ਦੋਹਰਾ॥

ਜਿਮ ਭਗਤ ਉਦਾਚਲ ਗਿਆਨ ਰਵ ਹੋਇ ਉਦੇ ਪ੍ਰਕਾਸ॥
ਬਹਿ ਸਭਾ ਸੰਘਾਸਨ ਦਿਆਲ ਗੁਰ ਅਨਭੈ ਬਚਨ ਬਿਲਾਸ॥੧॥

॥ਚੌਪਈ॥[2]

ਤਿਸੀ ਕਾਲ ਤਪਾ ਇਕ ਆਇਆ॥ਅਤ ਪ੍ਰੀਤ ਜੁਗਤ ਦਰਸਨ ਗੁਰ ਪਾਇਆ॥
ਗੁਰ ਦੀਨ ਦਿਆਲ ਤਿਸੁ ਆਦਰ ਦੀਨਾ॥ਆਗਮਨ ਦਿਸਾ ਪੂਛਨਾ ਕੀਨਾ॥੨॥
ਤਿਨ ਪ੍ਰੀਤ ਜੁਗਤ ਸਭ ਕਹਿਓ ਬ੍ਰਿਤੰਤ॥ਮੈ ਬਹੁ ਧਰਤੀ ਫਿਰਿਓ ਪ੍ਰਭ ਸੰਤ॥
ਅਰ ਬੇਦ ਪੁਰਾਨ ਪਾਠ ਬਹੁ ਕੀਆ॥ਜਾਤ੍ਰਾ ਪੁਨ ਸਭ ਤੀਰਥ ਲੀਆ॥੩॥
ਤੁਮਰੌ ਸਿਖ ਦੀਸੇ ਅਭਿਮਾਨੀ॥ਬੇਦ ਪੁਰਾਨ ਤੀਰਥ ਨਹੀ ਜਾਨੀ॥
252/ਅ ਜੋ ਕੋ ਬਰਨ ਆਸਰਮ ਜਗਦੀਸੈ॥ਮਾਨੈ ਬੇਦ/ਤੀਰਥ ਧਰ ਸੀਸੈ॥੪॥
ਤੁਮਰੇ ਸਿਖ ਤੁਮਹੀ ਕੋ ਜਾਨੇ॥ਵਾਹਗੁਰੂ ਮੁਖ ਜਾਪੁ ਬਖਾਨੇ॥
ਨਹੀ ਜਾਨੇ ਬੇਦ ਤੀਰਥ ਭਰ ਭਾਉ॥ਨਹੀ ਦੀਸੇ ਇਨ ਕੋ ਧਰਮ ਸੁਭਾਉ॥੫॥

॥ਦੋਹਰਾ॥

ਤਪੇ ਸੋ ਸਤਗੁਰ ਕਹਿਓ ਤੁਮ ਤੀਰਥ ਬੇਦ ਪ੍ਰਭਾਉ॥
ਸਭੀ ਨਿਰੂਪਨ ਕੀਜੀਏ ਫਲ ਅਰ ਪੁੰਨ ਸੁਭਾਉ॥੬॥

॥ਚੌਪਈ॥[3]

ਕਰ ਬਿਸਥਾਰ ਤਪੇ ਜਬ ਕਹਾ॥ਜੋ ਜੋ ਤੀਰਥ ਕੋ ਫਲੁ ਅਹਾ॥
ਤਾ ਕੀ ਗਤ ਸੁਭ ਲੋਕ ਬਿਖਾਨਾ॥ਸੁਖ ਬ੍ਰਹਮ ਲੋਕ ਬੇਦ ਪਠਨਾਨਾ॥੭॥
ਸਭ ਸੁਨ ਸਤਗੁਰ ਤਾ ਸੌ ਕਹਾ॥ਤੁਮ ਸੰਤ ਸਮਾਗਮ ਸੁਖ ਨਹੀ ਲਹਾ॥
ਤੁਮ ਸੁਰਗ ਭੋਗ ਸੁਖ ਸਤ ਪਛਾਨੇ॥ਜੋ ਸੰਤਨ ਮਿਥਿਆ ਕਰ ਮਾਨੇ॥੮॥
ਮਮ ਸੰਗਤ ਦੋਸ ਬਿਰਥ[4] ਤੁਮ ਦੀਨਾ॥ਸਤ ਪਦਾਰਥ ਤੁਮ ਮਨ ਨਹੀ ਚੀਨਾ॥
ਬੇਦ ਪਾਠ ਅਰ ਤੀਰਥ ਜਾਤ੍ਰਾ॥ਬਿਨ ਸਤਸੰਗਤ ਤੁਛ ਸਭ ਮਾਤ੍ਰਾ॥੯॥
ਸਗਲ ਜਨਮ ਤੁਮ ਭਇਆ ਬਿਤੀਤ॥ਬਿਨਸਤ ਗੁਰ ਨਹੀ ਸਤ ਪ੍ਰਤੀਤ॥
ਸਾਧ ਤੀਰਥ ਫਲ ਨਹੀ ਤੁਮ ਜਾਨਾ॥ਸਭ ਝੂਠਾ ਬਾਦ ਮਿਥਿਆ ਅਭਮਾਨਾ॥੧੦॥

॥ਦੋਹਰਾ॥

ਸੁਨਤ ਤਪਾ ਬਿਸਮੈ ਭਇਆ ਮਿਥਿਆ ਭਇਆ ਅਚਾਰ॥
ਪੁਨ ਕਰ ਬਿਬੇਕ ਬਿਨਤੀ ਕਰੀ ਪ੍ਰਭ ਦੀਜੈ ਸਤ ਬਿਚਾਰ॥੧੧॥

॥ਦੋਹਰਾ॥[5]

ਤਬ ਹੋਇ ਦਿਆਲ ਸਤਗੁਰ ਕਹਾ ਸੰਤਨ ਕੋ ਪਰ ਭਾਉ॥
ਸੁਨਤ ਤਪੇ ਅਤ ਸੁਖ ਲਹਾ ਪਾਇਆ ਭਗਤ ਸੁਭਾਉ॥

॥ਸਬਦ ਸ੍ਰੀ ਮੁਖਵਾਕ॥[6]

ਗੰਗ ਜਮੁਨਾ ਗੋਦਾਵਰੀ ਸੁਰਸਤੀ ਕਰੈ ਉਦਮੁ ਧੂਰ ਸਾਧੂ ਕੀ ਤਾਈ॥
ਕਿਲਬਿਖ ਮੈਲੁ ਭਰੇ ਪਰੇ ਹਮਰੇ ਵਿਚ ਹਮਰੀ ਮੈਲ ਸਾਧੂ ਕੀ ਧੂਰ ਗਵਾਈ॥
253/ੳ ਤੀਰਥ ਅਠਸਠ ਮਜਨਾ/ਈ॥
ਸਤਸੰਗਤ ਕੀ ਧੂਰ ਪਰੀ ਉਡ ਨੇਤ੍ਰੀ ਸਭ ਦੁਰਮਤ ਮੈਲੁ ਗਵਾਈ॥੧॥ਰਹਾਉ॥
ਜਾਨਵੀ[7] ਤਪੇ ਭਗੀਰਥਆਣੀ ਕੇਦਾਰ ਥਾਪਿਓ ਮਹੇਸਾਈ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਚੌਪਾਈ (ਸ)
[3] ਚੌਪਾਈ (ਸ)
[4] ਬਿਅਰਥ (ੳ), ਬਿਰਥਾ (ੲ)
[5] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ੳ,ਅ,ੲ,ਸ)
[6] ਇੱਥੇ ਸਿਰਲੇਖ '॥ਸਬਦ ਸ੍ਰੀ ਮੁਖਵਾਕ॥ਮਲਾਰ ਮਹਲਾ ੪॥' ਹੈ (ਸ)
[7] ਜਾਹਨਰਵੀ (ਸ)

ਕਾਸੀ ਕ੍ਰਿਸਨ ਚੁਗਾਵਤ ਗਾਊ ਮਿਲ ਹਰਿ ਜਨ ਸੋਭਾ ਪਾਈ॥੨॥
ਜਿਤਨੇ ਤੀਰਥ ਦੇਵੀ ਥਾਪੇ ਸਭ ਤਿਤਨੇ ਲੋਚੇ ਧੂਰ ਸਾਧੂ ਕੀ ਤਾਈ॥
ਹਰਿ ਕਾ ਸੰਤ ਮਿਲੇ ਗੁਰ ਸਾਧੂ ਲੇ ਤਿਸ ਕੀ ਧੂਰਿ ਮੁਖ ਲਾਈ॥੩॥
ਜਿਤਨੀ ਸਿਸਟ ਤੁਮਾਰੀ ਮੇਰੇ ਸੁਆਮੀ ਤਿਤਨੀ ਲੋਚੇ ਧੂਰ ਸਾਧੂ ਕੀ ਤਾਂਈ॥
ਨਾਨਕ ਲਿਲਾਟ ਹੋਵੈ ਜਿਸ ਲਿਖਿਆ ਤਿ[1] ਸਾਧੂ ਧੂਰ ਦੇ ਹਰਿ ਪਾਰ ਲੰਘਾਈ॥੪॥

॥ਦੋਹਰਾ॥

ਜਬ ਇਹ ਸਬਦ ਤਪੇ ਸੁਨਾ ਗਦ ਗਦ ਭਇਆ ਪ੍ਰਸੰਨ॥
ਸਤਗੁਰ ਕੀ ਉਸਤਤ ਕਰੀ ਧਨ ਦਰਸਨ ਗੁਰ ਧੰਨ॥੧੩॥
ਮੈ ਬਡੇ ਭਾਗ ਤੇ ਪਾਇਆ ਦਰਸਨ ਸਤਗੁਰ ਦਿਆਲ॥
ਸ੍ਰੀ ਮੁਖ ਭਗਤ ਬਿਨੀਤ ਸੁਨ ਮਨ ਤਨ ਭਇਆ ਨਿਹਾਲ॥੧੪॥
ਸੰਤ ਮਹਮਾ ਜਾਨਤ ਭਇਆ ਉਪਜਿਓ ਭਗਤ ਅੰਕੂਰ॥
ਗੁਰ ਸੰਗਤ ਸਮਾਗਮ ਮਤ ਦਿੜੀ ਗਇਆ ਪਖੰਡ ਸਭ ਕੂਰ॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਇੱਥੇ ਸ਼ਬਦ 'ਤਿਸ' ਹੈ (ਅ,ਸ)

[ਸਾਖੀ ਗੁਰੂ ਜੀ ਦਾ ਸੰਗਤ ਨੂੰ ਸਤ ਉਪਦੇਸ ਕਰਨਾ][1]

॥ਦੋਹਰਾ॥

ਪ੍ਰੇਮ ਰੰਗ ਸਤਗੁਰ ਦਿਆਲ ਸ੍ਰਵਤ ਮੁਖ ਅੰਮ੍ਰਿਤ ਬੈਨ॥
ਸੰਗਤ ਪ੍ਰਿਤ ਉਪਦੇਸ ਦੇ ਕਰਤ ਮਹਾ ਸੁਖ ਚੈਨ॥੧॥

॥ਚੌਪਈ॥ [2]

ਦਿਵਸ ਏਕ ਪ੍ਰਭ ਕੀਆ ਦਿਵਾਨ॥ਸਭ ਦਰਸਨ ਆਏ ਸਿਖ ਸੁਜਾਨ॥
253/ਅ ਸਤ ਉਪਦੇਸ ਦਿਆਲ ਗੁਰ ਕੀ/ਨਾ॥ਭਗਤ ਭਾਇ ਪ੍ਰੇਮ ਰਸ ਭੀਨਾ॥੨॥
ਜੋ ਕੋਈ ਮਮ ਸਿਖ ਕਹਾਵੈ॥ਗੁਰਸਿਖ ਸਾਧ ਕੀ ਟਹਲ ਕਮਾਵੈ॥
ਸੇਵਾ ਬਿਨਾ ਭਗਤ ਨਹੀ ਹੋਇ॥ਬਿਨਾ ਭਗਤ ਮੁਕਤ ਨਹੀ ਕੋਇ॥੩॥
ਲਾਇ ਪ੍ਰੇਮ ਸੇਵਾ ਦ੍ਰਿੜ ਕੀਜੈ॥ਅਮਰ ਪਦਾਰਥ ਸੁਖ ਫਲ ਲੀਜੈ॥
ਜੋ ਮੇਰੀ ਆਗਿਆ ਦ੍ਰਿੜ ਮਾਨੇ॥ਗੁਰਸਿਖ ਸੇਵਾ ਮੋ ਚਿਤ ਠਾਨੇ॥੪॥
ਚਾਰ ਪਦਾਰਥ ਜੇ ਕੋ ਚਹੈ॥ਤਾਤਕਾਲ ਸੇਵਾ ਫਲੁ ਲਹੈ॥
ਭਗਤ ਸਰੋਮਨ ਸੇਵਾ ਜਾਨੇ॥ਸੋ ਮੈ ਪਿਆਰਾ ਮੋ ਮਨ ਮਾਨੇ॥੫॥

॥ਦੋਹਰਾ॥

ਪ੍ਰੇਮ ਜੁਗਤ ਸੇਵਾ ਕਰੇ ਨਹ ਉਪਜੇ ਅਹੰਕਾਰ॥
ਸਰਬ ਪਦਾਰਥ ਪਾਇ ਕੇ ਭਵਨਿਧ ਉਤਰੇ ਪਾਰ॥੬॥

॥ਚੌਪਈ॥

ਗੁਰ ਦੀਨ ਦਿਆਲ ਦਿਸਟਾਂਤ ਕਹਿ ਦੀਨਾ॥ਸੁਣ ਸਿਖਨ ਮਨ ਮੋ ਦ੍ਰਿੜ ਕੀਨਾ॥
ਕੋਊ ਦੇਸ ਪੁਰਖ ਸੁਹਿਰਦ ਇਕ ਅਹਾ॥ਸੇਵਾ ਟਹਲ ਸੁਭਾਉ ਤਿਸ ਅਹਾ॥੭॥
ਨਿਜ ਮਨ ਉਕਤ ਤਿਨ ਕੀਆ ਉਪਾਉ॥ਪੰਛੀ ਸੇਵਾ ਸੋ ਕੀਆ ਭਾਉ॥
ਕਰਿ ਪ੍ਰੇਮ ਪੰਛੀਅਨ ਕੋ ਸਦ ਸੇਵੈ॥ਸਭ ਕੋ ਚੋਗ ਪਾਨੀ ਧਰ ਦੇਵੈ॥੮॥
ਬਹੁ ਪੰਛੀ ਤਾ ਕੇ ਗ੍ਰਿਹ ਆਵੈ॥ਕਰ ਬਿਧ ਬਿਧੰਤ ਸਭ ਚੋਗ ਚੁਗਾਵੈ॥
ਸੇਵਾ ਤਿਨ ਕੀਨੀ ਬਹੁ ਕਾਲ॥ਸਭ ਪੰਛੀ ਤਾ ਪਰ ਭਏ ਦਿਆਲ॥੯॥
ਜੁਗਲ ਹੰਸ ਤਾ ਕੇ ਗ੍ਰਿਹ ਆਏ॥ਅਤ ਸੁੰਦਰ ਰੂਪ ਦੇਖ ਮਨ ਭਾਏ॥
ਕਰ ਪ੍ਰੀਤ ਚੋਗ ਜਲ ਆਗੇ ਰਾਖੀ॥ਵੈ ਨਹੀ ਚੁਗੈ ਨਹੀ ਦੇਖੈ ਆਖੀ॥੧੦॥

॥ਦੋਹਰਾ॥

ਲੋਗਨ ਸੋ ਤਿਨ ਪੂਛਿਆ ਯਹ ਪੰਛੀ ਚੋਗ ਨ ਖਾਇ॥
ਮੈ ਯਹ ਪੰਛੀ ਦੇਖੇ ਨਹੀ ਅਬ ਕਿਆ ਕਰੋ ਉਪਾਇ॥੧੧॥

॥ਤੋਮਰ ਛੰਦ॥

ਤਿਨ ਕਹਾ ਲੋਗ ਬਿਚਾਰ॥ਯਹ ਹੰਸ ਪਰਮ ਉਦਾਰ॥
ਨਹੀ ਅੰਨ ਜਲ ਮੁਖ ਪਾਇ॥ਅਨਛੇਦ ਮੋਤੀ ਖਾਹਿ॥੧੨॥
254/ੳ ਕੀਆ ਜਤਨ ਬਹੁਤ ਉਪਾਇ॥ਅਨ/ਛੇਦ ਮੋਤੀ ਲਿਆਇ॥
ਕਰ ਦੂਧ ਜਲ ਸੰਜੋਗ॥ਆਗੇ ਧਰੀ ਤਿਨ ਚੋਗ॥੧੩॥
ਮੁਕਤਾ ਸੁ ਚੁਗਨੇ ਲਾਗ॥ਪੀਏ ਖੀਰ ਨੀਰ ਤਿਆਗ॥
ਅਤ ਭਏ ਹੰਸ ਪ੍ਰਸੰਨ॥ਕਹੇ ਧੰਨ ਸੇਵਕ ਧੰਨ॥੧੪॥
ਦੁਇ ਲਾਲ ਮੁਖੋ ਨਿਕਾਰ॥ਤਿਸ ਠੌਰ ਦੀਨੇ ਡਾਰ॥
ਗਏ ਹੰਸ ਉਡ ਨਿਜ ਧਾਮ॥ਲੀਏ ਲਾਲ ਤਿਨ ਅਭਰਾਮ॥੧੫॥

॥ਦੋਹਰਾ॥

ਤਿਨ ਬੇਚ ਲਾਲ ਮਾਯਾ ਲਈ ਸੁੰਦਰ ਠੌਰ ਬਨਾਇ॥
ਪੰਛੀਅਨ ਕੀ ਸੇਵਾ ਕਰੇ ਅਤ ਮਨ ਬਢਾਇ[3]॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਚੌਪਾਈ (ਸ)
[3] ਮਨ ਪ੍ਰੀਤ ਬਢਾਇ (ੳ,ਅ,ੲ)

॥ ਚੌਪਈ ॥

ਵੈ ਦੁਇ ਹੰਸ ਹੰਸਨ ਪਹਿ ਜਾਇ ॥ ਤਾ ਕੀ ਸੇਵਾ ਕਹੀ ਸੁਨਾਇ ॥
ਸਰਲ ਹੰਸ ਮਿਲ ਦੇਖਨ ਆਏ ॥ ਅਰੁ ਭਾਂਤ ਭਾਂਤ ਕੇ ਰਤਨ ਲਿਆਏ ॥ ੧੭ ॥
ਉਤਰੇ ਹੰਸ ਤਾਂ ਕੇ ਗ੍ਰਿਹ ਆਇ ॥ ਤਿਨ ਦੇਖ ਬਹੁਤ ਮਨ ਕੀਨਾ ਭਾਇ ॥
ਧਰ ਛੀਰ ਨੀਰ ਮੁਕਤਾਹਲ ਲਿਆਇ[1] ॥ ਸਭ ਹੰਸਨ ਕੋ ਪੂਜ ਪੁਜਾਇਆ[2] ॥ ੧੮ ॥
ਤਾ ਪਰ ਹੰਸ ਰਾਜੀ ਅਤਿ ਭਏ ॥ ਰਤਨ ਅਨਕ ਭਾਂਤ ਤਿਨ ਦਏ ॥
ਉਡੇ ਹੰਸ ਗਏ ਅਪਨੇ ਧਾਮ ॥ ਤਿਨ ਪਾਇਓ ਧਨ ਪੂਰਨ ਭਏ ਕਾਮ ॥ ੧੯ ॥
ਮਨ ਸੁਧ ਸੇਵ ਪੰਛਨ ਕੀ ਕੀਨੀ ॥ ਤਾ ਕੋ ਰਿਧ ਸਿਧ ਤਿਨ ਦੀਨੀ ॥
ਜੋ ਜਾ ਕੋ ਦ੍ਰਿੜ ਮਨ ਕਰ ਸੇਵੈ ॥ ਸਰਬ ਪਦਾਰਥ ਸੁਖ ਫਲੁ ਲੇਵੈ ॥ ੨੦ ॥

॥ ਦੋਹਰਾ ॥

ਪੰਛੀਅਨ ਕੀ ਸੇਵਾ ਕਰੀ ਭਰਿਓ ਰਤਨ ਧਨ ਧਾਮ ॥
ਜੋ ਗੁਰਸਿਖਨ ਕੌ ਜਜੈ ਮੁਕਤ ਭੁਗਤ ਅਭਰਾਮ ॥ ੨੧ ॥
ਮਮ ਸਿਖ ਸੰਤ ਮਰਾਲ ਗੁਰਬਾਨੀ ਮੁਖ ਰਤਨ ਤਿਹ ॥
ਵਾ ਕੌ ਕਰੇ ਨਿਹਾਲ ਜੋ ਤਾ ਕੋ ਸੇਵਨ ਕਰੇ ॥ ੨੨ ॥

॥ ਸਾਖੀ ਪੂਰਨ ਹੋਈ ॥ ੧੧੭ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

---

[1] ਲਿਆਇਆ (ੳ,ਅ,)
[2] ਪੁਜਾਇ (ੲ,ਸ)

254/ਅ **[ਸਾਖੀ ਅੰਮ੍ਰਿਤਸਰ ਤੀਰਥ ਦਾ ਪਰਕਾਸ/ਕਰਨਾ]**[1]

॥ ਸੋਰਠਾ ॥

ਸ੍ਰੀ ਗੁਰ ਨਾਥ ਅਨਾਥ ਦਇਆ ਸਿੰਧ ਮਾਝੇ ਚਲੇ॥
ਸਭ ਸੰਗਤ ਲੀਨੀ ਸਾਥ ਅਤ ਪਾਵਨ ਮੁਕਤ ਛੇਤ੍ਰ ਰਚਿਓ॥੧॥

॥ ਚੌਪਈ ॥

ਮਾਝੇ ਚਲੇ ਸਤਗੁਰ ਕਰਤਾਰ॥ਘੋੜੀ ਪਰ ਹੂਏ ਅਸਵਾਰ॥
ਵੈ ਚਲੇ ਅਧਰ ਪਗ ਧਰਨ ਨ ਧਰੀ॥ਭਾਈ ਪਾਰੋ ਭੇਟ ਗੁਰ ਕਰੀ॥੨॥
ਤਾ ਕਾ ਸਕਲ ਬਿਰਤੰਤ ਮੈ ਕਹੋ॥ਸੰਤ ਕਥਾ ਕਥ ਅਤ ਸੁਖ ਲਹੋ॥
ਪਰਮਹੰਸ ਪਾਰੋ ਬਡ ਸਿਖ॥ਤਾ ਕੀ ਮਹਿਮਾ ਸਦਾ ਅਲਿਖ॥੩॥
ਸਤਗੁਰ ਅਮਰ ਦਿਆਲ ਤਿਸ ਕਹੀ॥ਹੇ ਪਾਰੋ ਮੋ ਮਨ ਉਪਜਤ ਭਈ॥
ਜਗ ਗੁਰਆਈ ਤੁਮ ਕੋ ਦੇਉ॥ਤੁਮ ਪਰਮਹੰਸ ਕੀਨੀ ਮਮ ਸੇਓ॥
ਸੁਨ ਗੁਰ ਬਚਨ ਪਾਰੋ ਇਮ ਕਰਾ॥ਹਾਥ ਜੋੜ ਸਿਰ ਚਰਨਨ ਧਰਾ॥
ਪ੍ਰਭ ਸੇਵਕ ਦੀਜੈ ਸੇਵਾ ਭਾਇ॥ਜਗ ਗੁਰਆਈ ਗੁਰਹਿ ਸੁਹਾਏ॥੫॥

॥ ਦੋਹਰਾ ॥

ਜਬ ਬਿਨਤੀ ਪਾਰੋ ਕਰੀ ਤਬ ਸਤਗੁਰ ਕਹੀ ਸਮਝਾਇ॥
ਜੋ ਯਹ ਬਿਧ ਤੁਮ ਨਾ ਕਰੋ ਤਬ ਤਨ ਦੇਹੁ ਤਜਾਇ॥੬॥

॥ ਚੌਪਈ ॥

ਸੁਨ ਗੁਰ ਬਚਨ ਪਾਰੋ ਗ੍ਰਿਹ ਆਏ॥ਨਿਜ ਧਨ ਅਧਕਾਰੀ ਲੀਏ ਬੁਲਾਏ॥
ਪ੍ਰਿਥਮੇ ਧਨ ਗੁਰ ਅਰਪਨ ਕੀਨਾ॥ਵੈ ਘੋੜੀ ਧਨ ਪਠਾਏ ਗੁਰ ਦੀਨਾ॥੭॥
ਪੁਨ ਧਨ ਅਧਕਾਰੀ ਕੋ ਧਨ ਦੀਆ॥ਤਬ ਤਨ ਤਜ ਹਰਿਪੁਰ ਮਗੁ ਲੀਆ॥
ਸਤਗੁਰ ਅਮਰ ਘੋੜੀ ਅਰ ਮਾਲ॥ਗੁਰ ਰਾਮਦਾਸ ਬਖਸਿਓ ਤਿਹ ਕਾਲ॥੮॥
ਗੁਰ ਰਾਮਹਿ ਅੰਗੀਕਾਰ ਨ ਕੀਆ॥ਸਤਗੁਰ ਬਚਨ ਮਾਨ ਪੁਨ ਲੀਆ॥
ਵੈ ਪਾਰੋ ਪਰਮਹੰਸ ਕੀ ਘੋੜੀ॥ਤਪ ਤੇਜ ਸਕਤ ਨਖਸਿਖ ਸੋ[2] ਬੋੜੀ॥੯॥
255/ੳ ਤਿਸ ਘੋੜੀ ਚੜਿ ਸਤਗੁਰ ਦਿਆਲ॥ਕੀਨਾ ਕਉਤਕ ਪ/ਰਮ ਬਿਲਾਸ[3]॥
ਸੁਲਤਾਨਵਿੰਡ ਕੀ ਭੂਮ ਜਬ ਗਏ॥ਤਿਸ ਜੰਗਲ ਮੋ ਪ੍ਰਭ ਠਾਢੇ ਭਏ॥੧੦॥

॥ ਦੋਹਰਾ ॥

ਜਬ ਸਤਗੁਰ ਤਹਾ ਠਾਢੇ ਭਏ ਅਰੁ ਨੇਤ੍ਰਨ ਇਕ ਟਕ ਲਾਇ॥
ਦੇਖ ਸੰਗਤ ਬਿਨਤੀ ਕਰੀ ਪ੍ਰਭ ਏਹ ਮਿਤ ਦੇਹੁ ਬਤਾਇ॥੧੧॥

॥ ਚੌਪਈ ॥

ਹੋਇ ਦਿਆਲ ਸਤਗੁਰ ਇਮ ਭਾਖਾ॥ਕਰ ਪਰਉਪਕਾਰ ਧਰਮ ਬਿਧ ਰਾਖਾ॥
ਈਹਾ ਤੀਰਥ ਹੈ ਬਡੋ ਉਦਾਰ॥ਲੀਲਾ ਵਤ ਦੀਸੇ ਮੁਕਤ ਦੁਆਰ॥੧੨॥
ਅਬ ਮੈ ਪ੍ਰਗਟਾਵੋ ਤਾ ਕੋ ਆਜ॥ਜਗ ਮੁਗਤ ਭੁਗਤ ਕੋ ਬਨੇ ਸਮਾਜ॥
ਸੁਨਿ ਗੁਰ ਬਚਨ ਸਿਖ ਮਗਨਾਨੇ॥ਸਤਗੁਰ ਬਚਨ ਸਤ ਮਨ ਮਾਨੇ॥੧੩॥
ਪੁਨ ਸਤਗੁਰ ਦਿਆਲ ਬੈਠੇ ਤਿਹ ਠਾਉ॥ਸਭ ਲੋਕ ਬੁਲਾਏ ਨਿਕਟ ਜੋ ਗਾਉ॥
ਆਏ ਸਕਲ ਗੁਰ ਚਰਨਨ ਪਰੇ॥ਜੋ ਆਗਿਆ ਹੋਇ ਸੋਇ ਅਨਸਰੇ॥੧੪॥
ਆਗਿਆ ਕੀਨੀ ਸਤਗੁਰ ਦਿਆਲ॥ਯਹ ਪਰਮ ਛੇਤ੍ਰ ਖੋਦੋ ਤੁਮ ਤਾਲ॥
ਜੋ ਖੋਦੇ ਮਨ ਪ੍ਰੀਤ ਬਢਾਇ॥ਜੋ ਚਿਤਵੈ ਸੋਈ ਫਲ ਪਾਇ॥੧੫॥

॥ ਦੋਹਰਾ ॥

॥ ਸਤਗੁਰ ਬਾਚ ॥[4]

ਕਿਆ ਮਹਿਮਾ ਯਾ ਕੀ ਕਹਉ ਕਲ ਤੀਰਥ ਬਡੋ ਮਹਾਨ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਲੋ (ੳ,ਅ,ਸ)
[3] ਬਿਸਾਲ (ੳ,ਅ,ੲ)
[4] ਸਤਗੁਰ ਬਚਨ (ਅ)

ਪ੍ਰਭ[1] ਪ੍ਰਗਟ ਪ੍ਰਤਾਪ ਜਗ ਮੋ ਕਰੇ ਹੋਇ ਉਦੇ ਧਰਮ ਕੋ ਭਾਨ॥੧੬॥

॥ਚੌਪਈ॥

ਅਨਿਕ[2] ਲੋਕ ਖੋਦਨ ਤਿਸੁ ਲਾਗੇ॥ਸਭ ਗੁਪਤ ਪ੍ਰਗਟ ਭਗਤ ਰਸ ਪਾਗੇ॥
ਖੋਦਤ ਖੋਦਤ ਭਾਇਆ ਤਿਆਰ॥ਚਤਰ ਦਿਸਾ ਪੂਰਨ ਸੁਖ ਸਾਰ॥੧੭॥
ਜਿਨ ਗੁਰ ਬਚਨਨ[3] ਕਾਰ ਕਮਾਈ॥ਲੋਕ ਪਰਲੋਕ ਚਿੰਦੇ ਫਲ ਪਾਈ॥
ਕਿਆ ਮਹਿਮਾ ਮੁਖ ਕਰੇ ਬਖਾਨ॥ਗੁਰ ਅਸਥਾਨ ਹੈ ਪਰਮ ਨਿਧਾਨ॥੧੮॥
255/ਅ ਬਿ/ਨ ਜਲ ਦੀਸੈ ਐਸੋ ਭਾਉ॥ਧਰਮ ਪਾਤ੍ਰ ਸੁੰਦਰ ਸੁਭ ਭਾਉ॥
ਦੇਖਾ ਸਤਗੁਰ ਬਿਨ ਜਲ ਤਾਹਿ॥ਭਰਨਿ ਪੋਖਨ ਮਨ ਧਰ ਉਤਸਾਹ॥੧੯॥
ਅੰਮ੍ਰਿਤ ਦ੍ਰਿਸਟਿ ਤਾਹ ਪਰ ਕਰੀ॥ਪੂਰਨ ਭਰਿਓ ਅੰਮ੍ਰਿਤ ਤਿਹ ਘਰੀ॥
ਭਗਤ ਸਰੋਵਰ ਅੰਮ੍ਰਿਤ ਭਰਾ॥ਗੁਰ ਸ੍ਰ ਮੁਖ ਨਾਮ ਅੰਮ੍ਰਿਤਸਰੁ ਧਰਾ॥੨੦॥

॥ਦੋਹਰਾ॥[4]

ਜੋ ਇਸਨਾਨ ਯਾ ਮੋ ਕਰੇ ਮਨ ਸਤਗੁਰ ਭਗਤ ਬਢਾਇ॥
ਬਿਨ ਪ੍ਰਿਆਸ ਮੁਕਤ ਲਹੇ ਮਮ ਬਚਨ ਨ ਬਿਰਥਾ ਜਾਇ॥੨੧॥
[5]ਇਸ ਸਰਵਰ ਊਪਰ ਉਡਤੇ ਜਾਇ॥ਕੋਈ ਪੰਛੀ ਸਹਜ ਸਭਾਇ॥
ਬਿਨਾ ਜਤਨ ਸੁ ਭਗਤ ਕੋ ਪਾਏ॥ਪਾਇ ਭਗਤ ਹਰਿ ਚਰਨ ਸਮਾਏ॥੨੨॥
ਯਹ ਭਗਤ ਸਰੋਵਰ ਅੰਮ੍ਰਿਤ ਭਰਾ॥ਸਤਗੁਰ ਦਿਆਲ ਪਰਗਟ ਜਗ ਕਰਾ॥
ਮੁਕਤ ਭੁਗਤ ਕੀ ਸੀੜੀ ਬਨੀ॥ਕਰੀ ਧਰਮ ਧੁਰੰਧਰ ਸਤਗੁਰ ਧਨੀ॥੨੩॥
ਹਰਿ ਨਾਮ ਛੇਤ੍ਰ ਭਜਨ ਕੋ ਮੂਲ॥ਜੋ ਪਰਸੇ ਤਿਸ ਕਲ ਲਗੇ ਨ ਸੂਲ॥
ਭਜਨ ਕਰੇ ਕੋ ਊਹਾ ਜਾਵੈ॥ਗੁਰ ਛੇਤ੍ਰ ਸੁਭਾਇ ਹਰਿ ਭਗਤ ਸਮਾਵੈ॥੨੪॥
ਬਿਨਾ ਭਗਤ ਤਹਿ ਅਵਰ ਨ ਕੋਇ॥ਨਾਟਕ ਚੇਟਕ ਤਹਾ ਨ ਕੋਇ॥
ਨਿਰਬਾਨ ਕੀਰਤਨ ਭਜਨ ਬਿਲਾਸ॥ਕੰਤੂਹਲ ਸੰਤ ਦਰਸ ਸੁਖ ਰਾਸ॥੨੫॥
[6]ਕਿਆ ਮਹਮਾ ਸਤਗੁਰ ਕਹੋ ਅੰਮ੍ਰਿਤਸਰ ਜਿਹ ਨਾਮ॥
ਸੁਰ ਨਰ ਮੁਨ ਜਨ ਤਿਸੁ ਭਜੈ ਮੁਕਤ ਦੁਆਰ ਗੁਰ ਧਾਮ॥੨੬॥

॥ਉਸਤਤ ਸ੍ਰੀ ਅੰਮ੍ਰਿਤਸਰ ਜੀ ਕੀ॥

॥ਸਵੈਯਾ॥[7]

ਸਭ ਖੇਦ ਮਿਟੇ ਮਨ ਕੇ ਦਰਸਨ ਕਰ ਸਭ ਬਿਧ ਕੇ ਕਰਨਾਕਰ ਹੈ॥
256/ੳ ਸਭ ਦੋਖ ਕਟੈ ਇਸਨਾਨ ਕੀਏ ਅਘ ਓਘਨ ਕੇ ਹਰਨਾਹਰ/ਹੈ॥
ਦਾਰਿਦ੍ਰ ਮਿਟੈ ਪਰਨਾਮ ਕੀਏ ਸਭ ਸੂਖਨ ਕੇ ਭਰਨਾਭਰ ਹੈ॥
ਹਰਿ ਭਗਤ ਬਸੇ ਹਿਰਦੇ ਪਰਸੇ ਮੁਕਤੇਸਰ ਸ੍ਰੀ ਅੰਮ੍ਰਿਤਸਰ ਹੈ॥੨੭॥

॥ਕਲ ਭਾਟ ਨੇ ਉਸਤਤ ਕੀਆ ਸ੍ਰੀ ਅੰਮ੍ਰਿਤਸਰ ਜੀ ਕੇ ਪਰਥਾਇ[8]॥

॥ਸਵੈਯਾ॥

ਛੁਟਤ ਪਰਵਾਹ ਅਮਿਯਾ ਅਮਰਾਪਦੁ ਅੰਮ੍ਰਿਤ ਸਰੋਵਰ ਸਦ ਭਰਿਆ॥
ਤੇ ਪੀਵਹਿ ਸੰਤ ਕਰਹਿ ਮਨ ਮੱਜਨੁ ਪੁਬਿ ਜਿਨਹੁ ਸੇਵਾ ਕਰੀਆ॥
ਤਿਨ ਭਉ ਨਿਵਾਰ ਅਨਭੈ ਪਦੁ ਦੀਨਾ ਸਬਦ ਮਾਤ੍ਰ ਤੇ ਉਧਰ ਧਰੇ॥
ਕਵਿ ਕਲ ਠਾਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥[9]

---

[1] ਇੱਥੇ ਸ਼ਬਦ 'ਪ੍ਰਭ' ਨਹੀਂ ਹੈ (ੳ,ਅ,ੲ)
[2] ਅਨਿਨ (ਸ)
[3] ਬਰਨਨ (ਸ)
[4] ਇੱਥੇ ਸਿਰਲੇਖ '॥ਸਤਗੁਰ ਬਾਚ॥ਦੋਹਰਾ॥' ਹੈ (ੳ,ਅ,ੲ,ਸ)
[5] ਇੱਥੇ ਸਿਰਲੇਖ '॥ਚੌਪਈ॥' ਹੈ (ਅ,ਸ)
[6] ਇੱਥੇ ਸਿਰਲੇਖ '॥ਦੋਹਰਾ॥' ਹੈ (ੳ,ਅ,ਸ)
[7] ਇੱਥੇ ਸਿਰਲੇਖ '॥ਸਵੈਯਾ॥ਉਸਤਤ ਸ੍ਰੀ ਅੰਮ੍ਰਿਤਸਰ ਜੀ ਕੀ॥' ਹੈ (ਅ,ੲ)
[8] ਇੱਥੇ ਸਿਰਲੇਖ '॥ਕਲ ਭਾਟ ਨੇ ਉਸਤਤ ਕੀਆ ਸ੍ਰੀ ਅੰਮ੍ਰਿਤਸਰ ਜੀ ਕੀ॥' ਹੈ (ਅ)
[9] ਇੱਥ 'ਛੁਟਤ ਪਰਵਾਹ ਅਮਿਯਾ..... ਗੁਰ ਰਾਮਦਾਸ ਸਰ ਅਭਰ ਭਰੇ॥' ਵਾਲਾ ਪਾਠ ਨਹੀਂ ਹੈ (ੳ)

॥ ਚੌਪਈ ॥

ਸਤਗੁਰ ਦਿਆਲ ਤਹ ਕੀਆ ਇਸਨਾਨ ॥ ਭਇਆ ਤੀਰਥ ਕਲਜੁਗ ਪਰਮਾਨ ॥
ਕੋ ਵਡਭਾਗੀ ਦਰਸਨੁ ਤਿਸ ਕਰੇ ॥ ਤਰੇ ਆਪ ਤਿਸ ਕੁਲ ਨਿਸਤਰੇ ॥ ੨੮ ॥
ਕੇਤਕ ਕਾਲ ਦਿਆਲ ਤਹਾ ਰਹੇ ॥ ਦੇ ਸਰਸਨ[1] ਜਗ ਨਿਸਤਾਰਤ ਭਏ ॥
ਸਭ ਕਰ ਸਨਾਨ ਦਰਸਨ ਗੁਰ ਕਰੇ ॥ ਅਤ ਪੁੰਨ ਪ੍ਰਤਾਪ ਭਗਤ ਸੰਚਰੇ ॥ ੨੯ ॥
ਪੁਨ ਆਏ ਪ੍ਰਭ ਗੋਬਿੰਦਵਾਲ ॥ ਅਤਭੁਤ ਲੀਲਾ ਪਰਮ ਬਿਸਾਲ ॥
ਗੁਰ ਲੀਲਾ ਮਹਮਾ ਕਹਨ ਨ ਆਵੈ ॥ ਸੇਸ ਮਹੇਸ ਨੇਤ ਮੁਖ ਗਾਵੈ ॥ ੩੦ ॥

॥ ਦੋਹਰਾ ॥

ਸਾਖੀ ਲੀਲਾ ਸਤਗੁਰੂ ਅੰਮ੍ਰਿਤਸਰ ਪਰਕਾਸ ॥
ਹੋਇ ਮਨ ਇਕੰਤ ਗੁਰਸਿਖ ਸੁਨੇ ਮਿਲੇ ਭਗਤ ਸੁਖ ਰਾਸ ॥ ੩੧ ॥

॥ ਸਾਖੀ ਪੂਰਨ ਹੋਈ ॥ ੧੧੮ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[1] ਦਰਸਨ (ੳ,ਅ,ੲ)

256/ਅ

[ਸਾਖੀ ਗੁਰੂ ਜੀ ਦਾ ਨਿਤ ਕਰਮ ਪਰਮ ਪਵਿਤ੍ਰ/ਬਿਵਹਾਰ][1]

॥ਦੋਹਰਾ॥

ਜੋ ਨਿਤ ਕਰਮ ਸਤਗੁਰ ਕਰੇ ਪਰਮ ਪੁਨੀਤ ਅਚਾਰ॥
ਸੁਨ ਗੁਰਸਿਖ ਮਨ ਚਿਤ ਧਰੇ ਭਵਨਿਧ ਉਤਰੇ ਪਾਰ॥੧॥

॥ਚੌਪਈ॥

ਪਹਰ ਰਾਤ ਪਿਛਲੀ ਜਬ ਰਹੇ॥ਤਜ ਸੈਨ ਸੁਭਾਵ ਜਾਗ੍ਰਤ ਗੁਰ ਗਹੇ॥
ਕਰ ਸੋਚਾਚਾਰ ਕਰੇ ਇਸਨਾਨ॥ਸਹਜ ਆਸਨ ਸਮਾਧ ਨਿਰਬਾਨ॥੨॥
ਨਿਰਬਿਕਲਪ ਨਿਜ ਪਦ ਸੁਖ ਲੀਨਾ॥ਅਨਭੈ ਜੁਗਤ ਸਹਜ ਧੁਨ ਬੀਨਾ॥
ਪੁਨ ਜਗੇ ਸਮਾਧ ਅੰਮ੍ਰਿਤ ਦ੍ਰਿਗ ਭਰੇ॥ਮਸਤਕ ਤਿਲਕ ਕੇਸਰ ਕੋ ਕਰੇ॥੩॥
ਪੁਨਿ ਬਸਤ੍ਰ ਪਹਰ ਸਿੰਘਾਸਨ ਬਹੈ॥ਤਹ ਲਾਹਾ ਗੁਰ ਦਰਸਨ ਸਿਖ ਲਹੈ॥
ਤਬ ਕੀਰਤਨ ਭਜਨ ਹੋਇ ਨਿਰਬਾਨ॥ਬਜੇ ਰਬਾਬ ਅਨਹਦ ਧਨ ਤਾਨ॥੪॥
ਪੁਨ ਸਿਖਨ ਹੋਇ ਸਤ ਉਪਦੇਸ॥ਜਹ ਨਹੀ ਅਗਿਆਨ ਭਰਮ ਕੋ ਲੇਸ॥
ਤਬ ਪ੍ਰਸਾਦ ਲੰਗਰ ਹੋਇ ਤਿਆਰ॥ਅੰਮ੍ਰਿਤ ਭੋਜਨ ਹੋਇ ਅਹਾਰ॥੫॥

॥ਦੋਹਰਾ॥

ਸਭ ਸੰਗਤ ਸੰਗ[2] ਭੋਜਨ ਕਰੇ ਅਰ ਅਥਿਤ ਜੋ ਹੋਇ॥
ਸਮਤ ਭਾਉ ਸਤ ਸੋ ਗੁਰ ਪ੍ਰਸਾਦਿ ਇਹੈ ਸੋਇ॥੬॥

॥ਚੌਪਈ॥

ਪੁਨਿ ਇਕੰਤ ਬੈਠੇ ਪ੍ਰਭ ਦਿਆਲ॥ਪੌਢੇ ਹੋਇ ਸਹਜਾ ਛਿਨ ਕਾਲ॥
ਜਬ ਕਥਾ ਸਮਾਗਮ ਹੋਇ ਤਿਆਰ॥ਤਬ ਬਹੇ ਸਭਾ ਕਰ ਗੁਰ ਕਰਤਾਰ॥੭॥
ਭਗਤ ਵੈਰਾਗ ਜੋਗ ਤਪ ਤਤ ਗਿਆਨ॥ਪੰਡਤ ਵਾਚੈ ਮਹਾ ਪੁਰਾਨ॥
ਬਡਭਾਗੀ ਗੁਰ ਭਗਤ ਸਰੋਤ॥ਮਸਤਕ ਭਾਗ ਉਦੇ ਜਿਸ ਹੋਤ॥੮॥
ਪੁਨ ਕੀਰਤਨ ਭਜਨ ਹੋਇ ਅਭੰਗ॥ਬਜੇ ਰਬਾਬ ਤਾਲ ਮ੍ਰਿਦੰਗ॥
257/ੳ ਸਤਗੁਰ ਸਨਮੁਖ ਸੰਗਤ ਸੁਨੇ॥ਤਿਨ ਸਫਲ ਜਨਮ ਬਡ/ਭਾਗੀ ਗੁਨੇ॥੯॥
ਸਹਜ ਸੁਭਾਉ ਸਤਗੁਰ ਕੇ ਇਹੇ॥ਪ੍ਰੇਮ ਰੰਗ ਮਾਤੇ ਸਦ ਰਹੇ॥
ਜਬ ਪ੍ਰੇਮ ਮੇਘ ਉਮਡ ਬਿਸਥਰੇ॥ਤਬ ਕਮਲ ਨੈਨ ਪ੍ਰੇਮ ਜਲ ਭਰੇ॥੧੦॥

॥ਦੋਹਰਾ॥

ਗੁਰ ਪ੍ਰੇਮ ਬ੍ਰਿਸਟਿ ਨੈਨਨ ਕਰੇ ਪਲਕਨ ਸੋ ਪਰੇ ਫੁਹਾਰ॥
ਜਲ ਸਹਜ ਕਟੋਰਾ ਧਰ ਰਖੇ ਸਤਗੁਰ ਅ੍ਰਗ੍ਰ[3] ਸੁਧਾਰ॥੧੧॥

॥ਚੌਪਈ॥

ਦ੍ਰਿਗ ਪ੍ਰੇਮ ਬਾਰ ਸਭ ਪਰੇ ਕਟੋਰੇ॥ਜਬ ਭਰੇ ਕਟੋਰਾ ਲਏ ਝਕੋਰੇ॥
ਗਿਆਨ ਸਰੂਪ ਸਤਗੁਰੂ ਦਿਆਲ॥ਸਭ ਪ੍ਰੇਮ ਨੀਰ ਅਚਵੇ ਤਿਹ ਕਾਲ॥੧੨॥
ਯਹ ਸਤਗੁਰ ਲੀਲਾ ਲਖੀ ਨ ਜਾਈ॥ਸੇਸ ਮਹੇਸ ਨੇਤ ਗੁਨ ਗਾਈ॥
ਇਹੁ ਪ੍ਰੇਮ ਬਿਹਾਰ ਗੁਰ ਦੇਖੇ ਕੋਇ॥ਪ੍ਰੇਮ ਅੰਕੁਰ ਹਿਰਦੇ ਤਿਸ ਹੋਇ॥੧੩॥
ਸਦ ਇੰਕਤ ਰਹੇ ਪ੍ਰਭ ਦਿਆਲ॥ਕਾਹੂ ਸੋ ਨ ਜਬਾਬੁ ਸਵਾਲ॥
ਤਬ ਸਭ ਸੰਗਤ ਦਰਸਨ ਹੋਇ॥ਜਬ ਹਰਿ ਪ੍ਰੇਮੀ ਆਵੈ ਕੋਇ॥੧੪॥
ਪੁਨ ਪਹਰ ਰਾਤ ਲਗ ਕੀਰਤਨ ਹੋਇ॥ਸੁਨੇ ਸਿਖ ਪਰਾਇਨ ਸੋਇ॥
ਤਬ ਸੈਨ ਕਰੇ ਪ੍ਰਭ ਕ੍ਰਿਪਾ ਨਿਧਾਨ॥ਤੀਨ ਅਵਸਥਾ ਸੋ ਨਿਰਬਾਨ॥੧੫॥
ਨਿਸਦਿਨ ਇਹ ਬਿਧ ਸੋ ਆਤੀਤ[4]॥[5]
ਅਬਗਤ ਲੀਲਾ ਲਖੀ ਨ ਜਾਇ॥ਪ੍ਰਭ ਕਰਨਹਾਰ ਕੋ ਸਗਲ ਸੁਹਾਇ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਇੱਥੇ ਸ਼ਬਦ 'ਸੰਗ' ਨਹੀਂ ਹੈ (ਅ)
[3] ਅ੍ਰਗ (ੳ,ਅ,ੲ,ਸ)
[4] ਬਿਧ ਹੋਇ ਬਤੀਤ (ੳ)
[5] ਨਿਸਦਿਨ ਇਹ ਬਿਧ ਸੋ ਆਤੀਤ॥ਸਤ੍ਰਿਰ ਸਭ ਬਿਧ ਸੌ ਅਤੀਤ॥ (ੳ,ਅ,ੲ,ਸ)

॥ਦੋਹਰਾ॥

ਗੁਰ ਨਿਤ ਕਰਮ ਕੀ ਕਥਾ ਕੋ ਸੁਨੇ ਸਿਖ ਚਿਤ ਲਾਇ॥
ਪਰਮ ਧਰਮ ਕੀ ਲਬਧ ਹੋਇ ਸਤਗੁਰ ਚਰਨ ਸਮਾਇ॥੧੭॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਗੁਰੂ ਜੀ ਦਾ ਸਭ ਸੰਗਤਾਂ ਨੂੰ ਪਰਮ ਧਰਮੀ ਸਿਖੀ ਦੀ ਰਹਨੀ ਉਪਦੇਸ ਕਰਨਾ][1]

॥ਦੋਹਰਾ॥

257/ਅ ਪਰਮ ਧਰਮ ਸਤਗੁਰ ਕੀਆ ਨਿਜ ਸਿਖਨ/ਕੋ ਉਪਦੇਸ॥
ਜਿਹ ਸਾਧਨ ਜੀਉ ਮੁਕਤ ਹੋਇ ਕਲ ਪਾਪ ਨ ਲਾਗੇ ਲੇਸ॥

॥ਮਕਰਾ ਛੰਦ[2]॥

ਗੁਰ ਦੀਨ ਦਿਆਲ ਪਿਆਰੇ॥ਤਬ ਦਇਆ ਰੂਪ ਧਾਰੇ॥
ਪਾਵਨ ਪੁਨੀਤ ਰਹਨੀ ਸੰਗਤ ਕਹੀ ਉਚਾਰਾ॥੨॥
ਸੁਨ ਸਿਖ ਸਜਨ ਪਿਆਰੇ॥ਦੁਰਲੰਭ ਜਨਮ ਧਾਰੇ॥
ਨਰ ਦੇਹ ਅਤ ਅਨੂਪੰ ਪਾਵੋ ਨ ਬਾਰ ਬਾਰਾ॥੩॥
ਬਿਨ ਰਾਮ ਭਗਤ ਕਰਨੀ॥ਵੈ ਨਰਕ ਸੁਰਗ ਭਰਨੀ॥
ਗਿਰ ਗਿਰ ਪਰੇ ਸੁ ਧਰਨੀ॥ਸ੍ਰੁਤ[3] ਸੰਤ ਮੁਨ ਪੁਕਾਰਾ॥੪॥
ਬਿਨ ਭਗਤ ਅਵਰ ਧਰਮਾ॥ਸਭ ਧਰਮ ਹੈ ਅਧਰਮਾ॥
ਭਗਵਤ ਪੁਰਾਨ ਗੀਤਾ ਸ੍ਰੀ ਮੁਖ ਹਰੀ ਪੁਕਾਰਾ॥੫॥

॥ਦੋਹਰਾ॥

ਸਭ ਸੰਗਤ ਕੋ ਸਤਗੁਰ ਕਰਾ ਸ੍ਰੀ ਮੁਖ ਸਬਦ ਉਚਾਰ॥
ਸੁਨ ਗੁਰ ਸਿਖਨ ਮਨ ਧਰਿਓ ਭਵਨਿਧ ਉਤਰੇ ਪਾਰ॥੬॥

॥ਭਗਤ ਰਹਨੀ ਸਲੋਕ ਸ੍ਰੀ ਮੁਖਵਾਕ ਸੰਗਤ ਪ੍ਰਿਤ ਉਪਦੇਸ॥

॥ਸਲੋਕ ਮਹਲਾ ੪॥

ਗੁਰ ਸਤਗੁਰ ਕਾ ਜੋ ਸਿਖ ਅਖਾਏ॥ਸੋ ਭਲਕੇ ਉਠ ਹਰਿ ਨਾਮੁ ਧਿਆਵੈ॥
ਉਦਮ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰ ਨਾਵੈ॥
ਉਪਦੇਸ ਗੁਰੂ ਹਰਿ ਹਰਿ ਜਪੁ ਜਾਪੈ ਸਭ ਕਿਲਬਿਖ ਪਾਪ ਦੋਖ ਲਹ ਜਾਵੈ॥
ਫਿਰ ਚੜੇ ਦਿਵਸ ਗੁਰਬਾਨੀ ਗਾਵੈ॥ਬਹੰਦਿਆ ਉਠੰਦਿਆ ਹਰਿ ਨਾਮੁ ਧਿਆਵੈ॥
ਜੋ ਸਾਸ ਗਿਰਾਸ ਧਿਆਵੈ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨ ਭਾਵੈ॥
ਜਿਸਨੂ ਦਿਆਲ ਹੋਵੈ ਮੇਰਾ ਸੁਆਮੀ ਤਿਸ ਗੁਰਸਿਖ ਗੁਰੂ ਉਪਦੇ[4] ਸੁਨਾਵੈ॥
ਜਨ ਨਾਨਕ ਧੂੜ ਮੰਗੈ ਤਿਸ ਗੁਰਸਿਖ ਕੀ ਜੋ ਆਪ ਜਪੈ ਅਵਰਹ ਨਾਮੁ ਜਪਾਵੈ॥

॥ਚੌਪਈ॥

ਜਬ ਸ੍ਰੀ ਗੁਰ ਮੁਖ ਉਪਦੇਸ ਯਹ ਸੁਨਾ॥ਬਡੇ ਭਾਗ ਸੰਗਤ ਸਭ ਗਨਾ॥
258/ੳ /ਹਿਰਦੇ ਰਾਖਾ ਦਿੜ ਮਨ ਭਾਇ॥ਜਿਉ ਚੜੇ ਰਤਨ ਕੰਚਨ ਸੁ ਸੁਹਾਇ॥੭॥
ਗੁਰ ਬਚਨ ਰਤਨ ਮਨ ਕੰਚਨ ਸੰਗਤ॥ਸੁਧ ਭਏ ਸਤਗੁਰ ਕੀ ਪੰਗਤ[5]॥
ਜਿਉ ਪਾਰਸ ਪਰਸ ਹੇਮ ਹੋਇ ਧਾਤ॥ਮਿਟੇ ਦੋਖ ਬਰਨ ਅਉ ਜਾਤ॥੮॥
ਹੋਇ ਇਸੀ ਭਾਤ ਨਿਤ ਪ੍ਰਤ ਉਪਦੇਸ॥ਕਲ ਪਾਪ ਨ ਲਾਗੇ ਸੰਗਤ ਲੇਸ॥
ਬਹੁਤ ਬਖਸ ਸਿਖਨ ਕੋ ਭਏ॥ਸਿਧ ਸਮਾਜ ਬਹੁਤਨ ਕੋ ਦਏ॥੯॥
ਗੁਨ ਅਲੇਖ ਗੁਰ ਲਿਖੇ ਨ ਜਾਇ॥ਗੁਰ ਕਰਤਾਰਹ ਸਹਜ ਸੁਭਾਇ॥
ਪ੍ਰਭ ਕੰਠ ਲਗਾਇ ਰਾਖੋ ਨਿਜ ਦਾਸ॥ਸਾਸ ਗਿਰਾਸ ਤੁਮਰੀ ਆਸ॥੧੦॥

॥ਦੋਹਰਾ॥

ਪਿੰਗਲ ਪਰਬਤ ਨਹ ਚੜੇ ਮੂਕ ਨ ਉਚਰਤ ਬੇਦ॥
ਗੁਰ ਮਹਿਮਾ ਕੈਸੇ ਕਥੋ ਜੋ ਅਗਮ ਅਲੇਖ ਅਭੇਦ॥੧੧॥

॥ਸਾਖੀ ਪੂਰਨ ਹੋਈ॥੧੨੦॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਇੱਥੇ ਸਿਰਲੇਖ '॥ਅਕਰਾ ਛੰਦ॥' ਹੈ (ਸ)
[3] ਸਵ੍ਰਤ (ੳ,ਸ)
[4] ਉਪਦੇਸ (ੳ,ਅ,ੲ,ਸ)
[5] ਸੰਗਤ (ੳ,ਅ)

[ਸਾਖੀ ਸ੍ਰੀ ਸਤਗੁਰੂ ਜੀ ਕੇ ਜੋਤੀ ਜੋਤ ਸਮਾਵਾਣੇ ਕੀ][1]

॥ਦੋਹਰਾ॥

ਹਰਿ ਨਿਰਗੁਣ ਸਰਗੁਨ ਰੂਪ ਧਰ ਜਗ ਮੋ ਕਰੇ ਬਿਹਾਰ॥
ਸਤਗੁਰ ਸਰੂਪ ਅਦਭੁਤ ਜਗਤ ਜਿਹ ਦਰਸਨ ਭਵਨਿਧ ਪਾਰ॥੧॥

॥ਚੌਪਈ॥

ਅਸਚਰਜ ਰੂਪ ਸਤਗੁਰੂ ਦਿਆਲ॥ਜਿਸ ਦਰਸਨ ਜਗ ਹੋਇ ਨਿਹਾਲ॥
ਨਰ ਮੁਘਧ ਮਲੀਨ ਹੋਹਿ ਸੁਰ ਦੇਵ॥ਸਫਲ ਜਨਮ ਸਤਗੁਰ ਕੀ ਸੇਵ॥੨॥
ਪਰਮ ਧਾਮ ਗੁਰ ਚਿਤਵਨ ਕੀਨਾ॥ਯਹਿ ਬਿਧ ਸਿਖਨ ਕੋ ਕਹਿ ਦੀਨਾ॥
ਸਭ ਸੰਗਤ ਲਿਖ ਹੁਕਮ ਪਠਾਵੋ॥ਮਮ ਦਰਸਨ ਕੋ ਸਭ ਮਿਲ ਆਵੋ॥੩॥
ਜਬ ਸੰਗਤ ਕੋ ਹੁਕਮੁ ਗੁਰ ਗਇਆ[2]॥ਦੇਖਤ ਹੁਕਮ ਨਿਸਚੇ ਮਨ ਭਇਆ[3]॥
258/ਅ /ਸਗਲ ਸਿਖ ਮਿਲ ਦਰਸਨ ਆਏ॥ਆਇ ਸਤਗੁਰ ਕੇ ਦਰਸਨ ਪਾਏ॥੪॥
ਸਭ ਸੰਗਤ ਪ੍ਰਿਤ ਪ੍ਰਭ ਬਚਨ ਬਖਾਨਾ॥ਅਬ ਪਰਮ ਧਾਮ ਮੈ ਕਰੋ ਪਿਆਨਾ॥
ਮਮ ਪਾਛੈ ਭਜਨ ਕੀਰਤਨ ਕਰਨਾ॥ਸੋਕ ਬਿਓਗ ਮਨ ਮੋ ਨਹੀ ਧਰਨਾ॥੫॥

॥ਦੋਹਰਾ॥

ਨਿਜ ਸਰੂਪ ਮੈ ਲੀਨ ਹੋਹੁ ਜਨਮ ਮਰਨ ਮੋਹ ਨਾਹ॥
ਜੋ ਮੋ ਕੋ ਐਸੇ ਬੁਝੇ ਸੋ ਮੋ ਪਦ ਮਾਹਿ ਸਮਾਹਿ॥੬॥

॥ਚੌਪਈ॥

ਸੋਲਹ ਸੌ ਅਠ[4] ਸੰਮਤ ਰਹਾ॥ਭਾਦੌ ਸੁਦੀ ਤ੍ਰਿਤੀਆ ਥਿਤ ਅਹਾ॥
ਪਹਰ ਰਾਤ ਪਿਛਲੀ ਜਬ ਰਹੀ॥ਤਬ ਸਤਗੁਰ ਦਿਆਲ ਸਿਖਨ ਸੋ ਕਹੀ॥੭॥
ਲਿਆਵੋ ਜਲ ਮੈ ਕਰੌ ਸਨਾਨੁ॥ਅਰੁ ਕੀਰਤਨ ਹੋਵੈ ਨਿਰਬਾਨ॥
ਅੰਮ੍ਰਿਤ ਜਲ ਸਨਾਨ ਪ੍ਰਭ ਕੀਨਾ॥ਭੂਮ ਆਸਨ ਹੋਏ ਹੋਏ ਆਸੀਨਾ॥੮॥
ਸਭ ਸੰਗਤ ਕੋ ਲੀਆ ਬੁਲਾਇ॥ਸਭ ਪਰ ਖੁਸੀ ਭਈ ਗੁਰ ਭਾਇ॥
ਜੋ ਜਿਹ ਮਨ ਮੋ ਚਿਤਵਨ ਕੀਨਾ॥ਮਨ ਬਾਛਤ ਫਲ ਸਭ ਕੋ ਦੀਨਾ॥੯॥
ਸਭ ਸੰਗਤ ਆਗਿਆ ਕਰੀ ਦਿਆਲ॥ਮੈ ਪਰਮ ਧਾਮ ਜਾਨਾ ਇਹ ਕਾਲ॥
ਪਾਛੇ ਭਜਨ ਕੀਰਤਨ ਤੁਮ ਕਰਨਾ॥ਕੁਛ ਸੋਗ ਬਿਓਗ ਨਹੀ ਮਨ ਧਰਨਾ॥੧੦॥

॥ਦੋਹਰਾ॥

ਪ੍ਰਿਥੀ ਚੰਦ ਅਰੁ ਮਹਾਦੇਵ ਦਿਆਲ[5]॥
ਆਏ ਸਭ ਚਰਨੀ ਪਰੇ ਖੁਸੀ ਭਈ ਤਿਹ ਕਾਲ॥੧੧॥

॥ਚੌਪਈ॥

ਤਬ ਅਦਭੁਤ ਚਲਤ ਦਿਆਲ ਗੁਰ ਕੀਨ॥ਜੋਤ ਮਾਹ ਜੋਤ ਭਈ ਲੀਨ॥
ਜੈਸੇ ਜਲ ਮੋ ਜਲ ਮਿਲ ਜਾਇ॥ਅਗਨ ਮਾਹਿ ਜਿਉ ਅਗਨ ਸਮਾਇ॥੧੨॥
ਜਿਮ ਅਕਾਸ ਪਵਨ ਹੋਇ ਲੀਨ॥ਅਚਰਜ ਲੀਲਾ ਸਤਗੁਰ ਕੀਨ॥
ਜਿਹ ਆਵਨੁ ਜਾਨੁ ਨਿਕਟਿ ਨਹ ਦੂਰ॥ਪ੍ਰਭ ਪੂਰਨ ਜੋਤ ਰਹੇ ਸਭ ਪੂਰ॥੧੩॥
259/ੳ ਮਿਲ ਸੰ/ਗਤ ਰਚਿਓ ਪਵਿਤ੍ਰ ਬਿਬਾਨ॥ਸਤਗਰ ਦੇਹ ਕਰਾ ਇਸਨਾਨ॥
ਅਤ ਪਵਿਤ੍ਰ ਬਸਤ੍ਰ ਪਹਰਾਏ॥ਤੀਰਥ ਬਿਪਾਸਾ ਚਿਤਾ ਸੁਹਾਏ॥੧੪॥
ਭਜਨ ਕਰਤ ਲੇ ਚਲੇ ਬਿਬਾਨ॥ਸਭ ਮਗ ਬਿਵਹਾਰ ਭਏ ਪਰਮਾਨ॥
ਬਿਪਾਸਾ ਕੰਠੇ ਭਇਆ ਸਿਸਕਾਰ॥ਹਰਿ ਗੁਰ ਲੀਲਾ ਅੰਤ ਨ ਪਾਰ॥੧੫॥

॥ਦੋਹਰਾ॥

ਪਰਮ ਚਲਿਤ੍ਰ ਸਤਗੁਰ ਕਥਾ ਜੋ ਪੜੇ ਸੁਨੇ ਬਿਚਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਕੇਆ (ਅ), ਗੇਆ (ੲ)
[3] ਭਿਆ (ਅ), ਭੇਆ (ੲ)
[4] ਅਠਸਠ (ੳ)
[5] ਪ੍ਰਿਥੀ ਚੰਦ ਅਰੁ ਮਹਾਦੇਵ ਅਰਜਨ ਦੇਵ ਦਿਆਲ॥ (ੳ,ੲ)

ਗੁਰਸਿਖੀ ਤਾ ਕੋ ਮਿਲੇ ਭਵਨਿ[1] ਉਤ੍ਰੇ ਪਾਰ॥੧੬॥

॥ਦੋਹਰਾ॥

ਸੋਢੀ ਕੁਲ ਹਰਦਾਸ ਪਿਤ ਦਇਆ ਮਾਤ ਰਮਦਾਸ॥
ਭਾਨੀ ਪਤਿ ਸੁਤ ਅਰਜਨੋ ਮਹਾ ਦੇਵ ਪ੍ਰਿਥੀਆਸ॥੧੭॥[2]

॥ਸਾਖੀ ਪੂਰਨ ਹੋਈ॥੧੨੧॥[3]

੬ ਛਿਅ ਬਰਖ ੧੧ ਯਾਰਾ ਮਹੀਨੇ ੧੮ ਅਠਾਰਾਂ ਦਿਨ॥ਸ੍ਰੀ ਗੁਰੂ ਰਾਮਦਾਸ ਜੀ ਸਾਹਿਬ ਗੁਰਆਈ ਵਿਚ ਸਰੀਰ ਰਖਿਆ॥

---

[1] ਭਵਨਿਧ (ੳ,ਅ,ੲ,ਸ)

[2] ਇੱਥੇ 'ਦੋਹਰਾ॥ਸੋਢੀ ਕੁਲ....ਦੇਵ ਪ੍ਰਿਥੀਆਸ॥' ਵਾਲਾ ਪਾਠ 'ਗੁਰਆਈ ਵਿਚ ਸਰੀਰ ਰਖਿਆ॥' ਤੋਂ ਬਾਅਦ ਵਿਚ ਹੈ (ਅ,ੲ,ਸ)

[3] ਇੱਥੇ '॥ਸਾਖੀ ਪੂਰਨ ਹੋਈ॥ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥'ਵਾਲਾ ਪਾਠ 'ਗੁਰਆਈ ਵਿਚ ਸਰੀਰ ਰਖਿਆ॥' ਤੋਂ ਬਾਅਦ ਵਿਚ ਹੈ (ਸ)

॥ੴ ਸਤਿਗੁਰ ਪ੍ਰਸਾਦਿ॥

[ਸਾਖੀ ਲੀਲਾ ਪਾਤਿਸਾਹੀ ਪੰਜਵੀ ਕੀ]

॥ਦੋਹਰਾ॥

ਘਨ ਆਗੇ[1] ਜਿਮ ਰਵਿ ਲੁਕੇ ਹੋਇ ਨ ਕਾਹੂ ਭਾਸ॥
ਜਬ ਭਇਆ ਨਿਵਰਤ ਅਗਿਆਨ ਘਨ ਸਤਗੁਰ ਰਵਿ ਭਇ ਪ੍ਰਕਾਸ॥੧॥

॥ਚੌਪਈ॥

ਗੁਰਪੁਰਬ ਅਰੰਭ ਸਤਿਗੁਰ ਕਾ ਕੀਨਾ॥ਸਭ ਬਿਪ੍ਰ ਅਥਿਤਨ ਨਿਵਤਾ ਦੀਨਾ॥
ਦੇਸ ਦੇਸ ਕੀ ਸੰਗਤ ਆਈ॥ਮਿਲ ਕੀਰਤਨ ਭਜਨ ਕਰੇ ਗੁਰਭਾਈ॥੨॥
259/ਅ ਸ੍ਰੀ ਮੋਹਰੀ ਜੀ ਜਾ/ਨ ਪ੍ਰਬੀਨ॥ਗੁਰ ਪਰਗਟ ਕਰਨ ਅਰੰਭ ਮਨ ਕੀਨ॥
ਸਭ ਸਿਖ ਸੰਗਤ ਇਕਤ੍ਰ ਹੋਇ ਆਏ॥ਤੀਨੋ ਸਾਹਿਬ ਲੀਏ ਬੁਲਾਏ॥
ਪ੍ਰਿਥੀ ਚੰਦ ਮਹਾਦੇਵ ਸੁਜਾਨ॥ਅਰਜਨ ਦੇਵ ਅਲਖ ਮਹਾਨ॥੪॥
ਸ੍ਰੀ ਮੋਹਰੀ ਸਾਹਬ ਬਾਤ ਚਲਾਈ॥ਸੰਗਤ ਕਿਸ ਕੇ ਲਾਗੇ ਪਾਈ॥
ਸ੍ਰੀ ਗੁਰ ਰਾਮਦਾਸ ਕਾਹੂ ਤਿਲਕ ਨ ਦੀਨ[2]॥ਤੁਮ ਤੀਨੋ ਸੁਤ ਹੋ ਪਰਮ ਪਰਬੀਨ[3]॥੫॥

॥ਦੋਹਰਾ॥

ਤਿਲਕ ਸਿੰਘਾਸਨ ਅਮਰ ਗੁਰ ਦੀਨਾ ਗੁਰ ਰਾਮਦਾਸ॥
ਅਟਲ ਗੁਰਆਈ ਸਦਾ ਦਈ ਗੁਰ ਰਾਮਹਿ ਕੁਲਹਿ ਨਿਵਾਸ॥੬॥

॥ਚੌਪਈ॥

ਤੁਮਰੇ ਪਿਤਾ ਕੋ ਤਿਲਕ ਸਿੰਘਾਨ[4]॥ਜੋ ਲਾਇਕ ਸੋ ਬੈਸੇ ਆਸਨ॥
ਅਉਰ ਕਾਹੂ ਕੋ ਦਾਵਾ ਨਾਹੀ॥ਗੁਰੂ ਅਮਰ ਦਾਤ ਸੋ ਫਿਰਨ ਫਿਰਾਹੀ॥
ਤਬ ਪ੍ਰਿਥੀ ਚੰਦ ਮਹਾਦੇਵ ਬੋਲੇ॥ਅਤਿ ਬਿਨੀਤ ਮੁਖ ਬਚਨ ਅਮੋਲੇ॥
ਹੇ ਸਾਹਬ ਏਹੁ ਭਗਤ ਸਿੰਘਾਸਨ॥ਬੈਠੇ ਸੋ ਜੋ ਲਾਇਕ ਆਸਨ॥

॥ਬਾਬਾ ਪ੍ਰਿਥੀ ਚੰਦ ਵਾਚ॥

॥ਚੌਪਈ॥[5]

ਮਮ ਪਿਤਾ ਦਾਤ ਅਮਰ ਗੁਰ ਦੀਨਾ॥ਤਬ ਬਚਨ ਬਖਸ ਅਰਜਨ ਕੋ ਕੀਨਾ॥
ਬਾਨੀ ਬੋਹਥ ਸ੍ਰੀ ਮੁਖ ਕਹਾ॥ਤਬ ਤੇ ਨਿਸਚਾ ਹਮ ਮਨ ਰਹਾ॥੯॥
ਹਮ ਗੁਰ ਸਿੰਘਾਸਨ ਕੋ ਜਜੈ॥ਜੋ ਬਹੇ ਸਿੰਘਾਸਨ ਤਾ ਕੋ ਭਜੈ॥
ਮਾਨਸ ਥਾਪੇ ਗੁਰੂ ਨ ਹੋਇ॥ਆਪੇ ਆਪ ਨਿਰੰਜਨ ਸੋਇ॥੧੦॥

॥ਦੋਹਰਾ॥

ਗੁਰਆਈ ਅਰਜਨ ਦੇਵ ਕੋ ਬਖਸੀ ਅਮਰ ਕਰਤਾਰ॥
ਤਿਲਕੁ ਸਿੰਘਾਸਨ ਤਿਸ ਸਜੇ ਹਮ ਤਿਸ ਪੂਜਨਹਾਰ॥੧੧॥

॥ਚੌਪਈ॥

ਤਬ ਸਨਮੁਖ ਸਾਹਿਬ ਮੋਹਰੀ ਦਿਆਲ॥ਯਹ ਬਿਧ ਸੁਨ ਮਨ ਭਏ ਖੁਸਾਲ॥
260/ੳ ਸ੍ਰੀ ਅਰਜਨ ਦੇਵ ਤਬ ਲੀਏ ਬੁਲਾਏ॥ਸ/ਤਗੁਰ ਸਿੰਘਾਸਨ ਪਰ ਬੈਠਾਏ॥
ਮੋਹਰੀ ਸਾਹਿਬ ਤਿਲਕੁ ਤਬ ਲੀਨਾ॥ਨਿਜ ਕਰ ਨਲਏਰ ਭੇਟ ਤਬ ਕੀਨਾ॥
ਪ੍ਰਗਟ ਜੋਤ ਜਗਮਗ ਉਜਿਆਰਾ॥ਸਭ ਸੰਗਤ ਕੀਆ ਜੈ ਜੈਕਾਰਾ॥
ਪੂਜਾ ਅਰਚਾ ਸੰਗਤ ਕਰੀ॥ਪ੍ਰਗਟ ਜੋਤ ਸਤਗੁਰ ਨਰਹਰੀ॥
ਗੁਰ ਅਰਜਨ ਦੇਵ ਜਗ ਕੀਆ ਪ੍ਰਕਾਸਾ॥ਦੇਖ ਦਰਸਨ ਮਨ ਪੂਰੇ ਆਸਾ॥

---

[1] ਘਨ ਆਂਡੇ (ੳ,ਅ,ੲ)
[2] ਦੀਨਾ (ੳ,ਅ,ੲ)
[3] ਪਰਬੀਨਾ (ੳ,ਅ,ੲ)
[4] ਸਿੰਘਾਸਨ (ੳ,ਅ,ੲ)
[5] ਇੱਥੇ ਸਿਰਲੇਖ '॥ਬਾਬਾ ਪ੍ਰਿਥੀ ਚੰਦ ਵਾਚ॥ਚੌਪਈ॥' ਨਹੀਂ ਹੈ (ੳ,ੲ), ਇੱਥੇ ਸਿਰਲੇਖ '॥ਬਾਬਾ ਪ੍ਰਿਥੀ ਚੰਦ ਵਾਚ॥' ਹੈ (ਅ)

ਪੁਨ ਪ੍ਰਿਥੀ ਚੰਦ ਰੋਸ ਮਨ ਕੀਨਾ[1] ॥ ਦੇਖਿ ਬਿਭੂਤ ਮਨ ਭਇਆ ਮਲੀਨਾ ॥
ਥਾਪਿਆ ਥਪੇ ਨ ਕੀਤਾ ਹੋਇ ॥ ਜਿਸ ਪ੍ਰਗਟ ਪ੍ਰਤਾਪ ਜਗਤ ਗੁਰ ਸੋਇ ॥ ੧੫ ॥

॥ ਦੋਹਰਾ ॥

ਜਬ ਭ੍ਰਮ ਘਨ ਆਡ ਨਿਵਰਤ ਹੋਇ ਤਬ ਪ੍ਰਗਟੇ ਸਤਗੁਰ ਭਾਨ ॥
ਭਗਤ ਪ੍ਰਕਾਸ ਸਰਬੰ ਭਇਆ ਸਰਬ ਭਇਆ ਗੁਰ ਗਿਆਨ ॥ ੧੬ ॥

॥ ਪ੍ਰਥਮ ਪਰਸੰਗ ਸਤਗੁਰ ਪ੍ਰਕਾਸ ਸੰਪੂਰਨੰ ॥[2]

[1] ਰੀਨਾ (ਸ)
[2] ਇੱਥੇ ' ॥ ਪ੍ਰਥਮ ਪਰਸੰਗ ਸਤਗੁਰ ਪ੍ਰਕਾਸ ਸੰਪੂਰਨੰ ॥ ' ਵਾਲੀ ਪੰਕਤੀ ਤੋਂ ਬਾਅਦ 'ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥ ' ਵਾਲੀ ਪੰਕਤੀ ਹੈ (ੳ,ਅ,ਸ)

[ਸਾਖੀ ਗੁਰੂ ਜੀ ਦੀ ਉਸਤਤ ਲੀਲਾ][1]

॥ਦੋਹਰਾ॥

ਹਰਿ ਗੁਰਬਾਨੀ ਰੂਪ ਧਰ ਕੀਨਾ ਜਗਤ ਪ੍ਰਕਾਸ॥
ਗਿਆਨ ਭਾਨ ਕੇ ਉਦੇ ਤੇ ਤਿਮਰ ਅਗਿਆਨ ਬਿਨਾਸ॥

॥ਸ੍ਵੈਯਾ॥

ਭਗਤ ਸਿੰਘਾਸਨ ਬੈਠ ਦਿਆਲ ਸੁ ਬਾਨੀ ਹਰਿ ਜਸੁ ਛਤ੍ਰੰ ਧਰਿਓ॥
ਤਾ ਕੋ ਪ੍ਰਕਾਸ ਭਇਓ ਤਿਹ ਮੰਡਲ ਸਭ ਘਟ ਤਾਸ ਸੁਬਾਸ ਕਰਿਓ॥
ਫੁਨਿ ਤਤ ਗਿਆਨ ਉਦਾਰ ਉਚਾਰ ਦਸੋ ਦਿਸ ਪਾਵਨ ਚਮਰ ਢੁਰਿਓ॥
ਸ੍ਰੀ ਅਰਜਨ ਦੇਵ ਅਪਾਰ ਗੁਰੂ ਜਗ ਕੀਰਤ ਹਰਿ ਜਸੁ ਅਮਰ ਫੁਰਿਓ॥੨॥
ਹਰਿ ਭਗਤ ਉਦਾਰ ਸਰੋਵਰ ਧਾਰ ਕੇ ਪ੍ਰੇਮ ਕੇ ਬਾਰ ਸੁਧਾਰ ਭਰਿਓ॥
ਤਿਹ ਜੋਗੁ ਵੈਰਾਗ ਸੁ ਭਗਤ ਗਿਆਨ ਰੁਚਰ ਸੁਭ ਘਾਟ ਸੁਚਾਰ ਕਰਿਓ[2]॥
260/ਅ ਸਭ ਸੰਗਤ ਸਿਖ ਸਨਾਨ ਕਰੇ ਗੁਰ ਮੰਤ੍ਰ/ਬਿਚਾਰ ਸੌ ਧਿਆਨੁ ਧਰਿਓ॥
ਸ੍ਰੀ ਅਰਜਨ ਦੇਵ ਦਿਆਲ ਗੁਰੂ ਦੇ ਦਰਸਨ ਸ੍ਰਿਸਟ ਓਧਾਰ ਕਰਿਓ॥

॥ਦੋਹਰਾ॥

ਸਭ ਸੰਗਤ ਕੋ ਉਪਦੇਸ ਹੋਇ ਸੁਭ ਕਰਮ ਕਰੋ ਮਨ ਪ੍ਰੀਤ॥
ਨਾਮ ਦਾਨ ਇਸਨਾਨ ਇਹ ਪੂਰਨ ਭਗਤ ਬਿਨੀਤ॥੪॥

॥ਦੋਹਰਾ॥[3]

ਇਨ ਕਰਮਨ ਤੇ ਭਗਤ ਹੋ ਸੋ ਦਾਇਕ ਤਤ ਗਿਆਨ॥
ਭਗਤ ਗਿਆਨ ਹੋਇ ਪ੍ਰੇਮ ਜੁਤ ਪਾਵੈ ਪਦੁ ਨਿਰਬਾਨ॥੫॥

॥ਚੌਪਈ॥

ਸ੍ਰੀ ਮੁਖ ਇਹੁ ਉਪਦੇਸ ਸੁਨਾਵੈ॥ਸਭ ਸੰਗਤ ਕੇ ਰਿਦੇ ਬਸਾਵੈ॥
ਉਰ ਧਾਰਤ ਹੋਵਤ ਪ੍ਰਕਾਸ॥ਸੰਗ ਬਾਵਨ ਚੰਦਨ ਢਾਕ ਪਲਾਸ॥
ਕਰ ਕਿਰਪਾ ਸੰਗਤ ਕਰੀ ਉਧਾਰ॥ਭਗਤ ਰੂਪ ਧਾਰਿਓ ਕਰਤਾਰ॥
ਸਤਗੁਰ ਮਹਿਮਾ ਕਹੀ ਨ ਜਾਇ॥ਸੇਸ ਗਨੇਸ ਕਹਿ ਕਹ ਸੁਕਚਾਹਿ॥੭॥
ਬਲਵੰਡ ਪੁਤ੍ਰ ਸਤਾ ਤਹ ਆਇਆ॥ਆਨ ਹਜੂਰ ਰਬਾਬ ਬਜਾਇਆ॥
ਗੁਰ ਉਸਤਤਿ ਕਰਿ ਗਾਵਨ ਲਾਗਾ॥ਕਰੇ ਭਜਨ ਪ੍ਰੇਮ ਰਸ ਪਾਗਾ॥੮॥
ਪਉੜੀ ਕਰ ਉਸਤਤ ਮੁਖਿ ਗਾਈ॥ਟਿਕੇ ਕੀ ਵਾਰ ਮਾਹਿ ਸੋ ਲਾਈ॥
ਸਤਗੁਰ ਤਾ ਪਰ ਕ੍ਰਿਪਾ ਕਰੀ॥ਸੰਗ ਵਾਰ ਲਗਾਇ ਗ੍ਰਿੰਥ ਲਿਖ ਧਰੀ॥

॥ਪੌੜੀ ਟਿਕੇ ਕੀ ਵਾਰ ਕੀ[4]॥

ਚਾਰੇ ਜਾਗੇ ਚਹੁ ਜੁਗੀ ਪੰਚਾਇਨ ਆਪੇ ਹੋਇਆ॥
ਆਪੀਨੈ ਆਪ ਸਾਜਿਓ ਆਪੇ ਹੀ ਥੰਮ ਖਲੋਆ॥
ਆਪੇ ਪਟੀ ਕਲਮ ਆਪ ਆਪ ਲਿਖਨਹਾਰਾ ਹੋਰਾ॥
ਸਭ ਉਮਤ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ॥
ਤਖਤ ਬੈਠਾ ਅਰਜਨ ਗੁਰੂ ਸਤਗੁਰ ਕਾ ਖਿਵੈ ਚੰਦੋਆ॥
ਉਗਵਣ ਤੇ[5] ਆਥਵਣਹੁ ਚਹੁ ਚਕੀ ਕੀਤੋਨੁ ਲੋਆ॥
ਜਿਨਾ ਗੁਰੂ ਨ ਸੇਵਿਓ ਮਨਮੁਖੀ ਪੈਆ ਮੋਆ॥
261/ੳ ਦੂਨੀ ਚਉਨੀ ਕਰਾ/ਮਾਛ[1] ਸਚੇ ਕਾ ਸਚਾ ਢੋਆ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਧਰਿਓ (ਅ)
[3] ਇੱਥੇ ਸਿਰਲੇਖ '॥ਦੋਹਰਾ॥' ਨਹੀਂ ਹੈ (ੳ,ਅ,ੲ,ਸ)
[4] ਇੱਥੇ ਸਿਰਲੇਖ '॥ਪੌੜੀ ਵਾਰ ਕੀ॥' ਹੈ (ਅ,ੲ), ਇੱਥੇ ਸਿਰਲੇਖ '॥ਪੌੜੀ ਟਿਕੇ ਕੀ ਵਾਰ॥' ਹੈ (ਸ)
[5] ਉਗਵਣਹੁ (ਅ,ੲ,ਸ)
[1] ਕਰਾਮਾਤ (ੳ,ਅ,ੲ,ਸ)

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥੯॥

॥ਦੋਹਰਾ॥

ਸੁਨ ਉਸਤਤ ਪੌੜੀ ਵਾਰ ਕੀ ਸਭ ਸੰਗਤ ਭਈ ਪ੍ਰਸੰਨ॥
ਅਤ ਨਿਸਚੇ ਮਨ ਮੈ ਭਈ ਧਨ ਗੁਰੂ ਜਗ ਧੰਨ॥੧੦॥

॥ਚੌਪਈ॥

ਕਲ ਅਉ ਮਥੁਰਾ ਭਟ ਪੁਨ ਆਏ॥ਅਤ ਭਾਇ ਭਗਤ ਪ੍ਰੇਮ ਰਸ ਛਾਏ॥
ਗੁਰ ਚਰਨ ਪਰਸ ਮਨ ਪਾਈ ਸਾਂਤ॥ਗੁਰ ਉਸਤਤ ਕੀਨੀ ਬਹੁ ਭਾਂਤ॥੧੧॥

॥ਆਗੇ ਉਸਤਤ ਸਵੈਯੇ ਕਲ ਕੇ॥[1]

ਇਕ ਮਨ ਪੁਰਖ ਨਿਰੰਜਨ ਧਿਆਵੋ॥ਗੁਰ ਪ੍ਰਸਾਦਿ ਹਰਿ ਗੁਨ ਸਦ ਗਾਵੋ॥
ਗੁਨ ਗਾਵਤ ਮਨ ਹੋਇ ਬਿਗਾਸ[2]॥ਸਤਿਗੁਰ ਪੂਰ ਜਨੇ ਕੀ ਆਸ[3]॥
ਸਤਗੁਰ ਸੇਵ ਪ੍ਰਮ ਪਦ ਪਾਵੋ[4]॥ਅਬਨਾਸੀ ਅਬਗਤ ਧਿਆਯੋ॥
ਤਿਸੁ ਭੇਟੇ ਦਾਲਿਦ੍ਰ ਨ ਚੰਪੈ॥ਕਲ ਸਹਾਰ ਤਾਸ ਗੁਨ ਜੰਪੈ॥
ਜੰਪੇ ਗੁਨ ਬਿਮਲ ਸੁਜਨ ਜਨ ਕਰੇ ਅਮਿਓ ਨਾਮੁ ਜਾ ਕੋ ਫੁਰਿਆ॥
ਇਨ ਸਤਗੁਰ ਸੇਵ ਸਬਦ ਰਸ ਪਾਇਆ ਨਾਮ ਨਿਰੰਜਨ ਉਰ ਧਰਿਆ॥
ਹਰਿ ਰਸਕ ਗੋਬਿੰਦ ਗੁਨ ਗਾਹਕ ਚਾਹਕ ਤਤ ਸਮਤ ਸਰੇ॥
ਕਬ ਕਲ ਠਕੁਰ ਹਰਿਦਾਸ ਤਨੇ ਗੁਰੂ ਰਾਮਦਾਸ ਸਰ ਅਭਰ ਭਰੇ॥

॥ਸਵਯੇ ਕਲ ਕੇ॥

ਸਿਮਰੋ ਸੋਈ ਪੁਰਖ ਅਚਲ ਅਬਨਾਸੀ॥ਜਿਸੁ ਸਿਮਰਤ ਦੁਰਮਤ ਮਲੁ ਨਾਸੀ॥
ਸਤਗੁਰ ਚਰਨ ਕਵਲ ਰਿਦ ਧਾਰੰ॥ਗੁਰ ਅਰਜਨ ਗੁਨ ਸਹਜ ਬਿਚਾਰੰ॥
ਗੁਰ ਰਾਮਦਾਸ ਘਰ ਕੀਯੋ ਪ੍ਰਕਾਸ[5]॥ਸਗਲ ਮਨੋਰਥ ਪੂਰਨ ਆਸਾ॥
ਤੇ ਜਨਮਤ ਗੁਰਮਤ ਬ੍ਰਹਮੁ ਪਛਾਨਿਓ॥ਕਲ ਜੋੜ ਕਰ ਸੁਜਸੁ ਵਿਖਾਨਯੋ॥
261/ਅ ਭਗਤ ਜੋਗ ਕੋ ਜੈਤਵਾਰ ਹਰਿ ਜਨਕੋ ਪਾਯੋ॥ਸਬਦ ਗੁਰੂ ਪਰਕਾਸਿਓ ਹਰਿ ਰਸਨ/ਬਸਾਯੋ॥
ਗੁਰ ਨਾਨਕ ਅੰਗਦ ਅਮਰਦਾਸ ਉਤਮ ਪਦਮ ਪਾਯੋ॥
ਗੁਰ ਅਰਜਨ ਘਰ ਗੁਰ ਰਾਮਦਾਸ ਭਗਤ ਉਤਰ ਆਯੋ॥

॥ਦੋਹਰਾ॥

ਕਲ ਭਗਤ ਉਸਤਤ ਕਰੀ ਸੁਨ ਸੰਗਤ ਭਈ ਖੁਸਾਲ॥
ਸ੍ਰੀ ਸਤਗੁਰ ਜੀ ਕ੍ਰਿਪਾ ਕਰੀ ਕੀਨਾ ਕਲ ਨਿਹਾਲ॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਸਿਰਲੇਖ '॥ਆਗੇ ਉਸਤਤ ਸਵੈਯੇ ਕਲ ਕੇ॥੧ੴ ਸਤਿਗੁਰ ਪ੍ਰਸਾਦਿ॥' ਹੈ (ਸ)
[2] ਬਿਗਾਸਾ (ੳ,ੲ)
[3] ਆਸਾ (ੳ,ੲ)
[4] ਪਾਯੋ (ੳ,ਅ,ੲ)
[5] ਪ੍ਰਕਾਸਾ (ੳ,ਅ,ੲ)

[ਸਾਖੀ ਗੁਰੂ ਅਰਜਨ ਦੇਵ ਜੀ ਦੁਆਰਾ ਰਾਮਦਾਸ ਪੁਰ ਵਸਾਉਣਾ][1]

॥ਦੋਹਰਾ॥

ਸ੍ਰੀ ਰਾਮਦਾਸ ਸਰ ਕੋ ਗਏ ਗੁਰ ਅਰਜਨ ਦੇਵ ਦਿਆਲ॥
ਅਧਭੁਤ ਲੀਲਾ ਤਹ ਰਚੀ ਸਭ ਸੰਗਤ ਕਰੀ ਨਿਹਾਲ॥੧॥

॥ਚੌਪਈ॥

ਅੰਮ੍ਰਿਤਸਰ ਜਬ ਸਤਗੁਰ ਗਏ॥ਅਚਰਜ ਲੀਲਾ ਕੌਤਕ ਭਏ॥
ਸ੍ਰੀ ਰਾਮਦਾਸ ਪੁਰ ਨਗਰ ਬਸਾਏ॥ਬਡਭਾਗੀ ਬਸੇ ਤਹਿ ਆਏ॥੨॥
ਪੁਨਿ ਅੰਮ੍ਰਿਤਸਰ ਕੀਨਾ ਬਿਸਥਾਰੁ॥ਖੋਦੇ ਮਾਟੀ ਸਿਖ ਅਪਾਰ॥
ਜੋ ਮਨ ਮਨਸਾ ਧਰ ਕਾਰ ਕਮਾਹੀ॥ਸਫਲ ਪਦਾਰਥ ਚਿੰਦੇ ਪਾਹੀ॥੩॥
ਦੇਸ ਦੇਸ ਸੋ ਸਿਖ ਤਹ ਆਵੈ॥ਖੋਦੇ ਮਾਟੀ ਸੀਸ ਉਠਾਵੈ॥
ਰੋਗ ਸੋਕ ਸਭ ਹੋਹਿ ਬਿਵਰਤ[2]॥ਗੁਰ ਪਰਉਪਕਾਰ ਕਰ ਕਰਉ ਪਰਵਿਰਤ॥੪॥
ਨਿਸ ਦਿਨ ਭਜਨ ਕੀਰਤਨ ਤਹਾ ਹੋਇ॥ਗੁਰ ਭਗਤ ਪ੍ਰੇਮੀ ਸਭ ਕੋਇ॥
ਨਿਤ ਪ੍ਰਤ ਸਤਗੁਰ ਦਰਸਨ ਕਰੇਂ॥ਕੋਟ ਜਨਮ ਕੇ ਕਿਲਬਿਖ ਹਰੇ॥੫॥

॥ਦੋਹਰਾ॥

262/ੳ ਗੁਰ ਸੇਵਾ ਪਾ/ਰਸ ਤਹਾ ਕਲ ਜੀਵ ਮੁਗਧ ਸਭ ਧਾਤ॥
ਪਾਰਸ ਪਰਸ ਕੰਚਨ ਹੁਵੈ ਕਛੁ ਸੰਖਿਆ ਲਿਖੀ ਨ ਜਾਤ॥੬॥

॥ਚੌਪਈ॥

ਬਹਲੋਲ ਫਫੜਾ ਜਾਤ ਤਿਸੁ ਅਹਾ॥ਲਖੀ ਜੰਗਲ ਗ੍ਰਹ ਤਿਸੁ ਰਹਾ॥
ਖਪਤੀ ਭਇਆ ਵਹ ਡੋਲਤ ਫਿਰੇ॥ਬਕਤਾ ਫਿਰੇ ਸੋਰ ਬਹੁ ਕਰੇ॥
ਵਹ ਡੋਲਤ ਫਿਰਤ ਅੰਮ੍ਰਿਤਸਰ ਆਇਆ॥ਲੋਕਨ ਤਿਸੇ ਤਮਾਸਾ ਪਾਇਆ॥
ਸਿਖ ਪੋਟ ਮਾਟੀ ਕੀ ਤਿਸ ਸਿਰ ਦੇਵੈ॥ਜੇਤੀ ਜੇਤੀ ਦੇਵੈ ਤੇਤੀ ਲੇਵੈਂ[3]॥੮॥
ਬਹੁਤ ਕਾਲ ਐਸੈ ਤਹਾ ਭਈ॥ਬਹਲੂਲ ਪ੍ਰੀਤ ਮਨ ਅਧਕ ਬਢਾਈ॥
ਵਾਹਗੁਰੂ ਮੁਖ ਊਚੇ ਟੇਰੈ॥ਸਿਰ ਮਾਟੀ ਭਾਰ ਨਾਚੇ ਲੇ ਫੇਰੇ॥
ਸਭ ਸਿਖ ਪ੍ਰੇਮ ਕਰ ਤਿਸੇ ਖੁਲਾਵੈ॥ਉਚੇ ਸਬਦ ਮੁਖ ਗੁਰੂ ਜਪਾਵੈ॥
ਬਹੁ ਹੋਇ ਕੁਲਾਹਲ ਜਬ ਵਹ ਬੋਲੇ॥ਸਭ ਸੰਗਤ ਤਾ ਸੋ ਕਰੇ ਕਲੋਲੇ॥੧੦॥

॥ਦੋਹਰਾ॥

ਕਰਮ ਕਾਲ ਇਹ ਜਨਮ ਧਰ ਹੂਆ ਖਪਤੀ ਰੂਪ॥
ਪੂਰਨ ਸਤਗੁਰ ਜਿਹ ਮਿਲੇ ਕਰੇ ਰੰਕ ਤੇ ਭੂਪ॥੧੧॥

॥ਤੋਮਰ ਛੰਦ॥

ਬਹਲੋਲ ਕੀਨੀ ਟੇਰ[4]॥ਸੁਨਾ ਸਤਿਗੁਰੂ ਤਿਹ ਬੇਰ॥
ਬਹਲੋਲ ਲੀਆ ਬੁਲਾਇ॥ਗੁਰ ਚਰਨ ਲਾਗਾ ਆਇ॥
ਜਬ ਚਰਨ ਸਤਗੁਰ ਲਾਗ॥ਮਸਤਕਿ ਜਗਿਓ ਤਿਸੁ ਭਾਗ॥
ਸਤਿਗੁਰੂ ਦਰਸਨ ਪਾਇ॥ਅੰਮ੍ਰਿਤ ਭਈ ਤਤ ਬ੍ਰਿਸਟਿ॥
ਤਿਸ ਭਗਤ ਅਪਨੀ ਦੀਨ॥ਗੁਪਤਨ ਗੁਰੂ ਤਿਸ ਕੀਨ॥੧੪॥
ਭਇਆ ਬਖਸੁ ਸਿਧ ਸਾਜ॥ਬਹਲੋਲ ਪੂਰਨ ਕਾਜ॥
ਧਰ ਭਾਈ ਬਹਲੋ ਨਾਮ॥ਰਿਧ ਸਿਧ ਦੀਨੀ ਤਾਮ॥੧੫॥

॥ਸੋਰਠਾ॥

ਧਰਿ ਭਾਈ ਬਹਲੋ ਨਾਮ ਰਿਧ ਸਿਧ ਸਤਗੁਰ ਦਈ॥
262/ਅ ਭਏ ਅਨੰਦ ਬਿਸਰਾਮ/ਗੁਰਆਈ ਗੁਪਤਨ ਮਿਲੀ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਨਿਵਿਰਤ (ੳ,ੲ)
[3] ਜੇਤੀ ਦੇਵੈ ਤੇਤੀ ਲੇਵੈ॥ (ੳ,ਅ,ੲ)
[4] ਦੇਰ (ਸ)

॥ ਚੌਪਈ ॥

ਪੁਨਿ ਸਤਿਗੁਰ ਸ੍ਰੀ ਮੁਖ ਬਚਨ ਉਚਾਰ[1] ॥ ਸੁਨ ਬਹਲੋਲ ਤੂੰ ਮੋਹ ਪਿਆਰਾ ॥
ਤੇਰੇ ਹੁਕਮ ਗੁਪਤ ਸਭ ਚਲੇ ॥ ਕਬਹੂ ਤੁਮਰੋ ਬਚਨ ਨ ਟਲੇ ॥੧੭ ॥
ਅਬ ਹੋਇ ਬਿਦਾ ਤੁਮ ਘਰ ਕੋ ਜਾਵੈ[2] ॥ ਲੰਗਰ ਕਰ ਸਿਖਨ ਭੋਗਾਵੈ[3] ॥
ਮੇਰੇ ਨਿਮਤ ਕੋ ਲੰਗਰ ਕਰਨਾ ॥ ਮਨ ਅਹੰਕਾਰ ਕਛੂ ਨਹੀ ਧਰਨਾ ॥੧੮ ॥
ਬਹਲੋ ਬਿਦਾ ਤਬ ਭਏ ॥ ਨਿਜ ਘਰ ਮੋ ਅਬ ਹੀ ਸੋ ਗਏ ॥
ਭਇਆ ਪ੍ਰਾਪਤ ਸਿਧ ਸਮਾਜ ॥ ਗੁਰ ਲੰਗਰ ਕਾ ਕੀਨਾ ਸਾਜ ॥
ਸਿਖ ਸੰਗਤ ਕੀ ਸੇਵਾ ਹੋਇ ॥ ਆਥਿਤ ਭੂਖਾ ਰਹੇ ਨ ਕੋਇ ॥
ਦੂਧ ਭਾਤ ਸਾਧਨਿ ਭੋਗਾਵੈ ॥ ਅਤ ਸਾਦਰ ਗੁਰ ਬਚਨ ਕਮਾਵੈ ॥੨੦ ॥

॥ ਦੋਹਰਾ ॥

ਅੰਮ੍ਰਿਤਸਰ ਕੀ ਟਹਲ ਤੇ ਤਰੇ ਸਿਖ ਕਈ ਕੋਟਿ ॥
ਸਤਗੁਰ ਬਚਨ ਜਿਹ ਮਨ ਬਸੇ ਤਿਸੁ ਕਲੂ ਨਾ ਲਾਗੇ ਚੋਟਿ ॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[1] ਉਚਾਰਾ (ੳ,ਅ,ੲ)
[2] ਜਾਵੋ (ੳ,ਅ,ੲ)
[3] ਭੋਗਾਵੋ (ੳ,ਅ,ੲ)

[ਸਾਖੀ ਅੰਮ੍ਰਿਤਸਰ ਜੀ ਦੀ ਪੂਰਨ ਤਿਆਰੀ ਅਤੇ ਮਹਾਤਮ][1]

॥ਦੋਹਰਾ॥

ਸ੍ਰੀ ਅੰਮ੍ਰਿਤਸਰ ਮੁਕਤ ਧਾਮ ਪ੍ਰਭ ਪੂਰਨ ਕੀਆ ਤਿਆਰ॥
ਜਿਹ ਪਰਮ ਧਾਮ ਸੇਵਾ ਕਰੀ ਭਵਨਿਧ ਉਤਰੇ ਪਾਰਿ॥੧॥

॥ਚੌਪਈ॥

ਗੁਰ ਸੁੰਦਰ ਸਰ ਪਰਮ ਉਦਾਰ॥ਭਰਿਓ ਲਿਲਾਵਤ ਅੰਮ੍ਰਿਤ ਬਾਰ॥
ਵੈਰਾਗ ਜੋਗ ਅਰ ਭਗਤ ਗਿਆਨ॥ਸਰ ਸੀੜੀ ਰੂਪ ਤਹਾ ਪ੍ਰਗਟ ਪ੍ਰਮਾਨ॥੨॥
ਸੁਧਾਸਰ ਮਧ[2] ਹਰਿਮੰਦਰ ਸੋਹੇ॥ਗੁਰ ਭਗਤਨ ਕੋ ਮਨ ਮੋਹੇ॥
ਬਨਿਓ ਪਾਲ ਅਗ੍ਰ ਜਲ ਮਾਹੀ॥ਜਿਨ ਪਰਸਿ ਤਿਸ ਯਮ ਭੈ ਨਾਹੀ॥
263/ੳ ਪੁਨਿ ਦ/ਰਸਨੀ ਦੁਆਰ ਬਨਿਓ ਅਤ ਸੋਭਾ॥ਤਿਸ ਦੇਖਤ ਸੁਰ ਨਰ ਮਨ ਲੋਭਾ॥
ਗੁਰ ਸਰ ਸੋਭਾ ਕਥੀ ਨ ਜਾਇ॥ਨਹੀ ਦੂਸਰ ਕਹਿ ਦਿਸਟਾਤ ਲਗਾਇ॥੪॥
ਗੁਰਮੁਖ ਸਦ[3] ਕਰੇ ਸਨਾਨ॥ਜਿਮ ਹੰਸ ਪਾਤ ਸੋਹਤ ਜਲ ਮਾਹਿ[4]॥
ਯਹ ਪਰਮ ਹੰਸ ਬਾਨੀ ਗੁਰ ਚਰੈ॥ਪਰਮ ਗਤ ਹੋਇ ਸ੍ਰਵਨ ਧੁਨਿ ਪਰੈ॥੫॥

॥ਦੋਹਰਾ॥

ਧਰਮ ਅਰਥ ਅਰੁ ਕਾਮ ਮੋਖ ਚਹੁ ਦਿਸ ਠਾਡੇ ਆਗ॥੬॥
ਜੋ ਜਿਹ ਦਿਸ ਮਨ ਸੁਧ ਪਰਸਈ ਸੋਤਾ ਕੀ ਸੇਵਾ ਲਾਗ॥

॥ਸ੍ਵੈਯਾ॥

ਕਰ ਕਿਰਪਾ ਸਤਗੁਰ ਧਾਮ ਰਚਿਓ ਜਗ ਤੀਨ ਲੋਕ ਤੇ ਨਿਆਰਾ ਹੈ॥
ਹਰ ਭਗਤ ਬਨੀ ਸੈਨੀ ਸੁੰਦਰ ਅੰਮ੍ਰਿਤ ਗੁਰ ਗਿਆਨ ਸੁਬਾਰਾ ਹੈ॥
ਗੁਰਮੁਖਿ ਸਿਖ ਸਹੰਸ ਸਨਾਨ ਕਰੇ ਗੁਰਬਾਨੀ ਮੰਤ੍ਰ ਉਚਾਰਾ ਹੈ॥
ਜਗ ਤਾਰਨ ਕਾਰਨ ਠਾਟ ਠਟਿਓ ਸ੍ਰੀ ਅੰਮ੍ਰਿਤਸਰ ਗੁਰ ਧਾਰਾ ਹੈ॥੭॥
ਹਰਿਮੰਦਰ ਤੁਰੀਆ ਧਾਮ ਬਨਾ ਜਹਾ ਰਾਜਤ ਗੁਰ ਕਰਤਾਰਾ ਹੈ॥
ਨਿਹਕਲਪ ਸਿੰਘਾਸਨ ਦਿਆਲ ਸਜੇ ਨਿਰਲੰਭ ਸੁ ਛਤ੍ਰ ਫਿਰਾਰਾ ਹੈ॥
ਤਤ ਗਿਆਨ ਕਰੀਟ ਸਜੇ ਮਸਤਕ ਜਿਹ ਕ੍ਰਾਤ ਸੋ ਜਗ ਉਜੀਆਰਾ ਹੈ॥
ਜਗ ਤਾਰਨ ਕਾਰਨ ਠਾਟ ਠਟਿਓ ਸ੍ਰੀ ਅੰਮ੍ਰਿਤਸਰ ਗੁਰ ਧਾਰਾ ਹੈ॥
ਮਲ ਮੂਤ੍ਰ ਮੁਗਧ ਕਲ ਸਰਨ ਪਰੇ ਤਿਨ ਪਾਪਨ ਕਾਟਨਆਰਾ ਹੈ॥
ਪ੍ਰਤਵਾਹ ਜੁ ਕੋਟਕ ਜਨੰਮਨ ਕੇ ਤਿਨ ਨਾਸਨ ਕਾਲ ਕਰਾਰਾ ਹੈ॥
ਨਿਰਮਲ ਗੁਰ ਗਿਆਨ ਪਰਕਾਸ ਭਇਆ ਜਿਨ ਗੁਰ ਸਰ ਗੋਤਾ ਮਾਰਾ ਹੈ॥੯॥
ਗੁਰ ਮਹਮਾ ਚਲਤ ਕਹਾ ਬਰਨੋ ਲਹੇ ਸੇਸ ਗਨੇਸ ਨ ਪਾਰਾ ਹੈ॥
263/ਅ ਅਤ ਪਰਉਕਾਰ ਕੀਆ ਕਲ ਮੋ ਜਗ ਬਿਨ ਪ੍ਰਿ/ਆਸ ਗੁਰ ਤਾਰਾ ਹੈ॥
ਹਰਿ ਭਗਤ ਰੂਪ ਨਰ ਦੇਹਿ ਧਰਿਓ ਮਨ ਸੰਤਨ ਕੀਓ ਬਿਚਾਰਾ ਹੈ॥
ਜਗ ਤਾਰਨ ਕਾਰਨ ਠਾਟ ਠਟਿਓ ਸ੍ਰੀ ਅੰਮ੍ਰਿਤਸਰ ਗੁਰ ਧਾਰਾ ਹੈ॥੧੦॥

॥ਦੋਹਰਾ॥

ਕਹਿਓ ਮਹਾਤਮ ਆਪ ਗੁਰ ਸ੍ਰੀ ਮੁਖ ਸਬਦ ਓਚਾਰ॥
ਸ੍ਰੀ ਅੰਮ੍ਰਿਤਸਰ ਮਹਮਾ ਅਮਿਤ ਲਿਖੀ ਗ੍ਰੰਥ ਸੁਧਾਰ॥੧੧॥

॥ਸਬਦ ਸ੍ਰੀ ਮੁਖਵਾਕ॥

॥ਰਾਗ ਸੋਰਠ ਮਹਲਾ ੫[1]॥

ਵਿਚ ਕਰਤਾ ਪੁਰਖ ਖਲੋਆ॥ਵਾਲੁ ਨ ਵਿੰਗਾ ਹੋਆ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਸਧ (ਸ)
[3] ਗੁਰਮੁਖ ਸਿਖ ਸਦ (ੳ,ਅ)
[4] ਇੱਥੇ ਸ਼ਬਦ 'ਜਲ ਮਾਹਿ' ਦੀ ਜਗ੍ਹਾ ਤੇ 'ਸਰਮਾਨ' ਹੈ (ੳ) ਇੱਥੇ ਸ਼ਬਦ 'ਪਰਮਾਨ' ਹੈ (ਅ)
[1] ਇੱਥੇ ਸਿਰਲੇਖ '॥ਸਬਦ ਸ੍ਰੀ ਮੁਖਵਾਕ॥' (ੳ), ਇੱਥੇ ਸਿਰਲੇਖ '॥ਸਬਦ ਸ੍ਰੀ ਮੁਖਵਾਕ॥ਸੋਰਠ ਮਹਲਾ ੫॥' ਹੈ (ਅ,ਸ)

ਮੱਜਨ ਗੁਰ ਆਦਾ ਰਾਸੇ॥ ਜਪੁ ਹਰਿ ਹਰਿ ਕਿਲਵਿਖ ਨਾਸੇ॥੧॥
ਸੰਤੋ ਰਾਮਦਾਸ ਸਰੋਵਰ ਨੀਕਾ॥
ਜੋ ਨਾਵੈ ਸੋ ਕੁਲ ਤਰਾਵੈ ਉਧਾਰ ਹੋਇਆ ਹੈ ਜੀ ਕਾ॥੧॥ ਰਹਾਉ॥
ਜੈ ਜੈਕਾਰ ਜਗ ਗਾਵੈ॥ ਮਨ ਚਿੰਦਅੜੇ ਫਲ ਪਾਵੈ॥
ਸਹੀ ਸਲਾਮਤ ਨਾਇ ਆਏ॥ ਅਪਨਾ ਪ੍ਰਭੂ ਧਿਆਏ॥੨॥
ਸੰਤ ਸਰੋਵਰ ਨਾਵੈ॥ ਸੋ ਜਨ ਪਰਮਗਤ ਪਾਵੈ॥
ਮਰੇ ਨ ਆਵੈ ਜਾਈ॥ ਹਰਿ ਹਰਿ ਨਾਮੁ ਧਿਆਈ॥
ਇਹ ਬ੍ਰਹਮ ਬਿਚਾਰ ਸੋ ਜਾਨੇ॥ ਜਿਸ ਦਿਆਲ ਹੋਇ ਭਗਵਾਨੈ॥
ਬਾਬਾ ਨਾਨਕੁ ਪ੍ਰਭ ਸਰਨਾਈ॥ ਸਭ ਚਿੰਤਾ ਗਣਤ ਮਿਟਾਈ॥੪॥

॥ਸਬਦ ਸ੍ਰੀ ਮੁਖਵਾਕ॥

॥ਸੋਰਠਿ ਮਹਲਾ ੫॥[1]

ਰਾਮਦਾਸ ਸਰੋਵਰ ਨਾਤੇ॥ ਸਭ ਉਤਰੇ ਪਾਪ ਕਮਾਤੇ॥
ਨਿਰਮਲ ਹੋਏ ਕਰ ਇਸਨਾਨਾ॥ ਗੁਰ ਪੂਰੇ ਕੀਨੇ ਦਾਨਾ॥੧॥
ਸਭ ਕੁਸਲ ਖੇਮ ਪ੍ਰਭ ਧਾਰੇ॥ ਸਹੀ ਸਲਾਮਤ ਸਭ ਥੋਕ ਉਬਾਰੇ॥
ਗੁਰ ਕਾ ਸਬਦ ਬੀਚਾਰੇ॥੧॥ ਰਹਾਉ॥
ਸਾਧਸੰਗਤ[2] ਮਲ ਲਾਥੀ॥ ਪਾਰਬ੍ਰਹਮੁ ਭਇਆ ਸਾਥੀ॥
ਨਾਨਕ ਨਾਮ ਧਿਆਇਆ॥ ਆਦਿ ਪੁਰਖੁ ਪ੍ਰਭ ਪਾਇਆ॥
264/ੳ ਸੋ ਘਰ ਦਯ ਵ/ਸਾਇਆ॥੨॥[3]

॥ਦੋਹਰਾ॥

ਪ੍ਰਭ ਪੁੰਨ ਪਦਾਰਥ ਸਰ ਰਚਿਓ ਕਰ ਜਨ ਪਰਉਪਕਾਰ॥
ਜੋ ਤਾ ਕੋ ਪਰਸਨ ਕਰੇ ਭਵਨਿਧ ਉਤਰੇ ਪਾਰ॥

॥ਸਾਖੀ ਅੰਮ੍ਰਿਤਸਰ ਮਹਾਤਮ ਕੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ॥ਹੋਇ ਦਿਆਲ ਕਰ ਲਏ ਉਧਾਰੁ॥

---

[1] ਇੱਥੇ ਸਿਰਲੇਖ '॥ਸਬਦ॥' ਹੈ (ੳ), ਇੱਥੇ ਸਿਰਲੇਖ '॥ਸਬਦ ਸ੍ਰੀ ਮੁਖਵਾਕ॥ਸੋਰਠ ਮਹਲਾ ੫ ਘਰ ਦੁਪਦੇ॥' ਹੈ (ਸ)

[2] ਸਾਨਸੰਗਤ (ਸ)

[3] ਇੱਥੇ '॥ਸੋਰਠਿ ਮਹਲਾ ੫॥ ਜਿਤੁ ਪਾਰਬ੍ਰਹਮੁ ਚਿਤਿ ਆਇਆ ਸੋ ਘਰੁ ਦਯਿ ਵਸਾਇਆ॥ ਸੁਖ ਸਾਗਰ ਗੁਰ ਪਾਇਆ॥ ਤਾ ਸਹਸਾ ਸਗਲ ਮਿਟਾਇਆ॥੧॥ ਹਰਿ ਕੇ ਨਾਮ ਕੀ ਵਡਿਆਈ॥ ਆਠ ਪਹਰ ਗੁਣ ਗਾਈ॥ ਗੁਰ ਪੂਰੇ ਤੇ ਪਾਈ॥ ਰਹਾਉ॥ ਪ੍ਰਭ ਕੀ ਅਕਥ ਕਹਾਣੀ॥ ਜਨ ਬੋਲਹਿ ਅੰਮ੍ਰਿਤ ਬਾਣੀ॥ ਨਾਨਕ ਦਾਸ ਵਖਾਣੀ॥ ਗੁਰ ਪੂਰੇ ਤੇ ਜਾਣੀ॥'' ਵਾਲਾ ਪੂਰਾ ਸਬਦ ਹੈ (ਸ)

[ਸਾਖੀ ਸ੍ਰੀ ਸੁਖਮਨੀ ਜੀ ਦਾ ਪ੍ਰਕਾਸ][1]

॥ਸੋਰਠਾ॥

ਸਤਿਗੁਰ ਕ੍ਰਿਪਾ ਨਿਧਾਨ ਸਹਜ ਭਇ ਬਾਹਰ ਗਏ॥
ਦੇਖ ਇਕੰਤ ਅਸਥਾਨ ਤਹ ਨਾਮ ਬ੍ਰਿਸਟਿ ਬਾਨੀ ਕਰੀ॥੧॥

॥ਚੌਪਈ॥

ਦਿਵਸ ਏਕ ਪ੍ਰਭ ਕ੍ਰਿਪਾ ਨਿਧਾਨ॥ਬਾਹਰ ਗਏ ਦੇਖ ਅਸਥਾਨ॥
ਅਤ ਇੰਕਤ ਸੁਖ ਠੌਰ ਬਿਲਾਸ॥ਤਹ ਅਦਭੁਤ ਬਾਨੀ ਕਰੀ ਪ੍ਰਕਾਸ॥
ਤਹ ਦਿਆਲ ਦਇਆ ਪਰ ਆਏ॥ਸਿਖ ਲਿਖਾਰੀ ਤਹ ਬੁਲਾਏ॥
ਨਾਮ ਬਿਸਟ ਗੁਰ ਕਰਨੇ ਲਾਗੇ॥ਲਿਖੇ ਲਿਖਾਰੀ ਹਰਿ ਰਸ ਪਾਗੇ॥੩॥
ਤਹਾ ਸਵਾ ਪਹਰ ਬਾਨੀ ਬਰਖਾਨੀ॥ਸਿਖ ਸੰਗਤ ਸਭ ਤ੍ਰਿਪਤਿ ਅਘਾਨੀ॥
ਲਿਖ ਪੋਥੀ ਗੁਰ ਆਗੇ ਧਰੀ॥ਦੇਖ ਦਿਆਲ ਸੋਭਾ ਬਹੁ ਕਰੀ॥੪॥
ਯਹ ਪੋਥੀ ਹੈ ਗਿਆਨ ਉਦਾਰ॥ਨਿਹਕਾਮ ਪੜੇ ਪਾਵੇ ਕਰਤਾਰ॥
ਧਾਰ ਕਾਮਨਾ ਜੇ ਕੋਊ ਪੜੇ॥ਚਾਰ ਪਦਾਰਥ ਪਲੇ ਪੜੇ॥੫॥

॥ਦੋਹਰਾ॥

ਸਤਿਗੁਰ ਸ੍ਰੀ ਮੁਖ ਬਰ ਦੀਆ ਇਹ ਪੋਥੀ ਨਾਮ ਨਿਧਾਨ॥
ਲੋਕ ਪਰਲੋਕ ਦੋਨੋ ਸਫਲ ਪੜ ਪਾਵੇ ਪੂਰਨ ਗਿਆਨ॥੬॥

॥ਚੌਪਈ॥

ਪ੍ਰਭ ਸੁਖਮਨੀ ਨਾਮ ਪੋਥੀ ਕਾ ਧਰਾ॥ਸਭ ਜਗ ਮੋ ਪ੍ਰਕਾਸ ਤਿਨ ਕਰਾ॥
ਦੇਸ ਦੇਸ ਜੱਗਿਆਸੀ ਪੜੇ॥ਸਗਲ ਪਦਾਰਥ ਤਿਸ ਹਥ ਚੜੇ॥੭॥
ਜਿਹ ਠੌਰ ਕਰੀ ਸੁਖਮਨੀ ਉਚਾਰ॥ਰਾਮ ਰਮਨੀ ਨਾਮ ਕੀਓ ਕਰਤਾਰ॥
264/ਅ ਰਾਮ/ਗੜ ਨਾਮ ਭੀ ਤਾ ਕੋ ਕਹੇ॥ਕਰ ਪੂਜਾ ਅਰਚਾ ਪੂਜਤ ਰਹੇ॥
ਪੁਨ ਸਤਗੁਰ ਦਿਆਲ ਮੁਖ ਤੇ ਬਰ ਦੀਨਾ॥ਜੋ ਧਾਰੇ ਪ੍ਰੇਮ ਪੜੇ ਪਰਬੀਨਾ॥੯॥
ਰਿਧ ਸਿਧ ਪਾਵੈ ਸੰਤਾਨ[2]॥ਹੋਵੈ ਮੁਕਤ ਪਾਇ ਗੁਰ ਗਿਆਨ॥
ਸੁਖਮਨੀ ਨਾਮ ਗਿਆਨ ਪਰਵਾਹ॥ਤਿਸ ਪ੍ਰਾਪਤ ਜਿਸ ਹੋਇ ਮਥਾਹ॥
ਤਾ ਕੇ ਗੁਨ ਮੁਖ ਕਹੇ ਨ ਬਨੇ॥ਬਡਭਾਗੀ ਜੋ ਪਾਠ ਮੁਖ ਭਨੇ॥੧੦॥

॥ਦੋਹਰਾ॥

ਜਬ ਪਹਰ ਰਾਤ ਪਿਛਲੀ ਰਹੇ ਤਬ ਕਰਿ ਇਸਨਾਨ ਉਚਾਰ॥
ਸਰਬ ਪਦਾਰਥ ਤਿਸ ਮਿਲੇ ਸਭ ਕੁਲ ਕਰੇ ਉਧਾਰ॥੧੧॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਮੰਤਾਨ (ਸ)

[ਸਾਖੀ ਭਾਈ ਬਹੋੜੇ ਸੁਨਾਰੇ ਨਾਲ ਗੁਰੂ ਜੀ ਦਾ ਮਿਲਾਪ][1]

॥ਦੋਹਰਾ॥

ਗੁਰ ਅੰਮ੍ਰਿਤਸਰ ਪੂਰਨ ਕੀਆ ਪੁਨ ਗਏ ਗੋਬਿੰਦਵਾਲ॥
ਆਨੰਦ ਰੂਪ ਦਰਸਨ ਦੀਆ ਸਭ ਸੰਗਤ ਕਰੀ ਨਿਹਾਲ॥੧॥

॥ਚੌਪਈ॥

ਪੁਨ ਸਤਗੁਰ ਗਏ ਗੋਬਿੰਦਵਾਲ॥ਆਨੰਦ ਰੂਪ ਕੀਏ ਚਲਤ ਬਿਸਾਲ॥
ਸਮਾ ਪਾਇ ਸੰਗਤ ਸਭ ਆਈ॥ਸੰਤੁਸਟ ਭਏ ਦਰਸਨ ਗੁਰ ਪਾਈ॥
ਇਕ ਸਿਖ ਬਹੋੜਾ ਜਾਤ ਸੁਨਾਰ[2]॥ਸਤਗੁਰ ਚਰਨਨ ਸੋ ਮਨ ਪਿਆਰ[3]॥
ਵੇ ਗਯਾ ਹਜੂਰ ਦਰਸਨ ਰੰਗ ਭੀਨਾ॥ਪ੍ਰਭ ਖੁਸੀ ਕਰੀ ਪੁਨ ਪੂਛਨ ਕੀਨਾ॥੩॥
ਸੁਨੋ ਬਹੋੜਾ ਤੋ ਸੋ ਭਾਖੋ॥ਸਾਚੀ ਕਹੋ ਦੁਰਾਇਨ ਰਾਖੋ॥
ਕਿਹ ਬਿਧ ਕਾਲ ਸੰਛੇਪਨ ਕਰੋ॥ਅਰ ਕਵਨ ਕਿਰਤ ਕਰ ਉਦਰ ਕੋ ਭਰੋ॥੪॥
ਜਬ ਸਤਗੁਰ ਪੂਛੀ ਇਹ ਬਾਤ॥ਹਾਥ ਜੋੜ ਕੰਪਤ ਸਭ ਗਾਤ॥
265/ੳ ਮਾਥਾ ਟੇਕ ਤਿਨ ਬਿਨੇ ਬਿਖਾਨੀ॥ਹੇ ਸਤਿਗੁਰ ਜਾਨੋ ਸਭ ਜਾਨੀ॥੫/॥

॥ਦੋਹਰਾ॥

ਕਿਰਤ ਸੁਨਾਰੇ ਕੀ ਕਰੋ ਕਰ ਬਹੁ ਜਤਨ ਉਪਾਉ॥
ਕਾਲ ਸੰਛੇਪਨ ਮੈ ਕਰੋ ਜਿਉ ਰਾਖੋ ਤਿਵੇ ਰਹਾਉ॥੬॥

॥ਚੌਪਈ॥

ਪੁਨ ਪੂਛਾ ਦਿਆਲ ਕਿਰਤ ਕਿਮ ਕੀਜੈ॥ਸੋ ਲੀਜੈ ਪੂਰਾ ਫਿਰ ਦੀਜੈ॥
ਜੋ ਕੋ ਧਰਮ ਕਿਰਤ ਕਰ ਖਾਵੈ॥ਹੋਇ ਮਨਿ ਬੁਧਿ[4] ਨਿਰਮਲ ਜਗ ਸੁਖ ਪਾਵੈ॥੭॥
ਤਬ ਸਿਖ ਬਹੋੜੇ ਬਿਨਤੀ ਕਰੀ॥ਤਨ ਕੰਪਤ ਨੈਨਿਨ ਜਲ ਭਰੀ॥
ਹੇ ਸਤਗੁਰ ਮੈ ਮਹਾ ਅਧਰਮੀ॥ਪਾਪ ਕੀ ਕਿਰਤ ਸਦਾ ਮੋਹਿ ਕਰਨੀ॥੮॥
ਜੋ ਮਾਤਾ ਪਿਤਾ ਘੜਾਵੈ ਘਾਟ[5]॥ਚੌਥਾ ਹਿਸਾ ਲੇਵੋ ਕਾਟ॥
ਅਵਰ ਕਿਸੂ ਕਾ ਕਾਮ ਜੋ ਕੀਜੈ॥ਜੋ ਹਾਥ ਲਗੇ ਤੇਤਾ ਲੈ ਲੀਜੈ॥
ਧਰਮ ਅਧਰਮ ਕੁਛ ਜਾਨਾ ਨਾਹੀ॥ਮਮ ਪਿਤਾ ਪਤਾਮਾ ਕਰਤੇ ਆਹੀ॥
ਪ੍ਰਭ ਮਹਾ ਪਤਤ ਮੈ ਸਿਖ ਤੁਮਾਰਾ॥ਪਤਤ ਉਧਾਰਨ ਕੀਜੈ ਸਾਰਾ॥੯॥

॥ਦੋਹਰਾ॥

ਜਬ ਸਿਖ ਸਭਾ ਸਾਚੀ ਕਹੀ ਸੁਨ ਸਤਿਗੁਰ ਭਏ ਦਿਆਲ॥
ਸਤਿ ਉਪਦੇਸ ਸਤਿਗੁਰ ਦੀਆ ਸ੍ਰੀ ਮੁਖ ਸਬਦ ਬਿਸਾਲ॥੧੧॥

॥ਸਬਦ ਸ੍ਰੀ ਮੁਖਵਾਕ ਭਾਈ ਬਹੋੜੇ ਕੇ ਪਰਥਾਇ ਸਤਗੁਰ ਉਚਾਰ ਕੀਆ॥

॥ਆਸਾ ਮਹਲਾ ੫॥

ਹਭੇ ਥੋਕ ਵਿਸਾਰ ਹਿਕੋ ਖਿਆਲ ਕਰਿ॥ਝੂਠਾ ਲਾਹਿ ਗੁਮਾਨ ਮਨ ਤਨ ਅਰਪ ਧਰਿ॥
ਆਠ ਪਹਰ ਸਾਲਾਹਿ ਸਿਰਜਨਹਾਰ ਤੂੰ॥ਜੀਵਾ ਤੇਰੀ ਦਾਤਿ ਕਿਰਪਾ ਕਰਹੁ ਮੂੰ॥੧॥ਰਹਾਉ॥
ਸੋਈ ਕੰਮੁ ਕਮਾਇ ਜਿਤੁ ਮੁਖ ਉਜਲਾ॥ਸੋਈ ਲਗੈ ਸਚਿ ਜਿਸ ਤੂੰ ਦੇਹਿ ਅਲਾ॥
ਜੋ ਨ ਢਹੰਦੋ ਮੂਲਿ ਸੋ ਘਰਿ ਰਾਸਿ ਕਰਿ॥ਹਿਕੇ ਚਿਤ ਵਸਾਇ ਕਦੇ ਨ ਜਾਇ ਮਰਿ॥੩॥
ਤਿਨਾ ਪਿਆਰਾ ਰਾਮੁ ਜੋ ਪ੍ਰਭ[6] ਭਾਣਿਆ॥ਗੁਰ ਪ੍ਰਸਾਦਿ ਅਕਥੁ ਨਾਨਕ ਵਖਾਣਿਆ॥੪॥
265/ਅ [1]ਸੁਨ ਸਤਿ ਸਬਦ ਮਰਮੁ/ਮਨ ਲਾਗਾ॥ਭਾਗ ਬਡਾ ਮਸਤਕ ਤਿਸੁ ਜਾਗਾ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਸੁਨਾਰਾ (ੳ,ਅ)
[3] ਪਿਆਰਾ (ੳ,ਅ)
[4] ਇੱਥੇ ਸ਼ਬਦ 'ਮਨਿ ਬੁਧਿ' ਨਹੀਂ ਹੈ (ਸ)
[5] ਘਾਤ (ਸ)
[6] ਤੁਧ (ਅ)
[1] ਇੱਥੇ ਸਿਰਲੇਖ '॥ਚੌਪਈ॥' ਹੈ (ਅ)

ਗਦ ਗਦ ਹੋਇ ਸੁਧ ਬੁਧ ਬਿਸਾਰਾ॥ਨੈਨਨ ਤੇ ਜਲੁ ਝਰਤ ਫੁਹਾਰਾ॥
ਗੁਰ ਉਪਦੇਸ ਸਰ ਕੀਓ ਸਨਾਨਾ॥ਨਿਰਮਲ ਭਏ ਗੁਰ ਬਚਨ ਪਛਾਨਾ॥
ਸਤਗੁਰ ਚਰਨ ਹਿਰਦੇ ਦ੍ਰਿੜ ਧਾਰੇ॥ਸਤਿਗੁਰ ਤਾ ਕੇ ਕਾਜਿ ਸਵਾਰੇ॥੧੩॥
ਹਿਰਦਾ ਸੁਧ ਸਤਿਗੁਰ ਜਬ ਦੇਖਾ॥ਕਰਿ ਕ੍ਰਿਪਾ ਦ੍ਰਿਸਟਿ ਦੀਆ ਗਿਆਨ ਬਿਸੇਖਾ॥
ਜਨਮ ਜਨਮ ਕਾ ਸੋਇਆ ਜਾਗਾ॥ਅੰਤਰਿ ਸਮਾਧਿ ਸਬਦ ਪ੍ਰਨ ਪਾਗਾ॥੧੪॥
ਭਾਈ ਬਹੋੜਾ ਭਇਆ ਨਿਹਾਲ॥ਸਤਿਗੁਰ[1] ਜਾ ਕੋ ਭਏ ਦਿਆਲ॥
ਬਿਦਾ ਕੀਆ ਗ੍ਰਹ ਕੋ ਤੁਮ ਜਾਵੋ॥ਸਦਾ ਆਨੰਦ ਹਰਿ ਕੇ ਗੁਨ ਗਾਵੋ॥੧੫॥

॥ਦੋਹਰਾ॥

ਸ੍ਰੀ ਸਤਿਗੁਰ ਆਗਿਆ ਕਰੀ ਬਹੋੜਾ ਸਿਖ ਮਮ ਰੂਪ॥
ਜੋ ਤਾ ਕੀ ਸੰਗਤ ਕਰੇ ਪਾਵੈ ਗਿਆਨ ਅਨੂਪ॥੧੬॥

॥ਚੌਪਈ॥

ਬਹੋੜੇ ਪੁਨ ਕੀਨੀ ਅਰਦਾਸ॥ਹੇ ਸਤਗੁਰ ਮੈ ਤੇਰਾ ਦਾਸ॥
ਕਾਲ ਸੰਛੇਪ ਕਵਨ ਬਿਧ ਕਰੌ॥ਜਿਵ ਆਗਿਆ ਹੋਇ ਤਿਵੇਂ ਅਨਸਰੌ॥੧੭॥
ਗੁਰ ਦੀਨ ਦਿਆਲ ਇਮ ਆਗਿਆ ਕਰੀ॥ਕੁਲ ਕਿਰਤ ਛੋਡ ਭਜੋ ਨਰਹਰੀ॥
ਮੇਰੇ ਨਮਿਤ ਲੰਗਰ ਗ੍ਰਿਹ ਕੀਜੈ॥ਅਥਿਤ ਭੁਗਾਇ ਭੂਖੇ ਕੋ ਦੀਜੈ॥੧੮॥
ਬਹੁੜ ਬਹੋੜੇ ਬਿਨਤੀ ਕੀਨੀ[2]॥ਹਾਥ ਜੋੜ ਕੈ ਹੋ ਆਧੀਨੀ[3]॥
ਹੇ ਪ੍ਰਭ ਜੋ ਹੈ ਤੁਮਰੇ ਸਿਖ॥ਅਵਰ ਜਗਤ ਸੋ ਸਕਲ ਅਸਿਖ॥੧੯॥
ਜੋ ਸਿਖ ਨਹੀ ਸੋ ਕੈਸੇ ਤਰੇ॥ਪ੍ਰਭ ਉਤਰ ਦੇਹੁ ਸੰਕਾ ਮਨ ਹਰੇ॥
ਤਬ ਸਾਹਿਬ ਸ੍ਰੀ ਮੁਖ ਬਚਨ ਬਿਖਾਨਾ॥ਸੁਨੋ ਬਹੋੜਾ ਪਰਮ ਸੁਜਾਨਾ॥੨੦॥
ਸਗਲ ਉਪਾਰਜਨਾ ਮਮ ਸਿਖ॥ਭੇਦ ਭਾਉ ਮਨ ਮੋ ਮਤ ਲਿਖ॥
266/ੳ ਜੋ ਕੋਈ ਮੇਰਾ ਬਚਨ ਕਮਾਵੈ॥ਸੋਈ ਸਿਖ ਮੋ ਮਾਹ ਸਮਾ/ਵੈ॥੨੧॥

॥ਦੋਹਰਾ॥

ਜੋ ਮਮ ਬਚਨ ਮਾਨੇ ਨਹੀ ਕਰੇ ਭੇਖ ਬਹੁ ਭਾਂਤ॥
ਸੋ ਕਬਹੂ ਨਹੀ ਮੋ ਮਿਲੇ ਨਹ ਪਾਵੈ ਮਨ ਸਾਂਤ॥੨੨॥
ਬਹੋੜਾ ਗੁਰ ਚਰਨੀ ਪੜਾ ਸੁਨਾ ਸੁਨੀਤ ਬਿਚਾਰ॥
ਹੋਇ ਬਿਦਾ ਗ੍ਰਹ ਕੋ ਗਇਆ ਸਤਗੁਰ ਕੀਆ ਉਧਾਰ॥੨੩॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਸਪਿਗੁਰ (ਸ)
[2] ਕੀਨਾ (ੳ,ਅ)
[3] ਆਧੀਨਾ (ੳ,ਅ)

[ਸਾਖੀ ਮੰਞ ਸਿਖ ਦਾ ਪ੍ਰੇਮ][1]

॥ਦੋਹਰਾ॥

ਸਾਖੀ ਸੁਨੀਏ ਮੰਞ ਕੀ ਪ੍ਰੇਮ ਭਗਤ ਜਿਨ ਕੀਨ॥
ਕਸਾ ਕਸੌਟੀ ਪ੍ਰੇਮ ਕੀ ਚਾਰ ਪਦਾਰਥ ਦੀਨ॥੧॥

॥ਚੌਪਈ॥

ਮੰਞ ਰਜਪੂਤ ਚੌਧਰੀ ਅਹਾ॥ਘਰ ਧਨ ਧਾਮ ਸੁਖਾਲਾ ਰਹਾ॥
ਸਰਵਰ ਪੀਰ ਕੀ ਸੇਵਾ ਕਰੇ॥ਮਨ ਪਰਤੀਤ ਤਾਹੂ ਕੀ ਧਰੇ॥
ਪੂਰਬ ਜਨਮ ਤਿਸ ਭਗਤ ਅੰਕੂਰ॥ਸਮਾ ਪਾਇ ਤਨ ਕ ਭਇਆ ਭੂਰ॥
ਸਤਿਗੁਰ ਕੀ ਮਹਿਮਾ ਤਿਸ ਸੁਨੀ॥ਸਤ ਭਾਇ ਮਨ ਮੋ ਸੁਭ ਗੁਨੀ॥
ਅਰ ਦਿਨ ਏਕ ਸੁਨੀ ਗੁਰਬਾਨੀ[2]॥
ਲਗਾ ਮਰਮ ਮਨ ਰੁਚ ਉਪਜਾਨੀ[3]॥
ਸਤਗੁਰ ਕਾ ਦਰਸਨ ਚਲ ਕੀਜੈ॥ਹੋਇ ਸਫਲ ਜਨਮ ਪੁੰਨ ਫਲ ਲੀਜੈ॥
ਮਨਸਾ ਸੁਧ ਗੁਰ ਦਰਸਨ ਗਇਆ॥ਭੇਟਤ ਗੁਰ ਮਨੁ ਨਿਰਮਲੁ ਭਇਆ॥
ਭਗਤ ਅੰਕੂਰ ਕਰੀ ਅਧਕਾਰੀ[4]॥ਤਬ ਤਾ ਕੇ ਮਨ ਐਸੀ ਆਈ॥
ਸਤਗੁਰ ਜੀ ਕੀ ਸਰਨ ਪਰੀਜੈ॥ਮਾਨੁਖ ਜਨਮ ਸਫਲ ਕਰ ਲਜੈ[5]॥

॥ਦੋਹਰਾ॥

ਹਾਥ ਜੋਰਿ ਬਿਨਤੀ ਕਰੀ ਹੇ ਸਤਗੁਰ ਦੀਨ ਦਿਆਲ॥
ਚਰਨ ਸਰਨ ਮੋ ਕੋ ਮਿਲੇ ਦੇ ਦਿਛਿਆ ਕਰੋ ਨਿਹਾਲ॥੭॥

॥ਚੌਪਈ॥

266/ਅ ਸਤਗੁਰ ਤਾ ਸੋ ਬਚਨੁ ਉਚਾਰਾ॥ਸੁਨੋ ਮੰਞ ਤੂੰ ਪ/ਰਮ ਪਿਆਰਾ॥
ਹਮਰੋ ਸਿਖ ਹੂਆ ਤੂੰ ਚਾਹੇ॥ਯਹ ਮਹਾ ਕਠਨ ਕੈਸੇ ਕਿਨਿ ਬਾਹੇਂ॥
ਅਰ ਜਬ ਤੂੰ ਸਿਖ ਹਮਾਰਾ ਹੋਵੈ॥ਅਪਜਸੁ[6] ਹੋਇ ਸਕਲ ਧਨੁ ਖੋਵੈ॥
ਸਭ ਕੁਲ ਲੋਕ ਕਰੈ ਉਪਹਾਸ॥ਬਹਨ ਨ ਦੇਵੈ ਕੋਈ ਪਾਸ॥੯॥
ਤਾ ਤੇ ਪੀਰ ਕੀ ਸੇਵਾ ਕਰੋ॥ਮਮ ਸਿਖੀ ਨਾਮੁ ਨ ਮੁਖੋ ਉਚਰੋ॥
ਇਹ ਕੁਲ ਧਨੁ ਬਡਿਆਈ ਨਹੀ ਗਹੋ॥ਸਿਖ ਹੋਇ ਕਾਹੇ ਦੁਖ ਸਹੋ॥੧੦॥
ਏਹੁ ਬਚਨ ਸੁਨਤ ਅਧਕ ਪ੍ਰੇਮ ਰਸ ਪਾਗਾ॥ਉਦੇ ਭਏ ਪੂਰਬ ਕੇ ਭਾਗਾ॥
ਨਿੰਮ੍ਰ ਭੂਤ ਹੋਇ ਬਿਨਤੀ ਕਰੀ॥ਨੈਨ ਨੀਰ ਬਰਖੇ ਜਿਮ ਝਰੀ॥੧੧॥

॥ਸਿਖ ਬਾਚ॥

॥ਦੋਹਰਾ॥[7]

ਹੇ ਪ੍ਰਭ ਮੋ ਕੋ ਸਿਖ ਕਰੁ ਜੋ ਹੋਵੈ[8] ਸੁ ਹੋਇ॥
ਕੁਲ ਧਨੁ ਮੈ ਚਾਹੋ ਨਹੀ ਜਾਵੇ ਸਭ ਬਿਧ ਖੋਇ॥੧੨॥

॥ਤੋਮਰ ਛੰਦ॥

ਗੁਰ ਦੇਖਿ ਪੂਰਨ ਪ੍ਰੇਮ॥ਯਾ ਕੇ ਅਟਕ ਨਹੀ ਨੇਮ॥
ਕਰ ਦਇਆ ਚਰਨਨ ਲਾਇ॥ਮੁਖ ਸਤਨਾਮੁ ਪੜਾਇ॥੧੩॥
ਭਇਆ ਮਗਨ ਲਾਗਾ ਰੰਗ॥ਗੁਰ ਚਰਨ ਭਗਤ ਅਭੰਗ॥
ਗ੍ਰਹ ਕੋ ਗਇਆ ਜਬ ਸੋਇ॥ਗੁਰ ਕਹਾ ਸੋ ਅਬ ਹੋਇ॥੧੪॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਅਰ ਦਿਨ ਏਕ ਸੁਨੀ ਗੁਰਬਾਨੀ॥ਵੈਰਾਗ ਜੋਗ ਸੁੰਦਰ ਸੁਭਰਾਨੀ॥ (ੳ,ਅ,ਸ)
[3] ਲਗਾ ਮਰਮ ਮਨ ਰੁਚ ਉਪਜਾਨੀ॥ਦਰਸਨ ਦੇਖਨ ਕੋ ਗੁਰਬਾਨੀ॥ (ੳ,ਅ,ਸ)
[4] ਅਧਿਕਾਈ (ੳ,ਅ,ੲ)
[5] ਇੱਥੇ ਸ਼ਬਦ 'ਕਰ ਲਜੈ' ਦਾ ਜਗ੍ਹਾ ਤੇ 'ਅਬ ਕੀਜੈ' ਹੈ (ੳ), ਇੱਥੇ ਸ਼ਬਦ 'ਕਰ ਲੀਜੈ' ਹੈ (ੲ)
[6] ਅਤਜਸੁ (ਸ)
[7] ਇੱਥੇ ਸਿਰਲੇਖ '॥ਦੋਹਰਾ॥ਸਿਖ ਬਾਚ॥' (ਅ,ੲ)
[8] ਭਾਵੈ (ੳ)

ਸੰਪਤ ਭਈ ਸਭ ਨਾਸ॥ਸਭ ਕੁਲ ਕਰੇ ਉਪਹਾਸ॥
ਘੋੜੇ ਸਗਲ ਮਰ ਗਏ॥ਕੁਲ ਬੰਧ ਦੁਸਮਨ ਭਏ॥੧੫॥
ਕੁਲ ਬੰਧ ਕਹੇ ਪੁਕਾਰ॥ਇਸ ਪੀਰ ਕੀਨੀ ਮਾਰ॥
ਗੁਰ ਸਿਖ ਜਬ ਕਾ ਭਇਆ॥ਸੰਪਤ ਸਗਲ ਧਨੁ ਗਇਆ॥੧੬॥

॥ਦੋਹਰਾ॥

ਕੁਲ ਬੰਧ ਲੋਕ ਸਭ ਤਿਸ ਕਹੇ ਹੇ ਮੰਞ ਪੀਰੁ ਭਇਆ ਕੋਪ॥
ਜਬ ਕਾ ਤੂੰ ਸਿਖ ਗੁਰ ਭਇਆ॥ਸੰਪਤ ਭਈ ਅਲੋਪ॥੧੭॥

॥ਚੌਪਈ॥

ਤੂੰ ਬਹੁੜੋ ਜੇ ਸੰਪਤ ਚਾਹੇ॥ਪੁਨ ਬਖਸੇ ਪੀਰ ਜੋ ਬਹੁੜ ਮਨਾਏ॥
ਤਜ ਸਿਖੀ ਹੋਇ ਪੀਰ ਕਾ ਚੇਲਾ॥ਸੰਪਤ ਧਨ ਦੇਵੈ ਤਿਹਿ ਵੇਲਾ॥੧੮॥
267/ੳ ਕ/ਹੋ ਮੰਞ ਸੁਨੋ ਭ੍ਰਾਤ ਪਿਆਰੇ॥ਮੈ ਭਇਆ ਸਿਖੁ ਸਤਿਗੁਰ ਕੇ ਦੁਆਰੇ॥
ਕੁਲ ਸੰਪਤ ਨਹੀ ਮੇਰੇ ਕਾਮ॥ਹਿਰਦੇ ਗੁਰ ਚਰਨ ਬਸੇ ਅਭਰਾਮ॥੧੯॥
ਸੇਵੇ ਸਤਗੁਰ ਮੁਕਤ ਕਾ ਦਾਤਾ॥ਕਵਨ ਕਾਮ ਪੀਰ ਸੋ ਗਿਆਤਾ॥
ਅਬ ਚਾਹੇ ਸਤਗੁਰ ਸੋ ਬਿਧ ਹੋਇ॥ਮੀਰ ਪੀਰ ਸੋ ਕਾਮ ਨ ਕੋਇ॥੨੦॥

॥ਚੌਪਈ॥

ਯਹ ਬਾਤ ਸੁਨਤ ਪੰਚਨ ਮਨ ਠਾਨੀ॥ਇਹ ਮੂਰਖ ਹੈ ਬਡ ਅਗਿਆਨੀ॥
ਗ੍ਰਹ ਧਨੁ ਸਿਰਦਾਰੀ ਇਸ ਕੀ ਲੀਜੈ॥ਦੇਸ ਨਿਕਾਲਾ ਯਾ ਕੌ ਦੀਜੈ॥੨੧॥

॥ਸੋਰਠਾ॥

ਮਿਲ ਸਭ ਭਾਈ ਬੰਧ ਦੇਸ ਨਿਕਾਲਾ ਮੰਞ ਕੋ॥
ਬੂਝੇ ਨਾਹੀ ਅੰਧ ਇਹ ਬਿਧ ਸਭ ਸਤਗੁਰ ਕਰੀ॥੨੨॥

॥ਚੌਪਈ॥

ਮੰਞ ਕੋ ਮਾਲ ਸਭਹਨ ਮਿਲ ਲੀਨਾ॥ਨਿਕਾਲ ਦੇਸ ਸੋ ਤਾ ਕੋ ਦੀਨਾ॥
ਪਰਮ ਪਤਬਰਤਾ ਇਸਤ੍ਰੀ ਤਾ ਕੀ॥ਏਕ ਕੁਮਾਰ ਕੰਨਿਆ ਥੀ ਵਾਕੀ॥੨੩॥
ਲੀਏ ਸੰਗ ਬਦੇਸ ਉਠ ਗਏ॥ਕਿਸੂ ਨਗ੍ਰ ਜਾਇ ਅਸਿਥਿਤ ਭਏ॥
ਖੋਦ ਘਾਸ ਤਹਾ ਬੇਚਨ ਲਾਗਾ॥ਗੁਰ ਚਰਨ ਪ੍ਰੀਤ ਨਿਸ ਦਿਨ ਰਹੇ ਪਾਗਾ॥੨੪॥
ਜੋ ਕੁਛ ਘਾਸ ਸੋ ਪੈਦਾ ਹੋਇ॥ਚਾਰ ਭਾਗ ਤਾ ਕੇ ਕਰੇ ਸੋਇ॥
ਏਕ ਭਾਗ ਗੁਰ ਅਰਥ ਲਗਾਵੇ॥ਕਰ ਉਦਰ ਛੇਪਨਾ ਅਉਧ ਬਿਤਾਵੈ॥੨੫॥
ਕੇਤਕੁ ਕਾਲ ਐਸੀ ਬਿਧ ਬੀਤਾ॥ਚੇਤ ਕੀਨ ਪ੍ਰਭ ਸਤਗੁਰ ਮੀਤਾ॥
ਮੰਞ ਸਿਖ ਪ੍ਰੇਮੀ ਜੋ ਅਹਾ॥ਤਿਨ ਧਨੁ ਕੁਲ ਤਿਆਗ ਸਿਖ ਪਦ ਗਹਾ॥੨੬॥

॥ਦੋਹਰਾ॥

ਮਹਾ ਬਿਪਤ ਤਾ ਪਰ ਪਰੀ ਵੈ ਬੂਝੈ ਨਹੀ ਤੁਛ॥
ਹਰਖ ਸੋਗ ਤਾ ਕੋ ਨਹੀ ਮਾਨ ਮਹਤੁ ਤਿਨ ਮੁਛ॥੨੭॥

॥ਚੌਪਈ॥

267/ਅ ਮੇਵੜਾ[1] ਸਤਗੁਰ ਦਿਆਲ ਬੁਲਾਇਆ॥ਯਹ ਬਿਧ ਤਾ ਕੋ ਕ/ਹ ਸਮਝਾਇਆ[2]॥
ਮੰਞੁ ਨਾਮ ਸਿਖ ਮਮ ਅਹੇ॥ਅਮਕੇ ਗਾਉ ਮਾਹਿ ਵੈ ਰਹੇ॥੨੮॥
ਗੰਢ ਘਾਸੁ ਬਜਾਰ ਮੋ ਬੇਚਤ ਆਹਿ॥ਹੈ ਪਰ ਸਿਧ ਪੁਛ ਲੇਨਾ ਤਾਹਿ॥
ਮੇਰਾ ਹੁਕਮੁਨਾਮਾ ਤਿਸ ਦੇਨਾ॥ਇਕੀਸ ਰੁਪਈਆ ਕਾਰ ਤੁਮ ਲੇਨਾ॥੨੯॥
ਪ੍ਰਥਮ ਇਕੀਸ ਰੁਪਈਆ ਲੀਜੈ॥ਪਾਛੇ ਹੁਕਮਨਾਮਾ ਤਿਸ ਦੀਜੈ॥
ਜਾਹੁ ਸਿਖ ਕਾ ਦਰਸਨ ਕਰੋ॥ਜਨਮ ਜਨਮ ਕੀ ਦੁਰਮਤ ਹਰੋ॥੩੦॥
ਲੇ ਹੁਕਮ ਮੇਵੜਾ ਤਹ ਹੀ ਗਇਆ॥ਬੇਚੇ ਘਾਸੁ ਮੇਲਾ ਤਿਸ ਭਇਆ॥
ਕਰਿ ਪੈਰੀ ਪਉਨਾ ਮੰਞ ਜਨਾਇਆ॥ਤੁਮ ਪਰ ਹੁਕਮ ਸਤਗੁਰ ਕਾ ਆਇਆ॥੩੧॥

---

[1] ਇਕ ਮੇਵੜਾ (ੳ)
[2] ਹਮਝਾਇਆ (ਸ)

॥ ਸੋਰਠਾ ॥

ਸੁਨਤ ਮੰਞ ਗੁਰ ਨਾਮੁ ਮਨ ਪ੍ਰੇਮ ਮਗਨ ਗਦ ਗਦ ਭਇਆ ॥
ਕਰ ਬਾਰੰ ਬਾਰ ਪਰਨਾਮ ਮਾਥਾ ਟੇਕ ਬਿਨਤੀ ਕਰੀ ॥ ੩੨ ॥

॥ ਮਕਰਾ ਛੰਦ ॥

ਤਬ ਮੰਞ ਸਿਖ ਪਿਆਰੇ ॥ ਕਰ ਜੋੜ ਬਿਨੇ ਧਾਰੇ ॥
ਧਨ ਧੰਨ ਭਾਗ ਮੋਰੇ ਮੁਹ ਸਤਗੁਰ ਚਿਤਾਰਾ ॥ ੩੩ ॥
ਮੁਹਿ ਹੁਕਮ ਗੁਰ ਦਿਖਾਵੋ ॥ ਤਗ ਤੇ ਨੈਨ ਸਿਰਾਵੋ ॥
ਗੁਰਸਿਖ ਮਿਤ੍ਰ ਪਿਆਰੇ ਮੈ ਦਾਸ ਹੋ ਤੁਮਾਰਾ ॥ ੩੪ ॥
ਤਬ ਮੇਵੜੇ ਬਖਾਨਾ[1] ॥ ਸੁਨ ਸਿਖ ਗੁਰ ਸੁਜਾਨਾ ॥
ਆਗਿਆ ਦਿਆਲ ਕੀਨੀ ॥ ਸੁਨ ਕਰੋ ਮਨ ਬੀਚਾਰਾ ॥ ੩੫ ॥
ਰੁਪਈਯਾ ਇਕੀਸ ਦੀਜੈ ॥ ਤਬ ਹੁਕਮਨਾਮਾ ਲੀਜੈ ॥
ਆਗਿਆ ਦਿਆਲ ਕੀਨੀ ਤਿਉ ਕਹੋ ਤੋਹਿ ਪੁਕਾਰਾ ॥ ੩੬ ॥ [2]

॥ ਸੋਰਠਾ ॥

ਸੁਨਤ ਮੰਞ ਇਹ ਬਾਤ ਅਤਿ ਉਤਿਸਾਹੁ ਮਨੋ ਮੋ ਕਰਿਉ ॥
ਮਿਲੇ ਗੁਰੂ ਸਿਰਿ ਸਾਇ[3] ਇਹੁ ਤੁਛ ਮੋਲ ਸੌਦਾ ਅਮਿਤ ॥ ੩੭ ॥

॥ ਤੋਮਰ ਛੰਦ ॥

ਮੇਵਿੜਿ ਗਿਆ ਤਹਾ ਰਾਖਾ ॥ ਕਹਿਓ ਇਸਤ੍ਰੀ ਸੋ ਭਾਖਾ ॥
ਇਕੀ ਰੁਪਈਐ ਕਾਰ ॥ ਲਿਖਿ ਪਠਿਓ ਗੁਰ ਕਰਤਾਰ ॥ ੩੮ ॥
268/ੳ ਮੇਵੜਾ ਪਹੁਚਾ ਆਹਿ ॥ ਬਿਨੁ ਲੀਐ ਦੇਤਾ ਨਾ/ਹਿ ॥
ਕਹੁ ਜਤਨੁ ਕੀਜੈ ਕੋਇ ॥ ਗੁਰ ਹੁਕਮ ਦਰਸਨ ਹੋਇ ॥
ਸਿਖਨੀ ਕਹਿਆ ਸਮਝਾਇ ॥ ਯਹ ਬਾਤ ਸੁਗਮ ਦਿਖਾਇ ॥
ਕੰਨਿਆ ਹਮਾਰ ਕੁਮਾਰ ॥ ਲੋਚੇ ਤਿਸੇ ਸਿਰਦਾਰ ॥ ੪੦ ॥
ਗੁਰ ਅਰਥ ਦੇਇ ਬਿਆਹ ॥ ਲੇ ਕਾਰ ਦੇਵੇ ਤਾਹ ॥
ਵਡਿਭਾਗ ਕੰਨਿਆ ਸੋਇ ॥ ਗੁਰ ਅਰਥ ਪੂਰਨ ਹੋਇ ॥ ੪੧ ॥

॥ ਸੋਰਠਾ ॥

ਤਬ ਸਿਖਨੀ ਤਿਨ ਗ੍ਰਿਹ ਜਾਇ ਕਰੀ ਸਗਾਈ ਸੁਤਾ ਕੀ ॥
ਇਕੀਹ ਰੁਪਯਾ ਲੇ ਆਇ ਭਰਤਾ ਕੇ ਆਗੇ ਧਰੇ ॥ ੪੨ ॥

॥ ਚੌਪਈ ॥

ਜਬੀ ਰੁਪਯੇ ਮੰਞ ਨੇ ਪਾਏ ॥ ਮੇਵੜੇ ਕੋ ਗ੍ਰਿਹ ਮੋ ਲੇ ਆਏ ॥
ਇਕੀਸ ਰੁਪਯੇ ਆਗੇ ਧਰੇ ॥ ਕਰ ਪ੍ਰਨਾਮ ਤਿਸ ਚਰਨੀ ਪਰੇ ॥ ੪੩ ॥
ਤਬ ਮੇਵੜੇ ਹੁਕਮਨਾਮਾ ਤਿਸ ਦੀਨਾ ॥ ਲੇ ਮੰਞ ਧਰ ਮਸਤਕ ਆਨੰਦ ਕੀਨਾ ॥
ਅਤ ਉਤਸਾਹ ਤਾ ਕੇ ਮਨ ਭਇਆ ॥ ਜਿਉ ਲਛਮਨ ਮੁਖ ਅੰਮ੍ਰਿਤ ਪਇਆ ॥ ੪੪ ॥
ਜਿਉ ਰਾਧੇ ਹਰਿ ਜੀ ਬਨਿ ਪਾਏ ॥ ਅਰ ਕੁਬਜਾ ਕੇ ਘਰ ਪ੍ਰਭ ਜੀ ਆਏ ॥
ਜਿਉ ਸੂਤ ਦੇਵ ਘਰ ਰਾਏ ਭਗਵਾਨ ॥ ਜਨਕ ਰਾਜਾ ਕਾ ਰਾਖਾ ਮਾਨ ॥ ੪੫ ॥
ਐਸੀ ਖੁਸੀ ਮੰਞ ਕੋ ਭਈ ॥ ਤਾ ਕੀ ਮਹਮਾ ਜਾਤ ਨ ਕਹੀ ॥
ਸਿਖੁ ਸਿਖਨੀ ਅਤ ਬਿਗਸਾਨਾ ॥ ਸਤਗੁਰ ਰੂਪ ਹੁਕਮ ਕਰ ਜਾਨਾ ॥ ੪੬ ॥

॥ ਦੋਹਰਾ ॥

ਮੇਵੜੇ ਕੋ ਪੂਜਨ ਕੀਆ ਅੰਮ੍ਰਿਤ ਪ੍ਰਸਾਦਿ ਖੁਲਾਇ ॥
ਘਾਸ ਬੇਚ ਪੋਖਨ ਕਰਾ ਰਹੇ ਪ੍ਰੇਮ ਛਕ ਛਾਇ ॥ ੪੭ ॥

॥ ਚੌਪਈ ॥

ਪ੍ਰਾਤ ਮੇਵੜਾ ਬਿਦਾ ਕਰ ਦੀਆ ॥ ਆਪਿ ਬਨ ਗਏ ਘਾਸ ਮਗ ਲੀਆ ॥
ਮੇਵੜੇ ਸਤਗੁਰ ਜੀ ਪਹਿ ਜਾਇ ॥ ਦੇ ਭੇਟ ਬ੍ਰਿਤੰਤ ਸਭ ਕਹਾ ਸੁਨਾਇ ॥ ੪੮ ॥

---

[1] ਬਗਾਨਾ (ਸ)

[2] ਇੱਥੇ 'ਸੁਨ ਕਰੋ ਮਨ.... ਕਹੋ ਤੋਹਿ ਪੁਕਾਰਾ ॥ ੩੬ ॥' ਵਾਲਾ ਪਾਠ ਨਹੀਂ ਹੈ (ਅ)

[3] ਸਾਟ (ੳ,ਅ,ੲ)

268/ਅ /ਬਰਖੁ ਏਕੁ ਜਬ ਭਇਆ ਬਿਤੀਤ॥ਪੁਨ ਮੰਞੂ ਚਿਤਾਰਾ ਸਤਿਗੁਰ ਮੀਤ॥
ਲਿਖ ਹੁਕਮਨਾਮਾ ਮੇਵੜੇ ਕੋ ਦੀਨਾ॥ਕਹਾ ਸਮਝਾਇ ਸਤਿਗੁਰ ਪ੍ਰਥੀਨਾ॥੪੯॥
ਇਕੀਸ ਰੁਪਯੇ ਪ੍ਰਿਥਮੇ ਲੀਜੈ॥ਤਬ ਦਰਸਨ ਹੁਕਮ ਨਾਮੇ ਕਾ ਦੀਜੈ॥
ਤਬ ਚਲਾ ਮੇਵੜਾ ਮੰਞ ਪਹ[1] ਗਇਆ॥ਘਾਸ ਬੇਚਤ ਸੋ ਮੇਲਾ ਭਇਆ॥੫੦॥
ਤਿਸੁ ਦੇਖ ਮੰਞ ਅਤਿ ਭਇਆ ਖੁਸਾਲਾ॥ਸਤਗੁਰ ਮੋ ਕੋ ਕੀਆ ਨਿਹਾਲਾ॥
ਗ੍ਰਹ ਮੋ ਚਲ ਸਤਗੁਰ ਕੇ ਪਿਆਰੇ॥ਮੋਹੁ ਦੇਹੁ ਹੁਕਮ ਸਤਿਗੁਰ ਕਰਤਾਰੇ॥੫੧॥

॥ਦੋਹਰਾ॥

ਕਹਾ ਮੇਵੜੇ ਮੰਞ ਕੋ ਇਕੀਸ ਰੁਪਏ ਦੇਹੁ॥
ਸਤਿਗੁਰ ਜੀ ਆਗਿਆ ਕਰੀ॥ਤਬ ਦਰਸ ਹੁਕਮ ਕਰ ਲੇਹੁ॥੫੨॥

॥ਚੌਪਈ॥

ਸੁਨਤ ਮੰਞ ਅਤਿ ਮਨ ਮਗਨਾਨਾ॥ਸਤਗੁਰ ਮੋਹ ਅਪਨਾ ਕਰ ਜਾਨਾ॥
ਸੁਨ ਇਹ ਬਾਤ ਸਿਖਨੀ ਪਹਿ ਆਇਆ॥ਦੇ ਹੁਕਮ ਮੇਵੜਾ ਗੁਰੂ ਪਠਾਇਆ॥੫੩॥
ਪ੍ਰਥਮ ਇਕੀਸ ਰੁਪਯਾ ਦੀਜੈ॥ਤਬ ਹੁਕਮਨਾਮੇ ਕਾ ਦਰਸਨ ਕੀਜੈ॥
ਸੁਨਤ ਸਿਖਨੀ ਭਈ ਪ੍ਰਸੰਨ॥ਧਨ ਧਨ ਸਤਗੁਰ ਧਨ ਧੰਨ॥੫੪॥
ਇਕ ਸੁਗਮ ਬਾਤ ਮੈ ਤੋ ਸੋ ਭਾਖੌਂ॥ਮੈ ਆਪਨੇ ਆਪ ਕੌ ਗਿਰਵੀ ਰਾਖੌਂ॥
ਰੁਪਯਾ ਇਕੀਸ ਮੇਵੜੇ ਚੀਜੀ[2]॥ਜਾ ਰਹੋ ਹਜੂਰ ਕੀ ਸੇਵਾ ਕੀਜੈ॥੫੫॥
ਈਹਾ ਤਿਨ ਕੀ ਸੇਵ ਕਮਾਵੌਂ॥ਤੁਮ ਰਹੋ ਹਜੂਰ ਗੁਰ ਦਰਸਨ ਪਾਵੋ॥
ਜਬ ਸਤਗੁਰ ਹੋਵਹਿਗੇ ਦਿਆਲ॥ਬੰਧਨ ਕਾਟਿ ਸਭ ਕਰੇ ਨਿਹਾਲ॥੫੬॥

॥ਸੋਰਠਾ॥

ਯਹ ਮਸਲਤ ਠਹਰਇ ਜਾਇ ਸਿਖਨੀ ਗਹਨੇ ਪੜੀ॥
ਇਕੀਸ ਰੁਪਯੇ ਲਿਆਇ ਕਾਰ ਮੇਵੜੇ ਕੋ ਦਈ॥੫੭॥

॥ਚੌਪਈ॥

ਤਬ ਮੇਵੜੇ ਹੁਕਮ ਮੰਞ ਕੋ ਦੀਆ॥ਲੇ ਹੁਕਮ ਮੰਞ ਮਸਤਕ ਧਰ ਲੀਆ॥
269/ੳ ਬਡੀ ਖੁਸੀ ਤਾ/ਕੇ ਮਨ ਭਈ॥ਪ੍ਰੇਮ ਲੀਲਾ ਜਾਤ ਨ ਕਹੀ॥੫੮॥
ਜੋ ਬੇਚ ਘਾਸ ਪੈਸੇ ਥਾ ਲਿਆਇਆ॥ਕੀਨਾ ਭੋਜਨ ਤਾਹ ਖੁਲਾਇਆ॥
ਪੁਨ ਕਰੀ ਬੀਚਾਰ ਤਾ ਕਾ ਸੰਗ ਲੀਨਾ॥ਜਾਇ ਹਜੂਰ ਦਰਸਨ ਗੁਰ ਕੀਨਾ॥੫੯॥
ਗੁਰ ਦਰਸਨ ਨੈਨ ਟਕ ਲਾਗੇ॥ਜਿਮ ਨਿਰਖ ਚੰਦ ਚਕੋਰ ਅਨਰਾਗੇ॥
ਸਤਗੁਰ ਤਾ ਕੋ ਪੂਛਾ ਨਾਹੀ॥ਮੰਞ ਪ੍ਰੇਮ ਰਸ ਮਗਨ ਰਹਾਈ॥੬੦॥
ਤਹਾ ਮੰਞ ਮਨ ਕੀਆ ਬਿਚਾਰਾ॥ਟਹਲ ਕਰੋ ਸਤਗੁਰ ਦੁਆਰਾ॥
ਲਕੜੀ ਬਨ ਸੋ ਨਿਤ ਲਿਆਵੈ॥ਲੰਗਰ ਮਾਹ ਆਣ ਪਹੁਚਾਵੈ॥੬੧॥

॥ਦੋਹਰਾ॥

ਪ੍ਰੇਮ ਲਗਨ ਤਾ ਕੋ ਲਗੀ ਮਗਨ ਰਹੇ ਨਿਸ ਭੋਰ॥
ਲਜਾ ਖੁਦੀ ਤਿਕਬਰੀ ਮਿਟ ਗਇਆ ਦੁਰਮਤ ਸੋਰ॥

॥ਚੌਪਈ॥

ਕੇਤਕ ਦਿਨ ਜਬ ਭਏ ਬਿਤੀਤ॥ਤਬ ਅੰਤਰਜਾਮੀ ਪੂਛਾ ਮੀਤ॥
ਮੰਞ ਸਿਖੁ ਜੋ ਈਹਾ ਰਹਾਈ॥ਕਿਆ ਕਾਰ ਕਰੇ ਅਰੁ ਕਹਾ ਤੇ ਖਇ॥
ਕਰ ਜੋੜ ਸਿਖ ਬ੍ਰਿਤੰਤ ਸੁਨਾਇਆ॥ਮੰਞ ਸਿਖ ਜਬ ਕਾ ਹੈ ਆਇਆ॥
ਸਦਾ ਪ੍ਰੀਤ ਕਰ ਲਕੜੀ ਲਿਆਵੈ॥ਨਿਤ ਟਹਲ ਕਰੇ ਲੰਗਰ ਮੋ ਖਾਵੈ॥੬੪॥
ਸੁਨ ਦਿਆਲ ਬੋਲੈ ਮੁਖ ਬੈਨਾ॥ਤਿਸੁ ਲੰਗਰ ਸੋ ਪ੍ਰਸਾਦਿ ਨਹੀ ਦੇਨਾ॥
ਯਹੀ ਬਾਤ ਮੰਞ ਜਬ ਜਾਨੀ॥ਬਡੀ ਦਇਆ ਗੁਰ ਮਨ ਮੋ ਗਨੀ॥੬੫॥
ਕਰ ਪ੍ਰੀਤ ਮੰਞ ਨਿਤ ਲਕੜੀ ਲਿਆਵੈ॥ਕਰੇ ਭਗਤ ਸਤਗੁਰ ਗੁਨ ਗਾਵੈ॥
ਜਹ ਲੰਗਰ ਕਾ ਪਨਹਾਰਾ ਪਰੇ॥ਚੂਨ ਟੂਕ ਖਾਇ ਉਦ੍ਰ ਕੋ ਭਰੇ॥੬੬॥

---

[1] ਭੰਞ ਪਰ (ਸ)
[2] ਦੀਜੈ (ੳ,ਅ,ੲ,ਸ)

॥ਦੋਹਰਾ॥
ਪੁਨਿ ਸਤਿਗੁਰ ਸਭਿ ਸੋ ਪੂਛਿਆ ਮੰਞ ਕਹਾ ਤੇ ਖਾਇ॥
ਸਭ ਹਾਥ ਜੋੜ ਬਿਧ ਮੰਞ ਕੀ ਗੁਰਸਿਖਨ ਕਹੀ ਸੁਨਾਇ॥੬੭॥
॥ਚੌਪਈ॥
269/ਅ /ਹੇ ਸਤਿਗੁਰ ਮੰਞ ਨਿਤ ਲਕੜੀ ਲਿਆਵੈ॥ਲੰਗਰ ਤੇ ਪ੍ਰਸਾਦਿ ਨਹੀ ਪਾਵੈ॥
ਜਹਾ ਜੂਠਾ ਪਨਹਾਰਾ ਪਰੇ॥ਤਹਾ ਚੂਨ ਖਾਇ ਉਦ੍ਰ ਕੋ ਭਰੇ॥੬੮॥
ਪੁਨ ਕਹੀ ਦਿਆਲ ਤਿਸ ਮਨਹਿ ਕਰੀਜੈ॥ਪਨਹਾਰੇ ਸੋ ਖਾਨਿ ਨ ਦੀਜੈ॥
ਸਭ ਸਿਖਨ ਯਹ ਮੰਞ ਸੋ ਕਹਾ॥ਸੁਨ ਯਹ ਬਾਤ ਮਗਨ ਹੋ ਰਹਾ॥੬੯॥
ਬੂਝੀ ਬਾਤ ਸਤਗੁਰ ਭਏ ਦਿਆਲ॥ਅਬ ਮੋ ਕੋ ਨਿਤ ਕਰੇ ਸਮਾਲ॥
ਤਿਸੁ ਪ੍ਰੇਮ ਲਗਨ ਲਾਗੀ ਰੰਗ ਭਰਾ॥ਸਤਗੁਰ ਮੂਰਤ ਮਨ ਮੋ ਧਰਾ॥੭੦॥
ਅੰਤ੍ਰ ਪ੍ਰੇਮ ਖੇਲ ਸਦ ਖੇਲੇ॥ਬਾਹਰ ਬਨ ਮੋ ਲਕਰੀ ਮੇਲੇ॥
ਪ੍ਰੀਤਮ ਹਿਰਦੇ ਸਦਾ ਦਿਖਾਇ॥ਕੁਲ ਲੋਕ ਲਾਜ ਸਭ ਗਈ ਬਿਲਾਇ॥੭੧॥
॥ਦੋਹਰਾ॥
ਪ੍ਰੇਮ ਰੰਗ ਘੂਮਤਾ ਫਿਰੇ ਗੁਰ ਪ੍ਰੀਤਮ ਹਿਰਦੇ ਧਾਰਿ॥
ਮੋਹਿ ਦ੍ਰੋਹਿ ਤਾ ਕਾ ਗਇਆ ਅਚਰਜ ਪ੍ਰੇਮ ਬਿਹਾਇ[1]॥੭੨॥
॥ਤੋਮਰ ਛੰਦ॥
ਭਈ ਮੰਞ ਪ੍ਰੇਮ ਪ੍ਰਤੀਤ॥ਕੇਤਕੁ ਦਿਨ ਗਏ ਬੀਤ॥
ਨਹੀ ਖਾਨ ਪਾਨ ਸੁ ਕਰੇ॥ਗੁਰ ਰੂਪ ਹਿਰਦੇ ਧਰੇ॥੭੩॥
ਇਕ ਦਿਨ ਗਇਆ ਬਨ ਮਾਹ॥ਲਈ ਬੀਨ ਲਕਰੀ ਤਾਹ॥
ਬੰਧ ਪੋਟ ਸਿਰ ਪਰ ਲੀਨ॥ਮਾਰਗ ਪਿਆਨਾ ਕੀਨ॥੭੪॥
ਉਮਡੀ ਘਟਾ ਬਨ ਮਾਹ॥ਚਲੀ ਪਵਨ ਆਂਧੀ ਤਾਂਹ॥
ਅੰਧੇਰ ਧੂਆ ਧਾਰ॥ਸੂਝੇ ਨ ਹਾਥ ਪਸਾਰ॥੭੫॥
ਚਲਾ ਮੰਞ ਸਿਰ ਧਰ ਭਾਰ॥ਮਨ ਮਗਨ ਪ੍ਰੇਮ ਬਿਹਾਰ॥
ਰਹੇ ਅੰਧ ਖੂਹ[2] ਬਨ ਮਾਹ॥ਜਬ ਨਿਕਟ ਪਹੁਚੇ ਤਾਹ॥੭੬॥
॥ਦੋਹਰਾ॥
ਤਿਸੁ ਪ੍ਰੇਮ ਪਵਨ ਧਕਾ ਲਗਾ ਗਿਰਾ ਕੂਪ ਕੇ ਮਾਹ॥
270/ੳ ਪੜਿ ਕੂਪ ਜਲ/ਮੋ ਠਾਢਾ ਭਇਆ ਸਿਰ ਰਾਖੀ ਲਕੜੀ ਤਾਹ॥੭੭॥
॥ਮਕਰਾ ਛੰਦ॥
ਏਹੁ ਪ੍ਰੇਮ ਕੀ ਕਹਾਨੀ॥ਪ੍ਰੀਤਮ ਸੁਜਾਨ ਜਾਨੀ॥
ਗੁਰ ਸਿਖ ਭੇਦ ਨਾਹੀ ਸ੍ਰਭ ਸੰਤ ਇਉ ਪੁਕਾਰਾ॥੭੮॥
ਪੜ ਕੂਪ ਕੀਨ ਧਿਆਨਾ॥ਯਹ ਬਿਧ ਨ ਕਾਹੂ ਜਾਨਾ॥
ਜਾਨਾ ਦਿਆਲ ਸਤਗੁਰ ਦ੍ਰਿੜ ਸਿਖ ਯਹ ਹਮਾਰਾ॥੭੯॥
ਸਭ ਸਿਖ ਗੁਰ ਬੁਲਾਏ॥ਚਲ ਸੰਗ ਆਪ ਆਏ॥
ਤਹਾ ਆਇ ਭਏ ਠਾਢੇ ਤਬ ਮੰਞ ਕੋ ਹਕਾਰਾ[3]॥੮੦॥
ਬੋਲਾ ਸੁ ਪ੍ਰੇਮ ਬਾਨੀ॥ਸਤਗੁਰ ਦਿਆਲ ਜਾਨੀ॥
ਪ੍ਰਥਮੈ ਨਿਕਾਲ ਲਕੜੀ ਪੁਨ ਰਾਖੀਏ ਹਮਾਰਾ॥੮੧॥
॥ਦੋਹਰਾ॥
ਕਰੀ ਮੰਞ ਇਹੁ ਬੇਨਤੀ ਗੁਰਸਿਖਨ ਲਈ ਬਿਚਾਰ॥
ਪ੍ਰਥਮੈ ਲਕਰੀ ਕਾਢੀਐ ਪੁਨ ਲੀਜੈ ਮੰਞ ਨਿਕਾਰ॥੮੨॥
॥ਚੌਪਈ॥
ਸਭ ਸੰਗਤ ਮਿਲ ਇਹ ਬਿਧ ਕੀਨੀ॥ਮੰਞ ਕੇ ਸਿਰ ਸੋ ਲਕੜੀ ਲੀਨੀ॥
ਸੂਕੀ ਨਿਕਾਲ ਬਾਹਰ ਲੇ ਧਰੀ॥ਤਬ ਲੀਆ ਨਿਕਾਲ ਬਾਹਰ ਤਿਹ ਘਰੀ॥੮੩॥

---
[1] ਬਿਹਾਰ (ੳ,ਅ,ੲ)
[2] ਖੂਨ (ੳ,ਅ,ਸ)
[3] ਰਕਾਰਾ (ਸ)

ਨਿਕਸ ਕੂਪ ਦਰਸਨ ਗੁਰ ਕਰਾ॥ਜੋੜ ਹਾਥ ਸਿਰ ਚਰਨਨ ਧਰਾ॥
ਗੁਰ ਦੇਖ ਦਸਾ ਗਦ ਗਦ ਮਨ ਭਏ॥ਦੇ ਅੰਕਮਾਲ ਬਚਨ[1] ਮੁਖ ਕਹੇ॥੯੪॥

॥ਸ੍ਰੀ ਮੁਖਵਾਕ॥

ਮੰਞ ਪਿਆਰਾ ਗੁਰੂ ਕੋ ਗੁਰੂ ਮੰਞ ਪਿਆਰਾ॥ਮੰਞ ਗੁਰੂ ਕਾ ਬੋਹਥਾ ਜਗ ਲੰਘਣਹਾਰਾ॥

॥ਚੌਪਈ॥

ਜਬ ਸਤਗੁਰ ਮੁਖ ਬਾਨੀ ਸੁਨੀ॥ਪ੍ਰਗਟਾ ਹਿਰਦੇ ਅਨਾਹਦਿ ਧੁਨੀ॥
ਅੰਤਰ ਸੁਰਤ ਸਬਦ ਰਸ ਪਾਗੀ॥ਸਤਗੁਰ ਬਚਨ ਸਮਾਧ ਦਿੜ ਲਾਗੀ॥੯੫॥
270/ਅ ਰਿਧ ਸਿਧ ਸਕਲ ਤਿਸ ਮਿਲੀ॥ਬਿਨਾ ਚਾਹ ਆਗੇ ਭ/ਈ ਖਲੀ॥
ਸਤਿਗੁਰ ਸੇਵਾ ਸਰਬ ਨਿਧਾਨ॥ਜੋ ਸੇਵੈ ਸੋ ਪਾਵੈ ਮਾਨ॥੯੬॥

॥ਦੋਹਰਾ॥

ਸਤਗੁਰ ਮੰਞ ਆਗਿਆ ਦਈ ਅਬ ਨਿਜ ਗ੍ਰਿਹ ਤੂੰ ਜਾਇ॥
ਮੋਨ ਮਿਤ ਲੰਗਰ ਕਰੋ ਸਾਧਨ ਦੇਹ ਖੁਲਾਇ॥੯੭॥
ਲੇ ਆਗਿਆ ਮੰਞੁ ਗ੍ਰਹ ਕੋ ਗਇਆ ਸਭ ਮਿਲੇ ਲੋਕ ਤਿਸ ਆਇ॥
ਗਈ ਸੰਪਤ ਸਗਲੀ ਮਿਲੀ ਸਤਿਗੁਰ ਭਏ ਸਹਾਇ॥੯੮॥
ਯਹ ਪ੍ਰੇਮ ਕਥਾ ਹੈ ਮੰਞ ਕੀ ਸੁਨੇ[2] ਸਿਖ ਚਿਤੁ ਲਾਇ॥
ਮੁਕਤ ਭੁਗਤ ਤਾ ਕੋ ਮਿਲੇ ਜੋ ਗੁਰ ਭਗਤ ਕਮਾਇ॥੯੯॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਬਕਨ (ਸ)
[2] ਸੂਨੇ (ਸ)

[ਸਾਖੀ ਤਰਨ ਤਾਰਨ ਤੀਰਥ ਦਾ ਪ੍ਰਕਾਸ਼ ਕਰਨਾ][1]

॥ਦੋਹਰਾ॥

ਗੋਬਿੰਦਵਾਲ ਤੇ ਸਤਗੁਰੂ ਮਾਝੇ ਗਏ ਦਿਆਲ॥
ਜੋ ਜਨ ਦੁਇ ਪਛਮ ਦਿਸਾ ਤੀਰਥ ਰਚਿਓ ਬਿਸਾਲ॥੧॥

॥ਚੌਪਈ॥

ਪਛਮ ਦਿਸਾ ਦਿਆਲ ਗੁਰ ਗਏ॥ਬਨ ਪਲਾਸ ਮੋ ਠਾਢੇ ਭਏ॥
ਸਿਖਨ ਕੋ ਕਹਿਆ ਬਚਨ ਬਖਾਨਾ॥ਈਹਾ ਤੀਰਥ ਦੀਸੈ ਪਰਮ ਪ੍ਰਧਾਨਾ॥੨॥
ਤਿਸੀ ਸਮੇ ਇਕ ਚਲਤ ਦਿਖਾਇਆ॥ਤਹਾ ਗਢਾ ਰਹੇ ਪਾਨੀ ਪਸਰਾਇਆ॥
ਕਊਐ ਤਾ ਮੋ ਕੀਆ ਸਨਾਨੁ॥ਹੁਇ ਹੰਸ ਬਰਨ ਚੜਿਆ ਅਸਮਾਨ॥੩॥
ਸਭ ਸੰਗਤ ਦੇਖ ਅਚਰਜ ਕਰ ਜਾਨਾ॥ਸਤਗੁਰ ਬਚਨ ਪੂਰਨ ਪਰਮਾਨਾ॥
ਗੁਰ ਆਗਿਆ ਸੋ ਖੋਦਨ ਲਾਗੇ॥ਗੁਰ ਕਾਰ ਕਰੇ ਸੋ ਭਾਗ ਸਭਾਗੇ॥੪॥
271/ੳ ਤਬ ਚੂਨਾ ਈਟ ਗੁਰ ਬਚਨ ਸੋ ਆਇਆ॥ਲਗੇ ਰਾਜ ਪਰਪਕ/ਬਨਾਇਆ॥
ਡੇਢ ਬਾਹੀ ਜਬ ਭਈ ਤਿਯਾਰ॥ਮੁਖ ਤਰਨ ਕਹਿਓ ਕਰਤਾਰ॥੫॥

॥ਦੋਹਰਾ॥

ਤਰਨ ਤਾਰਨ ਸਰ ਨਾਮ ਧਰ ਮਹਾਤਮ ਦੀਆ ਦਿਖਾਇ॥
ਜੋ ਕਰ ਇਸਨਾਨ ਨਿਸਚਾ ਧਰੇ ਹਰਿ ਭਗਤਿ ਪਾਇ ਤਰ ਜਾਇ॥੬॥

॥ਚੌਪਈ॥

ਤਿਸੀ ਸਮੇ ਇਕ ਕੁਸਟੀ ਆਇਆ॥ਤਿਨ ਕਰਿ ਇਸਨਾਨ ਸੁਧ ਤਨ ਪਾਇਆ॥
ਗੁਰ ਤੀਰਥ ਮਹਮਾ ਅਪਰ ਅਪਾਰ॥ਰਚਿਆ ਦਿਆਲ ਪਰਮ ਸੁਖਸਾਰ॥੭॥
ਕੁਸਟੀ ਦੁਖੀ ਤਹ ਰਹੇ ਸਭ ਕੋਇ॥ਬਰਖ ਮਾਹਿ ਸੁਧ ਤਨ ਹੋਇ॥
ਗੁਰ ਬਚਨ ਕੀਆ ਜੋ ਭਇ ਸੋ ਭਇਆ॥ਜੋ ਕਰਨਾ ਰਹਾ ਬਚਨ ਕਰ ਰਹਾ॥੮॥
ਕਰ ਜੋੜ ਸੰਗਤ ਕਰੀ ਅਰਦਾਸ॥ਕਊਆ ਹੋਇ ਸੁਵੇਤ ਉਡ ਗਇਆ ਅਕਾਸ॥
ਇਹ ਕਊਆ ਕੌਨ ਕਿਤ ਬਿਧ ਭਇਆ ਸੁਏਤ॥ਮਿਤ ਕਹੋ ਦਿਆਲ ਗੁਰ ਕਿਰਪਾ ਨਿਕੇਤ॥੯
ਗੁਰੁ ਗੁਪਤ ਕਥਾ ਪਰਗਟ ਕਰ ਕਹਾ॥ਇਹ ਹੰਸਨ ਮਾਹ ਹੰਸ ਸੁਭ ਰਹਾ॥
ਅਤ ਕੁਕਰਮ ਤਿਨ ਨੇ ਕੋਊ ਕੀਆ॥ਸਭ ਹੰਸਨ ਸ੍ਰਾਪ ਮਿਲ ਤਿਸ ਦੀਆ॥੧੦॥

॥ਦੋਹਰਾ॥

ਤੁਮ ਕਊਆ ਹੋਇ ਬਿਸਟਾ ਭਖੋ ਇਉ ਬੀਤੇ ਬਹੁ ਕਾਲ॥
ਜਬ ਕਲਜੁਗ ਮੈ ਹਰਿ ਬਪ ਧਰੇ ਕਰ ਦਰਸਨ ਹੋਹੁ ਨਿਹਾਲ॥੧੧॥

॥ਦੋਹਰਾ॥

ਅਰੁ ਕਲ ਮੋ ਜੋ ਤੀਰਥ ਰਚੇ ਤਾ ਮੋ ਕਰੇ ਇਸਨਾਨੁ॥
ਕਊਆ ਕੋ ਤਨ ਤਿਆਗ ਕੇ ਹੋਵਹਿ ਹੰਸ ਨਿਦਾਨ॥੧੨॥

॥ਚੌਪਈ॥

ਜਬ ਸਭ ਸਿਖਨ ਇਹੁ ਮਿਤ ਸੁਜਾਨੀ॥ਗੁਰ ਤੀਰਥ ਉਸਤਤ ਮੁਖ ਭਾਨੀ॥
ਧੰਨ ਧੰਨ ਸਤਿਗੁਰੂ ਦਿਆਲ॥ਧਨੁ ਤਰਨ ਤਾਰਨ ਅਘ ਕਟੇ ਬਿਸਾਲ॥੧੩॥
ਕਰ ਪਰਉਪਕਾਰ ਦਿਆਲ ਗੁਰ ਰਚਾ॥ਅਘ ਨਾਸਨ ਤੀਰਥ ਹੈ ਸਚਾ॥
271/ਅ ਗੁਰ/ਸਰ ਮਹਮਾ ਕਹੀ ਨ ਜਾਇ॥ਜੋ ਕਰੇ ਸਨਾਨ ਭਗਤਿ ਹਰਿ ਪਾਇ॥੧੪॥

॥ਦੋਹਰਾ॥

ਗੁਰ ਪਦ ਤੀਰਥ ਇਸਨਾਨ ਕਰਿ ਜਨਮ ਮਰਨ ਦੁਖ ਜਾਇ॥
ਇਹ ਬਚਨ ਤੀਰਥ ਕਲ ਮੋ ਰਚਾ ਪੂਰਨ ਭਗਤ ਉਪਾਇ॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[ਸਾਖੀ ਭਾਈ ਗੁਰਦਾਸ ਭਲੇ ਦਾ ਆਗਰੇ ਤੋਂ ਸਭ ਸੰਗਤ ਲੈ ਕੇ ਆਉਣਾ][1]

ਸਤਿਗੁਰ ਕੇ ਦਰਸਨ ਕੀ ਲਾਲਸਾ ਲੇ ਸਭਿ ਸੰਗਤਿ ਸਾਥ॥
ਗੁਰਮੁਖਿ ਗੁਰਦਾਸ ਆਵਤ ਭਏ ਸਤਿਗੁਰ ਕੀਏ ਸਨਾਥ॥੧॥

॥ਚੌਪਈ॥

ਗੁਰ ਦਰਸਨ ਆਏ ਗੁਰਦਾਸ॥ਮਗ ਕਰਤੇ ਕੀਰਤਨ ਭਜਨ ਬਿਲਾਸ॥
ਉਸ ਪਾਰ ਨਦੀ ਬਿਪਾਸਾ ਕੇ ਆਏ॥ਬਢੀ ਨਦੀ ਤਿਨ ਨਾਉ ਨ ਪਾਏ॥੨॥
ਅਤਿ ਗੁਰ ਦਰਸਨ ਕੋ ਮਨ ਪਿਆਰ॥ਕਿਹ ਬਿਧ ਹੋਇ ਨਦੀ ਕੇ ਪਾਰ॥
ਜਤਨ ਕੋਊ ਤਹ ਨਜਰ ਨ ਆਵੈ॥ਇਕ ਸਿਖ ਖੜਾ ਸਬਦ ਮੁਖ ਗਾਵੈ[2]॥੩॥
ਗੁਰ ਬਚਨ[3] ਬਸੇ ਜੀਏ ਨਾਲ॥ਜਲ ਨਹੀ ਡੂਬੇ ਤਸਕਰ ਨਹੀ ਲੇਵੈ ਭਾਹਿ ਨ ਸਾਕੇ ਜਾਲ॥
ਜਬ ਯਹ ਬਚਨ ਗੁਰਦਾਸ ਜੀ ਸੁਨਾ॥ਮਨ ਕਰਿ ਬਿਚਾਰਿ ਸੀਸ ਕੋ ਧੁਨਾ॥
ਗੁਰਬਾਨੀ ਐਸੇ ਫੁਰਮਾਵੈ॥ਹਮ ਮੁਗਧ ਅਚੇਤ ਬੂਝ ਨਹੀ ਪਾਵੈ॥੪॥
ਸਭ ਸੰਗਤ ਮਿਲ ਕੀਆ ਬਿਚਾਰ॥ਗੁਰ ਬਚਨ ਧਾਰ ਮਨ ਉਤਰੋ ਪਾਰ॥
ਪ੍ਰਥਮ ਗੁਰਦਾਸ ਆਗਾ ਸਭ ਲੀਨਾ॥ਸਭ ਸੰਗਤ ਲੇ ਭਏ ਪਾਰ ਪ੍ਰਬੀਨਾ॥੫॥

॥ਦੋਹਰਾ॥

ਗੁਰਬਾਨੀ ਬੋਹਥ ਕੀਆ ਸਭ ਸੰਗਤ ਉਤਰੀ ਪਾਰ॥
ਅਤਿ ਨਿਸਚੇ ਮਨ ਮੋ ਭਇਆ ਗੁਰਬਾਨੀ ਭਵਨਿਧ ਤਾਰ॥੬॥

॥ਚੌਪਈ॥

272/ੳ /ਸਭ ਭਜਨ ਕਰਤ ਦਰਸਨ ਕੋ ਚਲੇ॥ਗੁਰ ਕੁਲ ਬਾਲਕ ਮਗ ਖੇਲਤ ਖਲੇ॥
ਖੇਲਤ ਖੇਲਤ ਮੁਖੋ ਉਚਾਰੇ॥ਗੁਰ ਭਾਵੈ ਤੋ ਐਸੇ ਸਾਰੇ॥੭॥
ਦੇਖ ਗੁਰਦਾਸ ਮਨ ਕਰਾ ਬਿਚਾਰ॥ਗੁਰ ਭਾਨਾ ਇਨ ਮਨ ਮੋ ਧਾਰਾ॥
ਸਤਿਗੁਰ ਰੂਪ ਤਿਸ ਦਿਸਟੀ ਆਏ॥ਕਰ ਜੋੜ ਮਾਥਾ ਤਿਨ ਚਰਨ ਨਿਆਏ॥੮॥
ਪੁਨਿ ਜਾਇ ਸਤਗੁਰ ਕੇ ਦਰਸਨ ਲਾਗੇ॥ਮਹਾਂ ਅਨੰਦ ਪ੍ਰੇਮ ਰਸ ਪਾਗੇ॥
ਮਨ ਮੋ ਕਛੁ ਬਿਧ ਰਹੀ ਨ ਅਉਰ॥ਨੈਨ ਨਟਕ ਜਿਮ ਚੰਦ ਚਕੋਰ॥੯॥
ਸੰਗਤ ਪਰ ਕਿਰਪਾ ਗੁਰ ਕਰੀ॥ਸਭਹਨ ਕਾਰ ਭੇਟ ਗੁਰ ਧਰੀ॥
ਸਹਜ ਭਾਇ ਕਰ ਬਚਨ ਬਿਲਾਸ॥ਪੂਛੀ ਗੁਰ ਸਤ ਕਹੋ ਗੁਰਦਾਸ॥੧੦॥

॥ਦੋਹਰਾ॥

ਮਗ ਮੋ ਬਾਲਕ ਖੇਲਤੇ ਤੁਮ ਤਿਨ ਪਗ ਸੀਸ ਨਿਆਇ॥
ਕਵਨ ਗਿਆਨੁ ਮਨ ਮੋ ਧਰਾ ਦੀਜੇ ਸਤ ਬਤਾਇ॥੧੧॥

॥ਚੌਪਈ॥

ਭਏ ਹਾਥ ਜੋੜ ਠਾਢੇ ਗੁਰਦਾਸ॥ਮੁਖ ਕਰ ਉਸਤਤ ਕੀਨੀ ਅਰਦਾਸ॥
ਹੇ ਪ੍ਰਭ ਬਾਲਕ ਬਚਨ ਉਚਾਰੇ[4]॥ਗੁਰ ਭਾਵੈ ਤੌਂ ਐਸੀ ਕਰੇ॥੧੨॥
ਯਹ ਬਚਨ ਸੁਨਤ ਮੈ ਕੀਆ ਬਿਚਾਰ[5]॥ਜਿਨ ਗੁਰ ਭਾਣਾ ਮਨ ਮੋ ਧਾਰਾ॥
ਯਹੀ ਸੰਤ ਗੁਰਮੁਖ ਗੁਰ ਰੂਪ॥ਮੈ ਪਰਾ ਚਰਨ ਪ੍ਰਭ ਜਾਨਤ ਰੂਪ॥੧੩॥
ਸੁਨਤ ਦਿਆਲ ਅਤਿ ਭਏ ਪ੍ਰਸੰਨ॥ਧਨੁ ਗੁਰਦਾਸ ਸਿਖ ਤੂੰ ਧੰਨ॥
ਤੁਮ ਅਭੇਦ ਮਤ ਗੁਰਮਤ ਬੂਝਾ॥ਗੁਹਜ ਭੇਦ ਮਮ ਤੋ ਕੋ ਸੂਝਾ[6]॥੧੪॥
ਜੋ ਪ੍ਰੇਮ ਜੁਗਤ ਮੇਰੋ ਜਪੁ ਜਪੇ[1]॥ਅਉ ਕਾਰਨ ਮੋ ਕੋ ਕਰ ਥਪੇ[2]॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਜਾਵੈ (ਸ)
[3] ਗੁਰ ਕਾ ਬਚਨ (ੳ,ਅ,ੲ)
[4] ਉਚਰੇ (ੳ,ਅ)
[5] ਬਿਚਾਰਾ (ੳ,ਸ)
[6] ਮਮ ਦਾਸ ਕੋ ਸੂਝਾ (ਸ)
[1] ਜਾਪੇ (ੳ,ੲ)
[2] ਥਾਪੇ (ੳ,ੲ)

ਮੈ ਤਾ ਕੇ ਹਿਰਦੇ ਸਦ ਬਸੋ॥ ਜੋ ਖੇਲੇ ਖੇਲ ਤਿਸੀ ਰੰਗ ਰਸੋ॥੧੫॥

॥ਦੋਹਰਾ॥

ਤੁਮ ਅਭੇਦ ਜਾਨਾ ਮੁਝੇ ਅਬ ਰਹੋ ਹਮਾਰੇ ਪਾਸ॥
272/ਅ ਬਡੇ ਭਾਗ ਅਪਨੇ ਸਮਝ ਗੁਰ ਚਰਨਨ ਕਰਾ ਨਿ/ਵਾਸ॥੧੬॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਬੁਧੂ ਸਿਖ ਕੁੰਭਾਰ ਨੂੰ ਗੁਰੂ ਜੀ ਦੀ ਬਖ਼ਸ਼ਿਸ਼][1]

॥ਸੋਰਠਾ॥

ਪੂਰਨ ਸਰਬਗ ਸੋਇ ਗੁਰ ਹਰਨ ਭਰਨ ਕਾਰਨ ਕਰਨ॥
ਜੋ ਚਾਹੇ ਸੋ ਹੋਇ ਕਰੇ ਸਿਖੁ ਨਹ ਫੇਰਈ॥

॥ਅੜਲ॥

ਬੁਧੂ ਸਿਧ ਕੁੰਭਾਰ ਰਹੇ ਲਾਹੋਰ ਮੋ॥
ਸਿਖ ਸੇਵਾ ਗੁਰ ਭਗਤ ਕਰੇ ਕਲੂ ਘੋਰ ਮੋ॥
ਕਰੇ ਈਟ ਬਿਵਹਾਰ ਪਚਾਵਾ ਲਾਵਹੀ॥
ਹੋ ਪੁਨ ਬੇਚੇ ਸਿਖਨ ਸੇਵੇ ਸਤਿਗੁਰ ਭਾਵਹੀ॥੨॥
ਤਿਨ ਬਹੁ ਧਨ ਲਾਗ ਲਗਾਇ ਪਚਾਵਾ ਲਾਇਆ॥
ਪੁਨਿ ਮਨ ਮੋ ਕਰਿ ਬੀਚਾਰ ਸੁਭ ਮੰਤ ਪਕਾਇਆ॥
ਗਇਆ ਹਜੂਰ ਪ੍ਰਭ ਪਾਸ ਕਰੀ ਅਰਦਾਸ ਜੀ॥
ਹੋ ਗੁਰ ਬਚਨ ਕਰੇ ਤਬ ਹੋਇ ਪਚਾਵਾ ਰਾਸ ਜੀ॥੩॥
ਸੁਨਿ ਅੰਤਰਿਜਾਮੀ ਦਿਆਲ ਬਚਨ ਤਾ ਸੋ ਕਰਾ॥
ਤੁਮ ਹੋਇ ਪਚਾਵਾ ਰਾਸ ਸਿਖ ਦ੍ਰਿੜ ਮਨ ਧਰਾ॥
ਗੁਰ ਬਚਨ ਭਰੋਸੇ ਜਾਇ ਆਗਿ ਤਿਸ ਮੋ ਦਈ॥
ਹੋ ਪਕਾ ਪਚਾਵਾ ਸੁਧ ਈਟ ਤਾਂਬਾ ਭਈ॥੪॥
ਤਿਸ ਦੇਖ ਪਚਾਵਾ ਰਾਸ ਖੁਸੀ ਮਨ ਮੋ ਭਈ॥
ਗੁਰ ਪੂਰਬ ਕੀਆ ਘਰ ਮਾਹਿ ਸੰਗਤਿ ਆਵਤ ਭਈ॥
ਕਰ ਕੀਰਤਨ ਭਜਨ ਪ੍ਰਸਾਦਿ ਸਭ ਸੰਗਤਿ ਪਾਇਆ॥
ਹੋ ਸਭ ਪਾਛੇ ਏਕ ਸਿਖ ਅਥਿਤ[2] ਤਹਾ ਆਇਆ॥੫॥

॥ਦੋਹਰਾ॥

ਤਿਨ ਸਿਖ ਬੁਧੂ ਸੋ ਕਹਾ ਹੇ ਸਿਖ ਦੇਹੁ ਪ੍ਰਸਾਦਿ॥
ਤਿਸੁ ਤੁਰਤੁ ਆਨਿ ਬੁਧੂ ਦੀਆ ਰਹਾ ਜੁ ਥੋੜਾ ਭਾਗੁ॥੬॥

॥ਤੋਮਰ ਛੰਦ॥

273/ੳ ਤਿਸ ਭਾਗ ਲੀਨਾ ਤੁਰਤ॥ਧਰੀ ਓਰ ਊਪ/ਰ ਸੁਰਤ॥
ਬੁਧੂ ਨ ਦੀਨਾ ਤਾਹਿ॥ਊਹਾ ਰਹਾ ਕਛੁ ਨਾਹਿ॥੭॥
ਤਾ ਪਰ ਨ ਹੋਆ ਜਤਨ॥ਤਬ ਸਿਖ ਕੀਨਾ ਬਚਨ[3]॥
ਗੁਰਪੁਰਬ ਹੋਥਾ ਭਇਆ॥ਕਚਾ ਪਚਾਵਾ ਰਹਾ॥੮॥
ਯਹ ਸੁਨੀ ਬੁਧੂ ਬਾਤ॥ਬੋਲਾ ਸੁ ਕੰਪਤ ਗਾਤ॥
ਗੁਰ ਬਚਨ ਪਕਾ ਕੀਨ॥ਤੂੰ ਬਡਾ ਸਿਖ ਨਵੀਨ॥੯॥
ਗੁਰ ਬਚਨ ਪੇਲਨ ਜੋਗ॥ਹੂਆ ਨ ਕੋਈ ਹੋਗ॥
ਵੇ ਲੇਨ ਪਹੁਚੇ ਆਪ॥ਮੁਖ ਕਹੌ ਬਚਨ ਸਰਾਪ॥੧੦॥

॥ਦੋਹਰਾ॥

ਜਬ ਕਹੀ ਬੁਧੂ ਇਮ ਬਾਤਾ ਸੁਨਤ ਸਿਖ ਰਮਤਾ ਭਇਆ॥
ਫਿਰ ਪਾਵੈ ਨਹੀ ਘਾਤ ਕੀਆ ਅਪਮਾਨ ਅਥਿਤ ਕਾ॥੧੧॥

॥ਚੌਪਈ॥

ਪੁਧੂ[4] ਜਾਇ ਪਚਾਵਾ ਦੇਖਾ॥ਦੇਖਤ ਈਟ ਚੌੜ ਭਇਆ ਲੇਖਾ॥
ਏਕ ਈਟ ਪਕੀ ਨਹੀ ਭਈ॥ਰੰਗ ਲਾਲ ਕਚੀ ਰਹ ਗਈ॥੧੨॥
ਭਇਆ ਚਕ੍ਰਤ ਹੋਇ ਰਹਾ ਤਹਾ ਖੜਾ॥ਮੂਲ ਨਫਾ ਸਭ ਘਾਟਾ ਪੜਾ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਅਤਿ (ਸ)
[3] ਲਚਨ (ਸ)
[4] ਪੁਨ ਬੁਧੂ (ੳ,ੲ)

ਲਾਖ ਰੁਪਯਾ ਲਾਗਤ ਭਈ॥ਮਾਟੀ ਸੌ ਮਾਟੀ ਮਿਲ ਗਈ॥
ਪੁਨ ਧਰੀ ਧੀਰ ਗੁਰ ਬਚਨ ਬਿਚਾਰਾ॥ਸਤਿਗੁਰ ਹਜੂਰ ਜਾ ਕਰੀ ਪੁਕਾਰਾ॥
ਹੇ ਸਤਿਗੁਰ ਬਚਨ ਕਰ ਪਕਾ ਪਚਾਵਾ॥ਮੈ ਕਰਾ ਪੁਰਬ ਬਹੁ ਸਿਖ ਖੁਲਾਵਾ॥
ਸਭ ਸੰਗਤ ਜਬ ਬਿਦਿਆ ਕਰੀ॥ਤਬ ਏਕ ਸਿਖ ਆਇਆ ਤਿਹ ਘਰੀ॥
ਜੋ ਰਹਾ ਪ੍ਰਸਾਦਿ ਤਾ ਕੋ ਮੈ ਦੀਨਾ॥ਭਈ ਭੁਲ ਜਤਨ ਕਛੁ ਅਵਰੁ ਨ ਕੀਨਾ॥
ਤਬ ਤਿਨ ਸਿਖ ਬਚਨ ਯਹ ਕੀਨਾ॥ਹਮ ਤਾ ਕਾ ਕਛੁ ਮਰਮ ਨ ਚੀਨਾ॥
ਹੋਖਾ ਪਰਬੁ ਜਿਹ ਕਾਰਨ ਭਇਆ॥ਸੋਈ ਪਚਾਵਾ ਕਚਾ ਰਹਿਆ॥੧੫॥

॥ਦੋਹਰਾ॥

ਸਿਖ ਤਹਾ ਤੇ ਕਹੂੰ ਉਠ ਗਇਆ ਪਚਾਵੇ ਪਾਸ॥
373/ਅ ਪੁਨ ਦੇਖਾ/ਸਭ ਕਚਾ ਭਇਆ ਸਭ ਆਸਾ ਭਈ ਨਿਰਾਸਾ॥੧੬॥

॥ਚੌਪਈ॥

ਸਭ ਬ੍ਰਿਤੰਤ ਬੁਧੂ ਜਬ ਕਹਾ॥ਸੁਨਿ ਸਤਿਗੁਰੂ ਖਿਮਾ ਕਰਿ ਰਹਾ॥
ਤਬ ਬੁਧੂ ਮਨ ਭਇਆ ਅਧੀਰ॥ਅੰਤਰਿ ਲਗੀ ਮਾਇਆ ਕੀ ਪੀਰ॥੧੭॥
ਦੇਖਿ ਦਿਆਲ ਗੁਰ ਦਇਆ ਜਨਾਈ॥ਤਬ ਕਹਾ ਸਿਖ ਸੋ ਪ੍ਰਗਟ ਸੁਨਾਈ॥
ਤੁਮ ਸਿਖ ਅਥਿਤ ਕਾ ਕੀਆ ਅਪਮਾਨਾ॥ਅਰੁ ਭੂਖੇ ਕਾ ਨਹੀ ਮਰਮ ਪਛਾਨਾ॥੧੮॥
ਅਉ ਗੁਰਪੁਰਬ ਪੂਰਨ ਤਬ ਹੋਇ॥ਅਥਿਤ ਭੂਖਾ ਰਹੈ ਨ ਕੋਇ॥
ਜੋ ਸਿਖ ਸਿਖ ਕਾ ਭਉ ਨਹੀ ਕਰੇ॥ਪੂਰਨ ਕਾਜ ਤਾ ਕਾ ਨਹੀ ਸਰੇ॥੧੯॥
ਗੁਰ ਭਇਆ[1] ਸਿਖੁ ਕਰੇ ਸੋ ਹੋਇ॥ਮੈ ਮੇਟ ਨ ਸਕੋ ਕਰੇ ਜੋ ਸੋਇ॥
ਤੁਮ ਸਦਾ ਸਿਖ ਕਿ ਭੈ ਮੋ ਰਹਨਾ॥ਗੁਰਸਿਖ ਬਚਨ ਮੀਠਾ ਕਰਿ ਸਹਨਾ॥੨੦॥

॥ਦੋਹਰਾ॥

ਅਬ ਤੁਮ ਚਿੰਤਾ ਮਤ ਕਰੋ ਮੈ ਦੇਹੋ ਕਾਜ ਸਵਾਰ॥
ਬੁਹੁੜਿ ਐਸਾ ਮਤੁ ਕੀਜੀਏ ਜੀਵਤ ਕਾਹੂ ਬਾਰ॥੨੧॥

॥ਚੌਪਈ॥

ਅਬ ਕਚੀ ਈਟ ਪਕੀ ਨਹੀ ਹੋਇ॥ਬਿਕੇ ਪਕੀ ਮੁਲਿ ਕਚੀ ਸੋਇ॥
ਲੇ ਗੁਰ ਬਚਨ ਬੁਧੂ ਘਰਿ ਆਇਆ॥ਬਾਦਸਾਹੀ ਲੋਗਨ ਤਿਸੇ ਬੁਲਾਇਆ॥੨੨॥
ਬੁਧੂ ਸੌ ਈਟ ਕਾ ਮੋਲ ਬਨਾਇਆ॥ਪਕੀ ਕੋ ਮੁਲ ਕਚੀ ਪਾਇਆ॥
ਕਿਲੇ ਕੀ ਨੀਵ ਤਿਸੇ ਦਿਨ ਭਰਨੀ॥ਕਚੀ ਪਕੀ ਮਿਲੇ ਨ ਧਰਨੀ॥੨੩॥
ਸਗਲ ਈਟ ਬਿਕਬੋ ਤਬ ਕੀਆ॥ਸਾਹੂਕਾਰ ਕਾ ਪੈਸਾ ਦੀਆ॥
ਹੋਇ ਸੁਰਖਰੂ ਘਰ ਮੋ ਆਏ॥ਧੰਨ ਧੰਨ ਸਤਿਗੁਰ ਗੁਨ ਗਾਏ॥੨੪॥
ਬੁਧੂ ਕੋ ਪ੍ਰਭ ਕੀਆ ਉਪਦੇਸ॥ਜੇ ਮਿਲੇ ਕੋਊ ਕਰ ਸਿਖ ਕਾ ਭੇਸ॥
ਤਾ ਕੀ ਸੇਵਾ ਮੋ ਚਿਤ ਧਰਨਾ॥ਮਮ ਸਿਖੀ ਕੇ ਏਹੁ ਅਚਰਨਾ॥੨੫॥

॥ਦੋਹਰਾ॥

374/ੳ ਇਤੁ[2] ਸਾਖੀ ਬੁਧੂ ਸਿਖ ਕੀ ਸੁਨੀਏ/ਮਨ ਚਿਤ ਲਾਇ॥
ਅਥਿਤ ਸੇਵਾ ਮਨ ਬਸੇ ਸਤਿਗੁਰ ਹੋਇ[3] ਸਹਾਇ॥੨੬॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---
[1] ਭਗਤਾ (ੳ,ਅ,ੲ)
[2] ਇਹ (ੳ,ਅ,ੲ)
[3] ਕਰੈ (ੳ,ਅ)

[ਸਾਖੀ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਸੰਪਾਦਨਾ][1]

॥ਸੋਰਠਾ॥

ਗੁਰ ਬਿਗਿਆਨ ਪ੍ਰਕਾਸ ਬਾਨੀ ਕਿਰਨ ਉਦਾਰ ਜਗ॥
ਉਜਿਆਰੋ ਹੋਇ ਤਾ ਸਜਿਹ ਲੋਚਨ ਲੋਚਾ ਖੁਲੇ॥੧॥

॥ਚੌਪਈ॥

ਏਕ ਦਿਵਸ ਪ੍ਰਭ ਪ੍ਰਾਤਹਕਾਲ॥ਦਇਆ ਕਰੇ ਪ੍ਰਭ ਦੀਨ ਦਿਆਲ॥
ਯਹ ਮਨ ਉਪਜੀ ਪ੍ਰਗਟਿਓ ਜਗ ਪੰਥ॥ਤਿਹ ਕਾਰਨ ਕੀਜੇ ਅਬ ਗ੍ਰਿਥ॥੨॥
ਭਾਈ ਗੁਰਦਾਸ ਕੋ ਆਗਿਆ ਕਰੀ॥ਸਭ ਕਰੋ ਇਕਤ੍ਰ ਬਾਨੀ ਇਹ ਘਰੀ॥
ਅਰੁ ਬਾਨੀ ਭਗਤਨ ਕੀ ਸਭ ਮੇਲੋ॥ਸਾਚੀ ਰਾਖੀ ਝੂਠੀ ਪੇਲੋ॥੩॥
ਤਬ ਗੁਰਦਾਸ ਕਰੀ ਅਰਦਾਸ॥ਸਭ ਪੋਥੀ ਸੰਸਰਾਮ ਕੇ ਪਾਸ॥
ਮੋਹਨ ਮਸਤਾਨ ਸਾਹਿਬ ਕਾ ਪੁਤ੍ਰ॥ਵੇ ਤਪ ਭਗਤ ਜੋਗ ਕਾ ਸੁਤ੍ਰ॥੪॥
ਪ੍ਰਥਮੈ ਤਾ ਸੋ ਪੋਥੀ ਲੀਜੈ॥ਪੁਨ ਬਾਨੀ ਅਵਰ ਇਕਤ੍ਰ ਸਭ ਕੀਜੈ॥
ਤਬ ਬੰਧੇਜ ਗ੍ਰੰਥ ਕਾ ਹੋਇ॥ਜੋ ਭਾਵੈ ਸਤਿਗੁਰ ਸੋ ਹੋਇ[2]॥੫॥

॥ਦੋਹਰਾ॥

ਪ੍ਰੋਹਤ ਕੋ ਸਤਿਗੁਰ ਕਹਾ ਜਾਹੁ ਸੰਸਰਾਮ ਕੇ ਪਾਸ॥
ਕਰਿ ਦਇਆ ਪੋਥੀ ਸਭ ਦੀਜਏ ਤਬ ਲਿਖੇ ਗ੍ਰਿਥ ਗੁਰਦਾਸ॥੬॥

॥ਚੌਪਈ॥

ਜਾਇ ਪਰੋਹਤ ਬਿਨਤੀ ਕਰੀ॥ਬੋਲੇ ਸੰਸਰਾਮ ਤਿਹ ਘਰੀ॥
ਹਮਰੇ ਪ੍ਰਾਨ ਪੋਥੀ ਧਨੁ ਆਹ॥ਪਲਕ ਏਕ ਨਹੀ ਦੇਵੈ ਤਾਹਿ॥੭॥
ਸਤਿਗੁਰ ਅੰਤਰਜਾਮੀ ਜਾਨੈ॥ਕਾਹੂ ਕੀ ਸੰਸਰਾਮ ਨਹੀ ਮਾਨੇ॥
274/ਅ ਮੋਹਨ ਜੀ ਜਬ ਕਹੇ/ਪਠਾਇ॥ਤਬ ਦੇਵੈ ਪੋਥੀ ਯਹੀ ਉਪਾਇ॥੮॥
ਤਬ ਸਤਿਗੁਰ ਪਰਮ ਚਤਰ ਪ੍ਰਬੀਨਾ॥ਮੋਹਨ ਕੀ ਉਸਤਤ ਛੰਤ ਇਕੁ ਕੀਨਾ॥
ਸਤਾ ਰਬਾਬੀ ਲੀਨਾ ਸਾਥ॥ਅਉਰ ਗੁਰਮਖਿ ਸਿਖ ਸੰਗ ਜੋੜੇ ਹਾਥ॥੯॥
ਮੋਹਨ ਜੀ ਪਹਿ ਗਏ ਦਿਆਲ॥ਸਭ ਸੰਗਤ ਕੀਨਾ ਭਜਨ ਬਿਸਾਲ॥
ਯੇਹੀ ਛੰਤ ਜਬ ਉਹਾ ਗਾਇਆ॥ਸੁਨ ਮੋਹਨ ਬਿਗਸੇ ਸਭ ਪੂਛ ਪੁਛਾਇਆ॥੧੦॥

॥ਸ੍ਰੀ ਮੁਖਵਾਕ॥[3]

॥ਰਾਗ ਗਉੜੀ ਮਹਲਾ ੫॥[4]

ਮੋਹਨ ਤੇਰੇ ਉਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲ[5]॥
ਧਰਮਸਾਲ ਅਪਾਰ ਦਿਆਰ ਠਾਕੁਰ ਸਦਾ ਕੀਰਤਨ ਗਾਵਹੇ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥
ਬਿਨਵੰਤ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖਸਾਰਾ॥੧॥
ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥ਮੋਹਨ ਤੂੰ ਮਾਨਹ ਏਕੁ ਜੀਅ ਵਰ ਸਭ ਰਾਲੀ॥
ਮਾਨਹਿ ਤ ਏਕੁ ਅਲੇਖੁ ਠਾਕੁਰਾ ਜਿਨਹਿ ਸਭ ਕਲ ਧਾਰੀਆ॥
ਤੁਧੁ ਬਚਨ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ॥
ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ॥
ਬਿਨਵੰਤ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ॥੨॥
ਮੋਹਨ ਤੁਧ ਸਭ ਸੰਗਤਿ ਧਿਆਵੈ ਦਰਸ ਧਿਆਨਾ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਜੋ ਭਾਵੈ ਸਤਿਗੁਰ ਹੋਵੈ ਸੋਇ॥ (ੳ)
[3] ਇੱਥੇ ਸਿਰਲੇਖ '॥ਛੰਤ॥ਸ੍ਰੀ ਮੁਖਵਾਕ॥' ਹੈ (ੳ,ਅ,ੲ)
[4] ਇੱਥੇ ਸਿਰਲੇਖ '॥ਰਾਗ ਗਉੜੀ ਮਹਲਾ ੫॥' ਨਹੀਂ ਹੈ (ੳ,ਅ)
[5] ਧਰਮਸਾਲਾ (ੳ,ਅ,ਸ)

ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥
ਜਮਕਾਲ ਤਿਨ ਕਉ ਲਗੈ ਨਾਹੀ ਜੋ ਇਕ ਮਨ ਧਿਆਵਹੇ॥
ਮਨਿ ਬਚਨ ਕਰਮ ਜਿ ਤੁਧ ਅਰਾਧਹਿ ਸੇ ਸਭਹਿ ਫਲੁ ਪਾਵਹੇ॥
ਮਲ ਮੂਤ੍ਰ ਮੂੜ ਜਿ ਮੁਗਧ ਹੋਤੇ ਸੇ ਦੇਖਿ ਦਰਸ ਗਿਆਨਾ॥
ਬਿਨਵੰਤ ਨਾਨਕ ਰਾਜ ਨਿਹਚਲ ਪੂਰਨ ਪੁਰਖ ਭਗਵਾਨਾ॥੩॥
275/ੳ ਮੋਹ/ਨ ਤੂੰ ਸਫਲਿਓ ਫਲਿਆ ਸਣ ਪਰਵਾਰੇ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭ ਤਾਰੇ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨ ਪਾਇਆ॥
ਜਿਨੀ ਤੁਧਨੋ ਧੰਨ ਕਹਿਆ ਤਿਨ ਜਮੁ ਨੇੜ ਨ ਆਇਆ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖੁ ਮੁਰਾਰੇ॥
ਬਿਨਵੰਤ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ॥੪॥

॥ਚੌਪਈ॥

ਤਬ ਪੂਛੀ ਮੋਹਨ ਮਸਤ ਪ੍ਰਬੀਨਾ॥ਕਵਨ ਕਾਜ ਆਗਮਨ ਕੀਨਾ॥
ਤਬ ਕਹਿਓ ਪ੍ਰਗਟਿ ਪ੍ਰਭ ਧਰਮ ਆਚਰਨਾ॥ਕਾਰਨ ਪੰਥ ਗ੍ਰਿਥ ਜਗ ਕਰਨਾ॥੧੧॥
ਸੰਸਰਾਮ ਸੋ ਪੋਥੀ ਲੀਜੇ॥ਭੁਜਾ ਪਕੜ ਪੁਨ ਛੋਡਨ ਦੀਜੇ॥
ਬਾਨੀ ਇਕਤ੍ਰ ਕਰ ਬਾਧੈ ਗ੍ਰਿੰਥ॥ਹੋਇ ਭਗਤਿ ਸੇਤ ਸੁਖ ਪਾਵੈ ਪੰਥ॥੧੨॥
ਹਸ ਮੋਹਨ ਸੰਸਰਾਮ ਬੁਲਾਏ॥ਪੋਥੀ ਗੁਰ ਅਰਜਨ ਦੇਵ ਦਿਵਾਏ॥
ਅਵਰ ਬਾਨੀ ਜਹਾ ਕਹਾ ਜੁ ਆਹੀ॥ਠੌਰ ਠੌਰ ਸੋ ਸਗਲ ਮੰਗਾਈ॥੧੩॥
ਪ੍ਰਾਨ ਸੰਗਲੀ ਬਾਕੀ ਰਹੀ॥ਸੰਗਲਾਦੀਪ ਮਾਹ ਵੈ ਅਹੀ॥
ਪੈੜਾ ਮੋਖਾ ਪ੍ਰਭ ਤਹਾ ਪਠਾਇਆ॥ਬਹੁਤਿ ਕਾਲ ਪੀਛੇ ਵੇ ਆਇਆ॥੧੪॥
ਜਪੁ ਆਦਿ ਲਿਖਨ ਗ੍ਰਿੰਥ ਜਬ ਲਗੇ॥ਲਿਖੇ ਗੁਰਦਾਸ ਪ੍ਰੇਮ ਰੰਗ ਪਗੇ॥
ਗੁਰਬਾਨੀ ਪੜਿ ਪੜਿ ਗੁਰਮੁਖਿ ਲਿਖੇ॥ਕੇਤਕ ਨਿਕਾਲ ਬਾਹਰ ਧਰ ਰਖੇ॥੧੫॥

॥ਦੋਹਰਾ॥

ਕਹਿਓ ਦਿਆਲ ਗੁਰਦਾਸ ਕੋ ਤੁਮ ਬਾਨੀ ਲਿਖੋ[1] ਪਛਾਨ॥
ਜੋ ਯਹ ਨਿਕਾਲ ਬਾਹਰ ਧਰੀ ਕੈਸੇ ਪਾਇਓ ਗਿਆਨ॥੧੬॥

॥ਚੌਪਈ॥[2]

ਕਰ ਜੋੜ ਗੁਰਦਾਸ ਕਰੀ ਅਰਦਾਸ[3]॥ਹੇ ਸਤਿਗੁਰ ਗਿਆਨ ਐਸੇ ਮੋ ਪਾਸ[4]॥
275/ਅ ਬਹੁਤ ਪੁਰਖ ਮਿਲ ਬਾਤ ਬਖਾਨੇ॥ਨਿਜ ਭਰਤਾ ਬੋਲ ਤਿਰੀਆ ਪਹਿਚਾਨੇ॥/੧੭॥
ਅਵਰ ਕੋ ਵਾਕ ਤਿਸ ਮਨ ਨਹੀ ਆਵੈ॥ਸੁਨ ਭਰਤਾ ਬੋਲ ਹੀਏ ਮੋ ਭਾਵੈ॥
ਇਮ ਬੂਝ ਬਿਚਾਰ ਗੁਰ ਬਚਨ ਪਛਾਨੋ॥ਅਵਰੁ ਵਾਕ ਮਨ ਮਹਿ ਨਹੀ ਆਨੋ॥੧੮॥
ਯਹਿ ਸੁਨਿ ਬਿਚਾਰ ਗੁਰ ਭਏ ਦਿਆਲ॥ਬਰ ਬਚਨ ਕੀਆ ਗੁਰਦਾਸ ਨਿਹਾਲ॥
ਹਮਰੋ ਚਿਤ੍ਰ ਗੁਪਤਿ ਦ੍ਰਿੜ ਗਿਆਨੇ॥ਸਤਿਗੁਰ ਬਾਨੀ ਹਿਰਦੇ ਪਛਾਨੇ॥੧੯॥
ਬਰ ਪਾਇ ਗੁਰਦਾਸ ਚਰਨ ਗੁਰ ਲਾਗੇ॥[5]ਜਾਗੇ ਮਾਥੇ ਭਾਗ ਸਭਾਗੇ॥
ਲਿਖ ਗ੍ਰਿੰਥ ਸਭ ਭਇਆ ਤਿਆਰ॥ਭਗਤਿ ਖਜਾਨਾ ਗਿਆਨ ਭੰਡਾਰ॥੨੦॥
ਖੁਲੇ ਦੁਆਰ ਚਾਰ ਪ੍ਰਮਾਨ॥ਭਗਤ ਵੈਰਾਗ ਜੋਗ ਅਰੁ ਗਿਆਨ॥
ਜਾਚਕ ਜਿਸ ਦੁਆਰੇ ਕੋ ਜਾਚੇ॥ਭਿਖਿਆ ਪਾਵੈ ਹਰਿ ਧਨ ਸਾਚੇ॥੨੧॥

॥ਦੋਹਰਾ॥

ਮੁਕਤਿ ਸੇਤ ਕਲਜੁਗ ਕਰਾ ਭਵ ਸਾਗਰ ਬੋਹਥ ਤਾਰ॥
ਜੀਵਨ ਮੂਲ ਕੋ ਬਨ ਹਰਾ ਰਚਿਓ ਗ੍ਰਿੰਥ ਕਰਤਾਰ॥੨੨॥

---

[1] ਬਿਖੈ (ਸ)
[2] ਇੱਥੇ ਸਿਰਲੇਖ '॥ਚੌਪਈ॥ ਭਾਈ ਗੁਰਦਾਸ ਵਾਚ॥' ਹੈ (ਅ)
[3] ਕਰ ਜੋੜ ਗੁਰਦਾਸ ਕਰੀ ਅਰਦਾਸ॥ (ਅ)
[4] ਇੱਥੇ ਸ਼ਬਦ 'ਐਸੇ ਮੋ ਪਾਸ' ਦੀ ਜਗ੍ਹਾ 'ਐਸੇ ਮੋਹਿ ਭਾਸ' ਹੈ (ਅ), ਇੱਥੇ ਸ਼ਬਦ 'ਐਸੇ ਮੋਹਿ ਪਾਸ' ਹੈ (ੲ)
[5] ਪਰ ਪਾਇ ਗੁਰਦਾਸ ਚਰਨਨ ਗੁਰ ਲਾਗੇ॥ (ਅ)

॥ਚੌਪਈ॥

ਸਤਿਗੁਰ ਦੇਖ ਗ੍ਰਿਥ ਬਿਗਸਾਨੇ॥ਨਾਮ ਭੰਡਾਰ ਨਿਜ ਘਰ ਮੋ ਜਾਨੇ॥
ਇਕੰਤ ਕੋਠੜੀ ਭੀਤਰ ਰਾਖਾ॥ਕਰ ਧੂਪ ਦੀਪ ਟੇਕੈ ਸਭ ਮਾਥਾ॥੨੨॥
ਰੰਗਾ ਰੰਗ ਰਤਨ ਤਿਸ ਮਾਹਿ॥ਕਮਤਿ[1] ਸੋਭ ਕੋਊ ਕਹ ਨ ਸਕਾਹਿ॥
ਮੁਖ ਬਡੇ ਰਤਨ ਤਾ ਕੀ ਕਹ ਸੋਭਾ॥ਸੁਨਤ ਨਾਮ ਸੰਤਨ ਮਨ ਲੋਭਾ॥੨੩॥
ਮੁਕਤੀ ਸਰ ਮਨਿ ਜਪੁ ਪ੍ਰਿਥਮੇ ਧਰਾ॥ਸਭ ਸੰਗਤ ਹਿਰਦੇ ਚਾਂਦਨ ਜਿਨ ਕਰਾ॥
ਆਨੰਦੁ[2] ਰਤਨੁ ਅਨੰਦ ਤਿਸ ਮਾਹਿ॥ਤਿਸ ਪ੍ਰਕਾਸ ਅਘ ਕੋਟਿ ਮਿਟਾਹਿ॥੨੪॥
ਓਅੰਕਾਰ ਨਾਮ ਸੁੰਦਰ ਸੁਭ ਰਤਨ॥ਤਾ ਕੇ ਪ੍ਰਕਾਸ ਮੁਕਤਿ ਬਿਨੁ ਜਤਨ॥
ਸਿਧ ਗੋਸਟਿ ਅਤ ਰਤਨ ਮਹਾਨ॥ਤਿਸ ਪ੍ਰਕਾਸ ਪਾਵੈ ਤਤੁ ਗਿਆਨ॥੨੪॥
276/ੳ ਰਿਧ ਸਿ/ਧ ਸਭ ਲੋਕਹ ਗਮਨ॥ਮਨ ਬੁਧ ਅਹੰਕਾਰ ਚਿਤ ਇੰਦ੍ਰੀ ਦਮਨ॥
ਪਿੰਡ ਪ੍ਰਾਨ ਕਾ ਪਾਵੈ ਭੇਦ॥ਸਿਧ ਗੋਸਟ ਹੈ ਸੂਛਮ ਬੇਦ॥੨੫॥

॥ਦੋਹਰਾ॥

ਥਿਤੀ ਰਤਨ ਅਮੋਲ ਅਤਿ ਸੂਛਮ ਗਾਤ ਦਿਖਾਇ॥
ਗਿਆਨ ਭਾਨ ਤਾ ਮੋਲਸਤ ਗੁਨ ਸੋਭਾ ਕਹੀ ਨ ਜਾਇ॥੨੬॥

॥ਚੌਪਈ॥

ਸੁਖਮਨੀ ਰਤਨ ਦਿਵ ਅਸਥੂਲ॥ਤਾ ਮੋ ਚਲੇ ਅੰਮ੍ਰਿਤ ਕੇ ਕੂਲ॥
ਚੌਬੀਸ ਪਹਲ ਝਲਕਤ ਗੁਨ ਭਾਨ॥ਪਹਲ ਪਹਲ ਮੁਕਤ ਕੀ ਖਾਨ॥੨੭॥
ਚੌਬੀਸ ਸਲੋਕ ਹੀਰੇ ਸੰਗ ਲਗੇ॥ਪਹਲਨ ਕੇ ਰੰਗ ਹੀਰੇ ਪਗੇ॥
ਇਹ ਗਿਆਨ ਖਾਨ ਕੀ ਕੌਸਤਕ ਮਨੀ॥ਸੋਭਾ ਸ੍ਰੀ ਸਤਿਗੁਰ ਮੁਖ ਭਨੀ॥੨੮॥
ਬਾਵਨ ਅਖਰੀ ਰਤਨ ਕੋ ਭੂਖਨ॥ਜਹਾ ਤਿਸ ਪ੍ਰਕਾਸ ਲਾਗੇ ਨਹੀ ਦੂਖਨ॥
ਇਹੁ ਹਸਤ ਕਮਲ ਗੁਰ ਕੇ ਦਿਵ ਰਤਨ॥ਸ੍ਰੀ ਮੁਖ ਸਤਗੁਰ ਕੀਨਾ ਬਚਨ॥੨੯॥
ਕੇਤਕ ਮਹਮਾ ਕਹੋ ਬਖਾਨ॥ਗੁਰ ਗ੍ਰਿਥ ਰਤਨ ਕੀ ਖਾਨ॥
ਬੁਧ ਥਾਹ ਗੁਨ ਲਏ ਨ ਤਾ ਕੇ॥ਰਸਨਾ ਵਾਕ ਗੁਨ ਕਹੇ ਨ ਵਾ ਕੇ॥੩੦॥

॥ਸੋਰਠਾ॥

ਗੁਨ ਗਿਆਨ ਰਤਨ ਕੀ ਖਾਨ ਨਾਮ ਭੰਡਾਰ ਸਤਿਗੁਰੂ ਕਾ॥
ਸੁੰਦਰ ਰਤਨ ਪ੍ਰਮਾਨ ਵੈਰਾਗ ਭਗਤ ਤਾ ਮੋਲਸਤਾ॥੩੧॥

॥ਸਾਖੀ ਪੂਰਨ ਹੋਈ॥੧੩੨॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---
[1] ਕੀਮਤਿ (ੳ,ਅ,ੲ), ਕੀਮਤ (ਸ)
[2] ਅਨੰਤ (ਅ)

[ਸਾਖੀ ਪ੍ਰਾਨ ਸੰਗਲੀ ਪੋਥੀ ਰਾਜਾ ਸਿਵਨਾਭ ਨਗਰ ਵਿਚੋਂ ਲਿਆਉਣਾ][1]

॥ਦੋਹਰਾ॥

ਲੇ ਆਇਆ ਪ੍ਰਾਨ ਸੰਗਲੀ ਪੈੜਾ ਮੋਖਾ ਧਾਇ॥
276/ਅ ਦੇਖਤ ਪੋਥੀ ਮਤ/ਫਿਰੀ ਸਤਗੁਰ ਸੌ ਰਖੀ ਲੁਕਾਇ॥੧॥

॥ਚੌਪਈ॥

ਲੇ ਹੁਕਮਨਾਮਾ ਪੈੜਾ ਥਾ ਗਇਆ॥ ਸਿਵਨਾਭ ਨਗਰ ਜਾਇ ਪ੍ਰਾਪਤ ਭਇਆ॥
ਤਹਾ ਰਾਜੇ ਮਇਆ ਸਿੰਘ ਕਾ ਪੋਤਾ ਸਿਵਨਾਭ॥ ਸੁਕਰਵੰਤ ਬਡਾ ਪਰਤਾਪ॥੨॥
ਰਾਜੇ ਰਾਇ ਸਿੰਘ ਕਾ ਪੂਤ ਸਪੁਤ੍ਰ॥ ਸਿਵਨਾਭ ਕਾ ਪੋਤਾ ਪਰਮ ਪਵਿਤ੍ਰ॥
ਪੈੜੇ ਹੁਕਮਨਾਮਾ ਤਿਸ ਦੀਨਾ॥ ਤਿਨ ਮਾਥਾ ਟੇਕ ਸੀਸ ਧਰ ਲੀਨਾ॥੩॥
ਪ੍ਰਾਂਨ ਸੰਗਲੀ ਮਾਂਗੀ ਦਿਆਲ॥ ਮਾਨਾ ਹੁਕਮ ਦੀਨੀ ਤਤਕਾਲ॥
ਦੇਖ ਪ੍ਰਕਾਸ ਸਿਖੀ ਕਾ ਤਹਾ॥ ਪੈੜਾ ਅਤਿ ਬਿਸਮੇ ਹੋਇ ਰਹਾ॥੪॥
ਸਤਿਗੁਰ ਲੀਲਾ ਲਖੀ ਨ ਜਾਇ॥ ਪੂਰਨ ਪਰਤਾਪ ਸਭ ਰਹਾ ਜਗ ਛਾਇ॥
ਲੇ ਪੋਥੀ ਸਤਗੁਰ ਪਹਿ ਆਇਆ॥ ਮਗ ਪੜੀ ਕਛੂ ਪ੍ਰਤਗਿਆ ਪਾਇਆ॥੫॥
ਤਾ ਤੇ ਤਿਨ ਛਪਾਇ ਘਰਿ ਰਾਖੀ॥ ਝੂਠੀ ਬਾਤ ਬਨਾਇ ਗੁਰ ਆਖੀ॥੬॥

॥ਦੋਹਰਾ॥

ਆਇ ਪੈੜਾ ਘਰ ਲੁਕ ਰਹਾ ਸਤਗੁਰ ਲੀਆ ਬੁਲਾਇ॥
ਮਗ ਬ੍ਰਿਤੰਤ ਰਾਜਾ ਜੁਗਤਿ ਸਤਗੁਰ ਪੂਛਾ ਤਾਇ॥੬॥

॥ਚੌਪਈ॥

ਮਾਰਗ ਕਥਾ ਸਕਲ ਤਿਨ ਕਹਾ॥ ਮੈ ਨਾਗਾ[2] ਪਟਨ ਬਿਦਰ ਤਜਾ ਵਰ ਕੋ ਮਗ ਗਹਾ॥
ਐਰਾਵਤ ਤਿਸ ਦੇ ਕਾਨਾ ਇਕ॥ ਰਾਮ ਰਾਜਾ ਕੀ ਵਹੀ ਵਿਲਾਇਤ॥੭॥
ਤਾ ਤੇ ਮੈ ਜਹਾਜ ਚੜਿ ਗਇਆ॥ ਤੀਨ ਦਿਨ ਰਾਤ ਬੀਤਤ ਮਗ ਭਇਆ॥
ਜਾ ਪਾਪਟਣ ਪਾਰ ਕਾ ਗਾਉ॥ ਸੰਗਲਾ ਦੀਪ ਦੇਸ ਕਾ ਨਾਉ॥੮॥
ਚੌਦਾ ਸੈ ਗਾਉ ਦੇਸ ਮੋ ਬਸੈ॥ ਪਰਮ ਸੁਖੀ ਮਾਇਆ ਰੰਗ ਰਸੈ॥
ਤਹਾ ਰਾਜ ਕਰਤੇ ਥੇ ਸਾਤੋ ਰਾਜਾ॥ ਗੁਰੂ ਬਾਬੇ ਕੀਨਾ ਏਕ ਸਮਾਜਾ॥੯॥
277/ੳ ਸਿਵਨਾਭ ਕੀ ਸੰ/ਤਤ ਤਹਾ ਰਹਾਈ॥ ਸਤਾਵਦ ਨਾਮ ਸੋ ਨਗਰ ਕਹਾਈ॥
ਤਹਾ ਗੁਰੂ ਬਾਬੇ ਕੀ ਹੈ ਧਰਮਸਾਲ॥ ਭਜਨ ਕੀਰਤਨ ਨਿਤ ਹੋਇ ਬਿਸਾਲ॥੧੦॥

॥ਦੋਹਰਾ॥

ਸਭ ਸੰਗਤ ਕਾ ਤਹਾ ਜੋੜ ਹੋਇ ਨਿਤ ਕੀਰਤਨ ਲੰਗਰ ਹੋਇ॥
ਨਿਤ ਪ੍ਰਤ ਤਿਸ ਲੰਗਰ ਲਗੇ ਬੀਸ ਮਨ ਲੋਨ ਰਸੋਇ॥੧੧॥

॥ਚੌਪਈ॥

ਤਹਾ ਜਾਇ ਹੁਕਮਨਾਮਾ ਮੈ ਦੀਨਾ॥ ਲੇ ਰਾਜੇ ਸਿਰ ਪਰ ਧਰ ਲੀਨਾ॥
ਅਰੁ ਪੋਥੀ ਮੋ ਕੋ ਨਹੀ ਦੀਨੀ॥ ਮੁਖ ਸੌ ਲਾਟ ਪਾਟ ਬਹੁ ਕੀਨੀ॥੧੨॥
ਮੈ ਤਹਾ ਤੇ ਫਿਰ ਇਸ ਮਾਰਗ ਆਇਆ॥ ਗੁਰ ਸੰਗਤਿ ਸਿਖ ਕਾ ਦਰਸਨ ਪਾਇਆ॥
ਬੀਜਾ ਨਗਰ ਸੌ ਕੋਸ ਇਕਤੀਸ॥ ਨੇਕਾ ਪਟਨ ਭਾਟੜੇ ਆਧੀਸ॥੧੩॥
ਬੇਗਾਪੁਰ ਸਿਖ ਭਾਟੜੇ ਰਹੈ॥ ਬੀਜਾਪੁਰ ਸੌ ਕੋਸ ਅਸੀ ਕਹੇ॥
ਨਾਮ ਅਰੋਗਾ ਪੇਠ ਕਹਾਵੈ॥ ਤਹਾ ਗੁਰ ਕੀ ਮਹਿਮਾ ਨਿਤ ਪ੍ਰਿਤ ਗਾਵੈ॥੧੪॥
ਤਹਾ ਚੰਗੇ ਭਾਟੜੇ ਕੀ ਹੈ ਸੰਗਤ॥ ਤਾ ਕੇ ਨਿਕਟ ਸਿਖ ਬਹੁ ਪੰਗਤਿ॥
ਘਰ ਭਾਟੜਿਆ ਕੇ ਵਹੀ ਕਹਾਵੈ॥ ਨਿਤ ਪ੍ਰਤ ਸਤਿਗੁਰ ਕੇ ਗੁਨ ਗਾਵੈ॥੧੫॥

॥ਦੋਹਰਾ॥

ਘਰਿ ਭਾਟੜਿਓ ਸੌ ਅਸੀ ਕੋਸ ਕਦਲੀ ਬਨ ਤ੍ਰੀਆ ਰਾਜ॥
ਤਹਾ ਧਰਮਸਾਲ ਸਤਿਗੁਰੂ ਕੀ ਸੰਗ ਸਿਧਾ ਭਇਆ ਸਮਾਜ॥੧੬॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਨਾਗ (ੳ,ਸ)

॥ **ਚੌਪਈ** ॥

ਤਹਾਂ ਸਿਧਾ ਸੌ ਗੋਸਟਿ ਭਈ॥ ਤਿਨ ਕੀ ਸਿਧ ਖੈਚ ਗੁਰ ਲਈ॥
ਆਨ ਸਭੇ ਸਿਧ ਚਰਨੀ ਪੜੇ॥ ਤਹਾ ਸੰਗਤ ਭਾਟੜਿਆ ਕੀ ਜੁੜੇ॥੧੧॥
ਮੈ ਚਲਾ ਚਲਾ ਪ੍ਰਭ ਈਹਾ ਆਇਆ॥ ਨਹੀ ਮਿਲੀ ਪੋਥੀ ਅਤਿ ਦੁਖ ਪਾਇਆ॥
277/ਅ ਗੁਰ ਅੰਤਰਿਜਾਮੀ ਸਭ ਬਿਧ ਜਾਨਾ॥ ਦੇਖ ਪੋਥੀ ਸਿਖੁ ਭਰਮ ਭੁਲਾਨਾ॥/੧੮॥
ਕਲਜੁਗ ਜੀਵ ਮੰਦ ਮਤ ਅਹੈ॥ ਇਹੁ ਪੋਥੀ ਨਹੀ ਰਾਖੀ ਚਹੈ॥
ਜੇ ਕੋ ਪੜੇ ਬੁਧਿ ਫਿਰ ਜਾਇ॥ ਗਿਆਨਹੀਨ ਜਗ ਸਿਧ ਕਹਾਇ॥੧੯॥
ਪ੍ਰਭ ਕਰ ਬਿਚਾਰ ਇਕ ਸਿਖ ਬੁਲਾਇਆ॥ ਪੈੜੇ ਕੇ ਘਰਿ ਤਿਸੇ ਪਠਾਇਆ॥
ਇਸ ਕੀ ਸਿਖਨੀ ਸੋ ਕਹੋ ਜਾਇ॥ ਦੇਹੁ ਪੋਥੀ ਜੋ ਰਖੀ ਲੁਕਾਇ॥੨੦॥

॥ **ਦੋਹਰਾ** ॥

ਤ੍ਰਿਆ ਨਿਕਾਲ ਪੋਥੀ ਦਈ ਸਿਖ ਲਿਆਇਆ ਗੁਰ ਪਾਸ॥
ਪੈੜੇ ਕਾ ਮੁਖ ਕਾਲ ਭਇਆ ਬੁਧ ਮਤ ਭਈ ਨਾਸ॥੨੧॥
ਪ੍ਰਾਨ ਸੰਗਲੀ ਦੇਖ ਪ੍ਰਭ ਕਰ ਪਾਠ ਕਰਾ ਉਤਸਾਹ॥
ਪੁਨ ਬਿਚਾਰ ਕਰ ਸਤਿਗੁਰੂ ਦੀਨੀ ਨਦੀ ਪ੍ਰਵਾਹ॥੨੨॥

॥ **ਸਾਖੀ ਪੂਰਨ ਹੋਈ ॥ ੧੩੩** ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਭਾਈ ਗੁਰਦਾਸ ਦੁਆਰਾ ਭਗਤਾਂ ਦੀ ਬਾਣੀ ਲਿਖਣਾ][1]

॥ਦੋਹਰਾ॥

ਲਿਖੇ ਗੁਰਦਾਸ ਗ੍ਰਿਥ ਕੋ ਗੁਰਬਾਨੀ ਮਿਸਲ ਬਨਾਇ॥
ਜਬ ਭਗਤ ਬਾਨੀ ਲਿਖਨੇ ਲਗਾ ਤਬ ਸੰਕਾ ਉਪਜੀ ਆਇ॥੧॥

॥ਚੌਪਈ॥

ਲਿਖੇ ਗੁਰਦਾਸ ਹਜੂਰ ਗੁਰਬਾਨੀ॥ਪੜਦੇ ਮੋ ਬੈਠੇ ਗੁਰ ਗਿਆਨੀ॥
ਭਗਤ ਕੀ ਮਿਸਲ ਲਿਖਨੇ ਜਬ ਲਿਗਾ॥ਤਬ ਮਨ ਬੁਧ ਸੰਕਾ ਮੋ ਪਗਾ॥੨॥
ਬਾਨੀ ਆਪ ਗੁਰ ਮੁਖੋ ਉਚਾਰੇ॥ਅੰਤ ਭੋਗ ਭਗਤਨਿ ਕਾ ਡਾਰੇ॥
ਸੰਤਨ ਕੀ ਬਡਿਆਈ ਕਰੇ॥ਇਹੁ ਚਿੰਤਾ ਗੁਰਦਾਸ ਮਨ ਧਰੇ॥੩॥
278/ੳ /ਬੂਝਾ ਸਤਿਗੁਰ ਅੰਤਰਿਜਾਮੀ॥ਮਨ ਧਰੀ ਸੰਕ ਗੁਰਦਾਸ ਨਿਕਾਮੀ॥
ਇਹ ਮਮ ਸਿਖ ਬਡਾ ਪਰਬੀਨ॥ਇਸ ਦੇਉ ਪ੍ਰਤੀਤ ਸੰਕਾ ਹੋਇ ਛੀਨ॥੪॥
ਕੇਤਕ ਕਾਲ ਲਿਖੀ ਤਹ ਬਾਨੀ॥ਤਬ ਗੁਰ ਦਿਖਾਇਆ ਅਲਖ ਬਿਡਾਨੀ॥
ਨਿਕਸੇ ਪੜਦੇ ਸੌ ਬਹੁ ਸੰਤ॥ਸੁੰਦਰ ਮੂਰਤਿ ਨਿਰਮਲ ਕ੍ਰਿਤ[2]॥੫॥

॥ਦੋਹਰਾ॥

ਅਤ ਸੋਭਾ ਸੁੰਦਰ ਸੁਭਗ ਮਹਿਮਾ ਅਮਿਤ ਬਿਸਾਲ॥
ਤੁਲਸੀ ਮਾਲਾ ਕੰਠ ਮੋ ਸੁੰਦਰ ਤਿਲਕ ਸੁ ਭਾਲ॥੬॥

॥ਚੌਪਈ॥

ਜਬ ਗੁਰਦਾਸ ਸੰਤਨ ਕੋ ਦੇਖਾ॥ਅਪਨੇ ਮਨ ਗਨੇ ਭਾਗ ਬਸੇਖਾ॥
ਤਬ ਸਤਿਗੁਰ ਕਹਾ ਗੁਰਦਾਸ ਬੁਲਾਇ॥ਇਨ ਸੰਤਨ ਕੇ ਸੰਗ ਤੂੰ ਜਾਇ॥੭॥
ਆਗੇ ਪਹੁਚਾਇ ਬਿਦਾ ਕਰ ਆਵਹੁ॥ਸੰਤਨ ਸੇਵ ਮਹਾ ਸੁਖ ਪਾਵਹੁ॥
ਚਲੇ ਗੁਰਦਾਸ ਸੰਤ ਸੰਗ ਲੀਨਾ॥ਦੂਰਿ ਜਾਇ ਬਿਦਾ ਤਿਨ ਕੀਨਾ॥੮॥
ਸੰਤ ਚਰਨ ਪਰ ਮਾਥਾ ਟੇਕਾ॥ਸੀਸ ਉਠਾਇ ਫਿਰ ਕਛੂ ਨ ਦੇਖਾ॥
ਅਦਭਤ ਚਰਿਤ੍ਰ ਕਛੁ ਲਖਾ ਨ ਜਾਇ॥ਸਭ ਕਹੀ ਕਥਾ ਸਤਿਗੁਰ ਪਹਿ ਆਇ॥੯॥
ਸੁਨ ਹਸੇ ਦਿਆਲ ਮੁਖ ਬਚਨ ਉਚਾਰਾ॥ਤੁਮ ਗੁਰਦਾਸ ਸੰਕਾ ਜੋ ਧਾਰਾ॥
ਸ੍ਰੀ ਰਾਮਾਨੰਦ ਥੇ ਸੰਤ ਬਿਨਾਨੀ॥ਸੰਗ ਕਬੀਰ ਰਵਿਦਾਸ ਗਿਆਨੀ॥੧੦॥

॥ਦੋਹਰਾ॥

ਨਾਮਦੇਵ ਸੰਗ ਸਧਨਾ ਸੈਨ ਅਵਰ ਤ੍ਰਿਲੋਚਨ ਸੰਤ॥
ਪੀਪਾ ਜੈਦੇਵ ਧਨਾ ਭਗਤ ਬੇਨੀ ਸੰਤ ਅਨੰਤ॥੧੧॥

॥ਚੌਪਈ॥

ਪਰਮਾਨੰਦ ਅਉ ਮੀਰਾ ਬਾਈ॥ਭੀਖਨ ਸੂਰਦਾਸ ਸੁਖਦਾਈ॥
ਕਾਮਲ ਆਰਫ ਸੇਖ ਫਰੀਦ॥ਤੁਮ ਦੇਖੇ ਸਭ ਦੀਦ ਬ ਦੀਦ॥੧੨॥
ਇਹ ਸਭ ਸੰਤ ਮੋ ਪੈ ਥੇ ਆਏ[3]॥ਹਮ ਸਬਹਨ ਸੁਨਾ ਤੁਮ ਗ੍ਰਿਥ ਬਨਾਏ॥
278/ਅ ਹਮਰੀ ਬਾਨੀ ਤਹਾ ਲਿਖੀਜੈ॥ਨਿਕਟ ਆਸਨ ਹਮ ਕੋ ਭੀ ਦੀਜੈ/੧੩॥
ਜਿਹ ਕਾਰਨ ਤੁਮ ਸੰਕਾ ਕੀਨੀ॥ਬੂਝੀ ਨਾਹਿ ਸਿਖ ਪਰਬੀਨੀ॥
ਸਭ ਸੰਤਨ ਬਾਨੀ ਗ੍ਰਿਥ ਲਿਖਾਈ॥ਜੈਸੇ ਖਤ ਪਰ ਪੜੇ ਗਵਾਹੀ॥੧੪॥
ਤਬ ਗੁਰਦਾਸ ਗੁਰ ਚਰਨਨ ਪਰੇ॥ਸਭ ਬਿਭੇਦ ਮਨ ਮੋ ਪਰਹਰੇ॥
ਸੰਤ ਅਨੰਤ ਏਕ ਕਰਿ ਜਾਨਾ॥ਤਬ ਗੁਰਦਾਸ ਭੇਦ ਸਭੇ ਪਹਚਾਨਾ॥੧੫॥

॥ਦੋਹਰਾ॥

ਸੰਤ ਅਨੰਤ ਨ ਭੇਦ ਹੈ ਜੁ ਪੂਰਨ ਗਿਆਨ ਧਿਆਨ॥
ਨਿਰਗੁਣ ਸਰਗੁਣ ਬਪੁਧਰਾ ਸੰਤ ਰੂਪ ਭਗਵਾਨ॥੧੬॥

॥ਸਾਖੀ ਪੂਰਨ ਹੋਈ॥੧੩੪॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਕ੍ਰਿੰਤ (ੳ), ਕ੍ਰੰਤ (ਅ)
[3] ਇੱਥੇ 'ਇਹ ਸਭ ਸੰਤ ਮੋ ਪੈ ਥੇ ਆਏ॥' ਪੰਕਤੀ ਨਹੀਂ ਹੈ (ਸ)

[ਸਾਖੀ ਭਾਈ ਬਨੋ ਦੀ][1]

॥ਦੋਹਰਾ॥

ਬਾਰ ਗੋਂਦਿਲਾ ਕੀ ਰਹੇ ਭਾਈ ਬਨੋ ਸਿਖੁ॥
ਗੁਰਸਿਖਾ ਕੀ ਸੇਵਾ ਕਰੇ ਤਾ ਕੇ ਭਗਤ ਭਵਿਖੁ॥੧॥

॥ਚੌਪਈ॥

ਭਾਈ ਬਨੋ ਗੁਰ ਕਾ ਪਿਆਰਾ॥ਰਹੇ ਜਗਤ ਜਲ ਕਮਲ ਨਿਆਰਾ॥
ਸੁਨ ਗ੍ਰਿਥ ਦਰਸਨ ਕੋ ਆਇਆ॥ਦੇਖਤ ਹੀ ਤਿਸ ਮਨ ਲੋਭਾਇ॥੨॥
ਗੁਰ ਨਮਿਤ ਲੰਗਰ ਸਦ ਕਰੇ॥ਭੂਖਾ ਅਥਿਤ[2] ਉਦਰ ਤਹਾ ਭਰੇ॥
ਕੂਪਰ ਹਟ ਤਹਾ ਗੁਪਤਿ ਚਲਾਵੈ॥ਸਭ ਸਿਖ ਸੰਗਤ ਪ੍ਰਾਤ ਕੋ ਨਾ ਆਵੈ॥
ਹਾਥ ਜੋੜ ਗੁਰ ਆਗੇ ਠਾਢਾ॥ਮਾਂਗਿਓ ਗ੍ਰਿਥ ਬਚਨ ਅਤ ਗਾਢਾ॥
ਹੇ ਪ੍ਰਭ ਜੋ ਗ੍ਰਿੰਥ ਮੈ ਪਾਵੌਂ॥ਕਰੌ ਉਤਾਰ ਹਜੂਰ ਲਿਆਵੌਂ॥੪॥
ਜੱਦਪ ਗੁਰ ਕੋ ਗ੍ਰਿਥ ਪਿਆਰਾ॥ਤੱਦਪ ਸਿਖ ਬਚਨ ਨਹੀ ਟਾਰਾ॥
ਹੇ ਬੰਨੋ ਮੋ ਸੋ ਕਰੋ ਕਰਾਰ॥ਅਤ ਤੁਰੰਤ ਤੁਮ ਕਰੋ ਉਤਾਰ॥੫॥

॥ਦੋਹਰਾ॥

ਜਬ ਮੈ ਮਾਂਗ ਪਠਾਵਹੋ ਲੇ ਆਵੋ ਤਤਕਾਲ॥
279/ੳ ਦੇਖਤ ਹੁਕਮੁ ਮ/ਗ ਉਠ ਚਲੋ ਗ੍ਰਿਥ ਲਿਆਵੋ ਨਾਲ॥੬॥

॥ਚੌਪਈ॥

ਇਹ ਕਰਾਰ ਕਰ ਗ੍ਰਿਥ ਦਿਵਾਇਆ॥ਲੇ ਸਿਰ ਪਰ ਬੰਨੋ ਗ੍ਰਿਹ ਆਇਆ॥
ਸਭ ਸੰਗਤਿ ਮਿਲ ਪੂਜਾ ਕੀਨਾ॥ਪੁਨਿ ਲਗੇ ਲਿਖਨ ਮਿਲਿ ਸਿਖ ਪ੍ਰਬੀਨਾ॥੭॥
ਉਸੀ ਸਮੈ ਸਿਖ ਹੁਕਮ ਲੇ ਆਇਆ॥ਭਾਈ ਬੰਨੋ ਗੁਰੂ ਬੁਲਾਇਆ॥
ਮਾਨ ਹੁਕਮ ਬੰਨੋ ਮਗ ਲੀਨਾ॥ਨਿਤ ਮਗ ਚਲੇ ਅਰੁ ਲਿਖੇ ਪ੍ਰਬੀਨਾ॥੮॥
ਆਧ ਕੋਸ ਕੂਚ ਨਿਤ ਸਰੇ॥ਕਰ ਡੇਰਾ ਨਿਸ ਦਿਨ ਲਿਖਬੋ ਕਰੇ॥
ਗੁਰ ਬਚਨ ਮਾਨ ਕਰੇ ਨਿਜ ਕਾਜ॥ਮਗ ਪੂਰਨ ਲਿਖ ਗ੍ਰਿਥ ਸੁਖ ਸਾਜ॥੯॥
ਬਹੁਤ ਹਾਥ ਨ ਕਰ ਲਿਖਨਾ ਭਇਆ॥ਕੋਊ ਸਬਦ ਮਿਸਲ ਬੇ ਮਿਸਲ ਹੋ ਗਇਆ॥
ਇਹੁ ਖਾਰੇ ਕੀ ਮਿਸਲ ਕਹਾਵੇ॥ਗੁਰਦਾਸ ਮਿਸਲ ਸੋ ਭੇਦ ਜਨਾਵੇ॥੧੦॥

॥ਦੋਹਰਾ॥

ਪੂਰਨ ਗ੍ਰਿੰਥ ਮਗ ਮੋ ਲਿਖ ਆਇ ਦਰਨ[3] ਗੁਰ ਕੀਨ॥
ਦੇਖ ਪ੍ਰਸਨ ਸਤਿਗੁਰ ਭਏ ਸਹੀ ਸਹੀ ਲਿਖ ਦੀਨ॥੧੧॥

॥ਦੋਹਰਾ॥

ਪਰਉਪਕਾਰ ਸਿਖ ਗੁਰ ਲਿਖਾ ਗ੍ਰਿਥ ਉਤਾਰ ਪ੍ਰਸਿਧ॥
ਨਿਤ ਪਾਠ ਸਿਖ ਸੰਗਤ ਕਰੇ ਹੋਇ ਪੰਥ ਗੁਰ ਬ੍ਰਿਧ॥੧੨॥

॥ਭਾਈ ਬੰਨੋ ਕੇ ਉਤਾਰ ਕੀ ਸਾਖੀ ਪੂਰਨ ਭਈ॥[4]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)

[2] ਅਤਿਪਿ (ਸ)

[3] ਦਰਸਨ (ੳ,ਅ,ੲ)

[4] ਇੱਥੇ ਸਿਰਲੇਖ '॥ਸਾਖੀ ਪੂਰਨ ਭਈ॥' ਹੈ (ਸ)

[ਸਾਖੀ ਕੁੱਝ ਸਮਕਾਲੀ ਭਗਤਾਂ ਨਾਲ ਮਿਲਾਪ][1]

॥ਦੋਹਰਾ॥

ਗੁਰ ਪਾਰਸ ਏਹੀ ਸੁਭਾਉ ਹੈ ਜੋ ਮਿਲ ਸੋ ਕੰਚਨ ਹੋਇ॥
ਕਪਟ ਪਾਟ ਸੂਖਮ ਰਹੇ ਪਰੇ ਹੇ ਮਨ ਹੋਵਤ ਸੋਇ॥੧॥

॥ਚੌਪਈ॥

279/ਅ ਸਾਹਿ ਹੁਸੈਨ ਅਰੁ ਛਜੂ ਭਗਤ॥ਗੁਰ ਦਰਸ/ਨ ਆਏ ਬਡੇ ਬਿਰਕਤ॥
ਅਵਰ ਕਛੂ ਇਛਿਆ ਤਿਨ ਨਾਹਿ॥ਗੁਰ ਸੰਤ ਦਰਸ ਕੀ ਲੋਚਾ ਤਾਹਿ॥੨॥
ਆਇ ਦਿਆਲ ਕਾ ਦਰਸਨ ਕੀਨਾ॥ਬਹੁ ਆਦਰ ਕੀਆ ਸਤਿਗੁਰ ਪ੍ਰਬੀਨਾ॥
ਦੇਖ ਦਰਸ ਦੋਨੋ ਮਗਨਾਨੇ॥ਅਤਿ ਪਿਆਰੇ ਸਤਗੁਰ ਕਰ ਮਾਨੇ॥੩॥
ਪੂਛਾ ਸਤਿਗੁਰੁ ਛਜੂ ਭਗਤ॥ਤੁਮ ਹਰਿ ਪ੍ਰੇਮੀ ਪਰਮ ਬਿਰਕਤ॥
ਤੁਮ ਪ੍ਰੇਮ ਬਸ ਹੋਇ ਬਾਨੀ ਜੋ ਕੀਨਾ॥ਹਮੇ ਸੁਨਾਵੋ ਸੰਤ ਪ੍ਰਬੀਨਾ॥੪॥
ਛਜੂ ਭਗਤ ਕਰੀ ਅਰਦਾਸ॥ਕਿਮ ਚਮਕੇ ਜੁਗਨੀ ਸੂਰਜ ਪਾਸ॥
ਸੁਨ ਬਿਗਸ ਦਿਆਲ ਉਸਤਤ ਮੁਖ ਕੀਨ॥ਸੰਤ ਨਹੀ ਅਹੰਕਾਰ ਅਧੀਨ॥੫॥

॥ਦੋਹਰਾ॥

ਪੁਨ ਸਾਹ ਹੁਸੈਨ ਕੋ ਗੁਰ ਕਹਾ ਮੁਹਿ ਨਿਜ ਬਚਨ ਸੁਨਾਉ॥
ਤੁਮ ਪ੍ਰਸਿਧ ਪ੍ਰੇਮੀ ਬਡੇ ਕਿਉ ਕੀਜੈ ਸਾਧ ਦੁਰਾਉ॥੬॥

॥ਚੌਪਈ॥

ਸੁਨਤ ਬਚਨ ਹੁਸੈਨ ਬਹੁਤ ਮਗਨਾਨੇ॥ਮਗਨ ਹੋਇ ਇਹੁ ਬਚਨ ਬਖਾਨੇ॥
ਪ੍ਰੇਮ ਰੰਗ ਸਦ ਮਾਤਾ ਰਹੇ॥ਅਵਰ ਬਾਤ ਕਛੁ ਸੁਨੇ ਨ ਕਹੇ॥੭॥

॥ਕਾਫੀ ਸਾਹ ਹੁਸੈਨ ਕੀ॥

ਸਜਣਾ ਬੋਲਣ ਦੀ ਜਾਇ ਨਾਹੀ[2]॥ਅੰਦਰ ਬਾਹਰ ਹਿਕਾ ਸਾਂਈ॥
ਕਿਸ ਨੂ ਆਖ ਸੁਣਾਈ॥ਇਕਾ ਦਿਲਬਰ ਸਭ ਘਟ ਰਵਿਆ ਦੂਜਾ ਨਹੀ ਕਦਾਈ॥
ਕਹੇ ਹੁਸੈਨ ਫਕੀਰ ਨਿਮਾਣਾ ਸਤਿਗਰ ਤੋਂ[3] ਬਲ ਬਲ ਜਾਈ॥੧॥

॥ਚੌਪਈ॥

ਸੁਨ ਕਾਫੀ ਦਿਆਲ ਖੁਸੀ ਅਤਿ ਕੀਨੀ॥ਪ੍ਰੀਤ ਅੰਤਰਿ ਕੀ ਸਤਿਗੁਰ ਚੀਨੀ॥
ਦੋਨੋ ਸਾਧ ਕੋ ਆਦਰ ਕੀਆ॥ਹਿਰਦੇ ਗਿਆਨ ਪੂਰ ਕਰ ਦੀਆ॥੮॥
ਉਸੀ ਦਿਨ ਲੋਕ ਲਹੋਰ ਸੋ ਆਏ॥ਇਸਨਾਨ ਕਰਨ ਕੌ ਗੰਗ ਸਿਧਾਏ॥
ਸਭਹਨ ਮਿਲ ਗੁਰ ਦਰਸਨ ਕੀਨਾ॥ਕਾਹੂ ਕਾਹੂ ਸਤਿਗੁਰ ਚੀਨਾ॥੯॥
280/ੳ ਤਿਨ ਮੋ ਏਕੁ ਲੜਿਕਾ ਸਗਿ/ਆਨ॥ਸਤਿਗੁਰ ਚਰਨ ਧਰਾ ਤਿਸ ਧਿਆਨ॥
ਕਰ ਪਰਨਾਮ ਚਰਨਨ ਪਰ ਪਰਾ॥ਗੁਰ ਮੂਰਤ ਲੇ ਹਿਰਦੇ ਧਰਾ॥੧੦॥

॥ਸੋਰਠਾ॥

ਗੁਰ ਤਿਸ ਪਰ ਭਏ ਦਿਆਲ ਸਾਧੂ ਜਨ ਜੀ ਮੁਖ ਕਹਿਓ॥
ਮਨ ਉਪਜੀ ਭਗਤ ਬਿਸਾਲ ਜਗ ਨਾਮ ਸਾਧੂ ਜਨ ਤਿਸੁ ਕਹੇ॥੧੧॥

॥ਚੌਪਈ॥

ਪ੍ਰੇਮ ਭਗਤਿ ਤਾ ਕੇ ਮਨ ਆਈ॥ਤਿਨ ਉਸਤਤਿ ਕਰ ਗੁਰ ਮਹਿਮਾ ਗਾਈ॥
ਬਡੇ ਭਗਤ ਸਾਧੂ ਜਨ ਭਏ॥ਕਰ ਦਇਆ ਸਤਿਗੁਰ ਅਪਨੇ ਕਰ ਲਏ॥੧੨॥

॥ਸਾਧੂ ਜਨ ਕੀ ਉਸਤਤਿ॥

ਮੈ ਵਾਰਿਆ ਗੁਰ ਤੋ ਵਾਰਿਆ॥
ਮੈ ਵਾਰਿਆ ਗੁਰ ਕੀ ਪਗੜੀ ਤੋ॥ਪਗੜੀ ਸਾਚੇ ਲਗੜੀ ਤੌਂ॥
ਮੈ ਵਾਰਿਆ ਗੁਰ ਕੇ ਮਥੇ ਤੌਂ॥ਮਥੇ ਨੂਰ ਝਮਕੇ ਤੌਂ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਜਾ ਨਾਹੀ (ਅ)
[3] ਕੋ (ਅ)

ਮੈ ਵਾਰਿਆ ਗੁਰ ਕੇ ਨੈਨਾ ਤੌਂ॥ਨੈਨਾ ਸਾਚੀ ਸੈਨਾ ਤੌਂ॥
ਮੈ ਵਾਰਿਆ ਗੁਰ ਕੇ ਅਧਰਾ ਤੌਂ॥ਅੰਮ੍ਰਿਤ ਬਾਨੀ ਮਧਰਾ ਤੌਂ॥
ਮੈ ਵਾਰਿਆ ਗੁਰ ਕੇ ਬਚਨਾ ਤੌਂ॥ਬਚਨਾ ਸਾਚੇ ਸਜਨਾ[1] ਤੌਂ॥
ਮੈ ਪੜਦਾ ਸਾ ਪਾਪਾ ਦੀ ਪਟੀ॥ਬੈਹਦਾ[2] ਕੂੜ ਕਪਟ ਦੀ ਹਟੀ॥
ਗੁਰ ਪੂਰੇ ਮੇਰੀ ਦੁਰਮਤਿ ਕਟੀ॥ਕਢਿ ਨਰਕੋ ਸੁਰਗ ਬਹਾਲਿਆ॥
ਕਾਂਮੀ ਕ੍ਰੋਧੀ ਮਤਿ ਕਾ ਹੀਨਾ॥ਕਰਿ ਕਿਰਪਾ ਸਾਧੂ ਜਨ ਕੀਨਾ॥
[3]ਨਖ ਸਿਖ ਲੌ ਅੰਮ੍ਰਿਤ ਰਸ ਭੀਨਾ॥ਗੁਰ ਭਉਜਲ ਪਾਰਿ ਉਤਾਰਿਆ॥੧॥
ਜਬ ਇਹ ਬਿਸਨ ਪਦ ਸਤਿਗੁਰੂ ਸੁਨਾ॥ਕਰ ਸਾਧੂ ਜਨ ਸਾਧ ਮੁਖ ਭਨਾ॥
ਭਇਆ ਪ੍ਰਕਾਸ ਸੋਆ ਮਨ ਜਾਗਾ॥ਗੁਰ ਭਏ ਦਿਆਲ ਰਾਮ ਰੰਗ ਲਾਗਾ॥੧੩॥
ਕਾਨਾ ਬੈਰਾਗੀ ਬਡਾ ਜੁਗੀਸਰ[4]॥ਬਿਨਾ ਗਿਆਨ ਪਾਈਏ ਨਹੀ ਈਸਰ॥
ਜਬ ਲਗ ਅਹੰ ਬੁਧ ਨਹੀ ਟਰੇ॥ਤਬ ਲਗ ਕਾਜ ਕੋਊ ਨਹੀ ਸਰੇ॥੧੪॥
280/ਅ ਸਤਗੁਰ ਜੀ ਕੇ ਦਰਸਨ ਆਇਆ॥/ਦੇਖ ਪ੍ਰਤਾਪ ਮਨ ਮੋ ਰੀਸਾਇਆ॥
ਬਿਨੁ ਅਪਨੀ ਬਾਨੀ ਤਿਸ ਅਵਰ ਨ ਭਾਵੈ॥ਸੁਨ ਸੰਤਨ ਬਾਨੀ ਪਦ ਉਲਟਾਵੈ॥੧੫॥

॥ਦੋਹਰਾ॥

ਗੁਰ ਸਭਾ ਰਬਾਬੀ ਗਾਵਤ ਸੁਨ ਕਹਿਓ ਬਚਨ ਉਲਟਾਇ॥
ਗੁਰ ਸਹਿਜ ਭਾਇ ਸੁਨ ਕਰ ਕਹਾ ਕਾਨਾ ਚਲਾ ਮੁਸਾਇ॥੧੬॥

॥ਚੌਪਈ॥

ਤਹਾ ਜਾਇ ਕਾਨੇ ਗੁਰ ਦਰਸਨ ਕੀਨਾ॥ਨਹੀ ਅੰਤਰਿਗਤਿ ਮਨਿ ਭਇਆ ਅਧੀਨਾ॥
ਬੈਠਿ ਨਿਕਟਿ ਕਹੀ ਬਾਤ ਬਨਾਈ॥ਮੈ ਬਾਨੀ ਕਰੀ ਲੇਹੁ ਗ੍ਰਿਥ ਚੜਾਈ॥੧੭॥
ਮੈ ਸੁਨਿਆ ਗੁਰ ਗ੍ਰਿਥ ਬਨਾਇਆ॥ਇਸੀ ਕਾਜ ਈਹਾ ਮੈ ਆਇਆ॥
ਸਤਿਗੁਰ ਕਹਾ ਸੁਨਾਵੋ ਬਾਨੀ॥ਤਬ ਕਾਨੇ ਮੁਖ ਆਖ ਵਖਾਨੀ॥੧੮॥

॥ਕਾਨਾ ਵਾਕ॥[5]

ਮੈ ਕਾਨਾ ਕਾਨਾ ਮੇਰੀ ਡੀਠ॥ਕਾਨਾ ਆਗੇ ਕਾਨਾ ਪੀਠ॥
ਜਤ ਦੇਖੋ ਤਤ ਕਾਨਾ ਭਾਈ॥ਮੈ ਕਾਨਾ ਕਾਨਾ ਸਭ ਆਹੀ॥
ਸਭ[6] ਸਤਿਗੁਰ ਸੁਨਿ ਮੁਖੋ ਬਖਾਨੀ॥ਯਹ ਲਾਇਕ ਗ੍ਰਿੰਥ ਨਹੀ ਨੰਗੀ ਬਾਨੀ॥
ਸੁਨਿ ਗੁਰ ਬਚਨ ਕਾਨਾ ਭਇਆ ਕੋਪ॥ਮੂਰਖ ਕੋਪ ਕਰੇ ਕੋ ਛੋਪ॥੧੯॥
ਸਭਾ ਛੋਡ ਚਲਾ ਉਠ ਕਾਨਾ॥ਕਰ ਤਾਮਸ ਮਨ ਧਰਿ ਅਭਿਮਾਨਾ॥
ਬਾਦਸਾਹ ਸੌ ਕਰ ਫਰੀਯਾਦ॥ਸਤਗੁਰ ਸੰਗ ਕਰੌਂਗਾ ਵਾਦ॥੨੦॥

॥ਦੋਹਰਾ॥

ਚਲਾ ਲਹੌਰ ਬਾਦਸਾਹ ਮਿਲ ਕਰੌ ਚੁਗਲੀ ਸਿਖ ਨਿਜ ਜੋਰ॥
ਜਬ ਪਹੁਚਾ ਨਿਕਟ ਲਹੌਰ ਕੇ ਭਈ ਅਉਰ ਕੀ ਅਉਰ॥੨੧॥

॥ਚੌਪਈ॥

ਈਹਾ ਦਿਆਲ ਲੰਗਰ ਮੋ ਆਏ॥ਸਭ ਸੰਗਤ ਕੋ ਪਰਸਾਦਿ ਪੁਰਾਏ॥
ਰਸੋਈਏ ਕੜਛਾ ਤੌਲੇ ਪਰ ਝਾਰਾ॥ਸੁਨ ਯਹ ਖੜਕ ਗੁਰ ਬਚਨ ਉਚਾਰਾ॥੨੨॥
281/ੳ ਇਹ ਕੜਛਾ ਕਾਨੇ ਸਿਰ ਲਾਗਾ॥ਫੂਟਿਓ ਸੀਸ ਪ੍ਰਾਨ ਤਿ/ਸ ਭਾਗਾ॥
ਜਬ ਸਤਿਗੁਰ ਇਹ ਬਚਨ ਮੁਖ ਕਹਾ॥ਕਾਨਾ ਜਾਤ ਲਹੌਰ ਕੋ ਰਹਾ॥੨੩॥
ਤਹਾ ਦੇਖਾ ਬਨ ਇਕੰਤ ਮਗ ਮਾਹ॥ਕਰ ਸਮਾਧ ਬੈਠਾ ਵੈ ਤਾਂਹ॥
ਭੂਲ ਜੁਗਤਿ ਤਬ ਫੁਟਿਓ ਕਪਾਲ॥ਗੁਰ ਵਿਰੋਧ ਜੋਗ ਭਇਆ ਕਾਲ॥੨੪॥
ਨਿਰਵੈਰ ਨਾਲ ਜੋ ਵੈਰ ਕਮਾਵੈ॥ਤਾ ਕੀ ਘਾਲ ਬ੍ਰਿਥਾ ਸਭ ਜਾਵੈ॥

---

[1] ਸਚਨਾ (ਅ)
[2] ਹਦਾਬੈ (ਸ)
[3] ਇੱਥੇ ਸਿਰਲੇਖ '॥ਚੌਪਈ॥' ਹੈ (ਅ)
[4] ਜੁਗੀਸਨ (ਸ)
[5] ਕਾਨੇ ਵਾਕ (ਅ), ਕਾਨਾ ਵਾਚ (ਸ)
[6] ਇੱਥੇ ਸ਼ਬਦ 'ਸਭ' ਨਹੀਂ ਹੈ (ਅ)

ਜੋਗੀ ਬੈਰਾਗੀ ਕੋਈ ਹੋਇ॥ ਬਿਨਾ ਗਿਆਨ ਸੁਖ ਸਾਂਤ ਨ ਸੋਇ॥੨੫॥

॥ਦੋਹਰਾ॥

ਸਤਿਗੁਰ ਪੁਰਖ ਨਿਰਵੈਰ ਹੈ ਜਾ ਕੇ ਨਹੀ ਵਿਰੋਧ॥
ਜੋ ਜੈਸੀ ਮਨਸਾ ਕਰੇ ਤਾ ਕੋ ਤੈਸਾ ਬੋਧ॥੨੬॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਮੁਖ ਕਰ ਲਏ ਉਧਾਰ॥

[ਸਾਖੀ ਸਭ ਸਿਧਾਂ ਦਾ ਸਤਿਗੁਰੂ ਜੀ ਦੀ ਪਰਤਗਿਆ ਲੇਨ ਆਉਨਾ][1]

॥ਸੋਰਠਾ॥

ਸੁਤਹ ਸਿਧ ਗੁਰ ਗਿਆਨ ਜਾ ਤੇ ਸਭ ਸਿਧ ਪਾਈਐ॥
ਆਏ ਸਿਧ ਮਹਾਨ ਪਰਤਗਿਆ ਲੇਨੇ ਨਮਿਤ॥੧॥

॥ਚੌਪਈ॥

ਦਿਵਸ ਏਕ ਸਿਧ ਸਭ ਆਏ॥ਗੁਰ ਸਭਾ ਦੇਖ ਅਤਿ ਆਨੰਦ ਛਾਏ॥
ਸੁੰਦਰ ਰੂਪ ਜੋਤ ਮੁਖ ਕ੍ਰਾਂਤ॥ਜਿਨ ਦਰਸਨ ਮਨ ਆਵੈ ਸਾਂਤ॥
ਜੋਗ ਰੂਪ ਗਿਆਨ ਕੇ ਪਾਤਰ॥ਆਏ ਸਤਿਗੁਰ ਮਿਲਨ ਕੋ ਆਤਰ॥
ਸਤਿਗੁਰ ਕਰ ਆਦਰ ਬੈਠਾਏ॥ਮਾਰਗ ਕੁਸਲ ਛੇਮ ਪੂਛਾਏ॥
ਕਰ ਬਚਨ ਬਿਲਾਸ ਸਿਧ ਮੁਖ ਬੋਲੇ॥ਸੰਤ ਸੰਬਾਦ ਅੰਮ੍ਰਿਤ ਝਕ ਝੋਲੋ[2]॥੩॥
ਹਮ ਸਭ ਸਿਖ ਤੁਮ ਦੇਖਨ ਆਏ॥ਜਤੀ ਪੁਰਖ ਕੋਊ ਨਜਰ ਨ ਪਾਏ॥
ਬਿਨ ਜਤ ਜੋਗ ਸਿਧ ਨਹੀ ਕੋਇ॥ਬਿਨ ਸਿਧ ਜੋਗ ਗਿਆਨ ਨਹੀ ਹੋਇ॥੪॥
281/ਅ ਬਿਨਾ ਗਿਆਨ ਮੁਕਤਿ ਨਹੀ ਪਾਵੈ॥ਨਾ/ਤਰ ਭਵਸਾਗਰ ਮੋ ਆਵੈ॥[3]
ਦੇਖ ਸੰਗਤ ਸਭ ਸੰਕਾ ਆਈ॥ਦੀਜੈ ਉਤਰੁ ਸਭ ਸੰਕ ਮਿਟਾਈ॥੫॥

[4] **॥ਦੋਹਰਾ॥**

ਸੁਨ[5] ਬਚਨ ਬਿਲਾਸ ਸਿਧ ਸਭਾ ਕਾ ਬਿਗਸੇ ਸਤਗੁਰ ਦਿਆਲ॥
ਬਾਬਾ ਅਨੰਦ ਚਿਤਵਨ ਕਰਾ ਇਨ ਦੇਵੋ ਜਤੀ ਦਿਖਾਲ॥੬॥

॥ਚੌਪਈ॥

ਸ੍ਰੀ ਮੋਹਰੀ ਸਨਮੁਖ ਕੇ ਸੁਤ ਆਨੰਦ॥ਸੁਤਹ ਸਿਧ ਪੂਰਨ ਸੁਵਾ ਛੰਦ॥
ਸਤਿਗੁਰ ਅਮਰ ਕੁਲ ਜਨਮੁ ਤਿਨ ਧਰਾ॥ਸਤਗੁਰ ਅਨੰਦ ਭੇਟ ਤਿਨ ਕਰਾ॥੭॥
ਬਾਨੀ ਅਨੰਦ ਪੰਥ ਪਰਮਾਨ॥ਸਭ ਕਾਰਜ ਆਦ ਸਭ[6] ਪੜੇ ਨਿਦਾਨ॥
ਸਤਿਗੁਰ ਸਭਾ ਮੋ ਲੀਏ ਬੁਲਾਇ॥ਲੇ ਸੰਗ ਨਾਤੀ ਸੁਤ ਬੈਠੇ ਆਇ॥੮॥
ਤਿਨ ਦੇਖਤ ਸਗਲ ਸਿਧ ਮਗਨਾਨੇ॥ਪੂਰਨ ਜਤੀ ਪੁਰਖ ਕਰ ਜਾਨੇ॥
ਸਭ ਸਿਧਨ ਤਿਨ ਕੀਆ ਪ੍ਰਨਾਮ॥ਇਹ ਬਡੇ ਜਤੀ ਜਗ ਮੋ ਨਿਹਕਾਮ॥੯॥
ਸਭ ਸਤਿਗੁਰ ਜੀ ਪਹਿ ਉਸਤਤਿ ਕਹੈ॥ਇਹ ਗ੍ਰਿਹ ਮਾਹਿ ਜਤੀ ਬਡ ਅਹੈ॥
ਇਨ ਸਮ ਜਤੀ ਜਗ ਮੋ ਕੋ ਨਾਹਿ॥ਜਿਉ ਰਹੇ ਕਮਲ ਜਲ ਇਮ ਗ੍ਰਿਹ ਮਾਹਿ॥੧੦॥

॥ਦੋਹਰਾ॥

ਸੁਨ ਮਹਿਮਾ ਹੋਤੀ ਸਭਾ ਮੋ ਅਨੰਦ ਜੀ ਉਠੇ ਰਿਸਾਇ॥
ਸਤਗਰ ਹਮ ਹਾਸੀ ਕਰੀ ਕਿਉ ਪਰਗਟ ਕੀਆ ਦਿਖਾਇ॥੧੧॥

॥ਚੌਪਈ॥

ਤਬ ਅਨੰਦ ਜੀ ਸੋ ਗੁਰ ਭਾਖਾ॥ਅਪਨੇ ਬ੍ਰਿਦ ਕੀ ਲਾਜ ਤੁਮ ਰਾਖਾ॥
ਕਰਿ ਪ੍ਰਸੰਨ ਘਰ ਦੀਏ ਪਠਾਇ॥ਪੁਨ ਸਿਧਨ ਸੋ ਕਹੀ ਜੁਗਤ ਸੁਨਾਇ॥੧੨॥
ਮਮ ਸਿਖ ਗ੍ਰਿਹ ਮੋ ਜੋਗ ਕਮਾਵੈ॥ਗੁਰ ਬਚਨਨ ਕੇ ਮਾਰਗ ਧਾਵੈ॥
ਗੁਰਮੁਖ ਜੋਗੀ ਪੰਥ ਹਮਾਰਾ[7]॥ਮੁੰਦ੍ਰਾ ਮਾਤ੍ਰਾ ਗੁਰਮਤ ਧਾਰਾ॥੧੩॥
ਜਤੀ ਪੁਰਖ ਤੁਮ ਦੀਆ ਦਿਖਾਇ॥ਅਬ ਜੋਗ ਜੁਗਤ ਤੁਮ ਕਹੌ ਸੁਨਾਇ॥
282/ੳ ਤਬ ਸ੍ਰੀ ਮੁਖ ਸਬਦੁ ਸਤਿਗੁਰੂ ਉਚਾਰਾ॥ਗੁਰਮੁਖੀ ਜੋਗ ਕੀ ਜੁਗ/ਤ ਅਚਾਰਾ॥੧੪॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਝੋਲੇ (ੳ,ਅ,ੲ,ਸ)
[3] ਬਿਨਾ ਗਿਆਨ ਮੁਕਤਿ ਨਹੀ ਪਈ ਹੈ॥ਨਾਤਰ ਭਵਸਾਗਰ ਮੋ ਰਹੀ ਹੈ॥ (ੳ,ਅ)
[4] ਇੱਥੇ 'ਹੇ ਸਤਿਗੁਰ ਇਹ ਕਿਰਪਾ ਕਰੋ॥ਹਮਰੇ ਮਨ ਕੋ ਸੰਕਾ ਹਰੋ॥' ਪੰਕਤੀ ਹੈ (ੳ,ਸ)
[5] ਦੇਖ (ਅ)
[6] ਇੱਥੇ ਸ਼ਬਦ 'ਸਭ' ਨਹੀਂ ਹੈ (ੲ,ਸ)
[7] ਤੁਮਾਰਾ (ਅ)

॥ ਰਾਗੁ ਰਾਮਕਲੀ ਮਹਲਾ ੫ ॥

ਜੋਗ ਜੁਤਿ ਸੁਨਿ ਆਇਓ ਗੁਰ ਤੇ ॥ ਮੋ ਕੋ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥
ਨਵਖੰਡ ਪ੍ਰਿਥਵੀ ਇਸ ਤਨ ਮਾਹਿ ਰਵਿਆ ਨਿਮਖ ਨਿਮਖ ਨਮਸਕਾਰਾ ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ॥ ਦ੍ਰਿੜਿਓ ਏਕ ਨਿਰੰਕਾਰਾ ॥੧॥
ਪੰਚ ਚੇਲੇ ਮਿਲ ਭਏ ਇਕਤ੍ਰਾ ਏਕਸ ਕੇ ਵਸ ਕੀਏ ॥
ਦਸ ਬੈਰਾਗਨ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥
ਭਰਮ ਜਰਾਇ ਚੜਾਈ ਬਿਭੂਤਾ ਪੰਥ ਏਕ ਕਰ ਪੇਖਿਆ ॥
ਸਹਜਿ ਸੂਖ ਸੋ ਕੀਨੀ ਭੁਗਤਾ ਜੋ ਠਾਕੁਰ ਮਸਤਕ ਲੇਖਿਆ ॥੩॥
ਜਹ ਭੌ ਨਾਹੀ ਤਹਾ ਆਸਨ ਬਾਂਧਿਓ ਸਿੰਙੀ ਅਨਹਦ ਬਾਨੀ ॥
ਤਤੁ ਬਿਚਾਰ ਡੰਡਾ ਕਰ ਰਾਖਿਓ ਜੁਗਤਿ ਨਾਮ ਮਨ ਭਾਨੀ[1] ॥੪॥
ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੇ ॥
ਸੇਵਾ ਪੂਜ਼ ਕਰਉ ਤਿਸ ਮੂਰਤਿ ਕੀ ਨਾਨਕ ਤਿਸ ਪਗ ਚਾਟੇ ॥੫॥
ਜਬ ਸਭਾ ਸਿਧ ਸਬਦੁ ਗੁਰ ਸੁਨਾ ॥ ਗੁਰ ਅਰਜਨ ਦੇਵ ਨਾਨਕ ਕਰ ਗਨਾ ॥
ਦੂਜਾ ਭਾਉ ਸੰਕਾ ਉਠ ਗਈ ॥ ਸੁਨ ਗੁਰਮੁਖੀ ਜੁਗਤ ਮਨ ਮੋ ਦ੍ਰਿੜ ਭਈ ॥੧੫॥

॥ ਦੋਹਰਾ ॥

ਪਰਤਗਿਆ ਗੁਰ ਪਾਇ ਕੇ ਸਭ ਸਿਧ ਭਏ ਅਲੋਪ ॥
ਗੁਰ ਕੀ ਲੀਲਾ ਗੁਰ ਲਖੇ ਅਵਰੁ ਕੋ ਜਾਨੇ ਗੋਪ ॥

॥ ਸਾਖੀ ਪੂਰਨ ਹੋਈ ॥ ੧੩੪ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[1] ਭਾਈ (ਸ)

[ਸਾਖੀ ਭਾਈ ਗੁਰਦਾਸ ਜੀ ਦਾ ਉਧਾਰ ਕਰਨਾ][1]

॥ਦੋਹਰਾ॥

ਏਕ ਦਿਵਸ ਗੁਰ ਸਭਾ ਕਰ ਅਨਭੈ ਪਹਰ ਸਿੰਗਾਰ॥
ਬੈਠ ਸਿੰਘਾਸਨ ਭਗਤ ਪਰ ਕੀਨਾ ਨੀਤ ਬਿਚਾਰ॥੧॥

282/ਅ **/॥ਅੜਲ॥**

ਬੈਠ ਸਿੰਘਾਸਨ ਭਗਤ ਨੀਤ ਮਾਇਆ ਰਚੀ॥
ਨਿਰ ਬਿਕਲਪ ਸੀਗਾਰ ਅਮਰ ਬਾਨੀ ਸਚੀ॥
ਸਭ ਸੰਗਤਿ ਕਰੀ ਨਿਹਾਲ ਸੁ ਦਰਸੁ ਦਿਖਾਇ ਕੈ॥
ਹੋ ਪੁਨਿ ਆਗਿਆ ਪ੍ਰਭ ਕਰੀ ਗੁਰ ਦਾਸ ਬੁਲਾਇ ਕੈ॥੨॥
ਤੁਮ ਜੋ ਕੀਨੀ ਵਾਰ ਸੁ ਮੁਝੇ ਦਿਖਾਈਐ॥
ਵੌ ਤਾ ਮੋ ਪੌੜੀ ਕਰੀ ਸੁ ਮੋਹਿ ਸੁਨਾਈਐ॥
ਜੇ ਪਲਟੇ ਸਤਿਗੁਰ ਸਾਂਗ ਸਿਖ ਸਿਦਕ ਨ ਹਾਰਨਾ॥
ਹੋਵਹੁ ਪੌੜੀ ਮੋਹਿ ਸੁਨਾਇ ਸੁ ਅਰਥ ਬਿਚਾਰਨਾ॥੩॥

ਤਬ ਗੁਰਦਾਸ ਅਪਨੀ ਵਾਰ ਕੀ ਪੌੜੀ ਸੁਨਾਈ॥

॥ਪਉੜੀ॥

ਜੇ ਮਾ ਹੋਵੈ ਜਾਰਨੀ ਕਿਉ ਪੁਤੁ ਪਤਾਰੈ॥
ਗਾਈ ਮਾਣਕ ਨਿਗਲਿਆ ਪੇਟ ਪਾੜਿਨ ਮਾਰੈ॥
ਜੇ ਪਿਰੁ ਪਰ ਘਰ ਹੰਢਣਾ ਸਤੁ ਰਖੇ ਨਾਰੇ॥
ਜੇ ਮਦ ਪੀਤਾ ਬਾਮਣੀ ਲੋ ਲੁਝਨਹਾਰੇ॥
ਅਮਰ ਚਲਾਇਨ ਚੰਮ ਦੇ ਚਾਕਰ ਵਿਚਾਰੇ॥
ਜੇ ਗੁਰ ਸਾਂਗ ਵਰਤਦਾ ਸਿਖ ਸਿਦਕ ਨ ਹਾਰੇ॥੧॥
ਸੁਨਿ ਪੌੜੀ ਵਾਰ ਦਿਆਲ ਕੁ ਨਹ ਮਨ ਮੋ ਧਰੀ॥
ਗੁਰਦਾਸ ਬਢਿਓ ਅਹੰਕਾਰ ਅਵਰ ਕਹੁ ਕਿਆ ਕਰੀ॥
ਪੁਨ ਕੀਜੈ ਕੋ ਉਪਚਾਰ ਯਾ ਤੇ ਇਹ ਦੁਖ ਹਰੇ॥
ਹੋ ਪ੍ਰਿਥਮੇ ਕਸੌ ਕਸੌਟੀ ਦੇਖੌਂ ਇਹ ਕਿਆ ਕਰੈ॥੪॥
ਪਾਂਚ ਸਾਤ ਦਿਨ ਦਿਆਲ ਖਿਮਾ ਮਨ ਮੋ ਧਰੀ[2]॥
ਇਕ ਰਚਿਓ ਚਲਤ ਬਨਾਇਨ ਕਾਹੂ ਸੁਧ ਪਰੀ॥
ਪ੍ਰਭ ਅੰਤਜਾਮੀ ਦਿਆਲ ਜੀਅ ਕੀ ਜਾਨਹੇ॥
ਹੋ ਜਿਉ ਚਾਹੇ ਤਿਉ ਕਰੇ ਵਹੀ ਬਿਧ ਠਾਨਹੇ॥੫॥

॥ਦੋਹਰਾ॥

ਸੌਦਾਗਰ ਆਏ ਸੁਨੇ ਬੇਚਤ ਭਲੇ ਤੁਰੰਗ॥
ਮੰਗਾਇ ਸਤਿਗੁਰ ਦੇਖੇ ਸਭੇ ਕੀਨੇ ਸਗਲ ਪਸੰਦ॥੬॥

॥ਚੌਪਈ॥

283/ੳ ਗੁਰ ਦੀਨ ਦਿਆਲ ਗੁਰਦਾਸ ਬੁਲਾਏ॥ਸੌਦਾਗਰ ਪਹਿਰ ਦੀਏ ਪਠਾ/ਏ॥
ਮੋਲ ਚੁਕਾਇ ਘੋੜੇ ਸਭ ਲੀਜੈ॥ਵਾਇਦਾ ਕਰਿ ਤਾ ਕੋ ਲਿਖ ਦੀਜੈ॥੭॥
ਗੁਰ ਆਗਿਆ ਮਾਨ ਘੋੜੇ ਲੇ ਆਏ॥ਮੋਲ ਚੁਕਾਇ ਵਾਇਦਾ ਠਹਰਾਏ॥
ਪਾਇ ਗਹ ਮਾਹਿ ਸਗਲ ਸੌ ਪਾਇਆ॥ਪੈਸੇ ਦੇਨ ਕਾ ਦਿਨ ਜਬ ਆਇਆ॥੮॥
ਸੌਦਾਗਰ ਪੈਸਾ ਮਾਗਨ ਲਾਗੇ॥ਗੁਰਦਾਸ ਕਹੀ ਸਭ ਸਤਿਗੁਰ ਆਗੇ॥
ਕਹੀ ਦਿਆਲ ਗੁਰਦਾਸ ਬੁਝਾਇ[3]॥ਆਵੈ ਸੰਗਤ ਤਬ ਦੀਜੈ ਤਾਹਿ॥੯॥
ਏਤੇਂ ਦਿਨ ਕੋਊ ਸਿਖ ਨ ਆਇਆ॥ਪੈਸਾ ਕਿਸੂ ਨ ਆਨ ਚੜਾਇਆ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਕਰੀ (ੳ,ਅ,ੲ)
[3] ਬੁਲਾਇ (ਅ)

ਘਰ ਮੋ ਪੈਸਾ ਨਜਰ ਨ ਆਵੈ॥ਗੁਰਦਾਸ ਦੇਖ ਇਹ ਬਿਧ ਸੁਕਚਾਵੈ॥੧੦॥

॥ਦੋਹਰਾ॥

ਬਹੁ ਦਿਨ ਭਏ ਵਾਇਦਾ ਬੀਤਾ ਭਇਆ ਤਗਾਦਾ ਤਾਹਿ॥
ਯਾ ਹਮ ਕੋ ਪੈਸਾ ਮਿਲੇ ਨਹੀ ਘੋੜੇ ਦੇਹੁ ਫਿਰਾਇ॥੧੧॥

॥ਚੌਪਈ॥

ਤਬ ਗੁਰਦਾਸ ਸਤਿਗੁਰ ਪਹਿ ਆਏ॥ਇਹ ਬ੍ਰਿਤੰਤ ਸਭ ਆਖ ਸੁਨਾਏ॥
ਸੁਨ ਸਭ ਬਾਤ ਖਿਮਾ ਪ੍ਰਭ ਕੀਨ॥ਦੇਖ ਗੁਰਦਾਸ ਚਿਤ ਭਇਆ ਮਲੀਨ॥੧੨॥
ਤਬ ਦਿਆਲ ਗੁਰ ਚਲਤ ਦਿਖਾਇਆ॥ਠੀਕਰੀ ਗਣਿ ਥੈਲੀ ਬੰਧਾਇਆ॥
ਥੈਲੀ ਸਾਤ ਕਹਾਰਨ ਦੀਨਾ॥ਸੰਗ ਚਲੇ ਗੁਰਦਾਸ ਪ੍ਰਬੀਨਾ॥੧੩॥
ਮਾਰਗ ਮੋ ਮਨ ਸੰਕਾ ਪੜਾ॥ਜਾਨ ਥੀਕਰੀ ਮਨ ਮੋ ਡਰਾ॥
ਭਇਆ ਮਨ ਯਹ ਉਦਮ ਕੀਨਾ॥ਭਾਗ ਗਏ ਉਤਰ ਮਗ ਲੀਨਾ॥੧੪॥
ਦੂਰ ਦੇਸ ਪਰਗਟ ਜਾ ਭਏ॥ਭੇਖ ਤਪਸੀ ਕੋ ਧਰ ਲਏ॥
ਤਹਾ ਬਹੁਤ ਲੋਕ ਸਿਖ ਤਿਹ ਕੀਨੇ॥ਮਨ ਅੰਤਰਗਤਿ ਗੁਰ ਚਰਨ ਅਧੀਨੇ॥੧੫॥

॥ਦੋਹਰਾ॥

ਲੇ ਕਹਾਰ ਬੈਲੀ ਸਕਲ ਧਰੀ ਸੌਦਾਗਰ ਪਾਸ॥
ਗੁਰਦਾਸ ਤਹਾ ਪਹੁਚੇ ਨਹੀ ਤਿਨ ਗਣ ਲੀਨੀ ਇਕ ਰਾਸ॥੧੬॥

॥ਚੌਪਈ॥

283/ਅ ਸੌਦਾਗਰ ਪਰਖ/ਰੁਪਯਾ ਲੀਨਾ॥ਲਿਖੀ ਰਸੀਦ ਕਹਾਰਨ ਦੀਨਾ॥
ਆਇ ਕਹਾਰਨ ਪ੍ਰਭ ਸੌ ਕਹੀ॥ਗੁਰਦਾਸ ਨਹੀ ਅਉ[1] ਸਭ ਬਿਧ ਭਈ॥੧੭॥
ਜਿਨ ਚਲਤ ਰਚਾ ਤਿਨ ਸਭ ਬਿਧ ਜਾਨੀ॥ਭਾਗ ਉਤਰ ਦੇਸ ਗਏ ਸਿਖ ਗਿਆਨੀ॥
ਨਗਨ ਬਚਨ ਸਤਗੁਰ ਸੌ ਕਰਾ॥ਤਬ ਮਾਇਆ ਪ੍ਰੇਰ ਗੁਰਦਾਸ ਕੋ ਪਰਾ॥੧੮॥
ਸਤਗੁਰ ਸੌ ਭਾਗੇ[2] ਗੁਰਦਾਸ॥ਸਦਾ ਧਰੇ ਮਨ ਚਰਨਨ ਆਸ॥
ਮਨ ਮੋ ਧਰਾ ਬਿਚਾਰ ਗਿਆਨ॥ਮੈ ਨਗਨ ਬਚਨ ਕਰ ਭਇਆ ਹੈਰਾਨ॥੧੯॥
ਜਬ ਬਖਸੇ ਸਤਿਗੁਰ ਹੋਇ ਦਿਆਲ॥ਲੇਹੁ ਬੁਲਾਇ ਮੋ ਕੋ ਤਤਕਾਲ॥
ਸਦਾ ਗੁਰ ਚਰਨ ਨ ਧਰੇ ਧਿਆਨ॥ਸਭ ਘਟ ਪੂਰਨ ਗੁਰ ਭਗਵਾਨ॥੨੦॥

॥ਦੋਹਰਾ॥

ਗੁਰਦਾਸ ਗੁਰਮੁਖ ਗੁਰਸਿਖ ਬਡੇ ਕਛੁ ਉਪਜਿਓ ਮਨ ਅਭਿਮਾਨ॥
ਬੇਮਿਰਜਾਦਾ ਪਉੜੀ ਕਰੀ ਤਾ ਤੇ ਭਏ ਹੈਰਾਨ॥੨੧॥

॥ਸਾਖੀ ਪੂਰਨ ਹੋਈ॥੧੩੮॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਅਉਰ (ਅ)
[2] ਭਾਗੇ (ੳ,ਅ)

[ਸਾਖੀ ਸ੍ਰੀ ਮਾਤਾ ਜੀ ਦਾ ਸੰਤਾਨ ਵਰ ਪ੍ਰਾਪਤ ਕਰਨਾ][1]

॥ਦੋਹਰਾ॥

ਚਾਰ ਪਦਾਰਥ ਦੇਨਹਾਰ ਸਤਿਗੁਰ ਪੁਰਖ ਦਿਆਲ॥
ਜੋ ਭਗਤ ਭਾਇ ਸੇਵਨ ਕਰੇ ਪਾਵੈ ਫਲੁ ਤਤਕਾਲ॥੧॥

॥ਚੌਪਈ॥

ਸਤਿਗੁਰ ਘਰਨੀ ਸ੍ਰੀ ਜਗ ਮਾਤਾ॥ਬਹੁ ਆਸਵੰਤ ਮਨ ਭਗਤ ਗਿਆਤਾ॥
ਸੰਤਾਨ ਕਾ ਚਿਤਵਨ ਨਿਸ ਦਿਨ ਰਹੈ॥ਮਨ ਕੀ ਮਨ ਕਾਹੂ ਨਹੀ ਕਹੈ॥੨॥
284/ੳ ਏਕ ਦਿਵਸ ਮਨ ਉਪਜਿਓ ਗਿਆਨ॥ਕਰ/ਨ ਕਾਰਨ ਸੁਆਮੀ ਪਹਿਚਾਨ॥
ਮਨ ਕਰ ਪ੍ਰੀਤ ਜੋੜੇ ਦੁਇ ਹਾਥ॥ਹੋਇ ਭਗਤ ਭਾਇ ਚਰਨ ਧਰ ਮਾਥ॥੩॥
ਸੰਤਾਨ ਅਰਥ ਬੇਨਤੀ ਕਰੀ॥ਅਤਿ ਨਿੰਮਰ ਭੂਤ ਭਗਤ ਉਚਰੀ॥
ਬੱਸ ਭਗਤ ਪ੍ਰਭ ਦੀਨ ਦਿਆਲ॥ਹੋਇ ਕਿਰਪਾਵੰਤ ਬਰ ਦੀਆ ਬਿਸਾਲ॥੪॥
ਤੁਮ ਸੰਸਾ ਚਿਤਵਨ ਮਨ ਪਰਹਰੋ॥ਜੋ ਮੈ ਕਹੋ ਸੋਈ ਬਿਧ ਕਰੋ॥
ਕਰ ਮਿਸਟ ਪ੍ਰਸਾਦਿ ਸੰਗਿ ਲੇ ਜਾਵੋ॥ਜਹਾ ਹੋਇ ਬੁਢਾ ਤਹਾ ਸਿਧਾਵੋ॥੫॥

॥ਦੋਹਰਾ॥

ਗੁਰੂ ਬਾਬੇ ਜੀ ਕੇ ਸੰਗ ਰਹਾ ਗੁਰੂ ਅੰਗਤਿ ਸੇਵਾ ਕੀਨ॥
ਗੁਰੂ ਅਮਰ ਦਿਆਲ ਕੀ ਟਹਲ ਕਰਿ ਗੁਰ ਰਾਮਦਾਸ ਸੰਗਿ ਹੀਰ[2]॥੬॥

॥ਚੌਪਈ॥

ਅਬ ਹਮਰੇ ਘਰ ਸੇਵ ਨ ਕਰੇ॥ਕਛੁ ਔਰ ਅਰਥ ਨਹੀ ਮਨ ਮੋ ਧਰੇ॥
ਖੇਤੀ ਬੰਨੇ ਬੈਠਾ ਰਹੇ॥ਕਾਹੂ ਕੀ ਕਛੁ ਸੁਨੇ ਨ ਕਹੇ॥੭॥
ਹੋਇ ਭਗਤ ਭਾਇ ਬੁਢੇ ਪਹਿ ਜਾਵੋ॥ਕਰ ਆਦਰ ਪਰਸਾਦ ਖੁਲਾਵੋ॥
ਹੋਇ ਪ੍ਰਸੰਨ ਬਚਨ ਜੋ ਕਰੇ॥ਸੋ ਤਾਤਕਾਲ ਹੋਇ ਢੀਲ ਨ ਪਰੇ॥੮॥
ਲੇ ਪ੍ਰਸਾਦਿ ਮਾਤਾ ਤਹਾ ਆਈ॥ਕਰ ਆਦਰ ਬੁਢੇ ਭਗਤ ਜਨਾਈ॥
ਪਰੋਸ ਪ੍ਰਸਾਦਿ ਮਾਤਾ ਜੀ ਧਰਾ॥ਅਰੁ ਬੁਢੇ ਕੀ ਉਸਤਤ ਮੁਖ ਕਰਾ॥੯॥
ਪਾਇ ਪ੍ਰਸਾਦਿ ਸਿਖ ਭਇਆ ਪ੍ਰਸੰਨ॥ਕਹਾ ਧੰਨੁ ਧੰਨੁ ਜਗ ਮਾਤਾ ਧੰਨੁ॥
ਕਰੀ ਚੁਲੀ ਮੁਖ ਹਾਥ ਪੁਛਾਇਆ॥ਗੁਰ ਬਾਨੀ ਪੜ ਮੁਖ ਬਚਨ ਸੁਨਾਇਆ॥

॥ਪੌੜੀ ਸੁਖਮਨੀ ਜੀ ਕੀ॥[3]

ਰਾਜ ਮੈ ਰਾਜਾ ਜੋਗ ਮੈ ਜੋਗੀ॥ਤਪ ਮੋ ਤਪੀਸਰ ਗ੍ਰਹਸਤ ਮੋ ਭੋਗੀ॥
284/ਅ ਧਿਆਇ ਧਿਆਇ ਭਗਤਾ ਸੁਖ ਪਾਇਆ॥ਨਾਨਕ ਤਿਸ ਪੁਰਖ ਕਾ ਕਿ/ਨੈ ਅੰਤ ਨ ਪਾਇਆ॥

॥ਦੋਹਰਾ॥

ਜਬ ਇਹ ਪਉੜੀ ਬੁਢੇ ਪੜੀ ਸੁਨ ਮਾਤਾ ਭਈ ਪ੍ਰਸੰਨ॥
ਜਿਮ ਜੋਗੀ ਤੁਰੀਆ ਪਦ ਲਹੇ ਅਤ ਭੂਖੇ ਮੁਖ ਅੰਨਿ॥੧੦॥

॥ਚੌਪਈ॥

ਪੁਨ ਬੁਢੇ ਮੁਖ ਉਸਤਤਿ ਕਰਾ॥ਹਾਥ ਜੋੜ ਚਰਨਨ ਪਰ ਪੜਾ॥
ਅਬ ਮੀਰ ਪੀਰ ਗੁਰ ਧਰੇ ਅਵਤਾਰ॥ਕਰ ਦਰਸਨ ਸੰਗਤ ਹੋਇ ਉਧਾਰ॥੧੨॥
ਲੇ ਸਭ ਬਚਨ ਮਾਤਾ ਜੀ ਆਏ॥ਮੰਗਲਚਾਰ ਅਨੰਦ ਗਰਹ ਗਾਏ॥
ਸਾਹਬ ਸੌ ਸਭ ਕਹਾ ਬ੍ਰਿਤੰਤ॥ਹਸ ਕਹਾ ਦਿਆਲ ਬੁਢਾ ਬਡ ਸੰਤ॥੧੩॥
ਗੁਰ ਲੀਲਾ ਚਲਤ ਕੋਊ ਲਖੈ ਨ ਪਾਵੈ॥ਕਾਰਨ ਕਰਨ ਸਭ ਕਰੈ ਕਰਾਵੈ॥
ਮਾਇਆ ਪਦ ਮੋ ਖੇਲੈ ਖੇਲ॥ਸੋਈ ਮਿਲੈ ਜਾ ਕੋ ਲਏ ਮੇਲ॥੧੪॥
ਸਿਖ ਸਤਗੁਰ ਦੇ ਵਡਿਆਈ॥ਸੇਵਕ ਮਹਿਮਾ ਸੁਆਮੀ ਭਾਏ॥
ਸੋ ਸੇਵਕ ਜੋ ਸਤਿਗੁਰ ਭਾਇ॥ਜਿਉ ਜਲ ਤਰੰਗ ਢੁਲ ਜਲੁ ਹੋਇ ਜਾਇ॥੧੫॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਦੀਨ (ੳ,ਅ,ੲ,ਸ)
[3] ਇੱਥੇ ਸਿਰਲੇਖ '॥ਬਾਬਾ ਜੀ ਨੇ ਅਰਦਾਸ ਵਿਚ ਇਹ ਪਉੜੀ ਪੜੀ॥' ਹੈ (ਸ)

॥ਦੋਹਰਾ॥

ਸਭ ਬਿਧ ਪੂਰਨ ਦਿਆਲ ਪ੍ਰਭ ਕਾਰਨ ਕਰਨੇ ਜੋਗੁ॥
ਜੋ ਕਾਰਜ ਕੀਆ ਚਹੇ ਆਪ ਸੋਈ ਧਰੇ ਸੰਜੋਗ॥੧੯॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਸ੍ਰੀ ਸਤਿਗੁਰ ਹਰਿਗੋਬਿੰਦ ਜੀ ਦਾ ਜਨਮ][1]

॥ਦੋਹਰਾ॥

ਗੋਬਿੰਦਵਾਲ ਗੋਬਿੰਦਪੁਰੀ ਜਿਹ ਸਤਗੁਰ ਕੀਆ ਨਿਵਾਸ॥
ਬਡਾ ਭਗਤ ਰੂਪ ਹਰਿ ਅਉਤਰਿਓ ਕੀਨਾ ਜਗਤ ਪ੍ਰਕਾਸ॥੧॥

॥ਚੌਪਈ॥

285/ੳ ਅੰਮ੍ਰਿਤ ਸਮੇ ਪਾਵਨ ਥਿਤ ਵਾਰ॥ਹੋਇ ਭਗਤ[2] ਰੂਪ ਉਤਰੇ ਸੁਖ ਸਾ/ਰ॥
ਗੁਰ ਅਰਜਨ ਦੇਵ ਗ੍ਰਿਹ ਕੀਨ ਪ੍ਰਕਾਸ[3]॥ਆਨੰਦ ਰੂਪ ਪੂਰਨ ਤਤ ਗਿਆਨ[4]॥
ਸਤਗੁਰ ਚਰਿਤ੍ਰ ਲੀਲਾ ਕੋ ਜਾਨੇ॥ਜਿਸ ਹੋਇ ਦਿਆਲ ਸੋ ਮਿਤ ਪਹਿਚਾਨੇ॥੩॥
ਮਹਾ ਅਨੰਦ ਮੰਗਲ ਉਤਸਾਹ॥ਗੁਰਸਿਖ ਮਨ ਭਇਆ ਉਮਾਹ॥
ਦੇਖ ਮੁਖ ਮਾਤਾ ਅਤ ਬਿਗਸਾਨੀ॥ਜਿਉ ਲਿਵ ਲਗੀ ਪਾਵੈ ਸੁਖ ਧਿਆਨੀ॥੪॥
ਬਾਲ ਮੁਕੰਦ ਰੂਪ ਹਰਿ ਧਾਰਾ॥ਸੁਤਹ ਸਿਧ ਗਿਆਨ ਸੁਖ ਸਾਰਾ॥
ਭਇਆ ਮੰਗਲਚਾਰ ਅਤਿ ਪਰਮ ਬਿਲਾਸ॥ਧਰਮ ਹੇਤ ਕੀਨਾ ਪਰਗਾਸ॥੫॥

॥ਦੋਹਰਾ॥

ਸ੍ਰੀ ਸਤਿਗੁਰ ਅਰਜਨ ਦੇਵ ਜੀ ਸੁਨਾ ਮੰਗਲਾਚਾਰ॥
ਭਗਤ ਅਉਤਾਰ ਗ੍ਰਿਹ ਮੋ ਭਏ ਕਰੀ ਬਾਨੀ ਭੇਟ ਉਚਾਰ॥੬॥

॥ਚੌਪਈ॥[5]

॥ਮਹਿਮਾ ਸਬਦ ਸ੍ਰੀ ਮੁਖਵਾਕ॥[6]

ਸਤਿਗੁਰ ਸਾਚੇ ਦੀਆ ਭੇਜ॥ਚਿਰ ਜੀਵਨ ਉਪਜਿਓ ਸੰਜੋਗ॥
ਉਦਰੇ ਮਾਹਿ ਆਇ ਕੀਆ ਨਿਵਾਸ॥ਮਾਤਾ ਕੇ ਮਨ ਬਹੁਤੁ ਬਿਗਾਸੁ॥੧॥
ਜੰਮਿਆ ਪੂਤ ਭਗਤ ਗੋਬਿੰਦ ਕਾ॥ਪ੍ਰਗਟਿਆ ਸਭ ਮੋ ਲਿਖਿਆ ਧੁਰ ਕਾ॥੧॥ਰਹਾਉ॥
ਦਸੀ ਮਾਸੀ ਹੁਕਮ ਬਾਲਕ ਜਨਮੁ ਲੀਆ॥ਮਿਟਿਆ ਸੋਕ ਮਹਾ ਅਨਦ ਥੀਆ॥
ਗੁਰ ਬਾਨੀ ਸਾਖੀ ਆਨੰਦ ਗਾਵੈ॥ਸਾਚੇ ਸਾਹਿਬ ਕੇ ਮਨ ਭਾਵੈ॥੨॥
ਵਧੀ ਵੇਲ ਬਹੁ ਪੀੜੀ ਚਾਲੀ॥ਧਰਮ ਕਲਾ ਹਰਿ ਬੰਧ ਬਹਾਲੀ॥
ਮਨ ਚਿੰਦਆ ਸਤਿਗੁਰੂ ਦਿਵਾਇਆ॥ਭਏ ਅਚਿੰਤ ਏਕ ਲਿਵ ਲਾਇਆ॥੩॥
ਜਿਉ ਬਾਲਕ ਪਿਤਾ ਪਰ ਕਰੇ ਬਹੁ ਮਾਨੁ॥ਬੁਲਾਇਆ ਬੋਲੇ ਗੁਰ ਕੇ ਭਾਨ॥
ਗੁਝੀ ਛੰਨੀ ਨਾਹੀ ਬਾਤ॥ਗੁਰ ਨਾਨਕ ਤੁਠਾ ਕੀਨੀ ਦਾਤ॥੪॥

॥ਚੌਪਈ॥

285/ਅ /ਜਿਉ ਜਿਉ ਬ੍ਰਿਧ ਅਵਸਥਾ ਧਾਰੇ[7]॥ਤਿਉ ਤਿਉ ਪ੍ਰਗਟਿ ਚਲਿਤ੍ਰ ਸੁਭ ਕਰੇ॥
ਮਾਤਾ ਜੀ ਲੇ ਗੋਦ ਖਿਲਾਵੈ॥ਜਿਉ ਰਾਮ ਕੌਸਲਿਆ ਲਾਡ ਲਡਾਵੈ॥੭॥
ਜਬ ਸਾਤ ਬਰਸ ਕੇ ਭਏ ਦਿਆਲ॥ਮਿਲ ਬਾਲਕ ਖੇਲ ਕਰੇ ਸੁਖ ਸਾਲ॥
ਗ੍ਰਹ ਆਙਨ ਨਿਸ ਦਿਨ ਹੋਇ ਅਨੰਦ॥ਜਿਉ ਜਸਧਾ ਆਙਨ ਬਾਲ ਮੁਕੰਦ॥੮॥
ਜਬ ਦੁਆਦਸ ਬਰਖ ਰੂਪ ਪ੍ਰਭ ਧਾਰਾ[8]॥ਬਾਹਨਿ ਬਿਦਿਆ ਦ੍ਰਿੜ ਸਭ ਕਰਾ॥
ਚੜਿ ਬਾਹਨ ਸਸਤ੍ਰ ਬਿਦਿਆ ਕੋ ਧਾਰੇ॥ਸਭ ਅਸਤ੍ਰ ਸਸਤ੍ਰ ਲੇ ਖੜਗ ਨਿਵਾਰੇ॥੯॥
ਸੁਤਹ ਸਿਧ ਸਭ ਗੁਨ ਕੀ ਖਾਨ॥ਬੀਰ ਰੂਪ ਕੇਵਲ ਤਤ ਗਿਆਨ॥
ਧਰਮ ਪ੍ਰਕਾਸ ਦੁਸਟ ਬਿਦਾਰਨ॥ਕਲਜੁਗ ਪ੍ਰਗਟਿ ਭਗਤ ਕੇ ਕਾਰਨ॥੧੦॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਭਗੜ (ਸ)
[3] ਪ੍ਰਗਾਸ (ਅ)
[4] ਪੂਰਨ ਜਗਿਆਸ (ੳ)
[5] ਇੱਥੇ ਸਿਰਲੇਖ '॥ਚੌਪਈ॥' ਨਹੀਂ ਹੈ (ੳ,ੲ)
[6] ਇੱਥੇ ਸਿਰਲੇਖ '॥ਮਹਿਮਾ ਸਬਦ ਸ੍ਰੀ ਮੁਖਵਾਕ॥ਆਸਾ ਮਹਲਾ ੫॥' ਹੈ (ਸ)
[7] ਧਰੇ (ੳ,ਅ)
[8] ਧਰਾ (ੳ,ਅ)

॥ ਦੋਹਰਾ ॥

ਕਿਆ ਮਹਿਮਾ ਮੁਖ ਸੌ ਕਹੌ ਗੋਚਰ[1] ਨਾਹਿ ॥
ਸਭ ਗੁਨ ਪ੍ਰਕਾਸ ਤਾ ਤੇ ਭਏ ਪੁਨ ਤਾਹੀ ਮਾਹਿ ਸਮਾਹਿ ॥ ੧੧ ॥

॥ ਚੌਪਈ ॥

ਜਾਨ ਬਾਹੁ ਤਨ ਦੇਵ ਦਿਆਲੰ ॥ ਮਹਾਬਲੀ ਤਪ ਤੇਜ ਕ੍ਰਿਪਾਲੰ ॥
ਗੰਭੀਰ ਧੀਰ ਮਤ ਸਾਗਰ ਗਿਆਨ ॥ ਅਤੁਲ ਪ੍ਰਤਾਪ ਸੰਤ ਭਗਵਾਨ ॥ ੧੨ ॥
ਅਖੇੜ ਬਿਰਤ ਬਨ ਕਰੇ ਬਿਹਾਰ ॥ ਪਸੁ ਘਾਤਕ ਬਾਘ ਕੋ ਕਰੇ ਸਿਕਾਰ ॥
ਗੁਰਸਿਖਨ ਗੁਰ ਦਰਸਨ ਹੋਇ ॥ ਸਤ੍ਰਨ ਦੇਖ ਜੀਵ ਭੈ ਸੋਇ ॥ ੧੩ ॥
ਡਲਾ ਸਹਰ ਰਤਨੋ ਕੀ ਖਾਨ ॥ ਤਹਾ ਭਏ ਸਿਖ ਗੁਰਮੁਖ ਪਰਮਾਨ ॥
ਸ੍ਰੀ ਹਰਿਗੋਬਿੰਦ ਜੀ ਕਾ ਭਇਆ ਬਿਆਹ ॥ ਪਾਰੋ ਪਰਮਹੰਸ ਕੁਲ ਮਾਹ ॥ ੧੪ ॥
ਪਾਰੋ ਭ੍ਰਾਤ ਗ੍ਰਿਹ ਧਰ ਅਵਤਾਰ ॥ ਉਤਰੀ ਭਗਤਿ ਸਕਤ ਤਨ ਧਾਰ ॥
ਮਾਤਾ ਨਾਨਕੀ ਨਾਮੁ ਕਹੇ ਤਾਹੀ ॥ ਸ੍ਰੀ ਸਾਹਿਬ ਹਰਿਗੋਬਿੰਦ ਬਿਆਹੀ ॥ ੧੫ ॥
286/ੳ ਪਰਮ ਉਦਾਰ ਗੁਨਨ ਕੀ ਖਾਨ ॥ ਕੁਲਵੰਤੀ ਸੋਭਾ ਜਸ/ਪਰਮਾਨ ॥
ਸੁਭ ਕਾਰਜ ਕਰੇ ਕੀਰਤ ਜਗ ਹੋਇ ॥ ਭਗਤੀ ਅਵਤਾਰ ਸਕਤ ਗੁਰ ਸੋਇ ॥ ੧੬ ॥

॥ ਦੋਹਰਾ ॥

ਪ੍ਰਭ ਰਾਜ ਰੀਤ ਲੀਲਾ ਕਰੇ ਮਹਿਮਾ ਲਖੀ ਨ ਜਾਇ ॥
ਆਨੰਤ ਸਕਤ ਕੋ ਕਿਮ ਲਖੇ ਹੋਇ ਕਿਰਪਾਲ ਲਖਾਇ ॥ ੧੭ ॥

॥ ਚੌਪਈ ॥

ਏਕ ਦਿਵਸ ਪ੍ਰਭ ਗਏ ਸਿਕਾਰ ॥ ਹਤ ਬਾਘ ਰੀਛ ਬਨ ਕਰੀ ਬਿਹਾਰ ॥
ਬਹੁ ਸੈਨ ਸਮਾਜ ਸੰਗਿ ਲੇ ਗਏ ॥ ਪੁਨ ਡੰਕਾ ਹੋਤੇ ਆਵਤ ਭਏ ॥ ੧੮ ॥
ਦੇਖਿ ਸਤਿਗੁਰ ਮੁਨ[2] ਕੀਆ ਬਿਚਾਰ ॥ ਇਹ ਮਹਾਬਲੀ ਉਤਰੇ ਅਵਤਾਰ[3] ॥
ਨਿਜ ਇਛਾ ਰਾਜ ਬੇਖ ਤਨ ਧਾਰਾ[4] ॥ ਸਭ ਕਾਰਜ ਚਾਹੈ ਯਹ ਕਰਾ ॥ ੧੯ ॥
ਅਬ ਦਿਲੀ ਪਤ ਸੌ ਨਾਹੀ ਬਨੇ ॥ ਕਰੇ ਜੁਧ ਉਨ ਸੋ ਇਹ ਘਨੇ ॥
ਹਤੇ ਤੇਜ ਮਰਦੇ ਤਿਨ ਮਾਨੁ ॥ ਗੰਭੀਰ ਧੀਰ ਪੂਰਨ ਮਤ ਗਿਆਨ ॥ ੨੦ ॥
ਪ੍ਰਭ ਇਹ ਬਿਚਾਰ ਕਰਤੇ ਥੇ ਖੜੇ ॥ ਸ੍ਰੀ ਹਰਿਗੋਬਿੰਦ ਆਇ ਚਰਨੀ ਪੜੇ ॥
ਦੇਖ ਰੂਪ ਸਤਿਗੁਰ ਮਗਨਾਨੇ ॥ ਦੇ ਅੰਕਮਾਲ ਸੁਭ ਬਚਨ ਬਖਾਨੇ ॥ ੨੧ ॥

॥ ਦੋਹਰਾ ॥

ਸ੍ਰੀ ਹਰਿਗੋਬਿੰਦ ਜੀ ਸਭ ਲਖੀ ਅਬ ਸਤਿਗੁਰ ਭਏ ਦਿਆਲ ॥
ਹੋਇ ਨਿੰਮ੍ਰ ਭੂਤ ਬਿਨਤੀ ਕਰੀ ਇਹ ਪੂਛੀ ਤਿਹ ਕਾਲ ॥ ੨੨ ॥

॥ ਚੌਪਈ ॥

ਜਹਾਗੀਰ ਦਿਲੀ ਪਤਿਸਾਹੁ ॥ ਧਨ ਲਸਕਰ ਤਾ ਕੇ ਬਡੇ ਅਥਾਹ ॥
ਗੁਰ ਘਰ ਮਹਿਮਾ ਦੇਖ ਰਿਸਾਹੀ ॥ ਨਿਰਖ ਬਿਭੂਤ ਮਨ ਮਾਹਿ ਖਿਸਾਹੀ ॥ ੨੩ ॥
ਹਮ ਸੋ ਉਨ ਕੀ ਕਬੂ ਨ ਬਨੈ ॥ ਜੈਨ ਕੈਨ ਬੀਤੇ ਦਿਨੇ ਘਨੇ ॥
ਵੈ ਦੁਬਧਾਵੰਤ ਰਹੇ ਮਨ ਮਾਹੀ ॥ ਹਮ ਉਨ ਸੋ ਕਛੁ ਕਾਰਜ ਨਾਹੀ ॥ ੨੪ ॥
ਉਨ ਕੋ ਲਸਕਰ ਧਨ ਅਭਿਮਾਨ ॥ ਹਮਰੇ ਸਤਿਗੁਰ ਕੋ ਬਲ ਤਾਨ ॥
286/ਅ ਹਮ/ਉਨ ਸੋ ਕਿਤ ਬਿਧ ਬਰ ਆਵੈ ॥ ਜਿਉ ਬਚਨ ਹੋਇ ਤਿਨ ਕਾਰ ਕਮਾਵੈ ॥
ਇਹ ਬਿਧ ਸੁਨ ਸਤਗੁਰ ਮੁਸਕਾਏ ॥ ਹੋਇ ਦਇਆਵੰਤ ਲੇ ਅੰਕ ਲਗਾਏ ॥
ਅਭੈ ਪਦ ਦਾਤੇ ਤੁਮ ਜਗ ਮਾਹਿ ॥ ਤੁਮ ਕੋ ਭੈ ਕਾਹੂ ਕੋ ਨਾਹਿ ॥ ੨੬ ॥

॥ ਦੋਹਰਾ ॥

ਜੋ ਸਨਮੁਖ ਤੁਮ ਆਇ ਹੈ ਧਰ ਵਿਰੋਧ ਮਨ ਮਾਹਿ ॥
ਹਾਨ ਹੋਇ ਤਾ ਕੀ ਤਾਹੀ ਤੁਮ ਕੌ ਭੈ ਕਛੁ ਨ ਛੁਹਿ[5] ॥ ੨੭ ॥

---

[1] ਬਾਨੀ ਗੋਚਰ (ੳ,ਅ,ੲ,ਸ)
[2] ਮਨ (ੳ,ਅ,ੲ,ਸ)
[3] ਅਵਾਰ (ਅ)
[4] ਧਰਾ (ੳ,ਅ,ੲ,ਸ)
[5] ਇੱਥੇ ਸ਼ਬਦ 'ਨ ਛੁਹਿ' ਦੀ ਜਗ੍ਹਾ ਤੇ 'ਨਾਹਿ' ਹੈ (ੳ,ਅ,ੲ)

॥ ਚੌਪਈ ॥

ਜੋ ਤੁਮ ਊਪਰ ਸਸਤ੍ਰ ਚਲਾਈ ॥ ਸੁਨ ਮਨ ਮਾਹਿ ਟੂਟਿ ਸਭ ਜਾਹੀ ॥
ਤੁਮ ਪਰ ਕਾਹੂ ਕੀ ਜਯ ਨਾਹੀ ॥ ਨਿਰਭੌ ਸਦਾ ਰਹੋ ਮਨ ਮਾਹੀ ॥ ੨੮ ॥
ਕਾਰਜ ਧਰਮ ਸਗਲ ਤੁਮ ਕਰਨਾ ॥ ਤੁਮ ਤੇ ਹੋਇ ਸਗਲ ਆਚਰਨਾ ॥
ਤੁਮਰੋ ਸਤ੍ਰ ਕੋਊ ਜਗ ਨਾਹਿ ॥ ਜੈਸਾ ਕਰੈ ਸੁ ਤੈਸਾ ਪਾਹਿ ॥
ਸੁਨ ਬਰ ਬਚਨ ਗੁਰ ਚਰਨਨ ਪਰੇ ॥ ਗੁਰ ਦੀਨ ਦਿਆਲ ਕਿਰਪਾ ਬਹੁ ਕਰੇ ॥
ਸਤਿਗੁਰ ਕਿਰਤਮ ਲਖਾ ਨ ਜਾਇ ॥ ਬੇਦ ਕਤੇਬ ਭੇਦ ਨਹੀ ਪਾਇ ॥ ੩੦ ॥

॥ ਦੋਹਰਾ ॥

ਗੁਰ ਹਰਿਗੋਬਿੰਦ ਕੇ ਜਨਮ ਕੀ ਸਾਖੀ ਸੁਨੋ ਗੁਰ ਮੀਤ ॥
ਚਾਰ ਪਦਾਰਥ ਤਿਸ ਮਿਲੈ ਜਿਸੁ ਮਨ ਗੁਰ ਸੌ ਪ੍ਰੀਤ ॥ ੩੧ ॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[ਸਾਖੀ ਸਤਿਗੁਰ ਜੀ ਦੀ ਨਿਤ ਕਰਮ ਰਹਨੀ][1]

॥ਦੋਹਰਾ॥

ਜੋ ਨਿਤ ਕਰਮ ਸਤਗੁਰ ਕੇ ਨਿਰਮਲ ਜੁਗਤ ਅਨੂਪ॥
ਸੁਨਤ ਸਿਖ ਮਨ ਮੋ ਦਿੜੇ ਘਟ ਪਾਵੈ ਆਤਮ ਰੂਪ॥੧॥

॥ਚੌਪਈ॥

287/ੳ ਪਹਰਿ ਰਾਤ/ਪਿਛਲੀ ਜਬ ਰਹੇ॥ਗੁਰ ਤਜੇ ਸੈਨ ਜਾਗਰਤ ਗੁਨ ਗਹੇ॥
ਕਰ ਸੋਚਾਚਾਰ ਹੋਇ ਸਨਾਨ॥ਦ੍ਰਿੜ ਮਨ ਆਸਨ ਨਿਜ ਪਦ ਧਿਆਨ॥੨॥
ਸਹਜਿ ਸਮਾਧ ਜਪ ਅਜਪਾ ਜਾਪ॥ਜਹ ਨਹੀ ਲੇਸ ਪੁੰਨ ਅਰੁ ਪਾਪ॥
ਪ੍ਰਾਤ ਕਾਲ ਸਮਾਜ ਬਹੋਇ॥ਬਜੇ ਰਬਾਬ ਧੁਨਿ ਅਨਹਦ ਸੋਇ॥੩॥
ਹੋਇ ਭਜਨ ਨਾਦ ਅੰਮ੍ਰਿਤ ਧੁਨ ਬਰਖੇ॥[2]
ਪੁਨ ਕੁੰਕਮ ਤਿਲਕ ਗੁਰਮੁਖੀ ਧਾਰੇ॥ਗੁਰ ਦਰਸਨ ਦੇ ਭਵ ਨਿਧ ਤਾਰੇ॥੪॥
ਪੁਨ ਸੁਏਤ ਬਸਤਰ ਪਹਿਰੇ ਤਨ ਦਿਆਲ॥ਦੇ ਦਰਸਨ ਸੰਗਤ ਕਰੇ ਨਿਹਾਲ॥
ਪੁਨਿ ਬਹੇ ਸਿੰਘਾਸਨ ਲਗੇ ਦਿਵਾਨ॥ਜਿਮ ਉਦੇ ਹੋਇ ਗਿਆਨ ਕੋ ਭਾਨ॥੫॥

॥ਸੋਰਠਾ॥

ਸਤਿਗੁਰ ਗਿਆਨ ਕੋ ਭਾਨੀ ਬਾਨੀ ਕਿਰਨ ਪ੍ਰਾਸ ਜਗ॥
ਮੇਟਿ ਤਿਮਰ ਅਗਿਆਨ ਉਜਿਆਰੋ ਮਨ ਮੋ ਕਰੇ॥੬॥

॥ਚੌਪਈ॥[3]

ਪੁਨ ਸੰਗਤ ਹੋਇ ਸਤ ਉਪਦੇਸ॥ਮਿਟੇ ਕਪਟ ਹੋਇ ਭਗਤਿ ਪ੍ਰਵੇਸ॥
ਜੋ ਪ੍ਰੇਮ ਧਾਰ ਗੁਰ ਦਰਸਨ ਆਵੈ॥ਦੁਹੂੰ ਲੋਕ ਸਫਲ ਫਲ ਪਾਵੈ॥੭॥
ਪੁਨਿ ਹੋਇ ਪ੍ਰਸਾਦਿ ਲੰਗਰ ਪ੍ਰਭ ਜਾਵੈ॥ਅੰਮ੍ਰਿਤ ਭੋਗ ਸੰਗਤ ਭੋਗਾਵੇ॥
ਤਬ ਪਾਇ ਪ੍ਰਸਾਦਿ ਸੈਨ ਗੁਰ ਕਰੇ॥ਜਬ ਜਾਗੇ ਪੰਡਿਤ ਕਥਾ ਉਚਰੇ॥੮॥
ਭਗਤਿ ਗਿਆਨ ਕੀ ਬਰਖਾ ਹੋਇ॥ਅਭਗਤ ਅਗਿਆਨੀ ਤਹਾ ਨ ਕੋਇ॥
ਪੁਨਿ ਕੀਰਤਨਿ ਹੋਇ ਅਖੰਡ ਸੁਖਸਾਰ॥ਸੁਨ ਸਤਸੰਗੀ ਭਵ ਉਤਰੇ ਪਾਰ॥੯॥
ਪਹਰਿ ਰਾਤ ਇਹ ਜੁਗਤਿ ਬਿਤੀਤੇ॥ਪੁਨ ਸੈਨ ਕਰੇ ਗੁਰ ਪਰਮ ਪਰੀਤੇ॥
ਨਿਰਬਿਕਲਪ ਗੁਰ ਸੈਨ ਕਹਾਹੀ॥ਜਹਾ ਜਾਗਤ ਸੁਪਨ ਸਖੋਪਤ ਨਾਹੀ॥੧੦॥

॥ਦੋਹਰਾ॥

287/ਅ ਜਬ ਤੀਨ ਅਵਸਥਾ ਏਕ ਸਮ ਤਬ ਤੁਰੀਆ/ਕਹੀਐ ਸੋਇ॥
ਤੁਰੀ ਅਤੀਤ ਸਤਗੁਰੂ ਸਦਾ ਕਿਆ ਰਹਿਨੀ ਬਰਨੇ ਕੋਇ॥੧੧॥

॥ਸਾਖੀ ਨਿਤ ਕਰਮ ਨਿਰੂਪਣ ਪੂਰਨ ਭਈ॥੧੪੧॥[4]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਹੋਇ ਭਜਨ ਨਾਦ ਅੰਮ੍ਰਿਤ ਧੁਨ ਬਰਖ॥ਮਹਾ ਅਨੰਦ ਸਤਿਗੁਰ ਸੁਨ ਹਰਖੇ॥ (ੳ,ਅ,ੲ)
[3] ਇੱਥੇ ਸਿਰਲੇਖ '॥ਚੌਪਈ॥' ਨਹੀਂ ਹੈ (ਅ)
[4] ਇੱਥੇ ਸਿਰਲੇਖ '॥ਸਾਖੀ ਪੂਰਨ ਹੋਈ॥੧੪੧॥' ਹੈ (ੳ,ਅ)

[ਸਾਖੀ ਸਮਕਾਲੀ ਕਰਮਕਾਂਡੀਆਂ ਦੀ ਗੁਰੂ ਜੀ ਨਾਲ ਗੋਸਟਿ][1]

ਦੋਹਰਾ॥

ਇਕ ਭਗਤ ਕਾਰਮਕ ਬੈਸਨੋ ਮਨ ਬੇਦ ਤੀਰਥ ਬਿਸ੍ਵਾਸ॥
ਕਰ ਭਗਤ ਨਾਰਦੀ ਹਰਿ ਜਜੇ ਆਇਆ ਸਤਿਗੁਰ ਪਾਸ॥੧॥

॥ਚੌਪਈ॥

ਵੇ ਬਡਾ ਕਾਰਮਕ ਪੂਜਾਚਾਰੀ॥ਬਹੁ ਤੀਰਥ ਕੀਏ ਬਿਦਿਆ ਬੀਚਾਰੀ॥
ਕਰ ਪ੍ਰੇਮ ਭਗਤ ਨਾਰਦੀ ਕਰੇ॥ਬਾਹਰ ਬਿਰਤ ਜੁਗਤਿ ਸਭ ਧਰੇ॥੨॥
ਸਤਿਗੁਰ ਦਰਸਨ ਕਰ ਲਾਹਾ ਲੀਨਾ॥ਪਾਛੇ ਪ੍ਰਸਨ ਕੀ ਅਉਰ ਪਰਬੀਨਾ॥[2]
ਜਗਤ ਬਡਾ ਤੁਮਰਾ ਬਿਸਥਾਰ॥ਕਿਤ ਬਿਧ ਸਭ ਉਤਰੇ ਭਵ ਪਾਰ॥੩॥
ਤਬ ਸਤਿਗੁਰ ਤਾ ਕੋ ਦੀਆ ਬਿਚਾਰਾ॥ਮਮ ਏਕ ਸਿਖ ਸਭ ਕਰੇ ਉਧਾਰਾ॥
ਸੁਨਿ ਤਾ ਕੋ ਨਿਸਚਾ ਨਹੀ ਆਈ॥ਪ੍ਰਭ ਪਾਚ ਸਿਖ ਤਬ ਕਹੇ ਸੁਨਾਈ॥੪॥
ਤਿਨ ਸੁਨ ਗੁਰ ਬਚਨ ਪ੍ਰਤੀਤ ਨ ਕੀਨਾ॥ਤਬ ਭੁਜ ਉਠਾਇ ਕਹੀ ਗੁਰ ਪ੍ਰਬੀਨਾ॥
ਮੈ ਸਬਹਨ ਕੋ ਕਰੋ ਉਧਾਰਾ॥ਜਿਨ ਮਮ ਬਚਨ ਹਿਰਦੇ ਮੋ ਧਾਰਾ॥੫॥

॥ਦੋਹਰਾ॥

ਗੁਰ ਬਚਨ ਪ੍ਰਤਾਪ ਮਨ ਬੂਝ ਕਰ ਤਬ ਨਿਸਚੇ ਮਨ ਕੀਨ॥
ਸਰਬ ਸਿਧ ਲਖ ਸਤਗੁਰੂ ਕਾਰਮਕ ਭਏ ਅਧੀਨ॥੬॥

॥ਚੌਪਈ॥

288/ੳ ਤਬ ਪੂ/ਜਾ ਸਮਾ ਅਚਾਰੀ ਆਇਆ॥ਤਿਨ ਚੌਕਾ ਕਰ ਆਸਨ ਬੈਛਾਇਆ॥
ਤਹਾ ਸਾਲਗ੍ਰਾਮ ਸਿੰਘਾਸਨ ਧਰਾ॥ਬੇਦ ਬਿਧੰਤ ਪੂਜਨ ਤਿਸ ਕਰਾ॥੭॥
ਪਗ ਘੁੰਘਰੂ ਪਹਰ ਨਿਰਤ ਤਿਨ ਕੀਨਾ॥ਬਾਜਨ ਬਜਾਇ ਕੀਆ ਭਜਨ ਪ੍ਰਬੀਨਾ॥
ਪਰਵਿਰਤ ਪੂਜਾ ਬਿਧ ਕਰੀ ਪ੍ਰਮਾਨੇ॥ਅੰਤਰਿਗਤਿ ਪੂਜਾ ਨਹੀ ਜਾਨੇ॥੮॥
ਬਿਨ ਗੁਰ ਗਿਆਨ ਅੰਤਰਿ ਕਿਮ ਜਾਗੇ॥ਪੂਰਾ ਗੁਰੂ ਮਿਲੇ ਬਡਭਾਗੇ॥
ਗੁਰ ਦੀਨ ਦਿਆਲ ਦੇਖੀ ਬਿਧ ਛੂਛੀ॥ਕਰ ਕਿਰਪਾ ਅਚਾਰੀ ਸੌ ਪੂਛੀ॥੯॥
ਤੁਮ ਜਾਤ੍ਰਾ ਸਭ ਤੀਰਥ ਕੀ ਕਰਾ॥ਬੇਦ ਪਾਠ ਬਿਧਵਤ ਸਭ ਪੜਾ॥
ਘੁੰਘਰੂ ਬਾਂਧ ਨਿਰਤ ਬਹੁ ਕੀਨਾ॥ਕਿਆ ਪਾਇਆ ਸਤ ਕਹੋ ਪ੍ਰਬੀਨਾ॥੧੦॥

॥ਦੋਹਰਾ॥

ਭਗਤ ਨਾਰਦੀ ਤੁਮ ਕਰੋ ਤੀਰਥ ਬਰਤ ਸਭ ਕੀਨ॥
ਅੰਤਰਿਗਤਿ ਜਾਗਿਓ ਨਹੀ ਬਿਨੁ ਗੁਰ ਸਭ ਬਿਧ ਹੀਨ॥੧੧॥

॥ਚੌਪਈ॥

ਸਤਿਗੁਰ ਬਚਨ ਮਰਮੁ ਤਿਸ ਲਾਗਾ॥ਮਸਤਕ ਜਾਗਿਓ ਭਾਗ ਸਭਾਗਾ॥
ਕੀਆ ਪਰਸਨ ਤਿਨ ਹੋਇ ਅਧੀਨਾ॥ਨਿਰਤ ਭਗਤਿ ਬਹੁ ਸੰਤਨ ਕੀਨਾ॥੧੨॥
ਤਿਸ ਉਤਰ ਦੀਨਾ ਸਤਿਗੁਰ ਦਿਆਲ॥ਤੁਮ ਸਭ ਜੁਗਤ ਕਰੀ ਬਹੁ ਕਾਲ॥
ਬੇਦ ਪੁਰਾਨ ਕਹਤੇ ਹੀ ਆਏ॥ਬਿਨੁ ਗੁਰ ਗਿਆਨ ਨ ਕਤਹੂੰ ਪਾਏ॥੧੩॥
ਨਾਚਿ ਨਚੇ ਪਾਈਐ ਨਹੀ ਸਾਚੇ॥ਸਭ ਖਾਣੀ ਬਾਣੀ ਸੁਰਨਰ ਨਾਚੇ॥
ਨਿਸ ਦਿਨ ਸਭ ਜਗ ਨਾਚਤ ਰਹੇ॥ਤੁਮ ਸੁਨੋ ਕਾਨ ਧਰ ਜੋ ਹਮ ਕਹੇ॥੧੪॥
ਨਿਰਤ ਪ੍ਰਥਾਇ ਸਬਦ ਉਚਾਰ ਭਇਆ॥
[3]ਕਰ ਕਰ ਤਾਲ ਪਖਾਵਜ ਨੈਨੋ ਮਾਥੇ ਬਜੇ ਰਬਾਬਾ॥
288/ਅ ਕਰਨੋ ਮਧੁ[4] ਬਾਂਸੁਰੀ ਬਾਜੇ ਜਿਹ/ਬਾ ਧੁਨਾ ਅਗਾਜਾ॥
ਨਿਰਤ ਕਰੇ ਕਰ ਮਨੂਆ ਨਾਚੇ ਆਨੈ ਘੁੰਘਰ ਸਾਜਾ॥੧॥
ਰਾਮ ਕੋ ਨਿਰਤਕਾਰੀ॥ਪੇਖੈ ਪੇਖਨਹਾਰ ਦਿਆਲਾ ਜੇਤਾ ਸਾਜ ਸੀਗਾਰੀ॥੧॥ਰਹਾਉ॥

---

[1] ਇੱਥੇ ਇਸ ਸਾਖੀ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਸਤਿਗੁਰ ਦਰਸਨ ਕਰ ਲਾਹਾ ਲੀਨਾ॥ਪਾਛੇ ਪ੍ਰਸਨ ਕੀਓ ਪਰਬੀਨਾ॥ (ੳ,ਅ,ੲ,ਸ)
[3] ਇੱਥੇ ਸਿਰਲੇਖ ' ॥ਰਾਮਕਲੀ ਮਹਲਾ ੫॥ ' ਹੈ (ਸ)
[4] ਮਧ (ਅ,ਸ)

ਅਖਾਰ ਮੰਡਲੀ ਧਰਨ ਸਥਾਈ ਊਪਰ ਗਗਨ ਚੰਦੋਆ॥
ਪਵਨ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ॥
ਪਾਚ ਤਤੁ ਕਰ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ॥੨॥
ਚੰਦ ਸੂਰਜ ਦੁਇ ਜਰੇ ਚਰਾਗ ਚੌ ਕੁੰਟ ਭੀਤਰ ਰਾਖੇ[1]॥
ਦਸ ਪਾਤ੍ਰੋ ਪੰਚ ਸੰਗੀਤੇ ਏਕੇ ਭੀਤਰ ਸਾਥੇ॥
ਭਿੰਨ ਭਿੰਨ ਕਰ ਭਉ ਦਿਖਾਵੇ ਸਭੋ ਨਿਰਾਰੀ ਭਾਖੇ॥੩॥
ਘਰ ਘਰ ਨਿਰਤ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੇ ਤੂਰਾ॥
ਏਕ ਨਚਾਵਹ ਏਕ ਭਵਾਵਹ ਏਕ ਆਇ ਜਾਇ ਹੋਇ ਧੂਰਾ॥
ਕਹੁ ਨਾਨਕ ਸੋ ਬਹੁੜ ਨ ਨਾਚੇ ਜਿਸ ਗੁਰ ਭੇਟੇ ਪੂਰਾ॥੪॥

॥ਤਿਸ ਕਾ ਪ੍ਰਮਾਰਥੁ॥

ਹੇ ਕਾਰਮੁਕ ਅਚਾਰੀ ਪ੍ਰਮੇਸੁਰ ਐਸਾ ਅਖਾੜਾ ਧਾਰਾ ਹੈ॥ਤਿਸ ਮੋ ਸਦਾ ਨਿਰਤ ਹੋਤੀ ਹੈ॥ਸਰਬ ਘਟ ਨਿਰਤ ਸੁਨੋ ਸਰਬ ਹਾਥ ਤਾਲ ਬਾਜਤੇ ਹੈ॥ਅਰੁ ਨੇਤ੍ਰ ਪਖਾਵਜ ਰੂਪ ਹੈ॥ਸਰਬ ਮਸਤਕ ਅਖੰਡ ਧੁਨ ਰਬਾਬ ਕੀ ਹੈ॥ਅਰੁ ਕਰਨੋ ਮੋ ਮਧੁਰ ਧੁਨ ਸਦ ਹੋਤੀ ਹੈ॥ਅਰੁ ਜਿਹਬਾ ਵਾਕ ਸਦਾ ਧੁਨ ਕਰਤੀ ਹੈ॥ਅਰੁ ਮਨੁ ਨਿਰਤਕਾਰੀ ਸਦਾ ਹੀ ਅਨੇਕ ਘੁੰਘਰੂ ਸਾਜਿ ਲਿਆਵਤਾ ਹੈ॥ਏਹੀ ਮਨ ਰਾਮ ਕੋ ਨਿਰਤਕਾਰੀ ਹੈ॥ਅਰੁ ਨਰਾਇਣ ਅੰਤਰਜਾਮੀ ਸਰਬ ਸਾਜ ਸੰਜੁਗਤ ਦੇਖਨਹਾਰਾ ਹੈ॥੧॥ਅਖਾਰ ਮੰਡਲ ਧਰਨ ਅਰ ਅਕਾਸ ਚੰਦੋਆ ਧਾਰਾ ਹੈ॥ਅਰੁ ਪਵਨ ਬੀਚ ਅਸਥੰਮਨ ਕੀਆ ਹੈ॥ਸਭ ਕੀ ਉਤਪਤ ਜਲ ਕਰ ਕੀਆ ਹੈ॥ਪਾਂਚ ਤਤ ਕਾ ਸਰਬ ਪੁਤਲਾ ਹੈ ਤਿਨ ਕਾ ਸੰਜੋਗ ਹੀ
289/ੳ ਕਰ ਮਿਲਾਪ ਹੈ॥ਤਿਸ ਅਖਾੜੇ ਮੋ ਸਭ ਇਕਤ੍ਰ ਭਏ॥ਚੰਦ ਸੂਰ ਦੁਇ ਦੀ/ਪਕ ਚਾਰ ਦਿਸਾ ਉਜਿਆਰਾ ਕਰਨਹਾਰੇ ਹੈਂ॥ਦਸ ਇੰਦ੍ਰੀ ਪੰਚ ਸੂਛਮ ਪੰਚ ਅਸਥੂਲ ਏਹ ਅਖਾੜੇ ਕੀ ਪੁਤਰੀਆ ਹੈ॥ਅਰੁ ਕਾਂਮ ਕ੍ਰੋਧ ਮੋਹ ਅਹੰਕਾਰ ਇਹ ਪੰਚ ਸੰਗੀਤ ਹੈ॥ਇਨਕੇ ਤਾਨ ਮਾਨ ਪਰ ਦਸੋ ਪਾਤਰ ਨਾਚਤ ਹੈ ਇਨ ਕੀ ਏਕ ਸੰਗਤਿ ਹੈ॥ਇਹ ਨਿਰਤ ਘਰ ਘਰ ਮੋ ਹੈ[2] ਅਰੁ ਭਿੰਨ ਭਿੰਨ ਕਰ ਭਾਉ ਆਪੋ ਆਪਨਾ ਦਿਖਾਵਤ ਹੈ॥ਅਰੁ ਭਿੰਨ ਭਿੰਨ ਅਪਨਾ ਰਾਗੁ ਗਾਨ ਕਰਤੇ ਹੈ॥ਅਰ ਸਰਬ ਘਟ ਮੋ ਸਬਦੁ ਤੂਰ ਬਾਜਤ ਹੈ ਦਿਨ ਰਾਤ੍ਰ ਅਖੰਡ ਧੁਨ ਹੈ॥ਜਿਸ ਧੁਨ ਸਕਤਿ ਸੋ ਸਰਬ ਨਾਚੁ ਹੈ॥ਹੇ ਆਚਰੀ ਕੋਈ ਨਚਤਾ ਹੈ ਕੋਈ ਫੇਰੀ ਲੇਤਾ ਹੈ॥ਕਈ ਆਵਤੇ ਜਾਤੇ ਮਰ ਧੂੜ ਮੋ ਰਲਤੇ ਹੈ॥ਹੇ ਅਚਾਰੀ ਨਾਰਾਇਨੀ ਅਖਾੜੇ ਮੋ ਇਸ ਪ੍ਰਕਾਰ ਨਿਰਤ ਹੋਤੀ ਹੈ॥ਸਰਬ ਜੀਵ ਜੰਤ ਇਸੀ ਨਾਚ ਮੋ ਨਚਤੇ ਹੈ॥ਜਿਸ ਕੌ ਸਤਿਗੁਰ ਪੂਰਾ ਮਿਲੇ ਸੋ ਬਹੁੜਿ ਇਸ ਨਿਰਤ ਅਖਾੜੇ ਮੋ ਨ ਆਵੈ॥ਮੁਕਤ ਪ੍ਰਾਇਨ ਹੋਇ॥

॥ਚੌਪਈ॥

ਜਬ ਗੁਰ ਸਬਦਿ ਸੁਨਾ ਅਚਾਰੀ॥ਜਾਗਾ ਮਨੁ ਛੁਟੀ ਨ੍ਰਿਤਕਾਰੀ॥
ਸਗਲ ਅਚਾਰ ਜਾਨਤ ਭਏ ਛੂਛੇ॥ਹੋਇ ਨਿੰਮ੍ਰ ਭੂਤ ਪੁਨਿ ਸਤਗੁਰ ਪੂਛੇ॥੧੪॥
ਹੇ ਪ੍ਰਭ ਕਵਨ ਕੀਰਤਨ ਕੋ ਨਿਰਤ॥ਜਿਤ ਦ੍ਰਿੜ ਹੋਵੋ ਅੰਤਰ ਬ੍ਰਿਤ॥
ਕਰਿ ਕਿਰਪਾ ਦੀਜੈ ਮੋਹਿ ਗਿਆਨ॥ਘਟ ਭਜਨ ਨਿਰਤ ਲਾਗੇ ਦ੍ਰਿੜ ਧਿਆਨ॥੧੬॥

[3]**॥ਸਬਦ ਸ੍ਰੀ ਮੁਖਵਾਕ॥**[4]

ਓਅੰਕਾਰ ਏਕ ਧੁਨ ਏਕੈ ਏਕੈ ਰਾਗ ਅਲਾਪੈ॥
ਏਕਾਦੇਸੀ ਏਕ ਦਿਖਾਵੈ ਏਕੈ ਰਹਿਆ ਬਿਆਪੈ॥
ਏਕਾ ਸੁਰਤ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥੧॥
ਭਲੋ ਭਲੋ ਰੇ ਕੀਰਤਨੀਆ॥ਰਾਮ ਰਾਮ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥੧॥ਰਹਾਉ॥
289/ਅ ਪੰਚ ਬਜੰਤ੍ਰ ਕਰੇ ਸੰਤੋ/ਖਾ ਸਾਤ ਸੁਰਾ ਲੈ ਚਾਲੇ॥
ਬਾਜਾ ਮਾਣੁ ਤਾਣੁ ਤਜ ਤਾਨਾ ਪਾਉ ਨ ਬੀਗਾ ਘਾਲੇ॥

---

[1] ਚੰਦ ਸੂਰਜ ਦੁਇ ਜਰੇ ਚਰਾਗਾ ਚਹੁੰ ਕੁੰਟ ਭੀਤਰ ਰਾਖੇ॥, (ਅ,ਸ)
[2] ਇੱਥੇ 'ਇਹ ਨਿਰਤ ਘਰ ਘਰ ਮੋ ਹੈ॥' ਵਾਲੀ ਪੰਕਤੀ ਨਹੀਂ ਹੈ (ੳ,ਅ)
[3] ਇੱਥੇ '॥ਦੋਹਰਾ॥ਤਬ ਕਰ ਕਿਰਪਾ ਸਤਿਗੁਰ ਕਹਾ ਘਟ ਭੀਤਰ ਨਿਰਤ ਦਿੜ ਗਿਆਨ॥ਸ੍ਰੀ ਮੁਖ ਸਬਦ ਉਚਾਰ ਕਰ ਦੀਨਾ ਪਰਮ ਗਿਆਨ॥'
[4] ਇੱਥੇ ਸਿਰਲੇਖ '॥ਸਬਦ ਸ੍ਰੀ ਮੁਖਵਾਕ॥ਰਾਮਕਲੀ ਮਹਲਾ ੫॥' ਹੈ (ੳ)

ਫੇਰੀ ਫੇਰ ਨ ਹੋਵੈ ਕਬਹੀ ਏਕ ਸਬਦੁ ਬੰਧ ਪਾਲੈ॥੨॥
ਨਾਰਦੀ ਨਗਰ ਜਾਨ ਹੁਦੂਰੇ॥ਘੂੰਘਰ ਖੜਕ ਤਆਗ ਵਿਸੂਰੇ॥
ਸਹਜਿ ਅਨੰਦ ਦਿਖਾਵੈ ਭਾਵੈ॥ਇਹੁ ਨਿਰਤਕਾਰੀ ਜਨਮ ਨ ਆਵੈ॥੩॥
ਜੇ ਕੋ ਅਪਨੇ ਠਾਕੁਰ ਭਾਵੈ॥ਕੋਟਿ ਮਧੇ ਕੋ ਕੀਰਤਨ ਗਾਵੈ॥
ਸਾਧ ਸੰਗਤ ਕੀ ਹੁ[1] ਜਉ ਟੇਕ॥ਕਹੁ ਨਾਨਕ ਤਿਸੁ ਕੀਰਤਨੁ ਏਕ॥੪॥

॥ਤਿਸ ਕਾ ਪ੍ਰਮਾਰਥ॥

ਹੇ ਅਚਾਰੀ ਓਅੰਕਾਰ ਏਕ ਧੁਨ ਅਖੰਡ ਸਰਬ ਘਟ ਪੂਰਨ ਏਕ ਹੀ ਹੈ॥ਤਾ ਕਉ ਉਪਾਸਨਾ ਕਰ ਦਿੜ ਹਿਰਦੇ ਧਾਰੇ ਐਸਾ ਰਾਗ ਅਲਾਪੈ॥ਅਰੁ ਸਰਬ ਸੰਕਲਪ ਤਿਆਗ ਏਕਦੇਸੀ ਹੋਇ ਤਬ ਏਕ ਦਿਸਟਿ ਆਵੈ ਜੋ ਸਰਬ ਵਿਆਪੀ ਹੈ॥ਇਕਾਗਰ ਸੁਰਤ ਏਕ ਹੀ ਕੀ ਸੇਵਨ ਐਸੀ ਪੂਜਾ ਕਰੇ ਤਬ ਏਕ ਅਦ੍ਵੈਤ ਸਤਿਗੁਰ ਸੋ ਜਾਨ ਪਰੇ॥ ਯੇਹੀ ਭਲਾ ਕੀਰਤਨੀਆ ਕਹੀਏ॥ਰਾਮ ਰਮਤ ਹੋਇ ਰਾਮ ਗੁਨ ਗਾਵੈ॥ਅਵਰ ਜੋ ਪਾਇਆਵੀ[2] ਕੀਰਤਨ ਪੂਜਾ ਧੰਧ ਹੈ॥ਤਿਨ ਕਾ ਸੁਆਉ ਤਿਆਗੇ ਐਸਾ ਕੀਰਤਨ ਭਗਤ ਕਰੇ॥ਅਰੁ ਸਤ ਸੰਤੋਖ ਖਿਮਾ ਆਰਜਾ ਧੀਰਜ ਏਹੁ ਪੰਚ ਜੰਤ੍ਰ ਕਰੇ॥ਸਤਹੀ ਦਿੜ ਕਰਨਾ ਏਹੀ ਸਾਤ ਸੁਰ ਗਾਵੈ॥ਮਾਨ ਤਾਨ ਤਿਆਗਨਾ ਏਹੀ ਬਾਜਾ ਬਜਾਵਨਾ ਕਰੇ॥ ਅਰੁ ਤਾਨ ਲਗਾਵਨ ਏਹੀ ਹੈ ਜੋ ਪਾਉ ਟੇਢਾ ਨ ਰਾਖੇ॥ਤਿਸ ਕਾ ਤਾਤਪਰਜ ਯਹ ਬਿਨੁ ਸਤਸੰਗਤ ਅਵਰ ਦਿਸਾ ਪਾਉ ਨਾ ਘਾਲੇ॥ਐਸੀ ਨਿਰਤ ਕਰੇ ਐਸੀ ਫੇਰੀ ਲੇਵੈ ਜੋ ਫੇਰ ਜਨਮ ਧਾਰਨ ਸੋ ਰਹਤੁ ਹੋਇ ਏਕ ਸਬਦ ਬ੍ਰਹਮ ਦ੍ਰਿੜ ਕਰੇ॥ਹੇ ਅਚਾਰੀ ਐਸੇ ਨਾਰਦੀ ਭਗਤ ਹੋਇ ਏਕ ਸਬਦੁ ਬ੍ਰਹਮ ਦ੍ਰਿੜ ਕਰੇ॥ਏਕ
290/ੳ ਨਰਹਰ ਸਰਬ ਪੂਰਨ ਕੋ ਹਾਜਰ ਦੇਖੇ॥ਅਉਰ ਜੋ ਘੁੰਘਰੂ ਸੋ ਆਦਿ ਲੇ ਬਾਜਾ ਖੜਕ ਹੈ॥/ਅਰੁ ਬਿਨਾ ਬੂਝ ਭਜਨ ਕੀਰਤਨੁ ਹੈ ਏਹੁ ਵਿਸੂਰੇ ਤਿਆਗ ਕਰੇ॥ਸਹਜਿ ਪਦ ਅਨੰਦ ਜੁ ਹੈ ਇਸ ਕੋ ਧਾਰੇ ਏਹੀ ਨਿਰਤ ਭਾਵ ਦਿਖਾਵੈ॥ਸੋ ਆ[3] ਨਿਰਤਕਾਰੀ ਕਦਾਚਿਤ ਜਨਮ ਮੋ ਨ ਆਵੈ॥ਹੇ ਕਾਰਮੁਕ ਜਿਸ ਕੋ ਗੋਬਿੰਦ ਕੀ ਕਿਰਪਾ ਹੋਇ ਸੋ ਕੋਟਿ ਮਧੇ ਐਸਾ ਕੀਰਤਨ ਨਿਰਤ ਕਰੇ॥ਅਰੁ ਜਿਨ ਕੋ ਸਾਧਸੰਗਤਿ ਕੀ ਟੇਕ ਹੈ ਤਿਸ ਕੋ ਇਹੁ ਏਕ ਅਖੰਡ ਕੀਰਤਨ ਪ੍ਰਾਪਤ ਹੋਇ॥

॥ਦੋਹਰਾ॥

ਅੰਮ੍ਰਿਤ ਬਚਨ ਸਤਗੁਰ ਕਹੇ ਸੁਨਿ ਆਚਾਰੀ ਮਗਨਾਨ॥
ਉਲਟਿ ਦ੍ਰਿਸਟਿ ਅੰਤਰਿ ਪਰੀ ਲਾਗਾ ਆਤਮ ਧਿਆਨ॥੧੭॥

॥ਮਕਰਾ ਛੰਦ॥

ਗੁਰ ਬਚਨ ਸੁਨ ਅਚਾਰੀ॥ਅੰਤਰਿ ਧਿਆਨ ਧਾਰੀ॥
ਭਇਆ ਸੁਧ ਹੇਮ ਬਾਰਹਿ ਪਾਰਸ ਪਰਸ ਮਨੂਰਾ॥੧੮॥
ਤਜ ਮੋਹ ਨੀਦ ਜਾਗਾ॥ਅੰਤਰਿ ਸਮਾਧ ਲਾਗਾ॥
ਭਈ ਸੁਰਤ ਸਬਦ ਲੀਨਾ ਓਅੰਕਾਰ ਨਾਦ ਪੂਰਾ॥੧੯॥
ਘਟ ਪੰਚ ਸਬਦ ਬਾਜੇ॥ਤਬ ਪੰਚ ਦੋਖ ਭਾਜੇ॥
ਧੁਨ ਜੰਤ੍ਰ ਰੰਗ[4] ਰੁਣਿ ਝੁਣਿ ਟੰਕੋਰ ਉਠਤ ਤੂਰਾ॥੨੦॥
ਨਿਜ ਪਦ ਗਿਆਨ ਲੀਨਾ॥ਬਾਜੰਤ ਸਬਦੁ ਬੀਨਾ॥
ਅਦਵੈਤ ਦ੍ਰਿੜ ਆਚਾਰੀ ਸਤਗੁਰ ਮਿਲਾ ਸੁ ਪੂਰਾ॥੨੧॥

॥ਦੋਹਰਾ॥

ਜਬ ਤਰਵਰ ਕੋ ਫਲ ਲਗੇ ਜਾਵੈ ਫੂਲ ਬਿਲਾਇ॥
ਆਚਾਰੀ ਗਿਆਨ ਸਮੁੰਦ੍ਰ ਮੋ ਦੀਨੋ ਕਰਮ ਬਹਾਇ॥੨੨॥
ਸਾਂਤਿ ਸਹਜ ਪਦ ਤਿਸ ਦੀਆ ਘਟਿ ਆਤਮ ਪੂਜਾ ਹੋਇ॥
ਅਚਾਰਿ ਅਚਾਰੀ ਅਚਰਜ ਮਿਲੇ ਬਨੀ ਨਿਰਤ ਘਟਿ ਸੋਇ॥੨੩॥

॥ਸੋਰਠਾ॥

ਸਤਿਗੁਰ ਮਾਥਾ ਟੇਕਿ ਆਚਾਰੀ ਰਮਤੇ ਭਏ॥
ਭਇਆ ਏਕ ਕਾ ਏਕ ਦੂਜੀ ਦੁਰਮਤਿ ਮਿਟ ਗਈ॥੨੪॥

॥ਸਾਖੀ ਪੂਰਨ ਹੋਈ॥

290/ਅ ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾ/ਰ॥੧੪੨॥

---

1 ਕੀ (ੳ), ਜਾਵਉ (ਸ)
2 ਮਾਇਆਵੀ (ੳ,ਅ,ੲ,ਸ)
3 ਐਸਾ (ੳ,ਅ,ੲ,ਸ)
4 ਧੁਨ ਜੰਤ੍ਰ ਜੰਗ (ੳ,ਅ)

[ਸਾਖੀ ਸਤਿਗੁਰ ਜੀ ਦਾ ਜੋਤੀ ਜੋਤ ਸਮਾਉਣਾ][1]

ਦੋਹਰਾ॥

ਸਤਿਗੁਰ ਪੁਰਖ ਨਿਰਵੈਰ ਹੈ ਦੁਬਿਧਾ ਨਾਹੀ ਕੋਇ॥
ਜੋ ਦਰਪਨ ਸਨਮੁਖ ਧਰੇ ਤੈਸਾ ਦੇਖੈ ਸੋਇ॥੧॥

॥ਚੌਪਈ॥

ਸਤਿਗੁਰ ਤਰਨ ਤਾਰਨ ਪਰ ਗਏ॥ਕੇਤਕ ਦਿਨ ਤਹਾ ਬੀਤਤ ਭਏ॥
ਤਹਾ ਭਾਗਾ ਆਇਆ ਏਕ ਸਹਜਦਾ॥ਕਛੁ ਬਾਦਸਾਹ ਸੋ ਭਇਆ ਬਿਬਾਦਾ॥੨॥
ਊਹਾ ਆਨ ਡੇਰਾ ਤਿਨ ਲੀਨਾ॥ਸਤਿਗੁਰ ਸੋ ਭੇਟਾ ਤਿਨ ਕੀਨਾ॥
ਸੋ ਬਡਾ ਦੁਖੀ ਤਾ ਪਰ ਭਈ ਆਫਤ॥ਦੇਖ ਦਿਆਲ ਗੁਰ ਕਰੀ ਜਿਆਫਤ॥੩॥
ਤਾ ਕੋ ਖਾਨ ਪਾਨ ਸਭ ਦੀਆ॥ਨਿਜ[2] ਕਰ ਗੁਜਰਾਨ ਕੂਚ ਤਿਨ ਕੀਆ॥
ਇਕ ਦੁਸਟ ਖਤ੍ਰੀ ਚੰਦੂ ਸਾਹੀ॥ਤਿਨ ਬਾਦਸਾਹ ਪੈ ਚੁਗਲੀ ਲਾਈ॥੪॥
ਵਹੁ ਜਹਾਂਗੀਰ ਕਾ ਚਾਕਰ ਰਹਾ॥ਬਾਦਸਾਹ ਸੋ ਐਸੇ ਕਹਾ॥
ਗੁਰੂ ਅਰਜਨ ਜਗ ਗੁਰੂ ਕਹਾਵੈ॥ਬਹੁਤ ਖਜਾਨਾ ਤਿਨ ਕੇ ਆਵੈ॥੫॥

॥ਦੋਹਰਾ॥

ਸਹਜਾਦੇ ਜੀ ਭਾਗ ਕਰ ਗਏ ਗੁਰੂ ਅਰਜਨ ਪਾਸ॥
ਕਛੁ ਮਦਤ ਖਜਾਨੇ ਕੀ ਕਰੀ ਕੀਨੀ ਬਹੁਤ ਸੁਪਾਸ॥੬॥

॥ਚੌਪਈ॥

ਸਚੇ ਪਾਤਸਾਹ ਆਪ ਕਹਾਵੈ॥ਕਾਹੂ ਕੋ ਖਾਤਰ ਨਹੀ ਲਿਆਵੈ॥
ਕਛੁ ਕਰਾਮਾਤ ਪੂਛੀਏ ਤਾ ਕੋ॥ਬਡਾ ਗਰੂਰ ਮਾਇਆ ਵਾ ਕੋ॥੭॥
ਸੁਨਿ ਬਾਦਸਾਹ ਚੁਗਲੀ ਰੀਸਾਨਾ॥ਸੰਤ ਦੁਸਟ ਕੀ ਚੁਗਲੀ ਮਾਨਾ॥
ਚੰਦੂ ਦੁਸਟ ਮਸਲਤ ਇਹ ਕੀਨੀ[3]॥ਮਤ ਹੀਨ ਸਾਹ ਮਨਜੂਰ ਕਰ ਲੀਨੀ॥੮॥
ਦੁਇ ਲਾਖ ਰੁਪਯਾ ਡਾਨ ਕਰ ਲੀਜੈ॥ਅਵਰੁ ਕਿਸੀ ਕਾ ਕਹਾ ਨ ਕੀਜੈ॥
291/ੳ ਲਿਖ ਦੀਆ ਅਹਦੀਆ ਕੁ[4] ਤੁਰਤ ਪਠਾਇਆ॥ਜਾਇ ਅਹਦੀ[5] ਨੇ ਲਿਖਾ ਦਖਾਇਆ॥/੯॥
ਸਤਿਗੁਰ ਜੀ ਲਹੌਰ ਮੋ ਆਏ॥ਜਾਇ ਅਹਦੀ ਨੇ ਅਰਜ ਕਰਾਏ॥
ਸੁਨ ਬਾਦਸਾਹ ਚੁਪ ਹੋ ਰਹਾ॥ਭਲੀ ਬੁਰੀ ਕਛੁ ਸੁਨਾ ਨ ਕਹਾ॥੧੦॥

॥ਦੋਹਰਾ॥

ਗੁਰ ਅੰਤਰਜਾਮੀ ਸਭ ਲਖੀ ਦੁਸਟ ਬੁਧ ਇਨ ਧਾਰ॥
ਜੋ ਕਾਰਨ ਕਰਤਾ ਕਰੇ ਤਾ ਕੋ ਪ੍ਰਗਟ ਅਚਾਰ॥੧੧॥

॥ਚੌਪਈ॥

ਤਬ ਅਰਥਮਲ ਕੋ ਪਾਤੀ ਲਿਖਾ॥ਜੋ ਪਰਮ ਪਰੀਤਮ ਸਤਗੁਰ ਕੇ ਸਖਾ॥
ਮੋਹਰੀ ਸਨਮੁਖ ਜੀ ਕਾ ਪੁਤ੍ਰ॥ਪਰਮਾਰਥੀ ਬਡਾ ਧਰਮ ਕਾ ਸੁਤ੍ਰ॥੧੨॥
ਤਿਨ ਲਿਖਾ ਦਿਆਲ ਤੁਰੰਤਹ ਆਵੈ॥ਅਬ ਹਮ ਜੋਤੀ ਜੋਤਿ ਸਮਾਵੈ॥
ਸਭ ਸੰਗਤਿ ਕੋ ਖਬਰ ਕਰ ਦੇਨਾ॥ਆਇ ਦਰਸਨ ਕਰ ਲਾਹਾ ਲੇਨਾ॥੧੩॥
ਜਬ ਅਰਥਮਲ ਪੜੀ ਗੁਰ ਪਾਤੀ॥ਕਹ ਅਬਗਤ ਕੀਰਤ ਲਖੀ ਨ ਜਾਤੀ॥
ਬਹੁਤ ਵੈਰਾਗ ਤਿਨ ਮਨ ਮੋ ਕੀਨਾ॥ਸਭ ਪ੍ਰੇਮੀ ਸਿਖ ਸੰਗ ਲੇ ਲੀਨਾ॥੧੪॥
ਚਲਿ ਆਏ ਸਤਿਗੁਰ ਕੇ ਪਾਸ॥ਦੇਖ ਦਰਸਨ ਪੂਰਨ ਭਈ ਆਸ॥
ਤਬ ਅਰਥਮਲ ਜੀ ਚਰਚਾ ਕਰਾ॥ਅਤਿ ਵੈਰਾਗ ਵਿਓਗ ਰਸ ਭਰਾ॥੧੪॥
ਹੋ ਤਬ ਬਾਤ ਦਿਆਲ ਪ੍ਰਭ ਕਹਾ॥ਹੋਇ ਸੋਇ ਜੋ ਹਰਿ ਜੀ ਚਹਾ॥
ਹਮ ਸੌ ਤੁਰਕ ਅਬ ਕਰੇ ਬਿਖਾਦਾ॥ਕਾਹੂ ਜਤਨ ਜਾਇ ਨਹੀ ਸਾਧਾ॥੧੫॥

---

[1] ਇੱਥੇ ਇਸ ਸਾਖੀ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਨਾਲ ਹੁੰਦਾ ਹੈ (ਸ)
[2] ਨਿਸ (ੳ,ਅ,ੲ,ਸ)
[3] ਦੀਨੀ (ੳ,ੲ)
[4] ਇੱਥੇ 'ਲਿਖ ਦੀਨਾ ਅਹਦੀਏ ਕੋ' ਪਾਠ ਹੈ (ੳ,ੲ,ਸ), ਇੱਥੇ 'ਲਿਖ ਦੀਆ ਅਹਦੀ ਇਕ' ਪਾਠ ਹੈ (ਅ)
[5] ਅਹਦੀਏ (ੲ)

॥ਦੋਹਰਾ॥

ਬਿਖੁ ਖਾਤੇ ਕਛੁ ਦੁਖ ਨਹੀ ਜਬ ਘਟਿ ਅੰਤਰ ਜਾਇ॥
ਸਗਲ ਅੰਗ ਸੋਖਨ ਕਰੇ ਤਨ ਕੋ ਨਾਸ ਕਰਾਇ॥੧੬॥

॥ਚੌਪਈ॥

ਤੈਸੇ ਅਬ ਯਹ ਬੂਝਤ ਨਾਹੀ॥ਜਬ ਕਲਹ ਬਢੇ ਤਬਹੀ ਪਛੁਤਾਹੀ॥
ਨਿਰਵੈਰ ਨਾਲ ਜੋ ਵੈਰ ਕਮਾਵੈ॥ਹੋਇ ਦੁਖੀ ਅੰਤਹ ਪਚ ਜਾਵੈ॥੧੭॥
ਜੋ ਕਰਤੇ ਕਾਰਨ ਹੈ ਕਰਨਾ॥ਤਾ ਕੇ ਪ੍ਰਗਟਿ ਭਏ ਆਚਰਨਾ॥
291/ਅ /ਹਰਿ ਪ੍ਰਭ ਅਬਚਲ ਨੀਵ ਰਖਾਈ॥ਨਿੰਦਕ ਦੁਸਟ ਸਗਲ ਪਚ ਜਾਈ॥੧੮॥
ਕਹੀ ਅਰਥਮਲ ਪ੍ਰੇਮ ਰਸ ਪਾਗੇ॥ਹਮ ਤਨ ਸਾਹਿਬ ਸੰਗ ਤਿਆਗੈ[1]॥
ਯਾ ਜਗ ਸੋ ਕੋਊ ਨਹੀ ਕਾਮ॥ਯਹਿ ਦਰਸਨ ਹਿਰਦੇ ਅਭਿਰਾਮ॥੧੯॥
ਤਬ ਸਤਗੁਰ ਤਹਾ ਤੁਮ ਤਨ ਮਤ ਤਜੋ॥ਚਾਲੀਸ ਰੋਜ ਤਨ ਰਖਿ ਹਰਿ ਭਜੋ॥
ਅਬ ਗ੍ਰਹ ਜਾਇ ਹਰਿ ਹਰਿ ਤੁਮ ਜਪੋ॥ਚਾਲੀਸ ਰੋਜ ਪੀਛੇ ਤਨ ਤਜੋ॥੨੦॥

॥ਦੋਹਰਾ॥

ਸਤਿਗੁਰ ਮਹਿਮਾ ਦੇਖਿ ਕਰ ਚੰਦੂ ਹਿਰਦਾ ਜਰਾਇ॥
ਕਰਮ ਕਾਲ ਕੇ ਬਸ ਭਯਾ ਪੁਨ ਚੁਗਲੀ ਕੀਨੀ ਜਾਇ॥੨੧॥

॥ਚੌਪਈ॥

ਤਿਨ ਬਾਦਸਾਹ ਸੋ ਅਰਜ ਕਰਾਏ॥ਗੁਰੂ ਅਰਜਨ ਜੀ ਈਹਾ ਹੈਂ ਆਏ॥
ਨਹੀ ਮੁਲਾਕਾਤ ਹਜਰਤ ਕੀ ਕਰੇ॥ਕਾਹੂ ਕੋ ਮਨ ਮੋ ਨਹੀ ਧਰੇ॥੨੨॥
ਸੁਨ ਚੰਦੂ ਸੌ ਬੋਲੇ ਬਾਦਸਾਹ॥ਹੈਂ ਫਕਰ ਰਬ ਕੇ ਬੇਪਰਵਾਹ॥
ਨਾਹਕ ਤਕਲੀਫ ਇਨ ਸੌ ਨਹੀ ਕੀਜੈ॥ਫਕਰ ਦੁਖਾਇ ਕਵਨ ਫਲੁ ਲੀਜੈ॥੨੩॥
ਤਬੀ ਦੁਸਟ ਇਕ ਮਕਰ ਬਨਾਇਆ॥ਜਹਾਂਗੀਰ ਕੋ ਲੋਭ ਦਿੜਾਇਆ॥
ਜੋ ਸਪੁਰਦ ਹਮਰੀ ਕਰ ਦੀਜੈ॥ਦੁਇ ਲਾਖ ਰੁਪਯਾ ਹਮ ਸੌ ਲੀਜੈ॥੨੪॥
ਜਬ ਬਾਦਸਾਹ ਲੋਭ ਮਨ ਕਰੇ॥ਧਰਮ ਅਦਾਲਤ ਸਭ ਪਰਹਰੇ॥
ਤਬ ਲਿਖਾਇ ਚੰਦੂ ਸੋ ਲੀਨਾ॥ਸੁਪੁਰਦ ਮਾਮਲਾ ਤਾ ਕੋ ਕੀਨਾ॥੨੫॥

॥ਦੋਹਰਾ॥

ਦੁਸਟ ਕਪਟ ਮਨ ਮੋ ਧਰਾ ਆਇਆ ਸਤਿਗੁਰ ਪਾਸ॥
ਗੁਰ ਅੰਤਰਜਾਮੀ ਸਭ ਲਖਾ ਇਨ ਕੀਨਾ ਅਪਨਾ[2] ਨਾਸ॥੨੬॥

॥ਚੌਪਈ॥

ਮਹਾ ਪਤਤ ਸਤਿਗੁਰ ਪਹਿ ਆਇਆ॥ਕਪਟ ਭਾਇ ਮਨ ਸੀਸ ਨਿਵਾਇਆ॥
292/ੳ ਕਰ ਵਲ ਛਲ ਬਿਨੰਤੀ ਘਰ ਲੇ ਗਇਆ॥ਸਤਿਗੁਰ ਸਿਉ ਇਵ ਕਹਤਾ ਭਇਆ॥/੨੭॥
ਬਰ ਪਰਾਪਤ ਮਮ[3] ਬੇਟੀ ਅਹਿ॥ਗੁਰ ਹਰਿਗੋਬਿੰਦ ਸੌ ਕੀਜੈ ਬਿਆਹ॥
ਅਰੁ ਬਾਦਸਾਹ ਜੋ ਪੈਸਾ ਮਾਗੈ॥ਕਛੁ ਸਾਹਿ ਕਾ ਯਾ ਮੋ ਨਹੀ ਖਾਗੇ॥੨੮॥
ਮੈ ਅਪਨਾ ਜਿਮਾ ਕਰ ਲੇਵੌਂ॥[4]
ਮੇਰੀ ਆਸ ਪੂਰਨ ਇਹ ਕੀਜੈ॥ਤਬ ਮੇਰੇ ਮਨ ਸਾਂਤ ਪਤੀਜੈ॥੨੯॥
ਤਾ ਕੀ ਬਾਤ ਪ੍ਰਭ ਕੋਊ ਨ ਮਾਨੀ॥ਇਹ ਮੂਰਖ ਮਤ ਮੰਦ ਅਗਿਆਨੀ
ਨਹੀ ਬਾਦਸਾਹ ਕਾ ਹਮ ਕਛੁ ਦੇਨਾ॥ਜੋ ਬੋਵੈ ਬੀਜ ਤਿਸੀ ਫਲ ਲੇਨਾ॥੩੦॥

॥ਦੋਹਰਾ॥

ਉਠਿ ਗਇਆ ਚੰਦੂ ਗੁਰ ਬਚਨ ਸੁਨ ਮਨ ਮੋ ਭਇਆ ਨਿਰਾਸੁ॥
ਅਤਿ ਦੁਸਟ ਭਾਉ ਮਨ ਮੋ ਧਰਿਓ ਤਾ ਕਾ ਹੋਵੈ ਨਾਸੁ॥੩੧॥

---

[1] ਸਾਹਿਬ ਸੰਗ ਤਨ ਤਿਆਗੈ॥ (ੳ,ੲ,ਸ), ਸਾਹਿਬ ਸੰਤ ਤਿਆਗੈ (ਅ)
[2] ਅਰਨਾ (ਸ)
[3] ਹਮ (ਅ)
[4] ਮੈ ਅਪਨਾ ਜਿਮਾ ਕਰ ਲੇਵੌਂ॥ਜੈਸੇ ਬਨੇ ਤੈਸੇ ਮੈ ਦੇਵੋ॥ (ੳ,ਅ,ੲ,ਸ)

॥ਚੌਪਈ॥

ਗੁਰ ਅੰਤਰਿ ਧਿਆਨ ਸਮਾ ਜਬ ਆਇਆ॥ਸਭ ਸਿਖ ਸੰਗਤਿ ਸਤਿਗੁਰੂ ਬੁਲਾਇਆ॥
ਅਰਥਮਲੁ ਸੌ ਕੀਆ ਬਖਾਨ॥ਮੈ ਦੇਹ ਤਜੋ ਹੋਵੋ ਨਿਰਬਾਨ॥੩੨॥
ਤੁਮ ਗੋਬਿੰਦਵਾਲ ਕੌ ਅਬ ਜਾਵੋ॥ਗੁਰ ਹਰਿਗੋਬਿੰਦ ਸਭ ਕਥਾ ਸੁਨਾਵੌ॥
ਸੋਈ ਹੋਇ ਜੁ ਹਰਿ ਜੀ ਕਰਨਾ॥ਤੁਮ ਜਾਨੋ ਸਗਲੇ ਆਚਰਨਾ॥੩੩॥
ਤਬ ਅਰਥਮਲ ਗਏ ਗੋਬਿੰਦਵਾਲ॥ਪੁਨ ਸਿਖ ਸੰਗਤਿ ਸੋ ਕਹਾ ਦਿਆਲ॥
ਸਦਾ ਸਦਾ ਹਰਿ ਹਰਿ ਜਪ ਜਪਨਾ॥ਮਮ ਸਤਿ ਉਪਦੇਸ ਹਿਰਦੇ ਮੋ ਥਪਨਾ॥੩੪॥
ਗੁਰ ਹਰਿਗੋਬਿੰਦ ਸਤਿਗੁਰੂ ਜਗ ਆਹਿ॥ਮੇਰੋ ਰੂਪ ਭੇਦ ਕਛੁ ਨਾਹਿ॥
ਬਡਾ ਤੇਜਸੀ ਬਡ ਪ੍ਰਤਾਪ॥ਤੀਨ ਲੋਕ ਜਾਪੈ ਜਿਸ ਜਾਪ॥੩੫॥

॥ਦੋਹਰਾ॥

ਸਭ ਕਾਰਜ ਜਗ ਕੇ ਕਰੇ ਲਗੇ ਨ ਤਾ ਕੋ ਲੇਸ॥
ਨਿਰਬਿਕਲਪ ਨਿਰਲੰਭ ਗਤਿ ਧਰੇ ਰਾਜਸੀ ਭੇਸ॥੩੬॥

॥ਚੌਪਈ॥

ਸਭ ਸੰਗਤ ਮਿਲ ਮਾਥਾ ਟੇਕਾ॥ਕਰੀ ਕ੍ਰਿਪਾ ਸਤਿਗੁਰ ਆਲੇਖਾ॥
ਸਤਿ ਉਪਦੇਸ ਸੰਗਤ ਮਨ ਲਾਗਾ॥ਸਭ ਮਸਤਕ[1] ਜਾਗੇ ਭਾਗ ਸਭਾਗਾ॥੩੭॥
292/ਅ ਤਬ ਸਤਿਗੁਰ ਦਿਆਲ ਪਰਮ ਪਰਬੀਨਾ॥ਤੇਲ ਮੰਗਾਇ ਮਰਦਨ ਤਨ ਕੀ/ਨਾ॥
ਤਪਤ ਨੀਰ[2] ਸੋ ਕੀਆ ਸਨਾਨ॥ਭੂਮ ਆਸਨ ਕੀਨਾ ਕੇਵਲ ਗਿਆ[3]॥੩੮॥
ਪੁਨ ਬਸਤ੍ਰ ਓਢ ਸੁੰਦਰ ਤਨ ਲੀਆ॥ਪਰਮ ਧਾਂਮ ਕੋ ਪਿਆਨਾ ਕੀਆ॥
ਜਿਉ ਗੰਗਾ ਸਾਗਰ ਮਿਲ ਜਾਇ॥ਜਿਉ ਰਵਿ ਪ੍ਰਕਾਸ ਰਵਿ ਮਾਹਿ ਸਮਾਹਿ॥੩੯॥
ਨਿਰਬਾਨ ਸਰੂਪ ਸਤਿਗੁਰ ਜੀ ਧਰਾ॥ਸਗਲ ਦੇਵ ਪਰ ਜੈ ਜੈ ਕਰਾ॥
ਸਕਲ ਸਹਰ ਭਯਾ ਹਾਹਾਕਾਰ॥ਚੰਦੂ ਦੁਸਟ ਕਰੈ ਧਧਕਾਰ॥੪੦॥

॥ਦੋਹਰਾ॥

ਸੁਨ ਬਾਦਸਾਹ ਗੁਰ ਚਲ ਇਹ ਕੀਨਾ ਅਤ ਅਫਸੋਸ॥
ਬਡਾ ਕਹਰੁ ਚੰਦੂ ਕੀਆ ਤਨ ਤਜਾ ਫਕਰ ਕਰ ਰੋਸ॥੪੧॥

॥ਚੌਪਈ॥

ਮਿਲ ਸੰਗਤਿ ਬੇਬਾਨ ਬਨਾਇਆ॥ਅਖੰਡ ਭਜਨ ਸਤਿਗੁਰ ਗੁਨ ਗਾਇਆ॥
ਇਸਨਾਨੁ ਕਰਾਇ ਨਿਰਮਲ ਤਨ ਦਿਆਲ॥ਪਹਿਰਾਇ ਬਸਤ੍ਰ ਪਾਵਨ ਤਿਹ ਕਾਲ॥
ਐਰਾਵਤੀ ਨਦੀ ਪਰ ਲਿਆਏ॥ਚੰਦਨ ਚਿਤਾ ਪਰ ਆਨ ਰਖਾਏ॥
ਪਾਵਨ ਦੇਹ ਕਰਾ ਸਿਸਕਾਰ॥ਤੀਨ ਲੋਕ ਭਇਆ ਜੈ ਜੈਕਾਰ॥੪੩॥

॥ਦੋਹਰਾ॥

ਸੋਢੀ ਕੁਲ ਰਮਦਾਸ ਪਿਤ ਬੀਬੀ ਭਾਨੀ ਮਾਤ॥
ਗੰਗਾ ਪਤ ਅਰਜਨ ਗੁਰੂ ਹਰਿਗੋਬਿੰਦ ਗੁਰ ਤਾਤ॥੪੪॥[4]

॥ਦੋਹਰਾ॥

ਨਿਰਗੁਨ ਤੇ ਸਰਗੁਨ ਧਰਾ ਪੁਨਿ ਕੀਨਾ ਨਿਰਗੁਨ ਰੂਪ॥
ਪੂਰ ਰਹੈ ਸਰਬਤ੍ਰ ਮੋ ਅਚਰਜ ਕਥਾ ਅਨੂਪ॥੪੫॥
ਸੰਮਤੁ ੧੬੬੩ ਜੇਠ ਸੁਦੀ ੪ ਵਾਰ ਸੁਕਰ ਸ੍ਰੀ ਗੁਰੂ ਅਰਜਨ ਦੇਵ ਜੀ ਸਮਾਣੇ ਲਹੌਰ ਮੋ॥

॥ਸਾਖੀ ਜੋਤੀ ਜੋਤ ਸਮਾਵਨ ਕੀ ਪੂਰਨ ਭਈ॥

੨੪ ਵਰੇ ੭ ਮਾਸ ੧ ਦਿਨ॥ਗੁਰਆਈ ਵਿਚ ਸਰੀਰੁ ਰਖਿਆ ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂਆ ਸਿਰ ਗੁਰੂ॥[5]

---

[1] ਮਸਪਕ (ਸ)
[2] ਤਪਤ ਮਨੀਰ (ਸ)
[3] ਗਿਆਨ (ੳ,ਅ,ੲ)
[4] ਇੱਥੇ '॥ਦੋਹਰਾ॥ਸੋਢੀ ਕੁਲ....ਹਰਿਗੋਬਿੰਦ ਗੁਰ ਤਾਤ॥੪੪॥' ਵਾਲਾ ਪਾਠ ਨਹੀਂ ਹੈ (ੳ)
[5] ਇੱਥੇ '॥ਸੰਮਤੁ ੧੬੬੩ ਜੇਠ.... ਗੁਰੂਆ ਸਿਰ ਗੁਰੂ॥' ਦੀ ਜਗ੍ਹਾ ਤੇ '॥ਸਾਖੀ ਜੋਤੀ ਜੋਤ ਸਮਾਵਨ ਕੀ ਪੂਰਨ ਭਈ॥ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥' ਪਾਠ ਹੈ (ੳ,ੲ)

293/ੳ ॥੧ਓ ਸਤਿਗੁਰ ਪ੍ਰਸਾਦਿ॥

[ਸਾਖੀ ਛਿਵੀ ਪਾਤਿਸਾਹੀ ਦੀ ਮਹਿਮਾ]

॥ਸ੍ਰੀ ਸੁਖਮਨੀ ਜੀ ਮੋ ਮਹਿਮਾ ਵਾਕ ਨਿਰੂਪਨ ਭਇਆ॥

॥ਸਲੋਕੁ॥

ਨਿਰਗੁਨ ਸਰਗੁਨ ਆਪ ਹੈ ਸੁੰਨ ਸਮਾਧੀ ਆਪ॥[1]
ਆਪਨ ਕੀਆ ਨਾਨਕਾ ਆਪੇ ਹੀ ਪ੍ਰਭ[2] ਜਾਪ॥੧॥

॥ਪਉੜੀ॥[3]

ਰਾਜ ਮੋ ਰਾਜਾ ਜੋਗ ਮੈ ਜੋਗੀ॥ਤਪ ਮੋ ਤਪੀਸਰ ਗ੍ਰਿਹਸਤ ਮੋ ਭੋਗੀ॥[4]
ਧਿਆਇ ਧਿਆਇ ਭਗਤਾ ਸੁਖ ਪਾਇਆ॥
ਨਾਨਕ ਤਿਸ ਪੁਰਖ ਕਾ ਕਿਨੇ ਅੰਤੁ ਨ ਪਾਇਆ॥

॥ਦੋਹਰਾ॥

ਪਾਂਚ ਪਾਤਿਸਾਹੀ ਮੋ ਰਖਾ ਰਾਜ ਜੋਗ ਸਮ ਭਾਇ॥
ਅਬ ਰਾਜ ਸਾਜ ਬਾਹਰ ਪ੍ਰਗਟ ਧਰਿਓ ਅੰਤਰਿ ਜੋਗ ਦੁਰਾਇ॥੧॥

॥ਅੜਕ॥[5]

ਨਿਰਬਿਕਲਪ ਨਿਰਲੰਭ ਜੁਗਤ ਅੰਤਰ ਧਰੀ॥
ਲੀਲਾ ਰਾਜ ਸਮਾਜ ਪ੍ਰਗਟਿ ਬਾਹਰਿ ਕਰੀ॥
ਇਹ ਪਰਮ ਚਰਿਤ੍ਰ ਲਖੇ ਨ ਕੋਊ ਗੁਰ ਦਿਆਲ ਕਾ॥
ਹੋ ਜਿਨ ਜਾਨਾ ਸੋਊ ਸੁਜਾਨ ਮਿਟਾ ਭੌ ਕਾਲ ਕਾ॥੨॥

॥ਦੋਹਰਾ॥

ਭਗਤਿ ਸਿੰਘਾਸਨ ਪਰ ਬਹੈ ਰਾਜਤ[6] ਬੇਖ ਤਨ ਧਾਰ॥
ਬੀਰ ਧੀਰ ਚਿਤ ਅਮਿਤ ਬਲ ਗਿਆਨ ਰੂਪ ਸੁਖ ਸਾਰ॥੩॥

॥ਚੌਪਈ॥

ਸੁਭ ਕਰਮ ਸਸਤ੍ਰ ਗੁਰ ਅਗ੍ਰ ਸੁਹਾਹਿ॥ਜਿਹ ਨਿਰਖ ਸਤ੍ਰ ਦੁਵੈਤ ਮਿਟ ਜਾਹਿ॥
ਤਾਂ ਸੌ ਦਿਆਲ ਪ੍ਰੀਤ ਸਦ ਕਰੇ॥ਜਿਉ ਜੋਗੀ ਸਦਾ ਧਰੇ[7]॥੪॥

॥ਦੋਹਰਾ॥

ਸਤ ਅਸਤ ਅਰੁ ਬਿਧ ਨਿਖੇਦ ਹਰਖ ਸੋਕ ਗੁਨ ਦੋਖ॥
ਪ੍ਰਗਟ ਕਰੇ ਲੀਲਾ ਧਰੇ ਪੁਨ ਲਏ ਸਭਨ ਕੋ ਸੋਖ॥੫॥

॥ਚੌਪਈ॥

ਭਗਤ ਰੂਪ ਹਰਿ ਧਰਿਓ ਦਿਆਲੰ॥ਪਰਉਪਕਾਰ ਜਗ ਕਰਿਓ ਬਿਸਾਲੰ॥
293/ਅ ਮਲ ਮੂੜ ਮੁਗਧ ਕਲ ਚਰਨੀ ਲਾਗੇ॥ਭਏ ਪਰਾਇਨ ਕਿਲ/ਵਿਖ ਭਾਗੇ॥੬॥

॥ਦੋਹਰਾ॥

ਸਭ ਸੰਗਤ ਦਰਸਨ ਕਰੇ ਆਨੰਦ ਰੂਪ ਸੁਖ ਸਾਰ॥
ਜਗ ਤਾਰਨ ਕਾਰਨ ਰਚਾ ਭਗਤਿ ਰੂਪ ਕਰਤਾਰ॥

॥ਇਤ ਸ੍ਰੀ ਸਤਿਗੁਰ ਮਹਿਮਾ ਪ੍ਰਸੰਗ ਪੂਰਨੰ॥੧੪੪॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਨਿਰਗੁਨ ਸਰਗੁਨ ਨਿੰਰਕਾਰ ਸੁੰਨ ਸਮਾਧੀ ਆਪ॥ (ਅ)
[2] ਫਿਰ (ੳ,ਅ)
[3] ਇੱਥੇ ਸਿਰਲੇਖ '॥ਏਕ ਪਉੜੀ ਕਹੀ॥' ਹੈ (ੳ,ਅ)
[4] ਰਾਜ ਮਹਿ ਰਾਜਾ ਜੋਗ ਮੈ ਜੋਗੀ॥ਤਪ ਮਹਿ ਤਪੀਸਰ ਗ੍ਰਿਹਸਤ ਮੋ ਭੋਗੀ॥ (ੳ,ਅ)
[5] ਇੱਥੇ ਸਿਰਲੇਖ '॥ਅੜਲ॥' ਹੈ (ੳ,ਅ,ੲ,ਸ)
[6] ਰਾਜ (ੳ,ਅ,ੲ,ਸ)
[7] ਸਦਾ ਧਾਰਨਾ ਧਰੇ (ੳ,ਅ)

[ਸਾਖੀ ਚੰਦੂ ਦੁਸਟ ਦਾ ਨਾਸ ਕਰਨਾ]

॥ਦੋਹਰਾ॥

ਗੋਬਿੰਦਵਾਲ ਗੁਰੂ ਹਰਿਗੋਬਿੰਦ ਬੈਠੇ ਬੇ ਚਿਤਵਨ ਭਾਇ॥
ਆਇਓ ਸਿਖ ਲਹੋਰ ਸੌ ਤਿਨ ਦੀਨੀ ਖਬਰ ਸੁਨਾਇ॥

॥ਚੌਪਈ॥

ਤਿਨ ਸਭ ਬ੍ਰਿਤੰਤ ਗੁਰ ਕਹਾ ਸੁਨਾਏ॥ਸਤਿਗੁਰ ਜੋਤੀ ਜੋਤਿ ਸਮਾਏ॥
ਸੁਨਤ ਖਬਰ ਗੁਰ ਕੀਨ ਬਿਓਗ॥ਮਸਟ ਅੰਗ ਜਿਉ ਜੋਗੀ ਜੋਗ॥੨॥
ਸਭ ਬਿਧ ਅੰਤਰਜਾਮੀ ਜਾਨੀ॥ਜੋ ਕਰਨੀ ਸੋਈ ਦ੍ਰਿੜ ਠਾਨੀ॥
ਉਲਟ ਬਿਰਤ ਪਰਕਿਰਤ ਨਰ[1] ਧਰੀ॥ਲੀਲਾ ਅਵਰੁ ਅਵਰੁ ਬਿਧ ਕਰੀ॥੩॥
ਗੁਰ ਮਾਇਆ ਗਤਿ ਲਖ ਨਹੀ ਸਾਕੇ॥ਚਿਤ ਬਿਲਾਸ ਸਗਲਾ ਜਗ ਜਾ ਕੇ॥
ਐਸਾ ਚਲਿਤ ਸਤਿਗੁਰੂ ਦਿਖਾਇਆ॥ਦੇਖਤ ਸਭੁ ਜਗੁ ਭੂਲ ਭੁਲਾਇਆ॥੪॥
ਅਤ ਸਕੋਪ ਗੁਰ ਚਲੇ ਲਹੌਰ॥ਪਿਤਾ ਬੈਰ ਲੇਵੋ ਤਿਹ ਠੌਰ॥
ਬਾਦਸਾਹ ਸੌ ਕਰ ਮੁਲਾਕਾਤ॥ਕੋਪ ਭਰੇ ਬੋਲੇ ਗੁਰ ਬਾਤ॥੫॥

॥ਦੋਹਰਾ॥

ਫਰੀਆਦ ਮੇਰੀ ਹੈ ਰਬ ਪਹਿ ਮੈ ਤੁਮਰੋ ਦਾਮਨਗੀਰ॥
294/ੳ ਤੁਮ ਅਦਲ ਤਿਆਗ ਪੈਸੇ ਨਿਮਿਤ ਮਾਰਾ ਅਵਲ ਫਕੀਰ॥੬/॥

॥ਚੌਪਈ॥

ਬੇ ਮੂਜਬ ਹਕ ਪ੍ਰਸਤ ਦੁਖ ਦੀਆ॥ਕਹੋ ਕੁਉਨ ਧਨ ਤਾ ਤੇ ਲੀਆ॥
ਮੋਰ ਪਿਤਾ ਕੋ ਤੁਮ ਬਿਖ ਦੀਨਾ॥ਕੌਨ ਗੁਨਾਹੁ ਤੁਮਰਾ ਕੀਨਾ॥੭॥[2]
ਸਹਿਜਾਦਾ ਜਾਨ ਕਰੀ ਤਿਸ ਜਿਆਫਤ॥ਕਰਤ ਭਲਾਈ ਹੁਈ ਆਫਤ॥
ਚੁਗਲ ਕਾ ਕਹਾ ਮਾਨ ਤੁਮ ਲੀਨਾ॥ਤਿਆਗੁ ਅਦਲ ਅਨੀਤ ਬਹੁ ਕੀਨਾ॥੮॥
ਸੁਨ ਜਹਾਗੀਰ ਸਿਰ ਨੀਚੇ ਕੀਨਾ॥ਭਈ ਬਿਅਦਲੀ ਮਨ ਮੋ ਚੀਨਾ
ਤਬ[3] ਜਹਾਂਗੀਰ ਨੇ ਦੀਆ ਜਬਾਬ॥ਮੈ ਬਿਖ ਨਹੀ ਦੀਆ ਤੁਮਰੇ ਬਾਪ॥੯॥
ਬੁਰਾ ਭਲਾ ਚੰਦੂ ਜੋ ਕਰਾ॥ਤਾ ਕੋ ਮੈ ਨਜਰਬੰਦ ਕਰ ਧਰਾ॥
ਤਲਕੇ ਕੀ ਬਾਕੀ ਜੋ ਆਹੀ॥ਮੈ ਕਰੀ ਤਲਬ ਕਛੁ ਅਵਰੁ ਨ ਚਾਹੀ॥੧੦॥
ਸੋ ਪਿਤਾ ਬੈਰ ਚੰਦੂ ਸੋ ਲੀਜੈ॥ਦਾਮਨ ਹਮਰਾ ਪਾਕ ਕਰੀਜੈ॥
ਅਵਰੁ ਬਿਅਦਲ ਹਮ ਕਛੂ ਨ ਕੀਨਾ॥ਬਾਕੀ ਸਪੁਰਦ ਚੰਦੂ ਕੋ ਕੀਨਾ॥੧੧॥

॥ਦੋਹਰਾ॥

ਕਹਾ ਸਤਿਗੁਰ ਜਹਾਗੀਰ ਕੌ ਬਾਕੀ ਕਿਸਤ ਕਰ ਲੇਹੁ॥
ਸਭ ਘਰ ਦਰ ਅਵਰੁ ਕੁਟੰਬ ਸਨ ਚੰਦੂ ਹਮ ਕੌ ਦੇਹੁ॥੧੨॥

॥ਚੌਪਈ॥

ਬਾਦਸਾਹ ਮਨਜੂਰ ਕਰ ਲੀਨਾ॥ਚੰਦੂ ਬਾਂਧ ਸਤਗੁਰ ਕੋ ਦੀਨਾ॥
ਕੁਟੰਬ ਸਮੇਤ ਕਲੂ ਪੀੜਾਏ॥ਘਰ ਮੰਦਰ ਢਾਹ ਨਦੀ ਮੋ ਪਾਏ॥੧੩॥
ਤਾ ਕੇ ਘਰ ਪਰ ਬਨੀ ਮਸੀਤ॥ਪਾਇਆ ਫਲੁ ਜਿਨ ਕਰੀ ਅਨੀਤ॥
ਰਹੀਲਾ ਕਸਬਾ ਤਾ ਕਾ ਆਹਾ[4]॥ਸਤਗੁਰ ਆਗਿਆ ਸੌ ਸਭ ਢਾਹਾ[5]॥੧੪॥
ਗੁਰ ਬਚਨ ਕਰਾ ਜੋ ਕਹੇ ਰਹੀਲਾ॥ਤਾ ਕੇ ਤਨ ਦੁਖ ਲਾਗੇ ਹੀਲਾ॥
ਢਾਹ ਤਹਾ ਪੁਨ ਨਗਰ ਬਸਾਇਆ॥ਸ੍ਰੀ ਹਰਿਗੋਬਿੰਦਪੁਰ ਨਾਮੁ ਰਖਾਇਆ॥੧੫॥
ਸਤਗੁਰ ਸੰਤ ਸੌ ਬੈਰ ਕਮਾਵੈ॥ਤਿਹੂ ਲੋਕ ਮੈ ਅਪਜਸ[6] ਪਾਵੈ॥
ਈਹਾਂ ਊਹਾਂ ਘਰ ਤਾ ਕੇ ਗਿਰੇ॥ਪਾਇਕੁ ਮਿਰਤੁ ਨਰਕ ਮੋ ਪਰੇ॥੧੬॥

---

[1] ਪਰਵਿਰਤ ਤੇ (ਅ)
[2] ਇੱਥੇ 'ਬੇ ਮੂਜਬ ਹਕ ਪ੍ਰਸਤ ਦੁਖ.... ਗੁਨਾਹੁ ਤੁਮਰਾ ਕੀਨਾ॥੭॥' ਵਾਲੀ ਪੰਕਤੀ ॥੮॥ ਅੰਕ ਤੋਂ ਬਾਅਦ ਵਿਚ ਹੈ (ੳ,ਅ)
[3] ਜਬ (ਅ)
[4] ਅਹਾ (ਅ)
[5] ਢਹਾ (ਅ)
[6] ਅਬਜਸ (ਅ)

294/ਅ

॥ ਦੋ/ਹਰਾ ॥

ਚੰਦੂ ਪਤਤਿ ਕੋ ਨਾਸ ਕਰ ਗੁਬਿੰਦਵਾਲ ਪੁਨ ਆਇ॥
ਕਛਕ ਟਕਾ ਬਾਦਸਾਹ ਕੋ ਸਤਿਗੁਰ ਦੀਆ ਪਠਾਇ॥੧੭॥

॥ ਚੌਪਈ ॥

ਸ੍ਰੀ ਸਤਿਗੁਰ ਮਨ ਮੰਤ ਬਿਚਾਰਾ॥ਗੁਬਿੰਦਵਾਲ ਸਤਿਗੁਰ ਕੋ ਦੁਆਰਾ॥
ਜੋ ਈਹਾ ਜੁਧ ਤੁਰਕ ਸੋ ਹੋਇ॥ਗੁਰ ਕੁਲ ਕਸਟ ਪਾਵੈ ਸਭ ਕੋਇ॥੧੮॥
ਇਨ ਸੌ ਨਿਆਰਾ ਕੀਜੈ ਧਾਮ॥ਤਬ ਨਿਹਸੰਕ[1] ਕਰੌ ਸੰਗ੍ਰਾਮ॥
ਰਾਮਦਾਸ ਪੁਰ ਸਤਗੁਰ ਗਏ॥ਬਸੋ ਬਾਸ ਕਰਤ ਤਹਾ ਭਏ॥੧੯॥
ਜਹਾ ਦਿਆਲ ਗੁਰ ਕੀਨਾ ਬਾਸਾ॥ਰਿਧ ਸਿਧ ਤਹਾ ਪਰਮ ਬਿਲਾਸਾ॥
ਅਖੇੜ ਬਿਰਤ ਲੀਲਾ ਸਦ ਹੋਇ॥ਅਦਭੁਤ ਚਲਤ ਲਖੇ ਨਹੀ ਕੋਇ॥੨੦॥
ਸਭ ਸੰਗਤ ਦਰਸਨ ਨਿਤ ਆਵੈ॥ਦਰਸ ਪ੍ਰਤਾਪ ਮਨ ਚਿੰਦੇ ਪਾਵੈ॥
ਜੋ ਦੁਸਟ ਭਾਉ ਮਨ ਸਤਗੁਰ ਦੇਖੇ॥ਅਤ ਭੈ ਸਤ੍ਰ ਸੰਘਾਰਨ ਪੇਖੇ॥੨੧॥

॥ ਦੋਹਰਾ ॥

ਹਰਨ ਭਰਨ ਕਾਰਨ ਕਰਨ ਕੇਵਲ ਗਿਆਨ ਸੁਹਿਰਦ॥
ਅਤ ਸੁੰਦਰ ਸੋਭਾ ਅਮਿਤ ਪ੍ਰਨ ਪਾਲਨ ਰਾਖਨ ਬਿਰਦ॥੨੨॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੧੪੫॥

[1] ਨਿਹਸੰਗ (ਅ,ੲ)

[ਸਾਖੀ ਗੁਰੂ ਸਾਹਿਬ ਜੀ ਵੱਲੋਂ ਬਾਦਸਾਹ ਨੂੰ ਪਰਮ ਚਰਿਤ੍ਰ ਵਿਖਾਉਣਾ]

॥ਦੋਹਰਾ॥

ਜਿਉ ਨਟੂਆ ਬਾਜੀ ਰਚੇ ਸਗਲ ਦਿਖਾਵੈ ਭਾਇ॥
ਕਲਾਤਾਰ ਕਰ ਮੋ ਧਰੇ ਜਿਉ ਭਾਵੈ ਤਿਵੈ ਨਚਾਇ॥੧॥

॥ਚੌਪਈ॥

295/ੳ ਐਸੇ ਸਤਿਗੁ/ਰ ਖੇਲ ਪਸਾਰਾ॥ਕਲਾ ਸੂਤ ਅਪਨੇ ਕਰ ਧਾਰਾ॥
ਸਭ ਘਟ ਪੂਰਨ ਖੇਲ ਖਿਲਾਵੈ॥ਨਿਜਿ ਇਛਿਆ ਪ੍ਰੇਰੇ ਤਿਵੈ ਚਲਾਵੈ॥੨॥
ਭਇਆ ਬਾਦਸਾਹ ਆਗਰੇ ਜਾਨਾ॥ਸਭ ਲੋਗਨ ਕੋ ਆਖ ਬਖਾਨਾ॥
ਵਾਸਲ ਬਾਕੀ ਮੁਲਕ ਕਰੀਜੈ[1]॥ਜਹਾ ਬਾਕੀ ਹੋਇ ਤਹਾ ਲੀਜੈ॥੩॥
ਤਿਨੌ ਵਾਸਲ ਬਾਕੀ ਸਭ ਕੀਨਾ॥ਸਤਗੁਰ ਨਾਮ ਬਾਕੀ ਲਿਖ ਦੀਨਾ॥
ਸੁਨ ਬਾਦਸਾਹੁ ਲਿਖ ਮਾਂਗ ਪਠਾਏ॥ਤਬ ਸਤਗੁਰ ਲਹੌਰ ਪੁਨ ਆਏ॥੪॥
ਅਦਭੁਤ ਜਮਾਲ ਤੇਜ ਤਨ ਬਿਰਾਜੈ॥ਦੇਖਤ ਸਾਹ ਵਜੀਰ ਮਨ ਲਾਜੈ॥
ਤੁਰੰਗ ਅਰਾਕੀ ਪਰ ਅਸਵਾਰ॥ਭੂਖਨ ਰਤਨ ਸਸਤ੍ਰ ਝਲਕਾਰ॥੫॥

॥ਦੋਹਰਾ॥

ਜਹਾਂਗੀਰ ਉਮਰਾਇ ਸਭ ਦੇਖਤ ਭਏ ਬਿਸਮਾਦ॥
ਕੋ ਸਮਸਰ ਤਾ ਕੇ ਜਗਤ ਜਾ ਕੋ ਅੰਤ ਨ ਆਦ॥੬॥

॥ਤੋਮਰ ਛੰਦ॥

ਬਾਦਸਾਹ ਦੇਖ ਰਿਸਾਇ॥ਕਛੁ ਬਾਤ ਕਹੀ ਨ ਜਾਇ॥
ਬਾਕੀ ਤਲਬ ਪੁਨ ਕੀਨ॥ਸਤਗੁਰ ਜਬਾਬ ਸੁ ਦੀਨ॥੭॥
ਹਮ ਪਾਸ ਪੈਸਾ ਕਹਾ॥[2]
ਸੁਨ ਸਾਹ ਭਏ ਬਿਜਾਰ॥ਚੌਕੀ ਪਠਾਈ ਦੁਆਰ॥੮॥
ਦੇਵੋ ਨ ਬਾਕੀ ਮੋਰ॥ਤਬ ਲਗ ਰਹੋ ਲਾਹੋਰ॥
ਆਨੰਦ ਸੋ ਪ੍ਰਭ ਰਹੇ॥ਕਛੁ ਹਰਖ ਸੋਗ ਨ ਗਹੇ॥੯॥
ਕੇਤੇਕ ਦਿਨ ਗਏ ਬੀਤ॥ਬਾਦਸਾਹ ਕੀਨਾ ਚੀਤ॥
ਲੀਨਾ ਵਜੀਰ ਬੁਲਾਇ॥ਤਾ ਸੋ ਕਹਾ ਸਮਝਾਇ॥੧੦॥

॥ਦੋਹਰਾ॥

ਸਭ ਮਿਲ ਅਰਕ ਮਸਲਤ ਕਰੀ ਕੀਨੀ ਅਰਜ ਵਜੀਰ॥
ਬੰਦ ਬਸਤ ਸਭ ਮੁਲਕ ਮੋ ਅਬ ਕੀਜੈ ਯਹ ਤਤਬੀਰ॥੧੧॥

॥ਚੌਪਈ॥

ਮੁਲਕ ਸਗਲ ਤਾਬੈ ਸਰਕਾਰ॥ਗੁਰ ਹਰਿਗੋਬਿੰਦ ਬਲੀ ਬਰਿਆਰ॥
ਬਹੁਤ ਮੁਰੀਦ ਦੇਖਨ ਕੌ ਆਵੈਂ॥ਯਹ ਚਾਹੈ ਤੌ ਦੂੰਦ ਉਠਾਵੈ॥੧੨॥
295/ਅ /ਤਾ ਤੇ ਇਨ ਪਰ ਚੌਕੀ ਜੈ[3]॥ਇਨ ਕੋ ਅਪਨੇ ਸੰਗ ਰਖੀਜੈ॥
ਸੁਨ ਬਾਦਸਾਹ ਮਸਲਤ ਮਨ ਮਾਨੀ॥ਕਰ ਚੌਕੀ ਤਾਗੀਦ ਬਖਾਨੀ॥੧੩॥
ਕਰਾ ਕੂਚ ਦਿਲੀ ਮੋ ਗਏ॥ਪੁਨਿ ਸਿਖ ਸੰਗਤ ਸਭ ਆਵਤ ਭਏ॥
ਦੇਖ ਮਹਿਮਾ ਸਤਿਗੁਰ ਪ੍ਰਤਾਪੁ॥ਦੁਸਟ ਬਿਆਪੇ ਜੂੜੀ ਤਾਪੁ॥੧੪॥
ਲਗਾ ਸਤਿਗੁਰ ਕੇ ਸਚੁ ਦੀਬਾਨ॥ਦਰਸਨ ਆਵੈ ਸਗਲ ਜਹਾਨ॥
ਸਚੇ ਪਾਤਸਾਹ ਜਗ ਕਹੇ॥ਸਜਨ ਸੁਖੀ ਦੁਸਟਨ ਮਨ ਦਹੇ॥੧੫॥

॥ਦੋਹਰਾ॥

ਜਹਾਗੀਰ ਗਏ ਆਗਰੇ ਕੀਨਾ ਤਹਾ ਮੁਕਾਮ॥
ਸਤਿਗੁਰ ਸੰਗ ਤਹਾਂ ਗਏ ਸੰਗਤਿ ਕੇ ਅਭਿਰਾਮ॥੧੬॥

---

[1] ਕੀ ਕੀਜੈ (ਅ)
[2] ਹਮ ਪਾਸ ਪੈਸਾ ਕਹਾ॥ਲੀਜੈ ਜੁ ਪਾਵੋ ਜਹਾ॥ (ੳ,ਅ,ੲ)
[3] ਕੀਜੈ (ੳ,ਅ,ੲ,ਸ)

॥ ਚੌਪਈ॥

ਭਏ ਪਾਤਸਾਹ ਦਾਖਲ ਗੜ ਮਾਹ॥ ਸਤਿਗੁਰ ਜੀ ਕੀਨਾ ਡੇਰਾ ਤਹਾ[1]॥
ਸਭ ਸੰਗਤ ਸਿਖ ਦਰਸਨ ਕੋ ਆਵੈ॥ ਕਹਿ ਸਚੇ ਪਾਤਸਾਹ ਗੁਨ ਗਾਵੈ॥੧੭॥
ਸੁਨ ਜਹਾਗੀਰ ਮਨ ਮਾਹਿ ਰਿਸਾਵੈ॥[2]
ਇਕ ਦਿਨ ਸਤਿਗੁਰ ਗਏ ਸਿਕਾਰ॥ ਚੌਕੀ ਸੰਗ ਫੌਜ ਅਸਵਾਰ॥੧੮॥
ਘੋੜਾ ਉਠਾਇ ਨਿਕਸ ਪ੍ਰਭ ਗਏ॥ ਕੋਊ ਸਾਥ ਨ ਪਹੁਚਤ ਭਏ॥
ਕਰ ਲੀਲਾ ਸਤਿਗੁਰ ਜੀ ਆਏ॥ ਸਭ ਢੂਢ ਰਹੇ ਕਹੂੰ ਨਜਰ ਨ ਪਾਏ॥੧੯॥
ਪੁਨ ਆਏ ਡੇਰੇ ਸਤਿਗੁਰ ਦੇਖੇ॥ ਮਿਟਆ ਭੈ ਜੀਵਨ ਕਰ ਲੇਖੇ॥
ਕਹੇ ਬਾਦਸਾਹ ਸੌ ਮਿਲ ਸਭ ਜਾਇ॥ ਹਮ ਸੌ ਯਹ ਚੌਕੀ ਹੋਵਤ ਨਾਹਿ॥੨੦॥

॥ ਦੋਹਰਾ॥

ਤਿਨ ਕਰੀ ਅਰਜ ਬਾਦਸਾਹ ਸੌ ਹਮ ਰਹੈ ਨ ਚੌਕੀ ਆਜ॥
ਯਹ ਨਿਕਸ ਜਾਇ ਹਥ ਨ ਲਗੇ ਹਮਰਾ ਮਰਨ ਅਕਾਜ॥੨੧॥

॥ ਚੌਪਈ॥

ਯਹ ਸਚੇ ਪਾਤਸਾਹ ਕਹਲਾਵੈ॥ ਸਭ ਜਗ ਇਨ ਕੋ ਪੂਜਨ ਆਵੈ॥
296/ੳ ਜਬ ਹੋਇ ਸਵਾਰ ਬਾਹਰ ਕ/ਹੂੰ ਜਾਵੈ॥ ਹਮ ਢੂਢ ਫਿਰੈ ਕਹੂ ਠਉਰ ਨ ਪਾਵੈ॥੨੨॥
ਇਹੀ ਖੋਫ ਮਨ ਹਮਰੇ ਅਹੇ॥ ਹਮ ਇਨ ਕੀ ਚੌਕੀ ਨਹੀ ਰਹੈ॥
ਤਬ ਬਾਦਸਾਹ ਵਜੀਰ ਬੁਲਾਇਆ॥ ਕਰੀ ਸਲਾਹ ਮਸਲਤ ਪੂਛਾਇਆ॥੨੩॥
ਕਰ ਮਸਲਤ ਮਨ ਕਹਾ ਵਜੀਰ॥ ਬਿਨ ਯਹ ਅਵਰ ਨਹੀ ਤਤਬੀਰ॥
ਗੁਰੂ ਰਹੇ ਗੁਆਲੇਰ ਗੜ ਮਾਹ॥ ਜਹਾ ਪੈਠ ਨਿਕਸ ਕਾਹੂ ਕੀ ਨਾਹ॥੨੪॥
ਬਾਦਸਾਹ ਮਸਲਤ ਮਨ ਭਇਆ॥ ਸਤਿਗੁਰ ਜੀ ਗੁਆਲੇਰ ਪਠਾਇਆ॥
ਰਹੇ ਦਿਆਲ ਗੁਆਲੇਰ ਗੜ ਮਾਹੀ॥ ਹਰਖ ਸੋਗ ਕਛੁ ਬਿਆਪੈ ਨਾਹੀ॥੨੫॥
ਬਡੇ ਲੋਕ ਬੰਦ ਤਹ ਰਹੈ॥ ਸਤਗੁਰ ਪਾਸ ਆਨ ਸਭ ਬਹੈ॥
ਜਬ ਲਗ ਦਰਸਨ ਪ੍ਰਭ ਕਾ ਕਰੈ॥ ਚਿੰਤਾ ਸੋਕ ਦੇਖਤ ਪਰਹਰੈ॥੨੬॥

॥ ਦੋਹਰਾ॥

ਸਿਖ ਸੰਗੀ ਸਤਿਗੁਰੂ ਕੇ ਜੋ ਰਹੈ ਸਦਾ ਪ੍ਰਭ ਸਾਥ॥
ਦੇਖਤ ਬੰਦ ਵਿਆਕਲ ਭਏ ਜੋੜ ਖੜੇ ਸਭ ਹਾਥ॥੨੭॥

॥ ਚੌਪਈ॥

ਹੇ ਸਤਗੁਰ ਹਮਰੀ ਅਰਦਾਸ॥ ਹਮ ਸਦਾ ਰਹੇ ਚਰਨਨ ਕੇ ਪਾਸ॥
ਅਬ ਬੰਦ ਗੁਆਲੇਰ ਗੜ ਮੋ ਹਮ ਆਏ[3]॥ ਯਾ ਤੇ ਨਿਕਸ ਨ ਕੋਊ ਜਾਏ॥੨੮॥
ਸਗਲ ਜਗਤ ਹੋਵੈ ਅਬ ਹਾਸੀ॥ ਪੜੇ ਬੰਦ ਸਤਿਗੁਰ ਅਬਿਨਾਸੀ॥
ਜਾ ਕਾ ਨਾਮ ਲੀਏ ਭਉ ਮਿਟੇ॥ ਜਮ ਕੰਕਰ ਸੌ ਪ੍ਰਾਨੀ ਛੁਟੈ॥੨੯॥
ਸੋ ਰਹੇ ਗੁਆਲੇਰ ਗੜ ਮਾਹਿ॥ ਕਛੁ ਹਰਖ ਸੋਕ ਸਤਿਗੁਰ ਕੇ ਨਾਹਿ॥
ਸਿਖ ਸੰਗਤ ਕੀ ਛੁਟੈ ਪ੍ਰਤੀਤ॥ ਛੂਛੀ ਹੋਇ ਭਗਤ ਕੀ ਰੀਤ॥੩੦॥
ਹੇ ਪ੍ਰਭ ਦੀਨ ਦਿਆਲ ਸੁਖ ਰਾਸ॥ ਸੁਨ ਲੀਜੈ ਹਮਰੀ ਅਰਦਾਸ॥
ਕਛੁ ਬਾਦਸਾਹ ਪ੍ਰਤਗਿਆ ਦੀਜੈ॥ ਦ੍ਰਿੜ ਹੋਇ ਬੁਧ ਮਨ ਸਾਂਤ ਪਤੀਜੈ॥੩੧॥

॥ ਦੋਹਰਾ॥

ਸੁਨਿ ਬਿਨਤੀ ਸਤਿਗੁਰ ਦਿਆਲ ਮੁਖ ਹਾਸ ਬਚਨ ਇਮ ਕੀਨ॥
ਕਰੋ ਸੰਤੋਖ ਦ੍ਰਿੜ ਮਤ ਰਹੋ ਸਭ ਕਛੁ ਹਰਿ ਆਧੀਨ॥੩੨॥

296/ਅ ॥ ਚੌਪ/ਈ॥

ਸੁਨ ਬਚਨ ਸਿਖ ਮਨ ਭਈ ਪ੍ਰਤੀਤ॥ ਮੁਸਕਾਇ ਬਚਨ ਕਹਿਆ ਸਤਿਗੁਰ ਮੀਤ॥
ਨਿਸ ਬਾਤਸਾਹ[4] ਮਹਲ ਮੋ ਗਏ॥ ਖਾਬਗਾਹ ਮੋ ਸੋਵਤ ਭਏ॥੩੩॥

---

[1] ਤਾਹ (ੳ,ਅ,ਸ)

[2] ਸੁਨ ਜਹਾਗੀਰ ਮਨ ਮਾਹਿ ਰਿਸਾਵੈ॥ ਜਤਨ ਕਰੈ ਕਛੁ ਹਾਥ ਨ ਆਵੈ॥ (ੳ,ੲ), ਸੁਨ ਜਹਾਗੀਰ ਮਨ ਮਾਹਿ ਰਿਸਾਵੈ॥ ਕਹਿ ਸਚੇ ਪਾਤਿਸਾਹ ਗੁਨ ਗਾਵੈ॥ (ਅ)

[3] ਆਹੇ (ਅ)

[4] ਬਾਦਸਾਹ (ੳ,ਅ,ੲ,ਸ)

ਪਲੰਘ ਸਮੇਤ ਕਰ ਉਲਟ ਪਛਾਰਾ॥ ਡੂਬੇ ਹੋਜ ਮੌ ਸੁਰਤ ਸਮਾਰਾ॥
ਲਗੀ ਜਰਬ ਖੌਫ ਬਹੁ ਖਾਇਆ॥ ਤਸਬੀ ਫੇਰਤ ਨਿਸ ਬੀਤਾਇਆ॥੩੪॥
ਭਈ ਸਭੋਰ[1] ਵਜੀਰ ਬੁਲਾਇਆ॥ ਨਿਸ ਬ੍ਰਿਤੰਤ ਸਭ ਕਹਾ ਬੁਝਾਇਆ॥
ਕਛੁ ਕਰੋ ਫਿਕਰ ਯਹ ਕਵਨ ਸਬਬੁ॥ ਕਛੁ ਬੂਝ ਨ ਪਰੇ ਜਾਨੇ ਸਭ ਰਬੁ॥੩੫॥
ਸਭਹਨ ਮਿਲ ਯਹ ਕਹਾ ਸਲਾਹ॥ ਕੋਊ ਨਹੀ ਗਾਲਬ ਊਪਰ ਬਦਸਾਹ॥
ਕੋਊ ਬਡਾ ਕਮਾਲ ਫਕੀਰ ਖੁਦਾਇ॥ ਤਾ ਤੇ ਇਹ ਪਰਤਗਿਆ ਪਾਇ॥੩੬॥

॥ਦੋਹਰਾ॥

ਜਹ ਜਹ ਬਸੇ ਫਕੀਰ ਸਭ ਲੀਨੀ ਖਬਰ ਸੰਭਾਰ॥
ਗੁਰੂ ਹਰਿਗੋਬਿੰਦ ਗੁਆਲੇਰ ਮੋ ਜਾਨੀ ਭਏ ਬਿਜਾਰ॥੩੭॥

॥ਚੌਪਈ॥

ਮਿਲ ਵਜੀਰ ਅਰਜ ਸਭ ਕੀਨਾ॥ ਹੇ ਹਜਰਤ ਬਾਦਸਾਹ ਪਰਬੀਨਾ॥
ਮੁਲਕ ਮੋ ਵਲੀ ਫਕਰ ਸਭ ਰਾਜੀ॥ ਕਾਹੂ ਕੀ ਨਾਹੀ ਅਤਿਰਾਜੀ॥੩੮॥
ਗੁਰੂ ਹਰਿਗੁਬਿੰਦ ਗੁਆਲੇਰ ਪਠਾਏ॥ ਤਾ ਕੀ ਬਾਤ ਲਖੀ ਨਹ ਜਾਏ॥
ਸੁਨ ਬਾਦਸਾਹ ਸਤ ਕਰ ਮਾਨੀ॥ ਵੈ ਨਾਨਕ ਕੋ ਘਰ ਨਹੀ ਜਗ ਸਾਨੀ॥੩੯॥
ਮੋ ਸੋ ਭਈ ਬਡੀ ਤਕਸੀਰ॥ ਬੇ ਮੂਜਬ ਦੁਖ ਦੀਆ ਫਕੀਰ॥
ਦੁਖੇ ਫਕੀਰ ਰਬ ਨਹੀ ਰਾਜੀ॥ ਤਹਕੀਕ ਭਈ ਉਨਕੀ ਐਤਰਾਜੀ॥੪੦॥
ਜਬ ਜਹਾਂਗੀਰ ਲਿਖ ਬਿਨੇ ਪਠਾਇਆ॥ ਤੁਰਤ ਪੈਕ ਸਤਿਗੁਰ ਪਹਿ ਆਇਆ॥
ਗੜ ਗੁਆਲੇਰ ਸੌ ਬਾਹਰ ਅਈਐ॥ ਜਹਾ ਮਰਜੀ ਹੋਇ ਤਹਾ ਹੀ ਰਹੀਐ॥੪੧॥

॥ਦੋਹਰਾ॥

ਜਬ ਆਇ ਪੈਕ ਦੀਨਾ ਲਿਖਾ ਅਰੁ ਬਿਨਤੀ ਬਹੁ ਕੀਨ॥
297/ੳ ਦੇਖਿ ਸਿਖ ਬਿਗ/ਸਤ ਭਏ ਜੈ ਜੈ ਪ੍ਰਭ ਪ੍ਰਬੀਨ॥੪੨॥

॥ਚੌਪਈ॥

ਜਬ ਸਤਿਗੁਰ ਗੜ ਸੋ ਭਏ ਤਯਾਰ॥ ਸਭ ਬੰਦੀਖਾਨੇ ਕਰੀ ਪੁਕਾਰ॥
ਸਤਿਗੁਰ ਚਰਨ ਕੀ ਹਮਰੇ ਆਸ॥ ਛੋਡ ਜਾਹੁ ਤੋ ਜਨਮ ਨਿਰਾਸ॥੪੩॥
ਸੁਨ ਬਿਨੇ[2] ਦਿਆਲ ਗੁਰ ਬਿਰਦ ਸਮਾਰਾ॥ ਯਹ ਤੋ ਹੈ ਬਡ ਪਰਉਪਕਾਰਾ॥
ਤਬ ਦੀਨ[3] ਦਿਆਲ ਪ੍ਰਭ ਲਿਖਾ ਜਵਾਬ॥ ਬਾਦਸਾਹ ਸੋ ਕਹੋ ਸਿਤਾਬ॥੪੪॥
ਜੋ ਬੰਦੀਖਾਨਾ ਸਗਲ ਛਡਾਵੈ॥ ਤਬ ਹਮ ਗੜ ਸੌ ਬਾਹਰ ਆਵੈ॥
ਜਹਾਗੀਰ ਮਰਜੀ ਗੁਰ ਜਾਨੀ॥ ਲਿਖ ਜਬਾਬ ਸਰਤ ਯਹ ਠਾਨੀ॥੪੫॥
ਜੋ ਦਾਮਨ ਪਕੜ ਗੁਰ ਬਾਹਰ ਆਵੈ॥ ਸੋ ਭਏ ਖਲਾਸ ਅਪਨੇ ਘਰ ਜਾਵੈ॥
ਜਬ ਆਇ ਜਬਾਬ ਪੈਕ ਇਹ ਕੀਨਾ॥ ਤਬ ਸਤਗੁਰ ਜੀ ਆਗਿਆ ਕੀਨਾ॥੪੬॥

॥ਦੋਹਰਾ॥

ਜਾਮਾ ਕਰੋ ਤਯਾਰ ਅਬ ਏਕ ਸੌ ਇਕ ਹੋਇ ਪਾਟ॥
ਨਿਕਸੇ ਸਭ ਦਾਮਨ ਪਕੜ ਕੀਆ ਕੀਆ ਬੰਦ ਛੁਟਾਵਨ ਘਾਟ॥੪੭॥

॥ਚੌਪਈ॥

ਜਾਮਾ ਪਹਰ ਬਚਨ ਗੁਰ ਕਹਾ॥ ਆਇ ਸਭਨ ਦਾਮਨ ਗੁਰ ਗਹਾ॥
ਸਭ ਬੰਦੀਖਾਨਾ ਦਾਮਨ ਲਾਗਾ॥ ਜਾਗੇ ਮਸਤਕ ਭਾਗ ਸਭਾਗਾ॥
ਕੋਊ ਦੋਇ ਰਾਜੇ ਬਾਕੀ ਰਹ ਗਏ॥ ਗੁਰ ਦਾਮਨ ਪਕੜਨ ਠੌਰ ਨ ਪਏ॥
ਤਬ ਬਚਨ ਭਇਆ ਦੁਇ ਬੰਦ ਸਿਵਾਵੋ॥ ਗਿਰੇਵਾਨ ਇਨਕੋ ਪਕੜਾਵੋ॥੪੯॥
ਦੋਨੋ ਬੰਦ ਦੋਊ ਨ੍ਰਿਪ ਲਾਗੇ॥ ਪੂਰਬ ਭਾਗ ਉਦੇ ਭਏ ਆਗੇ॥
ਗੁਰ ਦਾਮਨ ਲਾਗ ਬਾਹਰ ਸਭ ਆਏ॥ ਜਿਉ ਨਰਕੋ ਜੀਵ ਸਭ ਜਨਕ ਛਡਾਏ॥੫੦॥
ਜਿਉ ਪੁਹਪ ਬਿਬਾਨ ਹਰਿ ਸੈਨ ਚੜਾਈ॥ ਬਿਨ ਪ੍ਰਆਸ ਅਉਧ ਦਿਖਲਾਈ॥

---

[1] ਭਈ ਭੋਰ ਵਜੀਰ ਬੁਲਾਇ॥ ਨਿਸ ਬ੍ਰਿਤੰਤ ਸਭ ਕਹਾ ਬੁਝਾਇ॥ (ੳ,ਅ,ੲ)
[2] ਸੁਨ ਬਾਦਸ਼ਾਹ (ਸ)
[3] ਤਬ ਸੁਨ (ਸ)

ਇਸ ਕਾਰਨ ਸਤਗੁਰ ਈਹਾ ਆਇਯੋ[1] ॥ ਗੜ ਗੁਆਲੇਰ ਕੀ ਬੰਦ ਛਡਾਯੋ[2] ॥੫੧॥

297/ਅ /॥ **ਦੋਹਰਾ** ॥

ਸਭ ਅਪਨੇ ਅਪਨੇ ਘਰ ਗਏ ਕਰ ਸਤਿਗੁਰ ਕਾ ਜੈਕਾਰ॥
ਪੁਨ ਨਗਰ ਆਗਰੇ ਆਇ ਕੇ ਉਤਰੇ ਬਾਗ ਮੰਝਾਰ॥

॥ **ਸਾਖੀ ਪੂਰਨ ਹੋਈ** ॥ **੧੪੬** ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---
[1] ਆਏ (ੳ,ਅ)
[2] ਛਡਾਏ (ੳ,ਅ)

[ਸਾਖੀ ਸ੍ਰੀ ਸਤਿਗੁਰੂ ਜੀ ਦਾ ਜਹਾਗੀਰ ਤੋਂ ਬਿਦਾ ਹੋ ਕੇ ਅੰਮ੍ਰਿਤਸਰ ਆਉਣਾ]

॥ਦੋਹਰਾ॥

ਭਈ ਖਬਰ ਬਾਦਸਾਹ ਕੋ ਗੁਰੂ ਆਏ ਬਾਗ ਮੰਝਾਰ॥
ਸਤਿਗੁਰ ਸੋ ਮਿਲਨਾ ਕੀਆ ਅਤ ਭਇਆ ਆਦਰ ਧਾਰ॥੧॥

॥ਚੌਪਈ॥

ਮੁਲਾਕਾਤ ਕੀਨੀ ਜਹਾਗੀਰ॥ਜਾਨੇ ਪੂਰੇ ਕਾਮਲ ਪੀਰ॥
ਦੇਖ ਜਮਾਲ ਗੁਰ ਕਾ ਛਕ ਰਹਾ॥ਕਛੂ ਬ੍ਰਿਤੰਤ ਮੁਖ ਸੋ ਨਹੀ ਕਹਾ॥੨॥
ਪੁਨ ਪ੍ਰੀਤ ਭਾਇ ਜਿਕਰ ਯਹ ਚਲਾ[1]॥ਇਹ ਸਗ ਲੋਕ[2] ਮਾਨੈ ਨਹੀ ਭਲਾ॥
ਜਗ ਸਚੇ ਪਾਤਸਾਹ ਤੁਮ ਭਾਖੇ॥ਵੈ ਸੁਨ ਕਰਿ ਹੁਜਤ ਮੋ ਪਰ ਰਾਖੇ॥੩॥
ਜਹਾ ਮਰਜੀ ਹੋਇ ਤਹਾ ਹੀ ਰਹੀਐ॥ਜਹਾ ਹੋਵੈ ਖੁਸੀ ਤਹਾ ਹੀ ਜਈਐ॥
ਸਾਚੇ ਪਾਤਸਾਹ ਨ ਕਹਾਵੋ॥ਅਹਲ ਸਰਾ ਸੋ ਮੋਹ ਛਡਾਵੋ॥੪॥
ਤਬ ਸਤਗੁਰ ਜੀ ਬੋਲੇ ਮੁਖ ਬਾਤ॥ਹਮ ਕਾਹੂ ਕੋ ਕਛੁ ਕਹਨ ਨ ਜਾਤ॥
ਅਪਨੇ ਆਪ ਲੋਕ ਸਭ ਕਹੇ॥ਕਰ ਦੀਜੈ ਮਨਹਿ ਕੀਏ ਜੋ ਰਹੇ[3]॥੫॥

॥ਦੋਹਰਾ॥

ਲੇ ਮਰਜੀ ਜਹਾਗੀਰ ਨੇ ਮਨਾਦੀ ਦਈ ਫਿਰਾਇ॥
ਗੁਰੂ ਹਰਿਗੋਬਿੰਦ ਕੋਊ ਨਾ ਕਹੈ ਜਗ ਸਚੇ ਪਾਤਸਾਹ॥੬॥

॥ਚੌਪਈ॥

ਪੁਨ ਇਕ ਦਿਨ ਬਾਦਸਾਹ ਮਨ ਆਈ॥ਸਤਗੁਰ ਜੀ ਸੌ ਆਖ ਪਠਾਈ॥
ਹਮ ਤੁਮ ਮਿਲ ਬਨ ਚਲੈ ਸਿਕਾਰ॥ਕਰੇ ਸੇਰ ਬਨ ਮਾਹਿ ਬਿਹਾਰ॥੭॥
298/ੳ ਤਬ ਜਹਾਗੀਰ ਸਿਕਾਰ ਕੋ ਚਲੇ॥ਹੋ/ਇ ਅਸਵਾਰ ਸਤਿਗੁਰ ਤਿਨ ਮਿਲੇ॥
ਆਖੇੜ ਬਿਰਤ ਬਨ ਕੀਆ ਬਿਹਾਰ॥ਰਵਿ ਤੇਜ ਉਸਨ ਕੀਨਾ ਅਧਕਾਰ॥੮॥
ਰਵਿ ਤਪਤ ਤੇਜ ਸਹਿਆ ਨਹੀ ਜਾਏ॥ਤਬ ਤਜਿ ਸਿਕਾਰ ਬਿਰਛ ਤਲ ਆਏ॥
ਏਕ ਬਿਰਛ ਤਲੇ ਬੈਠੇ ਜਹਾਗੀਰ॥ਇਕ ਨਿਕਟਿ ਬਿਰਛ ਬੈਠੇ ਗੁਰ ਧੀਰ॥੯॥
ਇਕ ਛੀਲਤ ਘਾਸ ਤਹਾ ਘਸਿਆਰਾ[4]॥ਤਿਨ ਜਹਾਗੀਰ ਕੌ ਦੇਖ ਬਿਚਾਰਾ॥
ਯਹ ਮੇਰਾ ਗੁਰੂ ਸਿਕਾਰ ਬਨ ਆਇਆ॥ਧੰਨ ਭਾਗ ਮੈ ਦਰਸਨ ਪਾਇਆ॥੧੦॥

॥ਦੋਹਰਾ॥

ਤਿਨ ਏਕ ਟਕਾ ਅਰਦਾਸ ਧਰ ਮਥਾ ਟੇਕਾ ਜਾਇ॥
ਹੇ ਸਤਿਗੁਰ ਸਚੇ ਪਾਤਸਾਹ ਮੋਹਿ ਹੋਨਾ ਅੰਤ ਸਹਾਇ॥੧੧॥

॥ਚੌਪਈ॥

ਬਾਦਸਾਹ ਇਸ ਦੇਖ ਸੁਕਚਾਨਾ॥ਇਨ ਮੋਹਿ ਸਚਾ ਗੁਰੂ ਬਖਾਨਾ॥
ਮੋਹਿ ਮੌਲਾ ਦੀਨੀ ਬਦਸਾਹੀ॥ਗੁਰੂ ਹਰਿਗੋਬਿੰਦ ਕੋ ਦਈ ਗੁਰਾਈ॥੧੨॥
ਕਾਹੂ ਕੋ ਕੀਨਾ ਪਾਤਸਾਹੁ॥ਕਾਹੂ ਕੋ ਕੀਆ ਸਚਾ ਪਾਤਸਾਹੁ॥
ਆਪ ਰਬ ਜਿਸ ਦਈ ਬਡਾਈ॥ਕੋ ਕਰੇ ਬਖੀਲੀ ਘਟਿ ਨਹੀ ਜਾਈ॥੧੩॥
ਸਭ ਮਜਲਸ ਮੋ ਜਹਾਗੀਰ ਬਖਾਨਾ॥ਯਹ ਸਭਹਨ ਸੁਨਾ ਸਭਹਨ ਪਹਚਾਨਾ॥
ਵਹੁ ਬੈਠਾ ਤੇਰਾ ਗੁਰੂ ਦਿਖਾਇ॥ਜਾ ਕੋ ਕਹੇ ਸਚੇ ਪਾਤਸਾਹੁ॥੧੪॥
ਬੰਦੇ ਕੌ ਯਹ ਕਹਨ ਗੁਨਾਹੁ॥ਮੈ ਨਾਹੀ ਸਚਾ ਪਾਤਸਾਹੁ॥[5]
ਤਬ ਵਹ ਸਿਖ ਸਤਿਗੁਰ ਪਹਿ ਗੈਯਾ॥ਧਰ ਅਰਦਾਸ ਚਰਨਨ ਪਰ ਪੈਯਾ॥੧੫॥

---

[1] ਕਲਾ (ਅ)
[2] ਯਹ ਸਰਾ ਲੋਕ (ੳ,ਅ,ੲ), ਇਹ ਸਗਲ ਲੋਕ (ਸ)
[3] ਮਨਹਿ ਇਨ ਕੋ ਜੋ ਰਹੇ (ਅ)
[4] ਇਕ ਖੋੜਤ ਖਾਸ ਸਿਖ ਘਸਿਆਰਾ (ਅ)
[5] ਮੈ ਨਾਹੀ ਸਚਾ ਪਾਤਸਾਹੁ॥ਬੰਦੇ ਕੌ ਯਹ ਕਹਨ ਗੁਨਾਹੁ॥ (ੳ,ੲ)

॥ਦੋਹਰਾ॥
ਸਤਿਗੁਰ ਸਿਖ ਖੁਸੀ ਕਰੀ ਤੁਮ ਅਬ ਭਏ ਨਿਹਾਲ॥
ਦੇਖਤ ਮਜਲਸ ਸਭ ਜਰੀ ਗੁਰ ਮਹਿਮਾ ਮਹਾ ਬਿਸਾਲ॥੧੬॥
॥ਚੌਪਈ॥
ਸਭ ਮਿਲ ਕਹੇ ਹਜਰਤ ਜਹਾਂਗੀਰ॥ਗੁਰ ਹਰਿਗੁਬਿੰਦ ਹਿੰਦੁਅਨ ਕਾ ਪੀਰ॥
298/ਅ ਨਿਜ ਪਾਵਨ ਸਿਜਦਾ ਕਰਵਾਵੈ॥ਸਚੇ ਪਾਤਸਾਹੁ ਨਾਮ ਸਦਾ/ਵੈ॥੧੭॥
ਗੈਰ ਸਰਾ ਇਹ ਬਾਤ ਨ ਭਲੀ॥ਨਹੀ ਕਹਾਵੈਂ ਐਸੇ ਵਲੀ॥
ਤਬ ਬਾਦਸਾਹੁ ਯਿਉ ਕਹਿਓ ਜਬਾਨ॥ਜਿਸ ਦਈ ਬਡਾਈ ਰਬ ਸੁਬਹਾਨ॥੧੮॥
ਕੀਐ ਬਖੀਲੀ ਕਛੂ ਨ ਹੋਇ॥ਮੌਲਾ ਚਾਹੈ ਹੋਵੈ ਸੋਇ॥[1]
ਨਾਨਕ ਕੇ ਘਰ ਕੀ ਕਹੀ ਨ ਜਾਇ॥ਦਈ ਬਡਾਈ ਜਿਨਹਿ ਖੁਦਾਇ॥੧੯॥
ਸੁਨਾ ਸਭਨ ਖਾਮੋਸ ਹੋ ਰਹੇ॥ਬਾਦਸਾਹ ਸਵਾਰ ਪੁਨ ਪਏ॥
ਪੁਨ ਆਏ ਸਤਿਗੁਰ ਨਿਜ ਥਾਨ॥ਜੈ ਜੈਕਾਰ ਸਭ ਜਗਤ ਬਖਾਨ॥੨੦॥
॥ਦੋਹਰਾ॥
ਰੁਖਸਦ ਹੋਇ ਜਹਾਂਗੀਰ ਸੌ ਹੋਇ ਕਮਾਊ ਰਾਜ॥
ਨਾਨਕ ਮਤੇ ਪ੍ਰਾਪਤ ਭਏ ਧਰ ਪਰਗਟ ਸਿਧ ਸਮਾਜ॥੨੧॥
॥ਤੋਮਰ ਛੰਦ॥
ਨਾਨਕ ਮਤੇ ਪ੍ਰਭ ਆਇ॥ਪੂਜਨ ਕੀਆ ਸਤ ਭਾਇ॥
ਬੈਠੇ ਸਿੰਘਾਸਨ ਦਿਆਲ॥ਅਤ ਸਕਤ ਤੇਜ ਬਿਸਾਲ॥੨੨॥
ਜੋਗੀ ਰਹੈ ਬਡ ਪੀਰ॥ਅਤ ਮੰਤ੍ਰ ਜੰਤ੍ਰ ਸੁਧੀਰ॥
ਕਰ ਰਹੇ ਜੁਗਤ ਅਨੇਕ॥ਸਤਗੁਰ ਨ ਬਿਆਪੇ ਏਕ॥੨੩॥
ਭਇਆ ਤ੍ਰਾਸ ਤਿਨਹਿ ਅਪਾਰ॥ਜਿਉ ਸਿੰਘ ਦੇਖ ਸਿਆਰ॥
ਭਾਗੇ ਸਕਲ ਬਨ ਜਾਇ॥ਜਿਉ ਚੋਰ ਰਹੇ ਲੁਕਾਇ॥੨੪॥
ਜੈ ਜੈ ਜਗਤ ਗੁਰਦੇਵ॥ਜੈ ਜੈ ਅਲਖ ਅਭੇਵ॥
ਨਰ ਦੇਹ ਹਰਿ ਗੁਰ ਰੂਪ॥ਅਤਭੁਤ ਚਰਿਤ੍ਰ ਅਨੂਪ॥੨੫॥
॥ਦੋਹਰਾ॥
ਨਾਨਕ ਮਤੇ ਸੋ ਸਤਿਗੁਰੂ ਮਦ੍ਰ ਦੇਸੁ ਪੁਨਿ ਆਇ॥
ਰਾਮਦਾਸ ਪੁਰੇ ਪ੍ਰਾਪਤ ਭਏ ਲੀਲਾ ਲਖੀ ਨ ਜਾਇ॥੨੬॥
॥ਸਾਖੀ ਪੂਰਨ ਹੋਈ॥੧੪੭॥
ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਕੀਐ ਬਖੀਲੀ ਕਛੂ ਨ ਹੋਇ॥ਮੌਲਾ ਚਾਹੈ ਸੋ ਕੁਛ ਸੋਇ॥ (ਅ)

299/ੳ **[ਸਾਖੀ ਗੁਰੂ ਜੀ ਦੀ ਜਹਾਗੀਰ ਬਾਦਸਾਹ ਨਾਲ ਕਸਮੀਰ/ਦੀ ਜਾਤ੍ਰਾ ਤੇ ਜਾਣਾ]**

॥ਦੋਹਰਾ॥

ਆਏ ਪ੍ਰਭ ਰਾਮਦਾਸ ਪੁਰ ਪੂਰਨ ਪਰਮਾ ਅਨੰਦ॥
ਬਿਗਸੇ ਸਿਖ ਦਰਸਨ ਕਰੇ ਜਿਉ ਚਕੋਰ ਮੁਖ ਚੰਦ॥੧॥

॥ਚੌਪਈ॥

ਮਹਾ ਅਨੰਦ ਗੁਰ ਕਰੇ ਬਿਹਾਰ॥ਨਿਤ ਪ੍ਰਿਤ ਹੋਵੈ ਖੇਲ ਸਿਕਾਰ॥
ਪੰਜ ਸਾਹਿਬਜਾਦੇ ਮਹਾ ਉਦਾਰ॥ਸਤਗਰ ਸੋ ਸਦ ਪ੍ਰੇਮ ਬਿਹਾਰ॥
ਸਭ ਸੋ ਬਡੇ ਬਾਬਾ ਗੁਰਦਿਤਾ॥ਮਹਾ ਬੀਰ ਸਤਿਗੁਰ ਮਨ ਮਿਤਾ॥
ਭਗਤ ਰੂਪ ਗੁਰ ਆਗਿਆਕਾਰੀ॥ਗੁਰ ਮੂਰਤ ਹਿਰਦੇ ਸਦ ਧਾਰੀ॥
ਸ੍ਰੀ ਤੇਗ ਬਹਾਦਰ ਗਿਆਨ ਸਰੂਪ॥ਪਰਮ ਵੈਰਾਗੀ ਰਾਜ ਸਰੂਪ॥
ਧੀਰਜਵਾਨ ਅਤ ਪਰਮ ਉਦਾਰ॥ਸਤਗੁਰ ਸੰਗ ਨਿਤ ਚੜੇ ਸਿਕਾਰ॥੪॥
ਅਨੀ ਰਾਇ ਜੀ ਮਹਾਂ ਸੁਜਾਨ॥ਅਟਲ ਰਾਇ ਪੂਰਨ ਪਰਧਾਨ॥
ਸੂਰਤ ਸਿੰਘ ਜੀ ਬੀਰ ਅਪਾਰ॥੫॥[1]

॥ਦੋਹਰਾ॥

ਸਭ ਸੁਤ ਸੋਹਤ ਸੰਗ ਪ੍ਰਭ ਅਤਿ ਛਬਿ ਸੁੰਦਰ ਸਾਰ॥
ਜਿਮ ਰਾਮ ਸੰਗ ਸਭ ਭ੍ਰਾਤ ਕੇ ਖੇਲਤ ਪ੍ਰੇਮ ਬਿਹਾਰ॥੬॥

॥ਚੌਪਈ॥

ਰਹਨੀ ਨਿਤ ਕਰਮ ਗੁਰ ਕਰੇ॥ਸੁਨਤ ਸਿਖ ਲੀਲਾ ਗੁਰ ਤੇ॥
ਕੌਨ ਮੁਖ ਜਿਹਬਾ ਕਹੇ ਬਖਾਨੇ॥ਅਪਨੀ ਗਤ ਮਿਤ ਆਪੇ ਜਾਨੇ॥੭॥
ਹੇ ਪ੍ਰਭ ਸਤਿਗੁਰ ਦੀਨ ਦਿਆਲੰ॥ਬਿਰਦ ਧਰੰ ਸਰਨਾਗਤ ਪਾਲੰ॥
ਆਦਿ ਨਿਰੰਜਨ ਅੰਜਨ ਧਾਰਾ॥ਸਭ ਮੋਹੀ ਦੇਖਤ ਕ੍ਰਿਆ ਪਸਾਰਾ॥੮॥
ਪ੍ਰਭ ਕਰ ਕਿਰਪਾ ਸਦਾ ਮਨ ਬਸੇ॥ਭ੍ਰਮ ਤਿਮਰ ਦੁਐਤ ਮਾਯਾ ਕ੍ਰਿਤ ਨਸੈ॥
ਨਿਜ ਸਰੂਪ ਕੀ ਸੋਝੀ ਪਰੇ॥ਅਨਹਦ ਨਾਦ ਸਦਾ ਧੁਨ ਕਰੇ॥੯॥
ਤਬ ਸਤਗੁਰ ਕੀ ਮਹਿਮਾ ਜਾਨੇ॥ਬਨਿ ਆਵੈ ਜੋ ਮੁਖੋਂ ਬਖਾਨੈ॥
ਸ੍ਰੀ ਸਤਗੁਰ ਪ੍ਰਭ ਭਏ ਦਿਆਲ॥ਬਖਸੀ ਮਹਿਮਾ ਕੀਆ ਨਿਹਾਲ॥੧੦॥

॥ਦੋਹਰਾ॥

ਗੁਰ ਮਹਿਮਾ ਮਿਸਰੀ ਮੇਰ ਸਮ ਆਮਿਤ ਅਗਮ ਅਪਾਰ॥
299/ਅ ਚੀਟੀ ਮੁਖ ਨਿਜ ਭਰ/ਲੀਆ ਕਛੁ ਅੰਤ ਨ ਪਾਰਾਵਾਰ॥੧੧॥

॥ਚੌਪਈ॥

ਪਹਰ ਰਾਤਿ ਪਿਛਲੀ ਜਬ ਰਹੇ॥ਸ੍ਰੀ ਸਤਿਗੁਰ ਜਾਗ੍ਰਤ ਪਦ ਗਹੇ॥
ਤਿਸੀ ਸਮੇ ਹੋਵੈ ਇਸਨਾਨ॥ਹੋਇ ਸਮਾਧ ਨਿਜ ਪਦ ਨਿਰਬਾਨ॥੧੨॥
ਪੁਨਿ ਘੜੀ ਚਾਰ ਰਾਤ ਜਬ ਰਹੇ॥ਪ੍ਰਭ ਬਸਤ੍ਰ ਪਹਿਰ ਸੰਘਾਸਨ ਬਹੇ॥
ਪਾਠ ਗ੍ਰਿਥ ਦਿਆਲ ਗੁਰ ਕਰੇ॥ਮੁਖ ਰਸਨਾ ਕਰ ਨਹੀ ਵਾਕ ਉਚਰੈ॥੧੩॥
ਤਵਨ ਸਮੇ ਕੋਊ ਨਿਕਟਿ ਨ ਆਵੈ॥ਯਹ ਗੁਪਤ ਜੁਗਤ ਕੋਊ ਲਖਨ ਨ ਪਾਵੈ॥
ਪੁਨ ਪ੍ਰਾਤਹ ਕਾਲ ਸਮਾ ਜਬ ਹੋਇ॥ਤਬ ਕੀਰਤਨ ਹੋਇ ਸੁਨੇ ਸਭ ਕੋਇ॥
ਗੁਰ ਦਰਸਨ ਅਘਓ ਨਿਵਾਰਨ॥ਸਤਗੁਰ ਨਾਮ ਕਲੂ ਭੌ ਤਾਰਨ॥੧੪॥

॥ਦੋਹਰਾ॥

ਜਹ[2] ਬਾਨੀ ਗੁਰ ਪਾਠ[3] ਹੋਇ ਕਰ ਗਾਵੈ ਧੁਨ ਸਾਰ॥
ਗੁਰ ਦਰਸਨ ਸਨਮੁਖ ਨਿਰਖ ਪਰਮ ਬੈਕੁੰਠ ਦੁਆਰ॥੧੫॥

---

[1] ਸੂਰਤ ਸਿੰਘ ਜੀ ਬੀਰ ਅਪਾਰ॥ਖਟ ਸਾਹਿਬ ਅੰਸ ਗੁਰੂ ਕਰਤਾਰ॥ (ੳ,ਅ,ੲ,ਸ)
[2] ਜਹਾ (ਅ)
[3] ਪਾਟ (ੳ)

॥ ਚੌਪਈ ॥

ਪੁਨ ਉਦੇ ਦਿਵਸ ਗੁਰ ਸਸਤ੍ਰ ਮੰਗਾਵੈ ॥ ਰੁਮਾਲ ਪੂੰਞ ਨਿਜ ਅੰਗ ਲਗਾਵੈ ॥੧੬॥
ਦੁਵਾਲ ਖੜਗ ਗ੍ਰੀਵਾ ਸੁਭ ਐਸੇ ॥ ਬਾਜੰਤੀ ਮਾਲਾ ਹਰਿ ਗੁਰ ਜੈਸੇ ॥੧੭॥
ਕਮਰ ਤੇਗ ਸੁੰਦਰ ਸੁਭ ਸਾਰ ॥ ਜਿਉ ਅਸੁਰ ਬਿਦਾਰਨ ਪਰਸ ਕੁਠਾਰ ॥
ਤਿਤੁ ਧਾਰਾ ਤਾ[1] ਕੋ ਇਸਨਾਨ ॥ ਬਿਨੁ ਪਿਆਸ ਮੁਕਤ ਨਿਰਬਾਨ ॥੧੮॥
ਧਨੁਖ ਨਿਖੰਗ ਸੁੰਦਰ ਕਟ ਦਿਆਲ ॥ ਅਤ ਸੁੰਦਰ ਸੋਭਾ ਕਠਨ ਬਿਸਾਲ ॥
ਸੰਤ ਬਚਨ ਸਮ ਤੀਖਨ ਬਾਨ ॥ ਜਿਹ ਉਰ ਛੁਹਤ ਮੁਕਤ ਨਿਰਬਾਨ ॥੧੯॥
ਤੜ ਤਸ ਮਾਨ ਸੇਹਬੀ ਸਾਖੀ ॥ ਸੀੜੀ ਮੁਕਤ ਨਿਜ ਕਰ ਗੁਰ ਰਾਖੀ ॥
ਇਹ ਸੀੜੀ ਜਿਸ ਹੋਇ ਪ੍ਰਾਪਤ ॥ ਮੁਕਤ ਭਵਿਖ ਤਵਨ ਕੇ ਜਾਪਤ ॥੨੦॥

॥ ਦੋਹਰਾ ॥

ਸੁਏਤ ਸਰਬੰਦ ਸੁੰਦਰ ਸੁਭਗ ਕਲਗੀ ਸੁੰਦਰ ਭਾਲ ॥
300/ੳ ਜਿਮ ਮੋਰ ਮੁਕਟ ਸ੍ਰੀ ਕ੍ਰਿਸਨ ਛਬ ਐਸੇ ਸੋਹਤ ਦਿਆ/ਲ ॥੨੧॥

॥ ਦੋਹਰਾ ॥

ਜਗਮਗ ਜੋਤ ਮਸਤਕ ਸੁਖ ਪੂਰਨਮਾਸੀ ਚੰਦ ॥
ਯਹ ਗਿਆਨ ਚੰਦ ਪੂਰਨ ਅਨੰਦ ਨਿਹਕਲੰਕ ਸੁਵ ਛੰਦ ॥੨੨॥

॥ ਨਰਾਜ ਛੰਦ ॥

ਪ੍ਰਭ ਜਾਨ ਬਾਹੁ ਹਿਰਦਾ ਬਿਸਾਲ ॥ ਹੀਆ ਗਿਆਨ ਭੂਮ ਭੁਜ ਦੁਸਟਸਾਲ ॥
ਦੀਰਘ ਸੁ ਦੇਹ ਜਤ ਸਤ ਸਰੂਪ ॥ ਅਤ ਤੇਜਵੰਤ ਛਬ ਰਾਜ ਰੂਪ ॥੨੩॥
ਬਸਤ੍ਰ ਅਨੂਪ ਸੋਭਤ ਸੁ ਅੰਗ ॥ ਬਲਿਹਾਰ ਜਾਇ ਛਬ ਪਰ ਅਨੰਗ ॥
ਉਰ ਮੁਕਤ ਮਾਲ ਸੋਭਾ ਅਨੰਤ ॥ ਜਿਉ ਉਰ ਸੁਮੇਰ ਗੰਗਾ ਸੋਹੰਤ ॥੨੪॥
ਧੁਖ ਧੁਖੀ ਰਤਨ[2] ਉਰ ਗੁਰ ਪ੍ਰਕਾਸ ॥ ਸੋਹੰਤ ਚੰਦ੍ਰਮਾ ਦਿਸ[3] ਅਕਾਸ ॥
ਨਵਰਤਨ ਨੂਪ ਕਰ ਪ੍ਰਭ ਲਸੰਤ ॥ ਜਿਉ[4] ਸੁਭ ਸਥਾਨ ਨਵਿ ਗ੍ਰਹ ਬਸੰਤ ॥੨੫॥
ਸੁਭ ਲਘ ਅੰਗੁਸ[5] ਮੁੰਦ੍ਰ ਕਾ ਛਾਪ ॥ ਜਿਮ ਅਟਲ ਅਮਰ ਜਗ ਧ੍ਰੂ ਪ੍ਰਤਾਪ ॥
ਸੂਛਮ ਵਰਾਟ ਗੁਰ ਦੇਹ ਧਾਰ ॥ ਪ੍ਰਕਾਸ ਅੰਗ ਜਗਮਗ ਉਜਾਰ ॥੨੬॥

॥ ਦੋਹਰਾ ॥

ਕਿਤ ਮੁਖ ਗੁਰ ਲੀਲਾ ਕਥੋ ਕਉਨ ਜੀਹ ਕੋ ਬਾਕ ॥
ਕਹਾ ਬੁਧ ਬਿਦਿਆ ਕਵਨ ਮਹਿਮਾ ਬਰਨ ਨ ਸਾਕ ॥੨੭॥

॥ ਚੌਪਈ ॥

ਗੁਰ ਬਾਹਨ ਅਸ੍ਵ ਨਾਮ ਸੁਹੇਲਾ ॥ ਕਰ ਕੋਟ ਜਨਮ ਭਗਤੀ ਭਇਓ ਮੇਲਾ ॥
ਅਤਿ ਸੁੰਦਰ ਚਪਲ ਮਦਨ ਕੋ ਰੂਪ ॥ ਪਸੁ ਦੇਹਿ ਮਾਹਿ ਪਦ ਮਿਲਿਓ ਅਨੂਪ ॥੨੮॥
ਨ ਹੋਨ ਦੇਇ ਕਾਹੂ ਅਸਵਾਰ ॥ ਨਿਜ ਬਾਹਨ ਸਤਗੁਰ ਕਰਤਾਰ ॥
ਰਤਨ ਜੜਤਹੰ ਨਾ ਸੁਖ ਆਸਨ ॥ ਸਭ ਸਾਜ ਭੂਖਨ ਰਵਿ ਦੁਤ ਪਰਕਾਸਨ ॥੨੯॥
ਨਿਤ ਪ੍ਰਤ ਤਾਂ ਪਰ ਹੋਇ ਅਸਵਾਰ ॥ ਖੇਲੇ ਅਖੇੜ ਸਤਿਗੁਰ ਕਰਤਾਰ ॥
ਸੁਏਤ ਬਾਜੁ ਤਤ ਗਿਆਨ ਸਰੂਪ ॥ ਗੁਰ ਹਸਤ ਕਮਲ ਸਦ ਸਜਤਿ ਅਨੂਪ ॥੩੦॥
ਸਰਬਗਾਮੀ ਦੂਰ ਦਿਸਟੀ ਚਛਨ ॥ ਇੰਦ੍ਰੀ ਆਦਿਕ ਪੰਛੀ ਕੋ ਭਛਨ[6] ॥
300/ਅ ਤਿਸੁ/ਝੜਫ[7] ਮਾਹ ਜੀਉ ਜੋ ਆਵੈ ॥ ਤਜ ਦੇਹ ਬੁਧ ਨਿਜ ਰੂਪ ਸਮਾਵੈ ॥੩੧॥

---

[1] ਜਾ (ੳ,ੲ)
[2] ਰਹਿਨ (ੲ)
[3] ਇਮ (ਅ)
[4] ਜਿਮ (ੳ,ਅ)
[5] ਅੰਕੁਸਟ (ੳ,ਸ)
[6] ਪੰਛੀ ਤਾ ਕੋ ਭਛਨ (ੳ,ਅ,ੲ,ਸ)
[7] ਝੜਪ (ੳ,ਅ)

॥ ਦੋਹਰਾ ॥

ਅਸਚਰਜ ਰੂਪ ਸਤਿਗੁਰ ਧਰਾ ਅਚਰਜ ਜੁਗਤ ਪਰਕਾਸ ॥
ਨਿਰਬਿਕਲਪ ਹਿਰਦੇ ਸਦਾ ਜਿਮ ਨਿਰਮਲ ਸੁੰਨ ਅਕਾਸ ॥ ੩੨ ॥

॥ ਸੋਰਠਾ ॥

ਪਾਵਨ ਰਹਨੀ ਦਿਆਲ ਮਹਿਮਾ ਅਮਿਤ ਸਤਿਗੁਰੂ ਕੀ ॥
ਸੁਨ ਸਿਖ ਹੋਇ ਨਿਹਾਲ ਧਾਰ ਪ੍ਰੇਮ ਹਿਰਦੇ ਧਰੇ ॥ ੩੩ ॥

॥ ਸਾਖੀ ਪੂਰਨ ਹੋਈ ॥ ੧੪੮ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

[ਸਾਖੀ ਗੁਰੂ ਜੀ ਦਾ ਜਹਾਗੀਰ ਬਾਦਸਾਹ ਨਾਲ ਬਿਬਾਦ]

॥ਦੋਹਰਾ॥

ਮਾਇਆ ਸਤਿਗੁਰ ਦਿਆਲ ਕੀ ਸਭੀ ਭੁਲਾਏ ਲੋਕ॥
ਤ੍ਰਿਣ ਓਲੇ ਲਾਖ ਛਪਾਇ ਮਹਾ ਦੀਨ ਅਤ ਸੋਕ॥੧॥

॥ਚੌਪਈ॥

ਜਬ ਰਵ ਉਦੇ ਪ੍ਰਕਾਸ ਜਗ ਕਰੇ॥ਬਿਗਸੇ ਕਮਲ ਕਾਜ ਜਗ ਸਰੇ॥
ਉਲੂ ਆਦਿ ਨਿਸਚੈ ਰੈਨ ਭਾਵੈ॥ਤਿਮਰ ਅੰਧੇਰੇ ਅਤਿ ਸੁਖ ਪਾਵੈ॥੨॥
ਸਤਿਗੁਰ ਪ੍ਰਕਾਸ ਦੁਸਟਨ ਨਹੀ ਭਾਵੈ॥ਚੁਗਲੀ ਨਿੰਆ[1] ਉਨੇ ਸੁਖਾਵੈ॥
ਗੁਰਮੁਖ ਸਿਖ ਭਗਤ ਅਧਕਾਰੀ॥ਸਤਗੁਰ ਕੀ ਮਹਿਮਾ ਤਿਨ ਪਿਆਰੀ॥੩॥
ਜਬ ਬਾਦਸਾਹ ਲਹੌਰ ਮੋ ਆਇਆ[2]॥ਸਤਿਗੁਰ ਦੋਖੀ ਚੁਗਲੀ ਕੌ ਧਾਇਆ[3]॥
ਜਾਇ ਸਕਲ ਫਰਿਆਦੀ ਭਏ॥ਗੁਰੂ ਹਰਿਗੁਬਿੰਦ ਹਮ ਬਸਨ ਨ ਦਏ॥੪॥
ਲੇ ਸੈਨਾ ਚੜਿ ਸਿਕਾਰ ਨਿਤ ਧਾਵੈ॥ਪਾਇ ਮਾਲ ਖੇਤੀ ਹੋਇ ਜਾਵੈ॥
ਬਾਂਧੇ ਮਾਰੈ ਜਾ ਕੋ ਚਾਹੇ॥ਕਿਤ ਬਿਧ ਹਮ ਘਰ ਬਸੇ ਨਿਬਾਹੇਂ॥੫॥

॥ਦੋਹਰਾ॥

301/ੳ ਜਹਾਂਗੀ/ਰ ਫਰਿਆਦ ਸੁਨਿ ਮਨ ਮੋ ਬੁਹੁਤ ਰਿਸਾਇ॥
ਲਿਖ ਭੇਜਾ ਸਤਿਗੁਰੂ ਪਹਿ ਪਾਇਕ ਹਾਥ ਪਠਾਇ॥

॥ਚੌਪਈ॥

ਜਬ ਪਾਇਕ ਸਤਿਗੁਰ ਪਹਿ ਆਏ॥ਲਿਖ ਪੜਾ ਸੁਨਾ ਪ੍ਰਭ ਮੁਸਕਾਏ॥
ਤਬ ਸਤਿਗੁਰ ਲਹੌਰ ਪੁਨਿ ਆਇ॥ਕੁਲ ਪਰੋਹਤ ਘਰ ਉਤਰੇ ਜਾਇ॥੭॥
ਤਲਬ ਕਰੀ ਬਾਕੀ ਬਾਦਸਾਹ॥ਗੁਰ ਦੀਆ ਜਬਾਬ ਹਮ ਪੈ ਅਬ ਨਾਹ॥
ਪੁਨ ਬਾਦਸਾਹ ਬਹੁ ਦੀਨਾ[4] ਤਾਨਾ॥ਕਿਉ ਰਯਤ ਮਾਰ ਕਰੋ ਵੈਰਾਨਾ॥੮॥
ਤਾ ਤੇ ਲਹੌਰ ਮਹਿ ਅਬ ਰਹੀਐ॥ਅਪਨੀ ਇਛਾ ਸੋਈਐ ਬਹੀਐ॥
ਤਬ ਤੋ ਮਿਟੇ ਨਾਲਸ ਫਰੀਯਾਦ॥ਨਹੀ ਹੋਵੈ ਪੁਨ ਬਾਦ ਬਿਬਾਦ॥੯॥
ਆਨੰਦ ਮਗਨ ਸਤਿਗੁਰ ਸਦ ਰਹੇ॥ਕਾਹੂ ਕੀ ਕਛੁ ਚਿਤ ਨ ਦਏ॥
ਕੀਆ ਜਹਾਗੀਰ ਕਸਮੀਰ ਪਿਆਨਾ॥ਵਜੀਰ ਅਮੀਰ ਸੋ ਆਖ ਬਖਾਨਾ॥੧੦॥

॥ਦੋਹਰਾ॥

ਬੰਦਬਸਤ ਸਭ ਕਾਰ ਕਰੋ ਤਬ ਹੋਇ ਕਸਮੀਰ ਕੋ ਕੂਚ॥
ਬਿਨ ਹਦੂਦ ਮੁਹਕਮ ਕੀਏ ਅਵਰੁ ਬਾਤ ਹੈ ਪੂਚ॥੧੧॥

॥ਚੌਪਈ॥

ਸਭ ਸਹਰਦ ਪਰ ਲਿਖੇ ਪਰਵਾਨੇ॥ਸਗਲ ਤਿਯਾਰ ਭਏ ਕਰਖਾਨੇ॥
ਪੂਛਾ ਬਾਦਸਾਹ ਵਜੀਰ ਬੁਲਾਇ॥ਗੁਰੂ ਹਰਿਗੁਬਿੰਦ ਕਾ ਕਹੋ ਉਪਾਇ॥੧੨॥
ਯਹ ਪੀਛੈ ਕਰੈ ਮੁਲਕ ਮੋ ਦੁੰਦ॥ਹੁਕਮ ਅਦਾਲਤ ਹੋਵੈ ਬੰਦ॥
ਤਬ ਸਭਹਨ ਅਰਜ ਕਰੀ ਕਰ ਜੋਰ॥ਬਿਨੁ ਇਹ ਮਸਲਤ ਬਨੇ ਨ ਅਉਰ॥੧੩॥
ਨਜਰਬੰਦ ਚੋਕੀ ਕਰ ਦੀਜੈ॥ਹਜਰਤ ਲਸਕਰ ਸੰਗ ਰਖੀਜੈ॥
ਸੁਨ ਬਾਦਸਾਹ ਪਸੰਦ ਯਹ ਕੀਆ॥ਚੌਕੀ ਤਈਨਾਥ ਕਰ ਦੀਆ॥੧੪॥
ਸੁਨ ਯਹ ਡੌਲ ਸਤਿਗੁਰ ਮੁਸਕਾਨੇ॥ਨਿਜ ਇਛਆ ਭਈ ਪ੍ਰਗਟ ਪ੍ਰਮਾਨੇ॥
301/ਅ ਸੋ ਕ/ਹੌ ਪ੍ਰਗਟ ਮੈ ਸਗਲ ਬਨਾਇ॥ਪ੍ਰਭ ਭਗਤ ਵਸ ਸਦਾ ਬਿਰਦ ਰਖਾਇ॥੧੫॥

---

[1] ਨਿੰਦਿਆ (ੳ,ਅ,ੲ,ਸ)
[2] ਆਏ (ੳ,ਅ,ੲ)
[3] ਧਾਏ (ੳ,ਅ,ੲ)
[4] ਕੀਨਾ (ਅ)

॥ ਦੋਹਰਾ ॥

ਸੇਵਾ ਦਾਸ ਕਸਮੀਰ ਮੋ ਬ੍ਰਹਮਨ ਸਿਖ ਗੁਰ ਅਹਿ ॥
ਮਾਤਾ ਤਾ ਕੀ ਗੁਰ ਭਗਤ ਯਹ ਪ੍ਰਨ ਕੀਨਾ ਤਾਹਿ ॥੧੬॥

॥ ਮਕਰਾ ਛੰਦ ॥

ਤਿਨ ਰਚਿਓ ਗੁਰ ਸਿੰਘਾਸਨ ॥ ਗੁਰ ਜਪੈ ਸਾਸ ਸਾਸਨ ॥
ਨਿਜ ਹਾਥ ਸੂਤ ਕਾਤਾ ॥ ਬਸਤ੍ਰ ਗੁਰ ਬਨਾਏ ॥੧੭॥
ਨਿਤ ਲੀਪ ਗੁਰ ਅਸਥਾਨਾ ॥ ਕਰ ਧੂਪ ਪੁਹਪ ਨਾਨਾ ॥
ਪਰਸਾਦ ਨਈ ਵੇਦੰ ਸਦ ਦੀਪ ਘ੍ਰਿ ਜਲਾਏ ॥੧੮॥
ਰਹੇ ਨਿੰਮ੍ਰ ਭੂਤ ਠਾਢੀ ॥ ਗੁਰ ਚਰਨ ਪ੍ਰੀਤ ਬਾਢੀ ॥
ਸਤਿਗੁਰ ਦਿਆਲ ਮੂਰਤ ਕਸਮੀਰ ਚਰਨ ਪਾਏ ॥੧੯॥
ਧਾਰੈ ਚਰਨ ਸਿੰਘਾਸਨ ॥ ਆਸਾ ਪੁਜਾਇ ਦਾਸਨ ॥
ਪ੍ਰਣ ਪਾਲ ਬਿਰਦ ਰਾਖਨ ਦਰਸਨ ਗੁਰੂ ਦਿਖਾਏ ॥੨੦॥

॥ ਦੋਹਰਾ ॥

ਉਨ ਮਾਈ ਚਿਤਵਨ ਕੀਓ[1] ਅਰ[2] ਪ੍ਰੇਮ ਦਰਸਨ ਗੁਰ ਜੋਗ ॥
ਪ੍ਰਭ ਅੰਤਰਜਾਮੀ ਚਿਤ ਧਰਿਓ ਪ੍ਰਗਟਿਆ ਵਹੀ ਸੰਜੋਗ ॥੨੧॥

॥ ਚੌਪਈ ॥

ਸੰਗ ਲਸਕਰ ਪ੍ਰਭ ਭਏ ਤਯਾਰ ॥ ਮਗ ਚਲਤੇ ਖੇਲ ਸਿਕਾਰ ਬਿਹਾਰ ॥
ਲੋਕ ਚੌਕੀ ਰਹੇ ਸਤਿਗੁਰ ਸੰਗ ॥ ਪ੍ਰਭ ਆਗਿਆ ਕੋਊ ਕਰੇ ਨ ਭੰਗ ॥੨੨॥
ਕਸਮੀਰ ਨਿਕਟ ਸਤਿਗੁਰ ਜਬ ਗਏ ॥ ਸਿਖ ਦੇਸ ਕੇ ਆਵਤ ਭਏ ॥
ਗੁਰ ਦਰਸਨ ਦੇਖ ਨੇਤ੍ਰ ਫਲ ਪਾਵੈ ॥ ਜਨਮ ਜਨਮ ਕੀ ਆਸ ਪੁਜਾਵੈ ॥੨੩॥
ਗੁਰ ਕਾ ਸਿਖ ਮਖਣ ਲਾਬਾਣਾ ॥ ਅਤ ਪ੍ਰੇਮੀ ਸਤਿਗੁਰ ਮਨ ਭਾਣਾ ॥
ਗੁਰ ਮੂਰਤ ਹਿਰਦੇ ਸਦ ਰਾਖੇ ॥ ਗੁਰਬਾਣੀ ਨਿਸਦਿਨ ਮੁਖ ਭਾਖੇ ॥੨੪॥
ਮਿਲਿਆ ਆਇ ਗੁਰ ਕਟੂ ਸਿਖ ॥ ਤਾ ਕੋ ਭਗਤ ਗੁਰ ਲਿਖੀ ਭਵਿਖ ॥
ਅਤਿ ਸੁਹਿਰਦ ਪ੍ਰੇਮੀ ਗੁਰ ਪਿਆਰਾ ॥ ਗੁਰ ਦਰਸਨ ਹਿਰਦੇ ਤਿਨ ਧਾਰਾ ॥੨੫॥

302/ੳ /॥ ਦੋਹਰਾ ॥

ਬਡਭਾਗੀ ਕਟੂਆ[3] ਭਇਆ ਗੁਰ ਸਰੂਪ ਹੀਏ ਧਾਰ ॥
ਅੰਤਰ ਪ੍ਰਕਾਸ ਤਾ ਕੋ ਭਇਆ ਅਦਭੁਤ ਪ੍ਰੇਮ ਬਿਹਾਰ ॥੨੬॥

॥ ਚੌਪਈ ॥

ਕ੍ਰਿਪਾ ਕਟਾਛ ਦਿਆਲ ਗੁਰ ਕੀਨਾ ॥ ਗਈ ਅਵਿਦਿਆ ਭਯਾ ਪ੍ਰਬੀਨਾ ॥
ਸੁਰਤ ਸਬਦ ਤਾ ਕੇ ਲਿਵ ਲਾਗੀ ॥ ਨਿਜ ਸਰੂਪ ਹੂਆ ਅਨਰਾਗੀ ॥੨੭॥
ਤਿਸ ਸਿਧ ਅਵਸਥਾ ਸਤਿਗੁਰ ਦੀਨੀ ॥ ਗੁਰ ਮਹਿਮਾ ਤਿਨ ਹਿਰਦੇ ਚੀਨੀ ॥
ਅਗਮ ਨਿਗਮ ਕੀ ਸੋਝੀ ਪਰੀ ॥ ਗੁਰ ਦੀਨ ਬੰਧ ਕਿਰਪਾ ਤਿਸ ਕਰੀ ॥੨੮॥
ਪ੍ਰਭ ਬਿਦਾ ਕੀਆ ਨਿਜ ਗ੍ਰਹ ਕੋ ਗਇਆ ॥ ਪ੍ਰਭ ਸ੍ਰੀ ਮੁਖ ਕਟੂ ਸਾਹਿ ਤਿਸ ਕਹਿਆ ॥
ਗਰੀਬ ਨਵਾਜ ਤਾਹੂ ਤੇ ਕਹੀਐ ॥ ਗੁਰ ਸੇਵਾ ਸਗਲ ਪਦਾਰਥ ਲਹੀਐ ॥੨੯॥
ਪੁਨ ਕਸਮੀਰ ਦਿਆਲ ਜੀ ਗਏ ॥ ਕਾਠੀ ਦਰਵਾਜੇ ਜਾਵਤ ਭਏ ॥
ਨਿਜ ਸੇਵਕ ਦਰ ਠਾਢੇ ਜਾਇ ॥ ਸਭ ਜਨ ਚਰਨੀ ਲਾਗੇ ਆਇ ॥੩੦॥

॥ ਦੋਹਰਾ ॥

ਘੋੜੇ ਸੌ ਉਤਰ ਅੰਤਰ ਗਏ ਕਰ ਬਰਛਾ ਦੀਆ ਗਡਾਇ ॥
ਪ੍ਰੇਮ ਸਿੰਘਾਸਨ ਬੈਠ ਕਰ ਮਾਈ ਦਰਸ ਦਿਖਾਇ ॥੩੧॥

॥ ਚੌਪਈ ॥

ਗੁਰ ਦੇਖ ਦਰਸ ਗਦ ਗਦ ਹੋਇ ਗਈ ॥ ਸੁਧ ਨ ਰਹੀ ਚਰਨਨ ਪਰ ਪਈ ॥
ਜਿਨ ਲਗੀ ਪ੍ਰੀਤ ਸਤਿਗੁਰ ਸੋ ਠਾਨੀ ॥ ਤਿਨ ਪਾਇਆ ਪ੍ਰੀਤਮ ਜਗ ਕਥੇ ਕਹਾਨੀ ॥੩੨॥

---

[1] ਕਰੀ (ਅ)
[2] ਅਤ (ੳ,ੲ)
[3] ਕਟੂ (ੳ,ਅ,ੲ)

ਪ੍ਰਨ ਸੁਧ ਸਮਾਰ ਸਤਿਗੁਰ ਮੁਖ ਵੇਖਾ॥ ਉਦੇ ਭਾਗ ਅਪਨਾ ਕਰ ਲੇਖਾ॥

ਮੈ ਵਾਰੀ ਵਾਰੀ ਸਦ ਬਲਹਾਰੀ॥ ਹੋਇ ਗਦ ਗਦ ਮੁਖ ਕਰੇ ਉਚਾਰੀ॥ ੩੪॥
[1]ਪੁਨ ਸਭ ਬਸਤ੍ਰ ਸਤਿਗੁਰ ਪਹਿਰਾਏ॥ ਜੋ ਪ੍ਰੀਤ ਸਾਥ ਨਿਜ ਹਾਥ ਬਨਾਏ॥
ਗੁਰ ਪਗ[2] ਪਖਾਲ ਚਰਨਾਮ੍ਰਿਤ ਲੀਨਾ॥ ਜਨਮ ਸਕਾਰਥ ਅਪ ਕੀਨਾ॥ ੩੫॥

302/ਅ /॥ ਦੋਹਰਾ॥

ਸ੍ਰੀ ਮੁਖ ਸਤਿਗੁਰ ਜੀ ਕਹਾ ਹੇ ਮਾਈ ਤੈ ਪ੍ਰਣ ਕੀਨਾ[3]॥
ਤਾ ਤੇ ਮੁਹਿ ਆਵਨ ਭਇਆ॥ ਮੈ ਭਾਵ ਭਗਤ ਆਧੀਨ॥ ੩੬॥

॥ ਚੌਪਈ॥

ਕੇਤਕ ਕਾਲ ਦਿਆਲ ਤਹਾਂ ਰਹੇ॥ ਸਭ ਕੋ ਗੁਰ ਦਰਸਨ ਕੋ ਚਹੇ॥
ਪਰਬਤੀ ਸਿਖ ਦਰਸਨ ਕੋ ਆਏ॥ ਸੁੰਦ[4] ਮਧ ਗੁਰ ਭੇਟ ਲੇ ਆਏ॥ ੩੭॥
ਮਗ ਮੋ ਥਾ ਘਰ ਕਟੂ ਸਾਹ॥ ਸਦਾ ਮਗਨ ਰਹੇ ਬੇਪਰਵਾਹ॥
ਨਿਸ ਤਾ ਕੇ ਘਰ ਮੋ ਸਿਖ ਰਹੇ॥ ਕਰ ਸੇਵਾ ਟਹਲ ਤਿਨ ਬਾਤ ਪੁਛਏ॥ ੩੮॥
ਸਭਹਨ ਕਹਾ ਕਟੂ ਸਮਝਾਏ॥ ਇਹ ਸੁੰਦਰ ਮਧ ਸਤਿਗੁਰ ਕੋ ਲਿਆਏ॥
ਤਬ ਕਟੂ ਸਾਹ ਤਿਨ ਬਚਨ ਉਚਾਰੇ॥ ਮਧੁ ਮੁਝੇ ਖੁਲਾਵੋ ਗੁਰਸਿਖ ਪਿਆਰੇ॥ ੩੯॥
ਤਿਨ ਬਚਨ ਨ ਮਾਨਾ ਮਧ ਨਹੀ ਦੀਨਾ॥ ਯਹ ਸਤਗੁਰ ਡਾਲੀ ਸਿਖ ਪ੍ਰਬੀਨਾ॥
ਕਟੂ ਜੀ ਤਬ ਚੁਪ ਕਰ ਰਹੇ॥ ਹਰਖ ਸੋਕ ਮਨ ਮੋ ਨਹੀ ਅਹੇ॥ ੪੦॥

॥ ਦੋਹਰਾ॥

ਕਟੂ ਸਾਹ ਚੁਪ ਕਰ ਰਹਾ ਸਿਖਨ ਗੁਰ ਮਗ ਲੀਨ॥
ਜਾਇ ਸਤਿਗੁਰ ਦਰਸਨ ਕਰਾ ਅਤ ਨਿੰਮ੍ਰ ਭੂਤ ਆਧੀਨ॥ ੪੧॥

॥ ਚੌਪਈ॥

ਮਧ ਭੇਟਾ ਗੁਰ ਅਗਰ ਧਰਾਏ॥ ਦੇਖਾ ਦਿਆਲ ਮੁਖ ਪਾਤ੍ਰ ਖੁਲਾਏ॥
ਤਾ ਮੋ ਮਧ ਸਭ ਕਿਰਮ ਹੋਇ ਗਇਯਾ॥ ਦੇਖ ਸਭ ਚਰਿਤ੍ਰ ਯਹ ਭਇਆ[5]॥ ੪੨॥
ਦੇਖ ਚਲਿਤ ਗੁਰ ਕਹੇ ਪ੍ਰਬੀਨਾ॥ ਤੁਮ ਕਟੂ ਸਾਹ ਕਾਹੇ ਨਹੀ ਦੀਨਾ॥
ਤਾਂ ਕੇ ਮੁਖ ਸੋ ਮੈ ਮਧ ਮਾਂਗਾ॥ ਤੁਮ ਨਾਹ ਦੀਆ ਕਾਰਜ ਤਬ ਖਾਂਗਾ॥ ੪੩॥
ਅਬ ਲੇ ਜਾਹੋ ਕਟੂ ਕੇ ਪਾਸ॥ ਤਿਸ ਕਰੋ ਪ੍ਰਸੰਨ ਕਾਰਜ ਹੋਇ ਰਾਸ॥
ਗੁਰ ਆਗਿਆ ਮਾਨ ਸਿਖ ਤਹਾ ਲੇ ਆਏ॥ ਦੇਖਤ ਕਟੂ ਅਤ ਮੁਸਕਾਏ॥ ੪੪॥
303/ੳ ਬਰਤਨ ਖੋਲ ਕਟੂ ਮੁਖ ਪਾਇਆ॥ ਭ/ਇਆ ਪਾਤ੍ਰ ਅਤ ਸੁੰਦਰ ਸੁਹਾਇਆ॥
ਪੁਨਿ ਲੇ ਆਏ ਸਤਿਗੁਰ ਪਾਸ॥ ਭਈ ਖੁਸੀ ਕਾਰਜ ਭਏ ਰਾਸ॥ ੪੫॥

॥ ਦੋਹਰਾ॥

ਸ੍ਰੀ ਸਤਿਗੁਰ ਨਿਜ ਮੁਖ ਕਹਾ ਗੁਰਮੁਖ ਸਿਖ ਮਮ ਰੂਪ॥
ਯਾ ਮੋ ਭੇਦ ਨ ਆਨੀਏ ਸਿਖ ਸੇਵਾ ਭਗਤ ਅਨੂਪ॥ ੪੬॥

॥ ਚੌਪਈ॥

ਬਹੁਤ ਕਾਲ ਬੀਤੇ ਕਸਮੀਰ॥ ਉਕਲਾਨੇ ਤਹਾ ਤੇ ਜਹਾਂਗੀਰ॥
ਕੀਆ ਕੂਚ ਲਹੋਰ ਮਗਲੀਨਾ॥ ਤਬ ਆਏ ਸੰਗ ਸਤਗੁਰ ਪਰਬੀਨਾ॥ ੪੭॥
ਸਭ ਮਿਲ ਸੰਗਤ ਦਰਸਨ ਗੁਰ ਪਾਏ॥ [6]
ਇਕ ਭਲੇ ਸਥਾਨ ਡੇਰਾ ਗੁਰ ਕੀਨਾ॥ ਆਨੰਦ ਮੰਗਲ ਨਿਤ ਨਵੀਨਾ॥ ੪੮॥
ਨਿਤ ਪ੍ਰਤ ਸਤਿਗੁਰ ਜਾਇ ਸਿਕਾਰ॥ ਜਹ ਇਛਆ ਹੋਇ ਤਹਾ ਕਰੇ ਬਿਹਾਰ॥

---

[1] ਇੱਥੇ 'ਪ੍ਰੇਮ ਮਗਨ ਸਤਿਗੁਰ ਟਕ ਲਾਈ॥ ਨਿਰਖਤ ਚੰਦ ਚਕੋਰ ਜਿਉ ਭਾਈ॥ ਹੋਇ ਮਗਨ ਗੁਰ ਪੂਜਾ ਕਰੇ॥ ਦੇਖ ਦਰਸ ਹਿਰਦੈ ਮੋ ਧਰੇ॥' ਪਾਠ ਹੈ (ਅ)
[2] ਗੁਰ ਚਰਨ (ੳ,ਅ)
[3] ਕੀਨ (ੳ,ਅ,ੲ,ਸ)
[4] ਸੁੰਦਰ (ੳ,ਅ,ੲ,ਸ)
[5] ਯਹ ਕਿਆ ਭਇਆ (ਅ)
[6] ਸਭ ਮਿਲ ਸੰਗਤ ਦਰਸਨ ਗੁਰ ਆਏ॥ ਜਾਨਾ ਭਾਗ ਦਰਸ ਗੁਰ ਪਾਏ॥ (ੳ,ਅ,ੲ,ਸ)

ਦੇਖ ਪ੍ਰਤਾਪ ਕੋਈ ਬੋਲ ਨ ਸਾਕੇ॥ਭਰ ਨੇਤ੍ਰ ਕੋਊ ਸਕੇ ਨ ਤਾਕੇ॥੪੯॥
ਜਹਾਂਗੀਰ ਅੰਤਰਿਗਤਿ ਡਰੇ॥ਸਰੇ ਸਰੀਅਤ ਸੋ ਭੈ ਕਰੇ॥
ਮੁਦਾ ਰਾਤ ਕਛੁ ਕਰ ਨਹੀ ਸਾਕੇ॥ਮੰਦੀ ਨਜਰ ਨ ਸਤਿਗੁਰ ਤਾ ਕੇ॥੫੦॥

॥ਦੋਹਰਾ॥

ਪਰਮਾਨੰਦ ਸਤਿਗੁਰ ਕਰੇ ਲਖੇ ਚਰਿਤ੍ਰ ਨ ਕੋਇ॥
ਭ੍ਰਿਕਟੀ ਬਿਲਾਸ ਜਾ ਕੇ ਜਗਤ ਜੋ ਇਛੈ ਸੋ ਹੋਇ॥੫੧॥

॥ਸਾਖੀ ਪੂਰਨ ਹੋਈ॥੧੪੯॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਗੁਰੂ ਜੀ ਦੀ ਮੀਆ ਮੀਰ ਕਾਮਲ ਫਕੀਰ ਨਾਲ ਮੁਲਾਕਾਤ]

॥ਦੋਹਰਾ॥

ਮੀਆ ਮੀਰ ਫਕੀਰ ਬਡ ਕੁਤਬ ਮਰਤਬਾ ਤਾਹ॥
ਸਦਾ ਮੁਰਾਕਬੇ ਮੋ ਰਹੇ ਨਹੀ ਕਛੂ ਪਰਵਾਹ॥੧॥

॥ਚੌਪਈ॥

ਮੀਆਂ ਮੀਰ ਜਗ ਅਵਲ ਫਕੀਰ॥ਭਏ ਮੁਰੀਦ ਤਾ ਕੇ ਜਹਾਂਗੀਰ॥
303/ਅ /ਆਰਫ ਕਾਮਲ ਕਸਬ ਕੀ ਖਾਨ॥ਮਹਾਂ ਤਿਆਗੀ ਬਡੇ ਸੁਜਾਨ॥੨॥
ਏਕ ਚਟਾਈ ਰਾਖੇ ਫਰਸ॥ਵਹ ਪਾਕ ਮੁਸਲਾ ਮਾਨੋ ਅਰਸ॥
ਏਕ ਘੜਾ ਪਿਆਲਾ ਮਾਟੀ ਕਾ ਰਹੈ॥ਬਹੁਤ ਮੁਦਤ ਕਾ ਸਭ ਜਗੁ ਕਹੇ॥੩॥
ਮੂਲਾਂ ਸਾਹ ਤਾ ਕਾ ਬਡੇ ਚੇਲਾ॥ਨਿਜ ਵਲੀ ਰਾਮ ਠਾਕੁਰ ਸੋ ਮੇਲਾ॥
ਕਿਆ ਸੋਭਾ ਤਿਨ ਕਰੋ ਬਖਾਨੇ॥ਸਾਧ ਕੀ ਸੋਭਾ ਸਾਧ ਹੀ ਜਾਨੇ॥੪॥
ਏਕ ਦਿਵਸ ਗੁਰ ਦੀਨ ਦਿਆਲ॥ਭਏ ਸਵਾਰ ਪਰਾਤਹ ਕਾਲ॥
ਮੀਆ ਮੀਰ ਕੇ ਗ੍ਰਿਹ ਪ੍ਰਭ ਗਏ॥ਗੁਰ ਆਗਮਨ ਮੀਆ ਜੀ ਜਾਨਤ ਭਏ॥

॥ਦੋਹਰਾ॥

ਸਦਾ ਮੁਰਾਕਬੇ ਮੋ ਰਹੇ ਝੁਕੀ ਭਵਾਂ ਨੈਨ ਆਲੋਪ॥
ਬਾਂਧ ਪਟੀ ਭਵਾਂ ਖੋਲਨ ਇਨ ਜਾਨੇ ਸਭ ਬਿਧ ਗੋਪ॥੬॥

॥ਚੌਪਈ॥

ਸਾਹ ਮੀਰ ਗ੍ਰਹ ਬਾਹਰ ਆਏ॥ਤਬ ਲਗ ਸਤਿਗੁਰ ਪਹੁਚੇ ਜਾਏ॥
ਚਾਰੋ ਨੇਤ੍ਰ ਭਏ ਪਰਸੰਨ॥ਜਿਹ ਗੁਰ ਪ੍ਰਸੰਨ ਸੇਈ[1] ਜਗ ਧੰਨ॥੭॥
ਪਕੜ ਰਕਾਬ ਗੁਰ ਦਿਆਲ ਉਤਾਰਾ॥ਨਿਜ ਆਸਨ ਪਰ ਜਾਇ ਬੈਠਾਰਾ॥
ਅਤ ਮਿਸਟ ਬਚਨ ਸੋਭਾ ਮੁਖ ਕਹੇ॥ਅਤ ਪ੍ਰਸੰਨ ਮੁਖ ਦੇਖਤ ਰਹੇ॥੮॥
ਮਾਨੋ ਦੁਇ ਦਰਪਨ ਸਨਮੁਖ ਧਰੇ॥ਕਛੂ ਦੂਜਾ ਤਹਾ ਨਜਰ ਨਹੀ ਪਰੇ॥
ਸੰਤ ਸਮਾਗਮ ਤਾ ਕੋ ਕਹੀਐ॥ਦੂਜਾ ਭਾਉ ਜਹਾਂ ਨਹੀ ਪਈਐ॥੯॥
ਪੁਨ ਉਠੇ ਦਿਆਲ ਗੁਰ ਬਾਹਰ ਆਏ॥ਸਾਹ ਮੀਰ ਜੀ ਸੰਗ ਸਿਧਾਏ॥
ਪਕੜ ਰਕਾਬ ਸਵਾਰੀ ਦੀਨਾ॥ਕਰ ਪ੍ਰੀਤ ਭਾਉ ਬਿਦਾ ਗੁਰ ਕੀਨਾ॥੧੦॥

॥ਦੋਹਰਾ॥

ਯਹ ਸਭ ਬ੍ਰਿਤੰਤ ਬਾਦਸਾਹ ਸੌ ਕੀਈ ਅਰਜ ਹਰਕਾਰੇ ਜਾਇ॥
ਸੁਨ ਜਹਾਂਗੀਰ ਬਿਸਮੇ ਭਏ ਸਹਜਾਦਾ ਲੀਆ ਬੁਲਾਇ॥੧੧॥

॥ਚੌਪਈ॥

ਹੇ ਬਾਬਾ ਜਾਨ ਹਜਰਤ ਪਹਿ ਜਾਵੋ॥ਕਰ ਕਦਮ ਬੋਸਪੁਨ ਅਰਜ ਸੁਨਾਵੋ॥
ਹਿੰਦੁਸਤਾਂਨ ਹਮਰੀ ਬਾਦਸਾਹੀ॥ਸਭ ਹਿੰਦੂ ਸਰਾ ਕੇ ਤਾਬੇ ਆਹੀ॥੧੨॥
304/ੳ /ਸਰਾ ਸਰੀਅਤ ਐਸੇ ਕਹੇ॥ਹਿੰਦੂ ਕੋ ਤਾਜੀਮ ਨ ਅਹੇ॥
ਹਜਰਤ ਅਹਲ ਸਰੀਅਤ ਵਲੀ॥ਆਲਮ ਕੀ ਸਭ ਜਾਨਤ ਵਲੀ॥੧੩॥
ਗੁਰੂ ਹਰਿਗੁਬਿੰਦ ਕੋ ਕੀਆ ਤਜੀਮ॥ਕੋਊ ਹਜਰਤ ਸੋ ਜਗ ਨਹੀ ਅਜੀਮ॥
ਹਮਰੇ ਹੈ ਸਭ ਤਾਬੇਦਾਰ॥ਫੁਰਮਾਵੋ ਤੋ ਰਹੈ ਠਾਢੇ ਦੁਆਰ॥੧੪॥
ਹਮਰੇ ਦੀਨ ਕੀ ਸੁਬਕੀ ਹੋਇ॥ਸਰਹਿ ਤਰੀਕ ਰਹੇ ਨਹੀ ਕੋਇ॥
ਅਹਲ ਇਸਲਾਮ ਤਅਜਬ ਕੀਨਾ॥ਹਜਰਤ ਵਲੀ ਸਭ ਦਾਨਾ ਬੀਨਾ॥੧੫॥

॥ਦੋਹਰਾ॥

ਸਹਜਾਦਾ ਤਸਲੀਮਾਤ ਕਰ ਆਏ ਮੀਰ ਜੀ ਪਾਸ॥
ਕਦਮ ਬੂਸ ਅਰ ਤੌ ਫਕਰ ਕੀਨਾ ਬਹੁਤ ਸੁਪਾਸ॥੧੬॥

॥ਬੈਤ॥

---

[1] ਸੋਈ (ੳ,ਅ)

ਅਦਬ ਸੋ ਅਰਜ ਜੋ ਕਰੀ ਬਾਦਸਾਹ॥ ਕਹਾ ਪੀਰ ਸੋ ਸਾਹਜਾਦੇ ਸੁਨਾਇ॥
ਸਰੀਅਤ ਕਰਾ ਆਪ ਹਜਰਤ ਰਸੂਲ॥ ਸਭੀ ਅਹਲ ਇਸਲਾਮ ਕੀਨਾ ਕਬੂਲ॥੧੭॥
ਲਿਖਾ ਹੈ ਰਿਵਾਇਤ ਮੋ ਅਹਲੇ ਸਰਾ॥ ਨਾ ਹਿੰਦੂ ਕੋ ਤਾਜੀਮ ਕਰਨਾ ਰਵਾ॥
ਈਹਾਂ ਆਜ ਆਏ ਥੇ ਗੁਰ ਹਰਿਗੁਬਿੰਦ॥ ਜੋ ਹਜਰਤ ਕਰਾ ਆਪ ਸੋ ਸਰ ਬਲੰਦ॥੧੮॥
ਭਇਆ ਜਗ ਮੋ ਸੁਹਰਤ ਸੁਨਾ ਬਾਦਸਾਹ॥ ਕਰੀ ਆਪ ਸੌ ਅਰਜ ਹਮ ਕੋ ਪਠਾਇ॥
ਜੋਈ ਹੁਕਮ ਕੀਜੈ ਸੋਈ ਜਾ ਕਹੌ॥ ਤਿਸੀ ਬਾਤ ਕੋ ਦਿਲ ਮੋ ਕਾਇਮ ਕਰੌ[1]॥੧੯॥
ਸੁਨੀ ਮੀਰ ਜੀ ਬਾਤ ਹਸਨੇ ਲਗੇ॥ ਕਹੀ ਬਾਤ ਮੁਖ ਸੋ ਮੁਹਬਤ ਪਗੇ॥
ਜਿਸੀ ਰਬ ਨੇ ਕੁਲ ਆਲਮ ਗਢਾ॥ ਕੀਆ ਏਕ ਸੌ ਏਕ ਮੌਲਾ ਬਡਾ॥੨੦॥
ਜਹਾਗੀਰ ਕਾ ਤੁਮ ਅਦਬ ਜੋ ਕਰੋ॥ ਰਹੋ ਦਸਤ ਬਸਤਾਵ ਦਿਲ ਮੋ ਡਰੋ॥
ਇਸੀ ਬਾਤ ਕੀ ਦਿਲ ਮੋ ਕੀਜੈ ਤਮੀਜ॥ ਡਰੋ ਬਾਪ ਸੋ ਤੁਮ ਤੋ ਬੇਟਾ ਅਜੀਜ॥੨੧॥
ਹਮਨ ਕੋ ਜਬੀ ਰਬ ਸੋ ਵਸਲ ਹੋ॥ ਊਹਾ ਇਨ ਕੋ ਦੇਖਾ ਨਹੀ ਅਵਰ ਕੋ॥
304/ਅ ਜੋ ਮਕਸੂਦ ਅਪਨਾ ਸੁ ਇ/ਨ ਸੋ ਕਹੇਂ॥ ਜਬਾਬੇ ਦਿਹਿੰਦਾ ਸੋ ਯੇਹੀ ਰਹੇ॥੨੨॥
ਨ ਜਾਨਾ ਪਰੈ ਤਹਿ ਕਛੂ ਰੂਪ ਰੰਗ॥ ਬਿਨਾ ਇਨ ਕੇ ਨਾਹੀ ਊਹਾ ਅਵਰ ਢੰਗ॥
ਇਸੀ ਵਾਸਤੇ ਹਮ ਕੀਆ ਹੈ ਤਜੀਮ॥ ਬਡਾਈ ਦਈ ਜਾ ਕੋ ਮੌਲਾ ਕਰੀਮ॥੨੩॥
ਫਕਰ ਜਾਤ ਮੌਲਾ ਕੀ ਬੇਸਕ ਹੈ॥ ਤੁਮਾਰੇ ਪਦਰ ਇਨ ਸੌ ਬਹੁਦਿਕ ਹੈ॥
ਵਲੀ ਕੋ ਵਲੀ ਜਾਨ ਲੇਵੈ ਸਿਤਾਬ॥ ਮਜਬਤ[2] ਕਰੇ ਅਹਲ ਦੁਨੀਆ ਖਰਾਬ॥੨੪॥
ਯਹੀ ਬਾਤ ਜਾਹਰ ਕਰੋ ਬਾਪ ਸੌ॥ ਜੋ ਮੌਲਾ ਕੀਏ ਹੈ ਬਡੇ ਆਪ ਸੌ॥
ਤਿਨੋ ਸੋ ਜੁ ਹੁਜਤ ਹਕਾਮਤ ਕਰੇ॥ ਖਰਾਬੀ ਈਹਾ ਅੰਤ ਦੋਜਕ ਪਰੇ॥੨੫॥

॥ ਦੋਹਰਾ॥

ਸਾਹਜਾਦੇ ਜੋ ਕੁਛ ਸੁਨਾ ਕਹਾ ਬਾਦਸਾਹ ਸੌ ਜਾਇ॥
ਸੁਨ ਬਾਦਸਾਹ ਚਿਤ ਨਰਮ ਹੋਇ ਲੀਆ ਹਲੀਮੀ ਰਾਹ॥੨੬॥

॥ ਚੌਪਈ॥

ਚੌਕੀ ਤੁਰਤ ਉਠਾਇ ਮੰਗਾਈ॥ ਇਉ ਸਤਿਗੁਰ ਜੀ ਸੋ ਆਖ ਪਠਾਈ॥
ਕਰਏ ਕੂਚ ਨਿਜ ਘਰ ਮੋ ਜਈਐ॥ ਜਿਉ ਹੋਇ ਖੁਸੀ ਤੈਸੇ ਤਿਉ ਰਹੀਐ॥੨੭॥
ਤਬ ਦਿਆਲ ਗੁਰੂ ਯਹ ਕੀਆ ਬਿਚਾਰਾ॥ ਮੀਆ ਮੀਰ ਸੌ ਸੁਨ ਸਲੂਕ ਇਨ ਧਾਰਾ॥
ਯਹ ਮੂਰਖ ਨਹੀ ਬੂਝੀ ਬਾਤ॥ ਸਭ ਜਗ ਜਾਨੇ ਹਮਰੇ ਹਾਥ॥
ਬਿਨ ਕਰਾਮਾਤ ਇਹ ਬੂਝਤ ਨਾਹੀ॥ ਨਹੀ ਕਰੇ ਸਾਧ ਇਹ ਪ੍ਰਗਟ ਕਦਾਹੀ॥
ਦੁਬਦਾ ਕਰਨੀ ਸੋ ਨਹੀ ਟਰੇ॥ ਬਿਨ ਕੁਚਲੇ ਸੀਸ ਸਰਪ ਨਹੀ ਮਰੇ॥੨੮॥
ਅਬ ਸ੍ਰੀ ਰਾਮਦਾਸ ਪੁਰ ਚਲੈ॥ ਇਨ ਸੋ ਦੁਬਧਾ ਕਬੀ ਨ ਟਲੈ॥
ਯਹ ਮਸਲਤ ਸਤਿਗੁਰ ਜੀ ਕੀਆ॥ ਤਿਆਰੀ ਕੀ ਆਗਿਆ ਕਰ ਦੀਆ॥੩੦॥

॥ ਦੋਹਰਾ॥

ਸ੍ਰੀ ਸਤਿਗੁਰ ਆਗਿਆ ਕਰੀ ਕਰੋ ਤਿਆਰੀ ਕੂਚ॥
ਸੁਨਤ ਸਿਖ ਸੰਗਤ ਸਗਲ ਜੁਰ ਆਏ ਬਹੁ ਮੂਚ॥੩੧॥

॥ ਸਾਖੀ ਪੂਰਨ ਹੋਈ॥੧੫੦॥

305/ੳ /ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---
[1] ਰਹੋ (ਅ)
[2] ਮਜਮਤ (ੳ,ਅ)

[ਸਾਖੀ ਜਹਾਂਗੀਰ ਬਾਦਸਾਹ ਨੂੰ ਖਬਰਦਾਰ ਕਰਕੇ ਸੰਗ੍ਰਾਮ ਲੀਲਾ ਕਰਨਾ]

॥ ਸੋਰਠਾ ॥
ਸ੍ਰੀ ਸਤਗੁਰ ਦੀਨ ਦਿਆਲ ਸੈਨ ਤਿਆਗ ਜਾਗਤ ਭਏ ॥
ਕਰ ਇਸਨਾਨ ਤਿਹ ਕਾਲ ਨਿਤ ਕਰਮ ਸਾਧਨ ਕਰਾ ॥੧॥
॥ ਚੌਪਈ ॥
ਜਬ ਭਇਆ ਸਮਾ ਪ੍ਰਾਤਹ ਕਾਲ ॥ ਪਹਰਿ ਬਸਤ੍ਰ ਪ੍ਰਭ ਦੀਨ ਦਿਆਲ ॥
ਖੜਗ ਆਦਿ ਸਭ ਸਸਤ੍ਰ ਮੰਗਾਏ ॥ ਦੀਆ ਧੂਪ ਪੁਨ ਅੰਗ ਲਗਾਏ ॥੨॥
ਤੁਰੰਗ ਸੁਹੇਲਾ ਲੀਆ ਮੰਗਾਇ ॥ ਅਸਬਾਬ ਲੋਕ ਬਿਦਾ ਕਰਾਇ ॥
ਪੁਨ ਭਏ ਸਵਾਰ ਪ੍ਰਭ ਦੀਨ ਦਿਆਲ ॥ ਲੈ ਦਸ ਸਵਾਰ ਬੀਰ ਸਿਖ ਨਾਲ ॥੩॥
ਕਰ ਅਰਦਾਸ ਦਿਆਲ ਗੁਰ ਚਲੇ ॥ ਆਇ ਇਕਲੇ ਦੁਆਰ ਆਗੇ ਭਏ ਖਲੇ ॥
ਤਹਾਂ ਊਚੇ ਬਾਂਸ ਮਛਲੀ ਲਟਕਾਈ ॥ ਦੇਖੀ ਦਿਆਲ ਗੁਰ ਪੂਛ ਪੁਛਾਈ ॥੪॥
ਕਹਾ ਲੋਗਨ ਯਿਹ ਬਾਦਸਾਹ ਕੀ ਆਨਾ ॥ ਸਹਜਾਦਾ ਮਾਰੇ ਇਸੇ ਨਿਸਾਨਾ ॥
ਤਬ ਤਰਕਸ ਸੋ ਪ੍ਰਭ ਤੀਰ ਨਿਕਾਰਾ ॥ ਖੈਚ ਕਮਾਨ ਮਛਲੀ ਪਰ ਮਾਰਾ ॥੫॥
॥ ਦੋਹਰਾ ॥
ਟੂਟ ਮਛਲੀ ਧਰਨੀ ਗਿਰੀ ਪੁਨ ਤੀਰ ਅਵਰ ਕਰ ਲੀਨ ॥
ਮਾਰਾ ਦੁਆਰੇ ਕਿਲੇ ਕੇ ਪਾਰ ਕਿਵਾੜੇ ਕੀਨ ॥੬॥
॥ ਤੋਮਰ ਛੰਦ ॥
ਤਬ ਚਲੇ ਸਤਗੁਰ ਧੀਰ ॥ ਹਾਕਿਓ ਤੁਰੰਗ ਸਮੀਰ ॥
ਬਾਜਾਰ ਕੋ ਮਗ ਲੀਨ ॥ ਸਭ ਲੋਕ ਦਰਸਨ ਦੀਨ ॥੭॥
ਬਾਹਰ ਨਗਰ ਜਬ ਭਏ ॥ ਰਮਦਾਸ ਪੁਰ ਮਗ ਲਏ ॥
305/ਅ ਜੱਲਨ ਮਿਲੇ ਮਗ ਮਾਹ ॥ ਉਤਰੇ ਪ੍ਰਭੁ/ਗ੍ਰਿਹ ਮਾਹਿ ॥੮॥
ਜਲਨ ਕਰਾ ਸਤ ਭਾਇ ॥ ਲਈ ਰਾਮ ਕੀ ਸੁਬੁਲਾਇ ॥
ਲਿਆਏ ਪਲੰਘ ਤਤਕਾਲ ॥ ਊਪਰ ਬਿਛੌਨਾ ਡਾਲ[1] ॥੯॥
ਤਾ ਪਰ ਬੈਠਾਇ ਦਿਆਲ ॥ ਕਰੀ ਭਾਵ ਭਗਤ ਬਿਸਾਲ ॥
ਹੇ ਰਾਮ ਕੀ ਕਰ ਦਰਸ ॥ ਬਡਭਾਗ ਹਮ ਜਗ ਸਰਸ ॥੧੦॥
॥ ਦੋਹਰਾ ॥
ਸ੍ਰੀ ਸਤਿਗੁਰ ਪ੍ਰਸੰਨ ਹੋਇ ਪੂਛੀ ਜਲਨ ਬਾਤ ॥
ਇਹ ਤੁਰਕ ਖਿਆਲ ਹਮਰੇ ਪਰੇ ਕਿਆ ਕੀਜੇ ਜਲਨ ਤਾਤ ॥੧੧॥
॥ ਤੋਮਰ ਛੰਦ ॥
ਜੱਲਨ ਕਹੀ ਕਰ ਜੋਰ ॥ ਅਬ ਸੁਨੋ ਸੁਆਮੀ ਮੋਰ ॥
ਥੀ ਕੂਕਰੀ ਘਰ ਮੁਗਲ ॥ ਜਿਨ ਕਾਟਿਆ ਜਗੁ ਸਗਲ ॥੧੨॥
ਸੋ ਪਕੜ ਬਾਧੀ ਦਿਆਲ ॥ ਰਹੇ ਪਲਘ ਪਾਏ ਨਾਲ ॥
ਸੋ ਭੌਕਤੀ ਦਿਨ ਰਾਤਿ ॥ ਤਿਸ ਦੇਖ ਮੁਗਲ ਰਿਸਾਤ ॥੧੩॥
ਤਿਸ ਛਾਡ ਦੀਜੈ ਦਿਆਲ ॥ ਤਬ ਮੁਗਲ ਛੋਡੇ ਖਿਆਲ ॥
ਯਹ ਬਾਤ ਸੁਨ ਗੁਰ ਕਹੀ ॥ ਅਬ ਛੂਟਨੇ ਤੇ ਰਹੀ ॥੧੪॥
ਕਹਾ[2] ਤੂੰ ਭਗਤ ਹੈ ਬਡ ਭੋਲ ॥ ਕਿਆ ਬਾਤ ਕੀਨੀ ਟੋਲ ॥
ਪੁਨ ਉਠੇ ਸਤਿਗੁਰ ਦਿਆਲ ॥ ਚੜੇ ਤੁਰੰਗ ਤੇਜ ਬਿਸਾਲ ॥੧੫॥
॥ ਦੋਹਰਾ ॥
ਯਹ ਕੁਤੀਆ ਜਾਗਤ ਬਿਭੂਤ ਹੈ ਮੁਗਲਨ ਅਪਨੀ ਕੀਨ ॥
ਅਬ ਤੋ ਯਹ ਛੂਟੇ ਨਹੀ ਤਿਸ ਦੇਖ ਦੁਖੀ ਹੋਇ ਦੀਨ ॥੧੬॥

---
[1] ਢਾਲ (ਅ)
[2] ਇੱਥੇ ਸ਼ਬਦ 'ਕਹਾ' ਨਹੀਂ ਹੈ (ਅ)

॥ ਦੋਹਰਾ ॥ [1]

ਸ੍ਰੀ ਰਾਮਦਾਸ ਪੁਰ ਪ੍ਰਭ ਗਏ ਭਏ ਅਨੰਦ ਬਿਲਾਸ ॥
ਸਭ ਸੰਗਤ ਦਰਸਨ ਕੀਆ ਪੂਰਨ ਕੀਨੀ ਆਸ ॥੧੭॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥੧੫੧॥

---

[1] ਇੱਥੇ ਸਿਰਲੇਖ '॥ ਦੋਹਰਾ ॥' ਨਹੀਂ ਹੈ (ੳ,ਅ)

[ਸਾਖੀ ਜਹਾਗੀਰ ਬਾਦਸਾਹ ਦਾ ਸ੍ਰੀ ਸਤਿਗੁਰ ਜੀ/ਨਾਲ ਯੁੱਧ ਹੋਣਾ]

॥ਦੋਹਰਾ॥

ਸਭ ਚੌਕੀ ਕੇ ਲੋਕ ਮਿਲ ਅਰਜ ਕਰੀ ਬਾਦਸਾਹ॥
ਗੁਰੂ ਹਰਿਗੁਬਿੰਦ ਐਸੀ ਕਰੀ ਹਮਰਾ ਕਛੂ ਗੁਨਾਹ॥੧॥

॥ਚੌਪਈ॥

ਏਕ ਤੀਰ ਸੌ ਮਛਲੀ ਕਟਾ॥ਪੁਨ ਦੂਜਾ ਤੀਰ ਦੁਆਰੇ ਸਟਾ॥
ਕਛੁ ਬਾਦਸਾਹ ਕਾ ਖੌਫ ਨ ਕੀਨਾ॥ਘੋੜਾ ਚਲਾਇ ਹੁਇ ਗਏ ਰਵੀਨਾ॥੨॥
ਸੁਨ ਜਹਾਂਗੀਰ ਗੁਸਾ ਬਹੁ ਕਰਾ॥ਬਿਨਾ ਆਗ ਮਾਨੋ ਤਨ ਜਰਾ॥
ਹਫਤ ਚੌਕੀ ਕੇ ਲੋਕ ਸਭ ਜਾਹਿ॥ਕਰ ਦਸਤਗੀਰ ਉਨ ਕੌ ਲੇ ਆਹਿ॥੩॥
ਡੰਕਾ ਕੀਆ ਫੌਜ ਸਭ ਚਲੀ॥ਬਡੇ ਬਡੇ ਸਰਦਾਰ ਅਤ ਬਲੀ॥
ਜਾਇ ਰਾਮਦਾਸ ਪੁਰ ਕੀਨਾ ਘੇਰਾ॥ਜਿਉ ਮਧ ਮਾਖੀ ਕਰੇ ਬਸੇਰਾ॥੪॥
ਬਾਬਾ ਗੁਰਦਿਤਾ ਜੀ ਭਏ ਸਵਾਰ॥ਲੇ ਆਗਿਆ ਸਤਿਗੁਰ ਕਰਤਾਰ॥
ਚਪਲ ਤੁਰੰਗ ਫੇਰਾ ਰਨ ਭੂਮ॥ਦੇਖ ਫੌਜ ਆਈ ਸਭ ਝੂਮ॥੫॥

॥ਦੋਹਰਾ॥

ਤੀਰ ਤੁਫੰਗ ਤੁਪਕ ਚਲੇ ਅਰੁ ਭਾਲਾ ਫੇਰੇ ਬੀਰ॥
ਰੋਪ ਖੰਭ ਬਾਬਾ ਤਹਾ ਭਏ ਠਾਢੇ ਰਨ ਧੀਰ॥੬॥

॥ਤ੍ਰਿਭੰਗੀ ਛੰਦ॥

ਰਣ ਆ ਯੁਧ ਬਰਖੈ ਬਾਬਾ ਹਰਖੈ ਨਿਰਖਤ ਧਰ ਕੈ ਭਟ ਭਾਰੀ॥
ਰਣ ਮਾਰੂ ਬਾਜੈ ਘਨਹਰ ਗਾਜੈ ਸੈਨਾ ਛਾਜੈ ਘਟ ਕਾਰੀ॥
ਲੈ ਲੈ ਸੁ ਕਮਨਿ ਬਾਬਾ ਤਾਨੰ ਹਨੈ ਜੁਆਨੰ ਬਰਿ ਆਰੀ॥ [1]
ਜਿਨ ਰਣ ਤਨ ਤਿਆਗੇ॥ਸਨਮੁਖ ਲਾਗੇ ਬਡਭਾਗੇ ਸੁਰਪੁਰ ਧਾਰੀ॥੭॥

॥ਦੋਹਰਾ॥

ਬਾਬਾ ਜੀ ਕੇ ਬਾਨ ਕੀ ਪਰਤਗਿਆ ਕਹੋ ਸੁਨਾਇ॥
ਧਰ ਸਪਤਤ ਵਾ ਅਸਟ ਧਾਤ ਕੋ ਏਕ ਚੋਟ ਬੇਧਾਇ॥੮॥

॥ਚੌਪਈ॥

306/ਅ ਬਾਬਾ ਜੀ ਬਹੁਤੇ ਭਟ ਮਾਰੇ॥ਕਾਇ ਰਣ ਮੁਖ ਫੇ/ਰ ਪਧਾਰੇ॥
ਸੰਧਿਆ ਸਮਾ ਤਬ ਲਗ ਹੋਇ ਆਇਆ॥ਤਬ ਰਨ ਫੌਜਨ ਡੇਰਾ ਪਾਇਆ॥
ਡੇਰਾ ਇਕਤ੍ਰ ਕਰ ਚੌਕੀ ਰਾਖੀ॥ਦੇਖ ਲੜਾਈ ਅਪਨੀ ਆਖੀ॥੯॥
ਤਬ ਕਰ ਡੰਕਾ ਬਾਬਾ ਜੀ ਆਏ॥ਸਤਿਗੁਰ ਦਿਆਲ ਨਿਜ ਅੰਗ ਲਗਾਏ॥
ਪੁਨ ਬਾਬਾ ਜੀ ਚਰਨਨ ਸਿਰ ਧਰਾ॥ਨਿਜ ਮੁਖ ਸਤਿਗੁਰ ਉਸਤਤ ਕਰਾ॥੧੦॥

॥ਦੋਹਰਾ॥

ਤਬ ਸਤਿਗੁਰ ਮਸਲਤ ਕਰੀ ਇਹ ਤੀਰਥ ਗੁਰ ਅਸਥਾਨ॥
ਈਹਾ ਜੁਧ ਨਾਹੀ ਭਲਾ ਕਰਤਾਰਪੁਰਾ ਦ੍ਰਿੜ ਥਾਨ[2]॥੧੧॥

॥ਚੌਪਈ॥

ਭਾਰ ਬਰਦਾਰੀ ਕਰ ਤਿਯਾਰ ਕਰ ਲਾਦੀ॥ਜੋ ਉਬਰੀ ਬਸਤ ਈਹਾ ਸਭ ਛਾਡੀ॥
ਸਿਖ ਸੈਨਾ ਤੈਯਾਰ ਸਭ ਭਏ॥ਮਾਤਾ ਜੀ ਕੇ ਸੰਗ ਕਰ ਦਏ॥੧੨॥
ਨਿਸ ਆਧ ਭਈ ਕਰਤਾਰਪੁਰ ਚਲੇ॥ਹੋਇ ਸਵਾਰ ਸਤਿਗੁਰ ਰਹੇ ਖਲੇ॥
ਜਬ ਨਿਕਸ ਲੋਕ ਦੂਰ ਸਭ ਗਏ॥ਤਬ ਸਤਿਗੁਰ ਡੰਕਾ ਦੇਤੇ ਭਏ॥੧੩॥
ਮਾਰਗ ਕਰਤਾਰਪੁਰੇ ਕਾ ਲੀਨਾ॥ਕਾਹੂ ਭਟ ਪੀਛਾ ਨਹੀ ਕੀਨਾ॥
ਆਇ ਕਰਤਾਰਪੁਰ ਪ੍ਰਾਪਤ ਭਏ॥ਜਹਾ ਸਤਿਗੁਰ ਤਹਾ ਮੰਗਲ ਛਾਏ॥੧੪॥
ਈਹਾ ਜੁਧ ਕੀ ਕਰੀ ਤਯਾਰੀ॥ਆਏ ਬੈਰਾੜ ਸਿਖ ਅਧਕਾਰੀ॥

---

[1] ਲੈ ਲੈ ਸੁ ਕਮਾਨੰ ਬਾਬਾ ਤਾਨੰ ਹਨੈ ਜੁਆਨੰ ਬਰਿ ਆਰੀ॥ (ੳ,ਅ,ੲ,ਸ)
[2] ਅਸਥਾਨ (ਅ)

ਚਾਰ ਸੌ ਸਿਖ ਸਤਿਗੁਰ ਕੇ ਪਾਸ॥ ਮਹਾ ਬੀਰ ਜੁਧ ਕੀ ਰਾਸ॥੧੫॥

॥ਦੋਹਰਾ॥

ਪ੍ਰਾਤਹਕਾਲ ਭਇਆ ਜਬੀ ਖਾਲੀ ਜਾਨਾ ਕੋਟ॥
ਲੂਟ ਕਰਨ ਲਾਗੇ ਸਭੀ ਬਾਂਧ ਬਾਂਧ ਸਭ ਪੋਟ॥੧੬॥

॥ਚੌਪਈ॥

ਆਟਾ ਮੈਦਾ ਖਾਂਡ ਮਿਠਾਈ॥ ਜਿਨ ਲੀਨੀ ਤਿਨ ਹੀ ਬਿਖ ਖਾਈ॥
ਜਿਉ ਜਾਲੀ ਪੰਛੀ ਫਾਸੇ ਚੋਗ॥ ਜਬੀ ਫਾਸੇ ਹੋਇ ਮਰਨ ਕਾ[1] ਸੋਗ॥੧੭॥

॥ਦੋਹਰਾ॥

ਪੁਨ ਲਿਖੀ ਹਕੀਕਤ ਜੰਗ ਕੀ ਅਰਜੀ ਦਈ ਪਠਾਇ॥
307/ੳ ਗੁਜਰੀ ਹ/ਜ਼ੂਰ ਬਾਦਸਾਹ ਕੇ ਅਰਜ ਬੇਗੀ ਪੜੀ ਸੁਨਾਇ॥੧੮॥
[2]ਸੁਨ ਬਾਦਸਾਹ ਗੁਸਾ ਅਤ ਕੀਆ॥ ਗੁਰੂ ਹਰਿਗੁਬਿੰਦ ਹਮ ਕੋ ਦੁਖ ਦੀਆ॥
ਨਹੀ ਫਕੀਰੀ ਕਾ ਵਸ ਲੂਬ॥ ਅਬ ਉਨਕਾ ਕਰੋ ਤਦਾਰਕ ਖੂਬ॥੧੯॥
ਮੀਰ ਬਖਸੀ ਕੌ ਹੁਕਮ ਯਹ ਭਇਆ॥ ਤਿਨ ਬਡੀ ਫੌਜ ਤਈਨਾਥ ਕਰ ਦੀਆ॥
ਮਨਸਬਦਾਰ ਅਉ ਸਿਪਹਸਲਾਰ॥ ਬਹੁਤ ਅਮੀਰ ਬਡੇ ਸਰਦਾਰ॥੨੦॥

॥ਦੋਹਰਾ॥

ਬਹੁਤ ਫੌਜ ਤਈਨਾਥ ਕਰ ਭੇਜੇ ਬਡੇ ਅਮੀਰ॥
ਚੜ ਗਏ ਸਕਲ ਕਰਤਾਰਪੁਰ ਲਗੀ ਜੁਧ ਕੀ ਭੀਰ॥੨੧॥

॥ਬੈਤ॥

ਉਮਡੇ ਘਟਾ ਘੋਰ ਫੌਜੈ ਘੁਮੰਡ॥ ਬਜਾਵੇ ਨਗਾਰੇ ਖੜੇ ਜੰਗ ਮੰਡ॥
ਲੀਆ ਘੇਰ ਕਰਤਾਰਪੁਰੁ ਚਾਰ ਓਰ॥ ਪੁਕਾਰੇ ਹਕਾਰੇ ਹੂਆ ਬਹੁਤ ਸੋਰ॥੨੨॥
ਦੇਖਾ ਦਿਆਲ ਜੀ ਆਇ ਪਹੁਚੇ ਨਜੀਕ॥ ਬੁਲਾਏ ਸਭੇ ਸਿੰਘ ਜੋਧਾ ਰਫੀਕ॥
ਪਹਰ ਸਸਤ੍ਰ ਸਭ ਸਿਖ ਹੂਏ ਤਯਾਰ॥ ਮੰਗਾਇਆ ਸੁਹੇਲਾ ਭਏ ਪ੍ਰਭ ਸਵਾਰ॥੨੩॥
ਸੁਹੇਲੇ ਕੀ ਰਕਾਬ ਜਬ ਪਗ ਦੀਆ॥ ਸ੍ਰੀ ਮੁਖ ਗੁਰੂ ਬਚਨ ਯਹ ਕੀਆ॥

॥ਬਚਨ ਸ੍ਰੀ ਮੁਖਵਾਕ॥

ਬਹੁਤੇ ਥੋੜੇ ਤਿਸ ਦੇਸੋ ਹੋਇ ਜੋ ਸਤਿਗੁਰ ਭਾਂਵ ਦੀ॥
ਸ੍ਰੀ ਮੁਖ ਸਤਿਗੁਰ ਬੋਲਿਆ ਪੈਜ ਰਖੀ ਅਪਨੇ ਨਾਂਉ ਦੀ॥
[3]ਕਰੀ ਦਿਆਲ ਅਰਦਾਸ ਨਿਜ ਰੂਪ ਚੇਤ॥ ਜੋ ਮਾਇਆ ਉਸੀ ਕੀ ਕੀਆ ਜਗ ਅਚੇਤ॥੨੪॥
ਨਿਕਸਿ ਦੁਆਰ ਤੇ ਬਾਹਰ ਆਇ ਖੜੇ॥ ਪੁਕਾਰਾ ਨਕੀਬੋ ਨੇ ਸਤਿਗੁਰ ਚੜੇ॥
ਤਬੀ ਦਿਆਲ ਜੀ ਤਬਲ ਡੰਕਾ ਦੀਆ॥ ਲੀਆ ਤੀਰ ਤਕਸ ਸੋ ਜਿਹ ਮੋ ਦੀਆ॥੨੫॥
ਚਲੇ ਤੀਰ ਸਤਿਗੁਰ ਕੇ ਜਿਹ ਤਨ ਲਗੈ॥ ਨਿਕਸ ਜਾਇ ਸੂਕੇ ਤੇਊ ਤਨ ਤਜੈ॥
307/ਅ ਉਮਡ ਝੂਮ ਫੌਜੋ ਨੇ ਘੇਰਾ ਕੀਆ॥ ਮਾਨੋ ਚੰਦ/ਕੇ ਗਿਰਦ ਮੰਡਲ ਭਇਆ॥੨੬॥
ਚਲੈ ਤੀਰ ਬੰਦੂਕ ਤੋਪੈ ਹਜਾਰ॥ ਪੜਾ ਜੰਗ ਭਾਰੀ ਭਇਆ ਅੰਧਕਾਰ॥
ਕਟਾ ਕਟਿ ਤਲਵਾਰ ਬਾਹੇ ਭਲੇ[4]॥ ਨਹੀ ਅੰਗ ਸਤਿਗੁਰ ਕੇ ਕੋਊ[5] ਛੁਏ॥੨੭॥
ਬਡੇ ਬੀਰ ਜੋਧਾ ਰਹੈ ਦਿਆਲ ਸੰਗ॥ ਲਗੇ ਅਗ੍ਰ ਗੁਰ ਕੇ ਖੜੇ ਬੇਦ ਰੰਗ॥
ਲੜੇ ਸਿਖ ਮੀਤਾ ਤਿਨੋ ਜਨਮ ਜੀਤਾ॥ ਜਿਨੋ ਤਨ ਤਿਆਗੇ ਗੁਰੂ ਚਰਨ ਪਾਗੇ॥੨੮॥
ਜੋ ਜੂਝੇ ਬਡੇ ਬੀਰ ਸਰਦਾਰ ਫੌਜ॥ ਜੋ ਸਨਮੁਖ ਲੜੇ ਸੁ ਕਰੇ ਭਿਸਤ ਮੌਜ॥
ਬਹੁਤ ਲੋਕ ਮਾਰੇ ਵ ਸੁਦਾਰ ਭਾਰੇ॥੨੯॥ [6]

---

[1] ਹੋਇ ਮਰਨਾ (ਅ)
[2] ਇੱਥੇ ਸਿਰਲੇਖ '॥ਚੌਪਈ॥' ਹੈ (ੳ,ਅ,ੲ,ਸ)
[3] ਇੱਥੇ ਸਿਰਲੇਖ '॥ਬੈਤ॥' ਹੈ (ੳ,ਅ,ੲ)
[4] ਭਾਲੇ ਬਹੇ (ੳ,ਅ,ੲ)
[5] ਕੋ (ਅ)
[6] ਬਹੁਤ ਲੋਕ ਮਾਰੇ ਵ ਸੁਦਾਰ ਭਾਰੇ॥ ਤਹਾ ਦਿਆਲ ਜੀ ਚਿਤ ਬਾਬਾ ਚਿਤਾਰੇ॥ (ੳ,ਅ,ੲ,ਸ)

॥ ਦੋਹਰਾ ॥
ਤਬ ਸਿਮਰ ਗੁਰੂ ਬਾਬਾ ਚੜੇ ਧਸੇ ਫੌਜ ਰਣ ਮਾਹਿ ॥
ਜਿਉ ਸਿਆਮ ਘਟਾ ਬਿਜਲੀ ਚਮਕ ਐਸੀ ਸੋਭ ਦਿਖਾਇ ॥ ੩੦ ॥
॥ ਚੌਪਈ ॥
ਉਤਰੇ ਰਣ ਬਾਬਾ ਗੁਰਦਿਤਾ ॥ ਮਹਾ ਬੀਰ ਸਤਗੁਰ ਮਨ ਮਿਤਾ ॥
ਲੇ ਧਨਖ ਤੀਰ ਬਰਖਾ ਇਮ ਕਰੀ ॥ ਜਿਮ ਬਰਖਾ[1] ਰਿਤ ਹੋਇ ਚਹੁ ਦਿਸ ਝਰੀ ॥ ੩੧ ॥
ਕਾਟ ਫੌਜ ਮਾਰਗ ਕਰ ਲੀਆ[2] ॥ ਜਾਇ ਸਤਿਗੁਰ ਕਾ ਦਰਸਨ ਕੀਆ[3] ॥
ਸਤਿਗੁਰ ਅਗ੍ਰ ਬਾਬਾ ਹੋਇ ਖੜੇ ॥ ਜਿਮ ਅਗ੍ਰ ਰਾਮ ਲਛਮਨ ਜੀ ਲੜੇ ॥ ੩੨ ॥
ਤੀਰ ਤੁਫੰਗ ਸੂਰ ਤਨ ਖਚੇ ॥ ਮਾਨੋ ਫਾਗ ਖੇਲ ਤਹਾ ਮਚੇ ॥
ਚਲੇ ਰੁਧਰ ਧਾਰ ਮਾਨੋ ਪਿਚਕਾਰੀ ॥ ਭਈ ਲਾਲ ਰੰਗ ਧਰਤੀ ਰਨ ਸਾਰੀ ॥ ੩੩ ॥
ਬਾਬਾ ਜੀ ਘੋਰ ਜੁਧ ਤਹਾ ਕੀਆ ॥ ਭ੍ਰਾਤ ਭ੍ਰਾਤ ਕੀ ਖਬਰਨ ਲੀਆ ॥
ਹਫੀ ਫੌਜ ਸੰਧਿਆ ਪੁਨ ਭਈ ॥ ਡੇਰੇ ਕੀ ਸੁਧ ਸੂਰ ਨ ਲਈ ॥
॥ ਦੋਹਰਾ ॥
ਫਿਰੀ ਫੌਜ ਡੇਰੇ ਕੀਏ ਗੁਰ ਠਾਢੇ ਰਨ ਖੇਤ ॥
ਪੁਨ ਬਾਬਾ ਜੀ ਕੋ ਸੰਗ ਲੈ ਗ੍ਰਿਹ ਆਏ ਸੈਨਾ ਸਮੇਤ ॥ ੩੪ ॥
॥ ਚੌਪਈ ॥
ਬਹੁਤ ਬਾਰ ਰਨ ਭਈ ਲੜਾਈ ॥ ਸੋ ਸਭ ਲੀਲਾ ਕਥੀ ਨ ਜਾਈ ॥
308/ੳ ਸੰਛੇਪ ਕਥਾ ਸੁਨ ਲਿਖੀ ਬਨਾਇ ॥ ਸੁਨੈ ਸਿਖ/ਮਨ ਲਾਵੈ ਭਾਇ ॥ ੩੫ ॥
ਭਾਰਾ ਬਡਾ ਜੰਗ ਤਹਾ ਭਇਆ ॥ ਲੇ ਖਬਰ ਪੈਕ ਜਹਾਂਗੀਰ ਪੈ ਗਯਾ ॥
ਮਾਰੀ ਫੌਜ ਅਉ ਬਡ ਸਰਦਾਰ ॥ ਸੁਨ ਬਾਦਸਾਹ ਭਏ ਬੇਜਾਰ ॥ ੩੬ ॥
ਪੁਨ ਬਖਸੀ ਸੰਗ ਬਹੁ ਸੈਨ[4] ਪਠਾਈ ॥ ਮੁਗਲ ਪਠਾਨ ਜੋ ਬਡਾ ਸਿਪਾਹੀ ॥
ਜਾਇ ਕਰਤਾਰਪੁਰ ਪਹੁਚਤ ਭਏ ॥ ਮਿਲ ਸਰਦਾਰ[5] ਯਹ ਮਸਲਤ ਠਏ ॥ ੩੭ ॥
ਸੁਬਹਿ ਕੋ ਫਤੇ ਨਗਾਰਾ ਦੀਜੈ ॥ ਚਾਰ ਤਰਫ ਹੋਇ ਹਲਾ ਕੀਜੈ ॥
ਕੌਨ ਜੰਗ ਮੁਸਕਲ ਯਹ ਆਹਿ ॥ ਕਛੁ ਸਰੰਜਾਮ ਈਹਾ ਦੀਸਤ ਨਾਹੇ ॥ ੩੮ ॥
॥ ਦੋਹਰਾ ॥
ਗੋਲ ਚਾਰ ਫੌਜੇ ਭਈ ਗੜ ਬਾਹਰ ਲਾਗੇ ਧਾਇ ॥
ਤਬ ਗਏ ਸਿਖ ਸਤਿਗੁਰੂ ਪਹਿ ਖਬਰ ਕਹੀ ਸਿਰ ਨਿਆਇ ॥ ੩੯ ॥
॥ ਤੋਮਰ ਛੰਦ ॥
ਸੁਨ ਬਚਨ ਸਤਿਗੁਰ ਕੀਨ ॥ ਤੁਮ ਸੁਨੋ ਸਿਖ ਪ੍ਰਬੀਨ ॥
ਲੇ ਸਸਤ੍ਰ ਪਹੁਚੋ ਜਾਇ ॥ ਤਿਨ ਮਾਰ ਦੇਹੁ ਗਿਰਾਇ ॥ ੪੦ ॥
ਠਾਢੇ ਭਏ ਗੁਰ ਦਿਆਲ ॥ ਲਗ ਪੀਠ ਖੰਭੇ ਨਾਲ ॥
ਨਿਜ ਹਾਥ ਤਾ ਸੋ ਮਾਰ ॥ ਮੁਖ ਬਚਨ ਕਹਿਓ ਉਚਾਰ ॥ ੪੧ ॥
ਮਾਰੋ ਇਨੈ ਦੇਹੁ ਮਾਰ ॥ ਸਭ ਚੜੋ ਹੋਇ ਅਸਵਾਰ ॥
ਸੁਨ ਬਚਨ ਬਾਬਾ ਚੜੇ ॥ ਤਬ ਜਾਇ ਰਣ ਮੋ ਲੜੇ ॥ ੪੨ ॥
ਰਣ ਅੰਧਕਾਰ ਭਇਆ ॥ ਉਡ ਧੂੜਨ ਭਰ ਵਿਛਇਆ ॥
ਦੀਸੈ ਨ ਹਾਥ ਪਸਾਰ ॥ ਭਈ ਗੈਬ ਕੀ ਰਣ ਮਾਰ ॥ ੪੩ ॥
ਭਿੜੇ ਆਪ ਮੋ ਸਭ ਆਪ ॥ ਗਈ ਫੌਜ ਰਣ ਮੋ ਖਾਪ ॥
ਪੁਨ ਚੜੇ ਸਤਿਗੁਰ ਦਿਆਲ ॥ ਭੈਯਾ ਘੋਰ ਜੁਧ ਬਿਸਾਲ ॥ ੪੪ ॥
ਜਿਮ ਦੇਖ ਸਿੰਘ ਸਿਆਰ ॥ ਭਾਗੇ ਸਗਲ ਸਰਦਾਰ ॥
ਸਭ ਭਈ ਫੌਜ ਫਨਾਹ ॥ ਮਿਰਤਕ ਪੜੇ ਰਨ ਮਾਹ ॥ ੪੫ ॥

---
[1] ਬਰਖ (ਅ,ਸ)
[2] ਲੀਨਾ (ੳ,ਅ,ੲ)
[3] ਕੀਨਾ (ੳ,ਅ,ੲ)
[4] ਫੌਜ (ੳ)
[5] ਮਿਲ ਸਭ ਸਰਦਾਰ (ੳ,ਅ)

॥ਦੋਹਰਾ॥

ਕਟੀ ਫੌਜ ਰਣ ਮੋ ਬਹੁਤ ਕੋਊ ਬਚੇ ਭਾਗ ਸਰਦਾਰ॥
ਸਿਰ ਪੀਟੇ ਜਹਾਗੀਰ ਪਹ ਪਾਗ ਧਰਨ ਪਰਮਾਰ॥੪੬॥

॥ਦੋਹਰਾ॥

308/ਅ /ਸੁਨ ਜਹਾਗੀਰ ਬਿਸਮੇ ਭਇਆ ਚਲੇ ਨ ਕਛੂ ਉਪਾਇ॥
ਸਮਸੇਰ ਬੀੜਾ ਇਸ ਜੰਗ ਕਾ ਦੀਆ ਆਮ ਦੀਬਾਨ ਧਰਾਇ[1]॥੪੭॥

॥ਦੋਹਰਾ॥

ਮਹਾਂ ਘੋਰ ਬਿਸਥਾਰ ਅਤਿ ਜੋ ਭਇਆ ਜੁਧ ਰਣ ਮਾਹ॥
ਸੰਛੇਪ ਕਥਾ ਈਹਾ ਲਿਖੀ ਜਗ ਢਾਢੀ ਗਾਵਤ ਤਾਹ॥੪੮॥

॥ਸਾਖੀ ਪੂਰਨ ਹੋਈ॥੧੫੨॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਧਵਾਇ (ਅ)

[ਸਾਖੀ ਪਾਇੰਦੇ ਖਾਨ ਪਠਾਨ ਦਾ ਗੁਰੂ ਜੀ ਨਾਲ ਵਿਰੋਧ ਅਤੇ ਯੁੱਧ ਛਿੜਣਾ]

॥ਦੋਹਰਾ॥

ਬੀੜਾ ਸਮਸੇਰ ਦਿਵਾਨ ਮੋ ਧਰੀ ਸਕੈ ਨ ਕੋਇ ਉਠਾਇ॥
ਸ੍ਰੀ ਸਤਿਗੁਰ ਜੁਧ ਪਰ ਕੋਇ ਨ ਸਾਕੇ ਜਾਇ[1]॥੧॥

॥ਚੌਪਈ॥

ਬਹੁਤ ਦਿਵਸ ਜਬ ਬੀਤਤ ਭਏ॥ਬਾਦਸਾਹ ਤਬ ਤਾਨੇ ਦਏ॥
ਏਕ ਹਿੰਦੂ ਕੀ ਦੇਖ ਲੜਾਈ॥ਭਏ ਨਿਮਰਦ ਸਭ ਬਡੇ ਸਿਪਾਹੀ॥੨॥
ਸੁਨਾ ਤਾਨਾ ਗੈਰਤ ਮੋ ਜਰੇ॥ਕਾਹੂ ਕੀ ਹਿੰਮਤ ਨਹੀ ਪਰੇ॥
ਤਬ ਆਇ ਪਾਇੰਦੇ ਖਾਨ ਪਠਾਨ॥ਬਡਾ ਬਲੀ ਸੁੰਦਰ ਸਹ ਜੁਆਨ॥੩॥
ਵੈ ਬਹੁਤ ਰੋਜ ਸਤਗੁਰ ਸੰਗ ਰਹਾ॥ਜਿਨ[2] ਜੁਧ ਕਲਾ ਸਤਿਗੁਰ ਸੋ ਗਹਾ॥
ਸਤਗੁਰ ਤਾ ਸੌ ਕਰੇ ਪਿਆਰ॥ਸਦਾ ਸੰਗ ਚੜਿ ਜਾਇ ਸਿਕਾਰ॥
ਖਾਵੈ ਸਾਰਾ ਬਕਰਾ ਸੋਇ॥ਮਲੈ ਰੁਪਯਾ ਚਿਪਟੀ ਹੋਇ॥੪॥
ਪੁਨ ਬਾਦਸਾਹ ਕੇ ਚਾਕਰ ਭਇਆ॥ਬਡਾ ਰਿਸਾਲ ਤਹ ਮਨਸਬ ਪਇਆ॥
ਤਾ ਕੋ ਕਾਲ ਪ੍ਰੇਰਨਾ ਕੀਨਾ॥ਬੀੜਾ ਸਮਸੇਰ ਉਠਾਇ ਤਿਨ ਲੀਨਾ॥

॥ਦੋਹਰਾ॥

309/ੳ ਕਰ ਤਸਲੀਮਾਤ ਕੀਨੀ/ਅਰਜ ਜੋ ਹੁਕਮ ਹਜਰਤ ਕਾ ਪਾਂਉ॥
ਗੋਸੇ ਕਮਾਨ ਸੋ ਪਕੜਿ ਕਰ ਗੁਰੂ ਹਰਿਗੁਬਿੰਦ ਲੇ ਆਂਉ॥੬॥

॥ਚੌਪਈ॥

ਜਬ ਕਾਹੂ ਕਾ ਆਵੈ ਕਾਲ॥ਤਬ ਮਤ ਬੁਧ ਤਾ ਕੀ ਹੋਇ ਬਿਹਾਲ॥
ਜਬ ਚੀਟੀ ਕੋਪਰ ਹੋਇ ਆਵੈ॥ਤਬ ਵੈ ਤੁਰਤ ਮੌਤ ਕੋ ਪਾਵੈ॥੭॥
ਤਬ ਬਾਦਸਾਹ ਤਿਸ ਖਿਲਅਤ ਦੀਨਾ॥ਚੜਾ ਲੇ ਫੌਜ ਨਗਾਰਾ ਕੀਨਾ॥
ਕਰਤਾਰਪੁਰੇ ਕੇ ਨਿਕਟ ਜਬ ਗਇਆ॥ਉਤਰ ਫੌਜ ਡੇਰਾ ਤਹਾ ਕੀਆ॥੮॥
ਸੁਨ ਸਤਿਗੁਰ ਪਾਇੰਦਾ ਆਇਆ॥ਬਾਬਾ ਗੁਰਦਿਤਾ ਤੁਰਤ ਬੁਲਾਇਆ॥
ਦੇਖੋ ਪਾਇਦੇ ਕੀ ਮਿਤ੍ਰਾਈ॥ਕਛੁ ਦਇਆ ਮਿਹਰ ਨਹੀ ਤਿਸ ਮਨ ਆਈ॥੯॥
ਤਬ ਦਿਆਲ ਮੁਖ ਬਚਨ ਉਚਾਰਾ॥ਸੁਨ ਸਭ ਸੰਗਤ ਮਨ ਮੋ ਧਾਰਾ॥

॥ਦੋਹਰਾ॥

॥ਸ੍ਰੀ ਮੁਖਵਾਕ॥

ਚੀਨੀ ਭਾਜਨ ਚਿੰਦੁ[3] ਧਨ ਤੁਰਹੀ ਭੈਸਨ ਮਾਹ॥
ਤੁਰਕ ਮਿਤ ਨਹੀ ਕੀਜੀਏ ਸ੍ਰਿਸਟ ਸਗਲ ਗਲ ਜਾਇ॥
ਤਬ ਮਹਾਬੀਰ ਪ੍ਰਭ ਕਰੀ ਤਿਆਰੀ॥
ਚੜ ਆਏ ਸਭ ਤਬ ਕਰੀ ਸਵਾਰੀ॥੧੦॥

॥ਦੋਹਰਾ॥

ਸੁਹੇਲੇ ਪਰ ਸਤਗੁਰ ਚੜੇ ਸੰਗ ਸਿਖ ਮਹਾਂਬੀਰ॥
ਕਰ ਮਹਾਂ ਬੇਗ ਰਨ ਮੋ ਗਏ ਤਾ ਜੀਤੁੰਦ ਸਮੀਰ॥੧੧॥

॥ਚੌਪਈ॥

ਕਰ ਡੰਕਾ ਪ੍ਰਭ ਰਨ ਮੋ ਆਏ॥ਜਿਉ ਦੇਖ ਸਿੰਘ ਬਨ ਮ੍ਰਿਗ ਕੰਪਾਏ॥
ਤਬ ਚੜ ਪਾਇੰਦਾ ਸਨਮੁਖ ਆਇਆ॥ਬਾਬਾ ਗੁਰਦਿਤਾ ਤਿਸ ਪਰ ਧਾਇਆ॥੧੨॥
ਗੁਰ ਦੀਨ ਬੰਧ ਗਹ ਰਾਖੇ ਗਾਢੇ॥ਤੁਮ ਰਹੋ ਬਾਬਾ ਜੀ ਈਹਾ ਠਾਢੇ॥
ਪਾਇੰਦਾ ਥਾ ਹਮ ਸੋ ਬਡ ਯਾਰ॥ਦੇਖੋਂ ਮੈ ਇਸ ਕੀ ਤਲਵਾਰ॥੧੩॥

---

[1] ਸ੍ਰੀ ਸਤਿਗੁਰ ਕੇ ਜੁਧ ਪਰ ਸਕੇ ਨ ਕੋਊ ਜਾਇ (ੳ,ਅ)
[2] ਤਿਨ (ੳ,ਅ)
[3] ਚਿੰਚ (ੳ,ਅ,ੲ,ਸ)

ਤਬ ਚਪਲ ਤੁਰੰਗ ਰਨ ਮੋ ਪ੍ਰਭ ਡਾਰਾ॥ਪਾਇੰਦੇ ਕੋ ਕਰ ਬਚਨ ਹਕਾਰਾ॥
ਹਮ ਤੁਮ ਜੁਧ ਖੇਤ ਮੌ ਕਰੈਂ॥ਫੌਜ ਲੋਕ ਕਾਹੇ ਕੋ ਮਰੈ॥੧੪॥
ਤੂੰ ਹਮ ਪਰ ਕਰ ਆਇਆ ਰੋਸ॥ਮਤ ਰਾਖੋ ਮਨ ਮੋ ਅਫਸੋਸ॥
309/ਅ ਹਮ ਪਰ ਵਾ/ਰ ਪਹਿਲੇ ਸਭ[1] ਕੀਜੈ॥ਪਾਛੇ ਵਾਰ ਹਮਾਰਾ ਲੀਜੈ॥੧੫॥

॥ਦੋਹਰਾ॥

ਤਬ ਪਾਇੰਦੇ ਸਭ ਹਥਿਆਰ ਕੋ ਕੀਆ ਸਤਗੁਰ ਊਪਰ ਵਾਰ॥
ਕਾਟ ਸਸਤ੍ਰ ਪ੍ਰਭੂ ਸਗਲ ਰਨ ਮੋ ਦੀਏ ਪਵਾਰ॥੧੬॥

॥ਮਧੁਭਾਰ ਛੰਦ॥

ਪ੍ਰਿਥਮੇ ਚਲਾਏ ਤੀਰ॥ਸਭ ਕਟੇ ਪ੍ਰਭ ਰਨ ਧੀਰ॥
ਨੇਜਾ ਪਕੜ ਕੀਆ ਵਾਰ॥ਪੁਨ ਕਟਿਓ ਗੁਰ ਕਰਤਾਰ॥੧੭॥
ਬੰਦੂਕ ਪੁਨ ਕਰ ਲੀਨ॥ਧਰ ਸਿਸਤ ਗੋਲੀ ਦੀਨ॥
ਛੂਟਤ ਗਈ ਵਹ ਫੂਟ॥ਉਡ ਗਏ ਟੁਕੜੇ ਟੂਟ॥੧੮॥
ਪੁਨ ਲੀਨ ਤੇਗ ਸਮਾਰ॥ਕੀਨਾ ਸੁ ਗੁਰ ਪਰ ਵਾਰ॥
ਸੋ ਸੁਨਿ ਮੈ ਗਇਓ ਟੂਟ॥ਭਯਾ ਦੀਨ ਧਨ ਗਯੋ ਲੂਟ॥੧੯॥
ਤਬ ਦਿਆਲ ਭਾਖਿਓ ਤਾਹ॥ਲੇਹੁ ਵਾਰ ਹਮਰੇ ਆਹ॥
ਕਢ ਖੜਗ ਤਿਸ ਸਿਰ ਮਾਰ॥ਦੁਇ ਤੇ ਭਏ ਤਨ ਚਾਰ॥੨੦॥

॥ਦੋਹਰਾ॥

ਪਾਇੰਦੇ ਕੋ ਦੁਇ ਟੂਕ ਕਰ ਕਟ ਜੀਨ ਖੁਰਗੀਨ ਤਰੰਗ॥
ਪਾਇੰਦੇ ਕੋ ਸਭ ਦੇਖ ਕਰ ਠਰ ਗਈ ਫੌਜ ਸਭ ਸੰਗ[2]॥੨੧॥

॥ਚੌਪਈ॥

ਪਾਇੰਦੇ ਦੁਇ ਟੁਕੜੇ ਜਬ ਭਯਾ॥ਦੇਖ ਦਿਆਲ ਮਨ ਉਪਜੀ ਦਇਆ॥
ਉਤਰ ਤੁਰੰਗ ਸੌ ਤਿਸ ਪਹਿ ਆਏ॥ਦੁਇ ਟੁਕੜੇ ਜੋੜ ਕਰ ਲੀਆ ਬੰਧਾਏ॥੨੨॥
ਤਬ ਸ੍ਰੀ ਮੁਖ ਸਤਿਗੁਰ ਤਿਸ ਕਹਾ॥ਤੂ ਤੋ ਮਿਤ੍ਰ ਹਮਾਰਾ ਅਹਾ॥
ਪੜ ਕਲਮਾ ਮੁਖ ਨਬੀ ਰਸੂਲ॥ਇਸ ਵੇਲੇ ਮਤ ਜਾਵੇ ਭੂਲ॥੨੩॥
ਕਰੀ[3] ਬਾਤ ਪਾਇੰਦੇ ਪ੍ਰੇਮ ਰਸ ਪਾਗੀ॥ਤੁਮਰੀ ਤਰਵਾਰ ਕਲਮਾ ਹੋਇ ਲਾਗੀ॥
ਪਾਇੰਦੇ ਖਾਨ ਭਇਆ ਯਹ ਹਾਲ ॥ਮੁਸਕਾਨੇ ਮੁਖ ਸਤਗੁਰ ਦਿਆਲ॥੨੪॥
ਕਰ ਜੋੜ ਬਾਬਾ ਜੀ ਪੁਛੀ ਬਸੇਖ॥ਕਿਉ ਹਸੇ ਦਿਆਲ ਪਾਇੰਦੇ ਦੇਖ॥
ਕਾਹੇ ਰਨ ਉਤਰ ਸਤਰ ਪਹ ਗਏ॥ਕਾਹੇ ਮੁਖ ਬਚਨ ਤਵਨ ਸੌ ਕਹੇ॥੨੫॥

॥ਦੋਹਰਾ॥

310/ੳ ਤਬ ਬਾਬਾ ਜੀ ਸੌ ਪ੍ਰਭ ਕਹਾ/ਵੈ ਸਖਾ ਹਮਾਰੋ ਆਹ॥
ਹਮ ਸੌ ਲਾਗ ਤਿਨ ਤਨ ਤਜਿਓ ਮੈ ਅੰਤ ਦਰਸ ਦੀਓ ਤਾਹ॥੨੬॥

॥ਚੌਪਈ॥

ਤਬ ਸਗਲ ਫੌਜ ਕੂਚਿ ਕਰਿ ਗਈ॥ਜਹਾਂਗੀਰ ਸੌ ਜਾ ਸਭ ਕਹੀ॥
ਸੁਨ ਜਹਾਗੀਰ ਭਏ ਬਿਸਮਾਦ॥ਨਿਸ ਦਿਨ ਬਾਤ ਰਹੇ ਮਨ ਯਾਦ॥੨੭॥
ਕੋਊ ਸਿਪਾਹੀ ਬਾਤ ਨ ਕਰੇ॥ਗੁਰ ਪ੍ਰਾਕਰਮ ਸੁਨਤ ਬਜ੍ਰ ਸਿਰ ਪਰੇ॥
ਜਹਾਂਗੀਰ ਪੁਨ ਬਾਤ ਨ ਕਰੀ॥ਕਛੁ ਬਸ ਨਹੀ ਚਲੈ ਅਜਰ ਮਨ ਜਰੀ॥੨੮॥
ਤਬ ਸਤਿਗੁਰ ਰਣ ਸੋ ਗ੍ਰਹ ਗਏ॥ਮਹਾਂ ਅਨੰਦ ਮੰਗਲ ਸਦ ਛਏ॥
ਪੁਨ ਬਾਬਾ ਜੀ ਸੌ ਕਰੀ ਸਲਾਹ॥ਈਹਾ ਰਹਨ ਭਲਾ ਅਬ ਨਾਹ॥
ਨਿਸ[4] ਦਿਨ ਬਾਦ ਤੁਰਕ ਸੌ ਰਹੇ॥ਖੇਦ ਮਾਹ ਕੈਸੇ ਸੁਖ ਅਹੇ॥
ਚਲਹਿ ਜਹਾ ਪਰਬਤ ਹੋਇ ਨਿਕਟਿ॥ਰਹੇ ਦੇਖ ਠੌਰ ਮੁਹਕਮ ਅਤ ਬਿਕਟ॥੨੯॥

॥ਦੋਹਰਾ॥

---

[1] ਤੁਮ (ਅ)
[2] ਸੰਕ (ੳ)
[3] ਕਹੀ (ੳ,ੲ)
[4] ਨਿਜ (ਸ)

ਜੁਧ ਚਰਿਤ੍ਰ ਦਿਖਾਇ ਜਗ ਪੁਨ ਮਾਇਆ ਦੀਨੀ ਛਾਦ॥
ਕਾਹੂ ਕੋ ਸੁਧ ਨਾ ਰਹੀ ਸਭ ਭਲੀ ਬਾਦ ਬਿਬਾਦ॥੩੦॥

॥ਚੌਪਈ॥

ਸੇਵਕ ਸਿਖਨ ਸੌਪ ਅਸਥਾਨ॥ਕਰੀ ਤਿਆਰੀ ਕੇਵਲ ਗਿਆਨ॥
ਗ੍ਰਹ ਲੋਕ ਸਮਿਗ੍ਰੀ ਸੰਗ ਨਿਜ ਲਏ॥ਕਹਲੂਰ ਹਡੂਰ ਦੇਸ ਮੋ ਗਏ॥੩੧॥
ਸਤਲੁਦ੍ਰ ਕੰਠ ਪਰਬਤ ਕੀ ਤਰੀ॥ਨਿਰਬਿਘਨ ਸੁਖ ਠੌਰ ਸੰਪਦ ਪ੍ਰਭ ਕਰੀ॥
ਧਰ ਨਾਮ ਕੀਰਤਪੁਰ ਕੀਨਾ ਬਾਸਾ॥ਹੋਇ ਪਰਮ ਅਨੰਦ ਸੁਖ ਸਦਾ ਬਿਲਾਸਾ॥੩੩॥
ਖੇਦ[1] ਬਿਘਨ ਤਹਾ ਕਛੂ ਨ ਹੋਇ॥ਦੁਸਟ ਭਾਉ ਰਾਖੇ ਨਹੀ ਕੋਇ॥
ਸਭ ਰਾਜਾ ਪਰਜਾ ਦਰਸਨ ਆਵੈ॥ਗੁਰ ਚਰਨ ਪ੍ਰਤਾਪ ਮਨ ਇਛਆ ਪਾਵੈ॥੩੪॥
ਬਾਬਾ ਜੀ ਬਨ ਕਰੇ ਬਿਹਾਰ॥ਅਹੇੜਾ ਲਿਆਵੈ ਖੇਲ ਸਿਕਾਰ॥
ਗੁਰ ਆਗਿਆ ਬਿਨ ਕਛੂ ਨ ਕਰੇ॥ਗੁਰ ਸਰੂਪ ਹਿਰਦੇ ਮੈ ਧਰੇ॥੩੫॥

॥ਦੋਹਰਾ॥

310/ਅ ਜੋ ਸ/ਭਿ ਗੁਰ ਕੀ ਲੀਲਾ ਸੁਨੇ ਸੁਰ ਬਚਨਨ ਕਰੇ ਬਿਚਾਰ॥
ਗੁਰ ਪ੍ਰਸਾਦਿ ਤਿਸ ਸਿਖ ਕੋ ਕਲਜੁਗ ਹੋਇ ਉਧਾਰ॥੩੬॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਗੁਰੂ ਜੀ ਦੇ ਐਰਾਕੀ ਘੋੜਿਆਂ ਦਾ ਬਾਦਸਾਹ ਦੇ ਲੋਕਾਂ ਵੱਲੋਂ ਖੋਹਣਾ]

[1] ਦੇਖ (ਸ)

॥ ਦੋਹਰਾ॥

ਜੈਸੇ ਰਵ ਕੇ ਉਦੇ ਤੇ ਹੋਤ ਜਗਤ ਪ੍ਰਕਾਸ॥
ਤਿਉ ਗੁਰ ਪ੍ਰਤਾਪ ਚਾਰੋ ਦਿਸਾ ਘਟ ਘਟ ਮਾਹਿ ਨਿਵਾਸ[1]॥੧॥

॥ ਚੌਪਈ॥

ਗੁਰਸਿਖ ਵਿਲਾਇਤ ਮੋ ਜੋ ਅਹੇ॥ ਤਿਨ ਕੇ ਮਨ ਸਰਧਾ ਸਦ ਰਹੇ॥
ਘੋੜਾ ਐਰਾਕੀ ਜੇ ਹਮ ਪਾਵੈ॥ ਲੇ ਚਲੈ ਸਤਿਗੁਰ ਕੋ ਭੇਟ ਚੜ੍ਹਾਵੈ॥੨॥
ਬਡੀ ਤਲਾਇਸ ਕਰ ਤਿਨ ਪਾਇਆ॥ ਮਿਲ ਸਭ ਸੰਗਤ ਮਤਾ ਪਕਾਇਆ॥
ਲੇ ਚਲੇ ਭੇਟ ਸਤਗੁਰ ਕੀ ਕਰੇਂ॥ ਗੁਰ ਦਰਸਨ ਭਵ ਸਾਗਰ ਤਰੈ॥੩॥
ਲੇ ਤੁਰੰਗ ਸਿਖ ਦਰਸਨ ਆਏ॥ ਅਟਕ ਕੇ ਕਿਲੇਦਾਰ ਛੇ ਕਾਇ॥
ਉਨ ਪੂਛਾ ਸਿਖਨ ਨਾਮ ਗੁਰ ਲੀਨਾ॥ ਤਿਨ ਅਰਜੀ ਬਾਦਸਾਹ ਕੋ ਕੀਨਾ॥
ਇਕ ਅਜਬ ਤੁਰੰਗ ਐਰਾਕੀ ਆਇਆ॥ ਆਗੇ ਕਬੂ ਨ ਦੇਖਨ ਪਾਇਆ॥
ਗੁਰ ਹਰਿਗੁਬਿੰਦ ਕੋ ਨਜਰ ਲਿਆਏ॥ ਯਹ ਬਾਤ ਬੂਝ ਈਹਾ ਅਟਕਾਏ॥੫॥

॥ ਦੋਹਰਾ॥

ਬਾਦਸਾਹ ਯਹ ਖਬਰ ਸੁਨ ਲਿਖ ਭੇਜਾ ਡਾਕ ਚਲਾਇ॥
ਚੌਕੀ ਮੁਹਕਮ ਸੰਗ ਕਰ ਦੀਜੈ ਤੁਰਤ ਪਠਾਇ॥੬॥

॥ ਚੌਪਈ॥

311/ੳ /ਤਬ ਘੋੜਾ ਬਾਦਸਾਹਿ ਕੇ ਆਇਆ॥ ਦੌਲਤ ਖਾਨੇ ਮਾਹ ਬੰਧਾਇਆ॥
ਦੇਖ ਤੁਰੰਗ ਬਖੀਲੀ ਕਰੀ॥ ਗੁਰ ਕਾ ਹੁਕਮੁ ਹਮ ਸੌ ਬਰਤਈ[2]॥੭॥
ਛੂਟ ਸਿਖ ਸਤਿਗੁਰ ਪਹਿ ਆਏ॥ ਗੁਰ ਦਰਸਨ ਦੇਖ ਪਰਮ ਸੁਖ ਪਾਏ॥
ਘੋੜੇ ਕੀ ਸਭ ਕਥਾ ਸੁਨਾਈ॥ ਸਤਿਗੁਰ ਤਾ ਕੋ ਸਾਂਤ ਬੁਝਾਈ॥[3]
ਮਤ ਘੋੜੇ ਕੀ ਚਿੰਤਾ ਮਨ ਧਰੋ॥ ਮੈ ਤੁਮਰੀ ਸਰਧਾ ਪੂਰਨ ਕਰੋ॥[4]
ਤਬ ਹਸੇ ਦਿਆਲ ਮੁਖ ਬਚਨ ਉਚਾਰਾ॥ ਬਿਧੀਆ ਛੀਨਾ ਸਿਖ ਹਮਰਾਰਾ[5]॥੮॥
ਏਕ ਮੇਵੜਾ ਤਾ ਪਹ ਜਾਵੈ॥ ਤੁਰਤ ਬੁਲਾਇ ਹਜੂਰ ਲਿਆਵੈ॥
ਹੁਕਮਨਾਮਾ ਲੇ ਮੇਵੜਾ ਗਇਆ॥ ਗੁਰ ਦਰਸਨ ਬਿਧੀਆ ਆਵਤ ਭਇਆ॥੯॥

॥ ਦੋਹਰਾ॥

ਬਿਧੀਆ ਗੁਰ ਚਰਨੀ ਲਗਾ ਬਹੁ ਹਸੇ ਦਿਆਲ ਤਿਸ ਦੇਖ॥
ਤੂੰ ਮੇਰਾ ਸਨਮੁਖ ਸਿਖ ਹੈ ਪਰ ਚੋਰੀ ਤੁਮਰੇ ਲੇਖ॥੧੦॥

॥ ਚੌਪਈ॥

ਸੁਨ ਬਿਧੀਆ ਤੁਮ ਜੋ ਚੋਰੀ ਕਰੋ॥ ਨਿਜ ਉਦਰ ਨਮਿਤ ਪਾਪ ਸਿਰ ਧਰੋ॥
ਮਮ ਕਾਰਜ ਚੋਰੀ ਅਬ ਕਰੀਏ॥ ਮਿਟੇ ਪਾਪ ਭਵ ਸਾਗਰ ਤਰੀਏ॥੧੧॥
ਗੁਰ ਆਗਿਆ ਪਾਇ ਬਿਧੀਆ ਮਗਨਾਨਾ॥ ਜਿਮ ਜੋਗੀ ਨਿਜ ਰੂ[6] ਪਛਾਨਾ॥
ਲੇ ਚਰਨ ਧਰ ਮੁਖ ਮਸਤਕ ਮਲਾ॥ ਰਘੁਪਤਿ ਕਾਜਹ ਨੂ ਜਿਮ ਚਲਾ॥੧੨॥
ਆਇ ਘਰ ਬਸਤ੍ਰ ਸਸਤ੍ਰ ਤਨ ਲਾਏ॥ ਚਾਬਕ ਸਵਾਰ ਕੋ ਰੂਪ ਬਨਾਏ॥
ਆਇ ਲਹੋਰ ਅਸਤਬਲ ਮੋ ਗਇਆ॥ ਦਾਰੋਗੇ ਸੋ ਭੇਟਤ ਭਇਆ॥
ਤਬ ਨਿਜ ਬਿਦਿਆ ਕੀ ਬਾਤ ਸੁਨਾਈ॥ ਅਪਤਰ ਘੋੜਾ ਦੇਹੁੰ ਬਨਾਈ॥
ਐਰਾਕੀ ਅਰਬੀ ਅਪਤਰ ਹੋਇ॥ ਤਾਹਿ ਸਮਾਲ ਸਕੇ ਨਹੀ ਕੋਇ॥੧੩॥

311/ਅ /॥ ਦੋਹਰਾ॥

---

[1] ਪ੍ਰਕਾਸ (ਅ)
[2] ਬਰਤਰੀ (ੳ,ਅ,ੲ,ਸ)
[3] ਘੋੜੇ ਕੀ ਸਭ ਕਥਾ ਸੁਨਾਈ॥ ਚਿੰਤ ਭਈ ਤਬ ਹੀ ਅਧਿਕਾਈ॥ (ਅ)
[4] ਸਤਿਗੁਰ ਕਹਿਓ ਚਿੰਤਾ ਪਰ ਹਰੋ॥ ਮੈ ਤੁਮਰੀ ਸਰਧਾ ਪੂਰਨ ਕਰੋ॥ (ਅ)
[5] ਹਮਾਰਾ (ੳ,ਅ,ੲ)
[6] ਰੂਪ (ੳ,ਅ,ੲ,ਸ)

ਤੀਨ ਸਵਾਰੀ ਜਬ ਕਰੌ ਦੇਹੁ ਤੁਰੰਗ ਬਨਾਇ॥
ਸਭ ਬਦ ਖੋਇ ਤਾ ਕੀ ਮਿਟੇ ਸੀਧੇ ਮਾਰਗ ਜਾਇ॥੧੪॥

॥ਚੌਪਈ॥

ਦਾਰੋਗੇ ਦੇਖਾ ਸੁੰਦਰ ਜੁਵਾਨ॥ਪੁਸਟ ਦੇਹ ਅਰੁ ਗੁਨ ਕੀ ਖਾਨ॥
ਪੁਨ ਹੁਕਮ ਬਾਦਸਾਹ ਕੀ ਲੀਨਾ॥ਤਰਬੀਅਤ ਕਰਨ ਕੋ ਚਾਕਰ ਕੀਨਾ॥੧੫॥
ਘੋੜੇ ਪਰ ਕੋਊ ਚੜਿ ਨਹੀ ਸਾਕੇ॥ਸੋਖ ਦਿਸਟ ਸਭਹਨ ਵਲ ਤਾ ਕੇ॥
ਭਾਈ ਬਿਧੀਆ ਤਾ ਪਹਿ ਗਿਆ॥ਸਤਿਗੁਰ ਧਿਆਨ ਹਿਰਦੇ ਮੋ ਕਿਆ॥੧੬॥
ਪਕੜ ਦਹਾਨਾ ਤਿਸ ਮੁਖ ਦੀਨਾ॥ਕੂਦ ਪੀਠ ਅਸਵਾਰੀ ਕੀਨਾ॥
ਘੋੜਾ ਫੇਰੀ ਸੁੰਦਰ ਚਾਲ॥ਭਏ ਬਾਦਸਾਹ ਤਿਸ ਦੇਖ ਖੁਸਹਾਲ॥੧੭॥
ਦੀਆ ਇਨਾਮ ਮਾਤਬਰ ਜਾਨਾ॥ਦਾਰੋਗੇ ਕੋ ਹੁਕਮ ਬਖਾਨਾ॥
ਕਿਲੇ ਬਾਹਰ ਘੋੜਾ ਨਹੀ ਜਾਵੈ॥ਈਹਾ ਦੋਨੋ ਵਖਤ ਫਿਰਾਵੈ॥੧੮॥

॥ਦੋਹਰਾ॥

ਕੇਤਕ ਦਿਨ ਅੰਤ ਕਿਲੇ ਘੋੜਾ ਫੇਰਨ ਕੀਨ॥
ਭਾਈ ਬਿਧੀਏ ਜਾਨਿਆ ਇਹ ਅਬ ਭਇਆ ਅਧੀਨ॥੧੯॥

॥ਚੌਪਈ॥

ਤਬ ਦਾਰੋਗੇ ਸੋ ਕਹੀ ਜਾਇ॥ਅਬ ਚਾਹੇ ਇਸੇ ਚਰਾਗ ਦਿਖਾਇ॥
ਮਿਟੈ ਡਹਲ ਤਬ ਹੋਵੈ ਰਾਸ॥ਤਬ ਲਾਇਕ ਹਇ ਸਵਾਰੀ ਖਾਸ॥੨੦॥
ਦਾਰੋਗੇ ਹੁਕਮ ਹਜੂਰ ਕਾ ਲੀਨਾ॥ਚਰਾਗ ਦਿਖਾਵਨ ਘੋੜਾ ਦੀਨਾ॥
ਬਾਹਰ ਦੁਆਰ ਕਿਲੇ ਕੇ ਲਿਆਇਆ॥ਸਤਿਗੁਰ ਰੂਪ ਹਿਰਦੇ ਤਬ ਧਿਆਇਆ॥੨੧॥
ਫਿਰੇ ਸਾਥ ਸਭ ਚੌਕੀਦਾਰ॥ਚਰਾਗ ਦਿਖਾਵੈ ਬੀਚ ਬਜਾਰ॥
ਤਬ ਬਿਧੀਏ ਘੋੜਾ ਲਲਕਾਰਾ॥ਅਰੁ ਇਕ ਚਾਬਕ ਤਾ ਕੋ ਮਾਰਾ॥੨੨॥
ਚਲਾ ਤੁਰੰਗ ਜਿਮ ਬੇਗ ਸਮੀਰ॥ਲੇ ਘੋੜਾ ਬਿਧੀਆ ਭਏ ਬਹੀਰ॥
ਚਾਰ ਪਹਰਿ ਮੋ ਗੁਰ ਪਹਿ ਆਇਆ[1]॥ਦੇਖ ਦਿਆਲ ਘੋੜਾ ਬਿਗਸਾਇਆ[2]॥੨੩॥

312/ੳ **/॥ਸੋਰਠਾ॥**

ਸਤਿਗੁਰ ਦੀਨ ਦਿਆਲ ਬਹੁਤ ਖੁਸੀ ਬਿਧੀਏ ਕਰੀ॥
ਬਿਧੀਆ ਭਏ ਨਿਹਾਲ ਜਨਮੰਤਰ ਸੋਇਆ ਜਗਾ॥੨੪॥

॥ਮਕਰਾ ਛੰਦ॥

ਗੁਰ ਦਇਆ ਦਿਸਟ ਕੀਨਾ॥ਭਇਆ ਨਿਜ ਸਰੂਪ ਲੀਨਾ॥
ਰੁਣ ਝੁਣ ਸਬਦ ਅਨਾਹਦ ਉਂਕਾਰ ਨਾਇ ਪੂਰਾ॥੨੫॥
ਝਿਲਮਿਲ ਜੁ ਨੂਰ ਬਰਖਾ॥ਨਿਜ ਰੂਪ ਦੇਖ ਹਰਖਾ॥
ਧੁਨ ਅਰਧ ਉਰਧ ਪੂਰਨ ਟੰਕੋਰ ਉਠਤ ਤੂਰਾ॥੨੬॥
ਲਾਗੀ ਸਮਾਧ ਅੰਤਰ॥ਜਾਨੀ ਜੁਗਤ ਸੁਤੰਤਰ॥
ਸੁਖ ਸਹਜ ਪਦ ਪਰਾਪਤ ਪਾਇਆ ਗੁਰੂ ਸੂਰਾ[3]॥੨੭॥
ਪੁਨ ਨੈਨ ਖੋਲ ਦੇਖਾ॥[4]
ਭਇਆ ਅਮਰ ਅਜਰ ਨਿਰਭੈ ਭੈ ਮਿਰਤ ਕਾਲ ਚੂਰਾ॥੨੮॥

॥ਦੋਹਰਾ॥

ਬਿਧ ਨਿਖੇਧ ਸਭ ਮਿਟ ਗਈ ਗੁਰ ਭਏ ਬਿਧਾਤਾ ਦਿਆਲ॥
ਸਭ ਬਿਧ ਪੂਰਨ ਬਿਧ ਮਿਲੀ ਗੁਰ ਬਿਧੀਏ ਕੀਆ ਨਿਹਾਲ॥੨੯॥

॥ਦੋਹਰਾ॥

---

[1] ਆਏ (ੳ,ਅ)
[2] ਬਿਗਸਾਏ (ੳ,ਅ)
[3] ਗੁਰੂ ਸੁ ਸੂਰਾ (ੳ,ਅ)
[4] ਪੁਨ ਨੈਨ ਖੋਲ ਦੇਖਾ॥ਸਤਿਗੁਰ ਸਰੂਪ ਪੇਖਾ॥ (ੳ,ਅ,ੲ,ਸ)

ਜੋ ਚੋਰੀ ਜਗ ਮੋ ਕਰੇ ਦੁਹੂ ਲੋਕ ਹੋ ਡੰਡ॥
ਗੁਰ ਨਿਮਿਤ ਚੋਰੀ ਕਰੀ ਪਦ ਪਾਇਆ ਅਮਰ ਅਖੰਡ॥੩੦॥

॥ਸਾਖੀ ਪੂਰਨ ਹੋਈ॥੧੫੪॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਗੁਰੂ ਜੀ ਵੱਲੋਂ ਭਾਈ ਗੁਰਦਾਸ ਨੂੰ ਹੁਕਮਨਾਮਾ ਭੇਜ ਕੇ ਬੁਲਾਉਣਾ]

॥ਦੋਹਰਾ॥

ਆਨੰਦ ਰੂਪ ਅਨੰਦ ਛਬ ਤਨ ਪਹਿਰ ਅਨੰਦ ਬਿਲਾਸ॥
ਆਨੰਦ ਸਿੰਘਾਸਨ ਬੈਠ ਪ੍ਰਭ ਕੀਨੇ ਬਚਨ ਬਿਲਾਸ॥੧॥

॥ਅੜਲ॥

ਆਨੰਦ ਸਭਾ ਆਨੰਦ ਸਿੰਘਾਸਨ ਪ੍ਰਭ ਬਹੈ॥
ਕਰ ਬਾਕ ਬਿਲਾਸ ਅਨੰਦ ਬਚਨ ਮੁਖ ਤੇ ਕਹੈਂ॥
ਨਾਹੀ ਮਿਲੀ ਖਬਰ ਗੁਰਦਾਸ ਕਹੋ ਕਹਿ ਦਿਸ ਗਏ॥
ਗੁਰ ਬਚਨ ਸੁਨਤ ਸਭ ਸਿਖ ਬੇਨਤੀ ਮੁਖ ਭਨੇ[1]॥੨॥

॥ਦੋਹਰਾ॥

312/ਅ /ਗੁਰ ਅੰਤਰਜਾਮੀ ਸਭ ਲਖੇ ਜਿਹ ਦਿਸ ਗੁਰਦਾਸ ਰਹਾਇ॥
ਭੂਲ ਚੂਕ ਸਭ ਬਖਸੀਏ ਲੀਜੈ ਚਰਨ ਲਗਾਇ॥੩

॥ਚੌਪਈ॥

ਮੁਸਕਾਇ ਦਿਆਲ ਗੁਰ ਬਚਨ ਉਚਾਰਾ॥ਗੁਰਮੁਖ ਗੁਰਦਾਸ ਅਤਿ ਸਿਖ ਪਿਆਰਾ॥
ਨਿਜ ਬਾਨੀ ਪੌੜੀ ਸਨਮੁਖ ਗੁਰ ਪੜੀ॥ਸ੍ਰੀ ਸਤਿਗੁਰ ਕੇ ਕਬੂਲ ਨਹੀ ਪੜੀ॥੪॥
ਤਬ ਕਸੀ ਕਸੌਟੀ ਦੀਆ ਭ੍ਰਮਾਇ॥ਤਜ ਦੇਸ ਰਹੇ ਉਤ੍ਰਖੰਡ ਜਾਇ॥
ਅਬ ਮੇਵੜੇ ਹਾਥ ਲਿਖ ਹੁਕਮ ਪਠਾਵੋ॥ਅਮਕਾ ਨਗਰ ਉਤ੍ਰਾਖੰਡ ਜਾਵੋ॥
ਰਾਜਾ ਸੌ ਜਾਇ ਕੇ ਐਸੇ ਕਹੇ॥ਸਤਿਗੁਰ ਕਾ ਚੋਰ ਇਕ ਈਹਾ ਰਹੇ॥
ਗੁਰਦਾਸ ਨਾਮ ਦੇਸ ਮੋ ਵਾ ਕੋ॥ਹੁਕਨਾਮਾ ਸਤਿਗੁਰ ਕਾ ਤਾ ਕੋ॥੬॥
ਲੇ ਗੁਰ ਅਗਿਆ ਮੇਵੜਾ ਗਇਆ॥ਉਸ ਦੇਸ ਨਗ੍ਰ ਜਾਇ ਪ੍ਰਾਪਤ ਭਇਆ॥
ਮਿਲਿ ਰਾਜਾ ਸੌ ਬ੍ਰਿਤੰਤ ਸੁਨਾਇਆ॥ਗੁਰ ਕਾ ਹੁਕਮਨਾਮਾ ਦਿਖਲਾਇਆ॥੭॥
ਰਾਜਾ ਕਬੂ ਨ ਸਤਿਗੁਰ ਸੁਨਾ॥ਗੁਰ ਨਾਮ ਸੁਨਤ ਮਨ ਮੈ ਯਹ ਗੁਨਾ॥
ਸਭ ਨਗ੍ਰ ਮਾਹਿ ਢੰਢੋਰਾ ਫੇਰੋ॥ਕਹਿ ਊਚੇ ਮੁਖ ਬ੍ਰਿਤੰਤ ਯਹ ਟੇਰੋ॥੮॥
ਗੁਰਦਾਸ ਨਾਮ ਗੁਰ ਚੋਰ ਜੁ ਹੋਇ॥ਯਹ ਬ੍ਰਿਤੰਤ ਸੁਨ ਆਵੈ ਸੋਇ॥
ਇਹ ਅਚਰਜ ਕਥਾ ਸਮਝ ਨਹੀ ਪਰੇ॥ਜਬ ਮਿਲੇ ਚੋਰ ਤਬ ਸਮਝੀ ਪਰੇ॥੯॥
ਤਬ ਢੰਢੋਰਾ ਨਗਰ ਫਿਰਾਇਆ॥ਗੁਰ ਮੇਵੜਾ ਤਾ ਕੇ ਸੰਗ ਸਿਧਾਇਆ॥
ਬਾਹਰ ਨਗ੍ਰ ਇਕ ਠੌਰ ਅਨੂਪ॥ਤਹਾ ਰਹੇ ਗੁਰਦਾਸ ਸੰਨਿਆਸੀ ਰੂਪ॥

॥ਦੋਹਰਾ॥

ਸੰਨਿਆਸੀ ਕੋ ਭੇਖ ਧਰ ਤਹ ਰਹੈ ਭਾਈ ਗੁਰਦਾਸ॥
ਬਡੀ ਮਹਮਾ ਸਭ ਦੇਸ ਮੋ ਨਿਤ ਰਾਜਾ ਆਵੈ ਪਾਸ॥੧੧॥

॥ਚੌਪਈ॥

ਰਾਜਾ ਤਾ ਕਾ ਸਿਖ ਕਹਾਵੈ॥ਸਭ ਨਗ੍ਰ ਲੋਗ ਦਰਸਨ ਕੋ ਆਵੈ॥
ਜੋ ਕਛੁ ਬਰ ਕਾਹੂ ਕੋ ਕਰੇ॥ਤੁਰਤ ਕਾਜ ਤਾਹੂ ਕੋ ਸਰੇ॥੧੨॥
313/ੳ ਸਗਲ ਦੇਸ ਕਰੇ ਤਿਸ ਪੂਜਾ॥ਇਨ ਸਮਾਨ ਕੋ/ਊ ਸਿਧੁ ਨ ਦੂਜਾ॥
ਹੋਤ ਢੋਡੋਰਾ ਤਿਸ ਢਿਗ ਗਇਆ॥ਕਾਹੂ ਯਹ ਬਾਤ ਗੁਰਦਾਸ ਪਹਿ ਕਹਿਆ॥੧੩॥
ਦੇਸ ਪੰਜਾਬ ਸੋ ਦੂਤ ਇਕ ਆਇਆ॥ਕੋਊ ਸਤਿਗੁਰ ਹੈ ਤਨ ਤਾਹਿ ਪਠਾਇਆ॥
ਹੁਕਮਨਾਮਾ ਗੁਰ ਕਾ ਤਿਸ ਪਾਸ॥ਕੋਊ ਚੋਰ ਸਤਿਗੁਰ ਕਾ ਨਾਮ ਗੁਰਦਾਸ॥੧੪॥
ਤਿਸ ਕਾਰਨ ਫਿਰੇ ਨਗਰ ਢੰਡੋਰਾ॥ਸੰਗ ਫਿਰੇ ਗੁਰ ਦੂਤ ਨਗ੍ਰ ਚਹੂ ਓਰ[2]॥
ਸੁਨ ਗੁਰ ਨਾਮ ਮਗਨ ਮਨ ਭਏ॥ਜਿਉ ਜੋਗ ਸਿਧ ਆਤਮ ਪਦ ਗਹੇ॥੧੫॥

[1] ਭਏ (ੲ), ਨਏ (ਅ)
[2] ਓਰਾ (ੳ,ਸ)

॥ ਦੋਹਰਾ॥
ਭਾਈ ਗੁਰਦਾਸ ਇਹ ਬਾਤ ਸੁਨ ਪਹੁਚੇ ਤਾ ਪਹਿ ਜਾਇ॥
ਮੇਵੜੇ ਕੀ ਪੈਰੀ ਪੜੇ ਲੇ ਚਰਨ ਧੂੜ ਮੁਖ ਲਾਇ॥੧੬॥
॥ ਚੌਪਈ॥
ਸੋ ਮੈ ਹੋ ਚੋਰ ਜਿਸੁ ਖੋਜ ਕਰੀਜੈ॥ ਸਤਿਗੁਰ ਕਾ ਹੁਕਮਨਾਮਾ ਮੁਹਿ ਦੀਜੈ॥
ਜਬ ਮੇਵੜੇ ਹੁਕਮਨਾਮਾ ਹਥ ਦੀਆ॥ ਮਾਨੋ ਲਛਮਨ ਅੰਮ੍ਰਿਤ ਪੀਆ॥੧੭॥
ਦੇਖ ਹੁਕਮ ਬਲ ਬਲ ਤਿਸ ਭਇਆ॥ ਪੜਤੇ ਮਹਾਂ ਅਨੰਦ ਸੁ ਛਇਆ॥
ਗੁਰ ਮਹਿਮਾ ਉਸਤਤਿ ਕਰੀ ਉਚਾਰ॥ ਮੁਹਿ ਜਾਨ ਦਾਸ ਕਰ ਦਇਆ ਚਿਤਾਰ॥੧੮॥
ਪੁਨਿ ਅਸਥਾਨ ਮੇਵੜੇ ਲਿਆਏ॥ ਖਾਂਨ ਪਾਂਨ ਬਹੁ ਸੇਵ ਕਰਾਏ॥
ਯਹ ਸੁਨੀ ਖਬਰ ਰਾਜਾ ਚਲਿ ਆਇਆ॥ ਭਾਈ ਗੁਰਦਾਸ ਸਭ ਬਿਰਥਾ ਸੁਨਾਇਆ॥
ਮੈ ਹੋ ਸਤਿਗੁਰ ਜੀ ਕਾ ਚੋਰ॥ ਜਾਨੋ ਨਿਜ ਦਾਸ ਚਿਤਾਰਾ ਮੋਰ॥
ਮੈ ਬਦਲ ਸਰੂਪ ਈਹਾ ਛਪ ਰਹ[1]॥ ਲੀਆ ਬੁਲਾਇ ਸਤਿਗੁਰ ਜਬ ਚਾਹਿ[2]॥੨੦॥
॥ ਦੋਹਰਾ॥
ਦੇਖ ਰਾਜਾ ਬਿਸਮੇ ਭਇਆ ਪੁਨਿ ਸਤਿਗੁਰ ਉਸਤਤਿ ਕੀਨ॥
ਅੰਤਰਜਾਮੀ ਧੰਨ ਗੁਰ ਧੰਨ ਗੁਰਦਾਸ ਪ੍ਰਬੀਨਾ॥੨੧॥
॥ ਚੌਪਈ॥
ਭਾਈ ਗੁਰਦਾਸ ਚਲਨ ਜਬ ਕਹਾ॥ ਸੁਨ ਰਾਜਾ ਚਰਨਨ ਕੋ ਗਹਾ॥
313/ਅ ਅਪਨੇ ਸੰਗ ਹਮ ਕੋ ਲੇ ਚਲੋ॥ ਗੁਰ ਦਰਸਨ ਦੇਖ ਜਨ/ਮ ਕੋ ਭਲੋ॥੨੨॥
ਤਬ ਭਾਈ ਜੀ ਰਾਜਾ ਊਹਾਂ ਰਾਖਾ॥ ਗੁਰ ਭਾਵ ਭਗਤ ਸਭ ਤਾ ਸੋ ਭਾਖਾ॥
ਅਰ ਬਹੁਤ ਪ੍ਰੇਮੀ ਸੰਗ ਭਏ॥ ਬਹੁਤੇ ਸੰਤੋਖ ਬਿਦਾ ਕਰ ਦਏ॥੨੩॥
ਜਬ ਰਹੇ ਸਾਤ ਸੌ ਪਿਆਰੇ ਪ੍ਰੇਮੀ॥ ਸਤਿਗੁਰ ਦਰਸਨ ਕੇ ਅਤਿ ਨੇਮੀ॥
ਤਬ ਗੁਰਦਾਸ ਪਿਆਨਾ ਕੀਨਾ॥ ਚਲੇ ਚਰਨ ਮਨ ਪ੍ਰੇਮ ਅਧੀਨਾ॥੨੪॥
ਆਇ ਸਤਿਗੁਰ ਕੇ ਦਰਸਨ ਲਾਗੇ॥ ਧਰ[3] ਚਰਨ ਰੇਨ ਮਸਤਕ ਬਡਭਾਗੇ॥
ਤਿਸੁ ਨਿਰਖ ਦਿਆਲ ਗੁਰ ਭਏ ਪ੍ਰਸੰਨ॥ ਜਿਸ ਗੁਰ ਪ੍ਰਸੰਨ ਸੇਈ ਜਗ ਧੰਨ॥੨੫॥
॥ ਸੋਰਠਾ॥
ਬਚਨ ਕੀਆ ਗੁਰ ਦਿਆਲ ਇਹ ਪਰਉਪਕਾਰੀ ਸਿਖ ਮਮ॥
ਭਏ ਗੁਰਦਾਸ ਨਿਹਾਲ ਅਰੁ ਸੰਗੀ ਇਨ ਕੇ ਤਰੇ॥੨੬॥
॥ ਚੌਪਈ॥
ਗਏ ਏਕ ਸੰਗ ਸਾਤ ਸੌ ਲਿਆਏ॥ ਕਰ ਪਰਉਪਕਾਰ ਤਿਨ ਭਗਤ ਦ੍ਰਿੜਾਏ॥
ਸਿਖ ਪ੍ਰਸਾਦ ਇਹੁ ਭਏ ਕ੍ਰਿਤਾਰਥ॥ ਗੁਰ ਦਰਸਨ ਜਾ ਕੇ ਪਰਮਾਰਥ॥੧੭॥
ਪੁਨ ਪੂਛੀ ਗੁਰ ਗੋਹਜ ਕਹਾਨੀ॥ ਜੋ ਗੁਰਦਾਸ ਪਰ ਸਗਲ ਵਿਹਾਨੀ॥
ਜੋ ਗੁਰ ਆਗੇ ਪੌੜੀ ਤੁਮ ਪੜੀ॥ ਸੋ ਸੁਨੀ ਦਿਆਲ ਕਬੂਲ ਨ ਪੜੀ॥
ਧਰ ਮਾਇਆ ਕਸਨ ਕਸੌਟੀ ਕੀਨਾ॥ ਤੁਮ ਭਾਗ ਉਤ੍ਰਖੰਡ ਗਏ ਪ੍ਰਬੀਨਾ॥
ਅਪਨੇ ਬਚਨ ਪਰ ਰਹੇ ਨ ਠਾਵੇ॥ ਭ੍ਰਮ ਉਪਜਿਓ ਸੰਕਾ ਮਨ ਗਾਵੇ॥੨੯॥
ਦੀਜੈ ਉਤ੍ਰ ਅਬ ਸਿਖ ਪਿਆਰੇ॥ ਕਰ ਬਿਚਾਰ ਜੋ ਮਨ ਮੋ ਧਾਰੇ॥
ਤਬ ਗੁਰਦਾਸ ਗੁਰ ਚਰਨਨ ਪਇਆ॥ ਪ੍ਰਭ ਭੂਲ ਚੂਕ ਬਖਸੋ ਕਰ ਦਇਆ॥੩੦॥
॥ ਦੋਹਰਾ॥
ਤਬ ਪੌੜੀ ਔਰ ਗੁਰਦਾਸ ਕਰ ਪੜੀ ਸਨਮੁਖ ਗੁਰ ਦਿਆਲ॥
ਗੁਰ ਹੋਇ ਪ੍ਰਸੰਨ ਸ੍ਰੀ ਮੁਖ ਕਹਾ ਭਏ ਗੁਰਦਾਸ ਨਿਹਾਲ॥੩੧॥

---

[1] ਰਹਾ (ੳ,ਅ,ੲ,ਸ)
[2] ਚਹਾ (ੳ,ਅ,ੲ,ਸ)
[3] ਪਰ (ਸ)

॥ਪੌੜੀ ਭਾਈ ਗੁਰਦਾਸ ਕੀਤੀ[1]॥

ਜੇ ਪੁਤੇ ਮਾ ਵਿਸੁ ਦੇ ਤਿਸ ਤੇ ਕਿਸ ਪਿਆਰਾ॥[2]
314/ੳ ਜੇ ਘਰ ਭੰਨੇ/ਪਾਹਰੂ ਕਵਣ ਰਖਣਹਾਰਾ॥
ਬੇੜਾ ਬੋੜੇ[3] ਪਾਤਣੀ ਕੌਨ ਪਾਰ ਉਤਾਰਾ॥
ਆਗੂ ਲੇ ਉਝੜ ਪਵੇ ਕਿਸ ਕਰੇ ਪੁਕਾਰਾ॥
ਜੇ ਕਰ ਰਖੇ ਤੇ ਖਾਇ ਵਾੜ ਕੋ ਲਹੇ ਨ ਸਾਰਾ॥
ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿਖ ਵਿਚਾਰਾ॥੩੨॥

॥ਦੋਹਰਾ॥

ਜਬ ਗੁਰਦਾਸ ਪੌੜੀ ਸੁਨ ਹਸੇ ਦਿਆਲ ਬਿਗਸਾਇ॥
ਭੂਲ ਚੂਕ ਬਖਸੀ ਪ੍ਰਭੂ ਗੁਰ ਮਹਿਮਾ ਭਈ ਲਖਾਇ॥
ਤਬ ਭਾਈ ਗੁਰਦਾਸ ਮਹਿਮਾ ਸਤਿਗੁਰ ਜੀ ਕੀ ਨਿਰੂਪਨ ਕੀਈ॥

॥ਕਬਿਤੁ॥

ਸਿੰਮ੍ਰਿਤ ਪੁਰਾਨ ਬੇਦ ਸਾਸਤ੍ਰ ਬਿਚਾਰ ਨੇਤ ਨੇਤ ਸੁਖ ਸੇਖ ਜਸ ਗਾਇਓ ਹੈ॥
ਸਿਵ ਸਨਕਾਦ ਨਾਰਦ ਰਖੀਸੁਰ ਆਦ ਸੁਰ ਨਰ ਨਾਥ ਜੋਗ ਧਿਆਨ ਮੋਨ ਆਇਓ ਹੈ॥
ਗਿਰਤਰ ਤੀਰਥ ਗਵਨ ਪੁਨ ਦਾਨ ਬਰਤ ਹੋਮ ਜਗ ਨ ਭੋਗ ਨਈਬੇਦ ਕੈਨ ਪਾਇਓ ਹੈ॥
ਅਸ ਬਡਭਾਗ ਮਾਇਆ ਮਧ ਗੁਰ ਸਿਖਨ ਕੋ ਪੂਰਨ ਬ੍ਰਹਮ ਗੁਰ ਰੂਪ ਹੋਇ ਦਿਖਾਇਓ ਹੈ॥੧

॥ਕਬਿਤੁ॥

ਜੈਸੇ ਤੋ ਸਰਤਾ ਜਲ ਕਾਠੇ ਨ ਥੋਰਤ ਕਰਤ ਚਿਤ ਲਾਜ ਅਪਨੋ ਹੀ ਪ੍ਰਿਤ ਪਾਰਿਓ ਹੈ॥
ਜੈਸੇ ਤੋ ਸੁਤ ਕਰਤ ਇਆਨਪ ਤੌਂ ਜਨਨੀ ਨਾਹਿ ਅਉਗਨ ਉਰ ਧਾਰਿਓ ਹੈ॥
ਜੈਸੇ ਤੋ ਸਰਨ ਸੂਰ ਪੂਰਨ ਪ੍ਰਤਗਿਆ ਰਾਖੇ ਲਾਖ ਅਪਰਾਧ ਕੀਏ ਮਰਨ ਬਿਦਾਰਿਓ ਹੈ॥
ਤੈਸੇ ਪਰਮ ਗੁਰ ਪਾਰਸ ਪ੍ਰਤਗਿਆ ਸਿਖਨ ਕੋ ਕਰਮ ਕਿਰਤ ਨ ਬਿਚਾਰਿਓ ਹੈ॥

॥ਕਬਿਤੁ॥

ਜੇ ਗਰਬੇ ਬਹੁ ਬੂੰਦ ਚਿਤੰਤਰ ਸਨਮੁਖ ਸਿੰਧ ਸੋਭ ਨਹੀ ਪਾਵੈ॥
ਜੇ ਨ[4] ਉਡੇ ਪੰਖ ਧਾਰ ਮਹਾਬਲ ਦੇਖ ਅਕਾਸ ਰਿਦੇ ਸੁਕਚਾਵੈ॥
ਜਿਉ ਬਿਲੋਕਤ ਗੂਲਰ ਜੰਤ ਦੇਖ ਬ੍ਰਹਮੰਡ ਉਡੰਤ ਲਜਾਵੈ॥[5]
ਤੂੰ ਕਰਤਾਰ ਕੀਏ ਹਮ ਤੇਰੇ ਤੋ ਪਹਿ ਬੋਲਨ ਕਿਉ ਬਨਿ ਆਵੈ॥

॥ਕਬਿਤੁ॥

314/ਅ ਜੈਸੇ ਮਾਂਝ ਬੈ/ਠੇ ਬਿਨ ਬੋਹ ਬਾਨ ਪਾਰ ਪਰੇ ਪਾਰਸ ਪਰਸੇ ਬਿਨ ਧਾਤ ਨ ਕਨਕ ਕਹੈ॥
ਜੈਸੇ ਬਿਨ ਗੰਗਾ ਸਮ ਪਾਵਨ ਨ ਆਨ ਜਲ ਨਾਰ ਨਾ ਭਤਾਰ ਬਿਨ ਸੁਤ ਨ ਜਨਕ ਹੈ॥
ਜੈਸੇ ਬਿਨ ਬੀਜ ਬੋਏ ਨਿਪਜੈ ਨ ਧਾਨ ਧਾਰਾ ਸੀਪ ਸ੍ਵਾਤ ਬੂੰਦ ਬਿਨੁ ਮੁਕਤਾ ਨ ਮਾਨਕ ਹੈ॥
ਤੈਸੇ ਗੁਰ ਚਰਨ ਸਰਨ ਸੀਸ ਭੇਟੇ ਬਿਨੁ ਜਨਮ ਮਰਨੁ ਨ ਮਿਟੇ ਜਨ ਜਾਨਕ ਹੈ॥

॥ਕਬਿਤੁ॥

ਭਗਤ ਬਸਚਲ ਸੁਨ ਹੋਤ ਹੌ ਨਿਰਾਸ ਰਿਦੇ ਪਤਤਿ ਪਾਵਨ ਸੁਨ ਆਸਰਾ ਉਰ ਧਾਰਿਓ ਹੌ॥
ਅੰਤਰਿਜਾਮੀ ਸੁਨਿ ਕੰਪਤ ਹੋ ਅੰਤਰਗਤਿ ਦੀਨ ਕੇ ਦਿਆਲ ਸੁਨ ਭ੍ਰਮ ਭੌ ਟਾਰਿਓ ਹੌ॥
ਜਲ ਧਰ ਸੰਗਮ ਕੇ ਨਿਹਫਲ ਸਿਬਾਲ ਜਿਉ ਬਾਵਨ ਸੁਗੰਧ ਸਨਬੰਧ ਲਗਾਰਿਓ ਹੌ॥
ਅਪਨੀ ਕਰਨੀ ਕਰ ਨਰਕ ਭੀ ਨ ਪਾਵੈ ਠੌਰ ਤੁਮਰੇ ਬਿਰਦੁ ਕੌ ਆਸਰੋ ਉਰਿ ਧਾਰਿਓ ਹੌ॥

॥ਦੋਹਰਾ॥

ਗੁਰਦਾਸ ਅਸਤੋਤਰ ਜਬ ਪੜਿਓ ਸੁਨਿ ਸਤਿਗੁਰਿ ਭਏ ਦਿਆਲ॥
ਕ੍ਰਿਪਾ ਕਟਾਛ ਸਤਿਗੁਰ ਨਿਰਖ ਭਏ ਗੁਰਦਾਸ ਨਿਹਾਲ॥੩੩॥

---

[1] ਇੱਥੇ ਸਿਰਲੇਖ '॥ਭਾਈ ਗੁਰਦਾਸ ਕੀ ਪਉੜੀ॥' ਹੈ (ੳ,ਅ)
[2] ਇੱਥੇ ਸ਼ਬਦ 'ਕਿਸ ਪਿਆਰਾ' ਦਾ ਜਗ੍ਹਾ ਤੇ 'ਕਿਆ ਚਾਰਾ' ਹੈ (ਅ)
[3] ਡੋਬੇ (ੳ,ਅ,ੲ)
[4] ਇੱਥੇ ਸ਼ਬਦ 'ਨ' ਨਹੀਂ ਹੈ (ੳ,ਅ,ੲ)
[5] ਇੱਥੇ 'ਜਿਉ ਬਿਲੋਕਤ ਗੂਲਰ ਜੰਤ ਦੇਖ ਬ੍ਰਹਮੰਡ ਉਡੰਤ ਲਜਾਵੈ' ਪੰਕਤੀ ਦੀ ਜਗ੍ਹਾ ਤੇ 'ਗੂਲਰ ਜੰਤ ਪ੍ਰਚੰਡ ਬਿਲੋਕਤ ਦੇਖ ਬ੍ਰਹਮੰਡ ਉਡੰ ਤਲ ਜਾਵੈ॥' ਪੰਕਤੀ ਹੈ (ਅ)

॥ ਦੋਹਰਾ ॥

ਸਨਮੁਖ ਸਿਖ ਗੁਰਦਾਸ ਕੀ ਜੋ ਸੁਨੇ ਕਥਾ ਚਿਤ ਲਾਇ ॥
ਗੁਰ ਨਿਸਚੇ ਮਨ ਮੋ ਦਿੜ੍ਹੇ ਅੰਤ ਪਰਮ ਪਦ ਪਾਇ ॥ ੩੪ ॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥ ੧੫੫ ॥

[ਸਾਖੀ ਗੁਰੂ ਜੀ ਦਾ ਅਲਮਸਤ ਟਹਲੀਆ ਨੂੰ ਫ਼ਕੀਰੀ ਬਖ਼ਸ਼ਣਾ]

॥ਦੋਹਰਾ॥

ਦਿਵਸ ਏਕ ਸਤਗੁਰ ਦਿਆਲ ਬੈਠੇ ਸਭਾ ਬਨਾਇ॥
ਜਿਉ ਭਗਤ ਉਦਿ ਆਚਲ ਗਿਆਨ ਰਵਿ ਉਦੇ ਪ੍ਰਕਾਸ ਕਰਾਇ॥੧॥

॥ਚੌਪਈ॥

315/ੳ ਹਰਿ ਭਗਤ ਸਿੰਘਾਸਨ/ਬੈਠੇ ਦਿਆਲ॥ ਗਿਆਨ ਪੁੰਜ ਤਪ ਤੇਜ ਬਿਸਾਲ॥
ਤਹਾਂ ਨਾਨਕ ਮਤੇ ਕੀ ਚਰਚਾ ਭਈ॥ ਪੁਨ ਕਾਹੂ ਆਨ ਖਬਰ ਯਹ ਦਈ॥੨॥
ਟਹਲੀਏ ਤਹਾ ਜੋ ਰਾਖੇ ਦਿਆਲ॥ ਜੋਗੀਅਨ ਤਾ ਕੋ ਦੀਆ ਨਿਕਾਲ॥
ਕਰ ਮੰਤ੍ਰ ਜੰਤ੍ਰ ਤਾ ਕੋ ਭੈ ਦੀਨਾ॥ ਵੈ ਛੋਡ ਅਸਥਾਨ ਹੋ ਗਏ ਰਵੀਨਾ॥੩॥
ਸੁਨ ਸਤਿਗੁਰ ਬਾਤ ਖਿਮਾ ਕਰ ਰਹੇ॥ ਤਬ ਮਿਲ ਸਭ ਸਿਖ ਬੇਨਤੀ ਕਹੇ॥
ਹੇ ਪ੍ਰਭ ਖਬ੍ਰ ਤਹਾਂ ਕੀ ਲੀਜੈ॥ ਸ੍ਰੀ ਮੁਖ ਬਚਨ ਕਾਹੂ ਕੌ ਕੀਜੈ॥
ਤਬ ਸਹਜਿ ਸੁਭਾਇ ਬੋਲੇ ਗੁਰ ਦਿਆਲ॥ ਜੋ ਮੁਖ ਹਮ ਲਗੇ ਪ੍ਰਾਤਹਕਾਲ॥
ਤਾ ਕੋ ਨਾਨਕ ਮਤੇ ਪਠਾਵੈ॥ ਰਹੇ ਤਹਾ ਅਸਥਾਨ ਪੁਜਾਵੈ॥੪॥

॥ਦੋਹਰਾ॥

ਯਹ ਬਚਨ ਬਿਲਾਸ ਕਰ ਸਭਾ ਮੋ ਨਿਸ ਸੈਨ ਸਹਜ ਸੁਖ ਸਾਰ॥
ਉਠ ਪ੍ਰਾਤਹਕਾਲ ਦਿਆਲ ਗੁਰ ਭਏ ਠਾਢੇ ਬਾਹਰਿ ਦੁਆਰ॥੫॥

॥ਚੌਪਈ॥

ਅਲਮਸਤ ਸਮੇ ਤਿਹ[1] ਝਾੜੂ ਕਰੇ॥ ਸਤਿਗੁਰ ਮੂਰਤਿ ਹਿਰਦੇ ਧਰੇ॥
ਪ੍ਰਥਮੇ ਵਹੀ ਗੁਰ ਦਰਸਨ ਲਾਗਾ॥ ਜਾਗੇ ਮਸਤਕ ਭਾਗ ਸਭਾਗਾ॥੬॥
ਜਾਤ ਬਰਨ ਕੀ ਕਹੇ ਨ ਕੋਇ॥ ਜਿਹ ਪੀਆ ਚਹੇ ਸੁਹਾਗਨ ਸੋਇ॥
ਹਾਥ ਜੋੜ ਸਨਮੁਖ ਭਯਾ ਖੜਾ॥ ਕਰ ਵਾਹ ਵਾਹ ਗੁਰ ਉਸਤਤਿ ਪੜਾ॥੭॥
ਅਲਮਸਤ ਨਾਮ ਧਰ ਦਿਆਲ ਬੁਲਾਇਆ॥ ਤਾ ਕੋ ਨਾਨਕ ਮਤੇ ਪਠਾਇਆ॥
ਪ੍ਰਭ ਦੁਹੂੰ ਹਾਥ ਮੋਰ ਛੜ ਦੀਨਾ॥ ਰਿਧ ਸਿਧ ਸਭ ਭਈ ਅਧੀਨਾ॥੮॥
ਲੇ ਗੁਰ ਬਚਨ ਅਲਮਸਤ ਤਬ ਚਲੇ॥ ਨਾਨਕ ਮਤੇ ਜਾਇ ਭਏ ਖਲੇ॥
ਤਬ ਗੁਰ ਪੰਜੇ ਕੋ ਦਰਸਨ ਕੀਨਾ॥ ਭਏ ਸਨਮੁਖ ਠਾਢੇ ਭਗਤ ਅਧੀਨਾ॥੯॥

॥ਦੋਹਰਾ॥

ਦੇਖ ਜੋਗੀ ਪੂਛਨ ਲਗੇ ਤੁਮ ਕੌਨ ਪੰਥ ਕੋ ਆਹਿ॥
ਦੇਖ ਦਸਾ ਜਾਨਧੁ ਤਿਨਹੁ ਕੋਊ ਸੇਵਕ ਨਾਨਕ ਸਾਹ॥੧੦॥

॥ਤੋਮਰ ਛੰਦ॥

315/ਅ ਅਲਮਸਤ ਮੁਖੋ ਨ ਬੋਲ॥ ਸਭ ਰਹੇ/ਝੋਲ ਢੰਢੋਲ॥
ਪੁਨ ਕੀਆ ਸਭਨ ਬਿਚਾਰ॥ ਇਸ ਮਾਰ ਦੇਹ ਪਵਾਰ॥੧੧॥
ਨਿਸ ਮਾਰ ਅੰਗ ਸਭ ਕਾਟ॥ ਫੈਕਾਇ ਦੀਨੇ ਸਾਟ॥
ਦੇਖਾ ਜੁ ਪ੍ਰਾਤਹਕਾਲ॥ ਠਾਢੇ ਹੈਂ ਸਿਧ ਬਿਸਾਲ॥੧੨॥
ਬਹੁ ਬਾਰ ਐਸੇ ਕੀਨ॥ ਭੈ ਅਗਨ ਜਲ ਕੋ ਦੀਨ॥
ਪੋਹੇ ਨਹੀ ਕਛੁ ਤਾਹ॥ ਅਲਮਸਤ ਬੇਪਰਵਾਹ॥੧੩॥
ਪੁਨ ਜਾਨਿਆ ਬਡ ਸਿਧ॥ ਕਛੁ ਜਤਨ ਕੀਜੈ ਬੁਧ॥
ਯਹ ਸਤ੍ਰ ਹਮਰੋ ਆਹ॥ ਕਰ ਜਤਨ ਮਾਰੋ ਤਾਹ॥੧੪॥

॥ਦੋਹਰਾ॥

ਜੰਤ੍ਰ ਮੰਤ੍ਰ ਬਹੁ ਬਿਧ ਕੀਏ ਅਲਮਸਤ ਨ ਲਾਗੇ ਕੋਇ॥
ਜਾ ਕੇ ਮਸਤਕ ਹਾਥ ਗੁਰ ਜੋ ਚਾਹੇ ਸੋ ਹੋਇ॥੧੫॥

---
[1] ਤਿਸ (ਅ), ਤਿਲ (ਸ)

॥ਤੋਮਰ ਛੰਦ॥

ਪੁਨ ਲਗੇ ਕਰਨ ਪਖੰਡ॥ ਬਿਨ ਗਿਆਨ ਜੋਗੀ ਭੰਡ॥
ਭੂ ਘਰਾ ਧਰਤ ਖੁਦਾਇ॥ ਬਾਲਕ ਤਹਾ ਬੈਠਾਇ॥੧੬॥
ਸਮਝਾਇ ਤਾ ਕੋ ਦੀਨ॥ ਪੁਨ ਮੂਚ ਤਾ ਕੋ ਲੀਨ॥
ਸਭ ਗਏ ਰਾਜ ਦੁਆਰਿ॥ ਫਰਯਾਦ ਕਰਨ ਪੁਕਾਰ॥੧੭॥
ਯਹ ਆਦ ਸਿਧ ਅਸਥਾਨ॥ ਜਾਨੰਤ ਸਕਲ ਜਹਾਨ॥
ਪਾਇਕ ਗੁਰੂ ਕੇ ਆਇ॥ ਕਰ ਜੰਤ੍ਰ ਮੰਤ੍ਰ ਉਪਾਇ॥੧੮॥
ਹਮ ਕੋ ਬਹੁਤ ਦੁਖ ਦੀਨ॥ ਅਸਥਾਨ ਅਨਾ[1] ਕੀਨ॥
ਚਲੀਏ ਤਹਾ ਮਹਾਰਾਜ॥ ਯਹ ਪਰ ਸੁਆਰਥ ਕਾਜ॥੧੯॥

॥ਦੋਹਰਾ॥

ਰਾਜਾ ਸੁਨ ਬ੍ਰਿਤੰਤ ਯਹ ਭਏ ਤੁਰੰਤ ਸਵਾਰ॥
ਨਾਨਕ ਮਤੇ ਮੋ ਆਇ ਕੇ ਕੀਆ ਅਲਮਸਤ ਦੀਦਾਰ॥੨੦॥

॥ਚੌਪਈ॥

ਰਾਜੇ ਦਿਸਾ ਅਲਮਸਤ ਕੀ ਦੇਖੀ॥ ਪਰਮ ਸਿਧ ਕੀ ਮੂਰਤ ਲੇਖੀ॥
ਇਕ ਟਕ ਪੰਜੇ ਆਗੇ ਖੜੇ॥ ਰਾਜਾ ਦੇਖ ਚਰਨਨ ਪੜੇ॥੨੧॥
ਪੂਛਾ ਅਲਮਸਤ ਰਾਜੇ ਬਿਰਤੰਤ॥ ਤਬ ਬੋਲੇ ਸਤਿਗੁਰ ਕੇ ਸੰਤ॥
ਯਹ ਨਾਨਕ ਮਤਾ ਗੋਰਖ ਜੀ ਕੀਨਾ॥ ਅਸਥਾਨ ਭੇਟ ਸਤਿਗੁਰ ਕੀ ਦੀਨਾ॥੨੨॥
316/ੳ ਹਮ ਕੋ ਸਤਿਗੁਰ ਈਹਾ ਪਠਾਇਆ॥ ਗੁਰ ਆਗਿਆ/ਲੇ ਮੈ ਈਹਾ ਆਇਆ॥੨੩॥
[2]ਪੁਨ ਜੋਗੀ ਰਾਜਾ ਸੋ ਕਹੇ॥ ਇਨ ਕੀ ਕੋਊ ਨਿਸਾਨੀ ਅਹੈ॥
ਕਾਢ ਨਿਸਾਨੀ ਹਮੇ ਦਿਖਾਵੈ॥ ਤਬ ਹੋਵੈ ਮਾਲਕ ਹਮ ਪਤੀਆਵੈ॥੨੪॥

॥ਦੋਹਰਾ॥

ਹਮਰੀ ਸਾਖ ਧਰਤੀ ਕਹੇ ਜੋ ਸਭ ਕੀ ਹੈ ਮਾਤ॥
ਧਰਤੀ ਕਹੇ ਸੁ ਕੀਏ ਸੁਨ ਰਾਜਾ ਸਤਿ ਬਾਤ॥੨੫॥

॥ਚੌਪਈ॥

ਪੁਨ ਰਾਜਾ ਅਲਮਸਤ ਸੌ ਕਹੇ॥ ਜੋਗੀ ਕੋਊ ਨਿਸਾਨੀ ਚਹੈ॥
ਬਿਗਸ ਅਲਮਸਤ ਕਹਾ ਸੁਨ ਰਾਜਾ॥ ਲਿਖਾ ਪਤ੍ਰ ਤੁਮਰੇ ਜੋ ਆਜਾ॥੨੬॥
ਫਾਹੁੜੀ ਖੜਾਊ ਗੁਰ ਨਾਨਕ ਦਿਆਲ॥ ਕੂਪ ਮੋ ਪੋਥੀ ਭਇਆ ਬਹੁ ਕਾਲ॥
ਤਹ ਨਿਕਾਲ ਸਭਹਨ ਦਿਖਲਾਵੌ॥ ਗੁਰ ਪਤਾ ਦਿਖਾਇ ਸਭਨ ਪਤੀਆਵੋ॥੨੭॥
ਤਬ ਅਲਮਸਤ ਕੂਪ ਕਰ ਘਾਲਾ॥ ਖੜਾਊ ਫਾਹੁੜੀ ਪਤ੍ਰ ਨਿਕਾਲਾ॥
ਪਤੀਆ ਰਾਜੇ ਕੋ ਦਿਖਲਾਇਆ॥ ਸਭ ਲੋਕਨ ਮਨ ਨਿਸਚਾ ਆਇਆ॥੨੮॥
ਪੁਨ ਜੋਗੀ ਕਹੇ ਇਹ ਮੰਤ੍ਰ ਕੀ ਖੇਲ॥ ਜਰੇ ਦੀਪ ਬਿਨ ਬਾਤੀ ਤੇਲ॥
ਪੂਛੋ ਸਾਖ ਜੋ ਧਰਤੀ ਕਹੇ॥ ਸਭ ਜਗ ਕੀ ਜੋ ਮਾਤਾ ਅਹੇ॥੨੯॥

[3] **॥ਦੋਹਰਾ॥**

ਸਭ ਧਰਤੀ ਪੂਛਨ ਲਗੇ ਕਹੋ ਸਾਖ ਜਗ ਮਾਤ॥
ਯਹ ਸਿਧ ਮਤਾ ਕੇ ਨਾਨਕ ਮਤਾ ਕਹੋ ਕਵਨ ਸਤ ਬਾਤ॥੩੦॥

॥ਚੌਪਈ॥

ਧਰਤੀ ਸੋ ਯਹ ਭਇਆ ਅਵਾਜਾ॥ ਇਹੁ ਸਿਧ ਮਤਾ ਸੁਨੀਐ ਮਹਾਰਾਜਾ॥
ਨਾਨਕ ਮਤਾ ਕਹੋ ਕਿਨ ਕੀਨਾ॥ ਯਹ ਸਿਧ ਮਤਾ ਸੁਰ ਮੁਨ ਜਨ ਚੀਨਾ॥੩੨॥
ਸੁਨਾ ਸਭਨ ਮਨ ਸੰਕਾ ਭਈ॥ ਸਤ ਬਾਤ ਧਰਤੀ ਜੋ ਕਹੀ॥

---

[1] ਅਪਨਾ (ੳ,ਅ,ੲ,ਸ)

[2] ਇੱਥੇ 'ਸਤਿਗੁਰ ਕੇ ਹਮ ਕਾਰ ਕਾਮਾਵੈ॥ ਗੁਰ ਦਰਸਨ ਤੇ ਹਮ ਗਤ ਮਿਤ ਪਾਵੈ॥' ਪੰਕਤੀ ਹੈ (ੳ), ਇੱਥੇ 'ਸਤਿਗੁਰ ਭਾਵੈ ਤੇਸੈ ਹੋਇ ਪ੍ਰਗਟ ਚਰਨ ਅਪਾਤੇ ਹੋਇ॥' ਪੰਕਤੀ ਹੈ (ਅ)

[3] ਇੱਥੇ '॥ਦੋਹਰਾ॥ ਪੁਨ ਜੋਗੀ ਕਹੈ ਇਹ ਮੰਤ੍ਰ ਕੀ ਜਾਨਤ ਹੈ ਹਮ ਰੀਤ॥ ਇਹ ਨਾਟਕ ਚੇਟਕ ਕਰਤ ਹੈ ਹਮ ਕੋ ਨਹਿ ਪਰਤੀਤ॥' ਪਾਠ ਹੈ (ਅ)

ਤਬ ਅਲਮਸਤ ਰਾਜਾ ਸੋ ਕਹਾ॥ ਤੁਮ ਭੇਦ ਪਖੰਡ ਕੋ ਨਾਹੀ ਲਹਾ॥ ੩੩॥
ਇਨ ਖੋਦ ਭੂ ਘਰਾ ਬਾਲਕ ਤਹਾ ਰਾਖਾ॥ ਜੋ ਉਸੇ ਪੜਾਇਆ ਸੋ ਤਿਨ ਆਖਾ॥
ਧਰਤੀ ਖੋਦ ਬਾਲਕ ਤਹਾ ਦੇਖਾ॥ ਕਪਟ ਪਖੰਡ ਜੋਗੀ ਕਾ ਲੇਖਾ॥ ੩੪॥
316/ਅ ਸ/ਭ ਕੰਨ ਫਟੇ ਸਰਮਿੰਦੇ ਭਏ॥ ਤਜ ਅਸਥਾਨ ਬਨ ਕੋ ਉਠ ਗਏ॥
ਤਬ ਮਹਾਰਾਜੇ ਬਾਜ ਬਹਾਦਰ॥ ਪੂਜ ਅਲਮਸਤ ਕੀਆ ਬਹੁ ਆਦਰ॥ ੩੫॥
ਚੌਦਾ ਗਾਵ ਭੇਟ ਤਬ ਕੀਏ॥ ਨਾਨਕ ਮਤੇ ਖਰਚ ਕੌ ਦੀਏ॥
ਹੋਇ ਬਿਦਾ ਅਪਨੇ ਗ੍ਰਿਹ ਗਏ॥ ਤਹ ਅਲਮਸਤ ਬਿਰਾਜਤ ਭਏ॥ ੩੬॥

॥ ਦੋਹਰਾ॥

ਤਹਾ ਸੇਵਕ ਸੇਵਾ ਦ੍ਰਿੜ ਕੀਏ ਪੁਨ ਆਏ ਸਤਿਗੁਰ ਪਾਸ॥
ਨਾਨਕ ਮਤੇ ਸੰਬਾਦ ਕੀ ਕਰੀ ਸਕਲ ਅਰਦਾਸ॥ ੩੭॥

॥ ਚੌਪਈ॥

ਸੁਨਿ ਸਤਿਗੁਰ ਜੀ ਭਏ ਖੁਸਾਲ॥ ਕਰੀ ਖੁਸੀ ਅਲਮਸਤ ਨਿਹਾਲ॥
ਤਬ ਅਲਮਸਤ ਗੁਰ ਚਰਨਨ ਪਰੇ॥ ਜੋ ਹੁਕਮੁ ਹੋਇ ਸੋਈ ਹਮ ਕਰੇ॥ ੩੮॥
ਪੁਨਿ ਹੋਇ ਪ੍ਰਸੰਨ ਪ੍ਰਭ ਆਗਿਆ ਕਰੀ॥ ਅਬ ਤੁਮ ਜਾਹੋ ਪਰਸੋਤਮ ਪੁਰੀ॥
ਦਰਸਨ ਬੋਧ ਰੂਪ ਕਾ ਕੀਜੈ॥ ਗੁਰ ਮਹਿਮਾ ਪ੍ਰਗਟਿ ਪ੍ਰਤਗਿਆ ਦੀਜੈ॥ ੩੯॥
ਗੁਰ ਆਇਸ ਅਲਮਸਤ ਤਹਾ ਗਏ॥ ਪਰਸੋਤੁਮ ਪੁਰ ਪ੍ਰਾਪਤਿ ਭਏ॥
ਮਹੋਦਧ ਕੰਠੇ ਆਸਨ ਕੀਨਾ॥ ਕੇਤਕ ਕਾਲ ਤਹ ਰਹੇ ਪ੍ਰਬੀਨਾ॥ ੪੦॥
ਬਿਨ ਖਾਨ ਪਾਨ ਕੇਤਕ ਦਿਨ ਬੀਤੇ॥ ਤਬ ਉਕਲਾਨੇ ਹਰਿ ਸੰਤ ਪਰੀਤੇ॥
ਪੰਡੀਅਨ ਕੋ ਚਿਤਾਵਨੀ ਦੀਨਾ॥ ਮਹੋਦਧ ਕੰਠੇ ਮਮ ਸੰਤ ਪ੍ਰਬੀਨਾ॥ ੪੧॥
ਲੇ ਮਮ ਪ੍ਰਸਾਦ ਤਾਹੂ ਪੈ ਜਾਵੋ॥ ਭਾਉ ਭਗਤ ਕਰ ਤਾਹਿ[1] ਖੁਲਾਵੋ॥
ਲੇ ਪ੍ਰਸਾਦਿ ਪੰਡੇ ਤਹ ਆਏ॥ ਪ੍ਰਭ ਆਗਿਆ ਅਲਿਮਸਤ ਜਨਾਏ॥ ੪੨॥
ਤਬ ਅਲਮਸਤ ਇਹ ਬਚਨ ਬਖਾਨਾ॥ ਬਿਨ ਦਰਸਨ ਕੀਏ ਨ ਖਾਉ ਸੁਜਾਨਾ॥
ਲੇ ਪ੍ਰਸਾਦਿ ਪੰਡੀਆ ਫਿਰ ਆਏ॥ ਤਬ ਠਾਕੁਰ ਬਲ ਭਦ੍ਰ ਪਠਾਏ॥ ੪੩॥

॥ ਦੋਹਰਾ॥

ਤਬ ਸ੍ਰੀ ਬਲ ਭਦ੍ਰ ਅਲਮਸਤ ਪਹਿ ਲੇ ਗਏ ਮਹਾ ਪ੍ਰਸਾਦਿ॥
ਯਹ ਠਾਕਰ ਜੀ ਤੁਮ ਕੋ ਦੀਆ ਭੋਗੋ ਪੂਰੋ ਆਸ॥ ੪੪॥

॥ ਚੌਪਈ॥

317/ੳ ਮਿਸਟ ਬਚਨ ਅਲ/ਮਸਤ ਬਖਾਨਾ॥ ਹਮਰੋ ਪ੍ਰਣ ਰਾਖੇ ਸ੍ਰੀ ਭਗਵਾਨਾ॥
ਜੋ ਨਿਜ ਹਾਥ ਈਹਾ ਪ੍ਰਭ ਲਿਆਵੈ॥ ਹਰਿ ਦਰਸਨ ਕਰ ਪ੍ਰਸਾਦਿ ਤਬ ਪਾਵੈ[2]॥ ੪੫॥
ਮੁਸਕਾਇ ਬਲ ਭਦ੍ਰ ਹਰਿ ਜੀ ਪਹਿ ਆਏ॥ ਜੋ ਕਹਾ ਸੰਤ ਸੁ ਆਨ ਸੁਨਾਏ॥
ਹਰਿ ਭਗਤ ਬਸ ਸੰਤ ਪ੍ਰਣ ਪਾਲਨ॥ ਸੰਤਨ ਮਿਤ ਕਸਟ ਤਨ ਘਾਲਨ॥ ੪੬॥
ਥਾਲ ਪ੍ਰਸਾਦਿ ਹਾਥ ਤਹ ਲੀਨਾ॥ ਸੰਤ ਪ੍ਰਣ ਰਾਖ ਦਰਸ ਤਿਹ ਦੀਨਾ॥
ਦੇਖ ਅਲਮਸਤ ਗਦ ਗਦ ਹੋਇ ਗਏ॥ ਸਤਿਗੁਰ ਪ੍ਰਤਾਪ ਦਰਸ ਹਰਿ ਭਏ॥ ੪੭॥
ਪਾਇ ਪ੍ਰਸਾਦਿ ਹਰਿ ਕੋ ਜਸੁ ਭਾਖਾ॥ ਬਾਲ ਮਹੋਦਧ ਮੋ ਧਰ ਰਾਖਾ॥
ਮੰਦਰ ਮੋ ਪੰਡੇ ਜਾਇ ਦੇਖਾ॥ ਹਰਿ ਕੋ ਥਾਲ ਤਹਾ ਨਹੀ ਪੇਖਾ॥ ੪੮॥

॥ ਦੋਹਰਾ॥

ਖੋਜ ਖੁਜਾਇ ਪੰਡੇ ਰਹੇ ਪੁਨ ਰਾਜਾ ਸੋ ਕਹਾ ਜਾਇ॥
ਹਰਿ ਭੋਗ ਥਾਲ ਨਾਹੀ ਮਿਲੇ ਕੋਊ ਲੈ ਗਇਆ ਚੋਰ ਚੁਰਾਇ॥ ੪੯॥

॥ ਚੌਪਈ॥

ਤਬ ਰਾਜਾ ਹਰਿਮੰਦਰ ਆਏ॥ ਸਭ ਪੰਡੀਅਨ ਕੋ ਭੈ ਦਿਖਲਾਏ॥
ਦੇਖ ਚਲਿਤ੍ਰ ਬਿਸਮ ਸੋ ਭਇਆ॥ ਕੋਊ ਦੀਏ ਕਿਵਾੜ ਥਾਲ ਲੈ ਗੈਯਾ॥
ਤਹਾ ਰਾਜੇ ਨਿਜ ਭੂਮਾਸਨ ਲੀਨਾ[3]॥ ਤਿਸ ਦੀਆ ਸੁਪਨ ਹਰਿ ਆਗਿਆ ਕੀਨਾ॥

---
[1] ਤਾਸਿ (ਸ)
[2] ਪ੍ਰਸਾਦਿ ਸੁ ਪਾਵੈ (ਅ)
[3] ਕੀਨਾ (ਅ)

ਮਮ ਸਾਧ ਮਹੋਦਧ ਕੰਠੇ ਆਇਆ॥ਮੈ ਤਾ ਕੋ ਪ੍ਰਸਾਦਿ ਖੁਲਾਇਆ॥੫੦॥
ਤਾਂ ਸੋ ਥਾਲ ਮਾਂਗ ਤੁਮ ਲਿਆਵੋ॥ਕਾਹੂ ਕੋ ਮਤ ਕਸਟ ਦਿਖਾਵੋ॥
ਨਗਨ ਪਾਂਉ ਰਾਜਾ ਤਹਾਂ ਗਏ॥ਅਲਮਸਤ ਦੇਖ ਚਰਨਨ ਪਰ ਪਏ॥੫੧॥
ਕਹਾ ਥਾਲ ਹਰਿ ਕਾ ਹਮ ਦੀਜੈ॥ਮਿਟੇ ਕਲੇਸ ਸਭ ਸਾਂਤ ਪਤੀਜੈ॥
ਕਹਾ ਅਲਮਸਤ ਮਹੋਦਧ ਧਰਾ॥ਤੁਮ ਲੇਹੁ ਨਿਕਾਲ ਬਚਨ ਯਹ ਕਰਾ॥੫੨॥

॥ਦੋਹਰਾ॥

ਮਹੋਦਧ ਮੋ ਖੋਜਨ ਲਗੇ ਦੇਖੇ ਥਾਲ ਅਨੇਕ॥
ਦੇਖ ਚਰਿਤ੍ਰ ਬਿਸਮੇ ਭਏ ਹਰਿ ਸੰਤਨ ਕਥਾ ਅਲੇਖ॥੫੩॥

॥ਚੌਪਈ॥

317/ਅ ਪੰਡੀਆ ਦੇਖਿ ਬਿਨਤੀ ਇਮ ਕਰੇ॥/ਈਹਾ ਬਾਲ ਬਹੁਤ ਹੈਂ ਪਰੇ॥
ਅਲਮਸਤ ਬਿਗਸ ਕਹਿਓ ਬਚਨ ਬਖਾਨ॥ਲੀਜੈ ਅਪਨਾ ਥਾਲ ਪਛਾਨ॥੫੪॥
ਜਬ ਹਰਿ ਬੋਧ ਰੂਪ ਕੋ ਧਰਾ॥ਤਬ ਹਮ ਦਰਸਨ ਹਰਿ ਕੋ ਕਰਾ॥
ਥਾਲ ਪ੍ਰਸਾਦ ਜਬ ਤਬ ਹਰਿ ਪਾਇਆ॥ਖਾਇ ਪ੍ਰਸਾਦਿ ਈਹਾ ਥਾਲ ਰਖਾਇਆ॥੫੫॥
ਪਹਿਚਾਨ ਥਾਲ ਅਪਨਾ ਤਿਨ ਲੀਨਾ॥ਦੇਖ ਮਹਿਮਾ ਸਭ ਭਏ ਅਧੀਨਾ॥
ਤਹ ਅਲਮਸਤ ਬਾਵਲੀ ਕਰੀ॥ਲੋਨ ਜਲ ਨਿਕਟਿ ਅੰਮ੍ਰਿਤ ਜਲ ਭਰੀ॥੫੬॥
ਤਹਾ ਅਲਮਸਤ ਰਹੇ ਕਛੁ ਕਾਲ॥ਪੁਨ ਸਤਿਗੁਰ ਕਾ ਬਚਨ ਸਮਾਲ॥
ਗੁਰ ਆਗਿਆ ਕਰੀ ਮਹੋਦਧ ਪਾਰ॥ਅਬ ਚਲੇ ਪਾਰ ਬਚਨ ਸਿਰ ਧਾਰ॥੫੭॥

॥ਦੋਹਰਾ॥

ਗੁਰ ਮਹਿਮਾ ਪ੍ਰਗਟ ਕਰਨ ਅਲਮਸਤ ਗਏ ਨਿਧ ਪਾਰ॥
ਚੜਿ ਖੜਾਉ ਜਲ ਪਰ ਚਲੈ ਜਿਉ ਤਰਨੀ ਜਲ ਧਾਰ॥੫੮॥

॥ਦੋਹਰਾ॥

ਜੋ ਭਾਈ ਅਲਮਸਤ ਕੀ ਕਥਾ ਸੁਨੇ ਮਨ ਧਾਰ॥
ਗੁਰ ਪ੍ਰਤੀਤ ਮਨ ਮੋ ਬਢੇ ਮਿਲੇ ਭਗਤ ਸੁਖ ਸਾਰ॥੫੯॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਗੁਰੂ ਜੀ ਵੱਲੋਂ ਬਾਲੂ ਟਹਲੀਆ ਫ਼ਕੀਰੀ ਬਖ਼ਸ਼ਿਸ਼ ਕਰਨੀ]

॥ਦੋਹਰਾ॥

ਜਿਉ ਇੰਦ੍ਰ ਸਮ ਬਰਖਾ ਕਰੇ ਜਲ ਥਲ ਅਰ ਬਨਰਾਇ॥
ਤਿਉ ਕਿਰਪਾ ਸਤਿਗੁਰੂ ਕੀ ਜਿਹ ਹੋਇ ਰਹੈ ਛਕ ਛਾਇ॥੧॥

॥ਚੌਪਈ॥

ਬਾਲੂ ਗੁਰ ਸੇਵਾ ਸਦ ਕਰੇ॥ਗੁਰ ਮੂਰਤਿ ਹਿਰਦੇ ਮੋ ਧਰੇ॥
ਮਨ ਤਨ ਸੌ ਗੁਰ ਸੇਵ ਕਮਾਵੈ॥ਤਾ ਕੀ ਟਹਲ ਦਿਆਲ ਗੁਰ ਭਾਵੈ॥
318/ੳ ਗੁਰ ਮੂਰਤਿ ਦੇਖ ਬਿਗਸੇ ਮਨ ਹਸੈ॥ਅੰਤਰ ਭ/ਗਤ ਪ੍ਰੇਮ ਰੰਗ ਰਸੈ॥
ਬਾਲੂ ਹਸਨਾ ਨਾਮ ਗੁਰ ਰਾਖਾ॥ਸੋਈ ਨਾਮ ਸਭ ਸੰਗਤ ਭਾਖਾ॥੩॥
ਇਕ ਦਿਨ ਸਤਿਗੁਰ ਤਾ ਕੋ ਕਹਿਓ॥ਤੁਮ ਬਾਬਾ ਗੁਰਦਿਤੇ ਸੰਗ ਰਹੋ॥
ਅਭੇਦ ਸੇਵ ਤਾ ਕੀ ਤੁਮ ਕਰਨੀ[1]॥ਮਮ ਰੂਪ ਜਾਨ ਆਗਿਆ ਸਿਰਿ ਧਰਨੀ[2]॥੪॥
ਗੁਰ ਬਚਨ ਪਾਇ ਬਾਬਾ ਜੀ ਸੰਗਿ॥ਬਿਗਸਤ ਸੇਵਾ ਕਰੇ ਅਭੰਗ॥
ਅਖੇੜ ਬਿਰਤ ਬਾਬਾ ਜੀ ਜਾਵੈ॥ਸੰਗ ਬਾਲੂ ਘੋੜੇ ਅਗ੍ਰ ਸਿਧਾਵੈ॥੫॥

॥ਦੋਹਰਾ॥

ਏਕ ਦਿਵਸ ਅਖੇੜ ਮੋ ਕਰੀ ਬਾਲੂ ਬਹੁ ਘਾਲ॥
ਪਰਮ ਪਦਾਰਥ ਪਾਇ ਕੇ ਬਾਲੂ ਭਏ ਨਿਹਾਲ॥੬॥

॥ਤੋਮਰ ਛੰਦ॥

ਬਾਬਾ ਭਏ ਅਸਵਾਰ॥ਬਨ ਕੌ ਅਖੇੜ ਬਿਹਾਰ॥
ਜਬ ਗਏ ਬਨ ਕੇ ਮਾਹਿ॥ਇਕ ਮ੍ਰਿਗ ਦੇਖਾ ਤਾਹਿ॥੭॥
ਤਾ ਪਰ ਤੁਰੰਗ ਉਠਾਇ॥ਗਏ ਦੂਰ ਪਾਛੇ ਧਾਇ॥
ਨਹੀ ਮਿਰਗ ਲਾਗਾ ਹਾਥ॥ਪਹੁਚਾ ਨ ਕੋਈ ਸਾਥ॥੮॥
ਪਹੁਚੇ ਸੁ ਬਾਲੂ ਸੰਗ॥ਗੁਰ ਅਟਲ ਭਗਤ ਅਭੰਗ॥
ਤਿਸ ਦੇਖ ਬਾਬਾ ਦਿਆਲ॥ਭਏ ਸੁਪ੍ਰਸੰਨ ਬਿਸਾਲ॥੯॥
ਕੀਨੀ ਕੁਲਹ ਬਖਸੀਸ॥ਭੈਯਾ ਜੀਵ ਤੇ ਵਹ ਈਸ॥
ਸਿਰ ਧਰਤ ਭਇਆ ਪ੍ਰਕਾਸ॥ਆਨੰਦ ਧਾਮ ਨਿਵਾਸ॥੧੦॥

॥ਦੋਹਰਾ॥

ਜਿਉ ਪਾਰਸ ਤਾਬਾ ਛੁਹੈ ਸੰਗ ਬਾਵਨ ਨੀਮ ਮਹਿਕਾਇ॥
ਤਿਉ ਬਾਲੂ ਸੀਸ ਕੁਲਾਹਿ ਧਰ ਭਏ ਰੰਕ ਤੇ ਰਾਇ॥੧੧॥

॥ਚੌਪਈ॥

ਪੁਨ ਬਾਬਾ ਜੀ ਗ੍ਰਿਹ ਕੋ ਆਏ॥ਆਇ ਚਰਨ ਗੁਰ ਸੀਸ ਨਿਆਏ॥
ਅਖੇੜ ਕਥਾ ਸਭ ਕਹੀ ਸੁਨਾਇ॥ਬਹੁਤ ਦੂਰ ਗਏ ਪਾਛੇ ਹਮ ਧਾਇ॥
ਨਹੀ ਮ੍ਰਿਗ ਲਾਗਾ ਹਮ ਹਾਥ॥ਅਵਰ ਨ ਕੋਊ ਪਹੁਚੇ ਸਾਥ॥
ਇਕ ਬਾਲੂ ਹਸਨਾ ਪਹੁਚਾ ਸੰਗ॥ਪਰਮ ਸਿਖ ਸੇਵਕ ਆਭੰਗ॥੧੩॥
ਸੁਨ ਸਤਿਗੁਰ ਕਿਰਪਾ ਬਹੁ ਕਰਾ॥ਹੋਇ ਪ੍ਰਸੰਨ ਮੁਖ ਬਚਨ ਉਚਰਾ॥
318/ਅ ਅਬ ਤੁਮਰੀ ਘਾਲ ਸਭ ਪੂਰੀ ਪਰੀ॥ਅਬ ਰਹੋ ਮਗਨ/ਸਿਮਰੋ ਹਰਿ ਹਰੀ॥੧੪॥
ਗੁਰਦੁਆਰੇ ਬਾਲੂ ਬੈਠੇ ਰਹੇ॥ਪਰਮਾਨੰਦ ਮਹਾ ਸੁਖ ਗਹੇ॥
ਅੰਤਰਿਗਤਿ ਗੁਰ ਚਰਨਨ[3] ਧਿਆਨ॥ਰਹੇ ਛਕ ਛਾਇ ਨ ਇਛਿਆ ਆਨ॥੧੫॥

॥ਦੋਹਰਾ॥

ਸਤਿਗੁਰ ਸੇਵਾ ਸੋ ਮਿਲਾ ਬਾਲੂ ਪਦ ਨਿਰਬਾਨ॥
ਬਡੇ ਭਾਗ ਤੇ ਪਾਈਐ ਗੁਰ ਸੇਵਾ ਭਗਤ ਪ੍ਰਮਾਨ॥੧੬॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥੧੫੭॥

---

[1] ਕਰਨਾ (ੳ,ਅ)
[2] ਧਰਨਾ (ੳ,ਅ)
[3] ਚਰਨ (ੳ,ਅ,ੲ)

[ਸਾਖੀ ਗੁਰੂ ਜੀ ਵੱਲੋਂ ਭਾਈ ਬਿਧੀਏ ਨੂੰ ਫ਼ਕੀਰੀ ਬਖ਼ਸ਼ਿਸ਼ ਕਰਨਾ]

॥ਦੋਹਰਾ॥

ਆਨੰਦ ਰੂਪ ਆਨੰਦ ਘਨ ਆਨੰਦ ਕਰਤ ਬਿਹਾਰ॥
ਆਨੰਦ ਸਭਾ ਸੰਗਤ ਸਗਲ ਆਨੰਦ ਹੋਤ ਅਚਾਰ॥੧॥

॥ਚੌਪਈ॥

ਆਨੰਦ ਸਿੰਘਾਸਨ ਗੁਰ ਕਰਤਾਰ॥ਆਨੰਦ ਉਪਦੇਸ ਮੁਖ ਕਰਤ ਉਚਾਰ॥
ਆਨੰਦ ਸਮੇ ਬਿਧੀਆ ਤਹਾ ਆਏ॥ਆਨੰਦ ਮਗਨ ਗੁਰ ਸੀਸ ਨਿਆਏ॥੨॥
ਸਭਕੀ ਜਾਨਤ ਗੁਰ ਪ੍ਰਬੀਨਾ॥ਕਰ ਬਚਨ ਬਿਲਾਸ ਇਹੁ ਪੂਛਨ ਕੀਨਾ॥
ਕਹੁ ਬਿਧੀਆ ਚੋਰੀ ਬਿਰਤੰਤੁ॥ਜਿਹ ਘਾਲਤ ਹੂਏ ਤੁਮ ਸੰਤ॥੩॥
ਅਬ ਕਿਹ ਬਿਧ ਕਰੋ ਚੋਰੀ ਬਿਵਹਾਰ॥ਮੋਹਿ ਸੁਨਾਵਹੁ ਕਹਿ[1] ਨਿਰਧਾਰ॥
ਚੋਰੀ ਤੁਮ ਸਿਰ ਲਿਖ ਅਲੇਖ॥ਵਹ ਨ ਟਰੇ ਕਿਮ ਕਰੋ ਬਿਸੇਖ॥੪॥
ਕਰ ਜੋਰ ਬਿਧੀਏ ਇਹ ਬਿਨੇ ਬਖਾਨਾ॥ਮਮ ਚੋਰੀ ਸਤਿਗੁਰ ਕਰੀ ਪ੍ਰਮਾਨਾ॥
ਅਬ ਪ੍ਰਸੁਆਰਥ ਪਰ ਚੋਰੀ ਕਰੌ॥ਪੁੰਨ ਪਾਪ ਹਿਰਦੇ ਨਹੀ ਧਰੌ॥੫॥

॥ਦੋਹਰਾ॥

ਪਰਾਲਬਧ[2] ਅਨਸਾਰ ਸਭ ਉਪਜੈ ਜੋ ਕਛੁ ਕਰਮ ਦਿਆਲ॥
ਹਰਖ ਸੋਗ ਹਮਰੇ ਨਹੀ ਪ੍ਰਭ ਸਤਿਗੁਰ ਭਏ ਕ੍ਰਿਪਾਲ॥੬॥

॥ਮਕਰਾ ਛੰਦ॥

ਸੁਨੀਏ ਦਿਆਲ ਸਤਗੁਰ॥ਤੁਮਰਾ ਬਚਨ ਹੈ ਤਤਫੁਰ॥
319/ੳ ਚੋਰੀ ਕਰੀ/ਜੁ ਅਬ ਮੈ ਅਰਦਾਸ ਕਰ ਸੁਨਾਵੌਂ[3]॥੭॥
ਇਕ ਗ੍ਰਿਹ ਕਰੀ ਮੈ ਚੋਰੀ॥ਵਾ ਕੀ ਦਵਾਰ ਫੋਰੀ॥
ਭੀਤਰ ਗਇਆ ਮੈ ਸੁਨਿਆ ਇਸਤ੍ਰੀ ਪੁਰਖ ਬਤਾਵੇ॥੮॥
ਚਿੰਤਾ ਕਰੇ ਵੈ ਦੋਊ॥ਹਮਰੇ ਨ ਢੰਗ ਕੋਊ॥
ਨਹੀ ਅਨ ਧਨ ਹਮਾਰੇ ਬਾਲਕ ਕਹੋ ਕਿਆ ਖਾਵੌਂ[4]॥੯॥
ਕੰਨਿਆ ਹੈ ਬਰ ਪ੍ਰਾਪਤਿ॥ਹਰਿ ਕੀ ਕਲਾ ਨ ਜਾਪਤ॥
ਕਿਤ ਬਿਧ ਬਿਆਹ ਦੇਵੈ॥੧੦॥[5]

॥ਦੋਹਰਾ॥

ਯਹ ਬਿਰਤੰਤ ਵਾ ਕਾ ਸੁਨਤ ਮਨ ਉਪਜੀ ਦਇਆ ਬਿਸਾਲ॥
ਪੁਨਿ ਤਿਨ ਨਿਮਿਤ ਚੋਰੀ ਚਲਾ ਸੁਨੀਐ ਸਤਿਗੁਰ ਦਿਆਲ॥੧੧॥

॥ਚੌਪਈ॥

ਤਬ ਮੈ ਉਸ ਘਰ ਸੌ ਬਾਹਰ ਭਯਾ॥ਔਰ ਇਕ ਗ੍ਰਿਹ ਮੋ ਚੋਰੀ ਗਇਆ॥
ਊਹਾ ਬਿਆਹੁ ਬਰਾਤ ਤਹਾ ਆਈ॥ਤਹਾ ਲਗੇ ਪਰੋਸਨ ਮਧਰ ਮਿਠਾਈ॥੧੨॥
ਮੈ ਤਹਾਂ ਪਰੋਸਨਹਾਰਾ ਭਇਆ॥ਪਕਵਾਨ ਮਿਠਾਈ ਤਹਾ ਤੇ ਲੀਆ॥
ਪੁਨਿ ਵਾਹੀ ਗ੍ਰਿਹ ਮੋ ਮੈ ਆਇਆ॥ਵੈ ਭੂਖੇ ਥੇ ਤਿਨਹਿ ਖੁਲਾਇਆ॥੧੩॥
ਤਿਨ ਕਾਰਨ ਪੁਨ ਚੋਰੀ ਪਇਆ॥ਇਕ ਬਨੀਏ ਸਾਹ ਕੇ ਘਰ ਧਸ ਗਇਆ॥
ਚਉਬਾਰੇ ਊਪਰਿ ਜਾਇ ਮੈ ਬੈਠਾ॥ਭੀਤਰ ਚੌਬਾਰੇ ਬਨੀਆ ਐਠਾ॥੧੪॥
ਬਿਧ ਰੋਜਨਾਮੇ ਕੀ ਨਹੀ ਮਿਲੇ॥ਬਿਨ ਬਿਧ ਮਿਲੇ ਬਨੀਆ ਮਨ ਗਿਲੇ॥
ਤੀਨ ਪਹਰ ਗਈ ਰਾਤ ਬਿਤੀਤ॥ਨਹੀ ਬਨੀਏ ਕਛੁ ਭੋਜਨ ਕੀਤ॥੧੫॥

॥ਦੋਹਰਾ॥

ਤਿਰੀਆ ਤਿਸ ਉਕਲਾਇ ਕੇ ਲਿਆਈ ਦੂਧ ਮਿਸਟਾਨ॥
ਕਲਿ ਰੁਜਨਾਮਾ ਬੂਝਨਾ ਅਬ ਸਾਹ ਕਰੋ ਪੈਪਾਨ॥੧੬॥

---

[1] ਕਰ (ਅ)
[2] ਪਰਾਬਧ (ਅ)
[3] ਸੁਨਾਵੇ (ਅ,ੲ,ਸ)
[4] ਖਾਵੇ (ਅ,ੲ,ਸ)
[5] ਕਿਤ ਬਿਧ ਬਿਆਹ ਦੇਵੈ॥ਹਮ ਧਨ ਕਹਾ ਤੇ ਪਾਵੇ॥ (ੳ,ਅ,ੲ,ਸ)

॥ ਚੌਪਈ॥

ਸੁਨ ਤਿਰਿਆ ਬਚਨ ਕੋ ਪਤਿ ਨ ਧਾਰਾ॥ ਤਮਾਚਾ ਖੈਚ[1] ਤਿਰੀਆ ਮੁਖ ਮਾਰਾ॥
ਉਲਟਿ ਦੂਧ ਧਰਨੀ ਪਰ ਪਰਾ॥ ਤਬ ਤਿਰੀਆ ਬਚਨ ਬਿਖਾਧ ਉਚਰਾ॥੧੭॥
ਸੁਨ ਬੋਧੇ ਤੇਰੀ ਮਤ ਹਰੀ॥ ਇਕ ਦਮੜੀ ਭੂਲ ਪਰ ਇਤਨੀ ਕਰੀ॥
319/ਅ ਜਗੁ ਦੇਵ ਪਿਤ੍ਰ ਅਭਿਆ/ਗਤ ਸੇਵੇ॥ ਤੂੰ ਦਮੜੀ ਪਰ ਅਪਨਾ ਜੀਉ ਦੇਵੇ[2]॥੧੮॥
ਪੁਨ ਬਨੀਆ ਰੁਜਨਾਮੇ ਕੋ ਖੋਜੇ॥ ਚਿਤ ਆਈ ਰਕਮ ਲੇਖਾ ਭਇਆ ਸੋਝੇ॥
ਗਿਰਾ ਦੂਧ ਦੇਖ ਪਛੁਤਾਨਾ॥ ਤਿਰਿਆ ਬਿਖਧ ਤੇ ਭਇਆ ਹੈਰਾਨਾ॥੧੯॥
ਮਹਾ ਦੁਖਤ ਕਰ ਕਰਨੀ ਰੋਇਆ॥ ਤਾਨ ਪਿਛੋਰੀ ਤਬ ਵੈ ਸੋਇਆ॥
ਸੋਇ ਗਇਆ ਤਬ ਮੋ ਜੀਅ ਆਈ॥ ਜਾਇ ਕੇ ਲਹਾ ਸੰਦੂਕ ਦੁਰਾਈ॥੨੦॥

॥ ਦੋਹਰਾ॥

ਤਬ ਮੈ ਚਉਬਾਰੇ ਮੋ ਗਿਆ ਖੋਲ ਸੰਦੂਕ ਕਿਵਾਰ॥
ਦਸ ਥੈਲੀ ਦੇਖੀ ਤਹਾ ਲੀਨੀ ਏਕ ਨਿਕਾਰ॥੨੧॥

॥ ਚੌਪਈ॥

ਲੈ ਥੈਲੀ ਮੈ ਤਿਸ ਘਰ ਆਇਆ॥ ਤਿਰੀਆ ਪੁਰਖ ਕੋ ਆਨ ਜਗਾਇ[3]॥
ਕਾਢਿ ਥੈਲੀ ਮੈ ਤਿਨ ਕੋ ਦੀਨੀ॥ ਲੇਹੁ ਕਾਰਜ ਕਰੋ ਨਿਤ ਅਰਥ ਅਧੀਨੀ॥੨੨॥
ਵੇ ਤ੍ਰਿਆ ਪੁਰਖ ਲੇ ਧਨ ਬਿਗਸਾਨੇ॥ ਹੋਇ ਪ੍ਰਸੰਨ ਆਸੀਸ ਬਖਾਨੇ॥
ਪ੍ਰਭ ਇਸੀ ਪ੍ਰਕਾਰ ਚੋਰੀ ਮੈ ਕਰੋ॥ ਹਿਰ ਦਸਵਾ ਅੰਸ ਨਿਰਧਨ ਕਰ ਧਰੋ॥੨੩॥
ਸੁਨ ਹਸੇ ਦਿਆਲ ਕਿਰਪਾ ਬਹੁ ਕਰਾ॥ ਬਿਧੀਏ ਮਸਤਕ ਕਰ ਧਰਾ॥
ਚੋਰੀ ਲੇਖ ਤਾ ਕਾ ਮਿਟ ਗਇਆ॥ ਬਿਧੀਆ ਗੁਰ ਚਰਨਨ ਪਰ ਪਇਆ[4]॥੨੪॥
ਤਿਸ ਭੇਖ ਉਦਾਸੀ ਬਖਸੁ ਗੁਰ ਕੀਨਾ॥ ਨਿਜ ਸਰੂਪ ਮੋ ਹੂਆ ਲੀਨਾ॥
ਜਬ ਅੰਤ ਸਮਾ ਬਿਧੀਏ ਕਾ ਆਇਆ॥ ਦੇਹੁ ਸੰਜੁਗਤਿ ਹਰਿ ਲੋਕ ਸਿਧਾਇ[5]॥੨੫॥

॥ ਦੋਹਰਾ॥

ਲੇ ਸਤ੍ਰ ਸਿਖ ਨਿਜ ਸੰਗ ਕੇ ਬਿਧੀਆ ਗਏ ਸੁੰਨ ਸਮਾਇ॥
ਕੋ ਮਹਿਮਾ ਤਾ ਕੀ ਕਹੇ ਜਿਸ ਸਤਿਗੁਰ ਭਏ ਸਹਾਇ॥੨੬॥

॥ ਦੋਹਰਾ॥

ਚੋਰੀ ਕਰਤੇ ਹਰਿ ਮਿਲੇ ਜਬ ਗੁਰ ਬਚੇਨ[6] ਮਨ ਮਾਨ॥
ਜਗ ਜੋਗ ਤਪ ਤਾਪ ਸੌ ਸਤਿਗੁਰ ਬਚਨ ਨਿਧਾਨ॥੨੭॥

॥ ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਖੈਚ ਤਮਾਚਾ (ੳ,ਅ)
[2] ਅਪਨਾ ਜੀਵ ਦੇਵੇ (ੳ), ਅਪਨਾ ਨਿਜ ਜੀ ਦੇਵੇ (ਅ)
[3] ਜਗਾਇਆ (ੳ,ਅ,ੲ,ਸ)
[4] ਚਰਨਨ ਮਨ ਦਿਆ (ਅ)
[5] ਸਿਧਾਇਆ (ੳ,ਅ,ੲ,ਸ)
[6] ਬਚਨ (ੳ,ਅ,ੲ,ਸ)

320/ੳ **[/ਸਾਖੀ ਜਾਨੀ ਖੁਆਜੇ ਤੇ ਮਿਹਰ ਕਰਨੀ]**

॥ਦੋਹਰਾ॥

ਜਿਮ ਓਖਰ ਪੋਖਰ ਇਤ ਜਲ ਮਿਲ ਗੰਗਾ ਗੰਗਾ ਸੋਇ॥
ਤਿਉ ਬਰਨ ਅਬਰਨ ਅਰੂ ਊਚ ਨੀਚ ਮਿਲ ਸਤਿਗੁਰ ਪਾਵਨ ਹੋਇ॥੧॥

॥ਚੌਪਈ॥

ਖੁਆਜਾ ਨਾਮੁ ਕਸਮੀਰੀ ਰਹਾ॥ਤਿਨ ਸਤਿਗੁਰ ਕੀ ਸੇਵਾ ਗਹਾ॥
ਸ੍ਰੀ ਸਤਿਗੁਰ ਜੀ ਕਾ ਘੋੜਾ ਮਲੇ॥ਗੁਰ ਹੋਇ ਸਵਾਰ ਆਗੇ ਹੋਇ ਚਲੇ॥੨॥
ਨਿਸ ਦਿਨ ਸੋ ਸਰੂਪ ਮਨ ਧਰੇ॥ਕਾਹੂ ਸੋ ਕਛੁ ਬਾਤ ਨ ਕਰੇ॥
ਕ੍ਰਿਪਾ ਦ੍ਰਿਸਟਿ ਤਿਸੁ ਕਰੀ ਕ੍ਰਿਪਾਲ॥ਭਇਆ ਪ੍ਰਕਾਸ ਰਹੇ ਸਦਾ ਖੁਸਾਲ॥੩॥
ਜਾਨੀ ਨਾਮੁ ਸਯਦ ਕੋ ਅਹਾ॥ਭੇਖ ਫਕੀਰੀ ਕਾ ਤਿਸ ਗਹਾ॥
ਮਾਰਗ ਰਬ ਕਾ ਖੋਜ ਖੁਜਾਵੈ॥ਕਾਹੂ ਤੇ ਨਿਸਚੇ ਨਹੀ ਪਾਵੈ॥੪॥
ਹਿੰਦੂ ਤਰਕ ਬਹੁਤ ਘਰ ਖੋਜੇ॥ਕੀਏ ਨਿਮਾਜ ਜੁਹਦ ਬਹੁ ਰੋਜੇ॥
ਕੁਛ ਰਾਹ ਮੌਲਾ ਕੀ ਖਬਰ ਨ ਪਾਈ॥ਫਿਰੇ ਵਿਆਕਲ ਘਰ ਘਰ ਉਕਲਾਈ॥੫॥

॥ਦੋਹਰਾ॥

ਕਾਹੂ ਨੇ ਤੋ ਕੋ ਕਹਾ ਤੂੰ ਸ੍ਰੀ ਸਤਿਗੁਰ ਪਹਿ ਜਾਇ॥
ਵੈ ਅੰਤਰਿਜਾਮੀ ਦਿਆਲ ਹੈ ਤੁਹ ਮੌਲਾ ਦੇਇ ਮਿਲਾਇ॥੬॥

॥ਚੌਪਈ॥

ਪ੍ਰਥਮੇ ਖੁਆਜੇ ਪਹਿ ਵੈ ਆਇਆ॥ਤਿਨ ਤਾ ਕੋ ਉਪਦੇਸ ਸੁਨਾਇਆ॥
ਤੁਮ ਸਤਿਗੁਰ ਦੁਆਰੇ ਆਗੇ ਬਹੋ॥ਕਛੁ ਬਕੋ ਨ ਬੋਲੋ ਸੁਨੋ ਨ ਕਹੋ॥
ਵੈ ਅੰਤਰਿਜਾਮੀ ਸਭ ਕੀ ਜਾਨੇ॥ਜਬ ਤੁਮਰਾ ਅਹਵਾਲ ਪਛਾਨੇ॥੭॥
ਪੁਨ ਕਸੇ ਕਸੌਟੀ ਤੁਮ ਕੌ ਸੋਧੇ॥ਤਬ ਕਿਰਪਾ ਕਰ ਤੁਮੇ ਪਰਬੋਧੇ[1]॥
ਤਬ ਵੈ ਦੁਆਰੇ ਗਰ[2] ਕੇ ਬੈਠਾ॥ਸਹੇ ਪਿਆਸ ਭੂਖ ਪ੍ਰੇਮ ਰੰਗ ਐਠਾ॥
ਸੁ ਸਤਿਗੁਰ ਤਿਸ ਪੂਛ ਪਠਾਇਆ॥ਤੁਮ ਕਵਨ ਅਰਥ ਆਇ ਧੂਆ ਪਾਇਆ॥੮॥
ਕਛੁ ਬਸਤ੍ਰ ਪੈਸਾ ਮਾਗੋ ਸੋ ਲੀਜੈ॥ਉਠੋ ਸਿਧਾਰੋ ਕਾਰਜ ਕੀਜੈ॥
ਤਬ ਤਿਨ ਸਿਖਨ ਸੋ ਇਹ ਭਾਖੀ॥ਮੈ ਤਾਲਬ ਮੌਲਾ ਸਤਿਗੁਰ ਸਾਖੀ॥੯॥
320/ਅ ਇਹ ਬਾਤ ਸਿਖਨ ਸਤਿਗੁ/ਰ ਸੋ ਕਹੀ॥ਸੁਨਿ ਇਹ ਬ੍ਰਿਤੰਤ ਖਿਮਾ ਗੁਰ ਗਹੀ॥
ਆਗਿਆਕਰੀ ਚਿਨ ਲੇਹੁ ਦੁਆਰਾ॥ਅਵਰ ਦਿਸਾ ਗ੍ਰਿਹ ਦੁਆਰ ਨਿਕਾਰਾ॥੧੦॥

॥ਦੋਹਰਾ॥

ਯਹ ਦੁਆਰਾ ਮੂਦਨ ਕੀਆ ਜਹਾ ਜਾਨੀ ਲਾਈ ਸੇਵ॥
ਤਿਸ ਸਤਿਗੁਰ ਦਰਸਨ ਦੇਵਹੀ ਕੋਊ ਨ ਬੂਝੇ ਭੇਵ॥੧੧॥

॥ਤੋਮਰ ਛੰਦ॥

ਜਾਨੀ ਲਗਾ ਦਰ ਸੇਵ॥ਤਿਸ ਗੁਰ ਨ ਦਰਸਨ ਦੇਇ॥
ਗੁਰ ਨਾਮ ਹਿਰਦੈ ਜਪੈ॥ਮਨ ਪ੍ਰੇਮ ਤਾਪਨ ਤਪੈ॥੧੨॥
ਖੁਆਜਾ ਲਏ ਤਿਸ ਸਾਰ॥ਕਛੁ ਖਾਨ ਪਾਨ ਸਮਾਰ॥
ਵਾ ਕੋ ਕਛੂ ਨ ਭਾਇ॥ਗੁਰ ਪ੍ਰੇਮ ਰਹਾ ਅਘਾਇ॥੧੩॥
ਬੀਤਤ ਭਇਆ ਬਹੁ ਕਾਲ॥ਸਤਿਗੁਰ ਨ ਕਰੀ ਸਮਾਲ॥
ਨਹੀ ਪ੍ਰੀਤ ਵਾ ਕੀ ਘਟੀ॥ਦਰਸਨ ਬਿਨਾ ਛਟਪਟੀ॥੧੪॥
ਗੁਰ ਸਭਾ ਚਰਚਾ ਭਈ॥ਕਰ ਜੋਰ ਸਿਖਨ ਕਹੀ॥
ਜਾਨੀ ਕਰੇ ਨਿਜ ਸੇਵ॥ਤੁਮ ਦਰਸ ਕੋ ਗੁਰਦੇਵ॥੧੫॥

॥ਦੋਹਰਾ॥

[1] ਤੁਮ ਕੋ ਪਰਬੋਧੇ (ਅ)
[2] ਗੁਰ (ੳ,ਅ,ੲ,ਸ)

ਸਹਜਿ ਸੁਭਾਇ ਸਤਿਗੁਰ ਕਹਾ ਜੋ ਮਮ ਦਰਸਨ ਚਾਹ॥
ਤੌ ਡੂਬੇ ਜਾ ਸਤ ਰੁਦ੍ਰ ਮੋ ਆਖ ਸੁਨਾਵੋ ਤਾਹ॥੧੬॥

॥ਤੋਮਰ ਛੰਦ॥

ਜਾਨੀ ਸੁਨਤ ਇਹ ਬਾਤ॥ਹਰਖਿਓ ਪ੍ਰਫੁਲਤ ਗਾਤ॥
ਗੁਰ ਬਚਨ ਦ੍ਰਿੜ ਮਨ ਕਰਿਓ॥ਜਾਇ ਤੁਰਤ ਨਦ ਮੋ ਪਰਿਓ॥੧੭॥
ਪ੍ਰਭ ਭੇਜ ਸਿਖ ਤਤਕਾਲ॥ਜਾਨੀ ਕਉ ਲੀਨ ਨਿਕਾਲ॥
ਵਹੀ ਠੌਰ ਬੈਠਾ ਆਇ॥ਸਭ ਕਹੈ ਗੁਰ ਪਹਿ ਜਾਇ॥੧੮॥
ਗੁਰ ਕਸ ਕਸੌਟੀ ਦੇਖ॥ਜਾਨਾ ਸੁ ਪ੍ਰੇਮ ਬਿਸੇਖ॥
ਤਬ ਕਹਿ ਪਠਾਈ ਦਿਆਲ॥ਦੇ ਰਿਧ ਸਿਧ ਬਿਸਾਲ॥੧੯॥
ਜਾਨੀ ਨਹੀ ਕਛੁ ਲੇਇ॥ਮੋਹਿ ਦਰਸੁ ਅਪਨਾ ਦੇਹਿ॥
ਸੁਨ ਦਇਆ ਉਪਜੀ ਦਿਆਲ॥ਦ੍ਰਿੜ ਪ੍ਰੇਮ ਦੇਖ ਬਿਸਾਲ॥੨੦॥

॥ਦੋਹਰਾ॥

ਤਾ ਕੋ ਗੁਰ ਦਰਸਨ ਦੀਆ[1] ਪੁਨਿ ਵਹੀ ਦੁਆਰ ਖੁਲਾਇ॥
ਦਇਆ ਦ੍ਰਿਸਟਿ ਤਾ ਪਰ ਕਰੀ ਲੀਨਾ ਨਿਕਟਿ ਬੁਲਾਇ॥੨੧॥

॥ਚੌਪਈ॥

321/ੳ /ਗੁਰ ਦਰਸਨ ਜਾਨੀ ਜਬ ਪਾਇਆ॥ਪਰਮਾਨੰਦ ਸੁਖ ਮਾਹਿ ਸਮਾਇਆ॥
ਮਰਨਾਨਾ ਚਰਨਨ ਲਪਟਾਨਾ॥ਛੁਹਤ ਚਰਨ ਮੌਲਾ ਪਹਿਚਾਨਾ॥੨੨॥
ਅੰਤਰਿਗਤਿ ਤਿਸ ਲਗੀ ਸਮਾਧ॥ਮਿਟ ਗਈ ਆਧ ਬਿਆਧ ਉਪਧ॥
ਤੁਬ ਖੁਆਜਾ ਸਤਿਗੁਰੂ ਬੁਲਾਇਆ॥ਜਾਨੀ ਖੁਆਜਾ ਅੰਗ ਮਿਲਾਇਆ॥੨੩॥
ਦੋਹਨ ਕੋ ਆਗਿਆ ਪ੍ਰਭ ਕਰੀ॥[2]
ਤੁਮ ਅਬ ਜਾਹੁ ਬਹਿ ਰਹੋ ਇਕੰਤ॥ਜਿਉ ਰਹਨੀ ਰਹੇ ਜਗਤ ਮੋ ਸੰਤ॥੨੪॥
ਪ੍ਰਭ ਦੀਆ ਸਰੂਪ ਫਕਰ ਕੋ ਤਾਹਿ॥ਰਹੇ ਮਗਨ ਸਦ ਬੇਪਰਵਾਹ॥
ਮਨ ਮੋ ਨਿਸ ਦਿਨ ਸਰਧਾ ਕਰੇ॥ਨਿਜ ਹਾਥ ਚਰਨਨ ਕੀ ਸੇਵਾ ਕਰੇ॥੨੫॥
ਵਾ ਕੋ ਸੰਕਲਪ ਪਰਫੁਲੱਤ ਭਯਾ॥ਨੰਦ ਲਾਲ ਤਿਨ ਮਿਲਤਾ ਭਇਆ॥
ਤਿਨ ਦੋਹਨ ਤਿਨਾ ਚੇਲਾ ਕੀਨਾ॥ਨਿਜ ਬਦਲੇ ਗੁਰ ਸੇਵਾ ਮੋ ਦੀਨਾ॥੨੬॥

॥ਦੋਹਰਾ॥

ਨੰਦ ਲਾਲ ਗੁਰ ਸੇਵ ਮੋ ਸਦ ਰਹੇ ਪ੍ਰੇਮ ਛਕ ਛਾਇ॥
ਗੁਰ ਭਗਤਾ ਸੁੰਦਰ ਸੁਭਗ ਗੁਰ ਸੋਹਨਾ ਕਹਾ ਬੁਲਾਇ॥੨੭॥

॥ਸੋਰਠਾ॥

ਨੰਦ ਲਾਲ ਸੋਹਨਾ ਨਾਮ ਤਿਸ ਦਿਨ[3] ਤੇ ਸਭ ਕੋ ਕਹੇ॥
ਗੁਰ ਸੇਵੇ ਨਿਹਕਾਮ ਤਾ ਕੀ ਸੋਭਾ ਕਿਆ ਕਹੋ॥੨੮॥

॥ਸਾਖੀ ਪੂਰਨ ਹੋਈ॥੧੫੯॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਦਇਆ (ਅ)
[2] ਦੋਹਨ ਕੋ ਆਗਿਆ ਪ੍ਰਭ ਕਰੀ॥ਤੁਮਰੀ ਸੇਵ ਸਭ ਪੂਰੀ ਪਰੀ॥ (ੳ,ਅ,ੲ,ਸ)
[3] ਤਿਨ (ਸ)

[ਸਾਖੀ ਗੁਰੂ ਜੀ ਦੁਆਰਾ ਕੁਲ ਦੀ ਮਿਰਜਾਦਾ ਪ੍ਰਗਟ ਕਰਨਾ]

॥ਦੋਹਰਾ॥

ਜਿਨ[1] ਲੋਕ ਪ੍ਰਲੋਕ ਮਿਰਜਾਦ ਸਭ ਜਗ ਮੋ ਧਰੀ ਬਨਾਇ॥
ਪੁਨ ਪਾਲਨਹਾਰੇ ਆਪ ਹੋਇ ਸਭ ਕੋ ਦੇਹਿ ਬੁਝਾਇ॥੧॥

॥ਚੌਪਈ॥

321/ਅ ਬੈ/ਠੇ ਸਭਾ ਮਾਹਿ ਗੁਰ ਦਿਆਲ॥ਕੋਊ ਲਿਆਇਓ ਖਬਰ ਪਾਇਕ ਤਿਹ ਕਾਲ॥
ਗੁਰ ਭ੍ਰਾਤ ਚਚੇਰ ਮਨੋਹਰ ਦਾਸ॥ਤਜਿਓ ਦੇਹਿ ਹਰਿ ਪੁਰ ਕੀਆ ਬਾਸ॥੨॥
ਯਹ ਖਬਰ ਸੁਨਤ ਸੋਕ ਬਹੁ ਕੀਨਾ॥ਨਰ ਦੇਹ ਰੀਤ ਧਰ ਗੁਰ ਪ੍ਰਬੀਨਾ॥
ਦੁਆਰੇ ਬਾਹਰ ਬੈਠੇ ਆਏ॥ਭਏ ਲੋਕ ਇਕਤ੍ਰ ਬਹੁ ਸੋਕ ਜਨਾਏ॥੩॥
ਦੁਇ ਘੜੀ ਸਮਾਧ ਲੀਨ ਪ੍ਰਭ ਏ[2]॥ਪੁਨ ਖੋਲ ਨੇਤ੍ਰ ਮੁਖ ਵਾਹ ਵਾਹ ਮੁਖ ਕਹੇ॥
ਮਨੋਹਰ ਦਾਸ ਪਦਵੀ ਬਡ ਪਾਈ॥ਤਿਨ ਕਉਨ ਤਪਸਿਆ ਭਗਤ ਕਮਾਈ॥੪॥
ਕਸਮੀਰੀ ਕਮਾਲਾ ਸਿਖ ਗੁਰ ਪਾਸ॥ਤਿਨ ਹਾਥ ਜੋੜ ਕੀਨੀ ਅਰਦਾਸ॥
ਗੁਰ ਅੰਤਰਜਾਮੀ ਸਭ ਕਛੁ ਜਾਨੈ॥ਅਰੁ ਜੋ ਹਮ ਸੁਨਾ ਸੁ ਆਖ ਵਖਾਨੈ॥੫॥

॥ਦੋਹਰਾ॥

ਪ੍ਰਿਥਮੇ ਅਰਜਨ ਦੇਵ ਗੁਰ ਗੋਦ ਲੀਏ ਮਨੋਹਰ ਦਾਸ॥
ਪੁਨ ਜੋ ਸੇਵਾ ਤਪੁ ਤਿਨ ਕਰਿਓ ਸੋ ਸੁਨੀਏ ਅਰਦਾਸ॥੬॥

॥ਚੌਪਈ॥

ਸਤਿਗਰੂ ਅਮਰ ਕੀ ਸੇਵਨ ਕਰੇ॥ਪੂਰਨਮਾਸੀ ਮੇਲਾ ਭਰੇ॥
ਅਪਨੇ ਹਾਥ ਪ੍ਰਸਾਦਿ ਬਨਾਵੈ॥ਗੁਰ ਸੰਤਾਨ ਕੋ ਭੋਗ ਭੁਗਾਵੈ॥੭॥
ਅਰੁ ਤਿਨੈ ਪਹਰਾਵੈ ਬਸਤ੍ਰ ਨਵੀਨ॥ਬਹੁ ਸੇਵਨ ਕਰੇ ਹੋਇ ਆਧੀਨ॥
ਚੌਬਾਰੇ ਬਾਵਲੀ ਕੀਰਤਨ ਕਰੇ॥ਗੁਰ ਭਗਤ ਮਨੋਹਰ ਦਾਸ ਮਨ ਧਰੇ॥੮॥
ਯਹ ਸੁਨਤ ਬਾਤ ਸਤਿਗੁਰ ਜੀ ਕਹੀ॥ਵੈ ਸੇਵਾ ਟਹਿਲਿ ਹਮ ਸੋ ਰਹ ਗਈ॥
ਜਬ ਸੌ ਤੁਰਕਨ ਕੀਆ ਬਖੇਰਾ॥ਤਬ ਸੌ ਗੋਬਿੰਦਵਾਲ ਨਹੀ ਹੇਰਾ॥
ਗੁਰ ਅੰਸ ਟਹਲ ਕਿਤ ਬਿਧ ਹਮ ਕਰੇ॥ਹਮਰੋ ਪਾਉਨ ਊਹਾ ਪਰੇ॥
ਬਹੁਤ ਕਾਲ ਸੋ ਖਬਰ ਨ ਲਈ॥ਹੋਇ ਬਿਘਨ ਤਬ ਤੇ ਨਿਰਮਈ॥੧੦॥

॥ਦੋਹਰਾ॥

ਭਾਈ ਗੜੀਆ ਸੰਤ ਬਡ ਤਿਸ ਆਗਿਆਕਰੀ ਦਿਆਲ॥
ਆਨੰਦ ਜੀ ਕੋਲਿ ਆਵੋ ਈਹਾਂ ਤੁਮ ਜਾਉ ਸ੍ਰੀ ਗੋਬਿੰਦਵਾਲ॥੧੧॥

322/ੳ /**॥ਚੌਪਈ॥**

ਪਾਲਕੀ ਨਿਜ ਸਤਿਗੁਰ ਸੰਗ ਕਰ ਦੀਨੀ॥ਲਿਖ ਦੀਨੀ ਪਾਤੀ ਪ੍ਰੇਮ ਪ੍ਰਬੀਨੀ॥
ਅਨੰਦ ਜੀ ਸੌ ਕਹੀਓ ਮੁਖ ਭਾਇ॥ਕਰ ਕਿਰਪਾ ਆਵੋ ਬਿਘਨ ਮਿਟ ਜਾਇ॥੧੨॥
ਤਬ ਗਏ ਗੜੀਆ ਸ੍ਰੀ ਗੋਬਿੰਦਵਾਲ॥ਬਾਬਾ ਅਨੰਦ ਭੇਟੇ ਸਦ ਦਿਆਲ॥
ਚਰਨ ਪਰਸ ਗੁਰ ਪਾਤੀ ਦਏ॥ਬਾਬਾ ਅਨੰਦ ਮਗਨ ਪੜ ਭਏ॥੧੩॥
ਗੁਰ ਲੀਲਾ ਮਹਿਮਾ ਕੇ ਰੰਗ ਰਸੇ॥ਚਲਤ ਬਿਚਾਰੇ ਮਨ ਮੋ ਹਸੇ॥
ਜਿਉ ਨਰਪਤ ਨਿਜ ਰੂਪ ਛਪਾਇ॥ਸਭ ਕਾਜ ਕਰੇ ਕੋਊ ਲਖਨ ਨ ਪਾਇ॥
ਤੈਸੇ ਸਤਿਗੁਰ ਕਰੇ ਬਿਹਾਰ॥ਧਰ ਮਾਇਆ ਕਠਨ ਕੋ ਲਹੇ ਨ ਪਾਰ॥
ਪ੍ਰਭ ਦਰਸਨ ਕੋ ਪੁਨ ਭਏ ਤਿਆਰ॥ਲੇ ਸੰਗੀ ਸੰਗ ਭਏ ਅਸਵਾਰ॥੧੫॥

॥ਦੋਹਰਾ॥

ਬਾਬਾ ਅਨੰਦ ਆਏ ਸੁਨੇ ਗੁਰ ਆਗੇ ਆਏ ਧਾਇ॥
ਮਾਨੁ ਬਢਾਵਨੁ ਕੇ ਨਿਮਿਤ ਪਾਲਕੀ ਲੀਨ ਉਠਾਇ॥੧੬॥

॥ਚੌਪਈ॥

---

[1] ਨਿਜ (ੲ)
[2] ਪ੍ਰਭ ਭਏ (ੳ,ਅ,ੲ,ਸ)

ਬਾਬਾ ਅਨੰਦ ਜੀ ਬਡੇ ਗਿਆਨੀ॥ ਸਤਿਗੁਰ ਕੀ ਲੀਲਾ ਸਭ ਜਾਨੀ॥
ਪਰੇ ਕੂਦ ਪਾਲਕੀ ਤਿਆਗੀ॥ ਪ੍ਰਭ ਅੰਗ ਮਿਲੇ ਪੂਰਨ ਅਨਰਾਗੀ॥੧੭॥
ਕੀਆ ਭਾਉ ਗ੍ਰਿਹ ਮੋ ਲੇ ਆਏ॥ ਸੁਖ ਆਸਨ ਦੀਨਾ ਪੂਜ ਕਰਾਏ॥
ਮਿਸਟ[1] ਬਚਨ ਸਤਿਗੁਰ ਇਮ ਕਹੇ॥ ਜਬ ਕੇ ਜੁਦਾ ਤੁਮ ਸੋ ਹਮ ਭਏ॥
ਸੇਵਾ ਟਹਲ ਤੁਮਰੀ ਰਹਿ ਗਈ॥ ਜੋ ਹਰਿ ਭਾਨੀ ਤੈਸੇ ਭਈ॥
ਦਿਵਸ ਏਕ ਹਮ ਸੁਖੀ ਨ ਰਹੇ॥ ਬਹੁ ਦੁੰਦ ਬਾਦ ਤੁਰਕਨ ਸੌ ਭਏ॥੧੮॥
ਹਮ ਕੋ ਤੁਮ ਕੈਸੇ ਕਰ ਜਾਨੋ॥ ਕਰੋ ਕਿਰਪਾ ਸੁਭ ਬਚਨ ਬਖਾਨੋ॥
ਹੋਇ ਮਗਨ ਅਨੰਦ ਜੀ ਮੁਖ ਸੌ ਬੋਲੇ॥ ਗੁਰ ਮਹਿਮਾ ਬਚਨ ਅਦ੍ਵੈਤ ਕਲੋਲੇ॥੧੯॥

॥ ਦੋਹਰਾ॥

ਗੁਰ ਨਾਨਕ ਅੰਗਤ ਗੁਰੂ ਅਮਰ ਦਿਆਲ ਗੁਰ ਜੋਇ॥
ਗੁਰ ਰਾਮਦਾਸ ਅਰਜਨ ਗੁਰੂ ਗੁਰ ਹਰਿਗੋਬਿੰਦ ਹੈ ਸੋਇ॥੨੦॥

॥ ਚੌਪਈ॥

ਪੂਰਨ ਬ੍ਰਹਮ ਤੁਮ ਜੋਤ ਸਰੂਪ॥ ਧਰ ਮਾਇਆ ਲੀਲਾ ਚਲਤ ਅਨੂਪ॥
322/ਅ ਸਗਲ ਜ/ਗਤ ਭ੍ਰਮ ਦੇਖਤ ਹੋਇ॥ ਪਰਮ ਜੋਤ ਤੁਮ ਲਖੇ ਨ ਕੋਇ॥੨੧॥
ਹੇ ਜਗਤ ਗੁਰੂ ਹਮਰੀ ਸੁਨ ਲੀਜੈ॥ ਜਬ ਲਗ ਖਾਨ ਪਾਨ ਹਮ ਦੀਜੈ॥
ਕਰ ਅਲਖ ਨਿਰੰਜਨ ਜਾਨੈ ਤੋਹਿ॥ ਜਬ ਢੀਲ ਲਗੈ ਤਬ ਆਵੈ ਰੋਇ॥੨੨॥
ਬਡਾ ਡਕੇ[2] ਤੁਮ ਕੋ ਕਰ ਜਾਨੇ॥ ਤੁਮ ਬਿਨ ਕੋ ਅਵਰੁ ਨ ਦੂਜਾ ਮਾਨੇ॥
ਤੁਮ ਸਭ ਕੀ ਜਾਨੋ ਹਮ ਤੁਮ ਜਾਨਾ॥ ਅਦਭੁਤ ਚਲਿਤ੍ਰ ਤੁਮ ਕਹਾ ਬਖਾਨਾ॥੨੩॥
ਬਾਬਾ ਅਨੰਦ ਜੀ ਕੀ ਸੁਨਿ ਬਾਨੀ॥ ਬਿਗਸ ਹਸੇ ਗੁਰ ਪ੍ਰਮ ਬਿਨਾਨੀ॥
ਸਭ ਸੰਗਤਿ ਕੋ ਆਗਿਆ ਕਰੀ॥ ਪੂਜਾ ਭੇਟ ਲਿਆਵੋ ਇਹ ਘਰੀ॥੨੪॥
ਅਨੰਦ ਜੀ ਕੋ ਜੋ ਪੂਜ ਚਢਾਵੈ॥ ਅਨੰਤ ਗੁਨਾ ਮੋ ਸੋ ਪਾਵੈ॥
ਮਾਇਆ ਬਹੁਤ ਪੂਜਾ ਜਬ ਭਈ॥ ਦੇਖ ਅਨੰਦ ਭਗਤ ਜੀ ਕਹੀ॥੨੫॥

॥ ਦੋਹਰਾ॥

ਯਹ ਪੂਜਾ ਤੁਮੈ ਸੁਹਾਵਤ ਹੈ ਤੂੰ ਸਤਿਗੁਰ ਸਮਰਥ॥
ਹਮ ਦੀਸਤ ਦਾਰਿਦ੍ਰ ਯਹ ਕਬਹੂੰ ਨ ਛੋਹੈ ਹਥ॥੨੬॥

॥ ਚੌਪਈ॥

ਕਹਾ ਦਿਆਲ ਗੁਰ ਅਬ ਯਹ ਲੀਜੈ॥ ਨਿਜ ਕਰ ਬਖਸ ਕਾਹੂ ਕੋ ਦੀਜੈ॥
ਬਾਬਾ ਅਨੰਦ ਮਾਨ ਸਿੰਘੁ ਬੁਲਾਏ॥ ਧਨੁ ਦੀਨਾ ਤਾ ਕੋ ਇਮ ਬਚਨ ਸੁਨਾਏ॥੨੭॥
ਲੇਹੁ ਪੁਤ੍ਰ ਧਨ ਕੌ ਤੁਮ ਭੋਗੋ॥ ਤੁਮ ਮਸਤਕ ਲਿਖਾ ਤੁਮੇ ਹੈ ਜੋਗੋ॥
ਤਬ ਅਨੰਦ ਜੀ ਬਿਦਾ ਗੁਰ ਕੀਨਾ॥ ਨਿਜ ਪਾਲਕੀ ਸੰਗ ਸਵਾਰੀ ਦੀਨਾ॥੨੮॥
ਭਾਈ ਗੜੀਆ ਸੰਗ ਪੁਨ ਆਏ॥ ਗੋਬਿੰਦਵਾਲ ਆਨ ਪਹੁਚਾਏ॥
ਵੈ ਪਾਲਕੀ ਧਰੀ ਪੂਜਾ ਜਗ ਕਰੇ॥ ਗੁਰ ਚਰਨ ਪ੍ਰਤਾਪ ਮਨੋਰਥ ਸਰੇ॥੨੯॥
ਸਤਿਗੁਰ ਲੀਲਾ ਅਪਰ ਅਪਾਰਾ॥ ਧਰ ਭਗਤ ਰੂਪ ਜਗ ਕੀਨ ਪਸਾਰਾ॥
ਧਰ ਮਾਇਆ ਪਟ ਖੇਲ ਦਿਖਾਵੈ॥ ਜਿਸ ਕਿਰਪਾ ਕਰੇ ਤਿਸ ਆਪ ਲਖਾਵੈ[3]॥੩੦॥

॥ ਦੋਹਰਾ॥

ਜੋ ਗੁਰ ਲੀਲਾ ਕੋ ਸੁਨੇ ਅਰੁ ਮਨ ਮੋ ਕਰੇ ਬਿਚਾਰ॥
ਭਾਉ ਭਗਤ ਹਿਰਦੇ ਦਿੜੇ ਪਾਵੈ ਮੋਖੁ ਦੁਆਰ॥੩੧॥

॥ ਸਾਖੀ ਪੂਰਨ ਹੋਈ॥੧੬੦॥

323/ੳ /ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਪੁਨ ਮਿਸਟ (ੳ,ਅ)
[2] ਡਕੇਤ (ੳ,ਅ,ੲ,ਸ)
[3] ਲਿਖਾਵੈ (ੲ)

[ਸਾਖੀ ਭਾਈ ਗੜੀਐ ਨੂੰ ਕਸ਼ਮੀਰ ਦੀ ਕਾਰ ਦੇ ਵਾਸਤੇ ਭੇਜਣਾ]

॥ਦੋਹਰਾ॥

ਆਗਿਆ ਗੜੀਐ ਕੋ ਕਰੀ ਸਤਿਗੁਰ ਦੀਨ ਦਿਆਲ॥
ਲਿਆਵੋ ਕਾਰ ਕਸਮੀਰ ਕੀ ਤੁਮ ਜਾਵੋ ਤਤਕਾਲ॥੧॥

॥ਚੌਪਈ॥

ਤਬ ਗੜੀਆ ਜੀ ਕਸਮੀਰ ਕੋ ਚਲੇ॥ਲੀਨ ਗੁਰ ਹੁਕਮਨਾਮਾ ਸੰਗ ਸਿਖ ਮਿਲੇ॥
ਜਬ ਗੜੀਆ ਗੁਜਰਾਤ ਮੋ ਆਏ॥ਸੁਨਾ ਸੰਗਤ ਸਭ ਲੇਨ ਸਿਧਾਏ॥੨॥
ਗ੍ਰਹ ਲਿਆਏ ਭਾਵ[1] ਭਗਤ ਬਹੁ ਕੀਨਾ॥ਚਰਨ ਧੋਇ ਚਰਨਾਮ੍ਰਿਤ ਲੀਨਾ॥
ਮੀਆ ਦੌਲੇ ਜਬ ਸੁਨਿ ਪਾਇਆ॥ਕਰ ਪ੍ਰੇਮ ਸੰਤ ਕੋ ਦੇਖਨ ਆਇਆ॥੩॥
ਬਡਾ ਫਕੀਰ ਅਤ ਪਰਉਪਕਾਰੀ॥ਕੋਊ ਦੁਖੀਆ ਦੇਖੇ ਦੂਖ ਨਿਵਾਰੀ॥
ਲਾਖ ਹਜਾਰ ਮਜੂਰ ਲਗਾਵੈ॥ਫੂਟੇ ਪੁਲ ਕਬਰ ਮਗ ਕੂਪ ਬਨਾਵੈ॥੪॥
ਜਬ ਮੰਗੇ ਮਜੂਰ ਮਜੂਰੀ ਬਾਢੇ॥ਤਬ ਧਰਤੀ ਖੋਜ ਖਜਾਨਾ ਕਾਢੇ॥
ਗਨ ਸਭ ਲੋਗਨ ਦੇਹ ਮਜੂਰੀ॥ਤਹਾ ਦੁਖੀ ਭੁਖੀ ਕੀ ਸਰਧਾ ਪੂਰੀ॥੫॥

॥ਦੋਹਰਾ॥

ਹਿੰਦੂ ਤੁਰਕ ਜੋ ਦੁਖੀ ਹੋਇ ਮੀਆ ਦੌਲਾ ਪਹਿ ਸਭ ਜਾਇ॥
ਸਭ ਕੀ ਮੁਰਾਦ ਪੂਰੀ ਕਰੇ ਵਾ ਕੋ ਸਹਜ ਸੁਭਾਇ॥੬॥
[2]ਜਬ ਭਾਈ ਪਾਸ ਮੀਆ ਜੀ ਆਏ॥ਦੋਊ ਅੰਕ ਮਿਲੇ ਅਤਿ ਪ੍ਰੀਤਿ ਜਨਾਏ॥
ਕੁਸਲ ਛੇਮ ਪੂਛਾ ਦੁਹੂ ਗਿਆਤ॥ਪੁਨਿ ਸਤਿਗੁਰ ਮਹਿਮਾ ਕੀ ਭਈ ਬਾਤ॥੭॥
ਤਬ ਬੋਲੇ ਮੀਆ ਅਤਿ ਮਨ ਭਾਏ॥ਸੁਖਮਨੀ ਸੁਨਨ ਕੋ ਹਮ ਚਿਤ ਚਾਏ॥
ਭਾਈ ਗੜੀਆ ਸੁਨ ਪੜਨੇ ਲਾਗੇ॥ਸੁਨ ਮੀਆ ਮਗਨ ਭਏ ਰਸ ਪਾਗੇ॥
323/ਅ ਸੁਨ ਰਹਾਉ ਮੀਆਂ ਮਗਨਾਨੇ॥ਭਾਈ ਗੜੀਐ ਜੀ ਸੋ ਬਚਨ ਬਖਾ/ਨੇ॥
ਅਬ ਭਇਆ ਹਾਸਲ ਮਖਸੂਦ ਹਮਾਰਾ॥ਪੁਨ ਮੀਆ ਜੀ ਅਰਥ ਬਿਚਾਰਾ॥੮॥
ਜਬ ਯਹ ਰਹਾਉ ਮੀਆਂ ਜੀ ਸੁਨਾ॥ਤਿਸ ਕਾ ਅਰਥ ਬਿਚਾਰ ਮਨ ਗੁਨਾ॥੧੦॥

॥ਰਹਾਉ॥

ਸੁਖਮਨੀ ਸੁਖ ਸੁਖ ਅੰਮ੍ਰਿਤ ਪ੍ਰਭ ਨਾਮ॥ਭਗਤ ਜਨਾ ਕੇ ਮਨਿ ਬਿਸਰਾਮ॥
ਸੁਨ ਭਾਈ ਗੜੀਆ ਗੁਰਮੁਖ ਸਿਖ॥ਹਮ ਗੁਰ ਕਾ ਬਚਨ ਮਨ ਮੋ ਲੀਆ ਲਿਖ॥
ਤਬ ਸੁਖ ਹੋਇ ਪਾਈਐ ਜਉ ਨਾਮ॥ਬਿਨ ਮਿਲ ਸੰਤ ਸਰੇ ਨਹੀ ਕਾਮ॥
ਅਬ ਖਾਤਰ ਜਮਾ ਹਮਾਰੀ ਭਈ॥ਆਗੇ ਸੁਨਨ ਕੀ ਸਰਧਾ ਰਹੀ॥
ਗੁਰ ਸਮਾਨ ਨਹੀ ਬਾਨੀ ਕੋਇ॥ਇਕ ਤੁਕ ਸੁਨੇ ਪਰਮਗਤਿ ਹੋਇ॥੧੧॥

॥ਦੋਹਰਾ॥

ਤੁਮ ਮੁਖ ਸੋ ਇਕ ਤੁਕ ਸੁਨੀ ਭਇਆ ਸੁਖਮਨੀ ਭੋਗ॥
ਸੁਨ ਪਰਮ ਬਚਨ ਨਿਸਚੇ ਭਈ ਪੂਰਨ ਭੋਗ ਅਰੁ ਜੋਗ॥੧੨॥

॥ਚੌਪਈ॥

ਸੁਨ ਚਰਚਾ ਗੜੀਆ ਭਏ ਪ੍ਰਸੰਨ॥ਕਰ ਉਸਤਤਿ ਕਹਾ ਮੀਆ ਤੂੰ ਧੰਨ॥
ਪੁਨ ਗੜੀਆ ਜੀ ਕਸਮੀਰ ਕੋ ਚਲੇ॥ਬਿਦਿਆ ਕਰਨ ਸੰਗ ਸਭ ਪਿਲੇ॥੧੩॥
ਬਾਹਰ ਨਗਰ ਬਾਲੂ ਮਗ ਮਾਹ॥ਚਲੇ ਸਗਲ ਬਾਲ[3] ਪਰ ਜਾਹ॥
ਟੂਟੀ ਜੂਤੀ ਗੜੀਐ ਪਗ ਮਾਂਹੀ॥ਤਾ ਸੋ ਬਾਲੂ ਮਗ ਚਲਤ ਉਡਾਹੀ॥੧੪॥
ਟੂਟੀ ਪਨਹੀ ਮੀਆ ਦੌਲਾ ਦੇਖ॥ਕੀਆ ਬਿਚਾਰ ਮਨ ਮਾਹਿ ਬਿਸੇਖ॥
ਕੁਛ ਰਿਧ ਸਿਧ ਗੜੀਏ ਕੋ ਦੇਵੋ॥ਹੋਇ ਸੁਖੀ ਸੰਤ ਪੁੰਨ ਮੈ ਲੇਵੋ॥੧੫॥
ਦੌਲੇ ਕੀ ਚਿਤਵਨ ਗੜੀਏ ਜਾਨਾ॥ਇਨ ਹਮ ਕੋ ਨਿਰਧਨ ਪਹਿਚਾਨਾ॥
ਕੁਛ ਕੁ ਕਲਾ ਇਨ ਕੋ ਦਿਖਲਾਵੋਂ॥ਦੌਲਾ ਜੀ ਕੀ ਸੰਕ ਮਿਟਾਵੋਂ॥੧੬॥

---

[1] ਭਾਉ (ੳ), ਭਾਇ (ਅ)
[2] ਇੱਥੇ ਸਿਰਲੇਖ '॥ਚੌਪਈ॥' ਹੈ (ੳ,ਅ,ੲ,ਸ)
[3] ਬਾਲੂ (ੳ,ਅ,ੲ,ਸ)

॥ਦੋਹਰਾ॥
ਭਾਈ ਗੜੀਏ ਦਿਸਟਿ ਨਿਜ ਜਬ ਬਾਲੂ ਢਿਗ ਕੀਨ॥
ਸਭ ਬਾਲੂ ਕੰਚਨ ਭਈ ਭਏ ਕੰਕਰ ਰਤਨ ਨਵੀਨ॥੧੭॥
॥ਚੌਪਈ॥
324/ੳ ਦੇਖੀ ਜਬ ਯਹ ਬਿਧ ਦੌਲੇ ਪੀਰ॥ ਤੌ ਬੂਝਾ ਬ/ੜਾ ਸਿਧ ਮਨ ਧੀਰ॥
ਇਸ ਮਾਇਆ ਕੀ ਨਾਹੀ ਪਰਵਾਹ॥ ਇਹ ਪਰਮ ਤਿਆਗੀ ਸਾਹਨ ਸਾਹ॥੧੮॥
ਮੀਆ ਦੌਲਾ ਕਦਮਨ ਪਰ ਪਰੇ॥ ਦੇਖ ਰਹਿਨੀ ਬਹੁ ਉਸਤਤਿ ਕਰੇ॥
ਪੁਨ ਭਾਈ ਗੜੀਏ ਬਿਨਤੀ ਕਰੀ॥ ਤੁਮ ਦਇਆਵੰਤ ਕ੍ਰਿਪਾ ਮਨ ਧਰੀ॥੧੯॥
ਰਿਧ ਸਿਧ ਹਮਰੇ ਕਿਹ ਕਾਮ॥ ਤੁਮ ਸੰਤਨ ਦਰਸਨ ਅਭਰਾਮ॥
ਪੁਨ ਕਰ ਬਿਦਾ ਦੌਲਾ ਜੀ ਆਏ॥ ਭਾਈ ਗੜੀਆ ਕਸਮੀਰ ਸਿਧਾਏ॥੨੦॥
ਸੁਨ ਸਭ ਸਿਖ ਲੇਨੇ ਕੋ ਆਏ॥ ਚਰਨ ਚੂਮ ਰਜ ਮਸਤਕ ਲਾਏ॥
ਲੇ ਹੁਕਮਨਾਮਾ ਮਸਤਕ ਪਰ ਧਰਾ॥ ਪੜਾ ਸੰਗਤ ਮਨ ਆਨੰਦ ਕਰਾ॥੨੧॥
॥ਦੋਹਰਾ॥
ਕਰ ਗੁਰਪੁਰਬ ਸੰਗਤ ਸਗਲ ਪੂਜਾ ਇਕਤ੍ਰ ਕਰਾਇ॥
ਭਾਈ ਗੜੀਏ ਕੌ ਦਈ ਲਈ ਰਸੀਦ ਲਿਖਾਇ॥੨੨॥
॥ਚੌਪਈ॥
ਗੁਰ ਪੂਜਾ ਅੰਸ ਗੜੀਏ ਕੋ ਦੀਨੀ॥ ਲੇ ਭਾਈ ਜੀ ਇਕਤ੍ਰ ਸਭ ਕੀਨੀ॥
ਪੁਨ ਕਰ ਪ੍ਰਸਾਦਿ ਸੰਗਤਿ ਭੋਗਾਏ॥ ਦੀਆ ਜੋ ਭੂਖੇ ਮਾਗਨ ਆਏ॥੨੩॥
ਪੁਨ ਆਇ ਗੁਰ ਦਰਸਨ ਕੀਆ ਹਜੂਰ॥ ਭੁਗਤਿ ਮੁਕਤਿ ਜਹਾ ਭਰਿਪੂਰਿ॥
ਗੁਰ ਚਰਨ ਪਰਸ ਗੜੀਆ ਮਗਨਾਨੇ॥ ਦੇਖਤ ਸਿਖ ਸਤਿਗੁਰ ਬਿਗਸਾਨੇ॥੨੪॥
ਤਬ ਦਿਆਲ ਮੁਖ ਬਚਨ ਸੁਨਾਇਆ॥ ਕਹੁ ਗੜੀਆ ਕਿਆ ਪੂਜ ਮੁਹਿ ਲਿਆਇਆ॥
ਜੋ ਮੋ ਸਿਖਨ ਤੇ ਕੋ ਦੀਨਾ॥ ਦੀਜੈ ਮੋਹਿ ਸਿਖ ਪਰਬੀਨਾ॥੨੫॥
ਕਰ ਜੋੜ ਗੜੀਏ ਤਬ ਬਿਨਤੀ ਠਾਨੀ॥ ਸਭ ਜਾਨਤ ਸਤਿਗੁਰ ਅੰਤਰਿਜਾਮੀ॥
ਜੋ ਗੁਰ ਪੂਜਾ ਸਿਖਨ ਮੁਹਿ ਦੀਨਾ॥ ਸੋ ਮੈ ਸਤਿਗੁਰ ਅਰਪਨ ਕੀਨਾ॥੨੬॥
॥ਦੋਹਰਾ॥
ਸਤਿਗੁਰ ਨਿਮਤ ਗੁਰਪੁਰਬ ਕਰ ਸਭ ਸੰਗਤ ਦੀਆ ਖੁਲਾਇ[1]॥
ਸਭ ਘਟ ਭੋਗੀ ਦਿਆਲ ਪ੍ਰਭ ਤੁਮ ਕੋ ਦਈ ਪਹੁਚਾਇ॥੨੭॥
॥ਚੌਪਈ॥
ਸੁਨ ਬ੍ਰਿਤੰਤ ਸਤਿਗੁਰ ਮੁਸਕਾਨੇ॥ ਭਲੀ ਕਰੀ ਤੁਮ ਸਿਖ ਸੁਜਾਨੇ॥
324/ਅ /ਸਭ ਕਾਰਬਾਰੀਅਨ ਪ੍ਰਭ ਕਹਿ ਦੀਨਾ॥ ਮੈ ਗੜੀਏ ਸੋ ਸਭ ਕਛੁ ਭਰ ਲੀਨਾ॥੨੮॥
ਪੁਨਿ ਗੜੀਏ ਕੋ ਆਗਿਆ ਪ੍ਰਭ ਕਰੀ॥ ਗ੍ਰਹ ਜਾਇ ਬਸੋ ਸਿਮਰੋ ਹਰਿ ਹਰੀ॥
ਹੋਇ ਬਿਦਾ ਭਾਈ ਘਰ ਆਏ॥ ਸਦ ਰਹੇ ਮਗਨ ਹਿਰਦੇ ਗੁਰ ਧਿਆਏ॥੨੯॥
ਅਰਥੀ ਅਥਿਤ ਤਾ ਪਹਿ ਜੋ ਜਾਇ॥ ਤਿਸ ਸਰਧਾ ਪੂਰੇ ਦੇਇ ਦਿਵਾਇ॥
ਜਬ ਕਬ ਸਮਾ ਬਿਖਰਚੀ ਆਵੈ॥ ਤਬ ਪਾਂਚ ਰੁਪਏ ਪੁਤ੍ਰ ਲਗਾਵੈ॥੩੦॥
ਜੁ ਦੇਇ ਰੁਪਯੇ ਸੋ ਸੁਤ ਪਾਇ॥ ਸੰਤ ਬਚਨ ਬਿਰਥਾ ਨਹੀ ਜਾਇ॥
ਯਹ ਭਾਂਤ ਭੂਖੇ ਕੀ ਸੇਵਾ ਕਰੇ॥ ਗੁਰੁਦੁਆਰੇ ਇਮ ਬਿਨੇ ਉਚਰੇ॥੩੧॥
॥ਦੋਹਰਾ॥
ਗੁਰ ਬਿਰਦ ਭਰੋਸਾ ਹੀਏ ਮੋ ਧਰੇ ਕਰੋ ਠਗੀ ਬਿਵਹਾਰ॥
ਨਿਜ ਬਿਰਦ ਲਾਜ ਰਾਖੋ ਪ੍ਰਭੂ ਦਾਸਨ ਕਰੋ ਉਧਾਰ॥੩੨॥
ਭਾਈ ਗੜੀਏ ਕੀ ਕਥਾ ਸੁਨੈ ਸਿਖ ਚਿਤ ਲਾਇ॥
ਗੁਰ ਨਿਸਚਾ ਮਨ ਮੋ ਬਢੇ ਗੁਰਸਿਖੀ ਪਦੁ ਪਾਇ॥੩੩॥
॥ਸਾਖੀ ਪੂਰਨ ਹੋਈ॥੧੬੧॥
ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[1] ਭੁਗਾਇ (ੳ)

[ਸਾਖੀ ਗੁਰੂ ਜੀ ਦੀ ਭਾਈ ਬੁਢੇ ਪੁਰਾਤਨ ਸਿਖ ਨਾਲ ਚਰਚਾ]

॥ਦੋਹਰਾ॥

ਦਿਵਸ ਏਕ ਰੰਗ ਪ੍ਰੇਮ ਗੁਰ ਬੁਢਾ ਸਨਮੁਖ ਦੇਖ॥
ਬਚਨ ਬਿਲਾਸ ਪੂਛਨ ਕਰਾ ਅਦਭੁਤ ਕਥਾ ਵਸੇਖ॥੧॥

॥ਚੌਪਈ॥

ਹੇ ਭਾਈ ਬੁਢਾ ਪਰਮ ਸੁਜਾਨ॥ਤੂੰ ਬਡਾ ਪੁਰਾਤਨ ਸਿਖ ਪ੍ਰਮਾਨ[1]॥
ਗੁਰੂ ਬਾਬੇ ਕੀ ਤੈ ਸੇਵਾ ਕੀਨੀ॥ਸਤ[2] ਕਰਨੀ ਜੁਗਤ ਦੇਖੀ ਪਰਬੀਨੀ॥੨॥
325/ੳ ਗੁਰੂ ਅੰਗਤ ਜੀ/ਕੇ ਰਹਾ ਹਜੂਰ॥ਜਹਾ ਮੁਕਤ ਭੁਗਤ ਸਦਾ ਭਰਪੂਰ॥
ਤੁਮ ਸਤਿਗੁਰ ਅਮਰ ਕੀ ਟਹਲ ਕਮਾਈ॥ਸਭ ਲੀਲਾ ਕਰਨੀ ਦੇਖੀ ਭਾਈ॥੩॥
ਤੀਨ ਮਹਿਲ ਕਰਨੀ ਜੋ ਕੀਨਾ॥ਮੋਹਿ ਸੁਨਾਵੋ ਸਿਖ ਪ੍ਰਬੀਨਾ॥
ਗੁਰ ਬਚਨ ਸੁਨਤ ਬੁਢਾ ਬਿਗਸਾਨਾ॥ਹਾਥ ਜੋੜ ਕਰ ਬਿਨੇ ਬਖਾਨਾ॥੪॥
ਤੁਮ ਅੰਤਰਜਾਮੀ ਸਭੁ ਕਿਛੁ ਜਾਨੋ॥ਮੈ ਸੇਵਕ ਕਿਆ ਗੁਨ ਅੰਤ ਬਖਾਨੋ॥
ਪੁਨ ਕਹਾ ਸਤਿਗੁਰ ਹਮ ਜਾਨਤ ਅਹੈ॥ਤੁਮਰੇ ਸੁਖ ਸੋ ਸੁਨਿਆ ਚਹੈ॥੫॥

॥ਦੋਹਰਾ॥

ਤੂ ਸਨਮੁਖ ਰਹਾ ਸਤਿਗੁਰੋ ਕੇ ਕਹੁ ਕਰਨੀ ਜੁਗਤ ਉਚਾਰ॥
ਤਬ ਅਪਨੇ ਮਨ ਮੋ ਧਿਆਨ ਕਰ ਲਾਗਾ ਕਰਨ ਬਿਚਾਰ॥੬॥

॥ਚੌਪਈ॥

ਕਵਨ ਕਵਨ ਗੁਰ ਜੁਗਤ ਬਖਾਨੋ॥ਮੈ ਅਜਾਨ ਮਹਮਾ ਨਹੀ ਜਾਨੋ॥
ਯਹ ਚਿਤਵਨ ਕਰਤ ਮਨ ਭੈਯਾ ਹੁਲਾਸ॥ਅਦਭੁਤ ਕਥਾ ਮਨ ਮੋ ਪਰਕਾਸ॥੭॥
ਤਬ ਬੁਢੇ ਮੁਖ ਕੀਆ ਉਚਾਰਾ॥ਸੁਨੀਏ ਸਤਗੁਰ ਕਿਰਪਾ ਧਾਰ॥
ਗੁਰੂ ਬਾਬਾ ਨਾਨਕ ਪ੍ਰਭ ਅਵਤਾਰ॥ਸੁਤਹ ਪ੍ਰਕਾਸੀ ਕਰਨੀ ਸਾਰ॥੮॥
ਜਨਮਤ ਹੀ ਉਪਦੇਸ ਚਲਾਇਆ॥ਬਹੁ ਸਾਧਨ ਕੋ ਰਾਹੁ ਬਤਾਇਆ॥
ਜੋਗੀ ਸਿਧ ਨਾਥ ਪਤੀਆਨੇ॥ਕਲਜੁਗ ਗੁਰੂ ਸਭਨ ਕਰ ਜਾਨੇ॥੯॥
ਤੀਨ ਲੋਕ ਗਮਨ ਜਿਨ ਕੀਨਾ॥ਸੁਰ ਨਰ ਅਸੁਰਨ ਭਗਤ ਹਰਿ ਦੀਨਾ॥
ਬਡਾ ਮਾਲ ਸਤਿਨਾਮ ਬਟੋਰਾ॥ਜਾਹਿ ਅਹੰ ਮਮ ਲਗੇ ਨ ਚੋਰਾ॥੧੦॥

॥ਦੋਹਰਾ॥

ਭਰੇ ਭੰਡਾਰੇ ਭਗਤ ਕੇ ਅਰੁ ਬਡੇ ਖਜਾਨੇ ਨਾਮ॥
ਗੁਰੂ ਅੰਗਤ ਕੋ ਪ੍ਰਕਾਸ ਕਰ ਸਭ ਦੀਏ ਭਰੇ ਧਨ ਧਾਮ॥੧੧॥

॥ਚੌਪਈ॥

ਲੇ ਸ੍ਰੀ ਗੁਰੂ ਅੰਗਤ ਜੀ ਗੁਹਜੇ ਰਾਖੇ॥ਤਿਨ ਨਹੀ ਦਿਖਲਾਏ ਮੁਖੋ ਨ ਭਾਖੇ॥
ਪਲ ਪਲ ਬਢੈ ਬਹੁਤ ਅਧਕਾਈ॥ਅਤ ਅਪਾਰ ਗਤਿ ਲਖੀ ਨ ਜਾਈ॥੧੨॥
325/ਅ ਪ੍ਰਮ ਅਉਧੂ/ਤ ਦਿਖਾਵਤ ਭਾਉ॥ਨਿਰਬਿਕਲਪ ਨਿਰਲੰ[3] ਸੁਭਾਉ॥
ਸਿਧ ਪ੍ਰਗਟ ਤਹ ਹੋਨ ਨ ਪਾਵੈ॥ਪਰਮਾਨੰਦ ਆਨੰਦ ਬਿਹਾਵੈ॥੧੩॥
ਸਤਗੁਰ ਅਮਰ ਰੂਪ ਪਰਕਾਸਾ॥ਜਿਨ ਪ੍ਰਗਟ ਕਰੀ ਕਲ ਭਗਤ ਪ੍ਰਕਾਸਾ[4]॥
ਵੈ ਨਾਮ ਖਜਾਨੇ ਭਗਤ ਭੰਡਾਰ॥ਜਿਸ ਗੁਨ ਅੰਤ ਨ ਪਾਰਾਵਾਰ॥੧੪॥
ਸ੍ਰੀ ਗੁਰੂ ਅੰਗਤ ਅਮਰ ਗੁਰ ਦੀਨਾ॥ਬਢੀ ਅਨੰਤ ਗੁਨ ਜਗਤ ਨਵੀਨਾ॥
ਪੁਨਿ ਤਿਹ ਹਰਿ ਧਨੁ ਦੁਹ ਹਾਥ ਲੁਟਾਇਆ॥ਜੋ ਆਇਆ ਤਿਨ ਹੀ ਵਰਸਾਇਆ॥

॥ਦੋਹਰਾ॥

ਚਹੁ ਦਿਸ ਫੈਕਾ ਨਾਮ ਧਨੁ ਸਭ ਸ੍ਰਿਸਟਿ ਰਹੀ ਵਰਸਾਇ॥
ਗੁਰ ਸਮ ਦਾਤਾ ਕੋ ਨਹੀ ਜਿਸੁ ਬਡੇ ਭਾਗ ਸੋ ਪਾਇ॥੧੬॥

---

[1] ਨਿਧਾਨ (ਅ)
[2] ਸੰਤ (ੳ,ੲ)
[3] ਨਿਰਲੰਭ (ੳ,ਅ,ੲ,ਸ)
[4] ਬਿਲਾਸਾ (ੳ,ੲ)

॥ **ਚੌਪਈ** ॥

ਨਿਹਕਾਮੀ ਪ੍ਰੇਮ ਸੇਵ ਜਿਨ ਕੀਨਾ॥ ਨਕਦ ਨਾਮ ਧਨ ਤਾ ਕੋ ਦੀਨਾ॥
ਜਿਨ ਸਹਿਕਾਮੀ ਸੇਵਨ ਕੀਆ॥ ਤਿਸ ਹਰਿ ਭਗਤ ਰਿਧ ਸਿਧ ਦੀਆ॥੧੭॥
ਏਕ ਹਾਥ ਸਤਿਗੁਰ ਕਾ ਭਗਤ ਗੁਰ ਸੇਵਾ॥ ਦੂਜਾ ਹਾਥ ਕ੍ਰਿਪਾ ਗੁਰਦੇਵਾ॥
ਇਨ ਦੁਹੂੰ ਹਾਥਨ ਨਾਮ ਖਜਾਨੇ॥ ਪ੍ਰਗਟ ਲੁਟਾਏ ਸਭ ਜਗ ਜਾਨੇ॥੧੮॥
ਤਬ ਦੇਖ ਲੀਲਾ ਮੈ ਕੀਆ ਬਿਚਾਰ॥ ਧਰਿ ਧਿਆਨ ਦੇਖੇ ਮੈ ਨਾਮ ਭੰਡਾਰ॥
ਰੰਚਕ ਹਰਿ ਧਨੁ ਹਰਿ ਧਨੁ ਨਹੀ ਘਟ ਗਇਓ[1]॥ ਅਨੰਤ ਗੁਨਾ ਤਾ ਤੇ ਬਢ ਭਇਓ[2]॥੧੯॥
ਯਹ ਦੇਖ ਚਲਿਤ੍ਰ ਬਿਸਮ ਮੈ ਥੀਆ॥ ਤਬ ਸਤਿਗੁਰ ਕੀ ਉਸਤਤ ਮੈ ਕੀਆ॥
ਧੰਨ ਧੰਨ ਅਮਰ ਗੁਰ ਦਾਤਾ॥ ਪਾਰਸ ਪਰਸ ਗੁਰ ਪੁਰਖ ਬਿਧਾਤਾ॥੨੦॥

॥ **ਦੋਹਰਾ** ॥

ਤੀਨ ਮਹਿਲ ਕੀ ਜੁਗਤ ਯਹ ਕਰਨੀ ਸੁਨੀ ਦਿਆਲ॥
ਤੂੰ ਸਭੁ ਕਛੁ ਜਾਨੀ ਜਾਨ ਹੈ ਗਿਆਤਾ ਪਰਮ ਬਿਸਾਲ॥੨੧॥

॥ **ਤੋਮਰ ਛੰਦ** ॥

ਸੁਨ ਮਗਨ ਸਤਿਗੁਰ ਭਏ॥ ਹੁਇ ਲੀਨ ਨਿਜ ਪਦ ਗਏ॥
ਵਰਨੇ ਸੁ ਮਹਿਮਾ ਕਵਨ॥ ਹੋਇ ਲੀਨ ਜਾਨੇ ਤਵਨ॥੨੨॥
326/ੳ ਪੁਨ ਜ/ਗੇ ਗੁਰ ਕਰਤਾਰ॥ ਮੁਖ ਵਾਹ ਵਾਹ ਉਚਾਰ॥
ਬੁਢੇ ਖੁਸੀ ਬਹੁ ਕਰੀ॥ ਰਹਾ ਸੀਸ ਚਰਨਨ ਧਰੀ॥੨੩॥
ਬੁਢੇ ਕਹਾ ਗੁਰ ਦਿਆਲ॥ ਤੂੰ ਬਡਾ ਸਿੰਘ[3] ਬਿਸਾਲ॥
ਅਦਭੁਤ ਕਥਾ ਤੈ ਕਹਾ॥ ਮੈ ਸੁਨਤ ਅਤ ਸੁਖ ਲਹਾ॥੨੪॥
ਯਹ ਜੁਗਤ ਗੁਰ ਜੋ ਸੁਨੇ॥ ਬੀਚਾਰ ਮਨ ਮੋ ਗੁਨੇ॥
ਹੋਇ ਭਗਤ ਪ੍ਰੇਮ ਪ੍ਰਕਾਸ॥ ਗੁਰ ਚਰਨ ਮਿਲੇ ਨਿਵਾਸ॥੨੫॥

॥ **ਦੋਹਰਾ** ॥

ਭਾਈ ਬੁਢੇ ਬਰਨਨ ਕੀਆ ਸ੍ਰੋਤਾ ਸਤਗੁਰ ਆਪ॥
ਕਰ ਪ੍ਰੇਮ ਰਿਦੇ ਗੁਰ ਸਿਖ ਸੁਨੇ ਮਿਟੇ ਕਲੂ ਸੰਤਾਪ॥੨੬॥

॥ **ਸਾਖੀ ਪੂਰਨ ਹੋਈ** ॥ **੧੬੨** ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਰੰਚਕ ਹਰਿ ਧਨੁ ਨਹੀ ਘਟ ਗਇਓ (ਅ,ੲ)
[2] ਗਇਓ (ੳ,ੲ), ਗਿਓ (ਅ)
[3] ਸਿਖ (ੳ,ੲ)

[ਸਾਖੀ ਬਾਬੇ ਗੁਰਦਿਤੇ ਜੀ ਦਾ ਜੋਤੀ ਜੋਤ ਸਮਾਉਣਾ]

॥ਦੋਹਰਾ॥

ਬਾਬਾ ਗੁਰਦਿਤਾ ਜੀ ਗਏ ਇਕ ਦਿਨ ਬਿਰਤ ਸਿਕਾਰ॥
ਨਿਜ ਸੰਗੀ ਲੇ ਸੰਗ ਹੀ ਅਦਭੁਤ ਚਲਤ ਬਿਹਾਰ॥੧॥

॥ਚੌਪਈ॥

ਅਖੇੜ ਭੂਮ ਬਾਬਾ ਜੀ ਗਏ॥ਦੂਰ ਮਿਰਗ ਇਕ ਦੇਖਤ ਭਏ॥
ਥੀ ਵਹੁ ਗਊ ਭ੍ਰਮ ਮ੍ਰਿਗ ਦਿਖਾਇ॥ਸਭਹਨ ਕਹਾ ਮਿਰਗ ਦਿਸਟਾਇ॥੨॥
ਤਬ ਬਾਬਾ ਜੀ ਤੀਰ ਚਲਾਇਆ॥ਲਗਾ ਤੀਰ ਧਰਨ ਗਿਰ ਪਾਇਆ॥
ਲੇਨ ਸਿਕਾਰ ਤੁਰਤ ਸਭ ਚਲੇ॥ਦੇਖ ਚਲਤ[1] ਬਾਬਾ ਭਏ ਖਲੇ॥੩॥
ਯਹ ਤੌ ਗਊ ਹਰਨ ਵੈ ਨਾਹੀ॥ਅਬਗਤ ਗਤ ਕਛੁ ਲਖੀ ਨ ਜਾਈ॥
ਦੇਖਤ ਗਊ ਸਕਲ ਸੁਕਚਾਨੇ॥ਪ੍ਰਾਸਚਿਤ ਬਡਾ ਜਗਤ ਮੋ ਮਾਨੇ॥੪॥
ਚਿੰਤਾਵਤ ਬਾਬਾ ਸਭ ਦੇਖ॥ਹੋਇ ਦਿਆਲ ਕਰੀ ਕਿਰਿ ਬਿਸੇਖ॥
ਨਿਜ ਕਰ ਤੀਰ ਨਿਕਾਲ ਉਠਾਈ॥ਲਗੀ ਚਰਨ ਗਊਅਨ ਕੀ ਨਿਆਈ॥੫॥

326/ਅ **/॥ਦੋਹਰਾ॥**

ਦੇਖ ਚਲਤ ਸੇਵਕ ਸਗਲ ਚਰਨਨ ਲਾਗੇ ਜਾਇ॥
ਬਾਬਾ ਜੀ ਤਾ ਕੋ ਕਹਾ ਯਹ ਪ੍ਰਗਟ ਹੋਨ ਨਹੀ ਪਾਇ॥੬॥

॥ਚੌਪਈ॥

ਤਬ ਬਾਬਾ ਜੀ ਬਨ ਸੌ ਆਏ॥ਕਛੂ ਸਿਕਾਰ ਨਹੀ ਕਰ ਲਿਆਏ॥
ਅੰਤਰ ਘਰ ਬਾਬਾ ਜੀ ਗਏ॥ਸਭ ਸੇਵਕ ਆਇ ਚਰਨ ਗੁਰ ਪਏ॥੭॥
ਪੂਛਾ ਪ੍ਰਭ ਲਾਗੀ ਕਿਉ ਬੇਰ॥ਕਿਉ ਨਹੀ ਲਿਆਏ ਆਜੁ ਅਹੇਰ॥
ਨਹੀ ਬਾਬਾ ਜੀ ਮੋ ਪਹ ਆਏ॥ਸਭ ਕਹੋ ਬਿਰਤੰਤ ਮੁਹਿ ਸੰਤ ਸੁਨਾਏ॥੮॥
ਸੁਨ ਗੁਰ ਬਚਨ ਸਗਲ ਕੰਪਾਨੇ॥ਕਰ ਜੋਰ ਸਗਲ ਬਿਰਤੰਤ ਬਖਾਨੇ॥
ਸੁਨਤ ਬਾਤ ਸਤਗੁਰ ਨਹੀ ਭਾਈ॥ਬਾਬਾ ਜੀ ਕੋ ਲੀਆ ਬੁਲਾਈ॥੯॥
ਆਇ ਬਾਬਾ ਜੀ ਚਰਨੀ ਪਰੇ॥ਆਪ ਆਪ ਸੋ ਚਲਤ ਗੁਰ ਕਰੇ॥
ਪੁਨ ਕਹਾ ਸਤਿਗੁਰ ਜੀ ਬਚਨ ਰਿਸਾਈ॥ਤੁਮ ਮੁਈ ਗਊ ਕਾਹੇ ਜੀਵਾਈ॥੧੦॥

॥ਦੋਹਰਾ॥

ਨਾਟਕ ਚੇਟਕ ਸਿਧ ਸਭ ਹਰਿ ਲੋਗਨ ਨ ਸੁਹਾਇ॥
ਤੁਮ ਕਰਾਮਾਤ ਕਰਨੇ ਲਗੇ ਯਹ ਨਹੀ ਮੋ ਕੋ ਭਾਇ॥੧੧॥

॥ਚੌਪਈ॥

ਜੋ ਗਊ ਮੁਈ ਕਾ ਲਾਹੋ[2] ਦੋਖ॥ਕੀਏ ਹੋਮ ਜਗ[3] ਹੋਏ ਮੋਖ॥
ਮੋਹਿ ਹੋਤੇ ਸਿਧ ਪ੍ਰਗਟ ਤੁਮ ਕੀਨੀ॥ਹਮਰੀ ਸੰਕ ਨ ਮਨ ਮੋ ਚੀਨੀ॥੧੨॥
ਅਬ ਤੁਮ ਰਹੌ ਜਾ ਹਮ ਹੀ ਰਹੈ॥ਰਹੇ ਏਕ ਸਾਚੀ ਹਮ ਕਹੈ॥
ਜਬ ਸ੍ਰੀ ਮੁਖ ਯਹ ਬਚਨ ਉਚਾਰਾ॥ਕਰ ਸੱਤ ਬਾਬਾ ਜੀ ਮਨ ਮੋ ਧਾਰਾ॥੧੩॥
ਕਰ ਜੋਰ ਬਿਨੇ ਮੁਖ ਬਾਬਾ ਜੀ ਕਹੇ॥ਜਗ ਅਟਲ ਜੁਗੋ ਜੁਗ ਸਤਗੁਰ ਰਹੇਂ॥
ਯਹ ਮੁਖ ਕਹਿ ਤਨ ਕੋ ਤਜ ਦੀਨਾ॥ਅਤਭੁਤ ਚਲਿਤ੍ਰ ਬਾਬਾ ਜੀ ਕੀਨਾ॥੧੪॥
ਇਕ ਜੋਤੀ[4] ਸੰਗ ਜੋਤਿ ਮਿਲਾਈ॥ਜਿਮ ਅਕਾਸ ਮੋ ਪਵਨ ਸਮਾਈ॥
ਦੇਖਤ ਹਾਹਾਕਾਰ ਗੁਰ ਕੀਨਾ॥ਸੋਕ ਸਮੁੰਦਰ ਭਏ ਪ੍ਰਭ ਲੀਨਾ॥੧੫॥

॥ਦੋਹਰਾ॥

327/ੳ ਨਰ ਲੀਲਾ ਸਤਗੁਰ ਕਰੇ ਕੋਇ ਨ/ਸਾਕੇ ਰੋਕ॥
ਹਰਖ ਸੋਕ ਜਾ ਕੇ ਨਹੀ ਜਗ ਪ੍ਰਗਟ ਦਿਖਾਵਤ ਸੋਕ॥੧੬॥

---

[1] ਚਲਿਤ੍ਰ (ਅ,ਇ)
[2] ਲਾਗਾ (ੳ,ਇ)
[3] ਜਗਤ (ਸ)
[4] ਇਉ ਜੋਤੀ (ੳ,ਇ)

॥ਚੌਪਈ॥

ਅਤ ਬਿਓਗ ਸਤਿਗੁਰ ਜੀ ਕੀਨਾ॥ਜਿਉ ਲਛਮਨ ਬਿਓਗ ਰਾਮ ਭਏ ਲੀਨਾ॥
ਕਰੇ ਰੁਦਨ ਗੁਨ ਮੁਖੋ ਉਚਾਰੇ॥ਜਿਉ ਲਛਮਨ ਪ੍ਰਾਕ੍ਰਮ ਚਿਤਾਰੇ॥੧੭॥
ਬਿਨ ਬਾਬਾ ਜੀ ਮੈ ਕੈਸੇ ਰਹੌਂ॥ਦਾਹਨ[1] ਦੁਖ ਕੈਸੇ ਜਗ ਸਹੌਂ॥
ਪੁਨਿ ਸਤਿਗੁਰ ਜੀ ਕੀਆ ਬਿਚਾਰ॥ਬਾਬਾ ਜੀ ਕਾ ਸਸੁਰ ਚਿਤਾਰ॥੧੮॥
ਵੇ ਬਡਾ ਸਿੱਧ ਜਿਨ ਮੂਏ ਜੀਵਾਏ॥ਸਤਿਗੁਰ ਜੀ ਤਿਸ ਲੀਆ ਬੁਲਾਏ॥
ਤਿਸ ਕਹਾ ਦਿਆਲ ਕਰ ਬਿਨੇ ਤਪਾਕ॥ਹੈ ਸੁਤ ਮੇਰਾ ਤੁਮ ਸੋ ਬਡ ਸਾਕ॥੧੯॥
ਕਰ ਕਿਰਪਾ ਦਾਮਾਦੁ ਜੀਵਾਵੋ॥ਹੋਇ ਪਰਉਪਕਾਰ ਜਗਤ ਜਸੁ ਪਾਵੋ॥
ਅੰਤਰਿਗਤਿ ਸਕਤ ਛੀਨ ਗੁਰ ਲੀਨਾ॥ਬਾਹਰਗਤਿ ਬਿਨਤੀ ਤਾ ਸੋ ਕੀਨਾ॥੨੦॥

॥ਦੋਹਰਾ॥

ਸ੍ਰਬ ਜੁਗਤਿ ਵੈ ਕਰ ਰਹਾ ਬਾਬਾ ਜੀ ਨਹੀ ਜਾਗ॥
ਸਭ ਛੂਛੀ ਭਈ ਕਰਾਮਾਤ ਤਬ ਵਹ ਕਹਨੇ ਲਾਗ॥੨੧॥

॥ਚੌਪਈ॥

ਮੇਰਾ ਬਚਨ ਕਬਹੂੰ ਨਹੀ ਟਲੇ॥ਤੁਮ ਸਨਮੁਖ ਕਰਾਮਾਤ ਨਹੀ ਚਲੇ॥
ਮੈ ਜਾਨਾ ਜੋ ਗੁਰ ਕਰੇ ਸੋ ਹੋਇ॥ਕਰ ਰਹਾ ਜਤਨ ਪੁਨਿ ਦੀਨਾ ਰੋਇ॥੨੨॥
ਤਬ ਦਿਆਲ ਸੰਤੋਖ ਜਨਾਇ[2]॥ਸਿਸਕਾਰ ਸਮਿਗ੍ਰੀ ਸਗਲ ਮੰਗਾਇ[3]॥
ਕੀਆ ਬਚਨ ਸੰਗਤ ਸਭ ਮਿਲੇ॥ਸਿਸਕਾਰ ਕਰਨ ਬਾਬਾ ਕੋ ਚਲੇ॥੨੩॥
ਕਰ ਸਿਸਕਾਰ ਪੁਨਿ ਕੀਆ ਸਨਾਨ॥ਤਬ ਦਿਆਲ ਗੁਰ ਕੇਵਲ ਗਿਆਨ॥
ਕਰਤਾ ਹਰਰਾਇ ਤਾ ਲੀਏ ਬੁਲਾਏ॥੨੪॥[4]
ਅਬ ਉਨਕੀ ਠੌਰ ਤੁਮ ਕੋ ਮੈ ਦੇਖੌਂ॥ਬਾਬਾ ਗੁਰਦਿਤਾ ਕਰ ਲੇਖੋ॥
ਹੋਇ ਦਿਆਲ ਗੁਰ ਅੰਗ ਲਗਾਇ॥ਪੁਨ ਗੋਦ ਅਪਨੀ ਮੋ ਲੀਏ ਬੈਠਾਇ॥੨੫॥

॥ਦੋਹਰਾ॥

ਗੁਰ ਬਚਨ ਪ੍ਰਮਾਨ ਕੀਨਾ ਜਗਤ ਬਾਬਾ ਜੀ ਤਨ ਤਿਆਗ॥
327/ਅ ਜੋ/ਗੁਰ ਆਗਿਆ ਮਨ ਮੋ ਧਰੇ ਤਾ ਕੇ ਜਗ ਬਡਭਾਗ॥੨੬॥
[5]ਸੰਮਤੁ ੧੬੯੫ ਚੇਤ੍ਰ ਸੁਦੀ ਦਸਮੀ ੧੦ ਸ੍ਰੀ ਬਾਬਾ ਗੁਰਦਿਤਾ ਜੀ ਸਮਾਣੇ ਕੀਰਤਪੁਰ॥੧੬੩[6]
ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਦਾਰਨ (ੳ,ਅ,ੲ)
[2] ਜਨਾਇਆ (ਅ)
[3] ਮੰਗਾਇਆ (ਅ)
[4] ਕਰਤਾ ਹਰਰਾਇ ਤਾ ਲੀਏ ਬੁਲਾਏ॥ਬਾਬਾ ਜੀ ਕੇ ਸੁਤ ਗੁਰ ਭਾਏ॥ (ੳ,ਅ,ੲ,ਸ)
[5] ਇੱਥੇ '॥ਸਾਖੀ ਪੂਰਨ ਹੋਈ॥' ਵਾਲੀ ਪੰਕਤੀ ਹੈ (ੳ,ਅ,ੲ)
[6] ਇੱਥੇ '॥ਸੰਮਤੁ ੧੬੯੫ ਚੇਤ੍ਰ ਸੁਦੀ.....ਕੀਰਤਪੁਰ॥' ਵਾਲੀ ਪੰਕਤੀ ਨਹੀਂ ਹੈ (ੳ)

[ਸਾਖੀ ਹਰਿ ਰਾਇ ਸਤਿਗੁਰੂ ਜੀ ਦੇ ਬਚਨ ਦਾ ਪਾਲਨ ਕਰਨ ਦਾ ਮਹਾਤਮ]

॥ਦੋਹਰਾ॥

ਦਿਵਸ ਏਕ ਸਤਿਗੁਰ ਜੀ ਕਰਤਾ ਹਰਿ ਰਾਇ ਬੁਲਾਇ॥
ਬਾਗ ਦੇਖਨ ਕੋ ਪ੍ਰਭ ਚਲੇ ਲੇ ਗਏ ਸੰਗ ਲਵਾਇ॥੧॥

॥ਚੌਪਈ॥

ਬਾਗ ਮਾਹਿ ਗਏ ਸਤਿਗੁਰ ਦਿਆਲ॥ਕਰਤਾ ਹਰਿ ਰਾਇ ਗਏ ਪ੍ਰਭ ਨਾਲ॥
ਜਿਹ ਜੁਗਤ ਬਾਬਾ ਜੀ ਸੇਵਨ ਕਰਤੇ॥ਸਤਿਗੁਰ ਕੀ ਆਗਿਆ ਸਿਰ ਧਰਤੇ॥੨॥
ਪਿਤਾ ਪ੍ਰਨਿ ਸ੍ਰੀ ਹਰਿ ਰਾਇ ਜੀ ਲੀਨਾ॥ਸਦਾ[1] ਰਹੇ ਗੁਰ ਬਚਨ ਅਧੀਨਾ॥
ਸ੍ਰੀ ਸਤਿਗੁਰ ਕੇ ਪੀਛੇ ਚਲੇ॥ਗੁਰ ਚਰਨ ਧਿਆਨ ਨਿਮਖ ਨਹੀ ਟਲੇ॥੩॥
ਤਿਸ ਬਾਗ ਮਾਹਿ ਫੂਲ ਇਕ ਫੂਲਾ॥ਬਿਨਾ ਸਮੇ ਅਤਿ ਰੰਗ ਚਲੂਲਾ॥
ਤਹਾ ਦੇਖ ਗੁਰ ਠਾਢੇ ਭਏ॥ਭਈ ਖੁਸੀ ਮਾਲੀ ਪਗ ਸਭ ਪਏ॥੪॥
ਪੁਨ ਚਲੇ ਆਗੇ ਪ੍ਰਭ ਸਹਿਜ ਸੁਭਾਇ॥ਪਾਛੇ ਆਏ ਸ੍ਰੀ ਹਰਿ ਰਾਇ॥
ਪਸਰਿਓ[2] ਦਾਵਨ ਪਵਨ ਤਬ ਚਲਾ॥ਛੁਹਤੇ ਫੂਲ ਟੂਟਿ ਧਰ ਗਿਰਾ॥੫॥

॥ਦੋਹਰਾ॥

ਸਗਲ ਬਾਗ ਕੋ ਦੇਖ ਕਰ ਤਹਿ ਆਏ ਪ੍ਰਭ ਪ੍ਰਬੀਨ॥
ਕਿਉ ਟੂਟਾ ਫੂਲ ਸਾਚੀ ਕਹੋ ਸਤਿਗੁਰ ਪੂਛਨ ਕੀਨ॥੬॥

॥ਤੋਮਰ ਛੰਦ॥

ਸੁਨ ਬਚਨ ਸ੍ਰੀ ਹਰਿ ਰਾਇ॥ਸਨਮੁਖ ਬਹੇ ਗੁਰ ਆਇ॥
ਛੁਹਿ ਬਸਤ੍ਰ ਟੂਟਾ ਫੂਲ॥ਮੋ ਸੋ ਭਈ ਇਹ ਭੂਲ॥੭॥
328/ੳ ਭੈ ਬਿਰਤ ਦੇਖ ਦਿਆਲ॥ਹਸ ਖੁਸੀ ਕਰੀ ਬਿ/ਸਾਲ॥
ਸੁਨ ਬਚਨ ਕੀਨਾ ਭਲੋ॥ਸੰਕੋਚ ਦਾਮਨ ਚਲੋ॥੮॥
ਸੰਕੋਚ ਦਾਮਨ ਲੀਨ॥ਗੁਰ ਬਚਨ ਦ੍ਰਿੜ ਮਨ ਕੀਨ॥
ਜਬ ਕਬ ਚਲੇ ਸੰਕੋਚ॥੯॥[3]
ਪਾਲਿਓ ਸੁ ਦੇਹੁ ਪ੍ਰਜੰਤ॥ਅਤ ਧਰਮ ਭਗਤ ਮਹੰਤ॥
ਜੋ ਕਰੇ ਦ੍ਰਿੜ ਮਨ ਸਿਖ॥ਤਿਸ ਭੁਗਤ ਮੁਕਤ ਭਵਿਖ॥੧੦॥

॥ਸੋਰਠਾ॥

ਸਤਿਗੁਰ ਬਚਨ ਪ੍ਰਮਾਨ ਜਉ ਕੀਨਾ ਸ੍ਰੀ ਹਰਿ ਰਾਇ ਜੀ॥
ਜੋ ਗੁਰਸਿਖ ਸੁਜਾਨ ਸੁਨ ਗੁਰ ਸਾਖੀ ਮਨ ਦਿੜੇ॥੧੧॥

॥ਸਾਖੀ ਪੂਰਨ ਹੋਈ॥੧੬੪॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---
[1] ਸਗਲ (ਅ)
[2] ਪਰਿਓ (ੳ)
[3] ਜਬ ਕਬ ਚਲੇ ਸੰਕੋਚ॥ਨਹੀਂ ਬਚਨ ਕੀਨਾ ਮੋਚ॥ (ੳ,ਅ,ੲ,ਸ)

[ਸਾਖੀ ਸਤਿਗੁਰੂ ਜੀ ਹਰਿ ਰਇ ਨੂੰ ਗੁਰਿਆਈ ਦੇ ਕੇ ਜੋਤੀ ਜੋਤ ਸਮਾਏ]

॥ਦੋਹਰਾ॥

ਹਰਨ ਭਰਨ ਕਾਰਨ ਕਰਨ ਤਾਰਨ ਤਰਨ ਦਿਆਲ॥
ਕਲ ਪਤਤ ਉਧਾਰਨ ਬਿਰਦ ਧਰ ਲੀਲਾ ਰਚਤ ਬਿਸਾਲ॥੧॥

॥ਚੌਪਈ॥

ਦਿਵਸ ਏਕ ਗੁਰ ਸਭਾ ਸੁਹਾਇ॥ਸਭ ਸੰਗਤ ਕੋ ਲੀਆ ਬੁਲਾਇ॥
ਪੁਨਿ ਸ੍ਰੀ ਕਰਤਾ ਹਰਿ ਰਾਇ ਬੁਲਾਏ॥ਹਾਥ ਜੋੜ ਠਾਢੇ ਭਏ ਆਏ॥੨॥
ਅਤਿ ਨਿੰਮ੍ਰਭੂਤ ਗੁਰ ਚਰਨ ਧਿਆਨ॥ਭਗਤ ਸਰੂਪ ਪ੍ਰਗਟ ਭਗਵਾਨ॥
ਦੇਖ ਦਿਆਲ ਸਤਿਗੁਰ ਬਿਗਸਾਨੇ॥ਦੇ ਅੰਕਮਾਲ ਸਾਦਰ ਸਨਮਾਨੇ॥੩॥
ਤੁਮਰੇ ਪਿਤਾ ਕੋ ਪਦ ਗੁਰਿਆਈ॥ਤੁਮਰੇ ਮਸਤਕ ਲੇਖ ਲਿਖਾਈ॥
ਹੁਇ ਦਿਆਲ ਤਿਲਕ ਗੁਰਿਆਈ ਦੀਨਾ॥ਤੀਨ ਲੋਕ ਭਏ ਬਚਨ ਅਧੀਨਾ॥੪॥
ਅਛਿਤ ਆਪ ਨਵਤਨ ਬਪੁ ਧਰਾ॥ਜਿਉ ਦੀਪ ਪ੍ਰਕਾਸ ਦੀਪ ਸੋ ਕਰਾ॥
328/ਅ ਏਕ ਜੋਤਿ ਦੁਇ ਰੂਪ ਬਿ/ਰਾਜੈ॥ਅਦਭੁਤ ਲੀਲਾ ਸਤਿਗੁਰ ਛਾਜੈ॥੫॥

॥ਦੋਹਰਾ॥

ਸਭ ਸੰਗਤ ਆਗਿਆ ਭਈ ਚਰਨੀ ਲਾਗੇ ਆਇ॥
ਅਚਰਜ ਦਰਸਨ ਦੇਖ ਗੁਰ ਸਭ ਸੰਗਤ ਰਹੀ ਅਘਾਇ॥੬॥

॥ਚੌਪਈ॥

ਤਬ ਸ੍ਰੀ ਸਤਿਗੁਰ ਬਚਨ ਬਖਾਨਾ॥ਅਬ ਪਰਮ ਧਾਮ ਮੈ ਕਰੋ ਪਿਆਨਾ॥
ਪ੍ਰਗਟ ਰੂਪ ਮਮ ਗੁਰ ਹਰਿ ਰਾਉ॥ਭਗਤ ਰੂਪ ਭੈ ਤਾਰਨ ਨਾਉ[1]॥੭॥
ਜਬ ਗੁਰ ਹਰਿ ਰਾਇ ਬਚਨ ਯਹ ਸੁਨਾ॥ਗੁਰ ਭਾਣਾ ਸੋਈ ਸਤ ਗੁਨਾ॥
ਹਾਥ ਜੋੜ ਤਬ ਬਿਨੇ ਬਖਾਨੀ॥ਸਭ ਜਾਨਤ ਪ੍ਰਭ ਅੰਤਰਜਾਮੀ॥੮॥
ਦਿਲੀ ਪਤਿ ਦੁਭਦਾ ਸਦ ਕਰੇ॥ਜੋ ਆਗਿਆ ਹੋਇ ਸੋਈ ਅਨਸਰੇ॥
ਸੁਨ ਮੁਸਕਾਇ ਕਹਾ ਗੁਰ ਦਿਆਲ॥ਤੁਮ ਜਗ ਕਾਟਨ ਭੈ ਜਮ ਜਾਲ॥੯॥
ਤੁਮ ਕੋ ਕਾਹੂ ਕੋ ਭੈ ਨਾਹਿ॥ਸਦਾ ਰਹੋ ਮੈ ਤੁਮਰੇ ਪਾਹ॥
ਜੋ ਸਤਿਗੁਰ ਹਮ ਸੋ ਥਾ ਕਹਾ॥ਅਬ ਲਗ ਵਰਤਮਾਨ ਸੋ ਰਹਾ॥੧੦॥

॥ਦੋਹਰਾ॥

ਜੋ ਕੋਈ ਉਦਮ ਤੁਮ ਪਰ ਕਰੇ ਦੁਸਟ ਕਰਮ ਮਨਧਾਰ॥
ਨਾਸ ਹੋਇ ਤਤਕਾਲ ਤਿਹ ਜਿਉ ਓਲਾ ਅਗਨ ਮੰਝਾਰ॥੧੧॥

॥ਚੌਪਈ॥

ਪੁਨ ਸਤਿਗੁਰ ਸਿਖਨ ਆਗਿਆ ਕੀਨੀ॥ਇਕੰਤ ਠੌਰ ਇਕ ਕਰੋ ਨਵੀਨੀ॥
ਨਦੀ ਕੰਠੇ ਭੂ ਘਰ ਖੁਦਾਇਆ॥ਸੁੰਦਰ ਦੁਆਰ ਕਿਵਾੜ ਲਗਾਇਆ॥੧੨॥
ਤਿਸ ਦੇਖ ਦਿਆਲ ਬਚਨ ਮੁਖ ਭਾਖਾ॥ਤਾ ਕਾ ਨਾਮ ਪਤਾਲ ਗੜੁ ਰਾਖਾ॥
ਤਾ ਭੀਤਰ ਸਤਿਗੁਰ ਜੀ ਗਏ॥ਸ੍ਰੀ ਮੁਖ ਬਚਨ ਕਰਤ ਇਮ ਭਏ॥੧੩॥
ਕੋਈ ਸਪਤ ਦਿਵਸ ਤਕ ਈਹਾ ਨ ਆਵੈ॥ਯਹੀ ਜੁਗਤ ਮੋ ਕੋ ਅਬ ਭਾਵੈ॥
ਦਿਵਸ ਆਠਵੇ ਖੋਲ ਕਿਵਾਰ॥ਜੋ ਬਿਧ ਬਨੇ ਕਰੋ ਬਿਵਹਾਰ॥੧੪॥
ਤਬ ਅੰਤਰ ਦੇ ਲੀਆ ਕਿਵਾਰਾ॥ਕਾਰਨ ਕਰਨ ਸਤਿਗੁਰ ਕਰਤਾਰਾ॥
329/ੳ ਸਭ ਸੰਗਤ ਭਜ/ਨ ਸਤਿਗੁਰ ਕਾ ਕਰੇ॥ਸਤ ਰੂਪ ਗੁਰ ਹਿਰਦੇ ਧਰੇ॥੧੫॥

॥ਦੋਹਰਾ॥

ਜਬ ਸਾਤ ਦਿਵਸ ਬੀਤਤ ਭਏ ਤਬ ਸ੍ਰੀ ਸਤਿਗੁਰ ਹਰਰਾਇ॥
ਮਾਥਾ ਟੇਕ ਦੁਆਰ ਪਰ ਦੀਏ ਕਿਵਾਰ ਖੁਲਾਇ॥੧੬॥

॥ਚੌਪਈ॥

ਗੁਰ ਹਰਿ ਰਾਇ ਅੰਤਰ ਜਬ ਗਏ॥ਪਰਮ ਚਰਿਤ੍ਰ ਗੁਰ ਦੇਖਤ ਭਏ॥

---

[1] ਨਾਇ (ੳ,ਅ)

ਸ੍ਰੀ ਸਤਿਗੁਰ ਜੋਤੀ ਜੋਤ ਸਮਾਏ॥ਪਾਵਨ ਸਰੀਰ ਜਿਮ ਚਿਤ੍ਰ ਲਿਖਾਏ॥੧੭॥
ਯਹ ਚਲਤ ਦੇਖ ਬਿਓਗ ਅਤ ਕਰਾ॥ਪੁਨ ਜੋਤ ਰੂਪ ਪ੍ਰਭ ਮਨ ਮੋ ਧਰਾ॥
ਸਭ ਸੰਗਤ ਗੁਰ ਦਰਸਨ ਕੀਨਾ॥ਅਦਭੁਤ ਚਲਤ ਸਤਗੁਰ ਕਾ ਚੀਨਾ॥੧੮॥
ਹਰਿ ਬਪੁ ਧਾਰ ਭਗਤ ਬਿਸਥਰੀ॥ਪੁਨ ਜੋਤ ਮਹ ਜੋਤ ਸੰਚਰੀ॥
ਜਿਉ ਗੰਗਾ ਸਾਗਰ ਮਿਲ ਜਾਇ॥ਤਬ ਜਲ ਨਿਧ ਸਾਗਰ ਨਾਮ ਕਹਾਇ॥੧੯॥
ਅਖੰਡ ਭਜਨ ਸਤ ਸੰਗਤ ਮਿਲ ਕੀਨਾ॥ਪਵਿਤ੍ਰ ਬਿਬਾਨ ਤਿਆਰ ਗੁਰ ਲੀਨਾ॥
ਗੁਰ ਪਾਵਨ ਦੇਹ ਸਨਾਨ ਕਰਾਇਆ॥ਬਸਤ੍ਰ ਨਵੀਨ ਸਗਲ ਪਹਿਰਾਇਆ॥੨੦॥

॥ਦੋਹਰਾ॥

ਚੰਦਨ ਚਿਤਾ ਬਨਾਇ ਕੇ ਕਰੀ ਪਾਵਨ ਦੇਹ ਸਿਸਕਾਰ॥
ਪਾਚ ਤਤ ਤਤਨ ਮਿਲੇ ਮਿਲ ਜੋਤ ਜੋਤ ਸੁਖਸਾਰ॥੨੧॥

॥ਦੋਹਰਾ॥

ਸੋਢੀ ਕੁਲ ਅਰਜਨ ਪਿਤਾ ਗੰਗਾ ਜੀਵੈ ਮਾਤ॥
ਪਤ ਦਮੋਦਰੀ ਨਾਨਕੀ ਹਰਿਗੋਬਿੰਦ ਪੰਜ ਤਾਤ॥੨੨॥[1]

॥ਸੋਰਠਾ॥

ਸੰਮਤੁ ਸਤ੍ਹਹ ਸੌ ਏਕ ਚੇਤ ਸੁਦੀ ਥਿਤ ਪੰਚਮੀ॥
ਆਦਿਤਵਾਰ ਵਸੇਖ ਨੌਂ ਘਟ ਕਾ ਰਾਤ੍ਰ ਗਈ॥੨੩॥
੩੮ ਵਰੇ ੧ ਦਿਨ ਗੁਰਿਆਈ ਵਿਚ ਸਰੀਰੁ ਰਖਿਆ॥[2]

॥ਸੋਰਠਾ॥

ਗੁਰ ਜੋਤ ਸਮਾਵਨ ਕੋ ਚਲਤ ਸੁਨੇ ਸਿਖ ਕਰ ਪ੍ਰੇਮ॥
ਗੁਰ ਲੀਲਾ ਹਿਰਦੇ ਧਰੇ ਹੋਤ ਭਗਤ ਦ੍ਰਿੜ ਨੇਮ॥੨੪॥

329/ਅ **/॥ਸਾਖੀ ਪੂਰਨ ਹੋਈ॥੧੯੫॥**[3]

॥ਅਥ ਗੁਰ ਅਸਤੋਤਰ॥[4]

ਧਰ ਬਪ ਭਗਤ ਹੇਤੰ॥ਸੁਭ ਕਰਮ ਧਰਮ ਸੇਤੰ॥
ਕਲ ਕੁਤਸ ਅਧ ਬਿਨਾਸਨ॥ਹਰਿ ਭਗਤ ਪਬ ਪ੍ਰਕਾਸਨ॥੨੫॥
ਅਤ ਸੂਰਬੀਰ ਧੀਰੰ॥ਅਤ ਅਤੁਲ ਬਲ ਗੰਭੀਰੰ॥
ਧਰ ਰਾਜ ਜੋਗ ਰੂਪੰ॥ਆਨੰਤ ਸਕਤ ਭੂਪੰ॥੨੬॥
ਨਿਰਬਾਣ ਰੂਪ ਲੀਨਾ॥ਅਦਭੁਤ ਚਲਿਤ੍ਰ ਕੀਨਾ॥
ਦੀਪਕ ਸੋ ਦੀਪ ਧਾਰਾ॥ਕੀਆ ਤੀਨ ਲੋਕ ਉਜਾਰਾ॥੨੭॥
[5]ਹੇ ਦਿਆਲ ਦਇਆ ਕੀਜੈ॥ਸਦਾ ਸੰਤ ਸੰਗ ਦੀਜੈ॥
ਕਰੇ ਉਨਮਨੇ ਬਸੇਰਾ॥ਨਿਜ ਰੂਪ ਦਾਸ ਤੇਰਾ॥੨੮॥

॥ਇੰਤ ਸ੍ਰੀ ਸਤਿਗੁਰ ਜੋਤੀ ਜੋਤ ਚਲਿਤ੍ਰ ਸੰਪੂਰਨੰ॥

---

[1] ਇੱਥੇ '॥ਦੋਹਰਾ॥ਸੋਢੀ ਕੁਲ ਅਰਜਨ.. ਹਰਿਗੋਬਿੰਦ ਪੰਜ ਤਾਤ॥' ਵਾਲਾ ਪਾਠ ਨਹੀਂ ਹੈ (ੳ)
[2] ਇੱਥੇ '॥੩੮ ਵਰੇ ੧ ਦਿਨ ਗੁਰਿਆਈ ਵਿਚ ਸਰੀਰੁ ਰਖਿਆ॥' ਵਾਲੀ ਪੰਕਤੀ ਨਹੀਂ ਹੈ (ੳ)
[3] ਇੱਥੇ '॥ਸਾਖੀ ਪੂਰਨ ਹੋਈ॥੧੯੫॥ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥' ਹੈ (ਅ)
[4] ਇੱਥੇ ਸਿਰਲੇਖ '॥ਗੁਰ ਅਸਤੋਤਰ॥' ਹੈ (ੳ)
[5] ਇੱਥੇ 'ਅਤ ਸੁਖ ਸਰੂਪ ਸੁਆਮੀ॥ਅਨੰਦ ਮੈ ਅਕਾਮੀ॥ਅਲਖ ਪੁਰਖ ਅਪਾਰਾ॥ਗਿਆਨਸ ਸਰੂਪ ਧਾਰਾ॥ਜੋ ਬਚਨ ਨਹੀਂ ਹੇ ਧਾਰੇ॥ਦ੍ਰਿੜ ਚਿਤ ਕੋ ਬਿਚਾਰੇ॥ਦ੍ਰਿੜ ਪ੍ਰੇਮ ਹੀਏ ਧਾਰੇ॥ਸਤਿਗੁਰ ਪੁਰਖ ਅਪਾਰੇ॥' ਪਾਠ ਹੈ (ਅ)

॥ੴ ਸਤਿਗੁਰ ਪ੍ਰਸਾਦਿ॥

[ਆਗੇ ਮਹਿਮਾ ਸਤਵੇ ਮਹਿਲ ਕੀ]

॥ਸੋਰਠਾ॥

ਸਤਿਗੁਰ ਦੀਨ ਦਿਆਲ ਧਰ ਸਰੂਪ ਜਗ ਸਾਤਵੋ॥
ਕੀਨਾ ਜਗਤ ਉਧਾਰ ਚੜ ਸਬਦ ਨਾਵ ਭਵਜਲ ਤੇ[1]॥੧॥

॥ਚੌਪਈ॥

ਨਾਮ ਚੰਦੋਆ ਅਗਮ ਅਪਾਰ॥ਅਨਹਦ ਧੁਨ ਨੌਬਤ ਸੁਖਸਾਰ॥
ਝਲਮਲ ਜੋਤ ਫਰਹਰ ਛਾਜੈ॥ਸਭ ਘਟ ਪੂਰਨ ਜਗਤ ਬਿਰਾਜੈ॥੨॥
ਪ੍ਰਗਟੇ ਸਤਿਗੁਰ ਜਗ ਹਰਿ ਰਾਇ॥ਸੁਨਿ ਸੰਗਤ ਆਈ ਚਰਨਨ ਧਾਇ॥
ਪ੍ਰੇਮ ਪ੍ਰੀਤ ਬਸ ਭਏ ਦਿਆਲ॥ਦੇ ਦਰਸਨ ਸੰਗਤ ਕਰੇ ਨਿਹਾਲ॥੩॥

॥ਦੋਹਰਾ॥

ਤਿਸੀ ਸਮੇ ਸਤਿਗੁਰ ਦਿਆਲ ਅਦਭੁਤ ਸਭਾ ਬਨਾਇ॥
ਨਿਜ ਸੋਭਾ ਤਾ ਕੀ ਸੁਨੋ ਮਨ ਪਰਤੀਤ ਬਢਾਇ॥੪॥

॥ਚੌਪਈ॥

330/ੳ ਨਿਸਚਲ ਚਿਤ ਸਿੰ/ਘਾਸਨ ਛਾਜੈ॥ਅਬਗਤ ਭਗਤ ਸਿਰ ਛਤ੍ਰ ਬਿਰਾਜੈ॥
ਨਿਰਬਿਕਲਪ ਸਿਰ ਮੁਕਟ ਸੁਹਾਇ॥ਅਨਭੈ ਛਬ ਸਤਿਗੁਰ ਹਰਿ ਰਾਇ॥੫॥
ਉਨਮਨੀ ਤਿਲਕ ਮਸਤਕ ਸੁਭ ਸੋਹੈ॥ਤੀਨ ਲੋਕ ਮੁਨ ਜਨ ਮਨ ਮੋਹੈ॥
ਕਥਾ ਕੀਰਤਨ ਕਰਨਨ ਸੁਭ ਕੁੰਡਲ॥ਅਦਭੁਤ ਪ੍ਰਕਾਸ ਕੀਨਾ ਤਿਹੁ ਮੰਡਲ॥੬॥

॥ਸੋਹਰਾ॥[2]

ਪ੍ਰੇਮ ਭਗਤ ਵੈਰਾਗ ਦ੍ਰਿੜ ਸੁਧ ਜੋਗ ਤਤ ਗਿਆਨ॥
ਧਾਰ ਚਾਰ ਆਇਦ ਗੁਰੂ ਸੰਤ ਰੂਪ ਭਗਵਾਨ॥੭॥

॥ਚੌਪਈ॥

ਸਭਾ ਸਿਖ ਸਤਿਗੁਰ ਕੇ ਪਿਆਰੇ॥ਜਿਉ ਰਾਮ ਰਜਾਇ ਲਛਮਨ ਧਾਰੇ॥
ਸਤਿਗੁਰ ਬਚਨ ਦਿੜੇ ਸਤ ਭਾਇ॥ਜਿਉ ਹਨੁਮਾਨ ਦਿੜ ਰਾਮ ਰਜਾਇ॥੮॥
ਦੁਰਲਭ ਦਰਸਨ ਸਿਖਨ ਪਾਇਆ॥ਜਿਉ ਚਕੋਰ ਸਸ ਧਿਆਨ ਲਗਾਇਆ॥
ਮਹਾ ਅਨੰਦ ਦਰਸਨ ਮਗਨਾਨੇ॥ਪਾਰਬ੍ਰਹਮ ਸਤਿਗੁਰ ਪਹਿਚਾਨੇ॥੯॥

॥ਦੋਹਰਾ॥

ਜਿਮ ਅਕਾਸ ਪਰਕਾਸ ਰਵਿ ਤਿਉ ਸਭਾ ਮਾਹਿ ਗੁਰ ਦਿਆਲ॥
ਉਦੇ ਭਾਨ ਰਵਿ ਗਿਆਨ ਤੇਜ ਅਨਭੈ ਕਿਰਨ ਬਿਸਾਲ॥੧੦॥

॥ਚੌਪਈ॥

ਸ੍ਰੀ ਮੁਖ ਭਗਤ ਨਿਰੂਪਨ ਕਰੈ॥ਜਿਮ ਲਛਮਨ ਪ੍ਰਤ ਰਘੁਨਾਥ ਉਚਰੈ॥
ਮੋਦਕ ਗਿਆਨ ਭਗਤ ਰਸ ਪਾਗ॥ਮਿਲੇ ਪ੍ਰਸਾਦਿ ਸਿਖਨ ਵਡਭਾਗ॥੧੧॥
ਜਿਨ ਖਾਇਆ ਸੋਊ ਮਗਨਾਨਾ॥ਮੁਕਤ ਭੁਗਤ ਰਸ ਤਿਨ ਹੀ ਜਾਨਾ॥
ਜਿਹ ਨੈਨਨ ਦਰਸਨ ਗੁਰ ਕੀਆ॥ਭਗਤ ਅੰਕੁਰ ਤਿਸ ਹਿਰਦੇ ਥੀਆ॥੧੨॥

॥ਦੋਹਰਾ॥

ਗੁਰ ਦਰਸਨ ਮਹਿਮਾ ਅਮਿਤ ਸੋਭਾ ਅਪਰ ਅਪਾਰ॥[3]
ਬਡਭਾਗੀ ਪੂਰਬ ਭਗਤ ਜਿਨ ਭੇਟਾ ਗੁਰ ਕਰਤਾਰ॥੧੩॥

---

[1] ਤਰੇ (ੳ)
[2] ਇੱਥੇ ਸਿਰਲੇਖ '॥ਦੋਹਰਾ॥' ਹੈ (ੳ,ਅ,ੲ,ਸ)
[3] ਗੁਰ ਦਰਸਨ ਸੋਭਾ ਅਮਿਤ ਅਪਰ ਅਪਾਰ॥ (ਅ)

॥ਗੁਰ ਉਸਤਤ॥
॥ਸਵੈਯਾ॥[1]

330/ਅ ਕਲ ਅਕੁਤਸ ਆਕਰਮ ਆਧਰਮ ਜਗ ਜੀ/ਵਰਿਤ ਪਤਿਤ ਪਾਵਨ ਪ੍ਰਭ ਬਿਰਦ ਚੇਤਾ॥
ਸਤਿਗੁਰੂ ਬਪ ਧਾਰ ਸੰਸਾਰ ਉਜੀਆਰ ਕੀਓ ਗੁਰਮੁਖੀ ਪੰਥ ਭਵ ਸਿੰਧ ਸੇਤਾ॥
ਬਿਨ ਪਿਆਸ ਪ੍ਰਕਾਸ ਜਿਮ ਦੀਪ ਤੇ ਦੀਪ ਹੋਇ ਭਗਤ ਉਪਦੇਸ ਕੀਆ ਮੁਕਤ ਹੇਤਾ॥
ਆਮਾਇ ਆਕਾਇ ਹਰਿ ਰਾਇ ਕਰਤਾ ਗੁਰੂ ਨਿਗਮ ਖਟ ਅਸਟ ਦਸ ਕਹਤ ਨੇਤਾ॥

॥ਦੋਹਰਾ॥

ਉਸਤਤ ਗੁਰ ਦੀਬਾਨ ਸੁਨ ਧਰੇ ਸਿਖ ਮਨ ਧਿਆਨ॥
ਗੁਰ ਦਰਸਨ ਧਿਆਨ ਪ੍ਰਤਾਪ ਤੇ ਪਾਵੇ ਪਦ ਬਿਗਿਆਨ[2]॥

॥ਸਾਖੀ ਗੁਰ ਦੀਬਾਨ ਮਹਿਮਾ ਕੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---
[1] ਇੱਥੇ ਸਿਰਲੇਖ ' ॥ਉਸਤਤ॥ਸਵੈਯਾ॥ ' ਨਹੀਂ ਹੈ (ਅ)
[2] ਭਗਤ ਗਿਆਨ (ਅ,ੲ)

[ਸਾਖੀ ਸਤਿਗੁਰੂ ਜੀ ਦੇ ਨਿਤਕਰਮ ਸਰੀਰ ਬਿਵਹਾਰ ਦੀ ਮਹਿਮਾ]

॥ਦੋਹਰਾ॥

ਅਕ੍ਰੇ ਕਰਤਾ ਰੂਪ ਧਰ ਕਰੇ ਕਰਮ ਸੁਖਸਾਰ॥
ਸੁਨ ਗੁਰ ਲੀਲਾ ਸਿਖ ਮਨ ਧਰੇ ਪਾਵੇ ਮੋਖ ਦੁਆਰ॥੧॥

॥ਚੌਪਈ॥

ਗੁਰ ਨਿਤ ਕਰਮ ਮਹਿਮਾ ਲਖ ਠਾਨੀ॥ ਜਿਉ ਗੁਰਮੁਖ ਸਿਖਨ ਕਥਾ ਬਖਾਨੀ॥
ਅੰਮ੍ਰਿਤ ਕਰਮ ਕਥਾ ਸੁਭ ਭਾਇ॥ ਜਿਹ ਸੁਨ ਉਪਜੈ ਭਗਤ ਸੁਭਾਇ॥੨॥
ਪਹਰ ਰਾਤਿ ਪਿਛਲੀ ਜਬ ਰਹੇ॥ ਜਾਗਤ ਸੁਭਾਉ ਦਿਆਲ ਗੁਰ ਗਹੇ॥
ਕਰ ਸੋਚਾਚਾਰ ਹੋਇ ਪੰਚ ਸਨਾਨੀ॥ ਪੁਨ ਕਰੇ ਸਨਾਨ ਗੁਰ ਕੇਵਲ ਗਿਆਨੀ॥
ਏਕ ਸੌ ਏਕ ਗਾਗਰ ਜਲ ਭਰੇ॥ ਤਾ ਸੋ ਮੱਜਨ ਸਤਗੁਰ ਕਰੇ॥
ਪੁਨ ਨਿਸਚਲ ਚਿਤ ਆਸਨ ਪ੍ਰਭ ਬਹੈ॥ ਨਿਰਬਿਲਕਪ ਸਮਾਧ ਦ੍ਰਿੜ ਗਹੈ॥੪॥
ਜਹ ਸਹਜ ਪ੍ਰਕਾਸ ਸਬਦ ਝੁਨਕਾਰ॥ ਨਿਜ ਰੂਪ ਲੀਨ ਹੋਇ ਗੁਰ ਕਰਤਾਰ॥
331/ੳ ਪੁਨ ਅੰਮ੍ਰਿਤ ਸਮਾ ਹੋਇ ਪ੍ਰਾਤਹਕਾਲ॥ ਕਰੇ ਤਿਲਕ ਗੁਰਮੁਖੀ ਮਸਤਕ ਦਿਆਲ॥/੫॥
ਬਸਨ ਪਵਿਤ੍ਰ ਧਾਰੇ ਗੁਰ ਅੰਗ॥ ਨ੍ਰਿਖਤ ਸੋਭ ਲਜਤ ਅਨੰਗ॥
ਇਸੀ ਭਾਂਤਿ ਗੁਰ ਚਲਤ ਦਿਖਾਵੈ॥ ਸਿਖ ਸਭਾ ਦੇਖਤ ਸੁਖ ਪਾਵੈ॥੬॥

॥ਦੋਹਰਾ॥

ਜਾਮਾ ਏਕ ਸੌ ਏਕ ਪਾਟ ਅਥਵਾ ਪੈਰਾਹਨ ਹੋਇ॥
ਬਹੁਤ ਮਹੀਨ ਸੁੰਦਰ ਸੁਭਗ ਪਹਰੇ ਸਤਿਗੁਰ ਸੋਇ॥੭॥

॥ਚੌਪਈ॥

ਜਬ ਬਸਤ੍ਰ ਪਹਰ ਪ੍ਰਭ ਕਤਹੂ ਜਾਹਿ॥ ਦਾਮਨ ਸਮੇਟ ਲੇਵੈ ਕਰ ਮਾਹਿ॥
ਜੋ ਛਠਵੈ ਮਹਲ ਬਚਨ ਗੁਰ ਕਹਾ॥ ਪ੍ਰਭ ਉਮਰ ਪ੍ਰਜੰਤ ਸੋਈ ਪ੍ਰਣ ਗਹਾ॥੮॥
ਪੁਨਿ ਚੋਆ ਚੰਦਨ ਅਤਰ ਸੁਗੰਧ॥ ਗੁਰ ਅੰਗ ਲਗਾਵੈ ਦੀਨਨ ਬੰਧ॥
ਪ੍ਰਭ ਬਹੇ ਸਭਾ ਹਰਿ ਭਗਤ ਰਸ ਪਾਗੇ॥ ਗਿਰੰਥ ਪਾਠ ਹੋਨ ਤਬ ਲਾਗੇ॥੯॥
ਪੁਨ ਕੀਰਤਨ ਭਜਨ ਹੋਇ ਆਭੰਗ॥ ਰਬਾਬ ਪਖਾਵਜ ਤਾਨ ਤਰੰਗ॥
ਤਿਸ ਮੇ ਸਾਧ ਸਿਧ ਸਭ ਆਵੈ॥ ਅਤਭੁਤ ਦਰਸਨ ਸਤਗੁਰ ਪਾਵੈ॥੧੦॥
ਉਸ ਸਮੇ ਦਰਸਨ ਗੁਰ ਪਾਵੈ ਕੋਇ॥ ਭਗਤ ਅੰਕੂਰ ਤਿਸ ਹਿਰਦੇ ਹੋਇ॥
ਕਰ ਪ੍ਰੇਮ ਪ੍ਰਤੀਤ ਦਰਸਨ ਜੋ ਆਵੈ॥ ਤਾਤ ਕਾਲ ਇਛੇ ਫਲ ਪਾਵੇ॥੧੧॥

॥ਦੋਹਰਾ॥

ਚਰਨ ਕਮਲ ਆਰਤੀ ਪੜੇ ਪੁਨਿ ਲੰਗਰ ਹੋਇ ਤਿਆਰ॥
ਗੁਰ ਬਚਨ ਭੰਡਾਰੀ ਪਾਇ ਕੇ ਸਭ ਸੰਗਤ ਲੇਹ ਹਕਾਰ॥੧੨॥

॥ਚੌਪਈ॥

ਲੰਗਰ ਮਾਹਿ ਦਿਆਲ ਗੁਰ ਛਾਜੈ॥ ਜਿਉ ਤਾਰਾ ਮੰਡਲ ਚੰਦ ਬਿਰਾਜੈ॥
ਵਰਤੇ ਸਭੁ ਭਾਇ ਪ੍ਰਸਾਦਿ॥ ਅਮ੍ਰਿਤ ਭੋਜਨ ਅਦਭੁਤ ਸੁਆਦ॥੧੩॥
ਗੁਰ ਸੰਗਤ ਕੋ ਕਰ ਪ੍ਰੀਤ ਖੁਲਾਵੈ॥ ਜਿਉ ਰਾਮਚੰਦ੍ਰ ਰਿਖ ਭੋਗ ਭੁਗਾਵੈ॥
ਮਿਰਜਾਦਾ ਸੋ ਚੌਕਾ ਹੋਇ॥ ਜੁਗਤ ਪਵਿਤ੍ਰ ਪਾਵੈ ਸਭ ਕੋਇ॥੧੫॥
ਮਾਸ ਆਦਕ ਲੰਗਰ ਨਹੀ ਹੋਇ॥ ਗੁਰ ਆਗਿਆ ਕਰੀ ਨ ਖਾਵੈ ਕੋਇ॥
331/ਅ ਬਾਬੇ ਗੁਰਦਿਤੇ ਜਬ ਤੇ ਤਨ ਤਜਾ॥/ਨਹੀ ਲੰਗਰ ਪੜੇ ਅਹੇੜਾ ਅਜਾ॥
ਬ੍ਰਹਮਚਰਜ ਜੁਗਤ ਪ੍ਰਭ ਰਹੇ॥ ਸਦਾ ਅਭੋਗੀ ਸਭੁ ਰਸੁ ਲਹੇ॥
ਅੰਮ੍ਰਿਤ ਜੁਗਤ ਸਦਾ ਸੁਖਸਾਰ॥ ਅਚਰਜ ਲੀਲਾ ਅਪਰ ਅਪਾਰ॥੧੬॥

॥ਦੋਹਰਾ॥

ਪਾਇ ਪ੍ਰਸਾਦਿ ਦਿਆਲ ਗੁਰ ਹੋਇ ਸੇਜ ਸਹਜ ਸੁਖ ਸੈਨ॥
ਪੁਨਿ ਜਾਗਿ ਬਸਤ੍ਰ ਧਰ ਸਸਤ੍ਰ ਸਭ ਹੋਇ ਬਨ ਅਖੇੜ ਬ੍ਰਿਤ ਚੈਨ॥੧੭॥

॥ਚੌਪਈ॥

ਪੁਨਿ ਦਿਆਲ ਸਿਕਾਰ ਚੜ ਜਾਵੈ॥ ਸਿਖ ਸੂਰਬੀਰ ਸੰਗ ਗੁਰ ਧਾਵੈ॥

ਬਨ ਪਸ ਪੰਖੀ ਖੇਦ ਬਸ ਕਰੇ॥ ਕੋਊ ਨ ਮਾਰੇ ਜੀਵਤ ਬਰੇ॥੧੮॥
ਗ੍ਰਿਹ ਮੋ ਰਾਖ ਪਾਲਨਾ ਹੋਇ॥ ਖਾਨ ਪਾਨ ਦੁਖ ਤਿਨੇ ਨ ਕੋਇ॥
ਭਏ ਇਕਤ੍ਰ ਕਈ ਲਾਖ ਹਜਾਰ॥ ਪਸ ਪੰਖੀ ਬਾਘ ਬਿਲੀਆ ਸਿਆਰ॥੧੯॥
ਪੁਨ ਕਥਾ ਸਮੇ ਪੰਡਤ ਸਭ ਆਵੈ॥ ਕਰ ਕਥਾ ਦਿਆਲ ਗੁਰ ਸ੍ਰਵਨ ਕਰਾਵੈ॥
ਤਹਾ ਭਗਤ ਗਿਆਨ ਅੰਮ੍ਰਿਤ ਮੈ ਬਰਖੈ॥ ਸਾਧ ਅਉਰ ਸਿਧ ਸਭ ਸੁਨ ਹਰਖੇ॥੨੦॥
ਪੁਨਿ ਹੋਇ ਅਖੰਡ ਕੀਰਤਨ ਦਰਬਾਰ॥ ਸੋ ਦਰ ਚੌਕੀ ਪਰਮ ਸੁਖਸਾਰ॥
ਪਹਰਿ ਰਾਤਿ ਲਗ ਸਭਾ ਸੁਹਾਇਆ[1]॥ ਯਹ ਅੰਮ੍ਰਿਤ ਜੁਗਤ ਸਤਿਗੁਰ ਹਰਿ ਰਾਇ॥੨੧॥

॥ਦੋਹਰਾ॥

ਅਮ੍ਰਿਤ ਮੈ ਪੈ ਪਾਨ ਕਰ ਸੁਖ ਸੈਨ ਕਰੇ ਗੁਰ ਦਿਆਲ॥
ਯਹੀ ਭਾਂਤ ਨਿਤਪ੍ਰਤ ਸਦਾ ਹੋਇ ਲੀਲਾ ਪਰਮ ਬਿਸਾਲ॥੨੨॥

॥ਦੋਹਰਾ॥

ਯਹ ਲੀਲਾ ਗੁਰ ਪਰਵਿਰਤ ਜੁਗਤਿ ਸੁਨ ਧਰੇ ਸਿਖ ਮਨ ਭਾਉ॥
ਭੈ ਨਿਧ ਸਾਗਰ ਤਰਨ ਕੋ ਯਾ ਸਮ ਨਹੀ ਉਪਾਇ॥੨੩॥

॥ਸਾਖੀ ਪੂਰਨ ਹੋਈ॥

332/ੳ /ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[1] ਸੁਹਾਇ (ੳ,ਅ,ੲ,ਸ)

[ਸਾਖੀ ਸਾਹਜਹਾਂ ਬਾਦਸ਼ਾਹ ਵੱਲੋਂ ਗੁਰੂ ਜੀ ਨੂੰ ਚਿਠੀ]

॥ਦੋਹਰਾ॥

ਸਰਬ ਸਿਧ ਪਦ ਜਗਤ ਕੇ ਸੇਵਕ ਸਤਿਗੁਰ ਦੁਆਰ॥
ਸਤਿਗੁਰ ਦਾਤਾ ਨਾਮ ਕਾ ਭਰੇ ਭਗਤ ਭੰਡਾਰ॥੧॥

॥ਚੌਪਈ॥

ਸਾਹਜਹਾ ਦਿਲੀ ਪਤਿਸਾਹੁ॥ਚਲੇ ਅਦਾਲਤ ਅਦਲ ਕੇ ਰਾਹ॥
ਰਹਮੁ ਬਡਾ ਪਰਜਾ ਪਰ ਕਰੇ॥ਤੁਰਕ ਹਿੰਦੂ ਕਾ ਪਖ ਨ ਧਰੇ॥੨॥
ਏਕ ਗਜ ਮੋਤੀ ਕੀ ਤਿਸੁ ਖਾਹਸ॥ਹਿੰਦ ਸਗਲ ਮੋ ਕਰੀ ਤਲਾਇਲ[1]॥
ਬਡੇ ਲੌਂਗ ਅਰੁ ਰਾਇ ਹਰੀੜ॥ਖੋਜੇ ਨਹੀ ਮਿਲੇ ਕਾਰਜ ਅਤ ਭੀੜ॥੩॥
ਤਬ ਵਜੀਰ ਅਰਜ ਇਹ ਕਰੀ॥ਮਾਤ ਬਰ ਲੋਕਨ ਸੋ ਸੁਨ ਪਰੀ॥
ਗੁਰ ਹਰਰਾਇ ਜੀ ਕੇ ਘਰ ਆਹਿ॥ਜੋ ਮਾਗੇ ਹਜਰਤ ਦੇਇ ਪਠਾਇ॥੪॥
ਸਾਹਜਹਾ ਜਬ ਯਹ ਸੁਨ ਪਾਇਆ॥ਲਿਖ ਪ੍ਰੀਤ ਬਚਨ ਇਕ ਪੈਕ ਪਠਾਇਆ॥
ਤਿਨ ਜਾਇ ਲਿਖਾ ਸਤਿਗੁਰ ਕੋ ਦੀਆ॥ਪੜ ਦੀਬਾਨ ਅਰਦਾਸ ਗੁਰ ਕੀਆ॥੫॥
ਇਕ ਗਜ ਮੋਤੀ ਅਰੁ ਲੌਂਗ ਹਰੀੜ॥ਮਾਂਗੀ ਬਾਦਸਾਹ ਕਾਰਜ ਹੈ ਭੀੜ॥
ਜੋ ਦੇਵੈ ਦਿਆਲ ਦੇਖ ਤਿਸ ਚਾਹ॥ਉਚਿਤ ਨਾਹੀ ਦੇਨਾ ਬਾਦਸਾਹ॥੬॥

॥ਦੋਹਰਾ॥

ਸੁਨ ਅਰਦਾਸ ਦੀਵਾਨ ਕੀ ਮੁਸਕਾਇ ਕਹਾ ਗੁਰ ਦਿਆਲ॥
ਉਨ ਮਾਂਗੀ ਪ੍ਰੀਤ ਪ੍ਰਤੀਤ ਸੌ ਦੇ ਭੇਜੋ ਤਤਕਾਲ॥੭॥

332/ੳ **/॥ਚੌਪਈ॥**

ਪੁਨ ਤੀਨੋ ਬਸਤ ਪ੍ਰਭ ਲਈ ਮੰਗਾਇ॥ਸਾਹਜਹਾ ਕੌ ਦਈ ਪਠਾਇ॥
ਗਜ ਮੋਤੀ ਅਤ ਮੋਲ ਅਮੋਲਕ॥ਸੁੰਦਰ ਕ੍ਰਿਤ ਦੀਰਘ ਅਤਿ ਲੋਲਕ॥੮॥
ਹਰੜ ਤੋਲ ਚੌਦਹ ਸਿਰ ਸਾਹੀ॥ਇਹ ਗੁਨ ਸੋਭਾ ਤਾ ਮੋ ਆਹੀ॥
ਲੇਤੇ ਹਾਥ ਉਦਰ ਦੁਖ ਰੋਗ॥ਸਭ ਝਰ ਪਰੇ ਮਿਟੇ ਸਭ ਸੋਗ॥੯॥
ਸੀਤੰਗ ਰੋਗ ਬਾਈ ਸਨਪਾਤ॥ਵੈ ਲੌਂਗ ਹਾਥ ਤੇ ਲੇ ਮਿਟ ਜਾਤ॥
ਏਕ ਲੌਂਗ ਮਾਸਾ ਭਰ ਤੋਲ॥ਕਹੂੰ ਨ ਮਿਲਾ ਫਿਰੇ ਜਗ ਟੋਲ॥੧੦॥
ਯਹ ਤੀਨੋ ਪ੍ਰਭ ਦੀਏ ਪਠਾਇ॥ਸਾਹਜਹਾਂ ਕੋ ਪਹੁਤੇ ਜਾਇ॥
ਭਇਆ ਪ੍ਰਸੰਨ ਪਦਾਰਥ ਪਾਇ॥ਪੁਨ ਤਾ ਕੇ ਮਨ ਉਪਜੀ ਆਇ॥੧੧॥

॥ਦੋਹਰਾ॥

ਪੁਨ ਕਰ ਅਫਸੋਸ ਮੁਖ ਸੋ ਕਹਾ ਕਾਦਰ ਬੇਪਰਵਾਹ॥
ਹਿੰਦੂ ਫਕੀਰ ਕੋ ਜੋ ਦੀਆ ਸੋ ਹਮਰੇ ਘਰ ਨਾਹ॥੧੨॥

॥ਚੌਪਈ॥

ਬਾਦਸਾਹ ਅਫਸੋਸ ਯਹ ਕੀਆ॥ਬਢੀ ਹਿਰਸ ਉਸਾਸ ਮੁਖ ਲੀਆ॥
ਦਾਰਾ ਸਕੋਹ ਸਹਜਾਦਾ ਗਿਆਨੀ॥ਬਾਦਸਾਹ ਸੋ ਅਰਜ ਬਖਾਨੀ॥੧੩॥
ਹਜਰਤ ਆਦਲ ਫੈਜ ਰਸਾਨ॥ਹਿਰਸ ਬੁਖਲ ਹਰਕਤ ਸੈਤਾਨ॥
ਵੈ ਫਕੀਰ ਰਬ ਕੀ ਜਾਤ॥ਬੇ ਖਾਹਸ ਜਾਹਰ ਕਰਾਮਾਤ॥੧੪॥
ਕਾਮਲ ਵਲੀ ਘਰ ਨਾਨਕ ਸਾਹ॥ਜਾਨਤ ਹੈ ਹਜਰਤ ਬਦਸਾਹ॥
ਦਾਰਾ ਸਕੋਹ ਕੀ ਅਰਜ ਜਬ ਸੁਨੀ॥ਬੂਝ ਸਮਝ ਮਨ ਮੋ ਭਲ ਗੁਨੀ॥੧੫॥
ਮਿਟੀ ਹਿਰਸ ਅਦਲ ਮਤ ਆਈ॥ਤਬ ਦਾਰਾ ਕੋ ਆਖ ਸੁਨਾਈ॥
ਯਹ ਦੁਨੀਆ ਸਭ ਹਿਰਸ ਹਵਾਇ॥ਨਹੀ ਹਿਰਸ ਜਿਸ ਫਜਲ ਖੁਦਾਇ॥੧੬॥

॥ਦੋਹਰਾ॥

333/ੳ ਜਾ ਕੋ ਫਜਲ ਅਲਾ/ਹ ਤਿਸ ਹਿਰਸ ਬਖੀਲੀ ਨਾਹ॥
ਮੈ ਦੇਖਤ ਜਾਨਤ ਸੁਨਤ ਹੌ ਕਾਮਲ ਘਰ ਨਾਨਕ ਸਾਹ॥੧੭॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲੈ ਉਧਾਰ॥

---

[1] ਤਲਾਇਸ (ੳ,ਅ,ੲ,ਸ)

[ਸਾਖੀ ਸ੍ਰੀ ਸਤਿਗੁਰੂ ਜੀ ਦੀ ਅਪਨੇ ਸੇਵਕ ਪ੍ਰੇਮੀ ਦੀ ਸਰਧਾ ਪੂਰਨ ਕਰਨੀ]

॥ਦੋਹਰਾ॥

ਜੈਸੇ ਸੁੰਨ ਅਕਾਸ ਹੈ ਤਿਉ ਹਿਰਦਾ ਸਤਿਗੁਰ ਦਿਆਲ॥
ਪੁਨ ਤਾ ਮੋ ਰਵ ਪ੍ਰਕਾਸ ਵਤ ਗੁਰ ਲੀਲਾ ਚਲਤ ਬਿਸਾਲ॥੧॥

॥ਚੌਪਈ॥

ਇਕ ਮਾਈ ਸਤਿਗੁਰ ਕੀ ਸਿਖ ਰਹੀ॥ਗੁਰ ਭਗਤ ਪ੍ਰੀਤ ਮੋ ਤਤਫੁਰ ਅਹੀ॥
ਨਿਸ ਦਿਨ ਗੁਰ ਮੂਰਤ ਮਨ ਧਰੇ॥ਗੁਰ ਭੋਗ ਭੁਗਾਵਨ ਸਰਧਾ ਕਰੇ॥੨॥
ਅਤ ਅਸਕਤ ਕਿਛੁ ਤਿਸ ਘਰ ਨਾਹਿ॥ਗੁਰ ਸੇਵਾ ਕੀ ਮਨ ਮੋ ਚਾਹਿ॥
ਇਕ ਦਿਨ ਤਾ ਕੋ ਬਨੀ ਮਜੂਰੀ॥ਧਰਮ ਮਜੂਰੀ ਪਾਵੈ ਪੂਰੀ॥੩॥
ਜਿਉ ਚੁਨਕ ਰਿਖੀ ਸੂਕਾ ਜਗੁ ਥੀਆ॥ਤਿਉ ਗੁਰ ਅਰਪਨ ਮਾਈ ਕੀਆ॥
ਇਕੁ ਟਕਾ ਤਿਸ ਮਿਹਨਤ ਪਾਈ॥ਲੀਏ ਸਮਗ੍ਰੀ ਗ੍ਰਹ ਮੋ ਆਈ॥੪॥
ਸੁਚ ਪਵਿਤ੍ਰ ਮਨ ਚੌਕਾ ਬਨਾ॥ਗੁਰ ਸੇਵਾ ਸਰਧਾ ਬਰਤਨ ਘਨਾ॥
ਗੁਰ ਪ੍ਰੇਮ ਭਗਤ ਕੀ ਅਗਨ ਜਲਾਏ॥ਮਨਮਤ ਹੋਮੇ ਸਮਧਾ ਲਾਏ॥੫॥

॥ਦੋਹਰਾ॥

ਪ੍ਰੀਤ ਪ੍ਰਸਾਦੀ ਪੋਇ ਕੈ ਡਾਰ ਖਾਂਡ ਘਿਉ ਆਦਿ॥
ਨਿੰਮ੍ਰਿਤ ਬਸਤਰ ਢਾਪ ਕਰ ਲੇ ਚਲੀ ਗੁਰ ਪ੍ਰਸਾਦਿ॥੬॥

॥ਚੌਪਈ॥

ਆਗੇ ਸਤਿਗੁਰ ਚਲੇ ਸਿਕਾਰ॥ਸੰਗ ਸਿਖ ਲੇ ਭਏ ਸਵਾਰ॥
ਮਾਈ ਕੋ ਮਗ ਮਿਲੀ ਸਵਾਰੀ॥ਗੁਰ ਦਰਸ ਦੇਖ ਸਿਖਨ ਬਲਿਹਾਰੀ॥੭॥
333/ਅ ਦੇਖ ਮਾਈ/ਗੁਰ ਅੰਤਰਜਾਮੀ॥ਸਰਧਾ ਪੂਰਨ ਸਭ ਘਟ ਗਾਮੀ॥
ਘੋੜਾ ਫੇਰ ਸਿਖਨੀ ਢਿਗ ਆਏ॥ਗੁਰ ਚਰਨ ਲਾਗ ਤਿਨ ਬਿਨੇ ਸੁਨਾਏ॥੮॥
ਹੇ ਪ੍ਰਭ ਪ੍ਰਸਾਦ ਸਰਧਾ ਮਮ ਭੋਗੋ॥ਗੁਰ ਸੇਵਕ ਮਨਸਾ ਪੂਰਨ ਜੋਗੋ॥
ਤੁਮ ਬਿਦਰ ਭਗਤ ਕਾ ਸਾਗੁ ਮੁਖ ਪਾਇਆ॥ਸੁਦਾਮਾ ਕਾ ਤੰਦਲ ਪ੍ਰਭ ਖਾਇਆ॥੯॥
ਮਮ ਅਨਾਥ ਦਾਸੀ ਹੌ ਤੇਰੀ॥ਹੋਹੁ ਦਿਆਲ ਸਰਧਾ ਰਖ[1] ਮੇਰੀ॥

॥ਦੋਹਰਾ॥

ਲੇ ਪ੍ਰਸਾਦਿ ਪ੍ਰਭ ਭੋਗਿਆ ਸਤਿਗੁਰ ਦੀਨ ਦਿਆਲ॥
ਸਭ ਪ੍ਰਸਾਦਿ ਪਾਇਆ ਪ੍ਰਭੂ ਮਾਈ ਭਈ ਨਿਹਾਲ॥੧੦॥

॥ਚੌਪਈ॥

ਯਹ ਸਭ ਲੀਲਾ ਸਿਖਨ ਗੁਰ ਦੇਖਾ॥ਬਿਨ ਪ੍ਰੇਮ ਪ੍ਰਤੀਤ ਸੰਕਾ ਮਨ ਲੇਖਾ॥
ਤਬ ਸਬਹਨ ਮਿਲ ਕੀਨੀ ਅਰਦਾਸ॥ਹੇ ਅੰਤਰਜਾਮੀ ਸਰਬ ਨਿਵਾਸ॥੧੧॥
ਇਹ ਮਾਈ ਪਰਸਾਦੀ ਕਰ ਲਿਆਈ॥ਬਿਨ ਹਾਥ ਧੋਏ ਘੋੜੇ ਚੜੇ ਖਾਈ॥
ਨਹੀ ਖਾਇ ਪ੍ਰਸਾਦਿ ਚੁਲੀ ਪ੍ਰਭ ਕਰੀ॥ਯਹ ਨਵਤਨ ਜੁਗਤ ਦਿਆਲ ਗੁਰ ਧਰੀ॥੧੨॥
ਸੁਨ ਮੁਸਕਾਇ ਸਤਿਗੁਰ ਮਗੁ ਲੀਆ॥ਕਾਹੂ ਕਛੁ ਉਤ੍ਰ ਨਹੀ ਦੀਆ॥
ਖੇਲ ਸਿਕਾਰ ਗ੍ਰਿਹ ਮੋ ਪੁਨ ਅਏ॥ਆਨੰਦ ਮੰਗਲ ਹਰਿ ਕੇ ਗੁਨ ਗਾਏ॥੧੩॥
ਪੁਨ ਮਿਲ ਸਭ ਸੰਗਤ ਕੀਆ ਬਿਚਾਰ॥ਗੁਰ ਛੁਧਾਵੰਤ ਹੋਇ ਸਮੇ ਸਿਕਾਰ॥
ਜਬ ਅਗਲੇ ਦਿਨ ਸਿਕਾਰ ਗੁਰ ਗਏ॥ਲੇ ਸਿਖ ਪ੍ਰਸਾਦਿ ਮਗ ਠਾਢੇ ਭਏ॥੧੪॥

॥ਦੋਹਰਾ॥

ਜਬ ਆਏ ਮਾਰਗ ਦਿਆਲ ਗੁਰ ਸਿਖ ਚਰਨੀ ਲਾਗੇ ਜਾਇ॥
ਸਬਹਨ ਪ੍ਰਸਾਦ ਆਗੇ ਧਰਾ ਕਰ ਕਿਰਪਾ ਗੁਰਮੁਖ ਪਾਇ॥੧੫॥

॥ਚੌਪਈ॥

ਸਿਖਨ ਪ੍ਰਸਾਦ ਗੁਰ ਆਗੇ ਧਰਾ॥ਸਤਗੁਰ ਅੰਗੀਕਾਰ ਨ ਕਰਾ॥
334/ੳ ਤਬ ਹਾ/ਥ ਜੋੜ ਤਿਨ ਬਿਨਤੀ ਕੀਨੀ॥ਕਾਹੇ ਨਹੀ ਭੋਗੋ ਦਿਆਲ ਪ੍ਰਬੀਨੀ॥੧੬॥

---
[1] ਗੁਰ (ੳ)

ਸੁਨ ਬਿਨੇ ਦਿਆਲ ਇਮ ਬਚਨ ਬਖਾਨਾ॥ ਬੇ ਮਿਰਜਾਦ ਭੋਜਨ ਤੁਮ ਆਨਾ॥
ਤਬ ਸਿਖਨ ਕੀਨੀ ਅਰਦਾਸ॥ ਗੁਰ ਪੂਰਨ ਕਰਨ ਜੋਗ ਸਿਖ ਆਸ॥੧੭॥
ਕਲ ਮਾਈ ਈਹਾ ਪ੍ਰਸਾਦਿ ਲਿਆਈ॥ ਤਾ ਮੋ ਮਰਜਾਦ ਨ ਕੋਊ ਆਹੀ॥
ਘੋੜੇ ਪਰ ਚੜੇ ਦਿਆਲ ਪ੍ਰਭ ਖਾਇਆ॥ ਧੋਏ ਨ ਹਾਥ ਨ ਚੁਲੀ ਭਰਾਇਆ॥੧੮॥
ਅਬ ਯਹ ਪ੍ਰਸਾਦਿ ਕਿਉ ਪ੍ਰਭ ਨਹੀ ਖਾਵੈ॥ ਉਤ੍ਰ ਮਿਲੇ ਸਾਂਤ ਤਬ ਆਵੈ॥
ਤਬ ਦਿਆਲ ਤਿਹ ਉਤ੍ਰ ਦੀਨਾ॥ ਸੁਨੋ ਸਿਖ ਗੁਰਮੁਖ ਪਰਬੀਨਾ॥੧੯॥

॥ਦੋਹਰਾ॥

ਲੇ ਜੁਹਦ ਅੰਸ ਅਤ ਪ੍ਰੇਮ ਸੌ ਮਨ ਸੁਧ ਭਗਤ ਚਿਤ ਭਾਇ॥
ਹੋਇ ਨਿੰਮ੍ਰਭੂਤ ਅਰਪਨ ਕੀਆ ਮਹਮਾ ਕਹੀ ਨ ਜਾਇ॥੨੦॥

॥ਚੌਪਈ॥

ਹਰਿ ਜੂਠੇ ਬੇਰ ਸਿਵਰੀ ਕੇ ਖਾਏ॥ ਬਸ ਪ੍ਰੇਮ ਭਗਤ ਤਿਹ ਆਸ੍ਰਮ ਆਏ॥
ਪ੍ਰੇਮੀ ਕੋਊ ਮਿਰਜਾਦ ਨ ਧਰੇ॥ ਪ੍ਰੇਮ ਖੇਲ ਬੇਦਨ ਸੋ ਪਰੇ॥੨੧॥
ਪ੍ਰੇਮ ਪ੍ਰਤੀਤ ਮੋ ਕੋ ਅਤਿ ਪਿਆਰੀ॥ ਪ੍ਰੀਤ ਰੀਤ ਕੀ ਕ੍ਰਿਆ ਨਿਆਰੀ॥
ਜਿਸ ਪ੍ਰੇਮ ਹੋਇ ਸੋ ਮਹਿਮਾ ਜਾਨੇ॥ ਪ੍ਰੇਮ ਸੁਆਦ ਪ੍ਰੀਤਮ ਮਨ ਮਾਨੇ॥੨੨॥
ਗੁਰ ਸਿਖਨ ਪ੍ਰੇਮ ਕਥਾ ਜਬ ਸੁਨੀ॥ ਸ੍ਰੀ ਸਤਿਗੁਰ ਜੀ ਨਿਜ ਮੁਖ ਭਨੀ॥
ਸਭ ਸੰਗਤ ਸਭਾ ਪ੍ਰਭ ਚਰਨਨ ਲਾਗੇ॥ ਸੁਨ ਗੁਰ ਉਪਦੇਸ ਪ੍ਰੇਮ ਰਸ ਪਾਗੇ॥੨੩॥
ਸਭ ਪ੍ਰੇਮ ਭਗਤ ਸਤਿਗੁਰ ਸੌ ਮਾਗੇ॥ ਹੋਇ ਮਾਨਸ ਦੇਹ ਜਗ ਸਾਂਗ ਉਪਾਗੇ[1]॥
ਹੋਇ ਦਿਆਲ ਗੁਰ ਕਿਰਪਾ ਕਰੀ॥ ਪ੍ਰੇਮ ਭਗਤ ਤਿਨ ਹਿਰਦੇ ਧਰੀ॥੨੪॥

॥ਦੋਹਰਾ॥

ਸਤਿਗੁਰ ਦਾਤਾ ਪ੍ਰੇਮ ਕਾ ਸੋ ਲੇ ਜਿਸੁ ਮਸਤਕ ਭਾਗ॥
ਮੋਹ ਨੀਂਦ ਮਨ ਮੂਰਛਾ ਲਗਤ ਪ੍ਰੇਮ ਹੋਇ ਜਾਗ॥੨੫॥

334/ਅ **॥ਸਾਖੀ ਪੂਰਨ ਹੋਈ॥/੧੬੯॥**

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[1] ਉਪਾਗ (ੲ)

[ਸਾਖੀ ਗੁਰੂ ਜੀ ਵੱਲੋਂ ਭਗਵਾਨ ਗਿਰ ਸੰਨਿਆਸੀ ਨੂੰ ਫ਼ਕੀਰੀ ਬਖ਼ਸ਼ਿਸ਼ ਕਰਨਾ]

॥ਦੋਹਰਾ॥

ਜਿਉ ਅੰਧਕਾਰ ਰਵਿ ਪ੍ਰਗਟਿ ਹੋਇ ਤਿਉ ਪ੍ਰਗਟੇ ਗੁਰ ਦਿਆਲ॥
ਗਿਆਨ ਕਿਰਨ ਪ੍ਰਕਾਸ ਤੇ ਹੋਇ ਭਗਤ ਚਿਰਿਤ੍ਰ ਬਿਸਾਲ॥੧॥

॥ਚੌਪਈ॥

ਤਿਸ ਚਾਂਦਨ ਕਰੇ ਜਗਿਆਸੀ ਕੇਲ॥ਗੁਰ ਦਰਸਨ ਆਵੈ ਮਿਲ ਮੇਲ॥
ਹਿਰਦੇ ਸੁਧ ਭਗਤ ਫਲ ਪਾਵੈ॥ਬਿਵਹਾਰੀ ਆਵੈ ਬਹੁ ਜਾਵੈ॥੨॥
ਜਾ ਕੇ ਮਨ ਹਰ ਪ੍ਰੇਮ ਪ੍ਰਤੀਤ॥ਸੋ ਗੁਰਮੁਖ ਸਤਗੁਰ ਕੇ ਮੀਤ॥
ਸਤਗੁਰ ਬਚਨ ਤਾ ਕੇ ਮਨ ਲਾਗੇ॥ਜਨਮੰਤਰ ਕਾ ਸੋਇਆ ਜਾਗੇ॥੩॥
ਕਰ ਸਭ[1] ਦਿਆਲ ਸਿੰਘਾਸਨ ਬੈਸੇ॥ਭਗਤਾਚਲ ਉਦੇ ਗਿਆਨ ਰਵਿ ਜੈਸੇ॥
ਜੋ ਹੀਏ ਹਿਮਾਚਲ ਜਗ ਅਗਿਆਨੀ[2]॥ਗਰ ਬਚਨ ਕਿਰਨ ਲਾਗਤ ਹੋਇ ਪਾਨੀ॥੪॥
ਗੁਰ ਦਰਸਨ ਪਾਰਸ ਪਰਸ ਪ੍ਰਮਾਨ॥ਗੁਰ ਸੇਵਾ ਫਲੁ ਸਰਬ ਨਿਧਾਨ॥
ਗੁਰ ਕਿਰਪਾ ਦ੍ਰਿਸਟਿ ਜਿਹ ਜਨ ਪਰ ਹੋਇ॥ਢੁਲ ਮਿਲੇ ਬੂੰਦ ਸਾਗਰ ਸੋ ਹੋਇ॥੫॥

॥ਦੋਹਰਾ॥

ਤਿਸੀ ਸਮੇ ਭਗਵਾਨ ਗਿਰ ਪਹੁੰਚੇ ਦੇਸ ਪੰਚਾਲ॥
ਮਹਿਮਾ ਸਤਿਗੁਰ ਕੀ ਸੁਨੀ ਮਨ ਅਨਰਾਗ ਬਿਸਾਲ॥੬॥

॥ਅੜਲ॥

ਸੰਨਿਆਸੀ ਕੋ ਭੇਖ ਪ੍ਰੇਮ ਹਰ ਕੋ ਧਰੇ॥
ਧੰਨ ਅਰੋ ਕੁਲ ਅਭਮਾਨ ਨ ਕੁਛ ਮਨ ਮੋ ਧਰੇ॥
ਪਹੁਚਾ ਸਤਿਗੁਰ ਦੁਆਰੇ ਚਿਤ ਬਿਚਾਰ ਕੇ॥
ਹੋ ਮੋਹਿ ਦਰਸਨ ਦੇਹ ਦਿਆਲ ਚਤ੍ਰਭੁਜ ਧਾਰ ਕੇ॥੭॥
335/ੳ ਗੁਰ ਅੰਤਰਜਾਮੀ/ਦਿਆਲ ਮਨੇ ਮਨ ਕੀ ਸਨੀ[3]॥
ਵੈ ਦਰਸਨ ਦੀਆ ਦਿਖਾਇ ਜਾਸ ਕੀ ਰੁਚ ਘਨੀ॥
ਮਨ ਚਿਤੁ ਬੁਧ ਗਲਤਾਨ ਜਬੀ ਦਰਸਨ ਕਰਾ॥
ਪ੍ਰਭ ਸੰਖ ਚਕ੍ਰ ਅਰੁ ਗਦਾ ਪਦਮ ਕਰ ਮੋ ਧਰਾ॥੮॥

॥ਦੋਹਰਾ॥

ਕਮਲ ਨੈਨ ਸੁੰਦਰ ਸਿਆਮ ਉਰ ਬਨ ਮਾਲ ਸੁਹਾਇ॥
ਤਿਲਕ ਰੇਖ ਮਸਤਕ ਸੁਭਗ ਮੁਖ ਅਧਰਮੰਦ ਮੁਸਕਾਇ॥੯॥

॥ਚੌਪਈ॥

ਜਬ ਐਸਾ ਦਰਸਨ ਤਿਨ ਪਾਵਾ॥ਮਗਨ ਭਇਆ ਪੁਨ ਸੁਧ ਮੋ ਆਵਾ॥
ਦੁਇ ਕਰ ਜੋਰ ਕਰੀ ਅਰਦਾਸ॥ਹੇ ਸਤਿਗੁਰ ਦਿਆਲ ਕਰੋ ਮੁਹਿ ਦਾਸ॥੧੦॥
ਦਰਸਨ ਭੇਖ ਅਪਨਾ ਮੋਹ ਦੀਜੈ॥ਮਗਨ ਰਹੋ ਸੁਖ ਸਮਾ ਬਿਤੀਜੈ॥
ਤਬ ਸਤਗੁਰ ਤਾ ਕੋ ਬਚਨ ਸੁਨਾਇਆ॥ਤੁਮ ਈਹਾ ਹਰਿ ਦਰਸਨ ਪਾਇਆ॥੧੧॥

॥ਦੋਹਰਾ॥

ਸ੍ਰੀ ਸਤਿਗੁਰ ਆਗਿਆ ਕਰੀ ਜਾਵੋ ਮਿਹਰ ਚੰਦ ਪਾਸ॥
ਸ੍ਰੀ ਚੰਦ ਤਾਹ ਕਿਰਪਾ ਕਰੀ ਪੂਰੇ ਤੁਮਰੀ ਆਸ॥੧੨॥

॥ਚੌਪਈ॥

ਅਬ ਗੁਰ ਦਰਸਨ ਊਹਾ ਤੁਮ ਕਰੋ॥ਈਹਾ ਊਹਾ ਤੁਮ ਭੇਦ ਨ ਧਰੋ॥
ਤਬ ਭਗਵਾਨ ਦੇਹੁਰੇ ਜੀ ਗਏ॥ਸ੍ਰੀ ਮਿਹਰ ਚੰਦ ਪਗ ਪਰਸਤ ਭਏ॥੧੩॥

---

[1] ਸਭਾ (ੳ,

[2] ਜੋ ਹੀਏ ਹਿਮਾਚਲ ਜੜ ਅਗਿਆਨੀ॥ (ੳ), ਜੋ ਹੀਏ ਹਮਾਚਲ ਜੜ ਗਿਆਨੀ॥ (ਅ), ਜੋ ਹੀਏ ਹਮਚਲ ਜੜਿ ਅਗਿਆਨੀ॥ (ੲ)

[3] ਸੁਨੀ (ੳ,ਅ,ੲ)

॥ ਦੋਹਰਾ ॥

ਭੇਖ ਉਦਾਸੀ ਕੋ ਮਿਲਿਓ ਸਤਨਾਮੁ ਮਨ ਮੰਤ ॥
ਭਗਤ ਭਗਵਾਨ ਨਾਮ ਧਰ ਬਿਚਰੋ ਜਗ ਮੋ ਸੰਤ ॥੧੪॥

ਪਹਿਲੇ ਹਰਿ ਕੋ ਦਰਸਨ ਦੈਓ ॥ ਪਾਛੇ ਦਿਛਿਆਮੰਤ ਭਓ ॥
ਸਗਲ ਬਿਵਹਾਰ ਸਮਿਗ੍ਰੀ ਤਜੀ ॥ ਤਾ ਕੋ ਦੀਨੀ ਜਾ ਕੋ ਸਜੀ ॥੧੫॥
ਬਿਚਰਤ ਫਿਰੇ ਜਿਹ ਦਿਸ ਕੋ ਜਾਇ ॥ ਗੁਰ ਮਾਰਗ ਉਪਦੇਸ ਦ੍ਰਿੜਾਇ ॥
ਰੁਚ ਕਰ ਲੋਗਨ ਤਾ ਸੋ ਮਿਲੇ ॥ ਅਚਰਜ ਬਾਤ ਦੇਖ ਮਨ ਗਿਲੇ ॥੧੬॥
ਤਬ ਬਾਬਾ ਮਿਹਰ ਚੰਦ ਪਹਿ ਆਏ ॥ ਜਗ ਬ੍ਰਿਤੰਤ ਸਭ ਆਖ ਸੁਨਾਏ ॥
335/ਅ /ਇਹ ਸਭ ਜਗ ਗੁਰ ਮਹਿਮਾ ਜਾਨੇ ॥ ਮੇਰਾ ਉਪਦੇਸੁ ਨ ਮਨ ਮੋ ਆਨੇ ॥੧੭॥
ਬਾਬਾ ਮਿਹਰ ਚੰਦ ਜੀ ਕੀਆ ਬਖਾਨ ॥ ਦਿੜ ਮਨ ਸੁਨੋ ਭਗਤ ਭਗਵਾਨ ॥
ਸ੍ਰੀ ਗੁਰੂ ਹਰਿ ਰਾਇ ਚਰਨ ਪੁਨ ਦੇਖੋ ॥ ਆਸਾ ਪੂਰੇ ਸਫਲ ਹੋਇ ਭੇਖੋ[1] ॥੧੮॥
ਲੇ ਹੁਕਮ ਤਖਤ ਕਾਰਜ ਜੋ ਕੀਜੈ ॥ ਤਬ ਜਗ ਤੁਮਰੇ ਉਪਦੇਸ ਪਤੀਜੈ ॥
ਤੁਮ ਮਹਿਮਾ ਤਾ ਕੀ ਸਭ ਦੇਖੀ ॥ ਦੇਖ ਪੇਖੀ ਮਨ ਮੋ ਲੇਖੀ ॥੧੯॥

॥ ਸੋਰਠਾ ॥

ਸੁਨਤ ਬਚਨ ਭਗਵਾਨ ਸਤਿਗੁਰ ਦਰਸਨ ਕੋ ਚਲਿਓ ॥
ਮਨ ਮੋ ਧਰਤ ਧਿਆਨ ਹੋਇ ਸਫਲ ਭੇਖ ਸਤਿਗੁਰ ਮਿਲੇ ॥੨੦॥

॥ ਚੌਪਈ ॥

ਮਗ ਮੋ ਚਿਤਵਨ[2] ਇਮ ਭਈ ॥ ਯਹੀ ਬਾਤ ਮੋ ਸੋ ਚੁਕ ਗਈ ॥
ਗੁਰ ਬਚਨ ਪਾਇ ਭੇਖ ਮੈ ਪਾਇਆ ॥ ਪੁਨ ਦਰਸਨ ਸਤਿਗੁਰ ਨਹੀ ਆਇਆ ॥੨੧॥
ਗੁਰ ਸਰਬ ਘਟਾ ਕੇ ਅੰਤਰਜਾਮੀ ॥ ਸਕਲ ਮਨੋਰਥ ਪੂਰਨ ਕਾਮੀ ॥
ਮੋਹਿ ਪਤਿਤ ਹਰਿ ਦਰਸਨ ਦੀਨਾ ॥ ਤਾਤਕਾਲੁ ਜੜ੍ਹ ਕੀਆ ਪ੍ਰਬੀਨਾ ॥੨੨॥

॥ ਦੋਹਰਾ ॥

ਸਤਿਗੁਰ ਮੋਹ ਅਪਨਾ ਕੀਆ ਪਾਪ ਅਨੇਕ ਮਿਟਾਇ ॥
ਸਰਬ ਜੁਗਤ ਪੂਰਨ ਕਰਨ ਦਿਆਲ ਗੁਰੂ ਹਰਿ ਰਾਇ ॥੨੩॥

॥ ਚੌਪਈ ॥

ਹੀਆ ਉਮਗ ਗਦ ਗਦ ਹੋਇ ਆਇਆ ॥ ਨੈਨਨ ਜਲ ਪਰਵਾਹੁ ਬਹਾਇਆ ॥
ਬਿਆਕਲ ਪ੍ਰੇਮ ਬਸ ਮਨ ਮੋ ਬੂਝੈ ॥ ਗੁਰ ਮੂਰਤ ਬਨ ਤ੍ਰਿਨ ਸਭ ਸੂਝੈ ॥੨੪॥
ਪ੍ਰੇਮ ਮਗਨ ਪਹੁੰਚੇ ਗੁਰ ਦੁਆਰ ॥ ਚਰਨ ਧੂਰ ਲਈ ਮਸਤਕ ਧਾਰ ॥
ਪੁਨ ਅੰਤ ਜਾਇ ਦਰਸ ਪ੍ਰਭ ਪਾਇਆ ॥ ਭਇਆ ਮੁਕਤ ਸਤਿਗੁਰੂ ਬੁਲਾਇਆ ॥੨੫॥
ਆਗੇ ਆਉ ਭਗਤ ਭਗਵਾਨ ॥ ਅਬ ਹੂਆ ਦਰਗਹ ਪਰਵਾਨ ॥
ਮਸਤਕ ਡਾਲ ਚਰਨਨ ਪਰ ਰਹਾ ॥ ਮਨ ਬੁਧ ਗਲਤਾਨ ਕਛੁ ਜਾਤ ਨ ਕਹਾ ॥੨੬॥
336/ੳ ਪੂਰਨ/ਪ੍ਰੇਮ ਦਿਆਲ ਗੁਰ ਦੇਖਾ ॥ ਦੀਆ ਹਿਰਦੇ ਨਾਮ ਪ੍ਰਕਾਸ ਬਸੇਖਾ ॥
ਕਰ ਦਇਆ ਹਾਥ ਸੋ ਸੀਸ ਉਠਾਇਆ ॥ ਪੁਨ ਸ੍ਰੀ ਮੁਖ ਗੁਰ ਬਚਨ ਸੁਨਾਇਆ ॥੨੭॥

॥ ਦੋਹਰਾ ॥

ਅਬ ਤੁਮ ਪੂਰਬ ਦੇਸ ਮੋ ਜਾਇ ਕਰੋ ਉਪਦੇਸ ॥
ਸੁਨਤ ਬਚਨ ਸਭ ਕੋ ਦਿੜੇ ਤੁਮ ਕੋ ਕਰੇ ਅਦੇਸ ॥੨੮॥

॥ ਚੌਪਈ ॥

ਲੇ ਆਗਿਆ ਪੂਰਬ ਕੋ ਆਏ ॥ ਭਇਆ ਪਰਕਾਸ ਅੰਤਰਿ ਲਿਵ ਲਾਏ ॥
ਜੋ ਦਰਸਨ ਕਰੈ ਸੁ ਚਰਨੀ ਲਾਗੇ ॥ ਗੁਰਮੁਖ ਹੋਇ ਬਚਨ ਅਨਰਾਗੇ ॥੨੯॥
ਜਹਾ ਰਹੇ ਤਹਾ ਝੂੰਗੀ ਪਾਇ ॥ ਨਿਸ ਦਿਨ ਧਿਆਨ ਗੁਰੂ ਹਰਿ ਰਾਇ ॥
ਭਗਤ ਭਗਵਾਨ ਗੁਰ ਭਏ ਦਿਆਲ ॥ ਪੂਰਬ ਦੇਸ ਤਿਨ ਕੀਆ ਨਿਹਾਲ ॥੩੦॥

॥ ਸਾਖੀ ਪੂਰਨ ਹੋਈ ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥੧੭੦॥

---

[1] ਭੇਸੋ (ਅ)
[2] ਮਗ ਮੋ ਮਨ ਚਿਤਵਨ (ੳ,ੲ)

[ਸਾਖੀ ਸ੍ਰੀ ਸਤਿਗੁਰ ਨਿਜ ਮੁਖ ਚਿਰੇ ਚਿਰੀ ਦੀ]

॥ਦੋਹਰਾ॥

ਇਕ ਦਿਨ ਸਤਿਗੁਰ ਸਭਾ ਮੋ ਸੁੰਦਰ ਬਚਨ ਬਿਸਾਲ॥
ਸਿਖਨ ਪ੍ਰਿਤ ਉਪਦੇਸ ਜਿਨ ਸੁਤ ਹੋਇ ਨਿਹਾਲ॥੧॥

॥ਦੋਹਰਾ॥

ਤਹਾ ਏਕ ਬਿਨਤੀ ਕਰੀ ਹੇ ਸਤਿਗੁਰ ਨਾਥ ਅਨਾਥ॥
ਗੁਰ ਸੇਵਾ ਸਿਖ ਕਿਤ ਕਰੇ ਜੋ ਘਰ ਹੋਇ ਨ ਆਥ॥੨॥

॥ਚੌਪਈ॥

ਤਬ ਸਤਿਗੁਰ ਕਹਾ ਸੁਨ ਸਿਖ ਸੁਜਾਨ॥ਜੋ ਮੋਹਿ ਜਾਨੈ ਮੈ ਤਾ ਕੋ ਜਾਨ॥
ਸੁੰਦਰ ਕਥਾ ਤੋਹਿ ਕਹੋ ਸੁਨਾਇ॥ਮਨ ਦ੍ਰਿੜ ਕਰ ਦੇਖੋ ਪਤੀਆਇ॥੩॥
ਸਿਖ ਮਮ ਏਕ ਨਗਰ ਮੋ ਆਹਾ[1]॥ਅਨ ਧਨੁ ਤਿਸ ਘਰ ਕਛੂ ਨ ਰਹਾ॥
336/ਅ ਇਕ ਚਿੜੀ ਚਿੜਾ ਤਾ ਕੇ ਘਰ ਰਹੇ॥ਵੈਸ ਗਿ/ਆਨ ਤਾ ਕੋ ਦੁਖ ਦਹੇ॥੪॥
ਪੂਰਬ ਕਰਮ ਗਤ ਪੰਛੀ ਭਏ॥ਨਿਜਮਤ ਸਿਖ ਮੇਰੇ ਵੈ ਰਹੇ॥
ਸਿਖ ਬਿਪਤ ਦੇਖਤ ਬਿਲਖਾਇ॥ਤਬ ਕਰ ਬਿਚਾਰ ਤਿਨ ਕਰੀ ਸਹਾਇ॥੫॥
ਕਛ ਇਨ ਕਾ ਅੰਸ ਗੁਰ ਕੇ ਮੁਖ ਪਰੇ॥ਤਬ ਬਿਪਤ ਮਿਟੇ ਸਪਤਾ ਗ੍ਰਹ ਭਰੇ॥
ਵੈ ਕਰ ਮਿਹਨਤ ਕਛ ਅੰਨ ਲਿਆਵੈ॥ਸੁਕਾਇ ਕੂਟ ਪੀਸ ਤਬ ਖਾਵੈਂ॥੬॥

॥ਸੋਰਠਾ॥[2]

ਜਬ ਵੈ ਅੰਨ ਸੁਕਾਇ ਤਬ ਚਿੜੀ ਚਿੜਾ ਦੁਇ ਚਿੰਚ ਭਰ॥
ਲੈ ਮਮ ਲੰਗਰ ਮੋ ਪਾਇ ਜਹਾਂ ਸੰਗਤ ਹੌ ਭੋਜਨ ਕਰੋ॥੭॥

॥ਚੌਪਈ॥

ਤਾ ਕੇ ਉਪਕਾਰ ਗਈ ਬਿਪਤ ਬਿਲਾਇ॥ਅੰਨ ਧੰਨ ਸਿਖ ਘਰ ਹੂਆ ਆਇ॥
ਤਿਨ ਬਿਪਤ ਕੀ ਛਾਨ ਉਜਾਰ ਪਵਾਰੀ॥ਨਈ ਹਵੇਲੀ ਤਾਹਿ ਉਸਾਰੀ॥੮॥
ਤਬ ਚਿਰੀ ਚਿਰਾ ਵਹ ਠੌਰ ਤਜ ਗਏ॥ਕਿਸੀ ਬਿਰਛ ਪਰ ਆਲਨਾ ਕੀਤੇ ਭਏ॥
ਤਿਸ ਸਿਖ ਕੀ ਅੰਸ ਲੰਗਰ ਨਹੀ ਪਾਇ॥ਗਈ ਬਿਪਤ ਪੁਨ ਲਾਗੀ ਆਇ॥੯॥

॥ਦੋਹਰਾ॥[3]

ਤਬ ਸਿਖ ਮੋ ਪੈ[4] ਆ ਕਹੀ ਕਥਾ ਸਭ ਬਿਪਤ ਕੀ॥
ਹੇ ਸਤਿਗੁਰ ਕਰੋ ਸਹਾਇ ਬਿਨ ਪ੍ਰਭ ਮੇਰਾ ਕੋ ਨਹੀ॥੧੦॥

॥ਸੋਰਠਾ॥[5]

ਤਬ ਮੈ ਸਿਖ ਸਮਝਾਇ ਕਹੀ ਕਥਾ ਚਿੜੀ ਅਰੁ ਚਿੜੇ ਕੀ॥
ਤੂੰ ਗੁਰਸਿਖ ਸੇਵ ਕਮਾਉ ਗਈ ਸੰਪਦਾ ਪੁਨ ਮਿਲੇ॥੧੧॥

॥ਸੋਰਠਾ॥[6]

ਜੋ ਕੋਈ ਮਮ ਸਿਖ ਕਰੇ ਸੇਵ ਗੁਰਸਿਖ ਕੀ॥
ਮੈ ਤਿਸੁ ਕਰੌ ਸਹਾਇ ਅੰਨ ਧੰਨ ਦੇਵੋ ਹਰ ਭਗਤ॥੧੨॥

॥ਸੋਰਠਾ॥[7]

ਸੁਨਿ ਸਿਖ ਸ੍ਰੀ ਮੁਖਵਾਕ ਕਥਾ ਸੇਵ ਬਿਪਤਾ ਹਰਨ॥
ਮਨ ਮੋ ਦਿੜ ਕਰ ਰਾਖ ਸਤਿਗੁਰ ਕੇ ਚਰਨ ਪਰੇ॥੧੩॥

॥ਸਾਖੀ ਪੂਰਨ ਹੋਈ॥੧੭੧॥

337/ੳ /ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਅਹਾ (ੳ,ਅ,ੲ,ਸ)
[2] ਇੱਥੇ ਸਿਰਲੇਖ '॥ਦੋਹਰਾ॥' ਹੈ (ੳ,ੲ)
[3] ਇੱਥੇ ਸਿਰਲੇਖ '॥ਸੋਰਠਾ॥' ਹੈ (ੳ)
[4] ਆਇ ਪਹਿ (ੳ,ਅ)
[5] ਇੱਥੇ ਸਿਰਲੇਖ '॥ਸੋਰਠਾ॥' ਨਹੀਂ ਹੈ (ਅ)
[6] ਇੱਥੇ ਸਿਰਲੇਖ '॥ਸੋਰਠਾ॥' ਨਹੀਂ ਹੈ (ਅ)
[7] ਇੱਥੇ ਸਿਰਲੇਖ '॥ਸੋਰਠਾ॥' ਨਹੀਂ ਹੈ (ਅ)

[ਸਾਖੀ ਸਰਪ ਅਜਗਰ ਦੀ ਸਿਕਾਰ ਲੀਲਾ]

॥ਦੋਹਰਾ॥

ਅਖੇੜ ਬਿਰਤ ਸਤਿਗੁਰ ਚਲੇ ਅਚਰਜ ਸਜ ਸੁਭ ਸਾਜ॥
ਅਚਰਜ ਲੀਲਾ ਕੋ ਲਖੇ ਅਚਰਜ ਧਰੇ ਸਮਾਜ॥੧॥
ਪ੍ਰੇਮ ਰੂਪ ਤੀਖਨ ਤੁਰੰਗ ਨਿਹਸੰਕ ਜੀਨ ਸੁਭ ਰੰਗ॥
ਸਹਿਜ ਪਾਵ ਲੇ ਅਤ ਸੁਭਗ ਬਾਹਨ ਬਨਿਓ ਅਭੰਗ॥੨॥
ਭਗਤ ਗਿਆਨ ਵੈਰਾਗ ਜੋਗ ਸਜੈ ਅਤ੍ਰ ਸੁਭ ਸਾਰ॥
ਲੇ ਗੁਰਮੁਖ ਸਿਖ ਸੰਗਤ ਸਭੈ ਸਤਿਗੁਰ ਚਲੇ ਸਿਕਾਰ॥੩॥

॥ਚੌਪਈ॥

ਖੇਲਤ ਸਿਕਾਰ ਪਰਬਤ ਢਿਗ ਗਏ॥ਤਹ ਅਚਰਜ ਇਹ ਦੇਖਤ ਭਏ॥
ਇਕ ਬਡੋ ਸਰਪ ਅਜਗਰ ਤਿਹ ਠਾਇ॥ਕੋਟਿ ਲਾਖ ਚਿਵਟੀ ਤਿਸ ਖਾਇ॥੪॥
ਅਤਿ ਬਿਹਾਲ ਤੜਫੇ ਛਪਟਾਇ॥ਤਨ ਛਿਦ੍ਰ ਭਏ ਚਿਵਟੀ ਕੀਏ ਘਾਇ॥
ਤਿਸ ਦੇਖ ਸਤਗੁਰ ਜੀ ਬਾਨ ਪਰਹਾਰ[1]॥ਕਾਟਿਓ ਸੀਸ ਸੁਭ ਲੋਕ ਸਿਧਾਰ॥੫॥

॥ਸਭ ਸੰਗਤ ਬਚਨ॥[2]

॥ਦੋਹਰਾ॥

ਹੇ ਸਤਿਗੁਰ ਜੀ ਕੌਨ ਇਹ ਕੌਨ ਪਾਪ ਕੀਓ ਜਾਸ॥
ਕਵਨ ਕਰਮ ਚਿਵਟੀ ਗ੍ਰਸਿਓ ਹਨਿਓ ਬਿਨ ਅਪਰਾਧ ਪ੍ਰਭ ਤਾਸ॥੬॥

॥ਸਤਗੁਰ ਬਾਚ॥

॥ਚੌਪਈ॥[3]

ਸੁਨ ਅਰਦਾਸ ਪ੍ਰਭ ਕੀਆ ਬਖਾਨ॥ਸੁਨੋ ਸਿਖ ਮਨ ਧਰੋ ਸੁਜਾਨ॥
ਇਹੁ ਪੰਡਤ ਥਾ ਜਗੁ ਗੁਰੂ ਕਹਾਵੈ॥ਅਥ ਅਭਗਤ ਕਰ ਡਿੰਭ ਪੁਜਾਵੈ॥੭॥
ਪ੍ਰੇਮ ਭਗਤ ਜੋਗ ਵੈਰਾਗ॥ਉਪਦੇਸ ਕਰੇ ਜਗ ਇਨ ਕੋ ਤਿਆਗ॥
ਮਤੁ ਵੇਦੰਤ ਸਭ ਕੋ ਉਪਦੇਸੇ॥ਬ੍ਰਹਮ ਬ੍ਰਹਮ ਮੁਖ ਹਿਰਦੇ ਨ ਲੇਸੇ॥੮॥
337/ਅ ਠਗ ਸਭ ਜਗ ਧਨ ਬਹੁਤ ਬਟੋਰਾ॥ਭੋਗੇ ਭੋ/ਗ ਅੰਤ ਦੁਖ ਘੋਰਾ॥
ਕਾਲ ਬਸਿ ਹੋਇ ਇਹ ਗਤਿ ਪਾਈ॥ਅਬ ਸਿਖ ਚਿਵਟੀ ਹੋਇ ਤਿ[4] ਖਾਈ॥੯॥

॥ਦੋਹਰਾ॥

ਇਨ ਕੀ ਗਤਿ ਨਹੀ ਕਰ ਸਕਿਓ ਆਪ ਜੋਨ ਅਹਿ ਪਾਇ॥
ਅਬ ਮਾਸ ਖਾਇ ਜਿਨ ਧਨ ਹਰਿਓ ਕੋ ਅਬ ਕਰੇ ਸਹਾਇ॥੧੦॥

॥ਚੌਪਈ॥

ਅਬ ਇਨ ਮੇਰੋ ਦਰਸਨ ਕੀਨੋ॥ਅੰਤਰਿਗਤਿ ਭਇਆ ਸੰਤ ਅਧੀਨੋ॥
ਅਬ ਦੇਹ ਤਿਆਗ ਸੁਭ ਲੋਕਹ ਗਇਆ॥ਪੂਰਨ ਗਿਆਨ ਬਿਨੁ ਮੁਕਤ ਨ ਭਇਆ॥੧੧॥
ਬਿਨਾ ਗਿਆਨ ਜਗ ਗੁਰੂ ਹਾਹੀ[5]॥ਨਰਕ ਘੋਰ ਅਧਮ ਗਤਿ ਪਾਹੀ॥
ਅਰੁ ਕਾਚੇ ਗੁਰ ਕਾ ਸਿਖ ਜੁ ਹੋਈ॥ਮਾਨੁਖ ਦੇਖ ਬ੍ਰਿਥਾ ਤਿਨ ਖੋਈ॥੧੨॥

॥ਦੋਹਰਾ॥

ਜੋ ਕੋਈ ਮਮ ਸਿਖ ਹੋਇ ਪੂਜਾ ਅੰਸ ਨ ਖਾਇ॥
ਕਰ ਧਰਮ ਕਿਰਤੁ ਸੰਤਨ ਜਜੈ ਮੈ ਤਿਸ ਕਰੋ ਸਹਾਇ॥੧੩॥

॥ਸਾਖੀ ਪੂਰਨ ਹੋਈ॥੧੭੨॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਪਰਹਾਰਾ (ੳ)
[2] ਸੰਗਤ ਬਚਨ (ੳ,ਅ,ੲ)
[3] ਇੱਥੇ ਸਿਰਲੇਖ '॥ਚੌਪਈ॥' ਨਹੀਂ ਹੈ (ਅ)
[4] ਤਿਸ (ੳ,ਅ,ੲ,ਸ)
[5] ਗੁਰੂ ਕਹਾਹੀ (ੳ,ਅ,ੲ,ਸ)

[ਸਾਖੀ ਮਹਿਮਾ ਸਿਖ ਸਾਧ ਸੇਵਾ ਅਰੁ ਲੰਗਰ ਅਸਥਾਨ ਦੀ]

॥ਦੋਹਰਾ॥

ਹਰਿ ਭਗਤ ਹੇਤ ਗੁਰ ਰੂਪ ਧਰ ਕੀਨਾ ਭਗਤ ਬਿਲਾਸ॥
ਜਾ ਕੋ ਹੋਇ ਦਿਆਲ ਗੁਰ ਤਿਸ ਘਟ ਭਗਤ ਨਿਵਾਸ॥੧॥

॥ਚੌਪਈ॥

ਜੋ ਗੁਰ ਕਾ ਸਿਖ ਸੇਵਾ ਮਨ ਧਰੇ॥ਗੁਰ ਨਮਿਤ ਲੰਗਰ ਗ੍ਰਿਹ ਕਰੇ॥
ਮਨ ਪ੍ਰੀਤ ਧਾਰ ਗੁਰਸਿਖਨ ਸੇਵੈ॥ਸੇਵਕ ਭਾਇ ਭੂਖੇ ਕਉ ਦੇਵੈ॥੨॥
ਸੁਨ ਸਤਿਗੁਰ ਜੀ ਹੋਇ ਪ੍ਰਸੰਨ॥ਸੇਵਕ ਕੌ ਸ੍ਰੀ ਮੁਖ ਕਹੇ ਧੰਨ॥
338/ੳ ਬਹੁਤ ਅਸਥਾਨ ਲੰਗਰ ਗੁਰ ਹੋਇ॥ਨਗਰ ਨਗਰ ਗੁਰ ਮਹਿਮਾ/ਸੋਇ॥੩॥
ਜੋ ਸਿਖ ਸਤਿਗੁਰ ਕੇ ਦਰਸਨ ਆਵੈ॥ਉਪਦੇਸ ਯਹੀ ਹੋਇ ਦਿਆਲ ਸੁਨਾਵੈ॥
ਮਮ ਸਿਖ ਸੋਇ ਜੋ ਸੇਵਾ ਕਰੇ॥ਹੋਇ ਨਿਮ੍ਰਭੂਤ ਭਗਤ ਮਨ ਧਰੇ॥੪॥
ਪਰਉਪਕਾਰ ਸਦਾ ਮਨ ਧਰੇ[1]॥ਕਾਹੂ ਕੀ ਨਿੰਦਆ ਨ ਬਿਚਾਰੇ॥
ਸੁਨ ਉਪਦੇਸ ਜੁ ਗੁਰ ਮਨ ਧਰੇ[2]॥ਬਿਨ ਪ੍ਰਿਆਸ ਭਵਸਾਗਰ ਤਰੇ[3]॥੫॥
ਫੇਰੂ ਗੁਰ ਦਰਸਨ ਕੋ ਆਇਆ॥ਗੁਰਸਿਖ ਮਿਲਾਪੀ ਸੰਗ ਲੇ ਆਇਆ॥
ਗੁਰ ਦਰਸਨ ਪਾਇ ਚਰਨਨ ਪਰ ਪਰੇ[4]॥੬॥

॥ਦੋਹਰਾ॥

ਭਾਈ ਫੇਰੋ ਪ੍ਰੇਮ ਸੋ ਲੇ ਸਿਖ ਮਿਲਾਪੀ ਨਾਲ॥
ਲੰਗਰ ਕੀ ਸੇਵਾ ਗਏ ਲਗੇ ਕਰਨ ਤਹ ਘਾਲ॥੭॥

॥ਚੌਪਈ॥

ਸਹਿਜਿ ਭਾਇ ਗੁਰ ਦਿਆਲ ਚਿਤਾਰਾ॥ਭਾਈ ਫੇਰੂ ਕਹਾ ਸਿਧਾਰਾ॥
ਪ੍ਰੇਮ ਬਿਰਛ ਫਲੁ ਲਾਗਨ ਲਾਗੇ॥ਭਏ ਸਤਿਗੁਰ ਦਿਆਲ ਫੇਰੂ ਬਡਭਾਗੇ॥੮॥
ਤਬ ਸਿਖ ਬੁਲਾਇ ਫੈਰੂ ਕੋ ਲਿਆਏ॥ਆਇ ਗੁਰ ਚਰਨਨ ਮਸਤਕ ਨਿਆਏ॥
ਦੇਖ ਪ੍ਰੇਮ ਫੇਰੂ ਕਾ ਦਿਆਲ॥ਕਰੀ ਖੁਸੀ ਤਿਸ ਕੀਆ ਨਿਹਾਲ॥
ਬਚਨ ਬਿਲਾਸ ਦਿਆਲ ਮੁਖ[5] ਕਹੇ॥ਤੂੰ ਪ੍ਰੇਮੀ ਸੇਵਕ ਮੇਰਾ ਅਹੇ॥
ਨਿਜ ਘਰ ਜਾਇ ਲੰਗਰ ਮਮ ਕਰੋ॥ਸਿਖ ਅਥਿਤ ਸੇਵਾ ਮਲ ਧਰੋ॥੯॥
ਗੁਰ ਲੰਗਰ ਬਖਸੁ ਫੇਰੂ ਕੋ ਕੀਨਾ॥ਪਰਾ ਚਰਨ ਮਨ ਹੋਇ ਅਧੀਨਾ॥
ਲੇ ਆਗਿਆ ਗੁਰ ਘਰ ਕੋ ਆਇਆ॥ਲੰਗਰ ਅਸਥਾਨ ਤਹ ਤੁਰਤੁ ਬਨਾਇਆ॥੧੦॥

॥ਦੋਹਰਾ॥

ਸਤਿਗੁਰ ਬਚਨ ਲੰਗਰ ਭਇਆ ਜੋ ਆਵੈ ਸੋ ਖਾਇ॥
ਸਮਤਾ ਭਾਇ ਮਨ ਪ੍ਰੇਮ ਜੁਤ ਫੇਰੂ ਸੇਵ ਕਮਾਇ॥੧੧॥

॥ਚੌਪਈ॥

338/ਅ ਦਿਵਸ ਏਕ ਸਿਖੁ ਇਕ ਆਇਆ॥ਅਤ ਛੁਧਾਵੰਤ ਤਿ/ਨ ਬਚਨ ਸੁਨਾਇਆ॥
ਭੈਯਾ ਸਮਾ ਵਰਤਾਰਾ ਭੈਯਾ॥ਸੁਨ ਭਾਈ ਫੇਰੋ ਲੰਗਰ ਮੋ ਗਇਆ॥੧੨॥
ਇਕ ਮਿਸੀ ਰੋਟੀ ਆਨ ਸੁ ਦੀਆ[6]॥ਸਭ ਵਰਤ ਗਇਆ ਪੀਛੇ ਥੀ ਰਹੀ॥
ਲੇ ਗੁਰ ਕੇ ਸਿਖ ਪ੍ਰਸਾਦੀ ਖਾਇਆ॥ਫੇਰੋ ਕੋ ਇਉ ਬਚਨ ਸੁਨਾਇਆ॥੧੩॥
ਹੇ ਫੇਰੋ ਲੰਗਰ ਕਾਣਾ ਕੀਆ॥ਖਾਇ ਪ੍ਰਸਾਇ ਮੈ ਤ੍ਰਿਪਤ ਨ ਥੀਆ॥
ਅਉਰਨ ਕੋ ਤੁਮ ਰਸ ਕਸ ਦੀਨੇ॥ਹਮ ਦਈ ਏਕ ਨਿਰਧਨ ਸਿਖੁ ਚੀਨੇ॥੧੪॥
ਸੁਨਤ ਬਚਨ ਫੇਰੋ ਕੰਪਾਨਾ॥ਸਤਿਗੁਰ ਕਾ ਭੈ ਮਨ ਮੋ ਠਾਨਾ॥

---

[1] ਧਾਰੇ (ੳ,ਅ,ੲ)
[2] ਧਾਰੇ (ਅ)
[3] ਤਾਰੇ (ਅ)
[4] ਗੁਰ ਦਰਸਨ ਪਾਇ ਚਰਨਨ ਪਰ ਪਰੇ॥ਸਤਿਗੁਰ ਦਿਆਲ ਕਿਰਪਾ ਬਹੁ ਕਰੇ॥ (ੳ,ਅ,ੲ)
[5] ਗੁਰ (ਅ)
[6] ਇਕ ਮਿਸੀ ਰੋਟੀ ਆਨ ਤਿਸੁ ਦਈ॥ (ੳ,ਅ), ਇਕ ਮਿਸੀ ਰੋਟੀ ਆਨ ਸੁ ਦੀਯਾ॥ (ੲ)

ਕਰ ਜੋਰ ਸਿਖ ਆਗੇ ਠਾਢਾ ਭਇਆ॥ ਹੋਇ ਨਿਮ੍ਰਭੂਤ ਬਹੁ ਬਿਨਤੀ ਕੀਆ॥੧੫॥

॥ਦੋਹਰਾ॥

ਤੁਮ ਬਖਸਿੰਦ ਗੁਰਸਿਖ ਹੋ ਇਹ ਬਚਨ ਫੇਰੋ ਹੋਇ ਦਿਆਲ॥
ਮਮ ਏਕ ਆਖ ਕਾਣੀ ਕਰੋ ਗੁਰ ਲੰਗਰ ਰਖੋ ਬਹਾਲ॥੧੬॥

॥ਚੌਪਈ॥

ਸੁਨ ਬਿਨਤੀ ਗੁਰ ਕਾ ਸਿਖ ਹਸਾ ॥ਗੁਰ ਭਗਤ ਮਾਹਿ ਫੇਰੋ ਕੋ ਕਸਾ॥
ਸਾਬੂਤ ਦੇਖ ਪੁਨ ਬਚਨ ਬਖਾਨਾ॥ਲੰਗਰ ਬਚਾ ਫੂਟਾ ਦ੍ਰਿਗ ਆਨਾ॥
ਯਹੀ ਬਾਤ ਸਤਿਗੁਰ ਜੀ ਸੁਨੀ॥ਭਈ ਖੁਸੀ ਜਬ ਦਰਸਨ ਪਾਇਆ॥੧੮॥
ਦੇਖ ਆਂਖ ਗੁਰ ਬਾਤ ਪੁਛਾਈ॥ਸਭ ਕਥਾ ਸਿਖ ਕੀ ਆਖ ਸੁਨਾਈ॥
ਸੁਨ ਗੁਰ ਦਿਆਲ ਖੁਸੀ ਬਹੁ ਕੀਨੀ॥ਮਮ ਲੰਗਰ ਹੇਤ ਆਂਖ ਤੈ ਦੀਨੀ॥੧੯॥
ਸਭ ਸੰਗਤ ਮੋ ਸੋਭਾ ਭਈ॥ਗੁਰ ਸੇਵਾ ਹੇਤ ਆਂਖ ਤਿਨ ਦਈ॥
ਜੋ ਕੋਈ ਗੁਰੂ ਬਚਨ ਦਿੜ ਕਰੇ॥ਬਿਨ ਪ੍ਰਿਆਸ ਭਵ ਸਾਗਰ ਤਰੇ॥੨੦॥

॥ਦੋਹਰਾ॥

ਭਾਈ ਫੇਰੋ ਕੀ ਟਹਲ ਪਰ ਸਤਗੁਰ ਭਏ ਦਿਆਲ॥
ਜੋ ਗੁਰ ਨਮਿ ਸੇਵਾ ਕਰੇ ਸਤਿਗੁਰ ਕਰੇ ਨਿਹਾਲ॥੨੧॥ [1]

॥ਸਾਖੀ ਪੂਰਨ ਹੋਈ॥

339/ੳ /ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[1] ਇੱਥੇ 'ਦੋਹਰਾ॥ਭਾਈ ਫੇਰੋ ਕੀ ਟਹਲ....ਸਤਿਗੁਰ ਕਰੇ ਨਿਹਾਲ॥੨੧॥' ਪਾਠ ਨਹੀਂ ਹੈ (ਸ)

[ਸਾਖੀ ਗੁਰੂ ਜੀ ਵੱਲੋਂ ਭਾਈ ਰੂਪੇ ਅਤੇ ਸਿੰਧੂ ਸਿਖ ਨੂੰ ਬਖ਼ਸ਼ਿਸ਼ ਕਰਨਾ]

॥ਦੋਹਰਾ॥

ਗੁਰੂ ਗਰੀਬ ਨਿਵਾਜ ਹੈ ਹੋਇ ਗਰੀਬ ਜੁ ਕੋਇ॥
ਜਿਉ ਪਾਰਸ ਤਾਂਬਾ ਛੁਹੇ ਗੁਰ ਕਿਰਪਾ ਤੇ ਗਤਿ ਹੋਇ॥੧॥

॥ਚੌਪਈ॥

ਰੂਪਾ ਸੰਧੂ ਗੁਰੂ ਕੇ ਸਿਖ॥ਸਤਗੁਰ ਪ੍ਰੇਮ ਜਿਨ ਪਇਆ ਭਵਿਖ॥
ਜਾਤ ਬਢਈ ਦੋਊ ਵੈ ਭਾਈ॥ਤਿਨ ਭਾਈ ਫੇਰੂ ਸੰਗਤ ਪਾਈ॥੨॥
ਰੂਪੇ ਸਤਗੁਰ ਕਾ ਦਰਸਨ ਕੀਨਾ॥ਭਾਈ ਫੇਰੋ ਸੰਗ ਜਾਇ ਪ੍ਰਬੀਨਾ॥
ਇਕ ਭਾਈ ਘਰ ਮੋ ਗੁਰ ਜਪੁ ਜਪੈ॥ਗੁਰ ਦਰਸਨ ਲਗਨ ਪ੍ਰੇਮ ਤਪ ਤਪੈ॥੩॥
ਬਨ ਸੋ ਜਾਇ ਲਕੜੀ ਕਟ ਲਿਆਵੈ॥ਜਿਉ ਰੰਕਾ ਬੰਕਾ ਕ੍ਰਿਤ ਕਮਾਵੈ॥
ਘੜਾ ਬੇਚ ਕਾਲ ਛੇਪਨਾ ਕਰੇ॥ਜਿਉ ਚੁਨਕ ਰਿਖ ਉਦਰ ਪੋਖਨਾ ਧਰੇ॥੪॥
ਨਿਸ ਦਿਨ ਗੁਰ ਦ੍ਰਸਨ ਚਿਤ ਧਾਰੇ॥ਜਿਉ ਸਿਵਰੀ ਹਰਿ ਸਰੂਪ ਮਨਿ ਧਾਰੇ॥
ਗੁਰ ਲੀਲਾ ਮਹਿਮਾ ਮੁਖੋ ਬਖਾਨੇ॥ਜਿਉ ਕ੍ਰਿਸਨ ਚਰਿਤ੍ਰ ਗੋਪ ਮਨ ਠਾਨੇ॥੫॥

॥ਦੋਹਰਾ॥

ਇਕ ਦਿਨ ਦੋਊ ਬਨ ਗਏ ਕਾਟਨ ਬਿਰਛ ਪਲਾਸ ॥
ਭਰ ਕੋਰਾ ਤੌਲਾ ਜਲ ਸੰਗ ਲੀਆ ਮਤ ਬਨ ਮੋ ਲਾਗੇ ਪਿਆਸ॥੬॥

॥ਚੌਪਈ॥

ਬਨ ਮੋ ਲਕੜੀ ਕਾਟਨ ਲਾਗੇ॥ਕਰੇ ਕਿਰਤ ਪ੍ਰੇਮ ਰੰਗ ਪਗੇ[1]॥
ਲਕੜੀ ਕਟਤ ਦੁਪਹਰ ਹੋਇ ਗਈ॥ਲਗੀ ਪਿਆਸ ਉਸਨਤਾ ਭਈ॥੭॥
ਹੋਇ ਵਿਆਕਲ ਜਲੁ ਪੀਵਨ ਆਏ॥ਤਿਨ ਜਲ ਤੌਲੇ ਕੋ ਹਾਥ ਲਗਾਏ॥
ਲਗੀ ਪਵਨ ਜਲ ਸੀਤਲ ਭਇਆ॥ਵੈ ਪ੍ਰੇਮ ਕਲਸ ਮਾਨੋ ਭਰ ਰਹਿਆ॥੮॥
339/ਅ ਜਬ/ਤਿਨ ਜਲ ਕੋ ਹਾਥੁ ਛੁਹਾਇਆ॥ਤਤ ਸੀਤਲ ਲਗਾ ਸਤਗੁਰ ਚਿਤ ਆਇਆ॥
ਦੋਊ ਕਹਾ ਜਲ ਸਤਗੁਰ ਲਾਇਕ॥ਅਤ ਸੀਤਲ ਮੀਠਾ ਸੁਖਦਾਇਕ॥੯॥
ਇਸ ਜਲ ਕੋ ਹਮ ਕਬੂੰ ਨ ਪੀਵੈ॥ਭਾਵੈ ਮਰੌ ਭਾਵੈਂ ਹਮ ਜੀਵੈ॥
ਕਹਿ ਸਿੰਧੂ ਰੂਪੈ ਸਮਝਾਵੈ॥੧੦॥[2]

॥ਦੋਹਰਾ॥

ਤਬ ਰੂਪੇ ਤਾ ਕੋ ਕਹਾ ਗੁਰ ਸਰਧਾ ਰਾਖਨ ਜੋਗ॥
ਧਾਰ ਪ੍ਰੇਮ ਜੇ ਕੋ ਜਜੈ ਤਹ ਆਵੈ ਧਰ ਸੰਜੋਗ॥੧੧॥

॥ਚੌਪਈ॥

ਬਢੀ ਪਿਆਸ ਉਸਨਤਾ ਲਗੀ॥ਮਾਨੋ ਪ੍ਰੇਮ ਅਗਨ ਤਨਿ ਜਗੀ॥
ਜਲ ਬਰਤਨ ਨਿਕਟ ਬੈਠ ਦੋਊ ਰਹੇ॥ਲਗੀ ਲਗਨ ਮੂਰਤ ਸਮ ਭਏ॥੧੨॥
ਸੁੰਦਰ ਰੂਪੇ ਦਰਸਨ ਥਾ ਪਾਇਆ॥ਮਨ ਧਾਰ ਰੂਪ ਗੁਰ ਧਿਆਨ ਲਗਾਇਆ॥
ਭੂਖ ਪਿਆਸ ਕੀ ਸੁਧ ਤਿਸ ਗਈ॥ਮਨ ਸਤਗੁਰ ਮੂਰਤ ਜਕਬੰਧ ਰਹੀ॥੧੩॥
ਜਬ ਬਢਾ ਸੇਵਕ ਘਟ ਪ੍ਰੇਮ ਬਿਸਾਲ ॥ਗੁਰ ਅੰਤਰਜਾਮੀ ਭਇਆ ਦਿਆਲ॥
ਤੁਰੰਗ ਅਸਵਾਰ ਦਰਸਨ ਥਾ ਦੇਖਾ॥ਵਹੀ ਧਿਆਨ ਮਨ ਧਰਾ ਬਸੇਖਾ॥੧੪॥
ਗੁਰ ਪ੍ਰੇਮੀ ਸਰਧਾ ਰਾਖਨ ਜੋਗ॥ਪ੍ਰੇਮ ਸਮਰਪੇ ਭੋਗੇ ਭੋਗ॥
ਹਿਰਦੇ ਸੁਧ ਪ੍ਰੇਮ ਜੋ ਧਰੇ॥ਗੁਰ ਤਾ ਕੀ ਸਰਧਾ ਪੂਰਨ ਕਰੇ॥੧੫॥

॥ਦੋਹਰਾ॥

ਜਹਾ ਪ੍ਰੇਮ ਤਹਿ ਨੇਮ ਨਹ ਸੁਧ ਬੁਧ ਤਨ ਨ ਰਹਾਇ॥
ਭਈ ਬਿਵਸਤਾ ਤਾਹਿ ਕੀ ਤਬ ਸਤਗੁਰ ਭਏ ਸਹਾਇ॥੧੬॥

---

[1] ਪਾਗੇ (ੳ,ਅ,ੲ)
[2] ਕਹਿ ਸਿੰਧੂ ਰੂਪੈ ਸਮਝਾਵੈ॥ਕਿਤ ਬਿਧ ਸਤਿਗੁਰ ਈਹਾ ਆਵੈ॥੧੦॥ (ੳ,ਅ,ੲ,ਸ)

॥ ਚੌਪਈ ॥

ਤੁਰੰਗ ਅਸਵਾਰ ਦਿਆਲ ਪ੍ਰਗਟਾਏ ॥ ਜਹਾਂ ਦੋਊ ਸਿਖ ਬੈਠੇ ਤਹ ਆਏ ॥
ਵੇ ਅੰਤਰਗਤਿ ਪ੍ਰੇਮ ਰਸ ਮਗਨ ॥ ਗੁਰ ਚਰਨਨ ਮੋ ਲਗੀ ਲਗਨ ॥੧੭॥
ਤਿਸ ਦੇਖ ਦਿਆਲ ਸਤਗੁਰ ਮਨਾਨੇ ॥ ਪੁਨ ਤਿਹ[1] ਬੁਲਾਇ ਇਉ ਬਚਨ ਬਖਾਨੇ ॥
340/ੳ ਜਾਗੋ ਸਿਖ ਸਤਿਗੁਰ ਕੇ ਪਿਆਰੇ ॥ ਜਲ ਦੀਜੈ ਮੁਹਿ ਪਿ/ਆਸ ਪਿਆਰੇ ॥੧੮॥
ਜਿਨ ਸਿਖ ਨਹੀ ਦਰਸਨ ਥਾ ਕੀਆ ॥ ਸੁਨ ਬਚਨ ਜਾਗ ਉਤਰ ਇਮ ਦੀਆ ॥
ਯਹ[2] ਜਲ ਸਤਗੁਰ ਰਸਨਾ ਲਾਇਕ ॥ ਸੁਨੋ ਸਾਹਿਬ ਸੇਵਕ ਸੁਖਦਾਇਕ ॥੧੯॥
ਕਛੁ ਸੰਕਾ ਤਾ ਕੀ ਮਨ ਠਹਰਈ ॥ ਤਬ ਲਗ ਜਾਗ ਰੂਪੇ ਕੋ ਭਈ ॥
ਇਨ ਗੁਰ ਕਾ ਦਰਸਨ ਥਾ ਪਾਇਆ ॥ ਗੁਰ ਦਰਸਨ ਦੇਖ ਅਨੰਦ ਸੁਖ ਪਾਇਆ ॥੨੦॥

॥ ਦੋਹਰਾ ॥

ਸੁਆਤ ਬੂੰਦ ਜਿਉ ਸੀਪ ਮੁਖ ਤਪਤ ਧਰਨ ਜਲ ਆਹਿ ॥
ਲਖਮਨ ਮੁਖ ਅੰਮ੍ਰਿਤ ਪਰਾ ਤਿਉ ਮਨ ਭਇਓ ਉਮਾਹ ॥੨੧॥

॥ ਚੌਪਈ ॥

ਜਬ ਸਤਗੁਰ ਕਾ ਦਰਸਨ ਕੀਨਾ ॥ ਦੇ ਪਰਦਖਨਾ ਦੋਊ ਪ੍ਰਬੀਨਾ ॥
ਗੁਰ ਚਰਨਨ ਪਰ ਮਸਤਕ ਰਾਖਾ ॥ ਗਰੀਬ ਨਵਾਜ ਸਤਗੁਰ ਮੁਖ ਭਾਖਾ ॥੨੨॥
ਤਬ ਦੀਨ ਦਿਆਲ ਮੁਖ ਬਚਨ ਬਖਾਨਾ ॥ ਸੁਨ ਪਿਆਰੇ ਮਮ ਸਿਖ ਸੁਜਾਨਾ ॥
ਅਧਕ ਪਿਆਸ ਮੇਰੇ ਮਨ ਲਾਗੀ ॥ ਤੁਰਤ ਜਲ ਲਿਆਉ ਸਿਖ ਬਡਭਾਗੀ ॥੨੩॥
ਜਲ ਕੋ ਪਾਤ੍ਰ ਭੇਟ ਗੁਰ ਕੀਆ ॥ ਗੁਰਮੁਖ ਲਗਾਇ ਪ੍ਰੇਮ ਜਲ ਪੀਆ ॥
ਹੋਇ ਪ੍ਰਸੰਨ ਖੁਸੀ ਤਿਨ ਕਰੀ ॥ ਜਨਮ ਜਨਮ ਕੀ ਪੂਰੀ ਪਰੀ ॥੨੪॥
ਤਬ ਕ੍ਰਿਪਾ ਦ੍ਰਿਸਟਿ ਦਿਆਲ ਗੁਰ ਕੀਨਾ ॥ ਪੂਰਨ ਪ੍ਰਤੀਤ ਸਿਖ ਪਦ ਦੀਨਾ ॥
ਆਗਿਆ ਕਰੀ ਘਰ ਕੋ ਅਬ ਜਾਵੋ ॥ ਸਿਖ ਸੰਤਨ ਕੀ ਟਹਲ ਕਰਾਵੋ ॥੨੫॥
ਤੁਮ ਪ੍ਰਨ ਕਾਰਨ ਮੈ ਚਲ ਆਇਆ ॥ ਕਰ ਪ੍ਰੇਮ ਸਮਰਪਾ ਜਲ ਮੈ ਪਾਇਆ ॥
ਅਬ ਮੈ ਜਾਉ ਅਸਥਾਨ ॥[3] ਤੁਮਰੀ ਘਾਲ ਪੜੀ ਪਰਵਾਨ ॥੨੬॥

॥ ਦੋਹਰਾ ॥

ਜਾ ਕੋ ਹੋਇ ਦਿਆਲ ਗੁਰ ਰਾਈ ਕਰੇ ਸੁਮੇਰ ॥
340/ਅ ਜੋ ਪ੍ਰੀਤ ਪ੍ਰਤੀਤ ਗੁਰ ਕੀ ਦਿੜੇ ਤਿਸ ਜਨਮ ਮਰਨ ਨਹੀ ਫੇਰ ॥੨੭/॥

॥ ਸਾਖੀ ਪੂਰਨ ਹੋਈ ॥੧੭੪॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ॥ ਹੋਇ ਦਿਆਲ ਕਰ ਲਏ ਉਧਾਰ ॥

---
[1] ਤਿਨਹ (ੳ,ਅ)
[2] ਇਹ (ੳ)
[3] ਅਬ ਮੈ ਜਾਉ ਅਪਨੇ ਅਸਥਾਨ ॥ (ੳ,ਅ,ੲ,ਸ)

[ਸਾਖੀ ਭਾਈ ਭਗਤੋ ਬੈਰਾੜ ਦੀ ਪ੍ਰੇਮ ਭਗਤੀ]

॥ਦੋਹਰਾ॥

ਲਖੀ ਜੰਗਲ ਦੇਸ ਮੋ ਭਾਈ ਭਗਤੋ ਸਿਖ॥
ਭਾਈ ਫੇਰੋ ਕਾ ਮਿਲਾਪ ਭਈ ਗੁਰ ਭਗਤ ਭਵਿਖ॥੧॥

॥ਚੌਪਈ॥

ਭਾਈ ਭਗਤੋ ਕੌ ਗੁਰ ਪਿਆਰਾ॥ਗੁਰ ਦਰਸਨ ਤਿਸ ਮਨ ਮੋ ਧਾਰਾ॥
ਸੁਨਿ ਭਾਈ ਰੂਪੇ ਕੀ ਪ੍ਰੇਮ ਕਹਾਨੀ॥ਗੁਰ ਮਹਿਮਾ ਦੇਖ ਭਗਤ ਮਨ ਠਾਨੀ॥੨॥
ਨਿਸ ਦਿਨ ਕਰੇ ਸਤਗੁਰ ਕਾ ਧਿਆਨ॥ਗੁਰ ਚਰਿਤ੍ਰ ਮੁਖ ਕਰੇ ਬਖਾਨ॥
ਗੁਰ ਸਿਖਨ ਕੀ ਸੇਵਾ ਕਮਾਵੈ॥ਕਰ ਭਾਉ ਭਗਤ ਘਰ ਮੋ ਲੇ ਆਵੈ॥੩॥
ਇਕ ਬਡੀ ਗਊ ਤਾ ਕੇ ਘਰ ਮਾਹੀ[1]॥ਤਿਸ ਦੁਧ ਕੀ ਸੋਭਾ ਕਹੀ ਨ ਜਾਹੀ॥
ਭਾਈ ਭਗਤੋ ਦੂਧ ਸੋ ਖਾਵੈ॥ਅਰੁ ਗੁਰ ਨਮਿਤ ਸਿਖਨ ਅਚਵਾਵੈ॥੪॥
ਇਸ ਸੇਵਾ ਕਾ ਫਲੁ ਭਗਤੋ ਲਾਗਾ॥ਕੋਟ ਜਨਮ ਕਾ ਸੋਇਆ ਜਾਗਾ॥
ਸਤਗੁਰ ਹੇਤ ਭਗਤ ਜੋ ਕਰੇ॥ਤਾਤਕਾਲ ਤਿਸ ਪੂਰੀ ਪਰੇ॥੫॥

॥ਦੋਹਰਾ॥

ਉਦੇ ਭਾਗ ਤਾ ਕੇ ਕਰੀ ਇਕ ਦਿਨ ਉਪਜਿਓ ਮਨ ਭਾਉ॥
ਬੈਠਾਇ ਦਹੀ ਇਸ ਦੂਧ ਕਾ ਲੇ ਚਲੌ ਸਤਗੁਰ ਖਾਉ॥੬॥

॥ਮਕਰਾ ਛੰਦ॥

ਗੁਰ ਦਰਸਨ ਲਗਨ ਲਾਗੀ॥ਮਨ ਪ੍ਰੇਮ ਅਗਨ ਜਾਗੀ॥
ਅਉਟਾਇ ਦੂਧ ਸਰਧਾ ਤਾ ਕਾ ਦਹੀ ਜਮਾਇਆ॥੭॥
ਪੁਨਿ ਧਾਰ ਸੀਸ ਮਟਕਾ॥ਗੁਰ ਪ੍ਰੇਮ ਪੰਥ ਸਟਕਾ॥
ਪਗ ਪਗ ਧਿਆਨ ਸਤਿਗੁਰ ਗੁਨ ਸਾਸ ਸਾਸ ਗਾਇਆ॥੮॥
ਪਹੁਚਾ ਦੁਆਰ ਗੁਰ ਕੇ॥ਭਏ ਭਾਗ ਉਦੇ ਧੁਰ ਕੇ॥
341/ੳ ਬੈਠੈ ਦਿਆਲ ਲੰਗਰ/ਤਹਾ ਭੇਟ ਗੁਰ ਚੜਾਇਆ॥੯॥
ਸਿਖ ਪ੍ਰੇਮ ਕੀ ਕਹਾਨੀ॥ਸਤਿਗੁਰ ਦਿਆਲ ਜਾਨੀ॥
ਗੁਰ ਦਰਸ ਨੈਨ ਤੋਖੇ ਗੁਰ ਚਰਨ ਸੀਸ ਲਾਇਆ॥੧੦॥

॥ਦੋਹਰਾ॥

ਦੇਖ ਪ੍ਰੇਮ ਨਿਜ ਸਿਖ ਕਾ ਸਤਗੁਰ ਹੋਇ ਦਿਆਲ॥
ਨਿਜ ਹਾਥ ਦਹੀ ਰਸਨਾ ਧਰਾ ਭਗਤੋ ਕੀਆ ਨਿਹਾਲ॥੧੧॥

॥ਚੌਪਈ॥

ਗੁਰ ਦੀਨ ਦਿਆਲ ਦਹੀ ਜਬ ਖਾਇਆ॥ਅਰੁ ਸਭ ਸੰਗਤ ਮੋ ਵਰਤਾਇਆ॥
ਖਾਇ ਦਿਆਲ ਮੁਖ ਸੋਭਾ ਕਹੀ॥ਯਹ ਸੁਆਦ ਕਬੀ ਪਾਇਓ ਮੈ ਨਹੀ॥੧੨॥
ਹੇ ਭਗਤੋ ਮਮ ਸਿਖ ਪਿਆਰੇ॥ਪ੍ਰਣ ਭਇਆ ਪੂਰਣ ਜੋ ਤੁਮ ਧਾਰੇ॥
ਯਹੀ ਦਹੀ ਮੋ ਕੋ ਅਤਿ ਪਿਆਰਾ ਲਾਗੇ॥ਨਿਤ ਮੋਹਿ ਖੁਲਾਵੋ ਸਿਖ ਸਭਾਗੇ॥੧੩॥
ਪੁਨ ਦ੍ਰਿਸਟਿ ਕਿਰਪਾ ਸਤਿਗੁਰ ਜੀ ਕੀਆ॥ਭਇਆ ਪ੍ਰਕਾਸ ਸਾਂਤ ਮਨ ਥੀਆ॥
ਸ੍ਰੀ ਮੁਖ ਉਪਦੇਸ ਭਗਤ ਗੁਰ ਕੀਨਾ॥ਘਰ ਲੰਗਰ ਥਾਪੋ ਸਿਖ ਪ੍ਰਬੀਨਾ॥੧੪॥
ਸਾਧ ਅਥਿਤ ਕੀ ਸੇਵਾ ਕਰਨਾ॥ਅਹੰਮਤ ਮਨ ਮੋ ਨਹੀ ਧਰਨਾ॥
ਮਮ ਰੂਪ ਜਾਨ ਸਿਖ ਪੂਜਨ ਕੀਜੈ॥ਕਰ ਭਗਤ ਭਾਇ ਇਮ ਅਉਧ ਬਿਤੀਜੈ॥੧੫॥

॥ਦੋਹਰਾ॥

ਭਾਈ ਭਗਤੋ ਸਤਗੁਰੂ ਕਿਰਪਾ ਕਰੀ ਬਿਸਾਲ॥[2]
ਜੋ ਪ੍ਰੇਮ ਸਤਗੁਰ ਸੋ ਕਰੇ ਸਿਖ ਹੋਇ ਤਤਕਾਲ ਨਿਹਾਲ॥੧੬॥

॥ਸਾਖੀ ਪੂਰਨ ਹੋਈ॥੧੭੫॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਆਹੀ (ੳ,ੲ)
[2] ਭਾਈ ਭਗਤੋ ਕੋ ਸਤਗੁਰੂ ਜੀ ਕਿਰਪਾ ਕਰੀ ਬਿਸਾਲ॥ (ਅ)

[ਸਾਖੀ ਸਤਗੁਰੂ ਜੀ ਦਾ ਭਗਤ ਨੀਤ ਸੰਗਤ ਨੂੰ ਉਪਦੇਸ ਕਰਨਾ]

॥ਦੋਹਰਾ॥

ਜੈਸੇ ਰਵਿ ਕੇ ਉਦੇ ਤੇ ਸਹਜੇ ਹੋਤ ਪ੍ਰਕਾਸ॥
ਤੈਸੇ ਜਬ ਗੁਰ ਦਿਆਲ ਹੋਇ ਬਖਸੇ ਭਗਤ ਬਿਸਾਲ॥੧॥

341/ਅ **॥ਚੌ/ਪਈ॥**

ਬਿਸੋਏ ਕਾ ਮੇਲਾ ਜਬ ਆਇਆ॥ਗੁਰ ਸਿਖ ਸੰਗਤ ਕੇ ਮਨ ਭਾਇਆ॥
ਦੇਸ ਦੇਸ ਸਿਖ ਹੋਇ ਇਕਤ੍ਰ॥ਮਿਲ ਆਏ ਸਤਗੁਰ ਦਰਸਨ ਮਿਤ੍ਰ॥੨॥
ਗੁਰ ਦਰਸਨ ਦੇਖਤ ਭਇਆ ਅਨੰਦ॥ਤ੍ਰਿਪਤੇ ਚਕੋਰ ਨਿਰਖਤ ਜਿਮ ਚੰਦ॥
ਗੁਰ ਅਮ੍ਰਿਤ ਬਚਨ ਸੁਨਤ ਤ੍ਰਿਪਤਾਏ॥ਜਲ ਬੂੰਦ ਮਿਲਤ ਚਾਤ੍ਰਿਕ ਸੁਖ ਪਾਏ॥੩॥
ਗੁਰ ਸਭਾ ਮਾਹਿ ਚਰਚਾ ਤਿਨ ਚਲੀ॥ਜੋ ਟਹਲ ਕਰੇ ਸਾਧਨ ਕੀ ਭਲੀ॥
ਸੁਨ ਸਤਗੁਰ ਦਿਆਲ ਪੂਛਨਾ ਕੀਨਾ॥ਕਰੀ ਅਰਦਾਸ ਸਿਖ ਪਰਬੀਨਾ॥੪॥
ਬਹੁਤ ਸਿਖ ਲੰਗਰ ਗੁਰ ਕਰੇ॥ਕਰ ਪ੍ਰੀਤ ਸੇਵ ਚਰਨਨ ਸਿਰ ਧਰੇ॥
ਗੁਰ ਆਗਿਆ ਕਰੀ ਤਿਨ ਕੌ ਲੇ ਆਵੋ॥ਸੇਵਾ ਭਗਤ ਕੀ ਜੁਗਤ ਪੁਛਾਵੋ॥
ਤਬ ਇਕਤ੍ਰ[1] ਸਭ ਸਿਖਨ ਲਿਆਏ॥ਗੁਰ ਚਰਨਨ ਪਰ ਸੀਸ ਨਿਆਏ॥
ਤਾ ਸੋ ਦਿਆਲ ਪੂਛਨਾ ਕਰਾ॥ਤੁਮ ਕਵਨ ਜੁਗਤ ਸੇਵਾ ਅਨਸਰਾ॥
ਹਾਥ ਜੋਰ ਤਿਨ ਬਿਨਤੀ ਕਰੀ॥ਸਭਹਨ ਜੁਗਤ ਅਪਨੀ ਬਿਸਥਰੀ॥੬॥

॥ਸੋਰਠਾ॥

ਹੇ ਸਤਿਗੁਰ ਦੀਨ ਦਿਆਲ ਜੋ ਸਿਖ ਆਵੈ ਦਯਾ ਕਰ॥
ਤਾਹ ਪ੍ਰਸਾਦ ਖੁਲਾਇ ਪਾਛੇ ਹਮ ਭੋਜਨ ਕਰੇ॥੭॥

॥ਚੌਪਈ॥

ਅਰੁ ਜੇਤੇ ਅਥਿਤ ਕਿਰਪਾ ਕਰ ਆਵੈ॥ਗੁਰ ਲੰਗਰ ਸੌ ਪ੍ਰਸਾਦਿ ਸਭ ਪਾਵੈ॥
ਨਿਜ ਟਹਲ ਜੁਗਤ ਨਿਤ ਸਿਖਨ ਸਭ ਕਹੇ॥ਸੁਨ ਸਤਿਗੁਰ ਦਿਆਲ ਖਿਮਾ ਕਰ ਰਹੇ॥੮॥
ਪੁਨ ਸਭ ਸੰਗਤ ਬਿਨਤੀ ਕੀਨੀ॥ਕਛੁ ਆਗਿਆ ਹੋਇ ਸਤਿਗੁਰ ਪ੍ਰਬੀਨੀ॥
ਤਬ ਹੋਇ ਦਿਆਲ ਸਤਿਗੁਰ ਜੀ ਬੋਲੇ॥ਭਗਤ ਜੁਗਤ ਕੀ ਨੀਤ ਅਮੋਲੇ॥੯॥
ਸੁਨੋ ਸਿਖ ਮਮ ਮਿਤ ਪਿਆਰੇ॥ਇਹੁ ਸੇਵਾ ਜੁਗਤ ਲੰਗਰ ਤੁਮ ਧਾਰੇ॥
342/ੳ ਸਮੇ ਚੂਕਾ ਕੋਊ ਸਿਖ ਜਬ ਆਇਆ॥/ਤਾ ਕੋ ਕਿਨੂ ਪ੍ਰਸਾਦਿ ਖੁਲਾਇਆ॥੧੦॥
ਸਭ ਬਿਨੇ ਕਹੇ ਪ੍ਰਭ ਮਿਤ ਕਿਮ ਲਹੀਏ॥ਸਮੇ ਸੋ ਚੂਕਾ ਕਾ ਕੋ ਕਹੀਏ॥
ਬੋਲੇ ਸਤਗੁਰ ਕਿਰਪਾ ਨਿਧਾਨ॥ਸੁਨੋ ਸਿਖ ਮਮ ਮੀਤ ਸੁਜਾਨ॥੧੧॥

॥ਦੋਹਰਾ॥

ਸਮਾ ਪ੍ਰਸਾਦ ਬੀਤਤ ਭਯਾ ਅੰਨੁ ਸਿਧ ਕਛੁ ਨਾਹਿ॥
ਸਿਖ ਛੁਧਾਵੰਤ ਆਵਤ ਭਇਆ ਕਰ ਤ੍ਰਿਪਤਿ ਤਾਹਿ ਭੋਗਾਹਿ॥੧੨॥

॥ਚੌਪਈ॥

ਕਰ ਜੋਰ ਸੰਗਤ ਸਭ ਕਰੀ ਅਰਦਾਸ॥ਯਹ ਪਰਮ ਜੁਗਤ ਸਤਗੁਰ ਕੇ ਪਾਸ॥
ਕਰ ਕਿਰਪਾ ਭਗਤ ਜਾ ਕੇ ਹੀਏ ਧਰੇ॥ਐਸੀ ਸੇਵਾ ਸੋ ਜਨੁ ਕਰੇ॥੧੩॥
ਹਮ ਜੀਵ ਬੁਧ ਸਤਗੁਰ ਕੀ ਸਰਨਾ॥ਕਿਰਪਾ ਕਰੋ ਪ੍ਰਭ ਤਾਰਨ ਤਰਨਾ॥
ਹੋਇ ਸੁਪ੍ਰਸੰਨ ਬੋਲੇ ਗੁਰ ਦਿਆਲ॥ਇਹੁ ਟਹਲ ਕਰੇ ਸਿਖ ਹੋਇ ਨਿਹਾਲ॥
ਚੂਕੇ ਸਮੇ ਅਥਿਤੁ ਜੋ ਆਵੈ॥ਕਰ ਭਾਉ ਭਗਤ ਤਿਸੁ ਤ੍ਰਿਪਤਿ ਭੁਗਾਵੈ॥
ਵਹੀ ਸੇਵਾ ਮੇਰੇ ਪ੍ਰਮਾਨ[2]॥ਤਬ ਮੈ ਤ੍ਰਿਪਤਾਵੋ ਸਿਖ ਸੁਜਾਨ॥੧੫॥
ਜਬ ਸ੍ਰੀ ਮੁਖ ਭਗਤ ਪਰਮ ਗੁਰ ਕਹਾ॥ਸਭ ਸੰਗਤ ਮਨ ਦ੍ਰਿੜ ਕਰ ਗਹਾ॥
ਸੇਵਾ ਸੁਧ ਗੁਰਮੁਖ ਸਿਖ ਕਰੇ॥ਗੁਰ ਕਿਰਪਾ ਤੇ ਭਵਜਲ ਤਰੇ॥੧੬॥

---

[1] ਕਿਤ੍ਰ (ਸ)
[2] ਪਰਮਾਨ (ਅ)

॥ਦੋਹਰਾ॥

ਗੁਰ ਉਪਦੇਸ ਜੋ ਦ੍ਰਿ ਗਹੇ ਪ੍ਰੇਮ ਭਗਤ ਉਰ ਹੋਇ॥
ਅਭੇਦ ਸੇਵਾ ਸਾਧਨ ਕਰੇ ਮੈ ਸੋ ਗਿਆਨ ਨ ਕੋਇ॥੧੭॥

॥ਸਾਖੀ ਪੂਰਨ ਹੋਈ॥੧੭੬॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਭਾਈ ਗੁੰਦੇ ਦੀ ਪ੍ਰੇਮ ਭਗਤੀ]

॥ਦੋਹਰਾ॥

342/ਅ ਭਾਈ ਗੁੰਦਾ ਭਗ/ਤ ਸਦ ਗੁਰ ਮੂਰਤ ਹਿਰਦੇ ਧਾਰ॥
ਦਰਸਨ ਮਗਨ ਅੰਤਰ ਰਹੇ ਬਾਹਰ ਭਗਤ ਅਚਾਰ॥੧॥

॥ਚੌਪਈ॥

ਨਿਸ ਦਿਨ ਮਗਨ ਧਿਆਨ ਗੁਰ ਰਹੇ॥ ਬਿਨੁ ਭਜਨ ਅਵਰੁ ਕਛੁ ਸੁਨੇ ਨ ਕਹੇ॥
ਵਿਲਾਇਤ ਸਿਖ ਸੰਗਤ ਜੋ ਕੋਇ॥ ਤਾ ਕੋ ਸੌਂਪੀ ਸਤਗੁਰ ਸਭ ਸੋਇ॥੨॥
ਜੋ ਪੂਜ ਕਾਰ ਦੇਸ ਕੀ ਆਵੈ॥ ਸਭ ਕਰ ਇਕਤ੍ਰ ਹਜੂਰ ਪਠਾਵੈ॥
ਜੋ ਸਿਖ ਅਥਿਤ ਕੋ ਦੇਇ ਖੁਲਇ॥ ਸੋ ਦਿਆਲ ਗੁਰ ਮੁਜਰੇ ਪਾਇ॥੩॥
ਗੁਰ ਪ੍ਰੇਮ ਮਗਨ ਨਿਸ ਦਿਨ ਰਹੇ ਮਾਤਾ॥ ਗੁਰ ਭਗਤ ਸਰੋਮਨ ਪਰਮ ਗਿਆਤਾ॥
ਤਾ ਕੀ ਭਗਤ ਦਿਆਲ ਗੁਰ ਭਾਣੀ॥ ਸਭਾ ਮਾਹਿ ਗੁਰ ਪ੍ਰਗਟਿ ਬਖਾਣੀ॥੪॥
ਤਿਨ ਧਰਮਸਾਲ ਕਾਬਲ ਮੋ ਕੀਨੀ॥ ਤਾ ਕੋ ਸਿਖ ਸੰਗਤ ਆਧੀਨੀ॥
ਸਭ ਲੋਕ ਦੇਸ ਚਲ ਦਰਸਨ ਕਰੇਂ॥ ਸੁਨ ਉਪਦੇਸ ਭਗਤ ਮਨ ਧਰੇ॥੫॥

॥ਦੋਹਰਾ॥

ਜਿਮ ਚੰਦ ਪ੍ਰਕਾਸ ਮੋ ਚੰਦ੍ਰਮਣ ਸ੍ਰਵੈ ਅੰਮ੍ਰਿਤ ਤਿਹ ਕਾਲ॥
ਤਿਉ ਗੁੰਦੇ ਗੁਰਬਾਨੀ ਸੁਨੇ ਪ੍ਰਗਟ ਪ੍ਰੇਮ ਬਿਸਾਲ॥੬॥

॥ਚੌਪਈ॥

ਇਕ ਦਿਨ ਗੁੰਦੇ ਕਰ ਇਸਨਾਨ॥ ਗੁਰ ਮੂਰਤ ਹਿਰਦੇ ਧਰਾ ਧਿਆਨ॥
ਦਰਸਨ ਦੇਖ ਮਗਨ ਹੋ ਰਹਾ॥ ਸਤਗੁਰ ਚਰਨ ਦੋਊ ਕਰ ਗਹਾ॥੭॥
ਲੀਨ ਭਇਆ ਸੁਧ ਕਛੂ ਨ ਰਹੀ॥ ਨਿਰਬਿਕਲਪ ਸਮਾਧ ਤਿਸ ਗਹੀ॥
ਮਿਲ ਸਾਗਰ ਬੂੰਦ ਸਿੰਧ ਹੋਇ ਜਾਇ॥ ਤਿਉ ਗੁਰ ਦਰਸਨ ਮੋ ਰਹਾ ਸਮਾਇ॥੮॥
ਈਹਾ ਗੁਰ ਸਭਾ ਸਿੰਘਾਸਨ ਬੈਠੇ॥ ਦੋਊ ਚਰਨ ਧਰੇ ਧਰਤੀ ਰਹੇ ਐਠੇ॥
ਦੋ ਪਹਰ ਦਿਵਸ ਇਹ ਭਾਂਤ ਬਿਤਾਇਆ॥ ਯਹ ਗੁਹਜ ਪ੍ਰੇਮ ਬਿਧ ਕਿਨਹੂੰ ਨ ਪਾਇਆ॥੯॥
ਤਬ ਲਗ ਭਇਆ ਪ੍ਰਸਾਦ ਤਿਆਰ॥ ਸਿਖ ਕਰੇ ਅਰਦਾਸ ਚਰਨ ਸਿਰ ਧਾਰ॥
343/ੳ ਸੁਨ ਸਤਿਗੁਰ ਦਿਆਲ ਉਤਰ ਨਹੀ ਦੀਆ॥ /ਤਬ ਮਨ ਮੋ ਸਿਖਨ ਚਿਤਵਨ ਕੀਆ॥੧੦॥

॥ਦੋਹਰਾ॥

ਸਤਿਗੁਰ ਦਿਆਲ ਕਛੁ ਨਾ ਕਹਾ ਖਿਮਾਵੰਤ ਸੁਖ ਰੂਪ॥
ਲੀਲਾ ਪ੍ਰੇਮ ਨ ਕੋ ਲਖੇ ਅਦਭੁਤ ਕਥਾ ਅਨੂਪ॥੧੧॥

॥ਚੌਪਈ॥

ਬਾਰੰ ਬਾਰ ਬਿਨੇ ਸਭ ਕੀਨਾ॥ ਨਹੀ ਦੀਨ ਦਿਆਲ ਕਛੁ ਉਤਰ ਦੀਨਾ॥
ਸਗਲਾ ਦਿਨ ਬਿਤੀਤ ਤਬ ਭੈਯਾ॥ ਦੁਇ ਘਟ ਕਾ ਬਾਕੀ ਜਬ ਰਹਾ॥੧੨॥
ਕਰ ਜੋਰ ਸੰਗਤ ਕੀਨੀ ਅਰਦਾਸ॥ ਹੇ ਦੀਨ ਦਿਆਲ ਪੂਰਨ ਸਭ ਆਸ॥
ਸਗਲਾ ਦਿਨ ਬਤੀਤ ਜਬ ਗਇਆ॥ ਵਰਤਾਰਾ ਲੰਗਰ ਨਹੀ ਭਇਆ॥੧੩॥
ਇਹੁ ਲੀਲਾ ਕਛੁ ਲਖੀ ਨਾ ਪਰੇ॥ ਸੰਸਾ ਮਿਟੇ ਬਚਨ ਪ੍ਰਭ ਕਰੇ॥
ਤਬ ਹੋਇ ਦਿਆਲ ਸਾਹਿਬ ਮੁਖ ਕਹਾ॥ ਮਮ ਦੋਊ ਚਰਨ ਗੁੰਦਾ ਗਹਿ ਰਹਾ॥
ਕਵਨ ਭਾਂਤ ਲੰਗਰ ਮੋ ਜਾਵੋ॥ ਕਿਹ ਬਿਧ ਤਾ ਸੋ ਚਰਨ ਛੁਡਾਵੋ॥
ਸੁਨ ਸਭ ਸਿਖ ਭਏ ਬਿਸਮਾਦ॥ ਸਤਿਗੁਰ ਮਹਮਾ ਅਗਮ ਅਗਾਧ॥੧੫॥

॥ਸੋਰਠਾ॥

ਤਬ ਜਾਗੇ ਕਾਬਲ ਮਾਹਿ ਭਾਈ ਗੁੰਦਾ ਧਿਆਨ ਸੋ॥
ਲੀਨੀ ਸਭ ਸੁਧ ਤਾਹਿ ਪੁਨ ਲੰਗਰ ਵਰਤਾਰਾ ਕਰਾ॥੧੬॥

॥ਚੌਪਈ॥

ਉਠੇ ਸਤਿਗੁਰ ਤਬ ਦੀਨ ਦਿਆਲ॥ ਲੰਗਰ ਮਾਹ ਗਏ ਤਤਕਾਲ॥
ਕ੍ਰਿਪਾ ਸਿੰਧ ਪ੍ਰਸਾਦਿ ਤਬ ਪਾਇਆ॥ ਸਭ ਸਿਖਨ ਕੋ ਭੋਗ ਭੁਗਾਇਆ॥੧੭॥
ਯਹ ਦੇਖ ਚਰਿਤ੍ਰ ਸੰਗਤ ਮਨ ਰਾਖਾ॥ ਇਸ ਬ੍ਰਿਤੰਤ ਕੀ ਖੋਜੈ ਸਾਖਾ॥

ਜਬ ਗੁੰਦਾ ਜੀ ਦਰਸਨ ਆਏ॥ ਸਭ ਸੰਗਤ ਕੋ ਸੰਗ ਲੇ ਆਏ॥੧੮॥
ਗੁਰ ਦਰਸਨ ਪਾਇ ਸਗਲ ਮਗਨਾਨੇ॥ ਪਾਰਬ੍ਰਹਮ ਸਤਗੁਰ ਕਰ ਜਾਨੇ॥
ਨਿਰਖ ਗੁੰਦੇ ਕੋ ਸਤਗੁਰ ਦਿਆਲ॥ ਖੁਸੀ ਭਈ ਅਤਿ ਕ੍ਰਿਪਾ ਬਿਸਾਲ॥੧੯॥
343/ਅ ਪੁਨ ਮਿਲ ਸਭ ਸੰਗਤ ਚ/ਰਚਾ ਕਰੀ॥ ਸਭ ਬ੍ਰਿਤੰਤ ਪੂਛਾ ਤਿਸ[1] ਘਰੀ॥
ਤਬ ਸਿਖ ਕਾਬਲੀ ਕਹੇ ਬਖਾਨ॥ ਇਕ ਦਿਨ ਭਾਈ ਜੀ ਕਰ ਇਸਨਾਨ॥੨੦॥
ਗੁਰ ਚਰਨ ਧਿਆਨ ਲੀਨ ਹੋਇ ਗਇਆ॥ ਬਿਨ ਖਾਨ ਪਾਨ ਦਿਨ ਬਤੀਤ ਭਇਆ॥
ਜਬ ਦੁਇ ਘੜੀ ਦਿਨ ਇਕ ਬਾਕੀ ਰਹਾ॥ ਤਬ ਭਾਈ ਤਨ ਕੀ ਸੁਖ[2] ਲਹਾ॥੨੧॥

॥ਦੋਹਰਾ॥

ਤਬ ਲੰਗਰ ਵਰਤਾਰਾ ਭਇਆ ਅਰੁ ਭਜਨ ਕੀਰਤਨ ਬਿਵਹਾਰ॥
ਗੁਰ ਪ੍ਰੇਮ ਮਗਨ ਭਾਈ ਸਦਾ ਨਿਰਾਲੰਭ ਆਚਾਰ॥੨੨॥

॥ਦੋਹਰਾ॥

ਜੋ ਪ੍ਰੇਮ ਭਗਤ ਗੁੰਦੇ ਕਰੀ ਗੁਰ ਕਰੀ ਬਿਰਦ ਪ੍ਰਣਪਾਲ॥
ਵਾਹ ਵਾਹ ਸੰਗਤ ਕਹਾ ਧੰਨ ਧੰਨ ਗੁਰ ਦਿਆਲ॥੨੩॥

॥ਸਾਖੀ ਪੂਰਨ ਹੋਈ॥੧੭੭॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਤਿਹ (ਸ)
[2] ਸੁਧ (ੳ,ਅ,ੲ,ਸ)

[ਸਾਖੀ ਗੁਰਬਾਨੀ ਦੀ ਮਹਿਮਾ ਤੇ ਸਤਿਗੁਰੂ ਮੁਖਵਾਕ]

॥ਦੋਹਰਾ॥
ਸਤ ਸਭਾ ਸਤਿਗੁਰ ਰਚੀ ਸਤ ਸਿੰਘਾਸਨ ਧਾਰ॥
ਸਤ ਰੂਪ ਬੈਠੇ ਤਹਾਂ ਭਗਤ ਜੋਗ ਬਿਵਹਾਰ॥੧॥
॥ਚੌਪਈ॥
ਭਗਤ ਉਪਦੇਸ ਦਿਆਲ ਗੁਰ ਕਰੇ॥ਸੁਣ ਗੁਰਮੁਖ ਸਿਖ ਰਿਦੇ ਮੋ ਧਰੇ॥
ਪੁਨ ਮਿਲ ਸੰਗਤ ਕੀਨੀ ਅਰਦਾਸ॥ਕਿਰਪਾ ਸਿੰਧ ਸਤਗੁਰ ਕੇ ਪਾਸ॥੨॥
ਹਮ ਨਾਮ ਧਰੀਕ ਸਿਖ ਸਤਗੁਰ ਕੇ॥ਮਸਤਕ ਭਾਗ ਲਿਖੇ ਹਮ ਧੁਰ ਕੇ॥
ਗੁਰਬਾਨੀ ਪਾਠ ਸਦਾ ਹਮ ਕਰੇ॥ਅਰਥ ਪਰਮਾਰਥ ਸਮਝ ਨ ਪਰੇ॥੩॥
ਗੁਰ ਬਚਨ ਜੁਗਤ ਨਹਿ ਜਾਇ ਕਮਾਈ॥ਸਦਾ ਰਹੇ ਸੰਸਾ ਮਨ ਮਾਹੀ॥
ਕਵਨ ਭਾਂਤ ਹਮਰੀ ਗਤਿ ਹੋਇ॥ਦੀਜੈ ਉਤਰ ਸਤਗੁਰ ਸੋਇ॥੪॥
344/ੳ ਕਰ ਜੋਰ ਸਿਖ ਸਭ ਠਾਢੇ ਭਏ॥ਕਰੋ ਬਚਨ ਸਤਗੁਰ/ਮੁਖ ਸੋਇ॥
ਸੁਨ ਦਿਆਲ ਕਛੁ ਬਚਨ ਨ ਕਹਾ॥ਸਭ ਕੇ ਮਨ ਮੋ ਸੰਸਾ ਰਹਾ॥੫॥
॥ਦੋਹਰਾ॥
ਤਿਸੀ ਸਮੇ ਅਖੇੜ ਬ੍ਰਿਤ ਸਤਗੁਰ ਭਏ ਸਵਾਰ॥
ਮਗ ਮੋ ਕਛ ਬਰਖਾ ਭਈ ਪੁਨ ਭਯੋ ਰਵਿ ਤੇਜ ਉਜਾਰ॥੬॥
॥ਚੌਪਈ॥
ਏਕ ਡੀਹ ਪੁਰਾਤਨ ਮਗ ਮੋ ਆਹੀ॥ਤਾ ਪਰ ਮੇਘ ਬਰਖਾ ਬਰਖਾਈ॥
ਤਹਾ ਘੀਉ ਬਰਤਨ ਕੀ ਠੀਕਰੀ ਰਹੀ॥ਰਵਿ ਤੇਜ ਚਿਕਨਤਾ ਨਿਕਸਤ ਭਈ॥੭॥
ਤਾ ਕਾ ਚਮਤਕਾਰ ਗੁਰ ਦੇਖਾ॥ਤਬ ਸਿਖਨ ਕੀਆ ਬਚਨ ਬਸੇਖਾ॥
ਇਹ ਚਮਤਕਾਰ ਜੋ ਬਸਤ ਦਿਖਾਇ॥ਤੁਮ ਜਾਉ ਸਿਖ ਤਿਹ ਤੁਰਤ ਲਿਆਉ[1]॥੮॥
ਗੁਰ ਬਚਨ ਮਾਨ ਸਿਖ ਤਹ ਗਏ॥ਵਹ ਚਿਕਨੀ ਠੀਕਰੀ ਲਿਆਵਤ ਭਏ॥
ਤਾ ਕੋ ਦਿਆਲ ਹਾਥ ਨਿਜ ਲੀਨਾ॥ਦੇਖ ਚਿਕਨਤਾ ਬਚਨ ਸੁ ਕੀਨਾ[2]॥੯॥
ਤੁਮ ਬਾਨੀ ਪਾਠ ਗੁਨ ਪੂਛੀ ਬਾਤ॥ਤਾ ਕਾ ਉਤਰ ਲੀਜੈ ਤਾਤ॥
ਜੋ ਬਾਨੀ ਗੁਰ ਬਚਨ ਕਮਾਵੈ॥ਸੋ ਜਨ ਮੁਕਤ ਭੁਗਤ ਸੁਖ ਪਾਵੈ॥੧੦॥
॥ਦੋਹਰਾ॥
ਜੋ ਪਾਠ ਸਾਧਾਰਨ ਮੁਖ ਪੜੇ ਧਾਰ ਪ੍ਰਣ ਮਨ ਕੋਇ॥
ਗੁਰਬਾਨੀ ਪਾਠ ਪ੍ਰਤਾਪ ਤੇ ਤਾ ਕੀ ਇਹ ਗਤਿ ਹੋਇ॥੧੧॥
॥ਚੌਪਈ॥
ਜਿਉ ਬਹੁਤ ਬਰਖ ਕੀ ਠੀਕਰੀ ਆਹੀ॥ਲਗਤ ਤੇਜ ਨਿਕਸੀ ਚਿਕਨਾਈ॥[3]
ਤੈਸੇ ਗੁਰਬਾਨੀ ਜੋ ਪੜੇ॥ਅੰਤ ਕਾਲ ਊਚੇ ਪਦ ਖੜੇ॥੧੨॥
ਜਿਉ ਠੀਕਰੀ ਮਾਹ ਚਿਕਨਤਾ ਰਹੀ॥ਤਿਉ ਬਾਨੀ ਕੋ ਗੁਨ ਘਟ ਮੋ ਅਹੀ॥
ਅੰਤ ਕਾਲ ਗੁਨ ਹੋਇ ਪ੍ਰਕਾਸ॥ਜਿਉ ਪੁਹਪ ਸੰਗ ਹੋਇ ਤਿਲਾਹਿ ਸੁਬਾਸ॥੧੩॥
ਜਬ ਗੁਰਮੁਖ ਸੋ ਸਿਖਨ ਯਹ ਸੁਨਾ॥ਬਢੀ[4] ਪ੍ਰਤੀਤ ਭਾਗ ਨਿਜ ਗੁਨਾ॥
ਸਤਿਗੁਰ ਕੋ ਪਰਦਛਨਾ ਕਰੀ॥ਚਰਨ ਧੂਰ ਮੁਖ ਮਸਤਕ ਧਰੀ॥੧੪॥
344/ਅ /ਮਨ ਮੋ ਬਢਾ ਭਗਤ ਅਧਕਾਰ[5]॥
ਗੁਰਬਾਨੀ ਭੈ ਸਾਗਰ ਤਰਨ॥ਗੁਰਬਾਨੀ ਪਤਿਤ ਉਧਾਰਨ॥੧੫॥

---

[1] ਲਿਖਾਇ (ੳ,ਅ)
[2] ਬਚਨ ਪ੍ਰਭ ਕੀਨਾ (ੳ,ਸ)
[3] ਗੁਰਬਾਨੀ ਪਾਠ ਪ੍ਰਤਾਪ ਨਿਕਸੀ ਚਿਕਨਾਈ॥ (ਸ)
[4] ਬੁਢੀ (ਸ)
[5] ਮਨ ਮੋ ਬਢਾ ਭਗਤ ਅਧਕਾਰ॥ਗੁਰਬਾਨੀ ਸੋ ਬਢਾ ਪਿਆਰ॥ (ੳ,ਅ,ੲ,ਸ)

॥ਦੋਹਰਾ॥

ਯਹ ਮਹਿਮਾ ਗੁਰ ਸਬਦ ਕੀ ਜੋ ਰਾਖੇ ਮਨ ਧਾਰ॥
ਗੁਰ ਪ੍ਰਤਾਪ ਤੇ ਅੰਤ ਕਾਲ ਤਾ ਕੋ ਹੋਇ ਉਧਾਰ॥੧੯॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਦਾਰਾ ਸਕੋਹ ਬਾਦਸਾਹ ਦਾ ਗੁਰੂ ਜੀ ਨੂੰ ਪ੍ਰੇਮ ਦਾ ਸੌਕਨਾਮਾ ਭੇਜਣਾ]

॥ਦੋਹਰਾ॥

ਸਾਹਜਹਾ ਦਿਲੀ ਨਰੇਸ ਅਤ ਆਦਲ ਪਰਜਾ ਸਜਨ॥
ਤੀਨ ਪੁਤ੍ਰ ਤਾ ਕੇ ਪ੍ਰਗਟ ਤਾ ਮੋ ਦਾਰਾ ਰਤਨ॥੧॥

॥ਚੌਪਈ॥

ਅਤ ਸੁੰਦਰ ਸੀਲਵੰਤ ਸੁਭ ਕਾਮ॥ਸਾਬਤ ਦੀਨ ਅਹਲ ਇਸਲਾਮ॥
ਸਾਹਜਹਾ ਕੋ ਬਹੁਤ ਪਿਆਰਾ॥ਲਾਇਕ ਤਖਤ ਛਤ੍ਰ ਅਧਕਾਰਾ॥੨॥
ਮੀਆ ਮੀਰ ਕਾ ਖਾਦਮ ਭਇਆ॥ਤਿਸ ਪਰ ਬੜੀ ਪੀਰ ਕੀ ਦਇਆ॥
ਬਾਦਸਾਹੀ ਮੋ ਮਿਲੀ ਫਕੀਰੀ॥ਮੁਰਸਦ ਕੀ ਮਿਹਰ ਪੀਰੀ ਅਉ ਮੀਰੀ॥੩॥
ਬਰਿਆਰੀ ਪਿਤਾ ਛਤ੍ਰ ਤਿਸ ਦੀਨਾ॥ਕੇਤਕ ਕਾਲ ਰਾਜ ਤਿਨ ਕੀਨੀ[1]॥
ਇਕ ਦਿਨ ਮੀਰ ਸਾਹਬ ਕੇ ਗਇਆ॥ਤਹਾ ਮੀਆ ਮੀਰ ਜੀ ਚਰਚਾ ਕੀਆ॥
ਸਿਫਤ ਸਤਗੁਰ ਜੀ ਕੀ ਤਿਨ ਕਰੀ॥ਸੁਨ ਦਾਰਾ ਸਾਹ ਰਿਦੇ ਮੋ ਧਰੀ॥੪॥
ਵੇ ਫਕਰ ਸਾਧ ਕਾ ਸੌਕ ਮਨ ਧਰੇ॥ਜਿਹ ਕਿਹ ਬਿਧ ਦਰਸਨ ਮਿਲ ਕਰੇ॥
345/ੳ /ਸਤਗੁਰ ਸੌ ਮਨ ਪ੍ਰੇਮ ਬਢਾਇਆ॥ਨਹੀ ਭਈ ਪਹੁਚ ਲਿਖ ਪ੍ਰੇਮ ਪਠਾਇਆ॥੫॥

॥ਦੋਹਰਾ॥

ਸੌਕਨਾਮਾ ਲਿਖ ਪੈਕ ਹਥ ਦੀਨਾ ਗੁਹਜ ਪਠਾਇ॥
ਪਹੁਚਾ ਸਤਿਗੁਰ ਦੁਆਰ ਪਰ ਦੀਨਾ ਅੰਤਰ ਜਾਇ॥੬॥

॥ਸੌਕਨਾਮਾ॥[2]

ਵਿਲਾਇਤ ਵਲੀ ਅਹਲ ਆਰਫ ਕਮਾਲ॥ਜਿਨੋ ਕੇ ਮਿਲੇ ਰਬ ਕੀ ਹੋਇ ਵਿਸਾਲ॥
ਆਰਫ ਮੁਆਰਫ ਫਕਰ ਪਾਕ ਜਾਤ ਜਿਨੋ ਕੀ ਨਜਰ ਮਿਹਰ ਸੌ ਹੋਇ ਨਿਜਾਤ॥
ਫਕਰ ਕਾ ਦਰਸਸ ਰਬ ਕਾ ਦੇਖਨਾ॥ਜੁ ਇਰਸਾਦ ਹੋਵੈ ਦਿਲੌ ਲੇਖਨਾ॥
ਜੋ ਜਬਰੀਲ ਆਇਤ ਨਬੀ ਆਨ ਦੀਨੀ॥ਕਿ ਅਲਫ ਕਰ ਫਕੀਰੀ ਉਵਲ ਫਕਰ ਮੀਨੀ॥
ਜੁ ਮੁਰਸਦ ਮੀਆ ਮੀਰ ਸਾਹਿਬ ਕਹਾ॥ਸਿਫਤ ਆਪ ਕੀ ਸੁਨ ਕੇ ਮਿਲਨਾ ਚਹਾ॥
ਸਬੋ ਰੋਜ ਦੀਦਾਰ ਕਾ ਸੋਕ ਹੈ॥ਜੁ ਤਾਲਬ ਫਕਰ ਕਾ ਤਿਸੇ ਜੋਕ ਹੈ॥
ਨਜਰ ਮਿਹਰ ਹਮ ਪਰ ਸਦਾ ਆਪ ਕੀਜੈ॥ਕਰੋ ਮਿਹਰ ਜਿਸ ਪਰ ਤਿਸੇ ਦਰਸੁ ਦੀਜੈ॥
ਪਦਰ[3] ਬਾਦਸਾਹੀ ਜੁ ਹਮ ਕੋ ਦਈ॥ਮੁਝੇ ਇਸ ਫਜੀਹਤ ਕੀ ਖਾਹਿਸ ਨਹੀ॥
ਜੁ ਲਾਚਾਰ ਹੋ ਕਰ ਕੀਆ ਮੈ ਕਬੂਲ॥ਪਦਰ[4] ਕਾ ਹੁਕਮ ਕਰ ਨ ਸਾਕੋ ਅਦੂਲ॥
ਕਰੋ ਮਿਹਰ ਸਾਹਬ ਮਦਤ ਮੋਹ ਕੀਜੈ॥ਯਹ ਦੋਜਖ ਅਗਨ ਸੌ ਮੁਝੇ ਰਾਖ ਲੀਜੈ॥੭॥

॥ਦੋਹਰਾ॥

ਦਾਰਾ ਸਕੋਹ ਕਾ ਲਿਖਾ ਸੁਨ ਸਤਿਗੁਰ ਭਏ ਦਿਆਲ॥
ਕ੍ਰਿਪਾਵੰਤ ਸੁਨ ਕਰ ਭਏ ਲਿਖ ਪਠਾ ਜਬਾਬ ਤਤਕਾਲ॥੮॥

॥ਚੌਪਈ॥

ਤੁਮ ਪਰ ਫਜਲ ਰਬ ਕਾ ਭਯਾ॥ਅਰੁ ਮੁਰਸਦ ਕੀਨੀ ਤੁਮ ਪਰ ਦਯਾ॥
ਬਦਸਾਹੀ ਮਾਹ ਜੋਗ ਤੁਮ ਕੀਨਾ॥ਅਪਨਾ ਆਪ ਆਪ ਮੋ ਚੀਨਾ॥੯॥
345/ਅ ਤੁਮ ਕੋ ਖੌਫ ਦੋਜਕ ਕਾ ਨਾਹੀ॥ਗਾਫਲ ਕੋ/ਦੋਜਕ ਬਦਸਾਹੀ॥
ਤੁਮ ਅਟਲ ਬਦਸਾਹੀ ਦੀਨ ਕੋ ਕਰੋ॥ਕਛੁ ਖਤਰਾ ਮਨ ਮੋ ਮਤ ਧਰੋ॥੧੦॥

॥ਚੌਪਈ॥

ਜਿਨ ਮੌਲਾ ਕੇ ਸ੍ਰਿਰ ਕੋ ਜਾਨਾ॥ਦੋਜਕ ਬਹਿਸਤ ਸੋ ਮਨ ਨਹੀ ਮਾਨਾ॥
ਯਹ ਲਿਖ ਜਬਾਬ ਸਤਿਗੁਰੂ ਪਠਾਇਆ॥ਲੇ ਪੈਕ ਬਾਦਸਾਹ ਪੈ ਆਇਆ॥੧੧॥

---

[1] ਕੀਨਾ (ੳ,ਅ,ੲ,ਸ)
[2] ਇੱਥੇ ਸਿਰਲੇਖ '॥ਸੌਕਨਾਮਾ॥ਬੈਤ॥' ਹੈ (ੳ,ਅ,ੲ)
[3] ਪਿਦਰ (ੲ,ਸ)
[4] ਪਿਦਰ (ੲ,ਸ)

॥ਦੋਹਰਾ॥

ਪੜ[1] ਜਬਾਬ ਦਾਰਾ ਸਕੋਹ ਮਨ ਤ ਭਏ ਖੁਸਾਲ॥
ਜਾ ਕੋ ਮਿਹਰ ਹੋਇ ਸੰਤ ਕੀ ਸੋ ਜਗ ਮੋ ਹੋਇ ਨਿਹਾਲ॥੧੨॥

॥ਸਾਖੀ ਪੂਰਨ ਹੋਈ॥੧੭੯॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਖੜ (ੲ)

[ਸਾਖੀ ਕਹਲੂਰ ਹੰਡੂਰ ਦਾ ਰਾਜੇ ਅਹੰਕਾਰ ਦੂਰ ਕਰਨਾ]

॥ਦੋਹਰਾ॥

ਜਾ ਕੋ ਲੋਭ ਅਹੰਕਾਰ ਮਨ ਤਿਨ ਗੁਰ ਮਹਿਮਾ ਨਹੀ ਜਾਨ॥
ਸੰਤਨ ਸੋ ਕਛੁ ਨ ਚਲੇ ਅੰਤ ਹੋਇ ਹੈਰਾਨ॥੧॥

॥ਚੌਪਈ॥

ਕਹਲੂਰ ਹੰਡੂਰ ਕੇ ਮਿਲ ਦੋਊ ਰਾਜੇ॥ਸੰਗ ਲੀਏ ਸਭ ਸੰਗ ਸਮਾਜੇ॥
ਸਤਿਗੁਰ ਜੀ ਕੇ ਦਰਸਨ ਆਏ॥ਪ੍ਰਭ ਆਦਰ ਕਰ ਸਨਮੁਖ ਬੈਠਾਏ॥੨॥
ਹਾਥੀ ਸੁਏਤ ਤਿਨੋ ਜਬ ਦੇਖਾ॥ਅਮਿਤ ਬਿਭੂਤ ਸਤਿਗੁਰ ਕੀ ਪੇਖਾ॥
ਭਇਆ ਲੋਭ ਮਨ ਮੋ ਅਧਿਕਾਈ॥ਤਬ ਤਿਨ ਕੇ ਮਨ ਐਸੀ ਆਈ॥੩॥
ਹਮਰੇ ਰਾਜ ਮਾਹਿ ਗੁਰ ਰਹੇ॥ਮਾਨ ਲੇਹ ਜੋ ਕਛੁ ਹਮ ਕਹੇ॥
346/ੳ ਇਹੁ ਸੁਏਤ ਹਾਥੀ ਮਾਗੈ ਜੌ ਦੇਵੈ॥ਦੇਵੇ ਨਹੀ ਤੋ ਬਲ/ਕਰ ਲੇਵੇਂ॥੪॥
ਜਬ ਯਹ ਕਬੁਧ ਤਿਨ ਮਨ ਮੋ ਠਾਨੀ॥ਸਤਗੁਰ ਅੰਤਰਜਾਮੀ ਜਾਨੀ॥
ਤਬ ਦਿਆਲ ਗੁਰ ਕੀਆ ਬਿਚਾਰ॥ਹੋਇ ਨਿਵਰਤ ਇਨ ਕਾ ਅਹੰਕਾਰ॥੫॥

॥ਦੋਹਰਾ॥

ਦੂਇ ਪਹਿਲਵਾਨ ਸਤਿਗੁਰ ਕੇ ਅਤ ਤਨ ਦੀਰਘ ਬਲਵੰਤ॥
ਜੋ ਤਾ ਸੋ ਕੁਸਤੀ ਕਰੇ ਜੀਤੇ ਤਾ ਕੋ ਤੰਤ॥੬॥

॥ਚੌਪਈ॥

ਵੈ ਦੋਊ ਮਲ ਸਤਿਗੁਰੂ ਬੁਲਾਏ॥ਤਿਨ ਆਇ ਸਭਾ ਮੋ ਸੀਸ ਨਿਆਏ॥
ਤਾ ਕੋ ਦਿਆਲ ਪੂਛਨਾ ਕੀਨਾ॥ਕਹੁ ਕੇਤਕ ਬਲ ਤੁਮ ਕੋ ਪਰਬੀਨਾ॥੭॥
ਗੁਰ ਕਿਰਪਾ ਤੇ ਬਲੁ ਤਿਨ ਪਾਵਾ॥ਤਬ ਸਭ ਮਾਹਿ ਤਿਨ ਆਖ ਸੁਨਾਵਾ॥
ਹੇ ਗੁਰ ਇਤਨਾ ਬਲੁ ਹਮ ਅਹੇ॥ਜੋ ਆਪ ਦਿਆਲ ਆਗਿਆ ਮੁਖ ਕਹੇ॥੮॥
ਪ੍ਰਬਤ ਸਮੇਤ ਦੋਊ ਰਾਜ ਉਠਾਇ॥ਉਪਾੜ ਪਹਾੜ ਦੋਵੇ ਉਲਟਾਇ॥
ਸੁਨਤ ਬਚਨ ਰਾਜੇ ਕੰਪਾਨੇ॥ਇਨ ਬਲ ਦਿਸਾ ਦੇਖ ਭੈ ਮਾਨੇ॥੯॥
ਤਬ ਦੋਊ ਰਾਜੇ ਉਠ ਚਰਨੀ ਲਾਗੇ॥ਪੜੇ ਸਰਨ ਅਹੰਕਾਰ ਤਿਆਗੇ॥
ਹਮ ਭੂਲਨਹਾਰ ਮਤ ਮੰਦ ਅਹੰਕਾਰੀ॥ਬਖਸ ਲੇਹੁ ਪ੍ਰਭ ਕ੍ਰਿਪਾ ਧਾਰੀ॥੧੦॥

॥ਦੋਹਰਾ॥

ਤਬ ਹਸੇ ਦਿਆਲ ਕਿਰਪਾ ਕਰੀ ਤਾਹ ਕਰਾ ਉਪਦੇਸ॥
ਗੁਰਸਿਖ ਹੋਇ ਗ੍ਰਹ ਕੋ ਗਏ ਕਰ ਸਤਗੁਰ ਆਦੇਸ॥੧੧॥

॥ਸਾਖੀ ਪੂਰਨ ਹੋਈ॥੧੯੦॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[ਸਾਖੀ ਦਾਰਾ ਸਕੋਹ ਅਤੇ ਸਤਿਗੁ/ਰੂ ਜੀ ਦਾ ਮਿਲਾਪ]

॥ਦੋਹਰਾ॥

ਸ੍ਰੀ ਕਰਤਾ ਹਰਿ ਰਾਇ ਜੀ ਆਏ ਗੋਬਿੰਦਵਾਲ॥
ਗੁਰਦੁਆਰੇ ਪੂਜਨ ਕਰਾ ਗੁਰ ਕੁ ਕੀਨ ਸਮਾਲ॥੧॥ [1]

॥ਚੌਪਈ॥

ਪ੍ਰਿਥਮੇ ਬਾਵਲੀ ਜੀ ਪਰ ਆਏ॥ਕਰ ਪੂਜਾ ਇਸਨਾਨ ਕਰਾਏ॥
ਅੰਮ੍ਰਿਤ ਜਲ ਕੀਨਾ ਗੁਰ ਪਾਨ॥ਮੁਖ ਮਹਿਮਾ ਕਹੀ ਇਹੁ ਮੁਕਤ ਅਸਥਾਨ॥੨॥
ਕੀਰਤਨ ਹੋਤ ਆਏ ਚੌਬਾਰੇ॥ਗੁਰੂ ਅਮਰ ਦਿਆਲ ਚਰਨ ਜਹਾ ਧਾਰੇ॥
ਗੁਰ ਤਲੇ ਕੀ ਸੀੜੀ ਸੀਸ ਨਿਆਇਆ॥ਤਹਾ ਕੀ ਰਜ ਲੇ ਮਸਤਕ ਲਾਇਆ॥੩॥
ਪੁਨ ਮਹਿਮਾ ਸ੍ਰੀ ਮੁਖ ਕਥੀ ਅਨੂਪ॥ਇਹ ਚਰਨ ਧੂੜ ਕ੍ਰਿਤਾਰਥ ਰੂਪ॥
ਚੌਬਾਰੇ ਆਗੇ ਭਏ ਅਸੀਨ॥ਕਰ ਧੂਪ ਦੀਪ ਉਸਤਤ ਬਹੁ ਕੀਨ॥੪॥
ਅਖੰਡ ਭਜਨ ਸੰਗਤ ਗੁਨ ਗਾਇਆ॥ਭਾਂਤ ਭਾਂਤ ਪ੍ਰਸਾਦ ਵਰਤਾਇਆ॥
ਸਤਿਗੁਰ ਅੰਸ ਕੋ ਲੀਆ ਬੁਲਾਇ॥ਕਰ ਪ੍ਰੀਤ ਭਾਉ ਲੀਨੇ ਗਲ ਲਾਇ॥੫॥

॥ਦੋਹਰਾ॥

ਦੁਖ ਸੁਖ ਬ੍ਰਿਤੰਤ ਪੂਛਨ ਕੀਆ ਦੇ ਧਨ ਬਸਤ੍ਰ ਪਹਿਰਾਇ॥
ਬਹੁਤ ਮਾਨ ਆਦਰ ਕੀਆ ਸ੍ਰੀ ਸਤਿਗੁਰ ਹਰਿ ਰਾਇ॥੬॥

॥ਚੌਪਈ॥

ਪੁਨ ਸ੍ਰੀ ਸਤਗੁਰ ਗਏ ਖਡੂਰ॥ਨਿਰਬਾਨ ਅਸਥਾਨ ਦੁਖ ਸੁਖ ਸੋ ਦੂਰ॥
ਪ੍ਰਥਮੇ ਜਾਇ ਪਰਦਖਨਾ ਕੀਆ॥ਸ੍ਰੀ ਦੇਹੁਰੇ ਕੀ ਰਜ ਮਾਥੇ ਦੀਆ॥੭॥
ਘ੍ਰਿਤ ਦੀਪ ਧੂਪ ਪੂਜਾ ਤਹਾ ਕਰੀ॥ਬਹੁ ਉਸਤਤ ਮਹਮਾ ਮੁਖੋ ਉਚਰੀ॥
ਅਤ ਸਾਦਰ ਗੁਰ ਅੰਸ ਬੁਲਾਏ॥ਦੀਆ ਮਾਨ ਲੇ ਕੰਠ ਲਗਾਏ॥੮॥
ਕਰ ਭਾਉ ਭਗਤ ਸੰਪੈ ਬਹੁ ਦੀਆ॥ਸਭ ਬ੍ਰਿਤੰਤ ਪੂਛਨਾ ਕੀਆ॥
347/ੳ ਲੰਗਰ ਕਾ ਵਰਤਾਰਾ ਭੀਨਾ॥ਮਹਾ/ਪ੍ਰਸਾਦਿ ਸੰਗਤ ਸਭ ਲੀਨਾ॥੯॥
ਭੂਮਾਸਨ ਸੈਨ ਦਿਆਲ ਤਹਾ ਕੀਆ॥ਭਜਨ ਹੋਤ ਨਿਸ ਬੀਤਤ ਭਇਆ॥
ਪੁਨ ਗੋਬਿੰਦਵਾਲ ਪ੍ਰਭੂ ਹੈ[2] ਆਏ॥ਅਦਭੁਤ ਚਰਿਤ੍ਰ ਤਹਾ ਪ੍ਰਗਟਾਏ॥੧੦॥

॥ਦੋਹਰਾ॥

ਅਉਰੰਗਜੇਬ ਦਾਰਾ ਸਕੋਹ ਆਪਸ ਮੋ ਭਯਾ ਜੰਗ॥
ਹਾਨ ਜੁਧ ਦਾਰਾ ਭਈ ਤਹਾਂ ਚੇਤਿਓ ਸਤਿਗੁਰ ਰੰਗ॥੧੧॥

॥ਤੋਮਰ ਛੰਦ॥

ਭਈ ਹਾਨ ਦਾਰਾ ਜੁਧ॥ਤਬ ਮਨ ਬਿਚਾਰੀ ਬੁਧ॥
ਅਬ ਮਿਲੇ ਗੁਰੂ ਹਰਰਾਇ ਇਉ ਕਹੋ ਬਾਤ ਸੁਨਾਇ॥੧੨॥
ਦਈ ਬਾਦਸਾਹੀ ਅਚਲ॥ਯਹ ਕਿਉ ਭਈ ਅਬ ਬਿਚਲ॥
ਸਾਧਨ ਬਚਨ ਨਹੀ ਟਲੇ॥ਨਿਤ ਨਿਤ ਸਦਾ ਪਰਫੁਲੇ॥੧੩॥
ਮਨ ਪ੍ਰੇਮ ਧਾਰ ਧਿਆਨ॥ਲੀਆ ਦਿਆਲ ਸਤਿਗੁਰ ਜਾਨ॥
ਹੋਇ ਪ੍ਰੇਮ ਤੁਰੰਗ ਅਰੂੜ॥ਜਾਨੇ ਨਹੀ ਨਰ ਮੂੜ॥੧੪॥
ਕੰਠੇ ਬਿਪਾਸਾ ਜਾਇ॥ਜੋ ਰਾਜ ਘਾਟ ਕਹਾਇ॥
ਠਾਢੇ ਭਏ ਗੁਰ ਦਿਆਲ॥ਦਾਰਾ ਆਏ ਤਿਹ ਕਾਲ॥੧੫॥

॥ਦੋਹਰਾ॥

ਦਰਿਆਉ ਉਤ੍ਰ ਦਾਰਾ ਸਕੋਹ ਸਤਿਗੁਰ ਸੋ ਕੀਆ ਮਿਲਾਪ॥
ਗੁਰ ਅੰਤਰਜਾਮੀ ਜਾਨਿਆ ਦੇਖ ਅਮਿਤ ਪ੍ਰਤਾਪ॥੧੬॥

---

[1] ਗੁਰਦੁਆਰੇ ਪੂਜਨ ਕਰਾ ਗੁਰ ਕੁਲ ਕੀਨ ਸਮਾਲ॥ (ੳ,ੲ,ਸ), ਗੁਰਦੁਆਰੇ ਪੂਜਨ ਕੀਆ ਗੁਰ ਕੀਨ॥੧॥ (ਅ)
[2] ਇੱਥੇ ਸ਼ਬਦ 'ਹੈ' ਨਹੀਂ ਹੈ (ੳ), ਇੱਥੇ ਸ਼ਬਦ 'ਹੈ' ਦੀ ਜਗ੍ਹਾ ਤੇ 'ਜੀ' ਹੈ (ੲ)

॥ ਤੋਮਰ ਛੰਦ ॥

ਗਾਂਵ ਬਸਤ ਜਾਨਯੋ ਨਹੀ ਜਮ ਸੌ ਕਿਨ ਕਹਿ ਦੀਨ॥੨੨॥

॥ਚੌਪਈ॥

ਇਹ ਬਿਧ ਤਿਨੋ ਭਯੋ ਉਪਹਾਸਾ॥ਸਭ ਸੰਤਤ ਮਿਲ ਲਖਿਯੋ ਤਮਾਸਾ॥
ਸੰਤਨ ਕਸਟ ਨ ਦੇਖਨ ਪਾਯੋ॥ਆਪ ਹਾਥ ਦੈ ਨਾਥ ਬਚਾਯੋ॥੨੩॥

॥ਚਾਰਣੀ ਦੋਹਰਾ॥

---
[1] ਧਾਮੰ (ਸ)
[2] ਕਾਮੰ (ਸ)
[3] ਛਾਹੀ (ੳ,ੲ,ਸ)
[4] ਤਿਹ ਮਲੇਛ ਛੈਹੈ ਨਹੀਂ ਛਾਹਾ॥ਅਸਟ ਸਿਧ ਹ੍ਵੈ ਹੈ ਘਰਿ ਮਾਹਿ॥ (ੳ,ੲ,ਸ)
[5] ਜਨ (ਅ,ੲ)

ਜਿਸਨੋ ਸਾਜਨ ਰਾਖਸੀ ਦੁਸਮਨ ਕਵਨ ਬਿਚਾਰ॥
ਛ੍ਵੈ ਨ ਸਕੈ ਤਿਹ ਛਾਹ ਕੋ ਨਿਹਫਲ ਜਾਇ ਗਵਾਰ॥੨੪॥
ਜੇ ਸਾਧੂ ਸਰਣੀ ਪਰੇ ਤਿਨ ਕੇ ਕਵਣ ਬਿਚਾਰ॥
ਦੰਤ ਜੀਭ ਜਿਮ ਰਾਖ ਹੈ ਦੁਸਟ ਅਰਿਸਟ ਸੰਘਾਰ॥੨੫॥

ਇਤ ਸ੍ਰੀ ਬਚਿਤ੍ਰ ਨਾਟਕ ਗ੍ਰਿੰਥੇ ਸਹਿਜਾਦੇ ਵ ਅਹਿਦੀਆ ਗਮਨ ਬਰਨਨੰ ਨਾਮ ਤ੍ਰੌਦਸੋ ਧਿਆਇ ਸਮਾਪਤ॥ ਮਸਤੁ ਸੁਭ ਮਸਤੁ॥੧੩॥ਅਫਜੂ॥੪੬੦॥

॥ਚੌਪਈ॥[1]

ਸਰਬ ਕਾਲ ਸਭ ਸਾਧ ਉਬਾਰੇ॥ਦੁਖ ਦੈ ਕੈ ਦੋਖੀ ਸਭ ਮਾਰੇ॥
ਅਦਭੁਤ ਗਤ ਭਗਤਨ ਦਿਖਰਾਈ॥ਸਭ ਸੰਕਟ ਤੇ ਲਏ ਬਚਾਈ॥੧॥
ਸਭ ਸੰਕਟ ਤੇ ਸੰਤ ਬਚਾਏ॥ਸਭ ਸੰਕਟ ਕੰਟਕ ਜਿਮ ਘਾਏ॥
ਦਾਸ ਜਾਨ ਮੁਰਿ ਕਰੀ ਸਹਾਇ॥ਆਪ ਹਾਥ ਦੈ ਲਯੋ ਬਚਾਇ॥੨॥
ਅਬ ਜੋ ਜੋ ਮੈ ਲਖੇ ਤਮਾਸਾ॥ਸੋ ਸੋ ਕਰੌਂ ਤੁਮੇ ਅਰਦਾਸਾ॥
ਜੋ ਪ੍ਰਭ ਕ੍ਰਿਪਾ ਕਟਾਛ ਦਿਖੈ ਹੈ॥ਸੋ ਤਵ ਦਾਸ ਉਚਾਰਤ ਜੈ ਹੈ॥੩॥
448/ਅ ਜਿਹ ਜਿ/ਹ ਬਿਧ ਮੈ ਲਖੇ ਤਮਾਸਾ॥ਚਾਹਤ ਤਿਨ ਕੋ ਕੀਯੋ ਪ੍ਰਕਾਸਾ॥
ਜੋ ਜੋ ਜਨਮ ਪੂਰਬਲੇ ਤੇਰੇ॥ਕਹਿਹੋ ਸੋ ਪ੍ਰਭ ਪ੍ਰਾਕ੍ਰਮ ਤੇਰੇ॥੪॥
ਸਰਬ ਕਾਲ ਹੇ ਮਿਤਾ ਹਮਾਰਾ॥[2]
ਮਨੂਆ ਗੁਰ ਮੁਰ ਮਨਸਾ ਮਾਈ॥ਜਿਨ ਮੋ ਕੌਂ ਸੁਭ ਕ੍ਰਿਆ ਪੜਾਈ॥
ਜਬ ਮਨਸਾ ਮਨ ਮਯਾ ਬਿਚਾਰੀ॥ਗੁਰ ਮਨੂਆ ਕਹ ਕਹਿਯੋ ਸੁਧਾਰੀ॥
ਜੇ ਜੇ ਚਰਿਤ੍ਰ ਪੁਰਾਤਨ ਲਹੇ॥ਤੇਤੇ ਅਬ ਚਾਹੀਅਤ ਹੈ ਕਹੈ॥੬॥
ਸਰਬ ਕਾਲ ਕਰਣਾ ਤਬ ਭਰੇ॥ਸੇਵਕ ਜਾਨ ਦਯਾ ਰਸ ਢਰੇ॥
ਜੋ ਜੋ ਜਨਮੁ ਪੂਰਬਲੋ ਲਯੋ॥ਸੋ ਸੋ ਸਭ ਸਿਮਰਣ ਕਰ ਦਯੋ॥੭॥
ਮੋ ਕੋ ਇਤੀ ਹੁਤੀ ਕਹ ਸੁਧੰ॥ਜਸ ਪ੍ਰਭ ਦਈ ਕ੍ਰਿਪਾ ਕਰਿ ਬੁਧੰ॥
ਸਰਬ ਕਾਲ ਤਬ ਭਏ ਦਿਆਲਾ॥ਲੋਹ ਰਛ ਸਰਬਦਾ ਬਿਸਾਲਾ॥[3]
ਢੀਠ ਭਯੋ ਤਵ ਕ੍ਰਿਪਾਲ ਖਾਈ॥ਐਡੋ ਫਿਰੋ ਸਭਨ ਭਯੋ ਰਾਈ॥੯॥
ਜਿਹ ਜਿਹ ਬਿਧ ਜਨਮਨ ਸੁਧ ਆਈ॥ਤਿਮ ਤਿਮ ਕਹੇ ਗ੍ਰਿੰਥ ਬਨਾਈ॥
ਪ੍ਰਿਥਮੈ ਦੇ ਬਿਚਰਿਤ੍ਰ ਕੋ ਕਹਾ॥੧੦॥[4]
ਪਹਿਲੇ ਚੰਡੀ ਚਰਿਤ੍ਰ ਬਨਾਇਯੋ॥ਨਖ ਸਿਖ ਤੇ ਕ੍ਰਮ ਭਾਖ ਸੁਨਾਯੋ॥
ਛੋਰ ਕਥਾ ਤਬ ਪ੍ਰਥਮ ਸੁਨਾਈ॥ਅਬ ਚਾਹਤ ਫਿਰਿ ਕਰੌ ਬਡਾਈ॥੧੧॥

ਇਤ ਸ੍ਰੀ ਬਚਿਤ੍ਰ ਨਾਟਕ ਗ੍ਰਿੰਥੇ ਸਰਬ ਕਾਲ ਕੀ ਬੇਨਤੀ ਬਰਨਨੰ ਨਾਮ ਚੌਦਸਮੋ ਧਿਆਇ ਸਮਾਪਤ ਮਸਤੁ ਸੁਭ ਮਸਤੁ॥੧੪॥ਅਫਜੂ॥੪੭੧॥[5]

---

[1] ਇੱਥੇ ਸਿਰਲੇਖ '॥ਕਾਲ ਕੀ ਬੇਨਤੀ ਕਥਤੇ॥ਚੌਪਈ॥' ਹੈ (ੳ)
[2] ਸਰਬ ਕਾਲ ਹੇ ਮਿਤਾ ਹਮਾਰਾ॥ਦੇਬਿ ਕਾਲਕਾ ਮਾਤ ਹਮਾਰਾ॥ (ੳ,ੲ,ਸ)
[3] ਸਰਬ ਕਾਲ ਤਬ ਭਏ ਦਿਆਲਾ॥ਲੋਹ ਰਛ ਮੋ ਕੋ ਸਭਿ ਕਾਲਾ॥ਸਰਬ ਕਾਲ ਰਛਾ ਸਭਿ ਕਾਲਾ॥ਲੋਹਿ ਰਛ ਸਰਬਦਾ ਬਿਸਾਲਾ॥ (ੳ), (ਸ) ਵਿਚ ਲੋਹ ਰਛ ਹਮ ਕੋ, ਹੈ ਬਾਕੀ ਪਾਠ ਉਹੀ ਹੈ
[4] ਪ੍ਰਿਥਮੈ ਸਤਿਜੁਗ ਜਿਹ ਬਿਧ ਲਹਾ॥ਪ੍ਰਿਥਮੈ ਦੇਬ ਬਿਚਰਿਤ੍ਰ ਕੋ ਕਹਾ॥੧੦॥,(ੳ,ੲ)
[5] ਇੱਥੇ '॥ਢੀਠ ਭਯੋ ਤਵ ਕ੍ਰਿਪਾਲ....ਚੌਦਸਮੋ ਧਿਆਇ ਸਮਾਪਤ ਮਸਤੁ ਸੁਭ ਮਸਤੁ॥੧੪॥ਅਫਜੂ॥੪੭੧॥' ਵਾਲਾ ਪਾਠ ਨਹੀਂ ਹੈ (ਸ)

॥ਸਾਖੀ॥

449/ੳ ॥ ੧ੴ ਸਤਿਗੁਰ ਪ੍ਰਸਾਦਿ॥

[ਸਾਖੀ ਗੁਰੂ ਜੀ ਵੱਲੋਂ ਪੂਜਾ ਭੇਟ ਅਗਨ ਵਿਚ ਪਾਉਣੀ]

ਸਤਿਗੁਰ ਦੀਨ ਦਿਆਲ ਪਤਿਤ ਪਾਵਨ ਚਲਿਤ੍ਰ ਦਿਖਾਇਆ॥ਜੋ ਸੋ ਸਰਬ ਦੇਸੋਂ ਸੇ ਹੁਕਮਨਾਮੇ ਭੇਜ ਕੇ ਮੰਗਾਇਆ ਥਾ॥ਅਰ ਜੋ ਨਕਦੀ ਰੁਪਯੇ ਅਸਰਫੀਆ ਖਜਾਨੇ ਮੋ ਥੀ[1]॥ਸੋ ਅਰੁ ਜੋ ਥਾਨ ਜਰਬਾਫਤੇ ਤੇ ਆਦਿ ਲੇ ਕੇ ਤਾਸ ਬਾਦਲੇ ਕੇ ਥੇ ਸੋ॥ਹਜੂਰ ਮੋ ਮੰਗਾਇ ਕੇ॥ਅਤਰ ਵਾ ਫੁਲੇਲ ਜੋ ਜਉਨਪੁਰ ਤੇ ਆਦਿ ਲੇ ਕਰ ਬਡੀ ਬਡੀ ਜਾਗਾ ਕਾ ਥਾ ਸੋ ਮੰਗਾਇ ਕੇ ਹੁਕਮ ਕੀਆ ਜੋ॥ਜੋ ਇਨ ਥਾਨੋ ਕੋ ਇਸ ਮੇ ਤਰ ਕਰ ਕੇ ਫੂਕ ਦੇਹੁ॥ਸਿਖਾਂ ਨੇ ਉਸੀ ਤਰਹ ਕੀਆ ਸਤਗੁਰ ਜੀ ਕੀ ਆਗਿਆ ਮਾਨ ਕੇ॥ਫੇਰ ਹੁਕਮ ਹੂਆ ਜੋ ਇਸ ਕੀ ਸੇਮ ਏਕਠੀ ਕਰਕੇ ਚਾਂਦਨੀਆਂ ਕੇ[2] ਬੀਚ ਚਗਠੇ[3] ਬਾਂਧੋ॥ਈਹਾ ਏਹੁ ਚਰਿਤ੍ਰ ਕਰਕੇ ਆਪਿ ਜਾਇ ਕੇ ਸਤ ਰੁਦ੍ਰ ਕੇ ਕਿਨਾਰੇ ਹਥ ਹਥ ਜਲ ਮੇ ਮੰਜੀ ਬਿਛਵਾਇ ਕੇ ਅਸੀਨ ਭਏ॥ਵ ਹੁਕਮ ਕੀਆ ਜੋ ਇਸ ਜਾਗਾ ਏਕ ਗੜਾ ਨਿਕਾਲੋ ਸਿਖਾਂ ਨੇ ਉਸੀ ਤਰਾ ਕੀਆ॥ਆਗਿਆ ਹੋਈ ਕਿ ਜਾਇ ਕੇ ਅਸਰਫੀਆਂ ਵ ਰੁਪਈਆਂ ਕੇ ਤੋੜੇ ਖਜਾਨੇ ਸੋ ਸਭ ਉਠਾਇ ਲਿਆਵੋ॥ਵ ਜਵਾਹਰਖਾਨੇ ਸੌ ਕੁਲ ਜਵਾਹਿਰਾਤਿ ਵ ਸੀਮ ਕੇ ਗਠੇ ਵ ਸਿਲਹਖਾਨੇ॥ਸੌ ਕੁਲ ਹਥਿਆਰ ਵ ਸੁਇਨਾ ਵਹਿ ਜੋ ਹੁਕਮਨਾਮੇ ਭੇਜ ਕੈ ਮੰਗਾਇਆ ਹੈ[4] ਸੋ ਅਉਰ ਬਰਤਨ ਚਾਂਦੀ ਵ
449/ਅ ਸੁਇਨੇ ਕੇ ਸਾਦੇ ਵ ਜੜਾਊ ਏਹ ਸਭ ਚੀਜਾ ਜਲਦ ਲਿਆ/ਇ ਕੈ ਇਸ ਗੜੇ ਮੋ ਡਾਲਤੇ ਜਾਉ॥ਆਗਿਆ ਮਾਨ ਕੈ ਸ੍ਰਬਤ੍ਰ ਸਿ ਸੰਗਤਿ ਉਸ ਕਾਰ ਮੋ ਲਗ ਪੜੇ॥ਇਕ ਸਿਖ ਨੇ ਕਿਆ ਕੀਆ ਜੋ ਏਕ ਚਿਲਾ ਕਮਾਨ ਸੇ ਨਇਆ ਉਤਾਰ ਕੈ ਕਮਰ ਮੋ ਰਖਾ॥ਸਤਿਗੁਰ ਅੰਤਰਜਾਮੀ ਪੂਛਾ ਕਿ ਤੇਰੀ ਕਮਰ ਮੋ ਕਿਆ ਹੈ॥ਸਿਖ ਲੇ ਹਾਥ ਬਾਂਧ ਕੈ ਬੇਨਤੀ ਕੀਆ ਏਕ ਚਿਲਾ ਮੈਨੇ ਲੀਆ ਹੈ॥ਇਸ ਵਾਸਤੇ ਜੋ ਮਲੇਛਾ ਸੇ ਲੜਾਈ ਹਮੇਸਾ ਰਹਤੀ ਹੈ ਸਾਇਤ ਕਿਸੀ ਵਖਤ ਮੇਰਾ ਚਿਲਾ ਪੁਰਾਨਾ ਹੈ ਟੂਟ ਜਾਇ ਤੋ ਇਸ ਕੌ ਚੜਾਇ ਲੇਉਗਾ॥ਤਬ ਸਤਗੁਰ ਗਰੀਬ ਨਵਾਜ ਬਚਨ ਕੀਆ॥ਏ ਸਿਖ ਇਹ ਪੂਜਾ ਕੀ ਅੰਸ ਹੈ ਤੁਮ ਕੋ ਇਹ ਬਿਖ ਸਮਾਨ ਹੈ॥ਇਹ ਬਚਨ ਸੁਨਿ ਕੇ ਸਿਖ ਕੰਪਮਾਨ ਭਇਆ॥ਅਉ ਚਰਨਾ ਉਪਰ ਗਿੜ ਪੜਾ ਅਰ ਬੇਨਤੀ ਕਰੀ॥ਹੇ ਗਰੀਬ ਨਿਵਾਜ ਦਾਸ ਕੀ ਅਵਗਿਆ ਮਾਫ ਕਰਨੀ॥ਸਤਿਗੁਰ ਸਾਹਿਬ ਜੀ ਨੇ ਹੁਕਮ ਕੀਆ ਜੋ ਇਸ ਚਿਲੇ ਨੋ ਇਥੇ ਪਾਇ ਦੇਇ॥ਹੋਰ ਚੀਜਾ ਜਲਦ ਲਿਆਉ॥ਤਾਂ ਹਜੂਰ ਕਾ ਹੁਕਮ ਮਾਨ ਕੈ ਹਜਾਰਾ ਸਿਖ ਢੋਵਨੇ ਲਗੇ ਥੇ॥ਸੰਧਿਆ ਤਕ ਸਭ ਅਸਬਾਬ ਆਇ ਚੁਕਾ॥ਤਬ ਆਪ ਨੇ ਹੁਕਮ ਕੀਆ ਜੋ ਅਬ ਦੇਰੇ ਕੋ ਚਲੋ ਸੰਗਤ ਸਤਗੁਰ ਜੀ ਕੇ ਹਮਰਾਹ ਹਦੇਰੇ ਕਉ ਆਏ॥ਇਧਰ ਤੋ ਇਹ ਚਰਿਤ੍ਰ ਹੁਆ॥ਉਧਰ ਰਾਜਿਆਂ ਨੇ ਸੁਨਾ ਜੋ ਗੁਰੂ ਜੀ ਨੇ ਸਭ ਮਾਇਯਾ ਅਰੁ ਅਸਬਾਬ ਅਪਨਾ ਸਤਲੁਦ੍ਰ ਕੇ ਕਿਨਾਰੇ ਗੜਾ ਕਰ ਕੈ ਉਸ ਮੇ ਪਾਇਆ ਹੈ॥ਇਹ ਸੁਨ ਕੈ ਰਾਜੇ ਸਤਲੁਦ੍ਰ ਕੇ ਕਿਨਾਰੇ ਆਇ ਕੈ ਉਸ ਜਾਗਾ ਕਉ ਸਾਰੀ ਖੋਦਤੇ ਰਹੇ॥ਕਛੁ ਹਾਥ ਨਾ ਲਗਾ॥ਸਵੇਰ ਕੌ ਅਪਨੇ ਘਰ ਗਏ॥ਸਿਖਾ ਨੇ ਇਹ ਕਥਾ ਸਭਿ ਆਇ ਕੈ ਉਸ ਜਾਗਾ ਕਉ ਸਾਰੀ ਰਾਤ ਖੋਦਤੇ ਰਹੇ॥ਕਛੁ ਹਾਥ ਨਾ ਲਗਾ॥ਸਵੇਰ ਕੌ ਅਪਨੇ ਘਰ ਗਏ॥ਸਿਖਾ
450/ੳ ਨੇ ਇਹ ਕਥਾ ਸਭਿ ਆਇ ਕੈ/ਹਜੂਰ ਸਤਿਗੁਰ ਜੀ ਕੇ ਕਹੀ॥ਸ੍ਰੀ ਮੁਖ ਬਚਨ ਹੁਆ॥ਜੋ ਮੈਨੇ ਇਹ ਮਾਇਆ ਅਰੁ ਅਸਬਾਬ ਅਪਨਾ ਸਤਲੁਦ੍ਰ ਕੀ ਸਪੁਰਦ ਕੀਆ ਹੈ॥ਅਰੁ ਅਮਾਨਤ ਰਖਾ ਹੈ॥ਅਰ ਉਸ ਜਾਹਗਾ ਕਾ ਨਾਉ ਹਿਮਾਇਤੀ ਨਾਲਾ ਕੀਆ ਹੈ॥ਜਿਸ ਕੇ ਵਾਸਤੇ ਇਹ ਸਭ ਕਛੁ ਆਮਾਨਤ ਰਖਾ ਹੈ ਜਦ ਉਹ ਪੁਰਖ ਆਵੈਗਾ ਤਦ ਅਪਨੀ ਅਮਾਨਤ ਲੇ ਲੇਇਗਾ॥ਅਉਰ ਕਿਸੀ ਕਉ ਕੋਟ ਜਤਨ ਕਰਿ ਕੈ ਨਹੀ ਮਿਲਨੀ॥ਜੋ ਮਾਇਆ ਅਸਬਾਬ ਸਤਗੁਰ ਗਰੀਬ ਨਿਵਾਜ ਨੇ ਸਤਲੁਦ੍ਰ ਮੇ ਡਾਲਾ ਤਿਸ ਕੀ ਸੰਖਿਆ ਬਡਿਆਂ ਸਿਖਾਂ ਨੇ ਕੀਆ ਤੋ ਨੌ ਕਰੋੜਿ ਠਹਿਰਾਇਆ॥ਪਰਮ ਸਤਿਗੁਰ ਕੀ ਮਾਇਆ ਕਾ ਅੰਤ ਕਉਨ ਪਾਵੈ॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

---

[1] ਥੀਆ (ੳ,ਅ)

[2] ਗੇ (ਅ)

[3] ਗਡੇ (ਅ), ਗਠੇ (ਸ)

[4] ਥਾ (ਅ)

[ਸਾਖੀ ਸਾਹਿਬਜ਼ਾਦਿਆ ਦੀ ਸ਼ਹੀਦੀ]

ਸਤਗੁਰ ਦਿਆਲ ਸਿਖਾ ਕੋ ਬੁਲਾਇ ਕੇ ਹੁਕਮ ਕੀਆ॥ ਜੋ ਲਸਕਰ ਮੋ ਜੇਤੇ ਘੋੜੇ ਮਰੇ ਉਨਕਾ ਚਰਸਾ
ਹਜੂਰ ਦਾਖਲ ਕਰਨਾ॥ ਪੁਰਾਨੇ ਜੂਤੇ ਵ ਪੁਰਾਨੇ ਤੋਬਰੇ ਏਹ ਸਭਿ ਲੇ ਆਇਕੇ ਉਹ ਜੋ ਸੰਦੂਕ
ਜਰਬਾਫਤੇ ਹੈ॥ ਜਿਨ ਮੇ ਸੇ ਮਾਲ ਨਿਕਾਲ ਕੇ ਹਿਮਾਇਤੀ ਨਾਲੇ ਮੋ ਡਾਲਾ ਹੈ॥ ਉਨਾ ਸਭ ਸੰਦੂਕਾ ਕੋ
ਇਨਾ ਚੀਜਾਂ ਸੌ ਭਰ ਕੇ ਤਾਲੇ ਲਗਾਇ ਦੇਉ॥ ਸਿਖਾ ਆਗਿਆ ਮਾਨ ਕੇ ਉਸੀ ਤਰਹ ਕੀਆ॥ ਏਤੇ
450/ਅ ਮੋ ਰਾਜਿਆ ਕੇ ਵਕੀਲ ਆਏ॥ ਅਉ ਬੇਨ/ਤੀ ਕੀਆ॥ ਜੋ ਹਜੂਰ ਕੇ ਸਿੰਘ ਹਮਾਰੇ ਖੇਤਾ ਮੇ ਸਿਕਾਰ
ਖੇਲਤੇ ਫਿਰਤੇ ਹੈ॥ ਵਾ ਨਾਹਕ ਭੀ ਘੋੜੇ ਖੇਤਾ ਮੇ ਲੇ ਜਾਤੇ ਹੈ॥ ਹਮਾਰਾ ਹਜਾਰਾ ਰੁਪਯਾ ਕਾ ਨੁਕਸਾਨੁ
ਹੋਤਾ ਹੈ॥ ਇਸ ਕੀ ਪਾਇ ਮਾਲੀ ਹਮ ਕੋ ਹਜੂਰ ਸੇ ਮਿਲੇ॥ ਆਪ ਨੇ ਜਬਾਬ ਦੀਆ ਜੋ ਤੁਮ ਜਾਨੋ
ਸਿੰਘ ਜਾਨੈ॥ ਤਬਿ ਰਾਜਿਆ ਨੇ ਸੂਬੇ ਕੇ ਫਿਰਆਦ ਕੀਆ॥ ਸੂਬਾ ਬੇ ਵਾਸਤਾ ਏਕਠਾ ਕਰਕੇ ਗੁਰੂ ਜੀ
ਕੇ ਊਪਰ ਲੜਾਈ ਕੋ ਆਇਆ॥ ਇਸ ਕਾਰਨ ਸੇ ਸਿਖ ਸੰਗਤ ਸਭ ਜੋ ਬਿਸੋਏ ਕੇ ਮੇਲੇ ਪਰ ਦਰਸਨ
ਕੋ ਆਏ ਥੇ ਉਨਾ ਸਭਨਾ ਬੇਨਤੀ ਕੀਆ ਜੋ ਆਗਿਆ ਪਾਵੈ ਤੋ ਘਰਾ ਕੋ ਜਾਹਿ॥ ਤਦ ਹਜੂਰ ਸੇ
ਹੁਕਮ ਹੂਆ ਜੋ ਮੈ ਤੁਮਾਰੇ ਰਛਿਆ ਕੇ ਵਾਸਤੇ ਲੋਹਗੜ ਕੀਆ ਹੈ॥ ਇਹ ਸੁਨ ਕੇ ਜਿਨ ਕੋ ਗੁਰੂ ਕੇ
ਬਚਨਾ ਉਪਰ ਨਿਸਚੇ ਥੀ ਸੋ ਤੋ ਦਿੜ ਭਏ॥ ਜਿਨ ਕਉ ਕਛੁ ਭਰਮੁ ਚਿਤ ਬਿਖੇ ਆਇਆ ਸੋ ਕਿਆ
ਕਰਤੇ ਜੋ ਇਕ ਸਿਖ ਕੋ ਬਿਬਾਨ ਬਨਾਇ ਕੇ ਉਸ ਊਪਰਿ ਸੁਲਾਇ ਕੇ ਚਲਾਨੇ ਕੇ ਬਹਾਨੇ ਗੁਰੂ ਜੀ ਕੇ
ਲਸਕਰ ਸੇ ਬਾਹਰ ਜਾਇ ਕੈ ਅਪਨੇ ਘਰ ਕੋ ਜਾਤੇ[1]॥ ਈਹਾ ਗੁਰੂ ਜੀ ਕੀ ਤਕੀਅਦ ਹੋਤੀ ਹਮੇਸਾ ਜੋ
ਕੋਈ ਸਿਖ ਸੰਗਤ ਜਾਨੇ ਨ ਪਾਵੈ॥ ਇਸ ਚੌਕੀ ਪਰ ਕੇਤੇ ਸਿਖ ਤਈ ਰਹਤੇ॥ ਜਦ ਸਿਖਾ ਨੇ ਜਾਇ ਕੈ
ਬੇਨਤੀ ਕੀਆ ਕਿ ਇਸ ਬਹਾਨੇ ਜਾਤੇ ਹੈ॥ ਤਦ ਹੁਕਮ ਹੂਆ ਕਿ ਕਿਸੀ ਬਹਾਨੇ ਕਿਸੀ ਕੋ ਜਾਨ ਨਹੀ
ਦੇਨਾ॥ ਸਿਖਾ ਨੇ ਬਚਨ ਮਾਨ ਕੇ ਤਕੀਅਦ ਕਮਾਲ ਕੀਆ॥ ਇਸੀ ਅਰਸੇ ਕੇ ਦਰਮਿਆਨ ਉਹ ਦਿਨ
451/ੳ ਆਇਆ॥ ਜਿਸ ਦਿਨ ਕਾ ਵਾਇਦਾ ਸ੍ਰੀ ਮੁਖ ਬਚਨ ਕੀਆ ਥਾ॥ ਤਦ ਸ੍ਰੀ ਗੁਰੂ ਦੀਨ/ਦਿਆਲ ਜੀ ਨੇ
ਸਰਬਤ ਸਿਖਾ ਕਉ ਬਚਨ ਕੀਆ॥ ਤੁਮ ਨੇ ਜਲਦੀ ਕਰ ਕੈ ਮੇਰੇ ਬਚਨ ਪਰਿ ਨਿਸਚਾ ਨ
ਕੀਆ॥ ਕੇਤੇ ਲੋਗ ਚੋਰੀ ਭਾਗ ਗਏ॥ ਅਰ ਕੇਤੇ ਲੋਗਾ ਕੋ ਮੈ ਤਗੀਦ ਕਰਕੇ ਘੇਰ ਰਖਾ ਹੈ॥ ਅਰ ਕੇਤੇ
ਅਪਨੇ ਨਿਸਚਾ ਸੇ ਰਹੇ ਹੈਂ॥ ਸੋ ਸਭ ਮੇਰੇ ਬਚਨ ਕੋ ਮਾਨ ਕੇ ਦ੍ਰਿੜ ਰਹਤੇ ਤੌਂ ਮੈ ਬਹੁਤ ਪ੍ਰਸੰਨ
ਹੋਤਾ॥ ਇਧਰ ਤੋ ਇਹ ਬਾਰਤਾ ਭਈ॥ ਉਧਰ ਸੇ ਰਾਜਿਆ ਨੇ ਪੈਗਾਮ ਕੀਆ॥ ਜੋ ਆਪ ਹਮਾਰੇ ਘਰ
ਪਹਾੜ ਊਪਰ ਆਈਏ॥ ਸਤਿਗੁਰ ਅੰਤਰਿਜਾਮੀ ਸਭ ਕੇ ਚਿਤ ਕੀ ਜਾਨਨਹਾਰ ਨੇ ਸਭ ਬਿਧ
ਬੂਝੀ॥ ਜੋ ਇਹ ਮਲੇਛਾ ਸਾਥ ਮਿਲ ਕੇ ਦਗਾ ਕੀਆ ਚਾਹਤੇ ਹੈ॥ ਇਹ ਪੈਗਾਮ ਉਨਕਾ ਮਨਜੂਰ ਨ
ਕੀਆ॥ ਤਦ ਉਨਾ ਨੇ ਮਾਤਾ ਨਾਨਕੀ ਜੀ ਕੋ ਜੋ ਗੁਰੂ ਜੀ ਕੀ ਦਾਦੀ ਸਾਹਿਬ ਥੀ ਉਨ ਕੇ ਪਾਸ ਏਹੀ
ਪੈਗਾਮ ਕੀਆ॥ ਜੋ ਹਮ ਗਊ ਵ ਬ੍ਰਹਮਨ ਵ ਜਨੇਊ ਦਰਮਿਆਂਨ ਦੇਤੇ ਹੈ॥ ਆਪ ਸੇ ਦਗਾ ਨ
ਕਰਹਿਗੇ॥ ਤਦ ਮਾਤਾ ਨਾਨਕੀ ਜੀ ਨੇ ਗੁਰੂ ਜੀ ਪਾਸ ਬੇਨਤੀ ਕੀਆ॥ ਜੋ ਇਹ ਰਾਜਿਆ ਕਾ ਪਰੋਹਤ
ਪੰਮਾ ਨਾਮੇ ਆਇਆ ਹੈ॥ ਰਾਜਿਆ ਨੇ ਗਊ ਵ ਬ੍ਰਹਮਨ ਵ ਜਨੇਊ ਦਰਮਿਆਨ ਦੇਤੇ ਹੈ ਵ ਸਪਤ
ਕਰਤੇ ਹੈਂ॥ ਇਸੀ ਵਾਸਤੇ ਪਰੋਹਤ ਅਪਨਾ ਭੇਜਾ ਹੈ ਤਦ ਸ੍ਰੀ ਸਤਗੁਰ ਜੀ ਨੇ ਬਚਨ ਕੀਆ॥ ਜੋ ਇਸ
ਗਊ ਕੋ ਛੋਡ ਦੇਹੁ ਇਹੁ ਤੋ ਪਸੂ ਹੈ॥ ਇਹ ਨਾ ਕਛੁ ਬੋਲੇ ਨਾ ਕਹੇ॥ ਇਸ ਦੀ ਕਿਆ ਕਸਮ॥ ਜਨੇਊ
ਕਿਸੀ ਕੋ ਨਾ ਕਛੁ ਕਹੇ ਨ ਸੁਨੇ ਇਸ ਕੀ ਸਪਤ ਕਿਆ॥ ਅਰੁ ਇਹ ਪਰੋਹਤ ਜੋ ਪੰਮਾ ਹੈ ਇਸ ਕਾ
451/ਅ ਕਿਆ ਐਤਬਾਰ ਹੈ॥ ਫੇਰ ਮਾਤਾ ਜੀ ਨੇ ਬੇਨੀ[2] ਕੀਆ ਜੋ ਰਾਜੇ ਆਪ ਸੇ ਦਗਾ ਨ ਕ/ਰਹਿਗੇ॥ ਇਹ
ਤੋ ਆਪ ਕੇ ਸਾਥ ਪ੍ਰੀਤ ਰਖਤੇ ਹੈਂ॥ ਅਉ ਸਪਤ ਕਰਤੇ ਹੈ॥ ਤਦ ਗੁਰੂ ਜੀ ਸਾਹਿਬ ਬਚਨ ਕੀਆ ਜੋ
ਇਨ ਕਾ ਕਛੁ ਐਤਬਾਰ ਨਾਹੀ॥ ਫੇਰ ਮਾਤਾ ਜੀ ਬੇਨਤੀ ਕੀਆ॥ ਜੋ ਆਪ ਸੇ ਇਹ ਦਗਾ ਨ ਕਦੀ
ਕਰਹਿਗੇ॥ ਤਦ ਸਤਗੁਰੂ ਜੀ ਸਾਹਿਬ ਮਾਤਾ ਜੀ ਕੋ ਕਹਾ ਜੋ ਤੁਮਾਰੀ ਮਰਜੀ ਮੋ ਆਵੈ ਸੋ ਕਰੋ॥ ਅਰੁ
ਮਾਤਾ ਜੀ ਸੇ ਬਹੁਤ ਗੁਸੇ ਹੂਏ ਅਰੁ ਕਹਾ ਜੋ ਤੁਮ ਨੇ ਮੇਰਾ ਬਚਨ ਮਾਨਾ ਨਹੀ॥ ਇਹ ਕਹਿ ਕੇ ਸਰਾਪ
ਦੀਆ ਤੇਰਾ ਧਨ ਨਾਸ ਧਰਮ ਨਾਸ ਕੁਲ ਨਾਸ ਇਹ ਤੀਨ ਸਰਾਪ ਦੀਏ॥ ਸੋ ਤੀਨੋ ਤਤਫੁਰ
ਹੂਏ॥ ਉਸ ਕੇ ਦੂਸਰੇ ਦਿਨ ਤਿਆਰੀ ਹੂਈ ਪਹਾੜੋ ਕੇ ਚਲਨੇ ਕੀ॥ ਆਪ ਨੇ ਬਚਨ ਕੀਆ ਜੋ ਸਭ
ਲੋਕ ਆਗੇ ਚਲੋ ਅਸੀ ਸਭ ਕੇ ਪੀਛੇ ਸਵਾਰ ਹੋਇਗੇ॥ ਹੁਕਮੁ ਹੂਆ ਜੋ ਦੋਨੋ ਸਾਹਬਜਾਦੇ ਵ ਮਾਤਾ ਜੀ
ਵ ਮਹਲ ਹਜੂਰ ਕੇ ਮਾਤਾ ਸੁੰਦਰੀ ਜੀ ਤੇ ਆਦ ਲੇ ਕੇ ਮਾਤਾ ਜੀਤੋ ਜੀ ਵ ਮਾਤਾ ਸਾਹਿਬ ਦੇਵੀ ਜੀ

[1] ਘਰ ਕੋ ਚਲੇ ਜਾਤੇ (ੳ,ਅ,ੲ,ਸ)

[2] ਬੇਨਤੀ (ੳ,ਅ,ੲ,ਸ)

ਵਾ ਮਾਤਾ ਚੌਥਾ ਮਹਲ ਜੋ ਥਾ ਇਹ ਚਾਰੋ[1] ਮਹਿਲ ਗੁਰੂ ਜੀ ਕੇ ਹੈਨ ਸੋ ਚਾਰੋ ਮਹਲੋ ਕੋ ਹੁਕਮ ਹੂਆ
ਜੋ ਤੁਸੀ ਆਗੇ ਚਲੇ॥ ਸਾਹਿਬਜਾਦੇ ਦੋਨੋ ਛੋਟੇ ਸ੍ਰੀ ਬਾਬਾ ਫਤੇ ਸਿੰਘ ਜੀ॥ ਸ੍ਰੀ ਬਾਬਾ ਰਨਜੀਤ[2] ਸਿੰਘ
ਜੀ ਕੋ ਹੁਕਮ ਹੂਆ॥ ਜੋ ਤੁਸੀ ਆਗੇ ਚਲੋ ਅਰੁ ਦੋਨੋ ਸਾਹਬਜਾਦੇ ਬਡੇ ਜੋ ਥੇ ਸੋ ਆਗੇ ਸਹੀਦ ਹੋਇ
ਚੁਕੇ ਥੇ ਚਮਕਉਰ ਜੀ ਦੇਹੁਰਾ ਹੈ॥ ਦੋਨੋ ਸਾਹਿਬਾ ਕਾ ਨਾਮ ਸ੍ਰੀ ਬਾਬਾ ਜੁਝਾਰ ਸਿੰਘ ਜੀ ਵ ਬਾਬਾ
ਜੋਰਾਵਰ ਸਿੰਘ ਜੀ॥ ਜਿਨ ਕੀ ਕਥਾ ਸ੍ਰੀ ਬਚਿਤ੍ਰ ਨਾਟਕ ਜੀ ਮੇ ਸ੍ਰੀ ਮੁਖ[3] ਬਰਨਨ ਕੀਆ ਹੈ॥ ਇਹ
452/ੳ ਕਾਰਨ ਤੋਂ ਪਹਿਲੇ ਹੂਆ ਥਾ॥ ਦੋਨੋ ਸਾਹਿਬਜਾਦੇ ਜੋ ਪੀਛੇ ਰਹੇ ਥੇ ਉਨਕੋ ਆਗਿ/ਆ ਭਈ ਜੋ
ਚਲੋ॥ ਵ ਹਜਾਰਾ ਸਿੰਘਾ ਕੋ ਆਗਿਆ ਦੀਆ ਜੋ ਤੁਸੀ ਇਨ ਕੇ ਨਾਲ ਜਾਉ॥ ਅਨੰਦਪੁਰ ਜੀ ਸੇ ਕੂਚ
ਕਰਕੇ ਜਦ ਤੀਨ ਚਾਰ ਕੋਸ ਗਏ॥ ਤਦ ਰਾਜੇ ਵ ਫਊਜਾਂ ਪਾਤਸਾਹੀ ਜਿਨਾ ਨਰਗਾ ਕੀਆ ਥਾ ਉਹ
ਸਭ ਆਇ ਪੜੇ ਮਾਲ ਅਸਬਾਬ ਸਭ ਲੀਆ॥ ਅਰੁ ਸਾਹਿਬਜਾਦਿਆ ਕੋ ਮਹਲਾ ਕੋ ਨਹੀ
ਪਾਇਆ॥ ਤਦ ਤਲਾਇਸ ਲਗੇ ਕਰਨੇ ਸਾਹਿਬਜਾਦੇ ਵ ਮਹਾਲ ਸਭ ਜਾਇ ਕੇ ਉਸ ਗਾਉ ਕਾ ਨਾਉ
ਆਗੇ ਕਛੁ ਅਉਰ ਥਾ ਜਬ ਸੇ ਇਹੁ ਕਾਰਨ ਹੂਆ ਤਦ ਸੇ ਬੁਰਾ ਪਿੰਡੁ ਕਹਤੇ ਹੈ ਊਹਾ ਜਾਇ ਕੇ
ਉਤਰੇ॥ ਊਹਾ ਜੋ ਰੰਗੜ ਰਹਤੇ ਉਨੋ ਨੇ ਜਾਇ ਪਾਤਿਸਾਹੀ ਲੋਕਾ ਕੇ ਖਬਰ ਕਰ ਦੀਆ॥ ਉਸੀ ਵਖਤ
ਪਾਤਸਾਹੀ ਲੋਕ ਆਇ ਪੜੇ ਸਭ ਕੋ ਘੇਰ ਲੀਆ॥ ਵ ਸਰਹੰਦ ਸੂਬੇਦਾਰ ਪਾਸ ਲੇ ਆਏ ਕਿਲੇ ਵਿਚ
ਰਖਾ ਦੂਸਰੇ ਦਿਨ॥ ਸਿਖ ਬਡੇ ਜੋ ਦਿਲੀ ਰਹਤੇ ਥੇ॥ ਉਨਾ ਨੇ ਮਤਾ ਸੁੰਦਰੀ ਜੀ ਕੋ ਅਪਨੀ ਜਾਮਨੀ
ਕਰਕੇ ਦਿਲੀ ਲੇ ਆਏ॥ ਅਰੁ ਦੋਨੋ ਸਾਹਿਬਜਾਦਿਆਂ ਕੋ ਸੂਬੇਦਾਰ ਪਾਸ ਲੇ ਗਏ॥ ਸੂਬੇਦਾਰ ਦੇਖ ਕੇ
ਬਿਸਮਾਦ ਹੋਇ ਰਹਾ॥ ਅਉਰ ਕੋਈ ਬੋਲਾ ਨਹੀ ਪਰ ਇਰਾਦਾ ਬੁਰਾ ਚਾਹਾ॥ ਤਦ ਏਕ ਪਠਾਨ
ਮਲੇਰਕੋਟਲੇ ਕਾ ਊਹਾ ਬੈਠਾ ਥਾ ਉਸ ਨੇ ਕਹਾ ਜੋ ਇਹ ਸੀਰ ਖੋਰੇ ਲੜਕੇ ਹੈਨ॥ ਇਨ ਕੀ ਬਦੀ
ਚਾਹਨਾ ਬਡਾ ਅਜਾਬ ਹੈ॥ ਇਹ ਬਾਤ ਸੁਨ ਕੇ ਸੂਬੇਦਾਰ ਕੋ ਖੌਫ ਖੁਦਇ ਕਾ ਹੂਆ ਏਤੇ ਮੋ ਸੁਚਾ ਨੰਦ
ਜਿਸ ਕੋ ਸ੍ਰੀ ਮੁਖ ਝੂਠਾ ਨੰਦ ਕਹਾ॥ ਅਉ ਦਰਗਾਹ ਕੀ ਮਾਰ ਉਸ ਪਰ ਹੂਈ ਉਹ ਬੋਲਾ ਜੋ ਇਹ
452/ਅ ਸੇਰ ਕੇ ਬਚੇ ਹੈਂ ਜਦ ਸਿਆਨੇ ਹੋਇਗੇ ਤਦ ਏਹ ਭੀ ਤੂਫਾਨ ਉਠਾਵੈਗੇ ਅਰ/ਇਨ ਸੋ ਸਲਾਮ
ਕਰਵਾਈ ਤੌ ਇਹ ਨ ਕਰੈਗੇ ਤਦ ਸੂਬੇਦਾਰ ਨੇ ਕਹਾ ਜੋ ਤੁਮ ਕਹੋ ਤਦ ਝੂਠਾ ਨੰਦ ਨੇ ਕਹਾ ਜੋ ਸੂਬੇ
ਕੋ ਸਲਾਮ ਕਰੋ ਤਦ ਸਾਹਿਬਜਾਦਿਆ ਬਚਨ ਕੀਆ ਜੋ ਹਮ ਨੇ ਸਚੇ ਪਾਤਸਾਹ ਕੋ ਸਲਾਮ ਕੀਆ ਹੈ
ਅਉਰ ਕੋ ਸਲਾਮ ਨਾਹੀ ਕਰਤੇ ਤਦ ਝੂਠਾ ਨੰਦ ਨੇ ਸੂਬੇਦਾਰ ਕੋ ਕਹਾ॥ ਜੋ ਮੈ ਅਰਜ ਕੀਆ॥ ਸੋ
ਆਪ ਨੇ ਦੇਖਾ ਇਸ ਬਾਤ ਕੋ ਚਿਤ ਮੋ ਦੇਖ ਕੇ ਉਸ ਕੋ ਝੂਠਾ ਨੰਦ ਦਾ ਕਹਨਾ ਦ੍ਰਿੜ ਭਇਆ॥ ਤਦ
ਉਸ ਨੇ ਜਲਾਦਾ ਕਉ ਕਹਾ ਇਸ ਤਰਹ ਕਰਕੇ ਇਹ ਕਾਰਨ ਹੂਆ॥ ਉਸੀ ਜਾਗਾ ਦੋਨੋ
ਸਾਹਿਬਜਾਦਿਆ ਕਾ ਦੇਹੁਰਾ ਜੀ ਹੈ॥ ਇਹ ਕਾਰਨ ਸੁਨ ਕੇ ਮਾਤਾ ਸਾਹਿਬ ਦੇਵੀ ਜੀ ਨੇ ਬੁਰਜ ਸੇ
ਗਿਰ ਕੇ ਸਰੀਰ ਤਿਆਗਨ ਕੀਆ॥ ਊਹਾ ਜੀ ਮਾਤਾ ਜੀ ਕਾ ਭੀ ਦੇਹੁਰਾ ਹੈ ਅਰੁ ਮਾਤਾ ਸੁੰਦਰੀ ਜੀ
ਦਿਲੀ ਮੋ ਆਇ ਕੇ ਬਹੁਤ ਕਾਲ ਰਹੇ॥ ਬਲਕ ਸ੍ਰੀ ਅੰਮ੍ਰਿਤਸਰ ਜੀ ਕਾ ਖਜਾਨਾ ਤਮਾਮ ਦੀਪਾ ਨਾਮੇ
ਖੋਸਲਾ ਪਹੁਚਾਇਤਾ ਥਾ॥ ਫੇਰ ਬਹੁਤ ਚਿਰ ਕੇ ਬਾਦ ਮਾਤਾ ਸੁਦਰੀ ਜੀ ਨੇ ਸਰੀਰ ਤਿਆਗਨ ਕੀਆਂ
ਦਿਲੀ ਵਿਚ ਦੇਹੁਰਾ ਹੈ॥ ਸਦਾ ਪੂਜਾ ਚੜਤੀ ਹੈ ਸ੍ਰੀ ਮਾਤਾ ਜੀਤੋ ਜੀ ਕਾ ਦੇਹਰਾ ਅੰਗਮਪੁਰੇ ਵਿਚ
ਹੈ॥ ਏਹੁ ਚਾਰੋ ਦੇਹੁਰੇ ਚਾਰੋ ਮਾਤਾ ਕੇ ਆਏ॥ ਚਾਰੋ ਦੇਹੁਰੇ ਚਾਰੋ ਸਾਹਿਬਜਾਦਿਆ ਸਾਹਿਬਾ ਕੇ॥

॥ ਇਹ ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[1] ਇੱਥੇ 'ਚੌਥਾ ਮਹਲ ਜੋ ਥਾ ਇਹ ਚਾਰੋ' ਦੀ ਜਗ੍ਹਾ ਤੇ 'ਦਮੋਦਰੀ ਜੀ ਵ ਇਹ ਚਾਰੋ' (ੳ) 'ਗੁਰੂ ਜੀ ਸਾਹਿਬ ਕੀ ਮਾਤਾ॥ ਮਹਿਲ ਤੀਨ ਗੁਰੂ ਜੀ ਕੇ ਹੈਨ' ਪਾਠ ਹੈ (ੲ)

[2] ਅਜੀਤ (ਸ)

[3] ਸ੍ਰੀ ਮੁਖਵਾਕ (ਅ)

[ਸਾਖੀ ਸਤਿਗੁਰੂ ਜੀ ਦਾ ਚਮਕਉਰ ਕਿਲੇ ਵਿਚ ਜਾਣਾ]

ਜੋ ਸਤਿਗੁਰ ਜੀ ਉਧਰ ਸਭ ਲੋਕਾ ਕੋ ਰੁਖਸਦ ਕਰਕੇ ਆਪ ਚਮਕਉਰ ਕੇ ਕਿਲੇ ਮੇ ਜਾਇ ਕੇ ਘੋੜੇ
453/ੳ ਸੇ ਉਤ੍ਰ ਕੇ ਆਪ ਕਿਲੇ ਕੇ ਬੁਰਜਾ ਉਪਰ ਲਗੇ ਫਿਰਨੇ॥ਅ/ਰ ਫੌਜ ਪਾਤਸਾਹੀ ਉਸ ਕਿਲੇ ਕੇ ਨੀਚੇ
ਉਤ੍ਰੀ ਥੀ॥ਉਨਾ ਨੇ ਦੇਖ ਕੇ ਕਹਾ ਜੋ ਹਮ ਜਿਸ ਕੋ ਢੂਢਤੇ ਸੋ ਤੋ ਇਹ ਕਿਲੇ ਕੇ ਊਪਰ ਫਿਰਤੇ
ਹੈ॥ਏਤੇ ਮੋ ਸਾਹਿਬ ਉਸ ਬੁਰਜ ਮੋ ਆਏ ਜਿਸ ਕੇ ਤਲੇ ਗਨੀ ਖਾ ਵ ਨਬੀ ਖਾ ਦੋਨੋ ਭਾਈ ਉਤਰੇ
ਹੂਏ ਥੇ॥ਆਪ ਨੇ ਕ੍ਰਿਪਾ ਕੀ ਦ੍ਰਿਸਟਿ ਕਰਕੇ ਉਨ ਕਾ ਹਿਰਦਾ ਆਪਨੀ ਤਰਫ ਕਰ ਲੀਆ॥ਤਦ
ਆਪ ਨੇ ਪੂਛਾ ਜੋ ਗਨੀ ਖਾ ਤੇਰੇ ਪਾਸ ਕੋਈ ਨੀਲਾ ਪੈਰਾਹਨ ਹੈ॥ਗਨੀ ਖਾ ਨੇ ਕਹਾ ਗਰੀਬ ਨਿਵਾਜ
ਨਇਆ ਪੈਰਾਹਨ ਮੇਰੇ ਘਰ ਸੇ ਆਇਆ ਹੈ॥ਸੋ ਮੇਰੇ ਪਾਸ ਹਾਜਰ ਹੈ॥ਆਪ ਨੇ ਫਰਮਾਇਆ ਜੋ
ਉਹ ਪੈਰਾਹਨ ਤੂੰ ਹਮ ਕੌ ਫੈਕ ਦੇ ਅਉਰ ਹਮ ਜੋ ਆਗਿਆ ਕਰਹਿਗੇ ਸੋ ਤੂੰ ਮਾਨੇਗਾ॥ਤਦ ਗਨੀ ਖਾਂ
ਨੇ ਕਹਾ ਜੋ ਮੈਂ ਭੀ ਖਾਦਮ ਹਜੂਰ ਕਾ ਹੌਂ॥ਜੋ ਆਗਿਆ ਹੋਇ ਸੋ ਮੈਂ ਬਜਾਇ ਲੇ ਆਓ॥ਜਦ ਇਹ
ਬਾਤ ਉਸ ਨੇ ਕਹੀ ਤਦ ਆਪ ਦਿਆਲ ਹੋਇ ਕੇ ਆਗਿਆ ਕੀਆ॥ਜੋ ਪੈਰਾਹਨ ਲੇ ਆਉ॥ਉਸ ਨੇ
ਪੈਰਾਹਨ ਦੀਆ॥ਆਪ ਨੇ ਉਸ ਪੈਰਾਹਨ ਕੋ ਪਹਰ ਕੇ ਬਚਨ ਕੀਆ॥ਜੋ ਮੈ ਤੇਰੇ ਪਾਸ ਆਵਤਾ ਹੌਂ
ਕੋਈ ਪਲਘ ਤੇਰੇ ਡੇਰੇ ਮੋ ਹੋਇ ਤੋ ਉਸ ਕੋ ਬੁਰਜ ਕੇ ਹੇਠ ਬਿਛਾਇ ਦੇਹਿ॥ਉਸੀ ਵਖਤ ਗਨੀ ਖਾ ਨੈ
ਪਲਘ ਬਿਛਾਇ ਦੀਆ॥ਤਦ ਆਪ ਨੇਜੇ ਕੋ ਗਡਾਇ ਕੇ ਉਸੀ ਕੋ ਪਕੜ ਕੇ ਪਲਘ ਪਰ
ਆਏ॥ਹੁਕਮ ਕੀਆ ਜੋ ਮੇਰਾ ਪਲਘ ਦੋਨੋ ਭਾਈ ਉਠਾਓ॥ਅਰ ਲਸਕਰ ਕੇ ਬਾਜਾਰ ਕੇ ਰਸਤੇ ਲੇ
ਚਲੋ॥ਸਤਿਗੁਰ ਜੀ ਕਾ ਹੁਕਮ ਮਾਨ ਕੇ ਪਲਘ ਉਠਾਇ ਲੀਆ॥ਅਰ ਬਾਜਾਰ ਕੇ ਰਾਹ ਲੇ
ਚਲੇ॥ਤਦ ਆਪ ਨੇ ਹਕਮੁ ਕੀਆ ਜੋ ਕੋਈ ਤੁਮ ਕੋ ਪੂਛੇ ਤੋ ਕਹਨਾ ਜੋ ਉਚ ਕੇ ਪੀਰ ਹੈ॥ਦੋਨੋ ਭਾਈ
453/ਅ ਜਦ ਆਪ ਕੋ ਲੇ ਕਰ ਦੂਰ ਤਕ ਗਏ॥ਤਬ ਏਕ ਸੋਹਦੇ ਲਸਕਰ ਕੇ ਨੇ/ਸੋਰ ਕੀਆ॥ਜੋ ਗੁਰੂ ਗੋਬਿੰਦ
ਸਿੰਘ ਜੀ ਤੋ ਏਹ ਜਾਤੇ ਹੈ॥ਤਦ ਆਪ ਨੇ ਹੁਕਮ ਕੀਆ ਕਿ ਗਨੀ ਖਾਂ ਇਸ ਕੋ ਬੁਲਾਵੋ ਮੇਰੇ
ਪਾਸ॥ਗਨੀ ਖਾਂ ਨੇ ਉਸ ਕੌ ਬੁਲਾਇ ਲੀਆ॥ਉਹ ਆਨ ਹਾਜਰ ਹੂਆ॥ਤਦ ਸਤਗੁਰ ਪਤਿਤ ਪਾਵਨ
ਏਕ ਕੜਾ ਅਪਨੇ ਹਾਥ ਸੋ ਉਤਾਰ ਕੇ ਸੋਨੇ ਕਾ ਜੜਾਊ ਉਸ ਕੋ ਦੀਆ॥ਉਸ ਨੇ ਕੜਾ ਲੇ ਕੇ ਥੋੜੀ
ਦੂਰ ਪਰ ਜਾਇ ਕੇ ਫੇਰ ਸੋਰ ਕੀਆ॥ਤਦ ਆਪ ਨੇ ਹੁਕਮੁ ਕੀਆ ਜੋ ਗਨੀ ਖਾਂ ਇਸ ਕੋ ਫੇਰ ਮੇਰੇ
ਪਾਸ ਬੁਲਾਓ॥ਗਨੀ ਖਾਂ ਨੇ ਬੁਲਾਇਆ॥ਫੇਰ ਉਸੀ ਤਰਹ ਆਨ ਹਾਜਰ ਹੂਆ॥ਆਪ ਨੇ ਦੂਸਰਾ
ਕੜਾ ਭੀ ਉਤਾਰ ਦੀਆ॥ਉਹ ਸੋਹਦੇ ਨੇ ਫੇਰ ਸੋਰ ਕੀਆ॥ਆਪ ਨੇ ਕਹਾ ਗਨੀ ਖਾਂ ਇਸੀ ਕੋ
ਬੁਲਾਉ॥ਗਨੀ ਖਾਂ ਲੇ ਬੁਲਾਇਆ॥ਉਹੁ ਉਸੀ ਤਰਹ ਆਨ ਖੜਾ ਹੂਆ॥ਤਦ ਆਪ ਨੇ ਉਸ ਕੋ ਏਕ
ਹਾਥ ਸ੍ਰੀ ਸਾਹਿਬ ਮਾਰਾ॥ਉਸ ਕੀ ਮੁਕਤਿ ਭਈ॥ਗਨੀ ਖਾਂ ਕੋ ਕਹਾ ਆਪ ਨੇ ਜੋ ਏਹ ਕੜੇ ਦੋਨੋ ਤੁਮ
ਲੇਹੁ॥ਉਨੋ[1] ਨੇ ਉਠਾਇ ਲੀਏ॥ਅਰ ਆਗੇ ਚਲੇ॥ਸਾਮ ਤਕ ਮਾਛੀਵਾੜੇ ਆਇ ਪਹੁਚੇ॥ਰਾਤਿ ਕੋ
ਉਹ ਰਹੇ ਬ੍ਰਹਮਨੀ ਕੇ ਘਰ ਉਤਰੇ॥ਰਾਤ ਕੋ ਬਕਰਾ ਮੰਗਾਇ ਕੈ ਝਟਕਾ ਕਰਵਾਇਆ॥ਪਰਸਾਦ
ਛਕਾ॥ਅਰ ਛਿੰਗਾ ਉਸ ਕੀਆ ਪਿਛਵਾੜੇ ਮੁਸਲਮਾਨਾ ਕਾ ਘਰ ਥਾ ਊਹਾ ਫੈਕੀ॥ਉਸ ਨੇ ਛਿਗ[2] ਦੇਖ
ਕੇ ਸਵੇਰ ਬਡੀ ਲੜਾਈ ਕੀਆ॥ਜਿਉ ਕਿਉ ਕਰਕੇ ਬ੍ਰਹਮਨਾ ਨੇ ਉਨ ਕੋ ਸੀਤਲ ਕੀਆ॥ਅਰੁ ਗਨੀ
ਖਾਂ ਕੋ ਆਪ ਨੇ ਊਹਾਂ ਸੇ ਰੁਖਸਦ ਕੀਆ॥ਤਦ ਗਨੀ ਖਾਂ ਨੇ ਕਹਾ ਜੋ ਹਮ ਕੋ ਕਛੁ ਮਿਲੈ॥ਆਪ ਨੇ
ਬਚਨ ਕੀਆ ਜੋ ਮੈ ਕੜੇ ਆਪਨੇ ਉਸ ਸੋਹਦੇ ਸੋ ਤੁਮ ਲੇ ਲੀਏ ਹੈਂ ਉਹ ਮੈਂ ਤੁਮ ਕੋ ਦੀਏ॥ਤਦ
454/ੳ ਉਨਾ ਨੇ ਹਾਥ ਬਾਂਧ ਕੈ ਬੇਨਤੀ ਕੀਆ॥/ਜੋ ਹਮ ਕੋ ਐਸਾ ਕਛ ਦੀਜੀਐ ਜੋ ਹਮਾਰੇ ਸਦਾ
ਰਹੇ॥ਆਪ ਨੇ ਬਚਨ ਕੀਆ ਕਿ ਜੋ ਤੁਮ ਕੋ ਖਾਹਸ ਹੋਇ ਸੁ ਮਾਂਗ ਲੇਹੁ॥ਤਦ ਉਨਾ ਨੇ ਕਹਾ ਜੋ ਹਮ
ਕੋ ਹੁਕਮਨਾਮਾ ਲਿਖ ਦੀਜੀਏ॥ਜੋ ਕੋਈ ਆਪ ਕਾ ਸਿਖ ਸੇਵਕ ਪਿਆਰਾ ਹੋਇ ਸੋ ਹਮ ਕੋ ਮਾਨੈ॥ਸ੍ਰੀ
ਸਤਿਗੁਰ ਗਰੀਬ ਨਿਵਾਜ ਦੀਨ ਦਿਆਲ ਉਸੀ ਤਰਹ ਲਿਖ ਦੀਆ॥ਸੋ ਅਬ ਉਨਕੀ[3] ਅਉਲਾਦ
ਉਸੀ ਹੁਕਮਨਾਮੇ ਕੀ ਬਦਉਲਤ ਹਜਾਰਾ ਰੁਪਈਏ ਪੂਜਾ ਪਾਵਤੇ ਹੈ॥ਏਹੁ ਹੁਕਮਨਾਮਾ ਲੇ ਕੇ ਗਨੀ
ਖਾਂ[4] ਅਪਨੇ ਘਰ ਆਏ॥ਸਤਗੁਰ ਫੇਰ ਊਹਾ ਸੇ ਅਜਨੇਰ[5] ਆਏ॥ਰਾਤ ਕੋ ਊਹਾ ਰਹੇ॥ਸਵੇਰੇ ਉਥੋ
ਕੂਚ ਕਰ ਕੇ ਹੈਹਰਿ ਗਾਉ ਕਾ ਨਾਮ ਹੈ॥ਭਾਈ ਕਿਰਪਾਲ ਉਥੇ ਰਹਦਾ ਸਾ॥ਗੁਰੂ ਜੀ ਕੋ ਆਏ ਸੁਨ

---

[1] ਤਬ ਉਨੋ (ਅ,ੲ)

[2] ਛਿੰਗ (ੳ,ੲ)

[3] ਇੱਥੇ 'ਸ੍ਰੀ ਸਤਿਗੁਰ ਗਰੀਬ...ਸੋ ਅਬ ਉਨਕੀ॥' ਦੀ ਜਗ੍ਹਾ ਤੇ 'ਕੀ ਕਿਰਪਾ ਕਰਕੇ ਤਿਨ ਕੀ' ਪਾਠ ਹੈ (ਅ)

[4] ਗਨੀ ਖਾਂ ਨਬੀ ਖਾਂ (ਅ,ੲ)

[5] ਕਨੇਚ (ੳ)

ਕੈ ਆਨਿ ਮਿਲਿਆ॥ਅਰੁ ਬੇਨਤੀ ਕੀਤੀ ਜੋ ਆਪ ਏਥੇ ਨ ਰਹੀਏ॥ਹਲਵਾਰਾ ਅਉ ਤਿਲਵੰਡੀ ਮੁਸਲਮਾਨਾ ਕੇ ਗਿਰਾਉ ਹੈ॥ਮੁਸਲਮਾਨ ਬਹੁਤ ਉਸ ਵਿਚ ਰਹਦੇ ਹੈ॥ਇਸ ਕਰਕੇ ਮੈ ਆਪ ਨੂੰ ਰਖ ਨਹੀ ਸਕਦਾ॥ਲਮਟੇ ਆਪ ਜਾਈਐ ਉਥੈ ਬਾਰਾ ਚਉਦਾ ਸੈ ਦਾਦਾ ਪੋਤਾ ਰਹਿਦਾ ਹੈ ਉਹ ਆਪ ਕੋ ਰਖਹਿਗੇ॥ਤਦ ਆਪ ਨੇ ਬਚਨ ਕੀਆ॥ਜੇ ਤੂ ਮੁਸਲਮਾਨਾ ਕਾ ਭੈ ਸਾਨੂ ਦਿਖਾਵਦਾ ਹੈ॥ਤੈਨੂ ਮੁਸਲਮਾਨਾ ਦਾ ਭੈ ਹੋਵੈਗਾ॥ਤੈਨੂੰ ਸਾਡੇ ਉਪ੍ਰ ਨਿਸਚਾ ਨਹੀ॥ਇਹ ਬਚਨ ਕਹ ਕਰ ਆਪ ਊਹਾ ਤੇ ਚਲੇ॥ਕੇਤੀ ਮਜਲਾ ਕਰ ਕੈ ਲੰਮਟੇ ਭਾਈ ਕਪੂਰੇ ਕੇ ਕੋਟਿ ਆਏ॥ਭਾਈ ਕਪੂਰਾ ਆਨ ਹਾਜਰ ਹੂਆ॥ਕੇਤੇ ਦਿਨ ਆਪ ਊਹਾ ਰਹੇ॥ਫੇਰ ਅਬਲੂ ਮਹਮੇ ਆਹੈ॥ਪ੍ਰਸਾਦ ਲੰਗਰ ਤਯਾਰ ਹੂਆ॥ਆਪ
454/ਅ ਨੇ ਪ੍ਰਸਾਦ ਪਾਇਆ॥ਅਬ ਤਕ ਊਹਾ ਚੁਲੇ ਕੀ ਪੂਜਾ ਹੋਤੀ ਹੈ॥/ਉਥੋ ਆਪ ਕੂਚ ਕਰਕੇ ਦਮਦਮੇ ਆਏ॥ਸਹਰ ਕਾ ਨਾਉ ਸਾਬੋ ਕੀ ਤਲਵੰਡੀ ਹੈ॥ਉਥੋ ਕੂਚ ਕਰਕੇ ਧਮਧਉੜ ਜੀ ਆਏ॥ਫੇਰ ਧਮਧੌੜ[1] ਜੀ ਸੋ ਕੂਚ ਕਰ ਲਖਨਉਰ ਜੀ ਆਏ॥ਇਸ ਤਰਹਿ ਸਿਖਾ ਕੋ ਦਰਸਨ ਦੇਤੇ ਕਿਰਤਾਰਥ ਕਕੈ ਦਖਨ ਕਉ ਚਲੇ॥ਰਾਹ ਮੈ ਏਕ ਮਾਈ ਸਿਖਨੀ ਰਹਤੀ ਥੀ ਉਸ ਕੇ ਘਰ ਜਾਇ ਉਤਰੇ॥ਉਸ ਮਾਈ ਨੇ ਬਹਤੁ ਸੇਵਾ ਟਹਲ ਕਰ ਕੈ ਬੇਨਤੀ ਕੀਆ॥ਜੋ ਗਰੀਬ ਨਿਵਾਜ ਸਾਹਿਬਜਾਦਿਆ ਕਾ ਇਸ ਤਰਹ ਕਾਰਨ ਹੂਆ॥ਆਪ ਕੁਛ ਉਨ ਸੇ ਬਦਲਾ ਨ ਲੀਆ॥ਅਸੀ ਲੋਕ ਜਟ ਬੂਟ ਹਾਂ ਪਰੁ ਜੋ ਕੋਈ ਸਾਡੇ ਮਨੁਖ ਨੂੰ ਮਾਰੇ ਤੋ ਬਦਲਾ ਲੀਏ ਬਿਨ ਸਾਂਤ ਨ ਆਵੈ॥ਦੂਸਰੀ ਪੀੜੀ ਭਾਵੈ ਤੀਸਰੀ ਪੀੜੀ ਜਦ ਦਾਵ ਲਗੈ ਤਦੀ ਬਦਲਾ ਲਈਏ॥ਗਰੀਬ ਨਿਵਾਜ ਆਪ ਨੇ ਉਨ ਕੋ ਕਛੁ ਨ ਕਹਾ॥ਦੀਨ ਦਿਆਲ ਅਸਾ ਲੋਕਾ ਨੋ ਕਿਸ ਤਰਹਿ ਸਾਂਤ ਆਵੈ॥ਤਦ ਸਤਗੁਰ ਬੇਪਰਵਾਹ ਬਚਨ ਕੀਆ॥ਜੋ ਮਾਈ ਮੈ ਆਸਤੀਨ ਝਾੜੌਂ ਤੋ ਕੇਤੇ ਸਾਹਿਬਜਾਦੇ ਪੈਦਾ ਹੋਇ॥ਤੌਂ ਬਚਨ ਕੀਆ ਮਾਈ ਤੂੰ ਜਮੀਨ ਪਰ ਲਕੀਰ ਤੋ ਕਢ॥ਤਦ ਮਾਈ ਨੇ ਬਚਨ ਮਾਨ ਕੇ ਲਕੀਰਾ ਨਿਕਾਲੀ॥ਫੇਰ ਆਪ ਨੇ ਕਹਾ ਜੋ ਮਾਈ ਇਨ ਲਕੀਰਾ ਕੋ ਮੇਟ ਤੋ ਦੇ[2]॥ਮਾਈ ਨੇ ਬਚਨ ਮਾਨ ਕੇ ਮੇਸ ਦੀਆ[3]॥ਆਪ ਨੇ ਪੁਛਾ ਜੋ ਕੁਛੁ ਤੈਨੂ ਦਰਦ ਮਾਲੂਮ ਹੂਆ॥ਤਦ ਮਾਈ ਨੇ ਕਹਾ ਗਰੀਬ ਨਿਵਾਜ ਲਕੀਰਾ ਕਾ ਕੀ ਦਰਦ ਮਾਲੂਮ ਹੋਨਾ ਥਾ॥ਤਦ ਆਪ ਨੇ ਬਚਨ ਕੀਆ ਜੋ ਮੁਝਿ ਕਉ ਸਾਹਿਬਜਾਦਿਆ ਕਾ ਕਿਆ ਦਰਦ ਹੈ॥ਭਲਾ ਤੇਰੇ ਬਚਨ ਕੋ ਮੈ
455/ੳ ਮਾਨਾ॥ਏਕ ਬੰਦਾ ਮੇਰਾ/ਜਾਇਗਾ॥ਊਹ ਬਦਲਾ ਲੇਇਗਾ॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਧਮਧਾਣ (ਅ) ਧਮਧਉੜੀ (ਸ)
[2] ਮੇਸ ਤੋ ਦੇਹ (ੳ), ਮੇਸ ਦੇਹ (ਅ)
[3] ਮੇਟ ਦਈ (ਅ)

[ਸਾਖੀ ਗੁਰੂ ਜੀ ਦਾ ਬੰਦੇ ਨਾਲ ਮਿਲਾਪ]

ਦਖਨ ਦਿਸਾ ਕੋ ਸਤਗੁਰ ਜਾਤੇ ਕੇ ਰਾਹ ਮੋ ਬੰਦੇ ਕੀ ਜਾਗਾ ਆਈ॥ਜਹਾ ਬੰਦਾ ਰਹਿਦਾ ਸਾ॥ਤਦ ਨਾਉ ਮਾਧੋ ਦਾਸ ਥਾ॥ਅਰੁ ਏਕ ਪਲੰਘ ਉਸ ਕਾ ਬਿਛਿਆ ਰਹਿੰਦਾ ਥਾ ਉਸ ਪਲੰਘ ਦੇ ਚਾਰੋ ਪਾਇਆ ਪਰ ਚਾਰ ਮੁਅਕਲ ਤਈਨਾਥ ਰਹਿਦੇ ਸੇ॥ਅਰੁ ਕਿਸੀ ਦੇਉਤੇ ਕਾ ਇਸਟ ਬਡਾ ਭਾਰੀ ਥਾ॥ਜੋ ਕੋਈ ਉਸਕੇ ਪਲੰਘ ਪਰ ਬੈਠਤਾ ਥਾ ਉਸ ਕੋ ਉਹ ਮੁਅਕਲ ਉਲਟਾਇ ਦੇਤੇ ਥੇ॥ਏਹੀ ਉਸ ਕੀ ਸਿਧ ਥੀ॥ਗੁਰੂ ਜੀ ਸਾਹਿਬ ਉਸ ਪਲੰਘ ਉਪਰ ਜਾਇ ਬੈਠੇ॥ਤਦ ਉਹ ਊਹਾ ਮੁਅਕਲ ਬਹੁਤ ਜੋਰ ਲਗਾਇ ਰਹੇ॥ਕਛੁ ਉਨ ਕਾ ਕਾਬੂ ਚਲੈ ਨਾਹੀ॥ਤਦ ਉਹ ਜਾਇ ਕੇ ਬੰਦੇ ਕੋ ਲਗੇ ਕਹਨ॥ਜੋ ਏਕ ਸਖਸ ਐਸਾ ਆਇਆ ਹੈ ਉਸ ਉਪਰ ਹਮਰਾ ਕਾਬੂ ਚਲਤਾ ਨਾਹੀ॥ਇਹ ਬਾਤ ਸੁਨਿ ਕੇ ਬੰਦਾ ਬਡੇ ਅਸਚਰਜ ਮੋ ਹੂਆ॥ਅਰੁ ਜਲਦੀ ਸੈ ਗੁਰੂ ਜੀ ਪਾਸ ਆਇਆ॥ਦਰਸਨ ਕਰਤੇ ਹੀ ਅਧੀਨ ਹੋਇ ਗਇਆ॥ਚਰਨਾ ਉਪਰ ਗਿਰ ਪੜਾ॥ਅਰੁ ਬੇਨਤੀ ਕਰਕੈ ਕੇਤੀਆ ਬਾਤਾ ਕੀਤੀ ਉਸੁ॥ਨਿਸਾ ਪਾਇਕੇ ਬਹੁਤ ਪ੍ਰਸੰਨ ਹੂਆ॥ਤਬ ਆਪ ਨੇ ਬਚਨ ਕੀਆ ਜੋ ਤੂੰ ਅਬ ਅਕਾਲ ਪੁਰਖ ਕਾ ਬੰਦਾ ਹੂੰਆ॥ਮੈ ਤੁਝ ਕੌ ਭੇਜਤਾ ਹੌ ਪੰਜਾਬ ਜਾਇ ਕੇ ਮਲੇਛਾ ਸਾਥ ਬਦਲਾ ਲੇ॥ਤਦ ਉਸ ਨੇ ਕਹਾ ਜੋ ਮੈ
455/ਅ ਅਪਨਾ ਮਤ ਜੁਦਾ ਚਲਾਵੋਗਾ॥ਆਪ ਕਾ ਪੰਥ ਬਿਗੜ ਜਾਇਗਾ॥ਆਪ ਨੇ ਫੁਰਮਾ/ਇਆ ਜੋ ਮੇਰਾ ਪੰਥ ਬਿਗੜਨੇ ਵਾਲਾ ਨਹੀ॥ਤਦ ਬੰਦੇ ਨੇ ਕਹਾ ਜੋ ਮੈ ਆਪ ਕਾ ਬੰਦਾ ਹੋ॥ਜੋ ਆਗਿਆ ਹੋਇ ਸੋ ਕਰੌ॥ਤਦ ਆਪ ਨੇ ਬਚਨ ਕੀਆ ਜੋ ਲੰਗੋਟ ਬੰਦ ਰਹੀਓ॥ਤੁਝ ਕੋ ਕੋਈ ਜੀਤ ਨ ਸਕੇਗਾ ਅਰ ਜੋ ਤੂੰ ਲੰਗੋਟ ਖੋਲੇਗਾ॥ਤੋ ਐਸਾ ਗਲੈਗਾ॥ਜੈਸਾ ਕੁਠਾਲੀ ਮੋ ਸੋਇਨੇ ਕੋ ਰਲਾਈਤਾ ਹੈ॥ਇਹ ਬਚਨ ਕੀਆ॥ਅਰ ਬਾਬਾ ਬਿਨੋਦ ਸਿੰਘ ਜੀ ਵ ਬਾਬਾ ਕਾਨ ਸਿੰਘ[1] ਜੀ ਦੋਨੋ ਸਾਹਿਬ ਬਾਪ ਬੇਟਾ ਤਿਹਨ ਸਾਹਿਬਜਾਦੇ ਸਾਹਿਬ ਥੇ ਉਨ ਕੋ ਅਰ ਅਉਰ ਬਡੇ ਬਡੇ ਸਿੰਘ ਬਾਜ ਸਿੰਘ ਤੇ ਆਦ ਲੇ ਕਰ ਜੋ ਹਜੂਰ ਕੀ ਪਾਹੁਲ ਸੇ ਸਿੰਘ ਹੂਏ ਥੇ॥ਉਨ ਸਭਨਾ ਕੋ ਆਪ ਨੇ ਤਈਨਾਥ ਕੀਆ ਅਰੁ ਬਚਨ ਕੀਆ ਜੋ ਬੰਦੇ ਕੀ ਆਗਿਆ ਮੋ ਰਹਨਾ॥ਅਰੁ ਇਨ ਕੀ ਸਹਾਇਤਾ ਕਰਨਾ॥ਬੰਦਾ ਸਭ ਕੋ ਸਾਥ ਲੇ ਕਰ ਅਰੁ ਪਾਂਚ ਤੀਰ ਆਪਨੇ ਤਰਕਸ ਸੇ ਨਿਕਾਲ ਕੇ ਦੀਆ॥ਕਹਾ ਜੋ ਤੁਝ ਕੋ ਜਬ ਬਡੀ ਭੀੜ ਪੜੈਗੀ ਤਦ ਇਨ ਕੋ ਚਲਾਵਨਾ॥ਏਹ ਲੇ ਕੇ ਬੰਦਾ ਪੰਜਾਬ ਕੋ ਗਇਆ॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਮਾਨ ਸਿੰਘ (ਸ)

[ਸਾਖੀ ਗੁਰੂ ਜੀ ਦਾ ਨਦੇੜ ਜਾਣਾ]

ਜੋ ਸਤਗੁਰ ਬੰਦੇ ਕੋ ਉਧਾਰਾ ਰੁਖਸਤ ਕਰਕੇ ਆਪ ਨਦੇੜ ਜੀ ਗਏ॥ ਊਹਾ ਰਹਿਨੇ ਕੀ ਜਾਹਗਾ ਕੋ ਚਾਹਾ॥ ਊਹਾ ਕੇ ਲੋਕ ਮਹਾ ਅਭਗਤਿ ਜਾਗਾ ਕਰਨੇ ਨ ਦੇਹਿ॥ ਤਦ ਆਪ ਨੇ ਬਚਨ ਕੀਆ ਜੋ ਇਹ ਅਸਥਾਨ ਹਮਾਰਾ ਪੁਰਾਤਨ ਹੈ॥ ਤਦ ਉਨਾ ਨੇ ਕਹਾ ਜੋ ਅਪਨੀ ਕਛੁ ਨਿਸਾਨੀ ਬਤਾਇ ਦੀਜੀਏ॥ ਤਬ
456/ੳ ਆਪ ਨੇ ਹੁਕਮ ਕੀਆ ਜੋ ਈਹਾ ਹਮਾਰੇ ਪੂਜਾ ਕੇ ਬਰਤਨ ਹੈ॥ ਅਉ ਹੋਮ/ਕਾ ਕੁੰਡ ਹੈ॥ ਤਦ ਉਨਾ ਨੇ ਕਹਾ ਜੋ ਹਮ ਕੋ ਦਿਖਲਾਇ ਦੀਜੀਏ॥ [1]ਤਦ ਆਪ ਨੇ ਆਗਿਆ ਕੀਆ ਜੋ ਇਸ ਜਾਗਾ ਕੋ ਖੋਦੋ॥ ਸਤਗੁਰ ਜੀ ਕਾ ਹੁਕਮ ਮਾਨ ਕੇ ਲੋਕਾ ਨੇ ਖੋਦਾ॥ ਤੋ ਬਰਤਨ ਵ ਕੁੰਡ ਨਿਕਲਾ ਤਦ ਸਭ ਮਾਤਕਿਦ ਹੂਏ॥ ਅਰੁ ਚਰਨੀ ਆਇ ਪੜੇ॥ ਤਬ ਸਤਗੁਰ ਜੀ ਨੇ ਅਸਥਾਨ ਬਾਂਧਾ॥ ਅਰ ਅਬਚਲ ਨਗਰ ਜੀ ਨਾਮ ਰਾਖਾ॥

॥ ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

---

[1] ਇੱਥੇ 'ਤਬ ਆਪ ਨੇ ਹੁਕਮ ਕੀਆ.......ਕਹਾ ਜੋ ਹਮ ਕੋ ਦਿਖਲਾਇ ਦੀਜੀਏ॥' ਵਾਲਾ ਪਾਠ ਨਹੀਂ ਹੈ (ਅ)

[ਸਾਖੀ ਦਇਆ ਸਿੰਘ ਨੂੰ ਬਾਦਸ਼ਾਹ ਆਲਮਗੀਰ ਕੋਲ ਭੇਜਣਾ]

॥ਦੋਹਰਾ॥

ਦਇਆ ਸਿੰਘ ਕੋ ਸਤਗੁਰ ਕਹਾ ਪਾਤਸਾਹ ਪੈ ਜਾਉ॥
ਸਉਕਨਾਮਾ ਮੇਰਾ ਉਸ ਦੀਜੀਏ ਅਰੁ ਜਬਾਬ ਲੇ ਆਉ॥੧॥

॥ਬੈਤ॥

ਦਇਆ ਸਿੰਘ ਕੋ ਸੌਕਨਾਮਾ ਦੀਆ॥ਸ੍ਰੀ ਸਤਗੁਰੂ ਹੁਕਮ ਐਸੇ ਕੀਆ॥੨॥
ਮੁਸਲਹ ਤੂੰ ਦਰਬਾਰ ਮੋ ਜਾਈਓ॥ਸੌਕਨਾਮੇ ਕੋ ਉਸ ਦਿਖਲਾਈਓ॥੩॥
ਜੌ ਲੈ[1] ਮੁਹਬਤ ਸੌ ਤੌਂ ਦੀਜੀਓ॥ਨਹੀ ਆਪਨੇ ਪਾਸ ਰਖਿ ਲੀਜੀਓ॥੪॥
ਨਹੀ ਹਾਥ ਸੇ ਉਸ ਕੋ ਕਰਨਾ ਸਲਾਮ॥ਗੁਰੂ ਕੀ ਫਤੇ ਮੁਹ ਸੌ ਕਹਨਾ ਮੁਦਾਮ॥੫॥
ਤਬੀ ਸਾਹਬੇ ਅਵਰੰਗਾਬਾਦ ਮੋ॥ਕਰਤੇ ਜਰ ਤਹਸੀਲ ਔਸਾਦ ਮੋ॥੬॥

॥ਚੌਪਈ॥

ਦਇਆ ਸਿੰਘ ਇਹ ਬਾਤ ਬਿਚਾਰਾ॥ਹੁਕਮ ਕੀਆ ਸਤਗੁਰ ਕਰਤਾਰਾ॥
ਅਬ ਮੈ ਪਾਤਿਸਾਹਿ ਪੈ ਚਲੋ॥ਸਉਕਨਾਮਾ ਦੇ ਉਸ ਕੋ ਮਿਲੋ॥੭॥
ਦਇਆ ਸਿੰਘ ਨੇ ਮਾਰਗ ਲੀਆ॥ਕੇਤੇ ਦਿਨ ਮੋ ਪਹੁਚਨ ਕੀਆ॥
456/ਅ ਪਾਤਸਾਹਿ ਦਰਵਾਜੇ ਗਏ॥ਚੋਪਦਾਰ ਸੌ ਬਚਨ ਇ/ਮ ਕਹੇ॥੮॥
ਹਮ ਸਤਗੁਰ ਕੇ ਭੇਜੇ ਆਏ॥ਪਾਤਸਾਹ ਪੈ ਦੇਹੁ ਜਨਾਏ॥
ਹਮ ਸਉਕਨਾਮਾ ਸਤਗੁਰ ਕਾ ਲਿਆਏ॥ਸਤਿਗੁਰ ਜੀ ਇਮ ਹੁਕਮ ਫੁਰਮਾਏ॥੯॥

॥ਦੋਹਰਾ॥

ਚੋਪਦਾਰ ਤਾ ਸੋ ਕਹਾ ਸਉਕਨਾਮਾ ਮੋਹਿ ਦੇਹੁ॥
ਮੈ ਲੇ ਜਾਉ ਪਾਤਿਸਾਹਿ ਪਹਿ ਜਬਾਬ ਤੁਮ ਇਸਕਾ ਲੇਹੁ॥੧੦॥

॥ਚੌਪਈ॥

ਦਇਆ ਸਿੰਘ ਤਾ ਸੋ ਕਹਾ ਇਹੁ ਭਾਖਾ॥ਸਤਿਗੁਰ ਜੀ ਮੋ ਕੋ ਇਮ ਆਖਾ॥
ਸਤਿਗੁਰ ਮੋ ਕੋ ਇਹ ਸਮਝਾਈ॥ਔਰ ਹਾਥ ਤੁਮ ਦੇਨਾ ਨਾਹੀ॥੧੧॥

॥ਬੈਤ॥

ਤੁਮੇ ਸਾਹਿ ਕੇ ਰੂਬਰੂ ਜਾਈਓ॥ਫਤੇ ਗੁਰੂ ਜੀ ਕੀ ਉਸ ਕਉ ਬੁਲਾਈਓ॥੧੨॥
ਸਉਕਨਾਮੇ ਕੋ ਦੀਜੀਓ ਸਾਹ ਕੋ॥ਜੋ ਲੇਵੈਗੇ ਉਹੁ ਅਪਨੇ ਨਿਜ ਹਾਥ ਮੋ॥੧੩॥

॥ਦੋਹਰਾ॥

ਚੋਪਦਾਰ ਸਭ ਸਾਹ ਕੋ ਦੀਨਾ ਜਾਇ ਸੁਨਾਇ॥
ਇਕ ਪਾਇਕ ਹੈ ਗੁਰੂ ਕੋ ਹੁਕਮਨਾਮਾ ਲੀਏ ਆਇ॥੧੪॥

॥ਚੌਪਈ॥

ਤਬ ਕਹਾ ਸਾਹ ਨੇ ਉਸੇ ਬੁਲਾਉ॥ਸੌਕਨਾਮਾ ਮੁਝ ਕੋ ਦਿਖਲਾਉ॥
ਚੋਪਦਾਰ ਤਬ ਬਾਹਰ ਗਇਆ॥ਦਇਆ ਸਿੰਘ ਸੋ ਐਸੇ ਕਹਿਆ॥੧੫॥
ਚਲੀਏ ਭੀਤਰ ਸਿੰਘ ਸੁਜਾਨ॥ਸਤਿਗੁਰ ਰਾਖੀ ਤੁਮਰੀ ਆਨ॥
ਦਇਆ ਸਿੰਘ ਤਬ ਭੀਤਰ ਗਏ॥ਫਤੇ ਗੁਰੂ ਕੀ ਮੁਖ ਸੋ ਕਹੇ॥
ਫਤੇ ਬੁਲਾਇ ਹੁਕਮਨਾਮਾ ਦੀਨਾ॥ਪਾਤਸਾਹ ਨਿਜ ਕਰ ਮੋ ਲੀਨਾ॥
ਸੌਕਨਾਮਾ ਪੜ ਭੇਦ ਸਭ ਬੂਝਾ॥ਖੌਫ ਖੁਦਾਇ ਕਾ ਤਬ ਦਿਲ ਸੂਝਾ॥੧੭॥
ਤਬ ਉਠੇ ਸਾਹ ਮਹਲ ਮੋ ਗਏ॥ਉਦਾਸੀਨ ਹੋਇ ਬੈਠੇ ਰਹੇ॥
457/ੳ ਪੂਛਾ ਬੇਗਮਾਤੋ ਨੇ ਆਇ॥ਹਜਰਤ ਉਦਾਸੀਨ ਹੈ ਕਾਇ॥/੧੮॥
ਗੁਰੂ ਸੌਕਨਾਮਾ ਹੈ ਆਇਆ॥ਖਾਦਮ ਅਪਨਾ ਦੇਇ ਪਠਾਇਆ॥
ਕਹਾ ਸਾਹ ਤੁਮ ਜਾਨੋ ਨਾਹ॥ਬਾਤ ਭੇਦ ਕੀ ਮੁਸਕਲ ਆਹ॥੧੯॥

॥ਬੈਤ॥

ਕਹਾ ਬੇਗਮਾਤੋ ਨੇ ਦੀਜੈ ਬਤਾਇ॥ਕਉਨ ਭੇਦ ਹੈ ਉਸ ਕਾ ਕੀਜੈ ਉਪਾਇ॥੨੦॥

---

[1] ਲੈਵੈ (ੳ,ਅ,ੲ)

ਕਹਾ ਉਨੋ ਨੇ ਮਾਗੇ ਹੈ ਚਾਰ ਲਾਲ॥ ਏਹੀ ਬਾਤ ਹੂਈ ਹੈ ਮੁਸਕਲ ਕਮਾਲ॥੨੧॥
ਤਬੀ ਇਹ ਸੁਖਨ ਕਹਾ ਨੂਰੇ ਜਹਾ॥ ਮੇਰੇ ਪਾਸ ਹੈ ਲਾਲੋ ਕੀ ਇਕ ਜਮਾ॥੨੨॥
ਮੇਰੇ ਪਾਸ ਹੈ ਲਾਲੋ ਕਾ ਏਕ ਹਾਰ॥ ਉਸੀ ਸੇ ਦੀਜੈ ਚਾਰ ਉਨ ਕੋ ਨਿਕਾਰ॥੨੩॥

॥ਦੋਹਰਾ॥

ਕਹਾ ਸਾਹ ਤੁਮ ਬੁਝੋ ਨਾਹੀ ਇਹ ਮੁਸਕਲ ਹੈ ਬਾਤ॥
ਹੂਏ ਸਹੀਦ ਰਨ ਕੇ ਬਿਖੈ ਉਨ ਕੇ ਚਾਰੋ ਤਾਤ॥੨੪॥

॥ਚੌਪਈ॥

ਦੋਇ ਲੜਾਈ ਸੇ ਹੈ ਮਾਰੇ॥ ਦੋਇ ਜਲਾਦੋ ਹਾਥ ਪਧਾਰੇ॥
ਇਹ ਬਾਤ ਸੁਨ ਬੇਗਮ ਭਈ ਖਮੋਸ॥ ਸਾਹ ਕੇ ਦਿਲ ਮੋ ਓਹੀ ਅਫਸੋਸ[1]॥੨੫॥
ਰਾਤ ਭਈ ਤਬ ਸੋਏ ਸਾਹ॥ ਦਰਸਨ ਦੀਨਾ ਬੇਪਰਵਾਹ॥
ਸੁਬਹ ਭਏ ਦਰਬਾਰ ਮੋ ਆਇ॥ ਦਇਆ ਸਿੰਘ ਕੋ ਲੀਆ ਬੁਲਾਇ॥੨੬॥

॥ਦੋਹਰਾ॥

ਪਾਤਸਾਹ ਤਾ ਸੋ ਕਹੀ ਹਮ ਦਰਸਨ ਸਤਿਗੁਰ ਕੀਨ॥
ਤਬ ਬਚਨ ਸਤਿਗੁਰ ਬਿਚਾਰਿਆ ਦਇਆ ਸਿੰਘ ਪਰਬੀਨ॥੨੭॥

॥ਚੌਪਈ॥

ਦਇਆ ਸਿੰਘ ਤਬ ਬਾਤ ਬਖਾਨੀ॥ ਮੋਹਿ ਕਹਿਓ ਇਉ ਸਤਿਗੁਰ ਗਿਆਨੀ॥
ਜਬ ਹਮ ਸਾਹ ਭੇਟ ਹੋਇ ਜਾਇ॥ ਦੋ ਮੇ ਸੇ ਇਕ ਜਾਇ ਬਿਲਾਇ॥੨੮॥
ਤਬ ਉਨ ਕਹਾ ਹਮ ਦੇਹਿ ਨਿਸਾਨੁ॥ ਅਪਨੇ ਮਨ ਤੂੰ ਸਚ ਕਰ ਮਾਨ॥
ਦਇਆ ਸਿੰਘ ਕਹਾ ਅਚਰਜ ਆਹ॥ ਇਹ ਬਾਤ ਨ ਲਗੇ ਮੇਰੇ ਮਨ ਮਾਹ॥੨੯॥

॥ਦੋਹਰਾ॥

457/ਅ ਤਬ ਤਾ ਸਿਉ ਉਨ/ਇਉ ਕਹੀ ਤੁਮ ਗੁਰ ਹੈ ਏਹ ਭੇਸ॥
ਸਜੀ ਤਰਫ ਦਾੜੇ ਬਿਖੇ ਇਕ ਧਉਲਾ ਹੈ ਕੇਸ॥੩੦॥

॥ਦੋਹਰਾ॥

ਦਇਆ ਸਿੰਘ ਇਹ ਬਾਤ ਸੁਨ ਮਨ ਮੋ ਭਈ ਪ੍ਰਤੀਤ॥
ਇਸ ਦਰਸਨ ਸਤਗੁਰ ਭਇਆ ਇਹ ਅਚਰਜ ਹੈ ਰੀਤ॥੩੧॥

॥ਚੌਪਈ॥

ਪਾਤਸਾਹ ਅੰਦਰ ਉਠ ਗਏ॥ ਉਸੀ ਵਖਤ ਸੇ ਮਾਂਦੇ ਭਏ॥
ਕਾਲ ਪਾਇ ਤਨ ਦੀਆ ਤਿਆਗਿ॥ ਦੋਜਕ ਮੋ ਗਯੋ ਲਾਗੀ ਆਗ॥੩੨॥
ਸੰਤਨ ਕੋ ਦੋਖੀ ਬਡ ਪਾਪੀ॥ ਸਾਧਨ ਤਾ ਕੋ ਦੀਓ ਸਰਾਪੀ॥
ਦਇਆ ਸਿੰਘ ਸਤਗੁਰ ਪਹਿ ਗਏ॥ ਸਾਰੀ ਕਥਾ ਸੁਨਾਵਤ ਭਏ॥੩੩॥

॥ਸਾਖੀ ਪੂਰਨ ਹੋਈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ ਹੋਇ ਦਿਆਲ ਕਰ ਲਏ ਉਧਾਰ॥

[1] ਅਪਸੋਸ (ਅ)

[ਸਾਖੀ ਗੁਰੂ ਜੀ ਦਾ ਜੋਤੀ ਜੋਤ ਸਮਾਉਣਾ]

॥ਦੋਹਰਾ॥

ਸਤਗੁਰ ਦੀਨ ਦਿਆਲ ਅਪਨੇ ਧਰਮ ਧਾਮ ਕਾ ਚਿਤਵਨ ਕੀਆ॥ਅਉ ਏਕ ਪਠਾਨ ਕੋ ਅਪਨੇ ਹਾਥ
ਸੋ ਮਾਰਾ ਥਾ ਉਸ ਕਾ ਬਦਲਾ ਦੇਨੇ ਵਾਸਤੇ ਉਸ ਕੇ ਬੇਟੇ ਕੋ ਪਾਸ ਰਖਾ ਪਾਂਚ ਰੁਪਈਏ ਉਕਾ ਰੋਜੁ
ਕੀਆ॥ਫੇਰ ਬਢਾਉਤੇ ਬਢਾਉਤੇ ਪਾਂਚ ਅਸਰਫੀਆ ਤਕ ਆਇਆ॥ਅਉ ਖਿਜਮਤ ਉਸ ਕੋ ਦੀਆ
ਜੋ ਮੇਰੇ ਸਾਥ ਚਉਪੜ ਖੇਲਾ ਕਰੋ॥ਜਬ ਉਹ ਚਉਪੜ ਖੇਲਨੇ ਆਉਤਾ ਤਦ ਉਸ ਕੋ ਆਪ ਬਚਨ
ਕਰਤੇ ਜੋ ਲਾਨਤ ਹੈ ਉਸਕੋ ਜੋ ਆਪਨੇ ਬਾਪ ਕਾ ਬੈਰ ਨ ਲੇਵੈ॥ਰੋਜ ਉਹ ਸੁਨਤਾ ਸੁਨ ਕਰ ਚੁਪ ਕਰ
ਰਹਤਾ॥ਏਕ ਰੋਜ ਉਸ ਅਪਨੀ ਮਾਤਾ ਕੋ ਪੂਛਾ ਜੋ ਗੁਰੂ ਜੀ ਮੁਝ ਕੋ ਸੁਨਾਇ ਕੇ ਇਸ ਤਰਹ ਕਹਤੇ
458/ੳ ਹੈ॥ਤਦ ਉਸ ਨੇ ਕਹਾ ਜੋ ਤੁਮਾਰੇ/ਬਾਪ ਕੋ ਗੁਰੂ ਜੀ ਮਾਰਾ ਹੈ॥ਸੋਈ ਤੁਮ ਕੋ ਸੁਨਾਵਤੇ ਹੈ॥ਉਸੀ
ਵਖਤ ਸੇ ਇਹ ਬਾਤ ਉਸਨੇ ਜੀਉ ਮੈ ਰਾਖਾ॥ਹਮ ਸੈ ਦਾਉ ਅਟਕਲਤਾ ਰਹਤਾ ਹੈ॥ਗੁਰੂ ਜੀ ਸਾਹਿਬ
ਜਬ ਉਸ ਸੇ ਚਉਪੜ ਖੇਲਤੇ॥ਤਦ ਲੋਕੋ ਕੋ ਹੁਕਮ ਹੋਤਾ ਤੁਮ ਸਭ ਬਾਹਰ ਬੈਠੋ॥ਅਉ ਹਥਿਆਰ ਜੋ
ਅਪਨੇ ਪਾਸ ਹੋ ਤਾ ਸੋ ਉਸ ਕੀ ਤਰਫ ਰਖ ਦੇਤੇ॥ਇਸੀ ਤਰਹ ਰੋਜ ਹੋਤਾ॥ਏਕ ਦਿਨ ਆਪ ਬੈਠੇ
ਉਸ ਕੋ ਚਉਪੜ ਖੇਲਨੇ ਕੋ ਬੁਲਾਇਆ॥ਉਹੁ ਆਨ ਹਾਜਰ ਹੂਆ॥ਆਪ ਕੇ ਪਾਸ ਕਟਾਰ ਰਖਾ ਥਾ
ਸੋ ਆਪ ਨੇ ਉਸ ਕੀ ਤਰਫ ਰਖ ਦੀਆ॥ਤਦ ਉਸ ਨੇ ਦੇਖਾ ਜੋ ਐਸਾ ਵਖਤ ਫੁਰਸਤ ਕਾ ਕਬਿ
ਮਿਲੈਗਾ॥ਅਬ ਕਛੁ ਚੋਟ ਕਰੋ ਵਖਤ ਹੈ[1]॥ਇਹ ਮਨ ਮੋ ਬਿਚਾਰ ਕੇ ਉਹ ਕਟਾਰ ਪਕੜ ਕੇ ਦੋ ਚਾਰ
ਵਾਰ ਕਰਤ ਭਇਆ॥ਇਤਨੇ ਮੋ ਬਾਹਰ ਜਬ ਚਲਾ॥ਤਬ ਸਿਖਾ ਨੇ ਮਲੂਮ ਕੀਆ ਉਸੀ ਵਖਤ ਉਸ
ਕੋ ਟੁਕੜੇ ਟੁਕੜੇ ਕਰ ਡਾਲਾ॥ਸਤਗੁਰ ਜੀ ਨੇ ਜਖਮ ਸਭ ਸਿਲਾਏ॥ਬਾਰੇ ਆਰਾਮ ਹੂਆ ਇਸਨਾਨ
ਕੀਆ॥ਉਸ ਵਖਤ ਕਮਾਨ ਲਾਹੌਰ ਸੋ ਬੇਸ ਕੀਮਤਿ ਗਈ॥ਕੇਤੇ ਕੇਤੇ ਟਾਂਕ[2] ਕੀ ਥੀ॥ਆਪ ਕੇ
ਹਜੂਰ ਮੇ ਆਈ॥ਦੇਖ ਕੇ ਆਪ ਬਹੁਤ ਪ੍ਰਸੰਨ ਭਏ॥ਹਾਥ ਮੇ ਲੇ ਕੇ ਖੈਚਨ ਕੋ ਚਾਹਾ॥ਤਬ ਸਿਖਾ ਨੇ
ਬੇਨਤੀ ਕੀਆ॥ਜੋ ਅਬੀ ਟਾਂਕੇ ਨਰਮ ਹੈਂ॥ਆਪ ਨੇ ਕਹਾ ਕਛੁ ਡਰੁ ਨਹੀ॥ਕਮਾਨ ਕੋ ਆਪ ਨੇ
ਖੀਚਾ ਉਸੀ ਵਖਤ ਟਾਂਕੇ ਸਭ ਉਖੜ ਗਏ॥ਏਤੇ ਮੋ ਸਤਿਗੁਰ ਦੀਨ ਦਿਆਲ ਜੋਤੀ ਸਰੂਪ ਬੇਪਰਵਾਹ
ਬਚਨ ਕੀਆ ਜੋ ਮੈ ਜੋਤੀ ਜੋਤ ਸਮਾਵਤਾ ਹੋਂ॥ਸਿਖ ਸਭ ਆਵੈ॥ਇਹ ਬਾਤ ਸੁਨਿ ਕੇ ਸਿਖ ਸਭ
458/ਅ ਆਨ ਹਾਜਰ ਹੋਏ॥ਤਦ ਆ/ਪ ਨੇ ਬਹੁਤ ਖੁਸੀ ਕੀਆ॥ਤਬ ਸਿਖਾ ਨੇ ਪੂਛਾ ਜੋ ਅਬ ਦਰਸਨ ਕਹਾ
ਕਰਹਿ॥ਸਤਿਗੁਰ ਦੀਨ ਦਿਆਲ ਬਚਨ ਕੀਆ॥ਜੋ ਦਸ ਸਰੂਪ ਹਮਾਰੇ ਪੂਰਨ ਭਏ॥ਅਬ ਮੇਰੀ
ਜਾਹਗਾ ਗੁਰ ਗਿਰੰਥ ਸਾਹਿਬ ਕੋ ਜਾਨਨਾ॥ਜਿਸਨੇ ਮੇਰੇ ਸੇ ਬਾਤ ਕਰਨੀ ਹੋਇ ਤੇ ਆਦ ਗਿਰੰਥ
ਸਾਹਿਬ ਕਾ ਪਾਠ ਕਰਨਾ॥ਮੇਰੇ ਸੇ ਬਾਤਾ ਹੋਵੈਗੀ॥ਤੁਮ ਕੌ ਮੈਂ ਭਗਉਤੀ ਕੀ ਗੋਦ ਮੋ ਡਾਲ ਦੀਆ
ਹੈ॥ਇਹ ਬਚਨ ਕਰ ਕੇ ਫੁਰਮਾਇਆ ਜੋ ਬਿਬਾਨ ਤਿਆਰ ਕਰੋ॥ਸਿਖਾ ਨੇ ਬਿਬਾਨ ਤਿਆਰ
ਕੀਆ॥ਆਪ ਨੇ ਲੇਟ ਕੇ ਚਾਦਰ ਤਾਨ ਲੀਆ॥ਨਿਜ ਪਦ ਨਿਰਬਾਨ ਮੇ ਪ੍ਰਭ ਲੀਨ ਭਏ॥ਨਾ ਕਹੂੰ
ਆਹੈ ਨਾ ਕਹੂੰ ਗਏ॥ਯਹ ਚਲਿਤ੍ਰ ਦੇਖ ਕੇ ਸਭ ਲੋਕਾ ਨੇ ਸਤਗੁਰ ਕੋ ਪਾਰਬ੍ਰਹਮ ਜੋਤੀ ਸਰੂਪ ਜਾਨਾ
ਨਿਸਚੇ ਅਧਿਕ ਤੇ ਅਧਿਕ ਭਈ॥ਸਿਸਕਾਰ ਗੁਰੂ ਜੀ ਕੇ ਸਰੀਰ ਕਾ ਕੀਆ॥ਸ੍ਰੀ ਗੁਰੂ ਜੀ ਸਾਹਿਬ
ਕੀ ਜਾਗਾ ਗੁਰੂ ਗਿਰੰਥ ਜੀ ਕੋ ਜਾਨਾ॥

[3]**॥ਦੋਹਰਾ॥**

ਤੇਗਿ ਬਹਾਦਰਿ ਗੁਰ ਪਿਤਾ ਗੁਜਰੀ ਮਾਤ ਅਨੰਦ॥
ਜੀਤੋ ਅਰੁ ਸਾਹਿਬ ਦੇਵੀ ਸੁੰਦਰੀ ਪਤਿ ਗੋਬਿੰਦ ਸਿੰਘ॥

ਸੰਮਤ ੧੭੬੫ ਕਤਕ ਸੁਦੀ ਪੰਚਮੀ ਵੀਰਵਾਰ ਸਵਾ ਪਹਰ ਰਾਤ ਗੁਜਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਾਣੇ ਨਦੇੜ ਸਹਰ ਵਿਚ ਦਖਨ ਦੇਸ॥੩੨ ਬਰਸ ੧੧ ਮਹੀਨੇ ਗੁਰਆਈ ਵਿਚ ਸਰੀਰੁ ਰਖਿਆ॥ [4]

---

[1] ਅਬ ਕਛੁ ਚੋਟ ਕਰੋ ਤੋ ਵਖਤ ਹੈ॥ (ੳ,ੲ), ਅਬ ਕਛੁ ਚੋਟ ਕਰੋ ਅਬ ਵਖਤ ਹੈ॥ (ਅ)

[2] ਟਾਂਕੇ (ਸ)

[3] ਇੱਥੇ 'ਸ੍ਰੀ ਗੁਰੂ ਜੀ ਸਾਹਿਬ ਕੀ ਜਾਗਾ ਗੁਰੂ ਗਿਰੰਥ ਜੀ ਜਾਨਣਾ॥ਸਾਖੀ ਪੂਰਨ ਹੋਈ॥' ਪਾਠ ਹੈ (ਅ,ੲ)

[4] ਇੱਥੇ '॥ਦੋਹਰਾ॥ਤੇਗਿ ਬਹਾਦਰਿ ਗੁਰ....ਗੁਰਆਈ ਵਿਚ ਸਰੀਰੁ ਰਖਿਆ॥' ਵਾਲਾ ਪਾਠ ਨਹੀਂ ਹੈ (ੳ)

॥ਸਾਖੀ ਪੂਰਨ ਹੋਈ॥[1]

ਜੋ ਸਿਖ ਪ੍ਰੀਤ ਸੌ ਪੜੈ ਸੁਨੈਗਾ ਸੋ ਨਿਹਾਲੁ ਹੋਇਗਾ॥ਜਿਸ ਭਾਵਨੀ ਸੇ ਪੜੈਗਾ ਸੋ ਪੂਰਨ
459/ੳ ਹੋਇਗੀ॥ਇਹ ਪੋਥੀ ਗੁਰੂ ਬਾਬੇ ਜੀ ਮਹਿਮਾ ਕੀ ਹੈ॥ਜਨਮਸਾਖੀ/ਤੇ ਆਦ ਲੇ ਕੇ ਸੋ ਦਸੋ ਮਹਿਲਾ ਬਿਖੇ ਬਿਲਾਸ ਹੂਏ ਹੈ ਸੋ ਇਸ ਊਪਰ ਲਿਖੇ ਹੈ॥ਇਸ ਕੇ ਪੜਨੇ ਸੇ ਸਿਖ ਕੋ ਗੁਰੂ ਕੀ ਮਹਿਮਾ ਮਲੂਮ ਹੋਵੈਗੀ॥ਇਸ ਵਿਚ ਸਿਖੀ ਕੀ ਰਹਤ ਗੁਰੂ ਸਾਹਿਬ ਸਿਖਾ ਕੋ ਉਪਦੇਸ ਕੀਆ ਹੈ॥ਉਸ ਊਪਰ ਜੋ ਸਿਖ ਚਲੈਗਾ॥ਉਸ ਕੋ ਗੁਰ ਭਗਤ ਮੁਕਤ ਪ੍ਰਾਪਤ ਹੋਇਗੀ॥ਗੁਰੂ ਬਾਬੇ ਜੀ ਬਿਖੇ ਨਿਵਾਸ ਉਸ ਕਾ ਹੋਇਗਾ॥ਇਸ ਪੋਥੀ ਕਾ ਨਾਮ ਮਹਿਮਾ ਪ੍ਰਕਾਸ ਹੈ॥

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥

[1] ਇੱਥੇ ' ॥ਸਾਖੀ ਪੂਰਨ ਹੋਈ॥ ' ਵਾਲੀ ਪੰਕਤੀ ਪਹਿਲਾਂ ਆ ਗਈ ਹੈ (ਅ)

[ਸਾਖੀ ਬੰਦਾ ਸਿੰਘ ਬਹਾਦਰ ਦੀ]

ਆਪ ਨੇ ਬੰਦੇ ਕੋ ਜੋ ਪੰਜਾਬ ਭੇਜਾ ਥਾ॥ਅਬ ਉਸ ਕੀ ਕਥਾ ਸੁਨੋ॥ਜਾਤੇ ਹੀ ਸਿਰਹੰਦ ਕੋ ਮਾਰਾ ਵ
ਲੂਟਾ॥ਹਜਾਰਾਂ ਮਲੇਛਾ ਕਾ ਨਾਸ ਕੀਆ ਫੇਰ ਬਟਾਲੇ ਕੋ ਮਾਰਾ॥ਏਕ ਲੜਾਈ ਚਪਾ ਚਿੜੀ ਵਿਚ
ਹੋਈ॥ਦੋ ਮਲੇਛ ਬਡੇ ਮਾਰੇ ਹੋਰ ਹਜਾਰਾਂ ਮਾਰੇ॥ਫੇਰ ਬਨੂੜ ਆਏ॥ਵਜੀਰ ਖਾ ਪਾਤਸਾਹ ਸੇ
ਤਈਨਾਥ ਹੋਇ ਕੈ ਆਇਆ ਥਾ॥ਉਸ ਨਾਲ ਬਡੀ ਲੜਾਈ ਹੋਈ[1]॥ਹਾਜਾਰਾ ਮਲੇਛ ਮਾਰੇ ਆਖਰ
ਕੋ ਵਜੀਰ ਖਾ ਸੇ ਮੁਕਾਬਲਾ ਹੂਆ ਉਹ ਜੋ ਪਾਂਚ ਬਾਂਨ ਗੁਰੂ ਸਾਹਿਬ ਨੇ ਦੀਏ ਥੇ ਸੋ ਬੰਦੇ ਨੇ ਨਿਕਾਲ
ਕੇ ਏਕ ਅਸਮਾਨ ਕੀ ਤਰਫ ਮਾਰਾ[2]॥ਏਕ ਜਿਮੀਨ ਪਰ ਮਾਰਾ॥ਉਸੀ ਜਾਹਿਗਾ ਪੈਰੁ ਗਡਾਇ ਕੈ
ਬਹੁਤ ਲੋਕਾ ਕੋ ਮਾਰਾ॥ਆਖਰ ਏਕ ਬਾਨ ਵਜੀਰ ਖਾ ਕਉ ਮਾਰਾ॥ਉਸ ਬਾਨ ਕੇ ਲਗਨੇ ਸੋ ਬੁਮੈ
ਹਾਥੀ ਵਹ ਉਦਾਵ ਵਜੀਰ ਸਮੇਤ ਭਸਮ ਹੋਇ ਗਏ॥ਬੰਦੇ ਕੀ ਫਤੇ ਹੋਈ॥ਉਸੀ ਦਿਨ ਸੇ ਬੰਦੇ ਕਾ
459/ਅ ਰਾਜ ਹੂਆ॥ਬਹੁਤ ਜਾਗਾ ਬੰਦੇ ਨੇ ਆਪਨਾ ਅਮਲ ਬੈਠਾਇਆ॥ਬਹੁਤ ਕਾਲ ਇਸੀ/ਤਰਹ ਬਤੀਤ
ਹੂਆ॥ਤਬ ਬੰਦੇ ਨੇ ਅਪਨਾ ਬਿਆਹੁ ਕੀਆ॥ਬਲਕ ਏਕ ਬੇਟਾ ਹੂਆ॥ਅਰੁ ਗੁਰੂ ਜੀ ਨੇ ਬਚਨ
ਕੀਆ ਥਾ ਜੋ ਲੰਗੋਟ ਨ ਖੋਲੀਓ॥ਨਾਹੀ ਤੋ ਜਿਸ ਤਰਹ ਸੋਨੇ ਕੋ ਕੁਠਾਲੀ ਮੋ ਗਲਾਵਤੇ ਹੈ॥ਉਸੀ
ਤਰਹ ਤੂੰ ਭੀ ਕੁਠਾਲੀ ਕੀ ਨਿਆਈ ਗਲੈਗਾ॥ਸੋਈ ਕਾਂਮ ਬੰਦੇ ਹੂਆ॥ਜੋ ਹੋਨਹਾਰ ਥੀ ਸੋ ਹੂਆ
ਚਾਹੈ॥ਗੁਰਦਾਸਪੁਰ ਵਿਚ ਲੋਹਗੜ ਜਾਗਾ ਹੈ॥ਉਸੀ ਜਾਗਾ ਬੰਦਾ ਬੁਮੈ ਲਸਕਰ ਘੇਰੇ ਮੋ ਪੜਾ॥ਬਹੁਤ
ਦਿਨ ਤਕ ਘੇਰੇ ਮੋ ਰਹੇ ਅੰਨ ਪਾਨੀ ਪਹੁਚਨੇ ਨ ਪਾਵੈ॥ਬਹੁਤ ਦਿਨ ਹੂਏ॥ਬਾਬਾ ਕਾਨ ਸਿੰਘ ਜੀ ਵ
ਬਾਬਾ ਬਿਨੋਦ ਸਿੰਘ ਭੀ ਉਸੀ ਘੇਰੇ ਮੋ ਥੇ॥ਸੋ ਬਾਬਾ ਬਿਨੋਦ ਸਿੰਘ ਜੀ ਕਿਆ ਕਰਤੇ ਜੋ ਕਿਲੇ ਕਾ
ਦਰਵਾਜਾ ਖੋਲ ਕੇ ਲਸਕਰ ਕੇ ਬਜਾਰ ਮੋ ਜਾਇ ਪੜਤੇ॥ਊਹਾ ਸੇ ਸੀਰਨੀ ਅਥਵਾ ਔਰ ਕਛੁ ਖਾਨੇ
ਕੀ ਚੀਜ ਲੂਟ ਲੇ ਆਵਤੇ॥ਤਮਾਮ ਲਸਕਰ ਹੈਰਾਨ ਹੋ ਰਹਾ ਜੋ ਇਸ ਕੋ ਪਕੜੀਏ॥ਇਹ ਕੋਈ ਬਡੀ
ਆਫਤ ਹੈ॥ਇਸ ਕਾ ਘੋੜਾ ਹਵਾ ਕੇ ਮਾਨਿੰਦ ਉਡਤਾ ਹੈ॥ਇਹ ਬਿਚਾਰ ਕਰਤੇ ਅਉ ਕਹਤੇ ਜੋ ਕਲ
ਉਹ ਸਾਂਮ ਕੇ ਵਖਤ ਆਵੈਗਾ॥ਏਹ ਜਾਨ ਕੇ ਬਹੁਤ ਲੋਗ ਲਗ[3] ਰਹਤੇ॥ਤਬ ਬਾਬਾ ਸਵੇਰ ਕੋ ਘੋੜੇ
ਪਰ ਸਵਾਰ ਹੋ ਕੇ ਆਇ[4] ਲੂਟ ਲੇ ਜਾਤੇ॥ਜਬ ਓਹ ਸਵੇਰ ਕੋ ਖਬਰਦਾਰ ਰਹਤੇ॥ਤਬ ਦੋਪਹਰ ਕੋ
ਆਇ ਲੂਟਤੇ॥ਇਸੀ ਤਰਹ ਲੂਟਤੇ ਲੋਕ ਇਨ ਸੇ ਬਹੁਤ ਆਰੀ ਹੂਏ॥ਅਰੁ ਕਿਲੇ ਮੋ ਸਭੇ ਲੋਕ ਟਿਕ
ਰਹਿਤੇ॥ਇਹ ਅਪਨੀ ਮਰਦਾਨਗੀ ਸੋ ਖਾਤੇ ਪੀਤੇ ਬਿਲਾਸ ਕਰਤੇ॥ਏਕ ਦਿਨ ਬੰਦੇ ਨੇ ਕਛੁ ਕਹਾ
460/ੳ ਲੇਕਿਨ ਨਾਦਾਨੀ ਵ ਅਹੰਕਾਰ ਨੇ ਉਸ ਕੋ ਬੇਮੁ/ਖ ਕੀਆ॥ਲਗਾ ਕਾਫਰਾ ਵਾਲੀ ਗਲ ਕਰਨੇ॥ਜੋ
ਕਿਸੀ ਬਡੇ ਕੁਲ ਕੀ ਲੜਕੀ ਹਾਥ ਲਗੈ ਤੋ ਮੈ ਅਪਨਾ ਬਿਹਾਹੁ ਹੋਰੁ ਕਰੋ॥ਇਹ ਬਾਤ ਸੁਨ ਕੇ ਬਾਬਾ
ਬਿਨੋਦ ਸਿੰਘ ਜੀ ਨੇ ਤਰਵਾਰ ਕੇ ਕਬਜੇ ਪਰ ਹਾਥ ਰਖਾ ਵ ਕਹਾ ਜੋ ਤੇਰਾ ਸਿਰ ਕਾਟੇ ਬਿਨਾ ਛੋਡਨੇ
ਕਾ ਨਹੀ॥ਏਤੇ ਮੋ ਬਾਬਾ ਕਾਨ ਸਿੰਘ ਜੀ ਹਾਥ ਜੋੜ ਕੇ ਆਨ ਖੜੇ ਹੂਏ॥ਅਰੁ ਬੇਨਤੀ ਕੀਆ ਜੋ
ਗੁਰੂ ਜੀ ਸਾਹਿਬ ਹਮ ਕੋ ਵਾਸਤੇ ਸਹਾਇਤਾ ਕੇ ਇਨ ਕੇ ਸਾਥ ਭੇਜਾ ਹੈ॥ਜੋ ਆਪ ਇਨ ਪਰ ਹਾਥ
ਛੋੜੀਏਗਾ ਤੋ ਭਲਾ ਨਹੀ ਹੈ॥ਇਸ ਮੋ ਗੁਰੂ ਜੀ ਕੀ ਆਗਿਆ ਭੰਗ ਕਰਨੀ ਹੋਤੀ ਹੈ॥ਤਬ ਬਾਬਾ
ਕਾਨ ਸਿੰਘ ਜੀ ਨੇ ਕਹਾ ਜੋ ਆਪ ਗੋਬਿੰਦਵਾਲ ਕੋ ਦੇਰੇ ਅਪਨੇ[5] ਚਲੀਏ॥ਮੈ ਇਨ ਕੇ ਪਾਸ
ਰਹੌਗਾ॥ਅਰੁ ਇਹ ਅਬ ਕੁਠਾਲੀ ਮੋ ਗਲੇਗਾ॥ਤਬ ਬਾਬਾ ਬਿਨੋਦ ਸਿੰਘ ਸਸਤ੍ਰ ਲਗਾਇ ਕੇ ਘੋੜੇ ਪਰ
ਸਵਾਰ ਹੂਏ॥ਊਹਾ ਸੇ ਕੂਚ ਕੀਆ॥ਲਸਕਰ ਕੇ ਬੀਚ ਸੇ ਘੋੜੇ ਕੋ ਉਠਾਇ ਕੇ ਨਿਕਲ ਕੇ
ਗੋਬਿੰਦਵਾਲ ਆਏ॥ਉਧਰ ਬੰਦੇ ਕੀ ਦਸਾ ਜੋ ਹੂਈ ਸੋ ਸੁਨੋ॥ਤਮਾਮ ਸਿੰਘ ਮਾਰੇ ਭੁਖ ਕੇ ਹਲਾਕ ਹੂਏ
ਬਹਤੌ ਕਾ ਸਰੀਰ ਛੂਟ ਗਇਆ॥ਕੇਤੇ ਸਿੰਘ ਜੋ ਬਡੇ ਸੂਰਮੇ ਥੇ ਉਹ ਕੇਤੇ ਜੋਧਾ ਬਚ ਰਹੇ॥ਤਦ ਹਲਾ
ਕਰਕੇ ਪਾਤਸਾਹੀ ਲੋਕਾ ਨੇ ਉਨ ਕੋ ਪਕੜ ਲੀਆ॥ਮਹਬੂਸਖਾਨੇ ਮੋ ਲਿਆਇ ਕੈ ਕੈਦ ਕੀਆ॥ਅਰੁ
ਗਿਨਤੀ ਕਰ ਲੈਈਆ ਜੁ ਏਤੇ ਜੁਆਨ ਹੈ॥ਅਰੁ ਬੰਦੇ ਕੋ ਲੋਹੇ ਕੇ ਪਿੰਜਰੇ ਮੋ ਕੈਦ ਕੀਆ॥ਸਮੇਤ
ਬੇਟੇ ਕੇਤੇ ਦਿਨ ਹੂਏ ਤਦ ਬੰਦੇ ਕੋ ਬਾਦਸਾਹ ਕਾ ਹੁਕਮ ਹੂਆ ਜੋ ਮਾਰੋ॥ਅਰੁ ਬੇਟੇ ਉਸਕੇ ਕੋ॥ਤਦ
460/ਅ ਬੰਦੇ ਨੇ ਕਹਾ ਜੋ ਕਿਸੀ ਕਾ ਕਿਆ ਮਕਦੂਰ[6] ਥਾ ਜੋ ਮੁਝਕੌ ਮਾਰਤਾ ॥ਪਰ ਸਤਗੁਰ/ਕੀ ਆਗਿਆ

---

[1] ਭਈ (ਅ)

[2] ਚਲਾਇਆ (ਅ)

[3] ਲੁਕ (ਅ,ੲ)

[4] ਜਾਇ (ਅ)

[5] ਦੋਨੋ ਆਪ (ਅ)

[6] ਮਗਦੂਰ, (ਅ)

ਮੇਰੇ ਸੇ ਭੰਗ ਹੂਈ ਹੈ॥ਉਸ ਕੀ ਸਜਾਇ ਏਹੁ ਮੁਝ ਪਰ ਹੈ॥ਏਹ ਬਾਤ ਹੋ ਕੇ ਜਦ ਬੰਦੇ ਕੋ ਮਾਰਨੇ ਲਾਗੇ ਤਦ ਬੰਦੇ ਨੇ ਕਹਾ ਜੋ ਆਜ ਕੇ ਅਠਵੇ ਦਿਨ ਤੂੰ ਭੀ ਮਰੈਗਾ॥ਉਸੀ ਕੇ ਅਠਵੇ ਦਿਨ ਪਾਤਸਾਹ ਭੀ ਮੂਏ॥ਬੰਦੇ ਕੋ ਮਾਰ ਕੇ ਔਰ ਸਭ ਕੋ ਹੁਕਮੁ ਕੀਆ ਜੋ ਕਲ ਇਨ ਕੋ ਭੀ ਮਾਰੋ॥ਤਦ ਊਹਾ ਕੇ ਜੋ ਬਡੇ ਬਡੇ ਸਿਖ ਸੇ ਉਨ ਕੋ ਬੁਲਾਇ ਕੇ ਮਾਤਾ ਸੁੰਦਰੀ ਜੀ ਸਾਹਿਬ ਦਿਲੀ ਬਿਖੇ ਥੀ ਕਹਾ ਜੋ ਕਾਂਨ ਸਿੰਘ ਜੀ ਕੋ ਕਿਸੀ ਤਰਾ ਛਡਾਇਆ ਚਾਹੀਏ॥ਨਾਹੀ ਤੋ ਜਹਾਂ ਇਨ ਕਾ ਲੋਹੂ ਪੜੇਗਾ ਊਹਾ ਅਪਰਾਧ ਆਇ ਜਾਇਗਾ॥ਅਰੁ ਸਿਖਾਂ ਕੀ ਸਿਖੀ ਬਿਖੈ ਤਫਾਉਤ ਹੋਵੈਗੀ॥ਕਿਸ ਵਾਸਤੇ ਜੋ ਗੁਰੂ ਅੰਗਤ ਸਾਹਿਬ ਕੀ ਅਉਲਾਦ ਹੈ॥ਅਰੁ ਗੁਰੂ ਜੀ ਕੇ ਹਜੂਰੀ ਹੈਂ॥ਤਾਂ ਤੇ ਕੋਈ ਜਤਨ ਕੀਆ ਚਾਹੀਏ॥ਜਿਸ ਤੇ ਇਨ ਕਾ ਛੂਟਨਾ ਹੋਇ॥ਮਾਤਾ ਜੀ ਕੇ ਫਰਮਾਉਨੇ ਸੇ ਸਿਖਾ ਨੇ ਜਤਨ ਕੀਆ॥ਅਰੁ ਉਹ ਸਿਖ ਭੀ ਨਉਕਰ ਪਾਤਸਾਹੀ ਥੇ॥ਬਡੇ ਇਮਤਿਆਜੀ॥ਜੋ ਉਨਾ ਸਿਖਾ ਨੇ ਏਹ ਡਉਲ ਠਹਰਾਇਆ ਜੋ ਬਾਬਾ ਕਾਨ ਸਿੰਘ ਕੋ ਨਿਕਾਲ ਲੀਜੀਏ॥ਉਨ ਕੇ ਬਦਲੇ ਊਹਾ ਕੋਊ ਕੋਈ ਅਉਰ ਡਾਲ ਦੀਜੀਏ॥ਸਿਖਾ ਨੇ ਮਹਬੂਸਖਾਨੇ ਪਾਸ ਜਾਇ ਕੇ ਕਹਾ ਜੋ ਕਾਨ ਸਿੰਘ ਕਿਸ ਕਾ ਨਾਮ ਹੈ॥ਉਹ ਇਸ ਦਰਵਾਜੇ ਪਾਸ ਆਇ ਖੜਾ ਹੋਇ॥ਉਹ ਬਾਤ ਸੁਨ ਕੇ ਬਾਬਾ ਕਾਨ ਸਿੰਘ ਜੀ ਉਸ ਦਰਵਾਜੇ ਪਾਸ ਆਇ ਖੜੇ ਭਏ॥ਤਾ ਸਿਖਾ ਨੇ ਕਿਆ ਕੀਆ ਜੋ ਏਕ ਮੁਲਾਨਾ ਜਾਤਾ ਥਾ॥ਉਸ ਕੋ ਜਲਦੀ ਸੇ ਪਕੜ ਕੇ ਊਹਾ ਡਾਲ ਦੀਆ॥ਅਰੁ ਉਨ ਕੋ ਨਿਕਾਲ ਲੀਆ॥ਤਬ ਏਕ ਰਥ ਪਰ ਬੈਠਾਇ ਕੇ ਘਟਾ ਟੋਪ ਰਥ ਪਰ
461/ੳ ਡਾਲ ਦੀਆ॥ਅਰੁ ਦੋ/ਚਾਰ ਆਦਮੀ ਸਾਥ ਕਰ ਦੀਏ॥ਅਰੁ ਕਹਾ ਜੋ ਕੋਈ ਪੂਛੇ ਤੋ ਕਹਨਾ ਜੋ ਜਨਾਨੇ ਫਲਾਨੇ ਕੀ ਜਾਤੇ ਹੈ॥ਏਸੇ ਤਰਹ ਸੇ ਅਪਨੇ ਘਰ ਲੇ ਆਏ॥ਤਦ ਬਾਬਾ ਕਾਨ ਸਿੰਘ ਜੀ ਨੇ ਪੂਛਾ ਜੋ ਇਹ ਕਿਸ ਕਾ ਘਰ ਹੈ॥ਅਰੁ ਏਹ ਕਿਸ ਮੇਲ ਕੇ ਸਿੰਘ ਹੈ॥ਤਾਂ ਸਿਖਾਂ ਆਖਿਆ ਜੋ ਇਹ ਸਿਖ ਰਾਮ ਰਾਜਾ ਜੀ ਕੇ ਮੇਲ ਕਾ ਹੈ॥ਤਦ ਬਾਬੇ ਕਹਾ ਜੋ ਮੈ ਇਨ ਕੇ ਘਰ ਉਤਰਨੇ ਕਾ ਨਾਹੀ॥ਤਦ ਸਿਖਾਂ ਨੇ ਦੂਸਰੇ ਘਰ ਜਾਇ ਉਤਾਰਾ॥ਅਰੁ ਈਹਾ ਪਾਤਸਾਹ ਨੇ ਮੰਗਾਇ ਕੇ ਸਭ ਸਿਖਾ ਕੋ ਦੇਖਾ ਅਰੁ ਪੂਛਾ ਜੋ ਮੈ ਸੁਨਾ ਥਾ॥ਏਕ ਸਿਖ ਬਾਜ ਸਿੰਘ ਨਾਮੇ ਬਡਾ ਸੂਰਮਾ ਹੈ॥ਉਸ ਪਰ ਗੁਰੂ ਕੀ ਬਡੀ ਖੁਸੀ ਰਹਤੀ ਹੈ॥ਸੋ ਕਉਨ ਹੈ॥ਤਦ ਬਾਜ ਸਿੰਘ ਬੋਲੇ ਜੋ ਗੁਰੂ ਕਾ ਸੇਵਕ ਮੈ ਬਾਜ ਸਿੰਘ ਹੋ॥ਤਦ ਉਸ ਨੇ ਕਹਾ ਜੋ ਤੂੰ ਤੋ ਬਡਾ ਸੂਰਮਾ ਥਾ॥ਅਬ ਤੋ ਤੇਰੇ ਸੌ ਕਛੁ ਨਹੀ ਹੋ ਸਕਤਾ॥ਤਦ ਬਾਜ ਸਿੰਘ ਨੇ ਕਹਾ ਜੋ ਮੇਰੀ ਬੇੜੀ ਖੋਲੋ ਤੋ ਮੈ ਅਬ ਭੀ ਤੁਮਕੋ ਤਮਾਸਾ ਦਿਖਾਵੋ॥ਤਦ ਉਸ ਨੇ ਲੋਕਾ ਕੋ ਹੁਕਮ ਕੀਆ ਜੋ ਇਸ ਕੀ ਬੇੜੀ ਨਿਕਾਲ ਦੇਆ॥ਬੇੜੀ ਕੇ ਨਿਕਲਤੇ ਹੀ ਬਾਜ ਸਿੰਘ ਨੇ ਬਾਜ ਕੀ ਨਿਆਈ ਝਪਟਾ ਮਾਰਾ॥ਹਾਥ ਕੀ ਹਥਕੜੀ ਸੇ ਦੋ ਤੀਨ ਜੁਆਨਾ ਕੋ ਮਾਰ ਕੇ ਉਸ ਨਬਾਬ ਕੀ ਤਰਫ ਨਜਰ ਕੀਆ॥ਤਬ ਬਹੁਤ ਲੋਕਾ ਨੇ ਦਉੜ ਕੇ ਪਕੜ ਲੀਆ॥ਅਰੁ ਸਭ ਕੋ ਕਤਲ ਕੀਆ ਬਾਬਾ ਕਾਨ ਸਿੰਘ ਜੀ ਜੋ ਉਸ ਸਿਖ ਕੇ ਘਰ ਜਾਇ ਰਹੇ ਥੇ ਅਬ ਉਨ ਕੀ ਕਥਾ ਸੁਨੋ॥ਵਹ ਸਿਖ ਜੋ ਥਾ ਉਸ ਕੇ ਪਾਸ ਪਰਗਨਾ ਥਾ॥ਪਰਗਨੇ ਜਿਮੀਦਾਰ ਪਠਾਨ ਥਾ ਉਹ[1] ਹਾਥ ਉਠਾਂਵਾ ਪੈਸਾ ਦੇਤਾ ਥਾ॥ਇਸ
461/ਅ ਵਾਸਤੇ ਸਿਖ ਬਹੁਤਦਿਕ ਰਹਤਾ ਥਾ॥ਤਦ ਉਸ ਕਉ ਬਾਬੇ ਕਹਾ/ਜੋ ਤੁਮ ਕਹੋ ਤੋ ਅਸੀ ਉਸ ਸੇ ਤੇਰਾ ਪੈਸਾ ਸਾਰਾ ਲੇ ਦਹਿ॥ਉਸ ਨੇ ਕਹਾ ਜੋ ਆਪ ਕੀ ਮਰਜੀ॥ ਤਬ ਬਾਬਾ ਰੁਕਸਦ ਹੋ ਕੇ ਉਸ ਪਰਗਨੇ ਪਰ ਗਏ॥ਜਾਇ ਕੇ ਉਸੀ ਪਠਾਨ ਕੇ ਦਰਵਾਜੇ ਪਰ ਉਤਰੇ॥ਅਰ ਵਖਤ ਫੁਰਸਤ ਕਾ ਅਟਕਲਤੇ ਰਹੇ॥ਏਤੇ ਮੋ ਉਸ ਪਠਾਨ ਕੇ ਘਰ ਕੀ ਦਾਈ ਬਾਹਰ ਆਈ ॥ਉਸ ਕੇ ਤੋਸੇਖਾਨੇ ਸੇ ਕਪੜਾ ਪਵੁਸਾਕੀ ਲੇ ਕਰ ਚਲੀ॥ਤਬ ਲੋਕਾ ਨੇ ਪੂਛਾ ਜੋ ਅਬ ਖਾਨ ਕਿਆ ਕਰਤੇ ਹੈ॥ਤਦ ਉਸ ਨੇ[2] ਕਹਾ ਜੋ ਦਾਤਨ ਕਰਤੇ ਹੈ॥ਅਬ ਨਾਵੈਗੇ ਏਤਾ ਕਹਿ ਕੇ ਭੀਤਰ ਕੋ ਗਈ॥ਉਸ ਕੇ ਸਾਥ ਲਗੇ ਏਹ ਭੀ ਚਲੇ ਗਏ॥ਜਾਤੇ ਹੀ ਪਠਾਨ ਕੋ ਏਕਲਾ ਦੇਖ ਕੇ ਉਸ ਕੀ ਛਾਤੀ ਪਰ ਚੜ ਬੈਠੇ॥ਅਰੁ ਕਟਾਰ ਕੀ ਅਨੀ ਉਸ ਕੇ ਪੇਟ ਮੋ ਲਗਾਇ ਦੀਆ॥ਏਤੇ ਮੋ ਉਸਕੇ ਲੋਕ ਦਉੜ ਪੜੇ॥ਅਰ ਮਾਰਨੇ ਇਨਕੇ ਕਾ ਇਰਾਦਾ ਕੀਆ॥ਤਦ ਇਨੋ ਨੇ ਕਹਾ ਜੋ ਤੁਮ ਤੋ ਮੁਝਕੋ ਮਾਰੋਗੇ॥ਤੋ ਮੈ ਇਸ ਕੋ ਮਾਰ ਡਾਲੋਗਾ॥ਤਦ ਉਨ ਪਠਾਨ ਨੇ ਕਹਾ ਜੋ ਕੋਈ ਇਨ ਕੋ ਛੇੜੋ ਮਤ[3]॥ਨਹੀ ਤੋ ਇਹ ਮੁਝਕੋ ਮਾਰ ਡਾਲੈਗਾ॥ਫਿਰ ਜਦ ਮੇਰੀ ਜਾਨ ਗਈ ਤੋ ਇਨ ਕਾ ਮਾਰਨਾ ਕਿਸ ਕਾਂਮ ਹੈ॥ਇਹ ਬਾਤ ਤੋ[4] ਸੁਨ ਕੇ ਉਹੁ ਸਭ ਕਿਨਾਰੇ ਹੋਇ ਗਏ॥ਤਦ ਪਠਾਨ ਨੇ ਪੂਛਾ ਜੋ ਤੁਮਾਰਾ ਮਤਬਲ ਕਿਆ ਹੈ॥ਇਨੋ ਕਹਾ ਜੋ ਤੁਮ ਫਲਾਨੇ ਕੋ ਪੈਸਾ ਹਥ ਉਠਾਵਾ ਦੇਤਾ ਹੈ॥ਉਹ ਪੇਚ ਮੈ ਪੜਤਾ ਹੈ॥ਤਾ ਤੇ ਅਬ ਹੀ ਬਾਕੀ ਉਨ ਕੀ ਸਭ ਬਰਸੋ

---

[1] ਅਰ (ਅ)
[2] ਇੱਥੇ ਸ਼ਬਦ 'ਨੇ' ਨਹੀਂ ਹੈ (ਅ)
[3] ਮਤ ਮਾਰਨਾ (ਅ)
[4] ਕੋ (ੳ,ਅ)

ਕੀ ਜੋ ਹੈ ਉਸ ਕੇ ਤੋੜੇ ਮੰਗਾਉ ਜਲਦ॥ਤਦ ਉਸ ਨੇ ਜੀਉ ਕਾ ਭਉ ਕਰ ਕੇ ਉਸ ਵਖਤ ਤੋੜੇ ਮੰਗਾਇ ਦੀਏ॥ਅਰੁ ਕਹਾ ਜੋ ਮੁਝਕੋ ਛੋਡ ਦੇਹੁ॥ਤਦ ਬਾਬੇ ਜੀ ਕਹਾ ਜੋ ਮੇਰੇ ਸਾਥ ਤੂੰ ਕਵਲ ਕਰ ਲੇ
462/ੳ ਜੋ ਮੈ ਦਗਾ ਨ ਕਰੋਗਾ॥ਅਰੁ ਕੁਰਾਨ ਬੀਚ ਦੇਇ॥/ਤਬ ਉਸ ਨੇ ਸਪਤ ਕੀਆ॥ਅਰ ਤੋੜੇ ਮੰਗਾਇ ਕੇ ਹਾਜਰ ਕੀਏ॥ਤਦ ਬਾਬਾ ਜੀ ਨੇ ਕਹਾ ਜੋ ਮੈ ਤਦ ਤੁਝਕੋ ਛੋਡੋ ਜੁ ਏਕ ਰਥ ਮੁਝਕੋ ਮੰਗਾਇ ਦੇਹ॥ਅਰ ਉਪਰ ਏਹ ਤੋੜੇ ਰਖ ਦੇਹ॥ਅਪਨਾ ਬੇਟਾ ਏਕ ਬੈਠਾਇ ਦੇ॥ਤਦ ਮੈ ਰਥ ਕੇ ਪਾਸ ਤੁਝ ਕੌ ਲੇ ਚਲੋ॥ਉਸ ਰਥ ਪਰ ਮੈ ਸਵਾਰ ਜਬ ਹੋ ਲੇਓਗਾ॥ਅਰੁ ਤੇਰੇ ਬੇਟੇ ਕੌ ਅਪਨੇ ਕਾਬੂ ਕਰ ਲੇਓਗਾ॥ਤਦ ਤੁਝਕੋ ਛੋੜ ਦੇਉਗਾ॥ਤੇਰੇ ਬੇਟੇ ਕੌ ਤੇਰੀ ਹਦ ਤਕ ਲੇ ਜਾਉਗਾ॥ਜਬ ਇਹ ਬਾਤ ਬਾਬੇ ਜੀ ਕਹੀ॥ਤਿਸ ਨੇ ਸਭ ਉਸੀ ਤਰਹਿ ਕੀਆ॥ਤਬ ਉਸ ਕੋ ਛੋੜ ਕੇ ਬਾਬਾ ਜੀ ਰਥ ਪਰ ਸਵਾਰ ਹੂਏ[1]॥ਉਸ ਕੇ ਬੇਟੇ ਕੋ ਉਸ ਕੀ ਸਰਹਦ ਤਕ ਲੇ ਗਏ॥ਊਹਾ ਸੇ ਉਸ ਕੌ ਛੋਡ ਦੀਆ॥ਅਰੁ ਉਹੁ ਰੁਪਯੇ ਉਸ ਸਿਖ ਕੋ ਪਹੁਚਾਇ ਕੇ ਆਪ ਸ੍ਰੀ ਅਮ੍ਰਿਤਸਰ ਕੋ ਚਲੇ॥ਰਾਹ ਮੋ ਪਾਤਸਾਹੀ ਖਜਾਨਾ ਕਛੁ ਜਾਤਾ ਮਿਲਾ॥ਉਸ ਕੋ ਲੂਟਤੇ ਹੂਏ ਜਾਇ ਸ੍ਰੀ ਅੰਮ੍ਰਿਤਸਰ ਪਹੁਚੇ॥ ॥

॥ਸਾਖੀ ਪੂਰਨ ਹੋਈ॥

ਇਹ ਬੰਦੇ ਕੀ ਕਥਾ ਸੰਛੇਪ ਕਹੀ ਜੋ ਸੁਨੀ॥ਆਗੇ ਸਾਖੀਆ ਦਸ ਮਹਲਾ ਕੀਆ ਅਰ ਬੰਦੇ ਕੀ ਸੰਪੂਰਨ ਹੋਈ॥[2]

ਸ੍ਰੀ ਵਾਹਗੁਰੂ ਮੁਖ ਕਰੋ ਉਚਾਰ॥ਹੋਇ ਦਿਆਲ ਕਰ ਲਏ ਉਧਾਰ॥


ਸੰਮਤ ੧੮੫੭ ਮਿਤੀ ਮਾਘ ਦੀ ੧੩ ਪੋਥੀ ਮਹਿਮਾ ਪ੍ਰਕਾਸ ਕੀ ਸੰਪੂਰਨ ਹੋਈ॥ਟਹਲ ਕੀਤੀ ਬਾਬਾ ਕਿਰਪਾ ਸਿੰਘ ਕੁਲ ਗੁਰੂ ਅਮਰ ਸਾਹਿਬ ਕੀ॥ਪਰਵਾਰ ਬਾਬੇ ਮੋਹਰੀ ਜੀ ਕੇ ਵਿਚੋ॥ਭੇਟ ਬਾਬੇ
462/ਅ ਪੰਜਾਬ ਸਿੰਘ ਜੋਗ ਕੀਤੀ ਸ੍ਰੀ ਬਾਵਲੀ/ਜੀ ਉਪ੍ਰ॥ਪਸਤਕੁ ਸੰਪੂਰਨੰ॥[3]

[1] ਬੈਠੇ (ਅ)


[2] ਇੱਥੇ 'ਇਹ ਬੰਦੇ ਕੀ ਕਥਾ ਸੰਛੇਪ ਕਹੀ ਜੋ ਸੁਨੀ॥ਇਹ ਸਾਖੀ ਦਸ ਪਾਤਸਾਹੀਆਂ ਕੀ ਅਰ ਬੰਦੇ ਕੀ ਸੰਪੂਰਨ ਹੋਈ॥' ਪੰਕਤੀ ਹੈ (ਅ)

[3] ਇੱਥੇ 'ਸੰਮਤ ੧੮੫੭ ਮਿਤੀ ਮਾਘ ਦੀ....ਪਸਤਕੁ ਸੰਪੂਰਨੰ॥ ਪਾਠ ਨਹੀਂ ਹੈ (ੳ,ਅ,ੲ)

ਅੰਤਿਕਾ (ੳ)


ਗੁਰੂ ਅਮਰਦਾਸ ਜੀ
ਮੋਹਰੀ ਜੀ
ਮੋਹਨ ਜੀ
ਅਰਥ ਮਲ
ਅਨੰਦ ਜੀ
ਅਰਜਾਨੀ ਜੀ
ਬਿਹਾਰੀ ਦਾਸ
ਮਥਰਾ ਦਾਸ
ਸੁੰਦਰ ਦਾਸ
ਦਿਆਲ ਦਾਸ
ਸੰਗਤ ਰਾਏ
ਖਾਨ ਚੰਦ
ਸੁਲਤਾਨ ਸਿੰਘ
ਭਗਵਾਨ ਦਾਸ
ਨੰਦ ਲਾਲ
ਭਾਨ ਦਾਸ
ਮੇਘ ਰਾਜ
ਨਰੈਣ ਦਾਸ
ਦੀਨ ਦਿਆਲ
ਗੁਰਬਖਸ਼ ਰਾਏ
ਰਤਨ ਸਿੰਘ
ਨੌਬਤ ਰਾਏ
ਬਾਹੜ ਮਲ
ਸਰੂਪ ਦਾਸ/ਚੰਦ
ਬੰਸੀਧਰ
ਤੋਲਾ ਸਿੰਘ
ਆਤਮਾ ਰਾਮ

ਅੰਤਿਕਾ (ਅ)


ਬਾਬਾ ਸਰੂਪ ਦਾਸ
ਬਾਬਾ ਕਿਰਪਾ ਦਿਆਲ ਸਿੰਘ
ਬਾਬਾ ਮੋਹਰ ਸਿੰਘ
ਬਾਬਾ ਚੜ੍ਹਤ ਸਿੰਘ
ਬਾਬਾ ਪ੍ਰੇਮ ਸਿੰਘ
ਸੰਤ ਸਿੰਘ
ਬਸੰਤ ਸਿੰਘ
ਬਾਬਾ ਸਾਧੂ ਸਿੰਘ
ਬਚਿੱਤਰ ਸਿੰਘ
ਬਾਬਾ ਸੁਮੇਰ ਸਿੰਘ
ਜਵਾਹਰ ਸਿੰਘ
ਕੇਸਰ ਸਿੰਘ
ਪਟਨਾ ਸਾਹਿਬ ਵਾਲੇ
ਚੜ੍ਹਤ ਸਿੰਘ
ਪ੍ਰੀਤਮ ਸਿੰਘ
ਧਰਮ ਸਿੰਘ
ਦਲੀਪ ਸਿੰਘ

ਅੰਤਿਕਾ ੧

103/ੳ **॥ਚੌਪਈ॥**
ਜਬ ਇਹੁ ਸਿਫਤਿ ਸਾਈ ਦੀ ਸੁਨਾ॥ਬਾਬੇ ਜੀ ਸੋ ਇਹ ਬਿਧ ਭਨਾ॥
ਆਪਸ ਮੋ ਹੋਇ ਰਹੇ ਹੈਰਾਨ॥ਕਾਜੀ ਮੁਲਾ ਹਾਜੀ ਸਭ ਆਨ॥੧੫॥
ਬਾਬੇ ਸੋ ਬੋਲੇ ਇਹ ਬਾਤ॥ਤੁਮਰਾ ਸਿਰਰ ਨ ਚੀਨਾ ਜਾਤ॥
ਤਬ ਬਾਬੇ ਨਾਨਕ ਜੀ ਕਹਿਆ॥ਹਮਰਾ ਸਿਰਰ ਮਲੂਮ ਖੁਦਾਇ ਪਰ ਰਹਿਆ॥
ਯਾ ਜਾਨਤ ਹੈ ਯਾਰ ਕਿਤਾਬ॥ਆਦਿ ਤੀਰਥ ਮਕਾ ਪਰਤਾਪ॥
ਮਹਾਦੇਵ ਕਾ ਲਿੰਙ ਪੂਜਾਵੈ॥ਚਾਰ ਕੁੰਟ ਪਰ ਪ੍ਰਗਟ ਯਨਾਵੈ॥੧੭॥
ਹਿੰਦੂ ਅਰ ਮੁਸਲਮਾਨ ਕਾ ਬਡਾ॥ਹਿੰਦੂਆ ਅਠਸਠਿ ਤੀਰਥ ਮੰਡਾ॥
ਜਾਤ੍ਰਾ ਤੀਰਥ ਕਰ ਪਰਦਛਨ॥ਹੋਇ ਪਵਿਤ੍ਰ ਪਰਮ ਸੁਭ ਹਰਖਨ॥੧੮॥
ਹਮ ਭੀ ਇਸੀ ਵਾਸਤੇ ਆਏ॥ਸੁਨ ਮੁਲਾ ਜੀਵਲ ਕਹੋ ਸੁਨਾਏ॥
ਅਮਲ ਅਥਰਬਨ ਕਾ ਇਹੁ ਜਾਨ॥ਸੇਖਾ ਕੋ ਮਿਲਿਆ ਫੁਰਮਾਨ॥੧੯॥
ਦਿਨ ਗੈਰੀਅਤ ਕਰਮ ਚਲਾਵਾ॥ਦੇਵਲ ਦੇਵਤਿਆ ਕਰ ਲਾਵਾ॥
ਅਰ ਹਿੰਦੂ ਕੀ ਕਰੀ ਖਰਾਬੀ॥ਡੰਡ ਲਗਾਇ ਇਹ ਕੀਰਤ ਬਾਭੀ॥੨੦॥
104/ੳ ਅਪਨੋ ਮੁਕਾਮ ਜਾਹਰਿ ਸਭ ਕੀਨੇ॥ਗੋਰ ਮਸੀਤ ਪੂਜਨ ਬਲੁ/ਚੀਨੇ॥
ਢਾਹਨ ਦੇਵਲ ਕਰਨ ਮਸੀਤ॥ਹਿੰਦੂ ਮੁਸਲਮਾਨ ਬਿਪਰੀਤ॥੨੧॥
ਸਚੁ ਨਾਮ ਸਭ ਦੀਆ ਭੁਲਾਈ।ਦੁਹੂੰਅਨ ਮਤਾ ਬਿਰੁਧ ਉਪਜਾਈ॥
ਹਾਰ ਦੇਵ ਹਿੰਦੂਅਨ ਕੇ ਓਰਤੇ॥ਕਰੀ ਫਰਿਆਦ ਜੋ ਸਭ ਕੀ ਸੁਨਤੇ॥੨੨॥
ਹੇ ਮਹਾ ਰਾਜ ਕਲਜੁਗ ਕੇ ਮਾਹਿ॥ਹਮਰਾ ਅਬ ਪੂਜਨ ਹੋਇ ਨਾਹਿ॥
ਜਗ ਹੋਮ ਨਹੀ ਕਰਨੇ ਦੇਹੀ॥ਮਹਾ ਬਲਵੰਤ ਅਸੁਰ ਧਰ ਦੇਹੀ॥੨੩॥
ਤੁਮ ਹੀ ਬਲ ਦੇ ਭੇਜੇ ਤਾਹਿ॥ਹੇ ਪ੍ਰਭ ਅਬ ਕਛੁ ਕਰੋ ਸਹਾਇ॥
ਇਹ ਬਿਨੇ ਬਚਨ ਕਾਨਨ ਸੁਨ ਲੀਨਾ॥ਕਛਕ ਕੋਪ ਦੈਤਨ ਪਰ ਕੀਨਾ॥੨੪॥
ਤਹਾ ਹਾਜਰ ਪੀਰ ਪੈਕੰਬਰ ਖੜੇ॥ਜੋ ਤੁਮਰੇ ਆਗੇ ਹੇ ਬਡੇ॥
ਆਉਦੀਆ ਅੰਬੀਆ ਸਾਲਕ ਸਾਦਕ॥ਭਏ ਬੁਜਗਰ ਖੜੇ ਅਹਿਲਾਦਕ॥੨੫॥
ਔ ਸਭ ਦੇਵ ਖੜੇ ਦਰਬਾਰ॥ਨਿਰੰਕਾਰ ਕੀ ਦਿਸਟ ਅਪਾਰ॥
ਨਾਨਕ ਕੋ ਆਗਿਆ ਤਹਾ ਕਰੀ॥ਮਾਤ ਲੋਕ ਜਾਵੋ ਇਵ ਘਰੀ॥੨੬॥
ਮਮ ਆਗਿਆ ਅਬ ਤੁਮ ਕੋ ਕਰੀ॥ਸਤਿਨਾਮ ਪ੍ਰਭ ਮੰਤ੍ਰ ਓਚਰੀ॥
ਸਤ ਧਰਮ ਜਗ ਦੇਹੁ ਦਿੜਾਇ॥ਦਰੋਗ ਕਬੁਧ ਦੇਹੁ ਭਰਮ ਮਿਟਾਇ॥੨੭॥

॥ਦੋਹਰਾ॥
ਸਾਹਬ ਕਾ ਫੁਰਮਾਨ ਸੁਨ ਕਰੀ ਅਰਜ ਤਾਜੀਮ॥
ਇਹ ਬਿਧ ਸੋ ਬਿਨਤੀ ਕਰੀ ਤੁਮ ਸੁਭਹਾਨ ਰਹੀਮ॥੨੮॥

॥ਚੌਪਈ॥
ਤਖਤ ਪਾਤਿਸਾਹਿ ਸੇਖਨ ਕੋ ਦੀਨਾ॥ਪੈਗੰਬ੍ਰ ਤਹਾ ਕੀਆ ਅਸੀਨਾ॥
ਵੈ ਅਮਲ ਕਰੇ ਪ੍ਰਿਥਮੀ ਪਰ ਭਾਰੀ॥ਅਵਰ ਬਾਤ ਨਹੀ ਚਲੇ ਬਿਚਾਰੀ ॥੨੯॥
ਹਮਾਰਾ ਕਿਹ ਬਿਧ ਹੋਇ ਪਰਤਾਪ॥ਸਤ ਦਿੜਾਇ ਲੋਪ ਕਰੋ ਤਾਪ॥
ਨਰੰਕਾਰ ਜਬ ਇਹ ਬਿਧ ਸੁਨਾ॥ਕਰ ਬਰ ਬਚਨ ਕੀਆ ਦਸ ਗੁਨਾ॥੩੦॥

॥ਦੋਹਰਾ॥
ਨਿਰੰਕਾਰ ਜੀ ਦਿਆਲ ਸੋ ਇਹ ਬਿਧ ਕਹਾ ਸੁਨਾਇ॥
ਮੈ ਹੁਕਮੁ ਮਹੰਮਦ ਕੋ ਕੀਆ ਅਥਰਵਨ ਰਾਹ ਚਲਾਇ॥੩੧॥
ਤੀਸ ਸੁਪਾਰੇ ਕੁਰਾਨ ਕੇ ਉਪਰ ਅਮਲ ਚਲਾਇ॥
ਬਿਨਾ ਰਬ ਕੇ ਨਾਮ ਕੌ ਅਵਰ ਨ ਅਮਲ ਕਮਾਇ॥੩੨॥

॥ਚੌਪਈ॥
ਸੋ ਵਹੁ ਭੂਲ ਕਮਾਨੇ ਅਵਰ॥ਜੋਰ ਜੁਲਮ ਕੀਨੇ ਇਹ ਦੌਉਰ॥
104/ਅ ਪਾਤਸਹਿ ਸੁ/ਲਤਾਨ ਕਹਾਇ॥ਗਊ ਬ੍ਰਹਮਣ ਕੋ ਦੁਖ ਲਾਏ॥੩੩॥

ਤਾ ਤੇ ਉਨ ਕੀਓ ਮਤ ਨਾਸ॥ ਅਬ ਤੁਮ ਜਾਇ ਕਰੋ ਪਰਗਾਸ॥
ਛਤੀਸ ਸੁਪਾਰੇ ਕੀ ਕਰੋ ਕਿਤਾਬ॥ ਮਾਰ ਦੂਰ ਸਭ ਕਰੋ ਅਜਾਬ॥ ੩੪॥
ਤੀਸ ਸੁਪਾਰੇ ਕਾ ਮਤ ਫੁਰਕਾਨ॥ ਛੈ ਸੁਪਾਰੇ ਅਧਕ ਤੁਮ ਗਿਆਨ॥
ਸ੍ਰੀ ਨਿਰੰਕਾਰ ਦੀਆ ਬਰਦਾਨ॥ ਚਾਰ ਕੁੰਟ ਕਰੋ ਜੀਤ ਬਿਧਾਨ॥ ੩੫॥
ਛਤੀਸ ਰਾਗ ਕਾ ਕਰੋ ਗਿਰੰਥ॥ ਏਕ ਨਾਮ ਤਾ ਕੋ ਸਭ ਅਰਥ॥
ਏਕ ਨਾਮ ਕੀ ਮਹਿਮਾ ਕਰੋ॥ ਅਉਰ ਜੁਗਤ ਕੀ ਬਿਧ ਬਿਸਥਰੋ॥ ੩੬॥

॥ ਦੋਹਰਾ॥

ਪਹਿਲੇ ਆਦਿ ਪੁਰਖ ਰਾਮ ਕ੍ਰਿਸਨ ਫਿਰ ਨਾਮ॥
ਤੀਨ ਜੁਗਤ ਤੀਨੋ ਦ੍ਰਿੜੇ ਕਲ ਕੇਵਲ ਨਾਮ ਪ੍ਰਮਾਨ॥ ੩੭॥
ਮੁਸਲਮਾਨ ਅਲਹ ਕਹੈ ਨੀਲ ਪੋਸ ਮਗਰਬੀ ਬਾਨ॥
ਹਕ ਰਾਸਤੀ ਪਰ ਖੜਾ ਹੋ ਪਾਵਹਿ ਭਿਸਤ ਅਮਾਨ॥ ੩੮॥

॥ ਚੌਪਈ॥

ਫਿਰ ਕਰਾ ਬਾਬਾ ਮੁਲਾਨਾ ਜੀਵਨ॥ ਇਹ ਹਕੀਕਤਿ ਰਬ ਸਮਝਾਇ ਕਹੀਵਨ॥
ਇਹ ਹਕੀਕਤ ਪਾਇ ਸਕੇ ਕੋਊ ਨਾਹੀ॥ ਨਿਰੰਕਾਰ ਚਿਤ ਮੈ ਜੋ ਚਾਹੀ॥ ੩੯॥
ਲੋਹ ਕਲਮ ਬਾਬੇ ਆਪਮ ਕਾ ਜੁਸਾ॥ ਖਾਕੀ ਬੁਤ ਚਾਰ ਕੁੰਟ ਹੈ ਤਿਸਾ॥
ਅਫਤਾਬ ਮਹਿਤਾਬ ਚਸਮੇ ਹੈ ਤਾ ਕੇ॥ ਚਾਰ ਕੁੰਟ ਦਿਹ ਦਿਸ ਹੈ ਵਾ ਕੈ॥ ੪੦॥
ਸੋ ਮਊਲਾਂ ਸਭ ਰਹਿਆਂ ਬਿਆਭ॥ ਚਾਰ ਕੁੰਟ ਮੈ ਆਪੇ ਆਪਿ॥
ਉਪਜਤ ਬਿਨਸਤ ਛੋਟਾ ਅਰ ਬਡਾ॥ ਅਮਲ ਕਰ ਕਰ ਧਰਤੀ ਸਭ ਛਡਾ॥ ੪੧॥
ਚਾਰੋ ਕਿਤਾਬ ਚਾਰੋ ਜੁਗਿ ਮਾਹਿ॥ ਰਾਤ ਦਿਨਾ ਏਕ ਦਿਲ ਹੋਇ ਕਿਮਾਹਿ॥
ਸਿਜਦੇ ਕਰੇ ਤਾਹਿ ਰੰਗ ਰਾਂਗੇ॥ ਬਾਬੇ ਆਦਮ ਸੋ ਸਭ ਮਾਂਗੇ॥ ੪੨॥
ਹਿੰਦੂ ਮੁਸਲਮਾਨ ਤਾਹਿ ਕੇ ਕੀਏ॥ ਦੋਨੋ ਰਾਹਿ ਭੁਲਾਇ ਅਬ ਦੀਏ॥
ਕੁਰਾਨ ਕਿਤਾਬ ਕੇ ਰਾਹਿ ਤੇ ਭੂਲੇ॥ ਹਲਾਲ ਹਰਾਮ ਸੋ ਕਰ ਮਸਕੂਲੇ॥ ੪੩॥
ਕਰੇ ਕਿਤਾਬ ਰਾਹ ਕਛੁ ਅਵਰ॥ ਵੈ ਭੂਲੇ ਸਭ ਅਉਰੇ ਦਉਰ॥
ਅਬ ਉਨਕਾ ਅਮਲ ਗਿਆ ਸੂਕ॥ ਤੁਮਾਰਾ ਅਮਲ ਹਰ ਭੇਆ ਰੂਪ॥ ੪੪॥
ਆਪ ਸੁਮਾਲ ਨਾਨਕ ਤੁਮ ਜਾਵੋ॥ ਸਭ ਥਾਨ ਮੁਕਾਮੁ ਮੋ ਭਗਤਿ ਦਿੜਾਵੋ॥
105/ੳ ਨਵਖੰਡ ਪ੍ਰਿਥਮੀ ਜੇਤੇ ਥਾਨ ਮੁਕਾਮੁ॥ ਜਾਰਤ ਕਰੋ ਜਪਾਵੋ ਨਾ/ਮ॥
ਮਕੇ ਮਦੀਨੇ ਮੋ ਭੀ ਜਾਵੋ॥ ਜੋ ਭੂਲੇ ਤਿਨੋ ਰਾਹ ਬਤਾਵੋ॥
ਅਉਰ ਉਮਤ ਜੋ ਹੈਨ ਹਜਾਰ॥ ਤਿਨ ਕੇ ਤੁਮ ਪ੍ਰਿਤ ਪਾਲਨਹਾਰ॥ ੪੬॥
ਕਿਆ ਹਿੰਦੂ ਅਰ ਕਿਆ ਮੁਸਲਮਾਨ॥ ਦੇਵ ਦਾਨਵ ਅਰ ਸਗਲ ਜਹਾਨ॥
ਹੋਰ ਆਲਮ ਬਹੁ ਭਾਂਤ ਕਹੈਯੈ॥ ਸਭ ਕੀ ਖਬਰ ਲੇਹੁ ਸੁਖ ਦੈਯੈ॥ ੪੭॥
ਏਹ ਸਪੁਰਦ ਕੀਆ ਮਿਹਰਵਾਨ॥ ਦੇਖ ਜਗਤ ਹਮ ਭਏ ਹੈਰਾਨ॥
ਜੋ ਮਿਹਰਵਾਨ ਕਰਤਾ ਕੀਤ॥ ਮੁਸਲਮਾਨ ਪੈਕੰਬਰ ਸਹੀਦ॥ ੪੮॥
ਹਿੰਦੂਆ ਮੋ ਅਵਤਾਰ ਕਹਾਵੈ॥ ਆਏ ਜਗਤ ਮੋ ਮਤਾ ਮਤਾਵੈ॥
ਮਿਹਰਵਾਨ ਕਾ ਇਹ ਫੁਰਮਾਨ॥ ਨਾਮ ਜਪਾਵੋ ਦੇਹ ਗਿਆਨ॥ ੪੯॥
ਸੋ ਭੀ ਆਪਨੇ ਆਪ ਮੋ ਹੋਇ ਬਹੇ॥ ਆਪਨ ਰੂਪ ਜਗਤ ਸਭ ਕਹੈ॥
ਪਰਮ ਪੁਰਖ ਕੋ ਦੇਇ ਭੁਲਾਇ॥ ਜਿਸ ਕੋ ਜੁਸੇ ਆਲਮ ਆਹਿ॥ ੫੦॥

॥ ਦੋਹਰਾ॥

ਖਲਕ ਖਾਲਕ ਕਾ ਹੈ ਸਭੀ ਉਪਜੈ ਖਾਲਕ ਮਾਹਿ॥
ਖਾਲਕ ਦੀਆ ਭੁਲਾਇ ਕੇ ਹਰਾਮ ਹਲਾਲ ਸੋ ਚਾਹਿ॥ ੫੧॥
ਹੋਇ ਕਿਆਮਤ ਕਾ ਵਖਤ ਜਬ ਪਾਵਤ ਬਹੁਤ ਸੰਜਾਇ॥
ਹਵਾਲੇ ਕੀਏ ਸੈਤਾਨ ਕੀ ਚੌਰਾਸੀ ਜਨਮ ਭਰਮਾਇ॥ ੫੨॥

॥ ਚੌਪਈ॥

ਕਿਆ ਹਿੰਦੂ ਅਰ ਕਿਆ ਮੁਸਲਮਾਨ॥ ਅਮਲ ਕਮਾਵੈ ਸੋ ਪਰਵਾਨ॥
ਸੁਨ ਮੁਲਾਨਾ ਜੀਵਨ ਇਹ ਬਾਤ॥ ਨਾਨਕ ਫਕੀਰ ਸੁਨੇ ਮਮ ਗਾਤ॥ ੫੩॥
ਹੁਕਮ ਰਬ ਕਾ ਇਉ ਹੈ ਮੋ ਕੋ॥ ਕਰ ਨਸੀਹਤ ਸਮਝਾਵੋ ਲੋਕੋ॥

ਏਕ ਲਾਖ ਅਸੀ ਹਜਾਰ ਪੈਕੰਬਰ॥ ਧਰ ਅਵਤਾਰ ਬਡੇ ਐਡੰਬਰ॥੫੪॥
ਹਿੰਦੂ ਮੋ ਅਵਤਾਰ ਕਹਾਵੈ॥ ਭਗਤਿ ਸਿਧ ਸਾਧਿਕ ਮਨ ਭਾਵੈ॥
ਅਉਲੀਏ ਗੋਸ ਕੁਤਬ ਸਾਲਾਰ॥ ਮੁਲਾ ਅਰ ਪੰਡਤ ਆਚਾਰ॥੫੫॥
ਦੁਨੀਆ ਮੋ ਭੇਜੇ ਹੋ ਜੇਤੇ॥ ਨਾਮ ਜਪਾਵਨ ਮਤਬਲ ਸੇਤੇ॥
ਸੋ ਊਹਾ ਜਾਇ ਭਏ ਗਰਕਾਬ॥ ਰੋਟੀ ਅਰ ਕਪੜੇ ਮੋ ਆਬ॥੫੬॥
ਸਾਈ ਕਾ ਹੁਕਮ ਦੀਆ ਭੂਲਾਇ॥ ਸਚੁ ਕਾ ਰਾਹੁ ਨ ਚੀਨਿਆ ਆਇ॥
ਚਾਰ ਕਿਤਾਬ ਕੇ ਹੋਤੇ ਅੰਧੇਰਾ॥ ਇਹ ਸੰਸਾਰ ਕਾ ਐਸਾ ਫੇਰਾ॥੫੭॥
ਬੀੜਾ ਉਠਾਇ ਆਏ ਜਿਸ ਕਾਰਨ॥ ਆਪਨ ਬਡਾਈ ਮੋ ਭੂਲੇ ਆਪਨ॥
105/ਅ ਰੂਹ ਸਿਆਹ ਆਪ ਨੇ/ਰੇ ਕੀਆ॥ ਬਿਨਾ ਆਗਿਆ ਮਨ ਹਠ ਭਰਮੀਆ॥੫੬॥
ਦੋਜਕ ਨਾਲ ਤਰਾ ਤੋਬਰਾ ਤਿਆਗਾ॥ ਰਬ ਹੁਕਮ ਭੁਲਾਏ ਦੁਨੀਆ ਸੋ ਪਿਆਰਾ॥
ਹੁਕਮ ਰਬ ਕਾ ਇਹ ਬਿਧ ਹੂਆ॥ ਪੈਕੰਬਰ ਕਾ ਖਾਤਿਮ ਮਹਮੰਦ ਮੁਸਤਫਾ॥੫੮॥

॥ਦੋਹਰਾ॥

ਬਹਤਰ ਫਿਰਕੇ ਆਪਨੇ ਮਜਬ ਬਿਚ ਬਾਧੇ ਕਰ ਮਸਕੂਲ॥
ਦਸ ਨਾਮ ਸਨਿਆਸੀਆ ਕਾਨ ਫਾੜੇ ਰਾਵਲ ਬਾਰਹ ਪੰਥ ਕਬੂਲ॥੬0॥
ਬਾਵਨ ਦੁਆਰੇ ਰਾਮਾਨੰਦ ਬੈਰਾਗੀ ਕਲਜੁਗ ਕੈ ਹੈ ਮਾਹਿ॥
ਔਰ ਪੰਥ ਕਹ ਲੋ ਗਿਨੌ ਜੋ ਆਪੇ ਆਪ ਕਹਾਹਿ॥੬੧॥

॥ਚੌਪਈ॥

ਤਿਨ ਕੀ ਧੂਮ ਸੁਨੀ ਦਰਬਾਰ॥ ਹੇ ਮੁਲਾਨਾ ਜੀਵਨ ਕਹਾ ਗੁਰ ਕਰਤਾਰ॥
ਝੂਠ ਭਗਤ ਕਹੂੰ ਚਲਨ ਨ ਦੇਹੁ॥ ਕਲਜੁਗ ਉਧਾਰ ਕਰਹੁ ਮਮ ਸੇਵ॥੬੨॥
ਕਈ ਜਾਮੇ ਤੁਮ ਧਰੋ ਸਵਾਰ॥ ਹੁਕਮ ਦੀਆ ਸਤਿਗੁਰ ਕਰਤਾਰ॥
ਕਰਾਮਾਤ ਸਿਫਤ ਕਾ ਤੋਸਾ॥ ਸਤਿਗੁਰ ਹਮ ਕੋ ਦੀਆ ਭਰੋਸਾ॥੬੩॥
ਸੋਈ ਮਹਲ ਹਮਾਰੇ ਜੇਤੇ॥ ਵਰਤ ਏਕ ਨਾਮ ਕੀ ਤੇਤੇ॥
ਸਦਾ ਸਰਬਦਾ ਆਦ ਜੁਗਾਦ॥ ਏਕ ਵਰਤਨ ਖੁਦਾਇ ਤਾਲੇ ਕਾ ਆਦ॥੬੪॥
ਅਬ ਤੋ ਕਲੂ ਕਾਲ ਵਿਚ ਨਾਮ॥ ਸਭ ਹਿੰਦੂ ਅਰ ਸਭ ਮੁਸਲਮਾਨ॥
ਹੋਇ ਹੋਇ ਗੁਜਰੇ ਦੋਨੋ ਕਾਮ॥ ਆਪਨੀ ਸੈਤਾਨਗੀ ਮਾਹਿ ਐਰਾਮ॥੬੫॥
ਜੈਸਾ ਅਮਲ ਕਰੇ ਤੈਸਾ ਪਾਵੈ॥ ਬਿਨਾ ਰਬ ਕੋ ਪਾਕ ਕਹਾਵੈ॥
ਜਬ ਯਹਿ ਬਾਤ ਮੁਲਾ ਜੀਵਨ ਸੁਨਾ॥ ਸੁਨਤ ਤਮਕ ਹੋਇ ਮਾਥਾ ਧੁਨਾ॥੬੬॥

॥ਦੋਹਰਾ॥

ਦੁਰਾਹਾਬ ਮੋ ਲੇਇ ਕੇ ਸੋਰ ਕਰ ਅਪ੍ਰਮਾਨ॥
ਸੋ ਇਹ ਕਾਜੀ ਹਾਜੀ ਥੇ ਜੇਤੇ ਤਿਨਾ ਪ੍ਰਿਤ ਕੀਆ ਬਿਖਾਨ॥੬੭॥

॥ਚੌਪਈ॥

ਹੇ ਯਾਰੋ ਸੁਨੋ ਨਾਨਕ ਕਾ ਇਹ ਕਲਮਾ॥ ਕਰੇ ਹੈ ਨਸੀਹਤ ਮਕਾ ਫੇਰਾ ਸੁ ਧਾਮਾ॥
ਕਹੇ ਮੁਲਾ ਜੀਵਨ ਹੇ ਨਾਨਕ ਦਰਵੇਸ॥ ਇਹ ਹਿੰਦ ਕੇ ਆਵੈ ਹੈ ਹਾਜੀ ਸੋ ਕੈਸੋ ਹੋ ਸੇਵ॥੬੮
ਦਰੋਗਹੀ ਆਇ ਇਹਾ ਕਰਤੇ ਸਲਾਮ॥ ਖੁਨਾਮੀ ਪੜੇ ਔ ਅਜਾਬੀ ਮੁਕਾਮ॥
ਏਤੇ ਮੋ ਕਾਜੀ ਰੁਕਨਦੀਨ ਆਏ ਖੜੇ ਹੈ ਨਿਰਾਜ॥
ਕੀਆ ਦਿਆਲ ਕੋ ਆਇਆ ਦਰਸ ਸਮਾਜ॥੬੯॥
ਭਈ ਦੁਆ ਸਲਾਮ ਅਦਾਬ ਸੋ॥ ਬਾਬਾ ਜੀ ਬਚਨ ਭਾਖਿਆ ਮਨ ਸੋ॥
106/ੳ /ਦੀਦਾਰ ਕੇ ਵਾਸਤੇ ਈਹਾ ਆਏ॥ ਮਜਲ ਦਰ ਮਜਲ ਰਾਹ ਮੌਲਾ ਦਿਖਾਇ॥੭0॥
ਕੀਆ ਹੈ ਮੁਕਾਬਲਾ ਸਭਨਾ ਕੋਮਾ ਨਾਲ॥ ਰਦ ਬਦਲ ਕੀਆ ਹੈ ਮਨ ਸੋ ਕਾਹਲ॥
ਬਾਕੀ ਦੁਇ ਫਿਰਕੇ ਹਿੰਦੂ ਮੁਸਲਮਾਨ॥ ਨਸੀਹਤ ਹੈ ਕਰਨਾ ਦਿਖਾਵਨ ਇਮਾਨ॥੭੧॥
ਹਿੰਦੂ ਕਹਿਤੇ ਹੈ ਮਨਸੂਰ ਮੁਸਲਮਾਨ॥ ਮੁਸਲਮਾਨ ਕਹਿਤੇ ਹੈ ਹਿੰਦੂਆ ਮੋ ਨਾਹੀ ਇਮਾਨ॥
ਅਸਾ ਕੁ ਹੁਕਮ ਪਾਕ ਪਰਵਦਗਾਰ॥ ਅਮਲ ਕਰ ਕਿਤਾਬਾ ਪਰ ਕਾਰਜ ਸਵਾਰ॥੭੨॥
ਚਾਰੋ ਕਿਤਾਬ ਪਰ ਅਮਲ ਸੋ ਕਮਾਇ॥ ਪੜਨੋ ਅਰ ਸੁਨਨੋ ਸੋ ਖਰਾਬੀ ਨ ਜਾਇ॥
ਅਮਲ ਜੋ ਕਰੇ ਤਾਹਿ ਹੋਵੈ ਸਬਾਬ॥ ਖਾਸ ਮਤਾਲਬ ਅਮਲ ਕਾ ਸਬਾਬ॥੭੩॥
ਹੁਕਮ ਰਬ ਕਾ ਬੰਦਗੀ ਸੋ ਖਲਾਸੀ॥ ਆਖਰੀ ਜਮਾਨੇ ਮੋ ਔਰ ਰਾਹ ਹਾਸੀ॥

ਕਾਜੀ ਜੀ ਸੁਖਨ ਹਕ ਰਾਸਤੀ ਕਹੈ॥ ਹੁਕਮ ਹੈ ਰਬ ਕਾ ਸੋ ਕਰਨਾ ਚਹੈ॥੭੪॥
ਜੀਵਦਿਆ ਕਾ ਮੇਲਾ ਬਨਾ ਹੈ ਸਬਾਬ॥ ਅਸਾਡਾ ਤੁਸਾਡਾ ਮਤਾਲਬ ਹੈ ਰਾਬ॥
ਕਲੂ ਮਾਹਿ ਦੋਇ ਫਿਰਕੇ ਤਹਕੀਕ॥ ਇਕਨਾ ਜੋ ਸੰਕਾ ਫਰਾਦਾ ਬਸੀਕ॥੭੫॥
ਤੋੜਨ ਕੁਫਰ ਹਾਰ ਕਰਨਾ ਜੁ ਸਚ॥ ਐਸਾ ਪਾਕ ਜਾਮਾ ਅਮਲ ਕਰਨਾ ਸਚੁ॥
ਗੁਮਰਾਹਿਆ ਕੋ ਦੀਜੈ ਸਜਾਇ॥ ਅਮਲ ਛੋਡ ਬਦਅਮਲ ਕੀਜੈ ਗੁਨਾਹ॥੭੬॥
ਤੁਸਾਡੇ ਦੀਨ ਕਾ ਘਰ ਹੈ ਮਕਾ ਮਦੀਨਾ॥ ਜੋ ਇਥੇ ਕਜਾ ਹੋਇ ਨਬੇੜੇ ਦਰੀਨਾ॥
ਆਪਨੇ ਅਮਲ ਜਾਹਰ ਕੀਜੈ ਆਬੀ॥ ਸਚ ਅਮਲ ਕਰ ਦਰੋਗ ਦੂਰ ਕੀਜੈ ਤਬੀ॥੭੭॥
ਇਨ ਕਾਨ ਬੈੜਾ ਪੜੈਗਾ ਕਬੂਲ॥ ਹਕ ਰਾਸਤੀ ਬਾਤ ਬੋਲੋ ਮੋ ਕਬੂਲ॥
ਤਬੀ ਕਾਜੀਓ ਨੇ ਕਹਾ ਰਾਸਤੀ॥ ਸੁਨੀਜੈ ਜਬਾਬ ਇਹ ਖੁਦਾ ਵਾਸਤੀ॥੭੮॥

ਅੰਤਿਕਾ ੨

132/ੳ /ਅਤਿ ਪ੍ਰਸੰਨ ਸਤਿਗੁਰੂ ਸਰੂਪ॥ ਗਿਆਨ ਭਾਨ ਧਰ ਸਕਤ ਸਰੂਪ॥
ਬੁਢਾ ਆਦਿ ਸਗਲ ਮਿਲ ਆਏ॥ ਕਰ ਜੋਰ ਦਿਆਲ ਕੋ ਬਿਨੇ ਸੁਨਾਏ॥
ਪ੍ਰਭ ਆਜੁ ਘਾਮ ਧੂਪ ਬਹੁ ਪਰੀ॥ ਸਰਬਤ ਪੀਵੈ ਸੁਖ ਇਹ ਘਰੀ॥੩॥

॥ਅਸਤੋਤਰ॥

॥ਦੋਹਰਾ॥

ਸਤਿਗੁਰ ਕੀ ਮਹਿਮਾ ਅਗਮ ਹੈ ਕੋ ਕਰ ਸਕੇ ਬਖਾਨ॥
ਅੰਕ ਮਿਲਨ ਕੇ ਹੇਤ ਕੋ ਸੁਭ ਉਸਤਤ ਇਹ ਠਾਨ॥

॥ਮਧਭਾਰ ਛੰਦ॥

ਸੁਖ ਸਰੂਪ ਧਾਮ॥ ਸਤਿਗੁਰ ਅਕਾਮ॥ ਅਨੰਦ ਰੂਪ॥ ਸਤਗੁਰ ਅਨੂਪ॥੬॥
ਹਰਿ ਨਾਮ ਖਾਨ॥ ਸਤਿਗੁਰ ਪ੍ਰਮਾਨ॥ ਨਿਜ ਭਗਤ ਹੇਤ॥ ਕਲ ਉਧਾਰ ਨੇਤ॥੭॥
ਕਰ ਭਗਤ ਦਾਨ॥ ਸਭ ਜਗਤ ਮਾਨ॥ ਅਨਛੇਦ ਰੂਪ॥ ਬਿਸਵ ਕਰ ਅਨੂਪ॥੮॥
ਨਹ ਉਸਨ ਸੀਤ॥ ਅਨੰਦ ਚੀਤ॥ ਸਰਬੰ ਸਮਾਨ॥ ਨਾਨਕ ਭਗਵਾਨ॥੯॥
ਸਤ ਰੂਪ ਮਾਨ॥ ਚਿਤ ਰੂਪ ਠਾਨ॥ ਅਨੰਦ ਕੰਦ॥ ਸਤਿਗੁਰ ਅਨੰਦ॥੧੦॥
132/ਅ ਕਲਮੰ/ਬਨੇਸ॥ ਕਾਗਦ ਸਭ ਦੇਸ॥ ਜੋ ਲਿਖੇ ਗਨੇਸ॥ ਮਹਿਮਾ ਅਦੇਸ॥੧੧॥
ਮੁਰ ਕਉਨ ਸਕਤ॥ ਜੋ ਕਹੋ ਭਗਤ॥ ਜੁ ਸਭੇ ਦਿਆਲ॥ ਕਰ ਜਗ ਨਿਹਾਲ॥੧੨॥
ਆਤਮ ਦੇਵ॥ ਅਨਭਉ ਅਭੇਵ॥ ਮਨ ਕਰ ਬਿਚਾਰ॥ ਜੀਵਨ ਉਧਾਰ॥੧੩॥

ਅੰਤਿਕਾ ੩

(ੳ)

॥ ੧ੳ ਸਤਿਗੁਰੂ ਪ੍ਰਸਾਦਿ ॥

ਆਗੇ ਕਥਾ ਬਚਿਤ੍ਰ ਨਾਟਕ ਜੀ ਕੀ ਆਵੈਗੀ ਜੋ ਸ੍ਰੀ ਮੁਖਵਾਕ ਸ੍ਰੀ ਸਤਿਗੁਰ ਜੀ ਨੇ ਕਹਾ ਹੈ ਸੋ ਆਵੈਗੀ ਜਿਸ ਮੋ ਗੁਰੂ ਜੀ ਸਾਹਿਬ ਆਦ ਉਸਤਤ ਅਕਾਲ ਪੁਰਖ ਜੀ ਕੀ ਕਹੀ ਹੈ ਪਹਿਲੇ ਧਿਆਉ ਮੈ॥ ਦੂਸਰੇ ਧਿਆਉ ਮੈ ਸੁ ਬੰਸ ਕਥਾ ਕਾਲ ਸੈਨ ਦੇ ਆਦ ਜੋ ਰਾਜੇ ਬੜੇ ਬਡੇ ਹੋਤੇ ਆਏ ਤਿਨ ਕੀ ਸਭ ਕੀ ਕਥਾ ਬਰਨਨ ਕੀਆ ਸ੍ਰੀ ਮੁਖਵਾਕ॥ ਧਿਆਉ ਤੀਸਰਾ ਲਉ ਕੁਸ ਕੀ ਅਉਲਾਦ ਨੇ ਜੋ ਜੁਧ ਕੀਏ ਉਨਕੀ ਕਥਾ ਬਰਨਨ ਹੋਇਗੀ ਸ੍ਰੀ ਮੁਖਵਾਕ॥ ਧਿਆਉ ਚਉਥਾ ਬੇਦੀ ਕੁਲ ਕੀ ਕਥਾ ਬਰਨਨ ਕੀਆ ਜੋ ਦੋਨੋ ਭਾਈਆ ਨੇ ਬੇਦ ਪੜਾਵਦੋ ਭਾਈਆ ਨੇ ਰਾਜ ਲੀਆ ਥਾ ਫੇਰ ਜਦ ਵਹ ਦੋਨੋ ਭਾਈ ਬੇਦ ਪੜਕੇ ਆਏ ਅਉ ਉਨ ਦੋਨੋ ਭਾਈਆ ਕੋ ਬੇਦ ਸੁਨਾਇਆ ਜੋ ਦੋਨੋ ਭਾਈਆ ਨੇ ਬੇਦ ਪਾਟ ਸੁਨ ਕੇ ਵੈਰਾਗਵਾਨ ਹੋਏ ਅਰੁ ਅਪਨਾ ਰਾਜ ਉਨ ਕੋ ਦੀਆ ਜੋ ਹਮ ਕਲਯੁਗ ਬਿਖੇ ਜਬ ਬਾਬਾ ਨਾਨਕ ਜੀ ਸਾਹਿਬ ਨਿਰੰਜਨੀ ਅਉਤਾਰ ਲੇਹਗੇ ਤਦ ਤੀਸਰੀ ਗੁਰਿਆਈ ਭੋਗ ਕੇ ਚੌਥੀ ਗੁਰਿਆਈ ਤੁਮ ਕੋ ਬਖਸ ਕਰੈਂਗੇ॥ ਇਹ ਬਰ ਲੈ ਕਰ ਉਹ ਦੋਨੋ ਭਾਈ ਬਨ ਕੋ ਗਏ ਇਹ ਕਥਾ ਚੌਉਥੇ ਧਿਆਉ ਕੀ ਹੈ॥ ਇਸ ਤਰਹ ਚੌਦਹ ਧਿਆਉ ਮੋ ਜੋ ਜੋ ਕਥਾ ਸ੍ਰੀ ਮੁਖਵਾਕ ਕਹੀ ਸੋ ਧਿਆਉ ਸੋ ਮਾਲੂਮ ਹੋਇਗੀ॥

(680/ੳ,ਅ)

(ਅ)

346/ਅ /॥ ੧ੳ ਸਤਿਗੁਰੂ ਪ੍ਰਸਾਦਿ ॥

ਆਗੇ ਕਥਾ ਬਚਿਤ੍ਰ ਨਾਟਕ ਕੀ ਆਵੈਗੀ॥ ਜੋ ਸ੍ਰੀ ਮੁਖਵਾਕ ਸ੍ਰੀ ਸਤਿਗੁਰੂ ਜੀ ਨੇ ਕਹਾ ਹੈ ਸੋ ਆਵੈਗੀ ਜਿਸ ਮੋ ਗੁਰੂ ਜੀ ਸਾਹਿਬ ਆਦ ਉਸਤਤ ਅਕਾਲ ਪੁਰਖ ਜੀ ਕੀ ਕਹੀ ਹੈ ਪਹਿਲੇ ਧਿਆਉ ਮੋ॥ ਦੂਸਰੇ ਧਿਆਉ ਮੈ ਸਬੰਸ ਕਥਾ ਕਾਲ ਸੈਨ ਦੇ ਆਦ ਜੋ ਰਾਜੇ ਬੜੇ ਹੋਤੇ ਆਏ ਤਿਨ ਕੀ ਸਭ ਕੀ ਕਥਾ ਬਰਨਨ ਕੀਆ ਸ੍ਰੀ ਮੁਖਵਾਕ॥ ਧਿਆਉ ਤੀਸਰਾ ਲਉ ਕੁਸ ਕੀ ਅਉਲਾਦ ਨੇ ਜੋ ਜੁਧ ਕੀਏ ਉਨਕੀ ਕਥਾ ਬਰਨਨ ਹੋਇਗੀ ਸ੍ਰੀ ਮੁਖਵਾਕ॥ ਧਿਆਉ ਚੌਥੇ ਬੇਦੀ ਕੁਲ ਕੀ ਕਥਾ ਬਰਨਨ ਕੀਆ॥ ਜੋ ਦੋ ਭਾਈਆ ਨੇ ਬੇਦ ਪੜਾਵੋ ਦੋ ਭਾਈਆ ਨੇ ਰਾਜ ਲੀਆ ਥਾ ਫੇਰ ਜਦ ਵਹ ਦੋਨੋ ਭਾਈ ਬੇਦ ਪੜਕੇ ਆਏ ਅਉ ਉਨ ਦੋਨੋ ਭਾਈਆ ਕੋ ਬੇਦ ਸੁਨਾਇਆ ਜੋ ਉਨ ਦੋਨੋ ਭਾਈਆ ਨੇ ਬੇਦ ਫਲ ਸੁਨ ਕੇ ਵੈਰਾਗਵਾਨ ਹੋਏ॥ ਅਰੁ ਅਪਨਾ ਰਾਜ ਉਨ ਕੋ ਦੀਆ ਤਦ ਓਨੋ ਨੇ ਪ੍ਰਸਨ ਹੋਇ ਕੇ ਉਨਾ ਨੂ ਬਰ ਦੀਆ ਜੁ ਹਮ ਕਲਯੁਗ ਬਿਖੇ ਜਬਾਬ ਨਾਨਕ ਸਾਹ ਨਿਰੰਜਨੀ ਅਉਤਾਰ ਲੇਹਗੇ ਤਦ ਤੀਸਰੀ ਗੁਰਿਆਈ ਭੋਗ ਕੇ ਚੌਥੀ ਗੁਰਿਆਈ ਤੁਮ ਕੋ ਬਖਸ ਕਰੈਂਗੇ ਇਹ ਬਰ ਕਰ ਓਹੁ ਦੋਨੋ ਭਾਈ ਬਨ ਕੋ ਗਏ ਇਹਕਥਾ ਚੌਉਧੇ ਧਿਆਉ ਕੀ ਹੈ॥ ਧਿਆਉ ਪੰਚਮ/ਜੋ

347/ੳ ਦੋਨੋ ਭਾਈ ਬੇਦੀ ਬਹੁਤ ਕਾਲ ਰਾਜ ਕਰਤ ਭਏ ਕਈ ਪੁਸਤ ਫੇਰੀ ਬਿਖਾਧ ਉਨਾ ਤਿਸ ਕੋ ਸਾਧਨਸਾ ਇਸ ਤਰਹ ਰਾਜ ਉਨ ਕੇ ਛੂਟ ਗਏ ਰੀਸ ਗਾਂਉ ਉਨ ਕੇ ਪਾਸ ਰਹਿ ਗਏ ਤਿਸ ਮੋ ਜਿਮੀਦਾਰ ਕਰਤੇ ਭਏ ਕਾਲ ਪਾਏ ਤਿਨੀ ਬੇਦੀਆਂ ਕੇ ਕੁਲ ਮੋ ਜਨਮ ਲੇਤ ਭਏ॥ ਇਹ ਪੰਚਮੇ ਧਿਆਉ ਕੀ ਕਥਾ ਹੈ ਨੌਂ ਮਹਿਲਾ ਤਾਕ॥ ਧਿਆਉ ਛਿਵੇ ਕਥਾ ਦਸਵੇ ਮਹਿਲ ਆਪਨੀ ਬਰਨਨ ਕੀਆ ਸ੍ਰੀ ਮੁਖਵਾਕ॥ ਧਿਆਉ ਸਤਵੇ ਨਾਵੇ ਮਹਿਲ ਕੇ ਪੂਰਬ ਜਾਨੇ ਕੀ ਕਥਾ ਸ੍ਰੀ ਮੁਖਵਾਕ॥ ਦਸਵੇ ਮਹਿਲ ਬਰਨਨ ਕੀਆ ਅਰੁ ਜਬ ਪਿਰਾਗ ਆਏ ਤਬ ਮਾਤਾ ਨਾਨਕੀ ਜੀ ਜੋ ਖੁਸੀ ਕਰੀਏ ਜੋ ਮੈ ਆਪ ਕੇ ਬੇਟੇ ਕੋ ਦੇਖੋਂ॥ ਤਬ ਆਪ ਖੁਸੀ ਕੀਆ ਉਹਾ ਈ ਸੋ ਗੁਰੂ ਗੋਬਿੰਦ ਸਿੰਘ ਸਾਹਿਬ ਕੇ ਜਨਮ ਕੀ ਓਮੈਦ ਹੋਈ ਪਟਨੇ ਆਇ ਕੇ ਜਨਮ ਹੋਆ॥ ਸੋ ਕਥਾ ਨਿਰੂਪਨ ਹੋਇਗੀ॥ ਧਿਆਉ ਸਤਵੇ ਮੋ ਆਪ ਨੇ ਗੁਰਾਈ ਬਖਸ ਹੋਨੇ ਕੀ ਵ ਅਪਨੀ ਮਿਰਜਾਦਾ ਚਲਨੇ ਕੀ ਕਥਾ ਵਰਨਲ ਕੀਆ ਸ੍ਰੀ ਮੁਖਵਾਕ॥ ਧਿਆਉ ਅਠਵੇ ਮੈ ਨਾਦੌਣ ਜੁਧ ਬਰਨਨ ਕੀਆ॥

ਅੰਤਿਕਾ ੪
ਆਧਾਰ ਖਰੜੇ ਵਿਚਲੀ ਸਾਖੀਆਂ ਦੀ ਸਿਰਲੇਖ ਸੂਚੀ

ਪਾਤਿਸ਼ਾਹੀ ਪਹਿਲੀ

1. ੧ਓ ਸਤਿਗੁਰੂ ਪ੍ਰਸਾਦਿ॥
2. ਸ੍ਰੀ ਸਤਿਗੁਰ ਅਵਤਾਰ ਕੀ ਕਥਾ ਨਿਰੂਪਨ ਹੋਇਗੀ॥
3. ਆਗੇ ਸਾਖੀ ਬਾਬਾ ਜੀ ਕੇ ਨਾਮਕਰਨ ਕੀ ਨਿਰੂਪਨ ਹੋਇਗੀ॥
4. ਆਗੇ ਸਾਖੀ ਜਬ ਬਾਬਾ ਜੀ ਖੋੜਸ ਦਿਨ ਕੇ ਭਏ ਤਬ ਸ੍ਰੀ ਗੋਰਖ ਨਾਥ ਜੀ ਆਏ॥ਉਤ੍ਰ ਪ੍ਰਸਨ ਭਇਆ॥ਸੋ ਕਥਾ ਨਿਰੂਪਨ ਹੋਇਗੀ॥
5. ਆਗੇ ਸਾਖੀ ਬਾਬਾ ਜੀ ਕੇ ਜਗਿਯੋਪਵੀਤ ਕੀ ਕਥਾ ਨਿਰੂਪਨ ਹੋਇਗੀ॥
6. ਆਗੇ ਸਾਖੀ ਬਾਬਾ ਜੀ ਕੋ ਪਾਧੇ ਕੇ ਪੜਾਵਨੇ ਕੀ ਨਿਰੂਪਨ ਹੋਇਗੀ
7. ਆਗੇ ਸਾਖੀ ਬਾਬੇ ਕਾਲੂ ਜੀ ਨੇ ਨਾਨਕ ਜੀ ਕੋ ਮੁ ਕੇ ਪਾਰਸੀ ਪੜਾਵਨੇ ਕਾ ਡੌਲ ਕੀਆ॥ਸੋ ਕਥਾ ਨਿਰੂਪਨ ਹੋਇਗੀ॥
8. ਆਗੇ ਸਾਖੀ ਬਾਬਾ ਜੀ ਕੇ ਚਿਤ ਲਗਾਵਨੇ ਕੇ ਨਮਿਤ ਪਿਤਾ ਨੇ ਉਦਮ ਕੀਆ ਕਥਾ ਨਿਰੂਪਨ ਹੋਇਗੀ॥
9. ਆਗੇ ਸਾਖੀ ਬਾਬਾ ਨਾਨਕ ਜੀ ਦਰਖਤ ਤਲੇ ਸੈਨ ਕਰਨ ਪ੍ਰ ਚਲਿਤ੍ਰ ਕੀ ਕਥਾ ਨਿਰੂਪਨ ਹੋਇਗੀ॥
10. ਆਗੇ ਸਾਖੀ ਬਾਬਾ ਕਾਲੂ ਨਾਨਕ ਜੀ ਕੀ ਉਦਾਸੀ ਮਿਟਾਵਨੇ ਕੋ ਜਤਨ ਕਰਿਆ ਲੋਕਾ ਕੀ ਸਲਾਹ ਸੋ ਬਿਵਾਹ ਕਾ ਜਤਨ ਕੀਆ ਕਥਾ ਨਿਰੂਪਨ ਹੋਇਗੀ॥
11. ਆਗੇ ਸਾਖੀ ਬਾਬਾ ਜੀ ਕੇ ਉਦਾਸੀਨ ਸੁਭਾਉ ਕੀ ਦਿਨ ਦਿਨ ਬਢਤੀ ਦੇਖ ਕਰ ਭਾਈਉ ਨੇ ਬਾਬੇ ਕਾਲੂ ਕੋ ਨਾਨਕ ਕੇ ਬਿਵਹਾਰ ਲਗਾਵਨੇ ਜੁਗਤ ਠਹਰਾਈ ਸੋ ਕਥਾ ਨਿਰੂਪਨ ਹੋਇਗੀ॥
12. ਆਗੇ ਸਾਖੀ ਬਾਬਾ ਜੀ ਕੋ ਖੇਤੀ ਕਾ ਉਪਦੇਸ ਪਿਤਾ ਕੀਆ ਤਿਸ ਕਾ ਪ੍ਰਸਨ ਉਤ੍ਰ ਨਿਰੂਪਨ ਹੋਇਗਾ॥
13. ਆਗੇ ਸਾਖੀ ਸ੍ਰੀ ਬਾਬਾ ਜੀ ਕੀ ਉਦਾਸੀ ਕਾ ਸੁਭਾਉ ਦੇਖ ਕੇ ਮਾਤਾ ਜੀ ਏਕ ਪੰਡਤ ਕੋ ਬਾਬਾ ਜੀ ਕੇ ਜੀਉ ਲਗਾਵਨੇ ਨਮਿਤ ਸਦ ਲੇ ਆਈ॥ਤਿਸ ਕਾ ਉਤ੍ਰ ਪ੍ਰਸਨ ਨਿਰੂਪਨ ਹੋਇਗਾ॥
14. ਆਗੇ ਸਾਖੀ ਬਾਬਾ ਜੀ ਕੇ ਅਖੰਡ ਸਮਾਧ ਅਰੁ ਬੈਦ ਸੋ ਚਰਚਾ ਕਥਾ ਨਿਰੂਪਨ ਹੋਇਗੀ॥
15. ਆਗੇ ਸਾਖੀ ਬਾਬਾ ਜੀ ਕਾ ਪਰਮ ਉਦਾਸੀ ਕੀ ਨਿਰੂਪਨ ਹੋਇਗੀ॥
16. ਆਗੇ ਸਾਖੀ ਬਾਬਾ ਜੀ ਸੁਲਤਾਂਨਪੁਰ ਜੈ ਰਾਮ ਪਾਸ ਜਾਇਗੇ ਸੋ ਕਥਾ ਨਿਰੂਪਨ ਹੋਇਗੀ॥
17. ਆਗੇ ਸਾਖੀ ਬਾਬਾ ਜੀ ਜੋ ਤੀਨ ਦਿਨ ਜਲ ਮੋ ਲੀਨ ਹੋਇ ਗਏ॥ਪੁਨ ਪ੍ਰਗਟ ਹੋਇ ਮਹਮਾ ਦਿਖਾਵਤ ਭਏ ਸੋ ਕਥਾ ਨਿਰੂਪਨ ਹੋਇਗੀ॥
18. ਆਗੇ ਸਾਖੀ ਬਾਬਾ ਜੀ ਪਹਿਲੀ ਉਦਾਸੀ ਕਥਾ ਨਿਰੂਪਨ ਹੋਇਗੀ॥
19. ਆਗੇ ਸਾਖੀ ਕੂੰਜਾ ਸੋ ਬਾਬਾ ਜੀ ਚਰਚਾ ਕਰੈਗੇ ਸੋ ਕਥਾ ਨਿਰੂਪਨ ਹੋਇਗੀ॥
20. ਆਗੇ ਸਾਖੀ ਬਾਬਾ ਜੀ ਸਜਨ ਨਾਮੇ ਕਪਟ ਭਗਤ ਧਾਰ ਹੱਿਆ ਕਰਮ ਕਰਤਾ ਥਾ॥ਤਿਸ ਕੇ ਪਾਸ ਗਏ ਸੋ ਕਥਾ ਨਿਰੂਪਨ ਹੋਇਗੀ॥
21. ਆਗੇ ਸਾਖੀ ਕਾਰਮਕ ਬੈਸਨੋ ਸੋ ਚਰਚਾ ਹੋਇਗੀ॥
22. ਆਗੇ ਸਾਖੀ ਏਕ ਅਚਾਰੀ ਮਤ ਬੈਸਨੋ ਸੋ ਚਰਚਾ ਭਈ ਤਿਸ ਕੀ ਕਥਾ ਨਿਰੂਪਨ ਹੋਇਗੀ॥
23. ਆਗੇ ਸਾਖੀ ਸ੍ਰੀ ਸਤਿਗੁਰ ਪਰਮ ਅਵਧੂਤ ਬਿਵਸਤਾ ਮੋ ਕਮਲ ਸਰ ਸੂਕਾ ਦੇਖ ਕਰ ਬਚਨ ਬਿਲਾਸ ਕੀਆ॥
24. ਆਗੇ ਸਾਖੀ ਅਉਰ ਚਲੀ॥
25. ਆਗੇ ਸਾਖੀ ਸਤਿਗਰੂ ਜੀ ਮਰਦਾਨੇ ਸੰਜੁਕਤ ਰਾਵੀ ਝਨਾਉ ਕੋ ਦੇਖਤੇ ਫਿਰਤੇ ਸੇਖ ਫਰੀਦ ਕੇ ਪਟਨ ਕੋ ਚਲੇ॥ਆਗੇ ਸੇਖ ਬਰਾਹਿਮ ਸੋ ਚਰਚਾ ਕਰ ਕਿਰਤਾਰਥ ਕੀਆ ਸੋ ਕਥਾ ਨਿਰੂਪਨ ਹੋਇਗੀ॥
26. ਆਗੇ ਸਾਖੀ ਸੇਖ ਫਰੀਦ ਕੇ ਪਟਨ ਸੋ ਸਾਹ ਮੁਕੀਮੁ ਕੇ ਹੁਜਰੇ ਕੋ ਬਾਬਾ ਜੀ ਚਲੇ॥ਸਾਹ ਮੁਕੀਮ ਸੋ ਚਰਚਾ ਨਿਰੂਪਨ ਹੋਇਗੀ॥
27. ਆਗੇ ਸਾਖੀ ਕੇਸੋ ਸ੍ਰੇਵੜੇ ਨਾਲ ਮਿਲਾਪ ਹੂਆ ਸੋ ਕਥਾ ਨਿਰੂਪਨ ਹੋਇਗੀ॥

28. ਆਗੇ ਸਾਖੀ ਨਾਨੂ ਪੰਡਤ ਨਾਲ ਨਿਰੂਪਨ ਹੋਇਗੀ॥
29. ੧ਓ ਸਤਿਗੁਰ ਪ੍ਰਸਾਦਿ॥ਆਗੇ ਸਾਖੀ ਪੂਰਨ ਗਿਰ ਸੋ ਨਿਰੂਪਨ ਹੋਇਗੀ॥
30. ਆਗੇ ਸਾਖੀ ਕਲਜੁਗ ਸੋ ਨਿਰੂਪਨ ਹੋਇਗੀ॥ਤਾ ਗੁਰੂ ਬਾਬਾ ਨਾਨਕ ਜੀ ਆਗੇ ਕੋ ਚਲੇ॥
31. ਆਗੇ ਸਾਖੀ ਬਾਬਾ ਜੀ ਬਿਦਰ ਸਹਰ ਕੋ ਗਏ॥ਸਾਹ ਸਰਫ ਫਕੀਰ ਬਡਾ ਪੇਮੀ ਰਬ ਕਾ ਥਾ ਤਿਸ ਸਿਉ ਮਿਲਾਪ ਹੋਇਗਾ॥
32. ਆਗੇ ਸਾਖੀ ਭਰਥਰੀ ਨਾਥ ਸੋ ਕਦਲੀ ਬਨ ਮੋ ਮਿਲਾਪ ਹੋਇਗਾ॥ਸੋ ਕਥਾ ਨਿਰੂਪਨ ਹੋਇਗੀ॥
33. ੧ਓ ਸਤਿਗੁਰ ਪ੍ਰਸਾਦਿ॥ਆਗੇ ਸਾਖੀ ਰਾਜਾ ਸਿਵਨਾਭ ਕੀ ਨਿਰੂਪਨ ਹੋਇਗੀ॥
34. ਆਗੇ ਸਾਖੀ ਓਅੰਕਾਰ ਅਸਥਾਨ ਮੋ ਬ੍ਰਹਮਣ ਸਿਉ ਚਰਚਾ ਨਿਰੂਪਨ ਹੋਇਗੀ॥
35. ਆਗੇ ਸਾਖੀ ਕਦਲੀ ਬਨ ਤ੍ਰਿਯਾ ਰਾਜ ਸਿਧਾ ਸੋ ਚਰਚਾ ਨਿਰੂਪਣ ਹੋਇਗੀ॥
36. ਆਗੇ ਸਾਖੀ ਸੇਤਬੰਦ ਰਾਮੇਸਰ ਕੀ ਸਿਧੋ ਸੋ ਗੋਸਟਿ ਨਿਰੂਪਣ ਹੋਇਗੀ॥
37. ਆਗੇ ਸਾਖੀ ਤਿਲਗੰਜੀ ਮੋ ਸਿਧੋ ਸਿਉ ਚਰਚਾ ਨਿਰੂਪਣ ਹੋਇਗੀ॥
38. ਆਗੇ ਸਾਖੀ ਕਾਵਰੂ ਦੇਸ ਚਲੀ॥
39. ਆਗੇ ਸਾਖੀ ਸੁਮੇਰ ਪ੍ਰਬਤ ਕੀ ਸਿਧੋ ਸੋ ਚਰਚਾ ਨਿਰੂਪਣ ਹੋਇਗੀ॥
40. ਸਾਖੀ ਆਗੈ ਦੇਵਤਾ ਜੀ ਕੋ ਇੰਦ੍ਰ ਕੇ ਸਰਾਪ ਸੋ ਅਸੁਰ ਭਇਆ ਥਾ ਗੁਰੂ ਬਾਬੇ ਜੀ ਕੇ ਦਰਸਨ ਪਰਤਾਪ ਸੋ ਸਰਾਪ ਮੋਚਨ ਕਰ ਸੁਰ ਤਲ ਪਾਇ ਇੰਦ੍ਰ ਸਮੀਪੀ ਹੂਆ ਸੋ ਕਥਾ ਨਿਰੂਪਨ ਹੋਇਗੀ॥
41. ਆਗੇ ਸਾਖੀ ਅਗਨ ਰਿਖ ਸੋ ਨਿਰਪਨ ਹੋਇਗੀ॥
42. ਆਗੇ ਸਾਖੀ ਬਾਬਾ ਸਿਧ ਮਤੇ ਕੀ ਜੋ ਨਾਨਕ ਮਤਾ ਹੈ॥ਸਿਧੋ ਸੋ ਨਿਰੂਪਨ ਹੋਇਗੀ॥
43. ਆਗੇ ਸਤਿਗੁਰ ਪੰਜਾਬ ਕੋ ਚਲੈਗੇ॥
44. ਆਗੇ ਸਾਖੀ ਕਿਰਾਣੇ ਅਸਥਾਨ ਕੀ ਭਰਥਰੀ ਨਾਥ ਕਾ ਆਸਨ ਪਰਬਤ ਪਰ ਹੈ ਤਹਾ ਮੇਲਾ ਥਾ ਸੋ ਚਰਚਾ ਨਿਰੂਪਨ ਹੋਇਗੀ॥
45. ਆਗੇ ਸਾਖੀ ਸਤਗੁਰੂ ਜੀ ਮਕੇ ਮਦੀਨੇ ਦੇਸ ਕੋ ਗਮਨ ਕਰੇਗੇ ਸੋ ਕਥਾ ਨਿਰੂਪਨ ਹੋਇਗੀ॥
46. ਆਗੇ ਸਾਖੀ ਰੂਮ ਕੀ ਅਰੁ ਮਦੀਨੇ ਕੀ ਨਿਰੂਪਨ ਹੋਇਗੀ॥
47. ਆਗੇ ਸਾਖੀ ਮਦੀਨੇ ਕੀ ਨਿਰੂਪਨ ਹੋਇਗੀ॥
48. ਆਗੇ ਸਾਖੀ ਦੁਨੀ ਚੰਦ ਖਤਰੀ ਕੇ ਪਿਤਾ ਕੀ ਧਰਮ ਸਾਂਤ ਕੀਤੀ ਥੀ ਸਿਆਲਕੋਟ ਮੋ ਤਹਾ ਆਇ ਪ੍ਰਾਪਤ ਭਏ ਤਿਸ ਕੇ ਪਿਤਰੋ ਕੀ ਗਤ ਕਰੀ ਸੋ ਕਥਾ ਨਿਰੂਪਨ ਹੋਇਗੀ॥
49. ਆਗੇ ਸਾਖੀ ਬਾਬਰ ਬਾਦਸਾਹ ਕੀ ਨਿਰੂਪਨ ਹੋਇਗੀ॥
50. ਆਗੇ ਸਾਖੀ ਬਾਬਾ ਜੀ ਹਿੰਦਸਤਾਂਨ ਕੋ ਆਵੈਗੇ ਸੋ ਕਥਾ ਨਿਰੂਪਨ ਹੋਇਗੀ॥
51. ਆਗੇ ਸਾਖੀ ਐਰਾਵਤੀ ਕੇ ਕੰਠੇ ਬਾਬਾ ਜੀ ਧਰਮਸਾਲ ਬਨਾਵੈਗੇ॥ਅਰੁ ਮਾਤਾ ਜੀ ਤੇ ਆਦ ਲੇ ਕਰ ਈਹਾ ਆਇ ਬਸੇਗੇ ਸੋ ਕਥਾ ਨਿਰੂਪਨ ਹੋਇਗੀ॥
52. ਆਗੇ ਸਾਖੀ ਸ੍ਰੀ ਗੁਰੂ ਅੰਗਦ ਜੀ ਕੇ ਮਿਲਾਪ ਸੋ ਕਥਾ ਨਿਰੂਪਨ ਹੋਇਗੀ॥
53. ਆਗੇ ਸਾਖੀ ਬਾਬਾ ਜੀ ਕੇ ਨਿਤ ਕਰਮ ਕੀ ਸੋ ਕਥਾ ਨਿਰੂਪਨ ਹੋਇਗੀ॥
54. ਆਗੇ ਸਾਖੀ ਬਾਬਾ ਜੀ ਏਮਨਾਬਾਦ ਲਾਲੋ ਬਾਢੀ ਦੇ ਘਰ ਆਵੈਗੇ॥ਗੁਰ ਸੁਖ ਹੇਰੜ ਖਤ੍ਰੀ ਪਿਤਾ ਕੀ ਧਰਮਸਾਤ ਕੀਆ॥ਲਾਖ ਗਊ ਦਾਨ ਦੀਆ॥ਤਹਾ ਬਾਬਾ ਜੀ ਆਇ ਕਰ ਚਰਿਤ੍ਰ ਦਿਖਾਇ ਉਸਕਾ ਕਲਿਆਨ ਕੀਆ ਸੋ ਕਥਾ ਨਿਰੂਪਨ ਹੋਇਗੀ॥
55. ਆਗੇ ਸਾਖੀ ਅਚਲ ਤੀਰਥ ਪਰ ਬਾਬਾ ਜੀ ਆਏ ਝੰਗਰ ਨਾਥ ਸੌ ਚਰਚਾ ਨਿਰੂਪਨ ਹੋਇਗੀ॥
56. ਆਗੇ ਸਾਖੀ ਬਾਬਾ ਜੀ ਕੇ ਰਹਨੀ ਬਿਲਾਸ ਕੀ ਉਚਾਰ ਹੋਇਗੀ॥ਅਰ ਸਭ ਸੇਵਕਨ ਪ੍ਰੀਤ ਪ੍ਰਤਗਿਆ ਪ੍ਰਗਟ ਹੋਇਗੀ॥
57. ਆਗੇ ਸਾਖੀ ਬਚਨ ਬਿਲਾਸ ਸੇਵਕਾ ਆਪਨਿਆ ਸੌ ਬਾਬਾ ਜੀ ਕਹਤ ਭਏ ਸੋ ਕਥਾ ਨਿਰੂਪਨ ਹੋਇਗੀ॥
58. ਆਗੇ ਸਾਖੀ ਬਾਬਾ ਜੀ ਕੇ ਸੇਵਕ ਬੁਢੇ ਭਾਗੀਰਥ ਅਰੁ ਸਾਘਾਰਨ ਆਪਸ ਮੈ ਚਰਚਾ ਕੀਆ॥ਜੋ ਬਾਬੇ ਜੀ ਬਡਿਆਈ ਕਹਾ ਸੋ ਪਾਈ ਹੈ॥ਸਭਨੋ ਨੇ ਬਿਚਾਰ ਠਹਿਰਾਇਆ ਜੋ ਬਾਬਾ ਜੀ ਕੀ ਨਦੀ ਸੌ ਪ੍ਰੀਤ ਬਹੁਤੁ ਹੈ॥ਇਨ ਕੀ ਕੋ ਖੁਆਜਾ ਖਿਜਰ ਮਿਲਾ ਹੈ॥ਸਭ ਬਰਕਤ ਉਨ ਸੌ ਪਾਈ ਹੈ॥ਉਨ ਕੀ ਸੰਕਾ ਬਾਬਾ ਜੀ ਅੰਤਬਜਾਮੀ ਨਿਵਾਰਨ ਕੀਆ॥
59. ਆਗੇ ਸਾਖੀ ਸਤਿਗੁਰ ਕੇ ਬਚਨ ਬਿਲਾਸ ਅਰੁ ਸੇਵਕ ਸੇਵਕਾਈ ਨਿਰੂਪਣ ਹੋਇਗੀ॥

60. ਆਗੇ ਸਾਖੀ ਸਤਗੁਰੂ ਬਾਬੇ ਜੀ ਕੀ ਪਰਮ ਪਰਤਗਿਆ ਕਾ ਜੋ ਮੈ ਬੂਝੋ ਸਭ ਕੀ ਪਰਤਗਿਆ ਦੇਖੋ ਮੇਰੇ ਬਚਨ ਕੇ ਮਾਨਨਹਾਰ ਕੋਈ ਅਉਰ ਭੀ ਹੋਵੈ ਜਗਤ ਮੋ ਰਾਮ ਨਾਮ ਕਾ ਉਪਦੇਸ ਚਲੇ॥ ਇਹ ਕਥਾ ਨਿਰੂਪਨ ਹੋਇਗੀ॥
61. ਆਗੇ ਸਾਖੀ ਸ੍ਰੀ ਗੁਰੂ ਬਾਬਾ ਜੀ ਗੁਰੂ ਅੰਗਤ ਜੀ ਕੋ ਖਡੂਰ ਬਸੋ ਬਾਸ ਕੀ ਆਗਿਆ ਕੀਈ॥ ਤੁਮਾਰੇ ਸੁਸਰਾੜ ਖਡੂਰ ਮੋ ਹੈ ਕਬੀਲਾ ਕੇ ਲੋਕ ਬੁਲਾਵੋ ਹਮਾਰੇ ਨਿਕਟ ਬਸੋ ਅਰੁ ਆਪ ਭੀ ਖਡੂਰ ਮੋ ਬਿਰਾਜੋ ਸੋ ਕਥਾ ਨਿਰੂਪਨ ਹੋਇਗੀ॥
62. ੧ਓ ਸਤਿਗੁਰ ਪ੍ਰਸਾਦਿ॥ ਆਗੇ ਸਾਖੀ ਸ੍ਰੀ ਗੁਰੂ ਬਾਬੇ ਜੀ ਕੇ ਪਰਮ ਚਲਿਤ ਕੀ ਧਾਨਕ ਕਾ ਰੂਪ ਧਰ ਕੇ ਸਭ ਕਾਹੋ ਕੀ ਪ੍ਰੇਮ ਪਰਤਗਿਆ ਲੇਤ ਭਏ॥ ਪੁਨ ਸ੍ਰੀ ਗੁਰੂ ਅੰਗਤ ਜੀ ਕੇ ਪਾਸ ਖਡੂਰ ਮੋ ਜਾਇ ਪ੍ਰਾਪਤ ਭਏ ਉਤ੍ਰ ਪ੍ਰਸਨ ਨਿਰੂਪਨ ਹੋਵੈਗਾ॥
63. ਆਗੇ ਸਾਖੀ ਗੁਰੂ ਬਾਬੇ ਜੀ ਕੇ ਖਡੂਰ ਆਗਮਨ ਕੀ ਅਰੁ ਗੁਰੂ ਅੰਗਤ ਜੀ ਕੋ ਤਪ ਸਮਾਧ ਸੌ ਜਗਾਇ ਕਰ ਸੁੰਦਰ ਸਰੂਪ ਦਿਖਾਵਤ ਭਏ॥
64. ਆਗੇ ਸਾਖੀ ਬਹਾਵਲ ਹਕ ਮੁਲਤਾਨ ਕੇ ਪੀਰ ਬਾਬੇ ਜੀ ਸੋ ਦੋਸਤੀ ਥੀ॥ ਵਖਤ ਵਿਸਾਲ ਕੇ ਬਾਬੇ ਜੀ ਕੋ ਚਿਤ ਕੀਆ॥ ਤਿਸ ਕਾ ਜਵਾਬ ਸਵਾਲ ਨਿਰੂਪਨ ਹੋਵੈਗਾ॥
65. ਆਗੇ ਸਾਖੀ ਗੁਰੂ ਬਾਬੇ ਜੀ ਕੇ ਪਰਮ ਚਲਿਤ੍ਰ ਇਸ ਲੋਕ ਕੇ ਕਾਰਜ ਸਿਧ ਕਰ ਪਰਮ ਧਾਂਮ ਅਪਨੇ ਕਾ ਚਿਤਵਨ ਕਰਨੇ ਕੀ ਨਿਰੂਪਨ ਹੋਇਗੀ॥
66. ਆਗੇ ਸਾਖੀ ਸ੍ਰੀ ਗੁਰੂ ਬਾਬੇ ਜੀ ਕੇ ਜੋਤੀ ਜੋਤਿ ਸਮਾਵਨੇ ਕੀ ਨਿਰੂਪਨ ਹੋਇਗੀ॥
67. ਆਗੇ ਸਾਖੀ ਖਡੂਰ ਮੋ ਸ੍ਰੀ ਗੁਰੂ ਅੰਗਤ ਜੀ ਕੇ ਅਲੋਪ ਹੋਇ ਰਹਨੇ ਕੀ ਅਰੁ ਭਾਈ ਬੁਢੇ ਕੇ ਮਿਲਾਪ ਕੀ ਨਿਰੂਪਨ ਹੋਇਗੀ॥

ਪਾਤਿਸ਼ਾਹੀ ਦੂਜੀ

1. ੧ਓ ਸਤਿਗ ਰ ਪ੍ਰਸਾਦਿ॥ ਸਾਖੀ ਮਹਲੇ ਦੂਜੇ ਕੀ॥
2. ਆਗੇ ਸਾਖੀ ਸਤਿਗੁਰ ਜੀ ਕੇ ਨਿਤ ਕਰਮ ਬਿਵਹਾਰ ਜਗ ਵਰਤਮਾਨ ਨਿਰੂਪਨ ਹੋਇਗੀ॥
3. ਆਗੇ ਸਾਖੀ ਸਰਬ ਸਿਧ ਸਤਗੁਰ ਜੀ ਕੇ ਸਤ ਪਰਤਗਿਆ ਲੇਨੇ ਕੋ ਆਗਮਨ ਕੀਆ ਉਤ੍ਰ ਪ੍ਰਸਨ ਨਿਰੂਪਨ ਹੋਇਗਾ॥
4. ਆਗੇ ਸਾਖੀ ਹੁਮਾਯੋ ਬਾਦਸਾਹ ਸਤਗੁਰ ਜੀ ਦੇ ਪਾਸ ਆਇਆ ਸੋ ਕਥਾ ਨਿਰੂਪਨ ਹੋਇਗੀ॥
5. ਆਗੇ ਸਾਖੀ ਏਕ ਟਹਲੀਆ ਸਤਗੁਰ ਕੀ ਸੰਗਤ ਮੋ ਆਵੈ ਕਿਸੀ ਕੇ ਕਹੇ ਕਛੁ ਟਹਲ ਨ ਕਰਤਾ॥ ਅਰੁ ਮਨਮਤ ਦ੍ਰਿੜ ਯਹੀ॥ ਜੋ ਸਤਿਗੁਰ ਕੀ ਆਗਿਆ ਹੋਵੈਗੀ ਸੋਈ ਮੈ ਕਰੋਗਾ॥ ਤਿਸ ਕੀ ਕਥਾ ਨਿਰੂਪਨ ਹੋਇਗੀ॥
6. ਆਗੇ ਸਾਖੀ ਮਹਮਾ ਸਤਗੁਰ ਕੀ ਏਕਤਾ ਕੀ ਅਰ ਭਾਈ ਬੁਢੇ ਅਰੁ ਰਾਇ ਬਲਵੰਡ ਰਬਾਬੀ ਕੇ ਅਭਾਉ ਕੀ ਨਿਰੂਪਨ ਹੋਇਗੀ॥
7. ਆਗੇ ਸਾਖੀ ਖਡੂਰ ਕੇ ਰਾਇ ਕੀ ਜੋ ਸਤਿਗੁਰ ਸੌ ਬਿਨ ਭਗਤ ਅਰੁ ਪ੍ਰਸੰਨਤਾ ਚਾਹੇ ਅਰੁ ਉਪਹਾਸ ਕਰੇ॥ ਅਤ ਦੁਰਗਤ ਕੋ ਪ੍ਰਾਪਤ ਹੋਇ ਸੋ ਨਿਰੂਪਨ ਹੋਇਗੀ॥
8. ਆਗੇ ਸਾਖੀ ਸਤ ਪੁਰਖ ਬਾਬਾ ਅਮਰਦਾਸ ਜੀ ਕੀ ਆਦ ਭਗਤ ਤਪਸਿਆ ਕੀ ਅਰੁ ਸ੍ਰੀ ਸਤਗੁਰੂ ਅੰਗਤ ਜੀ ਕੇ ਪ੍ਰਿਥਮ ਮਿਲਾਪ ਕੀ ਅਉ ਮਹਿਮਾ ਗੁਰ ਭਗਤ ਸਾਧਨ ਅਉ ਬਡਾਈ ਬਖਸ ਗੁਰਆਈ ਕੀ ਅਉ ਜਪ ਮੰਤ੍ਰ ਪੰਥ ਕੇ ਧਾਰਨ ਕੀ ਨਿਰੂਪਨ ਹੋਇਗੀ॥
9. ਆਗੇ ਸਾਖੀ ਸ੍ਰੀ ਗੁਰੂ ਅਮਰ ਸਾਹਬ ਕੇ ਬਾਸਰਕੀ ਜਾਨੇ ਕੀ ਸਤਗੁਰੂ ਅੰਗਤ ਜੀ ਕੀ ਆਗਿਆ ਸੋ ਨਿਰੂਪਨ ਹੋਇਗੀ॥
10. ਆਗੇ ਸਾਖੀ ਸ੍ਰੀ ਸਤਗੁਰੂ ਅੰਗਤ ਜੀ ਕੇ ਆਗਮਨ ਕੀ ਗੁਰ ਅਮਰ ਜੀ ਕੇ ਪਾਸ ਅਰੁ ਬਚਨ ਬਿਲਾਸ ਅਰੁ ਮੋਹਰੀ ਮੋਹਨ ਜੀ ਕੇ ਜਨਮ ਕੀ ਨਿਰੂਪਨ ਹੋਇਗੀ॥
11. ਆਗੇ ਸਾਖੀ ਮੋਹਰੀ ਮੋਹਣ ਸਾਹਿਬ ਗੁਰੂ ਅੰਗਤ ਜੀ ਕੇ ਦਰਸਨ ਕਰਨੇ ਕੀ ਅਰ ਅੰਗਤ ਜੀ ਦਾਸ ਦਾਤਾ ਜੀ ਕੋ ਬਸੋਬਾਸ ਕੀ ਆਗਿਆ ਦੀਆ ਬਿਦਾ ਕਰਨੇ ਕੀ ਕਥਾ ਨਿਰੂਪਨ ਹੋਇਗੀ॥
12. ਆਗੇ ਸਾਖੀ ਜੋਗੀ ਪੀਰ ਖਡੂਰ ਕਾ ਅਪਨੇ ਜਾਗਾ ਪਰ ਆਏ ਸਤਿਗੁਰ ਜੀ ਸੋ ਦੂਰਬਾਦ ਕੀਆ ਸਤਗੁਰ ਖਡੂਰ ਤਿਆਗ ਕਰ ਖਾਨ ਰਜਾਦੇ ਗਾਉ ਕੀ ਡੀਹ ਪਰ ਜਾਇ ਬਾਸ ਕੀਆ ਤਬ ਸ੍ਰੀ ਗੁਰੂ

ਅਮਰ ਜੀ ਖਡੂਰ ਮੋ ਆਏ ਕਰ ਜੋਗੀ ਕੋ ਦੁਰਬਾਦ ਕੇ ਫਲੁ ਕੋ ਪ੍ਰਾਪਤ ਕਰ ਕੇ ਬਹੁੜ ਸਤਗੁਰ ਜੀ ਕੋ ਖਡੂਰ ਮੋ ਲੇ ਆਏ ਸੋ ਕਥਾ ਨਿਰੂਪਨ ਹੋਇਗੀ॥

13. ਆਗੇ ਸਾਖੀ॥
14. ਆਗੇ ਸਾਖੀ ਹੋਰ ਚਲੀ॥ਸਤਗੁਰੂ ਅਮਰ ਜੀ ਕੇ ਦਰਸ ਪਿਆਸ ਮਨ ਉਪਜੀ ਸਤਗੁਰ ਅੰਤਰਜਾਮੀ ਗੋਬਿੰਦਵਾਲ ਮੋ ਆਗਮਨ ਕਰਤ ਭਏ॥
15. ਆਗੇ ਸਾਖੀ ਸ੍ਰੀ ਗੁਰੂ ਅੰਗਤ ਜੀ ਕੇ ਜੋਤੀ ਜੋਤ ਸਮਾਵਨੇ ਕੀ ਸ੍ਰੀ ਸਤਿਗੁਰੂ ਜੀ ਕੋ ਬੁਲਾਇਆ॥ਅਰੁ ਸਭ ਸੰਗਤ ਕੋ ਬੁਲਾਵਣ ਕੀ ਆਗਿਆ ਭਈ॥ਸੋ ਲੀਲਾ ਨਿਰੂਪਨ ਹੋਇਗੀ॥

ਪਾਤਿਸ਼ਾਹੀ ਤੀਜੀ

1. ੧ਓ ਸਤਿਗਰ ਪ੍ਰਸਾਦਿ॥ਆਗੇ ਮਹਿਮਾ ਮਹਲੇ ਤੀਜੇ ਕੀ॥
2. ਆਗੇ ਸਾਖੀ ਸਤਿਗੁਰੂ ਜੀ ਕੇ ਨਿਤ ਕਰਮ ਰਹਨੀ ਸਰਬ ਬਿਉਹਾਰ ਸਰੀਰ ਕੀ ਨਿਰੂਪਨ ਹੋਇਗੀ॥
3. ਆਗੇ ਸਾਖੀ ਸਤਗੁਰ ਜੀ ਸਭ ਸੰਗਤ ਕੁਲ ਕੋ ਹਵੇਲੀਆ ਬਨਾਵਨੇ ਕੀ ਆਗਿਆ ਹੋਈ॥ਅਰੁ ਸਾਵਣ ਮਲ ਭਲੇ ਕੋ ਬਖਸ ਕਰ ਕੇ ਹਰੀਪੁਰ ਕੇ ਰਾਜ ਮੋ ਲਕੜੀ ਲੇਨੇ ਕੋ ਭੇਜਾ ਸੋ ਕਥਾ ਨਿਰੂਪਨ ਹੋਇਗੀ॥
4. ਆਗੇ ਸਾਖੀ ਸਾਵਨ ਮਲ ਕੋ ਸਿਧ ਪਾਇ ਮਨ ਲੋਭ ਬਸ ਹੋਇ ਸਤਗੁਰ ਜੀ ਪਾਸ ਨ ਆਏ॥ਫੇਰ ਰਾਜਾ ਰਾਨੀ ਰਾਜ ਕੇ ਲੋਕ ਸਾਵਨ ਮਲ ਸੰਜੁਗਤ ਸਤਗੁਰ ਕੇ ਚਰਨਾ ਪਰ ਆਇ ਪਰੇ ਸਭ ਕਥਾ ਨਿਰੂਪਨ ਹੋਇਗੀ॥
5. ਆਗੇ ਸਾਖੀ ਏਕ ਟਹਲੀਏ ਕੀ ਜੋ ਲੰਗਰ ਸੇਵਾ ਸੌ ਊਚ ਪਦ ਸਤਗੁਰ ਬਖਸੀਸ ਕੀਆ ਤਿਸ ਕੀ ਕਥਾ ਨਿਰੂਪਨ ਹੋਇਗੀ॥
6. ਆਗੇ ਸਾਖੀ ਸਤਗੁਰ ਜੀ ਕੀ ਮਹਿਮਾ ਪਰਕਾਸ ਕੀ ਅਰੁ ਬਡੇ ਪੂਰਬਜ ਭਗਤ ਸਿਖੋ ਮਿਲਾਪ ਕੀ ਨਿਰੂਪਨ ਹੋਇਗੀ॥
7. ਆਗੇ ਸਾਖੀ ਪਾਰੋ ਤੇ ਆਦ ਲੇ ਕਰ ਸਭ ਗੁਰਮੁਖਾ ਨੇ ਸਤਗੁਰ ਪਾਸ ਬੇਨਤੀ ਕੀਆ॥ ਸਚੇ ਪਾਤਸਾਹ ਯਹ ਬਚਨ ਹੋਇ ਸਭ ਸਿਖ ਏਕ ਦਿਨ ਬਰਸ ਮੋ ਸਾਹਿਬ ਕੇ ਹਜੂਰ ਏਕਠੇ ਹੋ ਪਰਸਪਰ ਪ੍ਰੇਮ ਬਢਾਇ ਸਤਿਗੁਰੂ ਕੀ ਮਹਿਮਾ ਕੋ ਜਾਨੇ ਇਹ ਕਥਾ ਨਿਰੂਪਨ ਹੋਇਗੀ
8. ਆਗੇ ਸਾਖੀ ਸਤਗੁਰ ਜੀ ਕੇ ਤੀਰਥ ਜਾਤ੍ਰਾ ਕੀ ਸੰਸਾਰ ਉਧਾਰਨ ਕੇ ਨਮਿਤ ਅਰੁ ਸਭ ਕੇ ਪ੍ਰੀਤ ਪਰਤਗਿਆ ਦੇਨੇ ਕੀ ਕਥਾ ਨਿਰੂਪਨ ਹੋਇਗੀ॥
9. ਆਗੇ ਸਾਖੀ ਸਤਗੁਰ ਪਰਉਪਕਾਰ ਕਰ ਜਗਤ ਕ੍ਰਿਤਾਰਥ ਕਰਨ ਕੇ ਨਮਿਤ ਬਾਵਲੀ ਤੀਰਥ ਪ੍ਰਗਟ ਕੀਆ ਤਿਸ ਟਹਲ ਕਰਨਹਾਰੇ ਅਨਕ ਸਿਖ ਕੋ ਬਖਸ ਹੂਆ ਸੋ ਸਭ ਕਥਾ ਨਿਰੂਪਨ ਹੋਇਗੀ॥
10. ਆਗੇ ਸਾਖੀ ਮਾਈਦਾਸ ਬੈਸਨੋ ਕੇ ਬਖਸ ਕੀ ਨਿਰੂਪਨ ਹੋਇਗੀ॥
11. ਆਗੇ ਸਾਖੀ ਬਾਵਲੀ ਤੀਰਥ ਕੇ ਜਲ ਪ੍ਰਕਾਸ ਕੀ ਅਰ ਮਾਨਕ ਚੰਦ ਕੇ ਬਖਸ ਕੀ ਅਰੁ ਅਕਬਰ ਬਾਦਸਾਹ ਕੇ ਮਨੋਰਥ ਪੂਰਨ ਕੀ ਨਿਰੂਪਨ ਹੋਇਗੀ॥
12. ਆਗੇ ਸਾਖੀ ਅਕਬਰ ਬਾਦਸਾਹ ਕੀ ਨਿਰੂਪਣ ਹੋਇਗੀ॥
13. ਆਗੇ ਸਾਖੀ ਗੰਗ ਸਾਹਿ ਕੇ ਬਖਸ ਕੀ ਨਿਰੂਪਨ ਹੋਇਗੀ॥
14. ਆਗੇ ਸਾਖੀ ਏਕ ਮਾਈ ਕੀ ਜੋ ਦਿਨ ਕੋ ਬਾਵਲੀ ਜੀ ਕੀ ਕਾਰ ਕਰਤੀ ਅਰੁ ਜਬ ਰਾਤ ਹੋਤੀ ਤਬ ਅਪਨੇ ਅਸਥਾਨ ਜਾਤੀ ਤਿਸ ਕੀ ਕਥਾ ਨਿਰੂਪਨ ਹੋਇਗੀ॥
15. ਆਗੇ ਸਾਖੀ ਬਾਵਲੀ ਤਿਆਰੀ ਅਰੁ ਪਰਮਹੰਸ ਸਿਖਾ ਕੀ ਕਾਰ ਅਰੁ ਗੁਰ ਰਾਮਦਾਸ ਜੀ ਜੋ ਤਬ ਜੇਠਾ ਨਾਮ ਥਾ ਤਾ ਕੀ ਗੁਰ ਭਗਤ ਪਰਤੀਤ ਨਿਰੂਪਨ ਹੋਇਗੀ॥
16. ਆਗੇ ਸਾਖੀ ਬਾਵਲੀ ਜੀ ਕੇ ਪੂਰਨ ਤਿਆਰੀ ਕੀ ਅਰੁ ਮਹਮਾ ਤੀਰਥ ਕੀ ਨਿਰੂਪਨ ਹੋਇਗੀ
17. ਆਗੇ ਸਾਖੀ ਸ੍ਰੀ ਅਨੰਦ ਭਗਤ ਜੀ ਕੇ ਜਨਮ ਕੀ ਸ੍ਰੀ ਮੋਹਰੀ ਜੀ ਕੇ ਘਰ ਮੋ ਭਗਤ ਉਤਾਰ ਭਇਆ॥ਅਰੁ ਤਿਸ ਕਾ ਮਹਾਤਮ ਨਿਰੂਪਣ ਹੋਇਗੀ॥
18. ਆਗੇ ਸਾਖੀ ਸ੍ਰੀ ਮੋਹਨ ਪਰਮ ਅਉਧੂ ਜੀ ਕੀ ਅਵਸਥਾ ਅਰੁ ਸੰਤਾਨ ਕੇ ਉਤਪਤ ਕੀ ਕਥਾ ਨਿਰੂਪਨ ਹੋਇਗੀ॥
19. ਆਗੇ ਸਾਖੀ ਆਗੇ ਮਥੋ ਮੁਰਾਰੀ ਕੇ ਬਖਸ ਕੀ ਨਿਰੂਪਨ ਹੋਇਗੀ॥

20. ਆਗੇ ਸਾਖੀ ਖੇਡਾ ਬ੍ਰਹਮਨ ਦੇਵੀ ਕੇ ਉਪਾਸਕ ਕੋ ਬਖਸ ਭਇਆ ਸੋ ਕਥਾ ਨਿਰੂਪਨ ਹੋਇਗੀ
21. ਆਗੇ ਸਾਖੀ ਹੰਦਾਲ ਕੀ ਬਡਾ ਭੋਲਾ ਸੇਵਕ ਸਤਗੁਰ ਕਾ ਤਿਸ ਕੇ ਬਖਸ ਕੀ ਕਥਾ ਨਿਰੂਪਨ ਹੋਇਗੀ॥
22. ਆਗੇ ਸਾਖੀ ਬੇਨੀ ਪੰਡਤ ਸੋ ਸੰਬਾਦ ਭਇਆ ਸਤਗੁਰ ਉਪਦੇਸ ਸੋ ਪਰਮ ਭਗਤ ਪਾਇ ਕ੍ਰਿਤਾਰਥ ਭਇਆ ਸੋ ਕਥਾ ਨਿਰੂਪਨ ਹੋਇਗੀ॥
23. ਆਗੇ ਸਾਖੀ ਫਿਰਿਆ ਕਟਾਰਾ ਦੁਇ ਸਿਖ ਥੇ ਤਿਨ ਪੰਥ ਪ੍ਰਬੋਧ ਕੇ ਨਮਿਤ ਬਖਸ ਭਇਆ ਸੋ ਕਥਾ ਨਿਰੂਪਨ ਹੋਇਗੀ॥
24. ਆਗੇ ਸਾਖੀ ਗੋਬਿੰਦਵਾਲ ਮੋ ਜੋ ਕੋਈ ਮਰਤਾ ਸੋ ਸਤਗਰ ਕੇ ਪਾਸ ਲੇ ਆਵਤੇ ਚਰਨ ਛੁਹਾਇ ਜਿਵਾਇ ਲੇ ਜਾਤੇ ਤਿਸ ਪਰ ਸਤਗੁਰ ਆਗਿਆ ਕੀਆ ਜੋ ਹਮਾਰੇ ਹੋਤੇ ਕਿਸੀ ਕਾ ਕੋਈ ਨਗਰ ਮੋ ਮਰੇਗਾ ਨਾਹੀ॥ ਸੋ ਕਥਾ ਨਿਰੂਪਨ ਹੋਇਗੀ॥
25. ਆਗੇ ਸਾਖੀ ਅਕਬਰ ਬਾਦਸ਼ਾਹ ਸਤਗੁਰੂ ਜੀ ਕੇ ਦਰਸਨ ਕੋ ਆਏ ਸੋ ਕਥਾ ਨਿਰੂਪਨ ਹੋਇਗੀ॥
26. ਆਗੇ ਸਾਖੀ ਏਕ ਖਤ੍ਰੀ ਸਿਖ ਗੋਬਿੰਦਵਾਲ ਸੋ ਤੀਨ ਕੋਸ ਪਰ ਤਲਵੰਡੀ ਗਾਉ ਮੋ ਰਹਤਾ ਥਾ॥ ਨਿਤਪ੍ਰਤ ਸਤਗੁਰ ਜੀ ਕੇ ਪ੍ਰਸਾਦ ਕੇ ਸਮੇ ਦਹੀ ਲੇ ਲੰਗਰ ਮੋ ਪਹੁਚਾਵਤਾ ਥਾ ਗੁਰੂ ਜੀ ਪਾਵਤੇ ਤਿਸ ਕੀ ਕਥਾ ਨਿਰੂਪਨ ਹੋਇਗੀ॥
27. ਆਗੇ ਸਾਖੀ ਸਭ ਸੰਗਤ ਇਕਤ੍ਰ ਹੋਇ ਕਰ ਸਤਗੁਰ ਜੀ ਸੌ ਸਿਖੀ ਰਹਨੀ ਕੀ ਬਿਨਤੀ ਕਰਕੇ ਪ੍ਰਸਨ ਕੀਆ ਕ੍ਰਿਪਾ ਨਿਧਾਨ ਮੁਖਾਰਬਿੰਦ ਸੋ ਨਿਰੂਪਨ ਕਰਤ ਭਏ॥
28. ਆਗੇ ਸਾਖੀ ਸ੍ਰੀ ਸਤਗੁਰ ਜੀ ਕੀ ਸਮ ਬਿਆਪਕ ਮਹਮਾ ਨਿਰੂਪਨ ਹੋਇਗੀ॥
29. ਆਗੇ ਸਾਖੀ ਅਭੇਦ ਭਗਤ ਬੀਬੀ ਭਾਨੀ ਜੀ ਸੁਤਾ ਗੁਰੂ ਅਮਰ ਸਾਹਿਬ ਜੀ ਕੀ ਨਿਰੂਪਣ ਹੋਇਗੀ॥
30. ਆਗੇ ਸਾਖੀ ਪਾਰੋ ਪਰਮਹੰਸ ਕੋ ਸਤਗੁਰ ਜੀ ਨਿਜ ਮਤ ਪ੍ਰਗਟ ਕਰਾ ਸੋ ਕਥਾ ਨਿਰੂਪਨ ਹੋਇਗੀ॥
31. ਆਗੇ ਸਾਖੀ ਬਾਬਾ ਮੋਹਰੀ ਲੋਗਨ ਕੇ ਸੰਗ ਸਭਨੋ ਮਿਲ ਧਨ ਕੀ ਗਿਨਤੀ ਕੀ ਚਰਚਾ ਚਲੀ॥ ਤਬ ਇਤਨਾ ਕਹਾ ਥਾ ਜੋ ਹਮ ਲਾਖ ਟਕਾ ਨਹੀ ਦੇਖਾ॥ ਤਿਸ ਕੀ ਕਥਾ ਨਿਰੂਪਨ ਹੋਇਗੀ॥
32. ਆਗੇ ਸਾਖੀ ਸ੍ਰੀ ਸਤਗੁਰ ਜੀ ਪਰਮ ਚਰਿਤ੍ਰ ਜੋਤੀ ਜੋਤ ਸਮਾਵਣੇ ਕੀ ਅਰਿ ਗੁਰ ਰਾਮਦਾਸ ਜੀ ਕੇ ਬਖਸ ਕੀ ਕਥਾ ਨਿਰੂਪਨ ਹੋਇਗੀ॥

ਪਾਤਿਸ਼ਾਹੀ ਚੌਥੀ

1. ੧ਓ ਸਤਿਗੁਰ ਪ੍ਰਸਾਦਿ॥ ਆਗੇ ਸਾਖੀ ਮਹਿਮਾ ਮਹਲੇ ਚੌਥੇ ਕੀ ਨਿਰੂਪਨ ਹੋਇਗੀ॥
2. ਆਗੇ ਸਾਖੀ ਸਿਧ ਚੌਰਾਸੀ ਸਤਗੁਰ ਜੀ ਕੀ ਪਰਤਗਿਆ ਕੋ ਆਏ ਉਤ੍ਰ ਪ੍ਰਸਨ ਨਿਰੂਪਣ ਹੋਇਗਾ॥
3. ਆਗੇ ਸਾਖੀ ਏਕ ਤਪੇ ਕੀ ਜੋ ਸਤਗੁਰ ਸੋ ਤੀਰਥ ਬਰਤ ਪੁਨ ਬੇਦ ਪੁਰਾਨ ਪਾਠ ਮਹਿਮਾ ਨਿਰੂਪਨ ਕਰਤ ਭਇਆ॥ ਸ੍ਰੀ ਸਤਿਗੁਰ ਜੀ ਕੇ ਮੁਖ ਸੋ ਉਤ੍ਰ ਪਾਇ ਪਰਮਾਨੰਦ ਕੋ ਪ੍ਰਾਪਤ ਭਇਆ ਸੋ ਸਾਖੀ ਨਿਰੂਪਨ ਹੋਇਗੀ॥
